ਪੰਜਾਬੀ ਯੂਨੀਵਰਸਿਟੀ

ਫਾਰਸੀ-ਪੰਜਾਬੀ ਕੋਸ਼

Punjabi University

Persian-Punjabi Dictionary

پنجابی یونیورسٹی

فارسی-پنجابی لغت

ਪੰਜਾਬੀ ਯੂਨੀਵਰਸਿਟੀ

ਫ਼ਾਰਸੀ-ਪੰਜਾਬੀ ਕੋਸ਼

Punjabi University

Persian - Punjabi Dictionary

پنجابی یونیورسٹی

فارسی-پنجابی لغت

ਸੰਕਲਨਕਰਤਾ

ਡਾ. ਜੀਤ ਸਿੰਘ ਸੀਤਲ

ਸੰਸ਼ੋਧਕ

ਪ੍ਰੋ. ਗੁਲਵੰਤ ਸਿੰਘ

ਮੁੱਖ ਸੰਪਾਦਕ

ਡਾ ਰਾਜਿੰਦਰ ਸਿੰਘ ਲਾਂਬਾ

ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ, ਪਟਿਆਲਾ

PERSIAN-PUNJABI DICTIONARY

compiled by

DR. JEET SINGH SEETAL

ਫ਼ਾਰਸੀ-ਪੰਜਾਬੀ ਕੋਸ਼

ਸੰਕਲਨਕਰਤਾ

ਡਾ. ਜੀਤ ਸਿੰਘ ਸੀਤਲ

ਸੋਧਕ

ਪ੍ਰੋ. ਗੁਲਵੰਤ ਸਿੰਘ

ਮੁੱਖ ਸੰਪਾਦਕ

ਡਾ. ਰਾਜਿੰਦਰ ਸਿੰਘ ਲਾਂਬਾ

ਸਹਾਇਕ

ਸ. ਮਨਮੰਦਰ ਸਿੰਘ ਸੇਖੋਂ
ਡਾ. ਤਾਰਿਕ ਕਫ਼ਾਇਤੁਲਾ
ਡਾ. ਕੁਲਜੀਤ ਚੀਮਾ
ਡਾ. ਸੁਰੀਤ

ISBN 81-7380-213-0

1996
Price : 300-00

Published by Prof. Ranbir Singh, M.A. (English), Ph. D., Registrar, Punjabi University, Patiala & printed at Ram Printograph, Delhi

ਦੋ ਸ਼ਬਦ

ਏਹ ਮੰਨੀ-ਪਰਮੰਨੀ ਗੱਲ ਹੈ ਕਿ ਭਾਸ਼ਾ ਦੇ ਅਧਿਐਨ, ਅਧਿਆਪਨ ਅਤੇ ਖੋਜ-ਕਾਰਜ ਲਈ ਕੋਸ਼ ਇਕ ਅਤਿਅੰਤ ਮਹੱਤਵਪੂਰਣ ਅਤੇ ਲਾਭਦਾਇਕ ਸਾਧਨ ਹੈ। ਭਾਸ਼ਾ ਰਾਜਨੀਤਕ ਵਿਵਸਥਾ ਤੋਂ ਪਰਭਾਵਤ ਹੁੰਦੀ ਹੈ। ਇਤਹਾਸ ਸਪੱਸ਼ਟ ਕਰਦਾ ਹੈ ਕਿ ਮੁਸਲਮਾਨ ਬਾਦਸ਼ਾਹਾਂ ਦੇ ਕਈ ਸਦੀਆਂ ਦੇ ਸ਼ਾਸਨ-ਕਾਲ ਵਿਚ ਫ਼ਾਰਸੀ ਨੂੰ ਦਰਬਾਰੀ ਜ਼ਬਾਨ ਦੀ ਹੈਸੀਯਤ ਹਾਸਲ ਸੀ। ਮੁਸਲਮਾਨ ਬਾਦਸ਼ਾਹਾਂ ਨੇ ਜਿਥੇ ਧਾਰਮਕ ਸਿਖਿਆ ਦੇ ਲਈ ਮਸੀਤਾਂ ਬਣਵਾਈਆਂ, ਉਥੇ ਮਦਰੱਸੇ ਵੀ ਬਣਵਾਏ ਜਿਨ੍ਹਾਂ ਵਿਚ ਅਰਬੀ ਅਤੇ ਫ਼ਾਰਸੀ ਪੜ੍ਹਾਈ ਜਾਂਦੀ ਸੀ। ਮੁਸਲਮਾਨਾਂ ਨੇ ਅਰਬੀ ਨੂੰ ਧਾਰਮਕ ਸ਼ਰਧਾ ਵਜੋਂ ਕਬੂਲ ਕੀਤਾ ਅਤੇ ਫ਼ਾਰਸੀ ਨੂੰ ਸਾਹਿਤਕ ਮਨੋਰਥ ਲਈ ਮੁੱਖ ਰਖਿਆ। ਇਸ ਤਰ੍ਹਾਂ ਅਜੇਹੇ ਵਿਦਵਾਨਾਂ ਦੀ ਗਿਣਤੀ ਚੰਗੀ-ਚੋਖੀ ਸੀ ਜੇਹੜੇ ਅਰਬੀ ਅਤੇ ਫ਼ਾਰਸੀ ਦੇ ਮਾਹਰ ਸਨ। ਵਿਦਵਾਨ ਮੌਲਵੀਆਂ ਨੇ ਅਤੇ ਸਾਹਿਤਕ ਪਰਤਿਭਾ ਵਾਲੇ ਵਿਅਕਤੀਆਂ ਨੇ ਪੰਜਾਬੀ ਮਾਧਿਅਮ ਦੁਆਰਾ ਜੇਹੜੀਆਂ ਰਚਨਾਵਾਂ ਕੀਤੀਆਂ, ਓਹਨਾਂ ਵਿਚ ਅਰਬੀ-ਫ਼ਾਰਸੀ ਸ਼ਬਦਾਵਲੀ ਦੀ ਭਰਮਾਰ ਹੈ।

ਫ਼ਾਰਸੀ ਦੇ ਮਾਹਰ ਵਿਦਵਾਨਾਂ ਨੇ ਲੋਕ-ਪ੍ਰਿਯ ਪਰੀਤ-ਕਹਾਣੀਆਂ ਨੂੰ ਫ਼ਾਰਸੀ ਦੁਆਰਾ ਕਾਵਿ-ਬੱਧ ਕੀਤਾ। ਓਹਨਾਂ ਨੇ ਪੰਜਾਬ ਦੇ ਇਤਹਾਸ ਅਤੇ ਪੰਜਾਬੀ ਇਤਹਾਸ ਨਾਲ ਸਬੰਧਤ ਵਿਅਕਤੀਆਂ ਬਾਰੇ ਇਤਹਾਸਕ ਕਿਤਾਬਾਂ ਵੀ ਫ਼ਾਰਸੀ ਵਿਚ ਲਿਖੀਆਂ। ਫ਼ਾਰਸੀ ਦੇ ਵਿਦਵਾਨਾਂ ਨੇ ਫ਼ਾਰਸੀ ਕੋਸ਼ ਤਿਆਰ ਕੀਤੇ। ਮੁਸਲਮਾਨ ਸ਼ਾਸਨ-ਕਾਲ ਦੇ ਅੰਤ ਮਗਰੋਂ ਜਦੋਂ ਬਰਤਾਨਵੀ ਰਾਜ ਕਾਇਮ ਹੋਇਆ ਤਾਂ ਦਫ਼ਤਰੀ ਅਤੇ ਵਿਦਿਅਕ ਲੋੜਾਂ ਲਈ ਉਰਦੂ ਜ਼ਬਾਨ ਦੀ ਵਰਤੋਂ ਸ਼ੁਰੂ ਹੋਣ ਨਾਲ ਫ਼ਾਰਸੀ - ਉਰਦੂ ਕੋਸ਼ ਵੀ ਤਿਆਰ ਕੀਤੇ ਗਏ। ਏਹ ਗੱਲ ਬੜੇ ਫ਼ਖ਼ਰ ਨਾਲ ਕਹੀ ਜਾ ਸਕਦੀ ਹੈ ਕਿ 'ਫ਼ਾਰਸੀ-ਪੰਜਾਬੀ ਕੋਸ਼' ਨੂੰ ਤਿਆਰ ਕਰਨ ਵਿਚ ਪੈਹਲ ਪੰਜਾਬੀ ਯੂਨੀਵਰਸਿਟੀ ਵਲੋਂ ਕੀਤੀ ਗਈ। ਡਾ. ਜੀਤ ਸਿੰਘ ਸੀਤਲ ਦੁਆਰਾ ਤਿਆਰ ਕੀਤੇ ਅਤੇ ਪਰੋਫ਼ੈਸਰ ਗੁਲਵੰਤ ਸਿੰਘ ਦੁਆਰਾ ਸੋਧੇ ਇਸ ਕੋਸ਼ ਦਾ ਸਪੰਾਦਨ ਪੰਜਾਬੀ ਸਾਹਿਤ ਅਧਿਐਨ ਵਿਭਾਗ ਵਲੋਂ ਕੀਤਾ ਗਿਆ।

ਮੈਨੂੰ ਵਿਸ਼ਵਾਸ ਹੈ ਕਿ ਮਧ-ਕਾਲੀਨ ਪੰਜਾਬੀ ਸਾਹਿਤ ਦੇ ਅਧਿਐਨ ਅਤੇ ਵਿਵੇਚਨ ਲਈ ਏਹ ਕੋਸ਼ ਲਾਭਦਾਇਕ ਸਿੱਧ ਹੋਵੇਗਾ।

ਪੰਜਾਬੀ ਯੂਨੀਵਰਸਿਟੀ
ਪਟਿਆਲਾ

ਜੋਗਿੰਦਰ ਸਿੰਘ ਪੁਆਰ
ਵਾਈਸ-ਚਾਂਸਲਰ

ਭੂਮਿਕਾ

ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਅਮੀਰ ਵਿਰਸੇ ਨੂੰ ਉਜਾਗਰ ਕਰਨ ਅਤੇ ਇਸ ਦਾ ਸਹੀ ਮੁਲਾਂਕਣ ਕਰਨ ਦੇ ਉਦੇਸ਼ ਹਿਤ ਹੀ ਸੰਨ 1967 ਵਿਚ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੀ ਸਥਾਪਨਾ ਕੀਤੀ ਗਈ ਸੀ। ਇਸ ਵਿਭਾਗ ਵਲੋਂ ਪੰਜਾਬੀ ਲੇਖਕ ਲੜੀ, ਸਾਹਿਤ-ਸਿਧਾਂਤਾਂ ਸੰਬੰਧੀ ਪੁਸਤਕ ਲੜੀ, ਪੰਜਾਬੀ ਸਾਹਿਤ-ਰੂਪਾਂ ਬਾਰੇ ਪੁਸਤਕ ਲੜੀ, ਸਾਹਿਤਕ ਸਵੈ-ਜੀਵਨੀ ਲੜੀ, ਪੁਰਾਤਨ ਹੱਥ-ਲਿਖਤ ਸੰਪਾਦਨ ਲੜੀ, ਅਤੇ ਕੁਝ ਹੋਰ ਫੁਟਕਲ ਯੋਜਨਾਵਾਂ ਅਧੀਨ ਅਨੇਕਾਂ ਪੁਸਤਕਾਂ ਪਰਕਾਸ਼ਤ ਕੀਤੀਆਂ ਗਈਆਂ ਹਨ। ਏਹਨਾਂ ਤੋਂ ਇਲਾਵਾ ਇਸ ਵਿਭਾਗ ਵਲੋਂ ਪੰਜਾਬੀ ਸਾਹਿਤ-ਕੋਸ਼ (ਦੋ ਸੰਸਕਰਣ), ਅਗੰਰੇਜ਼ੀ-ਪੰਜਾਬੀ ਕੋਸ਼ (ਚਾਰ ਸੰਸਕਰਣ), ਭਾਈ ਵੀਰ ਸਿੰਘ ਸਾਹਿਤ-ਕੋਸ਼ ਅਤੇ ਪੰਜਾਬੀ ਸਫ਼ਰਨਾਮਾ ਕੋਸ਼ ਵੀ ਪਰਕਾਸ਼ਤ ਕੀਤੇ ਜਾ ਚੁਕੇ ਹਨ। ਪੰਜਾਬੀ-ਫ਼ਾਰਸੀ ਕੋਸ਼, ਲਹਿੰਦੀ ਕੋਸ਼ ਦੇ ਵੀ ਇਸੇ ਸਾਲ ਪਰਕਾਸ਼ਤ ਹੋਣ ਦੀ ਸੰਭਾਵਨਾ ਹੈ। ਹਥੱਲੀ ਰਚਨਾ 'ਫ਼ਾਰਸੀ-ਪੰਜਾਬੀ ਕੋਸ਼', ਕੋਸ਼ਾਂ ਦੀ ਇਸ ਲੜੀ ਵਿਚ ਇਕ ਮਹੱਤਵਪੂਰਨ ਅਤੇ ਗੌਰਵਮਈ ਵਾਧਾ ਹੈ।

ਕਈ ਸਾਲ ਪੈਹਲਾਂ ਪੰਜਾਬੀ ਦੇ ਅਧਿਆਪਕਾਂ ਦੀ ਕਾਨਫ਼ਰੰਸ ਵਿਚ ਮਤਾ ਪਾਸ ਕੀਤਾ ਗਿਆ ਸੀ ਕਿ ਮੱਧਕਾਲੀਨ ਪੰਜਾਬੀ ਸਾਹਿਤ ਅਤੇ ਪੰਜਾਬ ਦੇ ਇਤਹਾਸ ਦੇ ਅਧਿਐਨ ਲਈ ਇਕ ਫ਼ਾਰਸੀ-ਪੰਜਾਬੀ ਕੋਸ਼ ਤਿਆਰ ਕੀਤਾ ਜਾਵੇ। ਪੰਜਾਬੀ ਅਧਿਆਪਕਾਂ ਦੀ ਇਸ ਮੰਗ ਦੀ ਪੂਰਤੀ ਹਿਤ ਹੀ ਪੰਜਾਬੀ ਯੂਨੀਵਰਸਿਟੀ ਵਲੋਂ ਫ਼ਾਰਸੀ-ਪੰਜਾਬੀ ਕੋਸ਼ ਤਿਆਰ ਕਰਨ ਦਾ ਨਿਰਣਾ ਲਿਆ ਗਿਆ। ਇਸ ਕੋਸ਼ ਦੀ ਤਿਆਰੀ ਦਾ ਕੰਮ ਡਾ ਜੀਤ ਸਿੰਘ ਸੀਤਲ ਹੋਰਾਂ ਨੂੰ ਸੌਂਪਿਆ ਗਿਆ ਜਿਨ੍ਹਾਂ ਨੇ ਬੜੀ ਮੇਹਨਤ ਅਤੇ ਲਗਨ ਨਾਲ ਇਸ ਕੰਮ ਨੂੰ ਨੇਪਰੇ ਚਾੜ੍ਹਿਆ। ਕਾਫ਼ੀ ਸਮਾਂ ਇਸ ਕੋਸ਼ ਦੀ ਛਪਾਈ ਦਾ ਕਾਰਜ ਰੁਕਿਆ ਰਿਹਾ। ਪ੍ਰੋ. ਗੁਲਵੰਤ ਸਿੰਘ ਹੋਰਾਂ ਦੁਆਰਾ ਇਸ ਦੇ ਇੰਦਰਾਜਾਂ ਦੀ ਸੁਧਾਈ ਦੇ ਕਾਰਜ ਨੂੰ ਆਪਣੇ ਜ਼ੁਮੇ ਲੈਣ ਨਾਲ ਇਸ ਕੋਸ਼ ਦੇ ਪਰਕਾਸ਼ਨ ਦੀ ਆਸ ਬਝੀ। ਪ੍ਰੋ. ਗੁਲਵੰਤ ਸਿੰਘ ਹੋਰਾਂ ਦੀ ਕਠਨ ਘਾਲਣਾ ਸਦਕਾ ਹੀ ਫ਼ਾਰਸੀ-ਪੰਜਾਬੀ ਕੋਸ਼ ਛਪਣ ਯੋਗ ਹੋ ਸਕਿਆ ਹੈ। ਏਹ ਦੋਵੇਂ ਵਿਦਵਾਨ ਸਾਡੇ ਵਿਸ਼ੇਸ਼ ਧੰਨਵਾਦ ਦੇ ਪਾਤਰ ਹਨ।

ਇਸ ਕੋਸ਼ ਦੇ ਇੰਦਰਾਜਾਂ ਨੂੰ ਫ਼ਾਰਸੀ ਅੱਖਰ-ਕ੍ਰਮ ਅਨੁਸਾਰ ਰਖਿਆ ਗਿਆ ਹੈ। ਫ਼ਾਰਸੀ ਲਿਪੀ ਤੋਂ ਅਣਜਾਣ ਪਾਠਕਾਂ ਦੀ ਸੁਵਿਧਾ ਲਈ ਕੋਸ਼ ਦੇ ਅਖ਼ੀਰ ਵਿਚ ਇਕ ਅੰਤਿਕਾ(ਵਰਤੋਂ-ਵਿਧੀ) ਸਮਿਲਤ ਕੀਤੀ ਜਾ ਰਹੀ ਹੈ ਜਿਸ ਵਿਚ ਮੂਲ ਫ਼ਾਰਸੀ ਸ਼ਬਦਾਂ ਦਾ ਗੁਰਮੁਖੀ ਲਿਪੀਅੰਤਰਣ, ਗੁਰਮੁਖੀ ਅੱਖਰ-ਕ੍ਰਮ ਅਨੁਸਾਰ ਦਰਜ ਕੀਤਾ ਗਿਆ ਹੈ ਤਾਂ ਜੋ ਅਜੇਹੇ ਪਾਠਕਾਂ ਨੂੰ ਵੀ ਫ਼ਾਰਸੀ ਸ਼ਬਦਾਂ ਦੇ ਅਰਥ ਲਭਣ ਵਿਚ ਸਹਾਇਤਾ ਮਿਲ ਸਕੇ।

ਸ. ਮਨਮੰਦਰ ਸਿੰਘ ਸੇਖੋਂ, ਡਾ. ਤਾਰਿਕ ਕਫ਼ਾਇਤੁੱਲਾ, ਡਾ. ਕੁਲਜੀਤ ਚੀਮਾ, ਡਾ ਨਾਸਿਰ ਹੁਸੈਨ ਨਕਵੀ ਅਤੇ ਡਾ. ਸੁਰੀਤ ਨੇ ਕੋਸ਼ ਦੀ ਸੁਧਾਈ, ਪਰੈਸ ਕਾਪੀ ਤਿਆਰ ਕਰਨ ਅਤੇ ਪਰਕਾਸ਼ਨ ਵਿਚ ਸਾਡੀ ਸਹਾਇਤਾ ਕੀਤੀ, ਅਸੀਂ ਉਹਨਾਂ ਦੇ ਧੰਨਵਾਦੀ ਹਾਂ। ਕੋਸ਼ ਦੇ ਅੰਤ ਵਿਚ ਲਾਈ ਜਾ ਰਹੀ 'ਅੰਤਿਕਾ' ਦੀ ਤਿਆਰੀ ਲਈ ਸਾਡੇ ਧੰਨਵਾਦ ਦੇ ਪਾਤਰ ਹਨ, ਡਾ ਮੇਵਾ ਸਿੰਘ ਸਿੱਧੂ, ਪਰਮਜੀਤ ਕੌਰ ਅਤੇ ਚਰਨਜੀਤ ਕੌਰ।

ਡਾ. ਹਜ਼ਾਰਾ ਸਿੰਘ, ਤਕਨੀਕੀ ਸਲਾਹਕਾਰ, ਪਬਲੀਕੇਸ਼ਨ ਬਿਊਰੋ ਦੇ ਅਸੀਂ ਵਿਸ਼ੇਸ਼ ਤੌਰ ਤੇ ਰਿਣੀ ਹਾਂ ਜਿਨ੍ਹਾਂ ਦੇ ਸਹਿਯੋਗ ਕਰਕੇ ਹੀ ਇਸ ਕੋਸ਼ ਦੀ ਸੁੰਦਰ ਛਪਾਈ ਸੰਭਵ ਹੋ ਸਕੀ ਹੈ।

ਪੰਜਾਬੀ ਸਾਹਿਤ ਅਧਿਐਨ ਵਿਭਾਗ ਦੁਆਰਾ ਪਰਕਾਸ਼ਤ ਕੀਤੇ ਜਾ ਰਹੇ ਫ਼ਾਰਸੀ-ਪੰਜਾਬੀ ਕੋਸ਼ ਵਿਚ ਰੈਹ ਗਈਆਂ ਤਰੁਟੀਆਂ ਬਾਰੇ ਪਾਠਕਾਂ ਵਲੋਂ ਦਿੱਤੇ ਜਾਣ ਵਾਲੇ ਸੁਝਾਵਾਂ ਦਾ ਸੁਆਗਤ ਹੋਵੇਗਾ ਅਤੇ ਅਸੀਂ ਜਤਨ ਕਰਾਂਗੇ ਕਿ ਅਗਲੇ ਸੰਸਕਰਣ ਵਿਚ ਏਹਨਾਂ ਨੂੰ ਦੂਰ ਕੀਤਾ ਜਾ ਸਕੇ।

ਆਸ ਹੈ, ਪੰਜਾਬੀ ਸਾਹਿਤ ਅਧਿਐਨ ਦੁਆਰਾ ਪਰਕਾਸ਼ਤ ਕੀਤੇ ਜਾ ਰਹੇ ਫ਼ਾਰਸੀ-ਪੰਜਾਬੀ ਕੋਸ਼ ਦਾ ਸਮੁੱਚੇ ਪੰਜਾਬੀ ਸਾਹਿਤ ਜਗਤ ਵਲੋਂ ਅਵੱਸ਼ ਹੀ ਸੁਆਗਤ ਹੋਵੇਗਾ।

ਪੰਜਾਬੀ ਸਾਹਿਤ ਅਧਿਐਨ ਵਿਭਾਗ	ਰਾਜਿੰਦਰ ਸਿੰਘ ਲਾਂਬਾ
ਪੰਜਾਬੀ ਯੂਨੀਵਰਸਿਟੀ, ਪਟਿਆਲਾ	ਮੁਖੀ

ا (ਅਲਿਫ)

الف ਅਲਿਫ : ਅਰਬੀ ਤੇ ਫ਼ਾਰਸੀ ਲਿੱਪੀ ਦਾ ਪੈਹਲਾ ਅੱਖਰ, ਇਸ ਦੀ ਸੰਖਿਆ ਇਕ ਹੈ।

آب ਆਬ : ਪਾਣੀ, ਜਲ; ਇੱਜ਼ਤ, ਆਬਰੂ, ਸਤਕਾਰ, ਮਾਣ; ਰੌਣਕ, ਆਭਾ; ਤਾਜ਼ਗੀ, ਤਰਾਵਤ; ਦਰਿਆ; ਚਮਕ-ਦਮਕ; ਤਲਵਾਰ ਦਾ ਜੌਹਰ; ਜਵਾਹਰ, ਮੋਤੀ, ਕੀਮਤ; ਕਦਰ; ਖ਼ੂਬੀ; ਤਰਜ਼, ਢੰਗ; ਇਕ ਰੂਮੀ ਮਹੀਨੇ ਦਾ ਨਾਮ।

آبا ਆਬਾ : (ਅਬ اب ਦਾ ਬੌਹਵਚਨ) ਬਾਪ, ਦਾਦਾ, ਵੱਡੇ -ਵਡੇਰੇ।

آباد ਆਬਾਦ : ਵੀਰਾਨ ਦੇ ਉਲਟ; ਵਸਿਆ ਹੋਇਆ, ਮਕਾਨਾਂ, ਇਮਾਰਤਾਂ ਤੇ ਵਾਸੀਆਂ ਨਾਲ ਭਰਿਆ ਹੋਇਆ; ਆਫ਼ਰੀਨ (ਇਕ ਅਸੀਸ), ਸ਼ਾਬਾਸ਼; ਨੇਕ ; ਖ਼ੂਬ, ਖ਼ੁਸ਼; ਪਸੰਦ ਕੀਤਾ ਜਾਂਦਾ; ਪਸੰਦੀਦਾ; ਸਰਸਬਜ਼, ਹਰਿਆ-ਭਰਿਆ; ਈਰਾਨੀਆਂ ਦੇ ਸਭ ਤੋਂ ਪੈਹਲੇ ਪੈਗ਼ੰਬਰ ਦਾ ਨਾਮ; ਪੂਰਾ ਪੂਰਾ, ਭਰਿਆ ਹੋਇਆ (ਜਿਵੇਂ ਖ਼ਜ਼ਾਨਾ); ਖੁੱਲ੍ਹਾ ਮੈਦਾਨ; ਚੈਹਲ-ਪੈਹਲ ਤੇ ਰੌਣਕ ਦਾ ਥਾਂ; ਨਾਂਵ ਦੇ ਪਿਛੇ ਲਗਾ ਕੇ (ਪਿਛੇਕੜ) ਸ਼ੈਹਰ ਜਾਂ ਕਸਬੇ ਦਾ ਨਾਮ ਜਿਵੇਂ ਮੁਰਾਦ-ਅਬਾਦ (ਮੁਰਾਦਾਬਾਦ), ਅਕਬਰ-ਅਬਾਦ (ਅਕਬਰਾਬਾਦ)।

آباد آمدی ਆਬਾਦ ਆਮਦੀ : ਜੀ ਆਇਆਂ।

آبادانی ਆਬਾਦਾਨੀ : ਵਾਹਿਆ ਹੋਇਆ ਥਾਂ; ਅਬਾਦ ਥਾਂ; ਘੁੱਗ ਵਸਦਾ; ਚੰਗਾ ਲਗਣ ਵਾਲਾ; ਵਾਹੀ; ਅਬਾਦੀ।

آبادکار ਆਬਾਦਕਾਰ : ਗ਼ੈਰ-ਅਬਾਦ ਇਲਾਕੇ ਨੂੰ ਵਸਾਉਣ ਵਾਲਾ ਵਿਅਕਤੀ।

آبادکاری ਆਬਾਦਕਾਰੀ: ਗ਼ੈਰ-ਅਬਾਦ ਇਲਾਕਿਆਂ ਨੂੰ ਅਬਾਦ ਕਰਨਾ, ਕਿਸੇ ਇਲਾਕੇ ਦੇ ਵਾਸੀਆਂ ਦਾ ਰੋਜ਼ੀ-ਰੋਟੀ ਦੇ ਸਬੰਧ ਵਿਚ ਕਿਸੇ ਹੋਰ ਇਲਾਕੇ ਵਿਚ ਜਾ ਵਸਣਾ।

آبادی ਆਬਾਦੀ : ਬਸਤੀ, ਪਿੰਡ, ਨਗਰ; ਵਸਨੀਕਾਂ ਦੀ ਗਿਣਤੀ; ਸੁਖ, ਚੈਨ, ਅਰਾਮ; ਗੈਹਮਾ-ਗੈਹਮੀ, ਰੌਣਕ।

آبان ਆਬਾਨ : ਈਰਾਨੀਆਂ ਦੇ ਅੱਠਵੇਂ ਮਹੀਨੇ ਦਾ ਨਾਮ; ਕਿਸੇ ਈਰਾਨੀ ਮਹੀਨੇ ਦਾ ਦਸਵਾਂ ਦਿਨ; ਅਗਨੀ-ਪੂਜ ਈਰਾਨੀਆਂ ਦੇ ਇਕ ਦੇਵਤੇ ਦਾ ਨਾਮ।

آبپاشی ਆਬਪਾਸ਼ੀ : ਖੇਤੀ ਨੂੰ ਪਾਣੀ ਦੇਣਾ, ਸਿੰਜਣਾ, ਪਾਣੀ ਦਾ ਛਿੜਕਾ।

آبتاب ਆਬਤਾਬ : ਚਮਕ, ਲਿਸ਼ਕ; ਰੌਣਕ; ਤਰੋਤਾਜ਼ਗੀ; ਸ਼ਾਨ, ਠਾਠ-ਬਾਠ।

آبِ تلخ ਆਬ-ਏ-ਤਲਖ਼ : ਕੌੜਾ ਪਾਣੀ, ਖਾਰਾ ਪਾਣੀ; ਅਥਰੂ, ਹੰਝੂ; ਸ਼ਰਾਬ; ਤੇਜ਼ਾਬ।

آبِ جاوداں ਆਬ-ਏ-ਜਾਵਿਦਾਂ : ਜ਼ਿੰਦਗੀ ਦਾ ਪਾਣੀ, ਆਬ-ਏ-ਹਯਾਤ, ਅੰਮ੍ਰਿਤ।

آبِ حیات ਆਬ-ਏ-ਹਯਾਤ ,

آبِ حیواں ਆਬ-ਏ-ਹੈਵਾਂ : ਜ਼ਿੰਦਗੀ ਦਾ ਪਾਣੀ, ਅੰਮ੍ਰਿਤ।

آبدار ਆਬਦਾਰ : ਚਮਕੀਲਾ, ਚਮਕਦਾਰ, ਸਾਫ਼; ਰੌਣਕ ਵਾਲਾ; ਤੇਜ਼ ਧਾਰ ਵਾਲਾ ਹਥਿਆਰ।

آبداری ਆਬਦਾਰੀ : ਚਮਕ-ਦਮਕ; ਸਫ਼ਾਈ; ਤਲਵਾਰ ਦਾ ਤਿੱਖਾਪਣ ; ਤਲਵਾਰ ਦੀ ਤੇਜ਼ੀ।

آبِ دیدہ ਆਬ-ਏ-ਦੀਦਾ : ਅੱਖਾਂ ਦਾ ਪਾਣੀ ਭਾਵ ਅੱਥਰੂ ।

آبرو ਆਬਰੂ : ਇੱਜ਼ਤ, ਕਦਰ, ਵਡਿਆਈ; ਸਾਖ, ਇਤਬਾਰ, ਸ਼ਰਮ, ਲਾਜ।

آبرودار *ਆਬਰੂ ਦਾਰ* : ਇੱਜ਼ਤ ਵਾਲਾ, ਗ਼ੈਰਤ ਵਾਲਾ।

آبِ زر *ਆਬ-ਏ-ਜ਼ਰ* : ਸੋਨੇ ਦਾ ਪਾਣੀ ਜੇਹੜਾ ਚਿਤਰਕਾਰੀ ਜਾਂ ਕਿਤਾਬਤ ਵਿਚ ਕੰਮ ਆਉਂਦਾ ਹੈ; ਝੋਲ।

آب زلال *ਆਬ-ਏ-ਜ਼ਲਾਲ* : ਸਾਫ਼ ਪਾਣੀ,ਸਵੱਛ ਜਲ; ਮਿੱਠਾ ਪਾਣੀ; ਨਤਾਰਿਆ ਹੋਇਆ ਪਾਣੀ; ਭਿਜੀ ਹੋਈ ਦਵਾਈ ਦਾ ਪਾਣੀ।

آب زمزم *ਆਬ-ਏ-ਜ਼ਮਜ਼ਮ* : ਮੱਕਾ ਸ਼ਰੀਫ਼ ਦਾ ਇਕ ਖ਼ਾਸ ਚਸ਼ਮਾ ਜੇਹੜਾ ਹਜ਼ਰਤ ਇਬਰਾਹੀਮ ਦੇ ਸਮੇਂ ਹਜ਼ਰਤ ਇਸਮਾਈਲ ਦੇ ਅੱਡੀਆਂ ਰਗੜਨ ਪੁਰ ਜਾਰੀ ਹੋਇਆ, ਏਹ ਹੁਣ ਤਕ ਖੂਹ ਦੇ ਰੂਪ ਵਿਚ ਉਥੇ ਮੌਜੂਦ ਹੈ, ਜਿਸ ਨੂੰ ਚਾਹ-ਏ-ਜ਼ਮਜ਼ਮ ਕੈਂਹਦੇ ਹਨ।

آب زندگانی *ਆਬ-ਏ-ਜ਼ਿੰਦਗਾਨੀ* : ਜੀਵਨ ਦੇਣ ਵਾਲਾ ਪਾਣੀ, ਆਬ-ਏ-ਹਯਾਤ; ਅੰਮ੍ਰਿਤ।

آبشار *ਆਬਸ਼ਾਰ* : ਪਾਣੀ ਦੀ ਧਾਰ ਜੇਹੜੀ ਉਚੇ ਥਾਂ ਤੋਂ ਡਿੱਗੇ, ਝਰਨਾ।

آب شور *ਆਬ-ਏ-ਸ਼ੋਰ* : ਖਾਰਾ ਪਾਣੀ,ਸਮੁੰਦਰ ਦਾ ਪਾਣੀ, ਨਮਕੀਨ ਪਾਣੀ; ਗ਼ਮ ਦੇ ਅਥਰੂ।

آب شیریں *ਆਬ-ਏ-ਸ਼ੀਰੀਂ* : ਮਿੱਠਾ ਪਾਣੀ, ਸ਼ਰਬਤ।

آبکار *ਆਬਕਾਰ* : ਸ਼ਰਾਬ ਵੇਚਣ ਵਾਲਾ, ਕਲਾਲ; ਸੱਕਾ, ਮਾਸ਼ਕੀ।

آبکاری *ਆਬਕਾਰੀ* : ਸ਼ਰਾਬ ਕੱਢਣ ਦਾ ਕਾਰਖਾਨਾ ਜਾਂ ਥਾਂ, ਸ਼ਰਾਬ ਕੱਢਣ ਦੀ ਕਿਰਿਆ, ਸ਼ਰਾਬ ਦਾ ਸਰਕਾਰੀ ਕਿੱਤਾ।

آبگاه *ਆਬਗਾਹ* : ਤਲਾ; ਹੌਜ਼; ਕੁੱਖ, ਵੱਖੀ।

آبِ گرد *ਆਬ-ਏ-ਗਰਦ* : ਅਸਮਾਨ।

آبِ گرد *ਆਬ-ਏ-ਗਿਰਦ* : ਘੁੰਮਣ-ਘੇਰੀ, ਭੰਵਰ; ਗਿਰਦਾਬ।

آبگیر *ਆਬਗੀਰ* : ਤਲਾ; ਹੌਜ਼; ਜੁਲਾਹਿਆਂ ਦਾ ਇਕ ਸੰਦ ਜਿਸ ਨਾਲ ਤਣੇ ਹੋਏ ਸੂਤ 'ਤੇ ਪਾਣੀ ਛਿੜਕਦੇ ਹਨ।

آبگینه *ਆਬਗੀਨਾ* : ਸ਼ੀਸ਼ਾ, ਕੱਚ, ਬਲੌਰ; ਅੰਗੂਰੀ ਸ਼ਰਾਬ।

آبله *ਆਬਿਲਾ* : ਛਾਲਾ, ਫਫੋਲਾ, ਫਿਣਸੀ; ਬੁਲਬੁਲਾ; ਚੇਚਕ।

آبله پا *ਆਬਿਲਾਪਾ* : ਜਿਸ ਦੇ ਪੈਰਾਂ ਵਿਚ ਛਾਲੇ ਪਏ ਹੋਣ।

آبله دار *ਆਬਿਲਾਦਾਰ* : ਛਾਲਿਆਂ ਵਾਲਾ; ਚੇਚਕ ਵਾਲਾ।

آبله فرنگ *ਆਬਿਲਾ- ਏ-ਫ਼ਰੰਗ* : ਲਿੰਗ ਦਾ ਇਕ ਰੋਗ, ਜਿਸ ਨਾਲ ਜਲਨ ਹੁੰਦੀ ਹੈ, ਆਤਸ਼ਕ।

آبِ مریم *ਆਬ-ਏ-ਮਰੀਯਮ* : ਅੰਗੂਰ ਦਾ ਰਸ, ਅੰਗੂਰੀ ਸ਼ਰਾਬ; ਪਵਿਤਰਤਾ; ਮਰਯਮ ਦੀ ਪਵਿਤਰਤਾ।

آبناء *ਆਬਨਾਇ* : ਭੂਗੋਲ ਵਿਚ ਪਾਣੀ ਦਾ ਓਹ ਤੰਗ ਰਸਤਾ ਜੇਹੜਾ ਜ਼ਮੀਨ ਦੇ ਦੋ ਵੱਡੇ ਹਿੱਸਿਆਂ ਨੂੰ ਅੱਡ ਕਰੇ ਅਤੇ ਪਾਣੀ ਦੇ ਦੋ ਹਿੱਸਿਆਂ ਨੂੰ ਮਿਲਾਵੇ।

آب نقره *ਆਬ-ਏ-ਨੁਕ਼ਰਾ* : ਚਾਂਦੀ ਦਾ ਪਾਣੀ, ਪਾਰਾ।

آبنوس *ਆਬਨੂਸ* : ਇਕ ਕਾਲੀ ਲੱਕੜ ਜਿਸ ਤੋਂ ਕਈ ਪਰਕਾਰ ਦਾ ਘਰੇਲੂ ਉੱਤਮ ਸਮਾਨ ਬਣਦਾ ਹੈ, ਸਾਗਵਾਨ, ਟੀਕ।

آبنوسی *ਆਬਨੂਸੀ* : ਆਬਨੂਸ ਲੱਕੜ ਦਾ ਬਣਿਆ ਹੋਇਆ; ਕਾਲੇ ਰੰਗ ਦਾ।

آب و تاب *ਆਬ-ਓ-ਤਾਬ* : ਚਮਕ-ਦਮਕ, ਸਜ-ਧਜ, ਸ਼ਾਨ-ਸ਼ੌਕਤ, ਠਾਠ-ਬਾਠ; ਰੌਣਕ, ਤਰੋਤਾਜ਼ਗੀ; ਜਲਵਾ।

آب و دانه *ਆਬ-ਓ-ਦਾਨਾ* : ਅੰਨ-ਜਲ, ਦਾਣਾ-ਪਾਣੀ; ਰਿਜ਼ਕ; ਖ਼ੁਰਾਕ; ਖਾਣਾ-ਪੀਣਾ।

آب وگل *ਆਬ-ਓ-ਗਿਲ* : ਮਨੁੱਖ ਦੀ ਫ਼ਿਤਰਤ; ਮਨੁੱਖ ਦਾ ਖ਼ਮੀਰ; ਗਾਰਾ, ਚਿਕੜ; ਮਨੁੱਖੀ ਸ਼ਰੀਰ।

آب و هوا *ਆਬ-ਓ-ਹਵਾ* : ਜਲਵਾਯੂ; ਜਲ ਤੇ ਵਾਯੂ ਦੀ ਹਾਲਤ, ਮੌਸਮ, ਰੁੱਤਾਂ।

آبی *ਆਬੀ* : ਪਾਣੀ ਨਾਲ ਸਬੰਧਤ, ਪਾਣੀ ਵਾਲਾ, ਪਾਣੀ ਦਾ, ਪਾਣੀ ਵਿਚ ਰੈਹਣ ਵਾਲਾ; ਭਿੱਜਿਆ ਹੋਇਆ, ਸਜਲ, ਤਰ; ਨੈਹਰੀ ਜਾਂ ਚਾਹੀ ਭੋਇਂ; ਹਲਕਾ ਨੀਲਾ ਰੰਗ; ਇਕ ਪਰਕਾਰ

ਦਾ ਅੰਗੂਰ; ਸਿੱਲ੍ਹ, ਨਮੀ, ਗਿੱਲਾਪਣ; ਸਰਕਸ਼, ਘਮੰਡੀ ।

آبیاری ***ਆਬਯਾਰੀ*** : ਖੇਤਾਂ ਨੂੰ ਪਾਣੀ ਦੇਣ ਦੀ ਕਿਰਿਆ, ਆਬਪਾਸ਼ੀ; ਸਿੰਚਾਈ।

آبیانه ***ਆਬਯਾਨਾ*** : ਨੈਹਰੀ ਪਾਣੀ ਦਾ ਕਰ।

آت ***ਆਤ*** : ਘੋੜਾ।

آتش ***ਆਤਿਸ਼/ਆਤਸ਼*** : ਅੱਗ, ਅਗਨੀ; ਜਲਨ, ਸੋਜ਼ਸ਼।

آتش بار ***ਆਤਿਸ਼ਬਾਰ*** : ਅੱਗ ਵਰ੍ਹਾਉਣ ਵਾਲਾ, ਅੱਗ ਦਾ ਮੀਂਹ ਬਰਸਾਉਣ ਵਾਲਾ; ਗੁਸੈਲਾ, ਭੜਕਾਊ।

آتش باری ***ਆਤਿਸ਼ਬਾਰੀ*** : ਅੱਗ ਵਰ੍ਹਾਉਣ ਦੀ ਕਿਰਿਆ, ਗੋਲਾਬਾਰੀ।

آتش باز ***ਆਤਿਸ਼ਬਾਜ਼*** : ਆਤਸ਼ਬਾਜ਼ੀ ਬਣਾਉਣ ਵਾਲਾ।

آتش بازی ***ਆਤਿਸ਼ਬਾਜ਼ੀ*** : ਅੱਗ ਨਾਲ ਖੇਡ ਦੀ ਕਿਰਿਆ, ਅੱਗ ਦੇ ਖਿਡੌਣੇ, ਜਿਵੇਂ ਫੁਲਝੜੀ, ਮੈਹਤਾਬੀ ਤੇ ਹਵਾਈ ਆਦਿ, ਦਾਰੂ ਸਿੱਕੇ ਦੀਆਂ ਬਣੀਆਂ ਹੋਈਆ ਵਸਤਾਂ।

آتش بیان ***ਆਤਿਸ਼ ਬਯਾਨ*** : ਪਰਭਾਵ- ਸ਼ਾਲੀ ਵਕਤਾ ਜਿਸ ਦੀ ਤਕਰੀਰ ਨੂੰ ਸੁਣ ਕੇ ਲੋਕ ਜੋਸ਼ ਵਿਚ ਆ ਜਾਣ, ਕਵੀ, ਸ਼ਾਇਰ।

آتش پا ***ਆਤਿਸ਼ ਪਾ*** : ਤੇਜ਼ ਤੁਰਨ ਵਾਲਾ, ਤੇਜ਼ ਰਫ਼ਤਾਰ; ਬੇਕਰਾਰ, ਭੜਕਿਆ ਹੋਇਆ; ਭੜਕਾਉਣ ਵਾਲਾ।

آتش پاره ***ਆਤਿਸ਼ਪਾਰਾ*** : ਚੰਗਿਆੜੀ, ਅੰਗਿਆਰ।

آتش پرست ***ਆਤਿਸ਼ਪ੍ਰਸਤ*** : ਅੱਗ ਦੀ ਪੂਜਾ ਕਰਨ ਵਾਲਾ, ਅਗਨੀ-ਪੂਜ; ਜ਼ਰਤੁਸ਼ਤੀ; ਕਾਫ਼ਰ।

آتش پرستی ***ਆਤਿਸ਼ਪ੍ਰਸਤੀ*** : ਅੱਗ ਦੀ ਪੂਜਾ ਕਰਨ ਦੀ ਕਿਰਿਆ, ਅਗਨੀ-ਪੂਜਾ, ਕੁਫ਼ਰ।

آتش دان ***ਆਤਿਸ਼ਦਾਨ*** : ਅੱਗ ਜਲਾਉਣ ਦਾ ਥਾਂ, ਅੰਗੀਠੀ, ਚੁੱਲ੍ਹਾ।

آتش کار ***ਅਤਿਸ਼ਕਾਰ*** : ਬਾਵਰਚੀ, ਰਸੋਈਆ; ਲੁਹਾਰ; ਅੱਗ ਦਾ ਕੰਮ ਕਰਨ ਵਾਲਾ, ਆਤਸ਼ਬਾਜ਼; ਕਾਹਲੀ ਕਰਨ ਵਾਲਾ, ਜਲਦਬਾਜ਼; ਗ਼ਜ਼ਬਨਾਕ, ਭੜਕੀਲਾ; ਬਦਕਾਰ।

آتش کاری ***ਆਤਿਸ਼ਕਾਰੀ*** : ਤਲਵਾਰ ਨੂੰ ਜਿਲਾ ਦੇਣ ਦੀ ਕਿਰਿਆ, ਤਲਵਾਰ ਦੀ ਧਾਰ ਤਿੱਖੀ ਕਰਨ ਦੀ ਕਿਰਿਆ, ਤਲਵਾਰ ਚਮਕਾਉਣਾ।

آتش کده ***ਆਤਿਸ਼ਕਦਾ*** : ਪਾਰਸੀਆਂ ਦਾ ਮੰਦਰ, ਅਗਨੀ-ਮੰਦਰ, ਜ਼ਰਤੁਸ਼ਤੀ ਇਬਾਦਤਖ਼ਾਨਾ (ਜਿਥੇ ਹਰ ਵੇਲੇ ਅੱਗ ਬਲਦੀ ਰੈਂਹਦੀ ਹੈ), ਅੰਗੀਠੀ।

آتش کده بهرام ***ਆਤਿਸ਼ਕਦਾ-ਏ-ਬਹਿਰਾਮ*** : ਸੂਰਜ ਦਾ ਇਕ ਗਰੈਹ, ਤਾਰਾ-ਮੰਡਲ ਦਾ ਪੈਹਲਾ ਨੱਛਤਰ, ਮੇਖ ਰਾਸ।

آتش کده نمرود ***ਆਤਿਸ਼ਕਦਾ-ਏ-ਨਮਰੂਦ*** : ਅੱਗ ਦਾ ਵੱਡਾ ਅਲਾਉ ਜਿਸ ਵਿਚ ਨਮਰੂਦ ਬਾਦਸ਼ਾਹ ਨੇ ਹਜ਼ਰਤ ਇਬਰਾਹੀਮ ਨੂੰ ਰੱਬ ਨਾ ਮੰਨਣ ਕਰਕੇ ਸੁੱਟ ਦਿੱਤਾ ਸੀ, ਰੱਬ ਵੱਲੋਂ ਓਹ ਅੱਗ ਦਾ ਅਲਾਉ ਗੁਲਜ਼ਾਰ ਬਣ ਗਿਆ ਤੇ ਹਜ਼ਰਤ ਇਬਰਾਹੀਮ ਨੂੰ ਕੋਈ ਨੁਕਸਾਨ ਨਾ ਪੁੱਜਾ।

آتش کش ***ਆਤਿਸ਼ਕਸ਼*** : ਓਹ ਲੋਹੇ ਦੀ ਸੀਖ ਜਿਸ ਨਾਲ ਤੰਦੂਰ ਜਾ ਭੱਠੀ ਦੀ ਅੱਗ ਨੂੰ ਉੱਥਲਦੇ ਪੁੱਥਲਦੇ ਹਨ, ਲੋਹੇ ਦੀ ਲੰਮੀ ਕੁੰਡੀ।

آتش گیر ***ਆਤਿਸ਼ਗੀਰ*** : ਅੱਗ ਫੜਨ ਵਾਲਾ ਸੰਦ, ਚਿਮਟਾ, ਸੰਨ੍ਹੀ, ਓਹ ਚੀਜ਼ ਜਿਸ ਨੂੰ ਛੇਤੀ ਅੱਗ ਲੱਗ ਸਕੇ; ਛੇਤੀ ਭੜਕ ਉਠਣ ਵਾਲੀ ਚੀਜ਼।

آتش مزاج ***ਆਤਿਸ਼ ਮਿਜ਼ਾਜ*** : ਗਰਮ ਸੁਭਾ ਵਾਲਾ, ਗੁਸੈਲਾ, ਗ਼ਜ਼ਬਨਾਕ।

آتش نمرود ***ਆਤਿਸ਼-ਏ-ਨਮਰੂਦ*** : ਅੱਗ ਜੇਹੜੀ ਨਮਰੂਦ ਨੇ ਹਜ਼ਰਤ ਇਬਰਾਹੀਮ ਨੂੰ ਜਿਊਂਦਾ ਸਾੜਨ ਲਈ ਜਲਵਾਈ ਸੀ, ਅਤੇ ਓਹ ਖ਼ੁਦਾ ਦੇ ਹੁਕਮ ਨਾਲ ਫੁਲਵਾੜੀ ਬਣ ਗਈ ਸੀ।

آتش و آب ***ਆਤਿਸ਼-ਓ-ਆਬ*** : ਤਲਵਾਰ, ਖੰਜਰ।

آتش هندی ***ਆਤਿਸ਼-ਏ-ਹਿੰਦੀ*** : ਹਿੰਦੁਸਤਾਨ ਦੀ ਤਲਵਾਰ, ਹਿੰਦੀ ਤਲਵਾਰ।

آتشه ***ਆਤਿਸ਼ਾ*** : ਅੱਗ 'ਚੋਂ ਕੱਢਿਆ ਹੋਇਆ; ਤੇਜ਼ ਸ਼ਰਾਬ ।

آتشی ***ਆਤਿਸ਼ੀ*** : ਅੱਗ ਨਾਲ ਸਬੰਧ ਰੱਖਣ ਵਾਲਾ।

آتشین ***ਆਤਿਸ਼ੀਨ*** : ਅੱਗ ਤੋਂ ਬਣਿਆ ਹੋਇਆ; ਗਰਮ-ਮਿਜ਼ਾਜ ।

آثار ***ਆਸਾਰ*** : (ਅਸਰ **اثر** ਦਾ ਬੌਹਵਚਨ) ਨਿਸ਼ਾਨੀਆਂ, ਪੁਰਾਣੀਆਂ ਇਮਾਰਤਾਂ ਦੇ ਨਿਸ਼ਾਨ, ਪੁਰਾਤੱਤਵ, ਖੰਡਰ; ਪੈੜਾਂ, ਪਗ-ਚਿੰਨ੍ਹ; ਜੇਹੜੀ ਚੀਜ਼ ਮਰਨ ਪਿਛੋਂ ਬਾਕੀ ਰਹੇ; ਇਤਿਹਾਸ-ਵਿਦਿਆ; ਇਲਮ-ਏ- ਹਦੀਸ, ਸੁੰਨਤ-ਏ-ਰਸੂਲ; ਤਾਸੀਰਾਂ, ਵਿਸ਼ੇਸ਼ ਸੁਭਾ, ਨੀਂਹ; ਲੱਛਣ; ਕੰਧ ਦੀ ਚੁੜਾਈ ; ਤੌਰ ਤਰੀਕੇ।

آثام ***ਆਸਾਮ*** : (ਸਮ **ثم** ਦਾ ਬੌਹਵਚਨ) ਗੁਨਾਹ, ਪਾਪ, ਕਸੂਰ, ਅਯੋਗ ਕੰਮ ।

آثم ***ਆਸਿਮ*** : ਗੁਨਾਹਗਾਰ, ਪਾਪੀ।

آثمین ***ਆਸਮੀਨ*** : (ਆਸਿਮ **آثم** ਦਾ ਬੌਹਵਚਨ) ਗੁਨਾਹਗਾਰ ਲੋਕ, ਪਾਪੀ ਪੁਰਸ਼।

آجال ***ਆਜਾਲ*** : (ਆਜਿਲ **آجل** ਦਾ ਬੌਹਵਚਨ) ਮੌਤਾਂ, ਮੌਤ ਦੇ ਵਕਤ; ਨਿਸਚਤ ਮਿਆਦਾਂ; ਮਿਥੇ ਸਮੇਂ।

آجل ***ਆਜਿਲ*** : ਚਿਰ ਪਿਛੋਂ ਆਉਣ ਵਾਲਾ, ਕਿਆਮਤ।

آچا ***ਆਚਾ*** : ਬਾਪ, ਪਿਤਾ, ਪਿਉ, ਦਾਦਾ, ਬਾਬਾ, ਨਾਨਾ; ਪੁਰਾਣਾ ਨੌਕਰ, ਬੁੱਢੀ ਨੌਕਰਾਣੀ, ਦਾਈ, ਆਇਆ।

آچار ***ਆਚਾਰ*** : ਪਰਸਿਧ ਵਸਤੂ ਅਚਾਰ; ਮਿਲਾਵਟ, ਮਿਸ਼ਰਨ; ਇਕ ਪਰਕਾਰ ਦੀ ਖਟਾਸ।

آحاد ***ਆਹ਼ਾਦ*** : (ਅਹ਼ਦ **احد** ਦਾ ਬੌਹਵਚਨ) ਇਕਾਈਆਂ, ਇਕ ਤੋਂ ਨੌਂ ਤਕ ਗਿਣਤੀ; ਆਮ ਲੋਕ, ਜਨ-ਸਧਾਰਨ; ਐਤਵਾਰ ਦਾ ਦਿਨ।

آخ ***ਆਖ਼*** : ਸ਼ਾਬਾਸ਼ ਦਾ ਸ਼ਬਦ, ਵਾਹ ਵਾਹ, ਆਫ਼ਰੀਨ; ਫ਼ਰਿਆਦ।

آخذ ***ਆਖ਼ਿਜ਼*** : ਅਖ਼ਜ਼ **اخذ** ਕੱਢਣ ਵਾਲਾ, ਫੜਨ ਵਾਲਾ, ਲੈਣ ਵਾਲਾ, ਗਰੈਹਣ ਕਰਨ ਵਾਲਾ, ਇਖ਼ਤਿਆਰ ਕਰਨ ਵਾਲਾ।

آخر ***ਆਖ਼ਰ*** : ਦੂਜਾ, ਦੂਸਰਾ; ਇਕ ਹੋਰ।

آخر ***ਆਖ਼ਿਰ*** : ਅੱਵਲ **اول** ਦਾ ਵਿਪਰਿਆਏਵਾਚੀ; ਪਿਛਲਾ, ਅਖ਼ੀਰਲਾ; ਹੱਦ, ਅੰਤ, ਖ਼ਤਮ; ਮੌਤ, ਮੌਤ ਦਾ ਸਮਾਂ।

آخر ***ਆਖ਼ੁਰ*** : ਗਲਮੇ ਦੀ ਗੋਲ ਹੱਡੀ, ਹੰਸਲੀ, ਹੱਸ; ਆਖ਼ੋਰ **آخور** ਦਾ ਛੋਟਾ ਰੂਪ ਭਾਵ ਘੋੜੇ ਦੇ ਘਾਹ-ਪੱਠੇ ਖਾਣ ਦੀ ਥਾਂ, ਖੁਰਲੀ।

آخرالامر ***ਆਖ਼ਿਰੁਲ-ਅਮਰ*** : ਅੰਤ ਨੂੰ; ਆਖ਼ਰਕਾਰ।

آخرالزماں ***ਆਖ਼ਿਰੁਜ਼-ਜ਼ਮਾਂ*** ਕਿਆਮਤ ਦੇ ਨੇੜੇ ਆਉਣ ਦਾ ਸਮਾਂ, ਅਖ਼ੀਰੀ ਵੇਲਾ, ਮੌਤ ਦਾ ਸਮਾਂ, ਅੰਤਲੇ ਦਿਨ, ਖ਼ਾਤਮੇ ਦਾ ਵਕਤ, ਪਤਨ ਦੇ ਦਿਨ, ਬੁਢਾਪਾ।

آخرت ***ਆਖ਼ਿਰਤ*** : ਅਖ਼ੀਰ, ਅੰਜਾਮ, ਅੰਤ; ਕਿਆਮਤ, ਪਰਲੋ, ਓਹ ਦੁਨੀਆ ਜਿੱਥੇ ਮਰਨ ਉਪਰੰਤ ਇਨਸਾਨ ਦੀ ਰੂਹ ਜਾਵੇਗੀ, ਦੂਜਾ ਜਹਾਨ, ਦੂਜੀ ਦੁਨੀਆ, ਪਰਲੋਕ।

آخر سفر ***ਆਖ਼ਿਰ ਸਫ਼ਰ*** : ਅਖੀਰਲਾ ਸਫ਼ਰ; ਅੰਤਮ ਯਾਤਰਾ; ਮੌਤ, ਅੰਤ।

آخر کلام ***ਆਖ਼ਿਰ ਕਲਾਮ*** : ਤੌਹੀਦ ਦਾ ਕਲਮਾ ਅਰਥਾਤ ''ਲਾ ਇਲਾਹ ਇਲ ਲੱਲਾਹ''।

آخرکلام الهی ***ਆਖ਼ਿਰ-ਕਲਾਮ-ਏ-ਇਲਾਹੀ*** : ਖ਼ੁਦਾ ਦਾ ਆਖ਼ਰੀ ਕਲਾਮ, ਖ਼ੁਦਾ ਦੀ ਅਖ਼ੀਰਲੀ ਪੁਸਤਕ, ਕੁਰਾਨ ਸ਼ਰੀਫ਼, ਕੁਰਾਨ-ਏ-ਪਾਕ।

آخور ***ਆਖ਼ੁਰ*** : ਅਸਤਬਲ, ਘੋੜਿਆਂ ਦੇ ਘਾਹ ਖਾਣ ਦਾ ਸਥਾਨ, ਖ਼ੁਰਲੀ; ਜੇਹੜਾ ਘਾਹ ਘੋੜਿਆਂ ਦੇ ਖਾਣ ਪਿਛੋਂ ਬਚ ਰਹੇ; ਘੋੜਿਆਂ ਦਾ ਘਾਹ, ਬੈਹਣ ਦੀ ਥਾਂ।

آخورک ***ਆਖ਼ੁਰਕ*** : ਆਖ਼ੁਰ **آخور** ਦਾ ਲਘੂਵਾਚੀ ਰੂਪ, ਛੋਟਾ ਅਸਤਬਲ।

آخور سالار ***ਆਖ਼ੁਰਸਾਲਾਰ***

آخورچی ***ਆਖ਼ੁਰਚੀ*** : ਅਸਤਬਲ ਦਾ ਦਰੋਗਾ; ਤਬੇਲੇ ਦਾ ਪਰਬੰਧਕ।

آخون ***ਆਖ਼ੁਨ*** , **آخوند** ***ਆਖ਼ੁਵੰਦ*** : ਉਸਤਾਦ, ਅਧਿਆਪਕ; ਧਰਮ ਪਰਚਾਰਕ; ਉਤਮ ਬੁਲਾਰਾ।

آداب ***ਆਦਾਬ*** : (ਅਦਬ ادب ਦਾ ਬੌਹਵਚਨ) ਚੰਗੇ ਤੌਰ-ਤਰੀਕੇ, ਸਲੀਕਾ, ਚੰਗੇ ਵਿਵਹਾਰ ਦੇ ਅਸੂਲ; ਅਦਬ-ਅਦਾਬ, ਰੁਤਬੇ ਦਾ ਲਿਹਾਜ਼; ਸਤਕਾਰ ਨਾਲ ਸਲਾਮ ਕਰਨਾ, ਸਤਕਾਰ ਦੇ ਸ਼ਬਦ।

آدر ***ਆਦਰ*** , **آدش** ***ਆਦਿਸ਼*** : ਆਜ਼ਰ (آذر); ਅੱਗ, ਅਗਨੀ।

آدم ***ਆਦਮ*** : ਆਦਮੀ, ਇਨਸਾਨ; ਪੈਹਲਾ ਆਦਮੀ, ਆਦਿ ਮਨੁੱਖ, ਜਿਸ ਤੋਂ ਮੁਨੱਖਾਂ ਦੀ ਨਸਲ ਸ਼ੁਰੂ ਹੋਈ, ਸਾਰੇ ਇਨਸਾਨਾਂ ਦਾ ਬਾਪ।

آدم آبی ***ਆਦਮ-ਏ-ਆਬੀ*** : ਪਾਣੀ ਦਾ ਆਦਮੀ, ਜਲ ਮਾਣਸ, ਇਕ ਪਸ਼ੂ ਜੇਹੜਾ ਆਦਮੀ ਨਾਲ ਮਿਲਦਾ-ਜੁਲਦਾ ਹੈ ਅਤੇ ਪਾਣੀ ਵਿਚ ਰੈਂਹਦਾ ਹੈ।

آدمِ ثانی ***ਆਦਮ-ਏ-ਸਾਨੀ*** : ਹਜ਼ਰਤ ਨੂਹ, ਜਿਸ ਨੇ ਮਨੁੱਖ ਤੇ ਜੀਵ ਜੰਤੂ ਨੂੰ ਵੱਡੇ ਤੂਫ਼ਾਨ 'ਚੋਂ ਆਪਣੇ ਬੇੜੇ ਰਾਹੀਂ ਬਚਾ ਲਿਆ ਸੀ।

آدم خور ***ਆਦਮ ਖ਼ੋਰ*** : ਆਦਮੀ ਨੂੰ ਖਾਣ ਵਾਲਾ, ਬਨ-ਮਾਣਸ।

آدم سر ***ਆਦਮ ਸਰ*** : ਜਿਸ ਦੇ ਸਿਰ ਦੇ ਵਾਲ ਨਾ ਹੋਣ, ਗੰਜਾ।

آدم شناس ***ਆਦਮ ਸ਼ਿਨਾਸ*** : ਮਾਨਵ ਜਾਤੀ ਨੂੰ ਜਾਣਨ ਪਛਾਣਨ ਵਾਲਾ।

آدم گری ***ਆਦਮਗਰੀ*** : ਮਨੁੱਖਤਾ, ਮਾਨਵਤਾ; ਬਹਾਦਰੀ, ਸੂਰਮਗਤੀ।

آدمی ***ਆਦਮੀ*** : ਆਦਮ ਦੀ ਔਲਾਦ, ਇਨਸਾਨ; ਮਨੁੱਖ ਮਾਤਰ, ਮਨੁੱਖ ਜਾਤੀ, ਇਨਸਾਨੀ ਅਖ਼ਲਾਕ ਵਾਲਾ; ਮੁਲਾਜ਼ਮ, ਨੌਕਰ, ਏਲਚੀ।

آدمیان ***ਆਦਮੀਯਾਨ*** : (ਆਦਮੀ **آدمی** ਦਾ ਬੌਹਵਚਨ) ਮਨੁੱਖ (ਬੌਹਤੇ), ਆਦਮਜ਼ਾਦੇ।

آدمی بچہ ***ਆਦਮੀਬੱਚਾ*** : ਬੱਚਾ, ਬਾਲਕ।

آدمی زاد ***ਆਦਮੀਜ਼ਾਦ*** ,

آدمی زادہ ***ਆਦਮੀਜ਼ਾਦਾ*** : ਮਨੁੱਖ ਦਾ ਪੁੱਤਰ; ਮਨੁੱਖ (ਆਦਮੀ)।

آدمیت ***ਆਦਮੀਯਤ*** : ਮਨੁੱਖਤਾ; ਮਾਨਵਤਾ; ਅਖ਼ਲਾਕ, ਮਿਲਣਸਾਰੀ; ਅਕਲ, ਸ਼ਊਰ, ਸਮਝ।

آدیش ***ਆਦੀਸ਼***, **آدش** ***ਆਦਿਸ਼*** : ਆਤਸ਼, ਅੱਗ।

آدینہ ***ਆਦੀਨਾ*** : ਜੁਮਾ, ਸ਼ੁਕਰਵਾਰ।

آدینہ بازار ***ਆਦੀਨਾ ਬਾਜ਼ਾਰ*** : ਜੁਮੇ ਦੇ ਦਿਨ ਨਮਾਜ਼ ਪਿਛੋਂ ਲੱਗਣ ਵਾਲਾ ਬਜ਼ਾਰ, ਜੁਮਾ ਬਜ਼ਾਰ।

آذار ***ਆਜ਼ਾਰ*** : ਇਕ ਰੂਮੀ ਮਹੀਨੇ ਦਾ ਨਾਮ ਜੋ ਚੇਤਰ ਦੇ ਨੇੜੇ ਤੇੜੇ ਆਉਂਦਾ ਹੈ।

آذاری ***ਆਜ਼ਾਰੀ*** : ਰੂਮੀ ਮਹੀਨੇ 'ਆਜ਼ਾਰ' **آذار** ਨਾਲ ਸਬੰਧਤ।

آذان ***ਆਜ਼ਾਨ*** : (ਉਜ਼ਨ **اذن** ਦਾ ਬੌਹਵਚਨ) ਕੰਨ, ਸਰਵਣ; ਕੰਨ ਵਿਚ ਅਵਾਜ਼ ਪੌਹਚਾਉਣਾ; ਨਮਾਜ਼ ਵਾਸਤੇ ਬੁਲਾਉਣ ਦੀ ਅਵਾਜ਼; ਮੁਰਗੇ ਦਾ ਬੋਲਣਾ, ਬਾਂਗ।

آذر ***ਆਜ਼ਰ*** : ਅੱਗ, ਅਗਨੀ, ਇਕ ਫ਼ਰਿਸ਼ਤੇ ਦਾ ਨਾਮ; ਸ਼ਮਸੀ ਸਾਲ ਦਾ ਨੌਂਵਾਂ ਮਹੀਨਾ, ਹਰ ਸ਼ਮਸੀ ਮਹੀਨੇ ਦਾ ਨੌਂਵਾਂ ਦਿਨ।

آذر آبادگان ***ਆਜ਼ਰ ਆਬਾਦਗਾਨ***, **آذر بائیجان** ***ਆਜ਼ਰਬਾਈਜਾਨ*** : ਈਰਾਨ ਦੇ ਉਤਰ ਵਿਚ ਇਕ ਦੇਸ਼; ਇਥੇ ਬੌਹਤ ਸਾਰੇ ਅਗਨੀ ਮੰਦਰ ਜਾਂ ਬੁਤਖ਼ਾਨੇ ਹੋਣ ਕਾਰਨ ਏਹ ਨਾਮ ਪਰਸਿੱਧ ਹੋਇਆ।

آذر پرست ***ਆਜ਼ਰਪ੍ਰਸਤ*** : ਅੱਗ ਨੂੰ ਪੂਜਣ ਵਾਲਾ, ਜ਼ਰਤੁਸ਼ਤੀ।

آذر گشپ ***ਆਜ਼ਰ ਗਸ਼ਪ*** : ਗਸ਼ਤਾਸਪ ਦੇ ਅਗਨੀ-ਮੰਦਰ ਦਾ ਨਾਮ ਜੇਹੜਾ ਉਸ ਨੇ ਬਲਖ਼ ਵਿਖੇ ਬਣਵਾਇਆ ਸੀ। ਅੱਗ ਮੰਦਰ, ਅੱਗ ਦਾ ਫ਼ਰਿਸ਼ਤਾ; ਬਿਜਲੀ, ਅੱਗ; ਅੱਗਨੀ-ਪੂਜ।

آذرنگ ***ਆਜ਼ਰੰਗ*** : ਅੱਗ, ਅਗਨੀ; ਰੋਸ਼ਨ, ਉੱਜਲ, ਨੂਰਾਨੀ; ਹਲਾਕਤ, ਘਾਤ; ਸਖ਼ਤੀ; ਮੇਹਨਤ; ਰੰਜ, ਅਫ਼ਸੋਸ।

آذقہ ***ਆਜ਼ੁਕ਼ਾ*** , **آذوقہ** ***ਆਜ਼ੂਕ਼ਾ*** : ਥੋੜੀ ਖ਼ੁਰਾਕ, ਅਲਪ ਆਹਾਰ; ਰਸਦ, ਘੱਟ ਤਨਖ਼ਾਹ; ਪੰਛੀ ਦਾ ਚੋਗਾ।

آذین ***ਆਜ਼ੀਨ*** : ਰਸਮ ਰਿਵਾਜ; ਸਜਾਵਟ, ਆਰਾਇਸ਼ (ਜਲੂਸ ਆਦਿ ਸਮੇਂ ਬਜ਼ਾਰ ਜਾਂ ਸ਼ੈਹਰ ਦੀ); ਮਧਾਣੀ।

آئین بند ***ਆਜ਼ੀਨ ਬੰਦ*** : ਜੜਿਆ ਹੋਇਆ, ਜੜਾਊ; ਸਜਿਆ, ਸਜਾਇਆ ਗਿਆ (ਝੰਡੀਆਂ ਆਦਿ ਨਾਲ)।

آرا ***ਆਰਾ*** : (ਰਾਯ **رای** ਦਾ ਬੌਹਵਚਨ) ਰਾਵਾਂ, ਮਸ਼ਵਰੇ, ਖ਼ਿਆਲਾਤ; ਅਕਲਾਂ; ਨਜ਼ਰੀਏ, ਦ੍ਰਿਸ਼ਟੀਕੋਣ; ਸਿਧਾਂਤ; ਵਿਸ਼ਵਾਸ।

ارابہ ***ਆਰਾਬਾ*** : ਭਾਰ ਢੋਣ ਦਾ ਰੇੜ੍ਹਾ, ਗੱਡਾ, ਛਕੜਾ; ਪਹੀਆ।

ارابہ کش ***ਆਰਾਬਾ ਕਸ਼*** : ਗੱਡਾ ਖਿੱਚਣ ਵਾਲਾ; ਗਾਡੀ।

آراستن ***ਆਰਾਸਤਨ*** : ਸਜਾਉਣਾ, ਸੰਵਾਰਨਾ, ਸ਼ਿੰਗਾਰਨਾ; ਸ਼ਿੰਗਾਰ ਆਦਿ ਲਾਉਣਾ; ਤਰਤੀਬ ਸਿਰ ਰਖਣਾ।

آراستگی ***ਆਰਾਸਤਗੀ*** : ਸਜਾਵਟ, ਬਣਾ-ਸ਼ਿੰਗਾਰ, ਸਜ-ਧਜ।

آراستہ ***ਆਰਾਸਤਾ*** : ਸਜਾਇਆ ਹੋਇਆ, ਸੰਵਾਰਿਆ ਹੋਇਆ, ਸਜਿਆ ਹੋਇਆ, ਸ਼ਿੰਗਾਰਿਆ ਹੋਇਆ; ਬਣਾਇਆ ਹੋਇਆ, ਫ਼ਰਸ਼ ਤੇ ਦਰੀਆਂ ਨਾਲ ਸਜਾਇਆ ਹੋਇਆ (ਕਮਰਾ); ਤਿਆਰ।

آرام ***ਆਰਾਮ*** : ਸੁਖ, ਚੈਨ, ਰਾਹਤ; ਸ਼ਾਂਤੀ; ਸਕੂਨ; ਠੈਹਰਾ, ਟਿਕਾ, ਤਸੱਲੀ; ਫ਼ੁਰਸਤ, ਵੇਹਲ, ਛੁੱਟੀ, ਵਕਫ਼ਾ, ਫ਼ਾਇਦਾ, ਨਫ਼ਾ; ਸ਼ਕਤੀ, ਤਾਕਤ।

آرام پسند ***ਆਰਾਮਪਸੰਦ*** ,

آرام طلب ***ਆਰਾਮ ਤ਼ਲਬ*** : ਸੁਖ ਦਾ ਚਾਹਵਾਨ, ਅਰਾਮ ਦਾ ਸ਼ੁਕੀਨ, ਸੁਖ-ਰੈਹਣਾ; ਨਾਜ਼ਕ, ਮਲੂਕ; ਜਾਨਮਾਰੀ ਨਾ ਕਰ ਸਕਣ ਵਾਲਾ; ਸੁਸਤ।

آرام جان ***ਆਰਾਮ-ਏ-ਜਾਨ*** : ਮਸ਼ੂਕ, ਪਿਆਰਾ, ਮੈਹਬੂਬ; ਔਲਾਦ।

آرام کار ***ਆਰਾਮ ਕਾਰ*** : ਸੁਸਤ, ਕਮਚੋਰ; ਅਸਲੋਂ ਹੌਲੀ ਕੰਮ ਕਰਨ ਵਾਲਾ; ਮਰੀਜ਼, ਰੋਗੀ।

آرام کرسی ***ਆਰਾਮ ਕੁਰਸੀ*** : ਇਕ ਪਰਕਾਰ ਦੀ ਵੱਡੀ ਤਕੀਏ ਵਾਲੀ ਕੁਰਸੀ।

آرام گاہ ***ਆਰਾਮਗਾਹ*** : ਸੁਖ ਦਾ ਸਥਾਨ, ਅਰਾਮ ਕਰਨ ਦਾ ਥਾਂ, ਰੈਣ ਬਸੇਰਾ, ਚੈਨ ਦਾ ਥਾਂ, ਸੌਣ ਦਾ ਕਮਰਾ।

آران ***ਆਰਾਨ*** : ਆਜ਼ਰਬਾਈਜਾਨ ਪਰਾਂਤ ਦਾ ਨਾਮ; ਕਾਸ਼ਾਨ ਦੇ ਇਲਾਕੇ ਦਾ ਖੋਤਾ (ਗਧਾ) ਜੋ ਬੜਾ ਤਾਕਤਵਰ ਹੁੰਦਾ ਹੈ; ਕੂਹਣੀ।

آرانی ***ਆਰਾਨੀ*** : ਆਰਾਨ **آران** ਨਾਲ ਸਬੰਧਤ; ਅਰਾਨੀ ਗਧਾ।

آرایش ***ਆਰਾਯਿਸ਼*** : ਸਜਾਵਟ, ਸ਼ਿੰਗਾਰ; ਮਕਾਨ ਦੇ ਫ਼ਰਸ਼ਾਂ ਤੇ ਦਰੀਆਂ ਨਾਲ ਸਜਾਵਟ।

آرد ***ਆਰਦ*** : ਆਟਾ।

آرد بیز ***ਆਰਦ-ਬੇਜ਼*** : ਛਾਣਨੀ।

آرد روغن ***ਆਰਦ-ਰੋਗ਼ਨ*** : ਇਕ ਪਰਕਾਰ ਦੀ ਮਿਠਿਆਈ।

آرد شیر ***ਆਰਦਸ਼ੀਰ*** : ਦੁੱਧ ਤੇ ਆਟੇ ਦਾ ਹਲਵਾ।

آرداہ ***ਆਰਦਾ*** : ਰੋਟੀ, ਭੋਜਨ।

آرزم ***ਆਰਜ਼ਮ*** : ਲੜਾਈ, ਜੰਗ, ਯੁੱਧ, ਸਾਕਾ।

آرزو ***ਆਰਜ਼ੂ*** : ਚਾਹ, ਲਾਲਸਾ, ਤਮੰਨਾ, ਇੱਛਾ, ਹਸਰਤ; ਆਸ, ਉਮੀਦ; ਲੋੜ, ਜ਼ਰੂਰਤ; ਮੁਰਾਦ, ਮਕਸਦ, ਮਤਲਬ।

آرزومند ***ਆਰਜ਼ੂਮੰਦ*** : ਚਾਹਵਾਨ, ਆਸ਼ਕ।

آرزومندی ***ਆਰਜ਼ੂਮੰਦੀ*** : ਚਾਹ, ਤਮੰਨਾ, ਉੱਮੀਦਵਾਰੀ, ਭੁੱਖ।

آرش ***ਆਰਸ਼*** : ਇਕ ਪਰਸਿੱਧ ਤੀਰ-ਅੰਦਾਜ਼ ਦਾ ਨਾਮ ਜਿਸ ਨੇ ਆਪਣਾ ਇਕ ਤੀਰ ਚਾਲ੍ਹੀ ਪੜਾਵਾਂ ਦੇ ਫ਼ਾਸਲੇ 'ਤੇ ਪੌਹਚਾ ਦਿੱਤਾ ਸੀ; ਕੈਕਬਾਦ ਬਾਦਸ਼ਾਹ ਦਾ ਦੂਜਾ ਪੁੱਤਰ।

آرش ***ਆਰਿਸ਼*** : ਮਤਲਬ, ਭਾਵ; ਮਹੱਤਾ।

آرمان ***ਆਰਮਾਨ*** : ਖ਼ਾਹਸ਼ ,ਚਾਹ, ਹਸਰਤ।

آرنج ***ਆਰੰਜ*** : ਕੂਹਣੀ।

آروغ ***ਆਰੂਗ਼*** , **آروق** ***ਆਰੂਕ਼*** : ਡਕਾਰ।

آرہ ***ਆਰਾ*** : ਮਸੂੜੇ।

آری ***ਆਰੇ*** : ਹਾਂ; ਠੀਕ ਹੈ, ਬੇਸ਼ਕ।

آز ***ਆਜ਼*** : ਲਾਲਚ, ਹਿਰਸ, ਲੋਭ; ਪਿਆਰ, ਚਾਹ; ਇਕ ਸ਼ੈਹਰ ਦਾ ਨਾਮ।

آز پیشہ ***ਆਜ਼ ਪੇਸ਼ਾ*** : ਮਿਤਰਤਾ ਦੇ ਸੁਭਾ ਵਾਲਾ, ਮਿਲਣਸਾਰ, ਨੇਕ ਨੀਯਤ।

آزاد ***ਆਜ਼ਾਦ*** : ਸੁਤੰਤਰ, ਖੁੱਲ੍ਹਾ, ਅਸਬੰਧਤ,

ਬਿਨਾ ਤਅੱਲੁਕ ਦੇ; ਬੇਕੈਦ; ਬੇਐਬ; ਇਕ ਪਰਕਾਰ ਦਾ ਫ਼ਕੀਰ, ਦਰਵੇਸ਼, ਭਗਤ; ਇਕ ਸੁਆਦੀ ਮੱਛੀ; ਸਰੂ ਦਾ ਰੁੱਖ।

آزادآوا ***ਆਜ਼ਾਦ ਆਵਾ*** : (ਅਜ਼ਾਦ ਅਵਾਜ਼ **آزادآوار**) ਰੱਬ ਦਾ ਜਸ ਗਾਇਨ ਕਰਨ ਦਾ ਤਰੀਕਾ।

آزادخو ***ਆਜ਼ਦ-ਖ਼ੂ*** : ਖੁਲ੍ਹੇ-ਡੁਲ੍ਹੇ ਸੁਭਾ ਵਾਲਾ; ਨੇਕ।

آزادرو ***ਆਜ਼ਾਦ-ਰੌ*** : ਅਜ਼ਾਦਾਨਾ, ਸੈਰ ਕਰਨ ਵਾਲਾ, ਸੈਲਾਨੀ; ਅਜ਼ਾਦ ਤਬੀਅਤ ਵਾਲਾ; ਫ਼ਕੀਰ; ਨਿਡਰ।

آزادسرو ***ਆਜ਼ਾਦ-ਸਰਵ*** : ਸਰੂ ਦਾ ਰੁਖ; ਇਕ ਵਿਅਕਤੀ ਦਾ ਨਾਮ ਜਿਸ ਤੋਂ ਫ਼ਿਰਦੌਸੀ ਨੇ ਰੁਸਤਮ ਦੀ ਮੌਤ ਦੀ ਕਹਾਣੀ ਲਈ।

آزادطبع ***ਆਜ਼ਾਦ ਤ਼ਬਅ਼*** : ਖੁਲ੍ਹੇ ਸੁਭਾ ਵਾਲਾ: ਨਿਰਲੇਪ, ਮਲੰਗ, ਲਬ ਲੋਭ ਨਾ ਰਖਣ ਵਾਲਾ, ਖੁਲ੍ਹਾ-ਡੁਲ੍ਹਾ; ਕਿਸੇ ਦੇ ਦਬਾ ਵਿਚ ਨਾ ਹੋਣ ਵਾਲਾ; ਨਿਡਰ ਤਬੀਅਤ ਵਾਲਾ, ਸਾਫ਼ ਗੱਲ ਕੈਹਣ ਵਾਲਾ।

آزادگان ***ਆਜ਼ਾਦਗਾਨ*** : (ਆਜ਼ਾਦ **آزاد** ਦਾ ਬੌਹਵਚਨ) ਬੇਤਅੱਲੁਕ ਆਦਮੀ, ਸੂਫ਼ੀ ਲੋਕ, ਦਰਵੇਸ਼, ਮਲੰਗ, ਜੇਹੜੇ ਗ਼ੁਲਾਮ ਜਾਂ ਕੈਦ ਨਾ ਹੋਣ, ਸੁਤੰਤਰ।

آزادمرد ***ਆਜ਼ਾਦ ਮਰਦ*** : ਅਜ਼ਾਦ, ਬੇਤਅੱਲੁਕ, ਸੁਤੰਤਰ; ਸੂਫ਼ੀ, ਦਰਵੇਸ਼, ਕਾਮਲ।

آزادمردی ***ਆਜ਼ਾਦ-ਮਰਦੀ*** : ਖ਼ੁਦ-ਮੁਖ਼ਤਿਆਰੀ, ਅਜ਼ਾਦੀ, ਸੁਤੰਤਰਤਾ; ਆਪ-ਹੁਦਰਾਪਣ, ਵੀਰਤਾ, ਸੂਰਮਗਤੀ।

آزادنامه ***ਆਜ਼ਾਦ ਨਾਮਾ*** : ਕਿਸੇ ਗ਼ੁਲਾਮ ਦੀ ਰਿਹਾਈ ਦਾ ਪਰਵਾਨਾ।

آزاده ***ਆਜ਼ਾਦਾ*** : ਵੇਖੋ 'ਆਜ਼ਾਦ' **آزاد** ।

آزادی ***ਆਜ਼ਾਦੀ*** : ਬੇਕੈਦ ਹੋਣ ਦਾ ਭਾਵ, ਰਿਹਾਈ, ਛੁਟਕਾਰਾ; ਖ਼ੁਦਮੁਖ਼ਤਿਆਰੀ, ਸੁਤੰਤਰਤਾ, ਬੇਪਰਵਾਹੀ; ਖੁੱਲ੍ਹੀ ਛੁੱਟੀ, ਖੁੱਲ੍ਹ; ਬੇਐਬ ਹੋਣ ਦਾ ਭਾਵ; ਵੀਰਤਾ, ਸੂਰਮਗਤੀ; ਸ਼ੁਕਰ; ਤਰੀਫ਼, ਪਰਸ਼ੰਸਾ।

آزار ***ਆਜ਼ਾਰ*** : ਰੂਮੀਆਂ ਦੇ ਛੇਵੇਂ ਮਹੀਨੇ ਦਾ ਨਾਮ।

آزارمند ***ਆਜ਼ਾਰਮੰਦ*** : ਦੁਖੀ, ਬੀਮਾਰ, ਕਮਜ਼ੋਰ।

آزاری ***ਆਜ਼ਾਰੀ*** : ਦੁਖ, ਤਕਲੀਫ਼; ਬੀਮਾਰ, ਰੰਜੀਦਾ, ਦੁਖੀ, ਤਕਲੀਫ਼ ਵਿਚ ਫਸਿਆ ਹੋਇਆ, ਔਖਾ।

آزر ***ਆਜ਼ਰ*** : ਆਜ਼ਾਰ **آزار** ਦਾ ਸੰਖਿਪਤ।

آزر ***ਆਜ਼ਰ*** : ਹਜ਼ਰਤ ਇਬਰਾਹੀਮ ਦੇ ਪਿਤਾ ਦਾ ਨਾਮ ਜੇਹੜਾ ਬੁੱਤਘਾੜਾ ਤੇ ਬੁੱਤਪਰਸਤ ਸੀ।

آزردگی ***ਆਜ਼ੁਰਦਗੀ*** : ਨਰਾਜ਼ਗੀ; ਰੰਜਸ਼, ਵਿਗਾੜ, ਮਲਾਲ; ਉਦਾਸੀ, ਗ਼ਮਗ਼ੀਨੀ।

آزردن ***ਆਜ਼ੁਰਦਨ*** : ਸਤਾਉਣਾ।

آزرده ***ਆਜ਼ੁਰਦਾ*** : ਨਰਾਜ਼, ਖ਼ਫ਼ਾ; ਸਤਾਇਆ ਹੋਇਆ, ਦੁਖੀ, ਤਕਲੀਫ਼ ਵਿਚ, ਔਖਾ।

آزرده پشت ***ਆਜ਼ੁਰਦਾ ਪੁਸ਼ਤ*** : ਕੁੱਬਾ; ਜ਼ਖ਼ਮੀ ਪਿੱਠ ਵਾਲਾ ਜਾਨਵਰ।

آزرده خاطر ***ਆਜ਼ੁਰਦਾ ਖ਼ਾਤ਼ਿਰ*** : ਦੁਖੀ ਦਿਲ, ਸਤਾਇਆ ਹੋਇਆ; ਨਿਰਾਸ਼, ਮਾਯੂਸ, ਉਦਾਸ, ਗ਼ਮਗ਼ੀਨ, ਖ਼ਫ਼ਾ।

آزرم ***ਆਜ਼ਰਮ*** : ਸ਼ਰਮ, ਹਯਾ, ਨਰਮੀ, ਰੈਹਮ, ਮੇਹਰ; ਅਰਾਮ, ਸੁਖ; ਇੱਜ਼ਤ, ਮਾਣ; ਬੰਦਗੀ; ਸੁਲ੍ਹਾ, ਅਦਲ, ਇਨਸਾਫ਼; ਰੰਜ, ਗ਼ਮ, ਤਕਲੀਫ਼।

آزرم و آب ***ਆਜ਼ਰਮ-ਉ-ਆਬ*** : ਸ਼ਰਮ, ਹਯਾ; ਇੱਜ਼ਤ, ਮਾਣ, ਆਬਰੂ, ਪੱਤ।

آزقه ***ਆਜ਼ੁਕ਼ਾ***, **آزوقه** ***ਆਜ਼ੂਕ਼ਾ*** : ਥੋੜ੍ਹੀ ਖ਼ੁਰਾਕ, ਅਲਪ ਆਹਾਰ; ਚੋਗਾ ਜੋ ਬੋਟਾਂ ਨੂੰ ਪੰਛੀ ਦਿੰਦੇ ਹਨ।

آزمایش ***ਆਜ਼ਮਾਇਸ਼*** : ਅਜ਼ਮਾਉਣ ਦੀ ਕਿਰਿਆ; ਪਰਖ, ਪਰੀਖਿਆ, ਇਮਤਿਹਾਨ, ਜਾਂਚ-ਪੜਤਾਲ; ਤਜਰਬਾ, ਪਰਯੋਗ।

آزمند ***ਆਜ਼ਮੰਦ*** : ਲਾਲਚੀ, ਲੋਭੀ, ਹਰੀਸ।

آزمودن ***ਆਜ਼ਮੂਦਨ*** : ਅਜ਼ਮਾਇਸ਼, ਤਜਰਬਾ, ਪਰਖ, ਜਾਂਚ, ਤਜਰਬਾ ਕਰਨਾ, ਪਰਖਣਾ।

آس ***ਆਸ*** : ਚੱਕੀ; ਤਾਸ਼ ਦਾ ਯੱਕਾ, ਤਾਸ਼।

آسا ***ਆਸਾ*** : ਵਾਂਗ, ਤਰ੍ਹਾਂ, ਜੇਹਾ, ਵਰਗਾ; ਕਾਇਦਾ, ਤਰਜ਼, ਰਵਸ਼; ਵਕਾਰ, ਆਬਰੂ।

آساس ***ਆਸਾਸ*** : (ਅਸਸ **اسس** ਬੁਨਿਆਦ ਦਾ ਬੋਹਵਚਨ) ਅਸਸ ਫਿਰ ਆਸਾਸ ਦਾ ਸੰਖਿਪਤ ਹੈ; ਬੁਨਿਆਦਾਂ, ਨੀਂਹਾਂ।

آسال ***ਆਸਾਲ*** : ਬੁਨਿਆਦ, ਨੀਂਹ।

آسام ***ਆਸਾਮ*** : ਆਮਾਸ **آماس** ਦਾ ਵਿਪਰਿਆਏ ਰੂਪ, ਸੋਜ।

آسان ***ਆਸਾਨ*** : ਮੁਸ਼ਕਿਲ **مشکل** ਦਾ ਵਿਪਰਿਆਏ; ਸੌਖਾ, ਸੈਹਲ, ਸੈਹਜ, ਸੁਗਮ, ਹੌਲਾ।

آسانی ***ਆਸਾਨੀ*** : ਸਹੂਲਤ, ਸੌਖ, ਅਰਾਮ, ਸੁਖ; ਨੀਂਦ; ਛੁੱਟੀ।

آسایش ***ਆਸਾਇਸ਼*** : ਅਰਾਮ, ਰਾਹਤ, ਸੁਖ, ਚੈਨ, ਸੌਖ।

آستان ***ਆਸਤਾਨ*** : ਦਲੀਜ਼, ਸਰਦਲ, ਦਰ, ਦਰਵਾਜ਼ਾ, ਬਾਦਸ਼ਾਹਾਂ ਦੀ ਦਰਗਾਹ; ਬਾਰਗਾਹ।

آستانِ فنا ***ਆਸਤਾਨ-ਏ-ਫ਼ਨਾ*** : ਦੁਨੀਆ, ਜਹਾਨ।

آستانہ ***ਆਸਤਾਨਾ*** : ਆਸਤਾਨ **آستان** ਦਾ ਪਰਿਆਇਵਾਚੀ; ਦਲੀਜ਼, ਸਰਦਲ; ਦਰ; ਮਜ਼ਾਰ ਸ਼ਰੀਫ਼; ਦਰਗਾਹ।

آستانۂ گردوں ***ਆਸਤਾਨਾ-ਏ-ਗਰਦੂੰ*** : ਪੈਹਲਾ ਅਸਮਾਨ।

آستر ***ਆਸਤਰ*** : ਅਸਤਰ, ਅਬਰਾ **ابرہ** ਦਾ ਵਿਪਰਿਆਏ, ਦੋਹਰੇ ਕਪੜੇ ਦੀ ਅੰਦਰਲੀ ਤੈਹ,ਅੰਦਰਸ।

آستی ***ਆਸਤੀ*** , **آستین** ***ਆਸਤੀਨ*** ਕੁੜਤੇ ਜਾਂ ਕਮੀਜ਼ ਦੀ ਬਾਂਹ।

آسمان ***ਆਸਮਾਨ*** ,

آسماں ***ਆਸਮਾਂ*** : ਆਸ (ਚੱਕੀ) +ਮਾਂ (ਮਾਨਿੰਦ: ਵਾਂਗ) ਚੱਕੀ ਵਰਗਾ ਅਰਥਾਤ ਗਗਨ, ਅਕਾਸ਼, ਰਕੀਮ ਬਤਲੀਮਸ ਦੇ ਸਿੱਧਾਂਤ ਅਨੁਸਾਰ ਧਰਤੀ (ਜ਼ਮੀਨ) ਸਾਕਿਨ (ਅਹਿੱਲ) ਹੈ ਅਤੇ ਅਕਾਸ਼ ਭੌਂਦਾ ਹੈ, ਇਸੇ ਲਈ ਅਸਮਾਨ ਨੂੰ ਚੱਕੀ ਦਾ ਉਪਰਲਾ ਪੁੜ ਕਿਹਾ ਜਾਂਦਾ ਹੈ, ਨਜ਼ਰ ਦੀ ਅੰਤਲੀ ਸੀਮਾ।

آسمانِ بریں ***ਆਸਮਾਨ-ਏ-ਬਰੀਂ*** : ਸਭ ਤੋਂ ਉਪਰਲਾ ਅਸਮਾਨ, ਫ਼ਲਕੁਲਅਫ਼ਲਾਕ, ਨੌਂਵਾਂ ਅਸਮਾਨ।

آسمانہ ***ਆਸਮਾਨਾ*** : ਮਕਾਨ ਦੀ ਛੱਤ।

آسمانی ***ਆਸਮਾਨੀ*** : ਅਸਮਾਨ ਨਾਲ ਸਬੰਧਤ, ਅਸਮਾਨ ਦਾ; ਨੀਲਾ ਰੰਗ, ਅਸਮਾਨ ਵਰਗਾ ਨੀਲਾ ਹਲਕਾ ਰੰਗ; ਹਵਾਈ, ਆਤਸ਼ਬਾਜ਼ੀ; ਉਪਰਲਾ; ਅਚਾਨਕ, ਇਤ-ਫ਼ਾਕੀਆ; ਉਚਾਈ।

آسودگی ***ਆਸੂਦਗੀ*** : ਆਸੂਦਾ ਹੋਣ ਦਾ ਭਾਵ, ਹੱਥ ਖੁਲ੍ਹੇ ਹੋਣ ਦਾ ਭਾਵ, ਦੌਲਤਮੰਦੀ, ਖ਼ੁਸ਼ਹਾਲੀ; ਅਰਾਮ; ਬੇਫ਼ਿਕਰੀ, ਸੁੱਖ, ਚੈਨ, ਰਾਹਤ; ਅਮਨ, ਸੁਲ੍ਹਾ, ਸ਼ਾਂਤੀ।

آسودہ ***ਆਸੂਦਾ*** : ਖ਼ੁਸ਼ਹਾਲ, ਸੌਖਾ, ਦੌਲਤ-ਮੰਦ; ਬੇਫ਼ਿਕਰ; ਸੁੱਤਾ ਹੋਇਆ; ਅਰਾਮ ਕਰਨ ਵਾਲਾ, ਸੰਤੁਸ਼ਟ।

آسی ***ਆਸੀ*** : ਗ਼ਮਨਾਕ, ਫ਼ਿਕਰਮੰਦ, ਚਿੰਤਾਤੁਰ, ਰੰਜੀਦਾ; ਤਬੀਬ, ਹਕੀਮ; ਰਸਤੇ ਵਿਚ ਬੈਠਣ ਵਾਲਾ।

آسیا ***ਆਸੀਯਾ*** : ਆਸ **آس** (ਚੱਕੀ); ਚੱਕੀ, ਆਟਾ ਪੀਹਣ ਦੀ ਮਸ਼ੀਨ; ਏਸ਼ੀਆ: ਦੁਨੀਆ ਦਾ ਇਕ ਵਿਸ਼ਾਲ ਮਹਾਦੀਪ ਜਿਸ ਵਿਚ ਸੋਲ੍ਹਾਂ ਵੱਡੇ ਵੱਡੇ ਦੇਸ਼ ਹਨ, ਹਿੰਦੁਸਤਾਨ ਵੀ ਇਸੇ ਮਹਾਦੀਪ ਦਾ ਭਾਗ ਹੈ।

آسیاب ***ਆਸੀਯਾਬ*** : (ਆਸ + ਆਬ) ਪਾਣੀ ਨਾਲ ਚੱਲਣ ਵਾਲੀ ਚੱਕੀ, ਪਣ-ਚੱਕੀ।

آسیابِ بادی ***ਆਸੀਯਾਬ-ਏ-ਬਾਦੀ*** : ਹਵਾ ਨਾਲ ਚੱਲਣ ਵਾਲੀ ਚੱਕੀ, ਪੌਣ-ਚੱਕੀ।

آسیا سنگ ***ਆਸੀਯਾ ਸੰਗ*** : ਚੱਕੀ ਦਾ ਪਾਟ, ਪੁੜ।

آسیب ***ਆਸੀਬ*** : ਨੁਕ਼ਸਾਨ; ਡਰ; ਦੁਖ, ਦਰਦ, ਤਕਲੀਫ਼, ਮੁਸੀਬਤ; ਚੋਟ, ਧੱਕਾ; ਭੂਤ, ਜਿੰਨ, ਪਰੀ; ਜਿੰਨ ਭੂਤ ਦਾ ਪਰਛਾਵਾਂ।

آسیب زدہ ***ਆਸੀਬ-ਜ਼ਦਾ*** : ਆਸੇਬ ਦਾ ਮਾਰਿਆ ਹੋਇਆ; ਜਿੰਨ ਭੂਤ ਦੇ ਪਰਛਾਵੇਂ ਹੇਠ ਆਇਆ ਹੋਇਆ, ਜਿਸ ਵਿਚ ਜਿੰਨ ਭੂਤ ਵੜਿਆ ਹੋਵੇ।

آسیمہ ***ਆਸੀਮਾ*** : ਸਰਾਸੀਮਾ, ਪਰੇਸ਼ਾਨ, ਹੈਰਾਨ, ਚਿੰਤਾਤੁਰ।

آسیہ ***ਆਸੀਯਾ*** : ਫ਼ਿਰਔਨ ਦੀ ਬੀਵੀ ਦਾ ਨਾਮ ਜੇਹੜੀ ਹਜ਼ਰਤ ਮੂਸਾ ਨੂੰ ਸੱਚਾ ਪੈਗ਼ੰਬਰ ਮੰਨਦੀ ਸੀ ਤੇ ਹਮੇਸ਼ਾ ਉਸ ਦੀ ਹਿਮਾਇਤ ਕਰਦੀ ਸੀ, ਇਸੇ ਲਈ ਫ਼ਿਰਔਨ ਦੇ ਹੁਕਮ ਨਾਲ ਕਤਲ ਕਰ ਦਿਤੀ ਗਈ, ਪਵਿੱਤਰ ਇਸਤਰੀ।

آش ***ਆਸ਼*** : ਪਤਲੀ ਪੱਕੀ ਹੋਈ ਚੀਜ਼ ਜਿਸ ਨੂੰ ਪੀਤਾ ਜਾ ਸਕੇ, ਤਰੀ।

آشام ***ਆਸ਼ਾਮ*** : ਪਿਛੇਤਰ ਵਜੋਂ ਵਰਤਿਆ ਜਾਂਦਾ ਹੈ ਜਿਵੇਂ: ਖ਼ੂਨ-ਆਸ਼ਾਮ (ਖ਼ੂਨ ਪੀਣ ਵਾਲਾ), ਥੋੜ੍ਹੀ ਖ਼ੁਰਾਕ, ਅਲਪ ਅਹਾਰ; ਓਨੀ ਕੁ ਖ਼ੁਰਾਕ ਜਿਸ ਨਾਲ ਮਨੁੱਖ ਜਿਊਂਦਾ ਰੈਹ ਸਕੇ ਪਰ ਢਿੱਡ ਨਾ ਭਰਿਆ ਜਾਏ; ਚਾਵਲਾਂ ਦੀ ਪਿੱਛ।

آشپز ***ਆਸ਼ਪਜ਼*** : ਬਾਵਰਚੀ, ਰਸੋਈਆ।

آشپز خانہ ***ਆਸ਼ਪਜ਼ਖ਼ਾਨਾ*** : ਬਾਵਰਚੀ-ਖ਼ਾਨਾ, ਰਸੋਈ ਘਰ।

آشتی ***ਆਸ਼ਤੀ*** : ਸੁਲ੍ਹਾ, ਦੋਸਤੀ, ਮੇਲ ਮਿਲਾਪ, ਸੰਧੀ, ਮਿੱਤਰਤਾ।

آشِ خیر: ***ਆਸ਼-ਏ-ਖ਼ੈਰ*** : ਓਹ ਭੋਜਨ ਜੋ ਅੱਲਾਹ ਦੇ ਨਾਮ ਤੇ ਗ਼ਰੀਬਾਂ, ਮਸਕੀਨਾਂ ਨੂੰ ਵੰਡਿਆ ਤੇ ਖੁਆਇਆ ਜਾਵੇ।

آشفتگی ***ਆਸ਼ੁਫਤਗੀ*** : ਬਦਹਾਲੀ, ਪਰੇਸ਼ਾਨੀ, ਹੈਰਾਨੀ; ਨਰਾਜ਼ਗੀ , ਰੰਜਸ਼; ਪਾਗਲਪਣ।

آشفتن ***ਆਸ਼ੁਫ਼ਤਨ*** : ਪਰੇਸ਼ਾਨ ਹੋਣਾ।

آشفتہ ***ਆਸ਼ੁਫ਼ਤਾ*** : ਭੈੜੇ ਹਾਲ ਵਿਚ।

آشفتہ حال ***ਆਸ਼ੁਫ਼ਤਾ ਹਾਲ*** : ਖ਼ਸਤਾ ਹਾਲ।

آشفتہ روز ***ਆਸ਼ੁਫ਼ਤਾ ਰੋਜ਼***: ਅਭਾਗਾ, ਬਦਨਸੀਬ, ਬਦ-ਹਾਲ, ਪਰੇਸ਼ਾਨ।

آشفتہ روی ***ਆਸ਼ੁਫ਼ਤਾ ਰੂਇ*** : ਬਦ-ਹਾਲ; ਖ਼ਰਾਬ-ਹਾਲ; ਪਰੇਸ਼ਾਨ; ਹੈਰਾਨ, ਆਸ਼ਕ।

آشکار ***ਆਸ਼ਕਾਰ***, **آشکارا** ***ਆਸ਼ਕਾਰਾ***, **آشکارہ** ***ਆਸ਼ਕਾਰਾ*** : ਪਰਗਟ; ਖੁੱਲ੍ਹਾ ਹੋਇਆ, ਪਰਤੱਖ।

آشمالی ***ਆਸ਼ਮਾਲੀ*** : ਚਾਪਲੂਸੀ, ਖ਼ੁਸ਼ਾਮਦ; ਬੇਗ਼ੈਰਤੀ।

آشنا ***ਆਸ਼ਨਾ*** : ਦੋਸਤ, ਯਾਰ, ਮਿੱਤਰ; ਵਾਕਫ਼ਕਾਰ।

آشنا فروشی ***ਆਸ਼ਨਾ-ਫ਼ਰੋਸ਼ੀ*** : ਦੋਸਤ ਦੀ ਤਰੀਫ਼ ਕਰਨਾ, ਖ਼ੁਸ਼ਾਮਦ।

آشنا ***ਆਸ਼ਨਾ***, **آشناب** ***ਆਸ਼ਨਾਬ***, **آشناگر** ***ਆਸ਼ਨਾਗਰ***, **آشناور** ***ਆਸ਼ਨਾਵਰ***, **آشناہ** ***ਆਸ਼ਨਾਹ*** : ਤਰਨ ਵਾਲਾ, ਤਰਨ ਦੇ ਸਮਰਥ, ਤਾਰੂ, ਤੈਰਾਕ।

آشوب ***ਆਸ਼ੋਬ*** : ਦੁੱਖ ਤਕਲੀਫ਼ ਦੀ ਹਾਲਤ, ਗੜਬੜ ਦੀ ਸਥਿਤੀ, ਦੁਖ, ਬੀਮਾਰੀ; ਘਬਰਾਹਟ, ਪਰੇਸ਼ਾਨੀ; ਫ਼ਿਤਨਾ; ਗੜਬੜ, ਫ਼ਸਾਦ।

آشوب ناک ***ਆਸ਼ੋਬਨਾਕ*** : ਘਾਬਰਿਆ ਹੋਇਆ, ਅੱਖ ਦਾ ਦੁਖਣਾ, ਪਰੇਸ਼ਾਨ; ਰੌਲਾ-ਰੱਪਾ ਪਾਉਣ ਵਾਲਾ, ਗੜਬੜ ਕਰਨ ਵਾਲਾ।

آشیاں ***ਆਸ਼ਿਯਾਂ***, **آشیانہ** ***ਆਸ਼ਿਯਾਨਾ*** : ਪੰਛੀਆਂ ਦੇ ਰੈਹਣ ਦੀ ਥਾਂ, ਆਲ੍ਹਣਾ; ਛੱਤ।

آشینہ ***ਆਸ਼ੀਨਾ*** : ਮੁਰਗੀ ਦਾ ਆਂਡਾ।

آصف ***ਆਸਫ਼*** : (**آصف بن برخیا** ***ਆਸਫ਼-ਬਿਨ-ਬਰਖ਼ੀਯਾ***) ਹਜ਼ਰਤ ਸੁਲੇਮਾਨ ਦੇ ਵਜ਼ੀਰ ਦਾ ਨਾਮ, ਏਹ ਬਰਖ਼ੀਆ ਦਾ ਪੁੱਤਰ ਸੀ।

آصف جاہ ***ਆਸਫ਼ ਜਾਹ*** : ਆਸਫ਼ ਜੇਹੇ ਮਰਤਬੇ ਵਾਲਾ।

آصف رای ***ਆਸਫ਼ ਰਾਇ*** : ਆਸਫ਼ ਵਰਗਾ ਸਿਆਣਾ; ਚੰਗਾ ਮਸ਼ਵਰਾ ਦੇਣ ਵਾਲਾ।

آغا ***ਆਗ਼ਾ*** : ਆਕਾ, ਮਾਲਕ, ਸਰਦਾਰ, ਕਮਾਨਦਾਰ; ਵੱਡਾ ਭਾਰੀ।

آغاز ***ਆਗ਼ਾਜ਼*** : ਸ਼ੁਰੂ, ਅਰੰਭ; ਇਰਾਦਾ; ਅਵਾਜ਼, ਗੂੰਜ।

آغازِ کار ***ਆਗਾਜ਼-ਏ-ਕਾਰ*** : ਕਿਸੇ ਕੰਮ ਦੀ ਸ਼ੁਰੂਆਤ।

آغشتہ ***ਆਗ਼ਸ਼ਤਾ*** : ਲਿੱਬੜਿਆ ਹੋਇਆ, ਲੱਥ-ਪੱਥ, ਭਿੱਜਿਆ ਹੋਇਆ; ਗੰਦਾ।

آغل *ਆਗ਼ੁਲ* , **آغول** *ਆਗ਼ੋਲ* : ਭੇਡਾਂ ਦਾ ਵਾੜਾ।

آغوش *ਆਗ਼ੋਸ਼* : ਬਗ਼ਲ।

آفات *ਆਫ਼ਾਤ* : (ਆਫ਼ਤ **آفت** ਦਾ ਬਹੁਵਚਨ) ਆਫ਼ਤਾਂ; ਮੁਸੀਬਤਾਂ, ਬਲਾਵਾਂ, ਤਕਲੀਫ਼ਾਂ, ਦੁੱਖ।

آفاق *ਆਫ਼ਾਕ* : (ਉਫ਼ਕ **افق** ਦਾ ਬਹੁਵਚਨ) ਅਸਮਾਨ ਦੇ ਕਿਨਾਰੇ; ਦੁਨੀਆ, ਸੰਸਾਰ, ਜੱਗ, ਜਹਾਨ।

آفت *ਆਫ਼ਤ* : ਬਲਾ, ਦੁਖ, ਮੁਸੀਬਤ, ਅਨਹੋਣੀ ਘਟਨਾ; ਜ਼ੁਲਮ, ਸਿਤਮ, ਮੁਸ਼ਕਲ; ਰੱਬੀ ਕਰੋਪੀ ਜਿਵੇਂ ਮਹਾਂਮਾਰੀ ਤੇ ਕਾਲ ਆਦਿ; ਨਾਇਨਸਾਫ਼ੀ, ਜ਼ਬਰਦਸਤੀ; ਸ਼ੋਰ-ਸ਼ਰਾਬਾ, ਫ਼ਸਾਦ।

آفتِ دیو *ਆਫ਼ਤ-ਏ-ਦੇਵ* : ਮਿਰਗੀ।

آفتاب *ਆਫ਼ਤਾਬ* : (ਆਬ ਵ ਤਾਬ **آب وتاب** ਦੀ ਸੰਧੀ) ਪਾਣੀ ਉੱਤੇ ਚਮਕਣ ਵਾਲਾ; ਸੂਰਜ, ਸੂਰਜ ਦੀ ਟਿੱਕੀ, ਧੁੱਪ; ਮਸ਼ੂਕ ਦੀ ਗਲ੍ਹ; ਸ਼ਰਾਬ ਦਾ ਪਿਆਲਾ; ਤਾਸ਼ ਦਾ ਇਕ ਪੱਤਾ; ਲਾਜਵਾਬ, ਲਾਸਾਨੀ।

آفتابِ بام *ਆਫ਼ਤਾਬ-ਏ-ਬਾਮ* : ਮੌਤ ਨੇੜੇ, ਮਰਨ ਕਿਨਾਰੇ; ਸੂਰਜ ਛੁਪਣ ਦਾ ਵੇਲਾ।

آفتاب پرست *ਆਫ਼ਤਾਬ ਪ੍ਰਸਤ* : ਸੂਰਜ ਨੂੰ ਪੂਜਣ ਵਾਲਾ; ਨੀਲੋਫ਼ਰ ਦਾ ਫੁੱਲ; ਸੂਰਜਮੁਖੀ; ਗਿਰਗਟ।

آفتابِ زرد *ਆਫ਼ਤਾਬ-ਏ-ਜ਼ਰਦ* : ਸ਼ਾਮ ਹੋਣ ਦਾ ਸਮਾਂ।

آفتاب گیر *ਆਫ਼ਤਾਬਗੀਰ* : ਛਤਰੀ, ਸਾਏਬਾਨ, ਸ਼ਾਮਿਆਨਾ।

آفتابہ *ਆਫ਼ਤਾਬਾ* : ਢੱਕਣਦਾਰ ਤੇ ਦਸਤੇ ਵਾਲਾ ਲੋਟਾ।

آفتابی *ਆਫ਼ਤਾਬੀ* : ਸੂਰਜ ਨਾਲ ਸਬੰਧਤ; ਬਦਲਿਆ ਹੋਇਆ ਰੰਗ; ਲਾਲ ਰੰਗ; ਸੂਰਜ ਮੁਖੀ; ਧੁੱਪ ਵਿਚ ਪਕਾਈ ਹੋਈ ਚੀਜ਼; ਸੁੱਕਾ ਮੇਵਾ ਆਦਿ; ਗੋਲ; ਚਮਕਦਾਰ; ਇਕ ਪਰਕਾਰ ਦੀ ਆਤਸ਼ਬਾਜ਼ੀ।

آفروزه *ਆਫ਼ਰੋਜ਼ਾ* : ਦੀਵੇ ਦੀ ਬੱਤੀ।

آفریدگار *ਆਫ਼ਰੀਦਗਾਰ* : ਪੈਦਾ ਕਰਨ ਵਾਲਾ, ਖ਼ਾਲਕ, ਖ਼ੁਦਾ, ਰੱਬ।

آفریده *ਆਫ਼ਰੀਦਾ* : ਪੈਦਾ ਕੀਤਾ ਹੋਇਆ, ਮਾਨਵ, ਸ੍ਰਿਸ਼ਟੀ ਦਾ ਵਿਅਕਤੀ।

آفریدگان *ਆਫ਼ਰੀਦਗਾਨ* : (ਆਫ਼ਰੀਦਾ **آفریده** ਦਾ ਬਹੁਵਚਨ) ਪੈਦਾ ਕੀਤੇ ਹੋਏ, ਦੁਨੀਆ ਦੇ ਲੋਕ।

آفرین *ਆਫ਼ਰੀਨ* : ਸ਼ਾਬਾਸ਼, ਵਾਹ ਵਾਹ, ਮੁਬਾਰਕਬਾਦ!, ਕੀ ਕੈਹਣੇ!

آفرینش *ਆਫ਼ਰੀਨਸ਼* : ਪੈਦਾਇਸ਼, ਜਨਮ; ਖ਼ਲਕਤ, ਰਚੀ ਹੋਈ ਸ੍ਰਿਸ਼ਟੀ, ਦੁਨੀਆ।

آفریننده *ਅਫ਼ਰੀਨਿੰਦਾ* : ਪੈਦਾ ਕਰਨ ਵਾਲਾ, ਖ਼ਾਲਕ, ਰੱਬ, ਖ਼ੁਦਾ, ਕਰਤਾਰ।

آقا *ਆਕ਼ਾ* : ਆਗ਼ਾ, ਮਾਲਕ, ਸਾਹਿਬ, ਜਨਾਬ; ਘਰ ਵਾਲਾ, ਖ਼ਾਵੰਦ; ਹਾਕਮ, ਅਫ਼ਸਰ।

آقاسی *ਆਕ਼ਾਸੀ* : ਦੀਵਾਨਖ਼ਾਨੇ ਦਾ ਪਰਬੰਧਕ।

آقچه *ਆਕ਼ਚਾ* : ਅਸ਼ਰਫ਼ੀ, ਰੁਪਈਆ।

آکا *ਆਕਾ* : ਵੱਡਾ ਭਰਾ, ਸੰਬੋਧਨੀ ਸ਼ਬਦ।

آگاه *ਆਗਾਹ* : ਜਾਣਨ ਵਾਲਾ, ਜਾਣੂ, ਵਾਕਫ਼; ਖ਼ਬਰਦਾਰ, ਹੁਸ਼ਿਆਰ।

آگاهی *ਆਗਾਹੀ* : ਵਾਕਫ਼ੀਅਤ, ਖ਼ਬਰ-ਦਾਰੀ, ਜਾਣਕਾਰੀ, ਹੁਸ਼ਿਆਰੀ।

آگنده *ਆਗੰਦਾ* : ਭਰਿਆ ਹੋਇਆ, ਪੁਰ ਕੀਤਾ ਹੋਇਆ; ਭਰਿਆ-ਭਰਾਇਆ।

آگنده گوش *ਆਗੰਦਾ ਗੋਸ਼* : ਕਿਸੇ ਦੀ ਨਸੀਹਤ ਆਦਿ ਨਾ ਸੁਣਨ ਵਾਲਾ।

آگوش *ਆਗੋਸ਼* : (ਆਗੋਸ਼) ਬਗ਼ਲ; ਗ਼ੁਲਾਮ, ਕਨੀਜ਼।

آل *ਆਲ* : ਗੁਲਾਬੀ, ਸੁਰਖ਼, ਲਾਲ, ਰੱਤਾ; ਮੱਛੀ ਦੀ ਇਕ ਕਿਸਮ; ਘੋੜਾ; ਇਸਤਰੀਆਂ ਦੇ ਜਣੇਪੇ ਦਾ ਰੋਗ; ਸੁਰਾਬ; ਇਕ ਜਾਨਵਰ।

آل *ਆਲ* : ਔਲਾਦ, ਸੰਤਾਨ; ਟਬਰ, ਕਬੀਲਾ, ਨਸਲ; ਵਾਰਸ, ਉਤਰਾਧਕਾਰੀ; ਪਹਾੜ ਦੇ ਪਾਸੇ; ਖ਼ੇਮੇ ਦੀ ਚੋਬ।

آل *ਆਲ* : ਮੋਹਰ, ਬਾਦਸ਼ਾਹੀ ਮੋਹਰ।

آل تمغا *ਆਲ-ਏ-ਤਮਗ਼ਾ* : ਸੁਰਖ਼ ਮੋਹਰ, ਸ਼ਾਹੀ ਮੋਹਰ; ਮਾਫ਼ੀ ਦਾ ਸ਼ਾਹੀ ਹੁਕਮ

ਜਾਂ ਸ਼ਾਹੀ ਜਗੀਰ ਦੀ ਸਨਦ; ਓਹ ਜ਼ਮੀਨ ਜਾਂ ਜਗੀਰ ਜੋ ਇਨਾਮ ਵਜੋਂ ਦਿੱਤੀ ਜਾਵੇ; ਮੁਸਾਫ਼ਰਾਂ ਦਾ ਇਕ ਮਸੂਲ।

آلات ***ਆਲਾਤ*** : (ਆਲਾ **آلہ** ਦਾ ਬੌਹਵਚਨ) ਸੰਦ, ਹਥਿਆਰ, ਔਜ਼ਾਰ : ਤੰਬੂ ਦੇ ਬਾਂਸ ਦੇ ਠੁੰਮ੍ਹਣੇ, ਚੋਬਾਂ।

آلاتِ حرب ***ਆਲਾਤ-ਏ-ਹ਼ਰਬ*** : ਲੜਾਈ ਦੇ ਹਥਿਆਰ, ਜੰਗ ਦਾ ਸਮਾਨ।

آلاتِ کشاورزی ***ਆਲਾਤ-ਏ-ਕਿਸ਼ਾਵਰਜ਼ੀ*** : ਖੇਤੀ-ਬਾੜੀ ਦੇ ਸੰਦ।

آلاش ***ਆਲਾਸ਼*** : ਕੋਲਾ।

آلاف ***ਆਲਾਫ਼*** : (ਅਲਫ਼ **الف** ਦਾ ਬੌਹਵਚਨ) ਹਜ਼ਾਰਾਂ।

آلام ***ਆਲਾਮ*** : (ਆਲਮ **اَلم** ਦਾ ਬੌਹਵਚਨ) ਦੁੱਖ; ਦਰਦ, ਰੰਜ, ਗ਼ਮ, ਤਕਲੀਫ਼ਾਂ, ਮੁਸੀਬਤਾਂ, ਬੀਮਾਰੀਆਂ, ਰੋਗ, ਕਸ਼ਟ।

آلایش ***ਆਲਾਇਸ਼*** : ਆਲੂਦਗੀ, ਗ਼ਿਲਾਜ਼ਤ, ਮੈਲ-ਕੁਚੈਲ; ਐਬ, ਖ਼ਿਆਨਤ, ਮਿਲਾਵਟ, ਖੋਟ; ਫੋੜੇ।

آلو ***ਆਲੂ*** : ਇਕ ਪਰਸਿਧ ਸਬਜ਼ੀ; ਗੰਦਾ, ਲੱਗਿਆ ਹੋਇਆ; ਭੱਠਾ।

آلوبخارا ***ਆਲੂ-ਬੁਖ਼ਾਰਾ*** : ਇਕ ਖਟ-ਮਿਠਾ ਫਲ ਜੇਹੜਾ ਬੁਖ਼ਾਰਾ ਦੇ ਸਥਾਨ ਨਾਲ ਸਬੰਧਤ ਹੈ।

آلوچہ ***ਆਲੂਚਾ*** : ਇਕ ਮਸ਼ਹੂਰ ਫਲ, ਆਲੂ ਬੁਖ਼ਾਰੇ ਨਾਲ ਮਿਲਦਾ-ਜੁਲਦਾ ਇਕ ਫਲ, ਛੋਟਾ ਆਲੂ।

آلود ***ਆਲੂਦ*** : ਲਗਿਆ ਹੋਇਆ, ਭਰਿਸ਼ਟਿਆ ਹੋਇਆ, ਦਾਗ਼ੀ; ਗੰਦਾ, ਮੈਲਾ; ਪਿਛੇਤਰ ਵਜੋਂ ਵਰਤਿਆ ਜਾਂਦਾ ਹੈ ਜਿਵੇਂ ਖ਼ੂਨ-ਆਲੂਦ (ਖ਼ੂਨ ਵਿਚ ਲਥ-ਪਥ), ਗੁਨਾਹ-ਆਲੂਦ (ਗੁਨਾਹਾਂ ਨਾਲ ਭਰਿਆ ਹੋਇਆ) ਆਦਿ।

آلودہ ***ਆਲੂਦਾ*** : ਲਿਬੜਿਆ ਹੋਇਆ, ਗੰਦਾ, ਅਪਵਿੱਤਰ, ਖੋਟਾ, ਮਿਲਾਵਟ ਵਾਲਾ; ਪਰੇਸ਼ਾਨ, ਫਸਿਆ ਹੋਇਆ, ਗੁਨਾਹਗਾਰ, ਪਾਪੀ।

آلودہ دامن ***ਆਲੂਦਾ ਦਾਮਨ*** : ਗੁਨਾਹ-ਗਾਰ, ਐਬੀ, ਬਦਕਾਰ; ਖੋਟਾ; ਗੰਦਾ, ਪਲੀਤ।

آلہ ***ਆਲਾ*** : ਸਾਜ਼-ਸਮਾਨ, ਸੰਦ, ਔਜ਼ਾਰ, ਹਥਿਆਰ, ਮਸ਼ੀਨ।

آلۂ کار ***ਆਲਾ-ਏ-ਕਾਰ*** : ਕੰਮ ਕਰਨ ਦਾ ਸੰਦ : ਵਸੀਲਾ।

آماج ***ਆਮਾਜ*** : ਨਿਸ਼ਾਨਾ, ਓਹ ਫ਼ਾਸਲਾ ਜੇਹੜਾ ਤੀਰ ਦੇ ਕਮਾਨ 'ਚੋਂ ਛੁੱਟਣ ਤੋਂ ਲੈ ਕੇ ਉਸ ਦੇ ਡਿੱਗਣ ਵਾਲੇ ਥਾਂ ਤਕ ਹੋਵੇ; ਹਲ ਦਾ ਫਾਲਾ।

آماج خانہ ***ਆਮਾਜ ਖ਼ਾਨਾ*** : ਉਹ ਜਗ੍ਹਾ ਜਿਸ ਤੇ ਨਿਸ਼ਾਨਾ ਮਿਥਿਆ ਜਾਵੇ।

آماج گاہ ***ਆਮਾਜਗਾਹ*** : ਤੀਰ ਦਾ ਨਿਸ਼ਾਨਾ ਲੱਗਣ ਦਾ ਥਾਂ, ਤੀਰ ਦੀ ਮਾਰ ਦਾ ਫ਼ਾਸਲਾ; ਦੁਨੀਆ, ਸੰਸਾਰ।

آمادگی ***ਆਮਾਦਗੀ*** : ਆਮਾਦਾ (ਤਿਆਰ) ਹੋਣ ਦੀ ਕਿਰਿਆ, ਤਿਆਰੀ; ਰਜ਼ਾਮੰਦੀ।

آمادہ ***ਆਮਾਦਾ*** : ਤਿਆਰ, ਤਿਆਰ ਬਰ ਤਿਆਰ; ਮੌਜੂਦ, ਮੁਹੱਈਆ; ਲੈਸ; ਨਿਸਚਿਤ ਕੀਤਾ; ਧਾਰਿਆ; ਰਜ਼ਾਮੰਦ।

آمادہ کار ***ਆਮਾਦਾ-ਏ-ਕਾਰ*** : ਅਮਲ ਕਰਨ ਲਈ ਤਿਆਰ।

آماس ***ਆਮਾਸ*** : ਸੁਜ ਜਾਣ ਦਾ ਭਾਵ, ਸੋਜ, ਸੋਜ਼ਸ਼, ਵਰਮ।

آمال ***ਆਮਾਲ*** : (ਅਮਲ **امل** ਦਾ ਬੌਹਵਚਨ) ਉਮੀਦਾਂ, ਆਸਾਂ, ਖ਼ਾਹਸ਼ਾਂ।

آمد ***ਆਮਦ*** : (ਆਮਦਨ **آمدن** ਮਸਦਰ ਦਾ ਸਧਾਰਨ ਭੂਤਕਾਲ) ਆਇਆ; ਆਪਣੇ ਆਪ ਖ਼ਿਆਲ ਦਾ ਆਉਣਾ; ਆਮਦਨੀ; ਜਨਮ।

آمد آمد ***ਆਮਦ ਆਮਦ*** : ਆਉਣ ਦੀ ਚਰਚਾ; ਛੇਤੀ ਆਉਣ ਦੀ ਆਸ, ਆਉਣ ਦਾ ਜ਼ਿਕਰ।

آمد کار ***ਆਮਦਕਾਰ*** : ਕਾਰ-ਆਮਦ, ਫ਼ਾਇਦੇਮੰਦ।

آمدن ***ਆਮਦਨ*** : ਆਉਣਾ, ਸਮਾਉਣਾ; ਆਮਦਨੀ, ਵੱਟਕ।

آمدنِ کار ***ਆਮਦਨ-ਏ-ਕਾਰ*** : (ਵੇਖੋ ਆਮਦਕਾਰ) ਆਮਦਕਾਰ; ਇਕਬਾਲਮੰਦੀ, ਦਬ਼ਦਬ਼ਤ, ਠਾਠ-ਬਾਠ।

آمدنی ***ਆਮਦਨੀ*** : ਆਮਦਨੀ; ਫ਼ਾਇਦਾ, ਨਫ਼ਾ, ਬੱਚਤ; ਪੈਦਾਵਾਰ।

آمد وخرچ ***ਆਮਦ-ਓ-ਖ਼ਰਚ*** : ਆਮਦਨ-ਖ਼ਰਚ, ਆਉਣਾ ਤੇ ਨਿਕਲਣਾ।

آمد ورفت ***ਆਮਦ-ਓ-ਰਫ਼ਤ***,
آمدوشد ***ਆਮਦ-ਓ-ਸ਼ੁਦ*** : ਆਉਣਾ- ਜਾਣਾ, ਆਵਾਜਾਈ, ਟੋਰਾ-ਫੇਰੀ।

آمده ***ਆਮਦਾ*** : ਆਇਆ ਹੋਇਆ; ਸੋਹਣਾ, ਸੁੰਦਰ, ਖ਼ੂਬਸੂਰਤ, ਸੋਹਣੇ ਸਰੀਰ ਵਾਲਾ।

آمر ***ਆਮਿਰ*** : ਹੁਕਮ ਕਰਨ ਵਾਲਾ, ਹਾਕਮ, ਸ਼ਾਸਕ।

آمرزش ***ਆਮੁਰਜ਼ਿਸ਼*** : ਮਾਫ਼ੀ, ਗੁਨਾਹ ਦੀ ਮਾਫ਼ੀ; ਬਖ਼ਸ਼ਸ਼।

آمرزگار ***ਆਮੁਰਜ਼ਗਾਰ*** : ਗੁਨਾਹ ਬਖ਼ਸ਼ਣ ਵਾਲਾ ਭਾਵ ਰੱਬ, ਖ਼ੁਦਾ; ਪਤਿਤ ਪਾਵਨ।

آمرزیدن ***ਆਮੁਰਜ਼ੀਦਨ*** : ਗੁਨਾਹ ਬਖ਼ਸ਼ਣਾ, ਖ਼ਤਾ ਮਾਫ਼ ਕਰਨਾ।

آمنه ***ਆਮਿਨਾ*** : ਹਜ਼ਰਤ ਰਸੂਲ ਮੁਹੰਮਦ ਸਾਹਿਬ ਦੀ ਮਾਤਾ ਦਾ ਨਾਮ।

آموختن ***ਆਮੋਖ਼ਤਨ*** : ਸਿਖਿਆ ਦੇਣਾ, ਤਾਲੀਮ ਦੇਣਾ, ਸਿਖਾਉਣਾ; ਸਿੱਖਣਾ, ਵਿਦਿਆ ਪਰਾਪਤ ਕਰਨਾ; ਆਦੀ ਹੋਣਾ।

آموختنی ***ਆਮੋਖ਼ਤਨੀ*** : ਸਿੱਖਣ ਦੇ ਲਾਇਕ, ਸਿੱਖਣਯੋਗ, ਸਿਖਾਉਣ ਦੇ ਲਾਇਕ, ਸਿਖਾਉਣਯੋਗ।

آموخته ***ਆਮੋਖ਼ਤਾ*** : ਸਿੱਖਿਆ ਹੋਇਆ ਕੰਮ, ਪੜ੍ਹਿਆ ਹੋਇਆ ਪਾਠ।

آمودن ***ਆਮੂਦਨ*** : ਬਣਾਉਣਾ, ਬਣਨਾ, ਮਿਲਾਉਣਾ, ਮਿਲਿਆ ਹੋਣਾ; ਭਰਨਾ, ਭਰਿਆ ਜਾਣਾ; ਸੰਵਾਰਨਾ, ਸੰਵਾਰਿਆ ਜਾਣਾ; ਦੱਸਣਾ, ਦੱਸਿਆ ਜਾਣਾ।

آموده ***ਆਮੂਦਾ*** : ਕੀਤਾ ਹੋਇਆ, ਸੰਵਾਰਿਆ-ਸ਼ਿੰਗਾਰਿਆ, ਸਜਿਆ-ਸਜਾਇਆ।

آموزش ***ਆਮੋਜ਼ਿਸ਼*** : ਸਿਖਲਾਈ; ਤਲੀਮ, ਸਿਖਿਆ।

آموزش گاه ***ਆਮੋਜ਼ਿਸ਼ ਗਾਹ*** : ਮਦਰੱਸਾ, ਸਕੂਲ।

آموزگار ***ਆਮੂਜ਼ਗਾਰ*** : ਸਿਖਾਉਣ ਵਾਲਾ, ਉਸਤਾਦ, ਅਧਿਆਪਕ; ਸਿਖਣ ਵਾਲਾ, ਸ਼ਾਗਿਰਦ, ਸ਼ਿਸ਼।

آمیختگی ***ਆਮੇਖ਼ਤਗੀ*** : ਮਿਲਾਉਣ ਦੀ ਕਿਰਿਆ, ਮਿਲਾਵਟ, ਖੋਟ; ਮਿਲਾਪ, ਮੇਲ-ਮਿਲਾਪ, ਘੁਲ-ਮਿਲ ਜਾਣ ਦਾ ਭਾਵ।

آمیختن ***ਆਮੇਖ਼ਤਨ*** : ਮਿਲਾਉਣਾ, ਦੋ ਚੀਜ਼ਾਂ ਨੂੰ ਆਪਸ ਵਿਚ ਮਿਲਾਉਣਾ।

آمیخته ***ਆਮੇਖ਼ਤਾ*** : ਮਿਲਿਆ ਜਾਂ ਮਿਲਾਇਆ ਹੋਇਆ; ਮਿਸ਼ਰਤ ਕੀਤਾ ਹੋਇਆ; ਰਲਾ, ਮਿਲਾਵਟ।

آمیزش ***ਆਮੇਜ਼ਿਸ਼*** : ਮਿਲਾਵਟ, ਰਲਾ, ਖਲਤ-ਮਲਤ ਹੋਣ ਦਾ ਭਾਵ।

آمیزگاری ***ਆਮੇਜ਼ਗਾਰੀ*** : ਮਿਲਣਸਾਰੀ, ਮਿਲਾਪ।

آمین ***ਆਮੀਨ*** : ਦੁਆ ਦਾ ਕਲਮਾ, ਐ ਖ਼ੁਦਾ! ਅਜੇਹਾ ਹੀ ਹੋਵੇ, ਰੱਬ ਇਵੇਂ ਹੀ ਕਰੇ, ਰੱਬ ਕਬੂਲ ਕਰੇ।

آن ***ਆਨ*** : ਸ਼ਾਨੋ-ਸ਼ੌਕਤ; ਹੁਸਨ ਦੀ ਅਦਾ, ਅੰਦਾਜ਼; ਰੂਪ ਦਾ ਮਾਣ, ਨਾਜ਼, ਚੋਹਲ, ਚੋਜ; ਘਮੰਡ; ਕਰਿਸ਼ਮਾ; ਮਸ਼ੂਕ ਦੇ ਹੁਸਨ ਦੀ ਖ਼ਾਸ ਦਸ਼ਾ। (ਓਹ ਜਿਸ ਦੇ ਬੌਹਵਚਨ ਹਨ ਆਂਨਾਂ **آنان**, ਏਸ਼ਾਂ, **ایشان** ਤੇ ਆਂਹਾ **آنها**)

آن ***ਆਨ*** : ਪਲ-ਛਿਣ, ਸਾਇਤ, ਘੜੀ, ਵਕਤ, ਸਮਾਂ, ਝਟ-ਪਲ।

آنات ***ਆਨਾਤ*** : (ਉਪਰੋਕਤ ਦਾ ਬੌਹਬਚਨ) ਘੜੀਆਂ, ਪਲ, ਸਮੇਂ, ਵਕਤ।

آنچناں ***ਆਂਚੁਨਾਂ*** : ਉਸ ਤਰ੍ਹਾਂ, ਉਸ ਵਾਂਗ।

آندون ***ਆਂਦੂਨ*** : ਉਥੇ, ਉਦੋਂ, ਉਸ ਵੇਲੇ; ਇਸ ਤਰ੍ਹਾਂ।

آنگاه ***ਆਂਗਾਹ*** : ਉਸ ਵਕਤ, ਉਸ ਸਮੇਂ, ਉਸ ਵੇਲੇ; ਫੇਰ, ਉਪਰੰਤ; ਉਸ ਜਗ੍ਹਾ।

آنیه ***ਆਨੀਯਾ*** : ਭਾਂਡਾ।

آوا ***ਆਵਾ*** : ਆਵਾਜ਼ **آواز** ਦਾ ਸੰਖੇਪ।

آواخ ***ਆਵਾਖ਼*** : ਅਫ਼ਸੋਸ ਤੇ ਹੈਰਾਨੀ ਦਾ

ਕਲਮਾ; ਆਹ, ਹਾਏ, ਅਫ਼ਸੋਸ, ਸ਼ੋਕ; ਕਿਸਮਤ, ਨਸੀਬ।

آواره *ਆਵਾਰਾ* : ਬਿਨ-ਮਤਲਬ ਫਿਰਨ ਵਾਲਾ, ਬੇਮੁਹਾਰਾ; ਪਰੇਸ਼ਾਨ, ਹੈਰਾਨ; ਖਿੰਡਿਆ ਹੋਇਆ, ਖਿਲਰਿਆ ਹੋਇਆ; ਬੇ-ਟਿਕਾਣਾ, ਬੇਵਤਨ; ਜੁਦਾ, ਅਲੱਗ; ਵੀਰਾਨ, ਗ਼ੈਰ-ਅਬਾਦ, ਉਜਾੜ; ਗੁਮ ਹੋਇਆ ਹੋਇਆ, ਗੁਮਸ਼ੁਦਾ; ਹਿਸਾਬ ਕਿਤਾਬ; ਤੈਹਕੀਕ, ਖੋਜ; ਖ਼ਸਤਾ ਹਾਲ, ਬੁਰੇ ਹਾਲ ਬਾਂਕੇ ਦਿਹਾੜੇ ਵਾਲਾ; ਲਫੰਗਾ, ਬਦਚਲਨ, ਸ਼ੋਹਦਾ।

آوارگی *ਆਵਾਰਗੀ* : ਬੇ-ਸਰੋਸਾਮਾਨੀ, ਪਰੇਸ਼ਾਨੀ, ਬੇਹੂਦਗੀ, ਬਦਮਾਸ਼ੀ, ਗੁਮਰਾਹੀ।

آواز *ਆਵਾਜ਼* : ਲਫ਼ਜ਼, ਬੋਲ, ਅਲਾਪ, ਹਾਕ, ਪੁਕਾਰ; ਸ਼ੋਰ, ਚੀਕ; ਦੋ ਵਸਤਾਂ ਦੇ ਟਕਰਾਉਣ ਦਾ ਭਾਵ; ਹੋਕਾ ਦੇ ਕੇ ਵੇਚਣ ਦੀ ਪੁਕਾਰ, ਫ਼ਕੀਰ ਦਾ ਅਲਖ ਜਗਾਉਣਾ; ਖੜਕਾ, ਦਮਾਕਾ, ਬਿੜਕ; ਰਾਗ, ਗੀਤ।

آوازه *ਆਵਾਜ਼ਾ* : ਸ਼ੋਹਰਤ, ਪਰਸਿੱਧੀ, ਨਾਮਵਰੀ, ਧੁਮ, ਅਵਾਜ਼; ਰੌਲਾ, ਸ਼ੋਰ; ਤਾਹਨਾ; ਕਿਸੇ ਚੀਜ਼ ਦੇ ਟੁੱਟਣ ਦੀ ਅਵਾਜ਼, ਤੜਾਕਾ; ਭੜਾਕਾ, ਪੱਦ।

آوان *ਆਵਾਨ* : (ਆਨ آن ਦਾ ਬੌਹਵਚਨ) ਪਲ-ਛਿਣ, ਘੜੀਆਂ, ਪਲ, ਸਮੇਂ, ਵਕਤ।

آورد *ਆਵੁਰਦ* : ਉਚੇਚ, ਉਚੇਚ ਕਰਕੇ ਸ਼ੇਅਰ ਕੈਹਣਾ, ਕੋਸ਼ਸ਼ ਨਾਲ ਗੱਲ ਬਣਾਉਣਾ; ਲੜਾਈ, ਜੰਗ, ਭੇੜ।

آوردن *ਆਵੁਰਦਨ* : ਲਿਆਉਣਾ, ਹਮਲਾ ਕਰਨਾ।

آورشلیم *ਆਵੁਰਸ਼ਲੀਮ* : ਯੂਰੋਸ਼ਲੀਮ, ਰੂਮ ਸਾਗਰ ਦੇ ਕੰਢੇ ਇਕ ਪਰਸਿੱਧ ਸ਼ੈਹਰ ਜਿਥੇ 'ਬੈਤੁਲਮੁਕੱਦਿਸ' ਸਥਿਤ ਹੈ।

آوند *ਆਵੰਦ* : ਬਰਤਨ, ਭਾਂਡਾ; ਦਲੀਲ; ਰੱਸੀ ਜਿਸ ਨਾਲ ਅੰਗੂਰ ਦਾ ਗੁੱਛਾ ਲਟਕਾਇਆ ਜਾਂਦਾ ਹੈ।

آویزه *ਆਵੇਜ਼ਾ* : ਕੰਨ ਦਾ ਗੈਹਣਾ, ਕੰਨਾਂ ਦਾ ਬੁੰਦਾ, ਵਾਲੀ; ਲਟਕਿਆ ਹੋਇਆ।

آه *ਆਹ* : ਅਫ਼ਸੋਸ ਦਾ ਕਲਮਾ; ਹਾਏ, ਅਫ਼ਸੋਸ; ਸਾਹ,ਦਮ।

آها *ਆਹਾ* : ਖ਼ੁਸ਼ੀ ਤੇ ਹੈਰਾਨੀ ਦਾ ਕਲਮਾ; ਵਾਹ ਵਾਹ, ਖ਼ੁਸ਼ੀ ਤੇ ਪਰਸ਼ੰਸਾ ਪਰਗਟਾਉਣ ਦਾ ਸ਼ਬਦ।

آهار *ਆਹਾਰ* : ਕਲਫ਼, ਮਾਵਾ, ਮਾਇਆ; ਫ਼ੌਲਾਦ ਦੀ ਇਕ ਕਿਸਮ; ਖਾਣ ਦੀ ਵਸਤੂ, ਖ਼ੁਰਾਕ, ਭੋਜਨ।

آهرامن *ਆਹਰਾਮਨ*, آهرمن *ਆਹਰਮਨ*, آهریمن *ਆਹਰੇਮਨ* : ਪਾਰਸੀਆਂ ਦੇ ਵਿਸ਼ਵਾਸ ਅਨੁਸਾਰ ਦੋ ਖ਼ੁਦਾ ਹਨ, ਇਕ ਨੇਕੀ ਦਾ ਤੇ ਦੂਜਾ ਬਦੀ ਦਾ। ਨੇਕੀ ਦੇ ਖ਼ੁਦਾ ਨੂੰ 'ਯਜ਼ਦਾਂ' یزدان ਤੇ ਬਦੀ ਦੇ ਖ਼ੁਦਾ ਨੂੰ 'ਆਹਰਮਨ' آهرمن ਕੈਂਹਦੇ ਹਨ; ਸ਼ੈਤਾਨ, ਦੇਉ।

آهستگی *ਆਹਿਸਤਗੀ* : ਹੌਲੀ ਹੋਣ ਦੀ ਕਿਰਿਆ, ਧੀਮਾਪਣ, ਨਰਮੀ, ਸੈਹਣਸ਼ੀਲਤਾ; ਸ਼ਰਾਫ਼ਤ, ਸਾਊਪੁਣਾ; ਸਹੂਲਤ, ਅਸਾਨੀ।

آهسته *ਆਹਿਸਤਾ* : ਹੌਲੀ, ਧੀਮਾ, ਨਰਮ, ਸੈਹਜ ਨਾਲ, ਨਰਮੀ ਨਾਲ; ਅਧੀਨ; ਲੁਕਿਆ ਹੋਇਆ; ਅਰਾਮ ਪਰਾਪਤ ਕੀਤਾ ਹੋਇਆ।

آهِ سرد *ਆਹ-ਏ-ਸਰਦ* : ਠੰਢੀ ਆਹ, ਹੌਕਾ; ਠੰਢਾ ਸਾਹ।

آهن *ਆਹਨ* : ਲੋਹਾ; ਹਥਿਆਰ, ਸ਼ਸਤਰ।

آهنج *ਆਹੰਜ* , آهنگ *ਆਹੰਗ*: ਇਰਾਦਾ; ਕਸ਼ਸ਼, ਖਿੱਚ; ਅੰਦਾਜ਼, ਅਦਾ; ਸ਼ੁਰੂ, ਅਰੰਭ; ਸਾਜ਼ ਦੀ ਮਧੁਰ ਅਵਾਜ਼; ਗੀਤ, ਰਾਗ; ਵਕਤ; ਧਿਆਨ; ਰਵਸ਼, ਤਰਜ਼।

آهن دل *ਆਹਨਦਿਲ* : ਸਖ਼ਤ ਦਿਲ, ਕਠੋਰ ਚਿੱਤ; ਪੱਕੇ ਇਰਾਦੇ ਵਾਲਾ, ਮਜ਼ਬੂਤ ਦਿਲ ਵਾਲਾ।

آهن دلی *ਆਹਨ ਦਿਲੀ* : ਸਖ਼ਤ ਦਿਲੀ, ਪੱਥਰ ਦਿਲੀ, ਨਿਰਦਈਪੁਣਾ।

آهن ربا *ਆਹਨ ਰੁਬਾ* : ਲੋਹੇ ਨੂੰ ਖਿੱਚਣ ਵਾਲਾ,ਮਿਕਨਾਤੀਸ,ਚੁੰਬਕ ਪੱਥਰ।

آهن کرسی *ਆਹਨ ਕੁਰਸੀ* : ਆਹਰਨ, ਸੰਦਾਨ, ਲੋਹੇ ਦੀ ਸਿਲ ਜਿਸ ਉੱਪਰ ਲੋਹਾ ਰੱਖ ਕੇ ਕੁੱਟਦੇ ਹਨ।

آهنگ *ਆਹੰਗ* : (ਵੇਖੋ آهنج ਆਹੰਜ) ਅਲਾਪ, ਉੱਚੀ ਸੁਰ ਵਾਲੀ ਅਵਾਜ਼, ਸਾਜ਼ ਦੀ

ਮਧੁਰ ਅਵਾਜ਼, ਕਸ਼ਸ਼, ਖਿੱਚ, ਧਿਆਨ, ਇਰਾਦਾ, ਕਸਦ; ਰਵਸ਼, ਤਰਜ਼।

آهنگر *ਆਹਨਗਰ* : ਲੋਹਾ ਕੁੱਟਣ ਵਾਲਾ, ਲੋਹੇ ਦਾ ਕੰਮ ਕਰਨ ਵਾਲਾ, ਲੁਹਾਰ।

آهنگ ساری *ਆਹੰਗਸਾਜ਼ੀ* : ਗਾਣਾ, ਅਲਾਪ, ਉੱਚੀ ਸੁਰ, ਮਧੁਰ ਲੈ।

آهنی *ਆਹਨੀ* , **آهنین** *ਆਹਨੀਨ* : ਲੋਹੇ ਨਾਲ ਸਬੰਧਤ, ਲੋਹੇ ਦੀ, ਲੋਹੇ ਦੀ ਬਣੀ ਹੋਈ; ਲੋਹੇ ਵਰਗੀ ਮਜ਼ਬੂਤ।

آه نیم کش ਆਹ-ਏ-ਨੀਮਕਸ਼ : ਓਹ ਆਹ ਜੋ ਪੂਰੀ ਤਰ੍ਹਾਂ ਨਾ ਨਿਕਲੀ ਹੋਵੇ, ਦਬੀ ਹੋਈ ਆਹ, ਦਬਿਆ ਹੋਇਆ ਹੌਕਾ।

آهو *ਆਹੂ* : ਹਿਰਨ, ਮਿਰਗ; ਮਸ਼ੂਕ, ਮਸ਼ੂਕ ਦੀ ਅੱਖ; ਅਵਾਜ਼, ਫ਼ਰਯਾਦ; ਐਬ, ਨੁਕਸ।

آهو بچه *ਆਹੂ ਬੱਚਾ*, **آهو بره** *ਆਹੂ ਬਰਾ* : ਹਿਰਨ ਦਾ ਬੱਚਾ, ਹਰਨੋਟਾ।

آهو پا *ਆਹੂ ਪਾ* : ਹਿਰਨ ਜੇਹੇ ਪੈਰਾਂ ਵਾਲਾ; ਤੇਜ਼ ਦੌੜਨ ਵਾਲਾ; ਛੋਹਲਾ, ਤਿੱਖਾ।

آهوئ ختن *ਆਹੂ-ਏ-ਖ਼ੁਤਨ* : ਖ਼ੁਤਨ ਇਲਾਕੇ ਦਾ ਹਿਰਨ ਜਿਸ ਦਾ ਨਾਫ਼ ਕਸਤੂਰੀ ਮਸ਼ਹੂਰ ਹੈ; ਕਸਤੂਰੀ ਵਾਲਾ ਕਾਲਾ ਹੀਰਾ ਹਿਰਨ।

آیات *ਆਯਾਤ* : (ਆਯਤ آیت ਦਾ ਬੌਹਵਚਨ), ਨਿਸ਼ਾਨੀਆਂ ਕੁਰਾਨ ਮਜੀਦ ਦੀਆਂ ਤੁਕਾਂ ਜਾਂ ਵਾਕ; ਮੁਅਜਜ਼ੇ, ਕਰਿਸ਼ਮੇ, ਕਰਾਮਾਤਾਂ; ਨਸੀਹਤਾਂ, ਉਪਦੇਸ਼।

آیاتِ متشابه *ਆਯਾਤ-ਏ-ਮੁਤਸ਼ਾਬਿਹ* : ਕੁਰਾਨ ਸ਼ਰੀਫ਼ ਦੀਆਂ ਓਹ ਆਯਤਾਂ ਜਿਨ੍ਹਾਂ ਦੀ ਵਿਆਖਿਆ ਦੀ ਲੋੜ ਹੁੰਦੀ ਹੈ ਤੇ ਜਿਨ੍ਹਾਂ ਦੇ ਕਈ ਅਰਥ ਸੰਭਵ ਹੋ ਸਕਦੇ ਹਨ।

آیاتِ محکمات *ਆਯਾਤ-ਏ-ਮੁਹਕਮਾਤ* : ਕੁਰਾਨ ਸ਼ਰੀਫ਼ ਦੀਆਂ ਓਹ ਆਯਤਾਂ ਜਿਨ੍ਹਾਂ ਦੇ ਅਰਥ ਸਾਫ਼ ਤੇ ਸਪਸ਼ਟ ਹੁੰਦੇ ਹਨ ਤੇ ਜਿਨ੍ਹਾਂ ਦੀ ਵਿਆਖਿਆ ਦੀ ਬੌਹਤੀ ਲੋੜ ਨਹੀਂ ਹੁੰਦੀ।

آیت *ਆਯਤ* : ਅਸਮਾਨੀ ਕਿਤਾਬ ਦਾ ਵਾਕ, ਕੁਰਾਨ ਸ਼ਰੀਫ਼ ਦਾ ਵਾਕ ਜਾਂ ਤੁਕ; ਨਿਸ਼ਾਨੀ, ਇਲਾਮਤ।

آئین *ਆਈਨ* : ਕਨੂੰਨ, ਵਿਧਾਨ, ਕਾਇਦਾ, ਨਿਯਮ, ਮਜ਼੍ਹਬ, ਧਰਮ; ਰਸਮ, ਆਦਤ; ਤਰਜ਼, ਰਵਸ਼, ਦਸਤੂਰ, ਰਿਵਾਜ; ਸਜਾਵਟ, ਸੁੰਦਰਤਾ; ਸ਼ਿੰਗਾਰ।

آئین بندی *ਆਈਨ ਬੰਦੀ* : ਸ਼ੈਹਰ ਤੇ ਬਜ਼ਾਰਾਂ ਦੀ ਸਜਾਵਟ ਜੋ ਬਾਦਸ਼ਾਹ ਜਾਂ ਜਲੂਸ ਦੇ ਆਉਣ ਤੇ ਕੀਤੀ ਜਾਂਦੀ ਹੈ।

آئین بستن *ਆਈਨ ਬਸਤਨ* : ਸਜਾਉਣਾ, ਅਰਾਸਤਾ ਕਰਨਾ; ਸ਼ੈਹਰ ਨੂੰ ਸਜਾਉਣਾ।

آئین پرستی *ਆਈਨ ਪ੍ਰਸਤੀ* : ਫ਼ਰਮਾਂ-ਬਰਦਾਰੀ, ਤਾਬੇਦਾਰੀ, ਵਫ਼ਾਦਾਰੀ; ਵਿਧਾਨ ਜਾਂ ਕਨੂੰਨ ਦੀ ਪਾਲਣਾ ਕਰਨ ਦਾ ਭਾਵ; ਖ਼ਿਦਮਤ, ਸੇਵਾ।

آئنده *ਆਯੰਦਾ* : ਭਵਿੱਖ; ਆਉਣ ਵਾਲਾ; ਦੂਜੀ ਵਾਰ, ਫਿਰ, ਅੱਗੇ ਨੂੰ, ਫਿਰ ਕਦੇ।

آئینه *ਆਈਨਾ* **آهنه** *ਆਹਨਾ* **آهینه** ਆਹੀਨਾ (= ਆਈਨ **آئین** ਭਾਵ ਆਰਾਇਸ਼ ਵਾਲੀ ਸ਼ੈ ਜਿਸ ਨੂੰ ਵੇਖ ਕੇ ਚੇਹਰੇ ਦੀ ਸਜਾਵਟ ਕੀਤੀ ਜਾਵੇ), ਮੂੰਹ ਵੇਖਣ ਦਾ ਸ਼ੀਸ਼ਾ, ਸ਼ੀਸ਼ਾ, ਦਰਪਣ; ਲੋਹੇ ਦਾ ਬਣਿਆ ਹੋਇਆ; ਗੀਲਾਨੀ ਜ਼ਬਾਨ ਵਿੱਚ ਆਈਨ **آئین** ਦੇ ਅਰਥ ਵੀ ਆਹਨ **آهن** ਲੋਹੇ ਦੇ ਹਨ; ਸਿਕੰਦਰ ਨੇ ਪੈਹਲਾਂ ਪੈਹਲ ਲੋਹੇ ਨੂੰ ਹੀ ਰਗੜ ਕੇ ਤੇ ਸੈਕਲ ਕਰਕੇ ਸ਼ੀਸ਼ਾ ਬਣਾਇਆ ਸੀ। ਕੱਚ ਦਾ ਸ਼ੀਸ਼ਾ ਪਿਛੋਂ ਬਣਿਆ ਸੀ, ਹੈਰਾਨ; ਰੋਸ਼ਨ, ਪਰਤੱਖ; ਉਜਲਾ, ਸਾਫ਼।

آئینهٔ پیل *ਆਈਨਾ-ਏ-ਪੀਲ* : ਓਹ ਸ਼ੀਸ਼ਾ ਜੇਹੜਾ ਹਾਥੀ ਦੇ ਮੱਥੇ ਉੱਤੇ ਸਜਾਵਟ ਵਜੋਂ ਲਾਇਆ ਜਾਂਦਾ ਹੈ; ਓਹ ਫ਼ੌਲਾਦੀ ਚਾਦਰਾਂ ਜੇਹੜੀਆਂ ਜੰਗ ਵਿਚ ਫੱਟਾਂ ਤੋਂ ਬਚਣ ਲਈ ਹਾਥੀ ਦੇ ਸਿਰ ਅਤੇ ਸਰੀਰ 'ਤੇ ਬੰਨ੍ਹੀਆਂ ਜਾਂਦੀਆਂ ਹਨ।

آئینهٔ خاطر *ਆਈਨਾ-ਏ-ਖ਼ਾਤਿਰ* : ਸਾਫ਼ ਤੇ ਰੋਸ਼ਨ ਦਿਲ ਆਦਮੀ, ਨੇਕ ਤੇ ਪਾਰਸਾ ਆਦਮੀ।

آئینه خانه *ਆਈਨਾ-ਖ਼ਾਨਾ* : ਸ਼ੀਸ਼-ਮੈਹਲ, ਸ਼ੀਸ਼ਿਆਂ ਦਾ ਘਰ।

آئینه دار ***ਆਈਨਾ-ਦਾਰ*** : ਸ਼ੀਸ਼ਾ ਵਿਖਾਉਣ ਵਾਲਾ, ਜਿਸ ਕੋਲ ਸ਼ੀਸ਼ਾ ਹੋਵੇ; ਨਾਈ, ਬਾਦਸ਼ਾਹਾਂ ਨੂੰ ਸ਼ੀਸ਼ਾ ਵਿਖਾਉਣ ਵਾਲਾ, ਖ਼ਿਦਮਤਗਾਰ; ਨੁਕਸ ਪਰਗਟ ਕਰਨ ਵਾਲਾ।

آئینه ساز ***ਆਈਨਾ-ਸਾਜ਼*** : ਸ਼ੀਸ਼ੇ ਬਣਾਉਣ ਵਾਲਾ, ਸ਼ੀਸ਼ਾਗਰ।

آئینه سکندر ***ਆਈਨਾ-ਏ-ਸਿਕੰਦਰ*** : ਸਿਕੰਦਰ ਬਾਦਸ਼ਾਹ ਨੇ ਜਦੋਂ ਸ਼ੈਹਰ ਸਿਕੰਦਰੀਆ ਫ਼ਤੇਹ ਕੀਤਾ ਤਾਂ ਰੂਮ ਸਾਗਰ ਦੇ ਕੰਢੇ ਇਕ ਉੱਚਾ ਮੁਨਾਰਾ ਬਣਾ ਕੇ ਉਸ ਉੱਪਰ ਇਕ ਬੌਹਤ ਵੱਡਾ ਸ਼ੀਸ਼ਾ ਉਸ ਦੇ ਵਜ਼ੀਰ ਅਰੱਸਤੂ ਨੇ ਲੁਆ ਦਿੱਤਾ ਜਿਸ ਰਾਹੀਂ ਯੂਰਪ ਵੱਲੋਂ ਆਕਰਮਣਕਾਰੀਆਂ ਦੇ ਆਉਣ ਦਾ ਪਤਾ ਲੱਗ ਜਾਂਦਾ ਸੀ; ਮੀਲਾਂ ਬੱਧੀ ਫ਼ਾਸਲੇ ਤੋਂ ਸਮੁੰਦਰ ਵਿਚ ਆਉਣ ਵਾਲੇ ਜਹਾਜ਼ਾਂ ਦਾ ਅਕਸ ਉਸ ਸ਼ੀਸ਼ੇ ਵਿਚ ਪੈਂਦਾ ਸੀ।

آئینه گر ***ਆਈਨਾ-ਗਰ*** : ਸ਼ੀਸ਼ੇ ਬਣਾਉਣ ਵਾਲਾ, ਸ਼ੀਸ਼ਾਗਰ।

ا(الف) ***ਅਲਿਫ਼*** : ਸੰਬੋਧਨੀ ਅਲਿਫ਼, ਕਿਸੇ ਨਾਂਵ (ਸੰਗਯਾ) ਦੇ ਪਿੱਛੇ ਲੱਗਣ ਨਾਲ ਸੰਬੋਧਨ ਦੇ ਭਾਵ ਦਿੰਦਾ ਹੈ, ਜਿਵੇਂ ਸਾਕੀ +ਆ ਭਾਵ ਐ ਸਾਕੀ, ਦਿਲਾ ਭਾਵ ਐ ਦਿਲ, ਰੱਬਾ ਭਾਵ ਐ ਰੱਬ।

اب ***ਅੱਬ*** : ਅੱਬਾ, ਪਿਤਾ, ਪਿਉ, ਵਾਲਦ, ਬਾਪ।

ابا ***ਇਬਾ*** : ਇਨਕਾਰ, ਨਾਂਹ; ਨਫ਼ਰਤ; ਪਰਹੇਜ਼; ਨਾਫ਼ਰਮਾਨੀ।

ابابیل ***ਅਬਾਬੀਲ*** : ਇਕ ਛੋਟੇ ਜੇਹੇ ਕਾਲੇ ਰੰਗ ਦੇ ਪੰਛੀ ਦਾ ਨਾਮ, ਨਾਈਅੜਾ, ਬਾਲਕਟਾਰਾ।

اباریق ***ਅਬਾਰੀਕ਼*** :(ਇਬਰੀਕ ابریق ਦਾ ਬੌਹਵਚਨ) ਲੋਟੇ, ਟੂਟੀ ਵਾਲੇ ਬਰਤਨ, ਵਾਹੜੀਆਂ।

ابتدا ***ਇਬਤਿਦਾ*** : ਸ਼ੁਰੂ, ਅਰੰਭ ਆਦਿ; ਨਿਕਾਸ, ਨਿਕਲਣ ਦਾ ਥਾਂ।

ابتر ***ਅਬਤਰ*** : ਭੈੜਾ, ਮੰਦਾ; ਹੋਰ ਭੈੜਾ; ਬਦਚਲਨ, ਅਵਾਰਾ; ਦੁਮ-ਕਟਾ; ਪੂਛ-ਕਟਾ; ਜਿਸ ਦੀ ਕੋਈ ਔਲਾਦ ਨਾ ਹੋਵੇ, ਔਤਰਾ; ਤਾਸ਼ ਦੇ ਪੱਤਿਆਂ ਦੇ ਵੰਡਣ ਵਿਚ ਗ਼ਲਤੀ।

ابتگن ***ਅਬਤਗਨ*** : ਘਰ ਦਾ ਮੁਖੀਆ, ਬਜ਼ੁਰਗ; ਇਕ ਤੁਰਕ।

ابجد ***ਅਬਜਦ*** : (ਅਲਿਫ਼, ਬੇ, ਜੀਮ,ਦਾਲ) ਹਰੂਫ਼-ਏ-ਤਹੱਜੀ ਅਰਥਾਤ ਅਰਬੀ ਅੱਖਰਾਂ ਦਾ ਕ੍ਰਮ। ਓਹ ਅੱਠ ਸ਼ਬਦ ਜੇਹੜੇ ਹਰਫ਼ਾਂ ਦੀ ਕ੍ਰਮਵਾਰ ਸੰਖਿਆ ਪਤਾ ਕਰਨ ਲਈ ਬਣਾਏ ਗਏ ਹਨ, ਜਿਵੇਂ ਅਬਜਦ, ਹਵੱਜ਼, ਹੁੱਤੀ, ਕਲਮਨ, ਸਅਫ਼ਸ, ਕ਼ਰਸ਼ਿਤ, ਸਖ਼ਿਜ਼. ਜ਼ਜ਼ਿਗ਼, ਏਹਨਾਂ ਵਿਚੋਂ ਪੈਹਲੇ ਤਿੰਨਾਂ ਸ਼ਬਦਾਂ ਅਰਥਾਤ ਦਸਾਂ ਹਰਫ਼ਾਂ ਤਕ ਕ੍ਰਮਵਾਰ ਇਕ ਤੋਂ ਦਸ ਅੰਕੜੇ ਹਨ, ਫਿਰ ਦਹਾਈ ਬਦਲਦੀ ਹੈ ਅਤੇ ਕ਼ਾਫ਼, ਕ਼ਰਸ਼ਤ ਤਕ ਸੌ ਤਾਈਂ ਅੰਕੜੇ ਹਨ। ਇਸ ਪਿਛੋਂ ਸੈਂਕੜਾ ਬਦਲਦਾ ਹੈ, ਅਖ਼ੀਰ ਗ਼ੈਨ (غ) ਦੇ ਅੰਕੜੇ ਇਕ ਹਜ਼ਾਰ ਹਨ; ਵਰਨਮਾਲਾ।

ابد ***ਅਬਦ*** : ਹਮੇਸ਼ਾ, ਅਨੰਤ ਦਾ ਸਮਾਂ (ਅਜ਼ਲ ਦੇ ਵਿਪਰੀਤ)।

ابدن ***ਅਬਦਨ*** : ਹਮੇਸ਼ਾ ਲਈ, ਸਦਾ ਵਾਸਤੇ, ਅਨੰਤ ਤਕ।

ابدی ***ਅਬਦੀ*** : ਸਦੀਵਤਾ ਵਾਲਾ, ਸਦਾ ਰੈਹਣ ਵਾਲਾ, ਹਮੇਸ਼ਾ ਹਮੇਸ਼ਾ ਲਈ; ਅਗਲਾ ਜਹਾਨ, ਦੂਜੀ ਦੁਨੀਆ, ਪਰਲੋਕ।

ابدال ***ਇਬਦਾਲ*** : ਬਦਲਨਾ, ਬਦਲ ਦੇਣਾ, ਕਿਸੇ ਸ਼ਬਦ ਵਿਚ ਦੋ ਅੱਖਰਾਂ ਦਾ ਪਰਸਪਰ ਬਦਲ ਜਾਣਾ ਜਿਸ ਨਾਲ ਅਰਥਾਂ ਵਿਚ ਕੋਈ ਫ਼ਰਕ ਨਾ ਪਵੇ।

ابدال ***ਅਬਦਾਲ*** : (ਬਦਲ بدل ਦਾ ਬੌਹਵਚਨ) ਉਤਰਾਧਕਾਰੀ, ਕਾਇਮ-ਮਕਾਮ; ਉਹ ੭੦ ਔਲੀਆ, ਜਿਨ੍ਹਾਂ ਵਿਚੋਂ ਚਾਲੀ ਮੁਲਕ ਸ਼ਾਮ ਵਿਚ ਅਤੇ ਤੀਹ ਬਾਕੀ ਦੁਨੀਆ ਵਿਚ ਰੈਂਹਦੇ ਹਨ, ਜਦ ਏਹਨਾਂ ਵਿਚੋਂ ਇਕ ਮਰ ਜਾਂਦਾ ਹੈ ਤਾਂ ਦੂਜੇ ਫ਼ਕੀਰਾਂ ਵਿਚੋਂ ਉਸ ਦੀ ਥਾਂ ਕੋਈ ਨਿਯੁਕਤ ਕਰ ਦਿੱਤਾ ਜਾਂਦਾ ਹੈ; ਮੁਰੀਦ, ਕਲੰਦਰ, ਸੂਫ਼ੀਆਂ ਦੀ ਇਕ ਸੰਪਰਦਾਏ; ਕਾਮਲ ਵਲੀ।

ابدالی ***ਅਬਦਾਲੀ*** : ਅਬਦਾਲ ਨਾਲ ਸਬੰਧਤ, ਅਬਦਾਲ ਦਾ ਸਬੰਧੀ, ਅਬਦਾਲ ਦਾ ਮੁਰੀਦ; ਅਫ਼ਗਾਨਾਂ ਦੇ ਇਕ ਕਬੀਲੇ ਨਾਲ ਸਬੰਧਤ।

ابدان ***ਅਬਦਾਨ*** : (ਬਦਨ بدن ਦਾ ਬੌਹਵਚਨ) ਜਿਸਮ, ਸਰੀਰ।

ابر ***ਅਬਰ*** : (ਆਬ آب ਤੇ ਰ ر) ਪਾਣੀ ਨਾਲ ਸਬੰਧਤ, ਬੱਦਲ।

ابرباراں ***ਅਬਰ-ਏ-ਬਾਰਾਂ***,

ابربہار ***ਅਬਰ-ਏ-ਬਹਾਰ*** : ਮੌਸਮ ਬਹਾਰ ਦਾ ਬੱਦਲ, ਬਹਾਰ ਰੁੱਤ ਸ਼ੁਰੂ ਹੋਣ ਵੇਲੇ ਵੱਸਣ ਵਾਲਾ ਬੱਦਲ।

ابرنیساں ***ਅਬਰ-ਏ-ਨੈਸਾਨ*** : ਬਹਾਰ ਦਾ ਬੱਦਲ, ਓਹ ਬੱਦਲ ਜਿਸ ਦੀ ਇਕ ਬੂੰਦ ਨਾਲ ਸਿੱਪ ਵਿਚ ਮੋਤੀ ਬਣ ਜਾਂਦਾ ਹੈ; ਨੇਸਾਂ ਪਾਰਸੀਆਂ ਅਨੁਸਾਰ ਇਕ ਮਹੀਨੇ ਦਾ ਨਾਮ।

ابر ***ਅਬਰ*** : ('ਅ' ਤੇ 'ਬਰ' = 'ਬਰ' بر); ਉੱਤੇ, ਉੱਪਰ।

ابرار ***ਅਬਰਾਰ*** : (ਬਰ بر ਦਾ ਬੌਹਵਚਨ) ਨੇਕ ਲੋਕ, ਭਲੇ ਆਦਮੀ, ਚੰਗੇ ਕਰਮ ਕਰਨ ਵਾਲੇ ਲੋਕ; ਪਰਹੇਜ਼ਗਾਰ ਲੋਕ।

ابراهیم ***ਇਬਰਾਹੀਮ*** : ਬੁੱਤ-ਘਾੜੇ ਆਜ਼ਰ ਦੇ ਪੁੱਤਰ ਦਾ ਨਾਮ, ਏਹਨਾਂ ਦੇ ਦੋ ਪੁੱਤਰ ਇਸਮਾਈਲ ਤੇ ਇਸਹਾਕ ਸਨ। ਇਸਹਾਕ ਦੀ ਔਲਾਦ ਵਿਚੋਂ ਹਜ਼ਰਤ ਯਾਕੂਬ, ਹਜ਼ਰਤ ਮੂਸਾ, ਹਜ਼ਰਤ ਈਸਾ ਆਦਿ ਪੈਗ਼ੰਬਰ ਪੈਦਾ ਹੋਏ ਅਤੇ ਇਸਮਾਈਲ ਦੀ ਔਲਾਦ ਵਿਚੋਂ ਪੈਗ਼ੰਬਰ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਹੋਇਆ।

ابراهیم ادهم ***ਇਬਰਾਹੀਮ-ਏ-ਅਦਹਮ*** : ਅਦਹਮ ਦੇ ਬੇਟੇ ਇਬਰਾਹੀਮ, ਅਦਹਮ ਖ਼ਾਨਦਾਨੀ ਨਾਮ, ਕਿਉਂਕਿ ਅਦਹਮ ਏਹਨਾਂ ਦੇ ਪਿਤਾ ਦਾ ਨਾਮ ਸੀ ਤੇ ਏਹ ਬੜੇ ਵੱਡੇ ਵਲੀ ਤੇ ਬਲਖ਼ ਦੇ ਬਾਦਸ਼ਾਹ ਸਨ ਪਰ ਤਾਜ-ਤਖ਼ਤ ਛੱਡ ਕੇ ਫ਼ਕੀਰ ਹੋ ਗਏ।

ابرش ***ਅਬਰਸ਼*** : ਵੱਖ ਵੱਖ ਰੰਗਾਂ ਦੇ ਧੱਬਿਆਂ ਵਾਲਾ ਘੋੜਾ, ਚਿਤਕੱਬਰਾ ਘੋੜਾ,ਅਬਲਕ, ਸੁਰਖ਼ ਤੇ ਸਫ਼ੈਦ ਰੰਗ ਦਾ ਘੋੜਾ।

ابرشِ خورشید ***ਅਬਰਸ਼-ਏ-ਖ਼ੁਰਸ਼ੀਦ*** : ਅਸਮਾਨ।

ابرص ***ਅਬਰਸ*** : ਸਫ਼ੈਦ ਕੋੜ੍ਹ ਦਾ ਰੋਗੀ, ਕੋੜ੍ਹੀ।

ابرق ***ਅਬਰਕ਼*** , **ابرک** ***ਅਬਰਕ*** : ਚਮਕੀਲਾ, ਚਮਕਦਾ ਹੋਇਆ; ਚਮਕੀਲੀ, ਚਿੱਟੀ ਧਾਤ ਜੇਹੜੀ ਪੱਗਾਂ ਦੀ ਮਾਇਆ ਨਾਲ ਲਾਈ ਜਾਂਦੀ ਹੈ।

ابرو ***ਅਬਰੂ*** : ਭਵਾਂ, ਭਰਵੱਟੇ।

ابره ***ਅਬਰਾ*** : ਅਸਤਰ ਦੇ ਉਲਟ, ਦੂਹਰੇ ਕੱਪੜੇ ਦੀ ਬਾਹਰਲੀ ਤੈਹ।

ابرهه ***ਅਬਰਹਾ*** : ਯਮਨ ਦੇ ਈਸਾਈ ਸ਼ਾਸਕ ਦਾ ਨਾਮ ਜਿਸ ਨੇ ਕਾਅਬਾ ਦੀ ਪੂਜਾ ਤੋਂ ਈਰਖਾ ਕਰਕੇ ਇਫ਼ਲੀਸ ਦਾ ਗਿਰਜਾ ਬਣਵਾਇਆ, ਪਰ ਜਦ ਪੂਰੇ ਜਤਨ ਕਰਨ ਪੁਰ ਵੀ ਉਸ ਵਿਚ ਕਾਅਬੇ ਵਾਲੀ ਰੌਣਕ ਨਾ ਹੋ ਸਕੀ ਤਾਂ ਕਾਅਬੇ ਨੂੰ ਤਬਾਹ ਕਰਨ ਲਈ ਮੱਕੇ ਤੇ ਚੜ੍ਹਾਈ ਕਰ ਦਿੱਤੀ, ਉਸ ਨੇ ਹਾਥੀਆਂ ਦਾ ਇਕ ਲਸ਼ਕਰ ਭੇਜਿਆ, ਰੱਬ ਦੇ ਹੁਕਮ ਨਾਲ ਅਸਮਾਨ ਤੋਂ ਅਬਾਬੀਲਾਂ ਨੇ ਰੋੜਿਆਂ ਦੀ ਇੰਨੀ ਬਾਰਸ਼ ਕੀਤੀ ਕਿ ਸਾਰਾ ਲਸ਼ਕਰ ਤਬਾਹ ਹੋ ਗਿਆ।

ابریز ***ਇਬਰੀਜ਼*** : ਖ਼ਾਲਸ ਚਾਂਦੀ ਜਾਂ ਖ਼ਾਲਸ ਸੋਨਾ।

ابریسم ***ਇਬਰੀਸਮ***, **ابریشم** ***ਅਬਰੇਸ਼ਮ*** : ਰੇਸ਼ਮ, ਕੱਚਾ ਰੇਸ਼ਮ; ਸਾਜ਼ ਦੀ ਤਾਰ, ਤੰਬੂਰੇ ਦੀ ਤਾਰ।

ابریق ***ਇਬਰੀਕ਼*** : ਲੋਟਾ, ਪਾਣੀ ਦਾ ਟੂਟੀ ਵਾਲਾ ਬਰਤਨ; ਚਮਕੀਲੀ ਤਲਵਾਰ।

ابطال ***ਇਬਤ਼ਾਲ*** : ਝੂਠਾ ਕਰਨਾ, ਝੂਠ ਬੋਲਣਾ; ਗ਼ਲਤ ਕਰਾਰ ਦੇਣਾ।

ابطال ***ਅਬਤ਼ਾਲ*** : (ਬਤ਼ਲ بطل ਦਾ ਬੌਹਵਚਨ) ਬਹਾਦਰ ਲੋਕ, ਦਲੇਰ ਆਦਮੀ, ਸੂਰਮੇ, ਜੋਧੇ।

ابقا ***ਇਬਕ਼ਾ*** : ਬਾਕੀ ਰੱਖਣਾ, ਜਿਉਂਦਾ ਰੱਖਣਾ; ਰੈਹਮ ਕਰਨਾ, ਤਰਸ ਖਾਣਾ; ਰਿਆਇਤ ਕਰਨਾ, ਮੇਹਰਬਾਨੀ ਕਰਨਾ।

ابکا ***ਇਬਕਾ*** : ਰੁਆਉਣਾ, ਰੋਣ ਲਈ ਮਜਬੂਰ ਕਰਨਾ।

ابکار ***ਅਬਕਾਰ*** : (ਬਿਕਰ بکر ਦਾ ਬੌਹਵਚਨ) ਕੁਆਰੀਆਂ ਲੜਕੀਆਂ, ਅਣ-ਵਿਆਹੀਆਂ ਲੜਕੀਆਂ, ਪਵਿੱਤਰ ਕੁੜੀਆਂ।

ابل ***ਇਬਲ*** : ਊਠ।

ابلا ***ਇਬਲਾ*** : ਕਿਸੇ ਬਲਾ ਵਿਚ ਫ਼ਸਾ ਦੇਣਾ, ਅਜ਼ਮਾਇਸ਼ ਵਿਚ ਪਾਉਣਾ, ਅਜ਼ਮਾਉਣਾ,

ਪਤਿਆਉਣਾ; ਮੇਹਨਤ ਵਿਚ ਪਾਉਣਾ, ਮੁਸ਼ਕਲ ਵਿਚ ਫਸਾਉਣਾ।

ابلق ***ਅਬਲਕ਼*** : ਚਿਟਾ ਕਾਲਾ ਘੋੜਾ, ਚਿਤਕਬਰਾ ਘੋੜਾ।

ابلق ایام ***ਅਬਲਕ਼-ਏ-ਅੱਯਾਮ*** : ਦੁਨੀਆਂ, ਦਿਨ ਤੇ ਰਾਤ; ਸਮਾਂ।

ابلہ ***ਅਬਲਾ*** : ਐਹਮਕ, ਬੇਵਕੂਫ਼, ਮੂਰਖ, ਮੁਗਧ, ਸਾਦਾ, ਅਭੋਲ, ਭੋਲਾ-ਭਾਲਾ, ਗੰਵਾਰ।

ابلہی ***ਅਬਲਹੀ*** : ਬੇਵਕੂਫ਼ੀ, ਮੂਰਖਤਾ; ਭੋਲਾਪਣ, ਅਣਜਾਣਪੁਣਾ, ਸਾਦਗੀ।

ابلیس ***ਇਬਲੀਸ*** : ਖ਼ੁਦਾ ਦੀ ਰੈਹਮਤ ਤੋਂ ਨਿਰਾਸ਼ ਹੋਣ ਵਾਲਾ, ਸ਼ਤਾਨ; ਖ਼ਬੀਸ, ਪਲੀਤ; ਸ਼ਰਾਰਤੀ, ਫ਼ਸਾਦੀ, ਝਗੜਾਲੂ; ਕਮਜ਼ਾਤ।

ابن ***ਇਬਨ*** : ਪੁੱਤਰ, ਬੇਟਾ।

ابنا ***ਅਬਨਾ*** : (ਇਬਨ ابن ਦਾ ਬੌਹਵਚਨ) ਬੇਟੇ, ਪੁਤਰ; ਇਕੋ ਜੇਹੇ, ਹਮਜਿਨਸ।

ابن الجلدی ***ਇਬਨੁਲਜਲਦਾ*** : 'ਅਖ਼ਵਾੱਨੁਲਸਫ਼ਾ' ਪੁਸਤਕ ਦੇ ਪੰਜਾਂ ਕਰਤਿਆਂ ਵਿਚੋਂ ਇਕ ਦਾ ਨਾਮ।

ابن الغرض ***ਇਬਨੁਲਗ਼ਰਜ਼*** : ਮਤਲਬੀ ਆਦਮੀ, ਸੁਆਰਥੀ।

ابن الوقت ਇਬਨੁਲਵਕ਼ਤ, **ابن الدنیا** ***ਇਬਨੁੱਦੁਨੀਯਾ*** : ਆਪਣਾ ਕੰਮ ਕੱਢਣ ਵਾਲਾ ਆਦਮੀ, ਵਕਤ ਨਾਲ ਫਿਰ ਜਾਣ ਵਾਲਾ ਪੁਰਸ਼, ਜ਼ਮਾਨੇ ਦੀ ਰੌ ਮੁਤਾਬਕ ਚਲਣ ਵਾਲਾ ਆਦਮੀ, ਗਿਰਗਿਟ ਵਾਂਗ ਫਿਰ ਜਾਣ ਵਾਲਾ, ਖ਼ੁਸ਼ਾਮਦੀ; ਚੁਗ਼ਲਖ਼ੋਰ; ਫ਼ਰੇਬੀ, ਮੱਕਾਰ, ਚਾਲਬਾਜ਼।

ابناءجنس ***ਅਬਨਾ-ਏ-ਜਿਨਸ*** : ਇਕੋ ਜਿਨਸ ਦੇ ਲੋਕ, ਹਮ ਜਿਨਸ, ਸਾਥੀ, ਬਰਾਬਰ ਦੇ।

ابنائےدہر ***ਅਬਨਾ-ਏ-ਦਹਰ*** ,
ابنائےروزگار ***ਅਬਨਾ-ਏ-ਰੋਜ਼ਗਾਰ*** ,
ابنائےزمان ***ਅਬਨਾ-ਏ-ਜ਼ਮਾਂ*** ,
ابنائےعصر ***ਅਬਨਾ-ਏ-ਅਸਰ*** : ਇਕੋ ਸਮੇਂ ਦੇ ਲੋਕ, ਸਮਕਾਲੀ।

ابن کثیر ***ਇਬਨ-ਏ-ਕਸੀਰ*** : ਕੁਰਾਨ ਸ਼ਰੀਫ਼ ਦੀ ਤਲਾਵਤ ਕਰਨ ਵਾਲਾ ਇਕ ਪਰਸਿੱਧ ਵਿਅਕਤੀ।

ابو ***ਅਬੂ*** : ਬਾਪ, ਪਿਤਾ, ਸਾਹਿਬ, ਮਾਲਕ।

ابواب ***ਅਬਵਾਬ*** : (ਬਾਬ باب ਦਾ ਬੌਹਵਚਨ) ਦਰਵਾਜ਼ੇ; ਕਿਤਾਬ ਦੇ ਭਾਗ ਜਾਂ ਕਾਂਡ,ਅਧਿਆਏ।

ابوالبشر ***ਅਬੁਲਬਸ਼ਰ*** : ਆਦਮੀਆਂ ਦਾ ਬਾਪ, ਆਦਿ ਮਨੁੱਖ; ਹਜ਼ਰਤ ਆਦਮ ਦਾ ਖ਼ਾਨਦਾਨੀ ਨਾਮ।

ابوالبشر ثانی ***ਅਬੁਲਬਸ਼ਰ ਸਾਨੀ*** : ਦੂਜਾ ਅੱਬੁਲ ਬਸ਼ਰ, ਹਜ਼ਰਤ ਨੂਹ।

ابوالفضل ***ਅਬੁਲਫ਼ਜ਼ਲ*** : ਅਕਬਰ ਬਾਦਸ਼ਾਹ ਦਾ ਪਰਸਿੱਧ ਵਜ਼ੀਰ ਜਿਸ ਨੇ 'ਅਕਬਰ ਨਾਮਾ' ਲਿਖਿਆ ਸੀ।

ابوبکر ***ਅਬੂ ਬਕਰ*** : ਹਜ਼ਰਤ ਮੁਹੰਮਦ ਸਾਹਿਬ ਦਾ ਸੌਹਰਾ, ਪੈਹਲਾ ਉੱਤਰਾਧਿਕਾਰੀ, ਪੈਹਲਾ ਖ਼ਲੀਫ਼ਾ।

ابوتراب ***ਅਬੂ ਤਰਾਬ*** : ਮਿੱਟੀ ਦਾ ਬਾਪ; ਹਜ਼ਰਤ ਮੁਹੰਮਦ ਸਾਹਿਬ ਦੇ ਦਾਮਾਦ ਦਾ ਖ਼ਾਨਦਾਨੀ ਨਾਮ; ਹਜ਼ਰਤ ਅਲੀ, ਅਬੁਲਹਸਨ।

ابوجہل ***ਅਬੂ ਜਹਲ*** : ਹਜ਼ਰਤ ਮੁਹੰਮਦ ਸਾਹਿਬ ਦੇ ਚਾਚੇ ਉਮਰ-ਬਿਨ-ਹੱਸ਼ਾਮ ਦਾ ਖ਼ਾਨਦਾਨੀ ਨਾਮ ਜੋ ਹਜ਼ਰਤ ਮੁਹੰਮਦ ਸਾਹਿਬ ਦੇ ਵਿਰੋਧੀਆਂ ਦਾ ਸਰਦਾਰ ਸੀ, ਇਸਲਾਮ ਦਾ ਦੁਸ਼ਮਣ ਹੋਣ ਸਦਕਾ ਮੁਸਲਮਾਨਾਂ ਨੇ ਇਸ ਨੂੰ 'ਅਬੂ ਜਹਲ' ਭਾਵ 'ਮੂਰਖਤਾ ਦਾ ਬਾਪ' ਕੈਹਣਾ ਸ਼ੁਰੂ ਕੀਤਾ।

ابوحنیفہ ***ਅਬੂ ਹ਼ਨੀਫ਼ਾ*** : 'ਨਅਮਾਨ' ਇਬਨ-ਏ-ਸਾਬਤ ਦਾ ਖ਼ਾਨਦਾਨੀ ਨਾਮ, ਹਨਫ਼ੀ ਏਹਨਾਂ ਦੇ ਪੈਰੋਕਾਰ ਹਨ; ਚਵ੍ਹਾਂ ਇਮਾਮਾਂ ਵਿਚੋਂ ਪੈਹਲੇ ਇਮਾਮ ਜੋ ਸੱਤਰ ਵਰ੍ਹੇ ਜੀ ਕੇ 150 ਹਿਜਰੀ ਵਿਚ ਬਗ਼ਦਾਦ ਵਿਖੇ ਚਲਾਣਾ ਕਰ ਗਏ; ਏਹਨਾਂ ਦੇ ਜਨਾਜ਼ੇ ਨਾਲ ਸੱਤ ਲੱਖ ਆਦਮੀ ਸਨ।

ابوریحان ***ਅਬੂ ਰੀਹ਼ਾਨ*** : ਫ਼ਲਸਫ਼ੇ ਦਾ ਪਰਸਿੱਧ ਵਿਦਵਾਨ, ਜੇਹੜਾ ਮਹਿਮੂਦ ਗ਼ਜ਼ਨਵੀ ਦੇ ਦਰਬਾਰ ਵਿਚ ਰੈਂਹਦਾ ਸੀ।

ابوزید ***ਅਬੂ ਜ਼ੈਦ*** : ਇਕ ਪਰਸਿੱਧ

ਸ਼ਤਰੰਜ-ਖਿਡਾਰੀ ਦਾ ਨਾਮ।

ابوساسان ***ਅਬੂ ਸਾਸਾਨ:*** ਨੌਸ਼ੀਰਵਾਨ ਬਾਦਸ਼ਾਹ ਦਾ ਖ਼ਾਨਦਾਨੀ ਨਾਮ।

ابیات ਅਬਯਾਤ : (ਬੈਤ بیت ਦਾ ਬੌਹਵਚਨ) ਘਰ, ਮਕਾਨ; ਸ਼ੇਅਰ, ਮਸਨਵੀ।

ابی لهب ***ਅਬੀ ਲਹਬ*** : ਸ਼ੁਅਲੇ ਦਾ ਬਾਪ, ਹਜ਼ਰਤ ਮਹੰਮਦ ਸਾਹਿਬ ਦੇ ਸਕੇ ਚਾਚੇ ਦਾ ਨਾਮ, ਜੋ ਮਰਨ ਤਕ ਕਾਫ਼ਰ ਹੀ ਰਿਹਾ। ਏਹ ਹਜ਼ਰਤ ਮੁਹੰਮਦ ਸਾਹਿਬ ਨੂੰ ਬੌਹਤ ਤੰਗ ਕਰਦਾ ਸੀ ਅਤੇ ਪੱਥਰ ਮਾਰਦਾ ਹੁੰਦਾ ਸੀ।

اتابک ***ਅਤਾਬੁਕ*** : ਸੁਰਖਿਅਕ, ਉਸਤਾਦ, ਪੜ੍ਹਾਉਣ ਵਾਲਾ, ਸਿੱਖਿਆ ਦੇਣ ਵਾਲਾ, ਸਾਹਿਤਕਾਰ, ਅਦੀਬ; ਈਰਾਨ ਵਿਚ ਸਲਜੂਕੀ ਕਾਲ ਵਿਚ ਸੁਤੰਤਰ ਬਣੇ ਬਾਦਸ਼ਾਹਾਂ ਦਾ ਖ਼ਾਨਦਾਨ, ਜਿਨ੍ਹਾਂ ਨੂੰ ਅਤਾਬੁਕ ਬਾਦਸ਼ਾਹ ਕੈਂਹਦੇ ਸਨ। ਇਰਾਕ ਦੇ ਅਤਾਬੁਕਾਂ ਵਿਚੋਂ ਕਿਜ਼ਲ ਅਰਸਲਾਨ ਬੌਹਤ ਪਰਸਿੱਧ ਬਾਦਸ਼ਾਹ ਹੋਇਆ ਹੈ। ਈਰਾਨ ਦੇ ਅਤਾਬੁਕਾਂ ਵਿਚ ਅਬੂਬਕਰ-ਬਿਨ-ਸਅਦ ਬੌਹਤ ਮਸ਼ਹੂਰ ਬਾਦਸ਼ਾਹ ਹੋਇਆ ਹੈ, ਜਿਸ ਦੇ ਰਾਜ ਵਿਚ ਪਰਸਿੱਧ ਫ਼ਾਰਸੀ ਸ਼ਾਇਰ 'ਸਾਅਦੀ' ਹੋਇਆ ਹੈ। 'ਸਾਅਦੀ' ਨੇ ਆਪਣਾ ਉਪ-ਨਾਮ ਵੀ ਇਸੇ ਬਾਦਸ਼ਾਹ ਦੇ ਨਾਮ ਕਰਕੇ ਹੀ ਰੱਖਿਆ ਸੀ।

اتابیگ ***ਅਤਾਬੇਗ*** : ਉਸਤਾਦ, ਅਤਾਲੀਕ।

اتابیگی ***ਅਤਾਬੇਗੀ*** : ਉਸਤਾਦੀ, ਅਤਾਲੀਕੀ, ਬਾਦਸ਼ਾਹਾਂ ਦੀ ਔਲਾਦ ਨੂੰ ਸਿੱਖਿਆ ਦੇਣ ਵਾਲੇ ਦੀ ਪਦਵੀ।

اتاغ ***ਉਤਾਗ਼*** اتاق , ***ਉਤਾਕ਼***, اطاق ***ਉਤ਼ਾਕ਼*** : ਕਮਰਾ, ਘਰ।

اتاقه ***ਊਤਾਕਾ*** : ਕਲਗ਼ੀ, ਤੁੱਰਾ; ਇਕ ਮਿਥਹਾਸਕ ਪੰਛੀ 'ਹੁਮਾ' ਦਾ ਖੰਭ।

اتالیق ***ਅਤਾਲੀਕ਼*** : ਉਸਤਾਦ, ਸਿੱਖਿਆ ਦੇਣ ਵਾਲਾ, ਅਦਬ ਸਿਖਾਉਣ ਵਾਲਾ; ਨਿਗਰਾਨ।

اتباع ***ਅਤਬਾਅ*** : (ਤਬਅ تبع ਦਾ ਬੌਹਵਚਨ) ਤਾਬੇਦਾਰ, ਅਧੀਨ, ਨੌਕਰ, ਪੈਰੋਕਾਰ ਲੋਕ।

اتباع ***ਇੱਤਬਾਅ*** : ਪਿੱਛੇ ਚੱਲਣਾ, ਪੈਰਵੀ ਕਰਨਾ, ਫ਼ਰਮਾਂਬਰਦਾਰੀ।

اتراک ***ਅਤਰਾਕ*** : (ਤੁਰਕ ترک ਦਾ ਬੌਹਵਚਨ) ਇਕ ਕੌਮ ਦਾ ਨਾਮ, ਤੁਰਕਿਸਤਾਨ ਦੇ ਵਾਸੀ, ਸਿਪਾਹੀ; ਲੋਹੇ ਦਾ ਟੋਪ; ਮੁਸਲਮਾਨ।

اتصال ***ਇੱਤਿਸਾਲ*** : ਦੋ ਚੀਜ਼ਾਂ ਦਾ ਪਰਸਪਰ ਮਿਲਣਾ, ਮੇਲ, ਪੌਹਚਣਾ; ਦੋ ਦਰਿਆਵਾਂ ਦਾ ਸੰਗਮ; ਕਿਸੇ ਕੰਮ ਦਾ ਲਗਾਤਾਰ ਹੋਣਾ।

اتفاق ***ਇੱਤਿਫ਼ਾਕ*** : ਏਕਤਾ, ਮੇਲ-ਜੋਲ; ਮੁਹੱਬਤ, ਦੋਸਤੀ; ਕਿਸੇ ਕੰਮ ਦਾ ਅਚਾਨਕ ਹੋ ਜਾਣ ਦਾ ਭਾਵ।

اتفاقاً ***ਇੱਤਿਫ਼ਾਕਨ*** : ਅਚਾਨਕ, ਝੱਟ ਹੀ।

اتفاقی ***ਇੱਤਿਫ਼ਾਕੀ*** : ਜੇਹੜੀ ਗੱਲ ਅਚਾਨਕ ਹੋ ਜਾਵੇ, ਇਕ ਦਮ, ਅਚਾਨਕ, ਜਿਸ ਕੰਮ ਦਾ ਪਰਗਟ ਤੌਰ ਤੇ ਕਾਰਨ ਪਤਾ ਨਾ ਹੋਵੇ।

اتفاقیه ***ਇੱਤਿਫ਼ਾਕੀਆ*** : ਅਚਾਨਕ ਤੌਰ ਤੇ।

اتکا ***ਇੱਤਿਕਾ*** : ਤਕੀਆ; ਭਰੋਸਾ ਕਰਨਾ; ਸਹਾਰਾ ਬਣਾਉਣਾ; ਬਚਣਾ, ਡਰਨਾ; ਗੁਨਾਹ ਤੋਂ ਬਚਣਾ, ਪਰਹੇਜ਼ਗਾਰੀ।

اتم ***ਅਤਮ*** : ਬੌਹਤ ਕਾਮਲ, ਪਰੀਪੂਰਨ।

اتمام ***ਇਤਮਾਮ*** : ਪੂਰਾ ਕਰਨਾ, ਅੰਜਾਮ ਨੂੰ ਪੌਹਚਾਉਣਾ, ਸਮਾਪਤੀ ਕਰਨਾ, ਖ਼ਤਮ ਕਰਨਾ।

اتهام ***ਇੱਤਿਹਾਮ*** : ਤੋਹਮਤ ਲਾਉਣਾ, ਬਦਨਾਮ ਕਰਨਾ।

اثبات ***ਇਸਬਾਤ*** : ਸਾਬਤ ਕਰਨਾ, ਸਬੂਤ ਨੂੰ ਪੌਹਚਾਉਣਾ, ਸਿੱਧ ਕਰਨਾ; ਸਬੂਤ, ਦਲੀਲ, ਤਸਦੀਕ; ਅਡੋਲਤਾ।

اثر ***ਅਸਰ*** : ਪੈਗ਼ੰਬਰ ਦੀ ਸੁੰਨਤ(ਰੀਤ); ਹਦੀਸ ਦੀ ਇਕ ਕਿਸਮ; ਨਿਸ਼ਾਨ, ਜ਼ਖ਼ਮ ਦਾ ਦਾਗ਼; ਤਾਸੀਰ, ਪਰਭਾਵ; ਖੰਡਰ; ਖੋਜ, ਨਤੀਜਾ, ਫ਼ਾਇਦਾ।

اثمار ***ਅਸਮਾਰ*** : (ਸਮਰ ثمر ਬੌਹਵਚਨ, ਸਿਮਾਰ ثمار ਦਾ ਬੌਹਵਚਨ) ਮੇਵੇ, ਫਲ।

اثنای عشری ***ਅਸਨਾਏ-ਅਸ਼ਰੀ*** : ਸ਼ੀਆ ਲੋਕ ਜੋ ਆਪਣੇ ਆਪ ਨੂੰ ਬਾਰਾਂ ਇਮਾਮਾਂ ਨਾਲ ਸਬੰਧਤ ਦਸਦੇ ਹਨ; ਪੇਟ ਦੀ ਇਕ ਆਂਦਰ।

اثنین *ਇਸਨੈਨ* : ਦੋ (2); ਸੋਮਵਾਰ।

اجابت *ਇਜਾਬਤ* : ਮਨਜ਼ੂਰੀ, ਕਬੂਲ ਕਰਨ ਦਾ ਭਾਵ, ਮੰਨ ਲੈਣ ਦੀ ਕਿਰਿਆ; ਉੱਤਰ ਦੇਣਾ, ਪਾਖ਼ਾਨਾ।

اجاره *ਇਜਾਰਾ* : ਠੇਕਾ, ਕਿਰਾਇਆ; ਮੁਕਤ ਕਰ ਦੇਣਾ, ਰਿਹਾ ਕਰਨਾ; ਪਨਾਹ ਦੇਣਾ; ਕੋਈ ਕੰਮ ਉਜਰਤ ਉਤੇ ਕਰਨਾ ਜਾਂ ਦੇਣਾ; ਦਾਵਾ, ਕਬਜ਼ਾ, ਕਾਬੂ।

اجازت *ਇਜਾਜ਼ਤ*: ਹੁਕਮ, ਮਨਜ਼ੂਰੀ, ਪਰਵਾਨਗੀ ; ਜਾਇਜ਼ ਕਰਨਾ।

اجتماع *ਇਜਤਿਮਾਅ* : ਇੱਕਠਾ ਹੋਣਾ, ਸਿਮਟਣਾ; ਇਕੱਠ, ਭੀੜ।

اجتناب *ਇਜਤਨਾਬ* : ਬਚਣਾ, ਪਰਹੇਜ਼ ਕਰਨਾ; ਪਾਕ ਹੋਣਾ, ਅੱਡ ਹੋਣਾ, ਇਕ ਪਾਸੇ ਹੋ ਜਾਣਾ; ਬਚਾ, ਕਿਨਾਰਾ, ਅਲੈਹਦਗੀ, ਇਕਾਂਤਵਾਸ।

اجتہاد *ਇਜਤਿਹਾਦ* : ਕੋਸ਼ਸ਼ ਕਰਨਾ, ਠੀਕ ਰਾਹ ਭਾਲਣਾ, ਬੌਹਤ ਸੋਚਣਾ, ਧਿਆਨ ਨਾਲ ਕਿਸੇ ਮਸਲੇ ਨੂੰ ਹੱਲ ਕਰਨਾ, ਨਵੀਂ ਗੱਲ ਪੈਦਾ ਕਰਨਾ।

اجداد *ਅਜਦਾਦ* : (ਜੱਦ جد ਦਾ ਬੌਹਵਚਨ) ਦਾਦੇ, ਵੱਡੇ ਵਡੇਰੇ, ਪੁਰਖੇ।

اجر *ਅਜਰ* : ਨੇਕ ਕੰਮ ਦਾ ਬਦਲਾ, ਸਵਾਬ, ਬਦਲਾ, ਫਲ; ਉਜਰਤ, ਮਜ਼ਦੂਰੀ।

اجراء *ਇਜਰਾਅ* : ਜਾਰੀ ਕਰਨਾ, ਕੰਮ ਚਲਾਉਣਾ, ਸ਼ੁਰੂ ਕਰਨਾ; ਡਿਗਰੀ ਤੇ ਅਮਲ ਕਰਵਾਉਣ ਦੀ ਕਿਰਿਆ।

اجرام *ਅਜਰਾਮ*: (ਜੁਰਮ جرم ਦਾ ਬੌਹਵਚਨ), ਗੁਨਾਹ, ਕਸੂਰ, ਖ਼ਤਾ, ਦੋਸ਼।

اجرام *ਅਜਰਾਮ* : (ਜਿਰਮ جرم ਦਾ ਬੌਹਵਚਨ) ਜਿਸਮ, ਸਰੀਰ, ਤਨ-ਬਦਨ; ਅਸਮਾਨੀ ਜਿਸਮ, ਸਤਾਰੇ ਆਦਿ; ਕੀਮਤੀ ਪੱਥਰ।

اجرام فلکی *ਅਜਰਾਮ-ਏ-ਫ਼ਲਕੀ* : ਸੂਰਜ, ਚੰਦ ਅਤੇ ਸਤਾਰੇ, ਨੱਛਤਰ।

اجرت *ਉਜਰਤ* : ਮਜ਼ਦੂਰੀ, ਭਾੜਾ, ਮੇਹਨਤਾਨਾ; ਕਿਰਾਇਆ, ਕੀਮਤ।

اجزا *ਅਜਜ਼ਾ* : (ਜੁਜ਼ جز ਦਾ ਬੌਹਵਚਨ) ਟੁਕੜੇ, ਟੋਟੇ, ਹਿੱਸੇ; ਮਜਲਸ ਦੇ ਰੁਕਨ।

اجساد *ਅਜਸਾਦ* : (ਜਸਦ جسد ਦਾ ਬੌਹਵਚਨ) ਤਨ, ਬਦਨ, ਜਿਸਮ, ਸ਼ਰੀਰ।

اجسام *ਅਜਸਾਮ* : (ਜਿਸਮ جسم ਦਾ ਬੌਹਵਚਨ) ਤਨ, ਸਰੀਰ, ਜਿਸਮ, ਬਦਨ।

اجل *ਅਜਲ* : ਨਿਸਚਤ ਸਮਾਂ, ਮਿਆਦ, ਮੋਹਲਤ; ਮੌਤ, ਤਕਦੀਰ।

اجلِ طبعی *ਅਜਲ-ਏ-ਤ਼ਬਈ* : ਕੁਦਰਤੀ ਮੌਤ ਜੋ ਪੂਰੀ ਉਮਰ ਦੇ ਪਿਛੋਂ ਹੋਵੇ।

اجلاس *ਇਜਲਾਸ* : ਹਾਕਮ ਦੇ ਬੈਠਣ ਦੀ ਜਗ੍ਹਾ, ਬੈਠਣਾ, ਬਿਠਾਉਣਾ, ਕਚੈਹਰੀ ਲਾਉਣਾ, ਜਲਸਾ ਕਰਨਾ।

اجلاف *ਅਜਲਾਫ਼* : (ਜਲਫ਼ جلف ਦਾ ਬੌਹਵਚਨ) ਕਮੀਨੇ ਲੋਕ, ਭੈੜੇ ਆਦਮੀ।

اجماع *ਇਜਮਾਅ* : ਇਕੱਠਾ ਕਰਨਾ, ਏਕਾ ਕਰਨਾ; ਇਕ ਰਾਏ ਬਣਾਉਣਾ, ਸੈਹਮਤ ਹੋਣਾ, ਏਕਾ।

اجمال *ਇਜਮਾਲ* : ਸੰਖਿਪਤ ਕਥਨ ਕਰਨਾ, ਥੋੜ੍ਹੇ ਸ਼ਬਦਾਂ ਵਿਚ ਕੈਹਣਾ, ਖੋਲ੍ਹ ਕੇ ਵਿਸਤਾਰ ਨਾਲ ਨਾ ਕੈਹਣਾ; ਸੋਧ ਨਾਲ ਕੰਮ ਕਰਨਾ; ਖਿੰਡੇ ਹੋਏ ਨੂੰ ਇਕੱਠਾ ਕਰਨਾ।

اجمل *ਅਜਮਲ* : ਅਤ ਸੁੰਦਰ, ਬੌਹਤ ਖ਼ੂਬਸੂਰਤ, ਬੌਹਤ ਹਸੀਨ, ਬੌਹਤ ਸੋਹਣਾ।

اجناد *ਅਜਨਾਦ* : (ਜੁਨਦ جند ਦਾ ਬੌਹਵਚਨ) ਫ਼ੌਜਾਂ, ਲਸ਼ਕਰ, ਸੈਨਾ।

اجنبی *ਅਜਨਬੀ* : ਪਰਦੇਸੀ, ਬਗਾਨਾ, ਓਪਰਾ, ਕਿਸੇ ਦੂਜੇ ਥਾਂ ਦਾ, ਨਾਵਾਕਫ਼, ਬਾਹਰਲਾ, ਨਵਾਂ, ਅਣਜਾਣ, ਗ਼ੈਰ, ਓਹ ਵਿਅਕਤੀ ਜਿਸ ਨਾਲ ਜਾਣ-ਪਛਾਣ ਨਾ ਹੋਵੇ।

اجیر *ਅਜੀਰ* : ਮਜ਼ਦੂਰ, ਮੇਹਨਤੀ।

آچار *ਆਚਾਰ* : ਪੰਜਾਬੀ ਵਿਚ ਪਰਚਲਤ ਰੂਪ ਅਚਾਰ ਹੈ।

احاد *ਅਹ਼ਾਦ* : (ਅਹ਼ਦ احد ਦਾ ਬੌਹਵਚਨ) ਇਕ, ਇਕਾਈਆਂ, ਇਕ ਤੋਂ ਨੌਂ ਤੱਕ ਦੀ ਗਿਣਤੀ ਜਾਂ ਹਿੰਦਸੇ।

احادیث *ਅਹ਼ਾਦੀਸ* : (ਹ਼ਦੀਸ حدیث ਦਾ ਬੌਹਵਚਨ) ਹਦੀਸਾਂ, ਗੱਲਾਂ, ਕਥਾਵਾਂ;

ਹਜ਼ਰਤ ਮੁਹੰਮਦ ਸਾਹਿਬ ਦੇ ਕਹੇ ਹੋਏ ਬਚਨ।

احاطه ***ਇਹਾਤ਼ਾ*** : ਘੇਰਨਾ, ਘੇਰਾ, ਵਲਗਣ, ਚਾਰਦੀਵਾਰੀ; ਸੀਮਤ ਇਲਾਕਾ।

احبا ***ਅਹਿੱਬਾ*** : (ਹਬੀਬ **حبیب** ਦਾ ਬੌਹਵਚਨ) ਯਾਰ, ਦੋਸਤ, ਮਿਤਰ।

احباب ***ਅਹਬਾਬ*** : (ਹਿੱਬ **حب** ਦਾ ਬੌਹਵਚਨ) ਬੌਹਤ ਸਾਰੇ ਦੋਸਤ, ਯਾਰ, ਵਾਕਫ਼, ਆਸ਼ਨਾ।

احتجاب ***ਇਹਤਿਜਾਬ*** : ਪਰਦਾ ਕਰਨਾ, ਪਰਦੇ ਵਿਚ ਲੁਕਣਾ, ਛੁਪਣਾ, ਓਹਲੇ ਹੋਣਾ; ਇਤਰਾਜ਼, ਹੁੱਜਤ, ਇਨਕਾਰ।

احتجاج ***ਇਹਤਿਜਾਜ*** : ਨਰਾਜ਼ਗੀ ਦਾ ਪਰਗਟਾਵਾ।

احترام ***ਇਹਤਿਰਾਮ*** : ਸਤਕਾਰ ਕਰਨਾ; ਇਜ਼ਤ, ਸਤਕਾਰ, ਮਾਣ, ਅਦਬ, ਲਿਹਾਜ਼।

احتساب ***ਇਹਤਿਸਾਬ*** : ਹਿਸਾਬ ਲੈਣਾ, ਲੇਖਾ-ਜੋਖਾ ਕਰਨਾ, ਅਨੁਮਾਨ ਲਾਉਣਾ; ਮਾਪ ਤੋਲ ਦੀ ਪਰਖ; ਅਯੋਗ ਕੰਮਾਂ ਤੋਂ ਹਟਣਾ; ਨਿਗਰਾਨੀ।

احتشام ***ਇਹਤਿਸ਼ਾਮ*** : ਸ਼ਾਨੋ-ਸ਼ੌਕਤ, ਠਾਠ-ਬਾਠ; ਦਬਦਬਾ, ਲਾਉ-ਲਸ਼ਕਰ; ਸ਼ਾਨੋ-ਸ਼ੌਕਤ ਦਾ ਮਾਲਕ ਹੋਣਾ, ਨੌਕਰਾਂ ਚਾਕਰਾਂ ਵਾਲਾ ਹੋਣਾ।

احتلام ***ਇਹਤਿਲਾਮ*** : ਸੁਫ਼ਨੇ ਵਿਚ ਵੀਰਜ ਦਾ ਨਿਕਾਸ, ਸੁਪਨ ਦੋਸ਼।

احتمال ***ਇਹਤਿਮਾਲ*** : ਸੈਹਣਾ, ਬਰਦਾਸ਼ਤ ਕਰਨਾ; ਭਾਰ ਚੁਕਣਾ; ਗੁਮਾਨ ਕਰਨਾ, ਗੁਮਾਨ ਖ਼ਿਆਲ ਕਰਨਾ; ਵੈਹਮ, ਸ਼ੱਕ, ਸੰਦੇਹ।

احتیاج ***ਇਹਤਿਯਾਜ*** : ਹਾਜਤ, ਲੋੜ, ਜ਼ਰੂਰਤ; ਹਾਜਤਮੰਦ ਹੋਣਾ, ਗ਼ਰਜ਼ਮੰਦ ਹੋਣਾ।

احتیاط ***ਇਹਤਿਯਾਤ਼*** : ਬਚਣਾ, ਪਰਹੇਜ਼ ਕਰਨਾ; ਹੁਸ਼ਿਆਰੀ, ਚੋਕਸੀ; ਬਚਾ, ਪਰਹੇਜ਼, ਖ਼ਾਸ ਖ਼ਿਆਲ, ਦੂਰ ਦ੍ਰਿਸ਼ਟੀ, ਰੋਕ ਥਾਮ, ਕਾਬੂ।

احد ***ਅਹਦ*** : ਇਕ, ਇਕੱਲਾ, ਲਾਸ਼ਰੀਕ, ਰੱਬ ਦਾ ਸਿਫ਼ਾਤੀ (ਗੁਣਾਤਮਕ) ਨਾਮ , ਐਤਵਾਰ।

احد ***ਉਹਦ*** : ਮਦੀਨੇ ਦੇ ਨੇੜੇ ਇਕ ਪਹਾੜ ਦਾ ਨਾਮ।

احدی ***ਅਹਦੀ*** : ਇਕ ਸਿਪਾਹੀ, ਫ਼ੌਜੀ, ਇਕ ਪਦਵੀ ਦਾ ਨਾਮ ਜੋ ਮੁਸਲਮਾਨ ਬਾਦਸ਼ਾਹਾਂ ਸਮੇਂ ਹੋਂਦ ਵਿਚ ਆਈ। ਬਾਦਸ਼ਾਹ ਅਕਬਰ ਦੇ ਓਹ ਮੁਲਾਜ਼ਮ ਜੇਹੜੇ ਲਗਾਨ ਵਸੂਲਣ ਦਾ ਕੰਮ ਕਰਦੇ ਸਨ; ਸੁਸਤ।

احدیت ***ਅਹਦੀਯਤ*** : ਇਕਾਈ, ਇਕ ਹੋਣਾ, ਯਕਤਾਈ, ਅਦੁੱਤੀ ਹੋਣ ਦਾ ਭਾਵ।

احرار ***ਅਹਰਾਰ*** : (ਹੁਰ **حر** ਦਾ ਬੌਹਵਚਨ) ਅਜ਼ਾਦ ਲੋਕ, ਸੁਤੰਤਰ ਲੋਕ।

احساس ***ਇਹਸਾਸ*** : ਹਿਸ ਜਾਂ ਹਰਕਤ ਦਾ ਪਤਾ ਕਰਨਾ, ਪੰਜਾਂ ਇੰਦਰਿਆਂ ਵਿਚੋਂ ਕਿਸੇ ਇਕ ਇੰਦਰੇ ਦੁਆਰਾ ਮੈਹਸੂਸ ਕਰਨਾ; ਅਨੁਭਵ ਕਰਨਾ, ਮੈਹਸੂਸ ਕਰਨਾ।

احسان ***ਇਹਸਾਨ*** : ਨੇਕੀ, ਚੰਗਾ ਸਲੂਕ, ਭਲਾਈ, ਮੇਹਰਬਾਨੀ।

احسان فراموش ***ਇਹਸਾਨ ਫ਼ਰਾਮੋਸ਼***: ਜੇਹੜਾ ਏਹਸਾਨ ਨਾ ਮੰਨੇ, ਨਾਸ਼ੁਕਰਾ, ਏਹਸਾਨ ਭੁਲਾ ਦੇਣ ਵਾਲਾ।

احسان فراموشی ***ਇਹਸਾਨ-ਫ਼ਰਾਮੋਸ਼ੀ*** : ਏਹਸਾਨ ਭੁਲਾਉਣਾ, ਏਹਸਾਨ ਨਾ ਮੰਨਣਾ।

احسان مند ***ਇਹਸਾਨ-ਮੰਦ*** : ਏਹਸਾਨ ਮੰਨਣ ਵਾਲਾ, ਸ਼ੁਕਰਗੁਜ਼ਾਰ।

احسان مندی ***ਇਹਸਾਨ-ਮੰਦੀ*** : ਏਹਸਾਨ ਮੰਨਣਾ, ਸ਼ੁਕਰ -ਗਜ਼ਾਰ ਹੋਣਾ।

احسن ***ਅਹਸਨ*** : ਬੌਹਤ ਚੰਗਾ, ਬੌਹਤ ਨੇਕ, ਸਰਬੋਤਮ, ਸਰਵਸ਼ਰੇਸ਼ਟ, ਅਤ ਸੁੰਦਰ।

احشام ***ਅਹਸ਼ਾਮ*** : (ਹੁਸ਼ਮ **حشم** ਦਾ ਬੌਹਵਚਨ) ਨੌਕਰ, ਖ਼ਿਦਮਤਗਾਰ, ਘਰੇਲੂ ਨੌਕਰ; ਇਕ ਪਰਕਾਰ ਦੀ ਫ਼ੌਜ।

احضار ***ਇਹਜ਼ਾਰ*** : ਪੇਸ਼ ਕਰਨਾ, ਬੁਲਾਉਣਾ, ਲਿਆਉਣਾ; ਤਲਬੀ ਦਾ ਹੁਕਮਨਾਮਾ; ਘੋੜਾ ਨਠਾਉਣਾ।

احقر ***ਅਹਕ਼ਰ*** : ਬੌਹਤ ਹਕੀਰ, ਅਸਲੋਂ ਤੁੱਛ, ਨਾਚੀਜ਼, ਦਾਸ, ਕਈ ਵਿਅਕਤੀ ਨਿਮਰਤਾ ਨਾਲ ਆਪਣੇ ਬਾਰੇ ਇਹ ਸ਼ਬਦ ਵਰਤਦੇ ਹਨ।

احکام ***ਅਹਕਾਮ*** : (ਹੁਕਮ **حکم** ਦਾ ਬੌਹਵਚਨ) ਫ਼ਰਮਾਨ, ਆਦੇਸ਼; ਫ਼ੈਸਲਾ, ਨਿਰਣਾ।

احکام الھی ***ਅਹ਼ਕਾਮ-ਏ-ਇਲਾਹੀ*** : ਖ਼ੁਦਾ ਦੇ ਹੁਕਮ, 'ਅਮਰ' ਤੇ 'ਨਹੀ' ਵਾਲੇ ਰੱਬੀ ਹੁਕਮ।

احمال ***ਅਹ਼ਮਾਲ*** : (ਹ਼ਮਲ **حمل** ਦਾ ਬੌਹਵਚਨ) ਪੇਟ ਦੇ ਬੱਚੇ, ਰੁੱਖ ਦੇ ਫਲ; ਕਿਆਸ, ਖ਼ਿਆਲ।

احمد ***ਅਹ਼ਮਦ*** : ਪਰਸ਼ੰਸਾਯੋਗ; ਹਜ਼ਰਤ ਮੁੰਹਮਦ ਸਾਹਿਬ ਦਾ ਸ਼ੁਭ ਨਾਮ।

احمر ***ਅਹ਼ਮਰ*** : ਬੌਹਤ ਸੁਰਖ਼, ਲਾਲ, ਰੱਤਾ; ਲੜਾਈ ਵਿਚ ਹਥਿਆਰ ਨਾ ਰੱਖਣ ਵਾਲਾ ਆਦਮੀ।

احمق ***ਅਹ਼ਮਕ਼*** : ਬੇਵਕੂਫ਼, ਮੂਰਖ, ਮੂੜ੍ਹ, ਬੇਸਮਝ, ਅਨਾੜੀ, ਗੰਵਾਰ।

احمر و ابیض ***ਅਹ਼ਮਰ-ਓ-ਅਬਯਜ਼***: ਸੁਰਖ਼ ਤੇ ਸਫ਼ੈਦ; ਸੋਨਾ ਤੇ ਚਾਂਦੀ।

احوال ***ਅਹ਼ਵਾਲ*** : (ਹ਼ਾਲ **حال** ਦਾ ਬੌਹਵਚਨ) ਹਾਲਤਾਂ, ਹਾਲਾਤ; ਹਾਲਚਾਲ, ਖ਼ੈਰ ਸੁੱਖ; ਵੱਖ ਵੱਖ ਰੂਪ, ਸਰਮਾਇਆ, ਮਾਲ ਦੌਲਤ, ਧਨ ਮਾਲ।

احیا ***ਅਹ਼ਯਾ*** : (ਹ਼ਈ **حیّ** ਦਾ ਬੌਹਵਚਨ) ਜਿਊਂਦੇ (ਲੋਕ); ਕਬੀਲੇ, ਖ਼ਾਨਦਾਨ।

احیا ***ਇਹ਼ਯਾ*** : ਜਾਨ ਪਾਉਣਾ, ਜ਼ਿੰਦਾ ਕਰਨਾ, ਪੁਨਰ ਸੁਰਜੀਤ ਕਰਨਾ, ਨਵੀਂ ਰੂਹ ਫੂਕਣਾ, ਕਿਸੇ ਚੀਜ਼ ਨੂੰ ਦੁਬਾਰਾ ਜਾਰੀ ਕਰਨ ਦੀ ਕੋਸ਼ਸ਼ ਕਰਨਾ।

احیان ***ਅਹ਼ਯਾਨ*** : (ਹ਼ੀਨ **حین** ਦਾ ਬੌਹਵਚਨ) ਸਮੇਂ, ਵਕਤ, ਜ਼ਮਾਨੇ।

احیاناً ***ਅਹ਼ਯਾਨਨ*** : ਸ਼ਾਇਦ ਕਦੀ, ਭੁੱਲ ਕੇ, ਕਿਸੇ ਵੇਲੇ; ਅਚਾਨਕ।

اخ ***ਅਖ਼*** : ਵਾਹ ਵਾਹ, ਸ਼ਾਬਾਸ਼, ਆਫ਼ਰੀਨ!

اخ ***ਅਖ਼*** : ਭਾਈ, ਭਰਾ।

اخبار ***ਅਖ਼ਬਾਰ*** : (ਖ਼ਬਰ **خبر** ਦਾ ਬੌਹਵਚਨ) ਖ਼ਬਰਾਂ; ਖ਼ਬਰਾਂ ਦੇਣ ਵਾਲਾ ਪਰਚਾ, ਦੈਨਕ ਜਾਂ ਸਪਤਾਹਕ ਅਖ਼ਬਾਰ।

اخبار نویس ***ਅਖ਼ਬਾਰ-ਨਵੀਸ*** : ਖ਼ਬਰਾਂ ਲਿਖਣ ਵਾਲਾ, ਸੰਪਾਦਕ, ਪੱਤਰਕਾਰ; ਰੋਜ਼ਨਾਮਚਾ ਲਿਖਣ ਵਾਲਾ; ਇਤਹਾਸਕਾਰ।

اخبارنویسی ***ਅਖ਼ਬਾਰ-ਨਵੀਸੀ*** : ਅਖ਼ਬਾਰ ਨਵੀਸ ਦਾ ਕੰਮ, ਪੱਤਰਕਾਰੀ।

اخت ***ਉਖ਼ਤ*** : ਭੈਣ।

اختر ***ਅਖ਼ਤਰ*** : ਤਾਰਾ, ਸਤਾਰਾ, ਝੰਡਾ।

اختراع ***ਇਖ਼ਤਿਰਾਅ਼*** : ਨਵੀਂ ਗੱਲ ਕੱਢਣਾ, ਨਵੀਂ ਕਾਢ ਕੱਢਣਾ, ਈਜਾਦ; ਨਵਾਂ ਖ਼ਿਆਲ ਪੇਸ਼ ਕਰਨਾ, ਦਿਮਾਗ਼ ਦੀ ਮੌਲਕ ਗੱਲ।

اختر شمار ***ਅਖ਼ਤਰ-ਸ਼ੁਮਾਰ*** : ਤਾਰੇ ਗਿਣਨ ਵਾਲਾ , ਨਜੂਮੀ, ਜੋਤਸ਼ੀ।

اختر شماری ***ਅਖ਼ਤਰ-ਸ਼ੁਮਾਰੀ*** ,

اختر شمردن ***ਅਖ਼ਤਰ-ਸ਼ੁਮੁਰਦਨ*** : ਤਾਰੇ ਗਿਣਨ ਦੀ ਕਿਰਿਆ, ਕਿਸੇ ਦੀ ਉਡੀਕ ਵਿਚ ਸਾਰੀ ਰਾਤ ਜਾਗਦੇ ਰੈਹਣ ਦਾ ਭਾਵ, ਬੇਚੈਨੀ ਨਾਲ ਜਾਗ ਕੇ ਰਾਤ ਕੱਟਣੀ।

اختصار ***ਇਖ਼ਤਿਸਾਰ*** : ਕੁਤਾਹੀ, ਕਮੀ, ਛੋਟਾਪਣ, ਸੰਖੇਪ, ਸਾਰ; ਸੰਖੇਪ ਕਰਨਾ, ਘੱਟ ਕਰਨਾ, ਘਟਾਉਣਾ, ਸਾਰ ਦੇਣਾ, ਬੌਹਤੇ ਭਾਵਾਂ ਨੂੰ ਥੋੜੇ ਸ਼ਬਦਾਂ ਵਿਚ ਕੈਹਣਾ।

اختصاص ***ਇਖ਼ਤਿਸਾਸ*** : ਖ਼ਾਸ ਕਰਨਾ, ਖ਼ਾਸ ਹੋਣਾ, ਵਿਸ਼ੇਸ਼ਤਾ ਰੱਖਣਾ, ਖ਼ੁਸੂਸੀ ਮਹਾਰਤ ਰਖਣਾ; ਖ਼ੂਬੀ, ਵਿਸ਼ੇਸ਼ਤਾ।

اختفاء ***ਇਖ਼ਤਿਫ਼ਾਇ, ਇਖ਼ਤਿਫ਼ਾ*** : ਛੁਪਾਉਣਾ, ਲੁਕਾਉਣਾ, ਛੁਪਣਾ, ਲੁਕਣਾ; ਛੁਪਾਉਣ ਦੀ ਕਿਰਿਆ।

اختلاط ***ਇਖ਼ਤਿਲਾਤ਼*** : ਮੇਲ-ਜੋਲ, ਮੇਲ-ਮਿਲਾਪ, ਮਿਲਣਾ, ਮਿਲਾਉਣਾ, ਖਲਤ-ਮਲਤ ਹੋਣਾ ਜਾਂ ਕਰਨਾ; ਮਿਲਾਵਟ, ਰਲਾ; ਦੀਵਾਨਗੀ, ਪਰੇਸ਼ਾਨੀ; ਸੰਭੋਗ; ਪਰਸਪਰ ਬੋਲਚਾਲ, ਗੱਲਬਾਤ, ਦੋਸਤੀ, ਯਾਰੀ, ਮਿੱਤਰਤਾ।

اختلاف ***ਇਖ਼ਤਿਲਾਫ਼*** : ਮਤਭੇਦ ਹੋਣਾ, ਅੱਡ ਅੱਡ ਰਾਏ ਰਖਣਾ; ਫ਼ਰਕ, ਅੰਤਰ, ਮਤਭੇਦ; ਵਿਰੋਧ ਕਰਨਾ, ਉਲਟ ਹੋਣਾ; ਵਿਰੋਧ, ਤਰਦੀਦ; ਅਣਬਣ, ਦੁਸ਼ਮਣੀ, ਵਿਗਾੜ।

اختلافات ***ਇਖ਼ਤਿਲਾਫ਼ਾਤ*** : ਇਖ਼ਤਿਲਾਫ਼ **اختلاف** ਦਾ ਬੌਹਬਚਨ।

اختلال ***ਇਖ਼ਤਿਲਾਲ*** : ਖ਼ਲਲ ਪੈਣਾ, ਰੁਕਾਵਟ ਪੈਣਾ; ਖ਼ਲਲ ਪਾਉਣਾ, ਰੁਕਾਵਟ

ਪਾਉਣਾ; ਨੁਕਸਾਨ ਹੋਣਾ; ਮਾੜਾ ਹੋ ਜਾਣਾ, ਕਮਜ਼ੋਰ ਹੋਣਾ।

اختیار ***ਇਖ਼ਤਿਯਾਰ*** : ਚੁਣਨਾ, ਪਸੰਦ ਕਰਨਾ, ਤਰਜੀਹ ਦੇਣਾ, ਕਿਸੇ ਇਕ ਗੱਲ ਨੂੰ ਮੰਨਣਾ, ਆਪਣੀ ਮਰਜ਼ੀ ਅਨੁਸਾਰ ਕੰਮ ਕਰਨਾ; ਮਰਜ਼ੀ, ਰਾਏ, ਪਸੰਦ, ਖ਼ੁਸ਼ੀ, ਖੁਲ੍ਹ; ਅਧਕਾਰ, ਪਦਵੀ; ਕਾਬੂ, ਤਾਕਤ, ਕਬਜ਼ਾ; ਹਕੂਮਤ।

اخذ ***ਅਖ਼ਜ਼*** : ਸ਼ੁਰੂ ਕਰਨਾ, ਸਵੀਕਾਰ ਕਰਨਾ, ਅਪਣਾਉਣਾ, ਗਰੈਹਣ ਕਰਨਾ।

اخراج ***ਇਖ਼ਰਾਜ*** : ਖ਼ਾਰਜ ਕਰਨਾ, ਕੱਢਣਾ, ਕਿਸੇ ਥਾਂ ਤੋਂ ਕੱਢ ਦੇਣ ਦਾ ਭਾਵ, ਨਿਕਾਸ; ਬਾਹਰ ਕੱਢਣਾ, ਅਲੱਗ ਕਰਨਾ, ਸ਼ੈਹਰੋਂ ਬਾਹਰ ਕਰਨਾ।

اخراجات ***ਇਖ਼ਰਾਜਾਤ*** : (ਖ਼ਰਜ **خرج** ਦਾ ਬੌਹਵਚਨ ਹੈ ਇਖ਼ਰਾਜ **اخراج** ਅਤੇ ਇਖ਼ਰਾਜ **اخراج** ਦਾ ਬੌਹਵਚਨ ਹੈ ਇਖ਼ਰਾਜਾਤ) ਖ਼ਰਚੇ।

اخروی ***ਉਖ਼ਰਵੀ*** : ਅਗਲੇ ਜਹਾਨ ਬਾਰੇ; ਪਰਲੋਕ ਦੀ ਗੱਲ।

اخطار ***ਅਖ਼ਤ਼ਾਰ*** : (ਖ਼ਤ਼ਰਾ **خطره** ਦਾ ਬੌਹਵਚਨ) ਖ਼ਤਰੇ, ਸੰਕਟ, ਬਲਾਵਾਂ।

اخطار ***ਇਖ਼ਤਾਰ*** : ਖ਼ਤਰੇ ਵਿਚ ਪੈਣਾ, ਖ਼ਤਰਾ ਮੁੱਲ ਲੈਣਾ, ਆਪਣੇ ਆਪ ਨੂੰ ਖ਼ਤਰੇ ਵਿਚ ਪਾਉਣਾ, ਬਲਾ ਸਹੇੜਨਾ।

اخفا ***ਇਖ਼ਫ਼ਾ*** : ਛੁਪਾਉਣਾ, ਲੁਕਾਉਣਾ, ਭੇਦ ਰੱਖਣਾ, ਦਿਸਣ ਨਾ ਦੇਣਾ; ਛੁਪਿਆ ਹੋਇਆ, ਲੁਕਿਆ ਹੋਇਆ।

اخگر ***ਅਖ਼ਗਰ*** : ਅੱਗ ਦਾ ਚੰਗਿਆੜਾ, ਅੰਗਿਆਰ, ਧੁਖਦਾ ਹੋਇਆ ਕੋਲਾ।

اخلا ***ਇਖ਼ਲਾ*** : ਖਾਲੀ ਕਰਨਾ, ਸੱਖਣਾ ਕਰ ਦੇਣਾ।

اخلا ***ਅਖ਼ਲਾ*** : (ਖ਼ਲੀਲ **خلیل** ਦਾ ਬੌਹਵਚਨ) ਦੋਸਤ, ਯਾਰ।

اخلاص ***ਇਖ਼ਲਾਸ*** : ਖ਼ਲੂਸ, ਖ਼ਾਲਸ, ਪਾਕ, ਸਾਫ਼; ਸੱਚੀ ਹਮਦਰਦੀ, ਪਵਿੱਤਰ ਤੇ ਸੱਚੀ ਦੋਸਤੀ ਰਖਣੀ, ਸੱਚੀ ਇਬਾਦਤ ਕਰਨਾ; ਸੱਚੀ ਲਗਨ; ਸੱਚੀ ਦੋਸਤੀ ਦਾ ਦਿਖਾਵਾ; ਵਫ਼ਾਦਾਰੀ; ਕੁਰਾਨ ਦੀ ਇਕ ਸੂਰਤ ਦਾ ਨਾਮ।

اخلاص مند ***ਇਖ਼ਲਾਸਮੰਦ*** : ਸੱਚਾ ਦੋਸਤ, ਖ਼ੈਰਖ਼ਾਹ, ਮਿੱਤਰ, ਪੱਕਾ ਦੋਸਤ।

اخلاص مندی ***ਇਖ਼ਲਾਸਮੰਦੀ*** : ਸੱਚੀ ਤੇ ਪੱਕੀ ਦੋਸਤੀ; ਪਿਆਰ, ਲਗਨ; ਵਫ਼ਾ।

اخلاط ***ਅਖ਼ਲਾਤ਼*** : (ਖ਼ਿਲਤ **خلط** ਦਾ ਬੌਹਵਚਨ) ਮਿਲਾਵਟਾਂ, ਖ਼ੁਸ਼ਬੂਦਾਰ ਮਿੱਠੀਆਂ ਦਵਾਈਆਂ; ਸਫ਼ਰਾ, ਸੌਦਾ; ਬਲਗ਼ਮ ਤੇ ਖ਼ੂਨ ਸਰੀਰ ਦੇ ਚਾਰ ਤੱਤ।

اخلاف ***ਅਖ਼ਲਾਫ਼*** : (ਖ਼ਲਫ਼ **خلف** ਦਾ ਬੌਹਵਚਨ) ਪਿੱਛੇ ਆਉਣ ਵਾਲੇ, ਮਗਰੋਂ ਆਉਣ ਵਾਲੇ, ਪੁੱਤਰ, ਬੇਟੇ, ਮਿਰਤਕ ਦੇ ਪਰਵਾਰ ਦੇ ਜੀ; ਪਿਛਲੀ ਉੱਮਤ ਵਿਚੋਂ, ਉਤਰਾਧਿਕਾਰੀ।

اخلاق ਅਖ਼ਲਾਕ਼ : (ਖ਼ੁਲਕ਼ **خلق** ਦਾ ਬੌਹਵਚਨ) ਆਦਤਾਂ, ਖ਼ਸਲਤਾਂ, ਚੰਗੀਆਂ ਆਦਤਾਂ, ਨੇਕ ਆਚਰਣ, ਚੰਗੇ ਚੱਜ-ਅਚਾਰ।

اخلاق جلالی ***ਅਖ਼ਲਾਕ਼-ਏ-ਜਲਾਲੀ***, **اخلاق محسنی** ***ਅਖ਼ਲਾਕ਼-ਏ-ਮੁਹ਼ਸਨੀ*** : ਚੱਜ ਅਚਾਰ ਉਤੇ ਲਿਖੀਆਂ ਫ਼ਾਰਸੀ ਦੀਆਂ ਦੋ ਪਰਸਿੱਧ ਪੁਸਤਕਾਂ।

اخو ***ਅਖ਼ੂ*** : ਵੇਖੋ ਅਖ਼ **اخ**।

اخوات ਅਖ਼ਵਾਤ : (ਉਖ਼ਤ **اخت** ਦਾ ਬੌਹਵਚਨ) ਭੈਣਾਂ।

اخوان ***ਇਖ਼ਵਾਨ*** : (ਅਖ਼ **اخ** ਦਾ ਬੌਹਵਚਨ) ਸਕੇ ਭਰਾ, ਸਕੇ ਭਾਈ; ਦੋਸਤ, ਮਿੱਤਰ, ਸਾਥੀ, ਸੰਗੀ।

اخوان الزمان ***ਇਖ਼ਵਾਨੁੱਜ਼ਮਾਨ*** : ਇਕੋ ਸਮੇਂ ਦੇ ਲੋਕ, ਇਕੋ ਧਰਮ ਦੇ ਅਨੁਯਾਈ, ਸੈਹਧਰਮੀ, ਸਮਕਾਲੀ।

اخوان الصفا ***ਇਖ਼ਵਾਨੁੱਸਫ਼ਾ*** : ਭਲੇ ਮਾਣਸ, ਸਵਛ ਹਿਰਦੇ ਵਾਲੇ ਆਦਮੀ, ਚੰਗੇ ਬੰਦੇ।

اخوت ***ਇਖ਼ਵਤ*** : (ਅਖ਼ **اخ** ਦਾ ਬੌਹਵਚਨ) ਭਰਾ, ਭਾਈ।

اخوت **ਉਖ਼ੂਵਤ** : ਭਰਾਤਰੀਭਾਵ, ਭਾਈਚਾਰਾ; ਬਹਾਦਰੀ; ਦੋਸਤੀ, ਮਿਤਰਤਾ।

اخون ***ਅਖ਼ੁਨ*** , **اخوند** ***ਅਖ਼ੁੰਦ*** : ਉਸਤਾਦ, ਅਧਿਆਪਕ; ਧਾਰਮਕ ਪਰਚਾਰਕ, ਭਾਸ਼ਣ ਕਲਾ ਵਿਚ ਪਰਵੀਨ।

اخیار ***ਅਖ਼ਯਾਰ*** : (ਖ਼ੈਰ خیر ਦਾ ਬੌਹਵਚਨ) ਨੇਕ ਲੋਕ, ਚੰਗੇ ਧਰਮੀ ਬੰਦੇ।

اخیر ***ਅਖ਼ੀਰ*** : ਪਿਛਲਾ, ਅਖਰੀਲਾ, ਆਖਰੀ, ਅੰਤਮ; ਹਦ।

اخیرزماں ***ਅਖ਼ੀਰ ਜ਼ਮਾਂ*** , اخیروقت ***ਅਖ਼ੀਰ ਵਕਤ*** : ਅੰਤਮ ਸਮਾਂ, ਮੌਤ ਦਾ ਵੇਲਾ।

اخیرًا ***ਅਖ਼ੀਰਨ*** : ਮੁਕਦੀ ਗੱਲ; ਅਖ਼ੀਰ ਵਿਚ, ਅੰਤ ਵਿਚ।

ادا ***ਅਦਾ*** : ਨਾਜ਼, ਅੰਦਾਜ਼, ਨਖ਼ਰਾ; ਇਸ਼ਾਰਾ, ਰਮਜ਼; ਖ਼ੂਬਸੂਰਤੀ, ਸੁੰਦਰਤਾ, ਕੋਮਲਤਾ; ਸੁਰੀਲੀ ਅਵਾਜ਼, ਉਚਾਰਨ; ਪਰਗਟਾ, ਭਾਸ਼ਣ ਕਲਾ ਵਿਚ ਪਰਵੀਣਤਾ; ਆਦਤ।

ادا ***ਅਦਾ*** : ਪੂਰਾ ਕਰਨਾ, ਦੂਜੇ ਦਾ ਹੱਕ ਪੂਰਾ ਕਰਨਾ; ਸਿਰੋਂ ਭਾਰ ਲੱਥਣਾ; ਅਦਾਇਗੀ; ਰਕਮ ਤਾਰਨਾ।

ادارہ ***ਇਦਾਰਾ*** : ਪਰਬੰਧ, ਨਿਗਰਾਨੀ, ਨਿਗਾਹਬਾਨੀ; ਮੈਹਕਮਾ, ਦਫ਼ਤਰ, ਵਿਭਾਗ, ਸੰਸਥਾ; ਕਨੂੰਨ, ਵਿਧਾਨ; ਹਕੂਮਤ, ਰਾਜ, ਰਾਜਧਾਨੀ।

ادب ***ਅਦਬ*** : ਅਕਲ, ਦਾਨਿਸ਼, ਸਿਆਣਪ; ਚੰਗਾ ਵਤੀਰਾ, ਹਰ ਚੀਜ਼ ਦੇ ਅੰਦਾਜ਼ੇ ਤੇ ਹੱਦ ਦੇ ਖ਼ਿਆਲ ਰੱਖਣ ਦਾ ਭਾਵ, ਕਿਸੇ ਦੀ ਬਜ਼ੁਰਗੀ ਜਾਂ ਵਡੱਤਣ ਦਾ ਲਿਹਾਜ਼, ਜ਼ਬਾਨ, ਸਾਹਿਤ।

ادبا ***ਉਦਬਾ*** : (ਅਦੀਬ ادیب ਦਾ ਬੌਹਵਚਨ) ਅਦਬ ਸਿਖਾਉਣ ਵਾਲੇ, ਕਵੀ ਤੇ ਵਾਰਤਾਕਾਰ ਵਿਅਕਤੀ।

ادبار ***ਇਦਬਾਰ*** : ਪਿੱਠ ਫੇਰਨਾ, ਪਿੱਠ ਵਿਖਾਉਣੀ, ਕਿਸਮਤ ਦਾ ਪਿੱਠ ਦੇ ਜਾਣਾ, ਬਦਬਖ਼ਤੀ, ਬਦਕਿਸਮਤੀ, ਮੰਦੇ ਭਾਗ, ਬਦਨਸੀਬੀ, ਮਾੜੇ ਦਿਨ; ਦਲਿੱਦਰ, ਹਾਰ, ਸ਼ਿਕਸਤ, ਗਿਰਾਵਟ, ਢੈਂਹਦੀ ਕਲਾ, ਗਰੀਬੀ।

ادبی ***ਅਦਬੀ*** : ਅਦਬ ਨਾਲ ਸਬੰਧਤ; ਸਾਹਿਤ ਨਾਲ ਸਬੰਧਤ।

ادراک ***ਇਦਰਾਕ*** : ਪਾ ਲੈਣਾ, ਸਮਝ ਲੈਣਾ, ਅਕਲ, ਸਮਝ, ਸੂਝ, ਸਿਆਣਾ ਹੋਣਾ, ਪਰਵਾਨ ਚੜ੍ਹਨਾ, ਬਾਲਗ ਹੋਣਾ; ਵੇਖਣਾ, ਪਤਾ ਕਰਨਾ।

ادریس ***ਇਦਰੀਸ*** : ਇਕ ਪੈਗ਼ੰਬਰ ਦਾ ਨਾਮ ਜਿਸ ਨੇ ਦਰਜ਼ੀ ਦਾ ਕੰਮ ਅਥਵਾ ਸਿਊਂਣਾ ਪਰੋਣਾ ਸ਼ੁਰੂ ਕੀਤਾ।

ادریس خانہ ***ਇਦਰੀਸ-ਖ਼ਾਨਾ*** : ਬਹਿਸ਼ਤ, ਸੁਵਰਗ, ਜੰਨਤ।

ادعا ***ਇੱਦਿਆ*** : ਦਾਵਾ ਕਰਨਾ, ਹੱਕ ਜਤਾਉਣਾ, ਬਾਦਲੀਲ ਗੱਲ ਕੈਹਣੀ, ਅਦਾਲਤ ਵਿਚ ਕਿਸੇ ਉੱਤੇ ਦਾਵਾ ਕਰਨਾ; ਚਾਹੁਣਾ, ਲੋਚਣਾ।

ادنیٰ ***ਅਦਨਾ*** : ਕਮੀਨਾ, ਛੋਟੇ ਦਰਜੇ ਦਾ, ਨੀਚ; ਥੋੜ੍ਹਾ, ਫ਼ਕੀਰ, ਕੰਗਾਲ, ਨਿਰਧਨ, ਗ਼ਰੀਬ; ਨਲਾਇਕ।

ادوار ***ਅਦਵਾਰ*** : (ਦੌਰ دور ਦਾ ਬੌਹਵਚਨ) ਚੱਕਰ, ਗਰਦਸ਼ਾਂ; ਸਮੇਂ, ਜ਼ਮਾਨੇ, ਯੁੱਗ, ਮੁੱਦਤਾਂ, ਅਰਸੇ।

ادویہ ***ਅਦਵੀਯਾ*** : (ਦਵਾ دوا ਦਾ ਬੌਹਵਚਨ) ਦਵਾਈਆਂ, ਗਰਮ ਮਸਾਲੇ।

ادہم ***ਅਦਹਮ*** : ਇਬਰਾਹੀਮ ਅਦਹਮ ਜੇਹੜਾ ਬਾਦਸ਼ਾਹੀ ਛੱਡ ਕੇ ਫ਼ਕੀਰ ਹੋ ਗਿਆ ਸੀ; ਕਾਲਾ ਘੋੜਾ, ਮੁਸ਼ਕੀ ਘੋੜਾ; ਕੈਦੀ ਦੇ ਪੈਰਾਂ ਵਿਚ ਪਾਉਣ ਵਾਲੀ ਬੇੜੀ।

ادیب ***ਅਦੀਬ*** : ਸਾਹਿਤ-ਸ਼ਾਸਤਰ ਜਾਣਨ ਵਾਲਾ, ਅਦਬ ਸਿਖਾਉਣ ਵਾਲਾ, ਉਸਤਾਦ; ਸਾਹਿਤਕਾਰ, ਲੇਖਕ, ਭਾਸ਼ਾ ਵਿਗਿਆਨੀ।

اذان ***ਅਜ਼ਾਨ*** : ਅਵਾਜ਼ ਦੇਣਾ, ਖ਼ਬਰਦਾਰ ਕਰਨਾ, ਕੰਨ ਵਿਚ ਅਵਾਜ਼ ਜਾਂ ਖ਼ਬਰ ਪੌਹਚਾਉਣਾ; ਨਮਾਜ਼ ਵੇਲੇ ਦੀ ਬਾਂਗ, ਮੁਰਗੇ ਦੀ ਬਾਂਗ।

اذکار ***ਅਜ਼ਕਾਰ*** : (ਜ਼ਿਕਰ ذکر ਦਾ ਬੌਹਵਚਨ) ਦੁਆਵਾਂ, ਪਰਾਰਥਨਾਵਾਂ; ਕਿੱਸੇ ਕਹਾਣੀਆਂ; ਧਾਰਮਕ ਸਿੱਖਿਆਵਾਂ।

اذکار ***ਇਜ਼ਕਾਰ*** : ਜ਼ਿਕਰ ਕਰਨਾ, ਯਾਦ ਕਰਾਉਣਾ।

اذن ***ਇਜ਼ਨ*** : ਇਜਾਜ਼ਤ, ਆਗਿਆ, ਹੁਕਮ, ਅਦੇਸ਼, ਪਰਵਾਨਗੀ।

اذن ਉਜ਼ਨ : ਕੰਨ।

اذیت ***ਅਜ਼ੀਯਤ*** : ਰੰਜ, ਦੁੱਖ, ਤਕਲੀਫ਼, ਤਸੀਹਾ, ਤੰਗੀ।

ارابا ***ਅਰਾਬਾ*** : ਛਕੜਾ, ਗੱਡਾ, ਬੈਲਗੱਡੀ, ਓਹ ਗੱਡੀ ਜਿਸ ਉੱਤੇ ਤੋਪ ਦਾ ਸਮਾਨ, ਗੋਲਾ ਬਰੂਦ ਰੱਖਦੇ ਹਨ।

ارادت ***ਇਰਾਦਤ*** : ਖ਼ਾਹਸ਼; ਅਕੀਦਾ, ਭਰੋਸਾ; ਇਰਾਦਾ ਕਰਨਾ, ਨੀਯਤ ਧਾਰਨਾ, ਚਾਹੁਣਾ, ਇੱਛਾ ਕਰਨਾ; ਮੁਰੀਦ ਹੋਣਾ; ਰੁਚੀ, ਨੀਯਤ, ਮੰਤਵ, ਇਰਾਦਾ।

ارادتِخدا ***ਇਰਾਦਤ-ਏ-ਖ਼ੁਦਾ*** : ਖ਼ੁਦਾ ਦੀ ਮਰਜ਼ੀ, ਰੱਬ ਦਾ ਭਾਣਾ।

ارادتانہ ***ਇਰਾਦਤਾਨਾ,*** **ارادتا** **ਇਰਾਦਤਨ** : ਇਰਾਦੇ ਨਾਲ, ਮਰਜ਼ੀ ਨਾਲ ਆਪਣੇ ਆਪ, ਨੀਯਤ ਨਾਲ।

اراذل ***ਅਰਾਜ਼ਿਲ*** : (ਅਰਜ਼ਲ **ارذل** ਦਾ ਬੌਹਵਚਨ) ਕਮੀਨੇ, ਨਿਕੰਮੇ ਲੋਕ, ਗੰਵਾਰ ਲੋਕ, ਨਲਾਇਕ ਆਦਮੀ, ਬੌਹਤ ਜ਼ਲੀਲ ਵਿਅਕਤੀ।

اراضی ***ਅਰਾਜ਼ੀ*** : (ਅਰਜ਼ **ارض** ਦਾ ਬੌਹਵਚਨ) ਜ਼ਮੀਨਾਂ, ਖੇਤ, ਧਰਤੀਆਂ, ਭੂਮੀਆਂ।

ارباب ***ਅਰਬਾਬ*** : (ਰਬ **رب** ਦਾ ਬੌਹ-ਵਚਨ) ਸਾਹਿਬ, ਮਾਲਕ, ਸੁਆਮੀ, ਰਈਸ ਲੋਕ।

اربابِحاجت ***ਅਰਬਾਬ-ਏ-ਹਾਜਤ*** : ਹਾਜਤਮੰਦ ਲੋਕ, ਲੋੜਵੰਦ ਬੰਦੇ, ਫ਼ਕੀਰ।

اربابِسخن ***ਅਰਬਾਬ-ਏ-ਸੁਖ਼ਨ*** : ਲੇਖਕ, ਸਾਹਿਤਕਾਰ, ਕਵੀ, ਸ਼ਾਇਰ, ਭਾਸ਼ਣ-ਕਲਾ ਵਿਚ ਪਰਵੀਣ।

اربابِصفا ***ਅਰਬਾਬ-ਏ-ਸਫ਼ਾ*** : ਸੂਫ਼ੀ ਬਜ਼ੁਰਗ, ਨੇਕ ਬੰਦੇ।

اربابِقلم ***ਅਰਬਾਬ-ਏ-ਕ਼ਲਮ*** : ਕਲਮਾਂ ਵਾਲੇ, ਮੁਨਸ਼ੀ, ਲਿਖਾਰੀ।

اربابِمعنی ***ਅਰਬਾਬ-ਏ-ਮਾਅ਼ਨੀ*** : ਖ਼ੁਦਾ- ਸ਼ਨਾਸ ਲੋਕ, ਆਰਿਫ਼ ਬੰਦੇ।

اربع/اربہ ***ਅਰਬਾ/ਅਰਬਅ਼*** : ਚਾਰ।

اربععناصر ***ਅ਼ਰਬਅ ਅ਼ਨਾਸਿਰ*** : ਚਾਰ ਤੱਤ ਅੱਗ, ਪਾਣੀ, ਮਿੱਟੀ ਤੇ ਹਵਾ।

اربعین ***ਅਰਬਈ਼ਨ*** : ਚਾਲੀ (੪੦)।

ارتباط ***ਇਰਤਿਬਾਤ਼*** : ਰਬਤ ਪੈਦਾ ਕਰਨਾ, ਸਬੰਧ ਕਾਇਮ ਕਰਨਾ, ਮਿਲਾਉਣਾ, ਬੰਨ੍ਹਣਾ, ਜੋੜ, ਮੇਲ, ਮੇਲਜੋਲ; ਦੋਸਤੀ, ਗੂੜ੍ਹੀ ਯਾਰੀ, ਮੁਹੱਬਤ, ਆਸ਼ਨਾਈ।

ارتجاج ***ਇਰਤਿਜਾਜ*** : ਹਿੱਲਣਾ, ਹਰਕਤ ਕਰਨਾ, ਕੰਬਣਾ; ਦਰਵਾਜ਼ੇ ਦਾ ਬੰਦ ਕਰਨਾ ਜਾਂ ਹੋਣਾ; ਅੰਦੋਲਨ, ਰੋਸ।

ارتحال ***ਇਰਤਿਹ਼ਾਲ*** : ਕੂਚ ਕਰਨਾ, ਸੰਸਾਰ ਤੋਂ ਚਲੇ ਜਾਣਾ, ਸਫ਼ਰ ਕਰਨਾ, ਇਕ ਥਾਂ ਤੋਂ ਦੂਜੇ ਥਾਂ ਜਾਣਾ, ਵਤਨ ਬਦਲਨਾ; ਮੌਤ ਦਾ ਆਉਣਾ; ਮੌਤ, ਚਲਾਣਾ।

ارتعاش ***ਇਰਤਿਆਸ਼*** : ਕੰਬਣਾ, ਕਾਂਬਾ, ਕਪਕਪੀ।

ارتفاع ***ਇਰਤਿਫ਼ਾਅ਼*** : ਉੱਚਾ ਹੋਣਾ, ਉਤਾਂਹ ਚੜ੍ਹਨਾ, ਚੜ੍ਹਾਈ, ਉਚਾਈ, ਬਲੰਦੀ, ਉਭਾਰ, ਤਰੱਕੀ, ਉੱਨਤੀ; ਖੁਸ਼ਹਾਲੀ।

ارتقا ***ਇਰਤਿਕ਼ਾ*** : ਚੜ੍ਹਨਾ; ਤਰੱਕੀ ਕਰਨਾ, ਉੱਨਤੀ ਕਰਨਾ; ਤਰੱਕੀ, ਉੱਨਤੀ, ਵਿਕਾਸ, ਚੜ੍ਹਤ, ਦਰਜੇ ਵਾਰ ਤਰੱਕੀ ਕਰਨਾ।

ارتقاب ***ਇਰਤਿਕ਼ਾਬ*** : ਸਵਾਰ ਹੋਣਾ, ਚੜ੍ਹਨਾ; ਗੁਨਾਹ ਕਰਨਾ, ਜੁਰਮ ਕਰਨਾ; ਨਜਾਇਜ਼ ਕੰਮ ਕਰਨਾ, ਕੰਮ 'ਚ ਹੱਥ ਪਾਉਣਾ, ਇਖ਼ਤਿਆਰ ਕਰਨਾ, ਅਮਲ ਕਰਨਾ।

ارتنگ ***ਅਰਤੰਗ*** , **ارژنگ** ***ਅਰਜ਼ੰਗ*** : ਪੂਰਵ-ਇਸਲਾਮੀ ਈਰਾਨ ਦੇ ਪਰਸਿੱਧ ਚਿੱਤਰਕਾਰ ਮਾਨੀ ਦੀ ਚਿਤਰਸ਼ਾਲਾ ਜਾਂ ਉਸ ਦੇ ਚਿੱਤਰਾਂ ਦੀ ਪਰਸਿੱਧ ਕਿਤਾਬ ਅਰਜ਼ੰਗ; ਮਾਨੀ ਦਾ ਘਰ; ਮਾਨੀ ਲਈ ਵੀ ਏਹ ਸ਼ਬਦ ਵਰਤਿਆ ਜਾਂਦਾ ਹੈ, ਇਸ ਦੇ ਦੂਜੇ ਨਾਮ ਹਨ ਅਰਸੰਗ, ਅਰਜ਼ੰਗ, ਅਰਸ਼ੰਗ।

ارج ***ਅਰਜ*** : (ਫ਼ਾਰਸੀ ਅਰਜ਼ **ارز** ਦਾ ਅਰਬੀ ਰੂਪ) ਭਾ, ਕੀਮਤ, ਮੁੱਲ, ਕਦਰ, ਮਰਤਬਾ, ਹੱਦ; ਦਰਜਾ, ਦੋ ਗਿੱਠਾਂ ਦਾ ਇਕ ਮਾਪ, ਮਾਣ, ਇੱਜ਼ਤ, ਲਿਆਕਤ; ਸ਼ਾਨੋਸ਼ੌਕਤ।

ارجمند ***ਅਰਜੁਮੰਦ*** : ਰੁਤਬੇ ਵਾਲਾ, ਕਦਰ ਵਾਲਾ, ਵੱਡੀ ਕੀਮਤ ਵਾਲਾ; ਪਿਆਰਾ, ਅਜ਼ੀਜ਼; ਬਹਾਦਰ, ਨੇਕ, ਪਤਵੰਤਾ, ਸਿਆਣਾ।

ارجمندی ***ਅਰਜੁਮੰਦੀ*** : ਸਰੇਸ਼ਟਤਾ; ਬਰਖੁਰਦਾਰੀ, ਨੇਕੀ।

ارچند ***ਅਰਚੰਦ*** : (ਹਰਚੰਦ) ਜਿਸ ਕਦਰ; ਜਿੰਨਾ ਵੀ, ਜਿੰਨਾ ਕੁਝ, ਜੋ ਕੁਝ; ਕਿੰਨਾ ਵੀ, ਕੇਹੋ ਜੇਹਾ ਵੀ।

ارچه ***ਅਰਚਿਹ*** : (ਅਗਰਚਿਹ ਦਾ ਸੰਖੇਪ) ਭਾਵੇਂ, ਖ਼ਾਹ, ਚਾਹੇ।

اردبیل ***ਅਰਦਬੀਲ*** : ਆਜ਼ਰਬਾਈਜਾਨ ਦਾ ਪਰਸਿੱਧ ਸ਼ੈਹਰ; ਇੱਕ ਪੈਹਲਵਾਨ।

اردشیر ***ਅਰਦਸ਼ੀਰ*** : ਕੈਹਰ ਤੇ ਗੁੱਸੇ ਵਾਲਾ; ਸ਼ੇਰ ਵਰਗਾ; ਈਰਾਨ ਦੇ ਸਾਸਾਨੀ ਖ਼ਾਨਦਾਨ ਦਾ ਪੈਹਲਾ ਬਾਦਸ਼ਾਹ ਜੋ ਬਹਿਮਨ ਪੁੱਤਰ ਅਸਫੰਦਯਾਰ ਦੀ ਔਲਾਦ ਵਿਚੋਂ ਸੀ, ਦਾਰਾਬ ਦਾ ਪਿਤਾ।

اردشیربابکان ***ਆਰਦਸ਼ੀਰ-ਏ-ਬਾਬਕਾਨ*** : ਅਰਦਸ਼ੀਰ-ਏ-ਅਸਫੰਦਯਾਰ ਦਾ ਪੋਤਰਾ; ਏਹ ਬਾਬਕ ਨਾਮ ਦੇ ਰਈਸ ਦਾ ਦੋਹਤਰਾ ਸੀ, ਇਸ ਲਈ ਅਰਦਸ਼ੀਰ-ਏ-ਬਾਬਕਾਨ ਨਾਮ ਨਾਲ ਮਸ਼ਹੂਰ ਹੋਇਆ।

اردو ***ਉਰਦੂ*** : ਛਾਉਣੀ; ਫੌਜ, ਲਸ਼ਕਰ; ਇਕ ਹਿੰਦੁਸਤਾਨੀ ਜ਼ਬਾਨ ਦਾ ਨਾਮ ਜੇਹੜੀ ਹਿੰਦੀ, ਫ਼ਾਰਸੀ ਤੇ ਅਰਬੀ ਦਾ ਮਿਸ਼ਰਣ ਹੈ।

اردوهمایوں ***ਉਰਦੂ-ਏ-ਹਮਾਯੂੰ*** : ਸ਼ਾਹੀ ਕੈਂਪ।

اردومعلیٰ ***ਉਰਦੂ-ਏ-ਮੁਅੱਲਾ*** : ਦਿੱਲੀ ਦੀ ਆਲ੍ਹਾ ਜ਼ਬਾਨ ਜੇਹੜੀ ਸ਼ਾਹੀ ਕਿਲ੍ਹੇ 'ਚ ਬੋਲੀ ਜਾਂਦੀ ਸੀ; ਸ਼ਾਹੀ ਜ਼ਬਾਨ।

اردوان ***ਉਰਦਵਾਨ*** : ਇਕ ਬਾਦਸ਼ਾਹ ਦਾ ਨਾਮ, ਅਰਦਸ਼ੀਰ ਉਸੇ ਦਾ ਨੌਕਰ ਸੀ ਜੋ ਆਪਣੇ ਮਾਲਕ ਨੂੰ ਮਾਰ ਕੇ ਆਪ ਬਾਦਸ਼ਾਹ ਬਣ ਬੈਠਾ ਸੀ; ਪਰਾਚੀਨ ਈਰਾਨ ਤੇ ਭਾਰਤ ਦੇ ਕਈ ਸ਼ੈਹਜ਼ਾਦਿਆਂ ਦਾ ਨਾਮ।

اردی بهشت ***ਉਰਦੀ ਬਹਿਸ਼ਤ*** : ਈਰਾਨੀਆਂ ਅਨੁਸਾਰ ਸਾਲ ਦੇ ਦੂਜੇ ਸੂਰਜੀ ਮਹੀਨੇ ਦਾ ਨਾਮ, ਜੇਹੜਾ ਬਹਾਰ ਰੁੱਤ ਵਿਚ ਆਉਂਦਾ ਹੈ ਅਤੇ ਬਿਕਰਮੀ ਸੰਨ ਦੇ ਜੇਠ ਮਹੀਨੇ ਦੇ ਮੁਤਾਬਕ ਹੈ। ਉਰਦ ਦੇ ਅਰਥ ਹਨ ਵਾਂਗੂੰ, ਵਰਗਾ, ਇਸ ਤਰ੍ਹਾਂ ਉਰਦੀ-ਬਹਿਸ਼ਤ ਦਾ ਭਾਵ ਹੈ ਬਹਿਸ਼ਤ ਵਰਗਾ ; ਹਰ ਮਹੀਨੇ ਦਾ ਤੀਜਾ ਦਿਨ; ਪੁਰਾਤਨ ਈਰਾਨੀ ਇਸ ਦਿਨ ਮੇਲਾ ਮਨਾਉਂਦੇ ਸਨ; ਪਹਾੜਾਂ ਦਾ ਦੇਵਤਾ; ਅਗਨੀ।

ارذال ***ਅਰਜ਼ਾਲ*** : (ਰਜ਼ੀਲ رذیل ਦਾ ਬੌਹਵਚਨ) ਕਮੀਨੇ ਜਾਂ ਨੀਚ ਲੋਕ, ਜ਼ਲੀਲ ਬੰਦੇ।

ارذل ***ਅਰਜ਼ਲ*** : ਬੌਹਤ ਨੀਚ, ਅਤ ਭੈੜਾ, ਹਦੋਂ ਵੱਧ ਕਮੀਨਾ।

ارز ***ਅਰਜ਼*** : ਮੁੱਲ, ਕੀਮਤ, ਕਦਰ, ਮਾਤਰਾ, ਭਾ, ਦਰ; ਇੱਜ਼ਤ, ਮਾਣ, ਸਤਕਾਰ।

ارزبازار ***ਅਰਿਜ਼-ਬਾਜ਼ਾਰ*** : ਮੰਡੀ ਦਾ ਭਾ, ਬਜ਼ਾਰੀ ਮੁੱਲ।

ارزاق ***ਅਰਜ਼ਾਕ*** (ਰਿਜ਼ਕ رزق ਦਾ ਬੌਹਵਚਨ) ਰੋਜ਼ੀਆਂ, ਦੌਲਤਾਂ, ਧਨ ਮਾਲ।

ارزاں ***ਅਰਜ਼ਾਂ*** : ਸਸਤਾ, ਥੋੜੇ ਮੁੱਲ ਦਾ, ਘੱਟ ਕੀਮਤ ਵਾਲਾ; ਯੋਗ, ਲਾਇਕ।

ارزانی ***ਅਰਜ਼ਾਨੀ*** : ਸਸਤਾਪਣ, ਬੌਹਤਾਤ, ਜ਼ਿਆਦਤੀ. ਬਖ਼ਸ਼ਸ਼ ਯੋਗ, ਖ਼ੈਰਾਤ ਲਾਇਕ; ਬਖ਼ਸ਼ਣਾ, ਖ਼ੈਰ ਦੇਣਾ।

ارزش ***ਅਰਜ਼ਿਸ਼*** : ਕੀਮਤ, ਮੁੱਲ, ਭਾ; ਯੋਗਤਾ।

ارزن ***ਅਰਜ਼ਨ*** : ਇਕ ਅਨਾਜ ਦਾ ਨਾਮ, ਚੀਨਾ; ਸ਼ੀਰਾਜ਼ ਦੇ ਨੇੜੇ ਇਕ ਪਿੰਡ ਦਾ ਨਾਮ।

ارزنده ***ਅਰਜ਼ਿੰਦਾ*** : ਕੀਮਤੀ ਸ਼ੈ, ਬੜੇ ਮੁੱਲ ਵਾਲੀ ਚੀਜ਼, ਅਮੁੱਲ ਵਸਤੂ।

ارژنگ ***ਅਰਜ਼ੰਗ*** , **ارزنگ** ***ਅਰਯੰਗ*** : ਪਰਸਿੱਧ ਈਰਾਨੀ ਚਿਤਰਕਾਰ ਮਾਨੀ ਦੀ ਚਿਤਰਸ਼ਾਲਾ, ਚਿਤਰਾਂ ਦੀ ਪੁਸਤਕ, ਅਰਤੰਗ।

ارژنگ چین ***ਅਰਯੰਗ-ਏ-ਚੀਨ*** : ਮਾਨੀ ਦਾ ਬੁੱਤਖ਼ਾਨਾ-ਏ-ਚੀਨ।

ارزیز ***ਅਰਜ਼ੀਜ਼*** : ਇਕ ਚਿੱਟੀ ਨਰਮ ਧਾਤ।

ارسال ***ਇਰਸਾਲ*** : ਭੇਜਣਾ, ਰਵਾਨਾ ਕਰਨਾ।

ارسالنامه ***ਇਰਸਾਲ-ਨਾਮਾ*** : ਬੀਜਕ।

ارسطاطلیس ***ਅਰਸਤਾਤਾਲੀਸ,***

ارسطو ***ਅਰਸਤੂ*** : ਸਿਕੰਦਰ ਬਾਦਸ਼ਾਹ ਦਾ ਵਜ਼ੀਰ ਜੋ ਯੂਨਾਨ ਦਾ ਪਰਸਿੱਧ ਹਕੀਮ ਤੇ ਫਲਸਫੀ ਸੀ। ਓਹ ਅਫ਼ਲਾਤੂਨ ਦਾ ਸ਼ਿਸ਼ ਸੀ।

ارسلان ***ਅਰਸਲਾਨ*** : ਸ਼ੇਰ; ਈਰਾਨ ਦੇ ਬਾਦਸ਼ਾਹ ਦੀ ਉਪਾਧੀ।

ارسی ***ਉਰਸੀ*** : ਜੁੱਤੀ, ਮੌਜ਼ਾ।

آرش ***ਆਰਸ਼*** : ਇਕ ਪਰਸਿੱਧ ਤੀਰ-ਅੰਦਾਜ਼ ਦਾ ਨਾਮ; ਕੈ-ਕਬਾਦ ਦੇ ਦੂਜੇ ਬੇਟੇ ਦਾ ਨਾਮ।

ارش ***ਅਰਸ਼*** : ਅੱਧਾ ਗਜ਼; ਇਕ ਸ਼ੈਹਰ ਦਾ ਨਾਮ।

ارش ***ਅਰਿਸ਼*** : ਸਿਆਣਾ, ਦਾਨਾ, ਅਕਲਮੰਦ; ਮਜਲਸ, ਸਭਾ।

ارشاد ***ਇਰਸ਼ਾਦ*** : ਸਿੱਧਾ ਮਾਰਗ ਦੱਸਣਾ, ਹੁਕਮ, ਅਦੇਸ਼।

ارشمیدش ***ਅਰਸ਼ਮੀਦਸ਼*** : ਰੂਮ ਦੇ ਇਕ ਹਕੀਮ ਦਾ ਨਾਮ ਜਿਸ ਨੇ ਸੋਨੇ ਦਾ ਖੋਟ ਤੇ ਆਮ ਚੀਜ਼ਾਂ ਦਾ ਭਾਰ ਨਿਸ਼ਚਤ ਕਰਨ ਦਾ ਅਸੂਲ ਕੱਢਿਆ।

ارشنگ ***ਅਰਸ਼ੰਗ*** : ਮਹੀਨੇ ਦੀ ੨੫ਵੀਂ (ਪੰਝੀਵੀਂ) ਤਰੀਕ।

ارصاد ***ਅਰਸਾਦ*** : (ਰਸਦ **رصد** ਦਾ ਬੌਹਵਚਨ) ਰਸਦ ਅਰਥਾਤ ਉੱਚੀ ਬਣਾਈ ਜਗ੍ਹਾ ਜਿਸ ਤੋਂ ਸਤਾਰਿਆਂ ਦੇ ਹਾਲ ਮਲੂਮ ਕੀਤੇ ਜਾਂਦੇ ਹਨ।

ارض ***ਅਰਜ਼*** : ਧਰਤੀ, ਜ਼ਮੀਨ, ਭੂਮੀ, ਭੂਮੀ-ਖੰਡ; ਦੇਸ਼, ਮੁਲਕ।

ارض‌وسما ***ਅਰਜ਼-ਉ-ਸਮਾ*** : ਧਰਤ ਤੇ ਅਕਾਸ਼।

ارضی ***ਅਰਜ਼ੀ*** : ਜ਼ਮੀਨੀ, ਜ਼ਮੀਨ ਨਾਲ ਸਬੰਧਤ, ਜ਼ਮੀਨ ਦਾ, ਧਰਤੀ ਦਾ।

ارغن ***ਅਰਗ਼ਨ***, **ارغنون** ***ਅਰਗ਼ਨੂਨ*** : ਇੱਕ ਵਾਜਾ ਜਿਸ ਦੀ ਕਾਢ ਅਫ਼ਲਾਤੂਨ ਨੇ ਕੱਢੀ ਸੀ।

ارغون ***ਅਰਗ਼ੂਨ*** : ਅਰਗਨ, ਇਕ ਵਾਜਾ।

ارغوان ***ਅਰਗ਼ਵਾਨ*** : ਇਕ ਰੁੱਖ ਜਿਸ ਦੀਆਂ ਟਾਹਣੀਆਂ ਬੌਹਤ ਪਤਲੀਆਂ ਹੁੰਦੀਆਂ ਹਨ ਅਤੇ ਜੋ ਬਹਾਰ ਵਿਚ ਲਾਲ ਫੁੱਲਾਂ ਨਾਲ ਭਰ ਜਾਂਦਾ ਹੈ, ਇਕ ਪਰਕਾਰ ਦੇ ਲਾਲ ਫੁੱਲ ਦਾ ਨਾਮ।

ارغوانی ***ਅਰਗ਼ਵਾਨੀ*** : ਅਰਗ਼ਵਾਨ ਜੇਹਾ, ਲਾਲ ਰੰਗ ਦਾ, ਸੁਰਖ।

ارفع ***ਅਰਫ਼ਅ*** : ਬੌਹਤ ਉੱਚਾ, ਸਭ ਤੋਂ ਉੱਚਾ।

ارقام ਅਰਕ਼ਾਮ : (ਰਕ਼ਮ **رقم** ਦਾ ਬੌਹਵਚਨ) ਰਕਮਾਂ, ਲਿਖਤਾਂ, ਅੰਕੜੇ।

ارقام‌هندی ***ਅਰਕ਼ਾਮ-ਏ-ਹਿੰਦੀ*** : ਗਣਤ-ਵਿੱਦਿਆ।

ارک ***ਅਰਕ***, **ارگ** ***ਅਰਗ*** : ਕਿਲ੍ਹਾ, ਗੜ੍ਹ, ਓਹ ਕਿਲ੍ਹਾ ਜਿਸ ਵਿਚ ਬਾਦਸ਼ਾਹ ਰੈਂਹਦਾ ਹੋਵੇ; ਰਾਜਧਾਨੀ; ਇਕ ਦੇਸ ਦਾ ਨਾਮ।

ارکان ***ਅਰਕਾਨ*** : (ਰੁਕਨ **رکن** ਦਾ ਬੌਹਵਚਨ) ਥੰਮ੍ਹ, ਸਤੂਨ; ਜ਼ਰੂਰੀ ਅੰਗ; ਅਮੀਰ ਵਜ਼ੀਰ, ਸ਼ਾਹੀ ਕਰਿੰਦੇ; ਚਾਰ ਭੂਤ ਜਾਂ ਤੱਤ ਅੱਗ, ਮਿੱਟੀ, ਪਾਣੀ, ਹਵਾ; ਕਿਸੇ ਸਭਾ ਦੇ ਮੈਂਬਰ।

ارکان‌دولت ***ਅਰਕਾਨ-ਏ-ਦੌਲਤ*** : ਰਾਜ ਦੇ ਵੱਡੇ ਅਧਕਾਰੀ, ਦਰਬਾਰੀ, ਸ਼ਾਹੀ ਰੁਕਨ, ਅਮੀਰ ਵਜ਼ੀਰ।

ارگ ***ਅਰਗ*** : ਅਰਕ, ਕਿਲ੍ਹਾ, ਗੜ੍ਹ।

ارگجه ***ਅਰਗਜਾ*** : ਇਕ ਖ਼ੁਸ਼ਬੂ ਦਾ ਨਾਮ ਜੋ ਸੰਦਲ, ਗ਼ੁਲਾਬ, ਮੁਸ਼ਕ ਕਾਫ਼ੂਰ, ਅੰਬਰ ਤੇ ਚੰਬੇਲੀ ਦੇ ਤੇਲ ਨੂੰ ਮਿਲਾ ਕੇ ਬਣਾਈ ਜਾਂਦੀ ਹੈ।

اِرم ***ਇਰਮ*** : ਆਦਿ ਕੌਮ ਦਾ ਵਡਾ ਵਡੇਰਾ, ਆਦਿ ਕੌਮ ਦਾ ਸ਼ੈਹਰ, ਓਹ ਬਹਿਸ਼ਤ ਦਾ ਬਾਗ਼ ਜਿਸ ਨੂੰ ਸ਼ੱਦਾਦ-ਬਿਨ-ਆਦ ਨੇ ਮੁਲਕ ਸਿੱਨਆ ਤੇ ਹਜ਼ਰਮੁਤ ਦੇ ਵਿਚਕਾਰ ਬਣਾਇਆ ਸੀ; ਬਹਿਸ਼ਤ, ਜੱਨਤ।

اَرمان ***ਅਰਮਾਨ*** : ਹਸਰਤ, ਆਰਜ਼ੂ, ਇੱਛਾ; ਚਾਹ, ਖ਼ਾਹਸ਼; ਸ਼ੋਕ, ਆਹ, ਪਸ਼ੇਮਾਨੀ, ਅਫ਼ਸੋਸ।

اُرمز ***ਉਰਮੁਜ਼*** **ارمز** ***ਉਰਮਜ਼*** : ਹਰ ਸੂਰਜੀ ਮਹੀਨੇ ਦਾ ਪੈਹਲਾ ਦਿਨ, ਮਹੀਨੇ ਦੀ ਸੰਗਰਾਂਦ, ਮਹੀਨੇ ਦੇ ਪੈਹਲੇ ਦਿਨ ਦਾ ਪਰਧਾਨ ਫਰਿਸ਼ਤਾ, ਬਿਰਹਸਪਤੀ।

ارمغان ***ਅਰਮੁਗ਼ਾਨ***, ***ਅਰਮਗ਼ਾਨ*** : ਸੁਗਾਤ, ਤੋਹਫ਼ਾ, ਨਜ਼ਰ ਨਿਆਜ਼, ਨਜ਼ਰਾਨਾ; ਅਸਧਾਰਨ ਵਸਤੂ।

ارمن ***ਅਰਮਨ***, **ارمنِستان** ***ਅਰਮਨਿਸਤਾਨ*** : ਆਜ਼ਰਬਾਈਜਾਨ ਜ਼ਿਲ੍ਹੇ ਦਾ ਪਹਾੜੀ ਇਲਾਕਾ, ਅਰਮੀਨੀਆਂ; ਇਕ ਮੁਲਕ ਦਾ ਨਾਮ ਜੇਹੜਾ ਰੋਮ, ਈਰਾਨ ਤੇ ਯੂਰਪ ਵਿਚਕਾਰ ਹੈ, ਸ਼ੀਰੀਂ ਦੀ ਜਨਮ-ਭੂਮੀ।

ارمنی ***ਅਰਮਨੀ*** : ਅਰਮਨ ਨਾਲ ਸਬੰਧਤ, ਅਰਮਨ ਦਾ ਵਾਸੀ।

ارمنیه ***ਅਰਮਨੀਯਾ*** : ਵੇਖੋ ਅਰਮਨ।

ارمینیه ***ਇਰਮੀਨੀਯਾ*** : ਇਕ ਸ਼ੈਹਰ ਦਾ ਨਾਮ ਜਿਥੇ ਪੈਹਲਾਂ ਦੁਰਖ਼ਸ਼ ਨਾਮ ਦਾ

ਅਗਨੀ-ਮੰਦਰ ਸਥਿਤ ਸੀ।

ارمیا ਅਰਮੀਯਾ, **ارمیا ਇਰਮੀਯਾ**, **ارمیا ਉਰਮੀਯਾ** : ਖ਼ਿਜ਼ਰ, ਅਲੀ, ਯੈਰੋਸ਼ਲਮ।

ارمہ ਉਰਮਾ : ਵੇਖੋ ਅਰਮੀਆ।

ارمین ਅਰਮੀਨ : ਪੂਰਵ-ਇਸਲਾਮੀ ਈਰਾਨ ਦੇ ਬਾਦਸ਼ਾਹ ਕੈ-ਕੁਬਾਦ ਦਾ ਚੌਥਾ ਪੁੱਤਰ।

ارنواز ਅਰਨਵਾਜ਼ : ਜਮਸ਼ੈਦ ਬਾਦਸ਼ਾਹ ਦੀ ਭੈਣ ਦਾ ਨਾਮ।

ارنی ਅਰਨੀ : 'ਮੈਨੂੰ ਵਿਖਾ'; ਹਜ਼ਰਤ ਮੂਸਾ ਦੇ ਓਹ ਸ਼ਬਦ ਜੇਹੜੇ ਉਸ ਨੇ ਕੋਹਤੂਰ ਉਤੇ ਗ਼ੈਬੀ ਅਵਾਜ਼ ਸੁਣ ਕੇ ਕਹੇ ਸਨ ਕਿ ਹੇ ਰਬ, ਮੈਨੂੰ ਆਪਣਾ ਆਪ ਵਿਖਾ ਤੇ ਅਗੋਂ ਉੱਤਰ ਆਇਆ ਸੀ 'ਲਨਤਰਾਨੀ' ਤੂੰ ਨਹੀਂ ਵੇਖ ਸਕਦਾ।

ارنی‌گو ਅਰਨੀ-ਗੋ : ਅਰਨੀ ਕੈਹਣ ਵਾਲਾ, ਹਜ਼ਰਤ ਮੂਸਾ, ਜਿਸ ਨੇ ਅਰਨੀ ਸ਼ਬਦ ਕਹੇ ਸਨ; ਦਰਸ਼ਨ ਦਾ ਅਭਲਾਸ਼ੀ।

ارواح ਅਰਵਾਹ਼ : (ਰੂਹ روح ਦਾ ਬੌਹਵਚਨ) ਰੂਹਾਂ, ਆਤਮਾਵਾਂ, ਫਰਿਸ਼ਤੇ।

اروپ ਅਰੂਪ **اروپا ਅਰੂਪਾ** : ਯੂਰਪ।

اره ਅੱਰਾ : ਲੱਕੜੀ ਚੀਰਨ ਦਾ ਸੰਦ, ਆਰਾ, ਦੰਦਾਂ ਦੀ ਜੜ੍ਹ।

اروند ਅਰਵੰਦ : ਮੁਲਕ ਈਰਾਨ ਵਿਚ ਇਕ ਪਹਾੜ ਦਾ ਨਾਮ ਜਿਸ ਨੂੰ 'ਅਲਵੰਦ' ਕਿਹਾ ਜਾਂਦਾ ਹੈ। ਸਮੁੰਦਰ; ਲੁਹਰਾਸਪ ਦੇ ਪਿਤਾ ਦਾ ਨਾਮ; ਸੀਸਤਾਨ ਵਿਚ ਇਕ ਚਸ਼ਮਾ।

از ਅਜ਼ : ਤੋਂ, ਦਾ, ਵੱਲੋਂ, ਰਾਹੀਂ, ਦੁਆਰਾ; ਬਦਲੇ; ਇਵਜ਼ ਵਿਚ; ਪਿਛੋਂ।

ازار ਇਜ਼ਾਰ : ਸਲਵਾਰ, ਪਜਾਮਾ।

ازاربند ਇਜ਼ਾਰਬੰਦ : ਕਮਰਬੰਦ, ਨਾਲਾ, ਨਾੜਾ।

ازالت ਇਜ਼ਾਲਤ, **ازاله ਇਜ਼ਾਲਾ** : ਜ਼ਾਇਲ ਕਰਨਾ, ਮਿਟਾਉਣਾ, ਦੂਰ ਕਰਨਾ।

ازاں ਅਜ਼ਾਂ : (ਅਜ਼+ਆਂ) ਉਸ ਤੋਂ, ਉਸ ਕੋਲੋਂ, ਉਥੋਂ।

ازانجا ਅਜ਼ਾਂਜਾ, **ازانجاکه ਅਜ਼ਾਂਜਾਕਿ** : (ਅਜ਼ਾਂ+ਆਂ+ਜਾ) ਉਸ ਥਾਂ ਤੋਂ, ਉਥੋਂ; ਇਸ ਕਾਰਣ, ਇਸ ਸਬੱਬ ਕਰਕੇ, ਇਸ ਕਰਕੇ।

ازبر ਅਜ਼ਬਰ, **ازبرم ਅਜ਼ਬਰਮ** : ਜ਼ਬਾਨੀ ਯਾਦ, ਹਿਫ਼ਜ਼।

ازبرکردن ਅਜ਼ਬਰ ਕਰਦਨ : ਜ਼ਬਾਨੀ ਯਾਦ ਕਰਨਾ, ਹਿਫ਼ਜ਼ ਕਰਨਾ।

ازبس ਅਜ਼ਬਸ : ਬੌਹਤ, ਹੱਦੋਂ ਵੱਧ; ਨਤੀਜਾ।

ازبک ਉਜ਼ਬੁਕ : (ਉਜ਼ੀ = ਆਜ਼ਾਦ + ਬੇਗ = ਸਰਦਾਰ) ਤੁਰਕਾਂ ਦੇ ਇਕ ਕਬੀਲੇ ਦਾ ਨਾਮ, ਰਈਸ, ਅਜ਼ਾਦ, ਕਿਸੇ ਕੋਲੋਂ ਨਾ ਡਰਨ ਵਾਲਾ।

ازبہر ਅਜ਼ਬਹਰ : ਲਈ, ਵਾਸਤੇ, ਜੋਗਾ।

ازپئے ਅਜ਼ ਪਏ : ਲਈ, ਵਾਸਤੇ, ਜੋਗੇ।

ازتهِ‌دل ਅਜ਼-ਤਹ-ਏ-ਦਿਲ : ਦਿਲੋਂ, ਸੱਚੇ ਦਿਲੋਂ, ਪੂਰੇ ਧਿਆਨ ਨਾਲ, ਪੂਰੀ ਰੁਚੀ ਸੇਹਤ।

از ਅਜ਼ -ਖ਼ੁਦ : ਆਪਣੇ ਆਪ।

ازخودرفته ਅਜ਼ ਖ਼ੁਦ ਰਫ਼ਤਾ : ਆਪੇ ਤੋਂ ਬਾਹਰ, ਦੀਵਾਨਾ, ਪਾਗਲ, ਬੌਲਾ, ਮਜਨੂੰ, ਬੇਹੋਸ਼, ਬੇਖ਼ੁਦ, ਮਤਵਾਲਾ।

ازدحام ਇਜ਼ਦਿਹ਼ਾਮ : ਭੀੜ, ਜਮਘਟਾ, ਲੋਕਾਂ ਦਾ ਇੱਕਠ।

ازدر ਅਜ਼ਦਰ : ਲਾਇਕ, ਯੋਗ, ਸੋਹਣਾ, ਸੁੰਦਰ।

ازدواج ਇਜ਼ਦਿਵਾਜ : ਨਿਕਾਹ ਕਰਨਾ, ਵਿਆਹੁਣਾ, ਸ਼ਾਦੀ ਕਰਨਾ; ਵਿਆਹ, ਨਿਕਾਹ, ਸ਼ਾਦੀ।

ازرق ਅਜ਼ਰਕ਼ : ਨੀਲਾ, ਅਸਮਾਨੀ; ਅਸਮਾਨ, ਅਕਾਸ਼; ਜਮਸ਼ੈਦ ਦੇ ਪਿਆਲੇ ਤੇ ਚੌਥੀ ਲਕੀਰ।

ازرق‌پوش ਅਜ਼ਰਕ-ਪੋਸ਼ : ਨੀਲੇ ਕੱਪੜੇ ਪਾਉਣ ਵਾਲਾ, ਮਲੰਗ, ਕਲੰਦਰ।

ازکیا ਅਜ਼ਕੀਆ : (ਜ਼ਕੀ زکی ਦਾ ਬੌਹਵਚਨ) ਪਾਕ, ਸਾਫ਼ ਤੇ ਸੁਥਰੇ ਲੋਕ; ਨੇਕ, ਜ਼ਹੀਨ, ਸਿਆਣੇ।

ازل ਅਜ਼ਲ : ਓਹ ਸਮਾਂ ਜਿਸ ਦਾ ਆਦਿ ਨਾ ਹੋਵੇ, ਅਬਦ ਦਾ ਵਿਪਰਿਆਏ; ਅਨਾਦੀ ਕਾਲ, ਖ਼ਲਕ ਦੇ ਪੈਦਾ ਹੋਣ ਦਾ ਦਿਨ; ਸ਼ੁਰੂ, ਅਗਾਜ਼।

ازلی ***ਅਜ਼ਲੀ*** : ਓਹ ਸ਼ੈ ਜਿਸ ਦਾ ਆਦਿ ਨਾ ਹੋਵ, ਸਦੀਵੀ, ਅਨਾਦੀ।

ازمان ***ਅਜ਼ਮਾਨ*** : (ਜ਼ਮਨ **زمن** ਦਾ ਬੌਹਵਚਨ) ਜ਼ਮਾਨੇ, ਸਮੇਂ, ਵਕਤ, ਦੌਰ, ਯੁਗ।

ازمنه ***ਅਜ਼ਮਿਨਾ*** : (ਜ਼ਮਾਨਾ **زمانه** ਦਾ ਬੌਹਵਚਨ) ਜ਼ਮਾਨੇ, ਸਮੇਂ, ਯੁਗ।

ازهار ***ਅਜ਼ਹਾਰ*** : (ਜ਼ਹਰ **زهر** ਦਾ ਬੌਹਵਚਨ) ਕਲੀਆਂ, ਸ਼ਗੂਫ਼ੇ, ਅਣਖਿੜੇ ਫੁੱਲ।

ازهر ***ਅਜ਼ਹਰ*** : ਅਤ ਚਿੱਟਾ, ਬੇਹੱਦ ਚਮਕੀਲਾ, ਰੋਸ਼ਨ, ਚਮਕਦਾਰ, ਲਿਸ਼ਕਦਾ; ਚੰਦ; ਖ਼ੂਬਸੂਰਤ; ਮਿਸਰ ਦੀ ਇਕ ਪਰਸਿੱਧ ਪਾਠਸ਼ਾਲਾ ਦਾ ਨਾਮ।

ازيرا ***ਅਜ਼ੀਰਾ*** : ਕਿਉਂਕਿ, ਕਾਰਨ ਏਹ ਕਿ।

ازيں جا ***ਅਜ਼ੀਂਜਾ*** : ਇਥੋਂ, ਇਸ ਥਾਂ ਤੋਂ; ਇਸ ਕਰਕੇ, ਇਸ ਕਾਰਨ।

اژدر ***ਅਜ਼ਦਰ*** : ਅਜਗਰ, ਵੱਡਾ ਸੱਪ, ਨਾਗ।

اژدرها ***ਅਜ਼ਦਰਹਾ*** : ਬਹਾਦਰ, ਸੂਰਮਾ।

اژدها ***ਅਜ਼ਦਹਾ*** : ਜ਼ਾਲਮ, ਜ਼ਾਲਮ ਜ਼ੋਹਾਕ ਜਿਸ ਦੇ ਮੋਢਿਆਂ ਤੇ ਨਾਗ ਸਨ; ਝੰਡੇ ਦਾ ਫਰੇਰਾ ਜਿਸ ਉਤੇ ਨਾਗ ਦਾ ਚਿੱਤਰ ਹੁੰਦਾ ਸੀ।

اژدهاک ***ਅਜ਼ਦਹਾਕ*** : ਜ਼ੋਹਾਕ ਬਾਦਸ਼ਾਹ।

اساتذه ***ਅਸਾਤਿਜ਼ਾ*** : (ਉਸਤਾਜ਼ **استاذ** ਦਾ ਬੌਹਵਚਨ) ਪੜ੍ਹਾਉਣ ਵਾਲੇ, ਅਧਿਆਪਕ ਜਨ; ਕਲਾ ਦੇ ਮਾਹਰ।

اساس ***ਅਸਾਸ*** : ਬੁਨਿਆਦ, ਨੀਂਹ, ਜੜ੍ਹ।

اسامی ਅਸਾਮੀ : (ਇਸਮ **اسم** ਦੇ ਬੌਹਵਚਨ, ਅਸਮਾ **اسماء** ਦਾ ਬੌਹਵਚਨ) ਨਾਮ, ਅਸਾਮੀਆਂ; ਲੋਕ, ਸਥਾਨ; ਵਿਅਕਤੀ, ਸ਼ਖ਼ਸ; ਕਿਸਾਨ, ਖੇਤੀ ਕਰਨ ਵਾਲੇ; ਨੌਕਰੀ, ਔਹਦਾ।

اسب ***ਅਸਬ,*** **اسپ** ***ਅਸਪ*** : ਘੋੜਾ; ਸ਼ਤਰੰਜ ਦਾ ਮੋਹਰਾ, ਘੋੜਾ, ਜੋ ਢਾਈ ਚਾਲ ਚਲਦਾ ਹੈ।

اسباب ***ਅਸਬਾਬ*** : (ਸਬੱਬ **سبب** ਦਾ ਬੌਹਵਚਨ) ਕਾਰਨ, ਸਾਧਨ, ਵਸੀਲੇ; ਜੋੜ, ਪੈਵੰਦ, ਜ਼ਰੂਰਤ ਦਾ ਸਾਮਾਨ, ਸਾਜ਼ ਸਮਾਨ, ਬੋਰੀਆ, ਬਿਸਤਰਾ।

اسباط ***ਅਸਬਾਤ਼*** : (ਸਬਤ **سبط** ਦਾ ਬੌਹਵਚਨ) ਪੋਤਰੇ, ਪੋਤਰੀਆਂ, ਦੋਹਤਰੇ, ਦੋਹਤਰੀਆਂ; ਬਨੀ-ਇਜ਼ਰਾਈਲ ਦੀ ਔਲਾਦ।

اسپهبد ***ਇਸਪਹਬੁਦ*** : ਫ਼ੌਜ ਦਾ ਸਰਦਾਰ, ਸੈਨਾਪਤੀ।

است ***ਅਸਤ*** : ਹੈ।

استا ਉਸਤਾ : (ਉਸਤਾਦ ਦਾ ਸੰਖਿਪਤ ਰੂਪ) ਜ਼ਰਤੁਸ਼ਤਾਂ ਦੀ ਧਾਰਮਕ ਪੁਸਤਕ ਦਾ ਟੀਕਾ।

استاد ***ਉਸਤਾਦ***, **استاذ** ***ਉਸਤਾਜ਼*** : ਅਧਿਆਪਕ, ਪੜ੍ਹਾਉਣ ਵਾਲਾ।

استار ***ਅਸਤਾਰ*** : ਕੋਟ, ਵਾਸਕਟ ਜਾਂ ਰਜ਼ਾਈ ਤਲਾਈ ਦਾ ਅਸਤਰ, ਅੰਦਰਸ, ਅੰਦਰਲਾ ਕੱਪੜਾ; ਖੱਚਰਾਂ।

استار ***ਅਸਤਾਰ*** : (ਸਿਤਰ **ستر** ਦਾ ਬੌਹਵਚਨ) ਪਰਦੇ, ਬੁਰਕੇ।

استاره ***ਇਸਤਾਰਾ*** : ਸਤਾਰਾ, ਤਾਰਾ; ਗੁੰਬਦ, ਮਮਟੀ; ਫੁੱਟਾ, ਰੂਲ।

استاکار ***ਉਸਤਾਕਾਰ***, **استاکر** ***ਉਸਤਾਕਰ***, **استاگر** ***ਉਸਤਾਗਰ*** : ਉਸਤਾਦ, ਕਾਰੀਗਰ।

استاکاری ***ਉਸਤਾਕਾਰੀ*** : ਉਸਤਾਦੀ, ਕਾਰੀਗਰੀ, ਮਹਾਰਤ, ਕਲਾ ਵਿਚ ਪਰਵੀਣ।

استان ***ਅਸਤਾਨ*** : ਆਸਤਾਨ, ਚੌਖਟ, ਡਿਉਢੀ, ਦਰਵਾਜ਼ਾ; ਬਜ਼ੁਰਗਾਂ ਦੀਆਂ ਕਬਰਾਂ; ਰੋਜ਼ੇ ਦਾ ਦਰਵਾਜ਼ਾ।

استانبول ***ਇਸਤਾਂਬੋਲ*** : ਤੁਰਕੀ ਦਾ ਪਰਸਿੱਧ ਸ਼ੈਹਰ ਕੁਸਤਨਤੁਨੀਆ।

استبرق ***ਇਸਤਬਰਕ*** : (ਇਸਤਬਰਕ **استبرک** ਫ਼ਾਰਸੀ ਦਾ ਅਰਬੀ ਰੂਪ) ਗਾੜ੍ਹਾ ਰੇਸ਼ਮੀ ਕੱਪੜਾ, ਮੋਟਾ ਪਟ।

استثنا ***ਇਸਤਿਸਨਾ*** : ਅੱਡ ਕਰਨਾ, ਵੱਖਰਾ ਕਰਨਾ, ਜੁਦਾ ਕਰਨਾ।

استجابت ***ਇਸਤਿਜਾਬਤ*** : ਕਬੂਲ ਕਰਨਾ, ਬੇਨਤੀ ਨੂੰ ਪਰਵਾਨ ਕਰਨਾ; ਜਵਾਬ ਦੇਣਾ, ਉੱਤਰ ਦੇਣਾ।

استحقاق ***ਇਸਤਿਹ਼ਕ਼ਾਕ਼*** : ਹੱਕਦਾਰ ਬਣਨਾ, ਹੱਕ ਮੰਗਣਾ, ਹੱਕ ਜਮਾਉਣਾ; ਯੋਗ ਹੋਣਾ, ਲਾਇਕ ਹੋਣਾ; ਹੱਕ, ਯੋਗਤਾ।

استحکام *ਇਸਤਿਹ਼ਕਾਮ* : ਮਜ਼ਬੂਤੀ, ਪਕਿਆਈ, ਪੁਖ਼ਤਗੀ; ਸ਼ਕਤੀ, ਤਾਕਤ, ਸਖ਼ਤੀ; ਦ੍ਰਿੜਤਾ।

استخراج *ਇਸਤਿਖ਼ਰਾਜ* : ਬਾਹਰ ਕੱਢਣਾ, ਖਾਰਜ ਕਰਨਾ; ਕੱਢਵਾਉਣਾ, ਨਿਕਲਵਾਉਣਾ; ਜਲਾਵਤਨੀ, ਦੇਸ਼ ਨਿਕਾਲਾ; ਬਰਾਮਦ ਕਰਨਾ; ਛਾਂਟਣਾ।

استخلاص *ਇਸਤਿਖ਼ਲਾਸ* : ਖ਼ਲਾਸੀ ਚਾਹੁਣਾ, ਅਜ਼ਾਦ ਕਰਾਉਣਾ, ਰਿਹਾ ਕਰਾਉਣਾ; ਖ਼ਲਾਸੀ, ਰਿਹਾਈ, ਛੁਟਕਾਰਾ, ਮੁਕਤੀ, ਅਜ਼ਾਦੀ।

استخوان *ਉਸਤੁਖ਼ਾਨ* : ਹੱਡੀ; ਗਿਟਕ, ਗੁਠਲੀ; ਪਿੰਜਰ;ਇਮਾਰਤ ਦੀ ਨੀਂਹ; ਨਸਲ, ਅਸਲ, ਖ਼ਾਨਦਾਨ।

استدامت *ਇਸਤਿਦਾਮਤ* : ਹਮੇਸ਼ਗੀ ਚਾਹੁਣਾ, ਸਦੀਵਤਾ ਦੀ ਇੱਛਾ; ਹਮੇਸ਼ਗੀ, ਸਦੀਵਤਾ।

استدعا *ਇਸਤਿਦੁਆ* : ਖਾਹਸ਼, ਚਾਹੁਣਾ, ਤਲਬ, ਦਾਵਾ।

استدلال *ਇਸਤਿਦਲਾਲ* : ਦਲੀਲ ਦੇਣਾ, ਤਨਕੀਹ ਕੱਢਣਾ, ਦਲੀਲ ਜਾਂ ਸਬੂਤ ਮੰਗਣਾ; ਸਬੂਤ, ਦਲੀਲ; ਵਿਖਾਵਾ।

استر *ਅਸਤਰ* : ਖੱਚਰ; ਓਹ ਚੌਪਾਇਆ ਜੇਹੜਾ ਘੋੜੀ ਤੇ ਖੋਤੇ ਦੇ ਮੇਲ ਤੋਂ ਪੈਦਾ ਹੁੰਦਾ ਹੈ, ਪੈਹਲਾਂ ਪੈਹਲ ਓਹ ਨਸਲ ਫ਼ਰਔਨ ਨੇ ਪੈਦਾ ਕਰਵਾਈ ਸੀ, ਕੋਟ ਆਦਿ ਦਾ ਅੰਦਰਲਾ ਕੱਪੜਾ।

استرآباد *ਅਸਤਰਾਬਾਦ* : ਈਰਾਨ ਦੇ ਉੱਤਰ ਵੱਲ ਕੈਸਪੀਅਨ ਝੀਲ ਦੇ ਨੇੜੇ ਇਕ ਸ਼ੈਹਰ ਦਾ ਨਾਮ।

استراحت *ਇਸਤਿਰਾਹ਼ਤ* : ਅਰਾਮ ਕਰਨਾ; ਅਰਾਮ ਚਾਹੁਣਾ, ਸੁਖ ਚਾਹੁਣਾ; ਸੁਖ, ਅਰਾਮ, ਚੈਨ, ਰਾਹਤ।

استره *ਉਸਤਰਾ* : ਵਾਲ ਮੁੰਨਣ ਦਾ ਔਜ਼ਾਰ।

استسقا *ਇਸਤਿਸਕ਼ਾ* : ਪਾਣੀ ਮੰਗਣਾ; ਮੀਂਹ ਲਈ ਬੇਨਤੀ ਕਰਨਾ; ਤੇਹ, ਪਿਆਸ, ਇਕ ਰੋਗ, ਜਿਸ ਵਿਚ ਤੇਹ ਬੌਹਤ ਲਗਦੀ ਹੈ ਤੇ ਪੇਟ ਵਧਦਾ ਰੈਂਹਦਾ ਹੈ; ਜਲੋਦਰ ਦਾ ਰੋਗ।

استظهار *ਇਸਤਿਜ਼ਹਾਰ* : ਮਦਦ ਮੰਗਣਾ; ਪਨਾਹ ਢੂੰਡਣਾ; ਸਹਾਇਤਾ ਮੰਗਣਾ, ਮੱਦਦ, ਪਨਾਹ, ਸਹਾਇਤਾ; ਜ਼ਬਾਨੀ ਯਾਦ ਕਰਨਾ।

استعاره *ਇਸਤਿਆ਼ਰਾ* : ਮੰਗ ਲੈਣਾ, ਉਧਾਰ ਮੰਗਣਾ, ਉਧਾਰ ਲੈਣਾ, ਕਿਸੇ ਚੀਜ਼ ਦਾ ਆਰਜ਼ੀ ਤੌਰ ਤੇ ਲੈਣਾ; ਹਕ਼ੀਕ਼ੀ ਤੇ ਮਜਾਜ਼ੀ ਅਰਥਾਂ ਵਿਚ ਉਪਮਾ ਦਾ ਸਬੰਧ ਹੋਣਾ; ਅਸਲ ਦਾ ਅਰਥ ਮਜਾਜ਼ ਨੂੰ ਦੇਣਾ; ਰੂਪਕ ਅਲੰਕਾਰ।

استعانت *ਇਸਤਿਆ਼ਨਤ* : ਸਹਾਇਤਾ, ਮਦਦ, ਸਹਾਇਤਾ ਲੈਣਾ; ਮੱਦਦ ਮੰਗਣਾ।

استعجاب *ਇਸਤਿਅ਼ਜਾਬ* : ਤਅੱਜਬ, ਅਸਚਰਜ, ਅਚੰਭਾ; ਤਅੱਜਬ ਕਰਨਾ, ਹੈਰਾਨੀ ਪਰਗਟ ਕਰਨਾ, ਹੈਰਾਨ ਹੋਣਾ।

استعداد *ਇਸਤਿਅ਼ਦਾਦ* : ਵਿਦਵਤਾ, ਲਿਆਕਤ, ਯੋਗਤਾ, ਜ਼ਹਾਨਤ, ਕੁਦਰਤੀ ਸੂਝ-ਬੂਝ; ਮਹਾਰਤ, ਨਿਪੁੰਨਤਾ; ਤਿਆਰ ਹੋਣਾ, ਤਿਆਰੀ ਕਰਨਾ।

استعمال *ਇਸਤਿਅ਼ਮਾਲ* : ਵਰਤੋਂ, ਅਮਲ; ਅਮਲ ਕਰਨਾ, ਕੰਮ ਵਿਚ ਲਿਆਉਣਾ; ਵਰਤਣਾ।

استغاثه *ਇਸਤਿਗ਼ਾਸਾ* : ਨਿਆਂ ਚਾਹੁਣਾ, ਫ਼ਰਿਆਦ ਕਰਨਾ, ਅਰਜ਼ੀ ਦੇਣਾ, ਮੁਕੱਦਮਾ ਕਰਨਾ, ਸ਼ਿਕਾਇਤ, ਮੁਕੱਦਮਾ, ਦਾਦ ਫ਼ਰਿਆਦ।

استغفار *ਇਸਤਿਗ਼ਫ਼ਾਰ* : ਤੋਬਾ ਕਰਨਾ, ਮਾਫ਼ੀ ਮੰਗਣਾ, ਗੁਨਾਹਾਂ ਦੀ ਮਾਫ਼ੀ ਚਾਹੁਣਾ; ਰੈਹਮ, ਮੇਹਰ, ਬਖਸ਼ਸ਼।

استغفرالله *ਇਸਤਿਗ਼ਫ਼ਿਰੁੱਲਾ* : ਮੈਂ ਰੱਬ ਪਾਸੋਂ ਮਾਫ਼ੀ ਮੰਗਦਾ ਹਾਂ, ਰੱਬ ਮੈਨੂੰ ਮੁਆ਼ਫ਼ ਕਰੇ; ਤੋਬਾ, ਮੇਰੀ ਤੋਬਾ; ਨਹੀਂ ਬਿਲਕੁਲ ਨਹੀਂ; ਇਸ ਦੇ ਉਲਟ: ਇਸ ਦੇ ਪਰਵੀਨ।

استغنا *ਇਸਤਿਗ਼ਨਾ* : ਬੇਪਰਵਾਹੀ, ਬੇਨਿਆਜ਼ੀ, ਬੇਫ਼ਿਕਰੀ; ਬੇਨਿਆਜ਼ ਹੋਣਾ, ਕਿਸੇ ਚੀਜ਼ ਦੀ ਲੋੜ ਨਾ ਹੋਣਾ।

استفسار *ਇਸਤਿਫ਼ਸਾਰ,*
استفهام *ਇਸਤਿਫ਼ਹਾਮ* : ਪੁੱਛਣਾ, ਪੁੱਛ-ਗਿੱਛ ਕਰਨਾ; ਪੁੱਛ-ਗਿੱਛ, ਜਵਾਬ

تਲਬੀ; ਤਫ਼ਤੀਸ਼; ਸੂਚਨਾ ਲੈਣਾ।

استفاده ***ਇਸਤਿਫ਼ਾਦਾ*** : ਨਫ਼ਾ, ਲਾਭ, ਫ਼ਾਇਦਾ, ਪਰਾਪਤੀ; ਫਾਇਦਾ ਉਠਾਉਣਾ, ਫੈਜ਼ ਹਾਸਲ ਕਰਨਾ, ਲਾਭ ਲੈਣਾ।

استقبال ***ਇਸਤਿਕ਼ਬਾਲ*** : ਸੁਆਗਤ ਕਰਨਾ, ਅਗਾਂਹ ਜਾਣਾ, ਸਾਮ੍ਹਣਾ ਕਰਨਾ, ਸੁਆਗਤ, ਸਤਕਾਰ ਨਾਲ ਅੱਗੇ ਹੋ ਕੇ ਮਿਲਣਾ, ਭਵਿੱਖਕਾਲ।

استقرار ***ਇਸਤਿਕ਼ਰਾਰ*** : ਠੈਹਰਨਾ, ਕਰਾਰ ਫੜਨਾ, ਕਾਇਮ ਹੋਣਾ, ਅਰਾਮ ਕਰਨਾ; ਪੁਸ਼ਟੀ।

استقلال ***ਇਸਤਿਕ਼ਲਾਲ*** : ਦ੍ਰਿੜਤਾ, ਪਕਿਆਈ, ਮਜ਼ਬੂਤੀ, ਅਡੋਲਤਾ; ਅਜ਼ਾਦੀ, ਸੁਤੰਤਰਤਾ।

استماع ***ਇਸਤਿਮਾਅ*** : ਧਿਆਨ ਨਾਲ ਸੁਣਨਾ, ਕੰਨ ਧਰਨਾ; ਖ਼ਬਰ; ਅਫ਼ਵਾਹ।

استمداد ***ਇਸਤਿਮਦਾਦ*** : ਮੱਦਦ ਮੰਗਣਾ, ਸਹਾਇਤਾ ਚਾਹੁਣਾ।

استمزاج ***ਇਸਤਿਮਜ਼ਾਜ*** : ਮਿਜ਼ਾਜ ਪੁੱਛਣਾ ਖ਼ਬਰ ਸਾਰ ਲੈਣਾ; ਹਾਲ ਚਾਲ ਪੁੱਛਣਾ, ਰਾਏ ਪੁੱਛਣੀ, ਮਰਜ਼ੀ ਪੁੱਛਣੀ।

استوا ***ਇਸਤਿਵਾ*** : ਬਰਾਬਰ ਹੋਣਾ, ਸਿੱਧਾ ਤੇ ਪੱਧਰਾ ਹੋਣਾ; ਇਕਸਾਰਤਾ, ਬਰਾਬਰੀ, ਹਮਵਾਰੀ, ਪਧਰਾਪਣ; ਭੁਗੋਲ ਵਿਚ ਓਹ ਫਰਜ਼ੀ ਲਕੀਰ ਜੋ ਦੋਹਾਂ ਕੁਤਬਾਂ ਤੋਂ ਬਰਾਬਰ ਦੇ ਫ਼ਾਸਲੇ ਤੇ ਧਰਤ ਦੇ ਐਨ ਵਿਚਕਾਰ ਪੂਰਬ ਤੋਂ ਪੱਛਮ ਨੂੰ ਜਾਂਦੀ ਹੈ ਤੇ ਧਰਤ ਨੂੰ ਦੋ ਬਰਾਬਰ ਭਾਗਾਂ ਵਿਚ ਵੰਡਦੀ ਹੈ। ਜਿਨ੍ਹਾਂ ਮੁਲਕਾਂ 'ਚੋ ਏਹ ਲਕੀਰ ਲੰਘਦੀ ਹੈ ਉਥੇ ਸੂਰਜ ਦੀਆਂ ਕਿਰਨਾਂ ਸਿੱਧੀਆਂ ਪੈਂਦੀਆਂ ਹਨ ਜਿਸ ਸਦਕਾ ਉਥੇ ਗਰਮੀ ਬੋਹਤੀ ਪੈਂਦੀ ਹੈ ਅਤੇ ਬਾਰਸ਼ ਭੀ ਜ਼ਿਆਦਾ ਹੁੰਦੀ ਹੈ।

استوار ***ਉਸਤਵਾਰ*** : ਪੱਕਾ, ਮਜ਼ਬੂਤ, ਠੋਸ, ਨਿੱਗਰ, ਪਾਏਦਾਰ; ਸੱਚਾ, ਵਫ਼ਾਦਾਰ, ਭਰੋਸੇਯੋਗ; ਦ੍ਰਿੜ, ਧਰਮ ਵਿਚ ਪੱਕਾ; ਵਿਸ਼ਵਾਸ, ਯਕੀਨ; ਇਕਸਾਰਤਾ, ਪੂਰਨਤਾ।

استواری ***ਉਸਤਵਾਰੀ*** : ਮਜ਼ਬੂਤੀ, ਪਕਿਆਈ, ਦ੍ਰਿੜਤਾ।

استیصال ***ਇਸਤੀਸਾਲ*** : ਜੜ੍ਹੋਂ ਪੁੱਟਣਾ, ਬੀਜ ਨਾਸ ਕਰਨਾ, ਖੁਰਾ ਖੋਜ ਮਿਟਾਉਣਾ, ਬਰਬਾਦ ਕਰਨਾ।

استیلا ***ਇਸਤ਼ੀਲਾ*** : ਗ਼ਲਬਾ, ਦਬਦਬਾ, ਫ਼ਤੇਹ; ਪੂਰਨ ਅਧਕਾਰ; ਕਾਬੂ ਰੱਖਣਾ।

اسحاق ***ਇਸਹ਼ਾਕ਼*** : ਇਕ ਪਰਸਿੱਧ ਪੈਗ਼ੰਬਰ ਦਾ ਨਾਮ ਜੋ ਹਜ਼ਰਤ ਇਬਰਾਹੀਮ ਦੇ ਪੁੱਤਰ ਸਨ ਅਤੇ ਓਹਨਾਂ ਦੀ ਮਾਤਾ ਦਾ ਨਾਮ ਸੀ ਸਾਰਾਹ। ਯਾਕੂਬ ਓਹਨਾਂ ਦੇ ਹੀ ਪੁਤਰ ਸਨ; ਜਿਨ੍ਹਾਂ ਦੀ ਨਸਲ ਤੋਂ ਯਹੂਦੀ ਕੌਮ ਜਾਂ ਬਨੀਇਸਰਾਈਲ ਹੋਈ।

اسد ***ਅਸਦ*** : ਸ਼ੇਰ; ਸਿੰਘ ਰਾਸ਼ੀ, ਇਕ ਅਸਮਾਨੀ ਬੁਰਜ ਦਾ ਨਾਮ।

اسرار ***ਅਸਰਾਰ*** : (ਸਿੱਰ **سر** ਦਾ ਬੌਹਵਚਨ) ਭੇਦ, ਰਾਜ਼, ਰਹੱਸ, ਗੁਪਤ ਗੱਲਾਂ।

اسراف ***ਇਸਰਾਫ਼*** : ਫ਼ਜ਼ੂਲ ਖ਼ਰਚੀ, ਪੈਸਾ ਐਂਵਾਈ ਖਰਚਣਾ, ਪੈਸਾ ਜ਼ਾਇਆ ਕਰਨਾ, ਵਾਧੂ ਖ਼ਰਚ।

اسرافیل ***ਇਸਰਾਫ਼ੀਲ*** : ਇਕ ਫਰਿਸ਼ਤਾ ਜੇਹੜਾ ਕਿਆਮਤ ਵਾਲੇ ਦਿਨ ਆਖਰੀ ਵਾਰ ਨਰਸਿੰਘਾ ਵਜਾਏਗਾ ਜਿਸ ਨੂੰ ਸੁਣ ਕੇ ਸਾਰੇ ਮੁਰਦੇ ਕਬਰਾਂ ਵਿਚੋਂ ਉਠ ਖਲੋਣਗੇ।

اسرائیل ***ਇਸਰਾਈਲ*** : ਰਾਤ ਨੂੰ ਆਉਣ ਵਾਲਾ, ਹਜ਼ਰਤ ਯਾਕੂਬ ਦਾ ਦੂਸਰਾ ਨਾਮ, ਕਿਉਂਕਿ ਓਹ ਰਾਤ ਨੂੰ ਪੈਦਾ ਹੋਏ ਸਨ; ਰੱਬ ਦਾ ਭੇਜਿਆ ਹੋਇਆ, ਰੱਬ ਦਾ ਚੁਣਿਆ ਹੋਇਆ।

اسس ***ਅਸਸ*** : ਨੀਂਹ।

اسطرلاب ***ਉਸਤੁਰਲਾਬ*** : ਇਕ ਸੰਦ ਜਿਸ ਨਾਲ ਸਤਾਰਿਆਂ ਦਾ ਫ਼ਾਸਲਾ, ਉਚਾਈ, ਮਕਾਮ, ਰਫ਼ਤਾਰ ਤੇ ਓਹਨਾਂ ਦੇ ਗੇੜ ਮਲੂਮ ਕੀਤੇ ਜਾਂਦੇ ਹਨ।

اسطوان ***ਉਸਤੁਵਾਨ***, **اسطوانہ** ***ਉਸਤੁਵਾਨਾ*** : ਥੰਮ੍ਹ, ਸਤੂਨ, ਖੰਭਾ, ਥੰਮ੍ਹਲਾ; ਚੌਪਾਏ ਦੀ ਇਕ ਲੱਤ।

اسفل ***ਅਸਫ਼ਲ*** : ਸਭ ਤੋਂ ਵੱਧ ਜ਼ਲੀਲ, ਅਤ ਨੀਚ, ਹੱਦੋਂ ਵੱਧ ਕਮੀਨਾ, ਸਭ ਤੋਂ ਨੀਵੇਂ ਦਰਜੇ ਦਾ।

اسفنج ***ਇਸਫ਼ੰਜ*** : (ਅਸਪੰਜ **اسپنج** ਦਾ

ਅਰਬੀ ਰੂਪ) ਸਪੰਜ।

اسفندیار ***ਇਸਫ਼ੰਦਯਾਰ*** : ਈਰਾਨ ਦੇ ਬਾਦਸ਼ਾਹ ਗੁਸ਼ਤਾਸਪ ਦਾ ਪੁੱਤਰ ਜੋ ਬੜਾ ਬਹਾਦਰ ਤੇ ਤਾਕਤਵਰ ਸੀ। ਗੁਸ਼ਤਾਸਪ ਨੇ ਉਸ ਨੂੰ ਇਸ ਡਰ ਤੋਂ ਕਿ ਕਿਧਰੇ ਉਸ ਦਾ ਤਖ਼ਤ ਨਾ ਖੋਹ ਲਵੇ, ਰੁਸਤਮ ਨਾਲ ਲੜਵਾ ਦਿੱਤਾ ਤੇ ਉਸ ਨਾਲ ਲੜਾਈ ਵਿਚ ਇਸਫ਼ੰਦਯਾਰ ਮਾਰਿਆ ਗਿਆ। ਗੁਸ਼ਤਾਸਪ ਪਿੱਛੋਂ ਇਸਫ਼ੰਦਯਾਰ ਦਾ ਪੁੱਤਰ ਬਹਿਮਨ ਤਖ਼ਤ ਉਤੇ ਬੈਠਾ; ਰੱਬ ਦੀ ਮੇਹਰਬਾਨੀ, ਰੱਬੀ ਤਾਕਤ।

اسقاط ***ਇਸਕ਼ਾਤ*** : ਡੇਗਣਾ, ਡਿਗ ਪੈਣਾ।

اسقاط حمل ***ਇਸ਼ਕਾਤ-ਏ-ਹ਼ਮਲ*** : ਹਮਲ ਡਿਗਣਾ ਜਾਂ ਡੇਗਣਾ, ਗਰਭਪਾਤ।

اسقام ***ਅਸਕ਼ਾਮ*** : (ਸਕ਼ਮ **سقم** ਦਾ ਬੌਹਵਚਨ) ਬੀਮਾਰੀਆਂ, ਕਮਜ਼ੋਰੀਆਂ, ਦੁੱਖ, ਮੁਸੀਬਤਾਂ, ਐਬ, ਬੁਰਾਈਆਂ, ਨੁਕਸ।

اسقلیبوس ***ਉਸਕ਼ਲੀਬੂਸ*** : ਇਕ ਪਰਸਿੱਧ ਯੂਨਾਨੀ ਹਕੀਮ ਦਾ ਨਾਮ ਜੋ ਹਕੀਮ ਬੁਕਰਾਤ ਦਾ ਉਸਤਾਦ ਸੀ।

اسکندر ***ਇਸਕੰਦਰ, ਅਸਕੰਦਰ*** : ਵੇਖੋ ਸਕੰਦਰ।

اسکندرآباد ***ਇਸਕੰਦਰਾਬਾਦ, ਅਸਕੰਦਰਾਬਾਦ*** : ਪੂਰਬੀ ਈਰਾਨ ਦਾ ਇਕ ਸ਼ੈਹਰ ਜਿਸ ਦੀ ਬੁਨਿਆਦ ਸਕੰਦਰ ਨੇ ਰੱਖੀ ਸੀ।

اسکندریه ***ਇਸਕੰਦਰੀਯਾ*** : ਉੱਤਰੀ ਮਿਸਰ ਵਿਚ ਸਕੰਦਰ ਦਾ ਅਬਾਦ ਕੀਤਾ ਹੋਇਆ ਇਕ ਸ਼ੈਹਰ, ਏਹ ਮਿਸਰ ਦੀ ਪਰਸਿੱਧ ਬੰਦਰਗਾਹ ਹੈ, ਸਕੰਦਰ ਦੇ ਨਾਮ ਨਾਲ ਸਬੰਧਤ; ਸੋਲਾਂ ਸ਼ੈਹਰ ਇਸੇ ਨਾਮ ਦੇ ਮਿਲਦੇ ਹਨ।

اسلاف ***ਅਸਲਾਫ਼*** : (ਸਲਫ਼ **سلف** ਦਾ ਬੌਹਵਚਨ) ਪਿਛਲੇ ਸਮਿਆਂ ਦੇ ਲੋਕ; ਵੱਡੇ ਵਡੇਰੇ, ਬਜ਼ੁਰਗ, ਪੁਰਖੇ।

اسلام ***ਇਸਲਾਮ*** : ਰੱਬ ਦੀ ਰਜ਼ਾ ਵਿਚ ਸਿਰ ਝੁਕਾਉਣਾ, ਤਾਬੇਦਾਰੀ ਕਰਨਾ, ਰੱਬ ਦੀ ਰਜ਼ਾ ਵਿਚ ਰਾਜ਼ੀ ਰੈਹਣਾ; ਹਜ਼ਰਤ ਮੁਹੰਮਦ ਸਾਹਿਬ ਦਾ ਚਲਾਇਆ ਧਰਮ, ਇਸਲਾਮ; ਆਗਿਆ ਦਾ ਪਾਲਣ ਕਰਨਾ।

اسلامبول ***ਇਸਲਾਮਬੋਲ*** : ਤੁਰਕੀ ਦੀ ਪੁਰਾਣੀ ਰਾਜਧਾਨੀ, ਇਸ ਨੂੰ ਕ਼ੁਸਤਨਤੁਨੀਆ ਤੇ ਕਾਨਸਟੈਂਟੀਨੋਪਲ ਵੀ ਆਖਦੇ ਹਨ, ਏਹ ਬੌਹਤ ਸੁੰਦਰ ਸ਼ੈਹਰ ਤੇ ਬੰਦਰਗਾਹ ਹੈ।

اسلحه ***ਇਸਲਿਹ਼ਾ*** : (ਸਿਲਾਹ਼ **سلاح** ਦਾ ਬੌਹਵਚਨ) ਜੰਗੀ ਹਥਿਆਰ, ਜੰਗ ਦੇ ਸ਼ਾਸਤਰ।

اسلم ***ਅਸਲਮ*** : ਵਧੇਰੇ ਸੁਰਖਿਅਤ ਥਾਂ, ਬੌਹਤ ਬਚਿਆ ਹੋਇਆ; ਸੱਪ ਦਾ ਡੱਸਿਆ ਹੋਇਆ।

اسلوب ***ਉਸਲੂਬ, ਅਸਲੂਬ*** : ਤੌਰ, ਢੰਗ, ਚਾਲ-ਢਾਲ, ਤਰਜ਼, ਰਾਹ ਰਸਮ, ਸ਼ਕਲ, ਰੂਪ।

اسم ***ਇਸਮ*** : ਨਾਮ, ਕਿਸੇ ਵਿਅਕਤੀ ਜਾਂ ਪਦਾਰਥ ਦਾ ਨਾਮ; ਵਿਆਕਰਨ ਵਿਚ ਨਾਂਵ।

اسم اعظم ***ਇਸਮ-ਏ-ਆਜ਼ਮ*** : ਉੱਚਾ ਸਤਕਾਰਯੋਗ ਨਾਮ; ਰੱਬ ਦਾ ਨਾਂ, ਅੱਲਾਹ।

اسم بامسما ***ਇਸਮ-ਏ-ਬਾ-ਮੁਸੱਮਾ*** : ਨਾਮ ਦੇ ਯੋਗ, ਆਪਣੇ ਨਾਮ ਦੀ ਯੋਗਤਾ ਵਾਲਾ, ਜੈਸਾ ਨਾਮ ਤੈਸਾ ਗੁਣ; ਓਹ ਵਿਅਕਤੀ ਜਿਸ ਦਾ ਨਾਉਂ ਉਸ ਦੇ ਗੁਣਾਂ ਨੂੰ ਠੀਕ ਠੀਕ ਸਾਬਤ ਕਰੇ।

اسم حق ***ਇਸਮ-ਏ-ਹ਼ੱਕ*** : ਖ਼ੁਦਾ ਦਾ ਨਾਮ, ਨਬੀਆਂ ਤੇ ਵਲੀਆਂ ਦੀ ਜ਼ਾਤ।

اسم ورسم ***ਇਸਮ-ਉ-ਰਸਮ*** : ਇੱਜ਼ਤ, ਮਾਣ, ਸਤਕਾਰ; ਪਰਸਿੱਧੀ, ਸ਼ੋਹਰਤ।

اسما ਅਸਮਾ : (ਇਸਮ **اسم** ਦਾ ਬੌਹਵਚਨ) ਬੌਹਤ ਨਾਮ।

اسماع ਅਸਮਾਅ : (ਸਮਅ **سمع** ਦਾ ਬੌਹਵਚਨ) ਕੰਨ।

اسماع ***ਇਸਮਾਅ*** : ਸੁਣਾਉਣਾ, ਗਾਣਾ ਸੁਣਾਉਣਾ; ਗਾਲ੍ਹਾਂ ਦੇਣਾ, ਮੰਦਾ ਬੋਲਣਾ, ਬੁਰਾ ਭਲਾ ਕੈਹਣਾ; ਪਰਵਾਨ ਕਰਨਾ, ਮਨਜ਼ੂਰੀ ਦੇਣਾ।

اسماعیل ***ਇਸਮਾਈਲ*** : ਹਜ਼ਰਤ ਇਬਰਾਹੀਮ ਦੇ ਵੱਡੇ ਪੁੱਤਰ ਦਾ ਨਾਮ, ਜੋ ਹਜ਼ਰਤ ਹਾਜਰਾ ਦੀ ਕੁੱਖ ਤੋਂ ਪੈਦਾ ਹੋਇਆ ਸੀ, 'ਕਾਅਬਾ' ਦੀ ਇਮਾਰਤ ਇਸੇ ਨੇ ਬਣਾਈ ਸੀ। ਹਜ਼ਰਤ ਮੁਹੰਮਦ ਸਾਹਿਬ ਉਸੇ ਦੀ ਔਲਾਦ ਵਿਚੋਂ ਸਨ।

اسماعیلیه ***ਇਸਮਾਈਲੀਯਾ***

اسماعیلیت, ਇਸਮਾਈਲੀਯਤ : ਮੁਸਲਮਾਨਾਂ ਦੇ ਇਕ ਫ਼ਿਰਕੇ (ਸੰਪਰਦਾਏ) ਦਾ ਨਾਮ, ਹਜ਼ਰਤ ਇਮਾਮ ਇਸਮਾਈਲ ਨਾਲ ਸਬੰਧਤ।

اسمی ਇਸਮੀ : ਨਾਮ ਨਾਲ ਸਬੰਧਤ, ਰਸਮੀ, ਨਾਮ ਮਾਤਰ, ਮਮੂਲੀ, ਸਧਾਰਨ।

اسناد ਅਸਨਾਦ : (ਸਨਦ سند ਦਾ ਬੌਹਵਚਨ) ਸਨਦਾਂ, ਸਰਟੀਫ਼ਿਕੇਟ, ਦਸਤਾਵੇਜ਼ਾਂ, ਪਰਵਾਨੇ।

اسوار ਅਸਵਾਰ : ਸਵਾਰ, ਘੋੜ ਸਵਾਰ, ਸਵਾਰੀ ਤੇ ਚੜ੍ਹਣ ਵਾਲਾ; ਸਿਪਾਹੀ ਜੋ ਕੁਹਾੜੇ ਜਾਂ ਗੁਰਜ਼ ਨਾਲ ਲੜਨ।

اسود ਅਸਵਦ : ਕਾਲਾ, ਬੌਹਤ ਕਾਲਾ, ਕਾਲੇ ਰੰਗ ਦਾ, ਕਾਲਾ ਸੱਪ।

اسهال ਇਸਹਾਲ : ਦਸਤ, ਪਤਲੀ ਟੱਟੀ; ਦਸਤ ਲੱਗਣੇ, ਪੇਟ ਖ਼ਰਾਬ ਹੋਣਾ, ਪੇਟ ਚਲਣਾ।

اسی ਉਸੀ : ਉਦਾਸ, ਗ਼ਮਗੀਨ, ਦੁਖੀ, ਮੁਸੀਬਤ ਵਿਚ ਫਸਿਆ ਹੋਇਆ।

اسیاف ਅਸਯਾਫ਼ : (ਸੈਫ਼ سیف ਦਾ ਬੌਹਵਚਨ) ਤਲਵਾਰਾਂ, ਸ਼ਮਸ਼ੀਰਾਂ।

اسیر ਅਸੀਰ : ਬੰਨ੍ਹਿਆ ਹੋਇਆ, ਬੰਦੀ, ਕੈਦੀ।

اسیرخانه ਅਸੀਰਖ਼ਾਨਾ : ਕੈਦਖ਼ਾਨਾ, ਜੇਲ੍ਹ।

اسیرگیر ਅਸੀਰਗੀਰ : ਕੈਦੀ ਬਣਾਉਣ ਵਾਲਾ, ਕੈਦ ਕਰਨ ਵਾਲਾ।

اشارات ਇਸ਼ਾਰਾਤ : (ਇਸ਼ਾਰਾ اشاره ਦਾ ਬੌਹਵਚਨ) ਇਸ਼ਾਰੇ, ਸੰਕੇਤ, ਰਮਜ਼ਾਂ; ਬੂ ਅਲੀ ਸੀਨਾ ਦੀ ਕਿਤਾਬ ਦਾ ਨਾਮ।

اشارت ਇਸ਼ਾਰਤ : ਰਮਜ਼, ਇਸ਼ਾਰਾ।

اشاره ਇਸ਼ਾਰਾ : ਇਸ਼ਾਰਾ ਕਰਨਾ, ਅੱਖ ਜਾਂ ਕਿਸੇ ਅੰਗ ਨਾਲ ਕੋਈ ਗੱਲ ਸਮਝਾਉਣਾ, ਰਮਜ਼, ਸੰਕੇਤ, ਇਸ਼ਾਰਾ।

اشارهٔغیبی ਇਸ਼ਾਰਾ-ਏ-ਗ਼ੈਬੀ : ਅਵੇਸ਼, ਇਲਹਾਮ।

اشاعت ਇਸ਼ਾਇਤ, ਇਸ਼ਾਅਤ : ਛਾਪਣਾ, ਪਰਕਾਸ਼ਤ ਕਰਨਾ; ਮਸ਼ਹੂਰ ਕਰਨਾ, ਖ਼ਬਰ ਫੈਲਾਉਣਾ; ਪਰਕਾਸ਼ਨ।

اشباح ਅਸ਼ਬਾਹ : (ਸ਼ਬਹ شبح ਦਾ ਬੌਹਵਚਨ) ਜਿਸਮ, ਜੁੱਸੇ, ਸਰੀਰ; ਵਿਅਕਤੀ, ਬੰਦੇ; ਚੀਜ਼ਾਂ, ਸ਼ੈਆਂ; ਓਹ ਜਿਸਮ ਜੇਹੜੇ ਦੂਰ ਤੋਂ ਸਾਫ਼ ਵਿਖਾਈ ਨਾ ਦੇਣ।

اشباع ਇਸ਼ਬਾਅ : ਰੱਜਣਾ, ਪੇਟ ਭਰ ਜਾਣਾ; ਵਿਆਕਰਨ ਵਿਚ ਲਘੂ ਸਵਰ ਨੂੰ ਇੰਨਾਂ ਲਮਕਾਉਣਾ ਕਿ ਓਹ ਦੀਰਘ ਬਣ ਜਾਵੇ: ਜਿਵੇਂ 'ਉਫ਼ਤਾਦ' ਨੂੰ 'ਊਫ਼ਤਾਦ' 'ਅਚਾਰ' ਨੂੰ 'ਆਚਾਰ' 'ਆਤਿਸ਼' ਨੂੰ 'ਆਤੀਸ਼'।

اشباه ਅਸ਼ਬਾਹ : (ਸ਼ਿਬ੍ਹਾ شبه ਦਾ ਬੌਹਵਚਨ) ਸ਼ਕਲਾਂ, ਸੂਰਤਾਂ, ਨਕਸ਼ੇ; ਸਮਾਨਤਾਵਾਂ, ਨਜ਼ੀਰਾਂ।

اشباه ਇਸ਼ਬਾਹ : ਕਿਸੇ ਵਰਗਾ ਹੋਣਾ, ਇਕੋ ਜੇਹਾ ਹੋਣਾ।

اشتباه ਇਸ਼ਤਿਬਾਹ : ਸ਼ੁਬ੍ਹਾ, ਸ਼ੱਕ, ਭੁਲੇਖਾ; ਗ਼ਲਤੀ, ਧੋਖਾ; ਇਕੋ ਸ਼ਕਲ ਦੇ ਹੋਣਾ, ਦੋ ਚੀਜ਼ਾਂ ਦਾ ਇਸ ਤਰ੍ਹਾਂ ਇਕੋ ਸ਼ਕਲ ਦੀਆਂ ਹੋਣਾ ਕਿ ਵੇਖਣ ਵਾਲਾ ਧੋਖਾ ਖਾ ਜਾਵੇ।

اشتر ਉਸ਼ਤਰ : ਊਠ, ਬੋਤਾ।

اشتردل ਉਸ਼ਤਰਦਿਲ : ਬੁਗ਼ਜ਼ ਤੇ ਕੀਨਾ ਰਖਣ ਵਾਲਾ, ਸਾੜਾ ਕਰਨ ਵਾਲਾ, ਖ਼ਾਰ ਰੱਖਣ ਵਾਲਾ; ਭਿਆਨਕ, ਖ਼ੌਫ਼ਨਾਕ; ਡਰਪੋਕ।

اشتراک ਇਸ਼ਤਿਰਾਕ : ਸ਼ਿਰਕਤ ਕਰਨਾ, ਭਾਈਵਾਲੀ ਪਾਉਣਾ; ਸਾਂਝ, ਭਾਈਵਾਲੀ, ਹਿੱਸੇਦਾਰੀ।

اشتعال ਇਸ਼ਤਿਆਲ : ਭੜਕਾਉਣਾ, ਭਾਂਬੜ ਮਚਾਉਣਾ, ਉਤੇਜਤ ਕਰਨਾ, ਉਕਸਾਉਣਾ; ਰੋਹ, ਗੁੱਸਾ।

اشتقاق ਇਸ਼ਤਿਕ਼ਾਕ਼ : ਕਿਸੇ ਚੀਜ਼ ਨੂੰ ਪਾੜ ਕੇ ਕੁਝ ਕੱਢਣਾ, ਚੀਰਨਾ, ਪਾੜਨਾ, ਕੱਢਣਾ; ਵਿਆਕਰਨ ਵਿਚ ਇਕ ਸ਼ਬਦ ਦਾ ਦੂਜੇ ਸ਼ਬਦ ਵਿਚੋਂ ਕੱਢਣਾ, ਇਕ ਸ਼ਬਦ ਤੋਂ ਦੂਜਾ ਸ਼ਬਦ ਬਣਾਉਣਾ।

اشتمال ਇਸ਼ਤਿਮਾਲ : ਸ਼ਾਮਲ ਕਰਨਾ ਜਾਂ ਮਿਲਾਉਣਾ, ਰਲਾਉਣਾ, ਨਾਲ ਜੋੜਨਾ, ਸ਼ਾਮਲ ਹੋਣਾ, ਮਿਲਣਾ।

اشتمالِ اراضی ਇਸ਼ਤਿਮਾਲ-ਏ-ਅਰਾਜ਼ੀ : ਭੋਇ ਨੂੰ ਮਿਲਾਉਣਾ, ਖੇਤਾਂ ਨੂੰ ਇਕ

ਥਾਂ ਕਰਨਾ, ਖਿੰਡੇ ਪਏ ਖੇਤਾਂ ਨੂੰ ਇਕ ਥਾਂ ਕਰਨਾ ਤਾਂ ਜੋ ਖੇਤੀ ਕਰਨ ਵਿਚ ਸਹੂਲਤ ਹੋਵੇ।

اشتہا ***ਇਸ਼ਤਿਹਾ*** : ਭੁੱਖ; ਭੁੱਖ ਲਗਣਾ; ਖ਼ਾਹਸ਼, ਚਾਹ।

اشتیاق ***ਇਸ਼ਤਿਯਾਕ਼*** : ਸ਼ੌਕ ਕਰਨਾ, ਚਾਹ ਪਰਗਟ ਕਰਨਾ, ਮੁਸ਼ਤਾਕ ਹੋਣਾ, ਚਾਹੁਣਾ; ਸ਼ੌਕ, ਸਿੱਕ, ਆਰਜ਼ੂ, ਤਮੰਨਾ, ਲਾਲਸਾ।

اشتیاق نامہ ***ਇਸ਼ਤਿਯਾਕ਼ਨਾਮਾ*** : ਪਰੇਮ-ਪੱਤਰ, ਪਿਆਰ ਪਰਗਟ ਕਰਦਾ ਹੋਇਆ ਪੱਤਰ।

اشجار ***ਅਸ਼ਜਾਰ*** : (ਸ਼ਜਰ **شجر** ਦਾ ਬੌਹਵਚਨ) ਬੌਹਤ ਸਾਰੇ ਦਰੱਖ਼ਤ।

اشخاص ***ਅਸ਼ਖ਼ਾਸ*** : (ਸ਼ਖ਼ਸ **شخص** ਦਾ ਬੌਹਵਚਨ) ਬੌਹਤੇ ਆਦਮੀ, ਬੌਹਤੇ ਲੋਕ।

اشد ***ਅਸ਼ੱਦ*** : ਬੌਹਤ ਸਖ਼ਤ, ਬੌਹਤ ਮਜ਼ਬੂਤ, ਬੌਹਤ ਤੇਜ਼।

اشرار ***ਅਸ਼ਰਾਰ*** : (ਸ਼ਰੀਰ **شریر** ਦਾ ਬੌਹਵਚਨ) ਬੁਰੇ ਆਦਮੀ, ਸ਼ਰਾਰਤੀ ਲੋਕ; ਪਾਪੀ, ਗੁਨਾਹਗਾਰ; ਬਾਗ਼ੀ, ਆਕੀ।

اشجع ***ਅਸ਼ਜਅ*** : ਬੌਹਤ ਬਹਾਦੁਰ।

اشراف ***ਅਸ਼ਰਾਫ਼*** : (ਸ਼ਰੀਫ਼ **شریف** ਦਾ ਬੌਹਵਚਨ) ਸ਼ਰਾਫ਼ਤ ਵਾਲੇ ਲੋਕ, ਭਲੇਮਾਣਸ ਆਦਮੀ, ਸਾਊ ਵਿਅਕਤੀ; ਉੱਚੀ ਕੁਲ ਵਾਲੇ, ਵੱਡੇ ਰੁਤਬੇ ਵਾਲੇ, ਇੱਜ਼ਤਦਾਰ; ਸਭਿਅਤਾ ਵਾਲੇ ਵਿਅਕਤੀ, ਤੈਹਜ਼ੀਬ-ਯਾਫ਼ਤਾ ਆਦਮੀ।

اشرف ***ਅਸ਼ਰਫ਼*** : ਬੌਹਤ ਸ਼ਰੀਫ਼, ਬੌਹਤ ਹੀ ਭਲਾਮਾਣਸ, ਅਤ ਸਾਊ।

اشرفی ***ਅਸ਼ਰਫ਼ੀ*** : ਸੋਨੇ ਦਾ ਸਿੱਕਾ ਜੋ ਅਸ਼ਰਫ਼ ਬਾਦਸ਼ਾਹ ਨਾਲ ਸਬੰਧਤ ਹੈ, ਜਿਸ ਨੇ ਪੈਹਲਾਂ ਪੈਹਲ ਦਸ ਮਾਸ਼ੇ ਸੋਨੇ ਦਾ ਸਿੱਕਾ ਜਾਰੀ ਕੀਤਾ ਸੀ; ਮੋਹਰ, ਦੀਨਾਰ; ਇਕ ਬੂਟੀ ਦਾ ਨਾਮ ਜਿਸ ਦਾ ਫੁੱਲ ਗੋਲ ਤੇ ਪੀਲਾ ਹੁੰਦਾ ਹੈ।

اشعار ***ਅਸ਼ਆਰ*** : (ਸ਼ਿਅਰ **شعر** ਦਾ ਬੌਹਵਚਨ) ਕਵਿਤਾਵਾਂ, ਕਾਵਿ- ਪੰਗਤੀਆਂ।

اشفاق ***ਅਸ਼ਫ਼ਾਕ*** : (ਸ਼ਫ਼ਕਤ **شفقت** ਦਾ ਬੌਹਵਚਨ) ਮੇਹਰਬਾਨੀਆਂ, ਕਿਰਪਾਲਤਾਵਾਂ।

اشک ***ਅਸ਼ਕ*** : ਹੰਝੂ, ਅੱਥਰੂ।

اشکِ ابر ***ਅਸ਼ਕ-ਏ-ਅਬਰ*** : ਬਾਰਸ਼ ਦਾ ਕਤਰਾ।

اشکبار ***ਅਸ਼ਕ-ਬਾਰ*** : ਅੱਥਰੂ ਵਹਾਉਣ ਵਾਲਾ, ਰੋਣ ਵਾਲਾ।

اشکال ***ਅਸ਼ਕਾਲ*** : (ਸ਼ਕਲ **شکل** ਦਾ ਬੌਹਵਚਨ) ਸ਼ਕਲਾਂ, ਸੂਰਤਾਂ।

اشکال ***ਇਸ਼ਕਾਲ*** : ਮੁਸ਼ਕਲ, ਦੁਸ਼ਵਾਰੀ, ਔਖਿਆਈ; ਮੁਸ਼ਕਲ ਹੋਣਾ।

اشکانی ***ਅਸ਼ਕਾਨੀ*** : ਦਾਰਾ ਪਿਛੋਂ ਈਰਾਨ ਉਤੇ ਸਾਢੇ ਪੰਜ ਸੌ ਸਾਲ ਜਿਨ੍ਹਾਂ ਈਰਾਨੀ ਬਾਦਸ਼ਾਹਾਂ ਨੇ ਰਾਜ ਕੀਤਾ, ਓਹਨਾਂ ਨੂੰ ਅਸਕਾਨੀ ਜਾਂ ਅਸ਼ਕਾਨੀ ਕੈਂਹਦੇ ਹਨ। ਇਸ ਕਾਲ ਨੂੰ ਈਰਾਨ ਦਾ ਅਸ਼ਕਾਨੀ ਕਾਲ ਕਿਹਾ ਜਾਂਦਾ ਹੈ।

اشکبوس ***ਅਸ਼ਕਬੋਸ*** : ਇਕ ਬੌਹਤ ਵੱਡੇ ਪੈਹਲਵਾਨ ਦਾ ਨਾਮ, ਜੋ ਅਫ਼ਰਾਸਿਯਾਬ ਦੀ ਮਦਦ ਕਰਦਾ ਹੋਇਆ ਰੁਸਤਮ ਦੇ ਹੱਥੋਂ ਮਾਰਿਆ ਗਿਆ।

اشکرہ ***ਅਸ਼ਕਰਾ*** : ਸ਼ਿਕਰਾ, ਇਕ ਸ਼ਿਕਾਰੀ ਪੰਛੀ।

اشہاد ***ਅਸ਼ਹਾਦ*** : (ਸ਼ਾਹਿਦ **شاهد** ਦਾ ਬੌਹਵਚਨ) ਬੌਹਤ ਸਾਰੇ ਗਵਾਹ।

اشہب ***ਅਸ਼ਹਬ*** : ਸਿਆਹੀ ਭਾ ਮਾਰਦਾ ਚਿੱਟਾ ਰੰਗ; ਘੋੜਾ।

اشہر ***ਅਸ਼ਹਰ*** : ਬੌਹਤ ਮਸ਼ਹੂਰ, ਬੌਹਤ ਪਰਸਿੱਧੀ ਵਾਲਾ।

اشیاء ***ਅਸ਼ਯਾ*** : (ਸ਼ੈ **شی** ਦਾ ਬੌਹਵਚਨ) ਚੀਜ਼ਾਂ, ਵਸਤੂਆਂ।

اصالت ***ਅਸਾਲਤ*** : ਪੱਕੀ ਤਰ੍ਹਾਂ ਜੰਮੇ ਹੋਣਾ, ਪਕਿਆਈ: ਪੁਖ਼ਤਗੀ, ਦ੍ਰਿੜਤਾ; ਪੱਕਾ ਫ਼ੈਸਲਾ; ਅਸਲਪਣ, ਅਸਲੇ ਦੀ ਪਵਿੱਤਰਤਾ; ਸ਼ਰਾਫ਼ਤ, ਸਾਊਪੁਣਾ, ਪਿਛਲੀ ਆਦਤ, ਪੈਦਾਇਸ਼ੀ ਵਿਸ਼ੇਸ਼ਤਾ, ਨਿਖਾਰ।

اصالتاً ***ਅਸਾਲਤਨ*** : ਅਸਲ ਵਿਚ, ਦਰ ਅਸਲ, ਮੂਲ ਤੌਰ ਤੇ; ਜ਼ਾਤੀ ਤੌਰ ਤੇ; ਬਿਨਾ ਵਸੀਲੇ ਦੇ (ਵਕਾਲਤਨ ਦਾ ਉਲਟ); ਬਿਲਕੁਲ, ਅਸਲੋਂ।

اصباح ***ਅਸਬਾਹ*** : (ਸੁਬਹ਼ **صبح** ਦਾ ਬੌਹਵਚਨ) ਸਵੇਰਾ।

اصحاب *ਅਸਹ਼ਾਬ* : (ਸਾਹਿਬ صاحب ਦਾ ਬੌਹਵਚਨ) ਮਾਲਕ, ਆਕਾ, ਸੁਆਮੀ; ਦੋਸਤ, ਯਾਰ, ਸੰਗੀ ਸਾਥੀ; ਓਹ ਬਜ਼ੁਰਗ ਜਿਨ੍ਹਾਂ ਨੇ ਈਮਾਨ ਦੀ ਅਵਸਥਾ ਵਿਚ ਹਜ਼ਰਤ ਮੁਹੰਮਦ ਨੂੰ ਵੇਖਿਆ ਅਤੇ ਈਮਾਨ ਉੱਤੇ ਚਲ ਵਸੇ।

اصحابِ فیل *ਅਸਹ਼ਾਬ-ਏ-ਫ਼ੀਲ* : ਹਾਥੀਆਂ ਵਾਲੇ; ਓਹ ਲੋਕ ਜਿਨ੍ਹਾਂ ਨੇ ਯਮਨ ਦੇ ਹਾਕਮ ਅਬਰਾਹ ਦੇ ਹੁਕਮ ਨਾਲ ਬੌਹਤ ਸਾਰੇ ਹਾਥੀ ਲੈ ਕੇ ਮੱਕੇ ਉਤੇ ਹਮਲਾ ਕਰ ਦਿੱਤਾ। ਖ਼ੁਦਾ ਦੇ ਹੁਕਮ ਨਾਲ ਅਸਮਾਨ ਤੋਂ ਅਬਾਬੀਲਾਂ ਨੇ ਨਿੱਕੇ ਨਿੱਕੇ ਰੋੜੇ ਕੰਕਰ ਇੰਨੇ ਸੁਟੇ ਕਿ ਓਹ ਸਾਰੇ ਹਾਥੀ ਮਰ ਗਏ।

اصحابِ کھف *ਅਸਹ਼ਾਬ-ਏ-ਕਹਫ਼* : ਖੁੰਦਰ ਵਾਲੇ ਸੱਤ ਆਦਮੀ ਜੇਹੜੇ ਦਕਯਾਨੂਸ ਬਾਦਸ਼ਾਹ ਦੇ ਜ਼ੁਲਮ ਤੋਂ ਡਰਦੇ ਹੋਏ ਇਕ ਖੁੰਦਰ ਵਿਚ ਜਾ ਲੁਕੇ ਸਨ। ਓਹਨਾਂ ਨਾਲ ਇਕ ਕੁੱਤਾ ਵੀ ਸੀ, ਜਿਸ ਦਾ ਨਾਂ ਕਿਤਮੀਰ ਸੀ। ਕੈਂਹਦੇ ਹਨ ਕਿ ਏਹ ਆਦਮੀ ਤਿੰਨ ਸੌ ਸਾਲ ਪਿਛੋਂ ਜਾਗੇ ਤੇ ਫੇਰ ਸੌਂ ਗਏ, ਏਹ ਕਿਆਮਤ (ਪਰਲੋ) ਤਕ ਉਥੇ ਹੀ ਸੁੱਤੇ ਰੈਹਣਗੇ।

اصداف *ਅਸਦਾਫ਼* : (ਸਦਫ਼ صدف ਦਾ ਬੌਹਵਚਨ) ਸਿੱਪੀਆਂ।

اصداق *ਇਸਦਾਕ਼* : ਸੱਚੀ ਗੱਲ ਕਰਨਾ, ਗੱਲ ਨੂੰ ਸੱਚੀ ਕਰਾਰ ਦੇਣਾ, ਔਰਤ ਦਾ ਹੱਕ-ਮੇਹਰ ਨਿਸਚਤ ਕਰਨਾ।

اصدق *ਅਸਦਕ਼* : ਬੌਹਤ ਸੱਚਾ।

اصدقا *ਅਸਦਿਕ਼ਾ* : (ਸਦੀਕ਼ صدیق ਦਾ ਬੌਹਵਚਨ) ਦੋਸਤ, ਮਿੱਤਰ, ਰਫ਼ੀਕ, ਸੱਚੇ ਲੋਕ।

اصرار *ਇਸਰਾਰ* : ਹੱਠ, ਜ਼ਿੱਦ, ਅੜੀ; ਹੱਠ ਕਰਨਾ, ਜ਼ਿੱਦ ਕਰਨਾ; ਕਿਸੇ ਕੰਮ ਲਈ ਇਕੱਲਿਆਂ ਜਤਨ ਕਰਨਾ; ਪਰੌੜ੍ਹਤਾ ਕਰਨੀ।

اصطبل *ਅਸਤ਼ਬਲ* : ਘੋੜੇ ਬੰਨ੍ਹਣ ਦਾ ਥਾਂ, ਤਬੇਲਾ।

اصطرلاب *ਉਸਤ਼ਰਲਾਬ* : ਸਤਾਰਿਆਂ ਦਾ ਫ਼ਾਸਲਾ ਪਤਾ ਕਰਨ ਦਾ ਇਕ ਜੰਤਰ।

اصطلاح *ਇਸਤ਼ਿਲਾਹ਼* : ਪਰਸਪਰ ਸੁਲ੍ਹਾ ਕਰਨਾ, ਸੈਹਮਤ ਹੋਣਾ; ਕਿਸੇ ਸ਼ਬਦ ਦੇ ਅਜੇਹੇ ਅਰਥ ਲੈਣੇ ਜੇਹੜੇ ਅਸਲ ਨਾ ਹੋਣ; ਤਕਨੀਕੀ ਸ਼ਬਦ, ਤਕਨੀਕੀ ਸ਼ਬਦਾਵਲੀ।

اصطلاحات *ਇਸਤ਼ਿਲਾਹ਼ਾਤ* : (ਇਸਤ਼ਿਲਾਹ਼ اصطلاح ਦਾ ਬੌਹਵਚਨ) ਤਕਨੀਕੀ ਸ਼ਬਦਾਵਲੀ।

اصغر *ਅਸਗ਼ਰ* : ਬੌਹਤ ਹੀ ਛ਼ੋਟਾ, ਅਤ ਨਿੱਕਾ।

اصفار *ਅਸਫ਼ਾਰ* : (ਸਿਫ਼ਰ صفر ਦਾ ਬੌਹਵਚਨ) ਸਿਫ਼ਰਾਂ।

اصفر *ਅਸਫ਼ਰ* : ਪੀਲਾ, ਜ਼ਰਦ; ਕੇਸਰੀ ਰੰਗ ਵਾਲਾ।

اصفحان *ਇਸਫ਼ਹ਼ਾਨ* : ਈਰਾਨ ਦਾ ਪਰਸਿੱਧ ਸ਼ੈਹਰ ਇਸਫ਼ਿਹਾਨ 'ਨਿਸਫ਼ ਜਹਾਨ' ਦਾ ਸੰਖਿਪਤ ਰੂਪ ਹੈ, ਅਰਥਾਤ 'ਅੱਧਾ ਜਹਾਨ' ਕਿਉਂਕਿ ਏਹ ਸ਼ੈਹਰ ਬਾਰਾਂ ਕੋਹਾਂ ਵਿਚ ਸੀ, ਏਹ ਈਰਾਨ ਦੀ ਰਾਜਧਾਨੀ ਵੀ ਸੀ, ਇਸ ਨੂੰ 'ਇਸਪਹਾਨ' ਵੀ ਕੈਂਹਦੇ ਹਨ ਕਿਉਂਜੋ ਇੱਥੇ ਬੌਹਤ 'ਸਿਪਾਹ' ਅਰਥਾਤ ਫ਼ੌਜ ਰੈਂਹਦੀ ਸੀ।

اصفا *ਅਸਫ਼ਾ* : ਬੌਹਤ ਸਾਫ਼, ਪਾਕ, ਖ਼ਾਲਸ।

اصفیاء *ਅਸਫ਼ਿਯਾ* : (ਸਫ਼ੀ صفی ਦਾ ਬੌਹਵਚਨ) ਸਾਫ਼ ਦਿਲ ਵਾਲੇ, ਨੇਕ ਲੋਕ।

اصل *ਅਸਲ* : ਜੜ, ਬੀਜ, ਬੁਨਿਆਦ, ਨੀਂਹ; ਸ਼ਜਰਾ, ਬੰਸਾਵਲੀ, ਨਸਬ, ਅਸਲਾ, ਆਦਿ, ਮੂਲ; ਜਨਮ, ਸੋਮਾਂ, ਨਿਕਾਸ; ਕਾਰਨ; ਪੂੰਜੀ, ਰਾਸ, ਸਰਮਾਇਆ; ਮੂਲ ਖਰੜਾ, ਮੂਲ ਹੱਥ-ਲਿਖਤ; ਹਕੀਕਤ; ਠੀਕ, ਖਰਾ।

اصلاً *ਅਸਲਨ* : ਹਰਗਿਜ਼ ਨਹੀਂ, ਬਿਲਕੁਲ ਨਹੀਂ (ਨਾਂਹ ਨਾਲ ਹੀ ਵਰਤਿਆ ਜਾਂਦਾ ਹੈ)।

اصلاح *ਇਸਲਾਹ਼* : ਠੀਕ ਕਰਨਾ, ਦਰੁਸਤ ਕਰਨਾ, ਸੋਧਣਾ, ਸ਼ੁਧ ਕਰਨਾ, ਸੰਵਾਰਨਾ, ਵਾਲ ਸੰਵਾਰਨਾ; ਨੇਕੀ ਕਰਨਾ, ਭਲਾਈ ਕਰਨਾ, ਦਰੁਸਤੀ, ਮੁਰੰਮਤ; ਤਰਮੀਮ, ਨਜ਼ਰਸਾਨੀ ।

اصلان *ਅਸਲਾਨ* : ਇਕ ਖ਼ਾਸ ਨਾਮ; ਸ਼ੇਰ।

اصل جمع *ਅਸਲ ਜਮਅ਼* : ਮੂਲ ਮਾਮਲਾ, ਜੋ ਸਰਕਾਰੀ ਕਾਗਜ਼ਾਂ ਵਿਚ ਚੜ੍ਹਿਆ ਹੋਵੇ।

اصل نام *ਅਸਲ ਨਾਮ* : ਅਸਲੀ ਨਾਮ।

اصل نفع *ਅਸਲ ਨਫ਼ਅ਼* : ਮੂਲ ਫ਼ਾਇਦਾ।

اصل داران پاک ***ਅਸਲ ਦਾਰਾਨ-ਏ-ਪਾਕ*** : ਨੇਕ ਬੰਦੇ, ਪੂਜਣਯੋਗ ਪੁਰਸ਼, ਸੰਤ, ਸੂਫ਼ੀ, ਵਲੀ।

اصلی ***ਅਸਲੀ*** : ਜ਼ਾਤੀ, ਪੈਦਾਇਸ਼ੀ; ਖ਼ਾਲਸ, ਸ਼ੁੱਧ, ਬਿਨਾ ਮਿਲਾਵਟ ਦੇ; ਮੂਲ, ਅਸਲ; ਜ਼ਰੂਰੀ।

اصلیان ***ਅਸਲੀਯਾਨ*** : ਨੇਕ ਬੰਦੇ, ਉੱਚੇ ਖ਼ਾਨਦਾਨ ਦੇ ਲੋਕ ; ਸੰਤ, ਸ਼ਰੀਫ਼, ਸਾਊ ਪੁਰਸ਼।

اصناف ***ਅਸਨਾਫ਼*** : (ਸਿਨਫ਼ **صنف** ਦਾ ਬੌਹਵਚਨ) ਕਿਸਮਾਂ, ਸਕਲਾਂ, ਵੰਨਗੀਆਂ।

اصناف خلق ***ਅਸਨਾਫ਼-ਏ-ਖ਼ਲਕ਼*** : ਹਰ ਪਰਕਾਰ ਦੇ ਲੋਕ।

اصناف قبائل ***ਅਸਨਾਫ਼-ਏ-ਕਬਾਇਲ*** : ਕਬਾਇਲੀ, ਕਬੀਲੇ।

اصنافِ مختلفه ***ਅਸਨਾਫ਼-ਏ-ਮੁਖ਼ਤਿਲਫ਼ਾ*** : ਵੱਖ ਵੱਖ ਕਿਸਮਾਂ, ਵੰਨਗੀਆਂ।

اصنام ***ਅਸਨਾਮ*** : (ਸਨਮ **صنم** ਦਾ ਬੌਹਵਚਨ) ਮੂਰਤੀਆਂ; ਮਸ਼ੂਕ, ਪਿਆਰੇ, ਮੈਹਬੂਬ।

اصوات ***ਅਸਵਾਤ*** : (ਸੌਤ **صوت** ਦਾ ਬੌਹਵਚਨ) ਅਵਾਜ਼ਾਂ, ਸੁਰਾਂ, ਧੁਨੀਆਂ।

اصوات طرب ***ਅਸਵਾਤ-ਏ-ਤ਼ਰਬ*** : ਮਧੁਰ ਧੁਨੀਆਂ; ਗਵੱਈਏ ਦੇ ਅਲਾਪ; ਖ਼ੁਸ਼ੀ ਭਰੇ ਗੀਤ।

اصول ***ਅਸੂਲ, ਉਸੂਲ*** : (ਅਸਲ **اصل** ਦਾ ਬੌਹਵਚਨ) ਜੜਾਂ, ਬੁਨਿਆਦਾਂ, ਨੀਂਹਾਂ; ਸਰੋਤ, ਸੋਮੇਂ; ਤੱਤ, ਜ਼ਰੂਰੀ ਅੰਸ਼, ਕਾਇਦੇ, ਤਰੀਕੇ, ਢੰਗ, ਕਨੂੰਨ; ਪਿੰਗਲ (ਅਰੂਜ਼) ਦਾ ਇਕ ਰੁਕਨ ਜੇਹੜਾ 'ਫ਼ਾਸਲਾ' ਤੇ 'ਵਤਦ' ਦੇ ਸੰਗਠਨ ਨਾਲ ਬਣਦਾ ਹੈ।

اصولِ فاخته ***ਅਸੂਲ-ਏ-ਫ਼ਾਖ਼ਤਾ*** : ਸੰਗੀਤ ਦੀਆਂ ਸਤਾਰਾਂ ਤਾਲਾਂ ਵਿਚੋਂ ਗਿਆਰ੍ਹਵੀਂ ਤਾਲ।

اصولِ کلام ***ਅਸੂਲ-ਏ-ਕਲਾਮ*** : ਭਾਸ਼ਣ ਕਲਾ ਵਿਚ ਨਕਲੀ ਮਸਲਿਆਂ ਨੂੰ ਅਕਲੀ ਦਲੀਲਾਂ ਨਾਲ ਸਿੱਧ ਕਰਨ ਦਾ ਭਾਵ।

اصیل ***ਅਸੀਲ*** : ਸ਼ਰੀਫ਼ ਖ਼ਾਨਦਾਨ ਦਾ, ਚੰਗੇ ਅਸਲੇ ਦਾ; ਨੇਕ, ਸਾਊ, ਭਲਾਮਾਣਸ; ਮਜ਼ਬੂਤ।

اضافت ***ਇਜ਼ਾਫ਼ਤ*** : ਸਬੰਧ, ਤਅੱਲੁਕ, ਵਾਸਤਾ, ਲਗਾ, ਮੇਲ; ਇਕ ਚੀਜ਼ ਦਾ ਦੂਜੀ ਨਾਲ ਸਬੰਧ ਸਥਿਰ ਕਰਨਾ; ਵਧਾਉਣਾ, ਜੋੜਨਾ; ਵਾਧਾ, ਜੋੜ, ਮੀਜ਼ਾਨ, ਕੁਲ ਜੋੜ।

اضافه ***ਇਜ਼ਾਫ਼ਾ*** : ਵਾਧਾ, ਬੇਸ਼ੀ, ਤਰੱਕੀ, ਜ਼ਿਆਦਤੀ; ਵਧਾਉਣਾ, ਵਾਧਾ ਕਰਨਾ, ਜੋੜਨਾ, ਜ਼ਿਆਦਾ ਕਰਨਾ; ਨਫ਼ਾ, ਫ਼ਾਇਦਾ।

اضافی ***ਇਜ਼ਾਫ਼ੀ*** : ਸਬੰਧਤ, ਵਾਧੂ ਦਾ; ਜੋ ਅਸਲੀ ਨਾ ਹੋਵੇ।

اضحیٰ ***ਅਜ਼ਹਾ*** : ਕੁਰਬਾਨੀ, ਕੁਰਬਾਨੀ ਦਾ ਦਿਨ।

اضحیت ***ਉਜ਼ਹ਼ੀਯਤ*** : ਈਦੁਲਜ਼ਹਾ ਦੇ ਅਵਸਰ ਉਤੇ ਕੁਰਬਾਨ ਕੀਤੀ ਜਾਣ ਵਾਲੀ ਭੇਡ, ਕੁਰਬਾਨੀ ਦਾ ਜਾਨਵਰ।

اضداد ***ਅਜ਼ਦਾਦ*** : (ਜ਼ਿੱਦ **ضد** ਦਾ ਬੌਹਵਚਨ) ਇਕ ਦੂਜੇ ਦੀਆਂ ਵਿਰੋਧੀ ਚੀਜ਼ਾਂ, ਵਿਪਰੀਤ ਵਸਤਾਂ; ਇਕ ਦੂਜੇ ਦੇ ਉਲਟ ਗੱਲਾਂ, ਮੁਤਜ਼ਾਦ ਗੱਲਾਂ।

اضراب ***ਅਜ਼ਰਾਬ*** : (ਜ਼ਰਬ **ضرب** ਦਾ ਬੌਹਵਚਨ) ਚੋਟਾਂ, ਠੱਪੇ; ਮਾਰਨਾ; ਜ਼ਮੀਨ 'ਤੇ ਚੱਲਣਾ; ਜ਼ਾਹਰ ਹੋਣਾ; ਜ਼ਰਬ ਭਾਵ ਗੁਣਾ ਕਰਨਾ।

اضرار ***ਅਜ਼ਰਾਰ*** : (ਜ਼ਰੱਰ **ضرر** ਦਾ ਬੌਹਵਚਨ) ਨੁਕਸਾਨ ਪੌਹਚਾਉਣਾ, ਤਕਲੀਫ਼ ਦੇਣਾ; ਨੁਕਸਾਨ, ਤਕਲੀਫ਼ਾਂ, ਦੁਖ, ਜ਼ਖ਼ਮ, ਫੱਟ।

اضطراب ***ਇਜ਼ਤ਼ਿਰਾਬ*** : ਪਰੇਸ਼ਾਨੀ, ਬੇਕਰਾਰੀ, ਬੇਚੈਨੀ, ਘਬਰਾਹਟ, ਅਸ਼ਾਂਤੀ, ਤਕਲੀਫ਼।

اضلاع ***ਅਜ਼ਲਾਅ*** : (ਜ਼ਿਲਾ **ضلع** ਦਾ ਬੌਹਵਚਨ) ਜ਼ਿਲੇ; ਪਾਸੇ, ਕੋਣੇ, ਗੁੱਠਾਂ, ਤਰਫ਼ਾਂ; ਪਸਲੀਆਂ; ਧਰਤੀ ਦਾ ਟੁਕੜਾ, ਸੂਬੇ ਦਾ ਹਿੱਸਾ; ਸ਼ਕਲਾਂ ਦੀਆਂ ਲਾਈਨਾਂ, ਤਿਕੋਣ, ਚੌਕੋਣ ਜਾਂ ਆਇਤ ਦੀਆਂ ਹੱਦਾਂ।

اضمحلال ***ਇਜ਼ਮਹ਼ਲਾਲ*** : ਨੇਸਤੀ; ਸੁਸਤੀ; ਨੇਸਤ ਹੋ ਜਾਣਾ; ਨਾਸ ਹੋ ਜਾਣਾ; ਅਲੋਪ ਹੋ ਜਾਣਾ, ਜਾਂਦੇ ਰੈਹਣਾ; ਖਿੰਡ ਜਾਣਾ; ਬੌਹਤ ਕਮਜ਼ੋਰ ਹੋ ਜਾਣਾ।

اطاعت ***ਇਤ਼ਾਅਤ*** : ਹੁਕਮ ਮੰਨਣਾ, ਆਗਿਆਕਾਰੀ ਹੋਣਾ, ਤਾਬੇਦਾਰੀ ਕਰਨਾ, ਅਧੀਨ ਹੋਣਾ; ਅਧੀਨਗੀ, ਤਾਬੇਦਾਰੀ; ਬੰਦਗੀ; ਗੁਲਾਮੀ।

اطاق ***ਉਤ਼ਾਕ਼*** : ਕਮਰਾ, ਹੁਜਰਾ, ਕੋਠਾ।

اطاليا ***ਇਤ਼ਾਲੀਆ*** : ਇਟਲੀ, ਯੂਰਪ ਦਾ ਪਰਸਿੱਧ ਦੇਸ਼।

اطاليق ***ਅਤ਼ਾਲੀਕ਼ ,ਅਤ਼ਾਲੀਕ਼***: ਉਸਤਾਦ, ਨਿਗਰਾਨ, ਸਿਖਿਆ ਦੇਣ ਵਾਲਾ, ਪੜ੍ਹਾਉਣ ਵਾਲਾ।

اطبا ***ਅੱਤ਼ਿਬਾ*** : (ਤ਼ਬੀਬ **طبيب** ਦਾ ਬੌਹਵਚਨ) ਹਕੀਮ, ਵੈਦ, ਰੋਗਾਂ ਦਾ ਇਲਾਜ ਕਰਨ ਵਾਲੇ, ਦਵਾ ਦਾਰੂ ਕਰਨ ਵਾਲੇ।

اطراب ***ਇਤ਼ਰਾਬ*** : ਖ਼ੁਸ਼ੀ ਮਨਾਉਣਾ, ਰੰਗ-ਰਲੀਆਂ ਮਨਾਉਣਾ।

اطرار ***ਇਤ਼ਰਾਰ*** : ਨਾਜ਼ ਕਰਨਾ, ਨਖਰੇ ਨਾਲ ਚੱਲਣਾ; ਐਂਵਾਈ ਗੁੱਸਾ ਕਰਨਾ, ਨਰਾਜ਼ ਹੋ ਜਾਣਾ।

اطراف ***ਅਤ਼ਰਾਫ਼*** : (ਤ਼ਰਫ਼ **طرف** ਦਾ ਬੌਹਵਚਨ) ਪਾਸੇ, ਕਿਨਾਰੇ, ਸਿਰੇ।

اطريش ***ਉਤ਼ਰੀਸ਼*** : ਆਸਟਰੀਆ, ਯੂਰਪ ਦਾ ਪਰਸਿੱਧ ਮੁਲਕ।

اطفال ***ਅਤ਼ਫ਼ਾਲ*** : (ਤ਼ਿਫ਼ਲ **طفل** ਦਾ ਬੌਹਵਚਨ) ਬੱਚੇ, ਲੜਕੇ, ਬਾਲਕ, ਮੁੰਡੇ; ਫ਼ਾਰਸੀ ਵਿਚ ਸ਼ਰੀਫ਼ ਬੀਵੀ ਲਈ ਵੀ ਵਰਤਿਆ ਜਾਂਦਾ ਹੈ।

اطلاع ***ਇੱਤ਼ਿਲਾਅ*** : ਖ਼ਬਰ ਦੇਣਾ, ਸੂਚਤ ਕਰਨਾ, ਜਾਣਨਾ, ਪਤਾ ਹੋਣਾ; ਸੂਚਨਾ, ਵਿਗਿਆਪਨ, ਐਲਾਨ।

اطلاعاً ***ਇੱਤ਼ਿਲਾਅਨ*** : ਇਤਿਲਾ ਦੇ ਤੌਰ ਤੇ, ਸੂਚਨਾ ਹਿਤ; ਗਿਆਤ ਲਈ।

اطلاعات ***ਇੱਤ਼ਿਲਾਆਤ*** : (ਇਤ਼ਿਲਾਅ **اطلاع** ਦਾ ਬੌਹਵਚਨ) ਛਾਣ-ਬੀਣ ਉਪਰੰਤ ਪਰਾਪਤ ਹੋਇਆ ਗਿਆਨ; ਸੂਚਨਾਵਾਂ।

اطلاق ***ਇਤ਼ਲਾਕ਼*** : ਤਲਾਕ ਦੇਣਾ, ਛੱਡ ਦੇਣਾ, ਮੁਕਤ ਕਰ ਦੇਣਾ; ਕਿਸੇ ਚੀਜ਼ ਨੂੰ ਦੂਜੀ ਨਾਲ ਸਬੰਧਤ ਕਰਨਾ; ਖੁਲ੍ਹ, ਅਜ਼ਾਦੀ।

اطلس ***ਅਤ਼ਲਸ*** : ਇਕ ਪਰਕਾਰ ਦਾ ਕਾਲੀ ਭਾ ਮਾਰਦਾ ਲਾਲ ਰੇਸ਼ਮੀ ਕਪੜਾ, ਸਾਟਨ।

اطلس رومی ***ਅਤ਼ਲਸ-ਏ-ਰੂਮੀ*** : ਇਕ ਪਰਕਾਰ ਦਾ ਲਾਲ ਅਤਲਸ, ਲਾਲ ਰੇਸ਼ਮੀ ਕਪੜਾ।

اطمينان ***ਇਤ਼ਮੀਨਾਨ*** : ਦਿਲਾਸਾ, ਤਸੱਲੀ, ਦਿਲਜੋਈ, ਢਾਰਸ; ਸ਼ਾਂਤੀ, ਚੈਨ, ਅਰਾਮ; ਸਬਰ।

اطمينانِ خاطر ***ਇਤ਼ਮੀਨਾਨ-ਏ-ਖ਼ਾਤਿਰ*** : ਦਿਲ ਦੀ ਤਸੱਲੀ, ਮਨ ਦੀ ਸ਼ਾਂਤੀ।

اطناب ***ਅਤ਼ਨਾਬ*** : (ਤ਼ਨਬ **طنب** ਦਾ ਬੌਹਵਚਨ) ਤੰਬੂ ਦੀਆਂ ਤਣਾਵਾਂ, ਤੰਬੂ ਜਾਂ ਸ਼ਾਮਿਆਨੇ ਦੇ ਰੱਸੇ।

اطوار ***ਅਤ਼ਵਾਰ*** : (ਤ਼ੌਰ **طور** ਦਾ ਬੌਹਵਚਨ) ਤੌਰ-ਤਰੀਕੇ, ਰੰਗ-ਢੰਗ, ਹਾਲ-ਚਾਲ, ਚਾਲਚਲਣ; ਵਿਹਾਰ।

اطهار ***ਅਤ਼ਹਾਰ*** : (ਤ਼ਾਹਿਰ **طاهر** ਦਾ ਬੌਹਵਚਨ) ਪਾਕ ਲੋਕ, ਨੇਕ ਆਦਮੀ।

اظلال ***ਅਜ਼ਲਾਲ*** : (ਜ਼ਿੱਲ **ظل** ਦਾ ਬੌਹਵਚਨ) ਪਰਛਾਵੇਂ, ਛਾਂਵਾਂ, ਸਾਏ।

اظِهار ***ਇਜ਼ਹਾਰ*** : ਜ਼ਾਹਰ ਕਰਨਾ, ਖੋਲ੍ਹਣਾ, ਪਰਗਟ ਕਰਨਾ; ਵਾਕਫ਼ ਕਰਨਾ; ਪਰਗਟਾਵਾ, ਬਿਆਨ, ਸ਼ਹਾਦਤ, ਕੈਫ਼ੀਅਤ; ਗਵਾਹ ਉੱਤੇ ਜਿਰ੍ਹਾ।

اظهار نامه ***ਇਜ਼ਹਾਰਨਾਮਾ*** : ਸਨਦ, ਪਰਮਾਣ ਪੱਤਰ; ਪਰਵਾਨਾ, ਅਦਾਲਤ ਦਾ ਸੰਮਣ, ਇਤਲਾਹਨਾਮਾ।

اظهر ***ਅਜ਼ਹਰ*** : ਸਾਫ਼, ਪਰਗਟ, ਅਸਲੋਂ ਸਪਸ਼ਟ, ਅਤ ਪਰਤੱਖ।

اظهرمنِ الشمس ***ਅਜ਼ਹਰ ਮਿਨਸ਼-ਸ਼ਮਸ*** : ਸੂਰਜ ਨਾਲੋਂ ਵੀ ਵਧੇਰੇ ਪਰਗਟ; ਚਿੱਟੇ ਦਿਨ ਵਾਂਗ ਸਪਸ਼ਟ।

اعاجيب ***ਅ'ਆਜੀਬ*** : (ਅ਼ਜੀਬ **عجيب** ਦਾ ਬੌਹਵਚਨ) ਅਜੂਬੇ; ਅਜੀਬ ਵਸਤਾਂ; ਦੁਰਲਭ ਚੀਜ਼ਾਂ।

اعادت ***ਇਆਦਤ*** , **اعاده** ***ਇਆ਼ਦਾ***: ਫੇਰ ਕੈਹਣਾ, ਬਰਾਬਰ ਕੈਹਣਾ, ਮੋੜਨਾ, ਪਰਤਾਉਣਾ, ਫੇਰ ਕੇ ਲਿਆਉਣਾ; ਦੁਬਾਰਾ ਕਰਨਾ, ਘੜੀ-ਮੁੜੀ ਕੈਹਣਾ ਜਾਂ ਬਾਰ-ਬਾਰ

ਇਕ ਬਾਦਸ਼ਾਹ ਦਾ ਦੂਜੇ ਬਾਦਸ਼ਾਹ ਦੇ ਨਾਮ ਪੱਤਰ।

اعتنا ***ਇਅਤਿਨਾ*** : ਉਚੇਚ ਕਰਨਾ; ਦੁੱਖ ਵੰਡਣਾ, ਹਮਦਰਦੀ ਕਰਨਾ, ਧਿਆਨ ਦੇਣਾ, ਗੌਹ ਕਰਨਾ, ਮੇਹਰਬਾਨੀ ਕਰਨਾ, ਤੀਮਾਰਦਾਰੀ ਕਰਨਾ; ਉਚੇਚ, ਜਤਨ, ਧਿਆਨ, ਗੌਹ; ਮੇਹਰਬਾਨੀ, ਤੀਮਾਰਦਾਰੀ।

اعجاز ***ਇਅਜਾਜ਼*** : ਮੁਅਜਜ਼ਾ, ਕਰਾਮਾਤ, ਕਰਿਸ਼ਮਾ, ਪਰਾ-ਸਰੀਰਕ ਸ਼ਕਤੀ; ਹੈਰਾਨੀ, ਤਅੱਜੁਬ।

اعجم ***ਆਅਜਮ:*** ਗੂੰਗਾ ਜੇਹੜਾ ਅਰਬੀ ਨਾ ਬੋਲ ਸਕੇ, ਅਲੰਕਾਰਹੀਣ ਬੋਲ।

اعجمی ***ਆਅਜਮੀ*** : ਗੂੰਗਾ; ਅਜਮ (ਈਰਾਨ) ਦਾ ਰੈਹਣ ਵਾਲਾ; ਅਲੰਕਾਰਹੀਣ ਭਾਸ਼ਾ ਬੋਲਣ ਵਾਲਾ।

اعجوبه ***ਆਅਜੂਬਾ*** : ਅਜੀਬ ਸ਼ੈ, ਅਨੋਖੀ ਚੀਜ਼; ਅਜੂਬਾ, ਚਮਤਕਾਰ, ਵਿਚਿੱਤਰ ਗੱਲ।

اعدا ***ਆਅਦਾ*** : (ਅਦੂ عدو ਦਾ ਬੌਹਵਚਨ) ਦੁਸ਼ਮਣ, ਵੈਰੀ, ਵਿਰੋਧੀ।

اعداد ***ਆਅਦਾਦ*** : (ਅਦਦ عدد ਦਾ ਬੌਹਵਚਨ) ਅੰਕੜੇ, ਗਿਣਤੀਆਂ, ਸੰਖਿਆਵਾਂ।

اعدام ***ਇਅਦਾਮ*** : ਨਾਸ਼ ਕਰਨਾ; ਮਿਟਾ ਦੇਣਾ; ਬਰਬਾਦ ਕਰਨਾ; ਮਨ੍ਹਾ ਕਰਨਾ, ਰੋਕਣਾ; ਕਿਸੇ ਚੀਜ਼ ਦਾ ਨਾ ਮਿਲਣਾ।

اعدل ***ਆਅਦਲ*** : ਬੌਹਤ ਇਨਸਾਫ਼ (ਅਦਲ) ਕਰਨ ਵਾਲਾ, ਬੌਹਤ ਨਿਆਂਕਾਰੀ; ਚੰਗਾ ਮੁਨਸਫ਼।

اعذار ***ਆਅਜ਼ਾਰ*** : (ਉਜ਼ਰ عذر ਦਾ ਬੌਹਵਚਨ) ਬਹਾਨੇ, ਹੀਲੇ।

اعذار ***ਇਅਜ਼ਾਰ*** : ਉਜ਼ਰ ਕਰਨਾ; ਬਹਾਨਾ ਬਣਾਉਣਾ; ਸੁੰਨਤਾਂ ਕਰਨਾ; ਸੁੰਨਤਾਂ ਕਰਨ ਦੀ ਦਾਅਵਤ।

اعراب ***ਆਅਰਾਬ*** : ਗੰਵਾਰ ਅਰਬੀ ਲੋਕ, ਟੱਪਰੀਵਾਸ ਅਰਬ, ਬੱਦੂ ਲੋਕ।

اعراف ***ਆਅਰਾਫ਼*** : ਇਕ ਸਥਾਨ ਜੋ ਬਹਿਸ਼ਤ ਤੇ ਦੋਜ਼ਖ ਦੇ ਵਿਚਕਾਰ ਹੈ; ਕੁਰਾਨ ਸ਼ਰੀਫ਼ ਦੀ ਇਕ ਸੂਰਤ ਦਾ ਨਾਮ।

اعزاز ***ਇਅਜ਼ਾਜ਼*** : ਇੱਜ਼ਤ ਦੇਣਾ, ਮਾਣ ਕਰਨਾ, ਦੁਹਰਾਉਣਾ।

اعانت ***ਇਆਨਤ*** : ਮੱਦਦ, ਸਹਾਰਾ; ਮੱਦਦ ਕਰਨਾ, ਸਹਾਇਤਾ ਕਰਨਾ, ਮੇਹਰਬਾਨੀ ਕਰਨੀ।

اعتبار ***ਇਅਤਿਬਾਰ*** : ਭਰੋਸਾ ਕਰਨਾ, ਵਿਸ਼ਵਾਸ ਕਰਨਾ, ਇਜ਼ੱਤ ਕਰਨਾ; ਨਿਰੀਖਣ ਕਰਨਾ, ਤਅੱਜੁਬ ਕਰਨਾ; ਭਰੋਸਾ, ਵਿਸ਼ਵਾਸ, ਯਕੀਨ; ਇੱਜ਼ਤ, ਮਾਣ; ਅਧਕਾਰ; ਮਹੱਤਾ।

اعتباری ***ਇਅਤਿਬਾਰੀ*** : ਭਰੋਸੇਯੋਗ, ਤਸੱਲੀਬਖ਼ਸ਼।

اعتدال ***ਇਅਤਿਦਾਲ*** : ਇਕ-ਸਮਾਨ ਹੋਣਾ, ਬਰਾਬਰ ਹੋਣਾ, ਲੰਬਾਈ ਚੁੜਾਈ ਵਿਚ ਇਕੋ ਜੇਹਾ ਹੋਣਾ, ਗਰਮੀ ਸਰਦੀ ਵਿਚ ਇਕ-ਸਮਾਨ ਹੋਣਾ; ਦਰਮਿਆਨਾ ਹੋਣਾ; ਨਾ ਰੁੱਖਾ ਨਾ ਤਰ ਹੋਣਾ; ਬਰਾਬਰ ਕਰਨਾ; ਵਿਚਕਾਰਲਾ ਰਸਤਾ, ਮੱਧ ਮਾਰਗ, ਦਰਮਿਆਨਾ ਰਸਤਾ; ਗੰਭੀਰਤਾ; ਚੰਗੀ ਸੇਹਤ।

اعتذار ***ਇਅਤਿਜ਼ਾਰ*** : ਉਜ਼ਰ ਕਰਨਾ, ਮਾਫ਼ੀ ਚਾਹੁਣਾ; ਗਿਲਾ ਕਰਨਾ; ਬਹਾਨਾ, ਉਜ਼ਰ, ਸ਼ਿਕਵਾ।

اعتراض ***ਇਅਤ਼ਿਰਾਜ਼*** : ਵਿਰੋਧ ਕਰਨਾ, ਸ਼ਕ ਕਰਨਾ; ਘੁਣਤਰਾਂ ਕੱਢਣਾ, ਐਬ ਵੇਖਣਾ, ਨੁਕਸ ਕੱਢਣਾ; ਵਿਰੋਧ, ਪੜਚੋਲ, ਨੁਕਤਾਚੀਨੀ।

اعتراضات ***ਇਅਤਿਰਾਜ਼ਾਤ*** : (ਇਅਤ਼ਿਰਾਜ਼ اعتراض ਦਾ ਬੌਹਵਚਨ) ਮੁਖ਼ਾਲਫ਼ਤਾਂ, ਵਿਰੋਧ।

اعتراف ***ਇਅਤ਼ਿਰਾਫ਼*** : ਇਕਰਾਰ ਕਰਨਾ, ਸਵੀਕਾਰ ਕਰਨਾ, ਮੰਨ ਲੈਣਾ; ਇਕਰਾਰ, ਇਕਬਾਲ, ਪਛਾਣ, ਮਨੌਤ।

اعتزاز ***ਇਅਤਿਜ਼ਾਜ਼*** : ਮਾਣ ਕਰਨਾ, ਫ਼ਖ਼ਰ ਕਰਨਾ; ਅਜ਼ੀਜ਼ ਹੋਣਾ, ਅਜ਼ੀਜ਼ ਸਮਝਣਾ; ਵਡਿਆਈ ਕਰਨਾ; ਮਾਣ, ਵਡਿਆਈ, ਗੌਰਵ।

اعتقاد ***ਇਅਤਿਕ਼ਾਦ*** : ਯਕੀਨ ਕਰਨਾ, ਵਿਸ਼ਵਾਸ ਕਰਨਾ, ਈਮਾਨ ਲਿਆਉਣਾ; ਯਕੀਨ, ਵਿਸ਼ਵਾਸ, ਅਕੀਦਾ, ਈਮਾਨ, ਭਰੋਸਾ।

اعتماد ***ਇਅਤਿਮਾਦ*** : ਭਰੋਸਾ ਕਰਨਾ, ਕਿਸੇ ਤੇ ਯਕੀਨ ਕਰਨਾ; ਤਕੀਆ ਕਰਨਾ; ਭਰੋਸਾ, ਯਕੀਨ।

اعتماد نامه ***ਇਅਤਿਮਾਦਨਾਮਾ*** :

ਸਤਕਾਰ ਦੇਣਾ, ਸਨਮਾਨਣਾ, ਵਡਿਆਈ ਦੇਣਾ; ਇੱਜ਼ਤ, ਮਾਣ, ਸਤਕਾਰ।

اعزه *ਆਇੱਜ਼ਾ* : (ਅਜ਼ੀਜ਼ **عزيز** ਦਾ ਬੌਹਵਚਨ); ਭਾਈ ਬੰਦ, ਰਿਸ਼ਤੇਦਾਰ; ਪਰਤਿਸ਼ਟ ਸੱਜਣ; ਵੱਡੇ ਆਦਮੀ; ਭੱਦਰ ਪੁਰਸ਼।

اعشار *ਆਅਸ਼ਾਰ* : (ਉਸ਼ਰ **عشر** ਦਾ ਬੌਹਵਚਨ) ਦੱਸਵੇਂ ਹਿੱਸੇ।

اعشاریه *ਆਅਸ਼ਾਰੀਜਾ* : ਦਸਵੇਂ ਭਾਗ ਨਾਲ ਸਬੰਧਤ, ਦਸਵੇਂ ਭਾਗ ਵਾਲਾ।

اعصاب *ਆਅਸਾਬ* : (ਅਸਬ **عصب** ਦਾ ਬੌਹਵਚਨ) ਪੱਠੇ, ਨਾੜਾਂ।

اعصار *ਆਅਸਾਰ* : (ਅਸਰ **عصر** ਦਾ ਬੌਹਵਚਨ) ਜ਼ਮਾਨੇ, ਸਮੇਂ।

اعضا *ਆਅਜ਼ਾ* : (ਉਜ਼ਵ **عضو** ਦਾ ਬੌਹਵਚਨ) ਸਰੀਰ ਦੇ ਅੰਗ; ਹੱਥ, ਪੈਰ, ਨੱਕ, ਕੰਨ, ਅੱਖ ਆਦਿ।

اعضاءِ رئيسه *ਆਅਜ਼ਾ-ਏ-ਰਈਸਾ* : ਪਰਧਾਨ ਅੰਗ; ਦਿਲ, ਦਿਮਾਗ, ਜਿਗਰ, ਆਦਿ।

اعطاں *ਇਅਤ਼ਾਂ* : ਅਤਾ ਕਰਨਾ, ਦੇਣਾ, ਬਖ਼ਸ਼ਣਾ, ਬਖਸ਼ਸ਼ ਕਰਨਾ।

اعطاف *ਇਅਤ਼ਾਫ਼* : (ਅ਼ਤਫ਼ **عطف** ਦਾ ਬੌਹਵਚਨ) ਮੇਹਰਬਾਨੀਆਂ, ਬਖਸ਼ਸ਼ਾਂ; ਦੋਸਤੀ, ਮੇਲ ਮਿਲਾਪ।

اعظم *ਆਅਜ਼ਮ* : ਵਡੇਰਾ, ਬੌਹਤ ਵੱਡਾ; ਪਰਧਾਨ, ਮੁੱਖੀ।

اعقاب *ਆਅਕ਼ਾਬ* : (ਅ਼ਕ਼ਬ **عقب** ਦਾ ਬੌਹਵਚਨ) ਔਲਾਦ, ਪਿੱਛੇ ਰੈਹਣ ਵਾਲੇ; ਪਿਛਲੀ ਨਸਲ; ਅਡੀਆਂ।

اعلان *ਇਅ਼ਲਾਨ* : ਖੋਲ੍ਹ ਦੇਣਾ; ਪਰਗਟ ਕਰਨਾ, ਪਰਸਾਰ ਕਰਨਾ, ਮਸ਼ਹੂਰ ਕਰਨਾ, ਨਸ਼ਰ ਕਰਨਾ; ਇਸ਼ਤਿਹਾਰ, ਵਿਗਿਆਪਨ।

اعلم *ਆਅ਼ਲਮ* : ਬੌਹਤ ਜਾਣਨ ਵਾਲਾ; ਵੱਡਾ ਵਿਦਵਾਨ।

اعلیٰ *ਆਅ਼ਲਾ* : ਬੌਹਤ ਉੱਚਾ; ਅਤ ਉੱਚੇ ਅਧਕਾਰ ਵਾਲਾ; ਪਰਮੁੱਖ; ਸ਼ਿਰੋਮਣੀ।

اعلیٰ حضرت *ਆਅ਼ਲਾ ਹਜ਼ਰਤ* : ਉੱਚ ਪਦਵੀ ਵਾਲਾ, ਬਾਦਸ਼ਾਹ ਜਾਂ ਨਵਾਬ।

اعمال *ਆਅ਼ਮਾਲ* : (ਅਮਲ **عمل** ਦਾ ਬੌਹਵਚਨ) ਕੰਮ, ਕਾਰਜ, ਕੀਤੇ ਹੋਏ ਕਰਮ, ਮੇਹਨਤਾਂ, ਘਾਲਾਂ;

اعمالِ پسنديده *ਆਅ਼ਮਾਲ-ਏ-ਪਸੰਦੀਦਾ* : ਨੇਕ ਤੇ ਚੰਗੇ ਕੰਮ।

اعمال نامه *ਆਅ਼ਮਾਲ-ਏ-ਨਾਮਾ* : ਕਰਮ-ਪੱਤਰ, ਜਿਸ ਵਿਚ ਮਨੁੱਖ ਦੇ ਸਾਰੇ ਕੰਮਾਂ ਦਾ ਵੇਰਵਾ ਦਰਜ ਕੀਤਾ ਜਾਂਦਾ ਹੈ।

اعمٰی *ਆਅ਼ਮਾ* : ਅੰਨ੍ਹਾ; ਨਬੀਨਾ; ਅਗਿਆਨੀ, ਅਨਪੜ੍ਹ, ਜੇਹੜਾ ਪੜ੍ਹਿਆ ਨਾ ਹੋਵੇ।

اعوان *ਆਅ਼ਵਾਨ* : (ਔਨ **عون** ਦਾ ਬੌਹਵਚਨ) ਬੌਹਤ ਸਾਰੇ ਸਹਾਇਕ।

اعيان *ਆਅ਼ਯਾਨ* : (ਐਨ **عين** ਦਾ ਬੌਹਵਚਨ) ਅੱਖਾਂ; ਵੱਡੇ ਆਦਮੀ, ਅਮੀਰ ਵਜ਼ੀਰ; ਸਕੇ ਭਰਾ।

اعيانِ حضرت *ਆਅ਼ਯਾਨ-ਏ-ਹਜ਼ਰਤ*, **اعيانِ دولت** *ਆਅ਼ਯਾਨ-ਏ-ਦੌਲਤ* : ਰਾਜ ਦੇ ਅਮੀਰ ਵਜ਼ੀਰ, ਉੱਚ-ਅਧਕਾਰੀ।

اغبر *ਅਗ਼ਬਰ* : ਖ਼ਾਕੀ ਰੰਗ; ਧੂੜ ਭਰਿਆ, ਮਿੱਟੀ ਘੱਟੇ ਨਾਲ ਲਿਬੜਿਆ ਹੋਇਆ।

اغراض *ਅਗ਼ਰਾਜ਼* : (ਗ਼ਰਜ਼ **غرض** ਦਾ ਬੌਹਵਚਨ) ਗ਼ਰਜ਼ਾਂ, ਖਾਹਸ਼ਾਂ, ਇਰਾਦੇ, ਇਛਾਵਾਂ, ਲੋੜਾਂ।

اغراق *ਇਗ਼ਰਾਕ਼* : ਗ਼ਰਕ ਕਰਨਾ, ਡੋਬਣਾ; ਅਤਕਥਨੀ ਤੋਂ ਕੰਮ ਲੈਣਾ; ਸਖ਼ਤ ਕਮਾਨ ਖਿਚਣਾ; ਮੁਬਾਲਗਾ ਜਾਂ ਅਤਕਥਨੀ ਦੀ ਓਹ ਕਿਸਮ ਜੇਹੜੀ ਅਕਲ ਦੇ ਪੱਖ ਤੋਂ ਸੰਭਵ ਹੋਵੇ ਪਰ ਆਦਤ ਜਾਂ ਸੁਭਾ ਕਰਕੇ ਅਸੰਭਵ ਹੋਵੇ।

اغرب *ਅਗ਼ਰਬ* : ਬੌਹਤ ਅਜੀਬ, ਅਤ ਵਿਚਿੱਤਰ।

اغرى *ਉਗ਼ਰੀ* : ਚੋਰ।

اغلاط *ਅਗਲਾਤ਼* : (ਗਲਤ਼ **غلط** ਦਾ ਬੌਹਵਚਨ) ਗ਼ਲਤੀਆਂ; ਅਸ਼ੁੱਧੀਆਂ, ਭੁੱਲਾਂ।

اغلاظ *ਅਗਲਾਜ਼* : (ਗਲੀਜ਼ **غليظ** ਦਾ ਬੌਹਵਚਨ) ਗਾੜ੍ਹੀਆਂ ਵਸਤਾਂ; ਗੰਦੀਆਂ ਗਾਲ੍ਹਾਂ ਕੱਢਣਾ।

اغلال ***ਅਗ਼ਲਾਲ*** : (ਗ਼ੁੱਲ **غل** ਦਾ ਬੌਹਵਚਨ) ਲੋਹੇ ਦੇ ਪਟੇ, ਲੋਹੇ ਦੀਆਂ ਗਲ ਜੰਜੀਰਾਂ।

اغلام ***ਇਗ਼ਲਾਮ*** : ਮੁੰਡਿਆਂ ਨਾਲ ਬਦ-ਫ਼ਿਅਲੀ ਕਰਨਾ, ਮੁੰਡੇਬਾਜ਼ੀ, ਲੌਂਡੇਬਾਜ਼ੀ।

اغلب ***ਅਗ਼ਲਬ*** : ਜ਼ਿਆਦਾ ਹਾਵੀ; ਯਕੀਨ ਦੇ ਨੇੜੇ; ਸੰਭਵ; ਵਿਸ਼ੇਸ਼ ਕਰਕੇ; ਵਧੇਰੇ ਮਜ਼ਬੂਤ, ਚੰਗੇਰਾ।

اغما ***ਇਗ਼ਮਾ*** : ਬੇਹੋਸ਼ ਕਰਨਾ, ਬੇਸੁੱਧ ਕਰਨਾ।

اغمار ***ਇਗ਼ਮਾਜ਼*** : ਦੋਸ਼ ਦੇਣਾ, ਐਬ ਕੱਢਣਾ, ਬੇਇੱਜ਼ਤ ਕਰਨਾ; ਸਿੱਧੇ ਰਾਹ ਤੋਂ ਮੋੜਨਾ, ਕੁਰਾਹੇ ਪਾਉਣਾ।

اغماض ***ਇਗ਼ਮਾਜ਼*** : ਦਰਗੁਜ਼ਰ, ਚਸ਼ਮਪੋਸ਼ੀ, ਪਰਦਾ ਪਾਉਣਾ, ਅਣਡਿੱਠ ਕਰਨਾ, ਅੱਖੋਂ ਪਰੋਖੇ ਕਰਨਾ; ਤਿਰਛੀ ਅੱਖ ਨਾਲ ਵੇਖਣਾ।

اغمام ***ਇਗ਼ਮਾਮ*** : ਅਸਮਾਨ ਤੇ ਬੱਦਲ ਛਾ ਜਾਣਾ, ਬੱਦਲਾਂ ਦਾ ਘਿਰ ਕੇ ਆਉਣਾ, ਬੱਦਲਵਾਈ ਹੋਣਾ।

اغنا ***ਇਗ਼ਨਾ*** : ਅਮੀਰ ਬਣਾਉਣਾ, ਧਨਵਾਨ ਕਰ ਦੇਣਾ; ਬੇਮੁਥਾਜ ਕਰਨਾ।

اغنام ***ਅਗ਼ਨਾਮ*** : (ਗ਼ਨਮ **غنم** ਦਾ ਬੌਹਵਚਨ) ਬਕਰੀਆਂ।

اغنیا ***ਅਗ਼ਨੀਯਾ*** : (ਗ਼ਨੀ **غنی** ਦਾ ਬੌਹਵਚਨ) ਅਮੀਰ, ਧਨਾਢ, ਦੌਲਤਮੰਦ, ਮਾਲਦਾਰ।

اغوا ***ਇਗ਼ਵਾ*** : ਗੁਮਰਾਹ ਕਰਨਾ, ਵਰਗਲਾਉਣਾ, ਬੈਹਕਾਉਣਾ, ਉਕਸਾਉਣਾ, ਉਧਾਲਣਾ।

اغیار ***ਅਗ਼ਯਾਰ*** : (ਗ਼ੈਰ **غیر** ਦਾ ਬੌਹਵਚਨ) ਪਰਾਏ, ਓਪਰੇ ਲੋਕ, ਜਿਨ੍ਹਾਂ ਨਾਲ ਰਿਸ਼ਤੇਦਾਰੀ ਨਾ ਹੋਵੇ; ਦੁਸ਼ਮਣ, ਵੈਰੀ।

اغیاری ***ਅਗ਼ਯਾਰੀ*** : ਗ਼ੈਰ ਹੋਣ ਦਾ ਭਾਵ, ਗ਼ੈਰਪੁਣਾ।

اف ***ਉਫ਼*** : ਘਿਰਨਾ, ਕਰਾਹਤ, ਸ਼ਰਮ ਦਾ ਕਲਮਾ; ਅਫ਼ਸੋਸ ਜਾਂ ਆਹ, ਦੁੱਖ ਨੂੰ ਪਰਗਟ ਕਰਨ ਵਾਸਤੇ।

افادت ***ਇਫ਼ਾਦਤ***, **افادہ** ***ਇਫ਼ਾਦਾ*** : ਫ਼ਾਇਦਾ ਦੇਣਾ ਜਾਂ ਪੌਹਚਾਉਣਾ; ਨਫ਼ਾ, ਫ਼ਾਇਦਾ, ਲਾਭ; ਅਧਿਆਪਨ, ਸਿਖਿਆ; ਭਾਵ, ਮਤਲਬ, ਮੰਤਵ; ਵਿਸ਼ਲੇਸ਼ਣ, ਵਿਆਖਿਆ।

افاضل ***ਅਫ਼ਾਜ਼ਿਲ*** : (ਅਫ਼ਜ਼ਲ **افضل** ਦਾ ਬੌਹਵਚਨ) ਬੜੇ ਵਿਦਵਾਨ ਵਿਅਕਤੀ, ਉੱਚੇ ਲੋਕ, ਵਿਚਾਰਵਾਨ।

افاغنہ ***ਅਫ਼ਾਗ਼ਿਨਾ*** : (ਅਫ਼ਗਾਨ **افغان** ਦਾ ਬੌਹਵਚਨ) ਅਫ਼ਗ਼ਾਨਿਸਤਾਨ ਦੇ ਰੈਹਣ ਵਾਲੇ, ਪਠਾਣ।

افاقت ***ਇਫ਼ਾਕ਼ਤ***, **افاقہ** ***ਇਫ਼ਾਕ਼ਾ*** : ਬੀਮਾਰੀ ਵਿਚ ਕਮੀ ਹੋਣਾ, ਮਰਜ਼ ਦਾ ਘਟਣਾ, ਬੁਖ਼ਾਰ ਵਿਚ ਕਮੀ ਆਉਣਾ, ਦੁਖ ਤੋਂ ਅਰਾਮ ਹੋਣਾ, ਬੀਮਾਰੀ ਤੋਂ ਹੋਸ਼ ਵਿਚ ਆਉਣਾ।

افتاد ***ਉਫ਼ਤਾਦ*** : ਆਜਜ਼ੀ ਦੀ ਹਾਲਤ; ਇਤਫ਼ਾਕ, ਰਬ ਸਬਬ; ਬਣਾਵਟ, ਬਣਤਰ; ਦੁੱਖ, ਮੁਸੀਬਤ; ਅਚਨਚੇਤ ਘਟਨਾ, ਸ਼ੁਰੂ, ਅਰੰਭ; ਆਦਤ, ਤਬੀਅਤ।

افتادگی ***ਉਫ਼ਤਾਦਗੀ*** : ਬਦਹਾਲੀ, ਮੁਥਾਜੀ, ਗ਼ਰੀਬੀ, ਹੀਣਤਾ, ਗਿਰਾਵਟ, ਪਤਨ।

افتادگان ***ਉਫ਼ਤਾਦਗਾਨ*** : (ਉਫ਼ਤਾਦਾ **افتادہ** ਦਾ ਬੌਹਵਚਨ) ਡਿਗੇ ਹੋਏ; ਹੀਣੇ, ਪਤਤ, ਆਜਜ਼, ਮੁਥਾਜ।

افتادن ***ਉਫ਼ਤਾਦਨ*** : ਡਿੱਗਣਾ, ਗਿਰਨਾ, ਢੈਹਣਾ, ਖ਼ਰਾਬ ਹੋਣਾ, ਤਬਾਹ ਹੋਣਾ, ਵਾਹ ਪੈਣਾ; ਬਾਜ਼ ਰੈਹਣਾ; ਦੂਰ ਹੋਣਾ; ਮੌਕਾ ਬਣਨਾ।

افتادہ ***ਉਫ਼ਤਾਦਾ*** : ਡਿਗਿਆ ਹੋਇਆ, ਢਹਿਆ ਹੋਇਆ; ਕਮਜ਼ੋਰ, ਬਲਹੀਣ; ਬੀਮਾਰ, ਰੋਗੀ; ਪਤਤ; ਨਾ ਵਾਹੀ ਬੀਜੀ ਜ਼ਮੀਨ।

افتان وخیزان ***ਉਫ਼ਤਾਨ ਵ ਖ਼ੇਜ਼ਾਨ*** : ਢੈਂਹਦੇ ਉੱਠਦੇ, ਮੁਸ਼ਕਲ ਨਾਲ ਟੁਰਦੇ ਹੋਇਆਂ, ਹੌਲੀ ਹੌਲੀ ਟੁਰਦਿਆਂ; ਲੰਗੜਾਉਂਦਿਆਂ।

افتتاح ***ਇਫ਼ਤਿਤਾਹ਼*** : ਖੋਲ੍ਹਣਾ, ਪਰਦਾ ਹਟਾਉਣਾ, ਅਰੰਭ ਕਰਨਾ, ਸ਼ੁਰੂ ਕਰਨਾ; ਉਦਘਾਟਨ।

افتخار ***ਇਫ਼ਤਿਖ਼ਾਰ*** : ਫ਼ਖਰ ਕਰਨਾ, ਗੌਰਵ ਕਰਨਾ, ਮਾਣ ਕਰਨਾ, ਗ਼ਰੂਰ ਕਰਨਾ; ਮਾਣ, ਸਤਕਾਰ, ਗੌਰਵ, ਫ਼ਖ਼ਰ; ਘਮੰਡ, ਨਾਜ਼।

افترا ***ਇਫ਼ਤਿਰਾ*** : ਊਜਾਂ ਲਾਉਣਾ, ਝੂਠੀਆਂ

ਗਲਾਂ ਬਣਾਉਣਾ; ਊਜ, ਝੂਠਾ ਇਲਜ਼ਾਮ।

افترا کار ***ਇਫ਼ਤਿਰਾਕਾਰ*** : ਲੂਤੀਆਂ ਲਾਉਣ ਵਾਲਾ; ਝੂਠਾ।

افترا کاری ***ਇਫ਼ਤਿਰਾਕਾਰੀ*** : ਤੋਹਮਤਾਂ ਲਾਉਣ ਦੀ ਕਿਰਿਆ।

افرا ختن ***ਅਫ਼ਰਾਖ਼ਤਨ*** : ਉੱਚਾ ਕਰਨਾ, ਬਲੰਦ ਕਰਨਾ, ਖੜ੍ਹਾ ਕਰਨਾ; ਉੱਚਾ ਰੁਤਬਾ ਦੇਣਾ, ਸਨਮਾਨਣਾ।

افرا ختگی ***ਅਫ਼ਰਾਖ਼ਤਗੀ*** : ਉਚਾਈ, ਕਿਸੇ ਨੂੰ ਉੱਚਾ ਬਣਾਉਣ ਦੀ ਕਿਰਿਆ।

افراد ***ਅਫ਼ਰਾਦ*** : (ਫ਼ਰਦ فرد ਦਾ ਬੌਹਵਚਨ) ਕਈ ਜਣੇ, ਇਕੋ ਜੇਹੀਆਂ ਕਈ ਚੀਜ਼ਾਂ; ਇਕੈਹਰੀਆਂ ਸੰਖਿਆਵਾਂ; ਫਰਦਾਂ, ਪਰਤਾਂ, ਤੈਹਾਂ।

افراز ***ਅਫ਼ਰਾਜ਼*** : ਉੱਚਾ, ਉਚਾਈ, ਚੋਟੀ; ਮਸਜਦ ਅੰਦਰ ਉਚਾ ਥੜ੍ਹਾ, ਜਿਸ ਉਪਰ ਚੜ੍ਹ ਕੇ ਵਾਅਜ਼ ਕਰਦਾ ਹੈ।

افراس ***ਅਫ਼ਰਾਸ*** : (ਫ਼ਰਸ فرس ਦਾ ਬੌਹਵਚਨ) ਘੋੜੇ।

افراسیاب ***ਅਫ਼ਰਾਸਿਯਾਬ*** : ਤੂਰਾਨ ਦਾ ਇਕ ਬਹਾਦਰ ਬਾਦਸ਼ਾਹ, ਜੋ ਉਮਰ ਭਰ ਈਰਾਨ ਦੇ ਕਯਾਨੀ ਬਾਦਸ਼ਾਹਾਂ ਨਾਲ ਲੜਦਾ ਰਿਹਾ, ਅਖ਼ੀਰ ਰੁਸਤਮ ਦੀ ਮਦਦ ਨਾਲ ਸਿਯਾਵੁਸ਼ ਦੇ ਪੁੱਤਰ ਕੈ-ਖੁਸਰੋ ਨੇ ਆਪਣੇ ਪਿਤਾ ਦੇ ਕਤਲ ਦਾ ਬਦਲਾ ਲੈਣ ਵਜੋਂ ਉਸ ਨੂੰ ਹਰਾ ਕੇ ਮਾਰ ਦਿਤਾ, ਈਰਾਨੀ ਕਵਿਤਾ ਵਿਚ ਇਸ ਦਾ ਬੌਹਤ ਜ਼ਿਕਰ ਆਉਂਦਾ ਹੈ।

اعفا ***ਇਅਫ਼ਾ*** : ਗੁਨਾਹ ਮਾਫ਼ ਕਰਨਾ, ਪਾਪ ਨਿਵਾਰਨਾ, ਮਾਫ਼ੀ ਦੇਣਾ; ਅਜ਼ਾਦੀ ਦੇਣਾ, ਅਜ਼ਾਦ ਕਰਨਾ।

افراط ***ਇਫ਼ਰਾਤ*** : ਬੌਹਤਾਤ, ਹੱਦੋਂ ਵੱਧ; ਜਲਦੀ ਕਰਨਾ, ਤੇਜ਼ੀ ਨਾਲ ਚਲਣਾ; ਕਿਸੇ ਵਸਤ ਦੇ ਵਾਫ਼ਰ ਹੋਣ ਦਾ ਭਾਵ।

افرنگ/افرنج ***ਅਫ਼ਰੰਗ / ਅਫ਼ਰੰਜ*** : ਫ਼ਰਾਂਸ ਦੇ ਵਸਨੀਕ; ਯੂਰਪ ਦੇ ਸਾਰੇ ਵਸਨੀਕ, ਧਾਰਮਕ ਜੰਗ ਕਰਨ ਵਾਲੇ।

افرنج مشک ***ਅਫ਼ਰੰਜ ਮੁਸ਼ਕ*** : ਫਰਾਂਸ ਦੀ ਸੁਗੰਧ; ਇਕ ਮਿਠੀ ਵੇਲ।

افرنجہ ***ਅਫ਼ਰੰਜਾ*** : ਦਰਿਆ ਨੀਲ ਦੇ ਕੰਢੇ ਨੌਸ਼ੀਰਵਾਂ ਦਾ ਅਬਾਦ ਕੀਤਾ ਹੋਇਆ ਇਕ ਸ਼ੈਹਰ; ਵਾਮਿਕ ਦੀ ਪਰੇਮਕਾ ਅਜ਼ਰਾ ਦੀ ਮਾਂ ਇਸੇ ਸ਼ੈਹਰ ਦੀ ਰੈਹਣ ਵਾਲੀ ਸੀ; ਜ਼ੰਗਬਾਰ ਦੇ ਨੇੜੇ ਇਕ ਦੇਸ਼ ਦਾ ਨਾਮ; ਅਰਬ ਦੇ ਇਕ ਇਲਾਕੇ ਦਾ ਨਾਮ; ਪੂਰਬੀ ਅਫ਼ਰੀਕਾ; ਯੂਰਪ।

افرنگ ***ਅਫ਼ਰੰਗ*** : ਸ਼ਾਨ, ਵਡਿਆਈ, ਨਾਜ਼, ਨਖ਼ਰਾ, ਨਜ਼ਾਕਤ; ਤਾਜ, ਤਖ਼ਤ; ਸਾਜ਼ ਸਮਾਨ, ਨਿਤਾਪਰਤੀ ਦੀਆਂ ਜ਼ਰੂਰੀ ਵਸਤਾਂ, ਪਦਾਰਥ; ਫ਼ਰੰਗੀ, ਗੋਰਾ।

افرنگان ***ਅਫ਼ਰਿੰਗਾਨ*** : ਜ਼ੰਦ-ਅਵੱਸਤਾ ਦਾ ਇਕ ਅਧਿਆਏ।

افروزہ ***ਅਫ਼ਰੋਜ਼ਾ*** : ਦੀਵੇ ਦੀ ਲਾਟ।

افریشم ***ਅਫ਼ਰੀਸ਼ਮ*** : ਅਬਰੀਸ਼ਮ ابریشم ਦਾ ਅਰਬੀ ਰੂਪ।

افروغ ***ਅਫ਼ਰੋਗ਼*** : ਸੂਰਜ ਦੀਆਂ ਕਿਰਨਾਂ, ਚੰਦ ਦੀਆਂ ਰਿਸ਼ਮਾਂ।

افزوں ***ਅਫ਼ਜ਼ੂੰ*** : ਬੌਹਤ ਵਧਿਆ ਹੋਇਆ, ਬੌਹਤਾ, ਕਈ ਗੁਣਾਂ, ਹੱਦੋਂ ਬੌਹਤਾ।

افزونی ***ਅਫ਼ਜ਼ੂਨੀ*** : ਬੌਹਤਾਤ।

افسا ***ਅਫ਼ਸਾ*** : ਆਕਰਸ਼ਕ, ਖਿਚ ਵਾਲਾ, ਦਿਲਕਸ਼, ਮਨਮੋਹਨ; ਜਾਦੂਗਰ।

افسار ***ਅਫ਼ਸਾਰ*** : ਵਾਗ, ਘੋੜੇ ਦੀ ਵਾਗ, ਵਾਗ ਡੋਰ, ਲਗਾਮ।

افسان ***ਅਫ਼ਸਾਨ*** : ਪਥਰ ਜਿਸ ਉਤੇ ਛੁਰੀ, ਤਲਵਾਰ ਆਦਿ ਤੇਜ਼ ਕੀਤੇ ਜਾਂਦੇ ਹਨ, ਸਾਣ।

افسانہ ***ਅਫ਼ਸਾਨਾ*** : ਕਿੱਸਾ, ਕਹਾਣੀ, ਦਾਸਤਾਨ; ਝੂਠੀ ਗਲ; ਮੰਤਰ, ਤਵੀਜ਼, ਪਰਸਿੱਧ, ਮਸ਼ਹੂਰ, ਬਦਨਾਮ।

افسانہ گو ***ਅਫ਼ਸਾਨਾ-ਗੋ*** : ਕਥਾਕਾਰ, ਕਹਾਣੀ ਸੁਣਾਉਣ ਵਾਲਾ; ਝੂਠਾ, ਗੱਲਾਂ ਬਣਾਉਣ ਵਾਲਾ।

افسانہ گوئی ***ਅਫ਼ਸਾਨਾਗੋਈ*** : ਸੁਣਾਉਣ ਜਾਂ ਕੈਹਣ ਦੀ ਕਿਰਿਆ।

افسانہ ساز ***ਅਫ਼ਸਾਨਾਸਾਜ਼*** ,
افسانہ سگال ***ਅਫ਼ਸਾਨਾ ਸਿਗਾਲ*** ,
افسانہ سنج ***ਅਫ਼ਸਾਨਾਸੰਜ*** : ਕਹਾਣੀ ਕੈਹਣ ਵਾਲਾ, ਕਹਾਣੀਕਾਰ।

افسر ***ਅਫ਼ਸਰ*** : ਤਾਜ, ਮੁਕਟ; ਵਾਗ, ਵਾਗ ਡੋਰ, ਲਗਾਮ; ਸਰਦਾਰ, ਔਹਦੇਦਾਰ।

افسرںگی ***ਅਫ਼ਸੁਰਦਗੀ*** : ਤਬੀਅਤ ਦਾ ਮੁਰਝਾ ਜਾਣਾ, ਨਿਮੋਝੂਣ ਹੋਣਾ, ਉਦਾਸੀ, ਢੈਂਹਦੀ ਕਲਾ।

افسرںہ ***ਅਫ਼ਸੁਰਦਾ*** : ਮੁਰਝਾਇਆ ਹੋਇਆ; ਉਦਾਸ, ਗਮਗੀਨ, ਦਿਲਗੀਰ।

افسرںہ ںل ***ਅਫ਼ਸੁਰਦਾ ਦਿਲ*** : ਥੋੜ੍ਹਦਿਲਾ।

افسرںہ رواں ***ਅਫ਼ਸੁਰਦਾ ਰਵਾਂ*** : ਥੋੜ੍ਹ-ਦਿਲਾ, ਡਰਾਕਲ, ਕੁੰਦ -ਜ਼ਹਨ, ਮੂਰਖ।

افسرںہ مہر ***ਅਫ਼ਸੁਰਦਾ-ਮਿਹਰ*** : ਕਿਸੇ ਲਈ ਪਿਆਰ ਨਾ ਹੋਣਾ; ਰੁਖਾ।

افسوس ***ਅਫ਼ਸੋਸ*** : ਹਸਰਤ, ਦਰੇਗ, ਪਛਤਾਵਾ, ਰੰਜ, ਗ਼ਮ, ਤਨਜ਼, ਟਿਚਰ, ਕਟਾਖ, ਹਾਸਾ, ਮਖ਼ੌਲ, ਮਜ਼ਾਕ; ਉਪਦਰ, ਜ਼ੁਲਮ, ਵਧੀਕੀ; ਗਲਤੀ, ਭੁੱਲ; ਓਹੋ, ਹਾਏ, ਉਫ਼।

افسوں ***ਅਫ਼ਸੂੰ*** : ਜਾਦੂ, ਮੰਤਰ, ਟੂਣਾ; ਧੋਖਾ; ਫਰੇਬ, ਮੱਕਾਰੀ; ਚਾਪਲੂਸੀ, ਖ਼ੁਸ਼ਾਮਦ।

افسوں خواں ***ਅਫ਼ਸੂੰ-ਖ਼੍ਵਾਂ*** , **افسوں ساز** ***ਅਫ਼ਸੂੰ ਸਾਜ਼*** , **افسوں گر** ***ਅਫ਼ਸੂੰਗਰ*** , **افسوں کن** ***ਅਫ਼ਸੂੰਕੁਨ***: ਮੰਤਰ ਪੜ੍ਹਨ ਵਾਲਾ, ਜਾਦੂਗਰ, ਟੂਣੇਹਾਰਾ।

افسوں گری ***ਅਫ਼ਸੂੰ-ਗਰੀ*** : ਜਾਦੂਗਰੀ; ਜਾਦੂ ਕਰਨ ਦਾ ਧੰਦਾ।

افشا ***ਇਫ਼ਸ਼ਾ*** : ਪਰਗਟ ਕਰਨਾ, ਭੇਤ ਖੋਲ੍ਹਣਾ; ਨਸ਼ਰ ਕਰਨਾ, ਮਸ਼ਹੂਰ ਕਰਨਾ; ਪਰਕਾਸ਼ਨ।

افشار ***ਅਫ਼ਸ਼ਾਰ*** : ਮੰਦਾ ਬੋਲਣਾ, ਗੰਦ ਬਕਣਾ; ਦਬਾਉਣਾ, ਦਬਣਾ, ਨਚੋੜਨਾ, ਚੋਭਣਾ, ਧਸਣਾ; ਜੁਲਾਹੇ ਦੀ ਖੱਡੀ; ਸਾਥੀ, ਸਹਾਇਕ, ਦੋਸਤ; ਅਗਾੜੀ ਪਛਾੜੀ ਦੀ ਰੱਸੀ।

افشار ***ਅਫ਼ਸ਼ਾਰ*** : ਜਸੂਸ, ਸੂਹੀਆ; ਈਰਾਨ ਦੇ ਕਿਜ਼ਲ-ਬਾਸ਼ਾਂ ਦਾ ਇਕ ਕਬੀਲਾ, ਨਾਦਰਸ਼ਾਹ ਵੀ ਇਸ ਕਬੀਲੇ ਦਾ ਸੀ, ਤੁਰਕਮਾਨਾਂ ਦਾ ਇਕ ਕਬੀਲਾ।

افشرںگی ***ਅਫ਼ਸ਼ੁਰਦਗੀ*** : ਦਾਬ, ਦਬਾ।

افشرںہ ***ਅਫ਼ਸ਼ੁਰਦਾ*** : ਨਚੋੜਿਆ ਹੋਇਆ, ਨਚੋੜ ਕੇ ਕੱਢੀ ਹੋਈ ਚੀਜ਼, ਰਸ, ਸਤ।

افشرںہگر ***ਅਫ਼ਸ਼ੁਰਦਾਗਰ*** : ਤੇਲੀ, ਅੱਤਾਰ, ਨਚੋੜਨ ਵਾਲਾ।

افشک ***ਅਫ਼ਸ਼ਕ*** , **افشنک** ***ਅਫ਼ਸ਼ੰਕ*** : ਤਰੇਲ, ਸ਼ਬਨਮ, ਓਸ।

افضال ***ਅਫ਼ਜ਼ਾਲ*** : (ਫ਼ਜ਼ਲ **فضل** ਦਾ ਬੌਹਵਚਨ) ਨੇਕੀਆਂ, ਬਖ਼ਸ਼ਸ਼ਾਂ, ਮੇਹਰਾਂ, ਮੇਹਰਬਾਨੀਆਂ।

افضل ***ਅਫ਼ਜ਼ਲ*** : ਬੌਹਤ ਚੰਗਾ, ਸਰਬੋਤਮ, ਬੌਹਤ ਪਾਕ ਪਵਿੱਤਰ, ਨੇਕ, ਬੌਹਤ ਵਡਾ, ਬਜ਼ੁਰਗ, ਅਤ ਸਿਆਣਾ, ਵਿਦਵਾਨ।

افضلیت ***ਅਫ਼ਜ਼ਲੀਯਤ*** : ਵਡਿਆਈ, ਬਜ਼ੁਰਗੀ, ਮਹਾਨਤਾ, ਸਰੇਸ਼ਟਤਾ।

افطار ***ਇਫ਼ਤ਼ਾਰ*** : ਖੋਲ੍ਹਣਾ, ਰੋਜ਼ਾ ਖੋਲ੍ਹਣਾ, ਰੋਜ਼ਾ ਖੋਲ੍ਹਣ ਲਈ ਸਧਾਰਨ ਨਾਸ਼ਤਾ।

افعال ***ਅਫ਼ਆਲ*** : (ਫ਼ਿਅਲ **فعل** ਦਾ ਬੌਹਵਚਨ) ਕੰਮ, ਕਾਰਜ, ਧੰਦੇ, ਕਿਰਿਆਵਾਂ; ਤਾਸੀਰਾਂ, ਖਾਸੀਅਤਾਂ।

افعی ***ਅਫ਼ਈ*** : ਬੌਹਤ ਵਡਾ ਜ਼ੈਹਰੀ ਸੱਪ, ਨਾਗ।

افعیںم ***ਅਫ਼ਈਦਮ*** : ਨਾਗ ਵਾਂਗ ਫੁੰਕਾਰਦਾ ਹੋਇਆ, ਨਾਗ ਵਾਂਗ ਜ਼ੈਹਰ ਉਗਲਦਾ ਹੋਇਆ।

افغان ***ਅਫ਼ਗਾਨ*** : ਰੋਣਾ, ਚੀਕ-ਪੁਕਾਰ, ਹਾਲ ਦੁਹਾਈ; ਕੰਧਾਰ ਤੇ ਸਿੰਧ ਦਰਿਆ ਵਿਚਕਾਰ ਵਸਣ ਵਾਲੀ ਇਕ ਕੌਮ, ਪਠਾਣ।

افغانستان ***ਅਫ਼ਗਾਨਿਸਤਾਨ*** : ਭਾਰਤ ਦੇ ਉਤਰ ਪਛਮ ਵਲ ਇਕ ਦੇਸ਼, ਜਿਸ ਵਿਚ ਅਫ਼ਗਾਨ ਜਾਂ ਪਠਾਣ ਵਸਦੇ ਹਨ; ਕੰਧਾਰ ਤੇ ਦਰਿਆ ਸਿੰਧ ਦੇ ਵਿਚਕਾਰਲਾ ਇਲਾਕਾ।

افق ***ਉਫ਼ਕ*** : ਅਸਮਾਨ ਦਾ ਸਿਰਾ; ਜਿਥੋਂ ਤਕ ਨਜ਼ਰ ਜਾਵੇ, ਨਜ਼ਰ ਦੀ ਹਦ, ਜਿਥੇ ਧਰਤ ਅਕਾਸ਼ ਮਿਲਦੇ ਦਿਸਦੇ ਹਨ, ਦਿਸ-ਹੱਦਾ; ਧਰਤ ਦਾ ਇਕ ਹਿੱਸਾ ਜਾਂ ਖੰਡ।

افکار ***ਅਫ਼ਕਾਰ*** : (ਫ਼ਿਕਰ **فکر** ਦਾ ਬੌਹਵਚਨ) ਸੋਚਾਂ, ਰਾਵਾਂ, ਸਲਾਹਾਂ; ਮਸ਼ਵਰੇ।

افگار ***ਅਫ਼ਗਾਰ*** : ਜ਼ਖ਼ਮੀ, ਫਟੜ; ਥਕਿਆ ਟੁੱਟਿਆ; ਲੰਡਾ, ਲੁੰਜਾ; ਜ਼ਖ਼ਮ, ਫੱਟ, ਜਾਨਵਰ ਦੀ ਪਿੱਠ ਦਾ ਜ਼ਖ਼ਮ।

افگندن ***ਅਫ਼ਗੰਦਨ*** : ਸੁੱਟਣਾ, ਡੇਗਣਾ।

افگنده ***ਅਫ਼ਗੰਦਾ*** : ਡਿਗਾ, ਢਠਾ, ਪਛਾੜਿਆ ਹੋਇਆ; ਮਜਬੂਰ, ਲਚਾਰ, ਹੀਣਾ; ਗੁਲਾਮ, ਗੋਲਾ।

افگندگی ***ਅਫ਼ਗੰਦਗੀ*** : ਪਛਾੜ; ਗੁਲਾਮੀ, ਪਰਾਧੀਨਤਾ।

افگندنی ***ਅਫ਼ਗੰਦਨੀ*** : ਸੁੱਟਣਯੋਗ।

افلاج ***ਇਫ਼ਲਾਜ*** : ਫ਼ਾਲਿਜ ਡਿਗਣਾ, ਅਧਰੰਗ ਹੋਣਾ, ਸਰੀਰ ਦੇ ਕਿਸੇ ਅੰਗ ਦਾ ਮਾਰਿਆ ਜਾਣਾ।

افلاح ***ਇਫ਼ਲਾਹ਼*** : ਭਲਾਈ, ਨੇਕੀ; ਨੇਕੀ ਕਰਨਾ, ਭਲਾਈ ਕਰਨਾ, ਖੁਸ਼ਹਾਲੀ; ਜਿੱਤ।

افلاس ***ਇਫ਼ਲਾਸ*** : ਹਥ ਤੰਗ ਹੋਣ ਦਾ ਭਾਵ, ਗ਼ਰੀਬੀ, ਮੁਥਾਜੀ, ਭੁਖ-ਨੰਗ, ਦੀਵਾਲੀਆ ਹੋਣਾ, ਪੱਲੇ ਕੁਝ ਨਾ ਹੋਣਾ।

افلاطون ***ਅਫ਼ਲਾਤੂਨ*** : ਇਕ ਪਰਸਿੱਧ ਯੂਨਾਨੀ ਹਕੀਮ ਤੇ ਚਿੰਤਕ ਜੋ ਬੁਕਰਾਤ ਦਾ ਸ਼ਗਿਰਦ ਤੇ ਅਰਸਤੂ ਦਾ ਉਸਤਾਦ ਸੀ।

افلاطون عصر ***ਅਫ਼ਲਾਤੂਨ-ਏ-ਅ਼ਸਰ*** : ਸਮੇਂ ਦਾ ਅਫ਼ਲਾਤੂਨ, ਮਹਾਨ ਚਿੰਤਕ।

افلاک ***ਅਫ਼ਲਾਕ*** : (ਫ਼ਲਕ **فلک** ਦਾ ਬੌਹਵਚਨ) ਕਈ ਅਕਾਸ਼।

افلاک شناس ***ਅਫ਼ਲਾਕ-ਸ਼ਨਾਸ*** : ਨਜੂਮੀ, ਤਾਰਾ ਵਿਗਿਆਨੀ।

افلاکیان ***ਅਫ਼ਲਾਕੀਯਾਨ*** : ਅਸਮਾਨਾਂ ਦੇ ਪੁਜਾਰੀ; ਚੰਨ ਤਾਰੇ; ਫਰਿਸ਼ਤੇ।

افنا ***ਇਫ਼ਨਾ*** : ਫ਼ਨਾਹ ਕਰਨਾ, ਮਾਰ ਮੁਕਾਉਣਾ, ਨਾਸ਼ ਕਰ ਦੇਣਾ।

افنان ***ਅਫ਼ਨਾਨ*** : (ਫ਼ਨ **فن** ਦਾ ਬੌਹਵਚਨ) ਇਲਮ, ਹੁਨਰ, ਕਲਾਵਾਂ; ਤਰੀਕੇ, ਢੰਗ, ਰਸਤੇ, ਸਾਧਨ; ਸ਼ਾਖਾਂ, ਟਾਹਣੀਆਂ।

افندی ***ਅਫ਼ੰਦੀ*** : ਸੁਆਮੀ, ਸ਼ਰੀਫ਼, ਭਲਾਮਾਣਸ, ਸਾਊ।

افواج ***ਅਫ਼ਵਾਜ*** : (ਫ਼ੌਜ **فوج** ਦਾ ਬੌਹਵਚਨ) ਫੌਜਾਂ, ਲਸ਼ਕਰ, ਝੁੰਡ, ਇਕੱਠ, ਭੀੜਾਂ।

افواه ***ਅਫ਼ਵਾਹ*** : (ਫ਼ੌਹ **فوه** ਅਰਥਾਤ ਮੂੰਹ ਦਾ ਬੌਹਵਚਨ) ਮੂੰਹ; ਖ਼ਬਰਾਂ, ਅਫ਼ਵਾਹਾਂ, ਸੁਣੀਆਂ ਸੁਣਾਈਆਂ ਗੱਲਾਂ; ਚਰਚਾ, ਸ਼ੋਹਰਤ, ਬਜ਼ਾਰੀ ਖਬਰ, ਉਡਦੀ ਖ਼ਬਰ, ਝੂਠੀ, ਖਬਰ, ਗੱਪ।

افهام ***ਅਫ਼ਹਾਮ*** : (ਫ਼ਹਮ **فهم** ਦਾ ਬੌਹਵਚਨ) ਸਮਝਾਂ, ਅਕਲਾਂ, ਬੁਧੀਆਂ।

افهام ***ਇਫ਼ਹਾਮ*** : ਸਮਝਾਉਣਾ, ਜ਼ਿਹਨ-ਨਸ਼ੀਨ ਕਰਾਉਣਾ, ਪੜ੍ਹਾਉਣਾ, ਸਿਖਾਉਣਾ।

افیال ***ਅਫ਼ਯਾਲ*** : (ਫ਼ੀਲ **فیل** ਦਾ ਬੌਹਵਚਨ) ਬੌਹਤ ਸਾਰੇ ਹਾਥੀ।

افیون ***ਅਫ਼ਯੂਨ*** : ਅਫ਼ੀਮ।

افیونی ***ਅਫ਼ਯੂਨੀ*** : ਅਫ਼ੀਮ ਖਾਣ ਵਾਲਾ, ਅਫ਼ੀਮੀ, ਅਮਲੀ।

اقارب ***ਅਕ਼ਾਰਿਬ*** : (ਕ਼ਰੀਬ **قریب** ਦਾ ਬੌਹਵਚਨ) ਨਜ਼ਦੀਕੀ ਰਿਸ਼ਤੇਦਾਰ, ਸਾਕ ਸਬੰਧੀ, ਬਰਾਦਰੀ, ਭਾਈਚਾਰੇ ਦੇ ਲੋਕ।

اقارب وخویشاں ***ਅਕ਼ਾਰਿਬ-ਉ-ਖੇਸ਼ਾਂ***, **عزیزواقارب** ***ਅ਼ਜ਼ੀਜ਼-ਉ-ਅਕ਼ਾਰਿਬ*** : ਨਜ਼ਦੀਕੀ ਰਿਸ਼ਤੇਦਾਰ: ਭਾਈਵੰਦ, ਸਾਕ ਸਬੰਧੀ, ਟੱਬਰਟੀਰ।

اقالیم ***ਅਕ਼ਾਲੀਮ*** : (ਇਕ਼ਲੀਮ **اقلیم** ਦਾ ਬੌਹਵਚਨ) ਦੇਸ਼ ਦੇਸ਼ਾਂਤਰ, ਮੁਲਕ, ਇਲਾਕੇ, ਸਲਤਨਤਾਂ।

اقالیم سبعه ***ਅਕ਼ਾਲੀਮ-ਏ-ਸਬਆ*** : ਸਤ ਦੇਸ਼, ਸਾਰਾ ਸੰਸਾਰ।

اقامت ***ਇਕ਼ਾਮਤ*** : ਕਿਆਮ, ਕਰਾਰ, ਸਕੂਨ; ਖਲੋਣਾ, ਠੈਹਰਨਾ, ਅਰਾਮ ਕਰਨਾ, ਮਕਾਮ ਕਰਨਾ, ਅਹਿੱਲ ਖਲੋਣਾ ਜਾਂ ਖਲ੍ਹਾਰਨਾ, ਇਕੋ ਥਾਂ ਤੇ ਟਿਕੇ ਰੈਹਣਾ, ਵਤਨ ਬਣਾਉਣਾ; ਕਿਸੇ ਗਲ ਤੇ ਪਕਿਆਂ ਰੈਹਣਾ; ਘਰ, ਜਗ੍ਹਾ, ਨਿਵਾਸ, ਰਿਹਾਇਸ਼; ਨਮਾਜ਼ ਦੀ ਤਕਬੀਰ; ਕਿਸੇ ਨਵੇਂ ਅਤਿਥੀ ਲਈ ਭੇਜਿਆ ਜਾਣਾ ਵਾਲਾ ਖਾਣਾ।

اقبال ***ਇਕ਼ਬਾਲ*** : ਅਗ੍ਹਾਂ ਵਧਣਾ, ਆਉਣਾ; ਕਿਸੇ ਵੱਲ ਮੂੰਹ ਕਰਨਾ; ਗੌਹ ਕਰਨਾ; ਖੁਸ਼-ਨਸੀਬ ਹੋਣਾ, ਭਾਗਸ਼ਾਲੀ ਹੋਣਾ; ਇਕਰਾਰ ਕਰਨਾ, ਇਕਰਾਰਨਾਮਾ ਪਰਵਾਨ ਕਰਨਾ; ਦਾਵਾ ਮਨਜ਼ੂਰ ਕਰਨਾ; ਪਰਵਾਨਗੀ, ਮਨਜ਼ੂਰੀ;

ਸੁਭਾਗ, ਖੁਸ਼-ਕਿਸਮਤੀ; ਚੰਗਾ ਸਗਨ, ਇਜ਼ੱਤ, ਸਤਕਾਰ।

اقبالِ دعوی ***ਇਕ਼ਬਾਲ-ਏ- ਦਾਅਵਾ*** : ਵਿਰੋਧੀ ਦੇ ਦਾਵੇ ਨੂੰ ਮੰਨ ਲੈਣਾ।

اقبالمند ***ਇਕ਼ਬਾਲਮੰਦ*** : ਇਕਬਾਲ ਵਾਲਾ, ਭਾਗਸ਼ਾਲੀ; ਖੁਸ਼-ਕਿਸਮਤ; ਖੁਸ਼ਹਾਲ; ਅਮੀਰ; ਇਜ਼ਤ ਵਾਲਾ, ਉੱਚੇ ਰੁਤਬੇ ਵਾਲਾ।

اقبالمندی ***ਇਕ਼ਬਾਲਮੰਦੀ*** : ਚੰਗੀ ਕਿਸਮਤ; ਖੁਸ਼ਹਾਲੀ; ਅਮੀਰੀ।

اقتباس ***ਇਕ਼ਤਿਬਾਸ*** : ਛਾਂਟਣਾ, ਉਧਾਰ ਲੈਣਾ, ਮੰਗਣਾ; ਚਾਨਣ ਲੈਣਾ, ਅਗ ਲੈਣਾ; ਬੱਤੀ ਜਗਾਉਣਾ; ਲਾਭ ਉਠਾਉਣਾ, ਫਾਇਦਾ ਹਾਸਲ ਕਰਨਾ; ਇਲਮ ਸਿਖਣਾ, ਸਿਖਿਆ ਲੈਣਾ; ਕਿਸੇ ਦੀ ਰਚਨਾ ਦਾ ਅੰਸ਼ ਆਪਣੀ ਰਚਨਾ ਵਿਚ ਪਰਸਤੁਤ ਕਰਨਾ; ਟੂਕ।

اقتدا ***ਇਕ਼ਤਿਦਾ*** : ਪੈਰਵੀ ਕਰਨਾ, ਅਨੁਕਰਨ ਕਰਨਾ, ਨਕਲ ਕਰਨਾ; ਇਮਾਮ ਦੇ ਪਿਛੇ ਨਮਾਜ਼ ਪੜ੍ਹਨਾ; ਨਕਲ, ਅਨੁਕਰਨ।

اقتدار ***ਇਕ਼ਤਿਦਾਰ*** : ਤਾਕਤ, ਅਧਕਾਰ, ਸ਼ਕਤੀ; ਯੋਗਤਾ, ਲਿਆਕਤ; ਸ਼ਾਨ-ਸ਼ੌਕਤ, ਵਡਿਆਈ; ਕਬਜ਼ਾ, ਨਿਯੰਤਰਨ।

اقتراح ***ਇਕ਼ਤਿਰਾਹ਼*** : ਕੁੱਰਾ-ਅੰਦਾਜ਼ੀ ਕਰਨਾ, ਚੁਣਨਾ, ਚੋਣ ਕਰਨਾ, ਪਰਚੀਆਂ ਕੱਢਣਾ; ਫਰਮਾਇਸ਼, ਤਜਵੀਜ਼, ਸਵਾਲ ਕਰਨ।

اقتسام ***ਇਕ਼ਤਿਸਾਮ*** : ਤਕਸੀਮ ਕਰਨਾ; ਵੰਡਣਾ, ਪਰਸਪਰ ਵੰਡ ਲੈਣਾ; ਆਪਸ ਵਿਚ ਕਸਮ ਖਾਣਾ।

اقتسامِ میراث ***ਇਕ਼ਤਿਸਾਮ-ਏ-ਮੀਰਾਸ*** : ਜੱਦੀ ਜਾਇਦਾਦ ਦੀ ਵੰਡ।

اقتصار ***ਇਕ਼ਤਿਸਾਰ*** : ਘੱਟ ਕਰਨਾ, ਅਣਗੈਹਲੀ ਕਰਨਾ, ਸੰਖੇਪ ਕਰਨਾ; ਕਿਸੇ ਦੇ ਪਿਛੇ ਜਾਣਾ; ਨਿਸਚਤ ਕਰਨਾ; ਸੰਖੇਪ; ਸਾਰ, ਨਚੋੜ।

اقتصاص ***ਇਕ਼ਤਿਸਾਸ*** : ਪਿਛਾ ਕਰਨਾ, ਰਵਾਇਤ ਕਰਨਾ; ਕਿੱਸਾ-ਕਹਾਣੀ ਕੈਹਣਾ, ਕਿੱਸਾ ਸੁਣਾਉਣਾ; ਖ਼ੂਨ ਦਾ ਬਦਲਾ ਲੈਣਾ।

اقتضا ***ਇਕ਼ਤਿਜ਼ਾ*** : ਤਕਾਜ਼ਾ ਕਰਨਾ, ਮੰਗਣਾ; ਜ਼ਿਦ ਕਰਨਾ, ਜ਼ੋਰ ਦੇਣਾ; ਚਾਹੁਣਾ, ਖ਼ਾਹਸ਼ ਕਰਨਾ; ਕਰਜ਼ਾ ਵਾਪਸ ਮੰਗਣਾ।

اقتفا ***ਇਕ਼ਤਿਫ਼ਾ*** : ਪੈਰਵੀ ਕਰਨਾ, ਪਿਛੇ ਚਲਣਾ; ਉਲਟਾ ਹੋਣਾ, ਪਿਛਾਂਹ ਜਾਣਾ, ਪਿਛਾਂਹ ਹਟਣਾ; ਪੈਰਵੀ।

اقچه ***ਅਕ਼ਚਾ*** : ਰੁਪਈਆ; ਖੇਤਾਂ ਵਿਚ ਜਾਨਵਰਾਂ ਨੂੰ ਡਰਾਉਣ ਲਈ ਰਖੀ ਚਿੱਟੀ ਚੀਜ਼, ਡਰਨਾ।

اقداح ***ਅਕ਼ਦਾਹ਼*** : (ਕ਼ਦਹ਼ قدح ਦਾ ਬੌਹਵਚਨ) ਪਿਆਲੇ, ਕਾਸੇ, ਠੂਠੇ।

اقدام ***ਇਕ਼ਦਾਮ*** : ਪੈਹਲਾਂ ਭੇਜਣਾ, ਅਗਾਂਹ ਭੇਜਣਾ, ਅਗਾਂਹ ਕਦਮ ਰਖਣਾ, ਅਗੇ ਵਧਣਾ, ਅਗੇ ਜਾਣਾ, ਪੇਸ਼-ਕਦਮੀ ਕਰਨਾ; ਦਲੇਰੀ, ਕੋਸ਼ਸ਼, ਜਤਨ, ਉਦਮ, ਇਰਾਦਾ।

اقدام ***ਅਕ਼ਦਾਮ*** : (ਕਦਮ قدم ਦਾ ਬੌਹਵਚਨ) ਪੈਰ।

اقدس ***ਅਕ਼ਦਸ*** : ਅਤ ਪਵਿਤਰ, ਸਤਕਾਰਯੋਗ।

اقدم ***ਅਕ਼ਦਮ*** : ਸਭ ਤੋਂ ਪੈਹਲਾ, ਸਰਵ ਪਰਥਮ; ਬੌਹਤ ਪੁਰਾਣਾ, ਪਰਾਚੀਨ।

اقرار ***ਇਕ਼ਰਾਰ*** : ਨਿਸ਼ਚਤ ਕਰਨਾ, ਮਿਥਣਾ; ਮੰਨ ਲੈਣਾ; ਹਾਮੀ, ਕਬੂਲ, ਮਨਜ਼ੂਰ, ਮਰਜ਼ੀ, ਪਰਵਾਨਗੀ, ਹਾਂ ਕਰਨਾ; ਸੰਮਤੀ; ਵਿਸ਼ਵਾਸ, ਭਰੋਸਾ; ਵਾਦਾ, ਪਰੌੜ੍ਹਤਾ, ਤਸਦੀਕ; ਰਾਜ਼ੀਨਾਮਾ; ਐਲਾਨ, ਵਿਗਿਆਪਨ।

اقرارنامه ***ਇਕ਼ਰਾਰਨਾਮਾ*** : ਲਿਖਤੀ ਸੰਮਤੀ।

اقراری ***ਇਕ਼ਰਾਰੀ*** : ਮੰਨਣ ਵਾਲਾ, ਵਾਦਾ ਕਰਨ ਵਾਲਾ।

اقران ***ਅਕ਼ਰਾਨ*** : (ਕਰਨ قرن ਦਾ ਬੌਹਵਚਨ) ਜ਼ਮਾਨੇ; ਪਹਾੜ, ਸਿੰਗ; ਜ਼ੁਲਫਾਂ; ਇਕੋ ਜੇਹੇ, ਬਰਾਬਰ ਦੇ, ਨੇੜੇ ਦੇ, ਹਮਸਾਏ, ਗਵਾਂਢੀ; ਇਕੋ ਸਮੇਂ ਦੇ, ਸਮਕਾਲੀ।

اقرب ***ਅਕ਼ਰਿਬ*** : ਬੌਹਤ ਨੇੜੇ; ਰਿਸ਼ਤੇਦਾਰ, ਸਾਕ ਸਬੰਧੀ।

اقربا ***ਅਕ਼ਰਿਬਾ*** : (ਕ਼ਰੀਬ قریب ਦਾ ਬੌਹਵਚਨ) ਨੇੜ ਦੇ, ਨਜ਼ਦੀਕੀ, ਰਿਸ਼ਤੇਦਾਰ, ਸਾਕ ਸਬੰਧੀ; ਦੋਸਤ, ਮਿਤਰ।

اقساط ***ਅਕ਼ਸਾਤ਼*** : (ਕ਼ਿਸਤ਼ قسط ਦਾ

ਬੌਹਵਚਨ) ਹਿਸੇ (ਇਕੋ ਜੇਹੇ)।

اقسام ***ਅਕ਼ਸਾਮ*** : (ਕ਼ਿਸਮ قسم ਦਾ ਬੌਹਵਚਨ) ਹਿਸੇ, ਪਰਕਾਰ; ਢੰਗ, ਰਸਤੇ।

اقصاص ***ਇਕ਼ਸਾਸ*** : ਕਸਾਸ ਲੈਣਾ, ਬਦਲਾ ਲੈਣਾ, ਕਤਲ ਹੋਏ ਮਨੁਖ ਦੇ ਬਦਲੇ ਕਾਤਲ ਨੂੰ ਮਾਰਨਾ; ਇੰਨਾ ਮਾਰਨਾ ਕਿ ਓਹ ਮਰਨ ਕਿਨਾਰੇ ਹੋ ਜਾਏ; ਅਧ-ਮੋਇਆ ਕਰ ਦੇਣਾ।

اقصی ***ਅਕ਼ਸਾ*** : ਬੌਹਤ ਦੂਰ, ਅਖੀਰਲੀ ਹੱਦ, ਅੰਤਲਾ ਸਿਰਾ।

اقطار ***ਅਕ਼ਤ਼ਾਰ*** : (ਕ਼ਤ਼ਰ قطر ਦਾ ਬੌਹਵਚਨ) ਕਿਨਾਰੇ, ਕੰਢੇ, ਹਿਸੇ, ਖੰਡ, ਮੰਡਲ; ਅਗਰਬੱਤੀਆਂ।

اقطاع ***ਅਕਤ਼ਾਅ*** : (ਕ਼ਿੱਤ਼ਅ قطع ਦਾ ਬੌਹਵਚਨ) ਜਗੀਰਾਂ, ਪਰਗਨੇ, ਟੁਕੜੇ, ਜ਼ਮੀਨ ਦਾ ਭਾਗ।

اقل ***ਅਕ਼ੱਲ*** : ਬੌਹਤ ਘੱਟ, ਅਸਲੋਂ ਥੋੜਾ, ਬੌਹਤ ਥੋੜੀ ਮਾਤਰਾ ਵਿਚ।

اقلاً ***ਅਕ਼ੱਲਨ*** : ਕਮੀ ਦੇ ਤੌਰ ਤੇ, ਕਮ ਤੋਂ ਕਮ; ਘੱਟੋ ਘੱਟ।

اقلید ***ਇਕ਼ਲੀਦ*** : (ਫਾਰਸੀ ਕਲੀਦ ਦਾ ਅਰਬੀ ਰੂਪਾਂਤਰ) ਕੁੰਜੀ, ਚਾਬੀ।

اقلیدس ***ਉਕ਼ਲੀਦਸ*** : ਅੰਕੜਾ-ਵਿਗਿਆਨ ਦੀ ਕੁੰਜੀ; ਅੰਕੜਾ-ਵਿਗਿਆਨ ਦੀ ਪਰਸਿਧ ਪੁਸਤਕ ਜੇਹੜੀ ਆਪਣੇ ਕਰਤਾ ਯੂਨਾਨੀ ਵਿਦਵਾਨ ਉਕਲੀਦਸ ਦੇ ਨਾਮ ਕਰਕੇ ਮਸ਼ਹੂਰ ਹੈ।

اقلیم ***ਇਕ਼ਲੀਮ*** : ਮੁਲਕ, ਮਹਾਂਦੀਪ; ਸੰਸਾਰ ਦਾ ਸਤਵਾਂ ਭਾਗ।

اقلیم ابد ***ਇਕ਼ਲੀਮ-ਏ-ਅਬਦ*** ,

اقلیم ازل ***ਇਕ਼ਲੀਮ-ਏ-ਅਜ਼ਲ*** : ਰਬ ਦਾ ਦੇਸ।

اقلیم بقا ***ਇਕ਼ਲੀਮ-ਏ-ਬਕਾ*** : ਅਗਲਾ ਜਹਾਨ।

اقلیم فناوعدم ***ਇਕ਼ਲੀਮ-ਏ-ਫ਼ਨਾ-ਉ-ਅਦਮ*** : ਏਹ ਸੰਸਾਰ, ਏਹ ਨਾਸ਼ਵਾਨ ਦੁਨੀਆ।

اقلیم ناسوت ***ਇਕਲੀਮ-ਏ-ਨਾਸੂਤ*** : ਮਨੁਖਤਾ ਦਾ ਅਸਥਾਨ, ਇਨਸਾਨੀਅਤ ਦਾ ਮਕਾਮ।

اقلیما ***ਅਕ਼ਲੀਮਾ***, اقلیمیا ***ਇਕਲੀਮੀਜਾ*** : ਆਦਮ ਦੀ ਧੀ ਦਾ ਨਾਮ।

اقمار ***ਅਕ਼ਮਾਰ*** : (ਕ਼ਮਰ قمر ਦਾ ਬੌਹਵਚਨ) ਬੌਹਤੇ ਚੰਦਰਮਾ; ਮਸ਼ੂਕ, ਮੈਹਬੂਬ, ਪਰੇਮਕਾਵਾਂ।

اقمار ***ਇਕ਼ਮਾਰ*** : ਰੋਸ਼ਨ ਕਰਨਾ ਜਾਂ ਹੋਣਾ ਚੰਨ ਚਾਨਣੀ ਵਿਚ ਸੈਰ ਕਰਨਾ।

اقنوم ***ਅਕ਼ਨੂਮ*** : ਹਰ ਸ਼ੈ ਦੀ ਅਸਲ ਬੁਨਿਆਦ; ਮੂਲ, ਜੜ; ਈਸਾਈ ਧਰਮ ਅਨੁਸਾਰ ਪਿਤਾ, ਪੁਤਰ ਤੇ ਪਾਕ ਰੂਹ, ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਦੀ ਜ਼ਾਤ।

اقنوم ثلثه ***ਅਕ਼ਨੂਮ-ਏ-ਸਲਸਾ*** : ਰੱਬੀ ਤਿਗੜੀ ਦੇ ਤਿੰਨੇ ਅੰਸ਼ ਅਰਥਾਤ, ਅਸਤਿਤਵ, ਗਿਆਨ ਤੇ ਜੀਵਨ; ਪਿਤਾ, ਪੁਤਰ ਤੇ ਪਾਕ ਰੂਹ; ਜੀਵ, ਬਨਸਪਤੀ ਅਤੇ ਖਣਜੀ ਪਦਾਰਥ।

اقوال ***ਅਕ਼ਵਾਲ*** : (ਕ਼ੌਲ قول ਦਾ ਬੌਹਵਚਨ) ਗਲਾਂ, ਬਾਤਾਂ; ਅਖੌਤਾਂ; ਰਾਵਾਂ, ਸੰਮਤੀਆਂ।

اقوال سعادت مآل ***ਅਕ਼ਵਾਲ-ਏ-ਸਆਦਤ-ਮਆਲ*** : ਸੱਚੇ ਬਚਨ, ਸੱਚੀਆਂ ਗੱਲਾਂ।

اقوام ***ਅਕ਼ਵਾਮ*** : (ਕ਼ੌਮ قوم ਦਾ ਬੌਹਵਚਨ) ਕੌਮਾਂ, ਜਾਤਾਂ; ਵਖ ਵਖ ਮੁਲਕਾਂ ਦੇ ਵਸਨੀਕ।

اقویٰ ***ਅਕ਼ਵਾ*** : ਬੌਹਤ ਸ਼ਕਤੀਸ਼ਾਲੀ।

اقویا ***ਅਕ਼ਵੀਜਾ*** : (ਕ਼ਵੀ قوی ਦਾ ਬੌਹਵਚਨ) ਤਾਕਤਵਰ ਲੋਕ, ਸ਼ਕਤੀਸ਼ਾਲੀ ਵਿਅਕਤੀ।

اقهر ***ਅਕਹਰ*** : ਬੌਹਤ ਕੈਹਰ ਤੇ ਗ਼ਜ਼ਬ ਵਾਲਾ, ਅਤ ਕੈਹਰਵਾਨ, ਬੌਹਤ ਜ਼ੋਰਾਵਰ।

اقیانوس ***ਇਕਯਾਨੂਸ/ਉਕਯਾਨੋਸ*** : ਸਮੁੰਦਰ, ਡੂੰਘਾ ਸਾਗਰ; ਯੂਰਪ ਤੇ ਅਫ਼ਰੀਕਾ ਦੇ ਪਛਮ ਤੇ ਅਮਰੀਕਾ ਦੇ ਪੂਰਬ ਵੱਲ ਦਾ ਸਮੁੰਦਰ।

اکابر ***ਅਕਾਬਿਰ*** : (ਅਕਬਰ اکبر ਦਾ ਬੌਹਵਚਨ) ਬੌਹਤ ਵਡੇ; ਅਮੀਰ, ਸ਼ਕਤੀ-ਸ਼ਾਲੀ, ਸਾਊ।

اکابرواصاغر ***ਅਕਾਬਿਰ-ਉ-ਅਸਾਗ਼ਿਰ*** : ਵਡੇ ਛੋਟੇ ਲੋਕ, ਸਾਰੇ ਮਨੁਖ।

اکارم ***ਅਕਾਰਿਮ*** : (ਅਕਰਮ اکرم ਦਾ ਬੌਹਵਚਨ) ਬੌਹਤ ਨੇਕ ਤੇ ਸਤਕਾਰ ਵਾਲੇ ਲੋਕ; ਬੌਹਤ ਬਖ਼ਸ਼ਣ ਵਾਲੇ ਵਿਅਕਤੀ।

اکاسرت ***ਅਕਾਸਿਰਤ*** , **اکاسره** ***ਅਕਾਸਿਰਾ*** : (ਕਿਸਰਾ کسریٰ ਦਾ ਬੌਹਵਚਨ) ਖੁਸਰੋ ਬਾਦਸ਼ਾਹ; ਈਰਾਨ ਦੇ ਬਾਦਸ਼ਾਹ ਜਿਨ੍ਹਾਂ ਦਾ ਖ਼ਾਨਦਾਨੀ ਲਕਬ ਜਾਂ ਉਪਨਾਮ 'ਕਿਸਰਾ' ਜਾਂ ਖੁਸਰੋ ਹੁੰਦਾ ਸੀ; ਨੌਸ਼ੀਰਵਾਂ ਬਾਦਸ਼ਾਹ ਦੀ ਆਲ ਔਲਾਦ।

اکبر ***ਅਕਬਰ*** : ਬੌਹਤ ਵਡਾ, ਉਚਤਮ; ਮੁਗ਼ਲ ਬਾਦਸ਼ਾਹ ਅਕਬਰ ਜਿਸ ਦਾ ਰਾਜ ਸਮਾਂ ੧੫੫੫ ਤੋਂ ੧੬੦੫ ਈ. ਤਕ ਦਾ ਸੀ।

اکبرآباد ***ਅਕਬਰਾਬਾਦ*** : ਆਗਰਾ, ਜੋ ਅਕਬਰ ਦਾ ਹੀ ਅਬਾਦ ਕੀਤਾ ਹੋਇਆ ਸੀ।

اکبری ***ਅਕਬਰੀ*** : ਮੁਗ਼ਲ ਰਾਜ ਸਮੇਂ ਇਕ ਸੋਨੇ ਦਾ ਸਿਕਾ।

اکتاف ***ਅਕਤਾਫ਼*** : (ਕਤਿਫ਼ کتف ਦਾ ਬੌਹਵਚਨ) ਮੋਢੇ, ਕੰਧੇ, ਕੰਨ੍ਹੇ।

اکتساب ***ਇਕਤਿਸਾਬ*** : ਕਮਾਉਣਾ; ਪਰਾਪਤ ਕਰਨਾ, ਲਾਭ ਲਈ ਜਤਨ ਕਰਨਾ, ਨਿਜੀ ਮੇਹਨਤ ਨਾਲ ਕਮਾਉਣਾ।

اکثر ***ਅਕਸਰ*** : ਬੌਹਤ ਜ਼ਿਆਦਾ, ਅਧਿਕ ਸੰਖਿਆ ਵਿਚ, ਬੌਹ-ਸੰਮਤੀ; ਆਮ ਤੌਰ ਤੇ, ਵਧੇਰੇ ਕਰਕੇ।

اکثر اوقات ***ਅਕਸਰ ਔਕ਼ਾਤ*** : ਆਮ ਤੌਰ ਤੇ, ਬੌਹਤ ਵਾਰੀ, ਹਮੇਸ਼ਾ।

اکرام ***ਇਕਰਾਮ*** : ਬਖਸ਼ਸ਼, ਸਖ਼ਾਵਤ; ਕਰਮ ਅਰਥਾਤ ਬਖਸ਼ਸ਼ ਕਰਨਾ, ਇਜ਼ਤ ਮਾਣ ਕਰਨਾ, ਇਜ਼ਤ, ਮਾਣ, ਸਤਕਾਰ।

اکرم ***ਅਕਰਮ*** : ਬੌਹਤ ਨੇਕ, ਵਡਾ ਬਜ਼ੁਰਗ; ਬੌਹਤ ਬਖ਼ਸ਼ਣ ਵਾਲਾ, ਦਿਆਲੂ, ਸਖੀ।

اکسون ***ਅਕਸੂਨ/ਇਕਸੂਨ*** : ਇਕ ਕਿਸਮ ਦਾ ਕਾਲਾ ਰੇਸ਼ਮੀ ਕਪੜਾ, ਸਾਟਨ।

اکسیر ***ਇਕਸੀਰ*** : ਰਸਾਇਣ, ਓਹ ਸ਼ੈ ਜੇਹੜੀ ਤਾਂਬੇ ਨੂੰ ਸੋਨਾ ਅਤੇ ਕਲੀ ਨੂੰ ਚਾਂਦੀ ਬਣਾ ਦੇਵੇ।

اکسیر دولت ***ਇਕਸੀਰ-ਏ-ਦੌਲਤ*** : ਜੀਵਨ ਜਾਂ ਖੁਸ਼ਹਾਲੀ ਦਾ ਅੰਮ੍ਰਿਤ।

اکسیر رنگ ***ਇਕਸੀਰ-ਏ-ਰੰਗ*** , **اکسیر مردمی** ***ਇਕਸੀਰ-ਏ-ਮਰਦਮੀ*** : ਸ਼ਰਾਬ।

اکسیرگر ***ਇਕਸੀਰ ਗਰ*** , **اکسیری** ***ਇਕਸੀਰੀ*** : ਰਸਾਇਣ ਵਿਦਿਆ ਦਾ ਮਾਹਰ।

اکسیاه ***ਅਕਸੀਯਾ*** : ਜੌਆਂ ਦੀ ਸ਼ਰਾਬ।

اکفار ***ਇਕਫ਼ਾਰ*** : ਕਿਸੇ ਨੂੰ ਕਾਫ਼ਰ ਬਣਾਉਣਾ; ਕਾਫ਼ਰ ਕੈਹਣਾ।

اکل ***ਅਕਲ*** : ਖਾਣਾ।

اکل و شرب ***ਅਕਲ-ਉ-ਸ਼ੁਰਬ*** : ਖਾਣਾ ਪੀਣਾ।

اکلیل ***ਇਕਲੀਲ*** : ਤਾਜ; ਜੜਾਊ ਹਾਰ, ਸੇਹਰਾ, ਚੰਦ ਦੀ ਸਤਾਰ੍ਹਵੀਂ ਮਨਜ਼ਲ।

اکمال ***ਇਕਮਾਲ*** : ਪੂਰਾ ਕਰਨਾ, ਸੰਪੂਰਨ ਕਰਨਾ; ਸੰਪੂਰਨਤਾ।

اکمل ***ਅਕਮਲ*** : ਅਤ ਪਰਵੀਣ।

اکناف ***ਅਕਨਾਫ਼*** : (ਕਨਫ਼ کنف ਦਾ ਬੌਹਵਚਨ) ਪਾਸੇ, ਤਰਫ਼ਾਂ, ਕਿਨਾਰੇ, ਹੱਦਾਂ।

اکنان ***ਅਕਨਾਨ*** : (ਕਿੰਨ کن ਦਾ ਬੌਹਵਚਨ) ਪੜਦੇ, ਬੁਰਕੇ, ਛਤਰੀਆਂ, ਪਨਾਹ ਗਾਹ।

اکنون ***ਅਕਨੂੰ*** : ਹੁਣ, ਇਸ ਵੇਲੇ; ਇਸ ਲਈ, ਕਾਰਣ ਏਹ ਕਿ; ਪਰੰਤੂ, ਫਿਰ ਵੀ, ਤਾਂ ਵੀ।

اکواب ***ਅਕਵਾਬ*** : (ਕੂਬ کوب ਦਾ ਬੌਹਵਚਨ) ਠੂਠੇ, ਪਿਆਲੇ।

اکوار ***ਅਕਵਾਰ*** : (ਕੂਜ਼ਾ کوره ਦਾ ਬੌਹਵਚਨ) ਕੂਜ਼ੇ, ਕਸੋਰੇ, ਕੁੱਜੇ।

اکوان ***ਅਕਵਾਨ*** : (ਕੌਨ کون ਦਾ ਬੌਹਵਚਨ) ਜਹਾਨ, ਸ੍ਰਿਸ਼ਟੀ; ਮਖ਼ਲੂਕ, ਮੌਜੂਦਾਤ; 'ਸ਼ਾਹਨਾਮਾ' ਦਾ ਇਕ ਦੇਵ, ਜਿਸ ਨੂੰ ਰੁਸਤਮ ਨੇ ਮਾਰਿਆ ਸੀ।

اکیاس ***ਅਕਯਾਸ*** : (ਕੀਸ کیس ਜਾਂ ਕੀਸਾ کیسه ਦਾ ਬੌਹਵਚਨ) ਖੀਸੇ।

اگر ***ਅਗਰ*** : ਸ਼ਰਤ ਦਾ ਲਫ਼ਜ਼, ਜੇ, ਜੇਕਰ, ਭਾਵੇਂ।

اگرچند ***ਅਗਰਚੰਦ***, **اگرچه** ***ਅਗਰ-***

ਚਿਹ : ਭਾਵੇਂ, ਹਰਚੰਦ; ਬਾਵਜੂਦ ਇਸ ਦੇ।

ال ***ਇਲ*** : ਇਕ ਸ਼ੈਹਰ ਦਾ ਨਾਮ।

اِلّ ***ਇੱਲ*** : ਅੱਲਾਹ, ਪਰਮੇਸ਼ਵਰ; ਸੰਧੀ, ਸੌਂਹ, ਇਕਰਾਰ, ਬਚਨ; ਸੁਰੱਖਿਆ; ਸ਼ਿਕਵਾ; ਦੁਸ਼ਮਣੀ, ਨਫ਼ਰਤ।

الا ***ਅਲਾ*** : ਖ਼ਬਰਦਾਰਤ, ਸੁਚੇਤ ਕਰਨ ਲਈ ਬੋਲਦੇ ਹਨ ।

الاتا ***ਅਲਾ ਤਾ*** : ਖ਼ਬਰਦਾਰ! ਹੁਸ਼ਿਆਰ ਹੋ ਜਾ।

الا ***ਅੱਲਾ*** : ਬੌਹਤ ਖ਼ੂਬ, ਸ਼ਾਬਾਸ਼, ਵਾਹਵਾਹ, ਬੇਸ਼ਕ, ਠੀਕ, ਨਿਰਸੰਦੇਹ।

الا ***ਇੱਲਾ*** : ਪਰ, ਪਰੰਤੂ, ਸਿਵਾਏ, ਇਸ ਤੋਂ ਬਿਨਾ, ਜਦ ਤਕ; ਨਹੀਂ ਤਾਂ।

الاچه ***ਅਲਾਚਾ*** : ਦੋ ਰੰਗਾਂ ਵਾਲਾ ਧਾਰੀਦਾਰ ਕਪੜਾ।

الاغ ***ਉਲਾਗ਼*** : ਡਾਕ-ਘੋੜਾ; ਵਗਾਰੀ ਘੋੜਾ ਜਾਂ ਖੋਤਾ ਜਾਂ ਖਚਰ, ਲਾਦੂ ਖੋਤਾ; ਛੋਟੀ ਕਿਸ਼ਤੀ।

الاق ***ਉੱਲਾਕ਼*** : ਵੇਖੋ ਉਲਾਗ਼ الاغ।

الالف ***ਅਲ-ਅਲਿਫ਼*** : ਕੱਲਮ-ਕੱਲਾ।

الامان ***ਅਲ-ਅਮਾਨ*** : ਪਨਾਹ ਮੰਗਣਾ, ਦੁਹਾਈ ਦੇਣਾ, ਰੈਹਮ ਲਈ ਬੇਨਤੀ ਕਰਨਾ; ਅਮਨ, ਪਨਾਹ, ਰੈਹਮ।

الآن ***ਅਲ-ਆਨ*** : ਹੁਣੇ, ਇਸ ਵੇਲੇ, ਅੱਜ ਕਲ੍ਹ।

الآنی ***ਅਲ-ਆਨੀ*** : ਇਸ ਸਮੇਂ ਦਾ, ਅਜੋਕਾ।

الاو ***ਅਲਾਓ*** : ਮਘਦੀ ਅਗ।

الباس ***ਇਲਬਾਸ*** : ਲਿਬਾਸ ਪੈਹਨਣਾ।

البته ***ਅਲਬੱਤਾ*** : ਬੇਸ਼ਕ, ਹਰ ਹਾਲਤ ਵਿਚ, ਜ਼ਰੂਰ; ਪੱਕੇ ਤੌਰ ਤੇ; ਹਾਂ, ਬੌਹਤ ਖ਼ੂਬ।

البرز ***ਅਲਬੁਰਜ਼*** : ਮਾਜ਼ੰਦਰਾਨ ਦੇ ਇਕ ਪਹਾੜ ਦਾ ਨਾਮ; ਕੋਹ-ਕਾਫ਼ ਦੀ ਇਕ ਚੋਟੀ; ਹਮਦਾਨ ਦੇ ਨੇੜੇ ਇਕ ਪਰਸਿਧ ਪਹਾੜ, ਜਿਸ ਉਪਰ ਅਗਨੀ-ਉਪਾਸ਼ਕਾਂ ਦੇ ਕਈ ਮੰਦਰ ਹਨ; ਤਕੜੇ ਜੁੱਸੇ ਵਾਲਾ, ਦਲੇਰ।

الپ ***ਅਲਪ*** : ਬਹਾਦਰ; ਸ਼ੇਰ, ਸ਼ੇਰ ਦਿਲ।

الپ ارسلاں ***ਅਲਪ ਅਰਸਲਾਂ*** : ਈਰਾਨ ਦੇ ਸਲਜੂਕੀ ਖ਼ਾਨਦਾਨ ਦੇ ਦੂਜੇ ਬਾਦਸ਼ਾਹ ਦਾ ਨਾਮ ਜਿਸ ਦੇ ਅਧੀਨ ਈਰਾਨ, ਤਾਤਾਰ ਤੇ ਰੂਮ ਸਨ। ਉਸ ਦੀ ਮਿਰਤੂ 465 ਹਿਜਰੀ ਵਿਚ ਹੋਈ।

التجا ***ਇਲਤਿਜਾ*** : ਚਾਹੁਣਾ, ਇੱਛਾ ਕਰਨਾ; ਪਨਾਹ ਲੈਣਾ, ਸ਼ਰਨ ਆਉਣਾ; ਪਨਾਹ, ਸ਼ਰਨ; ਦਰਖਾਸਤ, ਬਿਨੈਪੱਤਰ।

التزام ***ਇਲਤਿਜ਼ਾਮ*** : ਜ਼ਰੂਰੀ ਹੋਣਾ, ਕਿਸੇ ਗੱਲ ਨੂੰ ਜ਼ਰੂਰੀ ਕਰ ਲੈਣਾ, ਜ਼ਰੂਰੀ ਕਰਾਰ ਦੇ ਦੇਣਾ; ਬਗ਼ਲ ਵਿਚ ਲੈਣਾ; ਧੌਣ ਤੇ ਮਾਰਨਾ; ਮਚੱਲਕਾ, ਜ਼ਾਮਨਤਨਾਮਾ।

التفات ***ਇਲਤਿਫ਼ਾਤ*** : ਕਨੱਖੀਆਂ ਨਾਲ ਵੇਖਣਾ; ਕਿਸੇ ਵਲ ਧਿਆਨ ਕਰਨਾ, ਗੌਹ ਕਰਨਾ; ਮੇਹਰਬਾਨੀ ਕਰਨਾ; ਅਦਬ, ਲਿਹਾਜ਼, ਮੇਹਰਬਾਨੀ, ਧਿਆਨ, ਤਵਜੁਹ।

التماس ***ਇਲਤਿਮਾਸ*** : ਦੁਆ ਕਰਨਾ, ਪਰਾਰਥਨਾ ਕਰਨਾ, ਅਰਜ਼ ਕਰਨਾ, ਬੇਨਤੀ ਕਰਨਾ; ਢੂੰਡਣਾ, ਲਭਣਾ; ਚਾਹੁਣਾ, ਇੱਛਾ ਪਰਗਟ ਕਰਨਾ; ਬੇਨਤੀ।

التمش ***ਅਲਤਮਿਸ਼*** : ਹਰਾਵਲ ਫ਼ੌਜ; ਛੇ ਦਾ ਅੰਕੜਾ, ਛਾਂਗਾ; ਖਾਨਦਾਨ ਗੁਲਾਮਾਂ ਦਾ ਦੂਜਾ ਸੁਲਤਾਨ ਜਿਸ ਦਾ ਲਕਬ ਸ਼ਮਸੁੱਦੀਨ ਸੀ।

التمونت ***ਅਲਤਮੂਨਤ*** : ਹਸਨ-ਬਿਨ ਸਬਾਹ ਦਾ ਕਿਲ੍ਹਾ ਜੋ ਬਾਤਨੀਯਾ ਫ਼ਿਰਕੇ ਦਾ ਕੇਂਦਰ ਜਾਂ ਗੜ੍ਹ ਸੀ, ਜਿਥੇ ਉਸ ਨੇ ਬਹਿਸ਼ਤ ਦਾ ਨਮੂਨਾ ਬਣਾਇਆ ਹੋਇਆ ਸੀ।

التوا ***ਇਲਤਿਵਾ*** : ਅਗਾਂਹ ਤੇ ਪਾ ਲੈਣਾ, ਟਾਲ ਦੇਣਾ; ਮੋੜਨਾ, ਲਪੇਟਣਾ, ਸੰਖੇਪ ਕਰਨਾ; ਪਿਛਾਂਹ ਸੁਟਣਾ, ਮੁਲਤਵੀ ਕਰਨਾ; ਦੇਰ ਕਰਨਾ, ਢਿੱਲ ਮੱਠ ਕਰਨਾ।

الجبر ***ਅਲਜਬਰ*** : ਅਲਜਬਰਾ; ਗਣਿਤ ਵਿਗਿਆਨ ਦੀ ਓਹ ਸ਼ਾਖਾ ਜਿਸ ਵਿਚ ਕਿਸੇ ਅਣਜਾਣੀ ਸੰਖਿਆ ਨੂੰ ਫ਼ਰਜ਼ੀ ਤੌਰ ਤੇ ਮਿਥ ਕੇ ਪਰਸ਼ਨ ਹੱਲ ਕਰਦੇ ਹਨ।

الچی ***ਇਲਚੀ*** : ਏਲਚੀ, ਰਾਜਦੂਤ।

الحاد ***ਇਲਹਾਦ*** : ਸਿਧੇ ਰਸਤੇ ਤੋਂ ਕਤਰਾ ਜਾਣਾ, ਸਚੇ ਦੀਨ ਤੋਂ ਫਿਰਨਾ; ਜ਼ੁਲਮ ਕਰਨਾ; ਕਾਅਬੇ ਵਿਚ ਅਤਿਆਚਾਰ ਕਰਨਾ; ਕਬਰ

ਅੰਦਰ ਮੁਰਦੇ ਦੇ ਸਿਰ ਵੱਲ ਟੋਆ ਪੁਟਣਾ; ਮੁਰਦੇ ਨੂੰ ਕਬਰ ਅੰਦਰ ਉਤਾਰਨਾ; ਕੁਫ਼ਰ।

الحاصل ***ਅਲਹਾਸਿਲ*** : ਮੁਕਦੀ ਗੱਲ, ਮਤਲਬ ਏਹ, ਸਮੁਚੇ ਤੌਰ ਤੇ।

الحاق ***ਇਲਹ਼ਾਕ਼*** : ਅਪੜਨਾ, ਪੌਹਚਣਾ, ਜਾ ਫੜਨਾ, ਪਿਛੇ ਜਾਣਾ; ਜੁੜਨਾ, ਜੋੜਨਾ, ਮਿਲਾਉਣਾ, ਸਬੰਧ ਕਾਇਮ ਕਰਨਾ, ਸਬੰਧਤ ਹੋਣਾ; ਜੋੜ, ਮੇਲ, ਸਬੰਧ।

الحال ***ਅਲਹ਼ਾਲ*** : ਹੁਣੇ, ਝਟ ਪਟ।

الحان ***ਅਲਹ਼ਾਨ*** : (ਲਹ਼ਨ **لحن** ਦਾ ਬੌਹਵਚਨ) ਮਧੁਰ ਸੁਰਾਂ, ਨਗਮੇ, ਗੀਤ।

الحان ***ਇਲਹ਼ਾਨ*** : ਕੁਰਾਨ ਦੀਆਂ ਆਯਤਾਂ ਨੂੰ ਮਧੁਰ ਸੁਰ ਵਿਚ ਪੜ੍ਹਨਾ, ਮਿਠੇ ਗੀਤ ਗਾਉਣਾ।

الحکم للّٰہ ***ਅਲਹੁਕਮੁ ਲਿੱਲਾਹ*** : ਹੁਕਮ ਰੱਬ ਦਾ ਹੀ ਹੁੰਦਾ ਹੈ।

الحمد للّٰہ ***ਅਲਹ਼ਮਦੁ ਲਿੱਲਾਹ*** : ਸ਼ੁਕਰ ਦਾ ਵਾਕ; ਸਾਰੀ ਤਰੀਫ਼ ਅੱਲਾਹ ਲਈ ਹੈ, ਖੁਦਾ ਦਾ ਸ਼ੁਕਰ ਹੈ।

الحمدی ***ਅਲਹ਼ਮਦੀ*** : ਰੱਬ ਦੀ ਤਰੀਫ਼ ਹੈ; ਇਕ ਦੁਆ, ਪਰਾਰਥਨਾ।

الرحیل ***ਅਲ-ਰਹ਼ੀਲ/ਅਰ-ਰਹ਼ੀਲ*** : 'ਕੂਚ ਦਾ ਸਮਾਂ ਹੈ' ਜਦ ਕਾਫ਼ਲੇ ਦੇ ਚਲਣ ਦਾ ਸਮਾਂ ਆਉਂਦਾ ਹੈ ਤਾਂ ਨਕੀਬ ਉੱਚੀ ਅਵਾਜ਼ ਨਾਲ ਬੋਲਦਾ ਹੈ 'ਅਲ-ਰਹੀਲ', 'ਅਰ-ਰਹੀਲ' ਭਾਵ ਹੁਣ ਇਥੋਂ ਕੂਚ ਹੈ।

الزام ***ਇਲਜ਼ਾਮ*** : ਲਾਜ਼ਮ ਕਰਨਾ, ਕਿਸੇ ਚੀਜ਼ ਦਾ ਆਪਣੇ ਜਾਂ ਦੂਜੇ ਉੱਤੇ ਜ਼ਰੂਰੀ ਕਰਨਾ; ਕੋਈ ਕੰਮ ਕਿਸੇ ਦੇ ਹਵਾਲੇ ਕਰਨਾ; ਕਿਸੇ ਤੇ ਕੋਈ ਊਜ ਜਾਂ ਦੋਸ਼ ਲਾਉਣਾ; ਦੋਸ਼, ਊਜ।

الست ***ਅਲਸਤ*** : 'ਮੈਂ ਨਹੀਂ ਤੁਹਾਡਾ ਰੱਬ' ਕੁਰਾਨ ਸ਼ਰੀਫ਼ ਦੀ ਆਯਤ।

الست بربکم ***ਅਲੱਸਤੁ ਬਿ-ਰੱਬਿਕੁਮ*** : 'ਅਰਥਾਤ ਕੀ ਮੈਂ ਤੁਹਾਡਾ ਰੱਬ ਨਹੀਂ ਹਾਂ'।

السلام علیکم ***ਅਸੱਲਾਮੁ ਅਲੈਕੁਮ*** : ਤੁਹਾਡੇ ਤੇ ਸਲਾਮਤੀ ਹੋਵੇ; ਮੁਸਲਮਾਨਾਂ ਵਿਚ ਪਰਸਪਰ ਨਮਸਕਾਰ ਕਰਨ ਦੇ ਸ਼ਬਦ, ਜਦ ਇਕ ਮੁਸਲਮਾਨ ਦੂਜੇ ਮੁਸਲਮਾਨ ਨੂੰ ਮਿਲਦਾ ਹੈ ਤਾਂ ਏਹ ਸ਼ਬਦ ਕੈਂਹਦਾ ਹੈ। ਅਗੋਂ ਉਤਰ ਵਿਚ ਦੂਜਾ ਕੈਂਹਦਾ ਹੈ **وعلیکم السلام** ਵਾ-ਅਲੈਕੁਮ ਅਸੱਲਾਮ, ਤੇਰੇ ਤੇ ਵੀ ਰਬ ਦੀ ਸਲਾਮਤੀ ਹੋਵੇ।

السن ***ਅਲਸੁਨ*** , **السنہ** ***ਅਲਸਿਨਾ*** , **السنت** ***ਅਲਸਿਨਤ*** : (ਲਿਸਾਨ **لسان** ਦਾ ਬੌਹਵਚਨ) ਜ਼ਬਾਨਾਂ, ਭਾਸ਼ਾਵਾਂ।

الطاف ***ਅਲਤ਼ਾਫ਼*** : (ਲੁਤ਼ਫ਼ **لطف** ਦਾ ਬੌਹਵਚਨ) ਮੇਹਰਬਾਨੀਆਂ।

الطاف نامہ ***ਅਲਤਾਫ਼-ਨਾਮਾ*** : ਕਿਰਪਾ-ਪਤਰ।

الطاف ***ਇਲਤਾਫ਼*** : ਮੇਹਰਬਾਨੀ ਕਰਨਾ, ਫ਼ਾਇਦਾ ਪੌਂਹਚਾਉਣਾ।

العین بالعین ***ਅਲ-ਐਨ ਬਿਲ-ਐਨ*** : ਅੱਖ ਦੇ ਬਦਲੇ ਅੱਖ, ਖ਼ੂਨ ਦਾ ਬਦਲਾ ਖ਼ੂਨ; (ਕੁਰਾਨ ਦਾ ਵਾਕ, ਜੋ ਹਰ ਕਿਸੇ ਦੇ ਮੂੰਹ ਚੜ੍ਹਿਆ ਹੋਇਆ ਹੈ)।

الغ ***ਉਲਗ਼*** : ਸ਼ਕਤੀਸ਼ਾਲੀ; ਬਜ਼ੁਰਗ, ਵਡਾ।

الغ بیگ ***ਉਲਗ਼ਬੇਗ*** : ਵਡਾ ਸ਼ੈਹਜ਼ਾਦਾ; ਪਾਰਥੀਆਂ ਤੇ ਭਾਰਤ ਦਾ ਇਕ ਬਾਦਸ਼ਾਹ; ਤਿਮੂਰਲੰਗ ਦਾ ਪੋਤਰਾ।

الغرض ***ਅਲਗ਼ਰਜ਼*** : ਗਲ ਕੀ, ਮੁਕਦੀ ਗਲ।

الغوزہ ***ਅਲਗੋਜ਼ਾ*** : ਬੰਸਰੀਆਂ ਦਾ ਜੋੜਾ, ਜਿਨ੍ਹਾਂ ਨੂੰ ਇਕਠਿਆਂ ਵਜਾਇਆ ਜਾਂਦਾ ਹੈ।

الغیاث ***ਅਲਗ਼ਿਯਾਸ*** : ਦੁਹਾਈ; ਇਨਸਾਫ਼ ਲਈ ਪੁਕਾਰ।

الف ***ਅਲਫ਼*** : ਇਕ ਹਜ਼ਾਰ, ਦਸ ਸੌ।

الف با ***ਅਲਿਫ਼ ਬਾ*** : ਵਰਣਮਾਲਾ।

الف باتا ***ਅਲਿਫ਼-ਬਾ-ਤਾ*** : ਪਟੀ, ਕਲਮ ਤੇ ਸਟੂਲ।

الف قامت ***ਅਲਿਫ਼ ਕ਼ਾਮਤ*** , **الف قد** ***ਅਲਿਫ਼ ਕ਼ਦ*** : ਅਲਫ਼ ਵਾਂਗ ਸਿੱਧਾ।

الف شدن ***ਅਲਿਫ਼ ਸ਼ੁਦਨ*** : ਕੰਗਾਲ ਹੋ ਜਾਣਾ, ਪੱਲੇ ਕੁਝ ਨਾ ਰੈਹਣਾ।

الفکرن ***ਅਲਿਫ਼ ਕਰਦਨ*** : ਅਸਲੋਂ ਨੰਗਾ ਕਰ ਦੇਣਾ।

الفگندم ***ਅਲਿਫ਼ ਗੰਦਮ*** : ਓਹ ਛੋਟੀ ਜੇਹੀ ਲਕੀਰ, ਜੇਹੜੀ ਕਣਕ ਦੇ ਦਾਣੇ ਉਤੇ ਹੁੰਦੀ ਹੈ।

الفاظ ***ਅਲਫ਼ਾਜ਼*** : (ਲਫ਼ਜ਼ لفظ ਦਾ ਬੌਹਵਚਨ) ਸ਼ਬਦ, ਧੁਨੀਆਂ।

الفت ***ਉਲਫ਼ਤ*** : ਦੋਸਤੀ, ਪਿਆਰ, ਪਰੀਤ।

الفت‌گری ***ਉਲਫ਼ਤਗਰੀ*** : ਦੋਸਤੀ, ਯਾਰੀ।

الفتی‌بندہ ***ਉਲਫ਼ਤੀ ਬੰਦਾ*** : ਪਿਆਰ ਕਰਨ ਵਾਲਾ, ਦੋਸਤ, ਸੁਹਿਰਦ।

الفحسینی ***ਅਲਿਫ਼ ਹੁਸੈਨੀ*** : ਹਜ਼ਰਤ ਮੁਹੰਮਦ ਸਾਹਿਬ ਦੀ ਓਹ ਤਲਵਾਰ ਜੇਹੜੀ ਓਹਨਾਂ ਹਜ਼ਰਤ ਅਲੀ ਨੂੰ ਬਖ਼ਸ਼ੀ ਸੀ ਤੇ ਜਿਸ ਨਾਲ ਓਹ ਜੰਗ-ਏ-ਨਿਹਾਵੰਦ ਵਿਚ ਲੜੇ ਸਨ। ਏਹ ਤਲਵਾਰ ਹਜ਼ਰਤ ਅਲੀ ਨੇ ਆਪਣੇ ਬੇਟੇ ਹਜ਼ਰਤ ਇਮਾਮ ਹੁਸੈਨ ਨੂੰ ਦਿਤੀ ਸੀ।

الفِ‌خنجری ***ਅਲਿਫ਼-ਏ-ਖ਼ੰਜਰੀ*** : ਛੋਟਾ ਜੇਹਾ ਅਲਿਫ਼ ਜੇਹੜਾ ਕਈ ਸ਼ਬਦਾਂ ਉੱਤੇ ਲਿਖਿਆ ਜਾਂਦਾ ਹੈ।

الفہ ***ਅਲਿਫ਼ਾ*** : ਵੇਖੋ ਅਲਿਫ਼ੀ।

الفی ***ਅਲਿਫ਼ੀ*** : ਸਿਧਾ; ਅਲਿਫ਼ ਵਰਗਾ ਉੱਚਾ ਲੰਮਾ, 'ਅਲਿਫ਼' ਅਖਰ ਜੇਹੀ ਸਿਧੀ ਵਸਤੂ; ਫ਼ਕੀਰਾਂ ਦਾ ਲੰਮਾ ਚੋਲਾ ਜੋ ਬਾਹਾਂ ਬਿਨਾ ਹੁੰਦਾ ਹੈ ਤੇ ਜਿਸ ਤੇ ਅੱਲਾਹ ਦੇ ਨਾਮ ਦਾ ਅਲਿਫ਼ ਅੱਖਰ ਲਿਖਿਆ ਹੁੰਦਾ ਹੈ।

القاب ***ਅਲਕ਼ਾਬ*** : (ਲਕ਼ਬ لقب ਦਾ ਬੌਹਵਚਨ) ਗੁਣਵਾਚੀ ਨਾਮ, ਓਹ ਨਾਮ ਜੋ ਇੱਜ਼ਤ, ਸਤਕਾਰ ਦਾ ਸੂਚਕ ਹੋਵੇ।

القصہ ***ਅਲਕ਼ਿੱਸਾ*** : ਮਤਲਬ ਏਹ; ਮੁਕਦੀ ਗੱਲ।

القادرباللہ ***ਅਲਕ਼ਾਦਿਰ ਬਿੱਲਾਹ*** : ਅੱਬਾਸੀ ਖ਼ਲੀਫ਼ਾ, ਅਬੂਲਅੱਬਾਸ ਦਾ ਲਕਬ ਜੋ ਮੈਹਮੂਦ ਗ਼ਜ਼ਨਵੀ ਦਾ ਸਮਕਾਲੀ ਸੀ।

الکوس ***ਅਲਕੂਸ*** : ਤੂਰਾਨ ਦਾ ਇਕ ਪੈਹਲਵਾਨ ਜਿਸ ਨੂੰ ਰੁਸਤਮ ਨੇ ਮਾਰਿਆ ਸੀ।

الکہ ***ਉਲਕਾ*** : ਰਾਜ, ਸੂਬਾ।

اللّٰہ ***ਅੱਲਾਹ*** : ਖ਼ੁਦਾ ਦੀ ਜ਼ਾਤ, ਰੱਬ; ਐ ਖ਼ੁਦਾ; ਵਾਹਵਾਹ, ਆਹਾ।

اللّٰہ اکبر ***ਅੱਲਹਾ-ਹੂ-ਅਕਬਰ*** : ਤਕਬੀਰ ਦਾ ਕਲਮਾ ਜੇਹੜਾ ਨਮਾਜ ਵਿਚ, ਜੰਗ ਵਿਚ, ਹਮਲਾ ਕਰਦੇ ਅਤੇ ਜਾਨਵਰ ਨੂੰ ਹਲਾਲ ਕਰਨ ਵੇਲੇ ਕਿਹਾ ਜਾਂਦਾ ਹੈ, ਅੱਲਾਹ ਬੌਹਤ ਵੱਡਾ ਹੈ, ਬਾਂਗ ਦਾ ਵਾਕ, ਹੈਰਾਨੀ ਪਰਗਟ ਕਰਨ ਦਾ ਵਾਕ।

اللّٰہ اللّٰہ ***ਅੱਲਾਹ ਅੱਲਾਹ*** : ਈਰਾਨੀ ਹੈਰਾਨੀ, ਪਰਸੰਸਾ ਤੇ ਸ਼ਿਕਵਾ ਪਰਗਟ ਕਰਨ ਲਈ ਏਹ ਵਾਕ ਵਰਤਦੇ ਹਨ।

اللّٰہم ***ਅੱਲਾਹ-ਹੁਮ*** : ਹੇ ਅੱਲਾਹ।

الم ***ਅਲਮ*** : ਦੁਖ, ਤਕਲੀਫ਼, ਰੰਜ।

الماس ***ਅਲਮਾਸ*** : ਹੀਰਾ, ਸ਼ੀਸ਼ਾ; ਕਲਮ ਘੜਨ ਦਾ ਚਾਕੂ; ਜੌਹਰਦਾਰ ਤੇਜ਼ ਫ਼ੌਲਾਦ।

الماس‌تراش ***ਅਲਮਾਸ ਤਰਾਸ਼*** : ਹੀਰਾ ਕੱਟਣ ਵਾਲੀ ਕਲਮ।

الماس رنگ ***ਅਲਮਾਸ-ਰੰਗ*** : ਤਲਵਾਰ ਦੀ ਸਿਫ਼ਤ ਲਈ ਆਉਂਦਾ ਹੈ।

الماس ریزہ ***ਅਲਮਾਸ-ਰੇਜ਼ਾ*** : ਹੀਰੇ ਦਾ ਬੁਰਾਦਾ।

الماس‌شربتی ***ਅਲਮਾਸ ਸ਼ਰਬਤੀ*** : ਇਕ ਕਿਸਮ ਦਾ ਦੀਵਾ।

الماسی ***ਅਲਮਾਸੀ*** : ਅਲਮਾਸ ਵਾਂਗ ਵਖ ਵਖ ਰੂਪਾਂ ਵਿਚ ਕੱਟਿਆ ਹੋਇਆ।

الماسی‌رنگ ***ਅਲਮਾਸੀ ਰੰਗ*** : ਚਮਕੀਲਾ ਪਾਰਦਰਸ਼ੀ।

المان ***ਅਲਮਾਨ*** : ਜਰਮਨੀ।

الموت ***ਅਲਮੂਤ*** : ਇਕ ਕਿਲ੍ਹਾ ਜੇਹੜਾ ਗੀਲਾਨ ਤੇ ਕਜ਼ਵੀਨ ਦੇ ਵਿਚਕਾਰ ਸਥਿਤ ਹੈ, ਏਹ ਬਾਤਨੀਆਂ ਫ਼ਿਰਕੇ ਦਾ ਕੇਂਦਰ ਸੀ।

الواث ***ਅਲਵਾਸ*** : (ਲੌਸ لوث ਦਾ ਬੌਹਵਚਨ) ਮਿਲਾਵਟਾਂ, ਗੰਦਗੀਆਂ; ਐਬ, ਦੋਸ਼।

الواح ***ਅਲਵਾਹ਼*** : (ਲੌਹ਼ لوح ਦਾ ਬੌਹਵਚਨ) ਤਖ਼ਤੀਆਂ, ਪੱਟੀਆਂ; ਪਟੜੇ, ਪਟੜੀਆਂ।

الواط ***ਅਲਵਾਤ਼*** : (ਲੂਤ਼ੀ لوطی ਦਾ ਬੌਹਵਚਨ) ਬਦਮਾਸ਼, ਗੁੰਡੇ; ਮਸਖ਼ਰੇ, ਭੰਡ,

ਰਿੰਦ; ਗੰਦੇ ਮਜ਼ਾਕ।

الوان ***ਅਲਵਾਨ*** : (ਲੌਨ **لون** ਦਾ ਬੌਹਵਚਨ) ਬੌਹਤ ਸਾਰੇ ਰੰਗ, ਵਖਰੇ ਵਖਰੇ ਰੰਗ, ਕਿਸਮਾਂ।

الوان‌نعمت ***ਅਲਵਾਨ-ਏ-ਨਿਅਮਤ*** : ਨਿਅਮਤਾਂ, ਬਖਸ਼ਸ਼ਾਂ, ਨਾਨਾ ਪਰਕਾਰ ਦੇ ਪਦਾਰਥ; ਕਈ ਪਰਕਾਰ ਦੇ ਭੋਜਨ।

الوچه ***ਅਲੂਚਾ*** : ਆਲੂਬੁਖਾਰਾ ਦੀ ਕਿਸਮ ਦਾ ਇਕ ਫਲ, ਅਲੂਚਾ।

الوداع ***ਅਲਵਿਦਾਅ*** : ਰੁਖਸਤ, ਵਿਦਾਇਗੀ; ਵਿਦਾ ਕਰਨਾ।

الوس ***ਅਲੂਸ/ਉਲੂਸ*** : ਕੌਮ, ਕਬੀਲਾ, ਦੇਸ਼ ਦੇ ਲੋਕ।

الوف ***ਉਲੂਫ*** : (ਅਲਫ **الف** ਦਾ ਬੌਹਵਚਨ) ਹਜ਼ਾਰਾਂ।

الوهت ***ਉਲੂਹਤ***, **الوهيت** ***ਉਲੂਹੀਯਤ*** : ਖ਼ੁਦਾਵੰਦੀ, ਖ਼ੁਦਾ ਦੀ ਜ਼ਾਤ; ਪੂਜਾਯੋਗ, ਮਾਬੂਦ; ਰੱਬ, ਖ਼ੁਦਾ।

الويه ***ਅਲਵੀਜਾ*** : (ਲਿਵਾ **لوا** ਦਾ ਬੌਹਵਚਨ) ਝੰਡੇ।

الهام ***ਇਲਹਾਮ*** : ਰੱਬ ਵੱਲੋਂ ਕੋਈ ਗੱਲ ਦਿਲ ਵਿਚ ਆਉਣੀ; ਪਰਮੇਸ਼ਵਰੀ।

الهی ***ਇਲਾਹੀ*** : ਅੱਲਾਹ, ਰੱਬ; ਐ ਖ਼ੁਦਾ।

الهيات ***ਇਲਾਹੀਯਾਤ*** : (ਇਲਾਹੀ ਦਾ ਬੌਹਵਚਨ) ਰੱਬੀ ਗੱਲਾਂ, ਦੀਨੀਯਾਤ, ਇਲਮ-ਏ- ਇਲਾਹੀ ਦੇ ਮਸਲੇ, ਓਹ ਗਿਆਨ ਜਿਸ ਰਾਹੀਂ ਪਰਮਾਤਮਾ ਦੀ ਹੋਂਦ ਤੇ ਉਸ ਦੀ ਜ਼ਾਤ ਤੇ ਸਿਫਤਾਂ ਦੀ ਬੈਹਸ ਕੀਤੀ ਜਾਂਦੀ ਹੈ।

الهيه ***ਇਲਾਹੀਯਤ*** : ਰੱਬ, ਇਸ਼ਟ-ਦੇਵਤਾ।

الياس ***ਇਲਯਾਸ*** : ਇਕ ਪੈਗੰਬਰ, ਜੋ ਹਜ਼ਰਤ ਖ਼ਿਜ਼ਰ ਦੇ ਚਚੇਰੇ ਭਰਾ ਸਨ।

الياسين ***ਇਲਯਾਸੀਨ*** : ਹਜ਼ਰਤ ਇਲਯਾਸ ਦੇ ਪੈਰੋਕਾਰ।

اليف ***ਅਲੀਫ*** : ਦੋਸਤ, ਚੰਗਾ ਜਾਣਕਾਰ।

اليم ***ਅਲੀਮ*** : ਦੁਖਦਾਈ, ਪੀੜ ਦੇਣ ਵਾਲਾ।

ام ***ਇਮ*** : ਏਹ, ਅੱਜ।

ام ***ਉੱਮ*** : ਮਾਂ, ਮਾਤਾ, ਮੂਲ, ਸੋਮਾ, ਆਦਿ; ਮੁੱਖ ਭਾਗ।

ام‌غيلان ***ਉੱਮ-ਏ-ਗ਼ੀਲਾਨ*** : ਉੱਮ = ਮਾਂ ਅਤੇ ਗ਼ੀਲਾਨ= ਬੌਹਵਚਨ 'ਗ਼ੌਲ', ਭੂਤ, ਭੂਤਾਂ ਦੀ ਮਾਂ; ਕਿੱਕਰ; ਖਿਆਲ ਕੀਤਾ ਜਾਂਦਾ ਹੈ ਕਿ ਭੂਤ ਸੂਲਾਂ ਵਾਲੇ ਕਿੱਕਰਾਂ ਦੇ ਜੰਗਲ ਵਿਚ ਰੈਂਹਦੇ ਹਨ।

اما ***ਅੱਮਾ***: ਲੇਕਿਨ, ਪਰ, ਪਰੰਤੂ, ਜੇ, ਜੇਕਰ, ਅਗਰ; ਫਿਰ ਵੀ, ਬਾਵਜੂਦ ਇਸ ਦੇ।

امابعد ***ਅੱਮਾਬਾਅਦ*** : ਉਸਤਤ ਜਾਂ ਤਰੀਫ਼ ਪਿੱਛੋਂ, ਹਮਦ ਤੇ ਨਾਅਤ ਪਿਛੋਂ, ਇਸ ਤੋਂ ਮਗਰੋਂ।

اماثل ***ਅਮਾਸਿਲ*** : (ਅਮਸਲ **امثل** ਦਾ ਬੌਹਵਚਨ), ਭਲੇ ਮਾਣਸ, ਭਦਰਪੁਰਸ਼, ਸਾਊ ਵਿਅਕਤੀ; ਬਰਾਬਰ ਦੇ; ਮਿਸਾਲਾਂ।

اماجد ***ਅਮਾਜਿਦ*** : (ਅਮਜਦ **امجد** ਦਾ ਬੌਹਵਚਨ), ਸਤਕਾਰ ਵਾਲੇ ਵਿਅਕਤੀ।

امارت ***ਅਮਾਰਤ*** : (ਅਮੀਰ **امير** ਦੀ ਪਦਵੀ), ਰਾਜਪਾਲ ਜਾਂ ਸੈਨਾਪਤੀ; ਅਮੀਰ ਹੋਣ ਦਾ ਭਾਵ, ਅਮੀਰੀ, ਸਰਕਾਰੀ ਹਕੂਮਤ, ਰਾਜ ਸ਼ਕਤੀ, ਅਧਕਾਰ; ਸ਼ਾਨ ਸ਼ੌਕਤ; ਖ਼ੁਸ਼ਹਾਲੀ।

امارت ***ਅਮਾਰਤ*** : ਨਿਸ਼ਾਨੀ, ਬੇਹਦ ਹੁਕਮ ਦੇਣ ਵਾਲਾ; ਬਦੀ ਵੱਲ ਉਕਸਾਉਣ ਵਾਲਾ।

اماره ***ਅੱਮਾਰਾ*** : ਬਦ-ਦਿਮਾਗ਼; ਸਰਕਸ਼।

اماكن ***ਅਮਾਕਿਨ*** : (ਮਕਾਨ **مكان** ਦਾ ਬੌਹਵਚਨ), ਮਕਾਨ, ਘਰ, ਥਾਵਾਂ, ਡੇਰੇ।

اماكن‌شريفه ***ਅਮਾਕਿਨ-ਏ-ਸ਼ਰੀਫ਼ਾ***, **اماكن‌متبركه** ***ਅਮਾਕਿਨ-ਏ-ਮੁਤਬਰੱਕਾ***, **اماكن مقدسه** ***ਅਮਾਕਿਨ-ਏ-ਮੁਕੱਦਸਾ*** : ਪਵਿਤਰ ਥਾਵਾਂ, ਤੀਰਥ, ਜ਼ਿਆਰਤਗਾਹਾਂ; ਦਰਗਾਹਾਂ।

اماله ***ਇਮਾਲਾ*** : ਮਾਇਲ ਕਰਨਾ, ਰੁਚਤ ਕਰਨਾ, ਝੁਕਾਉਣਾ; ਵਿਆਕਰਨ ਵਿਚ ਕੰਨੇ ਨੂੰ ਲਾਂ (ੇ) ਵਿਚ ਬਦਲਣਾ ਜਿਵੇਂ 'ਹਿਸਾਬ' ਤੋਂ ਹਿਸੇਬ, 'ਜਹਾਜ਼' ਤੋਂ ਜਹੇਜ਼, 'ਕਿਤਾਬ' ਤੋਂ ਕਿਤੇਬ।

امام ***ਇਮਾਮ*** : ਆਗੂ, ਹਾਦੀ, ਮੁਖੀ, ਅਗੇ ਖਲੋਣ ਵਾਲਾ ਜਾਂ ਜਿਸ ਦੇ ਪਿੱਛੇ ਲੋਕ ਖਲੋਣ; ਨਮਾਜ਼ ਪੜ੍ਹਾਉਣ ਵਾਲਾ; ਧਾਰਮਕ ਮੁਖੀ, ਤਸਬੀਹ ਦੇ ਦਾਣਿਆ ਦੇ ਉੱਪਰ ਦਾ ਲੰਮਾ ਦਾਣਾ।

امامِ جمعه ***ਇਮਾਮ-ਏ-ਜੁਮਆ*** : ਜੁਮੇ (ਸ਼ੁੱਕਰਵਾਰ) ਦੀ ਨਮਾਜ਼ ਪੜ੍ਹਾਉਣ ਵਾਲਾ ਆਗੂ।

امام بارْه ***ਇਮਾਮ-ਬਾਰਾ*** : ਓਹ ਥਾਂ ਜਿਥੇ ਇਮਾਮ ਹਸਨ ਹੁਸੈਨ ਦੇ ਮਜ਼ਾਰ ਹੋਣ ਤੇ ਲੋਕ ਦਰਸ਼ਣਾਂ ਨੂੰ ਆਉਣ, ਓਹ ਥਾਂ ਜਿਥੇ ਮੁਹੱਰਮ ਦੇ ਦਿਨਾਂ ਵਿਚ ਕਰਬਲਾ ਦੇ ਸ਼ਹੀਦਾਂ ਦੀ ਯਾਦ ਵਿਚ ਇਕੱਤਰਤਾ ਕੀਤੀ ਜਾਂਦੀ ਹੈ।

امام زاده ***ਇਮਾਮਜ਼ਾਦਾ*** : ਇਮਾਮ ਦਾ ਪੁੱਤਰ।

امام غزالی ***ਇਮਾਮ ਗ਼ੱਜ਼ਾਲੀ*** , **امام محمد غزالی** ***ਇਮਾਮ ਮੁਹੰਮਦ ਗ਼ੱਜ਼ਾਲੀ*** , **امام مرشد غزالی** ***ਇਮਾਮ ਮੁਰਸ਼ਿਦ ਗ਼ੁੱਜ਼ਾਲੀ*** : ਗ਼ੱਜ਼ਾਲਾ (ਤੂਸ) ਦਾ ਰੈਹਣ ਵਾਲਾ ਇਕ ਪਰਸਿੱਧ ਮੁਸਲਮਾਨ ਵਿਦਵਾਨ ਜੋ 450 ਹਿਜਰੀ ਵਿਚ ਜਨਮਿਆ ਤੇ 505 ਹਿਜਰੀ ਵਿਚ ਫ਼ੌਤ ਹੋਇਆ।

امامیه ***ਇਮਾਮੀਆ*** : ਸ਼ੀਯਾ ਦਾ ਇਕ ਫ਼ਿਰਕਾ ਜੇਹੜਾ ਬਾਰਾਂ ਇਮਾਮਾਂ ਤੋਂ ਬਿਨਾ ਹੋਰ ਕਿਸੇ ਨੂੰ ਇਮਾਮ ਨਹੀਂ ਮੰਨਦਾ, ਏਹ ਲੋਕ ਅਲੀ ਨੂੰ ਹਜ਼ਰਤ ਮੁੰਹਮਦ ਸਾਹਿਬ ਦਾ ਉਤਰ-ਅਧਕਾਰੀ ਮੰਨਦੇ ਹਨ।

امال ***ਅਮਾਲ*** : ਅਰਾਮ, ਸੁੱਖ ਚੈਨ, ਸ਼ਾਂਤੀ; ਸੁਰੱਖਿਆ, ਪਨਾਹ, ਹਿਫਾਜ਼ਤ, ਮਾਫ਼ੀ।

الامان ***ਅਲਅਮਾਨ*** : ਰੈਹਮ।

امانی ***ਅਮਾਨੀ*** : (ਉਮਨੀਯਤ **امنیت** ਦਾ ਬੌਹਵਚਨ) ਆਸਾਂ, ਇਛਾਵਾਂ।

امت ***ਉੱਮਤ*** : ਗੋਲੀ, ਬਾਂਦੀ।

امت ***ਉੱਮਤ*** : ਜਮਾਤ, ਟੋਲਾ, ਕੌਮ, ਫ਼ਿਰਕਾ, ਸੰਪਰਦਾਏ; ਇਕੋ ਧਰਮ ਦੇ ਅਨੁਯਾਈ।

امتی ***ਉੱਮਤੀ*** : ਇਕੋ ਮਜ਼ਹਬ ਵਾਲੇ, ਇਕ ਧਰਮ ਨੂੰ ਮੰਨਣ ਵਾਲੇ।

امتحان ***ਇਮਤਿਹਾਨ*** : ਪਰੀਖਿਆ, ਅਜ਼ਮਾਇਸ਼, ਨਿਰੀਖਣ, ਜਾਂਚ ਪੜਤਾਲ; ਪਰਖਣਾ, ਜੋਖਣਾ, ਤਜਰਬਾ।

امتداد ***ਇਮਤਿਦਾਦ*** : ਵਧਾਇਆ ਜਾਣਾ, ਲੰਮਾ ਹੋਣਾ।

امتدادِ حیات ***ਇਮਤਿਦਾਦ-ਏ-ਹਯਾਤ*** : ਉਮਰ ਦਾ ਲੰਮਾ ਹੋਣਾ।

امتدادِ زمان ***ਇਮਤਿਦਾਦ-ਏ-ਜ਼ਮਾਂ*** : ਸਮੇਂ ਦਾ ਚੱਕਰ।

امتزاج ***ਇਮਤਿਜ਼ਾਜ*** : ਮਿਲਾਉਣਾ, ਮਿਲਾਵਟ ਕੀਤਾ ਜਾਣਾ; ਮਿਲਾਵਟ ਵਾਲਾ, ਮਿਲਿਆ ਜੁਲਿਆ, ਮਿਲਾਵਟ, ਰਲਗਡ।

امتناع ***ਇਮਤਿਨਾਅ*** : ਰੋਕਣਾ, ਮਨ੍ਹਾ ਕਰਨਾ, ਵਰਜਣਾ; ਰੋਕ, ਮਨਾਹੀ, ਸੰਕੋਚ, ਬਚਾ।

امتیاز ***ਇਮਤਿਯਾਜ਼*** : ਤਮੀਜ਼ ਕਰਨਾ, ਫ਼ਰਕ ਕਰਨਾ, ਅੰਤਰ ਰਖਣਾ, ਫ਼ਰਕ, ਅੰਤਰ, ਵਖਰੇਵਾਂ, ਵਿਸ਼ੇਸ਼ ਹਕ ਜੋ ਸਰਕਾਰ ਵੱਲੋਂ ਕਿਸੇ ਨੂੰ ਪਰਾਪਤ ਹੋਵੇ।

امتیاز نامه ***ਇਮਤਿਯਾਜ਼-ਨਾਮਾ*** : ਵਿਸ਼ੇਸ਼ ਪਰਵਾਨਾ, ਲਾਏਸੈਂਸ।

امتیازی ***ਇਮਤਿਯਾਜ਼ੀ*** : ਸਮਝ, ਸ਼ਊਰ, ਤਮੀਜ਼ ਜਾਂ ਅੰਤਰ ਕਰਨ ਦਾ ਗੁਣ; ਦੂਜਿਆਂ ਨਾਲੋਂ ਵੱਖਰਾ, ਚੰਗੀਂ ਪਰਵਰਸ਼ ਵਾਲਾ।

امثال ***ਅਮਸਾਲ*** : (ਮਸਲ **مثل** ਦਾ ਬੌਹਵਚਨ) ਕਹਾਵਤਾਂ, ਹਮ-ਸ਼ਕਲ।

امثله ***ਅਮਸਿਲਾ*** : (ਮਿਸਾਲ **مثال** ਦਾ ਬੌਹਵਚਨ) ਮਿਸਾਲਾਂ, ਸਮਾਨਤਾਵਾਂ; ਮਿਲਦੀਆਂ-ਜੁਲਦੀਆ ਖੂਬੀਆਂ।

امجد ***ਅਮਜਦ*** : ਸਰਬੋਤਮ, ਬੌਹਤ ਵਡੇਰਾ, ਸਤਕਾਰਯੋਗ।

امد ***ਅੱਮਦ*** : ਮੁਦਤ, ਅਵਧੀ, ਫ਼ਰਕ, ਵਕਫ਼ਾ।

امد ***ਅਮੱਦ*** : ਬੌਹਤ ਵਧਾਇਆ ਹੋਇਆ।

امداد ***ਇਮਦਾਦ*** : ਸਹਾਇਤਾ ਕਰਨਾ; ਸਹਾਇਤਾ, ਸਹਾਰਾ।

امر ***ਅਮਰ*** : ਹੁਕਮ, ਆਗਿਆ, ਆਗਿਆ-ਵਾਚੀ ਕਿਰਿਆ (ਵਿਆਕਰਨ) ਕਾਰਜ, ਗੱਲ, ਘਟਨਾ, ਤਥ, ਹਾਲਤ ਚੀਜ਼, ਨੁਕਤਾ, ਸਵਾਲ।

امرِ اول ***ਅਮਰ-ਏ-ਅੱਵਲ*** : ਪਰਥਮ

ਬੁੱਧੀ।

امرِمعروف ***ਅਮਰ-ਏ-ਮਾਅਰੂਫ਼*** : ਨੇਕ ਕੰਮਾਂ ਲਈ ਹੁਕਮ ਦੇਣਾ, ਇਸਲਾਮ ਦੇ ਹੁਕਮ ਦਸਣਾ।

امرونہی ***ਅਮਰ-ਓ-ਨਹੀ:*** ਹੁਕਮ ਤੇ ਮਨਾਹੀ।

امرا ***ਉਮਰਾ*** : (ਅਮੀਰ **امیر** ਦਾ ਬੌਹਵਚਨ) ਮਾਲਦਾਰ ਲੋਕ, ਅਧਕਾਰੀ।

امراض ***ਅਮਰਾਜ਼*** : (ਮਰਜ਼ **مرض** ਦਾ ਬੌਹਵਚਨ) ਬੀਮਾਰੀਆਂ।

امرد ***ਅਮਰਦ*** : ਓਹ ਗਭਰੂ ਜਿਸ ਦੀ ਦਾੜ੍ਹੀ ਮੁੱਛ ਨਾ ਨਿਕਲੀ ਹੋਵੇ, ਅਲੂੰਆਂ ਮੁੰਡਾ।

امروز ***ਇਮਰੋਜ਼*** : ਅੱਜ ਦਾ ਦਿਨ, ਅਜਕਲ੍ਹ; ਇਸ ਜੀਵਨ ਵਿਚ।

امروزوفردا ***ਇਮਰੋਜ਼-ਓ-ਫ਼ਰਦਾ*** : ਅੱਜ ਤੇ ਕਲ੍ਹ, ਏਹ ਦੁਨੀਆ ਤੇ ਅਗਲੀ ਦੁਨੀਆ।

امروزوفرداکردن ***ਇਮਰੋਜ਼-ਓ-ਫ਼ਰਦਾ ਕਰਦਨ*** : ਅੱਜ ਕਲ੍ਹ ਕਰਨਾ, ਟਾਲਦੇ ਰੈਹਣਾ।

امزجہ ***ਅਮਜ਼ਿਜਹ*** : (ਮਿਜ਼ਾਜ **مزاج** ਦਾ ਬੌਹਵਚਨ) ਤਬੀਅਤਾਂ, ਸੁਭਾ, ਵਖ ਵਖ ਚੀਜ਼ਾਂ ਦੇ ਮਿਲਣ ਨਾਲ ਜੋ ਹਾਲਤਾਂ ਬਣਨ।

امساس ***ਇਮਸਾਸ*** : ਮਸ ਕਰਨਾ, ਛੋਹਣਾ, ਛੁਹਾਣਾ, ਰਗੜਨਾ, ਰਗੜਾਉਣਾ।

امساک ***ਇਮਸਾਕ*** : ਕਜੂੰਸੀ, ਬੰਦ ਕਰਨਾ, ਰੋਕਣਾ, ਬੋਲਣੋ ਸੰਕੋਚ ਕਰਨਾ, ਚੁੱਪ ਰੈਹਣਾ, ਪੱਕੀ ਤਰ੍ਹਾਂ ਫੜਨਾ; ਥੁੜ, ਘਾਟ, ਇਕ ਦਵਾ ਜੇਹੜੀ ਭੋਗ ਲੰਮੇਰਾ ਕਰਨ ਲਈ ਵਰਤੀ ਜਾਂਦੀ ਹੈ।

امسال ***ਇਮਸਾਲ*** : ਇਸ ਸਾਲ।

امسالین ***ਇਮਸਾਲੀਨ*** : ਇਸੇ ਸਾਲ ਨਾਲ ਸਬੰਧਤ।

امشب ***ਇਮਸ਼ਬ*** : ਅੱਜ ਦੀ ਰਾਤ, ਏਹ ਜਾਂ ਇਸ ਰਾਤ ਲਈ ਵੀ ਵਰਤਿਆ ਜਾਂਦਾ ਹੈ।

امصار ***ਅਮਸਾਰ*** : (ਮਿਸਰ **مصر** ਦਾ ਬੌਹਵਚਨ) ਬੌਹਤ ਸਾਰੇ ਸ਼ੈਹਰ, ਕਈ ਨਗਰ।

امضا ***ਇਮਜ਼ਾ*** : ਜਾਰੀ ਕਰਨਾ; ਦਸਤਖ਼ਤ ਕਰਨਾ; ਦਸਤਖ਼ਤ, ਸਰਕਾਰੀ ਮੋਹਰ; ਹੁਕਮ, ਫ਼ਰਮਾਨ।

امضاداشتن ***ਇਮਜ਼ਾਂ ਦਾਸ਼ਤਨ*** : ਦਸਤਖ਼ਤ ਕਰਨਾ।

امکان ***ਇਮਕਾਨ*** : ਤਾਕਤ ਦੇਣਾ, ਅਵਸਰ ਜਾਂ ਮੌਕਾ ਦੇਣਾ; ਮੌਕਾ, ਅਵਸਰ: ਸੰਭਵ ਹੋਣਾ, ਹੋ ਸਕਣਾ, ਸੰਭਾਵਨਾ; ਕਿਸੇ ਚੀਜ਼ ਦੀ ਹੋਂਦ ਜਾਂ ਅਣਹੋਂਦ ਦਾ ਜ਼ਰੂਰੀ ਨਾ ਹੋਣਾ।

امکانی ***ਇਮਕਾਨੀ*** : ਸੰਭਵ।

امکنہ ***ਅਮਕਿਨਾ*** : (ਮਕਾਨ **مکان** ਦਾ ਬੌਹਵਚਨ) ਕਈ ਮਕਾਨ, ਥਾਵਾਂ।

امل ***ਅਮਲ*** : ਆਸ, ਇੱਛਾ।

املا ***ਇਮਲਾ*** : ਲਿਖਣਾ, ਲਿਖਵਾਉਣਾ, ਵਰਨਮਾਲਾ ਦੇ ਨਿਯਮਾਂ ਅਨੁਸਾਰ ਲਿਖਣਾ, ਲਿਖਤ; ਮੋਹਲਤ ਦੇਣਾ; ਪੁਰ ਕਰਨਾ, ਭਰਨਾ।

املانویس ***ਇਮਲਾ-ਨਵੀਸ*** : ਠੀਕ ਲਿਖਣ ਵਾਲਾ।

املاک ***ਅਮਲਾਕ*** : (ਮਿਲਕ **ملک** ਦਾ ਬੌਹਵਚਨ) ਜਾਇਦਾਦਾਂ, ਜਗੀਰਾਂ, ਜ਼ਮੀਨਾਂ, ਮਾਲ ਦੌਲਤ।

املاکغیرمنقولہ ***ਅਮਲਾਕ-ਏ-ਗ਼ੈਰ-ਮਨਕੂਲਾ*** : ਅਚਲ ਜਾਇਦਾਦ।

املاکمنقولہ ***ਅਮਲਾਕ-ਏ-ਮਨਕੂਲਾ*** : ਚਲ ਜਾਇਦਾਦ।

امم ***ਉਮਮ*** : (ਉੱਮਤ **امت** ਦਾ ਬੌਹਵਚਨ) ਉੱਮਤਾਂ, ਜਮਾਤਾਂ, ਟੋਲੇ: ਇੱਕੋ ਧਰਮ ਦੇ ਲੋਕ, ਫ਼ਿਰਕੇ ਸੰਪਰਦਾਵਾਂ।

امن ***ਅਮਨ*** : ਸ਼ਾਤੀ, ਚੈਨ, ਅਰਾਮ, ਤੱਸਲੀ, ਸਕੂਨ; ਸੁਰਖਿਅਤ ਹੋਣਾ; ਸੁਰਖਿਆ, ਬਚਾ।

امنیت ***ਅਮਨੀਯਤ*** : ਨਿਡਰ ਹੋਣਾ; ਬਚਾ, ਸੁਰਖਿਆ, ਬਚਾ ਦੀ ਥਾਂ।

امنیت ***ਉਮਨੀਯਤ*** : ਇੱਛਾ, ਚਾਹ, ਆਸ।

اموات ***ਅਮਵਾਤ*** : (ਮੌਤ **موت** ਦਾ ਬੌਹਵਚਨ) ਮੌਤਾਂ।

اموات ***ਅਮਵਾਤ*** : (ਮੱਈਯਿਤ **میّت** ਦਾ ਬੌਹਵਚਨ) ਮੁਰਦੇ।

امواتِاحمر ***ਅਮਵਾਤ-ਏ-ਅਹਮਰ***

: ਸ਼ਹੀਦ; ਕਤਲ ਕੀਤੇ ਗਏ।

امواج ***ਅਮਵਾਜ*** : (ਮੌਜ **موج** ਦਾ ਬੌਹਵਚਨ) ਲੈਹਰਾਂ, ਛੱਲਾਂ।

اموال ***ਅਮਵਾਲ*** : (ਮਾਲ **مال** ਦਾ ਬੌਹਵਚਨ) ਦੌਲਤਾਂ, ਪੈਸਾ, ਰੁਪਈਆ, ਮਾਲ ਅਸਬਾਬ, ਵਸਤਾਂ; ਜਾਇਦਾਦਾਂ, ਜਗੀਰਾਂ।

امور ***ਉਮੂਰ*** : (ਅਮਰ **امر** ਦਾ ਬੌਹਵਚਨ) ਬੌਹਤ ਸਾਰੇ ਕੰਮ ਕਾਰ, ਮਾਮਲੇ, ਚੀਜ਼ਾਂ।

امورجمیله ***ਉਮੂਰ-ਏ-ਜਮੀਲਾ*** : ਸੁੰਦਰ ਵਸਤਾਂ।

امورخارجه ***ਉਮੂਰ-ਏ-ਖ਼ਾਰਿਜਾ*** : ਵਿਦੇਸ਼ੀ ਮਾਮਲੇ।

اموراخله ***ਉਮੂਰ-ਏ-ਦਾਖ਼ਿਲਾ*** : ਮੁਲਕ ਦੇ ਘਰੋਗੀ ਮਾਮਲੇ।

اموردولتودین ***ਉਮੂਰ-ਏ-ਦੌਲਤ-ਉ-ਦੀਨ*** : ਰਾਜ ਤੇ ਧਰਮ ਦੇ ਮਾਮਲੇ।

امورعامه ***ਉਮੂਰ-ਏ-ਆਮਾ***, **امورعموم** ***ਉਮੂਰ-ਏ-ਅਮੂਮ*** : ਰਾਜ ਦੇ ਮਾਮਲੇ।

امهات ***ਉੱਮਹਾਤ*** : (ਉੱਮ **ام** ਦਾ ਬੌਹਵਚਨ) ਮਾਵਾਂ।

امهاتسفلی ***ਉੱਮਹਾਤ-ਏ-ਸਿਫਲੀ*** **امهاتطبعی** ***ਉੱਮਹਾਤ-ਏ-ਤ਼ਬਈ*** : ਚਾਰ ਭੌਤਕ ਗੁਣ, ਚਾਰ ਮੂਲ ਸੁਭਾ, ਚਾਰ ਤਤ, ਅਗ, ਪਾਣੀ, ਮਿਟੀ, ਹਵਾ।

امهاتعلوی ***ਉੱਮਹਾਤ-ਏ-ਉਲਵੀ*** : ਰੂਹਾਂ।

امهانی ***ਉੱਮਹਾਨੀ*** : ਹਜ਼ਰਤ ਅਬੂ ਤਾਲਬ ਦੀ ਬੇਟੀ, ਜੋ ਹਜ਼ਰਤ ਰਸੂਲ ਦੀ ਚਚੇਰੀ ਭੈਣ ਤੇ ਹਜ਼ਰਤ ਅਲੀ ਦੀ ਸਕੀ ਭੈਣ ਸੀ।

امیر ***ਅਮੀਰ*** : ਹੁਕਮ ਦੇਣ ਵਾਲਾ; ਸਰਦਾਰ, ਰਈਸ, ਨੇਤਾ; ਮੁਫ਼ਤੀ; ਧਨਵਾਨ; ਅਫ਼ਗਾਨਿਸਤਾਨ ਦੇ ਬਾਦਸ਼ਾਹਾਂ ਦੀ ਉਪਾਧੀ।

امیرآبحیوان ***ਅਮੀਰ-ਏ-ਆਬ-ਹੈਵਾਨ*** : ਆਬ-ਏ-ਹੱਯਾਤ ਦਾ ਮਾਲਕ, ਖ਼੍ਵਾਜਾ ਖ਼ਿਜ਼ਰ।

امیرآخور ***ਅਮੀਰ-ਆਖ਼ੁਰ*** : ਦਰੋਗ਼ਾ- ਅਸਤਬਲ।

امیرالامرا ***ਅਮੀਰੁਲਉਮਰਾ*** : ਅਫ਼ਗਾਨਿਸਤਾਨ ਦੇ ਬਾਦਸ਼ਾਹਾਂ ਦੀ ਉਪਾਧੀ, ਸ਼ੈਹਜ਼ਾਦਿਆਂ ਦਾ ਸ਼ੈਹਜ਼ਾਦਾ, ਮੁੱਖ ਮੰਤਰੀ, ਬੌਹਤ ਵਡਾ ਰਈਸ।

امیرالبحر ***ਅਮੀਰੁਲਬਹਰ*** : ਸਮੁੰਦਰੀ ਬੇੜੇ ਦਾ ਮੁਖੀ।

امیرالجیوش ***ਅਮੀਰੁਲਜਯੂਸ਼*** : ਫ਼ੌਜਾਂ ਦਾ ਮੁਖੀ, ਸੈਨਾਪਤੀ।

امیرالمومنین ***ਅਮੀਰੁਲ ਮੋਮਿਨੀਨ***: ਮੁਸਲਮਾਨਾਂ ਦਾ ਸਰਦਾਰ, ਖ਼ਲੀਫ਼ਾ; ਹਜ਼ਰਤ ਅਲੀ ਦੀ ਉਪਾਧੀ।

امیرانه ***ਅਮੀਰਾਨਾ*** : ਸ਼ਾਹੀ, ਸ਼ੈਹਜ਼ਾਦਿਆਂ ਵਰਗਾ।

امیرتوپخانه ***ਅਮੀਰ-ਏ-ਤੋਪਖ਼ਾਨਾ*** : ਤੋਪਖ਼ਾਨੇ ਦਾ ਮੁਖੀ।

امیرحج ***ਅਮੀਰ-ਏ-ਹੱਜ*** : ਹਾਜੀਆਂ ਦੇ ਕਾਫ਼ਲੇ ਦਾ ਸਰਦਾਰ।

امیرداد ***ਅਮੀਰ-ਏ-ਦਾਦ*** : ਹਾਕਮ ਅਦਾਲਤ, ਮੁਨਸਫ਼।

امیرزاده ***ਅਮੀਰਜ਼ਾਦਾ*** : ਅਮੀਰ ਦਾ ਪੁਤਰ।

امیرصاحبدلق ***ਅਮੀਰ-ਏ-ਸਾਹਿਬ-ਦਲਕ਼*** : ਹਜ਼ਰਤ ਅਲੀ।

امیرکبیر ***ਅਮੀਰ-ਏ-ਕਬੀਰ*** : ਵਡਾ ਅਮੀਰ, ਬੌਹਤ ਦੌਲਤਮੰਦ।

امیرنظام ***ਅਮੀਰ-ਏ-ਨਿਜ਼ਾਮ*** : ਫ਼ੌਜ ਦਾ ਸਰਦਾਰ।

امیری ***ਅਮੀਰੀ*** : ਅਮੀਰ ਹੋਣ ਦਾ ਭਾਵ।

امین ***ਅਮੀਨ*** : ਅਮਾਨਤ ਰਖਣ ਵਾਲਾ, ਸੁਰਖਿਅਤ, ਅਜ਼ਾਦ, ਵਫ਼ਾਦਾਰ, ਭਰੋਸੇਯੋਗ; ਸਾਲਸੀ, ਜ਼ਿਲ੍ਹੇ ਦਾ ਮਾਮਲਾ ਇਕੱਤਰ ਕਰਨ ਵਾਲਾ।

امینالملتیمینالدوله ***ਅਮੀਨੁੱਲਮਿੱਲਤ ਯਮੀ ਨੁੱਦੌਲਾ*** : ਧਰਮ ਦਾ ਅਮਾਨਤੀ ਤੇ ਰਾਜ ਦੀ ਸ਼ਕਤੀ, ਸੁਲਤਾਨ ਮੁੰਹਮਦ ਗਜ਼ਨਵੀ ਦੀ ਉਪਾਧੀ ਜੋ ਉਸ ਨੂੰ ਖ਼ਲੀਫ਼ੇ ਵੱਲੋਂ ਮਿਲੀ ਹੋਈ ਸੀ।

امین حساب ***ਅਮੀਨ-ਏ-ਹ਼ਿਸਾਬ*** : ਹਿਸਾਬ ਕਿਤਾਬ ਦੀ ਪੜਤਾਲ ਕਰਨ ਵਾਲਾ।

امین وحضور ***ਅਮੀਨ-ਏ-ਹਜ਼ੂਰ*** : ਦਰੋਗ਼ਾ ਦਰਬਾਰ ਸ਼ਾਹੀ।

امین خلوت ***ਅਮੀਨ-ਏ-ਖ਼ਲਵਤ*** : ਸ਼ਾਹੀ ਚੋਬਦਾਰਾਂ ਦਾ ਮੁਖੀ।

امین دیوان ***ਅਮੀਨ-ਏ-ਦੀਵਾਨ*** : ਦੀਵਾਨ ਦਾ ਮੁੱਖ ਮੁਨਸ਼ੀ।

امین لشکر ***ਅਮੀਨ-ਏ-ਲਸ਼ਕਰ*** : ਫ਼ੌਜ ਦਾ ਖ਼ਜ਼ਾਨਚੀ।

امین وحی ***ਅਮੀਨ-ਏ-ਵਹ਼ੀ*** : ਹਜ਼ਰਤ ਜਿਬਰੀਲ ਜੋ ਹਜ਼ਰਤ ਮੁੰਹਮਦ ਸਾਹਿਬ ਲਈ ਧੁਰੋਂ ਵਹੀ (ਰਬੀ ਇਲਹਾਮ) ਲਿਆਉਂਦਾ ਸੀ।

امینی ***ਅਮੀਨੀ*** : ਅਮੀਨ ਦੀ ਪਦਵੀ।

اِن ***ਇਨ*** : ਜੇਕਰ, ਪਰ; ਜੋ, ਜੇਹੜਾ।

اَن ***ਅਨ*** , **اِن** ***ਇਨ*** : ਠੀਕ, ਸਚੀ।

انا ***ਅਨਾ*** : ਮੈਂ।

انا ***ਅਨਾ*** : ਰੋਕ; ਦੇਰੀ।

انا ***ਇਨਾ*** : ਬਰਤਨ।

انا ***ਅੱਨਾ*** : ਮਾਂ।

انابت ***ਇਨਾਬਤ*** : ਰੱਬ ਵੱਲ ਰੁਚੀ ਕਰਨਾ, ਤੋਬਾ ਕਰਨਾ, ਮੰਦੇ ਕੰਮਾਂ ਨੂੰ ਤਿਆਗਣਾ; ਦੁਆ ਮੰਗਣਾ, ਪਰਾਰਥਨਾ ਕਰਨਾ; ਕਿਸੇ ਨੂੰ ਆਪਣਾ ਨਾਇਬ ਬਣਾਉਣਾ।

اناث ***ਇਨਾਸ*** : (ਅਨਸਾ **انثی** ਦਾ ਬੌਹਵਚਨ) ਔਰਤਾਂ।

اناث وذکار ***ਇਨਾਸ-ਉ-ਜ਼ਕਾਰ*** : ਔਰਤਾਂ ਤੇ ਮਰਦ।

انار ***ਅਨਾਰ*** : ਇਕ ਪਰਸਿਧ ਫਲ; ਅਨਾਰ ਦਾ ਪੇੜ।

انارستان ਅਨਾਰਿਸਤਾਨ : ਅਨਾਰਾਂ ਦਾ ਬਾਗ਼।

انار فرهاد ***ਅਨਾਰ-ਏ-ਫ਼ਰਹਾਦ*** : ਓਹ ਅਨਾਰ ਦਾ ਪੇੜ ਜੇਹੜਾ ਉਸ ਤੇਸ਼ੇ ਵਿਚੋਂ ਉਗਿਆ, ਜਿਸ ਨਾਲ ਫਰਹਾਦ ਨੇ ਸ਼ੀਰੀਂ ਦੀ ਮੌਤ ਦੀ ਖ਼ਬਰ ਸੁਣ ਕੇ ਆਪਣਾ ਸਿਰ ਪਾੜ ਲਿਆ ਸੀ। ਇਸ ਅਨਾਰ ਦੇ ਫਲ ਨੂੰ ਜਦ ਖੋਲ੍ਹੋ ਤਾਂ ਅੰਦਰੋਂ ਸੁਆਹ ਹੋਏ ਦਾਣੇ ਨਿਕਲਦੇ ਹਨ।

انارگیرا ***ਅਨਾਰ-ਗੀਰਾ*** , **انارگیوا** ***ਅਨਾਰ-ਗੀਵਾ*** : ਪੋਸਤ ਦਾ ਡੋਡਾ।

انار یاسین ***ਅਨਾਰ-ਏ-ਯਾਸੀਨ*** : ਓਹ ਅਨਾਰ ਦਾ ਫਲ ਜੇਹੜਾ ਨੌ-ਰੋਜ਼ ਵਾਲੇ ਦਿਨ ਇਕੋ ਵਿਅਕਤੀ ਸੂਰਾ-ਏ-ਯਾਸੀਨ ਕਈ ਵਾਰ ਪੜ੍ਹ ਕੇ ਖਾਂਦਾ ਹੈ। ਇਸ ਨਾਲ ਸਾਰਾ ਸਾਲ ਫਿਰ ਬੀਮਾਰੀ ਨਹੀਂ ਲਗਦੀ।

انارین ***ਅਨਾਰੀਨ*** : ਜ਼ੰਗ।

اناس ***ਉਨਾਸ*** : (ਨਾਸ **ناس** ਦਾ ਬੌਹਵਚਨ) ਆਦਮੀ।

اناسی ***ਇਨਾਸੀ*** : (ਅਨਸੀ **انسی** ਦਾ ਬੌਹਵਚਨ) ਬੌਹਤੇ ਆਦਮੀ ।

اناطولی ***ਅਨਾਤੂਲੀ*** : ਐਨਾਟੋਨੀਮਾ, ਛੋਟਾ ਏਸ਼ੀਆ।

انام ***ਅਨਾਮ*** : ਖਲਕਤ, ਮਨੁਖ ਜਾਤੀ, ਦੁਨੀਆਂ ਦੇ ਲੋਕ, ਲੋਕਾਈ; ਜਿੰਨ, ਦੇਵ ਤੇ ਇਨਸਾਨ।

انامل ***ਅਨਾਮਿਲ*** : (**انمله** ਅਨਮਿਲਾ ਦਾ ਬੌਹਵਚਨ) ਉਂਗਲਾਂ; ਉਂਗਲਾਂ ਦੇ ਸਿਰੇ।

انانیت ***ਅਨਾਨੀਯਤ*** : ਖ਼ੁਦੀ, ਆਪਾ, ਹਉਮੇ, ਗ਼ਰੂਰ, ਹੰਕਾਰ, ਨਿਜ-ਪਰਸ਼ੰਸਾ, ਸਵਾਰਥ।

اناهید ***ਅਨਾਹੀਦ*** : ਸ਼ੁੱਕਰ ਤਾਰਾ।

انائی ***ਅਨਾਈ*** : ਮਖ਼ਲੂਕ, ਸ੍ਰਿਸ਼ਟੀ, ਦਿਸਦਾ ਸੰਸਾਰ।

انائی ***ਅਨਾਈ*** : ਅਨਾੜੀ, ਗੰਵਾਰ, ਮੂਰਖ।

انب ***ਅਨਬ*** : ਬੈਂਗਣ।

انبات ***ਇੰਬਾਤ*** : ਉੱਗਣਾ, ਉਗਾਉਣਾ (ਘਾਹ ਦਾ)।

انبار ***ਅੰਬਾਰ*** : ਭਰਿਆ ਹੋਇਆ, ਨੱਕੋ ਨੱਕ ਭਰਿਆ ਹੋਇਆ; ਢੇਰ, ਭੰਡਾਰ; ਤਲਾ, ਛੱਪੜ; ਰੇਹ; ਘਰ ਜਾਂ ਕੰਧ ਦਾ ਡਿਗਣਾ; ਬਰਬਾਦੀ; ਚਾਰਾ, ਪੱਠੇ।

انبارخانه ***ਅੰਬਾਰਖ਼ਾਨਾ*** : ਗਲੇ ਦਾ ਗੋਦਾਮ; ਅਸਲਾਖ਼ਾਨਾ।

انبارداد ***ਅੰਬਾਰਦਾਰ*** : ਅਸਲਾਖ਼ਾਨੇ ਦਾ ਦਰੋਗਾ।

انبارداری ***ਅੰਬਾਰਦਾਰੀ*** : ਕਾਲ ਜਾਂ ਅੰਨ ਦੀ ਕਮੀ ਕਾਰਨ ਇਕਠਾ ਕੀਤਾ ਅੰਨ ਦਾ ਭੰਡਾਰ।

انباردگی ***ਅੰਬਾਰਦਗੀ*** : ਨਿਆਮਤਾਂ ਦੀ ਬੌਹਤਾਤ, ਬੇਸ਼ੁਮਾਰ ਦੌਲਤ।

انباردن ***ਅੰਬਾਰਦਨ*** : ਭਰਨਾ, ਢੇਰ ਕਰਨਾ।

انبارده ***ਅੰਬਾਰਦਾ*** : ਭਰਿਆ ਭਕੁੰਨਾ, ਤੂਣਿਆ ਹੋਇਆ, ਅਮੀਰ, ਖ਼ੁਸ਼ਹਾਲ।

انبارش ***ਅੰਬਾਰਿਸ਼*** : ਭਰਤੀ; ਭਰਤ।

انباریدن ***ਅੰਬਾਰੀਦਨ*** : ਭਰਨਾ, ਭਰਾਉਣਾ; ਢਾਹੁਣਾ।

انبار ***ਇੰਬਾਰ*** : (ਈਂ ਬਾਰ **این بار** ਦਾ ਸੰਖਿਪਤ ਰੂਪ) ਇਸ ਵਾਰ।

انباز ***ਅੰਬਾਜ਼*** : ਸਾਥੀ, ਸੰਗੀ, ਭਾਈਵਾਲ, ਜੋਟੀਦਾਰ, ਬੇਲੀ।

انبازناک ***ਅੰਬਾਜ਼ਨਾਕ*** : ਵਪਾਰ ਵਿਚ ਭਾਈਵਾਲ।

انبازی ***ਅੰਬਾਜ਼ੀ*** : ਭਾਈਵਾਲੀ।

انباغ ***ਅੰਬਾਗ਼*** : ਸੌਂਕਣ; ਓਹ ਇਸਤਰੀ, ਜਿਸ ਨਾਲ ਆਦਮੀ ਆਪਣੀ ਵੌਹਟੀ ਤੋਂ ਬਿਨਾ ਰਹੇ, ਰਖੇਲ।

انبان ***ਅੰਬਾਨ*** , **انبانه** ***ਅੰਬਾਨਾ*** : ਚਮੜਾ, ਖਲ; ਚਮੜੇ ਦਾ ਥੈਲਾ, ਚਮੜੇ ਦਾ ਬਟੂਆ, ਖ਼ੁਰਜੀ; ਮਸ਼ਕ; ਧੌਂਕਣੀ; ਮੋਟਾ ਆਦਮੀ, ਪੇਟੂ; ਨਿਕੰਮਾ।

انبانِ باد ***ਅੰਬਾਨ-ਏ-ਬਾਦ*** : ਪੇਟ, ਧੌਂਕਣੀ।

انبانِ بار ***ਅੰਬਾਨ-ਬਾਰ*** : ਪੇਟੂ, ਮੋਟਾ, ਨਿਕੰਮਾ।

انبانچه ***ਅੰਬਾਨਚਾ*** : ਥੈਲੀ।

انبانِ خضر ***ਅੰਬਾਨ-ਏ-ਖ਼ਿਜ਼ਰ*** : ਲੋਟਾ।

انبانِ سلیمان ***ਅੰਬਾਨ-ਏ-ਸੁਲੇਮਾਨ*** : ਜਾਦੂ ਦਾ ਥੈਲਾ, ਜਿਸ ਵਿਚੋਂ ਜੋ ਚੀਜ਼ ਚਾਹੋ ਨਿਕਲ ਆਵੇ।

انبانِ شناور ***ਅੰਬਾਨ-ਏ-ਸ਼ਿਨਾਵਰ*** : ਤਰਨ ਵਾਲੀ ਪੇਟੀ, ਪਾਣੀ ਵਿਚ ਡੁਬਣ ਤੋਂ ਬਚਾਉਣ ਵਾਲੀ ਮਸ਼ਕ।

انبانِ نفط ***ਅੰਬਾਨ-ਏ-ਨਫ਼ਤ*** : ਚਮੜੇ ਦਾ ਡੱਬਾ ਜਿਸ ਵਿਚ ਬਰੂਦ ਆਦਿ ਭਰ ਕੇ ਤੇ ਅੱਗ ਲਾ ਕੇ ਦੁਸ਼ਮਣ ਤੇ ਸੁੱਟਦੇ ਹਨ, ਹੱਥ-ਗੋਲਾ।

انبر ***ਅੰਬਰ*** : ਚਿਮਟਾ।

انبره ***ਅੰਬੁਰਾ*** : ਓਹ ਊਠ ਜਿਸ ਦੇ ਵਾਲ ਝੜ ਗਏ ਹੋਣ, ਦਾਣੇ ਢੋਣ ਵਾਲਾ ਊਠ; ਦੱਰਾ ਦੋ ਪਹਾੜਾਂ ਵਿਚਲਾ ਲਾਂਘਾ; ਚਿਮਟੀ (=ਅੰਬਰ)

انبساط ***ਇੰਬਿਸਾਤ਼*** : ਖੇੜਾ, ਪਰਸੰਨਤਾ; ਖੁਲ੍ਹਣਾ, ਫੈਲਣਾ।

انبوبه ***ਅੰਬੂਬਾ*** : ਲੋਟੇ ਦੀ ਟੂਟੀ।

انبوه ***ਅੰਬੋਹ*** : ਇਕਠ, ਹਜੂਮ, ਭੀੜ ।

انبوه‌ریش ***ਅੰਬੋਹ-ਰੀਸ਼*** : ਸੰਘਣੀ ਦਾੜ੍ਹੀ ਵਾਲਾ।

انبوه‌ناک ***ਅੰਬੋਹਨਾਕ*** : ਖੁਲ੍ਹਾ, ਵਿਸ਼ਾਲ।

انبوهی ***ਅੰਬੋਹੀ*** : ਗਾੜ੍ਹਾਪਨ; ਇਕੱਠ, ਭੀੜ।

انبه ***ਅੰਬਾ*** : ਅੰਬ।

انبیا ***ਅੰਬੀਯਾ*** : (ਨਬੀ **نبی** ਦਾ ਬੌਹਵਚਨ) ਪੈਗ਼ੰਬਰ, ਨਬੀ, ਰਸੂਲ।

انبیر ***ਅੰਬੀਰ*** : ਗੁਲਾਬ; ਰੱਜ, ਢਿਡ ਭਰੇ ਹੋਣ ਦਾ ਭਾਵ; ਮਿਟੀ; ਧਰਮ; ਕਨੂੰਨ, ਸੰਸਥਾ।

انتباه ***ਇੰਤਿਬਾਹ*** : ਖ਼ਬਰਦਾਰ ਹੋਣਾ, ਖ਼ਬਰਦਾਰ ਕਰਨਾ, ਨੀਂਦ ਤੋਂ ਜਾਗਣਾ, ਐਲਾਨ, ਵਿਗਿਆਪਨ, ਸੂਚਨਾ।

انتخاب ***ਇੰਤਿਖ਼ਾਬ*** : ਚੋਣ, ਚੁਣਨਾ, ਚੋਣ ਕਰਨਾ; ਛਾਂਟਣਾ।

انتخاب‌آلود ***ਇੰਤਿਖ਼ਾਬ-ਆਲੂਦ*** , **انتخات‌زده** ***ਇੰਤਿਖ਼ਾਬਜ਼ਦਾ*** : ਚੋਣ।

انتخابی ***ਇੰਤਿਖ਼ਾਬੀ*** : ਚੁਣਿਆ ਹੋਇਆ।

انتساب ***ਇੰਤਿਸਾਬ*** : ਸਬੰਧਤ ਕੀਤਾ

ਹੋਇਆ, ਸਬੰਧ ਜੋੜਨਾ, ਅੱਗਾ ਪਿਛਾ ਦਸਣਾ; ਸਬੰਧ, ਰਿਸ਼ਤਾ; ਵਾਸਤਾ, ਬੰਸਾਵਲੀ।

انتشار ***ਇੰਤਿਸ਼ਾਰ*** : ਫੈਲ ਜਾਣਾ, ਪਰਸਾਰ ਕਰਨਾ, ਨਸ਼ਰ ਕਰਨਾ; ਪਰਸਾਰ, ਪਰਚਾਰ, ਗੜਬੜ, ਹੰਗਾਮਾ, ਪਰੇਸ਼ਾਨੀ, ਘਬਰਾਹਟ, ਫਿਕਰ; ਸ਼ੈਹਵਤ।

انتظار ***ਇੰਤਿਜ਼ਾਰ*** : ਰਾਹ ਵੇਖਣਾ, ਉਡੀਕਣਾ, ਆਸ ਰਖਣਾ; ਉਡੀਕ, ਆਸ, ਉਮੀਦ।

انتظارآمیز ***ਇੰਤਿਜ਼ਾਰ-ਆਮੇਜ਼*** : ਉਡੀਕ-ਸੈਹਤ, ਆਸ ਨਾਲ ਭਰਪੂਰ।

انتظارکش ***ਇੰਤਿਜ਼ਾਰ-ਕਸ਼*** : ਉਡੀਕਵਾਨ।

انتظام ***ਇੰਤਿਜ਼ਾਮ*** : ਬੰਦੋਬਸਤ ਕੀਤਾ ਜਾਣਾ, ਸੂਤਰ-ਬੱਧ ਹੋਣਾ, ਲੜੀ ਵਿਚ ਪਰੋਤੇ ਜਾਣਾ, ਕੰਮ ਦਾ ਠੀਕ ਹੋਣਾ; ਪਰਬੰਧ, ਨੇਮ, ਤਰਤੀਬ, ਤਦਬੀਰ।

انتقاد ***ਇੰਤਿਕ਼ਾਦ*** : ਨਕਦ ਲੈਣਾ, ਭੋਹ 'ਚੋਂ ਦਾਣੇ ਅੱਡ ਕਰਨਾ, ਗ਼ਲਾ ਸਾਫ਼ ਕਰਨਾ: ਪਰਖਣਾ, ਪੜਚੋਲ ਕਰਨਾ, ਟਿਪਣੀ ਦੇਣਾ।

انتقال ***ਇੰਤਿਕ਼ਾਲ*** : ਇਕ ਥਾਂ ਤੋਂ ਦੂਜੇ ਥਾਂ ਬਦਲਨਾ, ਬਦਲੀ, ਨਕਲ ਕਰਨਾ; ਉਲਥਾਉਣਾ, ਅਨੁਵਾਦ ਕਰਨਾ; ਜਲਾਵਤਨੀ, ਮੁਲਕ ਬਦਰ ਕਰਨ ਦੀ ਕਿਰਿਆ, ਮੌਤ।

انتقالِ‌کننده ***ਇੰਤਿਕ਼ਾਲ-ਕੁਨਿੰਦਾ*** : ਇੰਤਿਕਾਲ ਕਰਨ ਵਾਲਾ, ਬਦਲਨ ਵਾਲਾ।

انتقال‌گیرنده ***ਇੰਤਿਕ਼ਾਲ-ਗੀਰਿੰਦਾ*** : ਜਿਸ ਦੇ ਨਾਮ ਇੰਤਿਕਾਲ ਹੋਇਆ ਹੋਵੇ।

انتقال‌نامه ***ਇੰਤਿਕ਼ਾਲ-ਨਾਮਾ*** : ਜ਼ਮੀਨ ਦੀ ਬਦਲੀ ਦਾ ਕਾਗ਼ਜ਼।

انتقالی ***ਇੰਤਿਕ਼ਾਲੀ*** : ਜਾਇਦਾਦ ਜਾਂ ਜ਼ਮੀਨ ਦੇ ਤਬਾਦਲੇ ਦੀ ਕਿਰਿਆ।

انتقالی‌رسوم ***ਇੰਤਿਕ਼ਾਲੀ ਰਸੂਮ*** : ਇੰਤਿਕਾਲ ਦੀ ਫ਼ੀਸ।

انتقام ***ਇੰਤਿਕ਼ਾਮ*** : ਬਦਲਾ ਲੈਣਾ, ਵੈਰ ਕੱਢਣਾ, ਮੰਦਾ ਚੰਗਾ ਕੈਹਣਾ; ਬਦਲਾ, ਵੈਰ।

انتکاس ***ਇੰਤਿਕਾਸ*** : ਉਲਟਾ ਹੋਣਾ, ਉਲਟ ਜਾਣਾ, ਮੂਧੇ ਮੂੰਹ ਹੋਣਾ।

انتہا ***ਇੰਤਿਹਾ*** : ਅੰਤ, ਅਖ਼ੀਰ, ਆਖ਼ਰੀ ਹੱਦ ਜਾਂ ਸੀਮਾ, ਅੰਤਲਾ ਸਿਰਾ; ਸੰਪੂਰਨਤਾ, ਸਮਾਪਤੀ।

انثیٰ ***ਅਨਸਾ*** : ਮਾਦਾ, ਇਸਤਰੀ।

انجام ***ਅੰਜਾਮ*** : ਅਖੀਰ, ਅੰਤ ਹੱਦ, ਸੀਮਾ, ਨਤੀਜਾ; ਜ਼ਮੀਮਾ, ਪਰੀਸ਼ਿਸ਼ਟ; ਦੁੱਖ, ਸੋਗ।

انجام‌یافت ***ਅੰਜਾਮ-ਯਾਫ਼ਤ*** : ਏਹ ਸਾਰਾ ਖਤਮ ਹੋ ਗਿਆ।

انجبار ***ਅੰਜਬਾਰ***, ***ਇੰਜਬਾਰ*** : ਇਕ ਬੂਟੀ ਜੋ ਦਰਿਆ ਫ਼ਰਾਤ ਦੇ ਕੰਢੇ ਉਗਦੀ ਹੈ ਤੇ ਜਿਸ ਦਾ ਸ਼ਰਬਤ ਬਣਦਾ ਹੈ।

انجبین ***ਅੰਜਬੀਨ*** : (ਫ਼ਾਰਸੀ ਦੇ ਅੰਗਬੀਨ **انگبین** ਦਾ ਅਰਬੀ ਰੂਪ) ਸ਼ੈਹਦ।

انجزاب ***ਇੰਜਿਜ਼ਾਬ*** : ਜਜ਼ਬ ਹੋਣਾ, ਖਿੱਚਿਆ ਜਾਣਾ, ਤੇਜ਼ ਚਲਣਾ, ਖਿੱਚ, ਰੁਚੀ, ਝੁਕਾ; ਪਿਆਰ, ਸਨੇਹ।

انجلا ***ਇੰਜਿਲਾ*** : ਰੋਸ਼ਨ ਹੋਣਾ, ਸਾਫ਼ ਹੋਣਾ, ਗ਼ਮ ਦੂਰ ਹੋਣਾ, ਦੁਖ ਜਾਂਦੇ ਰੈਹਣਾ; ਬੇਵਤਨ ਹੋਣਾ, ਦੇਸ਼ ਬਦਰ ਹੋਣਾ।

انجم ***ਅੰਜੁਮ*** : (ਨਜਮ **نجم** ਦਾ ਬੌਹਵਚਨ) ਸਤਾਰੇ।

انجم‌روز ***ਅੰਜੁਮ-ਏ-ਰੋਜ਼,***
انجم‌سوز ***ਅੰਜੁਮ-ਏ-ਸੋਜ਼*** : ਸੂਰਜ।

انجم‌سپاہ ***ਅੰਜੁਮ-ਸਿਪਾਹ*** : ਤਾਰਿਆਂ ਜਿੱਡਾ ਲਸ਼ਕਰ, ਭਾਰੀ ਲਸ਼ਕਰ।

انجم‌شکوہ ***ਅੰਜੁਮ-ਸ਼ਿਕੋਹ*** : ਸਤਾਰਿਆਂ ਵਰਗੀ ਸ਼ਾਨ ਵਾਲਾ।

انجم‌شناس ***ਅੰਜੁਮ-ਸ਼ਿਨਾਸ*** : ਨਜੂਮੀ; ਚੌਕੀਦਾਰ।

انجم‌کدہ ***ਅੰਜੁਮ-ਕਦਾ*** : ਸਤਾਰਿਆਂ ਨਾਲ ਭਰਿਆ ਹੋਇਆ ਬਾਗ਼ ਜਿਸ ਵਿਚ ਸਤਾਰਿਆਂ ਵਾਂਗ ਫੁੱਲ ਖਿੜੇ ਹੋਣ।

انجمن ***ਅੰਜੁਮਨ*** : ਜਮਾਤ, ਸੰਸਥਾ, ਸਭਾ; ਲੋਕਾਂ ਦੇ ਇਕਤਰ ਹੋਣ ਦੀ ਜਗ੍ਹਾ; ਭੀੜ, ਇੱਕਠ।

انجمن‌افروز ***ਅੰਜੁਮਨ-ਅਫ਼ਰੋਜ਼*** : ਸਭਾ ਦੀ ਰੌਣਕ।

انجمن‌سائے ***ਅੰਜੁਮਨ-ਸਾਯ*** : ਸਾਥੀ, ਬੇਲੀ।

انجمن طراز *ਅੰਜੁਮਨ-ਤਰਾਜ਼* : ਸਭਾ ਦਾ ਗੈਹਣਾ, ਮਜਲਸ ਦੀ ਰੌਣਕ।

انجمن کردن *ਅੰਜੁਮਨ ਕਰਦਨ* : ਇੱਕਠ ਕਰਨਾ।

انجمنِ کہکشاں *ਅੰਜੁਮਨ-ਏ-ਕਹਕਸ਼ਾਂ* : ਅਕਾਸ਼-ਗੰਗਾ।

انجمن گاہ *ਅੰਜੁਮਨਗਾਹ* : ਮਜਲਸ ਦੀ ਥਾਂ।

انجمن گردوں پیما *ਅੰਜੁਮਨ-ਏ-ਗਰਦੂੰ ਪੈਮਾ* : ਸਤ ਸਤਾਰੇ, ਸਤ ਰਿਸ਼ੀ।

انجن *ਅੰਜਨ* : ਪੀਸਿਆ ਹੋਇਆ ਸੁਰਮਾ।

انجیر *ਅੰਜੀਰ* , **انجیرہ** *ਅੰਜੀਰਾ* : ਮਸ਼ਹੂਰ ਰੁਖ ਤੇ ਉਸ ਦਾ ਫਲ; ਮੋਰੀ।

انجیل *ਇੰਜੀਲ* : ਖ਼ੁਸ਼ਖ਼ਬਰੀ; ਅਸਮਾਨੀ ਪੁਸਤਕ ਜੇਹੜੀ ਹਜ਼ਰਤ ਈਸਾ ਤੇ ਨਾਜ਼ਿਲ ਹੋਈ; ਈਸਾਈਆਂ ਦਾ ਧਾਰਮਕ ਗਰੰਥ।

انجیلی *ਇੰਜੀਲੀ*, **اہلِ انجیل** *ਅਹਲ-ਏ-ਇੰਜੀਲ* : ਇੰਜੀਲ ਨੂੰ ਮੰਨਣ ਵਾਲੇ, ਈਸਾਈ।

انحراف *ਇਨਹਿਰਾਫ਼* : ਮੁੜਨਾ, ਵਿਰੁਧ ਹੋਣਾ, ਸੰਕੋਚ ਕਰਨਾ, ਬਚਣਾ; ਬਦਲਣਾ; ਨਾਫ਼ਰਮਾਨੀ, ਹੁਕਮ-ਅਦੂਲੀ, ਇਨਕਾਰ, ਮੁਖ਼ਾਲਫ਼ਤ, ਬਗ਼ਾਵਤ; ਟੇਢੀ ਚਾਲ, ਭੈੜੀ ਆਦਤ; ਨੁਕਸ, ਬੀਮਾਰੀ।

انحصار *ਇੰਨਹਿਸਾਰ* : ਨਿਰਭਰ ਹੋਣਾ, ਅਧਾਰਤ ਹੋਣਾ; ਘਿਰ ਜਾਣਾ, ਕਿਲ੍ਹੇਬੰਦ ਹੋ ਜਾਣਾ, ਰੁਕ ਜਾਣਾ, ਕਿਸੇ ਵਿਚ ਸਮਾ ਜਾਣਾ; ਘੇਰਾ, ਰੋਕ, ਕਿਲ੍ਹਾਬੰਦੀ; ਬੰਦਸ਼, ਮਨਾਹੀ; ਅਧਾਰ।

انحطاط *ਇਨਹਿਤ਼ਾਤ਼* : ਥੱਲੇ ਲੈਹਣਾ, ਘਟ ਜਾਣਾ, ਘਾਟੇ ਵਲ ਜਾਣਾ, ਨਿਰਖ ਦਾ ਘਟ ਜਾਣਾ; ਕਮੀ, ਘਾਟ; ਪਤਨ।

اند *ਅੰਦ* : ਥੋੜ੍ਹੇ, ਕਈ; ਇਤਨਾ, ਕਿੰਨਾਂ, ਬੌਹਤ ਸਾਰੇ, ਕਿੰਨੇ ਹੀ; ਤਿੰਨ ਤੋਂ ਨੌਂ ਤਕ; ਅਣਗਿਣਤ ਅੰਕੜੇ, ੫੦੦ ਤੋਂ ੧੫੦੦੦ ਤਕ ਦੇ ਸਾਲਾਂ ਦਾ ਸਮਾਂ, ਉਮੀਦ, ਧੰਨਵਾਦ, ਸ਼ਕ ਜਾਂ ਹੈਰਾਨੀ ਨਾਲ ਗੱਲ ਕਰਨਾ।

انداختن *ਅੰਦਾਖ਼ਤਨ* : ਪਾਉਣਾ, ਸੁੱਟਣਾ; ਬਣਾਉਣਾ, ਸੰਵਾਰਨਾ; ਵਿਛਾਉਣਾ; ਬਾਹਰ ਕਢਣਾ; ਅੰਦਰ ਕਰਨਾ, ਖਿੰਡਾਉਣਾ, ਖਲਾਰਨਾ, ਤੋਪ ਜਾਂ ਗੋਲੀ ਚਲਾਉਣਾ।

اندار *ਅੰਦਾਰ* : ਕਹਾਣੀ, ਅਫ਼ਸਾਨਾ, ਗਲਪ।

انداز *ਅੰਦਾਜ਼* : ਅਨੁਮਾਨ, ਤਖ਼ਮੀਨਾ; ਮਾਪ, ਨਾਪ. ਪੈਮਾਨਾ, ਮਾਪਦੰਡ, ਕਦਰ, ਮਰਤਬਾ, ਰੁਤਬਾ; ਤੌਰ, ਤਰੀਕਾ, ਨਖ਼ਰਾ; ਇਰਾਦਾ, ਨਿਸਚਾ; ਮੰਤਵ, ਮਨੋਰਥ।

اندازہ *ਅੰਦਾਜ਼ਾ* : ਅਨੁਮਾਨ, ਤਖ਼ਮੀਨਾ; ਮਾਪ, ਤੋਲ; ਮਿਕਦਾਰ, ਪੈਮਾਨਾ, ਅਨੁਮਾਨ, ਯੋਗ, ਸਮਾਨਤਾ; ਨਕਲ, ਨਮੂਨਾ।

اندازہ گیر *ਅੰਦਾਜ਼ਾ-ਗੀਰ* : ਅੰਦਾਜ਼ਾ ਲਾਉਣ ਵਾਲਾ, ਅਨੁਮਾਨ-ਕਰਤਾ।

اندام *ਅੰਦਾਮ* : ਸਰੀਰ; ਜੁਸਾ, ਕਦ, ਅੰਗ, ਜੋੜ; ਨਿਯਮ; ਅੰਗਾਂ ਦੀ ਇਕਸਾਰਤਾ, ਸੁੰਦਰਤਾ; ਨਿਯਮ; ਰੋਸ਼ਨ, ਸਜਿਆ ਹੋਇਆ; ਚੰਗਾ ਅਸਲਾ, ਵੇਹੜਾ, ਘਰ ਅਗੇ ਖੁਲ੍ਹਾ ਮੈਦਾਨ।

اندامِ دانا *ਅੰਦਾਮ-ਏ-ਦਾਨਾ* : ਅਗਲੀ ਉਂਗਲ।

اندام نہانی *ਅੰਦਾਮ-ਏ-ਨਿਹਾਨੀ*: ਗੁਪਤ ਅੰਗ।

اندر *ਅੰਦਰ* : (ਅੰਦਰੂਨ ਦਾ ਸੰਖਿਪਤ ਰੂਪ ਹੈ) ਵਿਚ, ਵਿਚਕਾਰ।

اندراب *ਅੰਦਰਾਬ* , *ਇੰਦਰਾਬ* : ਖ਼ੁਰਾਸਾਨ ਤੇ ਹਿੰਦੂਸਤਾਨ ਦੀ ਸੀਮਾ ਤੇ ਇਕ ਸ਼ੈਹਰ ਜੋ ਗਜ਼ਨੀ ਦੇ ਨੇੜੇ ਹੈ; ਗੀਲਾਨ ਦੇ ਇਕ ਸ਼ੈਹਰ ਦਾ ਨਾਮ; ਬਦਖ਼ਸ਼ਾਂ ਦਾ ਇਕ ਸ਼ੈਹਰ।

اندراج *ਇੰਦਿਰਾਜ* : ਇਕਠਾ ਕੀਤਾ ਜਾਂ ਲਪੇਟਿਆ ਜਾਣਾ; ਦਰਜ ਕੀਤਾ ਜਾਣਾ, ਦਰਜ ਹੋਣਾ; ਐਂਟਰੀ (ਕੋਸ਼ ਜਾਂ ਰਜਿਸਟਰ ਦੀ); ਲਿਖਿਆ ਜਾਣਾ।

اندران *ਅੰਦਰਾਨ* : (ਅੰਦਰ اندر + ਆਨ آن ਦਾ ਸੰਖਿਪਤ ਰੂਪ ਹੈ) ਉਸ ਵਿਚ।

اندربائے *ਅੰਦਰ ਬਾਇ* , **اندربایست** *ਅੰਦਰ ਬਾਯਿਸਤ* : ਅਵੱਸ਼ਕ; ਜ਼ਰੂਰਤ, ਹਾਜਤ; ਜ਼ਰੂਰੀ ਸ਼ੈ।

اندربیگ *ਅੰਦਰ ਬੇਗ* : ਵੱਡਿਆਂ ਮਹਾਨ ਆਦਮੀਆਂ ਜਾਂ ਅਧਕਾਰੀਆਂ ਵਿਚ ਪਰਵਾਨ

ਕੀਤਾ ਗਿਆ।

اندرجاه ***ਅੰਦਰ ਜਾਹ*** : ਅੰਦਰਲੀ ਥਾਂ; ਵਾਧੂ ਦਿਨ, ਜਿਸ ਨਾਲ ਪੰਜ ਦਿਨ ਹੋਰ ਮਿਲਾ ਕੇ ਈਰਾਨੀ ਸਾਲ ਦੇ ਬਾਰਾਂ ਮਹੀਨੇ ਤੀਹ ਦਿਨਾਂ ਦੇ ਇਕ ਬਰਾਬਰ ਕੀਤੇ ਜਾਂਦੇ ਹਨ।

اندرخوار ***ਅੰਦਰ-ਖ਼ੁਾਰ*** , **اندرخور** ***ਅੰਦਰ-ਖ਼ੁਰ***, **اندرخورا** ***ਅੰਦਰ-ਖ਼ੁਰਾ***, **اندرخورد** ***ਅੰਦਰ-ਖ਼ੁਰਦ***, **اندرخورند** ***ਅੰਦਰ-ਖ਼ੁਰੰਦ*** : ਯੋਗ, ਉਚਤ; ਸੁੰਦਰ, ਸੋਹਣਾ।

اندرز ***ਅੰਦਰਜ਼*** : ਅੰਤਮ ਵਸੀਅਤ; ਨਸੀਹਤ, ਸਿਖਿਆ, ਲਿਖਤ, ਪੁਸਤਕ।

اندرکشیدن ***ਅੰਦਰ ਕਸ਼ੀਦਨ*** : ਪੌਹਚਣਾ, ਜਾਣਾ, ਅਪੜਨਾ; ਚੜ੍ਹਾਈ ਕਰਨਾ, ਲਸ਼ਕਰ ਨਾਲ ਚੜ੍ਹਨਾ; ਫੌਜ ਭੇਜਣਾ।

اندرگاهان ***ਅੰਦਰ-ਗਾਹਾਨ*** : ਵਿਚਕਾਰਲਾ ਸਮਾਂ, ਦਰਮਿਆਨਾ ਵਕਫ਼ਾ: ਪੰਜ ਵਧਾਏ ਗਏ ਦਿਨ ਜਿਨ੍ਹਾਂ ਨਾਲ ਈਰਾਨੀ ਸਾਲ ਪੂਰਾ ਹੁੰਦਾ ਹੈ।

اندروا ***ਅੰਦਰਵਾ*** **اندروار** ***ਅੰਦਰਵਾਜ਼*** , **اندرواه** ***ਅੰਦਰਵਾਹ*** , **اندروای** ***ਅੰਦਰਵਾਇ*** : ਉਲਟਾ, ਮੂਧਾ, ਹੈਰਾਨ, ਪਰੇਸ਼ਾਨ; ਇਛਕ, ਲੋੜਵੰਦ; ਇਛਾ; ਲੋੜ।

اندروس ***ਅੰਦਰੂਸ*** : 'ਹਾਰੂ' ਦੇ ਪਰੇਮੀ ਦਾ ਨਾਮ, ਯੂਨਾਨੀ ਪਰੀਤ ਕਹਾਣੀ ਹੀਰੋ ਲੀਆਂਦਰ ਦੇ ਈਰਾਨੀ ਰੂਪਾਂਤਰ ਵਿਚ ਹਾਰੂ (ਹੀਰੋ) ਦਾ ਪਰੇਮੀ।

اندرون ***ਅੰਦਰੂਨ*** : ਅੰਦਰ, ਵਿਚ, ਵਿਚਕਾਰ; ਹਿਰਦਾ, ਅੰਦਰਲਾ; ਜਨਾਨਖ਼ਾਨਾ।

اندررفتن ***ਅੰਦਰ ਰਫ਼ਤਨ***, **در اندرون رفتن** ***ਦਰ ਅੰਦਰੂਨ ਰਫ਼ਤਨ*** : ਅੰਦਰ ਜਾਣਾ, ਪਰਵੇਸ਼ ਕਰਨਾ।

اندرونه ***ਅੰਦਰੂਨਾ***: ਚਾਦਰ; ਕਮੀਜ਼, ਫਤੂਹੀ; ਤਖ਼ਤਾ।

اندرونی ***ਅੰਦਰੂਨੀ*** : ਅੰਦਰਲਾ, ਵਿਚਲਾ; ਬਰੀਕ ਮਲਮਲ।

اندرهست ***ਅੰਦਰਹਸਤ*** : ਜੰਗਲੀ ਕੇਸਰ।

اندری ***ਅੰਦਰੀ*** : ਮੋਟੀ ਤੇ ਸਖ਼ਤ ਰਸੀ।

اندریمان ***ਅੰਦਰੀਮਾਨ*** : ਤੂਰਾਨ ਦੇ ਇਕ ਪੈਹਲਵਾਨ ਦਾ ਨਾਮ, ਜੇਹੜਾ ਅਫ਼ਰਾਸੀਯਾਬ ਦੇ ਵੇਲੇ ਹੋਇਆ ਸੀ। ਏਹ ਪੈਹਲਵਾਨ ਗੁਰਗੀਨ ਦੇ ਹਥੋਂ ਮਾਰਿਆ ਗਿਆ।

اندریں ***ਅੰਦਰੀਂ*** : (ਅੰਦਰ+ਈਂ=; **اندرایں**) ਇਸ ਵਿਚ, ਇਸ ਦੇ ਅੰਦਰ।

اندفاع ***ਇੰਦਿਫ਼ਾਅ*** : ਦਫ਼ਾ ਹੋਣਾ, ਦੂਰ ਹੋਣਾ: ਵਰਜਿਆ ਹੋਇਆ; ਧਕਾ ਖਾਣਾ; ਘਿਰਨਾ।

اندک ***ਅੰਦਕ*** : ਥੋੜ੍ਹਾ, ਛੋਟਾ, ਨਿਕਾ।

اندکاندک ***ਅੰਦਕ ਅੰਦਕ*** : ਥੋੜ੍ਹਾ ਥੋੜ੍ਹਾ ਕਰਕੇ, ਬੌਹਤ ਘੱਟ।

اندکخرد ***ਅੰਦਕ ਖ਼ਿਰਦ***: ਥੋੜ੍ਹੀ ਅਕਲ ਵਾਲਾ।

اندکسال ***ਅੰਦਕ ਸਾਲ*** : ਛੋਟੀ ਉਮਰ ਦਾ।

اندکشمار ***ਅੰਦਕ ਸ਼ੁਮਾਰ*** : ਗਿਣਤੀ ਜਾਂ ਮਾਤਰਾ ਵਿਚ ਥੋੜ੍ਹਾ।

اندکمال ***ਅੰਦਕ ਮਾਲ*** : ਥੋੜ੍ਹੀ ਪੂੰਜੀ ਵਾਲਾ, ਗ਼ਰੀਬ।

اندکی ***ਅੰਦਕੀ*** : ਥੋੜ੍ਹਾ; ਥੋੜ੍ਹੀ ਚਿਰ ਵਿਚ; ਘਾਟ, ਥੁੜ੍ਹ।

بهاندکضمان ***ਬ-ਅੰਦਕ ਜ਼ਮਾਨ*** : ਥੋੜੇ ਸਮੇਂ ਵਿਚ; ਜਲਦੀ ਹੀ।

اندگان ***ਅੰਦਗਾਨ*** : ਸਮਰਕੰਦ ਤੇ ਚੀਨ ਦੇ ਵਿਚਕਾਰ ਦਾ ਮੁਲਕ ਤੇ ਇਕ ਸ਼ੈਹਰ : ਅੰਦਜਾਨ ਫ਼ਰਖ਼ਾਨਾ ਦੀ ਰਾਜਧਾਨੀ ਤੇ ਤੁਰਕਿਸਤਾਨ ਦਾ ਪਰਸਿਧ ਸ਼ੈਹਰ ਹੈ।

اندلس ***ਅੰਦਲੁਸ*** : ਇਕ ਮੁਲਕ ਦਾ ਨਾਮ, ਜਿਸ ਨੂੰ ਪੈਹਲੀ ਸਦੀ ਹਿਜਰੀ (710 ਈ.) ਦੇ ਅਖੀਰ ਵਿਚ ਤਾਰਿਕ ਬਿਨ-ਜ਼ਿਯਾਦ ਦੀ ਅਗਵਾਈ ਹੇਠ ਅਲਵਲੀ ਦੇ ਸਮੇਂ ਅਰਬਾਂ ਨੇ ਫਤੇਹ ਕਰ ਲਿਆ; ਸਤ ਸੌ ਸਾਲ ਤਕ ਇਸ ਉਪਰ ਅਰਬਾਂ ਦਾ ਰਾਜ ਰਿਹਾ।

اندمال ***ਇੰਦਿਮਾਲ*** : ਜ਼ਖਮ ਦਾ ਭਰਨਾ, ਜ਼ਖਮ ਦਾ ਠੀਕ ਹੋ ਜਾਣਾ: ਸ਼ਫ਼ਾ, ਤੰਦੂਰਸਤੀ।

اندوختن ***ਅੰਦੋਖਤਨ*** : ਇਕੱਠਾ ਕਰਨਾ;

ਜੋੜਨਾ; ਕਰਜ਼ ਅਦਾ ਕਰਨਾ।

اندوخته ***ਅੰਦੋਖ਼ਤਾ*** : ਪਰਾਪਤ ਕੀਤਾ, ਇਕਠਾ ਕੀਤਾ; ਲਾਭ, ਪਰਾਪਤੀ; ਜਮ੍ਹਾਂ ਕੀਤਾ ਮਾਲ, ਖ਼ਜ਼ਾਨਾ।

اندوختهها ***ਅੰਦੋਖਤਾਹਾ*** : ਫ਼ਾਇਦੇ।

اندوخش ***ਅੰਦੋਖ਼ਿਸ਼*** : ਨਫ਼ਾ, ਫ਼ਾਇਦਾ; ਤਨਖਾਹ।

اندودن ***ਅੰਦੂਦਨ*** : ਲਿਖਣਾ, ਲਪੇਟਣਾ; ਮਲੱਮਾ ਕਰਨਾ; ਪਲਾਸਟਰ, ਸੀਮੈਂਟ; ਮੱਲ੍ਹਮ।

اندون ***ਅੰਦੂਨ*** : **اندودن** ਅੰਦੂਦਨ ਦਾ ਸੰਖਿਪਤ ਰੂਪ।

اندوه ***ਅੰਦੋਹ*** : ਗ਼ਮ, ਸ਼ੋਕ, ਤਕਲੀਫ਼, ਦੁਖ।

اندوهخوردن ***ਅੰਦੋਹ ਖ਼ੁਰਦਨ*** : ਪਰੇਸ਼ਾਨ ਹੋਣਾ, ਦੁਖੀ ਹੋਣਾ।

اندوهگسار ***ਅੰਦੋਹਗੁਸਾਰ,*** **اندوهگن** ***ਅੰਦੋਹਗਿਨ*** : ਦੁਖ ਤਕਲੀਫ਼ ਦੂਰ ਕਰਨ ਵਾਲਾ, ਦੁਖ ਨਿਵਾਰਨ।

اندوهگین ***ਅੰਦੋਹਗੀਨ,*** **اندوهناک** ***ਅੰਦੋਹਨਾਕ*** : ਦੁਖੀ, ਸ਼ੋਕਮਈ।

اندوهناکی ***ਅੰਦੋਹਨਾਕੀ*** : ਦੁਖ, ਸ਼ੋਕ।

اندوهان ***ਅੰਦੂਹਾਨ*** : (ਅੰਦੋਹ/ਅੰਦੂਹ **اندہ** ਦਾ ਬੌਹਵਚਨ) ਚਿੰਤਾਵਾਂ।

اندی ***ਅੰਦੀ*** : ਵਿਸ਼ੇਸ਼ ਕਰਕੇ, ਮੁਖ ਤੌਰ ' ਤੇ; ਸ਼ਾਇਦ ਹੋ ਸਕਦਾ ਹੈ; ਨਾਲ ਹੀ; ਹੈਰਾਨੀ, ਆਸ।

اندیدن ***ਅੰਦੀਦਨ*** : ਹੈਰਾਨੀ ਪਰਗਟ ਕਰਨਾ; ਹੌਲੀ ਗੱਲ ਕਰਨਾ (ਸ਼ੱਕ ਕਾਰਨ), ਮੁਹਮਲ ਗੱਲ ਕਰਨਾ; ਸੁਸਤ ਹੋਣਾ।

اندیش ***ਅੰਦੇਸ਼*** : ਸੋਚ।

اندیشمند ***ਅੰਦੇਸ਼ਮੰਦ*** : ਸੋਚਣ ਵਾਲਾ।

اندیشناک ***ਅੰਦੇਸ਼ਨਾਕ*** : ਗ਼ਮਗੀਨ।

اندیشه ***ਅੰਦੇਸ਼ਾ*** : ਫਿਕਰ, ਸੋਚ, ਵਿਚਾਰ, ਖਿਆਲ; ਡਰ, ਖ਼ੌਫ਼, ਸ਼ਕ, ਤੌਖਲਾ।

اندیشهسنج ***ਅੰਦੇਸ਼ਾ-ਸੰਜ*** : ਫਿਕਰ ਕਰਨਾ ਵਾਲਾ; ਦੁਖ ਉਤੇ ਵਿਚਾਰ ਕਰਨ ਵਾਲਾ।

اندیشهگاه ***ਅੰਦੇਸ਼ਾਗਾਹ,*** **اندیشهمند** ***ਅੰਦੇਸ਼ਾਮੰਦ,*** **اندیشهناک** ***ਅੰਦੇਸ਼ਾਨਾਕ*** : ਫ਼ਿਕਰਮੰਦ, ਵਿਚਾਰਵਾਨ, ਗ਼ਮਗੀਨ।

اندیشهگاری ***ਅੰਦੇਸ਼ਾਗਾਰੀ*** : ਸੋਚ, ਵਿਚਾਰ, ਫ਼ਿਕਰਮੰਦੀ।

اندیشیدگی ***ਅੰਦੇਸ਼ੀਦਗੀ*** : ਫ਼ਿਕਰ, ਸੋਚ, ਵਿਚਾਰ।

اندیشیدن ***ਅੰਦੇਸ਼ੀਦਨ*** : ਸੋਚਣਾ, ਵਿਚਾਰਨਾ, ਫ਼ਿਕਰ ਕਰਨਾ।

اندیک ***ਅੰਦੀਕ*** : ਇੱਛਾ ਦਾ ਸੂਚਕ ਸ਼ਬਦ, ਕਾਸ਼; ਇੱਛਾ, ਆਸ, ਉਮੀਦ; ਇਸ ਲਈ, ਇਸ ਕਰਕੇ; ਹੋ ਸਕਦਾ ਹੈ।

انزار ***ਇਨਜ਼ਾਰ*** : ਨਸੀਹਤ ਕਰਨਾ, ਸਾਵਧਾਨ ਕਰਨਾ; ਡਰਾਉਣਾ, ਡਰਨਾ; ਤੰਬੀਹ, ਚੇਤਾਵਨੀ।

انزال ***ਇਨਜ਼ਾਲ*** : ਉਤਾਰਨਾ, ਲਾਹੁਣਾ, ਲੈਹਣਾ, ਉਤਾਰਨਾ; ਵੀਰਜ ਦਾ ਖ਼ਾਰਜ ਹੋਣਾ।

انزوا ***ਇਨਜ਼ਿਵਾ*** : ਕਿਸੇ ਗੁੱਠੇ ਬੈਹਣਾ, ਕਿਨਾਰੇ ਹੋ ਜਾਣਾ, ਦੁਨੀਆ ਤੋਂ ਅੱਡ ਹੋ ਜਾਣਾ, ਕਿਨਾਰਾਕਸ਼ੀ।

انس ***ਅਨਸ*** : ਹਜ਼ਰਤ ਮੁਹੰਮਦ ਦਾ ਇਕ ਪਿਆਰਾ ਸਹਾਬੀ (ਸਾਥੀ) ਜਿਸ ਨੇ ਵੀਹ ਸਾਲ ਦੀ ਆਯੂ ਵਿਚ ਇਸਲਾਮ ਵਿਚ ਪਰਵੇਸ਼ ਕੀਤਾ ਤੇ ਰਸੂਲ ਦੀ ਸੇਵਾ ਵਿਚ ਰਿਹਾ। ਅੰਤ ਇਕ ਸੌ ਤੀਹ ਸਾਲ ਦੀ ਆਯੂ ਭੋਗ ਕੇ ੯੯ ਹਿਜਰੀ ਵਿਚ ਕਾਲਵਸ ਹੋਇਆ।

انس ***ਇਨਸ*** : ਮਨੁਖ, ਮਨੁਖ-ਮਾਤਰ।

انس ***ਉਨਸ*** : ਪਿਆਰ, ਪਰੇਮ, ਯਾਰੀ, ਖ਼ੁਸ਼ੀ।

انسا ***ਇਨਸਾ*** : ਭੁੱਲ ਜਾਣਾ, ਭੁਲਾਉਣਾ।

انسا ***ਉਨਸਾ*** : (ਅਨੀਸ **انیس** ਦਾ ਬੌਹਵਚਨ) ਸੰਗੀ, ਸਾਥੀ।

انساب ***ਅਨਸਾਬ*** : (ਨਸਬ **نسب** ਦਾ ਬੌਹਵਚਨ) ਜੱਦੀ ਰਿਸ਼ਤੇ, ਵਡੇ ਵਡੇਰੇ, ਪੁਸ਼ਤਾਂ, ਜੱਦਾਂ।

انسان ***ਇਨਸਾਨ*** : ਮਨੁੱਖ, ਮਨੁੱਖ ਮਾਤਰ; ਅੱਖ ਦੀ ਪੁਤਲੀ।

انسان‌عین ***ਇਨਸਾਨ-ਏ-ਐਨ*** : ਅੱਖ ਦੀ ਪੁਤਲੀ।

انسانیت ***ਇਨਸਾਨੀਯਤ*** : ਮਨੁਖਤਾ; ਅਦਬ, ਤਮੀਜ਼, ਸਾਊਪੁਣਾ।

انسداد ***ਇਨਸਿਦਾਦ*** : ਬੰਦ ਕਰ ਦੇਣਾ, ਬੰਦ ਹੋਣਾ, ਰੁਕ ਜਾਣਾ, ਰੋਕ-ਥਾਮ, ਰੁਕਾਵਟ; ਬੰਦੋਬਸਤ।

انسی ***ਇਨਸੀ*** : ਮਨੁੱਖ, ਅੰਦਰਲਾ ਹਿਸਾ, ਅੰਦਰਲਾ ਪਾਸਾ, ਹਰ ਅੰਕ ਦਾ ਅੰਦਰਲਾ ਭਾਗ ਜਾਂ ਨੇੜੇ ਦਾ ਹਿਸਾ ਜਿਸ ਦੇ ਉਲਟ ਬਾਹਰਲੇ ਹਿਸੇ ਨੂੰ 'ਵੈਹਸ਼ੀ' ਕੈਂਹਦੇ ਹਨ; ਸੱਜਾ ਪਾਸਾ; ਕਲਮ ਦੀ ਉਪਰਲੀ ਜੀਭ।

انشا ***ਇਨਸ਼ਾ*** : ਪੈਦਾ ਕਰਨਾ, ਉਤਪਤੀ ਕਰਨਾ; ਲਿਖਣਾ, ਰਚਣਾ, ਬਣਾਉਣਾ; ਮੌਲਕ ਲਿਖਤ; ਖ਼ਤ ਲਿਖਣ ਦੀ ਸ਼ੈਲੀ; ਮਨਤਕ ਜਾਂ ਤਰਕ-ਸ਼ਾਸਤਰ ਵਿਚ ਓਹ ਲਿਖਤ ਜਾਂ ਬੋਲ ਜਿਨ੍ਹਾਂ ਵਿਚ ਸੱਚ ਜਾਂ ਝੂਠ ਕੋਈ ਵੀ ਸੰਭਵ ਨਾ ਹੋਵੇ।

انشاپردازی ***ਇਨਸ਼ਾਪਰਦਾਜ਼ੀ*** : ਸ਼ੈਲੀ ਦੀ ਸ਼ਾਨ ਜਾਂ ਫੱਬਣ, ਲਿਖਣ ਢੰਗ , ਸ਼ੈਲੀ ਦਾ ਠੁਠ।

انشاالله ***ਇਨਸ਼ਾ-ਅੱਲਾਹ*** **لله**
انشا ***ਇਨਸ਼ਾ ਲਿਲਾਹ***, **تعالی**
انشاالله ***ਇਨਸ਼ਾ ਅੱਲਾਹ ਤਆਲਾ*** : ਜੇਕਰ ਰੱਬ ਨੇ ਚਾਹਿਆ, ਜੇ ਰੱਬ ਦੀ ਮਰਜ਼ੀ ਹੋਈ, ਜੇ ਉੱਚੀ ਸ਼ਾਨ ਵਾਲੇ ਰੱਬ ਨੂੰ ਮਨਜ਼ੂਰ ਹੋਇਆ।

انشاد ***ਇਨਸ਼ਾਦ*** : ਕਵਿਤਾ ਕੈਹਣਾ, ਸ਼ੇਅਰ ਪੜ੍ਹਨਾ, ਨਿੰਦਾ ਕਰਨਾ, ਗਵਾਚੀ ਹੋਈ ਚੀਜ਼ ਦਾ ਥੌਹ ਪਤਾ ਦੇਣਾ।

انشادسرائی ***ਇਨਸ਼ਾਦਸਰਾਈ*** : ਕਵਿਤਾ-ਪਾਠ।

انشادکردن ***ਇਨਸ਼ਾਦ ਕਰਦਨ*** : ਕਾਵਿ-ਟੁਕਾਂ ਦੇਣਾ।

انصاب ***ਅਨਸਾਬ*** : (ਨਸਬ **نصب** ਦਾ ਬੌਹਵਚਨ) ਮੂਰਤੀਆਂ; ਮੂਰਤੀ-ਪੂਜਾ ਦੇ ਸਥਾਨ; ਪੀੜਾਂ।

انصار ***ਅਨਸਾਰ*** : (ਨਾਸਿਰ (ਫ਼ਾਸੀ) ਜਾਂ ਨਸੀਰ ਦਾ ਬੌਹਵਚਨ) ਮਦਦਗਾਰ ਲੋਕ, ਸਹਾਇਕ ਵਿਅਕਤੀ, ਦੋਸਤ, ਸਾਥੀ; ਮਦੀਨੇ ਦੇ ਓਹ ਮੁਸਲਮਾਨ, ਜਿਨ੍ਹਾਂ ਨੇ ਹਜ਼ਰਤ ਮੁਹੰਮਦ ਸਾਹਿਬ ਦੀ ਮੱਕੇ ਤੋਂ ਹਿਜਰਤ ਕਰਕੇ ਮਦੀਨੇ ਆਉਣ ਤੇ ਹਰ ਪਰਕਾਰ ਦੀ ਮੱਦਦ ਕੀਤੀ ਸੀ।

انصاری ***ਅਨਸਾਰੀ*** : 'ਅਨਸਾਰ' ਵਰਗ ਦੇ ਸਾਥੀ।

انصاف ***ਇਨਸਾਫ਼*** : ਨਿਆਂ; ਫ਼ੈਸਲਾ ਕਰਨਾ, ਠੀਕ ਫ਼ੈਸਲਾ; ਸਹੀ ਵੰਡ; ਦੋ ਟੁਕੜੇ ਕਰਨਾ।

انصراف ***ਇਨਸਿਰਾਫ਼*** : ਫਿਰਨਾ, ਪਰਤਣਾ, ਵਾਪਸ ਹੋਣਾ, ਮੁੜਨਾ; ਵਾਪਸੀ; ਰਵਾਨਗੀ।

انصرام ***ਇਨਸਿਰਾਮ*** : ਸਮਾਪਤੀ, ਪੂਰਾ ਹੋਣਾ; ਟੁੱਟਣਾ, ਮੁੱਕਣਾ, ਅੰਤ ਹੋਣਾ; ਨਤੀਜਾ, ਪਰਣਾਮ, ਪਰਬੰਧ, ਬੰਦੋਬਸਤ।

انضباط ***ਇਨਜ਼ਿਬਾਤ*** : ਬੱਝਾ ਹੋਣਾ, ਨੇਮ-ਬਧ ਹੋਣਾ; ਮਜ਼ਬੂਤੀ, ਜ਼ਾਬਤਾ, ਪਰਬੰਧ।

انضباط‌اوقات ***ਇਨਜ਼ਿਬਾਤ-ਏ-ਔਕਾਤ*** : ਨਿਤਾਪਰਤੀ ਦਾ ਵਿਹਾਰ; ਸਮਾਂ-ਸੂਚੀ।

انضمام ***ਇਨਜ਼ਿਮਾਮ*** : ਇੱਕਠਿਆਂ ਹੋਣਾ, ਆਪਸ ਵਿਚ ਮਿਲਣਾ, ਪਰਸਪਰ ਜੁੜਨਾ, ਮੇਲ ਹੋਣਾ; ਨਿਕਟ-ਸਬੰਧ, ਮੇਲ ਮਿਲਾਪ।

انطباق ***ਇਨਤ਼ਿਬਾਕ*** : ਦੋ ਵਸਤਾਂ ਦਾ ਪੂਰੀ ਤਰ੍ਹਾਂ ਆਪਸ ਵਿਚ ਮਿਲਣਾ ਜਾਂ ਜੁੜਨਾ, ਬਰਾਬਰ ਹੋਣਾ, ਸਮਾਨ ਹੋਣਾ, ਪਰਸਪਰ ਮੇਲ-ਜੋਲ, ਜੋੜ।

انطاکیه ***ਅਨਤ਼ਾਕੀਆ*** : ਰੂਮ ਸਾਗਰ ਦੇ ਕੰਢੇ ਸ਼ਾਮ ਦੇਸ਼ ਦਾ ਪਰਸਿਧ ਤੇ ਪੁਰਾਣਾ ਸ਼ੈਹਰ, ਇਸ ਸ਼ੈਹਰ ਦੀ ਚਾਰ ਦੀਵਾਰੀ (ਫ਼ਸੀਲ) ਦਾ ਘੇਰਾ 12 ਮੀਲ ਹੈ। ਹਜ਼ਰਤ ਯਹਯਾ-ਬਿਨ-ਜ਼ਕਰੀਯਾ ਦਾ ਮਜ਼ਾਰ ਇਸੇ ਸ਼ੈਹਰ ਵਿਚ ਹੈ।

انظار ***ਅਨਜ਼ਾਰ*** : (ਨਜ਼ਰ **نظر** ਦਾ ਬੌਹਵਚਨ) ਨਜ਼ਰਾਂ, ਨਿਗਾਹਾਂ; ਅਖਾਂ; ਫ਼ਿਕਰ, ਕਲਪਨਾ।

انعام ***ਅਨਆਮ*** : (ਨਅਮ **نعم** ਦਾ ਬੌਹਵਚਨ) ਚਾਰਪਾਏ ਪਸ਼ੂ, ਮਾਲ-ਡੰਗਰ; ਕੁਰਾਨ ਸ਼ਰੀਫ਼ ਦੀ ਇਕ ਸੂਰਤ ਦਾ ਨਾਮ।

انعام ***ਇਨਆਮ*** : ਤੋਹਫ਼ਾ ਜਾਂ ਸੁਗਾਤ ਭੇਟ ਕਰਨਾ; ਤੋਹਫ਼ਾ, ਸੁਗਾਤ, ਭੇਟਾ; ਜਗੀਰ,

ਬਦਲਾ, ਮੁਆਵਜ਼ਾ।

انعامات ***ਇਨਆਮਾਤ*** : ਬਖ਼ਸ਼ਸ਼ਾਂ, ਤੋਹਫ਼ੇ, ਸੁਗਾਤਾਂ, ਜਗੀਰਾਂ।

انعامِ اکرام ***ਇਨਆਮ-ਏ-ਇਕਰਾਮ*** : ਵਿਸ਼ੇਸ਼ ਤੋਹਫ਼ਾ, ਮਾਣ ਵਾਲੀ ਸੁਗਾਤ।

انعامدار ***ਇਨਆਮਦਾਰ*** : ਇਨਾਮ ਲੈਣ ਵਾਲਾ।

انعدام ***ਇਨਇਦਾਮ*** : ਨੇਸਤ ਹੋਣਾ, ਮਿਟ ਜਾਣਾ; ਮੌਤ, ਤਬਾਹੀ।

انعکاس ***ਇਨਇਕਾਸ*** : ਅਕਸ ਪੈਣਾ, ਪਰਛਾਵਾਂ ਪੈਣਾ; ਉਲਟਾ ਹੋਣਾ, ਮੂਧਾ ਹੋਣਾ; ਅਕਸ, ਪ੍ਰਤੀਬਿੰਬ, ਛਾਯਾ; ਗੂੰਜ, ਪ੍ਰਤੀਪਰਭਾਵ, ਪ੍ਰਤੀਕਿਰਿਆ, ਪ੍ਰਤੀਕਰਮ; ਪਲਟਾ।

انف ***ਅਨਫ*** : ਨੱਕ।

انفاذ ***ਇਨਫਾਜ਼*** : ਜਾਰੀ ਕਰਨਾ, ਰਵਾਂ ਕਰਨਾ, ਭੇਜਣਾ; ਹੁਕਮ ਜਾਰੀ ਕਰਨਾ; ਖੰਜਰ ਜਾਂ ਤਲਵਾਰ, ਦੂੱਸਰ ਪਾਰ ਕਰਨਾ।

انفار ***ਅਨਫ਼ਾਰ*** : (ਨਫ਼ਰ **نفر** ਦਾ ਬੌਹਵਚਨ), ਬੰਦੇ, ਮਨੁੱਖ; ਸਿਪਾਹੀ, ਨੌਕਰ ਚਾਕਰ।

انفاس ***ਅਨਫ਼ਾਸ*** : (ਨਫ਼ਸ **نفس** ਦਾ ਬੌਹਵਚਨ), ਸਾਹ, ਦਮ; ਆਵਾਜ਼ਾਂ, ਸ਼ਬਦ; ਲੰਮੀ ਇਬਾਰਤ, ਲੰਮੀ ਲਿਖਤ।

انفال ***ਅਨਫ਼ਾਲ*** : (ਨਫ਼ਲ **نفل** ਦਾ ਬੌਹਵਚਨ), ਲੁੱਟ ਦਾ ਮਾਲ, ਕਾਫ਼ਰਾਂ ਤੋਂ ਲੁੱਟਿਆ ਮਾਲ ਧਨ।

انفجار ***ਇਨਫ਼ਿਜਾਰ*** : ਸੋਮਾਂ ਫੁੱਟਣਾ, ਪਾਣੀ ਫੁੱਟਣਾ।

انفراد ***ਇਨਫ਼ਿਰਾਦ*** : ਇੱਕਲਿਆਂ ਹੋਣਾ।

انفس ***ਅਨਫ਼ੁਸ*** : (ਨਫ਼ਸ **نفس** ਦਾ ਬੌਹਵਚਨ) ਰੂਹਾਂ, ਜਾਨਾਂ, ਬੌਹਤ ਸਾਰੇ ਮਨੁੱਖ।

انفس ***ਅਨਫ਼ਸ*** : ਬੌਹਤ ਨਫ਼ੀਸ, ਬੌਹਤ ਵਧੀਆ।

انفصال ***ਇਨਫ਼ਿਸਾਲ*** : ਅੱਡ ਹੋਣਾ, ਵੱਖ ਹੋਣਾ; ਜੁਦਾਈ; ਵੰਡ, ਨਿਪਟਾਰਾ, ਸਮਝੌਤਾ।

انفعال ***ਇਨਫ਼ਿਆਲ*** : ਸ਼ਰਮਿੰਦਾ ਹੋਣਾ, ਕਿਸੇ ਦਾ ਅਸਰ ਕਬੂਲਣਾ; ਸ਼ਰਮਿੰਦਗੀ; ਬਦਨਾਮੀ, ਪਰੇਸ਼ਾਨੀ।

انفیہ ***ਅਨਫ਼ੀਯਾ*** : ਨਸਵਾਰ।

انفیہدان ***ਅਨਫ਼ੀਯਾਦਾਨ*** : ਨਸਵਾਰ ਦੀ ਡੱਬੀ।

انقباض ***ਇਨਕ਼ਿਬਾਜ਼*** : ਫੜਿਆ ਜਾਣਾ, ਘੁੱਟਿਆ ਜਾਣਾ; ਕਬਜ਼ੀ ਹੋਣਾ, ਸੁੱਕੜਨਾ, ਭਚੀੜੇ ਜਾਣਾ; ਕਬਜ਼ੀ।

انقراض ***ਇਨਕ਼ਿਰਾਜ਼*** : ਖਿਸਕ ਜਾਣਾ, ਕੱਟਿਆ ਜਾਣਾ; ਮਿਆਦ ਖ਼ਤਮ ਹੋਣਾ, ਮੁੱਕ ਜਾਣਾ, ਮਿਟ ਜਾਣਾ।

انقسام ***ਇਨਕ਼ਿਸਾਮ*** : ਵੰਡਿਆ ਜਾਣਾ, ਟੁਕੜੇ ਟੁਕੜੇ ਹੋ ਜਾਣਾ, ਬਟਵਾਰਾ।

انقطاع ***ਇਨਕ਼ਿਤਾਅ*** : ਕੱਟਿਆ ਹੋਇਆ ਹੋਣਾ, ਕੱਟਿਆ ਜਾਣਾ, ਟੁੱਟ ਜਾਣਾ, ਅੱਡ ਹੋ ਜਾਣਾ, ਰੱਸੀ ਦਾ ਟੁੱਟਣਾ; ਪਾਣੀ ਦਾ ਬੰਦ ਹੋ ਜਾਣਾ; ਕੱਟ-ਵੱਢ; ਜੁਦਾਈ, ਵੰਡ; ਨਿਸਫਲਤਾ।

انقلاب ***ਇਨਕ਼ਿਲਾਬ*** : ਉਲਟਣਾ, ਫਿਰਨਾ, ਹਾਲਤ ਦਾ ਬਦਲ ਜਾਣਾ, ਜ਼ਮਾਨੇ ਦਾ ਉਲਟ ਪੁਲਟ ਹੋਣਾ; ਪਰਵਰਤਨ; ਤਬਦੀਲੀ, ਹਾਲਤ-ਬਦਲੀ, ਉੱਥਲ ਪੁੱਥਲ।

انقلابِ زمانہ ***ਇਨਕਿਲਾਬ-ਏ-ਜ਼ਮਾਨਾ*** : ਜ਼ਮਾਨੇ ਦੇ ਉਤਾਰ ਚੜ੍ਹਾ, ਸਮੇਂ ਦੀ ਤਬਦੀਲੀ।

انقیاد ***ਇਨਕ਼ਿਯਾਦ*** : ਅਧੀਨ ਹੋਣਾ, ਤਾਬੇਦਾਰੀ, ਹਲੀਮੀ, ਨਿਮਰਤਾ।

انکار ***ਇਨਕਾਰ*** : ਨਾ ਮੰਨਣਾ, ਨਾਂਹ ਕਰਨਾ, ਮਨਜ਼ੂਰ ਨਾ ਕਰਨਾ, ਵਿਸ਼ਵਾਸ ਨਾ ਕਰਨਾ; ਨਾਮਨਜ਼ੂਰੀ।

انکسار ***ਇਨਕਿਸਾਰ*** : ਟੁੱਟਣਾ, ਟੁੱਟ ਜਾਣਾ; ਟੁੱਟ ਭੱਜ; ਨਿਮਰਤਾ।

انکساری ***ਇਨਕਿਸਾਰੀ*** : ਵੇਖੋ 'ਇਨਕਿਸਾਰ'।

انکساف ***ਇਨਕਿਸਾਫ਼*** : ਸੂਰਜ-ਗਰੈਹਣ ਲੱਗਣਾ, ਸੂਰਜ ਗਰੈਹਣ।

انکشاف ***ਇਨਕਿਸ਼ਾਫ਼*** : ਪਰਗਟ ਹੋਣਾ, ਖੁੱਲ੍ਹਣਾ , ਭੇਤ ਖੁੱਲ੍ਹਣਾ, ਪਾਜ ਉੱਘੜਨਾ, ਖੋਲ੍ਹਣਾ, ਪਰਗਟਾ।

انکیانو *ਅਨਕਿਯਾਨੋ* : ਇਕ ਅਮੀਰ ਜੋ ਸਾਅਦ ਬਿਨ ਜ਼ੰਗੀ ਦੇ ਸਮੇਂ ਈਰਾਨ ਦਾ ਸ਼ਾਸਕ ਸੀ।

انگار *ਅੰਗਾਰ* : ('ਅੰਗਾਸ਼ਤਨ' **انگاشتن** ਮਸਦਰ ਤੋਂ ਆਗਿਆਵਾਚੀ ਕਿਰਿਆ), ਤੂੰ ਸਮਝ, ਖਿਆਲ ਕਰ, ਅਨੁਭਵ ਕਰ; ਖਿਆਲ, ਰਾਏ, ਕਲਪਨਾ, ਸੋਚ।

انگارش *ਅੰਗਾਰਿਸ਼* : ਕਹਾਣੀ; ਹਿਸਾਬ ਦਾ ਦਫ਼ਤਰ।

انگاره *ਅੰਗਾਰਾ* : ਅਧੂਰਾ ਨਕਸ਼, ਅਧੂਰਾ ਖ਼ਾਕਾ; ਹਰ ਅਧੂਰੀ ਸ਼ੈ; ਕਹਾਣੀ; ਹਿਸਾਬ ਦਾ ਦਫ਼ਤਰ; ਕੈਸ਼-ਬੁਕ,' ਢੰਗ, ਤਰੀਕਾ।

انگاشتن *ਅੰਗਾਸ਼ਤਨ* : ਘਮੰਡ ਕਰਨਾ, ਖ਼ਿਆਲ ਕਰਨਾ; ਅੰਦਾਜ਼ਾ ਲਾਉਣਾ।

انگبین *ਅੰਗਬੀਨ* : ਸ਼ੈਹਦ, ਮਾਖਿਓਂ।

انگبین‌خانه *ਅੰਗਬੀਨਖ਼ਾਨਾ* : ਸ਼ੈਹਦ ਦਾ ਛੱਤਾ।

انگبین‌وار *ਅੰਗਬੀਨ-ਵਾਰ* : ਸ਼ੈਹਦ ਦੇ ਵਾਂਗ, ਸ਼ੈਹਦ ਵਰਗਾ, ਸ਼ੈਹਦ ਵਾਲਾ।

انگبینه *ਅੰਗਬੀਨਾ* : ਸਖ਼ਤ ਕੀਤਾ ਹੋਇਆ ਸ਼ੈਹਦ।

انگشت *ਅੰਗਿਸ਼ਤ* : ਅੰਗਿਆਰ।

انگشت *ਅੰਗੁਸ਼ਤ* : ਉਂਗਲ, ਪੋਟਾ; ਨੌਂ ਇੰਚਾਂ ਦਾ ਮਾਪ।

انگشت بدندان گرفتن *ਅੰਗੁਸ਼ਤ ਬ-ਦੰਦਾਂ ਗਰਿਫ਼ਤਨ*,
انگشت بدندان گزیدن *ਅੰਗੁਸ਼ਤ ਬ-ਦੰਦਾਂ ਗਜ਼ੀਦਨ*,
انگشت بدندان نهادن *ਅੰਗਸ਼ਤ ਬ-ਦੰਦਾਂ ਨਿਹਾਦਨ*,
انگشت برلب نهادن *ਅੰਗੁਸ਼ਤ ਬਰ-ਲਬ ਨਿਹਾਦਨ*,
انگشت حیرت بدندان نهادن *ਅੰਗੁਸ਼ਤ-ਏ-ਹੈਰਤ ਬ-ਦੰਦਾਂ ਗਰਿਫ਼ਤਨ* : ਹੈਰਾਨ ਹੋਣਾ, ਅਫ਼ਸੋਸ ਕਰਨਾ, ਪਛਤਾਉਣਾ।

انگشت برآتش زدن *ਅੰਗੁਸ਼ਤ ਬਰ ਆਤਿਸ਼ ਜ਼ਦਨ* : ਅਕਲ ਦੇ ਵਿਰੁੱਧ ਕੰਮ ਕਰਨਾ।

انگشت برجبین نهادن *ਅੰਗੁਸ਼ਤ ਬਰ-ਜ਼ਬੀਂ ਨਿਹਾਦਨ* : ਸਲਾਮ ਕਰਨਾ, ਨਮਸਕਾਰ ਕਰਨਾ।

انگشت برچشم نهادن *ਅੰਗੁਸ਼ਤ ਬਰ-ਚਸ਼ਮ ਨਿਹਾਦਨ* : ਕਬੂਲ ਕਰਨਾ, ਪਰਵਾਨ ਕਰਨਾ, ਮੰਨ ਲੈਣਾ।

انگشت برحرفِ کسی نهادن *ਅੰਗੁਸ਼ਤ ਬਰ-ਹਰਫ਼-ਏ- ਕਸੇ ਨਿਹਾਦਨ* : ਨੁਕਸ ਕੱਢਣਾ, ਟੀਕਾ ਟਿੱਪਣੀ ਕਰਨਾ।

انگشت بردر زدن *ਅੰਗੁਸ਼ਤ ਬਰ ਦਰ ਜ਼ਦਨ* : ਬੂਹਾ ਖੜਕਾਉਣਾ।

انگشت برلب بردن *ਅੰਗੁਸ਼ਤ ਬਰ ਲਬ ਬੁਰਦਨ* : ਕਿਸੇ ਨੂੰ ਚੁੱਪ ਰੈਹਣ ਲਈ ਇਸ਼ਾਰਾ ਕਰਨਾ।

انگشت برنمک سودن *ਅੰਗੁਸ਼ਤ ਬਰ ਨਮਕ ਸੂਦਨ* : ਪਰਣ ਕਰਨਾ, ਬਚਨ ਦੇਣਾ, ਸੌਂਹ ਖਾਣਾ।

انگشت بزرگ *ਅੰਗੁਸ਼ਤ-ਏ-ਬਜ਼ੁਰਗ* : ਅੰਗੂਠਾ।

انگشت بگوش نهادن *ਅੰਗੁਸ਼ਤ ਬਗੋਸ਼ ਨਿਹਾਦਨ* : ਨਾ ਸੁਣਨਾ, ਸੁਣਨ ਤੋਂ ਇਨਕਾਰ ਕਰਨਾ।

انگشت خائیدن *ਅੰਗੁਸ਼ਤ ਖ਼ਾਈਦਨ* : ਅਫ਼ਸੋਸ ਕਰਨਾ, ਪਛਤਾਉਣਾ, ਹੈਰਾਨ ਹੋਣਾ।

انگشت در سوراخ /مار کردن *ਅੰਗੁਸ਼ਤ ਦਰ ਸੂਰਾਖ਼-ਏ-ਕਜ਼ਦੁਮ/ਸਾਰ ਕਰਦਨ* : ਠੂੰਹੇ ਜਾਂ ਸੱਪ ਦੀ ਖੁੱਡ ਵਿਚ ਹੱਥ ਪਾਉਣਾ, ਜਾਣ ਬੁੱਝ ਕੇ ਖ਼ਤਰਨਾਕ ਕੰਮ ਕਰਨਾ, ਜਾਣ ਬੁੱਝ ਕੇ ਮੌਤ ਦੇ ਮੂੰਹ ਜਾਣਾ।

انگشت دشنام *ਅੰਗੁਸ਼ਤ-ਏ-ਦੁਸ਼ਨਾਮ* : ਕਿਸੇ ਤੇ ਇਤਰਾਜ਼ ਕਰਨ ਵਾਲੀ ਉਂਗਲੀ।

انگشتِ شک *ਅੰਗੁਸ਼ਤ-ਏ-ਸ਼ਕ* : ਸੰਕੇਤ ਕਰਨ ਵਾਲੀ ਉਂਗਲ।

انگشتِ شهادت *ਅੰਗੁਸ਼ਤ-ਏ-ਸ਼ਹਾਦਤ* : ਸੱਜੇ ਹੱਥ ਦੇ ਅੰਗੂਠੇ ਦੇ ਨਾਲ ਦੀ

ਉਂਗਲੀ।

انگشتانه *ਅੰਗੁਸ਼ਤਾਨਾ* : ਧਾਤ ਜਾਂ ਚੰਮ ਦੀ ਟੋਪੀ, ਜੇਹੜੀ ਕੱਪੜਾ ਸਿਊਣ ਜਾਂ ਬਖੀਆ ਕਰਨ ਵੇਲੇ ਦਰਜ਼ੀ ਆਪਣੀ ਪਰਥਮ ਉਂਗਲ 'ਤੇ ਪਾ ਲੈਂਦੇ ਹਨ।

انگشتِ پیچ *ਅੰਗੁਸ਼ਤ-ਪੇਚ* : ਸੰਧੀ, ਇਕਰਾਰ-ਨਾਮਾ; ਓਹ ਚੀਜ਼ ਜਿਸ ਤੇ ਇਤਰਾਜ਼ ਕੀਤਾ ਗਿਆ ਹੋਵੇ।

انگشتر *ਅੰਗੁਸ਼ਤਰ,* **انگشتری** *ਅੰਗੁਸ਼ਤਰੀ,* **انگشترین** *ਅੰਗੁਸ਼ਤਰੀਨ*: ਅੰਗੂਠੀ, ਚੀਚੀ ਤੇ ਪਾਈ ਹੋਈ ਮੁੰਦਰੀ; ਮੋਹਰ।

انگشتِ عروس *ਅੰਗੁਸ਼ਤ-ਏ-ਅਰੂਸ,* **انگشت عروساں** *ਅੰਗੁਸ਼ਤ-ਏ- ਅਰੂਸਾਂ* : ਇਕ ਪਰਕਾਰ ਦੀ ਮਿਠਿਆਈ ।

انگشت کش *ਅੰਗੁਸ਼ਤ-ਕਸ਼,* **انگشت نما** *ਅੰਗੁਸ਼ਤਨੁਮਾ* : ਓਹ ਆਦਮੀ ਜਿਸ ਉੱਤੇ ਉਂਗਲਾਂ ਉੱਠਣ, ਬਦਨਾਮ, ਐਬੀ।

انگشته *ਅੰਗੁਸ਼ਤਾ*: ਤੰਗਲੀ।

انگل *ਅੰਗਲ,* **انگله** *ਅੰਗਲਾ,* **انگول** *ਅੰਗੂਲ,* **انگیل** *ਅੰਗੀਲ* **انگیله** *ਅੰਗੀਲਾ* : ਕਾਜ, ਨੱਕਾ; ਬਟਨ, ਘੁੰਡੀ।

انگلیون *ਅੰਗਲਯੂਨ* : ਅੰਜੀਲ ; ਪਰਸਿੱਧ ਚਿੱਤਰਕਾਰ ਮਾਨੀ ਦੀ ਚਿੱਤਰ-ਪੁਸਤਕ; ਸਤ-ਰੰਗੀ ਰੇਸ਼ਮ, ਜਿਸ ਵਿਚ ਅੰਜੀਲ ਨੂੰ ਵਲ੍ਹੇਟ ਕੇ ਰੱਖਦੇ ਹਨ, ਇਕ ਸੰਗੀਤਕ ਸਾਜ਼; ਅਜੀਬ ਤੇ ਵਿੱਚਿਤਰ ਚੀਜ਼।

انگور *ਅੰਗੂਰ*: ਪਰਸਿੱਧ ਫਲ, ਇਸ ਦੇ ਰਸ ਦੀ ਸ਼ਰਾਬ ਵੀ ਬਣਦੀ ਹੈ; ਜ਼ਖ਼ਮ ਦਾ ਖਰੀਂਢ, ਪੇਪੜੀ।

انگوردان *ਅੰਗੂਰਦਾਨ* : ਅੰਗੂਰ ਦਾ ਰਸ ਕੱਢਣ ਵਾਲਾ ਵੇਲਣਾ।

انگورزیتونی *ਅੰਗੂਰ-ਏ-ਜ਼ੈਤੂਨੀ* : ਜ਼ੈਤੂਨੀ ਰੰਗ ਦਾ ਅੰਗੂਰ, ਕਾਲੇ ਅੰਗੂਰ।

انگورستان *ਅੰਗੂਰਿਸਤਾਨ* : ਅੰਗੂਰਾਂ ਦਾ ਬਾਗ਼।

انگورا *ਅੰਗੂਰਾ,* **انگوریه** *ਅੰਗੂਰੀਯਾ*: ਅੰਕਰਾ, ਅਨਕਰਾ, ਅੰਨਕਾਰਾ; ਏਸ਼ੀਆਈ ਰੂਮ ਦਾ ਪਰਸਿੱਧ ਸ਼ੈਹਰ ਜੇਹੜਾ ਦੂਜੀ ਵਿਸ਼ਵ ਜੰਗ ਪਿੱਛੋਂ ਤੁਰਕੀ ਦੀ ਰਾਜਧਾਨੀ ਬਣਿਆ।

انگیزش *ਅੰਗੇਜ਼ਸ਼* : ਭਟਕਾ, ਜੋਸ਼।

انملت *ਅਨਮਿਲਤ,* **انمله** *ਅਨਮਿਲਾ* : ਉਂਗਲੀ ਦਾ ਪੋਟਾ, ਪੋਰੀ।

انّناس *ਅੰਨਨਾਸ* : ਅਨਾਨਾਸ, ਇਕ ਪਰਸਿੱਧ ਫਲ ਜੇਹੜਾ ਹਿੰਦੁਸਤਾਨ ਤੇ ਵਿਸ਼ੇਸ਼ ਕਰਕੇ ਬੰਗਾਲ ਵਿਚ ਹੁੰਦਾ ਹੈ।

انوار *ਅਨਵਾਰ* : (ਨੂਰ نور ਦਾ ਬੌਹਵਚਨ) ਰੋਸ਼ਨੀਆਂ, ਕਿਰਨਾਂ, ਚਮਕਾਂ, ਠਾਠ ਬਾਠ; ਜਲਾਲ।

انواع *ਅਨਵਾਅ* : (ਨੌਅ نوع ਦਾ ਬੌਹਵਚਨ) ਕਿਸਮਾਂ, ਨਾਨਾ ਪਰਕਾਰ, ਰੰਗਾ ਰੰਗ, ਭਾਂਤ ਭਾਂਤ।

انواع و اقسام *ਅਨਵਾਅ-ਉ-ਅਕ਼ਸਾਮ* : ਕਈ ਕਿਸਮਾਂ, ਨਾਨਾ ਪਰਕਾਰ।

انور *ਅਨਵਰ* : ਬੌਹਤ ਨੂਰਾਨੀ, ਬੌਹਤ ਰੋਸ਼ਨ, ਅਤ ਸੁੰਦਰ, ਬੌਹਤ ਚਮਕੀਲਾ।

انورپاشا *ਅਨਵਰ ਪਾਸ਼ਾ* : ਤੁਰਕੀ ਦਾ ਇਕ ਪਰਸਿੱਧ ਦੇਸ਼-ਭਗਤ, ਜੋ ਇਟਲੀ ਤੇ ਤ੍ਰਾਬਲਿਸ ਦੀ ਜੰਗ ਵਿਚ ਆਪਣੀ ਬਹਾਦਰੀ ਕਰਕੇ ਮਸ਼ਹੂਰ ਹੋਇਆ, ਅਨਵਰਪਾਸ਼ਾ ਨੇ ੧੯੦੯ ਈ. ਵਿਚ ਤੁਰਕੀ ਵਿਚ ਕਰਾਂਤੀ ਪੈਦਾ ਕਰ ਦਿੱਤੀ, ੧੯੧੪ ਈ. ਦੀ ਜੰਗ ਵਿਚ ਉਸ ਨੇ ਜੰਗੀ ਵਜ਼ੀਰ ਦੀ ਹੈਸੀਅਤ ਵਿਚ ਬੜਾ ਭਾਰੀ ਕੰਮ ਕੀਤਾ, ਅਖੀਰ ਰੂਸ ਦੇ ਬਾਲਸ਼ਿਵਕਾਂ ਦੇ ਹੱਥੋਂ ਸ਼ਹੀਦ ਹੋਇਆ।

انوری *ਅਨਵਰੀ* : ਈਰਾਨ ਦਾ ਪਰਸਿੱਧ ਸ਼ਾਇਰ ਜੋ ੫੮੮ ਹਿਜਰੀ ਅਰਥਾਰ ੧੧੯੦ ਈ. ਵਿਚ ਕਾਲਵਸ ਹੋਇਆ।

انوش *ਅਨੋਸ਼* : ਸ਼ੀਸ ਦਾ ਪੁੱਤਰ: ਈਨੋਸ, ਯੂਨਸ।

انوشا *ਅਨੋਸ਼ਾ* : ਅਗ ਪੂਜਕਾਂ ਦਾ ਧਰਮ; ਖ਼ੁਸ਼ੀ, ਪਰਸੰਨਤਾ; ਸਮਾਨਤਾ, ਬਰਾਬਰੀ; ਨਿਆਂ।

انوشه *ਅਨੋਸ਼ਾ* : ਲਾੜਾ; ਨੌਜਵਾਨ

ਬਾਦਸ਼ਾਹ; ਖ਼ੁਸ਼ਹਾਲ, ਰੱਜਿਆ ਪੁੱਜਿਆ; ਸ਼ਾਬਾਸ਼; ਜੀ ਆਇਆ ਨੂੰ ; ਰੱਬ ਮੇਹਰ ਕਰੇ; ਸ਼ਰਾਬ, ਅੰਗੂਰ; ਸ਼ਾਪੁਰ ਦੀ ਚਾਚੀ ਦਾ ਨਾਮ।

انوشه‌منش ***ਅਨੂਸ਼ਹਮਨਿਸ਼*** : ਖ਼ੁਸ਼ ਮਨ ਵਾਲਾ।

انوشیروان ***ਅਨੌਸ਼ੀਰਵਾਨ*** : ਨੌਸ਼ਰੀਵਾਨ; ਸਾਸਾਨੀ ਖ਼ਾਨਦਾਨ ਦਾ ਪਰਸਿੱਧ ਈਰਾਨੀ ਬਾਦਸ਼ਾਹ।

انوف ***ਉਨੂਫ਼*** : (ਅਨਫ਼ **انف** ਦਾ ਬੌਹਵਚਨ) ਨੱਕਾਂ।

انهار ***ਅਨਹਾਰ*** : (ਨਹਰ **نهر** ਦਾ ਬੌਹਵਚਨ) ਨੈਹਰਾਂ।

انهارِاربع ***ਅਨਹਾਰ-ਏ-ਅਰਬਅ਼*** : ਚਾਰ ਨੈਹਰਾਂ ਜਾਂ ਨਦੀਆਂ ਅਰਥਾਤ ਨੀਲ, ਫ਼ਰਾਤ, ਜੇਹੂੰ ਤੇ ਸੇਹੂੰ।

انهارِفردوس ***ਅਨਹਾਰ-ਏ-ਫਿਰਦੌਸ*** : ਬਹਿਸ਼ਤ ਦੀਆਂ ਨੈਹਰਾਂ ਅਰਥਾਤ ਪਾਣੀ, ਦੁੱਧ ਸ਼ੈਹਦ ਤੇ ਸ਼ਰਾਬ ਦੀਆਂ ਚਾਰ ਨੈਹਰਾਂ।

انهدام ***ਇਨਹਿਦਾਮ*** : ਮਿਟਣਾ, ਮਿਟਾਉਣਾ, ਢਾਉਣਾ, ਉਜੜ ਜਾਣਾ, ਤਬਾਹੀ, ਉਜਾੜਾ।

انهرام ***ਇਨਿਹਿਜ਼ਾਮ*** : ਹਾਰ ਜਾਣਾ, ਨਸ ਜਾਣਾ, ਤਿੱਤਰ ਬਿੱਤਰ ਹੋਣਾ, ਭਾਜੜ ਪੈਣੀ, ਟੁੱਟਣਾ, ਹਾਰ, ਭਾਂਜ।

انهماک ***ਇਨਹਿਮਾਕ*** : ਜਤਨ ਕਰਨਾ, ਕੋਸ਼ਸ਼ ਕਰਨਾ; ਲੀਨ ਹੋਣਾ, ਮਗਨ ਹੋਣਾ, ਰੁੱਝਣਾ।

انیس ***ਅਨੀਸ*** : ਉਨਸ ਕਰਨਾ ਵਾਲਾ, ਪਿਆਰ ਕਰਨ ਵਾਲਾ; ਦੋਸਤ, ਯਾਰ।

انیسِ اعضا ***ਅਨੀਸ-ਏ-ਅ਼ਜ਼ਾ*** : ਅੱਖ; ਪਿਆਰਾ; ਜਿਸ ਚੀਜ਼ ਦੀ ਚਾਹ ਹੋਵੇ।

انیس جلیس ***ਅਨੀਸ-ਏ-ਜਲੀਸ*** : ਸੰਗੀ ਸਾਥੀ, ਯਾਰ, ਦੋਸਤ।

انین ***ਅਨੀਨ*** : ਰੋਣ ਦੀ ਅਵਾਜ਼।

آوا ***ਆਵਾ*** : (ਅਵਾਜ਼ **آوار** ਦਾ ਸੰਖਿਪਤ ਰੂਪ) ਅਵਾਜ਼।

او ***ਊ*** : ਓਹ, (ਪੜਨਾਂਵ ਪੁਰਸ਼ ਜਾਂ ਇਸਤਰੀ ਲਈ ਬੋਲਿਆ ਜਾਂਦਾ ਹੈ)

او ***ਅਵ*** : (ਆਬ **آب** ਦਾ ਸੰਖਿਪਤ ਰੂਪ) ਪਾਣੀ।

اوا ***ਅਵਾ*** : (ਆਵਾ **آوا** ਦਾ ਸੰਖਿਪਤ ਰੂਪ ਜੋ ਆਵਾਜ਼ **آواز** ਦਾ ਸੰਖੇਪ ਹੈ) ਅਵਾਜ਼।

اواب ***ਅੱਵਾਬ*** : ਤਸਬੀਹ ਫੇਰਨ ਵਾਲਾ, ਮਾਲਾ ਫੇਰਨ ਵਾਲਾ, ਰੱਬ ਦਾ ਧਿਆਨ ਧਰਨ ਵਾਲਾ; ਤੋਬਾ ਕਰਨ ਵਾਲਾ, ਕੀਤੇ ਉਤੇ ਪਛਤਾਉਣ ਵਾਲਾ।

اواخر ***ਅਵਾਖ਼ਿਰ*** : (ਆਖ਼ਿਰਤ **آخرت** ਜਾਂ ਆਖਿਰ **آخر** ਦਾ ਬੌਹਵਚਨ) ਪਿਛਲੇ, ਪਿਛਲੇ ਹਿੱਸੇ, ਅੰਤਲੇ ਭਾਗ, ਸਿਰੇ; ਮਹੀਨੇ ਦੇ ਅਖੀਰਲੇ ਦਸ ਦਿਨ; ਅਜਕਲ ਦੇ ਲੋਕ।

اوارجه ***ਅਵਾਰਜਾ***, **اوارچه** ***ਅਵਾਰਚਾ*** : ਵਹੀ ਖਾਤਾ, ਰੋਜ਼ਨਾਮਚਾ, ਹਿਸਾਬ ਦੀ ਕਿਤਾਬ, ਰਸੀਦਬੁਕ।

اوارجه‌نگار ***ਅਵਾਰਜਾ-ਨਿਗਾਰ*** : ਹਿਸਾਬ ਰੱਖਣ ਵਾਲਾ, ਲੇਖਾਕਾਰ, ਹਿਸਾਬ ਦੀ ਜਾਂਚ, ਪੜਤਾਲ ਕਰਨ ਵਾਲਾ।

اوار ***ਅਵਾਰ*** : (ਅਵਾਰਜਾ **اوارجه** ਦਾ ਸੰਖਿਪਤ ਰੂਪ) ਕੈਸ਼-ਬੁਕ, ਵਹੀ।

اوارا ***ਅਵਾਰਾ*** : ਹਿਸਾਬ ਦੀ ਵਹੀ; ਦਫ਼ਤਰ, ਕਚੈਹਰੀ।

اواسط ***ਅਵਾਸਿਤ਼*** : (ਔਸਤ **اوسط** ਦਾ ਬੌਹਵਚਨ) ਵਿਚਕਾਰਲੀਆਂ ਗੱਲਾਂ ਜਾਂ ਚੀਜ਼ਾਂ, ਕੇਂਦਰ; ਸਾਧਨ; ਮਹੀਨੇ ਦੇ ਵਿਚਕਾਰਲੇ ਦਸ ਦਿਨ; 'ਅਵਾਇਲ' (ਆਦਿ) ਤੇ 'ਅਵਾਖਿਰ' (ਅੰਤ) ਦੇ ਵਿਚਕਾਰਲੀ ਅਵਸਥਾ।

اوامر ***ਅਵਾਮਿਰ*** : (ਅਮਰ **امر** ਦਾ ਬੌਹਵਚਨ) ਹੁਕਮਾਂ, ਆਗਿਆਵਾਂ।

اوان ***ਅਵਾਨ*** : (ਆਨ **آن** ਦਾ ਬੌਹਵਚਨ) ਸਮੇਂ, ਰੁੱਤਾਂ, ਮੌਸਮਾਂ।

اوان ***ਇਵਾਨ*** : (ਐਵਾਨ **ایوان** ਦਾ ਸੰਖਿਪਤ ਰੂਪ) ਮਹੱਲਾਂ, ਮਕਾਨ।

اوانی ***ਅਵਾਨੀ*** : (ਇਨਾ **انا** ਦਾ ਬੌਹਵਚਨ) ਭਾਂਡੇ, ਬਰਤਨ।

اوانیِ سینیا ***ਅਵਾਨੀ-ਏ-ਸੀਨੀਯਾ*** : ਚੀਨੀ ਦੇ ਭਾਂਡੇ।

اوراد ***ਔਰਾਦ*** : (ਵਿਰਦ **ورد** ਦਾ ਬੌਹਵਚਨ) ਵਜ਼ੀਫ਼ੇ, ਦੁਆਵਾਂ, ਕੁਰਾਨ ਦੀਆਂ ਆਯਤਾਂ ਜੋ ਨਿਸਚਤ ਸਮੇਂ ਪੜ੍ਹੀਆਂ ਜਾਂਦੀਆਂ ਹਨ।

اوراق ***ਔਰਾਕ*** : (ਵਰਕ **ورق** ਦਾ ਬੌਹਵਚਨ) ਵਰਕੇ, ਕਾਗ਼ਜ਼, ਪੱਤਰੇ; ਚਾਂਦੀ ਦੇ ਵਰਕ।

اوراقِ پریشاں ***ਔਰਾਕ-ਏ-ਪਰੀਸ਼ਾਂ*** : ਖਿੱਲਰੇ ਪੱਤਰੇ।

اورام ***ਔਰਾਮ*** : (ਵਰਮ **ورم** ਦਾ ਬੌਹਵਚਨ) ਸੋਜ਼ਾਂ, ਸੋਜਨਾਂ।

اورسلم ***ਓਰਿਸਲਿਮ,*** **اورشلم** ***ਓਰਿਸ਼ਲੀਮ*** : ਯੁਰੋਸ਼ਿਲਮ ਯੇਰੋਸ਼ਿਲੀਮ।

اورمز ***ਉਰਮੁਜ਼*** , **اورمزد** ***ਉਰਮੁਜ਼ਦ*** : ਬ੍ਰਿਹਸਪਤੀ ਨੱਖਤਰ; ਮੁਸ਼ਤਰੀ ਸਤਾਰਾ, ਬੁੱਧ ਰਾਸ਼ੀ; ਪਾਰਸੀਆਂ ਅਨੁਸਾਰ ਰੱਬ ਦਾ ਨਾਮ; ਹਰ ਰਵੀ ਮਹੀਨੇ ਦਾ ਪੈਹਲਾ ਦਿਨ ਜਾਂ ਉਸ ਦਿਨ ਦਾ ਫਰਿਸ਼ਤਾ; ਬਹਮਨ ਦਾ ਪੁੱਤਰ ਤੇ ਇਸਫ਼ੰਦਯਾਰ ਦਾ ਪੋਤਰਾ।

اورند ***ਔਰੰਦ*** : ਸ਼ਾਹੀ ਤਖਤ, ਤਾਜ; ਸ਼ਾਨ ਸ਼ੌਕਤ, ਦਬਦਬਾ; ਮਾਨ, ਸਤਕਾਰ, ਸੁੰਦਰਤਾ, ਭੂਸ਼ਣ; ਜ਼ਿੰਦਗੀ, ਜ਼ਿੰਦਗਾਨੀ; ਕਾਲੀ ਸਿਆਹੀ ਸਮੁੰਦਰ, ਵੱਡਾ ਦਰਿਆ; 'ਕੈਕਬਾਦ' ਦਾ ਪੋਤਰਾ; ਮਕਰ, ਧੋਖਾ।

اورنگ ***ਔਰੰਗ*** : ਸ਼ਾਹੀ ਤਖਤ; ਬੁੱਧੀ, ਸੁੰਦਰਤਾ; ਜ਼ਿੰਦਗੀ; ਮਕਰ, ਠੱਗੀ, ਫਰੇਬ; ਕਪੜੇ ਦੀ ਰੱਸੀ; ਸ਼ਾਨ ਸ਼ੌਕਤ, ਠਾਠ।

اورنگپیرای ***ਔਰੰਗ-ਪੈਰਾਇ*** : ਤਖਤ ਦੀ ਸੋਭਾ, ਤਖਤ ਦੀ ਸੋਭਾ ਵਧਾਉਣ ਵਾਲਾ।

اورنگزیب ***ਔਰੰਗਜ਼ੇਬ*** : ਤਖਤ ਦਾ ਸ਼ਿੰਗਾਰ, ਮੁਗਲ ਬਾਦਸ਼ਾਹ ਜੋ ਸ਼ੈਹਨਸ਼ਾਹ ਸ਼ਾਹਜਹਾਨ ਦਾ ਤੀਜਾ ਪੁਤਰ ਸੀ, 1706 ਹਿਜਰੀ ਵਿਚ ਤਖ਼ਤ ਤੇ ਬੈਠਾ, 91 ਸਾਲ ਦੀ ਆਯੂ ਤੇ ੧੧੧੮ ਹਿ. (੧੭੦੭ ਈ) ਵਿਚ ਕਾਲਵਸ ਹੋਇਆ।

اورنگزیبی ***ਔਰੰਗਜ਼ੇਬੀ*** : ਇਕ ਕਿਸਮ ਦਾ ਕੱਪੜਾ।

اورنگشاہی ***ਔਰੰਗਸ਼ਾਹੀ*** : ਇਕ ਕਿਸਮ ਦੀ ਸਿਲਕ।

اواہ ***ਅੱਵਾਹ*** : ਆਹਾਂ ਭਰਨ ਵਾਲਾ, ਰੋ ਰੋ ਕੇ ਪਰਾਰਥਨਾ ਕਰਨ ਵਾਲਾ, ਰੱਬ ਦੇ ਡਰ ਤੋਂ ਰੋਣ ਵਾਲਾ; ਮੋਮਨ, ਸੱਚਾ ਮੁਸਲਮਾਨ; ਰੈਹਮ ਕਰਨ ਵਾਲਾ; ਰੱਬ ਦਾ ਇਕ ਨਾਮ।

اوباش ***ਔਬਾਸ਼*** : ਆਮ ਲੋਕ, ਜਨ-ਸਧਾਰਨ; ਭੀੜ, ਇੱਕਠ; ਬਦਮਾਸ਼, ਲੁੱਚੇ ਲਫੰਗੇ, ਨੀਵੇਂ ਲੋਕ, ਬਜ਼ਾਰੀ ਆਦਮੀ: ਏਹ ਸ਼ਬਦ ਇਕ-ਵਚਨ ਦੇ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ।

اوباشانہ ***ਔਬਾਸ਼ਾਨਾ***: ਲਫੰਗਾ, ਲੁੱਚਾ।

اوباشی ***ਔਬਾਸ਼ੀ*** : ਬਦਮਾਸ਼ੀ, ਗੁੰਡਾਗਰਦੀ, ਲੁਚਪੁਣਾ; ਵਿਭਚਾਰ, ਤਮਾਸ਼ਬੀਨੀ।

اوباشہ ***ਔਬਾਸ਼ਾ*** : ਖਰ-ਦਿਮਾਗ਼; ਬੇਵਕੂਫ਼, ਬੁਧੂ, ਅਨਾੜੀ; ਜ਼ਿੱਦੀ; ਹੱਠੀ।

اوتاد ***ਔਤਾਦ*** : (ਵਤਦ **وتد** ਦਾ ਬੌਹਵਚਨ) ਮੇਖਾਂ, ਮੁਖੀ (ਰਾਜ ਦੇ ਥੰਮ੍ਹ); ਵਲੀਆਂ ਦੀ ਇਕ ਸ਼ਰੇਣੀ ਜਿਸ ਅਨੁਸਾਰ ਸੰਸਾਰ ਭਰ ਵਿਚ ਕੇਵਲ ਚਾਰ ਮੁਖੀ ਹੁੰਦੇ ਹਨ; ਮੀਟਰੀ ਫੁੱਟੇ ਦੇ ਭਾਗ।

اوتار ***ਔਤਾਰ*** : (ਵਤਰ **وتر** ਦਾ ਬੌਹਵਚਨ) ਸਾਜ਼ ਦੇ ਤਾਰ; ਕਮਾਨ ਦੇ ਰੋਦੇ, ਕਮਾਨ ਦੇ ਚਿੱਲੇ।

اوتاغ ***ਉਤਾਗ਼,*** **اوتاق** ***ਉਤਾਕ਼*** : ਕਮਰਾ, ਹੁਜਰਾ; ਵੱਡਾ ਤੰਬੂ।

اوثان ***ਔਸਾਨ*** : (ਵਸਨ **وثن** ਦਾ ਬੌਹਵਚਨ) ਬੁੱਤਾਂ, ਮੂਰਤੀਆਂ।

اوج ***ਔਜ*** : (ਫ਼ਾਰਸੀ ਔਗ **اوگ** ਦਾ ਅਰਬੀ ਰੂਪ) ਸਭ ਤੋਂ ਉੱਚਾ ਅਸਥਾਨ; ਟੀਸੀ, ਚੋਟੀ, ਬਲੰਦੀ, ਉਚਾਈ; ਤਰੱਕੀ, ਸ਼ਾਨ, ਖੁਸ਼ਹਾਲੀ; ਸੰਗੀਤ ਵਿਚ ਇਕ ਉੱਚੀ ਸੁਰ; ਸਿਰ ਉਪਰਲਾ ਸਤਾਰਾ।

اوجِ اشرف ***ਔਜ-ਏ-ਅਸ਼ਰਫ਼*** : ਚੜ੍ਹਦਾ ਤਾਰਾ, ਸੁਭਾਗਾ ਸਤਾਰਾ।

اوجاغ ***ਉਜਾਗ਼*** , **اوجاق** ***ਉਜਾਕ਼*** : ਚੁੱਲ੍ਹਾ; ਦੇਗਦਾਨ।

اوخ ***ਓਖ਼*** : (ਆਵਖ਼ **آوخ**) ਆਹ, ਅਫ਼ਸੋਸ; ਨਸੀਬ, ਕਿਸਮਤ।

اورنگنشین ***ਔਰੰਗਨਸ਼ੀਨ*** : ਤੱਖਤ ਤੇ ਬੈਠਾ ਹੋਇਆ; ਰਾਜ ਕਰ ਰਿਹਾ ਸ਼ੈਹਜ਼ਾਦਾ।

اورنگی ***ਔਰੰਗੀ*** : ਸੰਗੀਤ ਵਿਚ ਇਕ ਧੁਨੀ; ਰਾਗ ਦੀਆਂ ਤੀਹਾਂ ਸੁਰਾਂ ਵਿਚੋਂ ਤੀਜੀ ਸੁਰ।

اوره ***ਔਰਾ*** : (ਪੰਜਾਬੀ ਵਿਚ ਪਰਚਲਤ ਰੂਪ 'ਅਬਰਾ' ਹੈ) ਜਾਮੇ ਦਾ ਬਾਹਰਲਾ ਪਾਸਾ, ਕਪੜੇ ਦਾ ਚੰਗੇਰਾ ਪਾਸਾ, ਉਪਰਲਾ ਪਾਸਾ।

بالفعل ***ਬਿਲਫ਼ਿਅਲ*** : ਵਾਸਤਵ ਵਿਚ, ਅਸਲ ਵਿਚ, ਇਸ ਵੇਲੇ, ਹੁਣ।

بالکل ***ਬਿਲਕੁਲ*** : ਅਸਲੋਂ, ਪੂਰੀ ਤਰ੍ਹਾਂ, ਸਮੂਹਕ ਤੌਰ ਤੇ, ਉੱਕਾ।

باللہ ***ਬਿੱਲਾਹ*** : ਰੱਬ ਦੀ ਸੌਂਹ।

بالمشافهه ***ਬਿਲਮੁਸ਼ਾਫ਼ਹਾ*** : ਆਮ੍ਹਣੇ-ਸਾਮ੍ਹਣੇ, ਰੂ-ਬ-ਰੂ।

بالمعنیٰ ***ਬਿਲਮਾਅਨਾ*** : ਵਾਸਤਵ ਵਿਚ, ਅਸਲ ਵਿਚ; ਸੱਚੀਂ ਮੁੱਚੀਂ।

بالمقابله ***ਬਿਲਮੁਕ਼ਾਬਲਾ*** : ਆਮ੍ਹਣੇ-ਸਾਮ੍ਹਣੇ, ਸਾਮ੍ਹਣੇ, ਮੂੰਹ ਤੇ।

بالمقطع ***ਬਿਲਮੁਕ਼ਤਅ*** : ਕਾਂਟ ਛਾਂਟ ਦੇ ਨਾਲ, ਫ਼ੈਸਲਾ ਕਰਕੇ, ਬਿਲਮੁਕਤਾ, ਬਿਨਾ ਭਾ ਦੇ, ਨਿਸ਼ਚਤ, ਚੁਕਤਾ।

بالمواجه ***ਬਿਲਮੁਵਾਜਹਾ*** : ਹਾਜ਼ਰੀ ਵਿਚ, ਮੌਜੂਦਗੀ ਵਿਚ, ਰੂ-ਬ-ਰੂ, ਸਾਮ੍ਹਣੇ।

بالواجب ***ਬਿਲਵਾਜਿਬ*** : ਲੋੜ ਅਨੁਸਾਰ, ਜ਼ਰੂਰੀ ਤੌਰ ਤੇ, ਚੰਗੀ ਤਰ੍ਹਾਂ, ਠੀਕ ਤਰ੍ਹਾਂ।

بالی ***ਬਾਲੀ,*** **بالیه** ***ਬਾਲੀਯਾ*** : ਪੁਰਾਣਾ, ਪਾਟਾ ਪੁਰਾਣਾ।

بالیدگی ***ਬਾਲੀਦਗੀ*** : ਵਧਣਾ ਫੁੱਲਣਾ (ਰੁੱਖ ਜਾਂ ਪੇੜ ਦਾ), ਸਰਸਬਜ਼ੀ, ਹਰਿਆਵਲ।

بالیسر ***ਬਾਲੇਸਰ*** : ਬਾਲੇਸੋਰ; ਬਾਲਾਸਾਰ, ਭਾਰਤ ਦਾ ਇਕ ਕਸਬਾ।

بالیک ***ਬਾਲੀਕ*** : ਜੁੱਤੀ, ਸਲੀਪਰ।

بالین ***ਬਾਲੀਨ*** : ਤਕੀਆ, ਸਰਹਾਣਾ, ਬਿਸਤਰਾ।

بالینِ پرست ***ਬਾਲੀਨ-ਪ੍ਰਸਤ*** : ਬੀਮਾਰ, ਰੋਗੀ, ਮੰਜੇ ਤੇ ਪਿਆ ਹੋਇਆ; ਲੂਲ੍ਹਾ, ਲੰਗੜਾ, ਅਪਾਹਜ; ਸੁਸਤ, ਬੌਹਤ ਸੌਣ ਵਾਲਾ।

بالینِ جمشید ***ਬਾਲੀਨ-ਏ-ਜਮਸ਼ੀਦ*** : ਸਿਕੰਦਰ ਦੀ ਗੱਦੀ।

بالیوس ***ਬਾਲਯੂਸ*** : ਕੰਧਾਰ ਦਾ ਮੁਲਕ।

بام ***ਬਾਮ*** : ਛੱਤ, ਚੁਬਾਰਾ, ਸਵੇਰ ਸਾਰ, ਦਿਨ ਚੜ੍ਹਨਾ; ਇਕ ਪਰਕਾਰ ਦੀ ਮੱਛੀ; ਰੰਗ।

بامِ چشم ***ਬਾਮ-ਏ-ਚਸ਼ਮ*** : ਪਲਕ, ਪਪੋਟਾ।

بامِ راه ***ਬਾਮਰਾਹ*** : ਪੌੜੀ।

بامِ رفیع ***ਬਾਮ-ਏ-ਰਫੀਅ,*** **فراخ بام** ***ਬਾਮ-ਏ-ਫ਼ਰਾਖ਼*** : ਉੱਚਾ ਅਸਮਾਨ।

بامِ زمانه ***ਬਾਮ-ਏ ਜ਼ਮਾਨਾ*** : ਹੇਠਲਾ ਅਸਮਾਨ।

بامِ مسیح ***ਬਾਮ-ਏ-ਮਸੀਹ*** : ਚੌਥਾ ਅਸਮਾਨ।

بامِ نهم ***ਬਾਮ-ਏ-ਨੁਹੁਮ*** : ਅਰਸ਼, ਕੁਰਸ਼।

بامِ وسیع ***ਬਾਮ-ਏ-ਵਸੀਅ*** : ਨੌਵਾਂ ਅਸਮਾਨ।

بامداد ***ਬਾਮਦਾਦ,*** **بامدادان** ***ਬਾਮਦਾਦਾਂ,*** **بامگاه** ***ਬਾਮਗਾਹ*** : ਸਵੇਰਾ, ਤੜਕਾ।

بامه ***ਬਾਮਾ*** : ਲੰਮੀ ਤੇ ਸੰਘਣੀ ਦਾੜ੍ਹੀ ਵਾਲਾ; ਲੰਮੀ ਤੇ ਸੰਘਣੀ ਦਾੜ੍ਹੀ।

بامهر ***ਬਾ-ਮੁਹਰ*** : ਮੋਹਰ-ਬੰਦ, ਬੰਦ।

بامیان ***ਬਾਮੀਯਾਨ*** : ਅਸ਼ੁੱਧ ਲਿਖਣ ਵਾਲਾ, ਭੈੜੀ ਤੇ ਕੋਝੀ ਲਿਖਾਈ ਵਾਲਾ; ਬਲਖ ਤੇ ਗ਼ਜ਼ਨੀ ਵਿਚਕਾਰ ਇਕ ਇਲਾਕੇ ਦਾ ਨਾਮ; ਹਰਾਤ ਵਿਚਲਾ ਇਕ ਕਸਬਾ।

بان ***ਬਾਨ*** : ਇਕ ਪਰਕਾਰ ਦੀ ਸੁਗੰਧੀ, ਅੰਬਰ; ਬੇਦ, ਮੁਸ਼ਕ, ਰੱਖਣ ਵਾਲਾ ਜਿਵੇਂ ਨਿਗਾਹਬਾਨ (ਰਖਵਾਲਾ), ਫ਼ੀਲਬਾਨ (ਮਹਾਵਤ) ਆਦਿ; ਛੱਤ; ਰੰਗ; ਇਕ ਖ਼ੁਸ਼ਬੂਦਾਰ ਦਰੱਖ਼ਤ ਜਿਸ ਦੇ ਬੀਜਾਂ 'ਚੋਂ ਤੇਲ ਕਢਿਆ ਜਾਂਦਾ ਹੈ।

بانات ***ਬਾਨਾਤ***: ਪੰਜਾਬੀ ਵਿਚ ਪਰਚਲਤ ਰੂਪ 'ਬਨਾਤ' ਹੈ, ਮਖ਼ਮਲੀ ਕੱਪੜਾ।

باناتفروش ***ਬਾਨਾਤ ਫ਼ਰੋਸ਼*** : ਬਨਾਤ ਵੇਚਣ ਵਾਲਾ।

بانام ***ਬਾਨਾਮ*** : ਨਾਮ ਵਾਲਾ, ਪਰਸਿੱਧ, ਮਸ਼ਹੂਰ।

بانگ ***ਬਾਂਗ*** : ਅਵਾਜ਼, ਕੂਕ, ਚੀਕ-ਪੁਕਾਰ।

بانگِ اللّٰه ***ਬਾਂਗ-ਏ-ਅੱਲਾਹ,*** **نمار**

بانگِنماز *ਬਾਂਗ-ਏ-ਨਮਾਜ਼* : ਨਮਾਜ਼ ਲਈ ਬੁਲਾਵਾ, ਮਸਜਦ ਦੇ ਮੁਨਾਰੇ ਤੋਂ ਮੁੱਲਾਂ ਦੀ ਉੱਚੀ ਅਵਾਜ਼ ਜਿਸ ਨੂੰ ਸੁਣ ਕੇ ਮੁਸਲਮਾਨ ਨਮਾਜ਼ ਪੜ੍ਹਨ ਆਉਂਦੇ ਹਨ।

بانگخروس *ਬਾਂਗ-ਏ-ਖ਼ਰੋਸ* : ਕੁੱਕੜ ਦੀ ਬਾਂਗ।

بانگِدرا *ਬਾਂਗ-ਏ-ਦਰਾ* : ਊਠ ਦੇ ਗਲ ਪਈ ਟੱਲੀ ਦੀ ਅਵਾਜ਼; ਅੱਲਾਮਾ ਇਕ਼ਬਾਲ ਦੇ ਇਕ ਉਰਦੂ ਕਾਵਿ-ਸੰਗਰੈਹ ਦਾ ਨਾਮ।

بانگزن *ਬਾਂਗ-ਜ਼ਨ* : ਮੁਅਜ਼ਨ, ਬਾਂਗ ਦੇਣ ਵਾਲਾ ਮੁੱਲਾਂ।

بانو *ਬਾਨੋ/ਬਾਨੂ* : ਬੇਗ਼ਮ, ਅਮੀਰ ਦੀ ਬੀਵੀ, ਖ਼ਾਤੂਨ, ਬੀਵੀ, ਘਰ, ਗਰੈਹ ਸਾਥਣ, ਸੁਆਣੀ; ਦੁਲਹਨ, ਨਵ-ਵਿਆਹੁਤਾ, ਵੌਹਟੀ; ਹਲਬ ਸ਼ੈਹਰ ਦਾ ਸ਼ੀਸ਼ਾ।

بانوئِارم *ਬਾਨੂ-ਏ-ਇਰਮ* : ਗੀਵ ਦੀ ਭੈਣ ਜੋ ਰੁਸਤਮ ਨਾਲ ਵਿਆਹੀ ਗਈ।

بانوئِمشرق *ਬਾਨੂ-ਏ-ਮਸ਼ਰਿਕ* : ਸੂਰਜ।

بانوئِمصر *ਬਾਨੂ-ਏ-ਮਿਸਰ* : ਜ਼ੁਲੈਖ਼ਾ।

بانوا *ਬਾ-ਨਵਾ* : ਸੁਰੀਲੀ ਅਵਾਜ਼ ਵਾਲਾ; ਅਮੀਰ; ਸਾਜ਼-ਸਮਾਨ ਵਾਲਾ; ਸੁਭਾਗਾ, ਬੇਪਰਵਾਹ; ਫ਼ਕੀਰਾਂ ਦੀ ਇਕ ਸੰਪਰਦਾਏ।

بانوج *ਬਾਨੂਜ*, **بانوچ** *ਬਾਨੂਚ* : ਪੰਘੂੜਾ, ਝੂਲਾ।

بانی *ਬਾਨੀ*: ਮੋਢੀ, ਕੰਮ ਸ਼ੁਰੂ ਕਰਨ ਵਾਲਾ, ਬਣਾਉਣ ਵਾਲਾ, ਉਸਰੱਈਆ; ਲੇਖਕ, ਕਲਾਕਾਰ।

بانیکار *ਬਾਨੀਕਾਰ* : ਰਾਜ, ਮਿਅਮਾਰ, ਕੰਮ ਵਿਚ ਮਾਹਰ।

بانیکاری *ਬਾਨੀਕਾਰੀ* : ਰਾਜਗੀਰੀ, ਉਸਾਰੀ।

باوجود *ਬਾਵਜੂਦ* : ਵਜੂਦ ਵਾਲਾ, ਜਿਉਂਦਾ; ਇਸ ਤੇ ਵੀ, ਫਿਰ ਵੀ, ਇਸ ਦੇ ਹੁੰਦਿਆਂ ਵੀ।

باور *ਬਾਵਰ* : ਯਕੀਨ, ਵਿਸ਼ਵਾਸ, ਭਰੋਸਾ; ਠੀਕ, ਸਹੀ।

باورچی *ਬਾਵਰਚੀ* : ਇਤਬਾਰ ਵਾਲਾ, ਅਮੀਰ ਦਾ ਓਹ ਨੌਕਰ ਜੋ ਉਸ ਦੇ ਖਾਣੇ ਨੂੰ ਚੱਖ ਕੇ ਤਸਦੀਕ ਕਰਦਾ ਹੈ ਕਿ ਇਸ ਵਿਚ ਜ਼ੈਹਰ ਆਦਿ ਵਾਲੀ ਕੋਈ ਚੀਜ਼ ਨਹੀਂ, ਰਸੋਈਆ।

باورچیخانه *ਬਾਵਰਚੀਖ਼ਾਨਾ* : ਰਸੋਈ।

باورچیگری *ਬਾਵਰਚੀਗਰੀ* : ਰਸੋਈ ਦੀ ਕਿਰਿਆ ਜਾਂ ਕਲਾ।

باوصف *ਬਾਵਸਫ਼* : ਬਾਵਜੂਦ।

باوین *ਬਾਵੀਨ*: ਇਸਤਰੀਆਂ ਦੇ ਸੂਤ ਕੱਤਣ ਦੀ ਟੋਕਰੀ, ਕੱਤਣੀ, ਗੋਹੜਿਆਂ ਵਾਲਾ ਬੋਹੀਆ।

باه *ਬਾਹ* : ਤਾਕਤ, ਭੋਗ ਦੀ ਸ਼ਕਤੀ।

باهر *ਬਾਹਿਰ* : ਵਧੀਆ, ਸਰਵਸਰੇਸ਼ਟ, ਖੁਲ੍ਹਾ, ਜ਼ਾਹਰ, ਰੋਸ਼ਨ, ਸਾਫ਼ ਸਾਫ਼।

باهروظاهر *ਬਾਹਿਰ-ਉ-ਜ਼ਾਹਿਰ* : ਸਾਫ਼, ਸਪੱਸ਼ਟ।

باهم *ਬਾਹਮ* : ਇੱਕਠਾ, ਨਾਲ, ਆਪਸ ਵਿਚ, ਇਕ ਸਾਥ।

باهمدیگر *ਬਾਹਮਦੀਗਰ* : ਇਕੱਠਿਆਂ, ਪਰਸਪਰ, ਇਕ ਦੂਜੇ ਦੇ ਨਾਲ।

باهم شیر وشکر بودن/شدن *ਬਾਹਮ ਸ਼ੀਰ-ਉ-ਸ਼ੱਕਰ ਬੂਦਨ/ਸ਼ੁਦਨ* : ਆਪਸ ਵਿਚ ਘੁਲਮਿਲ ਜਾਣਾ, ਬੇਹਦ ਪਿਆਰ ਹੋ ਜਾਣਾ, ਆਪਸ ਵਿਚ ਘਿਓ ਖਿਚੜੀ ਹੋ ਜਾਣਾ।

باهمان *ਬਾਹਮਾਨ* : ਓਹ, ਓਹੀ, ਉਸੇ ਨਾਲ, ਕੋਈ ਵਿਸ਼ੇਸ਼ ਵਿਅਕਤੀ।

باهمه‌که *ਬਾ ਹਮਾ ਕਿ* : ਭਾਵੇਂ, ਇਸ ਦੇ ਬਾਵਜੂਦ, ਫਿਰ ਵੀ।

باهو *ਬਾਹੂ* : ਲੱਕੜੀ, ਸੋਟੀ, ਲਾਠੀ, ਡੰਡਾ; ਬਾਂਹ।

بایا *ਬਾਯਾ* : ਜ਼ਰੂਰੀ, ਅਵੱਸ਼ਕ; ਕੰਮ ਦੀ ਚੀਜ਼।

باید *ਬਾਯਦ* : ਜ਼ਰੂਰੀ ਹੈ, ਯੋਗ ਹੈ।

بایدوشاید *ਬਾਯਦ-ਉ-ਸ਼ਾਯਦ*: ਜਿਵੇਂ ਯੋਗ ਹੈ, ਜਿਵੇਂ ਚਾਹੀਦਾ ਹੈ, ਠੀਕ, ਸਹੀ।

بایزید ***ਬਾਯਜ਼ੀਦ***: ਪਰਸਿੱਧ ਵਲੀ ਤੇ ਸੂਫ਼ੀ ਬਾਯਜ਼ੀਦ ਬਿਸਤਾਮੀ।

بایست ***ਬਾਯਿਸਤ*** : ਏਹ ਜ਼ਰੂਰੀ ਹੈ, ਚਾਹੀਦਾ ਹੈ; ਜ਼ਰੂਰੀ ਚੀਜ਼; ਕੰਮ ਦੀ ਸ਼ੈ; ਜ਼ਰੂਰਤ, ਹਾਜਤ।

بایستن ***ਬਾਯਿਸਤਨ*** : ਯੋਗ ਹੋਣਾ; ਜ਼ਰੂਰੀ ਹੋਣਾ।

بایسته ***ਬਾਯਿਸਤਾ*** : ਜ਼ਰੂਰੀ, ਚੰਗੇਰਾ, ਬੇਹਤਰ, ਲਾਇਕ, ਯੋਗ, ਜ਼ਰੂਰੀ ਤੇ ਕੰਮ ਦੀ ਚੀਜ਼।

بایستهٔ هستی ***ਬਾਯਿਸਤਾ-ਏ-ਹਸਤੀ*** : ਵਜੂਦ ਯੋਗ, ਜ਼ਿੰਦਗੀ ਲਈ ਜ਼ਰੂਰੀ।

بایع ***ਬਾਏਅ਼*** : ਬੈ ਕਰਨ ਵਾਲਾ, ਵੇਚਣ ਵਾਲਾ।

بایکدیگر ***ਬਾ-ਯਕ-ਦਿਗਰ,*** **بایک دیگر** ***ਬਾ-ਯਕ-ਦੀਗਰ*** : ਇਕ ਦੂਜੇ ਦੇ ਨਾਲ, ਇਕੱਠਿਆਂ।

باین معنی ***ਬ-ਈਂ-ਮਾਅਨਾ*** : ਭਾਵ ਏਹ।

ببا ***ਬਬਾ*** : ਘਰ ਦਾ ਦਰਵਾਜ਼ਾ।

ببازار ***ਬ-ਬਾਜ਼ਾਰ*** : ਬਜ਼ਾਰ ਨੂੰ, ਬਜ਼ਾਰ ਵਿਚ, ਆਮ ਲੋਕਾਂ ਵਿਚ।

ببازار آوردن ***ਬ-ਬਾਜ਼ਾਰ ਆਵਰਦਨ*** : ਜ਼ਾਹਰ ਕਰਨਾ, ਨਸ਼ਰ ਕਰਨਾ।

ببازار افتادن ***ਬ-ਬਾਜ਼ਾਰ-ਉਫ਼ਤਾਦਨ*** : ਬਦਨਾਮ ਜਾਂ ਬੇਇੱਜ਼ਤ ਹੋਣਾ।

ببازار دادن ***ਬ-ਬਾਜ਼ਾਰ ਦਾਦਨ*** : ਬੇਇੱਜ਼ਤ ਕਰਨਾ, ਪੱਤ ਲਾਹੁਣੀ।

بباعث ***ਬਬਾਇਸ***: ਇਸ ਕਾਰਨ, ਵਜ੍ਹਾ ਏਹ।

ببر ***ਬਬਰ*** : ਵੱਡਾ ਸ਼ੇਰ ਜਿਸ ਦੇ ਸਿਰ ਅਤੇ ਧੌਣ 'ਤੇ ਵਾਲ ਹੁੰਦੇ ਹਨ ਅਤੇ ਪੂਛ ਗੁੱਛੇਦਾਰ ਹੁੰਦੀ ਹੈ।

ببربیان ***ਬਬਰ ਬਿਯਾਨ*** : ਜੰਗੀ ਲਿਬਾਸ ਜੋ ਰੁਸਤਮ ਜੰਗ ਵੇਲੇ ਪੈਹਨਦਾ ਸੀ; ਬਬਰਬਿਆਨ ਇਕ ਦੇਉ ਸੀ ਜਿਸ ਨੂੰ ਰੁਸਤਮ ਨੇ ਮੁਲਕ ਸ਼ਾਮ ਦੇ ਨੇੜੇ ਹਲਾਕ ਕੀਤਾ ਸੀ, ਉਸ ਦੀ ਖੱਲ ਨਾਲ ਜੇਹੜਾ ਲਬਾਸ ਤਿਆਰ ਕੀਤਾ ਗਿਆ ਉਸ ਉਤੇ ਤੀਰ ਜਾਂ ਤਲਵਾਰ ਦਾ ਅਸਰ ਨਹੀਂ ਸੀ ਹੁੰਦਾ, ਨਾ ਹੀ ਮੁੜ੍ਹਕੇ ਨਾਲ ਭਿਜਦਾ ਸੀ।

ببغا ***ਬਬਗ਼ਾ*** : ਤੋਤਾ, ਹਰਾ ਤੋਤਾ।

بپغا ***ਬਪਗ਼ਾ***: ਬੁਲਬੁਲ।

ببغاءِ شیرین ادا ***ਬਬਗ਼ਾ-ਏ-ਸ਼ੀਰੀਨ ਅਦਾ*** : ਮਿੱਠੀ ਸੁਰ ਵਾਲੀ ਬੁਲਬੁਲ।

ببک ***ਬਬਕ*** : ਅੱਖ ਦੀ ਪੁਤਲੀ, ਧੀਰੀ; ਔਲਾਦ।

ببول ***ਬਬੂਲ*** : ਕਿੱਕਰ।

بپا ***ਬ-ਪਾ*** : (= ਬਰ+ਪਾ=); ਸਿੱਧਾ ਖੜ੍ਹਾ, ਸਿੱਧਾ, ਉੱਪਰ ਨੂੰ; ਸਥਿਰ।

بپا ایستادن ***ਬ-ਪਾ ਈਸਤਾਦਨ*** : ਪੈਰਾਂ 'ਤੇ ਖੜ੍ਹਾ ਹੋਣਾ।

بپائے ***ਬ-ਪਾਏ*** : ਖੜ੍ਹਾ ਹੋ, ਸਿੱਧਾ ਹੋ ਕੇ ਖਲੋ।

بت ***ਬੁਤ*** : ਮੂਰਤੀ, ਮੂਰਤ; ਮਸ਼ੂਕ; ਸੂਫ਼ੀਆਂ ਦੀ ਭਾਸ਼ਾ ਵਿਚ ਰੱਬ, ਸੱਚ, ਹੱਕ।

بت اشرفی ***ਬੁਤ-ਏ-ਅਸ਼ਰਫ਼ੀ*** : ਸੋਨੇ ਦੇ ਸਿੱਕੇ ਉੱਤੇ ਉਕਰੀ ਹੋਈ ਮੂਰਤ।

بت ***ਬਤ*** : ਕੱਟਣਾ, ਅੱਡ ਕਰਨਾ, ਸੂਚੀ ਵਿਚ ਨਾਂਵਾਂ ਨੂੰ ਅੱਡ ਕਰਦੀ ਹੋਈ ਲੀਕ; ਨਿਸ਼ਾਨ, ਦਾਗ; ਜੁਲਾਹੇ ਦਾ ਕੂੱਚ।

بتاره ***ਬਤਾਰਾ*** : ਜੁਲਾਹੇ ਦਾ ਕੂੱਚ।

بتاشه ***ਬਤਾਸ਼ਾ*** : ਪਤਾਸਾ, ਖੰਡ ਦੀ ਮਿਠਿਆਈ।

بتاور ***ਬਤਾਵਾਰ*** : ਅਖ਼ੀਰ ਨੂੰ, ਅੰਤ ਸਮੇਂ।

بتدریج ***ਬ-ਤਦਰੀਜ*** : ਦਰਜੇਵਾਰ, ਅੱਗੇ ਪਿੱਛੇ।

بتر ***ਬਤਰ, ਬੱਤਰ*** : (ਬਦਤਰ **بدتر** ਦਾ ਸੰਖੇਪ) ਜ਼ਿਆਦਾ ਬੁਰਾ, ਬੌਹਤ ਬੁਰਾ, ਬੌਹਤ ਭੈੜਾ।

بتقریب ***ਬਤਕ਼ਰੀਬ*** : ਹਲਾਤ ਮੁਤਾਬਕ।

بتک ***ਬਿਤਿਕ*** : ਪਰਵਾਨਾ ਰਾਹਦਾਰੀ; ਲਿਖਾ ਪੜ੍ਹੀ, ਖ਼ਤ, ਪੁਸਤਕ।

بتکچی ***ਬਿਤਿਕਚੀ*** : ਲਿਖਾਰੀ, ਮੁਨਸ਼ੀ।

بتو ***ਬਤੂ*** : ਕੀਫ਼ ਜਿਸ ਨੂੰ ਬੋਤਲ ਦੇ ਮੂੰਹ 'ਤੇ

ਰੱਖ ਕੇ ਉਸ ਵਿਚ ਸ਼ਰਬਤ, ਅਰਕ, ਆਦਿ ਭਰਦੇ ਹਨ; ਪੀਕ; ਖਰਲ ਦਾ ਵੱਟਾ ਜਿਸ ਨਾਲ ਦਵਾ ਰਗੜਦੇ ਜਾਂ ਘੋਟਦੇ ਹਨ।

بتواز ***ਬਤਵਾਜ਼, بتواز ਬੁਤਵਾਜ਼*** : ਪਾਲਤੂ ਪੰਛੀਆਂ ਦੇ ਬੈਹਣ ਲਈ ਲੱਕੜਾਂ ਦੀ ਬਣਾਈ ਛਤਰੀ।

بتوست ***ਬ-ਤਵੱਸਤ*** : ਇਸ ਕਰਕੇ, ਇਸ ਸਾਧਨ ਨਾਲ।

بتول ***ਬਤੂਲ*** : ਓਹ ਇਸਤਰੀ ਜਿਸ ਨੂੰ ਹੇਜ਼ (ਮਾਹਵਾਰੀ) ਨਾ ਆਉਂਦਾ ਹੋਵੇ; ਬੀਬੀ ਮਰੀਅਮ ਤੇ ਬੀਬੀ ਫ਼ਾਤਿਮਾ ਦੀ ਉਪਾਧੀ, ਪਾਕ ਤੇ ਕੁਆਰੀ, ਕੰਜਕ।

بته ***ਬਤਾ***: ਸੁੱਕੇ ਚਾਵਲ।

بتیا ***ਬਤੀਯਾ / ਬਿਤੀਯਾ*** : ਸੀਨਾ, ਛਾਤੀ।

بتیار ***ਬਤਯਾਰ***: ਕੋਝਾ, ਬਦਸੂਰਤ।

بتیارا ***ਬਤਯਾਰਾ*** : ਭੈੜੀ ਸ਼ਕਲ ਵਾਲਾ, ਕਰੂਪ।

بتیار ***ਬਿਤਯਾਰ, بتیارا ਬਿਤਯਾਰਾ***: ਮੇਹਨਤ, ਰੰਜ, ਤਕਲੀਫ਼, ਦੁੱਖ; ਬੀਮਾਰ ਦੇ ਪਿਸ਼ਾਬ ਦੀ ਸ਼ੀਸ਼ੀ; ਦੇਓ, ਸ਼ਤਾਨ; ਜਾਦੂ, ਫ਼ਰੇਬ; ਬਲਾ; ਭਿਆਨਕ।

بجا ***ਬਜਾ*** : ਠੀਕ, ਯੋਗ, ਦਰੁਸਤ, ਮੁਨਾਸਬ।

بجان آمده ***ਬਜਾਨ ਆਮਦਾ*** : ਤੰਗ ਆਇਆ, ਨਾਖੁਸ਼; ਬਦ-ਦਿਮਾਗ਼।

بجان و دل ***ਬ-ਜਾਨ-ਉ-ਦਿਲ*** : ਦਿਲ ਜਾਨ ਨਾਲ; ਸਿਰ ਮੱਥੇ 'ਤੇ, ਪੂਰੇ ਧਿਆਨ ਨਾਲ।

بجائے ***ਬਜਾਯ*** : ਬਦਲੇ, ਇਵਜ਼, ਜਗ੍ਹਾ 'ਤੇ; ਕਿਸੇ ਦੀ ਥਾਂ।

بجائے آوردن ***ਬਜਾਯ ਆਵਰਦਨ*** : ਜਾਣਨਾ ਪਛਾਣਨਾ; ਕਿਸੇ ਦਾ ਕੰਮ ਕਰਨਾ।

بجائے رسیدن ***ਬਜਾਯ ਰਸੀਦਨ*** : ਕਿਸੇ ਦਰਜੇ ਨੂੰ ਪੁੱਜਣਾ, ਯੋਗ ਹੋਣਾ।

بجز ***ਬ-ਜੁਜ਼*** : ਸਿਵਾ, ਬਿਨਾ, ਬਗ਼ੈਰ, ਇਲਾਵਾ।

بجل ***ਬੁਜੁਲ*** : ਗਿੱਟੇ ਦੀ ਹੱਡੀ।

بجنسه ***ਬਿ-ਜਿਨਸਹ*** : ਓਹੋ ਜੇਹਾ, ਇਨ ਬਿਨ, ਹੂ-ਬ-ਹੂ।

بچاق ***ਬਚਾਕ਼*** : ਕਰਦ, ਛੁਰੀ, ਚਾਕੂ।

بچش ***ਬਚਸ਼*** : ਨੱਕ ਦੀ ਨਾਸ; ਸੁਸਤੀ; ਮੇਹਨਤ।

بچشک ***ਬਿਚਿਸ਼ਕ*** : ਤਬੀਬ, ਹਕੀਮ, ਵੈਦ।

بچشم ਬਚਸ਼ਮ: ਅੱਖਾਂ ਨਾਲ, ਸਿਰ ਅੱਖਾਂ 'ਤੇ।

بچه ***ਬੱਚਾ*** : ਬਾਲ, ਬਾਲਕ, ਮੁੰਡਾ; ਬੇਟਾ, ਲੜਕਾ; ਮੁੰਡੂ; ਕਤੂਰਾ, ਸ਼ੇਰ ਦਾ ਬੱਚਾ।

بحث ***ਬਹਸ*** : ਪੁੱਟਣਾ, ਛਾਣਬੀਣ, ਬੈਹਸ, ਲਫ਼ਜ਼ੀ ਤਕਰਾਰ, ਸੁਆਲ ਜੁਆਬ, ਖੋਜ, ਤਲਾਸ਼, ਟੀਕਾ-ਟਿੱਪਣੀ ਕਰਨਾ; ਖ਼ੁਦਾਈ, ਪੁਟਾਈ।

بحر ***ਬਹ਼ਰ*** : ਸਾਗਰ, ਵੱਡੀ ਨੈਹਰ, ਵੱਡੀ ਨਦੀ, ਸ਼ੇਅਰ ਦਾ ਵਜ਼ਨ, ਧਿਆਨ; ਚੁੜਾਈ; ਵੱਡਾ ਸਿਆਣਾ।

بحرِ اخضر ***ਬਹ਼ਰ-ਏ-ਅਖ਼ਜ਼ਰ*** : ਸਖ਼ੀ, ਦਾਤਾ; ਅਸਮਾਨ।

بحرِ بیکراں ***ਬਹ਼ਰ-ਏ-ਬੇਕਿਰਾਨ*** : ਅਥਾਹ ਸਾਗਰ।

بحرِ جود ***ਬਹ਼ਰ-ਏ-ਜੂਦ,*** **بحرِ سخا** ***ਬਹ਼ਰ-ਏ-ਸਖ਼ਾ*** : ਸਖ਼ੀ ਆਦਮੀ ਦਾ ਹੱਥ।

بحرِ دست ***ਬਹ਼ਰ-ਏ-ਦਸਤ***: ਸਖ਼ੀ ਆਦਮੀ, ਦਾਨੀ।

بحرِ روان ***ਬਹ਼ਰ-ਏ-ਰਵਾਨ*** : ਕਿਸ਼ਤੀ, ਬੇੜੀ, ਨਾਉ, ਜਹਾਜ਼।

بحرِ فنا ***ਬਹ਼ਰ-ਏ-ਫ਼ਨਾ*** : ਸੰਸਾਰ।

بحرِ کرم ***ਬਹ਼ਰ-ਏ-ਕਰਮ,*** **بحرِ عطا** ***ਬਹ਼ਰ-ਏ-ਅਤਾ*** : ਸਖ਼ੀ ਦਾ ਹੱਥ।

بحرِ معلق ***ਬਹ਼ਰ-ਏ-ਮੁਅ਼ਲੱਕ਼*** : ਅਸਮਾਨ।

بحرِ منجمد ***ਬਹ਼ਰ-ਏ-ਮੁੰਜਮਦ*** : ਯਖ-ਸਮੁੰਦਰ।

بحرِ نہنگ آسا ***ਬਹ਼ਰ-ਏ-ਨਿਹੰਗ-ਆਸਾ*** : ਤਲਵਾਰ, ਸ਼ਮਸ਼ੀਰ।

بحر و بر ***ਬਹ਼ਰ-ਉ-ਬੱਰ*** : ਤਰੀ ਤੇ ਖੁਸ਼ਕੀ, ਜਲ ਅਤੇ ਥਲ, ਸਾਰੀ ਸ੍ਰਿਸ਼ਟੀ।

بحری ***ਬਹ਼ਰੀ*** : ਸਮੁੰਦਰ ਨਾਲ ਸਬੰਧਤ।

بحرین ***ਬਹ਼ਰੈਨ, ਬਹ਼ਰੀਨ*** : ਰੂਮ ਤੇ ਫ਼ਾਰਸ ਦੀਆਂ ਦੋਵੇਂ ਨਦੀਆਂ; ਇਕ ਸ਼ੈਹਰ ਦਾ ਨਾਮ।

بحریه ***ਬਹ਼ਰੀਯਾ*** : ਡੂੰਘਾ ਭਿਆਨਕ ਸਮੁੰਦਰ।

بحور ***ਬਹੂਰ*** : (ਬਹਰ بحر ਦਾ ਬੌਹਵਚਨ) ਬੌਹਤੇ ਸਮੁੰਦਰ।

بحیره ***ਬਹ਼ੀਰਾ*** : ਛੋਟਾ ਸਮੁੰਦਰ; ਵੱਡੀ ਝੀਲ; ਤਲਾ।

بحق پیوستن ***ਬ-ਹ਼ੱਕ਼ ਪੈਵਸਤਨ*** : ਰੱਬ ਨੂੰ ਪਿਆਰਾ ਹੋਣਾ, ਮਰਨਾ, ਵਫ਼ਾਤ ਪਾਉਣਾ।

بحمدِالله ***ਬਹ਼ਮਦਿੱਲਾਹ,***
بحمدالله ***ਬਹ਼ਮਦ-ਏ-ਅੱਲਾਹ*** : ਖ਼ੁਦਾ ਦਾ ਸ਼ੁਕਰ ਹੈ।

بخار ***ਬੁਖ਼ਾਰ*** : ਭਾਫ਼, ਬੱਦਲ, ਧੂੰਆਂ, ਤਾਪ, ਬੁਖ਼ਾਰ।

بخارات ***ਬੁਖ਼ਾਰਾਤ*** : ਬੁਖਾਰ ਦਾ ਬੌਹਵਚਨ।

بخاری ***ਬੁਖ਼ਾਰੀ*** : ਅੰਗੀਠੀ।

بخارا ***ਬੁਖ਼ਾਰਾ*** : ਤੁਰਕਿਸਤਾਨ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ ਜੋ ਵਪਾਰ ਤੇ ਵਿੱਦਿਆ ਦਾ ਬੜਾ ਭਾਰੀ ਕੇਂਦਰ ਰਿਹਾ ਹੈ, ਇਮਾਮ ਬੁਖ਼ਾਰੀ ਭਾਵ ਇਮਾਮ ਇਸਮਾਈਲ ਇਸੇ ਸ਼ੈਹਰ ਦਾ ਸੀ।

بخاری ***ਬੁਖ਼ਾਰੀ*** : ਬੁਖ਼ਾਰਾ ਦਾ ਰੈਹਣ ਵਾਲਾ; ਬੁਖਾਰਾ ਨਾਲ ਸਬੰਧਤ।

بخاطرآوردن ***ਬ-ਖ਼ਾਤਿਰ ਆਵਰਦਨ*** : ਖ਼ਿਆਲ ਵਿਚ ਲਿਆਉਣਾ; ਯਾਦ ਕਰਨਾ; ਪਛਾਣਨਾ।

بخاک افتادن ***ਬ-ਖ਼ਾਕ-ਉਫ਼ਤਾਦਨ*** : ਜ਼ਲੀਲ ਹੋਣਾ, ਗਰੀਬ ਹੋਣਾ; ਮਿੱਟੀ ਵਿਚ ਮਿਲ ਜਾਣਾ, ਨਾਸ ਹੋ ਜਾਣਾ।

بخاک افگندن ***ਬ-ਖ਼ਾਕ-ਅਫ਼ਗੰਦਨ*** : ਜ਼ਲੀਲ ਕਰਨਾ, ਮਿੱਟੀ ਖ਼ਰਾਬ ਕਰਨਾ।

بخاک درآمدن ***ਬ-ਖ਼ਾਕ ਦਰ ਆਮਦਨ,*** **بخاک رفتن** ***ਬ-ਖ਼ਾਕ ਰਫ਼ਤਨ*** : ਮਰ ਜਾਣਾ, ਫ਼ੌਤ ਹੋਣਾ, ਮਿੱਟੀ ਵਿਚ ਮਿਲ ਜਾਣਾ।

بخاک کردن ***ਬ-ਖ਼ਾਕ ਕਰਦਨ*** : ਕਿਸੇ ਨੂੰ ਧਰਤੀ 'ਤੇ ਚਿੱਤ ਸੁੱਟ ਦੇਣਾ।

بخام کشیدن ***ਬ-ਖ਼ਾਮ ਕਸ਼ੀਦਨ*** : ਨੱਕਾਰੇ ਤੇ ਚਮੜਾ ਮੜ੍ਹਨਾ, ਕਚੇ ਚਮੜੇ ਜਾਂ ਕਿਸੇ ਪਸ਼ੂ ਦੀ ਕੱਚੀ ਖੱਲ ਵਿਚ ਬੰਦ ਕਰਨਾ ਜਾਂ ਮੜ੍ਹ ਦੇਣਾ, ਮੱਧਕਾਲ ਵਿਚ ਏਹ ਇਕ ਸਜ਼ਾ ਸੀ।

بخت ***ਬਖ਼ਤ*** : ਭਾਗ, ਨਸੀਬ, ਨਛੱਤਰ; ਇਕ ਭੂਤ ਦਾ ਨਾਮ ਜੋ ਸੁੱਤੇ ਪਏ ਨੂੰ ਦੱਬ ਲੈਂਦਾ ਹੈ।

بخت آزمائ ***ਬਖ਼ਤ-ਆਜ਼ਮਾਈ*** : ਨਸੀਬੇ ਦਾ ਪਰਖਣਾ।

بختار ***ਬਖ਼ਤਾਰ*** : ਕਿਸਮਤ ਵਾਲਾ, ਭਾਗਾਂ ਵਾਲਾ।

بخت برگشته ***ਬਖ਼ਤ ਬਰਗਸ਼ਤਾ*** : ਬਦਨਸੀਬ, ਅਭਾਗਾ।

بخت بلند ***ਬਖ਼ਤ-ਬਲੰਦ*** : ਉੱਚੇ ਨਸੀਬਾਂ ਵਾਲਾ।

بخت جوان ***ਬਖ਼ਤ-ਜਵਾਨ*** : ਚੰਗੇ ਭਾਗਾਂ ਵਾਲਾ।

بخت خفته ***ਬਖ਼ਤ-ਏ-ਖ਼ੁਫ਼ਤਾ*** : ਸੁੱਤੇ ਹੋਏ ਭਾਗ।

بخت سبز ***ਬਖ਼ਤ ਸਬਜ਼*** : ਨੇਕ ਬਖ਼ਤ, ਖ਼ੁਸ਼ ਨਸੀਬ।

بخت سفید ***ਬਖ਼ਤ ਸਫ਼ੈਦ*** : ਚੰਗਾ ਨਸੀਬ।

بختمند ***ਬਖ਼ਤਮੰਦ*** : ਖ਼ੁਸ਼ਨਸੀਬ, ਭਾਗਵਾਨ।

بخت نصر ***ਬੁਖ਼ਤ ਨਸਰ*** : (= 'ਬੁਖ਼ਤ' ਬੇਟਾ + 'ਨਸਰ' ਇਕ ਮੂਰਤੀ), ਇਕ ਬਾਦਸ਼ਾਹ ਦਾ ਨਾਮ ਜੋ ਬਚਪਨ ਸਮੇਂ, 'ਨਸਰ ਬੁੱਤ' ਦੇ ਨੇੜੇ ਮਿਲਿਆ ਸੀ। ਉਸ ਦੇ ਪਿਤਾ ਦਾ ਨਾਮ ਪਤਾ ਨਾ ਹੋਣ ਕਰਕੇ ਉਸ ਦਾ ਨਾਮ 'ਬੁਖ਼ਤ-ਏ-ਨਸਰ' ਰੱਖ ਦਿੱਤਾ ਗਿਆ; ਸ਼ੇਰ ਦੀ ਗਰਜ।

بختو ***ਬੁਖ਼ਤੂ*** : ਗੱਜਣ ਵਾਲਾ; ਗਰਜ, ਕੜਕ।

بخت واتفاق ***ਬਖ਼ਤ-ਉ-ਇਤਿਫ਼ਾਕ*** : ਬਿਨਾ ਮੇਹਨਤ ਦੇ ਜਾਂ ਬਿਨਾ ਭਾਲ ਦੇ ਕਾਫ਼ੀ ਲਾਭ ਹੋ ਜਾਣਾ।

بختور ਬਖ਼ਤਵਰ: ਸੁਭਾਗਾ।

بختی ***ਬੁਖ਼ਤੀ*** : ਲੰਮੀ ਧੌਣ ਵਾਲਾ, ਲਾਲ ਰੰਗ ਦਾ ਤਾਕਤਵਰ ਊਠ ਅਰਬੀ ਮਾਦਾ ਤੇ ਅਜਮੀ (ਈਰਾਨੀ) ਨਰ ਤੋਂ ਪੈਦਾ ਹੁੰਦਾ ਹੈ, ਪੈਹਲਾਂ ਪੈਹਲ ਇਸ ਨਸਲ ਦਾ ਊਠ ਬਾਦਸ਼ਾਹ 'ਬੁਖ਼ਤੇ ਨਸਰ' ਨੇ ਲਿਆ ਸੀ, ਇਸ ਲਈ ਇਸ ਊਠ ਦਾ ਨਾਮ ਹੀ ਏਹ ਪੈ ਗਿਆ।

بختیِ معلق ***ਬੁਖ਼ਤੀ-ਏ-ਮੁੱਅਲਕ਼*** : ਬੱਦਲ।

بختیار ***ਬਖ਼ਤਯਾਰ*** : ਚੰਗੇ ਭਾਗਾਂ ਵਾਲਾ, ਖ਼ੁਸ਼ਬਖ਼ਤ, ਖ਼ੁਸ਼ ਕਿਸਮਤ।

بختیار خلجی ***ਬਖ਼ਤਯਾਰ ਖ਼ਿਲਜੀ*** : ਮੁਹੰਮਦ ਗ਼ੌਰੀ ਦੇ ਗ਼ੁਲਾਮ ਹਾਕਮ ਬੰਗਾਲਾ ਦਾ ਨਾਮ।

بخدا ***ਬ-ਖ਼ੁਦਾ*** : ਖ਼ੁਦਾ ਲਈ, ਰੱਬ ਦੇ ਵਾਸਤੇ, ਖ਼ੁਦਾ ਦੀ ਕ਼ਸਮ।

بخرد ***ਬਖ਼ਰਦ*** : (= ਬਾ-ਖ਼ਿਰਦ) ਸਿਆਣਾ, ਅਕਲਮੰਦ, ਹੁਸ਼ਿਆਰ।

بخردِ خردان ***ਬਖ਼ਰਦ-ਏ-ਬੇਖ਼ਿਰਦਾਨ,*** **بخردی** ***ਬਖ਼ਰਦੀ*** : ਸਿਆਣਿਆਂ ਦਾ ਸਿਆਣਾ, ਬੌਹਤ ਸਮਝਦਾਰ, ਅਕਲਮੰਦੀ, ਸਿਆਣਪ, ਸੂਝ, ਸਮਝ।

بخش ***ਬਖ਼ਸ਼*** : ਹਿੱਸਾ, ਭਾਗ, ਟੋਟਾ; ਬਖਸ਼ਣ ਵਾਲਾ, ਮੱਛੀ; ਤੂੰ ਬਖ਼ਸ਼।

بخشائش ***ਬਖ਼ਸ਼ਾਇਸ਼*** : ਬਖਸ਼ਸ਼, ਮੇਹਰਬਾਨੀ, ਮਾਫ਼ੀ।

بخش بخش ***ਬਖ਼ਸ਼ ਬਖ਼ਸ਼*** : ਟੁਕੜੇ-ਟੁਕੜੇ, ਟੋਟੇ-ਟੋਟੇ।

بخشه ***ਬਖ਼ਸ਼ਾ*** : ਟੋਟਾ, ਟੁਕੜਾ।

بخشی ***ਬਖ਼ਸ਼ੀ*** : ਫ਼ੌਜ ਦੀ ਤਨਖ਼ਾਹ ਆਦਿ ਵੰਡਣ ਵਾਲਾ, ਹਿੱਸਾ, ਬਖ਼ਰਾ।

بخشی گری ***ਬਖ਼ਸ਼ੀਗਰੀ*** : ਸੈਨਾਪਤੀ ਦੀ ਪਦਵੀ, ਫ਼ੌਜ ਦੀ ਤਨਖ਼ਾਹ ਵੰਡਣ ਦਾ ਔਹਦਾ।

بخل ***ਬੁਖ਼ਲ,*** **بخیلی** ***ਬਖ਼ੀਲੀ*** : ਬਖ਼ੀਲੀ, ਕੰਜੂਸੀ।

بخلی ***ਬੁਖ਼ਲੀ,*** **بخیل** ***ਬਖ਼ੀਲ*** : ਕੰਜੂਸ, ਬਖ਼ੀਲ, ਤੰਗ-ਦਿਲ।

بخله ***ਬੁਖ਼ਲਾ,*** **بخیله** ***ਬੁਖ਼ੀਲਾ***: ਖੁਰਫ਼ੇ ਦਾ ਸਾਗ।

بخیده ***ਬਖ਼ੀਦਾ*** : ਪਿੰਜੀ ਹੋਈ ਰੂੰ, ਪਿੰਜੀ ਹੋਈ ਉੱਨ।

بخیه ***ਬਖ਼ੀਯਾ*** : ਬਰੀਕ ਤੇ ਪੱਕੀ ਸਲਾਈ, ਬਖ਼ਾ।

بخیه سر کردن ***ਬਖ਼ੀਯਾ ਸਰ ਕਰਦਨ*** : ਭੇਤ ਖੋਲ੍ਹ ਦੇਣਾ, ਰਾਜ਼ ਜ਼ਾਹਰ ਕਰ ਦੇਣਾ।

بد ***ਬਦ*** : ਭੈੜਾ, ਬੁਰਾ (ਨੇਕ ਦੇ ਉਲਟ); ਅੱਧ-ਜਲੀ ਲੀਰ ਜਾਂ ਟਾਕੀ; ਮਾਲਕ, ਸਾਹਿਬ; ਖਾਦਮ, ਨੌਕਰ, ਸੇਵਾਦਾਰ।

بدآغاز ***ਬਦ-ਆਗ਼ਾਜ਼*** : ਬਦਅਸਲ।

بدآموز ***ਬਦ-ਆਮੋਜ਼*** : ਭੈੜੀ ਪੱਟੀ ਪੜ੍ਹਾਉਣ ਵਾਲਾ, ਭੈੜੀ ਸਿਖਿਆ ਦੇਣ ਵਾਲਾ; ਭੈੜੀ ਸਿਖਿਆ ਪਰਾਪਤ ਕਰਨ ਵਾਲਾ।

بدآئین ***ਬਦ-ਆਈਨ*** : ਬਦ ਵਜ਼੍ਹਾ, ਭੈੜੇ ਅਸੂਲਾਂ ਵਾਲਾ, ਜੋ ਕਿਸੇ ਅਸੂਲ ਤੇ ਨਾ ਚਲੇ।

بداحوال ***ਬਦਅਹਵਾਲ*** : ਭੈੜੇ-ਹਾਲ, ਜੋ ਮੰਦੀ ਦਸ਼ਾ ਵਿਚ ਹੋਵੇ।

بداختر ***ਬਦਅਖ਼ਤਰ*** : ਅਭਾਗਾ, ਬਦਕਿਸਮਤ।

بداخلاق ***ਬਦਅਖ਼ਲਾਕ਼*** : ਬੁਰੇ ਆਚਰਣ ਵਾਲਾ।

بداخلاقی ***ਬਦਅਖ਼ਲਾਕ਼ੀ*** : ਭੈੜੇ ਆਚਰਣ ਦਾ ਹੋਣਾ, ਬੁਰਾ ਸਲੂਕ, ਬਦਸਲੂਕੀ।

بداصل ***ਬਦਅਸਲ,*** **بداصول** ***ਬਦਅਸੂਲ*** : ਭੈੜੇ ਅਸਲੇ ਦਾ, ਨੀਚ, ਕਮੀਨਾ।

بدانجام ***ਬਦਅੰਜਾਮ*** : ਬੁਰੇ ਅੰਤ ਵਾਲਾ, ਜਿਸ ਦਾ ਅਖ਼ੀਰ ਚੰਗਾ ਨਾ ਹੋਏ।

بداندیش ***ਬਦਅੰਦੇਸ਼*** : ਬੁਰਾ ਸੋਚਣ ਵਾਲਾ, ਬਦਖ਼ਾਹ, ਦੁਸ਼ਮਣ।

بدباز ***ਬਦਬਾਜ਼*** : ਨਕਲਚੀ, ਭੰਡ, ਮਸਖ਼ਰਾ।

بدباطن ***ਬਦਬਾਤਿਨ*** : ਦੁਰਾਤਮਾ, ਦੁਸ਼ਟ।

بدبخت **ਬਦ-ਬਖ਼ਤ** : ਅਭਾਗਾ।

بدحال **ਬਦ-ਹਾਲ** : ਬੁਰੀ ਹਾਲਤ ਵਾਲਾ।

بدخو **ਬਦ-ਖ਼ੂ** : ਭੈੜੀ ਆਦਤ ਵਾਲਾ।

بددل **ਬਦ-ਦਿਲ** : ਡਰਾਕਲ, ਬੁਜ਼ਦਿਲ।

بددماغ **ਬਦ-ਦਿਮਾਗ਼** : ਘਮੰਡੀ।

بددین **ਬਦ-ਦੀਨ** : ਕੁਰਾਹੀਆ।

بدذات **ਬਦ-ਜ਼ਾਤ** : ਭੈੜੇ ਅਸਲੇ ਦਾ, ਕਮੀਨਾ, ਕਮਜ਼ਾਤ।

بدروز **ਬਦ-ਰੂਜ਼**, بدروزگار **ਬਦ-ਰੂਜ਼ਗਾਰ** : ਭੈੜੇ ਨਸੀਬੇ ਵਾਲਾ, ਮੰਦੇ ਭਾਗਾਂ ਵਾਲਾ, ਅਭਾਗਾ।

بدزبان **ਬਦਜ਼ਬਾਨ** : ਬੋਲ-ਵਿਗਾੜ, ਨਿੰਦਕ, ਚੁਗਲਖ਼ੋਰ।

بدزندگانی **ਬਦਜ਼ਿੰਦਗਾਨੀ** : ਮੁਸੀਬਤਾਂ ਵਿਚ ਜ਼ਿੰਦਗੀ ਬਤੀਤ ਕਰਨ ਵਾਲਾ।

بدزیب **ਬਦ-ਜ਼ੇਬ** : ਭੱਦਾ, ਕੋਝਾ, ਕਰੂਪ, ਜੇਹੜਾ ਚੰਗਾ ਨਾ ਲਗੇ।

بدساخت **ਬਦ-ਸਾਖ਼ਤ**, بدساز **ਬਦ-ਸਾਜ਼** : ਭੈੜੀ ਬਣਤਰ ਵਾਲਾ, ਗੁੱਸੇ ਵਾਲਾ।

بدشکل **ਬਦਸ਼ਕਲ**, بدصورت **ਬਦਸੂਰਤ** : ਬੁਰੀ ਸ਼ਕਲ ਵਾਲਾ।

بدسرشت **ਬਦ-ਸਰਿਸ਼ਤ** : ਭੈੜੇ ਅਸਲੇ ਵਾਲਾ, ਮੰਦੀ ਫ਼ਿਤਰਤ।

بدسگال **ਬਦ-ਸਗਾਲ** : ਦੁਸ਼ਮਣ।

بدشگون **ਬਦ-ਸ਼ਗੂਨ** : ਭੈੜੇ ਸ਼ਗਨਾਂ ਵਾਲਾ, ਮਨਹੂਸ।

بدعهد **ਬਦ-ਅਹਦ** : ਕੌਲ ਕਰਾਰ ਨਾ ਨਿਭਾਉਣ ਵਾਲਾ, ਬਚਨ ਪੂਰਾ ਨਾ ਕਰਨ ਵਾਲਾ।

بدعهدی **ਬਦ-ਅਹਦੀ** : ਵਾਦਾ ਪੂਰਾ ਨਾ ਕਰਨਾ।

بدفرجام **ਬਦ-ਫ਼ਰਜਾਮ** : ਬੁਰੇ ਅੰਤ ਵਾਲਾ, ਨਲਾਇਕ, ਬੇਇਜ਼ਤ।

بدفعل **ਬਦ-ਫ਼ਿਅ਼ਲ** : ਬਦਕਾਰ, ਬਦਚਲਨ।

بدفعلی **ਬਦ-ਫ਼ਿਅ਼ਲੀ** : ਬਦਕਾਰੀ; ਬਦਚਲਨੀ, ਫ਼ਿਤਰਤ ਦੇ ਵਿਰੁਧ ਕੰਮ ਕਰਨਾ।

بدقدم **ਬਦ-ਕ਼ਦਮ** : ਮਨਹੂਸ, ਭੈੜੇ ਪੋਖੇ ਵਾਲਾ, ਭੈੜੇ ਪੈਰੇ ਵਾਲਾ।

بدکردار **ਬਦਕਿਰਦਾਰ** : ਬਦਕਾਰ, ਕੁਕਰਮੀ, ਦੁਰਾਚਾਰੀ।

بدکنش **ਬਦਕੁਨਿਸ਼**, بدکنشت **ਬਦਕੁਨਿਸ਼ਤ** : ਬਦ-ਚਲ਼ਨ, ਬਦਕਾਰ।

بدگوهر **ਬਦ-ਗੌਹਰ, ਬਦ-ਗੁਹਰ** : ਬੁਰੇ ਅਸਲੇ ਵਾਲਾ, ਬਦਜ਼ਾਤ, ਕਮੀਨਾ।

بدلذت **ਬਦ-ਲੱਜ਼ਤ**: ਬਦਮਜ਼ਾ, ਬੇਸੁਆਦ।

بدلگام **ਬਦ-ਲਗਾਮ** : ਸਰਕਸ਼ (ਘੋੜਾ), ਆਪ-ਮੁਹਾਰਾ, ਆਪ-ਹੁਦਰਾ, ਨਾਫ਼ਰਮਾਨ (ਆਦਮੀ), ਵਿਰੋਧੀ, ਬੇਅਦਬ, ਮੂੰਹ-ਫਟ।

بدلهجه **ਬਦ-ਲਹਜਾ** : ਬਦਜ਼ਬਾਨ, ਭੈੜੀ ਅਵਾਜ਼ ਵਾਲਾ।

بدمذهب **ਬਦ-ਮਜ਼ਹਬ** : ਕੁਧਰਮੀ, ਕੁਮਾਰਗੀ।

بدمزگی **ਬਦ-ਮਜ਼ਗੀ** : ਬੇਸੁਆਦੀ।

بدمزه **ਬਦ-ਮਜ਼ਾ** : ਬੇਸੁਆਦਾ, ਬਦਲੱਜ਼ਤ।

بدمست **ਬਦ-ਮਸਤ**: ਨਸ਼ੇ ਵਿਚ ਧੁੱਤ, ਨਸ਼ੇ ਵਿਚ ਚੂਰ, ਮਤਵਾਲਾ।

بدمعاش **ਬਦ-ਮਆਸ਼**: ਬਦਚਲਨ; ਭੈੜੇ ਢੰਗ ਨਾਲ ਰੋਟੀ ਕਮਾਉਣ ਵਾਲਾ, ਲੁੱਚਾ, ਸ਼ਰਾਰਤੀ।

بدمعامله **ਬਦ-ਮੁਆ਼ਮਲਾ** : ਲੈਣ ਦੇਣ ਦਾ ਭੈੜਾ, ਹਿਸਾਬ ਦਾ ਖੋਟਾ, ਝੂਠਾ ਵਪਾਰੀ।

بدمهر **ਬਦ-ਮਿਹਰ**: ਆਕੀ, ਬੇਵਫ਼ਾ।

بدمهری **ਬਦ-ਮਿਹਰੀ**: ਸਰਦ ਮੇਹਰੀ; ਨਾਫ਼ਰਮਾਨੀ, ਬੇਵਫ਼ਾਈ।

بدنام **ਬਦ-ਨਾਮ**: ਭੈੜੀ ਸ਼ੋਹਰਤ ਵਾਲਾ, ਬੇਇੱਜ਼ਤ, ਰੁਸਵਾ।

بدنامی **ਬਦ-ਨਾਮੀ** : ਭੈੜੀ ਸ਼ੋਹਰਤ,

ਰੁਸਵਾਈ।

بدنزاں ***ਬਦ-ਨਿਜ਼ਾਦ,*** بدنصر ***ਬਦ-ਨਸਰ*** : ਭੈੜੇ ਖਾਨਦਾਨ ਦਾ, ਬੁਰੇ ਅਸਲੇ ਦਾ, ਕਮੀਨਾ, ਬਦਜ਼ਾਤ।

بدنعل ***ਬਦਨਅਲ*** : ਭੈੜੀ ਚਾਲ ਵਾਲਾ ਘੋੜਾ।

بدنفس ***ਬਦ-ਨਫਸ*** : ਭੈੜੀ ਜ਼ਾਤ ਦਾ, ਬਦਅਸਲ।

بدنما ***ਬਦ-ਨੁਮਾ*** : ਭੱਦਾ, ਕੋਝਾ, ਕਰੂਪ।

بدنہاں ***ਬਦ-ਨਿਹਾਦ*** : ਭੈੜੀ ਫ਼ਿਤਰਤ ਦਾ, ਪੈਦਾਇਸ਼ੀ ਖ਼ਰਾਬ।

بد ***ਬੁਦ*** : (ਬੂਦ بود ਦਾ ਸੰਖਿਪਤ ਰੂਪ) ਸੀ, ਬੁੱਤ।

بد ***ਬੁੱਦ*** : ਚਾਰਾ, ਇਲਾਜ।

بدا ***ਬਦਾ,*** بدایت ***ਬਦਾਯਤ*** : ਆਦਿ; ਸ਼ੁਰੂ, ਅਰੰਭ, ਹਰ ਚੀਜ਼ ਦਾ ਸ਼ੁਰੂ।

بداق ***ਬਿਦਾਕ*** : ਸਲਵਾਰ ਜਾਂ ਪਜਾਮੇ ਦੇ ਪੌਂਚੇ।

بدائع ***ਬਦਾਇਅ*** : (ਬਦੀਅ بديع ਦਾ ਬੌਹਵਚਨ) ਨਵੀਆਂ ਕਾਢਾਂ, ਨਵੀਆਂ ਲੱਭਤਾਂ; ਅਦੁੱਤੀ ਵਸਤਾਂ, ਅਜੂਬੇ।

بدخش ***ਬਦਖ਼ਸ਼,*** بدخشاں ***ਬਦਖ਼ਸ਼ਾਂ*** : ਮੱਧ ਏਸ਼ੀਆ ਦੇ ਇਕ ਇਲਾਕੇ ਦਾ ਨਾਮ; ਤਾਤਾਰ ਤੇ ਅਫ਼ਗਾਨਿਸਤਾਨ ਦੀ ਸਰਹੱਦ ਦਾ ਇਕ ਸ਼ੈਹਰ ਜਿੱਥੇ ਲਾਲਾਂ ਤੇ ਸੋਨੇ ਦੀਆਂ ਖਾਣਾਂ ਹਨ।

بدخشی ***ਬਦਖ਼ਸ਼ੀ*** : ਬਦਖ਼ਸ਼ਾਂ ਦਾ ਰੈਹਣ ਵਾਲਾ ਜਾਂ ਬਦਖ਼ਸ਼ਾਂ ਨਾਲ ਸਬੰਧਤ।

بدر ***ਬਦਰ*** : ਅਰਬ ਵਿਚ ਇਕ ਜਗ੍ਹਾ ਦਾ ਨਾਮ ਜਿਥੇ ਹਜ਼ਰਤ ਮੁਹੰਮਦ ਸਾਹਿਬ ਤੇ ਕਾਫ਼ਰਾਂ ਵਿਚਕਾਰ ਦੋ ਹਿਜਰੀ ਵਿਚ ਜੰਗ ਹੋਈ ਸੀ; ਚੌਦ੍ਹਵੀਂ ਦਾ ਚੰਦ, ਪੂਰਾ ਚੰਦਰਮਾ।

بدر ***ਬ-ਦਰ*** : ਬਾਹਰ।

بدرکردن ***ਬ-ਦਰ ਕਰਦਨ*** : ਬਾਹਰ ਕੱਢ ਦੇਣਾ, ਘਰੋਂ ਕੱਢ ਦੇਣਾ, ਦੇਸ਼ ਨਿਕਾਲਾ ਦੇਣਾ।

بدرقہ ***ਬਦਰਕ਼ਾ*** : ਪੱਥ- ਪਰਦਰਸ਼ਕ, ਰਾਹ ਵਿਖਾਉਣ ਵਾਲਾ, ਨਿਗਾਹਬਾਨ, ਸੁਰਖਿਅਕ।

بدرقۂ حیات ***ਬਦਰਕ਼ਾ-ਏ-ਹਯਾਤ*** : ਪਾਣੀ, ਸਿਆਣਪ ਦੀਆਂ ਗੱਲਾਂ, ਰੂਹ ਦੀ ਮਦਦ।

بدرگ ***ਬਦਰਗ*** : ਬਦਅਸਲ, ਬਦਜ਼ਾਤ, ਕਮੀਨਾ।

بدرگی ***ਬਦਰਗੀ*** : ਕਮੀਨਗੀ, ਬਦਜ਼ਾਤੀ।

بدرہ ***ਬਦਰਾ*** : ਥੈਲੀ।

بدستور ***ਬਦਸਤੂਰ*** : ਦਸਤੂਰ ਅਨੁਸਾਰ; ਮਰਿਆਦਾ ਅਨੁਸਾਰ, ਕਾਇਦੇ ਦੇ ਮੁਤਾਬਕ, ਆਦਤ ਅਨੁਸਾਰ।

بدعت ***ਬਿਦਅਤ*** : ਸ਼ਰ੍ਹਾ ਵਿਚ ਕੋਈ ਨਵੀਂ ਗੱਲ ਜਾਂ ਨਵੀਂ ਰਸਮ ਕਢਣੀ, ਕੁਫ਼ਰ, ਬੇਦੀਨੀ।

بدعتی ***ਬਿਦਅਤੀ*** : ਦੀਨ ਵਿਚ ਨਵੀਂ ਗੱਲ ਕੱਢਣ ਵਾਲਾ; ਜ਼ਾਲਮ, ਕਾਫ਼ਰ।

بدک ***ਬੁਦਕ*** : ਹੁਦਹੁਦ, ਇਕ ਪੰਛੀ ਦਾ ਨਾਮ।

بدل ***ਬਦਲ*** : ਬਦਲਾ, ਕਿਸੇ ਚੀਜ਼ ਦਾ ਇਵਜ਼, ਮੁਆਵਜ਼ਾ।

بدلگرفتن ***ਬਦਿਲ ਗਰਿਫ਼ਤਨ*** : ਦਿਲ ਵਿਚ ਰੱਖਣਾ, ਯਾਦ ਰੱਖਣਾ।

بدلنقش بستن ***ਬਦਿਲ ਨਕਸ਼ ਬਸਤਨ*** : ਖ਼ਿਆਲ ਕਰਨਾ, ਕਲਪਨਾ ਦੁਆਰਾ ਸੋਚਣਾ।

بدلوجان ***ਬਦਿਲ-ਉ-ਜਾਨ*** : ਦਿਲ ਜਾਨ ਨਾਲ, ਪੂਰੇ ਧਿਆਨ ਨਾਲ।

بدلہ ***ਬਦਲਾ*** : ਇਵਜ਼, ਸਜ਼ਾ, ਸਿਲਾ।

بدن ***ਬਦਨ*** : ਸਰੀਰ, ਛੋਟਾ ਚੋਗਾ; ਛੋਟੀ ਜ਼ਰਾ ਬਕਤਰ, ਧੜ।

بدون ***ਬਦੂਨ*** : ਬਗ਼ੈਰ, ਬਿਨਾ, ਸਿਵਾ; ਪਰ।

بدوی ***ਬਦਵੀ*** : ਬਦੂ (ਜੰਗਲ) ਨਾਲ ਸਬੰਧਤ, ਗੰਵਾਰ, ਜੰਗਲੀ।

بدہ ***ਬਦਾ*** : ਖ਼ੁਸ਼ਕ ਪਲਾ, ਓਹ ਦਰੱਖ਼ਤ ਜਿਸ ਨੂੰ ਫਲ ਨਾ ਲੱਗੇ।

بدی ***ਬਦੀ*** : ਬੁਰਿਆਈ, ਨੇਕੀ ਦਾ ਉਲਟ, ਭੈੜ, ਮੰਦਾ ਕੰਮ, ਪਾਪ।

بديع ***ਬਦੀਅ*** : ਅਨੋਖਾ, ਅਜੀਬ, ਅਦੁੱਤੀ, ਨਿਰਾਲਾ, ਅਸਧਾਰਨ।

بديع الجمال ***ਬਦੀਅ-ਉਲ-ਜਮਾਲ*** : ਅਤ ਸੁੰਦਰ, ਬੌਹਤ ਸੋਹਣਾ।

بدیل ***ਬਦੀਲ*** : ਪਰਸਿੱਧ ਸ਼ਾਇਰ ਹਕੀਮ ਖ਼ਾਕਾਨੀ ਦਾ ਨਾਮ ਜੋ ਛੇਵੀਂ ਸਦੀ ਹਿਜਰੀ ਵਿਚ ਹੋਇਆ ਹੈ, ਬੁਖ਼ਾਰਾ ਵਿਖੇ ਜਨਮਿਆ ਤੇ ਤਬਰੇਜ਼ ਵਿਚ ਫ਼ੌਤ ਹੋਇਆ; ਚੀਜ਼ ਦਾ ਬਦਲਾ।

بدیه ***ਬਦੀਹ,*** **بدیهه** ***ਬਦੀਹਾ*** : ਨਿਰਾਲੀ, ਅਚਾਨਕ ਕੀਤੀ ਗੱਲ; ਜ਼ਾਹਰ; ਅਰੰਭ, ਆਦਿ, ਸ਼ੁਰੂ।

بدیهه‌گفتن ***ਬਦੀਹਾ ਗੁਫ਼ਤਨ,*** **فی‌البدیهه** ***ਫ਼ਿਲਬਦੀਹਾ*** : ਮੌਕੇ ਤੇ ਝੱਟ ਹੀ ਕੈਹਣਾ ਜਾਂ ਉਸੇ ਵੇਲੇ ਸ਼ੇਅਰ ਕੈਹਣਾ।

بذرقه ***ਬਜ਼ਰਕ਼ਾ*** : (= ਬਦਰਕ਼ਾ **بدرقه**), ਰਾਹਨੁਮਾ, ਪਥ-ਪਰਦਰਸ਼ਕ।

بذل ***ਬਜ਼ਲ*** : ਬਖ਼ਸ਼ਸ਼, ਦਾਨ, ਸਖ਼ਾਵਤ, ਬਖ਼ਸ਼ਸ਼ ਕਰਨਾ।

بذله ***ਬਜ਼ਲਾ*** : ਵਿਅੰਗਮਈ ਕਵਿਤਾ ਕੈਹਣਾ, ਦਿਲਪਸੰਦ ਗੱਲ, ਚੁਟਕਲਾ, ਲਤੀਫ਼ਾ।

بذله‌باز ***ਬਜ਼ਲਾ-ਬਾਜ਼,*** **بذله‌سنج** ***ਬਜ਼ਲਾ-ਸੰਜ,*** **بذله‌گو** ***ਬਜ਼ਲਾ-ਗੋ*** : ਭੰਡ, ਨਕਲੀਆ, ਨਕਲਚੀ, ਮਸਖ਼ਰਾ, ਹਸਮੁੱਖ।

بذله‌ٔ روحانی ***ਬਜ਼ਲਾ-ਏ-ਰੂਹਾਨੀ*** : ਹਿਕਮਤ ਦੀਆਂ ਗੱਲਾਂ, ਰਹੱਸਮਈ ਬਾਤਾਂ।

بر ***ਬਰ*** : ਪੁਰ, ਉਤੇ, ਉੱਪਰ; ਕੱਛ; ਬਗ਼ਲ; ਸੀਨਾ; ਛਾਤੀ; ਫਲ; ਨਤੀਜਾ; ਸਿੱਟਾ; ਬਲੰਦ; ਉੱਚਾ; ਚੁੜਾਈ; ਫ਼ਾਇਦਾ; ਲਾਭ; ਪਾਸਾ; ਯਾਦ; ਜਵਾਨ ਔਰਤ; ਸਰੀਰ; ਮਕਾਨ ਦਾ ਦਰਵਾਜ਼ਾ।

برآب‌آمدن ***ਬਰ ਆਬ ਆਮਦਨ:*** ਜ਼ਾਹਰ ਹੋਣਾ; ਪਰਗਟ ਹੋਣਾ।

برآب‌بستن ***ਬਰ ਆਬ ਬਸਤਨ*** : ਪਾਣੀ ਦੇਣਾ; ਸਿੰਜਣਾ।

برآب‌دویدن ***ਬਰ ਆਬ ਦਵੀਦਨ*** : ਜੀ ਆਇਆਂ ਨੂੰ ਕੈਹਣਾ; ਸੁਆਗਤ ਕਰਨਾ।

برآب‌کشیدن ***ਬਰ ਆਬ ਕਸ਼ੀਦਨ*** : ਵਜ਼ਨ ਕਰਨਾ, ਤੋਲਣਾ।

برآب‌نوشتن ***ਬਰ ਆਬ ਨਵਿਸ਼ਤਨ*** : ਮਿਟਾ ਦੇਣਾ; ਮੇਟ ਦੇਣਾ।

برآب‌نهادن ***ਬਰ ਆਬ ਨਿਹਾਦਨ:*** ਮਿਟਾ ਦੇਣਾ।

برآتش‌نشاندن ***ਬਰ ਆਤਿਸ਼ ਨਿਸ਼ਾਨੁਦਨ:*** ਬੇਚੈਨ ਕਰਨਾ।

برآسمان‌رساندن ***ਬਰ ਅਸਮਾਨ ਰਸਾਂਦਨ*** : ਉੱਚਾ ਚੁੱਕਣਾ।

برآسمان‌کردن ***ਬਰ ਅਸਮਾਨ ਕਰਦਨ:*** ਅਸਮਾਨ 'ਤੇ ਚੜ੍ਹਾ ਦੇਣਾ।

برآمد ***ਬਰਆਮਦ,*** **برامد** ***ਬਰਾਮਦ*** : ਨਿਕਾਸ ਖ਼ਰਚ; ਬਾਹਰ ਜਾਣ ਵਾਲੀਆਂ ਚੀਜ਼ਾਂ; ਦੋਸ਼।

برآمدگی ***ਬਰਆਮਦਗੀ*** : ਨਕਾਸੀ, ਵਸੂਲੀ; ਸੋਮਾ, ਚਸ਼ਮਾ, ਝਰਨਾ।

برآمدن ***ਬਰ ਆਮਦਨ:*** ਬਾਹਰ ਨਿਕਲਣਾ; ਜ਼ਾਹਰ ਹੋਣਾ; ਉਤਾਂਹ ਚੜ੍ਹਨਾ।

برآمیختن ***ਬਰ ਆਮੇਖ਼ਤਨ:*** ਮਿਲਣਾ; ਮਿਲਾਉਣਾ; ਮਿਸ਼ਰਤ ਕਰਨਾ।

برآن‌دل ***ਬਰ-ਆਂ-ਦਿਲ,*** **برآن‌سر** ***ਬਰ-ਆਂ-ਸਰ:*** ਇਸ ਇਰਾਦੇ ਨਾਲ, ਏਹ ਸੋਚ ਕੇ।

برآوردن ***ਬਰ-ਆਵਰਦਨ:*** ਕੱਢਣਾ; ਬਾਹਰ ਕੱਢਣਾ; ਲਿਆਉਣਾ; ਉੱਤੇ ਚੜ੍ਹਾਉਣਾ; ਪਾਲਣਾ; ਨਕਲ ਕਰਨਾ।

برآویختن ***ਬਰ-ਆਵੇਖ਼ਤਨ*** : ਲਮਕਾਉਣਾ।

برانداختن ***ਬਰ-ਅੰਦਾਖ਼ਤਨ*** : ਹੇਠਾਂ ਸੁੱਟਣਾ; ਢਾਹ ਦੇਣਾ; ਉਜਾੜ ਦੇਣਾ; ਬਰਬਾਦ ਕਰਨਾ।

برباددادن‌جان ***ਬਰ ਬਾਦ ਦਾਦਨ-ਏ-ਜਾਨ*** : ਜਾਨ ਤਬਾਹ ਕਰਨਾ, ਮਾਰ ਦੇਣਾ।

بربادرفتن ***ਬਰ ਬਾਦ ਰਫ਼ਤਨ*** : ਤਬਾਹ ਹੋ ਜਾਣਾ, ਮਰ ਮਿਟ ਜਾਣਾ।

برپاشدن ***ਬਰ ਪਾ ਸ਼ੁਦਨ*** : ਕਾਇਮ ਹੋਣਾ; ਖੜ੍ਹਾ ਹੋਣਾ; ਉਤੇਜਤ ਹੋਣਾ।

برچیدن ***ਬਰਚੀਦਨ*** : ਚੁਣਨਾ; ਚੁਗਣਾ; ਦੂਰ ਕਰਨਾ; ਚੁੱਕ ਦੇਣਾ।

برخاستن ***ਬਰਖ਼ਾਸਤਨ*** : ਉੱਠਣਾ; ਅੱਡ ਕਰਨਾ; ਦੂਰ ਹੋਣਾ।

بردادن ***ਬਰ-ਦਾਦਨ***: ਛੱਡ ਦੇਣਾ, ਰਿਹਾ ਕਰ ਦੇਣਾ।

برداشتن ***ਬਰਦਾਸ਼ਤਨ*** : ਉਠਾਉਣਾ; ਅਖ਼ਤਿਆਰ ਕਰਨਾ; ਉੱਚਾ ਕਰਨਾ; ਸਵੀਕਾਰ ਕਰਨਾ; ਇਬਾਰਤ ਹਿਫ਼ਜ਼ ਕਰਨਾ।

برسرآمدن ***ਬਰ ਸਰ ਆਮਦਨ*** : ਗ਼ਾਲਬ ਆਉਣਾ; ਖ਼ਤਮ ਹੋਣਾ; ਮੁੱਕਣਾ; ਅਖ਼ੀਰ 'ਤੇ ਪੁਜਣਾ।

برسرخوردن ***ਬਰ ਸਰ ਖ਼ੁਰਦਨ*** : ਸਖ਼ਤੀ ਝੱਲਣਾ।

برسرکاررفتن ***ਬਰਸਰ-ਏ-ਕਾਰ ਰਫ਼ਤਨ*** : ਕੰਮ ਵਿਚ ਰੁੱਝਿਆ ਹੋਣਾ।

برسنگزدن ***ਬਰ ਸੰਗ ਜ਼ਦਨ*** : ਜ਼ਾਹਰ ਕਰ ਦੇਣਾ, ਕੈਹ ਦੇਣਾ।

برشدن ***ਬਰ-ਸ਼ੁਦਨ*** : ਉੱਚਾ ਹੋਣਾ; ਉਤਾਂਹ ਚੜ੍ਹਨਾ।

برشده ***ਬਰ-ਸ਼ੁਦਾ*** : ਉੱਚਾ ਉੱਠਿਆ, ਉਚਾਈ ਤੇ ਚੜ੍ਹਿਆ ਹੋਇਆ।

برطاقنهادن ***ਬਰ ਤਾਕ਼ ਨਿਹਾਦਨ*** : ਛੱਡ ਦੇਣਾ; ਤਰਕ ਕਰ ਦੇਣਾ।

برفروختن ***ਬਰ-ਫ਼ਰੋਖ਼ਤਨ*** : ਰੋਸ਼ਨ ਕਰਨਾ, ਜਗਾਉਣਾ।

برکردن ***ਬਰ-ਕਰਦਨ*** : ਬਾਹਰ ਕਰਨਾ; ਜ਼ਬਾਨੀ ਯਾਦ ਕਰਨਾ; ਉੱਚਾ ਕਰਨਾ; ਰੋਸ਼ਨ ਕਰਨਾ।

برکشیدن ***ਬਰ-ਕਸ਼ੀਦਨ*** : ਖਿੱਚਣਾ; ਤੋਲਣਾ; ਰੁਤਬਾ ਵਧਾਉਣਾ।

برگزیدن ***ਬਰ ਗੁਜ਼ੀਦਨ*** : ਚੁਣਨਾ; ਛਾਂਟਣਾ; ਪਸੰਦ ਕਰਨਾ।

برگزیده ***ਬਰ ਗੁਜ਼ੀਦਾ*** : ਚੁਣਿਆ ਹੋਇਆ; ਵਿਸ਼ੇਸ਼ਗ; ਬਜ਼ੁਰਗ; ਸਤਕਾਰਯੋਗ।

برگشته ***ਬਰ ਗਸ਼ਤਾ***: ਫਿਰਿਆ ਹੋਇਆ; ਬਾਗ਼ੀ; ਤਬਾਹ-ਹਾਲ।

برمحل ***ਬਰਮਹਲ*** : ਮੌਕੇ ਤੇ; ਸਮੇਂ ਸਿਰ; ਠੀਕ ਸਮੇਂ 'ਤੇ।

بر ***ਬੱਰ*** : ਖ਼ੁਸ਼ਕ ਜ਼ਮੀਨ; ਜੰਗਲ; ਮੇਹਰਬਾਨ; ਨੇਕ ਆਦਮੀ।

بر ***ਬਿੱਰ*** : ਨੇਕੀ; ਬਖ਼ਸ਼ਸ਼; ਏਹਸਾਨ।

بر ***ਬੁੱਰ*** : ਕਣਕ।

برابر ***ਬਰਾਬਰ*** : ਇਕ ਸਮਾਨ, ਇਕੋ ਜਿੰਨਾ; ਪੱਧਰਾ; ਸਾਮ੍ਹਣਾ; ਇਵਜ਼; ਬਦਲੇ; ਦੂਣਾ।

برات ***ਬਰਾਤ*** : ਹਿੱਸਾ; ਭਾਗ; ਓਹ ਪਰਵਾਨਾ ਜਾਂ ਪਰਵਾਨਗੀ ਪੱਤਰ ਜਿਸ ਦੇ ਅਧਾਰ ਤੇ ਖ਼ਜ਼ਾਨੇ 'ਚੋਂ ਰਕਮ ਪਰਾਪਤ ਕੀਤੀ ਜਾਂਦੀ ਹੈ।

برادر ***ਬਿਰਾਦਰ*** : ਭਰਾ, ਭਾਈ।

برادر اعیانی ***ਬਿਰਾਦਰ-ਏ-ਆਯਾਨੀ***, **برادر حقیقی** ***ਬਿਰਾਦਰ- ਏ-ਹਕ਼ੀਕ਼ੀ*** : ਸੱਕਾ ਭਰਾ; ਭਰਾ।

برادر اندر ***ਬਿਰਾਦਰ-ਅੰਦਰ*** : ਮਤੇਆ ਭਰਾ।

برادر رضاعی ***ਬਿਰਾਦਰ-ਏ-ਰਿਜ਼ਾਈ*** : ਇੱਕਠਾ ਦੁੱਧ ਪੀਣ ਵਾਲਾ; ਇਕੋ ਮਾਂ ਦਾ ਦੁੱਧ ਪੀਣ ਵਾਲਾ।

برادرانه ***ਬਿਰਾਦਰਾਨਾ*** : ਭਾਈ ਵਰਗਾ।

برادرپرور ***ਬਿਰਾਦਰ-ਪਰਵਰ***: ਭਰਾਵਾਂ ਦੀ ਪ੍ਰਿਤਪਾਲਨਾ ਕਰਨ ਵਾਲਾ; ਭਰਾਵਾਂ ਦਾ ਮੇਹਰਬਾਨ।

برادرزاده ***ਬਿਰਾਦਰਜ਼ਾਦਾ*** : ਭਰਾ ਦਾ ਪੁੱਤਰ; ਭਤੀਜਾ।

برادری ***ਬਿਰਾਦਰੀ*** : ਭਰੱਪਣ, ਭਾਈਚਾਰਾ, ਰਿਸ਼ਤੇਦਾਰੀ।

برادہ ***ਬੁਰਾਦਾ***: ਚਿਪਰਾਂ; ਛਿਲਤਰਾਂ; ਬੂਰਾ; ਚੂਰਾ।

برادہ آهن ***ਬੁਰਾਦਾ-ਏ-ਆਹਨ*** : ਲੋਹੇ ਦਾ ਚੂਰਾ।

برادہ ***ਬੁੱਰਾਦਾ***: ਪਾਣੀ ਠੰਢਾ ਕਰਨ ਦਾ ਬਰਤਨ।

براز ***ਬਰਾਜ਼***, **برازش** ***ਬਰਾਜ਼ਿਸ਼***: ਸਫ਼ਾ ਚੱਟ ਮੈਦਾਨ, ਓਹ ਮੈਦਾਨ ਜਿਥੇ ਕੋਈ ਦਰਖ਼ਤ ਨਾ ਹੋਵੇ; ਸਜਾਵਟ; ਸੰਵਾਰਨਾ; ਸ਼ਿੰਗਾਰਨਾ; ਸਜਧਜ; ਗੈਹਣਾ ਗੱਟਾ; ਬੇਨਤੀ।

برازنده ***ਬਰਾਜ਼ਿੰਦਾ***: ਭੜਕੀਲਾ, ਸਜੀਲਾ।

براش ***ਬਰਾਸ਼***, **براشی** ***ਬਰਾਸ਼ੀ***: ਝਰੀਟ;

ਖ਼ਰਾਸ਼; ਫੱਟ।

براق ***ਬੱਰਾਕ਼*** : ਚਮਕਦਾਰ; ਬਿਜਲੀ ਵਾਂਗ ਤੇਜ ਰਫ਼ਤਾਰ; ਹੁਸ਼ਿਆਰ; ਸਾਫ਼ ਸਫ਼ਾਈ।

براق ***ਬੁਰਾਕ਼*** : ਓਹ ਬਿਜਲੀ ਵਰਗਾ ਚਮਕੀਲਾ ਤੇ ਤੇਜ਼ ਜਾਨਵਰ (ਖੱਚਰ ਤੋਂ ਛੋਟਾ ਤੇ ਖੋਤੇ ਤੋਂ ਵੱਡਾ) ਜਿਸ ਉਪਰ ਸ਼ਬੇ-ਮਿਅਰਾਜ ਨੂੰ ਹਜ਼ਰਤ ਮੁਹੰਮਦ ਸਾਹਿਬ ਸਵਾਰ ਹੋ ਕੇ ਆਪਣੇ ਘਰ ਤੋਂ ਯੁਰੋਸ਼ਲਮ ਅਤੇ ਫੇਰ ਰੱਬ ਦੇ ਹਜ਼ੂਰ ਗਏ ਸਨ।

براقِجم ***ਬੁਰਾਕ਼-ਏ-ਜਮ***: ਓਹ ਹਵਾ ਜੇਹੜੀ ਹਜ਼ਰਤ ਸੁਲੇਮਾਨ ਦੇ ਤਖ਼ਤ ਨੂੰ ਉਡਾਈ ਲਈ ਫਿਰਦੀ ਸੀ।

براقِچهارمفلک ***ਬੁਰਾਕ਼-ਏ-ਚਹਾਰੁਮ ਫ਼ਲਕ***: ਸੂਰਜ।

براقِسلیمان ***ਬੁਰਾਕ਼-ਏ-ਸੁਲੇਮਾਨ*** : ਹਵਾ।

براقرفتار ***ਬੁਰਾਕ ਰਫ਼ਤਾਰ***: ਬੁਰਾਕ ਦੀ ਤੇਜ਼ ਚਾਲ ਵਰਗਾ; ਤੇਜ਼-ਚਾਲ।

برامکه ***ਬਰਾਮਿਕਾ***: (ਬਰਮਕ **برمک** ਦਾ ਬੌਹਵਚਨ, ਇਹ ਬਰਮਗ਼ ਦਾ ਅਰਬੀ ਰੂਪਾਂਤਰ ਹੈ) ਬਰਮਗ਼ ਮੁਗਾਂ (ਪਾਰਸੀਆਂ) ਦੇ ਰੂਹਾਨੀ ਸਰਦਾਰ ਨੂੰ ਕੈਂਹਦੇ ਹਨ। ਇਬਨ-ਏ-ਮੁਸਲਿਮ ਦਾ ਪੁੱਤਰ ਖ਼ਾਲਿਦ ਨੌਬਹਾਰ ਅਗਨੀ ਮੰਦਰ ਦੇ ਬਰਮਗ਼ ਦੀ ਬੇਟੀ ਦੀ ਕੁੱਖ ਤੋਂ ਪੈਦਾ ਹੋਇਆ। ਆਪਣੀ ਮਾਂ ਦੇ ਰਿਸ਼ਤੇ ਕਰਕੇ ਉਹ 'ਬਰਮਕੀ' ਨਾਮ ਨਾਲ ਮਸ਼ਹੂਰ ਹੋਇਆ ਅਤੇ ਬਗ਼ਦਾਦ ਦੇ ਖ਼ਲੀਫਾ ਮਨਸੂਰ-ਬਿਨ-ਸੱਫ਼ਾਹ ਦਾ ਵਜ਼ੀਰ ਨਿਯੁਕਤ ਹੋਇਆ। ਬਰਮਕੀ ਖ਼ਾਨਦਾਨ ਆਪਣੀ ਵਿਦਵਤਾ, ਸਖ਼ਾਵਤ, ਸ਼ਾਨਸ਼ੌਕਤ ਕਰਕੇ ਜਗਤ-ਪਰਸਿੱਧ ਹੋਇਆ; ਕਈ ਕੈਂਹਦੇ ਹਨ ਕਿ ਬਰਮਕ ਨੌਬਹਾਰ ਅਗਨੀ-ਮੰਦਰ ਤੇ ਮੁਖੀ ਦਾ ਹੀ ਨਾਮ ਸੀ ਜੋ ਪਿਛੋਂ ਮੁਸਲਮਾਨ ਹੋ ਗਿਆ ਤੇ ਉਸ ਦਾ ਪੁੱਤਰ ਖ਼ਾਲਿਦ ਬਗ਼ਦਾਦ ਦੇ ਖ਼ਲੀਫ਼ਾ ਦਾ ਵਜ਼ੀਰ ਬਣਿਆ।

بران ***ਬੁੱਰਾਨ***: ਚੀਰਨ ਵਾਲਾ, ਕੱਟਣ ਵਾਲਾ; ਤੇਜ਼, ਤਿੱਖਾ।

براه ***ਬਰਾਹ,*** **برراه** ***ਬਰ-ਰਾਹ,*** **بره** ***ਬਰਹ*** : ਵਾਹ ਵਾਹ; ਸੁੰਦਰ; ਸਜਿਆ ਹੋਇਆ; ਖ਼ੂਬੀ, ਸਜਾਵਟ।

براهام ***ਬਰਾਹਾਮ***: ਇਕ ਅਤ ਕੰਜੂਸ ਯਹੂਦੀ ਦਾ ਨਾਮ ਜੋ ਬਹਰਾਮ ਗੋਰ ਦੇ ਸਮੇਂ ਹੋਇਆ ਹੈ।

براهمه ***ਬਰਾਹਮਾ*** : (ਬਰਹਮਨ **برهمن** ਦਾ ਬੌਹਵਚਨ) ਪੰਡਤ, ਵਿਦਵਾਨ।

براهیم ***ਬਰਾਹੀਮ***: ਵੇਖੋ ਇਬਰਾਹੀਮ।

برائ ***ਬਰਾਯ*** : ਲਈ; ਵਾਸਤੇ।

برائادب ***ਬਰਾਯ-ਏ-ਅਦਬ*** : ਸਤਕਾਰ ਵਜੋਂ।

برائِخوداست ***ਬਰਾਯ-ਏ-ਖ਼ੁਦ ਅਸਤ*** : ਸਾਨੂੰ ਕੀ; ਕੋਈ ਕੁਝ ਹੀ ਹੋਵੇ, ਓਹ ਆਪਣੇ ਲਈ ਹੈ।

برائِنام ***ਬਰਾਯ-ਏ-ਨਾਮ*** : ਨਾਂਮਾਤਰ; ਮਮੂਲੀ; ਫ਼ਰਜ਼ੀ; ਦਿਖਾਵੇ ਲਈ।

برایه ***ਬਰਾਯਾ*** : ਕਾਰਨ, ਵਜ੍ਹਾ, ਹੀਲਾ, ਬਹਾਨਾ, ਦਲੀਲ।

برباد ***ਬਰਬਾਦ*** : ਤਬਾਹ; ਵੀਰਾਨ; ਖ਼ਰਾਬ, ਨਾਸ।

برباد دادن ***ਬਰਬਾਦ ਦਾਦਨ*** : ਤਬਾਹ ਕਰਨਾ; ਨਾਸ ਕਰ ਦੇਣਾ।

بربادرفتن ***ਬਰਬਾਦ ਰਫ਼ਤਨ*** : ਤਬਾਹ ਹੋਣਾ, ਮਿਟ ਜਾਣਾ।

بربادی ***ਬਰਬਾਦੀ***: ਤਬਾਹੀ; ਵੀਰਾਨੀ, ਉਜਾੜਾ।

بربار ***ਬਰਬਾਰ,*** **بربارا** ***ਬਰਬਾਰਾ*** : ਚੁਬਾਰਾ, ਉਪਰਲਾ ਕਮਰਾ।

بربر ***ਬਰਬਰ*** : ਹਬਸ਼ੀਆਂ ਦੇ ਇਕ ਮੁਲਕ ਦਾ ਨਾਮ, ਅਫ਼ਰੀਕਾ ਦੇ ਇਕ ਇਲਾਕੇ ਦਾ ਨਾਮ।

بربری ***ਬਰਬਰੀ*** : ਬਰਬਰ ਨਾਲ ਸਬੰਧਤ, ਬਰਬਰ ਦਾ।

بربریت ***ਬਰਬਰੀਯਤ*** : ਵੈਹਸ਼ੀਪਣ, ਜ਼ੁਲਮ, ਅਨਿਆਂ; ਬਰਬਸਤ, ਰਸਮ, ਵਿਧਾਨ; ਦਸਤੂਰ; ਕਨੂੰਨ।

بربستن ***ਬਰਬਸਤਨ*** : ਫ਼ਾਇਦਾ ਉਠਾਉਣਾ, ਲਾਭ ਪਰਾਪਤ ਕਰਨਾ; ਸਫ਼ਰ ਲਈ

ਤਿਆਰ ਹੋਣਾ।

بربسته ***ਬਰਬਸਤਾ*** : ਖੁਣਜੀ ਪਦਾਰਥ।

بربط ***ਬਰਬਤ਼*** : ਇਕ ਤਿਕੋਨੀ ਕਿਸਮ ਦਾ ਸਾਜ਼।

بربطنواز, بربطسرا ***ਬਰਬਤ਼-ਸਰਾ, ਬਰਬਤ਼-ਨਵਾਜ਼*** : ਬਰਬਤ ਸਾਜ਼ ਨੂੰ ਵਜਾਉਣ ਵਾਲਾ।

بربند ***ਬਰਬੰਦ***: ਔਰਤਾਂ ਦਾ ਸੀਨਾ-ਬੰਦ, ਅੰਗੀ।

برتاس ***ਬਰਤਾਸ*** : ਇਕ ਪੈਹਲਵਾਨ ਦਾ ਨਾਮ; ਤੁਰਕਿਸਤਾਨ ਵਿਚ ਇਕ ਇਲਾਕੇ ਦਾ ਨਾਮ ਜਿਥੋਂ ਦੀਆਂ ਖੱਲਾਂ ਮਸ਼ਹੂਰ ਹਨ; ਰੂਸ ਦੇ ਇਕ ਸ਼ੈਹਰ ਦਾ ਨਾਮ।

برتر ***ਬਰਤਰ*** : ਚੰਗੇਰਾ; ਉਚੇਰਾ; ਬੌਹਤ ਉੱਚਾ।

برترمنش ***ਬਰਤਰ-ਮਨਿਸ਼*** : ਬੜੀ ਉਚੀ ਮੱਤਬੁੱਧੀ ਵਾਲਾ।

برترین ***ਬਰਤਰੀਨ*** : ਸਭ ਤੋਂ ਚੰਗਾ, ਸਰਬੋਤਮ, ਸਰਵਸ਼ਰੇਸ਼ਟ।

برتکان ***ਬਰਤਕਾਨ*** : ਗੋਦੜੀ, ਭੂਰੀ, ਲੋਈ।

برج ***ਬੁਰਜ*** : ਗੁੰਬਦ, ਗੁਮਟੀ; ਕਿਲ੍ਹਾ; ਅਸਮਾਨ ਦਾ ਬਾਰ੍ਹਵਾਂ ਹਿੱਸਾ; ਬਾਰਾਂ ਬੁਰਜਾਂ ਵਿਚੋਂ ਕੋਈ ਇਕ ਬੁਰਜ; ਘੜੀ।

برج اولیا ***ਬੁਰਜ-ਏ-ਔਲੀਆ*** : ਬਗ਼ਦਾਦ; ਜਿੱਥੇ ਕਈ ਮਹਾਨ ਪੁਰਸ਼ਾਂ ਦੇ ਮਕਬਰੇ ਹਨ।

برج ثریا ***ਬੁਰਜ-ਏ-ਸੁੱਰਈਆ*** : ਇਕ ਬੁਰਜ ਦਾ ਨਾਮ; ਮਸ਼ੂਕ ਦਾ ਮੂੰਹ।

برج زہرمار ***ਬੁਰਜ-ਏ-ਜ਼ਹਰ ਮਾਰ*** : ਫ਼ਨੀਅਰ ਸੱਪ ਦਾ ਫ਼ਣ।

برج طرب ***ਬੁਰਜ-ਏ-ਤ਼ਰਬ*** : ਸੁਰਾਹੀ; ਪਿਆਲਾ।

برج کبوتر ***ਬੁਰਜ-ਏ-ਕਬੂਤਰ*** : ਕਬੂਤਰਾਂ ਲਈ ਬਣਾਏ ਹੋਏ ਡੱਬੇ; ਸ਼ਰਾਬ ਦਾ ਮਟਕਾ; ਕਬੂਤਰਖ਼ਾਨਾ।

برج مسیح ***ਬੁਰਜ-ਏ-ਮਸੀਹ*** : ਚੌਥਾ ਅਸਮਾਨ।

برجسته ***ਬਰਜਸਤਾ*** : ਠੀਕ, ਯੋਗ; ਚੁਸਤ; ਢੁਕਵਾਂ; ਤੋਹਫ਼ਾ, ਸੁਗ਼ਾਤ; ਭਰਿਆ ਹੋਇਆ, ਉਛਲਿਆ ਹੋਇਆ।

برچخ ***ਬਰਚਖ਼*** : ਛੋਟਾ ਨੇਜ਼ਾ।

برحق ***ਬਰਹ਼ਕ਼***: ਠੀਕ, ਸਹੀ, ਦਰੁਸਤ; ਸੱਚ।

برخ ***ਬਰਖ਼***: ਥੋੜ੍ਹਾ, ਕੁਝ ਕੁ; ਹਿੱਸਾ, ਭਾਗ, ਟੁਕੜਾ; ਘਰ, ਮਕਾਨ; ਇਮਾਰਤ; ਤਲਾਬ; ਬਿਜਲੀ; ਮੱਛੀ; ਕੁਰਬਾਨ, ਸਦਕੇ; ਤਰੇਲ; ਘਰ ਦਾ ਸਾਜ਼ ਸਮਾਨ।

برخاستن ***ਬਰਖ਼ਾਸਤਨ***: ਉਠਣਾ; ਅੱਡ ਹੋਣਾ; ਬਰਤਰਫ਼ ਹੋਣਾ, ਦੂਰ ਹੋਣਾ।

برخاست ***ਬਰ ਖ਼ਾਸਤ***: ਦੂਰ ਕੀਤਾ; ਉਠ ਗਿਆ; ਉਠਣਾ।

برخاستگی ***ਬਰਖ਼ਾਸਤਗੀ*** : ਮੌਕੂਫ਼ੀ; ਦੂਰ ਕੀਤਾ ਜਾਣਾ।

برخش ***ਬਰਖ਼ਸ਼*** : ਘੋੜੇ ਦੀ ਪਿੱਠ।

برخصت ***ਬ-ਰੁਖ਼ਸਤ*** : ਉਸ ਦੀ ਆਗਿਆ ਜਾਂ ਮਰਜ਼ੀ ਨਾਲ।

برخوابه ***ਬਰਖ਼ਾਬਾ*** : ਬਿਸਤਰਾ, ਵਿਛੌਣਾ; ਸੌਣ ਦੇ ਕੱਪੜੇ; ਬੀਵੀ, ਵੌਹਟੀ।

برخور, برخور ***ਬਰਖ਼ੁਰ, ਬਰਖ਼ੋਰ*** : ਫਲ ਖਾਣ ਵਾਲਾ; ਹਿੱਸਾ ਲੈਣ ਵਾਲਾ; ਸ਼ਾਨਸ਼ੌਕਤ; ਚੰਗੇ ਭਾਗ; ਰੋਜ਼ੀਨਾ, ਗੁਜ਼ਾਰਾ।

برخوردار ***ਬਰਖ਼ੁਰਦਾਰ*** : ਹਿੱਸਾ ਲੈ ਜਾਣ ਵਾਲਾ (ਬਰ= ਲੈ ਜਾ+ ਖ਼ੁਰ = ਖਾ +ਦਾਰ = ਰੱਖ), ਬੇਟਾ, ਅਜ਼ੀਜ਼; ਖ਼ੁਸ਼ਕਿਸਮਤ, ਭਾਗਾਂ ਵਾਲਾ।

برخورداری ***ਬਰਖ਼ੁਰਦਾਰੀ*** : ਗੁਜ਼ਾਰਾ; ਖ਼ੁਸ਼ੀ; ਪਰਸਿੱਧੀ; ਖ਼ੁਸ਼ਕਿਸਮਤੀ।

برخوردن ***ਬਰਖ਼ੁਰਦਨ*** : ਮਿਲਣਾ, ਕਿਸੇ ਨਾਲ ਮੁਲਾਕਾਤ ਹੋਣੀ; ਆਮ੍ਹਣੇ-ਸਾਮ੍ਹਣੇ ਮਿਲਣਾ।

برخی ***ਬਰਖ਼ੇ*** : ਥੋੜ੍ਹਾ ਕੁਝ, ਮਮੂਲੀ ਜੇਹਾ; ਹਿੱਸਾ, ਭਾਗ; ਸਦਕਾ; ਕੁਰਬਾਨੀ।

برخیا ***ਬਰਖ਼ੀਆ*** : ਹਜ਼ਰਤ ਸੁਲੇਮਾਨ ਦੇ ਵਜ਼ੀਰ ਆਸਿਫ਼ ਦੇ ਪਿਤਾ ਦਾ ਨਾਮ।

برد ***ਬੁਰਦ*** : ਲੈ ਗਿਆ; ਸ਼ਤਰੰਜ ਦੀ ਬਾਜ਼ੀ ਇਸ ਤਰ੍ਹਾਂ ਮਾਤ ਕਰਨੀ ਕਿ ਸ਼ਾਹ ਤੋਂ ਬਿਨਾ ਸਾਰੇ ਮੋਹਰੇ ਮਾਰੇ ਜਾਣ।

برد ***ਬੁਰਦ*** : ਧਾਰੀਦਾਰ ਕੱਪੜਾ; ਚਾਦਰ; ਚੋਲਾ, ਕਮੀਜ਼।

برِدِقلمی ***ਬੁਰਦ-ਏ-ਕਲਮੀ*** : ਇਕ ਪਰਕਾਰ ਦੀ ਚਾਦਰ ਜਿਸ ਉਤੇ ਕਲਮ ਦੀ ਮੁਟਾਈ ਜਿੱਡੀਆਂ ਧਾਰੀਆਂ ਹੁੰਦੀਆਂ ਹਨ ਜਾਂ ਜਿਸ ਚਾਦਰ ਉਤੇ ਕਸ਼ੀਦਾਕਾਰ ਬੇਲ ਬੂਟੇ ਕਲਮ ਨਾਲ ਵਾਹੁੰਦੇ ਹਨ।

بردِیمانی ***ਬੁਰਦ-ਏ-ਯਮਾਨੀ*** : ਯਮਨ ਦਾ ਧਾਰੀਦਾਰ ਕੱਪੜਾ।

بردارکشیدن ***ਬਰ ਦਾਰ ਕਸ਼ੀਦਨ*** : ਸੂਲੀ ਤੇ ਚੜ੍ਹਾਉਣਾ।

برداشت ***ਬਰਦਾਸ਼ਤ*** : ਸਹਾਰਣਾ, ਸੈਹਣਾ; ਉਠਾਉਣਾ; ਸੈਹਣਸ਼ਕਤੀ; ਸਵਾਰੀ; ਸਹਾਰਾ; ਬਿਆਨ; ਭਾਵਾਂ ਦਾ ਪਰਗਟਾ; ਸਬਰ; ਤਾਬ।

برداشته ***ਬਰਦਾਸ਼ਤਾ*** : ਚੁੱਕਿਆ ਹੋਇਆ, ਲਿਜਾਇਆ ਗਿਆ; ਉੱਚਾ (ਨਾਂ ਥਾਂ ਵਾਲਾ); ਭਗੌੜਾ; ਸ਼ਰਨਾਰਥੀ।

برداشتهخاطر ***ਬਰਦਾਸ਼ਤਾ ਖ਼ਾਤਿਰ*** : ਉਚਾਟ ਦਿਲ; ਪਰੇਸ਼ਾਨ।

برداغ ***ਬਰਦਾਗ਼*** : ਇਕ ਪਰਕਾਰ ਦਾ ਘਾਹ ਜੋ ਰੰਗਣ ਦੇ ਕੰਮ ਆਉਂਦਾ ਹੈ।

بردال ***ਬਰਦਾਲ*** : ਪਰਕਾਰ।

بردبار ***ਬੁਰਦਬਾਰ*** : ਬਰਦਾਸ਼ਤ ਕਰ ਲੈਣ ਵਾਲਾ; ਸੈਹਣਸ਼ੀਲ; ਸਬਰ ਕਰਨ ਵਾਲਾ; ਹਲੀਮ।

بردباری ***ਬੁਰਦਬਾਰੀ*** : ਸਬਰ, ਸੈਹਣਸ਼ੀਲਤਾ, ਹਲੀਮੀ।

بردر ***ਬਰਦਰ*** : ਉੱਤੇ, ਉਪਰ, ਦਰਵਾਜ਼ੇ 'ਤੇ।

بردرزدن ***ਬਰ ਦਰ ਜ਼ਦਨ*** : ਬਾਹਰ ਜਾਣਾ।

بردرِعرفانزدن ***ਬਰ ਦਰ-ਏ-ਇਰਫ਼ਾਨ ਜ਼ਦਨ*** : ਭੇਤ ਖੋਲ੍ਹਣਾ; ਪਰਦਾ ਲਾਹ ਦੇਣਾ; ਸੰਗ ਸ਼ਰਮ ਛੱਡ ਦੇਣਾ।

بردک ***ਬਰਦਕ*** : ਬੁਝਾਰਤ, ਪਹੇਲੀ।

بردوباخت ***ਬੁਰਦ-ਉ-ਬਾਖ਼ਤ*** : ਜਿੱਤ ਹਾਰ।

برده ***ਬਰਦਾ*** : ਗ਼ੁਲਾਮ, ਦਾਸ, ਕੈਦੀ; ਲੌਂਡੀ।

بردهفروش ***ਬਰਦਾ-ਫ਼ਰੋਸ਼*** : ਗ਼ੁਲਾਮ ਵੇਚਣ ਵਾਲਾ।

بردهفروشی ***ਬਰਦਾ-ਫ਼ਰੋਸ਼ੀ*** : ਗ਼ੁਲਾਮਾਂ ਨੂੰ ਵੇਚਣ ਦਾ ਕੰਮ।

بردیق ***ਬਰਦੀਕ*** : ਅਣਜਾਣ।

بردین ***ਬਰਦੀਨ*** : ਫੋਕ; ਰੈਂਹਦ ਖੂੰਦ; ਜੋ ਥੱਲੇ ਰੈਹ ਜਾਵੇ; ਤਲਛਟ।

برنغه ***ਬਰਜ਼ਗਾ*** : ਘੋੜੇ ਜਾਂ ਖੋਤੇ ਦਾ ਪਲਾਣ।

برز ***ਬਰਜ਼*** : ਬੀਜਿਆ ਹੋਇਆ ਖੇਤ; ਬੀਜ, ਬੀ; ਖੇਤੀਬਾੜੀ; ਸਜਾਵਟ; ਅਕਲਮੰਦ।

برزگر ***ਬਰਜ਼ਗਰ,*** برزاکار ***ਬਰਜ਼ਾਕਾਰ,*** برزگار ***ਬਰਜ਼ਗਾਰ,*** برزیگر ***ਬਰਜ਼ੀਗਰ*** : ਖੇਤੀ ਕਰਨ ਵਾਲਾ, ਕਿਸਾਨ, ਜ਼ਮੀਂਦਾਰ; ਕਾਸ਼ਤਕਾਰ।

برز ***ਬੁਰਜ਼***: ਉਚਾਈ, ਬਲੰਦੀ; ਕੱਦ ਕਾਠ; ਉਚਾ ਲੰਮਾ ਕੱਦ; ਸ਼ਾਨ ਸ਼ੌਕਤ; ਦਰਖ਼ਤ ਦਾ ਮੁੱਢ।

برزخ ***ਬਰਜ਼ਖ਼***: ਦੋ ਚੀਜ਼ਾਂ ਦੀ ਵਿਚਕਾਰਲੀ ਰੁਕਾਵਟ ਜਾਂ ਰੋਕ; ਬਹਿਸ਼ਤ ਤੇ ਦੋਜ਼ਖ਼ ਦੇ ਵਿਚਕਾਰਲੀ ਥਾਂ।

برزدن ***ਬਰਜ਼ਦਨ*** : ਬੇੜੀ ਦਾ ਕੰਢੇ ਤੇ ਲੱਗਣਾ; ਸਾਮ੍ਹਣੇ ਹੋਣਾ; ਬਰਾਬਰੀ ਕਰਨਾ; ਇਕ ਦੂਜੇ ਤੋਂ ਅੱਡ ਹੋਣਾ।

برزم ***ਬਰਜ਼ਮ*** : ਬਾਜ਼; ਨਖ਼ਰਾ; ਮਸ਼ੂਕ ਦੀ ਅਦਾ; ਆਮੂ ਨਦੀ ਦੇ ਕੰਢੇ ਤੇ ਸਥਿੱਤ ਇਕ ਕਿਲ੍ਹੇ ਦਾ ਨਾਮ।

برزن ***ਬਰਜ਼ਨ*** : ਘਰ; ਮਕਾਨ, ਗਲੀ, ਕੂਚਾ, ਮਹੱਲਾ।

برزین ***ਬਰਜ਼ੀਨ*** : ਜੰਗਲ; ਅੱਗ; ਇਕ ਅਗਨੀ-ਮੰਦਰ ਦਾ ਨਾਮ; ਪਾਰਸੀਆਂ ਦੀ ਇਕ ਧਾਰਮਕ ਪੁਸਤਕ ਦਾ ਨਾਮ; ਗਲੀ; ਕੂਚਾ।

برس ***ਬਰਸ*** : ਨਾਟੀ, ਲੱਕੜ ਦੀ ਓਹ ਗੁੱਲੀ ਜੇਹੜੀ ਊਠ ਦੇ ਨੱਕ ਵਿਚ ਪਾਉਂਦੇ ਹਨ; ਇਸੇ ਨਾਟੀ ਨਾਲ ਮੁਹਾਰ ਬੰਨ੍ਹੀ ਜਾਂਦੀ ਹੈ।

برسام برसाम: ਸੀਨੇ ਦੀ ਸੋਜ; ਇਕ ਪਰਸਿੱਧ ਬੀਮਾਰੀ ਦਾ ਨਾਮ; ਫੇਫੜਿਆਂ ਵਿਚ ਪਾਣੀ ਭਰ ਜਾਣਾ।

برسان ਬਰਸਾਨ, ਬਿਰਸਾਨ: ਅੰਗੂਰ ਦਾ ਕਾਲੇ ਰੰਗ ਦਾ ਸੁਗੰਧਮਈ ਸ਼ੀਰਾ; ਕਿਸੇ ਪੈਗ਼ੰਬਰ ਦੀ ਉੱਮਤ; ਇਕ ਧਰਮ ਦੇ ਅਨੁਯਾਈਆਂ ਦੀ ਜਮਾਤ।

برسم ਬਰਸਮ : ਇਕ ਦਰਖ਼ਤ ਦਾ ਨਾਮ ਜਿਸ ਦੀਆਂ ਟਾਹਣੀਆਂ ਦੀਆਂ ਗੁੱਲੀਆਂ ਅਗਨੀ-ਪੂਜ (ਪਾਰਸੀ) ਪੂਜਾ ਵੇਲੇ ਆਪਣੇ ਹੱਥ ਵਿਚ ਰਖਦੇ ਹਨ; ਵੱਖ ਵੱਖ ਕਿਸਮ ਦੀ ਪੂਜਾ ਲਈ ਏਹਨਾਂ ਪੋਰੀਆਂ ਦੀ ਗਿਣਤੀ ਵੀ ਵਧਦੀ ਘੱਟਦੀ ਰੈਂਹਦੀ ਹੈ।

برسم‌چین ਬਰਸਮ ਚੀਨ : ਬਰਸਮ ਦਰਖ਼ਤ ਨੂੰ ਕੱਟਣ ਵਾਲੀ ਕਰਦ ਜਿਸ ਦਾ ਦਸਤਾ ਵੀ ਲੋਹੇ ਦਾ ਹੁੰਦਾ ਹੈ।

برش ਬੁਰਿਸ਼ : ਕਟਣਾ; ਕਾਟ, ਫਾੜੀ; ਯੋਗਤਾ; ਹਿੰਮਤ।

برش ਬਰਸ਼ : ਖਾਹਸ਼, ਇੱਛਾ, ਆਰਜ਼ੂ।

برش ਬਿਰਸ਼, ਬਰਿਸ਼ : ਨਕੇਲ; ਮੁਹਾਰ।

براش ਬਰ-ਅਸ਼ : ਉਸ 'ਤੇ; ਉਸ ਦੀ ਛਾਤੀ।

برشکال ਬਰਸ਼ਕਾਲ, برشگال ਬਰਸ਼ਗਾਲ : ਬਰਸਾਤ ਦਾ ਮੌਸਮ।

برشمابا ਬਰਸ਼ੁਮਾ ਬਾਦ : ਤੁਹਾਡੇ 'ਤੇ ਲਾਜ਼ਮ ਹੈ; ਤੁਹਾਡੀ ਜ਼ੁੰਮੇਵਾਰੀ ਹੈ।

برطاس ਬਰਤ਼ਾਸ: ਤੁਰਕਿਸਤਾਨ ਦੇ ਇਕ ਸ਼ੈਹਰ ਦਾ ਨਾਮ।

برطبق ਬਰਤ਼ਬਕ਼ : ਮੁਤਾਬਕ, ਅਨੁਸਾਰ, ਅਨੁਕੂਲ।

برطرف ਬਰ ਤ਼ਰਫ਼ : ਅੱਡ, ਅਲੱਗ; ਕੰਮ ਤੋਂ ਹਟਿਆ ਹੋਇਆ; ਇਕ ਪਾਸੇ।

برطرف‌شدن ਬਰ ਤ਼ਰਫ਼ ਸ਼ੁਦਨ : ਅੱਲਗ ਹੋਣਾ; ਮੌਕੂਫ਼ ਹੋਣਾ; ਕੰਮ ਤੋਂ ਹਟਾਇਆ ਜਾਣਾ; ਦੂਰ ਹੋਣਾ।

برطرفی ਬਰਤ਼ਰਫ਼ੀ : ਮੌਕੂਫ਼ੀ; ਅਲੈਹਦਗੀ।

برطل ਬਰਤੁਲ, برطله ਬਰਤੁਲਾ : ਇਕ ਖ਼ਾਸ ਕਿਸਮ ਦੀ ਟੋਪੀ, ਟੋਪੀ।

برعکس ਬਰ ਅ਼ਕਸ : ਬਰਖ਼ਿਲਾਫ਼, ਉਲਟ।

برغ ਬਰਗ਼, برغاب ਬਰਗ਼ਾਬ : ਓਹ ਬੰਨ੍ਹ ਜੋ ਪਾਣੀ ਅੱਗੇ ਮਾਰਿਆ ਜਾਂਦਾ ਹੈ, ਬੰਨ੍ਹਾ।

برغو ਬੁਰਗ਼ੂ : ਓਹ ਸਿੰਗ ਜੋ ਅੰਦਰੋਂ ਖੋਖਲਾ ਹੋਵੇ ਤੇ ਜਿਸ ਨੂੰ ਫ਼ਕੀਰ ਵਜਾਉਂਦੇ ਹਨ, ਸਿੰਙੀ।

برف ਬਰਫ਼ : ਕੱਕਰ; ਜੰਮਿਆ ਹੋਇਆ ਪਾਣੀ; ਯਖ਼।

برفاب ਬਰਫ਼ਾਬ : ਬਰਫ਼ ਵਾਲਾ ਪਾਣੀ, ਠੰਢਾ ਪਾਣੀ।

برفدان ਬਰਫ਼ਦਾਨ : ਬਰਫ਼ ਦਾ ਘਰ; ਬਰਫ਼ ਰੱਖਣ ਦਾ ਪਾਤਰ।

برفناک ਬਰਫ਼ਨਾਕ : ਬਰਫ਼ੀਲਾ; ਬਰਫ਼ ਨਾਲ ਢਕਿਆ ਹੋਇਆ।

برفی ਬਰਫ਼ੀ : ਬਰਫ਼ ਵਾਲਾ; ਇਕ ਪਰਕਾਰ ਦੀ ਮਿਠਿਆਈ।

برفان ਬਰਫ਼ਾਨ : ਲੇਲੇ ਜਾਂ ਭੇਡੂ ਦੀ ਪਸ਼ਮ; ਚਮੜੇ ਦਾ ਕੁਰਤਾ।

برق ਬਰਕ਼ : ਅਸਮਾਨੀ ਬਿਜਲੀ; ਬਿਜਲੀ ਦੀ ਚਮਕ, ਤੇਜ਼।

برق‌برق‌زدن ਬਰਕ਼ ਬਰਕ ਜ਼ਦਨ : ਜਗਮਗਾਉਣਾ, ਜਗਮਗ ਜਗਮਗ ਕਰਨਾ।

برقِ‌تجلی ਬਰਕ਼-ਏ-ਤਜੱਲੀ : ਕੋਹਤੂਰ ਦੀ ਰੋਸ਼ਨੀ; ਖ਼ੁਦਾ ਦਾ ਨੂਰ।

برقِ‌جولان ਬਰਕ਼-ਏ-ਜੌਲਾਨ, برقِ معرکه ਬਰਕ਼-ਏ-ਮਅਰਕਾ : ਤੇਜ਼ ਚਾਲ ਘੋੜਾ।

برق‌خاطف ਬਰਕ-ਏ-ਖ਼ਾਤਿਫ਼ : ਉਮਰ, ਜ਼ਿੰਦਗੀ; ਤੇਜ਼ ਚਾਲ; ਚਮਕਣ ਵਾਲੀ ਬਿਜਲੀ।

برقِ‌خیال ਬਰਕ਼-ਏ-ਖ਼ਯਾਲ : ਤਿੱਖੀ ਸੂਝ ਵਾਲਾ ਆਦਮੀ, ਹੁਸ਼ਿਆਰ ਆਦਮੀ।

برقِ‌لشکر ਬਰਕ਼-ਏ-ਲਸ਼ਕਰ : ਤਲਵਾਰ, ਸ਼ਮਸ਼ੀਰ।

برق‌وزرق ਬਰਕ-ਉ-ਜ਼ਰਕ਼ : ਚਮਕ

ਦਮਕ।

برقِ وغا/هیجا ***ਬਰਕ-ਏ-ਵਗ਼ਾ/ਹੇਜਾ*** : ਲੜਾਈ ਦੇ ਹਥਿਆਰ।

برقرار ***ਬਰਕ਼ਰਾਰ*** : ਪੱਕਾ; ਠੋਸ; ਜੰਮਿਆ ਹੋਇਆ; ਸਥਿਤ; ਥਾਂ ਸਿਰ।

برقع ***ਬੁਰਕ਼ਅ*** : ਔਰਤਾਂ ਦਾ ਮੂੰਹ ਸਿਰ ਢਕਣ ਦਾ ਕੱਪੜਾ, ਰੂ-ਬੰਦ।

برقع پوش ***ਬੁਰਕ਼ਅ-ਪੋਸ਼*** : ਬੁਰਕਾ ਪੈਹਨਣ ਵਾਲੀ ਔਰਤ; ਪਰਦੇਦਾਰ ਔਰਤ।

برقعِ کحلی ***ਬੁਰਕ਼ਅ-ਏ-ਕੁਹ਼ਲੀ*** : ਰਾਤ।

برک ***ਬਰਕ*** : ਊਠ ਦੇ ਵਾਲਾਂ ਦਾ ਬਣਿਆ ਹੋਇਆ ਕੱਪੜਾ, ਊਨੀ ਕੱਪੜਾ।

برکت ***ਬਿਰਕਤ,*** **برکہ** ***ਬਿਰਕਾ*** : ਹੌਜ਼, ਚੱਬਚਾ।

برکت ***ਬਰਕਤ*** : ਬੌਹਤਾਤ; ਵਾਫ਼ਰ ਹੋਣਾ; ਨੇਕਬਖ਼ਤੀ; ਸੁਭਾਗ; ਬਖ਼ਸ਼ਸ਼।

برکات ***ਬਰਕਾਤ*** : ਬਰਕਤ ਦਾ ਬੌਹਵਚਨ।

برکہ ***ਬੁਰਕਾ*** : ਚਿੱਟੇ ਰੰਗ ਦੀ ਮੁਰਗਾਬੀ; ਆਟੇ ਦੀ ਪਿਸਾਈ।

برکی ***ਬਰਕੀ*** : ਉੱਚੀ ਲੰਮੀ ਟੋਪੀ ਜੋ ਦਰਵੇਸ਼ ਤੇ ਕਲੰਦਰ ਸਿਰ 'ਤੇ ਪੈਹਨਦੇ ਹਨ।

برگ ***ਬਰਗ*** : ਪੱਤਾ, ਵਰਕ, ਪੰਨਾ; ਜ਼ੀਨ ਤੋਂ ਛੁੱਟ ਘੋੜੇ ਦਾ ਬਾਕੀ ਸਮਾਨ, ਸਾਜ਼-ਸਮਾਨ, ਮਕਸਦ, ਸ਼ਕਤੀ, ਕਲੰਦਰਾਂ ਦਾ ਚੋਗ਼ਾ।

برگ بستن ***ਬਰਗ ਬਸਤਨ*** : ਪਾਨ ਦਾ ਬੀੜਾ ਬਣਾਉਣਾ, ਸਮਾਨ ਬੰਨ੍ਹਣਾ।

برگ بید ***ਬਰਗ-ਬੇਦ*** : ਇਕ ਪਰਕਾਰ ਦਾ ਤੀਰ ਜਿਸ ਦੀ ਸ਼ਕਲ ਬੈਂਤ ਦੇ ਪੱਤੇ ਵਰਗੀ ਹੁੰਦੀ ਹੈ; ਖੰਜਰ, ਤਲਵਾਰ।

برگ تنبول ***ਬਰਗ-ਏ-ਤੰਬੂਲ*** : ਪਾਨ ਦਾ ਪੱਤਾ।

برگِ چشم ***ਬਰਗ-ਏ-ਚਸ਼ਮ*** : ਅੱਖਾਂ ਦੇ ਪਪੋਟੇ, ਪਲਕਾਂ।

برگِ سبز ***ਬਰਗ-ਏ-ਸਬਜ਼*** : ਹਰਾ ਪੱਤਾ, ਫ਼ਕੀਰਾਂ ਤੇ ਗਰੀਬਾਂ ਦਾ ਤੋਹਫ਼ਾ।

برگ وبار ***ਬਰਗ-ਉ-ਬਾਰ,*** **برگ وساز** ***ਬਰਗ-ਉ-ਸਾਜ਼,*** **برگ ونوا** ***ਬਰਗ-ਉ-ਨਵਾ*** : ਅਸਬਾਬ, ਸਾਜ਼-ਸਮਾਨ; ਤੋਸ਼ਾ, ਖਾਣਾ।

برگرد ***ਬਰਗਿਰਦ*** : ਆਲੇ-ਦੁਆਲੇ।

برگرد گردیدن ***ਬਰਗਿਰਦ ਗਰਦੀਦਨ*** : ਕੁਰਬਾਨ ਜਾਣਾ, ਸਦਕੇ ਹੋਣਾ।

برگریز ***ਬਰਗ-ਰੇਜ਼,*** **برگریزاں** ***ਬਰਗਰੇਜ਼ਾਨ*** : ਪਤਝੜ ਦੀ ਰੁੱਤ, ਬੁਢਾਪਾ।

برگزیده ***ਬਰਗਜ਼ੀਦਾ*** : ਚੁਣਿਆ ਹੋਇਆ, ਵਡਿਆਈ ਵਾਲਾ।

برگس ***ਬਰਗਸ,*** **برگست** ***ਬਰਗਸਤ*** : ਰੱਬ ਨਾ ਕਰੇ, ਖ਼ੁਦਾ ਬਚਾਏ।

برگستان ***ਬਰਗੁਸਤਾਨ,*** **برگستوان** ***ਬਰਗੁਸਤੁਵਾਨ*** : ਘੋੜੇ ਦੀ ਧੌਣ, ਘੋੜੇ ਦੀ ਪਾਖਰ, ਲੜਾਈ 'ਚ ਘੋੜੇ ਨੂੰ ਪਾਉਣ ਵਾਲੀ ਲੋਹੇ ਦੀ ਪੁਸ਼ਾਕ ਜੋ ਜੰਗ ਵੇਲੇ ਲੜਨ ਵਾਲਾ ਵੀ ਪੈਹਨਦਾ ਹੈ ਤੇ ਘੋੜੇ ਨੂੰ ਵੀ ਪੈਹਨਾ ਦਿੰਦੇ ਹਨ, ਸੰਜੋਆ।

برگشتن ***ਬਰਗਸ਼ਤਨ*** : ਫਿਰ ਜਾਣਾ, ਹੁਕਮ ਨਾ ਮੰਨਣਾ, ਵਾਪਸ ਆਉਣਾ, ਪਰਤਣਾ।

برگشته ***ਬਰਗਸ਼ਤਾ*** : ਫਿਰਿਆ ਹੋਇਆ, ਜੋ ਮੂੰਹ ਮੋੜ ਗਿਆ ਹੋਵੇ, ਬਾਗ਼ੀ, ਆਕੀ; ਖ਼ਰਾਬ।

برگشته بخت ***ਬਰਗਸ਼ਤਾ-ਬਖ਼ਤ*** : ਬਦਨਸੀਬ, ਬਦਬਖ਼ਤ।

برمایه ***ਬਰਮਾਯਾ,*** **برمایون** ***ਬਰਮਾਯੂਨ*** : ਓਹ ਗਾਂ ਜਿਸ ਦੇ ਦੁੱਧ ਨਾਲ ਈਰਾਨ ਦਾ ਬਾਦਸ਼ਾਹ ਫ਼ਰੀਦੂਨ ਪਲਿਆ ਸੀ।

برمحل ***ਬਰਮਹਲ*** : ਮੌਕੇ 'ਤੇ, ਐਨ ਵਕਤ ਸਿਰ, ਚੰਗੇ ਵੇਲੇ, ਸਮੇਂ ਅਨੁਸਾਰ।

برمراد ***ਬਰ-ਮੁਰਾਦ*** : ਮਰਜ਼ੀ ਅਨੁਸਾਰ, ਆਪਣੀ ਇੱਛਾ ਅਨੁਸਾਰ।

برمغاز ***ਬਰਮਗ਼ਾਜ਼,*** **برمغازه** ***ਬਰਮਗ਼ਾਜ਼ਾ*** : ਉਜਰਤ ਤੋਂ ਵੱਧ ਦਿੱਤਾ ਗਿਆ ਇਨਾਮ, ਬਖ਼ਸ਼ਸ਼।

برمک ***ਬਰਮਕ*** : ਜਾਅਫ਼ਰ ਦਾ ਖ਼ਾਨਦਾਨੀ ਨਾਮ ਜਿਸ ਨੇ ਇਸ ਖ਼ਾਨਦਾਨ ਦੀ ਨੀਂਹ ਰੱਖੀ;

ਏਹ ਸਖ਼ਾਵਤ, ਵਿਦਵਤਾ ਤੇ ਨੇਕੀ ਲਈ ਪਰਸਿੱਧ ਸੀ।

برمکی ***ਬਰਮਕੀ*** : ਬਰਮਕ ਦੇ ਖ਼ਾਨਦਾਨ ਦਾ, ਨਾਇਕ, ਜੋਧਾ।

برملا ***ਬਰਮਲਾ*** : ਜ਼ਾਹਰਾ, ਸਭ ਦੇ ਸਾਮ੍ਹਣੇ, ਖੁਲ੍ਹਮ-ਖੁਲ੍ਹਾ।

برمو ***ਬਰਮੂ*, برمور *ਬਰਮੂਜ਼*** : ਉਮੀਦ; ਮੱਖੀ, ਸ਼ੈਹਦ ਦੀ ਮੱਖੀ।

برموده ***ਬਰਮੂਦਾ*** : ਚੀਜ਼, ਸ਼ੈ।

برمه ***ਬਰਮਾ*** : ਤਰਖਾਣ ਦਾ ਓਹ ਸੰਦ ਜਿਸ ਨਾਲ ਲੱਕੜ ਵਿਚ ਛੇਕ ਕਰਦਾ ਹੈ।

برنا ***ਬਰਨਾ*** : ਜਵਾਨ, ਗੱਭਰੂ; ਮੈਂਹਦੀ।

برنائی ***ਬਰਨਾਈ*** : ਜਵਾਨੀ।

برناس ***ਬਰਨਾਸ*** : ਬੇਖ਼ਬਰ, ਨਦਾਨ, ਗਾਫ਼ਲ; ਅਣਗੈਹਲੀ, ਨਦਾਨੀ।

برناک ***ਬਰਨਾਕ*** : ਮਸਖ਼ਰਾ, ਹਸਮੁਖ।

برنامه ***ਬਰਨਾਮਾ*** : ਸਰਨਾਂਵਾਂ; ਸੂਚੀ।

برنج ***ਬਿਰਿੰਜ*** : ਚਾਵਲ।

برنج زرد ***ਬਿਰਿੰਜ-ਏ-ਜ਼ਰਦ*** : ਜ਼ਰਦਾ, ਪਲਾ।

برنج ***ਬਿਰੰਜ*, برنج *ਬਿਰਿੰਜ*** : ਤਾਂਬਾ, ਪਿੱਤਲ, ਕਾਂਸੀ।

برنج مطلا ***ਬਿਰੰਜ-ਏ-ਮੁਤੱਲਾ*** : ਸੋਨੇ ਦਾ ਪਾਣੀ ਚੜ੍ਹਾਇਆ ਹੋਇਆ ਪਿੱਤਲ, ਮੁਲੰਮਾ ਕੀਤਾ ਪਿੱਤਲ।

برنجن ***ਬਰੰਜਨ*** : ਚਾਂਦੀ ਜਾਂ ਸੋਨੇ ਦਾ ਕੰਙਣ, ਬਾਜੂਬੰਦ।

برنجن پا ***ਬਰੰਜਨ-ਏ-ਪਾ*** : ਨੂਪੁਰ।

برنجن دست ***ਬਰੰਜਨਾ-ਏ-ਦਸਤ*** : ਕੰਙਣ, ਚੂੜੀਆਂ।

برنس ***ਬੁਰਨੁਸ*** : ਕਾਲੀ ਪਸ਼ਮ ਦਾ ਕੱਪੜਾ ਜੋ ਯਹੂਦੀ ਤੇ ਈਸਾਈ ਪਾਉਂਦੇ ਹਨ, ਕਦੀ ਏਹ ਚਿੱਟੀ ਪਸ਼ਮ ਦਾ ਵੀ ਹੁੰਦਾ ਹੈ; ਪਾਦਰੀਆਂ ਦੀ ਲੰਮੀ ਟੋਪੀ।

برنگار ***ਬੁਰਨਗਾਰ*** : ਲੜਾਈ ਸਮੇਂ ਬਾਦਸ਼ਾਹ ਦੇ ਸੱਜੇ ਹੱਥ ਦੀ ਫ਼ੌਜ।

برنگ ***ਬਰੰਗ*** : ਘੰਟੀ, ਟੱਲੀ, ਟੱਲ; ਕੁੰਜੀ, ਚਾਬੀ।

برنگ ***ਬੁਰੰਗ*** : ਜਮ੍ਹਾ ਕੀਤਾ, ਜ਼ਖ਼ੀਰਾ।

برنگ ***ਬੁਰੂੰਗ*** : ਦੱਖਣ ਦਾ ਇਲਾਕਾ ਜਿਥੋਂ ਦੱਖਣੀ ਧਰੂ ਤਾਰਾ ਨਜ਼ਰ ਆਉਂਦਾ ਹੈ।

برنهاد ***ਬਰਨਿਹਾਦ*** : ਕਨੂੰਨ, ਰਸਮ, ਰਿਵਾਜ, ਆਦਤ।

برنهادن ***ਬਰਨਿਹਾਦਨ*** : ਇਕ ਅਸੂਲ 'ਤੇ ਸੈਹਮਤ ਹੋਣਾ।

برنی ***ਬਰਨੀ*** : ਛੋਟਾ ਮਰਤਬਾਨ।

برو ***ਬਰੂ*** : (ਆਬਰੂ **آبرو** ਦਾ ਸੰਖਿਪਤ ਰੂਪ) ਇੱਜ਼ਤ, ਆਬਰੂ।

برنیش ***ਬੁਰਨੇਸ਼*** : ਪੇਚਸ਼, ਮਰੋੜ।

برو ***ਬੁਰੂ*** : (ਬੁਰੂਤ **بروت** ਦਾ ਸੰਖਿਪਤ ਰੂਪ) ਮੁੱਛਾਂ।

برو ***ਬਰੂ*** : (ਅਬਰੂ **ابرو** ਦਾ ਸੰਖਿਪਤ ਰੂਪ) ਭਰਵੱਟੇ।

برو ***ਬਰੂ*** : (= 'ਬਰ+ਉ') ਉਸ ਉੱਤੇ।

بروار ***ਬਰਵਾਰ*, بروارا *ਬਰਵਾਰਾ*** : ਤੈਹਖ਼ਾਨਾ, ਸਰਦਖ਼ਾਨਾ, ਗਰਮੀਆਂ ਦਾ ਠੰਢਾ ਮਕਾਨ; ਚੁਬਾਰਾ, ਬਾਲਾਖ਼ਾਨਾ; ਖਿੜਕੀ।

برواز ***ਬਰਵਾਜ਼*** : ਅਰਾਮ-ਘਰ, ਠੈਹਰਨ ਦੀ ਥਾਂ, ਚੌਖਟਾ।

بروت ***ਬੁਰੂਤ*** : ਮੁੱਛਾਂ।

بروج ***ਬੁਰੂਜ*** : (ਬੁਰਜ **برج** ਦਾ ਬੌਹਵਚਨ) ਅਸਮਾਨ ਦੇ ਘਰ, ਰਾਸ਼ੀਆਂ, ਗਰੈਹ, ਨਛੱਤਰ; ਕਿਲ੍ਹੇ, ਗੁੰਬਜ।

بروج غرور ***ਬੁਰੂਜ-ਏ-ਗ਼ਰੂਰ*** : ਮਗ਼ਰੂਰਾਂ ਦੇ ਦਿਮਾਗ਼।

برودت ***ਬੁਰੂਦਤ*** : ਠੰਢਕ, ਠੰਢ, ਸਰਦੀ।

بروز ***ਬਰਵਜ਼*** : ਸੰਜਾਫ਼, ਮਗਜ਼ੀ, ਗੋਟ।

بروز ***ਬੁਰੂਜ਼*** : ਬਾਹਰ ਨਿਕਲਣਾ, ਜ਼ਾਹਰ ਹੋਣਾ।

برو فرودا ***ਬਰ-ਉ-ਫ਼ਿਰੋਦਾ*** : ਉਚਾਈ-ਨਿਵਾਈ, ਉਤਰਾ-ਚੜ੍ਹਾ।

بروفه ***ਬਰੂਫ਼ਾ*** : ਲੱਕ ਉਦਾਲੇ ਬੰਨ੍ਹਣ ਵਾਲਾ ਪਟਕਾ।

بروقت ***ਬਰ ਵਕ਼ਤ*** : ਸਮੇਂ ਤੇ, ਠੀਕ ਸਮੇਂ ਸਿਰ।

برومند ***ਬਰੋਮੰਦ*** : ਫਲਦਾਰ, ਸੁਭਾਗਾ, ਖ਼ੁਸ਼, ਪਰਸੰਨ; ਸ਼ਕਤੀਸ਼ਾਲੀ।

برون ***ਬਿਰੂਨ***, بیرون ***ਬੇਰੂਨ*** : ਬਾਹਰ।

برون‌افگن ***ਬਿਰੂਨ-ਅਫ਼ਗਨ*** : ਓਹ ਘੋੜਾ ਜਿਸ ਨੂੰ ਸਫ਼ਰ ਵਾਸਤੇ ਬਾਹਰ ਕੱਢ ਲਿਆ ਹੋਵੇ।

برون‌سرا ***ਬਿਰੂਨ-ਸਰਾ*** : ਓਹ ਸਿੱਕਾ ਜੇਹੜਾ ਟਕਸਾਲ ਤੋਂ ਬਾਹਰ ਕਿਸੇ ਥਾਂ ਬਣਾਇਆ ਗਿਆ ਹੋਵੇ।

برونده ***ਬਰਵੰਦਾ*** : ਟੋਕਰਾ।

بره ***ਬਰਾ*** : ਬਰਾ, ਮੇਮਣਾ, ਲੇਲਾ; ਇਕ ਰਾਸ਼ੀ, ਅਸਮਾਨੀ ਬੁਰਜ।

بره ***ਬੱਰਾ*** : (ਅਬਰਹ ابره ਦਾ ਸੰਖਿਪਤ ਰੂਪ) ਅਸਤਰ, ਅੰਦਰਲੀ ਤੈਹ।

بره ***ਬਰਾ*** : (ਅਬਰਾਹ ابراه ਦਾ ਸੰਖਿਪਤ ਰੂਪ) ਸੋਹਣਾ, ਖ਼ੂਬ ਸੁੰਦਰ।

برهان ***ਬੁਰਹਾਨ*** : ਸਬੂਤ, ਪੱਕੀ ਦਲੀਲ।

برهانِ‌قاطع ***ਬੁਰਹਾਨ-ਏ-ਕ਼ਾਤ਼ਿਅ*** : ਕਾਟਵੀਂ ਦਲੀਲ, ਪੱਕੀ ਦਲੀਲ; ਫ਼ਾਰਸੀ ਭਾਸ਼ਾ ਦੇ ਇਕ ਕੋਸ਼ ਦਾ ਨਾਮ।

برهانِ‌مسیح ***ਬੁਰਹਾਨ-ਏ-ਮਸੀਹ਼*** : ਮੁਰਦੇ ਨੂੰ ਜ਼ਿੰਦਾ ਕਰਨਾ।

برهم ***ਬਰਹਮ*** : ਗੁੱਸੇ, ਨਰਾਜ਼; ਵਿਗੜਿਆ ਹੋਇਆ, ਉਲਟ-ਪੁਲਟ।

برهم‌خوردن ***ਬਰਹਮ ਖ਼ੁਰਦਨ*** : ਵਿਗੜ ਜਾਣਾ, ਤਿੱਤਰ-ਬਿੱਤਰ ਹੋਣਾ, ਉਲਟ-ਪੁਲਟ ਹੋਣਾ, ਬਰਬਾਦ ਹੋਣਾ।

برهم‌زدن ***ਬਰਹਮ ਜ਼ਦਨ*** : ਉਲਟ-ਪੁਲਟ ਕਰਨਾ, ਖਿੰਡਾਉਣਾ; ਤਿੱਤਰ-ਬਿੱਤਰ ਕਰਨਾ; ਪਰੇਸ਼ਾਨ ਕਰਨਾ; ਵਿਗਾੜ ਦੇਣਾ।

برهمن ***ਬਰਹਮਨ*** : ਹਿੰਦੂਆਂ ਦੀ ਉੱਤਮ ਸ਼ਰੇਣੀ, ਬਰਾਹਮਣ।

برهنه ***ਬਰਹਨਾ*** : ਨੰਗਾ, ਖ਼ਾਲੀ, ਛੜਾ, ਖੁਲ੍ਹਿਆ ਹੋਇਆ।

برهنه‌گو ***ਬਰਹਨਾਗੋ*** : ਮੂੰਹ-ਫੱਟ, ਖਰੀ ਖਰੀ ਕੈਹਣ ਵਾਲਾ।

برهنگی ***ਬਰਹਨਗੀ*** : ਨੰਗਾਪਣ, ਨੰਗੇਜ।

برهون ***ਬਰਹੂਨ*** : ਸਜਾਵਟ, ਸ਼ਿੰਗਾਰ; ਦਾਇਰਾ, ਕਮਰਬੰਦ, ਸਾਬਣ।

برهوه ***ਬਰਹੋਹ*** : ਸਾਬਣ।

بری ***ਬਰੀ*** : ਨਿਰਦੋਸ਼, ਪਾਕ, ਸਾਫ਼; ਅੱਲਗ, ਅੱਡ; ਅਜ਼ਾਦ।

بری‌الذمه ***ਬਰੀ-ਉਜ਼-ਜ਼ਿੱਮਾ*** : ਜ਼ੁੰਮੇਵਾਰੀ ਤੋਂ ਮੁਕਤ, ਜਿਸ ਤੇ ਕੋਈ ਜ਼ੁੰਮੇਵਾਰੀ ਨਾ ਹੋਵੇ।

بری ***ਬੱਰੀ*** : (ਬਹਰੀ بحری ਦੇ ਉਲਟ) ਥਲ ਦਾ, ਖੁਸ਼ਕੀ ਦਾ; ਜੰਗਲੀ।

بریان ***ਬਿਰਯਾਨ*** : ਭੁੱਜਾ ਹੋਇਆ, ਭੁੰਨਿਆ ਹੋਇਆ।

بریانی ***ਬਿਰਯਾਨੀ*** : ਨਮਕੀਨ ਪਲਾ ਦੀ ਇਕ ਕਿਸਮ ਜਿਸ ਵਿਚ ਗੋਸ਼ਤ ਭੁੰਨ ਕੇ ਪਾਇਆ ਜਾਂਦਾ ਹੈ।

بریجن ***ਬਰੀਜਨ***, بریزن ***ਬਰੀਜ਼ਨ*** : ਤੰਦੂਰ, ਭੱਠੀ, ਅੰਗੀਠੀ; ਮਿੱਟੀ ਦਾ ਤਵਾ।

برید ***ਬਰੀਦ*** : ਸਨੇਹਾ ਲੈ ਜਾਣ ਵਾਲਾ, ਦੂਤ, ਹਰਕਾਰਾ; ਡਾਕੀਆ।

بریدِفلک ***ਬਰੀਦ-ਏ-ਫ਼ਲਕ*** : ਚੰਦ; ਮੰਗਲ ਸਤਾਰਾ।

بریده ***ਬੁਰੀਦਾ*** : ਕੱਟਿਆ ਹੋਇਆ, ਨਿਸਚਤ, ਜਿਸ ਦਾ ਨਿਰਣਾ ਹੋ ਚੁੱਕਾ ਹੋਵੇ।

بریده‌زبان ***ਬੁਰੀਦਾ-ਜ਼ਬਾਨ*** : ਚੁੱਪ, ਖ਼ਮੋਸ਼, ਚੁੱਪ ਰੈਹਣ ਵਾਲਾ।

بریش ***ਬਰੀਸ਼*** : (ਅਬਰੀਸ਼ਮ ابریشم ਦਾ ਸੰਖਿਪਤ ਰੂਪ) ਰੇਸ਼ਮ।

بریشم ***ਬਰੀਸ਼ਮ*** : ਰੇਸ਼ਮ।

بریشم‌گر ***ਬਰੀਸ਼ਮ-ਗਰ*** : ਰੇਸ਼ਮ ਬਣਾਉਣ ਵਾਲਾ।

بریں ***ਬਰੀਂ*** : (= ਬਰ+ ਈਂ برایں) ਇਸ ਉਤੇ, ਉਪਰ; ਸਰਬੋਤਮ, ਬੌਹਤ ਉਚਾ; ਮੋਰੀ, ਛੇਕ; ਹਮੇਸ਼ਾ ਰੈਹਣ ਵਾਲਾ; ਮੁੱਖ ਭਾਗ; ਇਕ ਅਗਨੀ-ਮੰਦਰ ਦਾ ਨਾਮ।

بریں‌فرهنگ **ਬਰੀਂ ਫ਼ਰਹੰਗ** : ਅਧਿਆਤਮਕ ਸਿੱਖਿਆ ਦੀ ਇਕ ਰਚਨਾ।

برین **ਬੁਰੀਨ** : ਖ਼ਰਬੂਜ਼ੇ ਜਾਂ ਤਰਬੂਜ਼ ਦੀ ਫਾੜੀ।

بز **ਬਜ਼** : ਕੱਪੜਾ, ਪੂੰਜੀ, ਘਰੇਲੂ ਸਮਾਨ; ਦਸਤੂਰ, ਸਿੱਧਾਂਤ, ਰਸਮ; ਸ਼ਰੀਯਤ।

بز **ਬੁਜ਼** : ਭੇਡ, ਬੱਕਰੀ; ਇਕ ਰਾਸ਼ੀ; ਮਸਖ਼ਰਾ।

بزباز **ਬੁਜ਼ਬਾਜ਼** : ਬੱਕਰੇ ਤੇ ਬਾਂਦਰ ਨਚਾਉਣ ਵਾਲਾ, ਕਲੰਦਰ।

بزدل **ਬੁਜ਼ਦਿਲ** : ਡਰਾਕਲ, ਕਾਇਰ।

بزدلی **ਬੁਜ਼ਦਿਲੀ** : ਡਰਾਕਲਤਾ, ਕਾਇਰਤਾ।

بزقدم **ਬੁਜ਼ ਕਦਮ** : ਕਮਜ਼ੋਰ, ਬੌਹਤ ਹੌਲੀ ਚੱਲਣ ਵਾਲਾ।

بزقندی **ਬੁਜ਼ਕੰਦੀ** : ਮਦਾਰੀ ਦਾ ਬੱਕਰਾ।

بزکوهی **ਬੁਜ਼-ਏ-ਕੋਹੀ** : ਜੰਗਲੀ ਬੱਕਰੀ, ਪਹਾੜੀ ਬੱਕਰੀ।

بزگر **ਬੁਜ਼ਗਰ** : ਭੇਡੂ ਲੜਾਉਣ ਵਾਲਾ।

بزگیری **ਬੁਜ਼ਗੀਰੀ** : ਚੋਰੀ, ਫ਼ਰੇਬ, ਹੀਲਾ।

بز **ਬਿਜ਼** : ਡੇਮੂੰ, ਧਮੂੜੀ।

بزاز **ਬੱਜ਼ਾਜ਼** : ਕੱਪੜਾ ਵੇਚਣ ਵਾਲਾ।

بزرجمهر **ਬੁਜ਼ੁਰਜਮਿਹਰ** : (ਬੁਜ਼ੁਰਗ ਮਿਹਰ بزرگمهر ਦਾ ਅਰਬੀ ਰੂਪਾਂਤਰ), ਨੌਸ਼ੀਰਵਾਨ ਦੇ ਪਰਧਾਨ-ਮੰਤਰੀ ਦਾ ਨਾਮ ਜੋ ਬੌਹਤ ਸਿਆਣਾ ਸੀ।

بزرگ **ਬੁਜ਼ੁਰਗ** : ਵੱਡਾ, ਬੜੇ ਲਿਹਾਜ਼ ਵਾਲਾ, ਸਤਕਾਰਯੋਗ; ਪੁਰਾਣਾ; ਇਕ ਰਾਗ ਦਾ ਨਾਮ, ਰਾਗ ਦੀ ਇਕ ਸੁਰ।

بزرگامید **ਬੁਜ਼ੁਰਗ-ਉਮੈਦ** : ਇਕ ਵਿਦਵਾਨ ਦਾ ਨਾਮ ਜੋ ਨੌਸ਼ੀਰਵਾਨ ਦੇ ਪੋਤਰੇ ਖ਼ੁਸਰੋ ਪਰਵੇਜ਼ ਦਾ ਉਸਤਾਦ ਸੀ।

بزرگمهر **ਬੁਜ਼ੁਰਗਮਿਹਰ** : ਵੇਖੋ ਬੁਜ਼ੁਰਜਮਿਹਰ।

بزرگوار **ਬੁਜ਼ੁਰਗਵਾਰ** : ਵੱਡਾ, ਸਤਕਾਰਯੋਗ।

بزشک **ਬਜ਼ਸ਼ਕ** : (= ਪਜ਼ਸ਼ਕ پزشک), ਤਬੀਬ, ਹਕੀਮ, ਵੈਦ।

بزشم **ਬੁਜ਼ਸ਼ਮ** : ਨਰਮ ਪਸ਼ਮ ਜਿਸ ਦੇ ਸ਼ਾਲ ਬਣਦੇ ਹਨ, ਪਸ਼ਮੀਨਾ।

بزغاله **ਬੁਜ਼ਗ਼ਾਲਾ** : ਬੱਕਰੀ ਦਾ ਬੱਚਾ, ਮੇਮਣਾ।

بزل **ਬੁਜ਼ਲ** : ਬੱਕਰੀ, ਭੇਡ।

بزل **ਬਜ਼ਲ** : ਸਖ਼ਤੀ, ਸ਼ਿੱਦਤ।

بزله **ਬਜ਼ਲਾ** : ਮਿੱਠਾ, ਨਰਮ, ਸੁਆਦਲੀ ਗੱਲ, ਵਿਅੰਗਮਈ ਗੱਲ।

بزم **ਬਜ਼ਮ** : ਮਜਲਸ, ਸਭਾ, ਜਸ਼ਨ।

بزم‌آرا **ਬਜ਼ਮ-ਆਰਾ,** بزم‌افروز **ਬਜ਼ਮ-ਅਫ਼ਰੋਜ਼** : ਸਭਾਪਤੀ, ਪਰਧਾਨ-ਸਭਾ।

بزم‌دیگر **ਬਜ਼ਮ-ਏ-ਦੀਗਰ** : ਸਿਕੰਦਰਨਾਮਾ ਬਹਰੀ ਤੋਂ ਭਾਵ ਹੈ।

بزم‌سازکردن **ਬਜ਼ਮਸਾਜ਼ ਕਰਦਨ** : ਦਰਬਾਰ ਲਾਉਣਾ, ਮੈਹਫ਼ਲ ਸਜਾਉਣਾ।

بزم‌سنگین **ਬਜ਼ਮ-ਏ-ਸੰਗੀਨ** : ਬੌਹਤ ਵੱਡੀ ਸਭਾ, ਅਜੇਹੀ ਮਜਲਸ ਜਿਸ ਵਿਚ ਬੌਹਤ ਸਾਰੇ ਆਦਮੀ ਹੋਣ।

بزم‌فحام **ਬਜ਼ਮ-ਏ-ਫ਼ਹਾਮ** : ਜਗਤ।

بزمگاه **ਬਜ਼ਮਗਾਹ** : ਮਜਲਸ ਦੀ ਥਾਂ।

بزمه **ਬਜ਼ਮਾ** : ਮਜਲਸ ਦੀ ਇਕ ਨੁੱਕਰ, ਛੋਟੀ ਮੈਹਫ਼ਲ; ਸ਼ਰਾਬ ਦੀ ਮੈਹਫ਼ਲ।

بزن‌بهادر **ਬਿਜ਼ਨ ਬਹਾਦੁਰ** : ਬੜਾ ਦਲੇਰ, ਬੜਾ ਬਹਾਦਰ।

بزنگاه **ਬਿਜ਼ਨਗਾਹ** : ਖ਼ਤਰੇ ਦੀ ਥਾਂ, ਜਿੱਥੇ ਡਾਕੂਆਂ ਦਾ ਡਰ ਹੋਵੇ।

بزونه **ਬਜ਼ੂਨਾ** : ਗੋਡਾ, ਘੁਟਨਾ।

بزه **ਬਜ਼ਾ** : ਗਲਤੀ, ਭੁੱਲ, ਦੋਸ਼, ਪਾਪ; ਜ਼ੁਲਮ, ਵਧੀਕੀ; ਬਦਨਸੀਬ, ਅਭਾਗਾ; ਸੂਮ।

بزه‌کار **ਬਜ਼ਾਕਾਰ,** بزه‌گار ਬਜ਼ਾਗਾਰ : ਗੁਨਾਹਗਾਰ, ਕਸੂਰਵਾਰ, ਦੋਸ਼ੀ, ਪਾਪੀ।

بس **ਬਸ** : ਬੌਹਤ, ਕਾਫ਼ੀ, ਵਧੇਰਾ; ਸਿਰਫ਼, ਕੇਵਲ; ਨਿਰਸੰਦੇਹ, ਬਿਲਕੁਲ ਠੀਕ; ਵਾਂਗ, ਵਰਗਾ।

بسا ***ਬਸਾ*** : ਬੌਹਤ ਸਾਰੇ, ਕਿੰਨੇ ਹੀ; ਅਕਸਰ, ਆਮ ਤੌਰ ਤੇ; ਈਰਾਨ ਦੇ ਇਕ ਸ਼ੈਹਰ ਦਾ ਨਾਮ।

بس‌جسته ***ਬਸ ਜੁਸਤਾ*** : ਜਿਸ ਦੀ ਬੌਹਤ ਭਾਲ ਹੋਵੇ।

بس‌خاسته ***ਬਸ ਖ਼ਾਸਤਾ*** : ਮਸ਼ੂਕ, ਮੈਹਬੂਬ, ਜਿਸ ਦੀ ਬੌਹਤ ਚਾਹ ਹੋਵੇ।

بس ***ਬਸ*** : ਕਬਾਬ ਬਣਾਉਣ ਦੀ ਸੀਖ਼; ਬੋਸਾ, ਚੁੰਮਣ; ਥੁੱਕ।

بساتین ***ਬਸਾਤੀਨ*** : (ਬੁਸਤਾਨ بستان ਦਾ ਬੌਹਵਚਨ) ਬਾਗ਼ ਬਗ਼ੀਚੇ।

بسارده ***ਬਸਾਰਦਾ, ਬਿਸਾਰਦਾ*** : ਪਾਣੀ ਦਿੱਤਾ ਹੋਇਆ ਖੇਤ; ਸਿੰਜਿਆ ਹੋਇਆ ਖੇਤ, ਵਾਹਿਆ ਹੋਇਆ ਖੇਤ।

بساره ***ਬਸਾਰਾ*** : ਦਲਾਨ, ਵੇਹੜਾ; ਮੈਹਲ, ਰਾਜ ਭਵਨ; ਬਰਾਂਡਾ, ਡਿਉਢੀ।

بساره ***ਬਿਸਾਰਾ*** : ਇਕ ਕਿਤਾਬ ਦਾ ਨਾਮ।

بساط ***ਬਿਸਾੜ*** : ਫ਼ਰਸ਼, ਚਟਾਈ, ਵਿਛੌਣਾ; ਦਸਤਰਖ਼੍ਵਾਨ, ਚਮੜੇ ਦਾ ਦਸਤਰਖ਼੍ਵਾਨ; ਸਰਮਾਇਆ, ਪੂੰਜੀ, ਰਾਸ; ਸ਼ਤਰੰਜ ਤੇ ਚੌਸਰ ਦਾ ਕੱਪੜਾ ਜਾਂ ਤਖ਼ਤਾ; ਹੌਂਸਲਾ, ਹਿੰਮਤ, ਤਾਕਤ, ਔਕਾਤ, ਬਲ; ਰੇਸ਼ਮੀ ਕੱਪੜਾ ਜਿਸ ਉਤੇ ਜੌਹਰੀ ਹੀਰੇ ਜਵਾਹਰਾਤ ਰੱਖ ਕੇ ਵਿਖਾਉਂਦੇ ਹਨ; ਘਰੇਲੂ ਸਮਾਨ।

بساط‌آرای ***ਬਿਸਾੜ-ਆਰਾਯ*** : ਸਤਕਾਰ ਵਾਲਾ, ਸਭਾਪਤੀ।

بساط‌افگن ***ਬਿਸਾੜ-ਅਫ਼ਗਨ*** : ਝਾੜੂ ਦੇਣ ਵਾਲਾ, ਫ਼ਰਸ਼ ਸਾਫ਼ ਕਰਨ ਵਾਲਾ।

بساطخانه ***ਬਿਸਾੜ-ਖ਼ਾਨਾ*** : ਘਰ ਦਾ ਮਾਲ-ਅਸਬਾਬ ਰੱਖਣ ਦਾ ਕਮਰਾ।

بساطی ***ਬਿਸਾੜੀ*** : ਮੁਨਿਆਰੀ ਵੇਚਣ ਵਾਲਾ।

بساطِخانه ***ਬਿਸਾੜ-ਏ-ਖ਼ਾਨਾ*** : ਘਰ ਦਾ ਮਾਲ-ਅਸਬਾਬ, ਘਰੇਲੂ ਸਮਾਨ।

بساک ***ਬਸਾਕ*** : ਫੁੱਲਾਂ ਦਾ ਹਾਰ, ਪੁਸ਼ਪ-ਮਾਲਾ, ਫੁੱਲਾਂ ਦਾ ਤਾਜ ਜੋ ਸ਼ਾਦੀ ਦੇ ਦਿਨ ਸਿਰ ਤੇ ਰੱਖਿਆ ਜਾਂਦਾ ਹੈ।

بسالت ***ਬਸਾਲਤ*** : ਬਹਾਦਰੀ, ਦਲੇਰੀ।

بسامان ***ਬ-ਸਾਮਾਨ*** : (ਬ+ਸਾਮਾਨ بهسامان), ਚੰਗਾ, ਠੇਕ, ਸ਼ਾਂਤ-ਚਿਤ।

بسان ***ਬਸਾਨ*** : ਵਰਗਾ, ਇਕੋ ਜੇਹੀ ਸ਼ਕਲ ਸੂਰਤ ਵਾਲਾ।

بساوند ***ਬਸਾਵੰਦ*** : ਦੋ ਇਕੋ ਜੇਹੀਆਂ ਚੀਜ਼ਾਂ; ਕਾਫ਼ੀਆ, ਤੁਕਾਂਤ।

بسباس ***ਬਸਬਾਸ*** : ਨਿਰਾਰਥਕ, ਵਿਅਰਥ।

بسباسه ***ਬਿਸਬਾਸਾ*** : ਹਰਮਲ, ਜਾਇਫਲ ਦਾ ਛਿਲਕਾ, ਇਕ ਦਵਾ ਦਾ ਨਾਮ।

بسپایک ***ਬਸਪਾਯਕ,*** **بسپایه** ***ਬਸਪਾਯਾ*** : ਬੌਹਤੇ ਪੈਰਾਂ ਵਾਲਾ; ਇਕ ਪਰਕਾਰ ਦਾ ਘਾਹ।

بست ***ਬਸਤ*** : ਬੰਨ੍ਹਿਆ ਜਾਂ ਜੋੜਿਆ (ਉਸ ਨੇ), ਓਹ ਜਿਸ ਨਾਲ ਦਿਲ ਬੱਝਾ ਹੋਵੇ, ਸਿਰ ਦਾ ਪਟਕਾ, ਪਗੜੀ; ਗੰਢ, ਰੋਕ, ਰੁਕਾਵਟ; ਪਹਾੜ; ਪਾਣੀ ਦੀ ਵਾਰੀ; ਕੰਢਾ, ਕਿਨਾਰਾ; ਈਰਾਨ ਦੇ ਬਾਦਸ਼ਾਹਾਂ ਦੇ ਅਸਤਬਲ ਦੀ ਓਹ ਰੱਸੀ ਜਿਸ ਨੂੰ ਜੇਕਰ ਦੋਸ਼ੀ ਹੱਥ ਲਾ ਲਵੇ ਤਾਂ ਸਜ਼ਾ ਤੋਂ ਬਚ ਜਾਂਦਾ ਹੈ।

بستگی ***ਬਸਤਗੀ*** : ਟੁੱਟੇ ਹੋਏ ਜੋੜ ਨੂੰ ਬੰਨ੍ਹਣਾ; ਪੱਟੀ (ਬੰਨ੍ਹਣ ਵਾਲੀ), ਪੱਕਾ ਬੰਧੇਜ; ਕਬਜ਼; ਬੰਦ ਹੋਣਾ।

بستنی ***ਬਸਤਨੀ*** : ਕੱਪੜਿਆਂ, ਕਿਤਾਬਾਂ, ਵਸਤਾਂ ਆਦਿ ਨੂੰ ਬੰਨ੍ਹਣ ਵਾਲਾ ਕੱਪੜਾ, ਥੈਲਾ, ਬੁਚਕਾ, ਬਸਤਾ, ਸਿਤਾਰ ਆਦਿ ਦਾ ਗਿਲਾਫ, ਬਰਫ਼ ਦੀ ਕੁਲਫੀ; ਬੰਨ੍ਹਣਯੋਗ।

بست‌وبند ***ਬਸਤ-ਉ-ਬੰਦ*** : ਪਰਬੰਧ, ਬੰਦੋਬਸਤ।

بست ***ਬਿਸਤ*** : ਵੀਹ (੨੦)।

بست ***ਬੁਸਤ*** : (ਬੁਸਤਾਨ بستان ਦਾ ਸੰਖਿਪਤ ਰੂਪ) ਬੁਸਤਾਨ, ਬਾਗ਼, ਗੁਲਜ਼ਾਰ; ਚੱਕੀ ਦਾ ਧੁਰਾ; ਭੁੱਜੀ ਹੋਈ ਕਣਕ; 'ਭਦਰਾ' - ਇਕ ਮਨਹੂਸ ਵਕਤ ਜੋ ਹਰ ਤੀਜੇ ਦਿਨ ਪਿਛੋਂ ਆਉਂਦਾ ਹੈ ਤੇ ਬਾਰਾਂ ਘੜੀ ਰੈਂਹਦਾ ਹੈ; ਈਰਾਨ ਦੇ ਇਕ ਸ਼ੈਹਰ ਤੇ ਪਰਸਿੱਧ ਕਿਲ੍ਹੇ ਦਾ ਨਾਮ।

بستاخ ***ਬੁਸਤਾਖ਼*** : ਗੁਸਤਾਖ਼, ਸ਼ੋਖ਼,

ਬੇਅਦਬ।

بستار ***ਬਿਸਤਾਰ*** : ਸਥਿਰ ਨਾ ਰੈਹਣ ਵਾਲਾ, ਸੁਸਤ, ਢਿੱਲੜ।

بستام ***ਬਿਸਤਾਮ*** : ਮੂੰਗਾ, ਮੋਤੀ, ਸਿੱਪ ਦਾ ਮੋਤੀ, ਮਰ ਜਾਨ, ਇਕ ਕ਼ੀਮਤੀ ਪੱਥਰ।

بستان ***ਬੁਸਤਾਨ*** : (ਬੋਸਤਾਨ **بوستان** ਦਾ ਸੰਖਿਪਤ ਰੂਪ) ਬਾਗ਼, ਗੁਲਜ਼ਾਰ, ਫੁਲਵਾੜੀ, ('ਬੂ'=ਖ਼ੁਸ਼ਬੋ+ਸਤਾਨ= ਸਥਾਨ) ਖ਼ੁਸ਼ਬੋ ਦੀ ਜਗ੍ਹਾ ਭਾਵ ਬਾਗ਼।

بستان‌افروز ***ਬਸਤਾਨ-ਅਫ਼ਰੋਜ਼*** : ਬਾਗ਼ ਨੂੰ ਰੋਸ਼ਨ ਕਰਨ ਵਾਲਾ, ਚਮਨ ਦੀ ਰੌਣਕ ਵਧਾਉਣ ਵਾਲਾ, ਲਾਲ ਰੰਗ ਦਾ ਕਲਗੇ ਦਾ ਫੁੱਲ, ਚਮਨ ਦੀ ਰੌਣਕ।

بستان‌بان ***ਬੁਸਤਾਨ-ਬਾਨ*** : ਬਾਗ਼ ਨੂੰ ਸਜਾਉਣ ਵਾਲਾ।

بستان‌پیرا ***ਬੁਸਤਾਨ-ਪੈਰਾ*** : ਮਾਲੀ, ਬਾਗ਼ਬਾਨ।

بستان‌زده ***ਬੁਸਤਾਨ-ਜ਼ਦਾ*** : ਪੇਂਡੂ ਦਾ ਪੁੱਤਰ, ਜ਼ਮੀਂਦਾਰ ਦਾ ਲੜਕਾ।

بستان‌سرای ***ਬੁਸਤਾਨ-ਸਰਾਯ*** : ਘਰ ਵਿਚਲੇ ਵੇਹੜੇ ਦਾ ਬਗ਼ੀਚਾ; ਬਾਗ਼ ਵਿਚਲਾ ਘਰ।

بستانِ‌عافیت ***ਬੁਸਤਾਨ-ਏ-ਆਫ਼ੀਯਤ*** : ਸੁਰਗ।

بستانی ***ਬੁਸਤਾਨੀ*** : ਤਰਕਾਰੀ; ਮਾਲੀ, ਬਾਗ਼ਬਾਨ, ਬੁਸਤਾਨ ਨਾਲ ਸਬੰਧਤ।

بستاوند ***ਬੁਸਤਾਵੰਦ*** : ਓਹ ਜ਼ਮੀਨ ਜੇਹੜੀ ਪੱਧਰੀ ਨਾ ਹੋਵੇ, ਟਿੱਲੇ, ਟਿੱਬੇ।

بستر ***ਬਿਸਤਰ*** : ਵਿਛਾਈ, ਵਿਛੌਣਾ, ਚਟਾਈ; ਫ਼ਰਸ਼।

بسترآهنگ ***ਬਿਸਤਰ ਆਹੰਗ*** : ਪਲੰਘਪੋਸ਼, ਬਿਸਤਰੇ ਦੀ ਚਾਦਰ।

بسترک ***ਬਿਸਤਰਕ*** : ਸਰਹਾਣਾ।

بسترنشین ***ਬਿਸਤਰ-ਨਸ਼ੀਨ*** : ਬਿਸਤਰੇ ਤੇ ਪਿਆ ਹੋਇਆ, ਬੀਮਾਰ।

بستری‌بود ***ਬਿਸਤਰੀ ਬੂਦ*** : ਓਹ ਬਿਸਤਰ ਤੇ ਪਿਆ ਸੀ, ਓਹ ਬੀਮਾਰ ਸੀ।

بستق ***ਬਸਤਕ਼*** : ਨੌਕਰ, ਸੇਵਕ, ਸੇਵਾਦਾਰ।

بستگ ***ਬਸਤੂਗ*** : ਪਿਸਤੇ ਦੇ ਰੁੱਖ ਦੀ ਗੂੰਦ।

بستگ ***ਬਸਤੂਗ,*** **بستو** ***ਬਸਤੂ*** : ਮਰਤਬਾਨ; ਮਧਾਣੀ।

بستم ***ਬਿਸਤੁਮ*** : ਵੀਹਵਾਂ (1/20)।

بستوه ***ਬਿਸਤੂਹ*** : ਤੰਗ ਆਇਆ ਹੋਇਆ, ਦੁਖੀ, ਮੁਸੀਬਤ ਦਾ ਮਾਰਿਆ, ਗ਼ਮਗੀਨ।

بسته ***ਬਸਤਾ*** : ਬੱਝਾ ਹੋਇਆ, ਗਠੜੀ, ਵਿਦਿਆਰਥੀਆਂ ਦੀਆਂ ਕਿਤਾਬਾਂ ਦਾ ਬੰਡਲ, ਪਾਰਸਲ, ਬੰਡਲ; ਬੰਦ, ਰੁਕਿਆ ਹੋਇਆ; ਦ੍ਰਿੜ, ਪੱਕਾ; ਜੰਮਿਆ ਹੋਇਆ; ਸੁੰਨ ਹੋਇਆ; ਖਤਮ ਕੀਤਾ।

بسته‌میان ***ਬਸਤਾ-ਮਿਯਾਨ*** : ਤਿਆਰ-ਬਰ ਤਿਆਰ, ਜਿਸ ਨੇ ਲੱਕ ਬੰਨ੍ਹ ਲਿਆ ਹੋਵੇ।

بسته‌نگار ***ਬਸਤਾ-ਨਿਗਾਰ*** : "ਬਾਰਬਦ" ਦੀਆਂ ਤਿੰਨ ਰਾਗਨੀਆਂ ਵਿਚੋਂ ਇਕ ਰਾਗਨੀ ਦਾ ਨਾਮ।

بستهٔ‌نیشکر ***ਬਸਤਾ-ਏ-ਨੈਸ਼ਕਰ*** : ਗੰਨਿਆਂ ਦਾ ਥੱਬਾ, ਗੰਨਿਆਂ ਦੀ ਭਰੀ।

بسحاق‌اطعمه ***ਬਸਹ਼ਾਕ਼ ਅਤ਼ਅ਼ਮਾ*** : ਫ਼ਾਰਸੀ ਦੇ ਇਕ ਸ਼ਾਇਰ ਦਾ ਨਾਮ ਜੋ ਸ਼ੈਹਜ਼ਾਦਾ ਸਕੰਦਰ-ਬਿਨ-ਉਮਰ ਦਾ ਨਜ਼ਦੀਕੀ ਸੀ, ਬੜਾ ਹਸਾਉਣਾ ਤੇ ਮਸਖਰਾ ਸੀ, ਉਸ ਦੇ ਕਲਾਮ ਵਿਚ ਆਮ ਤੌਰ ਤੇ ਖਾਣ-ਪੀਣ ਦਾ ਹੀ ਜ਼ਿਕਰ ਆਉਂਦਾ ਹੈ।

بسد **ਬੁਸੁੱਦ,** **بسد** **ਬੁਸਦ** : ਮੋਤੀ, ਮੂੰਗਾ।

بسدین ***ਬੁਸੁੱਦੀਨ*** : ਮੂੰਗੇ ਦੀ ਚੀਜ਼, ਮੋਤੀਆਂ ਦੀ ਸ਼ੈ, ਮੂੰਗੇ ਵਰਗਾ ਲਾਲ।

بسدک **ਬਸਦਕ** : ਇਕ ਬੂਟੀ ਜੋ ਦਵਾ ਦੇ ਤੌਰ ਤੇ ਵਰਤੀ ਜਾਂਦੀ ਹੈ।

بسدک **ਬੁਸਦਕ** : ਮੁੱਠੀ ਭਰ ਕਣਕ ਜਾਂ ਜੌਂ।

بسر ***ਬ-ਸਰ*** : ਸਿਰ 'ਤੇ, ਅੰਤ, ਅਖ਼ੀਰ, ਸਿਰਾ।

بسرآمدن ***ਬ-ਸਰ-ਆਮਦਨ*** : ਖ਼ਤਮ ਹੋਣਾ ਜਾਂ ਮੁੱਕ ਜਾਣਾ।

بسرآوردن ***ਬ-ਸਰ ਆਵਰਦਨ*** :

ਖ਼ਤਮ ਕਰਨਾ।

بسربردن ***ਬ-ਸਰ-ਬੁਰਦਨ*** : ਪੂਰਾ ਕਰਨਾ, ਖ਼ਤਮ ਕਰਨਾ।

بسرپاآمدن ***ਬ-ਸਰ-ਏ-ਪਾ ਆਮਦਨ*** : ਬੀਮਾਰੀ ਤੋਂ ਉਠਣਾ, ਰੋਗ-ਮੁਕਤ ਹੋਣਾ; ਬੱਚੇ ਦਾ ਟੁਰਨ ਲਗਣਾ।

بسردرآمدن ***ਬ-ਸਰ ਦਰ ਆਮਦਨ*** : ਸਿਰ ਦੇ ਭਾਰ ਡਿਗਣਾ।

بسردویدن ***ਬ-ਸਰ ਦਵੀਦਨ*** : ਤੇਜ਼ ਦੌੜਨਾ।

بسررسیدن ***ਬ-ਸਰ ਰਸੀਦਨ*** : ਖ਼ਤਮ ਹੋਣਾ।

بسرشدن ***ਬ-ਸਰ-ਸ਼ੁਦਨ*** : ਬਰਬਾਦ ਹੋਣਾ।

بسرکسی‌گردیدن ***ਬ-ਸਰ-ਏ-ਕਸ-ਏ-ਗਰਦੀਦਨ*** : ਕਿਸੇ ਦੇ ਸਦਕੇ ਜਾਣਾ, ਕੁਰਬਾਨ ਹੋਣਾ।

بسرکشیدن ***ਬ-ਸਰ ਕਸ਼ੀਦਨ*** : ਡੀਕ ਲਾ ਕੇ ਪੀ ਜਾਣਾ।

بسروچشم ***ਬ-ਸਰ-ਉ-ਚਸ਼ਮ*** : ਸਿਰ ਅੱਖਾਂ 'ਤੇ, ਸਿਰ ਮੱਥੇ 'ਤੇ।

بسریا ***ਬਿਸਰੀਯਾ*** : ਮਾਸ, ਗੋਸ਼ਤ।

بسط ***ਬਸਤ਼*** : ਵਿਛਾਉਣਾ, ਫੈਲਾਉਣਾ, ਵੇਰਵਾ, ਖੁਲ੍ਹ, ਚੁੜਾਈ, ਵਿਸ਼ਾਲਤਾ; ਖ਼ੁਸ਼ ਕਰਨਾ; ਫੈਲਾ।

بسطدان ***ਬਸਤ਼ ਦਾਨ*** : ਵਿਸਤਾਰ ਸੈਹਤ ਵਰਣਨ ਕਰਨਾ।

بسطام ***ਬਸਤ਼ਾਮ*** : ਈਰਾਨ ਦੇ ਇਕ ਸ਼ੈਹਰ ਦਾ ਨਾਮ ਜੋ ਖ਼੍ਵਾਜਾ ਬਾਯਜ਼ੀਦ (ਬਸਤਾਮੀ) ਦਾ ਜਨਮ-ਸਥਾਨ ਸੀ।

بسطامی ***ਬਸਤ਼ਾਮੀ*** : ਬਸਤਾਮ ਦੇ ਰੈਹਣ ਵਾਲਾ, ਬਸਤਾਮ ਨਾਲ ਸਬੰਧਤ।

بسک ***ਬੁਸਕ*** : ਰੂੰ ਦੀ ਪੂਣੀ।

بسل ***ਬਸਲ*** : ਅੱਡੀ; ਗਿੱਟਾ; ਬਾਜਰਾ; ਲੋਹੇ ਦਾ ਟੋਪ।

بسم‌الله ***ਬਿਸਮਿੱਲਾਹ*** : ਰੱਬ ਦੇ ਨਾਮ ਨਾਲ।

بسمل ***ਬਿਸਮਿਲ*** : ਜ਼ਖਮੀ, ਘਾਇਲ, ਬੇਕਰਾਰ, ਤੜਫਣ ਵਾਲਾ, ਅੱਧ-ਮੋਇਆ।

بسمله ***ਬਿਸਮਿੱਲਾ*** : ਬਿਸਮਿੱਲਾਹ ਦਾ ਸੰਖਿਪਤ ਰੂਪ।

بسمه ***ਬਸਮਾ*** : ਵਸਮਾ; ਕੱਪੜੇ ਉਤੇ ਸੋਨੇ ਚਾਂਦੀ ਦੀ ਕਢਾਈ, ਜ਼ਰੀ ਦਾ ਕੰਮ।

بسنج ***ਬਿਸੰਜ*** : ਕਲਫ਼, ਚੇਹਰੇ ਤੇ ਕਾਲੇ ਧੱਬੇ, ਛਾਹੀਆਂ।

بسند ***ਬਸੰਦ*** : ਕਾਫ਼ੀ, ਖ਼ਾਸਾ, ਪੂਰਾ; ਯੋਗ; ਸੰਤੋਖ।

بسندکار ***ਬਸੰਦਕਾਰ*** : ਜਿਸ ਦੀ ਪੂਰੀ ਤਸੱਲੀ ਹੋ ਗਈ ਹੋਵੇ।

بسنده ***ਬਸੰਦਾ*** : ਪੂਰਾ, ਸਾਰਾ, ਕਾਫ਼ੀ; ਸੰਤੋਖੀ; ਯੋਗ ਕੀਤਾ ਹੋਇਆ।

بسوته ***ਬੁਸੋਤਾ*** : ਜ਼ੁਲਫ਼, ਲਿਟ।

بسور ***ਬੁਸੂਰ*** : ਕੋਸਣਾ, ਸਲਾਮਤ, ਬੁਰਾ ਭਲਾ; ਬਦ-ਦੁਆ।

بسور ***ਬੁਸੂਰ*** : ਮਲਾਮਤ ਕਰਨਾ; ਗ਼ਲਬਾ ਕਰਨਾ, ਜਲਦੀ ਕਰਨਾ।

بسی ***ਬਸੇ*** : ਬੌਹਤ।

بسیار ***ਬਿਸਯਾਰ*** : ਅਕਸਰ, ਬੌਹਤ ਸਾਰੇ।

بسیاران ***ਬਿਸਯਾਰਾਨ*** : ਬੌਹਤ ਸਾਰੇ ਆਦਮੀ, ਆਦਮੀਆਂ ਦਾ ਟੋਲਾ।

بسیاربر ***ਬਿਸਯਾਰ-ਬਰ*** : ਬੌਹਤ ਫਲਦਾਇਕ।

بسیاربهر ***ਬਿਸਯਾਰ-ਬਹਰ*** : ਜਿਸ ਨੂੰ ਬੌਹਤਾ ਵੱਡਾ ਹਿੱਸਾ ਮਿਲਿਆ ਹੋਵੇ।

بسیارخسپ ***ਬਿਸਯਾਰ-ਖ਼ੁਸਪ*** : ਬੌਹਤ ਸੌਣ ਵਾਲਾ।

بسیارخوار ***ਬਿਸਯਾਰ-ਖ਼੍ਵਾਰ*** : ਬੌਹਤ ਖਾਣ ਵਾਲਾ, ਪੇਟੂ; ਬੌਹਤ ਜਲੀਲ।

بسیاردان ***ਬਿਸਯਾਰ-ਦਾਨ*** : ਬੌਹਤ ਕੁਝ ਜਾਣਨ ਵਾਲਾ, ਵਿਦਵਾਨ, ਗਿਆਨਵਾਨ।

بسیارفن ***ਬਿਸਯਾਰ-ਫ਼ਨ*** : ਬੌਹਤ ਹੁਨਰਮੰਦ, ਬੌਹਤ ਹੁਨਰੀ, ਫ਼ਰੇਬੀ, ਮੱਕਾਰ।

بسیاری ***ਬਿਸਯਾਰੀ*** : ਬੌਹਤਾਤ, ਬੌਹਲਤਾ।

بسیج ***ਬਸੇਜ***, بسیج ***ਬਿਸੇਜ*** : ਇਰਾਦਾ, ਨਿਸਚਾ, ਰੁਚੀ, ਤਿਆਰੀ, ਸਾਜ਼-ਸਮਾਨ।

بسیجیده ***ਬਿਸੇਜੀਦਾ*** : ਤਿਆਰੀ ਕਰਨ ਵਾਲਾ; ਜੰਗ ਲਈ ਤਿਆਰ; ਸਮਾਨ।

بسیط ***ਬਸੀਤ਼*** : ਵਿਛਾਈ ਹੋਈ, ਖੁਲ੍ਹੀ, ਵਿਸ਼ਾਲ; ਇਕੱਲੀ ਸ਼ੈ।

بسیله ***ਬਸੀਲਾ*** : ਜੰਗਲੀ ਬਾਕਲਾ (ਰਵਾਂਹ, ਸੇਮ, ਲੋਬੀਆ), ਜੋ ਆਮ ਬਾਕਲੇ ਤੋਂ ਛੋਟਾ ਹੁੰਦਾ ਹੈ, ਇਸ ਦੇ ਖਾਣ ਨਾਲ ਔਰਤਾਂ ਦਾ ਦੁੱਧ ਵੱਧਦਾ ਹੈ।

بسیم ***ਬਸੀਮ*** : ਸੁਆਦਲਾ, ਮਜ਼ੇਦਾਰ; ਮੁਸਕਰਾਉਣ ਵਾਲਾ।

بش ***ਬਸ਼*** : ਖਿੜੇ ਮੱਥੇ ਵਾਲਾ, ਖ਼ੁਸ਼।

بشاش ***ਬੱਸ਼ਾਸ਼*** : ਖ਼ੁਸ਼ ਰੈਹਣਾ, ਹਸ-ਮੁਖ।

بش ***ਬਸ਼*** : ਹਰ ਚੀਜ਼ ਦਾ ਬੰਦ ਜਾਂ ਜੋੜ; ਟਾਂਕਾ, ਕਿਸੇ ਧਾਤ ਦੇ ਪਤਰੇ ਜੋ ਸੰਦੂਕ ਦੇ ਜੋੜਾਂ ਤੇ ਲਾਉਂਦੇ ਹਨ; ਬਰਾਨੀ ਖੇਤੀ।

بش ***ਬੁਸ਼*** : ਆਦਮੀ ਦੇ ਸਿਰ ਦੇ ਵਾਲ; ਘੋੜੇ ਦੀ ਧੌਣ ਦੇ ਵਾਲ; ਪੱਲਾ।

بشار ***ਬਸ਼ਾਰ***, ***ਬਿਸ਼ਾਰ*** : ਮਜਬੂਰ, ਪਾਬੰਦ, ਗਰਿਫ਼ਤਾਰ, ਕੈਦੀ, ਬਲਹਾਰ, ਨਛਾਵਰ, ਛੋਟਾ, ਨਿੱਕਾ, ਸੋਨੇ ਆਦਿ ਦਾ ਬਰੀਕ ਪੱਤਰਾ ਬਣਾਇਆ ਹੋਇਆ।

بشارت ***ਬਸ਼ਾਰਤ***, بشارت ***ਬਿਸ਼ਾਰਤ*** : ਖ਼ੁਸ਼ਖ਼ਬਰੀ, ਖ਼ੁਸ਼ਖ਼ਬਰੀ ਲਿਆਉਣ ਵਾਲੇ ਨੂੰ ਦਿੱਤਾ ਗਿਆ ਇਨਾਮ।

بشارت کشاں ***ਬਿਸ਼ਾਰਤ-ਕਸ਼ਾਨ*** : ਖ਼ੁਸ਼ਖ਼ਬਰੀ ਲਿਆਉਣ ਵਾਲਾ।

بشارتِ عیسیٰ ***ਬਿਸ਼ਾਰਤ-ਏ-ਈਸਾ*** : ਹਜ਼ਰਤ ਰਸੂਲ-ਅੱਲਾਹ।

بشارتِ مسیح ***ਬਿਸ਼ਾਰਤ-ਏ-ਮਸੀਹ*** : ਮੁਹੰਮਦ ਸਾਹਿਬ।

بشاسب ***ਬੁਸ਼ਾਸਬ*** : ਨੀਂਦ, ਸੁਫਨਾ, ਸੁਫਨਾ ਵੇਖਣਾ।

بشاشت ***ਬਸ਼ਾਸ਼ਤ*** : ਖਿੜੇ ਮੱਥੇ ਹੋਣਾ, ਖ਼ੁਸ਼ ਹੋ ਕੇ ਗੱਲ ਕੈਹਣਾ, ਖ਼ੁਸ਼ੀ, ਤਾਜ਼ਗੀ।

بشتاب ***ਬਿਸ਼ਤਾਬ*** : ਤੂੰ ਛੇਤੀ ਕਰ।

بشتر ***ਬਸ਼ਤਰ*** : ਬੱਦਲ; ਬੱਦਲਾਂ ਤੇ ਬਨਸਪਤੀ ਦਾ ਫ਼ਰਿਸ਼ਤਾ, ਰੋਜ਼ੀ ਦੇਣ ਵਾਲਾ ਫ਼ਰਿਸ਼ਤਾ, ਮੀਕਾਈਲ।

بشتر ***ਬੁਸ਼ਤੁਰ***, بشترم ***ਬੁਸ਼ਤੁਰਮ*** : ਬਲਗ਼ਮ ਤੇ ਸੁਫਰਾ ਕਰਕੇ ਸਰੀਰ ਤੇ ਜੋ ਖ਼ਾਰਸ਼ ਤੇ ਦਾਣੇ ਹੋ ਜਾਂਦੇ ਹਨ, ਖਸਰਾ, ਰਕਤ ਪਿੱਤੀ, ਛਪਾਕੀ।

بشجیر ***ਬੁਸ਼ਜੀਰ*** : ਇਕ ਪਹਾੜੀ ਲੱਕੜ ਜਿਸ ਦੇ ਤੀਰ ਕਮਾਨ ਆਦਿ ਬਣਦੇ ਹਨ।

بشر ***ਬਸ਼ਰ*** : ਆਦਮੀ, ਇਨਸਾਨ, ਮਾਨਵ।

بشری ***ਬਸ਼ਰੀ*** : ਬਸ਼ਰ ਨਾਲ ਸਬੰਧਤ, ਮਨੁੱਖੀ।

بشریت ***ਬਸ਼ਰੀਯਤ*** : ਮਨੁੱਖੀ ਸੁਭਾ, ਮਾਨਵਤਾ।

بشرائ ***ਬੁਸ਼ਰਾਯ*** : ਇਕ ਆਦਮੀ ਦਾ ਨਾਮ ਜਿਸ ਨੇ ਹਜ਼ਰਤ ਯੂਸੁਫ਼ ਨੂੰ ਖੂਹ 'ਚੋਂ ਕੱਢਿਆ ਸੀ।

بشرط ***ਬ-ਸ਼ਰਤ਼*** : ਸ਼ਰਤ ਨਾਲ, ਸ਼ਰਤ 'ਤੇ, ਸ਼ਰਤ ਨਾਲ, ਇਸ ਸ਼ਰਤ 'ਤੇ।

بشره ***ਬੁਸ਼ਰਾ*** : ਚੇਹਰਾ, ਮੂੰਹ, ਮੁੱਖ, ਮੱਥਾ, ਮੂੰਹ-ਮੱਥਾ, ਅਨੁਮਾਨ, ਇਨਸਾਨ ਦੀ ਚਮੜੀ।

بشریٰ ***ਬੁਸ਼ਰਾ*** : (=ਬਸ਼ਾਰਤ) ਖ਼ੁਸ਼ਖ਼ਬਰੀ, ਚੰਗੀ ਖ਼ਬਰ।

بشقاب ***ਬੁਸ਼ਕ਼ਾਬ*** : ਵੱਡੀ ਰਕਾਬੀ, ਪਲੇਟ।

بشک ***ਬਸ਼ਕ*** : ਨਾਜ਼, ਨਖ਼ਰਾ, ਮਸ਼ੂਕ ਦਾ ਨਖ਼ਰਾ, ਅਦਾ, ਤਰੇਲ, ਬਿਜਲੀ, ਸੰਤਾਨ, ਇਕ ਬਰੀਕ ਕੱਪੜੇ ਦਾ ਨਾਮ।

بشک ***ਬੁਸ਼ਕ*** : ਜ਼ੁਲਫ਼, ਲਿਟ, ਜਟਾਂ।

بشکاری ***ਬਸ਼ਕਾਰੀ*** : ਖੇਤੀਬਾੜੀ, ਕਿਰਸਾਣੀ, ਕਾਸ਼ਤਕਾਰੀ, ਜ਼ਮੀਂਦਾਰੀ।

بشکال ***ਬਸ਼ਕਾਲ*** : (=ਬਰਸ਼ਕਾਲ), ਬਰਸਾਤ, ਮੀਂਹ ਦੀ ਰੁੱਤ।

بشکم ***ਬਸ਼ਕਮ*** : ਦਲਾਨ, ਸੁਫ਼ਾ, ਸਰਦ-ਘਰ ਜਾਂ ਕਮਰਾ।

بشکن‌بشکن ***ਬਿਸ਼ਕਨ ਬਿਸ਼ਕਨ*** : ਰਾਗ

ਰੰਗ ਤੇ ਨਾਚ ਗਾਣੇ ਦਾ ਜਸ਼ਨ, ਜਦ ਸਾਰੇ ਪਾਸੇ 'ਤੋਬਾ ਬਸ਼ਿਕਨ ਤੋਬਾ ਬਸ਼ਿਕਨ' (ਤੋਬਾ ਤੋੜ ਦੇ) ਦੀਆਂ ਅਵਾਜ਼ਾਂ ਆਉਂਦੀਆਂ ਹਨ।

بِشکول ***ਬਿਸ਼ਕੋਲ*** : ਚੁਸਤ, ਚਲਾਕ, ਬਹਾਦਰ, ਸਿਆਣਾ, ਵਿਦਵਾਨ।

بِشکوه ***ਬਿਸ਼ੁਕੋਹ*** : (ਬਾ ਸ਼ੁਕੋਹ ਦਾ ਸੰਖਿਪਤ ਰੂਪ), ਸ਼ਾਨ ਸ਼ੌਕਤ ਵਾਲਾ।

بشم ***ਬਸ਼ਮ*** : ਗ਼ਮਗੀਨ, ਉਦਾਸ, ਅਯੋਗ।

بشماق ***ਬਸ਼ਮਾਕ਼*** : ਜੁੱਤੀ, ਸਲੀਪਰ।

بشمه ***ਬਸ਼ਮਾ*** : ਇਕ ਬੀਜ ਜੋ ਅੱਖਾਂ ਦੀ ਦਵਾ ਹੈ, ਚਾਸਕੂ, ਹੁਣੇ ਹੁਣੇ ਰੰਗ ਦਿੱਤਾ ਕੱਚਾ ਚਮੜਾ।

بشن ***ਬਸ਼ਨ*** : ਕੱਦ-ਕਾਠ, ਉੱਚਾ ਲੰਮਾ ਕੱਦ, ਸਰੀਰ।

بشنج ***ਬਸ਼ੰਜ*** : ਸ਼ਾਨ ਸ਼ੌਕਤ, ਨਿਖਾਰ, ਸੁੰਦਰਤਾ।

بِشنج ***ਬਿਸ਼ੰਜ*** : ਛਾਹੀਆਂ, ਕਲਫ਼।

بِشنجه ***ਬਿਸ਼ੰਜਾ*** : ਜੁਲਾਹਿਆਂ ਦਾ ਕੂੰਚ।

بِشتون ***ਬਿਸ਼ਤੂਨ*** : ਗੁਸ਼ਤਾਸਪ ਦੇ ਪੁੱਤਰ ਤੇ ਅਸਫੰਦਯਾਰ ਦੇ ਭਰਾ ਦਾ ਨਾਮ।

بشوتن ***ਬਸ਼ੂਤਨ*** : ਬਾਂਦਰ, ਲੰਗੂਰ।

بشیر ***ਬਸ਼ੀਰ*** : ਖ਼ੁਸ਼ਖ਼ਬਰੀ ਦੇਣ ਵਾਲਾ, ਸੁੰਦਰ, ਸੋਹਣਾ, ਹਜ਼ਰਤ ਮੁਹੰਮਦ ਸਾਹਿਬ ਦੀ ਉਪਾਧੀ।

بشیمه ***ਬਸ਼ੀਮਾ*** : ਕੱਚਾ ਚਮੜਾ, ਓਹ ਚਮੜਾ ਜੇਹੜਾ ਹਾਲੀ ਰੰਗਿਆ ਨਾ ਗਿਆ ਹੋਵੇ।

بشیون ***ਬਸ਼ਯੂਨ*** : ਮੋਟਾ ਆਦਮੀ।

بصارت ***ਬਸਾਰਤ, ਬਿਸਾਰਤ*** : ਨਜ਼ਰ, ਨਿਗਾਹ, ਅੱਖ ਦੀ ਰੋਸ਼ਨੀ।

بصر ***ਬਸਰ*** : ਅੱਖ, ਅੱਖ ਦੀ ਰੋਸ਼ਨੀ।

بصره ***ਬਸਰਾ*** : ਫ਼ਾਰਸ ਖਾੜੀ ਦੀ ਪਰਸਿੱਧ ਬੰਦਰਗਾਹ, ਇਰਾਕ (ਅਰਬ ਦਾ ਪੁਰਾਣਾ ਪਰਸਿੱਧ ਸ਼ੈਹਰ)।

بصری ***ਬਸਰੀ*** : ਬਸਰਾ ਨਾਲ ਸਬੰਧਤ, ਬਸਰੇ ਦਾ ਰੈਹਣ ਵਾਲਾ।

بصیر ***ਬਸੀਰ*** : ਵੇਖਣ ਵਾਲਾ, ਸਿਆਣਾ, ਸੂਝਵਾਨ, ਰੱਬ ਦਾ ਇਕ ਗੁਣਵਾਚੀ ਨਾਮ।

بصیرت ***ਬਸੀਰਤ*** : ਦਿਲ ਦੀ ਨਜ਼ਰ, ਸੂਝ, ਸਿਆਣਪ, ਦਿਬ-ਦ੍ਰਿਸ਼ਟੀ।

بضاعت ***ਬਿਜ਼ਾਅਤ*** : ਰਾਸ, ਪੂੰਜੀ, ਧਨ-ਦੌਲਤ, ਅਸਬਾਬ, ਸਮਾਨ, ਮਾਲ ਅਸਬਾਬ।

بط ***ਬਤ਼*** : ਬਤਖ਼, ਸ਼ਰਾਬ ਦੀ ਸੁਰਾਹੀ।

بطِ شراب بطِ باده ***ਬਤ਼-ਏ-ਬਾਦਾ, ਬਤ-ਏ-ਸ਼ਰਾਬ*** : ਸ਼ਰਾਬ ਦਾ ਵੱਡਾ ਪਿਆਲਾ, ਸ਼ਰਾਬ ਦੀ ਸੁਰਾਹੀ।

بطِ زر ***ਬਤ-ਏ-ਜ਼ਰ*** : ਸੂਰਜ।

بطارقه ***ਬਤ਼ਾਰਿਕ਼ਾ*** : (ਬਿਤਰੀਕ਼ بطریق ਦਾ ਬੌਹਵਚਨ) ਈਸਾਈਆਂ ਦੇ ਪਾਦਰੀ।

بطاقه ***ਬਿਤ਼ਾਕ਼ਾ*** : ਅੱਖ ਦੀ ਕਾਲਖ, ਛੋਟੀ ਜੇਹੀ ਪਰਚੀ ਜੇਹੜੀ ਚੀਜ਼ ਦੇ ਨਾਲ ਲੱਗੀ ਹੁੰਦੀ ਹੈ ਤੇ ਜਿਸ 'ਤੇ ਚੀਜ਼ ਦੀ ਕੀਮਤ ਲਿਖੀ ਹੁੰਦੀ ਹੈ।

بطال ***ਬੱਤ਼ਾਲ*** : ਬਹਾਦਰ, ਨੌਕਰੀ ਤੋਂ ਵੇਹਲਾ ਕੀਤਾ ਹੋਇਆ, ਬੇਕਾਰ, ਨਿੰਕਮਾ, ਝੂਠਾ, ਬੇਹੂਦਾ।

بطالت ***ਬਿਤ਼ਾਲਤ*** : ਬਹਾਦਰੀ, ਸੂਰਬੀਰਤਾ, ਦਿਲਾਵਰੀ।

بطالت ***ਬਤ਼ਾਲਤ*** : ਛੁੱਟੀ, ਬੇਕਾਰੀ।

بطری/بطر ***ਬੁਤ਼ਰ/ਬੁਤ਼ਰੀ*** : (ਬਾਟਲ ਦਾ ਫ਼ਾਰਸੀ ਰੂਪਾਂਤਰ), ਬੋਤਲ, ਸ਼ੀਸ਼ੀ।

بطریق ***ਬਿਤ਼ਰੀਕ਼*** : ਈਸਾਈਆਂ ਦਾ ਵੱਡਾ ਪਾਦਰੀ, ਮਗ਼ਰੂਰ, ਘਮੰਡੀ, ਸੈਨਾਪਤੀ, ਫੌਜ ਦਾ ਸਰਦਾਰ, ਦਸ-ਹਜ਼ਾਰੀ।

بطل ***ਬਤ਼ਲ*** : ਬਹਾਦਰ।

بطلان ***ਬੁਤ਼ਲਾਨ*** : ਬਾਤਲ ਹੋਣਾ, ਝੂਠਾ ਹੋਣਾ, ਤੁੱਛ ਹੋਣਾ, ਜ਼ਾਇਆ ਹੋਣਾ, ਸ਼ੇਖੀ, ਘਮੰਡ, ਫੜ।

بطلیموس ***ਬਤ਼ਲੀਮੂਸ*** : ਇਕ ਪਰਸਿੱਧ ਯੂਨਾਨੀ ਵਿਦਵਾਨ ਦਾ ਨਾਂ।

بطن ***ਬਤ਼ਨ*** : ਪੇਟ, ਕੁੱਖ; ਕਿਸੇ ਚੀਜ਼ ਦਾ ਅੰਦਰਲਾ ਹਿੱਸਾ।

بطن پرست بطین ***ਬਤ਼ਨ ਪ੍ਰਸਤ, ਬਤ਼ੀਨ*** : ਪੇਟੂ; ਮਾਲਦਾਰ।

بطون ***ਬਤ਼ੂਨ*** : (ਬਤਨ ਦਾ ਬੌਹਵਚਨ) ਪੇਟ,

ਛੁਪਾ, ਲੁਕੀਆਂ ਹੋਈਆਂ ਚੀਜ਼ਾਂ।

بعد ***ਬਾਅਦ*** : ਪਿੱਛੋਂ, ਮਗਰੋਂ, ਅਖ਼ੀਰ।

بعد ***ਬੁਅਦ*** : ਵਿੱਥ, ਫ਼ਾਸਲਾ, ਦੂਰੀ, ਪੈਂਡਾ, ਫ਼ਰਕ; ਮਰਗ, ਮੌਤ।

بعدالمشرقين ***ਬੁਅਦੁਲ-ਮਸ਼ਰਿਕੈਨ*** : ਪੂਰਬ ਤੇ ਪੱਛਮ ਦੀ ਵਿੱਥ, ਬੌਹਤ ਵੱਡਾ ਫ਼ਰਕ।

بعض ***ਬਅਜ਼*** : ਕੋਈ; ਕੁਝ, ਥੋੜਾ, ਕੁਝ ਇਕ, ਕਈ, ਕਿੰਨੇ ਹੀ; ਹਰ ਚੀਜ਼ ਦਾ ਹਿੱਸਾ, ਟੋਟਾ, ਖ਼ਾਸ, ਵਿਸ਼ੇਸ਼; ਵਿਭਿੰਨ, ਵੱਖ ਵੱਖ।

بعضی ***ਬਅਜ਼ੇ*** : ਕੁਝ, ਕਈ।

بعل ***ਬਅਲ*** : ਇਕ ਬੁੱਤ (ਮੂਰਤੀ) ਦਾ ਨਾਮ ਜਿਸ ਦੀ ਪੂਜਾ ਹਜ਼ਰਤ ਇਲੀਆਸ ਦੀ ਕੌਮ ਕਰਦੀ ਸੀ; ਮਾਲਕ, ਆਕਾ, ਪਤੀ।

بعيد ***ਬਈਦ*** : ਵਿੱਥ ' ਤੇ, ਦੂਰ; ਅਜਨਬੀ, ਓਪਰਾ।

بعيدالعقل ***ਬਈਦੁਲ-ਅਕਲ,***
بعيدالفهم ***ਬਈਦੁਲ-ਫ਼ਹਮ*** : ਅਕਲ ਤੋਂ ਦੂਰ, ਅਕਲ ਦੇ ਖ਼ਿਲਾਫ਼, ਸਮਝ ਵਿਚ ਨਾ ਆਉਣ ਵਾਲਾ, ਗ਼ਲਤ, ਫ਼ਜ਼ੂਲ, ਬੇਹੂਦਾ।

بعينه ***ਬਿਐਨਹੀ*** : ਓਹੀ, ਓਹੋ ਜੇਹਾ, ਇੰਨ-ਬਿੰਨ, ਹੂਬਹੂ ; ਅਸਲ ਵਿਚ।

بغ ***ਬਗ਼*** : ਖੱਡ, ਟੋਆ, ਪੁੱਟੀ ਹੋਈ ਧਰਤੀ; ਇਕ ਬੁੱਤ (ਮੂਰਤੀ) ਦਾ ਨਾਮ, ਦੇਵਤਾ, ਰੱਬ।

بغداد ***ਬਗ਼ਦਾਦ*** : (ਬਗ਼ਦਾਦ) ਦੇਵਤੇ ਦਾ ਦਿੱਤਾ ਹੋਇਆ, ਰੱਬ ਦੀ ਦਾਤ।

بغاز ***ਬਿਗ਼ਾਜ਼*** : ਓਹ ਪੱਚਰ ਜੋ ਲੱਕੜ ਚੀਰਨ ਵੇਲੇ ਦਰਜ਼ ਵਿਚ ਰਖੀ ਜਾਂਦੀ ਹੈ, ਫ਼ਾਨਾ, ਲੱਕੜ ਦੀ ਓਹ ਚਿਪਰ ਜੇਹੜੀ ਮੋਚੀ ਜੁੱਤੀ ਵਿਚ ਕਾਲਬ ਛੋਟਾ ਹੋਣ ਕਰਕੇ, ਉਸ ਵਿਚ ਠੋਕਦੇ ਹਨ, ਕਲਬੂਤ।

بغاز ***ਬਗ਼ਾਜ਼*** : ਓਹ ਰਕਮ ਜੋ ਸ਼ਗਿਰਦ ਉਸਤਾਦ ਨੂੰ ਦਿੰਦਾ ਹੈ; ਮਜ਼ਦੂਰੀ ਤੋਂ ਅੱਡਰਾ ਇਨਾਮ, ਬਖ਼ਸ਼ੀਸ਼।

بغازی ***ਬਗ਼ਾਜ਼ੀ*** : ਮਜ਼ਦੂਰੀ, ਉਜਰਤ, ਭਾੜਾ।

بغامه ***ਬਗ਼ਾਮਾ*** : ਉਜਾੜ ਬੀਆਬਾਨ ਦਾ ਭੂਤ; ਬਗ਼ਾਵਤ।

بغانوش ***ਬਗ਼ਾਨੂਸ਼*** : ਤੇਜ਼ ਚਾਲ ਘੋੜਾ।

بغاوت ***ਬਗ਼ਾਵਤ*** : ਵਧੀਕੀ, ਸਰਕਸ਼ੀ, ਆਕੀਪੁਣਾ, ਗ਼ਦਰ, ਦੰਗਾ, ਬਾਦਸ਼ਾਹ ਦੇ ਵਿਰੁੱਧ ਸਿਰ ਚੁੱਕਣਾ।

بغبور ***ਬਗ਼ਬੂਰ*** : ਓਹ ਪੱਥਰ ਜਾਂ ਸਿਲ ਜਿਸ ਉਤੇ ਮੂਰਤੀ ਦੀ ਕੁਰਬਾਨੀ ਲਈ ਜਾਨਵਰ ਨੂੰ ਜ਼ਿਬ੍ਹਾ ਕਰਦੇ ਹਨ।

بغتاق ***ਬੁਗ਼ਤਾਕ*** : ਉਚੀ ਟੋਪੀ।

بغتتن ***ਬਗ਼ਤਤਨ*** : ਅਚਾਨਕ ਹੀ, ਝੱਟ ਹੀ, ਇਕੋ ਵਾਰ।

بغچه ***ਬੁਗ਼ਚਾ*** : ਗਠੜੀ, ਗੰਢ, ਬੁਚਕਾ।

بغچه‌کش ***ਬਗ਼ਚਾ-ਕਸ਼*** : ਬੁਚਕਾ ਚੁਕਣ ਵਾਲਾ, ਮਜ਼ਦੂਰ।

بغدا ***ਬੁਗ਼ਦਾ*** : ਕਸਾਈਆਂ ਦੀ ਛੁਰੀ, ਚਾਕੂ।

بغداد ***ਬਗ਼ਦਾਦ*** : ('ਬਾਗ਼+ਦਾਦ' **باغداد** ਅਰਥਾਤ ਇਨਸਾਫ਼ ਦਾ ਬਾਗ਼), ਪਰੰਤੂ ਅਸਲ ਵਿਚ ਬਗ਼+ ਦਾਦ ਦਾ ਅਰਥਾਤ ਭਗਵਾਨ ਦਾ ਦਿਤਾ ਹੋਇਆ ਜਾਂ ਰੱਬ ਦੀ ਦਾਤ ਹੈ। ਇਰਾਕ ਅਰਬ ਦਾ ਪਰਸਿੱਧ ਸ਼ੈਹਰ ਹੈ ਜੋ ਫ਼ਰਾਤ ਨਦੀ ਦੇ ਕੰਢੇ ਤੇ ਅਬਾਦ ਹੈ; ਅੱਬਾਸੀ ਖ਼ਲੀਫ਼ਿਆਂ ਦੀ ਏਹ ਰਾਜਧਾਨੀ ਸੀ।

بغدادی ***ਬਗ਼ਦਾਦੀ*** : ਬਗ਼ਦਾਦ ਨਾਲ ਸਬੰਧਤ, ਬਗ਼ਦਾਦ ਦਾ ਰੈਹਣ ਵਾਲਾ।

بغداد ***ਬਗ਼ਦਾਦ*** : ਖ਼ਰਾਬ, ਪੁਰਾਣਾ; ਸ਼ਰਾਬ ਦਾ ਪਿਆਲਾ; ਪੇਟ।

بغدادِخالی ***ਬਗ਼ਦਾਦ-ਏ-ਖ਼ਾਲੀ,***
بغدادِخراب ***ਬਗ਼ਦਾਦ-ਏ-ਖ਼ਰਾਬ*** : ਖ਼ਾਲੀ ਪਿਆਲਾ।

بغدادِکهن ***ਬਗ਼ਦਾਦ-ਏ-ਕੁਹਨ*** : ਖ਼ਾਲੀ ਪੇਟ।

بغدادِمعمور ***ਬਗ਼ਦਾਦ-ਏ-ਮਅਮੂਰ*** : ਸ਼ਰਾਬ ਦਾ ਭਰਿਆ ਹੋਇਆ ਪਿਆਲਾ; ਭਰਿਆ ਹੋਇਆ ਪੇਟ।

بغدی ***ਬਗ਼ਦੀ*** : ਚੰਗੀ ਕਿਸਮ ਦਾ ਊਠ।

بغرا ***ਬਗ਼ਰਾ*** : ਸੂਰ।

بغرا ***ਬੁਗ਼ਰਾ*** : ਕੂੰਜ।

بغرا ***ਬੁਗਰਾ***, بغراخان ***ਬੁਗਰਾਖ਼ਾਨ*** : ਇਕ ਖ਼੍ਵਾਰਜ਼ਮੀ ਬਾਦਸ਼ਾਹ ਦਾ ਨਾਮ ਜਿਸ ਦਾ ਪੂਰਾ ਨਾਮ ਬੁਗਰਾਖ਼ਾਨ ਸੀ।

بغراخانی ***ਬੁਗਰਾਖ਼ਾਨੀ*** : ਇਕ ਕਿਸਮ ਦਾ ਖਾਣਾ ਜੋ ਗੋਸ਼ਤ ਤੇ ਚਾਵਲ ਮਿਲਾ ਕੇ ਪਕਾਇਆ ਜਾਂਦਾ ਹੈ; ਇਸ ਦਾ ਮੋਢੀ ਤਾਤਾਰੀ ਬਾਦਸ਼ਾਹ ਬੁਗਰਾਖਾਨ ਕਿਹਾ ਜਾਂਦਾ ਹੈ।

بغشور ***ਬਗ਼ਸ਼ੂਰ*** : ਹਰਾਤ ਦੇ ਨੇੜੇ ਇਕ ਕਸਬੇ ਦਾ ਨਾਮ।

بغطاق ***ਬਗ਼ਤ਼ਾਕ਼*** : (ਬਗ਼ਲਤ਼ਾਕ਼ بغلطاق ਦਾ ਅਰਬੀ ਰੂਪਾਂਤਰ), ਪਗੜੀ; ਪਾਖਰ; ਲੋਹ-ਬਕਤਰ, ਯੁੱਰਾਕ, ਲੋਹੇ ਦੀ ਪੁਸ਼ਾਕ ਜੇਹੜੀ ਜੰਗ ਵੇਲੇ ਘੋੜੇ ਅਤੇ ਉਸ ਦੇ ਸਵਾਰ ਨੂੰ ਪੈਹਨਾਈ ਜਾਂਦੀ ਹੈ।

بغض ***ਬਗ਼ਜ਼***, بغض ***ਬੁਗ਼ਜ਼*** : ਦੁਸ਼ਮਣੀ, ਵੈਰ, ਈਰਖਾ, ਹਸਦ, ਘਿਰਨਾ, ਨਫ਼ਰਤ।

بغیض ***ਬਗ਼ੀਜ਼*** : ਸਖ਼ਤ ਬੁਗਜ਼ ਰੱਖਣ ਵਾਲਾ, ਈਰਖਾਲੂ, ਦੁਸ਼ਮਣ।

بغل ***ਬਗ਼ਲ*** : ਬਾਂਹ ਤੋਂ ਹੇਠਲਾ ਹਿੱਸਾ, ਕੱਛ।

بغلبر ***ਬਗ਼ਲ-ਬੁਰ*** : ਪੱਟੀ।

بغلبغل ***ਬਗ਼ਲ-ਬਗ਼ਲ*** : ਢੇਰ ਢੇਰ, ਅਧਿੱਕ, ਬੌਹਤ ਜ਼ਿਆਦਾ।

بغلبند ***ਬਗ਼ਲ-ਬੰਦ*** : ਕੱਛਾਂ ਹੇਠ ਬੰਨ੍ਹਣ ਵਾਲੀ ਰੱਸੀ।

بغلتری ***ਬਗ਼ਲਤਰੀ*** : ਸ਼ਰਮਿੰਦਗੀ, ਸ਼ਰਮਸਾਰੀ।

بغلزدن ***ਬਗ਼ਲ ਜ਼ਦਨ*** : ਬਗ਼ਲਾਂ ਵਜਾਉਣਾ, ਕੱਛਾਂ ਵਜਾਉਣਾ, ਕਿਸੇ ਦਾ ਮੌਜੂ ਉਡਾਉਣਾ।

بغلک ***ਬਗ਼ਲਕ*** : ਬਗ਼ਲ ਦਾ ਫੋੜਾ, ਕਛਰਾਲੀ।

بغلکردن ***ਬਗ਼ਲ ਕਰਦਨ*** : ਗਲੇ ਮਿਲਣਾ, ਗਲ ਨਾਲ ਲਾਉਣਾ।

بغلگیر ***ਬਗ਼ਲਗੀਰ*** : ਗਲੇ ਲੱਗਣ ਵਾਲਾ, ਗਲੇ ਮਿਲਣ ਵਾਲਾ, ਜੱਫ਼ੀ ਪਾ ਕੇ ਮਿਲਣ ਵਾਲਾ।

بغلگیری ***ਬਗ਼ਲਗੀਰੀ*** : ਜੱਫ਼ੀ ਪਾਉਣ ਦੀ ਕਿਰਿਆ; ਕੁਸ਼ਤੀ ਦੇ ਇਕ ਦਾਅ ਦਾ ਨਾਮ।

بغلی ***ਬਗ਼ਲੀ*** : ਬਗ਼ਲ ਨਾਲ ਸਬੰਧਤ; ਥੋੜੀ ਜਾਂ ਛੋਟੀ ਜੇਹੀ ਚੀਜ਼ ਜੇਹੜੀ ਕੱਛ ਹੇਠ ਆ ਜਾਵੇ; ਗਲੇ ਲਟਕਾਉਣ ਵਾਲੀ ਕੁਰਾਨ ਸ਼ਰੀਫ ਦੀ ਪਰਤੀ।

بغلطاق ***ਬਗ਼ਲਤ਼ਾਕ਼*** : ਟੋਪੀ, ਲੋਹ-ਬਕਤਰ, ਪਾਖਰ।

بغند ***ਬਗ਼ੰਦ*** : ਇਕ ਪਰਕਾਰ ਦਾ ਚਮੜਾ ਜਿਸ ਨਾਲ ਜੁੱਤੀਆਂ ਸਿਊਂਦੇ ਹਨ।

بغی ***ਬਗ਼ੀ*** : ਬਗ਼ਾਵਤ, ਸਰਕਸ਼ੀ, ਆਕੀਪੁਣਾ।

بغی ***ਬੱਗ਼ੀ*** : ਬਾਗ਼ੀ, ਸਰਕਸ਼, ਆਕੀ, ਭੈੜੇ ਆਚਰਨ ਦੀ ਇਸਤਰੀ, ਵਿਭਚਾਰਨ।

بغیار ***ਬਗ਼ਯਾਰ***, بغیار ***ਬਗ਼ਯਾਜ਼*** : ਓਹ ਮਮੂਲੀ ਰਕਮ ਜੋ ਸ਼ਗਿਰਦ ਉਜਰਤ ਤੋਂ ਛੁੱਟ ਉਸਤਾਦ ਨੂੰ ਦਿੰਦਾ ਹੈ; ਸ਼ਗਿਰਦਾਨਾ; ਖੁਸ਼ਖਬਰੀ।

بف ***ਬਫ਼***, بفتری ***ਬਫ਼ਤਰੀ*** : ਜੁਲਾਹਿਆਂ ਦੀ ਕੰਘੀ।

بفار ***ਬਫ਼ਾਰ*** : ਫਾਨਾ, ਮੇਖ, ਪੱਚਰ।

بفش ***ਬਫ਼ਸ਼*** : ਸ਼ਾਨਸ਼ੌਕਤ, ਆਨਬਾਨ; ਮਾਣ, ਵਡਿਆਈ।

بفکین ***ਬਫ਼ਕੀਨ*** : ਉਤਲੀ ਮੰਜ਼ਲ, ਚੁਬਾਰਾ।

بفنج ***ਬਫ਼ਨਜ*** : ਇਕ ਪਰਕਾਰ ਦਾ ਸੱਪ ਜੋ ਜ਼ੈਹਰੀਲਾ ਨਹੀਂ ਹੁੰਦਾ, ਓਹ ਸੱਪ ਜੋ ਲੋਕਾਂ ਨੂੰ ਨਾ ਡੱਸੇ।

بقا ***ਬਕ਼ਾ*** : ਮੌਜੂਦਗੀ, ਜ਼ਿੰਦਗੀ, ਜੀਣਾ, ਸੰਸਾਰ ਵਿਚ ਰੈਹਣਾ, ਬਾਕੀ ਰੈਹਣਾ; ਹਮੇਸ਼ਾਂ ਦੀ ਜ਼ਿੰਦਗੀ, ਸਦੀਵਤਾ, ਨਿਰੰਤਰਤਾ।

بقال ***ਬੱਕ਼ਾਲ*** : ਸਬਜ਼ੀ ਵੇਚਣ ਵਾਲਾ, ਅਨਾਜ ਆਦਿ ਵੇਚਣ ਵਾਲਾ, ਪਨਸਾਰੀ।

بقاول ***ਬਕ਼ਾਵੂਲ*** : ਰਸੋਈ ਦਾ ਨਿਗਰਾਨ, ਰਸੋਈਆ।

بقایا ***ਬਕ਼ਾਯਾ*** : (ਬੱਕ਼ੀਯਾ بقیه ਦਾ ਬੌਹਵਚਨ) ਬਚੇ ਹੋਏ, ਬੱਚਤਾਂ; ਬਾਕੀ ਰੈਂਹਦੀਆਂ ਚੀਜ਼ਾਂ, ਬਚੀਆਂ ਖੁਰੀਆਂ ਵਸਤਾਂ।

بقایاباقی ***ਬਕਾਯਾ-ਏ-ਬਾਕੀ*** : ਬਾਕੀ ਰੈਂਹਦੀ ਰਕਮ।

بقباق ***ਬਕਬਾਕ*** : ਬੌਹਤ ਬਕਵਾਸ ਮਾਰਨ ਵਾਲਾ, ਬਕਵਾਸੀ।

بقچه ***ਬੁਕਚਾ*** : ਕੱਪੜਿਆਂ ਦੀ ਗਠੜੀ, ਗੰਢ, ਗੱਠ।

بقدر ***ਬ-ਕਦਰ*** : ਅਨੁਸਾਰ, ਮੁਤਾਬਕ, ਇਸ ਅਨੁਸਾਰ; ਕਦਰ ਮੁਤਾਬਕ; ਅਨੁਮਾਨ, ਲਗਪਗ।

بقر ***ਬਕਰ,*** بقره ***ਬਕਰਾ*** : ਗਊ, ਬਲਦ।

بقرات ***ਬਕਰਾਤ*** : (ਬਕਰਾ بقره ਦਾ ਬੌਹਵਚਨ) ਗਾਵਾਂ, ਬਲਦ, ਗਾਈਆਂ।

بقرعید ***ਬਕਰ-ਈਦ*** : ਕੁਰਬਾਨੀ ਦੀ ਈਦ ਜੋ ਹਜ਼ਰਤ ਇਬਰਾਹੀਮ ਦੇ ਆਪਣੇ ਬੱਚੇ ਨੂੰ ਰੱਬ ਦੇ ਨਾਮ ਤੇ ਕੁਰਬਾਨ ਕਰਨ ਦੀ ਯਾਦ ਵਿਚ ਮਨਾਈ ਜਾਂਦੀ ਹੈ।

بقراط ***ਬੁਕਰਾਤ*** : ਇਕ ਪਰਸਿੱਧ ਯੂਨਾਨੀ ਵਿਦਵਾਨ ਹਕੀਮ ਦਾ ਨਾਮ ਜਿਸ ਨੇ ਸਭ ਤੋਂ ਪੈਹਲਾਂ (ਤਿਬ-ਏ-ਹਕੀਮੀ) ਦਾ ਹੁਨਰ ਕੱਢਿਆ (ਇਹ ਰਾਫ਼ੀਸ ਦਾ ਪੁੱਤਰ ਸੀ ਅਤੇ ਹਕੀਮ ਅਸਕੀਨੂਸ ਦੂਜੇ ਦਾ ਸ਼ਗਿਰਦ ਸੀ, ਇਸ ਦਾ ਸਮਾਂ 450 ਸਾਲ ਪੂ.ਈ ਦਾ ਹੈ। ਏਹ ਈਰਾਨ ਦੇ ਬਾਦਸ਼ਾਹ ਬਹਮਨ-ਬਿਨ-ਅਸਫੰਦਯਾਰ ਦਾ ਸਮਕਾਲੀ ਸੀ)।

بقعه ***ਬੁਕਆ*** : ਥਾਂ, ਜਗ੍ਹਾ, ਮਕਾਨ, ਨਿਵਾਸ-ਸਥਾਨ; ਖ਼ਾਨਕਾਹ; ਮੰਦਰ; ਜ਼ਮੀਨ ਦਾ ਅਜੇਹਾ ਟੁਕੜਾ ਜੇਹੜਾ ਹੋਰਾਂ ਟੁਕੜਿਆਂ ਨਾਲੋਂ ਵਧੀਆ ਹੋਵੇ।

بقل ***ਬਕਲ,*** بقله ***ਬਕਲਾ*** : ਸਾਗ, ਪੱਤਰ, ਪੱਤੇ, ਹਰਿਆਵਲ, ਸ਼ਬਜ਼ੀ।

بقم ***ਬੱਕਮ*** : (ਫ਼ਾਰਸੀ 'ਬੱਕਮ' بکم ਦਾ ਅਰਬੀ ਰੂਪਾਂਤਰ); ਇਕ ਲੱਕੜ ਜਿਸ ਵਿਚੋਂ ਲਾਲ ਰੰਗ ਤਿਆਰ ਕੀਤਾ ਜਾਂਦਾ ਹੈ।

بقیع ***ਬਕੀਅ*** : ਮਦੀਨਾ ਦੇ ਇਕ ਕਬਰਿਸਤਾਨ ਦਾ ਨਾਮ ਜਿਥੇ ਹਜ਼ਰਤ ਮੁਹੰਮਦ ਸਾਹਿਬ ਦੀ ਸਾਹਿਬਜ਼ਾਦੀ ਬੀਬੀ ਫ਼ਾਤਿਮਾ ਤੇ ਉਸ ਦੇ ਬੇਟੇ ਹਜ਼ਰਤ ਇਮਾਮ ਹਸਨ ਦੇ ਮਜ਼ਾਰ ਹਨ।

بقیه ***ਬੱਕੀਯਾ*** : ਬਾਕੀ, ਬਚਿਆ ਹੋਇਆ, ਰੈਂਹਦਾ ਖੂੰਦਾ; ਬੱਚਤ, ਜ਼ਿੰਦਗਾਨੀ; ਬੰਦਗੀ; ਅਧੀਨਗੀ।

بقیه‌العمر ***ਬੱਕੀਯਤੁਲ-ਉਮਰ*** : ਉਮਰ ਦਾ ਰੈਂਹਦਾ ਹਿੱਸਾ; ਬਾਕੀ ਰੈਂਹਦੀ ਆਯੂ।

بقیتی ***ਬੱਕੀਯਤੀ*** : ਕੁਝ ਰੈਂਹਦ ਖੂੰਦ, ਬਚਦੇ-ਖੁਚਦੇ।

بک ***ਬਕ*** : ਭੱਜ ਕੇ ਕਿਧਰੇ ਸਿਰ ਲੁਕਾਉਣ ਦੀ ਥਾਂ; ਜੰਗਲ, ਉਜਾੜ; ਡੱਡੂ; ਖੀਰਾ; ਜੰਗਲੀ ਖੀਰਾ, ਮਾਵਰਾ-ਉਨਹਰ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ।

بک ***ਬਿਕ*** : ਕੋਲਾ; ਮਘਦਾ ਕੋਲਾ; ਇਕ ਤੁਰਕੀ ਖ਼ਿਤਾਬ।

بک ***ਬੁਕ*** : ਚੇਹਰਾ; ਮੁਖੜਾ; ਗਲ੍ਹ; ਰੁਖ਼ਸਾਰ; ਇਕ ਕਿਸਮ ਦਾ ਤੰਗ ਮੂੰਹ ਤੇ ਛੋਟੀ ਧੌਣ ਵਾਲਾ ਕੁੱਜਾ, ਛੋਟੀ ਗਰਦਨ ਵਾਲੀ ਸੁਰਾਹੀ; ਅਗਿਆਨ; ਅਣਜਾਣਪੁਣਾ।

بکا ***ਬੁਕਾ*** : ਰੋਣਾ।

آه و بکا ***ਆਹ-ਉ-ਬੁੱਕਾ,*** زاروبکا ***ਜ਼ਾਰ-ਉ-ਬੁਕਾ*** : ਬੌਹਤ ਰੋਣਾ, ਕੁਰਲਾਉਣਾ; ਰੋਣ-ਧੋਣ, ਕੁਰਲਾਹਟ, ਹਾਹਾਕਾਰ।

بکار ***ਬ-ਕਾਰ*** : ਕੰਮ ਤੇ ਵਰਤਣਾ; ਲਾਭਦਾਇਕ।

بکارِ آب بودن ***ਬਕਾਰ-ਏ-ਆਬ-ਬੂਦਨ*** : ਹਮੇਸ਼ਾ ਪੀਤੀ ਰੱਖਣਾ; ਸਦਾ ਮਖ਼ਮੂਰ ਤੇ ਮਸਤ ਰੈਹਣਾ।

بکارآمد ***ਬਕਾਰ ਆਮਦ*** : ਕੰਮ ਆਉਣ ਵਾਲਾ; ਕਾਫ਼ਲੇ ਦਾ ਮਰਦ ਜਵਾਨ, ਕੰਮ ਜਾਣਨ ਵਾਲਾ।

بکارآمدن ***ਬਕਾਰ-ਆਮਦਨ*** : ਕੰਮ ਆਉਣਾ।

بکارآوردن ***ਬਕਾਰ ਆਵਰਦਨ*** : ਕੰਮ ਵਿਚ ਲਿਆਉਣਾ।

بکاربردن ***ਬਕਾਰ-ਬੁਰਦਨ*** : ਵਰਤਣਾ, ਪਰਯੋਗ ਕਰਨਾ।

بکارنمی‌خورد ***ਬਕਾਰ ਨਮੇ ਖ਼ੁਰੱਦ*** :

ਕੰਮ ਨਹੀਂ ਆਉਂਦਾ, ਕੰਮ ਦਾ ਨਹੀਂ, ਨਿਕੰਮਾ।

بکارت ***ਬਕਾਰਤ*** : ਕੁਆਰਪਣਾ।

بکاغذبردن ***ਬ-ਕਾਗ਼ਜ਼ ਬੁਰਦਨ*** : ਬੜੇ ਮਾਣ ਸਤਕਾਰ ਨਾਲ ਲੈ ਜਾਣਾ।

بکام ***ਬਕਾਮ*** : ਅਨੁਕੂਲ, ਇੱਛਾ ਅਨੁਕੂਲ।

بکاول ***ਬਕਾਵਲ;*** **بکاول** ***ਬਕਾਵੂਲ*** : ਬਾਵਰਚੀ, ਰੋਸੋਈਆ, ਬਾਵਰਚੀਖ਼ਾਨੇ ਦਾ ਦਰੋਗ਼ਾ।

بکبر ***ਬਕਬਰ*** : ਕਕੜੀ, ਤਰ।

بکتر ***ਬਕਤਰ*** : ਲੋਹੇ ਦਾ ਬਣਿਆ ਇਕ ਲਿਬਾਸ ਜੋ ਜੰਗ ਵਿਚ ਇਸਤੇਮਾਲ ਕਰਦੇ ਹਨ, ਸੰਜੋਆ, ਜ਼ੱਰਾ-ਬਕਤਰ।

بکر ***ਬਿਕਰ*** : ਕੁਆਰੀ; ਕੋਮਲ; ਹਰ ਸ਼ੈ ਦੀ ਪੈਹਲ; ਪੈਹਲਾਂ ਜੰਮਿਆ ਨਿਰਾਲਾ ਬੱਚਾ, ਅਜੀਬ, ਅਨੋਖੀ।

بکرانبہشت ***ਬਿਕਾਰਾਨ-ਏ-ਬਹਿਸ਼ਤ*** : ਅਜੀਬ, ਅਨੋਖੀ।

بکرانجنت ***ਬਿਕਰਾਨ-ਏ-ਜੰਨਤ*** : ਬਹਿਸ਼ਤ ਦੀਆਂ ਹੂਰਾਂ, ਸੁਰਗ ਦੀਆਂ ਅਪੱਛਰਾਂ।

بکرانچرخ ***ਬਿਕਰਾਨ-ਏ-ਚਰਖ਼,*** **بکرانفلک** ***ਬਿਕਰਾਨ-ਏ-ਫ਼ਲਕ*** : ਸਤਾਰੇ, ਤਾਰੇ।

بکران ***ਬੁਕਰਾਨ*** : ਭਾਂਡੇ ਦਾ ਥੱਲਾ, ਭਾਂਡੇ ਦੇ ਥੱਲੇ ਦਾ ਰੈਂਹਦ-ਖੂੰਦ, ਖੁਰਚਣ,ਘਰੋੜੀ।

بکرائی ***ਬਕਰਾਈ,*** **بکروی** ***ਬਕਰਵੀ*** : ਇਕ ਪਰਕਾਰ ਦਾ ਫਲ ਜੋ ਸੰਤਰੇ ਤੇ ਨਿੰਬੂ ਵਿਚਕਾਰਲਾ ਹੁੰਦਾ ਹੈ, ਗਲਗਲ।

بکره ***ਬੁਕਰਾ*** : ਸਵੇਰ, ਤੜਕਾ।

بکره ***ਬਕਰਾ*** : ਚਰਖ਼ੀ, ਜੁਲਾਹਿਆਂ ਦੀ ਚਰਖ਼ੀ।

بکسه ***ਬੁਕਸਾ*** : ਗੋਸ਼ਤ ਦੀ ਬੋਟੀ।

بکشه ***ਬਕਸ਼ਾ*** : ਇਕ ਪਰਕਾਰ ਦਾ ਫੋੜਾ ਜੋ ਪੇਟ ਤੇ ਜਾਂ ਕੰਨ ਹੇਠ ਹੋ ਜਾਂਦਾ ਹੈ, ਗ਼ਦੂਦਾ, ਗਿਲਟੀ, ਗੁੰਮੜ।

بکف ***ਬ-ਕਫ਼*** : ਹੱਥ ਵਿਚ, ਤਲੀ 'ਤੇ।

بکفآوردن ***ਬ-ਕਫ਼ ਆਵਰਦਨ*** : ਪਰਾਪਤ ਕਰਨਾ; ਵਿਖਾਉਣਾ।

بکم ***ਬਕਮ*** : ਗੂੰਗਾ ਹੋਣਾ; ਗੂੰਗਾਪਣ, ਮਾਂ ਦੇ ਪੇਟ ਚੋਂ ਅੰਨ੍ਹਾ ਜਾਂ ਗੂੰਗਾ ਪੈਦਾ ਹੋਣਾ।

بکم ***ਬੁਕਮ*** : (ਬਕਮ **بکم** ਦਾ ਬੌਹਵਚਨ) ਗੂੰਗੇ।

بکنگ ***ਬਕੰਗ,*** **بکنگ** ***ਬਿਕੰਗ*** : ਪੂਛ-ਕਟਾ ਜਾਨਵਰ; ਓਹ ਜਾਨਵਰ ਜਿਸ ਦੀ ਪੂਛ ਕੱਟੀ ਹੋਈ ਹੋਵੇ, ਲੰਡਾ।

بکوک ***ਬਕੂਕ*** : ਤੀਰ ਦਾ ਨਿਸ਼ਾਨਾ।

بک ولک ***ਬੁਕ-ਉ-ਲੁਕ*** : ਬੇਅਕਲ, ਮੂੜ੍ਹ, ਬੇਵਕੂਫ਼, ਖਾਲੀ; ਉਚਾ ਨੀਵਾਂ; ਜੋ ਪੱਧਰਾ ਨਾ ਹੋਵੇ; ਸਖ਼ਤ।

بکونک ***ਬਕੂਨਕ,*** **بکونه** ***ਬਕੂਨਾ*** : ਕਾਠ ਦੀ ਤਲਵਾਰ।

بکه ***ਬੱਕਾ*** : ਮੱਕਾ ਸ਼ਰੀਫ਼ ਦਾ ਪੁਰਾਣਾ ਨਾਮ।

بکیاسا ***ਬਿਕਯਾਸਾ*** : ਛੋਟੀ ਜੇਹੀ ਗਠੜੀ ਜੇਹੜੀ ਭਾਰੀ ਬੋਝ ਉੱਤੇ ਰੱਖ ਦਿੰਦੇ ਹਨ।

بگ ***ਬਗ*** : ਡੱਡੂ।

بگ ***ਬਿਗ*** : (ਬੇਗ **بیگ** ਦਾ ਸੰਖਿਪਤ ਰੂਪ) ਅਮੀਰ, ਸਰਦਾਰ, ਮੁਲਕ ਈਰਾਨ ਵਿਚ ਇਕ ਖ਼ਿਤਾਬ।

بگاره ***ਬੁਗਾਰਾ*** : ਭਾਰ ਲੱਦਣ ਵਾਲੀ ਕਿਸ਼ਤੀ ਜਾਂ ਬੇੜੀ।

بگاه ***ਬ-ਗਾਹ*** : ਵਕਤ ਸਿਰ; ਸਵੇਰੇ, ਸਵੇਰ; ਝਟਪਟ, ਜਲਦੀ; ਹਰ ਵੇਲੇ।

بگاهاست ***ਬਗਾਹ ਅਸਤ*** : ਹੁਣ ਵੇਲਾ ਹੈ; ਏਹੀ ਸਮਾਂ (ਠੀਕ) ਹੈ।

بگتاش ***ਬਗਤਾਸ਼*** : ਖ਼੍ਵਾਰਜ਼ਮ ਦੇ ਇਕ ਬਾਦਸ਼ਾਹ ਦਾ ਨਾਮ; ਤੁਰਕਾਂ ਦੇ ਇਕ ਕਬੀਲੇ ਦਾ ਨਾਮ।

بگتر ***ਬਗਤਰ*** : (=ਬਕਤਰ **بکتر**) ਲੋਹੇ ਦਾ ਲਿਬਾਸ, ਜ਼ਰਾ-ਬਕਤਰ, ਸੰਜੋਆ।

بگترپوش ***ਬਗਤਰਪੋਸ਼*** : ਸੰਜੋਏ ਨਾਲ ਸਜਿਆ ਹੋਇਆ, ਜਿਸ ਨੇ ਜ਼ਰਾ-ਬਕਤਰ ਪਾਇਆ ਹੋਵੇ।

بگتری ***ਬਗਤਰੀ*** : ਜ਼ਰਾ-ਬਕਤਰ

ਬਣਾਉਣ ਵਾਲਾ।

بگده ***ਬੁਗਦਾ*** : ਕਸਾਈ ਦੀ ਛੁਰੀ, ਵੱਡਾ ਚਾਕੂ, ਇਕ ਹਥਿਆਰ ਦਾ ਨਾਮ।

بگردآوردن ***ਬ-ਗਿਰਦ ਆਵਰਦਨ*** : ਜਮ੍ਹਾ ਕਰਨਾ; ਫਿਰਾਉਣਾ, ਘੁਮਾਉਣਾ; ਚਕਮਾ ਦੇਣਾ, ਛਲਣਾ।

بگرداونمی‌رسد ***ਬ-ਗਰਦੇ ਊ ਨਮੀ ਰਸਦ*** : ਉਸ ਦੀ ਗਰਦ (ਧੂੜ) ਨੂੰ ਵੀ ਨਹੀਂ ਪੌਹਚ ਸਕਦਾ ਅਰਥਾਤ ਉਸ ਦਾ ਕੀ ਮੁਕਾਬਲਾ ਕਰ ਸਕਦਾ ਹੈ।

بگردرفتن ***ਬ-ਗਰਦ ਰਫ਼ਤਨ*** : ਤਬਾਹ ਹੋ ਜਾਣਾ; ਮਿੱਟੀ ਵਿਚ ਮਿਲ ਜਾਣਾ; ਉਜੜ ਜਾਣਾ।

بگرس ***ਬਗਰਸ,*** بکرس ***ਬਕਰਸ*** : ਚੰਗੀ ਕਿਸਮ ਦੀ ਬਾਨਾਤ ਜਿਸ ਵਿਚ ਪਾਣੀ ਜਾਂ ਚਿਕਨਾਈ ਨਹੀਂ ਪੈ ਸਕਦੇ ਤੇ ਜਿਸ ਤੋਂ ਬਰਸਾਤੀ ਬਣਾਉਂਦੇ ਹਨ, ਵਾਟਰ ਪਰੂਫ਼ ਬਾਨਾਤ।

بگلر ***ਬਗਲਰ*** : ਅਮੀਰ, ਦੌਲਤਮੰਦ, ਰਈਸ।

بگلربگ ***ਬਗਲਰਬਿਗ*** : ਖਾਨਖਾਨਾਂ, ਸਰਦਾਰਾਂ ਦਾ ਸਰਦਾਰ।

بگماز ***ਬਗਮਾਜ਼*** : ਸ਼ਰਾਬ, ਸ਼ਰਾਬ ਪੀਣਾ; ਸ਼ਰਾਬ ਦਾ ਪਿਆਲਾ।

بگند ***ਬਗੰਦ*** : ਪੰਛੀ ਦਾ ਆਲ੍ਹਣਾ।

بگنگ ***ਬਗੰਗ*** : ਪੂਛ-ਕਟਾ, ਲੰਡਾ।

بگنی ***ਬੁਗਨੀ*** : ਸੱਤੂ, ਜੌਂ, ਚਾਵਲ ਜਾਂ ਛੋਲਿਆਂ ਦੀ ਸ਼ਰਾਬ, ਬੀਅਰ, ਸ਼ਰਾਬ।

بگوشِ‌دل‌شنیدن ***ਬਗੋਸ਼-ਏ- ਦਿਲ ਸੁਨੀਦਨ*** : ਬੜੇ ਧਿਆਨ ਨਾਲ ਸੁਣਨਾ।

بگوشه‌گفتن ***ਬ-ਗੋਸ਼ਾ ਗੁਫ਼ਤਨ*** : ਇਸ਼ਾਰੇ ਨਾਲ ਗੱਲ ਕਰਨੀ, ਰਮਜ਼ ਮਾਰਨੀ।

بل ***ਬਲ*** : ਅੱਡੀ।

بل ***ਬਲ*** : ਪਰ, ਪਰੰਤੂ; ਨਹੀਂ; ਇਸ ਦੇ ਉਲਟ; ਬਰਖ਼ਿਲਾਫ਼ ਇਸ ਦੇ; ਫਿਰ ਵੀ, ਤਾਂ ਵੀ, ਯਕੀਨਨ; ਸਗੋਂ।

بل ***ਬਿਲ*** : (ਬਿਹਿਲ بهل ਦਾ ਸੰਖਿਪਤ ਰੂਪ) ਤੂੰ ਛੱਡ, ਹੱਥ ਨਾ ਲਾ।

بل ***ਬੁਲ*** : ਬੌਹਤ ਅਧਕ, ਕੈਹਰ, ਗ਼ਜ਼ਬ।

بلا ***ਬਲਾ*** : ਦੁੱਖ, ਤਕਲੀਫ਼, ਬਿਪਤਾ, ਆਫ਼ਤ; ਅਜੀਬ ਕੰਮ; ਭੈੜੀ ਰੂਹ, ਚੁੜੇਲ, ਡਾਇਣ, ਭੂਤ ਪਰੇਤ; ਬੌਹਤ ਭਿਆਨਕ।

بلاانگیز ***ਬਲਾ ਅੰਗੇਜ਼*** : ਮੁਸੀਬਤ ਖੜ੍ਹੀ ਕਰਨ ਵਾਲਾ, ਸ਼ਰਾਰਤੀ, ਫ਼ਸਾਦੀ।

بلاجو ***ਬਲਾ-ਜੂ*** : ਦੁਸ਼ਮਣ, ਵੈਰੀ, ਮੰਦਾ ਚਿਤਵਣ ਵਾਲਾ; ਮਸ਼ੂਕ।

بلاچین ***ਬਲਾ-ਚੀਨ,*** بلاگردن ***ਬਲਾ ਗਰਦਨ,*** بلاکردن ***ਬਲਾ ਕਰਦਨ*** : ਜੋ ਮੁਸੀਬਤ ਚੁਣ ਲਵੇ; ਕੁਰਬਾਨੀ, ਸਦਕਾ, ਹੱਦ ਕਰ ਦੇਣਾ, ਕੋਈ ਅਸਧਾਰਨ ਕੰਮ ਕਰ ਵਿਖਾਉਣਾ, ਉਸਤਾਦੀ ਕਰਨਾ।

بلاکش ***ਬਲਾਕਸ਼,*** بلانصیب ***ਬਲਾ ਨਸੀਬ*** : ਦੁਖੀ, ਮੁਸੀਬਤਾਂ ਦਾ ਮਾਰਿਆ ਹੋਇਆ।

بلائے سیاہ ***ਬਲਾ-ਏ-ਸਯਾਹ*** : ਆਫ਼ਤ।

بلا ***ਬਿਲਾ*** : ਬਿਨਾ, ਬਗ਼ੈਰ।

بلاتاخیر ***ਬਿਲਾ ਤਾਖ਼ੀਰ*** : ਬਿਨਾ ਦੇਰ ਦੇ।

بلاتحاشه(تحاشی) ***ਬਿਲਾ ਤਹਾਸ਼ਾ (ਤਹਾਸ਼ੀ)*** : ਝੱਟ ਪੱਟ, ਫ਼ੌਰਨ।

بلاترتیب ***ਬਿਲਾ ਤਰਤੀਬ*** : ਬਿਨਾ ਕਿਸੇ ਤਰਤੀਬ ਦੇ।

بلاترد ***ਬਿਲਾ ਤਰਦੁੱਦ*** : ਬਿਨਾ ਸੰਕੋਚ, ਬਿਨਾ ਵਿਰੋਧ, ਬਿਨਾ ਸ਼ਸ਼ੋ ਪੰਜ।

بلاحجت ***ਬਿਲਾ ਹੁੱਜਤ*** : ਬਿਨਾ ਸਬੂਤ ਜਾਂ ਦਲੀਲ ਦੇ।

بلاشرط ***ਬਿਲਾ ਸ਼ਰਤ*** : ਬਿਨਾ ਸ਼ਰਤ ਦੇ।

بلاشکوشبه ***ਬਿਲਾ ਸ਼ਕ-ਓ-ਸ਼ੁਬਾ*** : ਬਿਨਾ ਕਿਸੇ ਸ਼ੱਕ ਦੇ।

بلاعوض ***ਬਿਲਾ ਇਵਜ਼*** : ਬਿਨਾ ਮੁਆਵਜ਼ੇ ਦੇ, ਮੁਫ਼ਤ।

بلاواسطه ***ਬਿਲਾ ਵਾਸਤਾ*** : ਬਿਨਾ ਸਬੱਬ।

بلاوجه ***ਬਿਲਾ ਵਜਾ*** : ਬਿਨਾ ਕਿਸੇ ਕਾਰਨ ਦੇ।

بلابل ***ਬਲਾਬਿਲ*** : (ਬੁਲਬੁਲ بلبل ਦਾ ਬੌਹਵਚਨ), ਬੁਲਬੁਲਾਂ।

بلابه ***ਬਿਲਾਬਾ*** : ਬਕਵਾਸੀ, ਬੜਬੋਲਾ; ਬੇਸ਼ਰਮ, ਬਦਕਾਰ।

بلابه‌کار ***ਬਿਲਾਬਾਕਾਰ*** : ਵਿਭਚਾਰਨ।

بلاج ***ਬਲਾਜ*** : ਬੋਰੀ, ਟਾਟ, ਫੂੜੀ; ਬੋਰੀਆਂ ਬਣਾਉਣ ਵਾਲਾ ਘਾਹ, ਸਰਕੜਾ, ਪਿਲੱਛੀ।

بلاد ***ਬਿਲਾਦ*** : (ਬਲਦ بلد ਦਾ ਬੌਹਵਚਨ) ਸ਼ੈਹਰ, ਇਲਾਕੇ, ਬਸਤੀਆਂ; ਪਥ-ਪਰਦਰਸ਼ਕ; ਸ਼ੁਤਰ ਮੁਰਗ।

بلادت ***ਬਲਾਦਤ*** : ਕਮਦਿਮਾਗੀ, ਕੋੜ੍ਹ-ਮਗਜ਼ੀ, ਬੇਵਕੂਫ਼ੀ, ਮੂਰਖਤਾ।

بلاده ***ਬਲਾਦਾ*** : ਬਦਕਾਰ, ਦੁਰਾਚਾਰੀ, ਫ਼ਸਾਦੀ, ਸ਼ਰਾਰਤੀ।

بلارک ***ਬਲਾਰਕ*** : ਹਿੰਦੀ ਫੌਲਾਦ, ਜੌਹਰ ਵਾਲਾ ਫੌਲਾਦ; ਜੌਹਰਦਾਰ ਤਲਵਾਰ।

بلاز ***ਬਿਲਾਜ਼,*** بلاش ***ਬਿਲਾਸ਼*** : ਬਿਨਾ ਕਾਰਨ ਦੇ, ਬਿਨਾ ਸਬੱਬ।

بلاس ***ਬਲਾਸ*** : (ਫ਼ਾਰਸੀ ਦੇ 'ਪਲਾਸ' پلاس ਦਾ ਅਰਬੀ ਰੂਪਾਂਤਰ); ਟਾਟ।

بلاغت ***ਬਲਾਗ਼ਤ*** : ਮੌਕੇ ਮੁਤਾਬਕ ਗੱਲ ਕਰਨਾ; ਗੱਲਬਾਤ ਦਾ ਚੰਗਾ ਤੇ ਪੂਰਾ ਹੋਣਾ; ਅਜੇਹਾ ਕਲਾਮ ਜਿਸ ਵਿਚ ਕੋਈ ਨੁਕਸ ਜਾਂ ਐਬ ਨਾ ਹੋਵੇ; ਭਾਸ਼ਣ- ਕਲਾ ਦੇ ਸਿਖ਼ਰ ਨੂੰ ਪੁੱਜਣਾ; ਜਵਾਨ ਹੋਣਾ।

بلاق ***ਬੁਲਾਕ*** : ਇਕ ਪਰਸਿੱਧ ਗੈਹਣਾ ਜੋ ਨੱਕ ਵਿਚ ਪਾਇਆ ਜਾਂਦਾ ਹੈ, ਨੱਥ, ਕੋਕਾ ਆਦਿ; ਪਾਣੀ ਦਾ ਚਸ਼ਮਾ।

بلال ***ਬਿਲਾਲ*** : ਰਸੂਲ ਹਜ਼ਰਤ ਮੁੰਹਮਦ ਸਾਹਿਬ ਦੇ ਹਬਸ਼ੀ ਨਸਲ ਵਾਲੇ ਮੁਐੱਜ਼ਿਨ (ਬਾਂਗ ਦੇਣ ਵਾਲਾ) ਦਾ ਨਾਮ ਜੋ ਹਜ਼ਰਤ ਸਦੀਕ ਅਕਬਰ ਦਾ ਗੁਲਾਮ ਸੀ ਤੇ ਓਹਨਾਂ ਨੇ ਉਸ ਨੂੰ ਅਜ਼ਾਦ ਕਰ ਦਿੱਤਾ ਸੀ, ਮੱਕਾ ਦੇ ਲੋਕਾਂ ਵਿਚ ਇਸ ਨੇ ਸਭ ਤੋਂ ਪੈਹਲਾਂ ਇਸਲਾਮ ਕਬੂਲ ਕੀਤਾ। ਓਹ ਹਲਬ ਮੁਲਕ ਸ਼ਾਮ ਵਿਚ (ਸੱਠ (੬੦) ਸਾਲ ਦੀ ਉਮਰ ਵਿਚ) ੧੭ ਹਿਜਰੀ ਵਿਚ ਫ਼ੌਤ ਹੋਇਆ।

بلالانه ***ਬਿਲਾਲਾਨਾ*** : ਬਲਾਲ੍ਹ ਵਾਂਗ, ਬਿਨਾ ਤਕੱਲਫ਼ ਦੇ, ਸੁਲ੍ਹਾ ਨਾਲ, ਉਪਦੇਸ਼ਕ ਵਾਂਗ।

بلبان ***ਬਲਬਾਨ*** : ਮੂੰਹ ਤੇ ਹੱਥਾਂ ਨਾਲ ਵਜਾਉਣ ਵਾਲੇ ਇਕ ਸਾਜ਼ ਦਾ ਨਾਮ, ਮੂੰਹ-ਚੰਗ।

بلبانی ***ਬਲਬਾਨੀ*** : ਬਲਬਾਨ ਵਜਾਉਣ ਵਾਲਾ।

بلبل ***ਬੁਲਬੁਲ*** : ਇਕ ਪਰਸਿੱਧ ਸੁਰੀਲਾ ਪੰਛੀ ਜੋ ਈਰਾਨ ਵਿਚ ਹੁੰਦਾ ਹੈ, ਏਹ ਗੁਲਾਬ ਨੂੰ ਪਿਆਰ ਕਰਦਾ ਹੈ।

بلبل آمل ***ਬੁਲਬੁਲ-ਏ-ਆਮੁਲ*** : ਪਰਸਿੱਧ ਫ਼ਾਰਸੀ ਸ਼ਾਇਰ, ਤਾਲਬ ਆਮਲੀ ਦੀ ਉਪਾਧੀ।

بلبل بوستان ماژاغ ***ਬੁਲਬੁਲ-ਏ- ਬੁਸਤਾਨ-ਏ-ਮਾਜ਼ਾਗ*** : ਹਜ਼ਰਤ ਮੁਹੰਮਦ ਸਾਹਿਬ ਤੋਂ ਮੁਰਾਦ ਹੈ।

بلبل شدن ***ਬੁਲਬੁਲ ਸ਼ੁਦਨ*** : ਆਸ਼ਕ ਹੋਣਾ, ਮੋਹਤ ਹੋਣਾ; ਸ਼ੋਰ ਮਚਾਉਣਾ, ਬੋਲਣ ਲੱਗ ਪੈਣਾ।

بلبل گنج ***ਬੁਲਬੁਲ-ਏ-ਗੰਜ*** : ਉੱਲੂ।

بلبل چشمی ***ਬੁਲਬੁਲ ਚਸ਼ਮੀ*** : ਇਕ ਪਰਕਾਰ ਦੀ ਸਿਲਕ।

بلبل مزاج ***ਬੁਲਬੁਲ-ਮਿਜ਼ਾਜ*** : ਆਸ਼ਕਾਨਾ ਤਬੀਅਤ ਵਾਲਾ।

بلبل میخوٰند ***ਬੁਲਬੁਲ ਮੀਖ਼ਾਨਦ*** : ਉਸ ਦਾ ਨਾਮ ਹੈ, ਓਹ ਬੌਹਤ ਪਰਸਿੱਧ ਹੈ।

بلبل نوا ***ਬੁਲਬੁਲ-ਨਵਾ*** : ਬੁਲਬੁਲ ਵਰਗਾ ਸੁਰੀਲਾ, ਮਧੁਰ ਗਵੱਈਆ।

بلبلی ***ਬੁਲਬੁਲੀ*** : ਸ਼ਰਾਬ, ਸ਼ਰਾਬ ਦਾ ਪਿਆਲਾ; ਖੁਰਮਾਨੀ; ਪਤਲਾ ਚਮੜਾ।

بلبن ***ਬਲਬਨ*** : ਇਕ ਪਰਕਾਰ ਦਾ ਸਾਗ, ਖ਼ੁਰਫ਼ੇ ਦਾ ਸਾਗ, ਖ਼ੁਰਫ਼ਾ।

بلبوس ***ਬਲਬੂਸ*** : ਜੰਗਲੀ ਪਿਆਜ਼; ਇਕ ਪਰਕਾਰ ਦੀ ਖ਼ਸ ਖ਼ਸ।

بلخ ***ਬਲਖ਼*** : ਖ਼ੁਰਾਸਾਨ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ ਜੋ ਜੈਹੂੰ ਨਦੀ ਦੇ ਕੰਢੇ 'ਤੇ ਸਥਿੱਤ ਹੈ।

بلخم بਲਖ਼ਮ : ਗੋਪੀਆ।

بلد ਬਲਦ : ਸ਼ੈਹਰ, ਕਸਬਾ, ਨਗਰ, ਬਸਤੀ, ਪਰਾਂਤ, ਦੇਸ, ਮੁਲਕ; ਰਾਹਨੁਮਾ, ਸ਼ੁਤਰ ਮੁਰਗ, ਨਿਸ਼ਾਨ।

بلدالامین ਬਲਦ- ਉਲ-ਅਮੀਨ : ਮੱਕਾ ਸ਼ਰੀਫ਼।

بلدان ਬਲਦਾਨ : (ਉਪਰੋਕਤ ਦਾ ਬੌਹਵਚਨ) ਸ਼ੈਹਰ, ਕ਼ਸਬੇ।

بلدراہ ਬਲਦ-ਏ-ਰਾਹ : ਰਸਤੇ ਦਾ ਵਾਕਫ਼।

بلدیت ਬਲਦੀਜਤ : ਵਾਕਫ਼ੀ, ਜਾਣਕਾਰੀ, ਪਥਪਰਦਰਸ਼ਨ।

بلدہ ਬਲਦਾ : ਬਸਤੀ, ਨਗਰ, ਕਸਬਾ, ਸ਼ੈਹਰ, ਚੰਦ ਦਾ ਇੱਕੀਵਾਂ ਘਰ; ਅਕਾਸ਼ ਦਾ ਓਹ ਹਿੱਸਾ ਜਿਸ 'ਤੇ ਤਾਰੇ ਬੌਹਤ ਥੋੜੇ ਹਨ; ਛਾਤੀ; ਦੋਹਾਂ ਭਰਵਟਿਆਂ ਦੀ ਵਿਚਕਾਰਲੀ ਵਿੱਥ।

بلسک ਬਿਲਿਸਕ : ਲੋਹੇ ਦੀ ਸੀਖ਼ ਜਿਸ ਨਾਲ ਨਾਨਬਾਈ ਤੰਦੂਰ 'ਚੋਂ ਰੋਟੀਆਂ ਕੱਢਦਾ ਹੈ, ਲੰਮੀ ਕੁੰਡੀ।

بلشک ਬੁਲੁਸ਼ਕ, بلسک ਬੁਲੁਸਕ : ਗੋਸ਼ਤ ਭੁੰਨਣ ਦੀ ਸੀਖ਼, ਕਬਾਬ ਦੀ ਸੀਖ਼।

بلعم ਬਲਅਮ, بلعمباعور ਬਲਅਮ ਬਾਊਰ : ਬਨੀ ਇਸਰਾਈਲ ਦੇ ਇਕ ਬੌਹਤ ਵੱਡੇ ਵਿਦਵਾਨ ਤੇ ਵਲੀ ਦਾ ਨਾਮ ਜੋ 'ਬਾਊਰ' ਦਾ ਪੁੱਤਰ ਸੀ, ਉਸ ਦੀ ਬਦਦੁਆ ਨਾਲ ਮੂਸਾ ਚਾਲੀ ਸਾਲ ਜੰਗਲਾਂ ਵਿਚ ਭਟਕਦਾ ਰਿਹਾ ਤੇ ਏਹ ਵਲੀ ਬਣ ਗਿਆ, ਹਜ਼ਰਤ ਯੂਸ਼ਾਅ ਨੇ ਉਸ ਲਈ ਬਦ-ਅਸੀਸ ਦਿੱਤੀ ਤੇ ਉਸ ਦਾ ਵਲੀਪਣ ਜਾਂਦਾ ਰਿਹਾ ਤਾਂ ਓਹ ਮਰਦੂਦ ਤੇ ਕਮਜ਼ੋਰ ਹੋ ਗਿਆ।

بلغار ਬੁਲਗ਼ਾਰ : ਇਕ ਸ਼ੈਹਰ ਦਾ ਨਾਮ ਜੋ ਸਿਕੰਦਰ ਨੇ ਅੰਨ੍ਹੇਰੇ ਸਾਗਰ ਦੇ ਕੰਢੇ ਵਸਾਇਆ ਸੀ।

بلغار ਬੁਲਗ਼ਾਰ, بلغاریہ ਬੁਲਗ਼ਾਰੀਯਾ : ਯੂਰਪ ਦਾ ਇਕ ਦੇਸ਼ ਬਲਗਾਰੀਆ ਜੋ ਤੁਰਕੀ ਦੇ ਨਾਲ ਲਗਦਾ ਹੈ ਤੇ ਪੈਹਲਾਂ ਤੁਰਕੀ ਅਧੀਨ ਸੀ, ਹੁਣ ਅਜ਼ਾਦ ਹੈ।

بلغاری ਬੁਲਗ਼ਾਰੀ : ਬੁਲਗਾਰੀਆ ਦਾ ਨਰਮ ਚਮੜਾ; ਖ਼ੁਸ਼ਬੂਦਾਰ ਰੂਸੀ ਚਮੜਾ; ਬੁਲਗਾਰੀਆ ਦਾ ਰੈਹਣ ਵਾਲਾ, ਬੁਲਗਾਰੀਆ ਨਾਲ ਸਬੰਧਤ।

بلغشنہ ਬੁਲਗੁਸ਼ਨਾ : ਇਕ ਪਰਕਾਰ ਦੀ ਫ਼ਾਂਸੀ ਦੀ ਰੱਸੀ।

بلغم ਬਲਗ਼ਮ : ਸ਼ਰੀਰ ਦੇ ਚਾਰ ਸੁਭਾਵਾਂ ਵਿਚੋਂ ਇਕ ਸੁਭਾ, ਫੇਫੜੇ ਦਾ ਜੰਮਿਆ ਹੋਇਆ ਮਵਾਦ, ਖੰਘਾਰ।

بلغمی ਬਲਗ਼ਮੀ : ਬਲਗਮ ਨਾਲ ਸਬੰਧਤ, ਬਲਗਮ ਪੈਦਾ ਕਰਨ ਵਾਲੀ ਚੀਜ਼; ਓਹ ਜਿਸਮ ਜਿਸ ਵਿਚ ਬਲਗਮੀ ਤੱਤ ਜ਼ਿਆਦਾ ਹੋਵੇ।

بلغنہ ਬੁਲਗੂਨਾ : (ਗੁਲ ਗੂਨਹਾ گلگونہ) ਸੁਰਖ਼ੀ ਜੋ ਇਸਤਰੀਆਂ ਮੂੰਹ ਤੇ ਮਲਦੀਆਂ ਹਨ, ਗਾਜ਼ਾ।

بلقیس ਬਿਲਕ਼ੀਸ : 'ਸਬਾ' ਸ਼ੈਹਰ ਦੀ ਮਲਕਾ ਦਾ ਨਾਮ, ਜੋ ਰੂਪ, ਜਵਾਨੀ ਤੇ ਵਿਦਵਤਾ ਵਿਚ ਆਪਣੀ ਮਿਸਾਲ ਆਪ ਸੀ, ਹਜ਼ਰਤ ਸੁਲੇਮਾਨ ਨੇ ਉਸ ਨਾਲ ਨਿਕਾਹ ਕਰ ਲਿਆ। ਕੈਂਹਦੇ ਹਨ ਕਿ ਹੁਦ ਹੁਦ ਨੇ ਉਸ ਦਾ ਪਤਾ ਹਜ਼ਰਤ ਸੁਲੇਮਾਨ ਨੂੰ ਦਿਤਾ ਸੀ, ਕਈ ਕੈਂਹਦੇ ਹਨ ਕਿ ਹਜ਼ਰਤ ਨੇ ਆਪ ਉਸ ਨਾਲ ਨਿਕਾਹ ਨਹੀਂ ਸੀ ਕੀਤਾ, ਸਗੋਂ ਆਪਣੇ ਛੋਟੇ ਵਜ਼ੀਰ ਦਾ ਉਸ ਨਾਲ ਨਿਕਾਹ ਕਰਵਾਇਆ ਸੀ।

بلمہ ਬਲਮਾ : ਲੰਮੇ ਵਾਲਾਂ ਵਾਲਾ (ਆਦਮੀ)।

بلمہریش ਬਲਮਾ-ਰੀਸ਼ : ਲੰਮੀ ਦਾੜ੍ਹੀ ਵਾਲਾ।

بلند ਬਲੰਦ, بلند ਬੁਲੰਦ : ਉੱਚਾ, ਲੰਮਾ; ਵੱਡਾ, ਚੰਗੇਰਾ; ਭਾਰਾ, ਮੈਂਹਗਾ।

بلنداقبال ਬਲੰਦ-ਇਕਬਾਲ : ਵਡੇ ਮਰਤਬੇ ਵਾਲਾ।

بلندبالا ਬਲੰਦ-ਬਾਲਾ : ਉੱਚੇ ਲੰਮੇ ਕੱਦ ਵਾਲਾ।

بلندبانگ ਬਲੰਦ-ਬਾਂਗ : ਉੱਚੀ ਅਵਾਜ਼ ਵਾਲਾ।

بلندبخت ਬਲੰਦ-ਬਖ਼ਤ : ਉਚੇ ਵੱਡੇ ਭਾਗਾਂ ਵਾਲਾ, ਖ਼ੁਸ਼ ਕਿਸਮਤ।

بلندپرواز **ਬਲੰਦ-ਪਰਵਾਜ਼** : ਉੱਚੀ ਉਡਾਣ ਵਾਲਾ।

بلندترین **ਬਲੰਦ-ਤਰੀਨ** : ਸਭ ਤੋਂ ਉੱਚਾ।

بلندجاہ **ਬਲੰਦ-ਜਾਹ** : ਉੱਚੇ ਮਰਤਬੇ ਵਾਲਾ।

بلندحوصلہ **ਬਲੰਦ-ਹੌਸਲਾ** : ਉੱਚੇ ਹੌਸਲੇ ਵਾਲਾ।

بلندشنیدن **ਬਲੰਦ- ਸ਼ਨੀਦਨ** : ਉੱਚਾ ਸੁਣਨਾ।

بلندقامت **ਬਲੰਦ-ਕਾਮਤ** : ਉੱਚੇ ਲੰਮੇ ਕੱਦ ਵਾਲਾ।

بلندنظر **ਬਲੰਦ-ਨਜ਼ਰ (ਨਿਗਾਹ)** : ਉੱਚੇ ਹੌਸਲੇ ਤੇ ਆਦਰਸ਼ ਵਾਲਾ।

بلندی **ਬਲੰਦੀ** : ਉਚਾਈ, ਲੰਮਾਈ, ਰੁਤਬਾ, ਮਰਤਬਾ।

بلندیوپستی **ਬਲੰਦੀ-ਉ-ਪਸਤੀ** : ਉਚਾਈ ਤੇ ਨਿਵਾਣ, ਉਥਾਨ ਤੇ ਗਿਰਾਵਟ।

بلوا **ਬਲਵਾ** : ਇਮਤਿਹਾਨ, ਦੁੱਖ, ਤਕਲੀਫ਼, ਆਫ਼ਤ, ਮੁਸੀਬਤ; ਗੜਬੜ, ਬਗਾਵਤ, ਸਖ਼ਤ ਮੇਹਨਤ, ਦੰਗਾ-ਫ਼ਸਾਦ, ਹਲਚਲ।

بلوچ **ਬਲੋਚ, ਬਲੂਚ** : ਮੁਰਗੇ ਦੀ ਕਲਗ਼ੀ; ਦੀਵਾਰ ਉਪਰਲਾ ਗੁੰਬਦ; ਪਠਾਣਾਂ ਦੇ ਇਕ ਕਬੀਲੇ ਦਾ ਨਾਮ ਜੋ ਸਿੰਧ ਨਦੀ ਦੇ ਤੱਟ 'ਤੇ ਅਬਾਦ ਹੈ, ਬਲੋਚ।

بلوچستان **ਬਲੋਚਿਸਤਾਨ** : ਬਲੋਚ ਕੌਮ ਦਾ ਦੇਸ਼, (ਕੁਲਾਤ ਇਸ ਦੀ ਰਾਜਧਾਨੀ ਹੈ ਅਤੇ ਕੀਚ ਮਕਰਾਨ ਇਸ ਦਾ ਪਰਸਿੱਧ ਸ਼ੈਹਰ ਹੈ)।

بلور **ਬੱਲੂਰ,** بلور **ਬਲੌਰ,** بلور **ਬੁੱਲੂਰ** : ਇਕ ਪਰਕਾਰ ਦੇ ਸਾਫ਼ ਸੱਫ਼ਾਫ਼ ਪੱਥਰ ਦਾ ਨਾਮ, ਜਿਸ ਦੇ ਬਰਤਨ ਬਣਦੇ ਹਨ; ਬੌਹਤ ਸਾਫ਼ ਕੀਤਾ ਹੋਇਆ ਸ਼ੀਸ਼ਾ, ਚੰਗੀ ਕਿਸਮ ਦਾ ਕੱਚ।

بلورساختہ **ਬਲੌਰ ਸਾਖ਼ਤਾ,** بلوری **ਬਲੌਰੀ,** بلورین **ਬਿਲੌਰੀਨ** : ਬਲੌਰ ਦਾ ਬਣਿਆ ਹੋਇਆ।

بلوط **ਬਲੂਤ** : ਇਕ ਦਰਖ਼ਤ ਦਾ ਨਾਮ ਜਿਸ ਦੇ ਛਿਲਕੇ ਤੋਂ ਕੱਪੜਾ ਰੰਗਿਆ ਜਾਂਦਾ ਹੈ।

بلوک **ਬਲੂਕ,** بلوک **ਬੁਲੂਕ** : ਸ਼ਰਾਬ ਪੀਣ ਦਾ ਪਿਆਲਾ ਜੋ ਕਿਸੇ ਜਾਨਵਰ ਦੀ ਸ਼ਕਲ ਦਾ ਹੋਵੇ; ਇਕ ਪਿੰਡ ਦਾ ਇਲਾਕਾ, ਕਸਬਾ; ਊਠ ਦੇ ਲੇਡੇ।

بلوکات **ਬੁਲੂਕਾਤ** : (ਉਪਰੋਕਤ ਦਾ ਬੌਹਵਚਨ) ਕਸਬੇ, ਇਲਾਂਕੇ; ਪਿਆਲੇ; ਊਠ ਦੇ ਲੇਡੇ।

بلون **ਬਲੂਨ** : ਨੌਕਰ, ਗੁਲਾਮ।

بلی **ਬਲੇ,** بلہ **ਬਲੇ** : ਹਾਂ, ਠੀਕ ਹੈ, ਅੱਛਾ, ਕਿਉਂ ਨਹੀਂ।

بلیغ **ਬਲੀਗ਼** : ਪੂਰਾ, ਕਾਮਲ; ਚੰਗਾ ਭਾਸ਼ਣ ਕਰਨ ਵਾਲਾ।

بلیلہ **ਬਲੀਲਾ** : ਇਕ ਫਲ ਜੋ ਦਵਾ ਦੇ ਤੌਰ 'ਤੇ ਵਰਤਿਆ ਜਾਂਦਾ ਹੈ, ਬਹੇੜਾ।

بلیناس **ਬਲੀਨਾਸ** : ਇਕ ਪਰਸਿੱਧ ਯੂਨਾਨੀ ਹਕੀਮ ਜੋ ਸਿਕੰਦਰ ਦਾ ਸੰਗੀ-ਸਾਥੀ ਸੀ।

بم **ਬਮ** : ਸਭ ਤੋਂ ਉੱਚੀ ਸੁਰ, ਬੌਹਤ ਉੱਚੀ ਸੁਰ, ਅਵਾਜ਼ ਦਾ ਚੜ੍ਹਾ (ਜ਼ੇਰ ਦੇ ਉਲਟ), ਨਗਾਰੇ ਆਦਿ ਦੀ ਉੱਚੀ ਅਵਾਜ਼; ਕਿਸੇ ਦੇ ਸਿਰ ਤੇ ਧੌਲ ਮਾਰਨਾ।

بن **ਬਨ** : ਬਾਗ਼, ਖੇਤ (ਬੀਜਿਆ ਹੋਇਆ), ਬੇਹਲ; ਖੇਤੀ, ਇਕ ਫਲ ਦਾ ਨਾਮ।

بن **ਬੁਨ** : ਦਰਖ਼ਤ ਦੀ ਜੜ, ਮੂਲ, ਦਰਖ਼ਤ ਦਾ ਤਣਾ, ਖ਼ਜੂਰਾਂ ਦਾ ਗੁੱਛਾ; ਸਮਾਨ; ਸਿਰਾ, ਨੋਕ, ਅੰਤ।

بنِ دندان **ਬੁਨ-ਏ-ਦੰਦਾਨ** : ਮਸੂੜੇ; ਅਧੀਨਗੀ।

بنِ کوهی **ਬੁਨ-ਏ-ਕੋਹੀ** : ਇਕ ਪਰਕਾਰ ਦੀ ਬੂਟੀ ਜੋ ਪਕਾਉਣ ਦੇ ਕੰਮ ਆਉਂਦੀ ਹੈ।

بن **ਬਿਨ** : (ਇਬਨ ابن ਦਾ ਸੰਖਿਪਤ ਰੂਪ) ਪੁੱਤਰ, ਬੇਟਾ।

بنا **ਬਿਨਾ** : ਇਮਾਰਤ; ਮਕਾਨ, ਨੀਂਹ; ਸੋਮਾ, ਸਰੋਤ, ਆਦਿ, ਅਰੰਭ।

بنابرآں **ਬਿਨਾ ਬਰ ਆਂ,** بنابران **ਬਿਨਾ ਬਰਾਂ,** بنابراین **ਬਿਨਾ ਬਰ ਈਂ,** بنابرین **ਬਿਨਾ ਬਰੀਂ** : ਉਸ ਕਰਕੇ, ਇਸ ਕਰਕੇ, ਉਸ ਵਾਸਤੇ, ਇਸ

ਵਾਸਤੇ, ਇਸ ਲਈ।

بناکردن ***ਬਿਨਾ ਕਰਦਨ*** : ਸ਼ੁਰੂ ਕਰਨਾ, ਨੀਂਹ, ਰੱਖਣਾ।

بناگر ***ਬਿਨਾਗਰ*** : ਨੀਂਹ ਰੱਖਣ ਵਾਲਾ, ਇਮਾਰਤ ਬਣਾਉਣ ਵਾਲਾ, ਰਾਜ।

بناگزاشتن ***ਬਿਨਾ ਗੁਜ਼ਾਸ਼ਤਨ*** : ਸ਼ੁਰੂ ਹੋਣਾ, ਤਿਆਰ ਹੋਣਾ।

بنانمودن ***ਬਿਨਾ ਨਮੂਦਨ*** : ਤਿਆਰ ਹੋਣਾ।

بنانهادن ***ਬਿਨਾ ਨਿਹਾਦਨ*** : ਨੀਂਹ ਰੱਖਣਾ।

بنائ دعوی ***ਬਿਨਾ-ਏ-ਦਾਅਵਾ*** : ਦਾਵੇ ਦਾ ਕਾਰਨ, ਇਸਤਗਾਸੇ ਦਾ ਕਾਰਨ।

بناسرتیز ***ਬਿਨਾ-ਏ-ਸਰਤੇਜ਼*** : ਨੋਕਦਾਰ ਇਮਾਰਤ, ਨੋਕੀਲਾ ਮੁਨਾਰਾ।

بنا ***ਬੰਨਾ*** : ਇਮਾਰਤ ਬਣਾਉਣ ਵਾਲਾ, ਰਾਜ, ਮਿਅਮਾਰ।

بنات ***ਬਨਾਤ*** : (ਬਿਨਤ بنت ਦਾ ਬੌਹਵਚਨ) ਬੇਟੀਆਂ, ਧੀਆਂ, ਲੜਕੀਆਂ।

بنات الدهر ***ਬਨਾਤੁੱਦਹਰ*** : ਜ਼ਮਾਨੇ ਦੇ ਹਾਦਸੇ, ਦੁਰਘਟਨਾਵਾਂ।

بنات گردوں ***ਬਨਾਤ-ਏ-ਗਰਦੂੰ*** : ਮੁਸੀਬਤਾਂ, ਮੁਸ਼ਕਲਾਂ; ਸਤਾਰੇ।

بنات النعش ***ਬਨਾਤੁੰਨਾਅਸ਼*** : ਸੱਤ ਸਤਾਰਿਆਂ ਦਾ ਸਮੂਹ।

بنادر ***ਬਨਾਦਿਰ*** : (ਬੰਦਰ بندر ਦਾ ਬੌਹਵਚਨ) ਜਹਾਜ਼ਾਂ ਦੇ ਠੈਹਰਨ ਦੇ ਥਾਂ, ਬੰਦਰਗਾਹਾਂ, ਜਹਾਜ਼ਾਂ ਦੇ ਲੰਗਰ ਸੁੱਟਣ ਦੇ ਥਾਂ, ਲੰਗਰਗਾਹਾਂ।

بنادیق ***ਬਨਾਦੀਕ*** : (ਬੰਦੂਕ بندوق ਦਾ ਬੌਹਵਚਨ) ਬੰਦੂਕਾਂ।

بناغ ***ਬਨਾਗ਼*** : ਸੌਂਕਣ; ਮੱਕੜੀ ਦਾ ਜਾਲਾ; ਸੁੱਕੀ ਲੱਕੜ; ਕੱਚੇ ਸੂਤ ਦਾ ਗਲੋਟਾ।

بناکاج ***ਬਨਾਕਾਜ,*** بناگاه ***ਬ-ਨਾਗਾਹ*** : ਝੱਟਪੱਟ, ਅਚਾਨਕ।

بناگوش ***ਬੁਨਾਗੋਸ਼*** : (ਬੁਨ+ਗੋਸ਼) ਕੰਨ ਦਾ ਹੇਠਲਾ ਹਿੱਸਾ ਜਿਸ ਵਿਚ ਛੇਕ ਕਰਕੇ (ਵਿੰਨ੍ਹ ਕੇ) ਬੁੰਦੇ, ਕਾਂਟੇ ਆਦਿ ਪਾਏ ਜਾਂਦੇ ਹਨ।

بناگوش کردن ***ਬੁਨਾਗੋਸ਼ ਕਰਦਨ*** : ਬੱਚੇ ਦਾ ਤਾਲੂ ਚੁੱਕਣਾ (ਜਦੋਂ ਬੱਚਾ ਪੈਦਾ ਹੁੰਦਾ ਹੈ ਤਾਂ ਦਾਈ ਉਸ ਦੇ ਮੂੰਹ ਵਿਚ ਉਂਗਲ ਪਾ ਕੇ ਉਸ ਦਾ ਤਾਲੂ ਚੁੱਕਦੀ ਹੈ।)

بناگوشی ***ਬੁਨਾਗੋਸ਼ੀ*** : ਥੱਪੜ ਜਾਂ ਤਮਾਚਾ ਜੋ ਕੰਨਾਂ ਤੇ ਮਾਰਦੇ ਹਨ।

بنام ***ਬ-ਨਾਮ***: ਨਾਮ ਕਰਕੇ; ਮਸ਼ਹੂਰ, ਪਰਸਿਧ।

بنام ***ਬਨਾਮ*** : ਹਮਨਾਮ, ਇਕੋ ਨਾਮ ਵਾਲਾ।

بنام ایزد ***ਬ-ਨਾਮ-ਏ-ਈਜ਼ਦ*** : ਖ਼ੁਦਾ ਦੇ ਨਾਮ 'ਤੇ, ਰੱਬ ਦੇ ਨਾਂ ਨਾਲ।

بنامیزد ***ਬ-ਨਾਮੀਜ਼ਦ*** : ਵਾਹ! ਰੱਬ ਜੀ! ਕਿੱਡਾ ਸੋਹਣਾ!

بنان ***ਬਨਾਨ*** : (ਬਨਾਨਾ بنانه ਦਾ ਬੌਹਵਚਨ) ਉਂਗਲਾਂ, ਉਂਗਲਾਂ ਦੇ ਸਿਰੇ।

بنانه ***ਬਨਾਨਾ,*** بنانت ***ਬਨਾਨਤ*** : ਉਂਗਲ, ਉਂਗਲ ਦਾ ਸਿਰਾ।

بنانج ***ਬਨਾਨਜ,*** بنانجه ***ਬਨਾਨਜਾ*** : ਸੌਂਕਣ।

بناور ***ਬਨਾਵਰ*** : ਜੜਾਂ ਵਾਲਾ ਫੋੜਾ।

بناوند ***ਬਿਨਾਵੰਦ*** : ਨਿਗਾਹ ਰੱਖਣਾ; ਬਾਜ਼ ਰੱਖਣਾ, ਵਰਜਣਾ।

بنبر ***ਬੰਬਰ*** : ਲਸੂੜੀ।

بن بست ***ਬੁਨ ਬਸਤ*** : ਬੰਦ ਗਲੀ, ਬੰਦ ਕੂਚਾ।

بنبل ***ਬੰਬਲ*** : ਤੁਰਸ਼ ਸੇਬ, ਖੱਟੀ ਚੀਜ਼, ਤੁਰਸ਼ੀ, ਖਟਾਈ।

بنت ***ਬਿਨਤ*** : ਲੜਕੀ, ਬੇਟੀ, ਧੀ।

بنت الجبل ***ਬਿਨਤੁਲਜਬਲ*** : ਗੂੰਜ, ਪਰਤਵੀਂ ਅਵਾਜ਼।

بنت العنب ***ਬਿਨਤੁਲਇਨਬ*** : ਅੰਗੂਰ ਦੀ ਬੇਟੀ, ਅਰਥਾਤ ਅੰਗੂਰੀ ਸ਼ਰਾਬ।

بنت الكرم ***ਬਿਨਤੁਲਕਰਮ*** : ਸ਼ਰਾਬ।

بنج ***ਬੰਜ*** : ਭੰਗ; ਖ਼ੁਰਾਸਾਨੀ ਜਵੈਣ।

بنجک ***ਬੁੰਜਕ*** : ਰੂੰ ਦਾ ਗਾਲਾ, ਗੋਹੜਾ।

بند ***ਬੰਦ*** : ਸਰੀਰ ਦਾ ਜੋੜ; ਬੰਧਨ, ਸੰਗਲੀ, ਬੇੜੀ, ਫ਼ਿਕਰ, ਤਦਬੀਰ, ਵਿਓਂਤ, ਕੈਦ; ਜੁਗਤੀ; ਸੂਰਤ; ਕੌਲ ਕਰਾਰ, ਕੁਸ਼ਤੀ ਦਾ ਇਕ ਦਾਅ; ਮਕਰ, ਫ਼ਰੇਬ; ਗ਼ਮ, ਥਾਂ; ਆਸ, ਗੰਢ, ਟਿੱਬਾ, ਟਿੱਲਾ, ਕਾਗਜ਼ ਦਾ ਬੰਡਲ; ਸੰਦੂਕ ਆਦਿ ਤੇ ਲਾਇਆ ਗਿਆ ਪਤਰਾ, ਸਿਤਾਰ ਦੀ ਮੁੰਦਰੀ ਜਿਸ ਉਤੇ ਹੱਥ ਲਾਉਣ ਨਾਲ ਸੁਰ ਉੱਚੀ ਨੀਵੀਂ ਹੋ ਜਾਂਦੀ ਹੈ; ਗਿਰਵੀ, ਗੈਹਣੇ (ਪਿਆ); ਜੰਦਰਾ, ਰੱਸੀ; ਖੂੰਟੀ; ਕੁਰਤੇ ਜਾਂ ਕੁਰਤੀ ਦਾ ਤਸਮਾ; ਕਮਰਬੰਦ, ਪੇਟੀ, ਅਜ਼ਾਰਬੰਦ, ਨਾੜਾ; ਪਾਣੀ ਨੂੰ ਰੋਕਣ ਲਈ ਮਾਰਿਆ ਹੋਇਆ ਬੰਨ੍ਹ।

بندباز ***ਬੰਦ ਬਾਜ਼*** : ਬਾਜ਼ੀਗਰ, ਨਟ।

بندبازی ***ਬੰਦ ਬਾਜ਼ੀ*** : ਬਾਜ਼ੀਗਰੀ।

بندبست ***ਬੰਦ ਬਸਤ*** : (ਬੰਦੋਬਸਤ بندوبست), ਪਰਬੰਧ।

بندخانہ ***ਬੰਦ ਖ਼ਾਨਾ*** : (ਬੰਦੀ ਖ਼ਾਨਾ بندیخانہ) ਕ਼ੈਦ ਖ਼ਾਨਾ।

بندِدست ***ਬੰਦ-ਏ-ਦਸਤ*** : ਪੌਚਾ, ਕਲਾਈ, ਗੁੱਟ।

بندروغ ***ਬੰਦਰੂਗ਼*** : ਖੇਤ ਵਿਚ ਪਾਣੀ ਲਾਉਣ ਲਈ ਮਾਰਿਆ ਬੰਨ੍ਹ।

بندکشا ***ਬੰਦ-ਕੁਸ਼ਾ*** : ਬੂਹਾ, ਬੰਦ ਕਰਨ ਵਾਲਾ ਹੋੜਾ।

بندکشاد ***ਬੰਦ-ਕੁਸ਼ਾਦ*** : ਜੋੜ, ਜੋੜ 'ਤੇ ਬੰਨ੍ਹਣ ਵਾਲੀ ਪੱਟੀ।

بندکوہ ***ਬੰਦ- ਕੋਹ*** : ਪਹਾੜੀ ਕਿਲ੍ਹਾ, ਗੜ੍ਹੀ।

بندگاہ ***ਬੰਦਗਾਹ*** : ਜੋੜ, ਰੋਕਣ ਦਾ ਥਾਂ।

بندگیر ***ਬੰਦ-ਗੀਰ*** : ਸ਼ਤੀਰ।

بندنی ***ਬੰਦਨੀ*** : ਬੰਨ੍ਹਣ ਵਾਲੀ ਰੱਸੀ; ਗੱਠਾ, ਬੰਡਲ।

بندوبست ***ਬੰਦ-ਉ-ਬਸਤ*** : ਪਰਬੰਧ; ਜ਼ਮੀਨਾਂ ਦੀ ਪੈਮਾਇਸ਼ ਆਦਿ ਕਰਨ ਵਾਲਾ ਵਿਭਾਗ।

بندگی ***ਬੰਦਗੀ*** : ਗ਼ੁਲਾਮੀ, ਕੈਦ; ਇਬਾਦਤ, ਭਗਤੀ।

بندی ***ਬੰਦੀ*** : ਕੈਦੀ।

بندیان ***ਬੰਦੀਯਾਨ*** : (ਉਪਰੋਕਤ ਦਾ ਬੌਹਵਚਨ), ਬੌਹਤੇ ਕੈਦੀ।

بنداد ***ਬੁਨਦਾਦ*** : ਨੀਂਹ; ਹਰ ਚੀਜ਼ ਦਾ ਮੂਲ, ਅਸਲਾ।

بندار ***ਬੁਨਦਾਰ*** : ਪੱਕਾ, ਮਜ਼ਬੂਤ; ਅਮੀਰ, ਮਾਲਦਾਰ, ਸਰਮਾਏਦਾਰ, ਧਨਾਢ; ਸਿਆਣਾ, ਗਿਆਨਵਾਨ; ਭੰਡਾਰ; ਇਕ ਪਰਾਚੀਨ ਸ਼ਾਇਰ ਦਾ ਨਾਮ।

بنداک ***ਬੁੰਦਾਕ*** : ਫ਼ਕੀਰਾਂ ਤੇ ਕਲੰਦਰਾਂ ਦੀ ਸਿਰ ਤੇ ਪਾਉਣ ਵਾਲੀ ਉੱਚੀ ਟੋਪੀ।

بندخت ***ਬੁੰਦੂਖ਼ਤ*** : ਮੂੰਹ।

بندد ***ਬੁੰਦਦ*** : ਨੀਂਹ, ਮੂਲ, ਅਸਲ।

بندر ***ਬੰਦਰ*** : ਸਾਗਰ ਦਾ ਕੰਢਾ ਜਿੱਥੇ ਜਹਾਜ਼ ਤੇ ਕਿਸ਼ਤੀਆਂ ਆ ਕੇ ਠੈਹਰਨ, ਸਾਗਰ ਕੰਢੇ ਸਥਿਤ ਸ਼ੈਹਰ ਜਿੱਥੇ ਜਹਾਜ਼ ਆ ਕੇ ਠੈਹਰਨ; ਬੰਦਰਗਾਹ।

بندش ***ਬੰਦਿਸ਼*** : ਬੰਨ੍ਹਣ ਦਾ ਅਮਲ; ਗੰਢ, ਬੰਧਨ, ਦਾਅ, ਘਾਤ, ਸਾਜ਼ਸ਼; ਤਦਬੀਰ, ਵਿਓਂਤ, ਪੇਸ਼ਬੰਦੀ।

بندق ***ਬੁੰਦੁਕ*** : ਗੁਲੇਲਾ।

بندقِ‌ھندی ***ਬੁੰਦੁਕ-ਏ-ਹਿੰਦੀ*** : ਰੀਠਾ, ਜਿਸ ਨਾਲ ਉਨੀ ਤੇ ਰੇਸ਼ਮੀ ਕੱਪੜੇ ਧੋਂਦੇ ਹਨ।

بندقچی ***ਬੁੰਦੂਕ਼ਚੀ,*** بندقی ***ਬੁੰਦੂਕ਼ੀ*** : ਗੁਲੇਲੇ ਮਾਰਨ ਵਾਲਾ, ਗੁਲੇਲਚੀ।

بندن ***ਬੰਦਨ*** : ਬੰਨ੍ਹਣਾ।

بندنہادن ***ਬੰਦ ਨਿਹਾਦਨ*** : ਪੈਰਾਂ ਵਿਚ ਬੇੜੀ ਪਾਉਣਾ, ਕੈਦ ਕਰਨਾ।

بندوق ***ਬੁੰਦੂਕ਼*** : ਗੋਲੀ ਚਲਾਉਣ ਦਾ ਅਗਨੀ ਹਥਿਆਰ।

بندوقچی ***ਬੁੰਦੂਕ਼ਚੀ*** : ਬੰਦੂਕ ਚਲਾਉਣ ਵਾਲਾ।

بندہ ***ਬੰਦਾ*** : ਬੱਝਾ ਹੋਇਆ, ਕੈਦੀ, ਗੁਲਾਮ, ਨੌਕਰ, ਦਾਸ।

بندۂ‌بیمقدار ***ਬੰਦਾ-ਏ-ਬੇਮਿਕਦਾਰ*** : ਏਹ ਤੁੱਛ ਸੇਵਾਦਾਰ।

بندۂدرگاہ ***ਬੰਦਾ-ਏ-ਦਰਗਾਹ*** : ਦਰ

ਦਾ ਸੇਵਕ।

بندۂفرمان ***ਬੰਦਾ-ਏ-ਫ਼ਰਮਾਨ*** : ਹੁਕਮ ਦਾ ਬੰਦਾ, ਆਗਿਆਕਾਰ।

بندہزادہ ***ਬੰਦਾ-ਜ਼ਾਦਾ*** : (ਤੁਹਾਡੇ) ਗੁਲਾਮ ਦਾ ਪੁੱਤਰ, (ਵੱਡੇ ਦੇ ਸਾਮ੍ਹਣੇ ਨਿਮਰਤਾ ਵਜੋਂ ਕਿਹਾ ਜਾਂਦਾ ਹੈ)

بندہنواز ***ਬੰਦਾ-ਨਵਾਜ਼*** : ਸੇਵਕਾਂ ਤੇ ਮੇਹਰ ਕਰਨ ਵਾਲਾ।

بندیشہ ***ਬੰਦੀਸ਼ਾ*** : ਅੰਦੇਸ਼ਾ, ਸੋਚ।

بندیمہ ***ਬੰਦੀਮਾ***, **بندینہ** ***ਬੰਦੀਨਾ*** : ਤਕਮਾ, ਤਸਮਾ, ਕੋਟ ਬਟਨ।

بنسالہ ***ਬੁਨਸਾਲਾ*** : ਬੁੱਢਾ; ਘਸਿਆ ਹੋਇਆ, ਬੋਦਾ।

بنفسِنفیس ***ਬ-ਨਫ਼ਸ-ਏ-ਨਫ਼ੀਸ*** : ਆਪਣੀ ਜ਼ਾਤ ਤੋਂ, ਆਪਣੇ ਆਪ ਲਈ, ਨਿੱਜੀ ਤੌਰ 'ਤੇ।

بنفسہ ***ਬਿਨਫ਼ਸਿਹੀ*** : ਬ-ਜ਼ਾਤੇ ਖ਼ੁਦ ਆਪ, ਇੱਕਲਿਆਂ।

بنفش ***ਬਿਨਫ਼ਸ਼*** : ਬਨਫ਼ਸ਼ੇ ਦੇ ਰੰਗ ਦਾ, ਬਨਫ਼ਸ਼ੀ, ਨੀਲੇ ਰੰਗ ਦਾ, ਨੀਲਾ।

بنفشہ ***ਬਨਫ਼ਸ਼ਾ***, **بنفشہ** ***ਬਿਨਫ਼ਸ਼ਾ***, **بنفشہ** ***ਬੁਨਫ਼ਸ਼ਾ*** : ਇਕ ਪਰਸਿੱਧ ਠੰਢੀ ਤੇ ਤਰ ਬੂਟੀ ਜੋ ਦਵਾ ਵਾਂਗ ਵਰਤੀ ਜਾਂਦੀ ਹੈ।

بنفشہگوںطارم ***ਬਨਫ਼ਸ਼ਾ-ਗੂੰ-ਤਾਰੁਮ***, **بنفشہگوںمہد** ***ਬਨਫ਼ਸ਼ਾ-ਗੂੰ-ਮਹਦ*** : ਨੀਲਾ ਅਸਮਾਨ, ਜ਼ਮੀਨ ਅਸਮਾਨ।

بنقد ***ਬ-ਨਕ਼ਦ*** : ਨਕਦੋ ਨਕਦ; ਇਸੇ ਵੇਲੇ, ਹੁਣੇ ਹੀ।

بنقہ ***ਬਨਕ਼ਾ*** : ਪਰਸਿੱਧ ਅਨਾਜ ਦਾ ਨਾਮ, ਮਸੂਰ, ਮਸਰੀ, ਮਸਰ।

بنگ ***ਬੰਗ*** : ਭੰਗ, ਇਕ ਨਸ਼ੀਲੀ ਬੂਟੀ।

بنگاب ***ਬੰਗਾਬ*** : (= ਬੰਗ+ਆਬ), ਭੰਗ ਦਾ ਪਾਣੀ, ਘੋਟੀ ਛਾਣੀ ਭੰਗ ਦੀ ਸ਼ਰਦਾਈ।

بنگبہا ***ਬੰਗ ਬਹਾ*** : ਬੇਕਦਰ ਚੀਜ਼, ਜਿਸ ਚੀਜ਼ ਦਾ ਕੋਈ ਖ਼ਾਸ ਮੁੱਲ ਨਾ ਹੋਵੇ।

بنگالہ ***ਬੰਗਾਲਾ*** : ਬੰਗਾਲ, ਬੰਗਲਾ ਦੇਸ਼।

بنگان ***ਬੰਗਾਨ*** : ਇਕ ਖ਼ਾਸ ਕਿਸਮ ਦਾ ਪਿਆਲਾ ਜਿਸ ਦੇ ਹੇਠਾਂ ਛੇਕ ਹੁੰਦਾ ਹੈ (ਉਸ ਦਾ ਅਰਬੀ ਰੂਪ 'ਫ਼ਿਨਜਾਨ' ਹੈ) ਸਮਾਂ-ਜੰਤਰ, ਵਾਸਤਵ ਵਿਚ ਏਹ ਤਾਂਬੇ ਦਾ ਵੱਡਾ ਛੰਨਾ ਹੁੰਦਾ ਹੈ, ਜਿਸ ਦੇ ਹੇਠਾਂ ਮੋਰੀ ਹੁੰਦੀ ਹੈ, ਉਸ ਨੂੰ ਪਾਣੀ 'ਤੇ ਰੱਖ ਕੇ ਸਮਾਂ ਨਿਸਚਤ ਕੀਤਾ ਜਾਂਦਾ ਹੈ, ਉਸ ਦੇ ਭਰ ਜਾਣ ਨਾਲ ਖੇਤਾਂ ਵਿਚ ਪਾਣੀ ਲਾਉਂਦੇ ਦੀ ਵਾਰੀ ਮੁੱਕ ਜਾਂਦੀ ਹੈ।

بنگاہ ***ਬੰਗਾਹ*** : (= ਬਨਗਾਹ **بنگاہ**); ਤੁਰਕਮਾਨਾਂ ਦੀਆਂ ਝੁੱਗੀਆਂ, ਕਿਸੇ ਅਮੀਰ ਜਾਂ ਵਜ਼ੀਰ ਦਾ ਤੰਬੂ ਸਮੇਤ ਮਾਲ ਅਸਬਾਬ ਆਦਿ; ਚਲਦਾ ਤੰਬੂਖ਼ਾਨਾ।

بنگاہ ***ਬੁਨ-ਗਾਹ*** : (= ਬੁਨ+ਗਾਹ **بنگاہ**); ਨਿਵਾਸ-ਸਥਾਨ, ਮਕਾਨ, ਕੋਠਾ, ਫ਼ੌਜ ਦਾ ਪਿਛਲੇਰਾ ਭਾਗ; ਫ਼ੌਜ ਦੇ ਹਥਿਆਰਾਂ ਦਾ ਭੰਡਾਰ; ਲੋਹੇ ਦੀ ਸੰਦੂਕੜੀ, ਲੋਹੇ ਦੀ ਪੇਟੀ।

بنگرہ ***ਬੰਗਰਾ*** : ਗੀਤ ਜੇਹੜੇ ਬੱਚੇ ਨੂੰ ਸੁਆਉਣ ਲਈ ਗਾਏ ਜਾਂਦੇ ਹਨ, ਲੋਰੀਆਂ।

بنگش ***ਬੰਗਿਸ਼*** : ਤੁਰਕਿਸਤਾਨ ਵਿਚ ਇਕ ਇਲਾਕੇ ਦਾ ਨਾਮ, ਪਾਕਿਸਤਾਨ ਤੇ ਅਫ਼ਗਾਨਿਸਤਾਨ ਦੀ ਸਰਹੱਦ ਤੇ ਵਸਦੀ ਇਕ ਕੌਮ ਦਾ ਨਾਮ।

بنگل ***ਬੁਨਗੁਲ*** : ਗੁਲਾਬ ਦਾ ਪੌਦਾ।

بنگن ***ਬੁਨਗੁਨ*** : ਧਰਤੀ ਪੱਧਰੀ ਕਰਨ ਦਾ ਸੰਦ, ਕਰਾਹ।

بنمین ***ਬਨਮੀਨ*** : ਪੁੱਤਰ, ਬੇਟਾ।

بنہاد ***ਬੁਨਹਾਦ*** : (ਬੁਨਿਯਾਦ **بنیاد**), ਨੀਂਹ, ਮੂਲ, ਜੜ।

بن‌ناپدید ***ਬੁਨ-ਨਾਪਦੀਦ*** : ਜਿਸ ਦੀ ਥਾਹ ਨਾ ਹੋਵੇ; ਅਥਾਹ।

بنو ***ਬਨੂ***, **بنوہ** ***ਬਨੂਹ*** : ਅਨਾਜ ਦਾ ਬੋਹਲ।

بنون ***ਬਨਵਨ*** : ਖੇਤਾਂ ਦਾ ਨਿਗਰਾਨ, ਖੇਤਾਂ ਤੇ ਬੋਹਲ ਦਾ ਰਾਖਾ।

بنو ***ਬਨੂ***, **بنون** ***ਬਨੂਨ*** : (ਇਬਨ **ابن** ਦਾ ਬੌਹਵਚਨ), ਪੁੱਤਰ।

بنہ ***ਬੁਨਾ***, **بنہ** ***ਬੁਨਨਾ*** : ਘਰ ਦਾ ਸਮਾਨ, ਮੂਲ, ਜੜ।

بنی **ਬਨੀ** : (ਇਬਨ ابن ਦਾ ਬੌਹਵਚਨ), ਬੇਟੇ।

بنی آدم **ਬਨੀ ਆਦਮ** : ਆਦਮ ਦੇ ਪੁੱਤਰ, ਸਾਰੇ ਆਦਮੀ, ਲੁਕਾਈ, ਜਨ-ਸਮੂਹ।

بنی اسرائیل **ਬਨੀ ਇਸਰਾਈਲ** : ਇਸਰਾਈਲ ਦੇ ਬੇਟੇ, ਯਹੂਦੀ।

بنی طی **ਬਨੀ ਤ਼ੈ** : ਅਰਬ ਦੇ ਇਕ ਕਬੀਲੇ ਦਾ ਨਾਮ ਜਿਸ ਵਿਚੋਂ ਹਾਤਮਤਾਈ ਹੋਇਆ ਹੈ।

بنی عامر **ਬਨੀ ਆ਼ਮਿਰ** : ਅਰਬ ਦੇ ਇਕ ਕਬੀਲੇ ਦਾ ਨਾਮ ਜਿਸ ਵਿਚੋਂ ਕੈਸ (ਮਜਨੂੰ) ਹੋਇਆ ਹੈ।

بنی نوع بشر **ਬਨੀ ਨੌਅ਼ ਬਸ਼ਰ** : ਆਦਮੀ, ਜਨ-ਸਮੂਹ।

بنیاد ਬੁਨਯਾਦ : ਨੀਂਹ, ਜੜ, ਆਦਿ; ਅਰੰਭ।

بنیاد افگندن **ਬੁਨਯਾਦ ਅਫ਼ਗੰਦਨ** : ਨੀਂਹ ਰੱਖਣਾ, ਸ਼ੁਰੂ ਕਰਨਾ।

بنیادگر **ਬੁਨਯਾਦਗਰ** : ਰਾਜ, ਮਿਸਤਰੀ।

بنین **ਬਨੀਨ** : (ਇਬਨ ابن ਦਾ ਬੌਹਵਚਨ) ਬੇਟੇ।

بو **ਬੋ, ਬੂ** : ਸੁਗੰਧੀ, ਖ਼ੁਸ਼ਬੋ; ਆਸ, ਇੱਛਾ, ਨਿਸ਼ਾਨ, ਅਸਰ।

بو **ਬੂ** : (ਅਬੂ ابو ਦਾ ਸੰਖਿਪਤ ਰੂਪ) ਪਿਤਾ, ਬਾਪ।

بوا **ਬੁਵਾ** : (ਬੂਦਾ بودا ਅਤੇ ਬਾਦਾ بادا ਦਾ ਸੰਖਿਪਿਤ ਰੂਪ) ਰੱਬ ਇਵੇਂ ਕਰੇ! ਖ਼ੁਦਾ ਅਜੇਹਾ ਕਰੇ!

بواب **ਬੱਵਾਬ** : ਦਰਬਾਨ, ਚੌਕੀਦਾਰ।

بواسحاق **ਬੂ ਇਸਹਾਕ਼** : ਕਈ ਇਕ ਵਿਅਕਤੀਆਂ ਦਾ ਨਾਮ, ਕਈ ਇਕ ਸ਼ੈਹਜ਼ਾਦਿਆਂ ਦਾ ਨਾਮ; ਸੂਫ਼ੀ ਸ਼ੈਖ ਦਾ ਨਾਮ ਜਿਸ ਦੀ ਉਪਮਾ ਹਾਫ਼ਿਜ਼ ਨੇ ਕੀਤੀ ਹੈ।

بواسحاقی **ਬੂ, ਇਸਹਾਕੀ** : ਬੂ-ਇਸਹਾਕ ਨਾਲ ਸਬੰਧਤ ਨੀਸ਼ਾਪੁਰ ਦੇ ਇਕ ਫ਼ੀਰੋਜ਼ ਦੀ ਖਾਣ ਦਾ ਨਾਮ; ਸੂਫੀਆਂ ਦਾ ਨੀਲਾ ਰੰਗ, ਜਿਸ ਰੰਗ ਦੀ ਗੋਦੜੀ ਬੂਇਸਹਾਕ ਪਾਉਂਦਾ ਸੀ।

بواسطه **ਬ-ਵਾਸਿਤ਼ਾ** : ਇਕ ਕਰਕੇ, ਕਾਰਨ ਏਹ ਕਿ।

بواسطه آنکه **ਬ-ਵਾਸਿਤ਼ਾ ਆਂਕਿ** : ਇਸ ਕਾਰਨ ਕਰਕੇ।

بواسیر **ਬਵਾਸੀਰ** : (ਬਾਸੂਰ ਦਾ ਬੌਹਵਚਨ) ਇਕ ਰੋਗ ਦਾ ਨਾਮ।

بواعث **ਬਵਾਇਸ** : (ਬਾਇਸ باعث ਦਾ ਬੌਹਵਚਨ) ਕਾਰਨ, ਸਬੱਬ।

بوال **ਬਵਾਲ** : ਜ਼ਿਆਦਾ ਪਿਸ਼ਾਬ ਕਰਨ ਵਾਲਾ, ਬਿਸਤਰੇ ਵਿਚ ਪਿਸ਼ਾਬ ਕਰ ਦੇਣ ਵਾਲਾ; ਸ਼ੱਕਰ ਦੇ ਰੋਗ ਵਾਲਾ।

بوالحسن **ਬੂਲਹਸਨ** : ਮੋਰ; ਹਾਸ਼ੀਆ; ਹਜ਼ਰਤ ਅਲੀ ਦਾ ਖ਼ਾਨਦਾਨੀ ਨਾਮ।

بوالحکمان **ਬੂਲ ਹਿਕਮਾਨ** : ਬੇਦੀਨ ਲੋਕ; (ਅਬੂਹਿਕਮ ਅਬੂ ਜਹਲ ਦਾ ਪੈਹਲਾ ਖ਼ਾਨਦਾਨੀ ਨਾਂ ਸੀ)।

بوالعجب **ਬੂਲਅ਼ਜਬ** : ਅਜੀਬ, ਵਿੱਚਿਤਰ; ਮੂਰਖ; ਬਾਜ਼ੀਗਰ, ਨਟ।

بوالعجبی **ਬੂਲਅ਼ਜਬੀ** : ਹੈਰਾਨੀ, ਹੈਰਤ; ਬਾਜ਼ੀਗਰੀ।

بوالفضول **ਬੂਲਫ਼ਜ਼ੂਲ** : ਨਿਰੀਆਂ ਗੱਲਾਂ ਕਰਨ ਵਾਲਾ, ਗਾਲੜੀ, ਗਲਾਧੜ, ਬਕਵਾਸੀ; ਨਿਕੰਮਾ, ਸੁਸਤ, ਆਲਸੀ।

بوالهوس **ਬੂਲਹਵਸ** : ਹਵਸਨਾਕ, ਹਿਰਸੀ; ਲਾਲਚੀ।

بوب **ਬੂਬ** : ਬੌਹਮੁੱਲਾ ਗਲੀਚਾ।

بوباش **ਬੂਬਾਸ਼** : ਪੁਰਾਣਾ, ਪਰਾਚੀਨ।

بوبر **ਬੋਬਰ**, بوبر **ਬੂਬਰ**, بوبرد **ਬੂਬਰਦ**, بوبردک **ਬੂਬਰਦਕ** : ਖ਼ੁਸ਼ਬੋ ਲੈ ਜਾਣ ਵਾਲਾ, ਬੁਲਬੁਲ।

بوبک **ਬੋਬਕ, ਬੂਬਕ** : ਕੁਆਰੀ ਲੜਕੀ, ਕੰਜਕ; ਚੱਕੀਰਾਹਾ, ਮੂਰਖ।

بوبکر **ਬੂਬਕਰ** : (=ਅਬੂਬਕਰ ابوبکر), ਹਜ਼ਰਤ ਮੁਹੰਮਦ ਸਾਹਿਬ ਦਾ ਪੈਹਲਾ ਖ਼ਲੀਫ਼ਾ ਅਤੇ ਸੌਹਰਾ।

بوبو **ਬੂਬੂ** : ਇੱਕ ਪੰਛੀ ਜੋ ਚੁੰਝ ਨਾਲ ਲੱਕੜ ਵਿਚ ਮੋਰੀ ਕਰ ਦਿੰਦਾ ਹੈ।

بوبویه **ਬੂਬੂਯਾ** : ਚੱਕੀਰਾਹਾ।

بوتم **ਬੂਤਮ** : ਬੱਚਾ, ਮੁੰਡਾ, ਬੁਰਕੀ।

بوته **ਬੋਤਾ** : ਬੂਟਾ, ਛੋਟਾ ਝਾੜ, ਝਾੜੀ।

بوته **ਬੂਤਾ** : ਸ਼ਾਲ, ਕਲਮਦਾਨ ਤੇ ਸ਼ੀਸ਼ੇ ਆਦਿ ਉੱਤੇ ਕੱਢੇ ਹੋਏ ਵੇਲ ਬੂਟੇ; ਸੋਨਾ ਚਾਂਦੀ ਗਾਲਣ ਦੀ ਕੁਠਾਲੀ; ਤੀਰ ਦਾ ਨਿਸ਼ਾਨਾ; ਬੱਚਾ (ਆਦਮੀ ਜਾਂ ਜਾਨਵਰ ਦਾ), ਊਠ ਦਾ ਬੱਚਾ।

بوتهٔ‌خار **ਬੂਤਾ-ਏ-ਖ਼ਾਰ** : ਕੰਡਿਆਲੀ ਝਾੜੀ।

بوتهٔ‌خاک **ਬੂਤਾ-ਏ-ਖ਼ਾਕ** : ਆਦਮੀ ਦਾ ਸਰੀਰ।

بوتیمار **ਬੂਤੀਮਾਰ** : ਬਗਲਾ।

بوجپا **ਬੂਜਿਪਾ** : ਖੀਰਾ, ਕੱਕੜੀ।

بوجی **ਬੂਜੀ** : ਕੋਈ ਛੋਟਾ ਜੇਹਾ ਪਾਲਤੂ ਜਾਨਵਰ।

بوخت **ਬੋਖ਼ਤ** : ਲੜਕਾ, ਪੁੱਤਰ।

بودن **ਬੂਦਨ** : ਹੋਣਾ, ਰੈਹਣਾ।

بود **ਬੂਦ** : ਓਹ ਸੀ, ਸੀ; ਹਸਤੀ, ਹੋਂਦ।

بودباش **ਬੂਦਬਾਸ਼** : ਰੈਹਣ ਦੀ ਥਾਂ; ਨੌਕਰੀ, ਗੁਜ਼ਾਰਾ।

بودش **ਬੂਦਸ਼** : ਵਜੂਦ, ਹੋਂਦ।

بودنی **ਬੂਦਨੀ** : ਸਾਰੀ ਸ੍ਰਿਸ਼ਟੀ; ਰਚਨਾ, ਹੋਣ-ਯੋਗ।

بودونابود **ਬੂਦ-ਉ-ਨਾਬੂਦ** : ਹੋਂਦ ਤੇ ਅਣਹੋਂਦ; ਅਮੀਰੀ ਤੇ ਗ਼ਰੀਬੀ।

بور **ਬੋਰ** : ਜੰਗਲੀ ਮੁਰਗ਼; ਲਾਲ, ਲਾਲ ਰੰਗ; ਲਾਲ ਰੰਗਾ ਦਾ ਘੋੜਾ।

بوره **ਬੂਰਾ** : ਵੱਡਾ ਥੈਲਾ, ਬੋਰਾ; ਮੇਖ ਜਾਂ ਕਿੱਲ ਦੀ ਟੋਪੀ।

بوره **ਬੂਰਾ** : ਚਿੱਟੀ ਖੰਡ, ਬੂਰਾ, ਦੇਸੀ ਖੰਡ; ਸੁਹਾਗਾ।

بوریا **ਬੂਰੀਯਾ** : ਚਟਾਈ, ਫੂਹੜੀ, ਤੱਪੜ।

بوریاباف **ਬੂਰੀਯਾ ਬਾਫ਼** : ਚਟਾਈਆਂ ਬਣਾਉਣ ਵਾਲਾ।

بوریاپوش **ਬੂਰੀਯਾ ਪੋਸ਼** : ਗ਼ਰੀਬ, ਨਾਦਾਰ, ਫ਼ਕੀਰ।

بوریاکوبی **ਬੂਰੀਯਾ ਕੋਬੀ** : ਨਵੇਂ ਮਕਾਨ ਬਣਨ 'ਤੇ ਕੀਤਾ ਜਸ਼ਨ, ਚੱਠ।

بور **ਬੌਜ਼**, بوزک **ਬੌਜ਼ਕ** : ਉੱਲੀ; ਇਕ ਪਰਕਾਰ ਦਾ ਲੰਮਾ ਕਾਲਾ ਭੂੰਡ; ਰੁੱਖ ਦਾ ਮੁੱਢ।

بور **ਬੋਜ਼** : ਚਿੱਟੀ ਭਾਹ ਮਾਰਦਾ ਨੀਲਾ (ਘੋੜਾ); ਤੇਜ਼; ਤਿੱਖੀ ਬੁੱਧੀ ਵਾਲਾ, ਸੂਝਵਾਨ, ਸਿਆਣਾ; ਸ਼ਰਾਰਤੀ।

بوزار **ਬੌਜ਼ਾਰ** : ਗਰਮ ਮਸਾਲਾ।

بوزه **ਬੋਜ਼ਾ** : ਜੌਆਂ ਦੀ ਸ਼ਰਾਬ, ਬੀਅਰ।

بوزه‌چی **ਬੌਜ਼ਹਚੀ** : ਬੌਜ਼ਾ (ਬੀਅਰ) ਬਣਾਉਣ ਤੇ ਵੇਚਣ ਵਾਲਾ।

بوزه‌خانه **ਬੌਜ਼ਹਖ਼ਾਨਾ** : ਸ਼ਰਾਬ ਖ਼ਾਨਾ।

بوزنه **ਬੂਜ਼ਿਨਾ**, بوزینه **ਬੂਜ਼ੀਨਾ** : ਬਾਂਦਰ।

بوس **ਬੋਸ** : ਚੁੰਮੀ, ਚੁੰਮਣ।

بوس‌وکنار ਬੋਸ-ਉ-ਕਿਨਾਰ : ਚੁੰਮਣਾ ਤੇ ਜੱਫੀ ਪਾਉਣਾ।

بوستان **ਬੋਸਤਾਨ** : ਬੌਹਤ ਸੁਗੰਧੀ ਦੀ ਜਗ੍ਹਾ; ਫੁਲਵਾੜੀ, ਬਾਗ਼; ਸ਼ੈਖ਼ ਸਾਅਦੀ ਦੀ ਪਰਸਿੱਧ ਕਾਵਿ-ਰਚਨਾ।

بوستان‌افروز **ਬੋਸਤਾਨ ਅਫ਼ਰੋਜ਼** : ਮੁਰਗ਼ੇ ਦੀ ਕਲਗੀ।

بوستان‌گل‌نما **ਬੋਸਤਾਨ-ਏ-ਗੁਲ-ਨੁਮਾ** : ਅਸਮਾਨ।

بوستان‌ماراغ **ਬੋਸਤਾਨ-ਏ-ਮਾਜ਼ਾਗ਼** : ਉਜਾੜ।

بوسلیمان **ਬੂ ਸੁਲੇਮਾਨ** : ਹੁਦਹੁਦ, ਚੱਕੀਰਾਹਾ।

بوسه **ਬੋਸਾ** : ਚੁੰਮੀ, ਚੁੰਮਣ।

بوسه‌باری **ਬੋਸਾ ਬਾਜ਼ੀ** : ਚੁੰਮਣਾ, ਪਿਆਰ ਕਰਨਾ, ਪਿਆਰ-ਕਰੀੜਾ।

بوسه‌به‌پیغام **ਬੋਸਾ-ਬ-ਪੈਗ਼ਾਮ** : ਕਿਸੇ ਦੂਜੇ ਰਾਹੀਂ ਆਪਣਾ ਮਤਲਬ ਪੂਰਾ ਕਰਨਾ।

بوسه‌خردن **ਬੋਸਾ ਖ਼ੁਰਦਨ**, بوسه زدن **ਬੋਸਾ ਜ਼ਦਨ**, بوسه‌شکستن **ਬੋਸਾ ਸ਼ਿਕਸਤਨ** :

ਚੁੰਮਣਾ, ਚੁੰਮੀ ਲੈਣਾ।

بوسه‌گرفتن ***ਬੋਸਾ ਗਰਿਫ਼ਤਨ*** : ਚੁੰਮਣਾ, ਚੁੰਮੀ ਲੈਣਾ।

بوسه‌دان ***ਬੋਸਾ ਦਾਨ*** : ਮੂੰਹ।

بوسی ***ਬੋਸੀ*** : ਇਕ ਚੁੰਮੀ।

بوسیده ***ਬੋਸੀਦਾ*** : ਫਟਿਆ ਹੋਇਆ, ਪਾਟਾ ਪੁਰਾਣਾ, ਜਰਜਰਾ, ਗਲਿਆ-ਸੜਿਆ; ਜਿਸ ਦੀ ਚੁੰਮੀ ਲਈ ਗਈ ਹੋਵੇ।

بوسیده‌چوب ***ਬੋਸੀਦਾ ਚੋਬ*** : ਓਹ ਲੱਕੜ ਜੋ ਰਾਤ ਨੂੰ ਸੁਲਗਦੇ ਕੋਇਲੇ ਵਰਗੀ ਦਿੱਸੇ।

بوسین ***ਬੂਸੀਨ*** : ਤੋਹਮਤ, ਊਜ, ਦੋਸ਼; ਮਲਾਮਤ।

بوش ***ਬਵਿਸ਼*** : ਭਾਗ, ਲੇਖ, ਕਿਸਮਤ; ਹੋਣ ਵਾਲੀ ਗੱਲ।

بوش ***ਬੁਵਿਸ਼*** : ਹਸਤੀ, ਹੋਂਦ।

بوش ***ਬੌਸ਼*** : ਸ਼ਾਨੋਸ਼ੌਕਤ, ਆਣਬਾਣ, ਮਾਣ, ਵਡਿਆਈ।

بوش ***ਬੌਸ਼*** : ਲੁੱਚਾ, ਕਮੀਨਾ।

بوشا ***ਬੂਸ਼ਾ*** : ਮਨਨ; ਚਿੰਤਨ; ਉਤਸੁਕਤਾ; ਤੌਖਲਾ।

بوشاد ***ਬੋਸ਼ਾਦ*** : ਕੱਚਾ; ਗੌਂਗਲੂ।

بوشاسپ ***ਬੋਸ਼ਾਸਪ,*** بوشپاس ***ਬੂਸ਼ਪਾਸ*** : ਸੁਫ਼ਨੇ ਵੇਖਣਾ; ਸੁਫ਼ਨੇ ਵਿਚ ਖ਼ਰਾਬ ਹੋ ਜਾਣਾ।

بوشقاب ***ਬੂਸ਼ਕ਼ਾਬ*** : ਤਸ਼ਤਰੀ, ਰਕਾਬੀ।

بوشناس ***ਬੂਸ਼ਿਨਾਸ*** : ਓਹ ਵਿਅਕਤੀ ਜਿਸ ਦੀ ਸੁੰਘਣ ਦੀ ਸ਼ਕਤੀ ਬੜੀ ਤੇਜ਼ ਹੋਵੇ ਤੇ ਓਹ ਹਰ ਖ਼ੁਸ਼ਬੋ ਨੂੰ ਪਛਾਣ ਲਵੇ।

بوطالب ***ਬੂਤਾਲਿਬ*** : (=ਅਬੂਤਾਲਿਬ ابوطالب); ਹਜ਼ਰਤ ਰਸੂਲ ਦੇ ਚਾਚੇ ਦਾ ਖਾਨਦਾਨੀ ਨਾਮ; ਏਹ ਹਜ਼ਰਤ ਅਲੀ ਦੇ ਪਿਤਾ ਸਨ।

بوطه ***ਬੂਤ਼ਾ*** : (ਫ਼ਾਰਸੀ ਬੂਤਾ بوته ਦਾ ਅਰਬੀ ਰੂਪਾਂਤਰ); ਬੂਟਾ, ਝਾੜੀ; ਸੋਨਾ ਚਾਂਦੀ ਢਾਲਣ ਦੀ ਕੁਠਾਲੀ; ਊਠ ਦਾ ਬੱਚਾ।

بوعلی‌سینا ***ਬੂਅਲੀ ਸੀਨਾ*** : ਇਕ ਪਰਸਿੱਧ ਹਕੀਮ ਤੇ ਵਿਦਵਾਨ; ਜਿਸ ਨੂੰ ਸ਼ੈਖ਼ੁਰਈਸ ਵੀ ਕੈਂਹਦੇ ਹਨ; ਇਸ ਦੇ ਪਿਤਾ ਦਾ ਨਾਮ ਅਬੱਦੁਲਾ ਤੇ ਮਾਂ ਦਾ ਨਾਮ ਸਤਾਰਾ ਸੀ; ਬੂਅਲੀ ਸੀਨਾ ੩੭੦ ਹਿਜਰੀ ਵਿਚ ਜਨਮਿਆ; ਸਮੱਸੁਦੌਲਾ ਦਾ ਵਜ਼ੀਰ ਰਿਹਾ, ਹਿਕਮਤ (ਤਿਬ) ਵਿਚ ਜਾਲੀਨੂਸ ਦੇ ਪਾਏ ਦਾ ਸੀ, ਉਸ ਦੀਆਂ ਅਠਾਰਾਂ ਪਰਸਿੱਧ ਰਚਨਾਵਾਂ ਵਿਚੋਂ 'ਕਾਨੂੰਨ'; 'ਨਜਾਤ'; 'ਹਾਸਿਲ'; 'ਮਹਸੂਲ' ਤੇ 'ਸ਼ਿਫ਼ਾ' ਬੌਹਤ ਮਸ਼ਹੂਰ ਹਨ। ਓਹ ਤਰਵੰਜਾ ਸਾਲ ਦੀ ਆਯੂ ਭੋਗ ਕੇ ੪੨੩ ਹਿਜਰੀ ਵਿਚ ਫ਼ੌਤ ਹੋਇਆ।

بوغا ***ਬੋਗ਼ਾ,*** بوغبند ***ਬੋਗ਼ਾਬੰਦ*** : ਥੈਲਾ, ਗ਼ਲਾਫ਼, ਉਛਾੜ।

بوغره ***ਬੋਗ਼ਰਾ*** : ਇਕ ਪਰਕਾਰ ਦਾ ਖਾਣਾ ਜੋ ਗੋਸ਼ਤ ਤੇ ਆਟੇ ਨੂੰ ਮਿਲਾ ਕੇ ਤਿਆਰ ਕੀਤਾ ਜਾਂਦਾ ਹੈ।

بوف ***ਬੂਫ਼*** : (=ਬੂਮ بوم) ਉੱਲੂ, ਚੁਗ਼ਦ।

بوفروش ***ਬੂ-ਫ਼ਰੋਸ਼*** : ਅੱਤਾਰ; ਗਾਂਧੀ।

بوق ***ਬੂਕ਼*** : ਬਿਗਲ; ਨਫ਼ੀਰੀ; ਸ਼ੈਹਨਾਈ; ਜੰਗ ਦਾ ਬਿਗਲ।

بوقلمون ***ਬੂਕ਼ਲਮੂਨ*** : ਇਕ ਪਰਕਾਰ ਦਾ ਰੂਮੀ ਰੇਸ਼ਮ ਜੋ ਹਰ ਸਮੇਂ ਵੱਖ ਵੱਖ ਰੰਗਾਂ ਵਿਚ ਨਜ਼ਰ ਆਉਂਦਾ ਹੈ; ਰੰਗਾ ਰੰਗ, ਵੱਖ ਵੱਖ ਰੰਗਾਂ ਦਾ; ਗਿਰਗਟ; ਸੰਸਾਰ।

بوک ***ਬੂਕ*** : ਸ਼ਾਇਦ; ਮਗਰ; ਲੇਕਿਨ; ਪਰੰਤੂ।

بوکان ***ਬੂਕਾਨ*** : ਬਰਫ਼ਖ਼ਾਨਾ; ਬਰਫ਼ ਉਤੇ ਤੁਰਨ ਲਈ ਲੋਹੇ ਦਾ ਜੁੱਤਾ।

بوگان ***ਬੂਗਾਨ*** : ਔਰਤ ਦੀ ਬੱਚੇਦਾਨੀ।

بول ***ਬੌਲ*** : ਪਿਸ਼ਾਬ, ਮੂਤਰ।

بولدان ***ਬੌਲਦਾਨ*** : ਪਿਸ਼ਾਬ ਦਾ ਭਾਂਡਾ, ਪਿਸ-ਪਾਟ।

بولهب ***ਬੂਲਹਬ*** : (=ਅਬੂਲਹਬ ابولهب) ਹਜ਼ਰਤ ਰਸੂਲ ਦੇ ਚਾਚੇ ਦਾ ਖ਼ਾਨਦਾਨੀ ਨਾਮ; ('ਲਹਬ' ਦੇ ਅਰਥ ਹਨ-ਚੰਗਿਆੜੀ; ਲਾਟ; ਕਿਉਂ ਜੋ ਉਸ ਦਾ ਮੂੰਹ ਲਾਟ ਵਾਂਗ ਭਖਦਾ ਰੈਂਹਦਾ ਸੀ, ਇਸ ਲਈ ਏਹ ਨਾਮ ਪਿਆ)।

بوم ***ਬੂਮ*** : ਉੱਲੂ; ਚੁਗਦ; ਭੂਮੀ, ਓਹ ਜ਼ਮੀਨ ਜਿਸ ਵਿਚ ਹਲ ਨਾ ਜੁਤਿਆ ਹੋਵੇ, ਬੰਜਰ ਤੇ ਗੈਰਅਬਾਦ ਜ਼ਮੀਨ; ਮਕਾਮ, ਪੜਾ; ਖਾਕ, ਮਿੱਟੀ; ਕੁਦਰਤ, ਸੁਭਾ, ਆਦਤ।

بومِ زمین ***ਬੂਮ-ਏ-ਜ਼ਮੀਨ*** : ਜ਼ਮੀਨ ਦਾ ਟੁਕੜਾ।

بوم کند ***ਬੂਮ ਕੰਦ*** : ਧਰਤੀ ਦੇ ਹੇਠਾਂ ਦਾ ਮਕਾਨ।

بومی ***ਬੂਮੀ*** : ਦੇਸ਼ ਦਾ, ਵਤਨੀ, ਦੇਸੀ।

بومهن ***ਬੂਮਹਨ,*** **بومهین** ***ਬੂਮਹੀਨ*** : ਭੁਚਾਲ, ਭੂ-ਕੰਪ।

بون ***ਬੂਨ*** : ਨੀਂਹ, ਮੂਲ, ਅਸਲ, ਜੜ; ਅੰਤ; ਹੱਦ; ਔਰਤ ਦੀ ਬੱਚੇਦਾਨੀ; ਅਸਮਾਨ।

بون ***ਬੌਨ*** : ਹਿੱਸਾ, ਭਾਗ।

بوند ***ਬੁਵੰਦ,*** **بوند** ***ਬੁਵਿੰਦ*** : ਅਭਮਾਨੀ, ਰੋਅਬ-ਦਾਬ ਵਾਲਾ।

بوند ***ਬੁਵੂੰਦ*** : ਨਗ਼ਮੀ।

بوهمان ***ਬੂਹਮਾਨ*** : ਔਰਤ ਦੀ ਬੱਚੇਦਾਨੀ।

بوی ***ਬੂਜ,*** **بو** ***ਬੂ*** : ਸੁਗੰਧ; ਭਾਗ, ਨਸੀਬ, ਲੇਖ; ਸੁਭਾ, ਆਦਤ; ਇੱਛਾ; ਭਾਲ, ਖੋਜ; ਲਾਲਚ, ਹਿਰਸ।

بویا ***ਬੂਜਾ*** : ਖ਼ੁਸ਼ਬੋ ਦੇਣ ਵਾਲੀ ਚੀਜ਼।

بویاختن ***ਬੂਜਾਖ਼ਤਨ*** : ਖੋਜ ਕੱਢਣਾ, ਸੂਹ ਕੱਢਣੀ।

بوی‌افرار ***ਬੋਜ-ਅਫ਼ਰਾਰ,*** **بوی‌افزار** ***ਬੋਜ-ਅਫ਼ਜ਼ਾਰ*** : ਖਾਣਾ ਪਕਾਉਣ ਦਾ ਮਸਾਲਾ।

بوی‌بردن ***ਬੂਜ-ਬੁਰਦਨ*** : ਜਾਣਕਾਰੀ ਪਰਾਪਤ ਹੋਣਾ, ਸੂਹ ਲੱਗਣੀ, ਸੁੰਘ ਕੇ ਸ਼ਿਕਾਰ ਲਭ ਲੈਣ ਵਾਲਾ ਕੁੱਤਾ; ਸ਼ਿਕਾਰੀ ਕੁੱਤਾ।

بویدان ***ਬੂਜਦਾਨ*** : ਸੁਗੰਧੀ ਰੱਖਣ ਵਾਲੀ ਸੰਦੂਕੜੀ, ਇਤਰਦਾਨੀ।

بوی‌رنگ ***ਬੂਜ-ਰੰਗ*** : ਗੁਲਾਬ ਦਾ ਫੁੱਲ।

بویسا ***ਬੂਜ-ਸਾ*** : ਓਹ ਪੱਥਰ ਜਿਸ 'ਤੇ ਖ਼ੁਸ਼ਬੂ ਵਾਲੀਆਂ ਚੀਜ਼ਾਂ ਪੀਂਹਦੇ ਜਾਂ ਰਗੜਦੇ ਹਨ, ਖਰਲ।

بوئے‌فروش ***ਬੂਜ-ਫ਼ਰੋਸ਼*** : ਅੱਤਾਰ; ਗਾਂਧੀ।

بویه ***ਬੂਜਾ*** : ਇੱਛਾ, ਆਸ।

بوئے‌یکرنگی ***ਬੂਜ-ਏ-ਯਕਰੰਗੀ*** : ਪਿਆਰ, ਵਫ਼ਾ, ਦਿਆਨਤਦਾਰੀ।

ب/به ਬ : ਨੂੰ; ਉਸ ਨੂੰ, ਲਈ, ਵਾਸਤੇ, ਅੰਦਰ, ਉੱਪਰ; ਉੱਤੇ, ਨਾਲ, ਸਾਥ; ਵੱਲੋਂ; ਅਨੁਸਾਰ।

به ***ਬਿਹ*** : ਚੰਗਾ, ਠੀਕ; ਨੇਕ; ਸੋਹਣਾ; ਇਕ ਫੁੱਲ ਦਾ ਨਾਮ; ਬੀਹ; ਜਿਸ ਦੇ ਬੀਜਾਂ ਨੂੰ 'ਬੀਹਦਾਨਾ' ਕੈਂਹਦੇ ਹਨ।

بها ***ਬਹਾ*** : ਰੋਸ਼ਨੀ, ਚਾਨਣ, ਰੌਣਕ; ਨਿਖਾਰ, ਸੁੰਦਰਤਾ, ਸੁਹੱਪਣ।

بها ***ਬਹਾ*** : ਕੀਮਤ, ਨਿਰਖ਼।

بهاپیشی ***ਬਹਾ-ਏ-ਪੇਸ਼ੀ*** : ਪੇਸ਼ਗੀ ਦਿੱਤੀ ਰਕਮ।

بهاخون ***ਬਹਾ-ਏ-ਖ਼ੂਨ*** : (=ਖ਼ੂਨ-ਬਹਾ); ਮਕਤੂਲ ਦੇ ਵਾਰਸਾਂ ਨੂੰ ਦਿੱਤੀ ਗਈ ਰਕਮ ਜਿਸ ਨਾਲ ਕਾਤਲ ਦਾ ਖ਼ੂਨ ਹੋ ਜਾਂਦਾ ਹੈ।

بهاگیر ***ਬਹਾਗੀਰ,*** **بهاوری** ***ਬਹਾਵਰੀ*** : ਕੀਮਤੀ ਚੀਜ਼।

بهامین ***ਬਹਾਮੀਨ*** : ਬਹਾਰ ਦੀ ਰੁੱਤ।

بهاجت ***ਬਹਾਜਤ*** : ਖ਼ੁਸ਼ ਹੋਣਾ; ਖ਼ੁਸ਼ੀ; ਚੰਗਾ ਹੋਣਾ, ਸੋਹਣਾ ਹੋਣਾ।

بهادر ***ਬਹਾਦੁਰ*** : ਦਲੇਰ, ਜੋਧਾ, ਸੂਰਮਾ।

بهار ***ਬਹਾਰ*** : ਰਬੀ ਦੀ ਫਸਲ, ਹਾੜੀ; ਫੁੱਲ ਖਿੜਨ ਦੀ ਰੁੱਤ; ਬਸੰਤ ਰੁੱਤ, ਨਾਰੰਗੀ, ਖੱਟੇ, ਆਦਿ ਦਾ ਫਲ; ਗੁਲਬਹਾਰ; ਲੁਤਫ਼; ਅਨੰਦ; ਖ਼ੁਸ਼ੀ; ਰੌਣਕ, ਨਿਖਾਰ, ਜੋਬਨ; ਤਮਾਸ਼ਾ; ਦ੍ਰਿਸ਼।

بهارآرا ***ਬਹਾਰ ਆਰਾ*** : ਫੁੱਲਾਂ ਦੀ ਬਹਾਰ, ਖੇੜਾ।

بهارافشان ***ਬਹਾਰਅਫ਼ਸ਼ਾਨ*** : ਫੁੱਲਾਂ ਦੀ ਬਰਖਾ।

بهاران ***ਬਹਾਰਾਨ*** : ਬਹਾਰ ਦਾ ਮੌਸਮ, ਬਸੰਤ ਰੁੱਤ।

بهاربند ***ਬਹਾਰਬੰਦ*** : ਹਵਾਦਾਰ ਮਕਾਨ ਜਿਸ ਵਿਚ ਬਹਾਰ ਵਿਚ ਬੈਠਦੇ ਹਨ; ਓਹ ਮਕਾਨ ਜਿਸ ਵਿਚ ਬਹਾਰ ਦੇ ਮੌਸਮ

ਵਿਚ ਘੋੜਿਆਂ ਨੂੰ ਬੰਨ੍ਹਦੇ ਹਨ।

بهارخانه ***ਬਹਾਰ-ਖ਼ਾਨਾ*** : ਬੁੱਤਖ਼ਾਨਾ; ਮੰਦਰ; ਆਲੀਸ਼ਾਨ ਭਵਨ।

بهارخوش ***ਬਹਾਰਖ਼ੁਸ਼*** : ਓਹ ਗੋਸ਼ਤ ਜਿਸ ਨੂੰ ਗਰਮੀਆਂ ਵਿਚ ਲੂਣ ਲਾ ਕੇ ਸਰਦੀਆਂ ਲਈ ਰੱਖ ਦਿੰਦੇ ਹਨ।

بهارستان ***ਬਹਾਰਿਸਤਾਨ*** : ਜਾਮੀ ਦੀ ਇਕ ਪਰਸਿੱਧ ਰਚਨਾ।

بهاری ***ਬਹਾਰੀ*** : ਬਹਾਰ ਨਾਲ ਸਬੰਧਤ, ਮੌਸਮ ਬਹਾਰ ਦੀਆਂ ਚੀਜ਼ਾਂ, ਬਹਾਰ ਦੀ ਰੁਤ, ਚਿੱਟਾ ਰੰਗ।

بہافتاد ***ਬਿਹ ਉਫ਼ਤਾਦ*** : ਬੇਹਤਰੀ, ਭਲਾਈ।

بہآفرید ***ਬਿਹ-ਆਫ਼ਰੀਦ,***

بہآفرین ***ਬਿਹ-ਆਫ਼ਰੀਨ*** : ਗੁਸ਼ਤਾਸਪ ਦੀ ਬੇਟੀ ਤੇ ਅਸਫ਼ੰਦਯਾਰ ਦੀ ਭੈਣ ਜਿਸ ਨੂੰ ਅਰਜਾਸਪ ਚੀਨ ਦੇ ਬਾਦਸ਼ਾਹ ਨੇ ਕੈਦ ਕਰ ਲਿਆ ਸੀ; ਅਸਫ਼ੰਦਯਾਰ ਨੇ ਅਰਜਾਸਪ ਨੂੰ ਕਤਲ ਕਰਕੇ ਆਪਣੀ ਭੈਣ ਨੂੰ ਛੁਡਾਇਆ ਸੀ।

بهانگر ***ਬਹਾਨਗਰ*** : ਇਕ ਸ਼ੈਹਰ ਦਾ ਨਾਮ; ਹੀਲਾ, ਮਕਰ।

بهانه ***ਬਹਾਨਾ*** : ਹਵਾਲਾ, ਸਬੱਬ, ਕਾਰਨ; ਹੀਲਾ, ਢੰਗ; ਜੁਗਤ।

بهانه‌جو ***ਬਹਾਨਾ-ਜੂ*** : ਸਬੱਬ ਮਲੂਮ ਕਰਨ ਵਾਲਾ।

بهانه‌سار ***ਬਹਾਨਾ-ਸਾਜ਼*** : ਬਹਾਨੇ-ਸਾਜ਼, ਮਕਰ ਕਰਨ ਵਾਲਾ, ਫ਼ਰੇਬੀ।

بهائم ***ਬਹਾਇਮ*** : (ਬਹੀਮਾ ਦਾ ਬੌਹਵਚਨ) ਜਾਨਵਰ, ਪਸ਼ੂ।

بہباد (بربباد) دادن ***ਬ-ਬਾਦ (ਬਰਬਾਦ) ਦਾਦਨ*** : ਤਬਾਹ ਕਰਨਾ।

بہباد فنارفتن ***ਬ-ਬਾਦ ਫ਼ਨਾ ਰਫ਼ਤਾਨ*** : ਖ਼ਾਕ ਹੋ ਜਾਣਾ, ਮਰ ਮਿਟ ਜਾਣਾ।

بهبود ***ਬਿਹਬੂਦ,*** بهبودی ***ਬਿਹਬੂਦੀ*** : ਭਲਾਈ, ਬੇਹਤਰੀ; ਸੇਹਤ; ਸ਼ਕਤੀ।

بهت ***ਬਹਤ*** : ਚਾਵਲ ਨੂੰ ਦੁੱਧ ਵਿਚ ਰਲਾ ਕੇ ਬਣਾਈ ਚੀਜ਼।

بهتان ***ਬੁਹਤਾਨ*** : ਝੂਠ, ਤੋਹਮਤ, ਲੂਤੀ, ਦੋਸ਼।

بهتت ***ਬਹਤਤ*** : ਹੈਰਾਨੀ, ਅਚੰਭਾ।

بهتر ***ਬਿਹਤਰ*** : ਬੌਹਤ ਚੰਗੀ, ਚੰਗੇਰਾ, ਬੌਹਤਾ ਚੰਗਾ।

بهترین ***ਬਿਹਤਰੀਨ*** : ਬੌਹਤ ਹੀ ਚੰਗੀ, ਅਤ-ਚੰਗੀ, ਸਭ ਤੋਂ ਚੰਗੀ।

بهجت ***ਬਹਜਤ*** : ਖ਼ੁਸ਼ੀ; ਖ਼ੂਬੀ; ਰੌਣਕ; ਨਿਖਾਰ, ਸੁੰਦਰਤਾ; ਸਜਾਵਟ, ਸ਼ਿੰਗਾਰ।

بہچه ***ਬ-ਚਿਹ*** : ਕਿਉਂ, ਕਿਸ ਲਈ, ਕਿਸ ਕਾਰਣ।

بہخودی‌خود ***ਬ-ਖ਼ੁਦੀ-ਏ-ਖ਼ੁਦ*** : (=ਖ਼ੁਦ-ਬ-ਖ਼ੁਦ) ਆਪਣੇ ਆਪ, ਆਪਣੀ ਖ਼ੁਸ਼ੀ ਨਾਲ, ਆਪਣੀ ਮਰਜ਼ੀ ਨਾਲ।

بهدانه ***ਬਿਹਦਾਨਾ*** : (=ਬੀਹਦਾਨਾ) ਬੀਹਦਾਨਾ ਜੋ ਪਰਸਿੱਧ ਦਵਾ ਹੈ।

بهر ***ਬਹਰ*** : ਲਈ, ਵਾਸਤੇ, ਕਰਕੇ, ਇਸ ਕਰਕੇ, ਕਾਰਨ, ਸਬੱਬ; ਹਿੱਸਾ, ਭਾਗ, ਨਸੀਬ, ਲੇਖ; ਹੈਰਾਨੀ।

بهرام ***ਬਹਰਾਮ*** : ਮੰਗਲ ਸਤਾਰਾ ਜੇਹੜਾ ਪੰਜਵੇਂ ਅਸਮਾਨ ਤੇ ਹੈ; ਯਾਕੂਤ।

بهرام‌چرخ ***ਬਹਰਾਮ-ਏ-ਚਰਖ਼*** : ਕਈ ਸ਼ੈਹਜ਼ਾਦਿਆਂ/ ਬਾਦਸ਼ਾਹਾਂ ਦਾ ਨਾਮ।

بهرام‌روز ***ਬਹਰਾਮ ਰੋਜ਼*** : ਮੰਗਲ ਦਾ ਦਿਨ, ਮੰਗਲਵਾਰ।

(چوبین)بهرام‌چوبین ***ਬਹਰਾਮ-ਚੂਬੀਨ (ਚੋਬੀਨ)*** : ਹੁਰਮੁਜ਼-ਬਿਨ-ਨੌਸ਼ੀਰਵਾਨ ਦੇ ਸੈਨਾਪਤੀ ਦਾ ਨਾਮ, ਜੋ ਪਰਵੇਜ਼ ਨੂੰ ਹਰਾ ਕੇ ਈਰਾਨ ਦਾ ਬਾਦਸ਼ਾਹ ਬਣ ਗਿਆ ਸੀ ਅਤੇ ਖ਼ੁਸਰੋ ਪਰਵੇਜ਼ ਨੇ ਰੂਮ ਦੇ ਕੈਸਰ ਦੀ ਮੱਦਦ ਨਾਲ ਉਸ ਨੂੰ ਹਾਰ ਦੇ ਕੇ ਰਾਜ ਵਾਪਸ ਲਿਆ ਸੀ, (ਬੜਾ ਮਾੜਾ, ਪਤਲਾ; ਕਮਜ਼ੋਰ ਹੋਣ ਕਰਕੇ ਬਹਰਾਮ ਨੂੰ ਚੋਬੀਨ ਕੈਂਹਦੇ ਹਨ, ਚੋਬ ਦੇ ਅਰਥ ਹਨ ਲੱਕੜ ਭਾਵ ਲੱਕੜ ਦਾ ਬਹਰਾਮ)।

بهرام‌گور ***ਬਹਰਾਮ ਗੋਰ*** : ਈਰਾਨ ਦੇ ਇਕ ਨੇਕ, ਸਖ਼ੀ ਤੇ ਨਿਆਂਸ਼ੀਲ ਬਾਦਸ਼ਾਹ ਦਾ ਨਾਮ, ਏਹ ਆਮ ਗੋਰ ਖ਼ਰ (ਜੰਗਲੀ ਗੱਧਾ) ਦਾ

ਸ਼ਿਕਾਰ ਕਰਦਾ ਸੀ, ਇਸ ਲਈ ਇਸ ਦੇ ਨਾਮ ਨਾਲ 'ਗੋਰ' ਆਮ ਪਰਚਲਤ ਹੋ ਗਿਆ, ਬੌਹਤਾ ਚਿਰ ਜੰਗਲ ਵਿਚ ਹੀ ਰੈਹਣ ਕਰਕੇ ਉਸ ਨੂੰ 'ਸਹਰ ਨਸ਼ੀਨ' ਵੀ ਕੈਂਹਦੇ ਹਨ।

بهرامن ***ਬਹਰਾਮਨ*** : ਲਾਲ ਯਾਕੂਤ; ਸਤਰੰਗਾ ਰੇਸ਼ਮ; ਕਸੁੰਭੜੇ ਦਾ ਫੁੱਲ।

بهرامه ***ਬਹਰਾਮਾ*** : ਬੈਦ ਮੁਸ਼ਕ; ਰੇਸ਼ਮ ਦਾ ਹਰੇ ਰੰਗ ਦਾ ਕੱਪੜਾ; ਇਕ ਰੁੱਖ ਦਾ ਨਾਮ।

بهرحال ***ਬਹਰਹਾਲ*** : ਹਰ ਹਾਲ ਵਿਚ; ਹਰ ਤਰ੍ਹਾਂ, ਹਰ ਸੂਰਤ ਵਿਚ।

بهرگی ***ਬਹਰਗੀ*** : ਦੌਲਤ, ਧਨ ਮਾਲ; ਦੌਲਤਮੰਦ, ਧਨਾਢ, ਮਾਲਦਾਰ।

بهرم ***ਬਹਰਮ*** : ਕੇਸਰ ਦਾ ਫੁਲ, ਕਸੁੰਭੇ ਦਾ ਫੁੱਲ; ਮੈਂਹਦੀ।

بهرمن ***ਬਹਰਮਨ***, **بهرمان** ***ਬਹਰਮਾਨ*** : ਲਾਲ ਯਾਕੂਤ; ਬੁੱਤ-ਖ਼ਾਨਾ; ਮੰਦਰ।

بهرمند ***ਬਹਰਮੰਦ*** : ਸੁਭਾਗਾ; ਚੰਗੀ ਕਿਸਮਤ ਵਾਲਾ; ਲਾਭ ਉਠਾਉਣ ਵਾਲਾ।

بهرمه ***ਬਹਰਮਾ*** : (=ਬਰਮਾ) ਛੇਕ ਕੱਢਣ ਵਾਲਾ ਸੰਦ; ਵਰਮਾ।

بهروج ***ਬਿਹਰੋਜ***, **بهروجه** ***ਬਿਹਰੋਜਾ***, **بهرور** ***ਬਿਹਰੋਚ***, **بهروره** ***ਬਿਹਰੋਚਾ*** : ਕਾਲਾ ਰੰਗ; ਨੀਲੇ ਰੰਗ ਦਾ; ਘੱਟ ਕੀਮਤ ਵਾਲਾ; ਬਲੌਰ।

بهره ***ਬਹਰਾ*** : ਐਸ਼, ਭਾਗ, ਕਿਸਮਤ, ਨਸੀਬ; ਜ਼ਮੀਨ ਵਿਚੋਂ ਆਉਂਦਾ ਹਿੱਸਾ।

بهرهبر ***ਬਹਰਾ-ਬਰ***, **بهره ور** ***ਬਹਰਵਰ***, **بهرهمند** ***ਬਹਰਾਮੰਦ*** : ਭਾਈਵਾਲ, ਸਾਂਝੀਵਾਲ; ਚੰਗੇ ਭਾਗਾਂ ਵਾਲਾ; ਸੁਭਾਗਾ।

بهزاد ***ਬਿਹਜ਼ਾਦ*** : ਨੇਕ ਜ਼ਾਤ; ਅਸੀਲ, ਸਾਊ।

بهزاد ***ਬਿਹਜ਼ਾਦ*** : ਇਕ ਪਰਸਿੱਧ ਨੱਕਾਸ਼ ਚਿਤਰਕਾਰ ਦਾ ਨਾਮ ਜੋ ਈਰਾਨ ਦਾ ਸੀ ਤੇ ਸ਼ਾਹ ਇਸਮਾਈਲ ਸਫਵੀ ਦੇ ਰਾਜ ਸਮੇਂ ਹੋਇਆ।

بهشت ***ਬਿਹਿਸ਼ਤ*** : ਸੁਰਗ; ਸੁਖ, ਅਰਾਮ ਦਾ ਥਾਂ, ਬਾਗ਼।

بهشت رو ***ਬਿਹਿਸ਼ਤ-ਰੂ*** : ਅਤ ਸੁੰਦਰ; ਬੌਹਤ ਸੋਹਣਾ।

بهشت سیما ***ਬਿਹਿਸ਼ਤ-ਸੀਮਾ*** : ਮਸ਼ੂਕ।

بهشت زار ***ਬਿਹਿਸ਼ਤਜ਼ਾਰ*** : ਸੁਰਗ ਵਰਗਾ ਸਥਾਨ।

بهشتی ***ਬਿਹਿਸ਼ਤੀ*** : ਬਹਿਸ਼ਤ ਨਾਲ ਸਬੰਧਤ; ਸੁੰਦਰ, ਸੁਰਗ ਵਰਗਾ; ਪਾਣੀ ਦੇਣ ਜਾਂ ਢੋਣ ਵਾਲਾ, ਮਾਸ਼ਕੀ।

بهشتی رو ***ਬਿਹਿਸ਼ਤੀ-ਰੂ*** : ਸੁੰਦਰ ਮੁਖੜੇ ਵਾਲਾ; ਮਸ਼ੂਕ, ਪਿਆਰਾ।

بهگزین ***ਬਿਹਗੁਜ਼ੀਨ*** : ਛਾਂਟਿਆ ਹੋਇਆ, ਪਰਖਿਆ ਹੋਇਆ, ਚੁਣਿਆ ਹੋਇਆ; ਪਰਖਣ ਵਾਲਾ, ਛਾਂਟਣ ਵਾਲਾ; ਚੋਣਕਾਰ।

بهلول ***ਬੁਹਲੂਲ*** : ਹਸ-ਮੁਖ; ਜੋ ਹੱਸੇ ਜਾਂ ਮੁਸਕਰਾਵੇ, ਹਸਾਉਣ ਵਾਲਾ, ਮਸਖ਼ਰਾ; ਸ਼ੈਹਜ਼ਾਦਾ; ਇਕ ਵਲੀ ਦਾ ਨਾਮ ਜੋ ਜ਼ਮਾਨੇ ਦੀ ਹਾਲਤ ਵੇਖ ਕੇ ਆਪ ਹੀ ਦੀਵਾਨਾ ਤੇ ਪਾਗਲ ਬਣ ਗਿਆ ਸੀ, ਉਸ ਦੀਆਂ ਟਿਚਕਰਾਂ ਵਿਚ ਅਟੱਲ ਸਚਿਆਈਆਂ ਤੇ ਸਿਖਿਆਦਾਇਕ ਰਮਜ਼ਾਂ ਹੁੰਦੀਆਂ ਸਨ, ਇਸੇ ਲਈ ਉਸ ਨੂੰ 'ਬੁਹਲੂਲ ਦਾਨਾ' ਕੈਂਹਦੇ ਹਨ; ਓਹ ਅੱਬਾਸੀ ਖ਼ਾਨਦਾਨ ਵਿਚੋਂ ਸੀ।

بهله ***ਬਹਲਾ***, ***ਬਿਹਲਾ*** : ਚਮੜੇ ਦਾ ਦਸਤਾਨਾ ਜਿਸ ਨੂੰ ਹੱਥ ਵਿਚ ਪਾ ਕੇ ਬਾਜ਼ ਨੂੰ ਉਪਰ ਬਿਠਾਉਂਦੇ ਹਨ।

بهم ***ਬਹਮ***, **باهم** ***ਬਾਹਮ*** : ਨਾਲ, ਇੱਕਠੇ; ਪਰਸਪਰ; ਨਾਲ ਨਾਲ।

بهم آمدن ***ਬਹਮ ਆਮਦਨ*** : ਇੱਕਠਾ ਹੋਣਾ, ਕਈ ਚੀਜ਼ਾਂ ਦਾ ਪਰਸਪਰ ਮਿਲਣਾ।

بهم آور ***ਬਹਮ-ਆਵਰ*** : ਇੱਕਠਾ ਕਰਨ ਵਾਲਾ, ਸੰਪਾਦਨ ਤੇ ਸੰਕਲਨ ਕਰਨ ਵਾਲਾ।

بهم بر آمدن ***ਬਹਮ ਬਰਆਮਦਨ*** : ਗੁੱਸੇ ਹੋਣਾ, ਨਰਾਜ਼ ਹੋਣਾ।

بهم بربسته ***ਬਹਮ ਬਰਬਸਤਾ*** : ਸ਼ੱਕ, ਜਿਸ ਤੇ ਸ਼ੱਕ ਕੀਤਾ ਹੋਵੇ; ਮਸ਼ਕੂਕ।

بهمبرزدن ***ਬਹਮਬਰਜ਼ਦਨ*** : ਜਲਦੀ ਕਰਨਾ; ਤੇਜ਼ ਮਿਜ਼ਾਜ ਹੋਣਾ।

بهمبرکردن ***ਬਹਮਬਰਕਰਦਨ*** : ਉਜਾੜ ਦੇਣਾ, ਤਬਾਹ/ ਬਰਬਾਦ ਕਰ ਦੇਣਾ।

بهمبسته ***ਬਹਮ ਬਸਤਾ*** : ਤੋਹਮਤ, ਊਜਾਂ।

بهمزدن ***ਬਹਮ ਜ਼ਦਨ*** : ਝਾੜਨਾ, ਹੰਗਾਲਣਾ; ਖਿੰਡਾਉਣਾ; ਖ਼ਰਾਬ ਕਰਨਾ।

بهمکشیدن ***ਬਹਮ ਕਸ਼ੀਦਨ*** : ਇੱਕਠਿਆਂ ਖਿੱਚਣਾ; ਮੱਥੇ 'ਤੇ ਤਿਊੜੀ ਪਾਉਣਾ।

بهمن ***ਬਹਮਨ*** : ਹਰ ਸੂਰਜ ਵਾਲੇ ਮਹੀਨੇ ਦੀ ਦੂਜੀ ਤਰੀਕ; ਪਾਰਸੀਆਂ ਦਾ ਯਾਰ੍ਹਵਾਂ ਮਹੀਨਾ; ਈਰਾਨ ਦੇ ਇਕ ਬਾਦਸ਼ਾਹ ਦਾ ਨਾਮ ਜੋ ਅਸਫੰਦਯਾਰ ਦਾ ਪੁੱਤਰ ਤੇ ਰੁਸਤਮ ਦਾ ਸ਼ਗਿਰਦ ਸੀ; ਇਕ ਦਵਾ ਦਾ ਨਾਮ।

بهمنجنه ***ਬਹਮਨਜਨਾ,***
بهمنچه ***ਬਹਮਨਚਾ*** : ਪਾਰਸੀਆਂ ਦੀ ਈਦ ਜੋ ਬਹਮਨ ਮਹੀਨੇ ਦੀ ਦੂਜੀ ਤਰੀਕ ਨੂੰ ਹੁੰਦੀ ਹੈ।

بهنانه ***ਬਹਨਾਨਾ*** : ਬਾਂਦਰ, ਲੰਗੂਰ।

بهنانه ***ਬਿਹਨਾਨਾ, ਬਹਨਾਨਾ*** : ਕੁਲਚਾ।

بهو ***ਬਹਵ*** : ਦੀਵਾਨਖ਼ਾਨਾ; ਡਿਓਡੀ, ਬਰਾਂਡਾ।

بهور ***ਬੁਹੋਰ, ਬੁਹੂਰ*** : ਅੱਖ, ਨੇਤਰ।

بهی ***ਬਿਹੀ*** : ਭਲਾਈ, ਬੇਹਤਰੀ; ਧਨ ਮਾਲ ਦੀ ਵਰਿਧੀ; ਤੰਦਰੁਸਤੀ; ਇਕ ਫਲ ਦਾ ਨਾਮ ਜਿਸ ਦੇ ਬੀਜ ਨੂੰ ਬੀਹ ਦਾਣਾ ਕੈਂਹਦੇ ਹਨ।

بهیخواه ***ਬਿਹੀ ਖ਼੍ਵਾਹ*** : ਨੇਕੀ ਚਾਹੁਣ ਵਾਲਾ।

بهیمه ***ਬਹੀਮਾ*** : ਹੈਵਾਨ, ਪਸ਼ੂ, ਮਾਲ ਡੰਗਰ; ਮੂਰਖ।

بهین ***ਬਿਹੀਨ,*** **بهینه** ***ਬਿਹੀਨਾ*** : ਸਭ ਤੋਂ ਚੰਗਾ, ਸਰਵਸਰੇਸ਼ਟ, ਸਰਬੋਤਮ; ਚੰਗੇ ਤੋਂ ਚੰਗਾ।

بی/بی ***ਬੀ/ਬੇ*** : ਬਗ਼ੈਰ, ਬਿਨਾ, ਸਿਵਾ; (ਨਾਹ ਦੇ ਅਰਥਾਂ ਵਿਚ ਆਉਂਦਾ ਹੈ)।

بیآب ***ਬੇਆਬ*** : ਬੇਰੌਣਕ; ਪਾਣੀ ਤੋਂ ਬਗ਼ੈਰ।

بیآبورنگ ***ਬੇਆਬ–ਓ–ਰੰਗ*** : ਸ਼ਰਮਿੰਦਾ; ਬੇਰੌਣਕ।

بیآشنا ***ਬੇਆਸ਼ਨਾ*** : ਜਿਸ ਦਾ ਕੋਈ ਜਾਣੂ ਨਾ ਹੋਵੇ; ਲਸਾਨੀ।

بیاتفاق ***ਬੇਇੱਤਫ਼ਾਕ*** : ਬਿਨਾ ਸੰਗਠਨ ਦੇ।

بیاتفاقی ***ਬੇਇੱਤਿਫ਼ਾਕੀ*** : ਫੁੱਟ।

بیاثر ***ਬੇਅਸਰ*** : ਜਿਸ ਦਾ ਕੋਈ ਅਸਰ ਨਾ ਹੋਵੇ, ਬੇਫ਼ਾਇਦਾ।

بیاحترام ***ਬੇਇਹ਼ਤਿਰਾਮ*** : ਬਿਨਾ ਸਤਕਾਰ ਦੇ।

بیاحترامی ***ਬੇਇਹ਼ਤਿਰਾਮੀ*** : ਬਦਸਲੂਕੀ।

بیاختیار ***ਬੇਇਖ਼ਤਿਯਾਰ*** : ਬੇਕਾਬੂ, ਬੇਬਸ, ਮਜਬੂਰ, ਲਚਾਰ; ਅਜ਼ਹੱਦ; ਜਬਰਨ; ਖ਼ੁਦ-ਬ-ਖ਼ੁਦ।

بیادب ***ਬੇਅਦਬ*** : ਗੰਵਾਰ, ਮੂੜ੍ਹ।

بیادبی ***ਬੇਅਦਬੀ*** : ਬਦਸਲੂਕੀ; ਸਤਕਾਰ ਨਾ ਕਰਨਾ।

بیاعتدال ***ਬੇਇਅਤਿਦਾਲ*** : ਬਦਪਰਹੇਜ਼, ਬੇ-ਇਨਸਾਫ਼।

بیاعتدالی ***ਬੇਇਅਤਿਦਾਲੀ*** : ਬਦਪਰਹੇਜ਼ੀ, ਜ਼ਿਆਦਤੀ, ਬੇਇਨਸਾਫੀ।

بیانتها ***ਬੇਇਨਤਿਹਾ*** : ਜਿਸ ਦਾ ਅੰਤ ਨਾ ਹੋਵੇ।

بیانجام ***ਬੇਅੰਜਾਮ*** : ਅਸੀਮ, ਅੰਤਹੀਣ।

بیایمان ***ਬੇ–ਈਮਾਨ*** : ਬੇਦੀਨ, ਝੂਠਾ, ਫ਼ਰੇਬੀ, ਦਗ਼ਾਬਾਜ਼।

بیباق ***ਬੇਬਾਕ਼*** : ਕੁਝ ਬਾਕੀ ਨਾ ਰੈਹਣਾ, ਹਿਸਾਬ ਸਾਫ਼ ਹੋਣਾ।

بیباک ***ਬੇਬਾਕ*** : ਨਿਡਰ, ਨਿਰਭੈ, ਦਲੇਰ।

بیبالوپر ***ਬੇਬਾਲ–ਓ–ਪਰ*** : ਮਿੱਤਰਹੀਣ, ਬੇਸਹਾਰਾ।

بیبدل ***ਬੇਬਦਲ*** : ਜਿਸ ਦਾ ਬਦਲ ਕੋਈ ਨਾ ਹੋਵੇ, ਬੇਨਜ਼ੀਰ, ਅਦੁੱਤੀ।

بیبرگ ***ਬੇਬਰਗ*** : ਬੇਸਮਾਨ; ਕੰਗਾਲ, ਮੁਥਾਜ।

بی‌بس بੇਬਸ : ਮਜਬੂਰ, ਲਚਾਰ, ਮੁਥਾਜ।
بی‌بصر ਬੇਬਸਰ : ਜੋ ਨਾ ਵੇਖ ਸਕੇ, ਅੰਨ੍ਹਾ।
بی‌بنیاں ਬੇ-ਬੁਨਯਾਦ : ਨਿਰਾਧਾਰ।
بی‌بها ਬੇਬਹਾ : ਬੌਹਤ ਕੀਮਤੀ, ਬੌਹਮੁੱਲਾ, ਅਣਮੋਲ।
بی‌بهره ਬੇਬਹਰਾ : ਬਦਨਸੀਬ, ਅਭਾਗਾ।
بی‌پاوسر ਬੇ ਪਾ-ਉ-ਸਰ : ਜਿਸ ਦਾ ਸਿਰ ਪੈਰ ਨਾ ਹੋਵੇ, ਨਦਾਰ, ਕੰਗਾਲ।
بی‌پایاب ਬੇਪਾਯਾਬ : ਡੂੰਘਾ, ਅਸੀਮ।
بی‌پایان ਬੇ-ਪਾਯਾਨ : ਅੰਤਹੀਣ।
بی‌پرنگی ਬੇਪਰਦਗੀ : ਨੰਗੇਜ, ਬੇਇੱਜ਼ਤੀ।
بی‌پرده ਬੇਪਰਦਾ : ਬਗ਼ੈਰ ਪਰਦੇ ਦੇ, ਖੁਲ੍ਹਾ, ਨੰਗਾ।
بی‌پرده‌گفتن ਬੇਪਰਦਾ ਗੁਫ਼ਤਨ : ਸਾਫ਼ ਸਾਫ਼ ਕੈਹਣਾ, ਸਪਸ਼ਟ ਕੈਹ ਦੇਣਾ।
بی‌پرکار ਬੇਪਰਕਾਰ : ਬਿਨਾ ਕਿਸੇ ਢੰਗ ਜਾਂ ਜੁਗਤ ਦੇ।
بی‌پروا ਬੇਪਰਵਾ : ਨਿਡਰ, ਮਲੰਗ, ਬੇਫ਼ਿਕਰ।
بی‌پروائی ਬੇਪਰਵਾਈ : ਚਿੰਤਾ-ਰੈਹਤ ਹੋਣਾ, ਬੇਫ਼ਿਕਰੀ, ਨਿਡਰਤਾ।
بی‌پروبال ਬੇਪਰ-ਉ-ਬਾਲ : ਬੇਸਹਾਰਾ, ਲਚਾਰ, ਮਜਬੂਰ।
بی‌تاب ਬੇਤਾਬ : ਬੇਕਰਾਰ, ਬੇਚੈਨ, ਪਰੇਸ਼ਾਨ, ਚਿੰਤਾਤੁਰ, ਨਿਰਬਲ।
بی‌تابانه ਬੇਤਾਬਾਨਾ : ਘਬਰਾਇਆ ਹੋਇਆ, ਬਿਨਾ ਝਿਜਕ ਦੇ।
بی‌تابی ਬੇਤਾਬੀ : ਬੇਚੈਨੀ, ਪਰੇਸ਼ਾਨੀ, ਘਬਰਾਹਟ, ਨਿਰਬਲਤਾ।
بی‌تحاشا ਬੇਤਹਾਸ਼ਾ : ਬਿਨਾ ਸੋਚੇ ਸਮਝੇ, ਫ਼ੌਰਨ, ਅਚਾਨਕ, ਅੰਧਾ ਧੁੰਦ।
بی‌تقصیر ਬੇਤਕਸੀਰ : ਨਿਰਦੋਸ਼, ਬੇਗੁਨਾਹ, ਬੇਕਸੂਰ।
بی‌تکلف ਬੇਤੱਕਲੁਫ਼ : ਬਿਨਾ ਕਿਸੇ ਝਿਜਕ ਦੇ, ਬਿਨਾ ਬਨਾਵਟ ਦੇ, ਸਿੱਧਾ ਸਾਦਾ, ਬੇਧੜਕ, ਸੁਤੰਤਰ।
بی‌توقف ਬੇਤਵੱਕੁਫ਼ : ਬਿਨਾ ਢਿੱਲ-ਮਠ ਜਾਂ ਦੇਰ ਦੇ, ਝੱਟ-ਪੱਟ।
بی‌ته ਬੇਤਹ : ਨਿਰਮੂਲ, ਅਥਾਹ।
بی‌تهی ਬੇਤਹੀ : ਬੇਹੂਦਗੀ।
بی‌ثبات ਬੇਸਬਾਤ : ਨਾਪਾਇਦਾਰ, ਕਮਜ਼ੋਰ, ਨਾਸ਼ਵਾਨ।
بی‌توشه ਬੇਤੋਸ਼ਾ : ਜਿਸ ਕੋਲ ਧਨ ਮਾਲ ਨਾ ਹੋਵੇ, ਨਾ ਹੀ ਰਿਜ਼ਕ ਹੋਵੇ।
بی‌توفیق ਬੇਤੌਫ਼ੀਕ : ਗ਼ਰੀਬ, ਨਦਾਰ।
بی‌جا ਬੇਜਾ : ਅਯੋਗ, ਬੇਮੌਕਾ।
بی‌جان ਬੇਜਾਨ : ਜਿਸ ਵਿਚ ਜਾਨ ਨਾ ਹੋਵੇ, ਮਰਿਆ ਹੋਇਆ, ਕਮਜ਼ੋਰ।
بی‌جگر ਬੇਜਿਗਰ : ਬੁਜ਼ਦਿਲ, ਕਾਇਰ।
بی‌جگری ਬੇਜਿਗਰੀ : ਬੁਜ਼ਦਿਲੀ, ਕਾਇਰਤਾ।
بی‌جواب ਬੇਜਵਾਬ : ਓਹ ਗੱਲ ਜੋ ਉਤਰ ਯੋਗ ਨਾ ਹੋਵੇ, ਬੇਨਜ਼ੀਰ; ਖਮੋਸ਼, ਚੁੱਪ, ਨਿਰੁੱਤਰ।
بی‌جوهر ਬੇਜੌਹਰ : ਬੇਅਸਲ, ਬੇਅਕਲ, ਬੇਹੁਨਰ, ਨਿਕੰਮਾ, ਫ਼ਜ਼ੂਲ।
بی‌چوبا ਬੇਚੋਬਾ : ਇਕ ਪਰਕਾਰ ਦਾ ਤੰਬੂ ਜਿਸ ਵਿਚ ਕੋਈ ਚੋਬ ਨਹੀਂ ਹੁੰਦੀ; ਅਸਮਾਨ।
بی‌چون ਬੇਚੂੰ : ਲਸਾਨੀ, ਬੇਮਿਸਾਲ।
بی‌حال ਬੇਹਾਲ : ਬੁਰਾ ਹਾਲ, ਭੈੜੀ ਹਾਲਤ।
بی‌حجاب ਬੇਹਿਜਾਬ : ਬੇਪਰਦਾ, ਬੇਸ਼ਰਮ।
بی‌حد ਬੇਹੱਦ : ਅਸੀਮ।
بی‌حدشمار ਬੇਹੱਦ-ਉ-ਸ਼ੁਮਾਰ : ਬੌਹਤ ਜ਼ਿਆਦਾ, ਅਣਗਿਣਤ।
بی‌حرمتی ਬੇਹੁਰਮਤੀ : ਬੇਇੱਜ਼ਤੀ, ਅਪਮਾਨ।
بی‌حساب ਬੇਹਿਸਾਬ : ਅਣਗਿਣਤ, ਬੇਸ਼ੁਮਾਰ।
بی‌حضور ਬੇਹੁਜ਼ੂਰ : ਗ਼ੈਰ-ਹਾਜ਼ਰ,

ਬੇਧਿਆਨ।

بی حضورشدن **ਬੇਹੁਜ਼ੂਰ ਸ਼ੁਦਨ** : ਬੇਨਮਾਜ਼ ਹੋਣਾ, ਬੀਮਾਰ ਹੋਣਾ।

بی حضوری **ਬੇਹੁਜ਼ੂਰੀ** : ਬੀਮਾਰੀ, ਕਮਜ਼ੋਰੀ, ਪਰੇਸ਼ਾਨੀ, ਬੇਧਿਆਨੀ।

بی حکمت **ਬੇਹਿਕਮਤ** : ਬੇਜੁਗਤਾ, ਬੇਅਕਲ, ਨਦਾਨ, ਅਨਾੜੀ।

بی حمیت **ਬੇ-ਹਮੀਯਤ** : ਬੇਸ਼ਰਮ, ਬੇਗ਼ੈਰਤ।

بی حواس **ਬੇਹਵਾਸ** : ਬੇਹੋਸ਼।

بی حوصله **ਬੇਹੌਸਲਾ** : ਬੁਜ਼ਦਿਲ, ਕਾਇਰ।

بی حیا **ਬੇਹਯਾ** : ਬੇਸ਼ਰਮ; ਹੈਂਕੜਬਾਜ਼; ਬੇਗ਼ੈਰਤ।

بی حیائی **ਬੇਹਯਾਈ** : ਬੇਸ਼ਰਮੀ, ਬੇਗ਼ੈਰਤੀ, ਹੈਂਕੜ।

بی خار **ਬੇਖ਼ਾਰ** : ਕੰਡੇ-ਰੈਹਤ; ਬਿਨਾ ਖਟਕੇ ਜਾਂ ਡਰ ਦੇ, ਬੇਖ਼ੌਫ਼, ਨਿਡਰ।

بی خان ومان **ਬੇਖ਼ਾਨ-ਓ-ਮਾਨ** : ਜਿਸ ਦਾ ਘਰਬਾਰ ਨਾ ਹੋਵੇ, ਬੇਘਰਾ, ਬੇਠਕਾਣਾ।

بی خایا **ਬੇਖ਼ਾਯਾ** : ਖ਼ੁਸਰਾ, ਹੀਜੜਾ।

بی خبر **ਬੇਖ਼ਬਰ** : ਬੇਧਿਆਨ, ਅਣਜਾਣ; ਬੇਵਕੂਫ਼।

بی خبری **ਬੇਖ਼ਬਰੀ** : ਗ਼ਫਲਤ, ਅਣਗੇਹਲੀ, ਅਸਾਵਧਾਨੀ।

بی خرد **ਬੇਖ਼ਿਰਦ** : ਬੇਅਕਲ, ਬੇਵਕੂਫ਼।

بی خروخاوند **ਬੇ-ਖ਼ਰ-ਓ-ਖ਼ਾਵਿੰਦ** : ਨਾ ਕਿਸੇ ਦਾ ਹਾਕਮ ਨਾ ਮਤੈਹਤ; ਨਾ ਕਿਸੇ ਦੀ ਮਲਕੀਅਤ ਨਾ ਕਿਸੇ ਦਾ ਮਾਲਕ, ਅਵਾਰਾ।

بی خطا **ਬੇਖ਼ਤਾ** : ਅਚੁੱਕ, ਅਭੁੱਲ, ਨਿਰਦੋਸ਼।

بی خواست **ਬੇ-ਖ਼ਾਸਤ** : ਬੇਫ਼ਿਕਰ, ਬੇਤਲਾਸ਼, ਉਹ ਚੀਜ਼ ਜੋ ਬਿਨਾ ਮੰਗਿਆਂ ਮਿਲ ਜਾਵੇ।

بی خود **ਬੇਖ਼ੁਦ** : ਬੇਸੁਰਤ।

بی خودی **ਬੇਖ਼ੁਦੀ** : ਬੇਹੋਸ਼ੀ; ਮਸਤੀ; ਜਨੂੰਨ।

بی خوروخواب **ਬੇ-ਖ਼ੁਰ-ਓ-ਖ਼ਾਬ** : ਬਿਨਾ ਖਾਧੇ ਪੀਤੇ, ਸੁੱਤੇ; ਅਤ ਚਿੰਤਾਤੁਰ; ਪਰੇਸ਼ਾਨ; ਬੇਕਰਾਰ।

بی خوف **ਬੇਖ਼ੌਫ਼** : ਨਿਡਰ, ਨਿਰਭੈ।

بی خویش بی خویشتن **ਬੇਖ਼ੇਸ਼, ਬੇ-ਖ਼ੇਸ਼ਤਨ** : ਮਦਹੋਸ਼, ਮਸਤ; ਹੈਰਾਨ, ਚਿੰਤਾਤੁਰ।

بی دخل **ਬੇਦਖ਼ਲ** : ਕਬਜ਼ੇ ਤੋਂ ਅੱਡ ਕੀਤਾ ਹੋਇਆ, ਜੋ ਕੱਢ ਦਿੱਤਾ ਗਿਆ ਹੋਵੇ, ਅਧਕਾਰਹੀਣ।

بی دخلی **ਬੇਦਖ਼ਲੀ** : ਕਬਜ਼ੇ ਤੋਂ ਅੱਡ ਕਰਨਾ, ਮੌਕੂਫ਼ੀ।

بی دست وپا **ਬੇ-ਦਸਤ-ਓ-ਪਾ** : ਮਜਬੂਰ, ਲਚਾਰ, ਬੇਸਹਾਰਾ, ਨਿਰਬਲ, ਕਮਜ਼ੋਰ; ਪਰੇਸ਼ਾਨ।

بی دل **ਬੇਦਿਲ** : ਨਿਰਾਸ਼, ਉਦਾਸ, ਉਚਾਟ, ਦਿਲਗੀਰ, ਆਸ਼ਕ, ਪਰੇਮੀ, ਦੀਵਾਨਾ, ਬੁਜ਼ਦਿਲ।

بی دلی **ਬੇਦਿਲੀ** : ਕਮਜ਼ੋਰੀ, ਬੁਜ਼ਦਿਲੀ; ਬੁਜ਼ਦਿਲ।

بی دماغ **ਬੇਦਿਮਾਗ਼** : ਗ਼ੁਸੈਲਾ, ਸੜਿਆ ਬਲਿਆ; ਗ਼ਮਗੀਨ, ਉਦਾਸ; ਚਿੜਚੜਾ।

بی دماغی **ਬੇਦਿਮਾਗ਼ੀ** : ਪਰੇਸ਼ਾਨੀ; ਬੇਸਬਰੀ; ਚਿੜਚਿੜਾਪਣ।

بی دولت **ਬੇਦੌਲਤ** : ਗ਼ਰੀਬ, ਕੰਗਾਲ; ਅਭਾਗਾ; ਨਿਕੰਮਾ।

بی دهن **ਬੇਦਹਨ** : ਜੋ ਗੱਲ ਨਾ ਕਰ ਸਕੇ।

بی دیده **ਬੇਦੀਦਾ** : ਅੰਨ੍ਹਾ; ਨਾਸ਼ੁਕਰਾ; ਬੇਲਿਹਾਜ਼।

بی ربط **ਬੇਰਬਤ** : ਅਜੋੜ, ਬੇਜੋੜ, ਜੋ ਸੰਗਠਤ ਨਾ ਹੋਵੇ, ਬੇ-ਵਾਸਤਾ, ਬੇਤਅੱਲੁਕ।

بی رحم **ਬੇ-ਰਹਮ** : ਨਿਰਦਈ, ਅਤਿਆਚਾਰੀ।

بی رسمی **ਬੇਰਸਮੀ** : ਬੇਕਾਇਦਗੀ।

بی رضا **ਬੇ-ਰਿਜ਼ਾ** : ਬਿਨਾ ਮਰਜ਼ੀ, ਬਿਨਾ

ਆਗਿਆ।

بی‌رگ ***ਬੇਰਗ*** : ਬੇਗ਼ੈਰਤ, ਬੇਅਣਖਾ।

بی‌رنگ ***ਬੇਰੰਗ*** : ਮਕਾਨ ਦਾ ਕੱਚਾ ਨਕਸ਼ਾ, ਤਸਵੀਰ ਦੀ ਰੂਪ- ਰੇਖਾ, ਖਾਕਾ।

بی‌رنگی ***ਬੇਰੰਗੀ*** : ਵਹਦਤ ਦਾ ਮਰਤਬਾ; ਰੱਬ ਦੀ ਅਸਮਾਨਤਾ; ਫਿੱਕਾਪਣ; ਫਿੱਕਾ; ਬੇਰੌਣਕ।

بی‌رو ***ਬੇਰੂ*** : ਬਿਨਾ ਲਿਹਾਜ਼; ਬੇਸ਼ਰਮ; ਸ਼ੋਖ; ਥੈਲੀ, ਬਟੂਆ।

بی‌روزگار ***ਬੇਰੋਜ਼ਗਾਰ*** : ਜੋ ਕੋਈ ਕੰਮ ਨਾ ਕਰਦਾ ਹੋਵੇ, ਵੇਹਲਾ।

بی‌ریا ***ਬੇਰਿਯਾ*** : ਵਿਖਾਵੇ ਬਿਨਾ, ਬਿਨਾ ਬਣਾਵਟ ਦੇ; ਸਾਫ਼-ਦਿਲ; ਬਿਨਾ ਲੱਗ ਲਬੇੜ ਦੇ।

بی‌ریائی ***ਬੇਰਿਯਾਈ*** : ਸਾਫ਼-ਦਿਲੀ।

بی‌زبان ***ਬੇਜ਼ਬਾਨ*** : ਚੁਪ, ਮੂਕ।

بی‌زبانی ***ਬੇਜ਼ਬਾਨੀ*** : ਖ਼ਮੋਸ਼ੀ; ਨਿਰੁਤਰਤਾ।

بی‌زر ***ਬੇਜ਼ਰ*** : ਨਿਰਧਨ, ਗ਼ਰੀਬ।

بی‌زری ***ਬੇਜ਼ਰੀ*** : ਨਿਰਧਨਤਾ, ਗ਼ਰੀਬੀ।

بی‌زن‌وفرزند ***ਬੇ-ਜ਼ਨ-ਉ-ਫ਼ਰਜ਼ੰਦ*** : ਬਗ਼ੈਰ ਪਤਨੀ ਅਤੇ ਸੰਤਾਨ।

بی‌زنی ***ਬੇਜ਼ਨੀ*** : ਕੁਆਰਾਪਣ, ਛੜਾਪਣ।

بی‌زوال ***ਬੇਜ਼ਵਾਲ*** : ਹਮੇਸ਼ਾ ਰੈਹਣ ਵਾਲਾ, ਸਦੀਵੀ, ਅਬਨਾਸ਼ੀ।

بی‌ساخته ***ਬੇਸਾਖ਼ਤਾ*** : ਸੈਹਜ ਸੁਭਾਵਕ, ਬਿਨਾ ਉਚੇਚ ਦੇ, ਆਪ ਮੁਹਾਰਾ।

بی‌ساختگی ***ਬੇਸਾਖ਼ਤਗੀ*** : ਸੈਹਜਸੁਭਾਵਕਤਾ, ਆਪਮੁਹਾਰਾਪਣ।

بی‌سخن ***ਬੇਸੁਖ਼ਨ***, **بی‌شبه** ***ਬੇ ਸ਼ੁਬਾ***, **بی‌شائبه** ***ਬੇ ਸ਼ਾਇਬਾ*** : ਬਿਨਾ-ਸ਼ੱਕ ਦੇ; ਯਕੀਨੀ ਤੌਰ ਤੇ।

بی‌سر ***ਬੇ-ਸਰ*** : ਬਿਨਾ ਸਿਰ ਦੇ; ਬੇਮਿਸਾਲ, ਅੱਦੁਤੀ।

بی‌سروپا ***ਬੇ-ਸਰ-ਉ-ਪਾ*** : ਬਿਨਾ ਕਿਸੇ ਵਿਓਂਤ ਦੇ, ਗ਼ਲਤ।

بی‌سروسامان ***ਬੇ-ਸਰ-ਉ-ਸਾਮਾਨ*** : ਮਾਲ ਧਨ-ਰੈਹਤ, ਕੰਗਾਲ; ਨਿਰਬਲ।

بی‌سکه ***ਬੇ ਸਿੱਕਾ*** : ਬੇਕਦਰ; ਤੁੱਛ, ਮਮੂਲੀ।

بی‌سلیقه ***ਬੇ ਸਲੀਕਾ*** : ਨਾਤਜਰਬਾਕਾਰ, ਅਨਾੜੀ, ਕੁੱਚਜਾ।

بی‌شرم ***ਬੇਸ਼ਰਮ*** : ਨਿੱਲਜ।

بی‌شعور ***ਬੇਸ਼ੁਊਰ*** : ਮੂਰਖ, ਬੇਹੋਸ਼; ਬੇਦਿਮਾਗ਼; ਕੁੱਚਜਾ।

بی‌شمار ***ਬੇਸ਼ੁਮਾਰ*** : ਅਣਗਿਣਤ, ਬੌਹਤ, ਬੇਅੰਤ।

بی‌طاقت ***ਬੇਤਾਕਤ*** : ਨਿਰਬਲ।

بی‌طاقتی ***ਬੇਤਾਕਤੀ*** : ਨਿਰਬਲਤਾ।

بی‌طراوت ***ਬੇਤ਼ਰਾਵਤ*** : ਕੁਮਲਾਇਆ ਹੋਇਆ, ਮੁਰਝਾਇਆ ਹੋਇਆ, ਸੁੱਕਾ, ਖੁਸ਼ਕ।

بی‌طلب ***ਬੇਤ਼ਲਬ*** : ਅਣਮੰਗਿਆ, ਅਣਇੱਛਤ।

بی‌ضابطه ***ਬੇਜ਼ਾਬਿਤਾ*** : ਵਿਧੀ-ਵਿਰੁਧ, ਕ੍ਰਮ-ਹੀਣ।

بی‌ضبط وربط ***ਬੇਜ਼ਬਤ-ਉ-ਰਬਤ*** : ਬਿਨਾ ਕ੍ਰਮ ਦੇ।

بی‌ظرف ***ਬੇਜ਼ਰਫ਼*** : ਥੋੜ੍ਹ-ਵਿਤਾ।

بی‌عقل ***ਬੇਅਕਲ*** : ਮੂਰਖ, ਮੂੜ੍ਹ।

بی‌غایت ***ਬੇਗ਼ਾਯਤ*** : ਬੇਸ਼ੁਮਾਰ, ਬੇਹੱਦ, ਬੌਹਤ ਜ਼ਿਆਦਾ।

بی‌غرض ***ਬੇਗ਼ਰਜ਼*** : ਬੇਪਰਵਾਹ; ਬੇਮੁਥਾਜ, ਅਜ਼ਾਦ।

بی‌غم ***ਬੇਗ਼ਮ*** : ਬੇਫ਼ਿਕਰ, ਨਿਸ਼ਚਿੰਤ।

بی‌غیرت ***ਬੇਗ਼ੈਰਤ*** : ਬੇਅਣਖ, ਬੇਸ਼ਰਮ।

بی‌فائده ***ਬੇਫ਼ਾਇਦਾ*** : ਨਿਸਫਲ, ਪਰਭਾਵਹੀਣ, ਫ਼ਜ਼ੂਲ।

بی‌فرمان ***ਬੇਫ਼ਰਮਾਨ*** : ਜੋ ਕਿਸੇ ਦੇ ਹੁਕਮ ਵਿਚ ਨਾ ਹੋਵੇ, ਅਜ਼ਾਦ।

بی‌فکر ***ਬੇਫ਼ਿਕਰ*** : ਨਿਸ਼ਚਿੰਤ, ਬੇਪਰਵਾਹ।

بی‌قدر ***ਬੇਕਦਰ*** : ਕਦਰ ਕੀਮਤ-ਰੈਹਤ; ਜਿਸ ਦਾ ਕੋਈ ਮੁੱਲ ਨਾ ਹੋਵੇ, ਬਿਨਾ ਕਿਸੇ

ਸਤਕਾਰ ਦੇ।

بیقدری ***ਬੇਕ਼ਦਰੀ*** : ਅਪਮਾਨ, ਅਸਤਕਾਰ।

بیقرار ***ਬੇਕ਼ਰਾਰ*** : ਪਰੇਸ਼ਾਨ, ਅਸ਼ਾਂਤ।

بیقراری ***ਬੇਕ਼ਰਾਰੀ*** : ਪਰੇਸ਼ਾਨੀ, ਅਸ਼ਾਂਤੀ।

بیقرین ***ਬੇਕ਼ਰੀਨ*** : ਬੇਨਜ਼ੀਰ, ਬੇਮਿਸਾਲ, ਅਦੁੱਤੀ।

بیقرینه ***ਬੇਕ਼ਰੀਨਾ*** : ਬੇਢੰਗਾ, ਬੇਤਰਤੀਬਾ।

بیقرینگی ***ਬੇਕ਼ਰੀਨਗੀ*** : ਅਦੁੱਤੀਪਣ, ਅਨੂਪਮਤਾ।

بیقصور ***ਬੇਕ਼ਸੂਰ*** : ਨਿਰਦੋਸ਼।

بیقیل ***ਬੇਕ਼ੀਲ*** : ਬਿਨਾ ਗੱਲਬਾਤ; ਬੇਸ਼ੱਕ।

بیقیلوقال ***ਬੇਕ਼ੀਲ-ਉ-ਕ਼ਾਲ*** : ਬੇਸ਼ੱਕ, ਨਿਰਸੰਦੇਹ।

بیقیمت ***ਬੇਕ਼ੀਮਤ*** : ਤੁੱਛ; ਮਮੂਲੀ।

بیکار ***ਬੇਕਾਰ*** : ਵੇਹਲਾ; ਬੇਰੋਜ਼ਗਾਰ; ਨਿਕੰਮਾ, ਫ਼ਜ਼ੂਲ, ਰੱਦੀ; ਸੁਸਤ, ਢਿੱਲਾ।

بیکاری ***ਬੇਕਾਰੀ*** : ਬੇਰੋਜ਼ਗਾਰੀ, ਵੇਹਲਾਪਣ।

بیکام ***ਬੇਕਾਮ*** : ਨਿਰਾਸ਼, ਜਿਸ ਦਾ ਮੰਤਵ ਪੂਰਾ ਨਾ ਹੋਵੇ; ਨਾ ਮੁਰਾਦ।

بیکران ***ਬੇਕਿਰਾਨ***: ਅੰਤਹੀਣ, ਅਸੀਮ।

بیکس ***ਬੇਕਸ*** : ਲਚਾਰ, ਮਜਬੂਰ; ਨਿਆਸਰਾ।

بیکموکاست ***ਬੇਕਮ-ਉ-ਕਾਸਤ*** : ਬਿਨਾ ਵਾਧ ਘਾਟ ਦੇ; ਠੀਕ ਠੀਕ; ਸੱਚ ਸੱਚ; ਬਿਨਾ ਕਿਸੇ ਸੰਕੋਚ ਦੇ।

بیکوئی ***ਬੇਕੂਈ*** : ਨਿਰਧਨਤਾ, ਗ਼ਰੀਬੀ; ਮੁਸਾਫਰੀ।

بیگار ***ਬੇਗਾਰ*** : ਬਿਨਾ ਉਜਰਤ ਕੰਮ ਲੈਣਾ, ਵਗਾਰ।

بیگاه ***ਬੇਗਾਹ***, **بیگاهان** ***ਬੇਗਾਹਾਨ*** : ਕੁਵੇਲਾ; ਰਾਤ ਦਾ ਵੇਲਾ।

بیگاهوگاه ***ਬੇਗਾਹ-ਉ-ਗਾਹ*** : ਸ਼ਾਮ ਸਵੇਰ।

بیگناه ***ਬੇਗੁਨਾਹ*** : ਨਿਰਦੋਸ਼, ਬੇਕਸੂਰ।

بیمایه ***ਬੇਮਾਯਾ*** : ਨਿਰਧਨ, ਗ਼ਰੀਬ।

بیمثال ***ਬੇਮਿਸਾਲ*** : ਅਨੂਪਮ, ਅਦੁਤੀ।

بیمحابا ***ਬੇਮੁਹਾਬਾ*** : ਬੇਧੜਕ, ਬੇਖਟਕ।

بیمحل ***ਬੇਮਹਲ*** : ਅਸੰਗਤ, ਅਨੁਚਿਤ।

بیمر ***ਬੇਮਰ*** : ਬੇਸ਼ੁਮਾਰ, ਅਣਗਿਣਤ।

بیمروت ***ਬੇਮੁਰੱਵਤ*** : ਬੇਲਿਹਾਜ਼, ਤੋਤਾ ਚਸ਼ਮ, ਸੁਆਰਥੀ, ਬੇਦਰਦ, ਜ਼ਾਲਮ।

بیمعنیٰ ***ਬੇ-ਮਾਅਨਾ*** : ਬਿਨਾ ਕਿਸੇ ਅਰਥ ਦੇ, ਨਿਰਾਰਥ; ਫ਼ਜ਼ੂਲ, ਨਿਸ਼ਫਲ।

بیمعین ***ਬੇ-ਮੁਅੱਈਯਨ*** : ਅਨਿਸ਼ਚਤ, ਅਸੀਮ।

بیمغز ***ਬੇ-ਮਗ਼ਜ਼*** : ਬੇਸਮਝ, ਬੇਵਕੂਫ਼, ਖ਼ਾਲੀ, ਖੋਖਲਾ।

بیمقدار ***ਬੇ-ਮਿਕਦਾਰ*** : ਤੁਛ, ਨਦਾਰ, ਸਮਰੱਥਾਹੀਣ।

بیمنت ***ਬੇ-ਮਿੰਨਤ*** : ਬਿਨਾ ਮੰਗਿਆ।

بیموجب ***ਬੇ-ਮੂਜਿਬ*** : ਬਿਨਾ ਕਿਸੇ ਕਾਰਨ ਦੇ।

بیموسم ***ਬੇ ਮੌਸਿਮ*** : ਬੇਰੁੱਤਾ।

بیمیلی ***ਬੇਮੈਲੀ*** : ਬੇਦਿਲੀ, ਅਰੁਚੀ।

بینامونشان ***ਬੇਨਾਮ -ਉ-ਨਿਸ਼ਾਨ*** : ਬਿਨਾ ਕਿਸੇ ਥੌਹਪਤੇ ਦੇ, ਗੁਮਨਾਮ।

بینامی ***ਬੇਨਾਮੀ***: ਗੁਮਨਾਮੀ, ਗੁਪਤ।

بینشان ***ਬੇਨਿਸ਼ਾਨ*** : ਬਿਨਾ ਕਿਸੇ ਪਤੇ ਦੇ।

بینظیر ***ਬੇਨਜ਼ੀਰ*** : ਅਦੁੱਤੀ, ਲਸਾਨੀ।

بینماز ***ਬੇਨਮਾਜ਼*** : ਹੇਜ਼ ਵਾਲੀ ਔਰਤ, ਉਹ ਔਰਤ ਜਿਸ ਨੂੰ ਮਾਹਵਾਰੀ ਆਈ ਹੋਵੇ (ਉਹ ਨਮਾਜ਼ ਨਹੀਂ ਪੜ੍ਹ ਸਕਦੀ)।

بینمازی ***ਬੇਨਮਾਜ਼ੀ*** : ਮਾਹਵਾਰੀ, ਹੇਜ਼।

بینمک ***ਬੇਨਮਕ*** : ਬੇਸੁਆਦ, ਬੇਵਫ਼ਾ, ਅਲੂਣਾ, ਫਿੱਕਾ।

بی‌نمکی ***ਬੇਨਮਕੀ*** : ਬੇਵਫ਼ਾਈ, ਨਾਸ਼ੁਕਰਾਪਣ।

بی‌ننگ، بی‌ننگ‌وناموس ***ਬੇਨੰਗ, ਬੇਨੰਗ-ਉ-ਨਾਮੂਸ*** : ਬੇਸ਼ਰਮ, ਬੇਗ਼ੈਰਤ, ਬਿਨਾ ਕਿਸੇ ਮਾਣ-ਸਤਕਾਰ ਦੇ।

بی‌نوا ***ਬੇਨਵਾ*** : ਬਿਨਾ ਘਰਘਾਟ ਦੇ, ਜਿਸ ਦੀ ਕੋਈ ਸੁਣੇ ਨਾ, ਫ਼ਕੀਰ, ਦਰਵੇਸ਼।

بی‌نیاز ***ਬੇ-ਨਿਯਾਜ਼*** : ਜਿਸ ਨੂੰ ਕੋਈ ਲੋੜ ਜਾਂ ਜ਼ਰੂਰਤ ਨਾ ਹੋਵੇ।

بی‌نیازی ***ਬੇ-ਨਿਯਾਜ਼ੀ*** : ਖ਼ੁਸ਼ਬਖ਼ਤੀ, ਅਜ਼ਾਦੀ, ਬੇਮੁਥਾਜੀ।

بی‌وارث ***ਬੇਵਾਰਿਸ*** : ਵਾਰਸਹੀਣ, ਜਿਸ ਦਾ ਵਾਲੀ ਵਾਰਸ ਕੋਈ ਨਾ ਹੋਵੇ।

بی‌واسطہ ***ਬੇਵਾਸਤਾ*** : ਬਿਨਾ ਕਿਸੇ ਕਾਰਨ, ਬਿਨਾ ਸਾਧਨ।

بی‌وجود ***ਬੇ-ਵੁਜੂਦ*** : ਹੋਂਦ-ਰੈਹਤ, ਤੁੱਛ, ਮਮੂਲੀ, ਕਮੀਨਾ।

بی‌وطن ***ਬੇਵਤਨ*** : ਬੇਘਰਾ, ਦੇਸੋਂ ਕੱਢਿਆ ਹੋਇਆ।

بی‌وطنی ***ਬੇਵਤਨੀ*** : ਦੇਸ਼ਨਿਕਾਲਾ।

بی‌وفا ***ਬੇਵਫ਼ਾ*** : ਬਚਨ ਪੂਰਾ ਨਾ ਕਰਨ ਵਾਲਾ, ਨਾ-ਸ਼ੁਕਰਾ, ਅਕਿਰਤਘਣ; ਚੰਚਲ, ਅਸਥਿਰ; ਕਪਟੀ।

بی‌وفائی ***ਬੇਵਫ਼ਾਈ*** : ਚੰਚਲਤਾ, ਅਸਥਿਰਤਾ, ਕਪਟਤਾ, ਦਗ਼ਾ।

بی‌وقت ***ਬੇਵਕਤ*** : ਕੁਵੇਲਾ, ਕੁਰੁੱਤ, ਕੁਵੇਲੇ ਆਉਣ ਵਾਲਾ।

بی‌ہراس ***ਬੇ-ਹਿਰਾਸ*** : ਨਿਡਰ, ਹੌਸਲੇ ਵਾਲਾ, ਹੋਸ਼ ਕਾਇਮ ਰੱਖਣ ਵਾਲਾ।

بی‌ہمال ***ਬੇ-ਹਿਮਾਲ*** : ਬੇਨਜ਼ੀਰ, ਬੇਮਿਸਾਲ, ਅਦੁੱਤੀ।

بی‌ہمت ***ਬੇ-ਹਿੰਮਤ*** : ਸਾਹਸਹੀਣ, ਡਰਾਕਲ, ਬੁਜ਼ਦਿਲ।

بی‌ہمتا ***ਬੇਹਮਤਾ*** : ਬੇਮਿਸਾਲ, ਲਸਾਨੀ।

بی‌ہودگی ***ਬੇਹੂਦਗੀ*** : ਬੇਵਕੂਫ਼ੀ, ਮੂਰਖਤਾ।

بی‌ہودہ ***ਬੇਹੂਦਾ*** : ਫ਼ਜ਼ੂਲ; ਝੂਠ; ਗ਼ਲਤ, ਨਾਹਕ।

بی‌ہوش ***ਬੇਹੋਸ਼*** : ਹੋਸ਼-ਰੈਹਤ, ਬੇਸੁਰਤ; ਮਸਤ; ਪਰੇਸ਼ਾਨ, ਪਾਗਲ।

بی‌ہوشی ***ਬੇਹੋਸ਼ੀ*** : ਗ਼ਸ਼ੀ, ਮਸਤੀ, ਪਾਗਲਪਣ, ਦੀਵਾਨਾਪਣ।

بی‌یارومددگار ***ਬੇ-ਯਾਰ-ਉ-ਮਦਦਗਾਰ*** : ਬਿਨਾ ਕਿਸੇ ਦੋਸਤ ਮਿੱਤਰ ਦੇ, ਨਿਰਾਸਰਾ, ਲਚਾਰ, ਮਜਬੂਰ।

بیابان ***ਬਿਯਾਬਾਨ*** : ਜੰਗਲ, ਉਜਾੜ, ਵੀਰਾਨਾ।

بیابان‌باش ***ਬੀਯਾਬਾਨ-ਬਾਸ਼*** : ਜੰਗਲ ਵਿਚ ਰੈਹਣ ਵਾਲਾ, ਜੰਗਲੀ, ਜਾਂਗਲੀ।

بیابانِ‌قدس ***ਬੀਯਾਬਾਨ-ਏ-ਕੁਦਸ*** : ਬੈਤੁਲਮੁਕੱਦਸ ਦੇ ਆਲੇ-ਦੁਆਲੇ ਦਾ ਮੈਦਾਨ।

بیابان‌مرگ ***ਬਿਯਾਬਾਨ-ਮਰਗ*** : ***ਜੋ ਜੰਗਲ ਵਿਚ ਮਰ ਜਾਵੇ ਪਰ ਕਿਸੇ ਨੂੰ ਪਤਾ ਨਾ ਲੱਗੇ।***

بیابان‌نورد ***ਬਿਯਾਬਾਨ-ਨਵਰਦ*** : ਜੰਗਲ ਵਿਚ ਰੈਹਣ ਜਾਂ ਫਿਰਨ ਵਾਲਾ।

بیابان‌نشین ***ਬਿਯਾਬਾਨ ਨਸ਼ੀਨ*** : ਜਾਂਗਲੀ।

بیابانی ***ਬਿਯਾਬਾਨੀ*** : ਬੀਆਬਾਨ ਨਾਲ ਸਬੰਧਤ।

بیاستو ***ਬਿਯਾਸਤੂ*** : ਮੂੰਹ ਦੀ ਦੁਰਗੰਧ, ਉਬਾਕ, ਉਬਾਸੀ।

بیاض ***ਬਯਾਜ਼*** : ਸਫ਼ੈਦੀ, ਸਾਦਾ ਕਾਗਜ਼ ਜਿਸ ਉਤੇ ਕੁਝ ਨਾ ਲਿਖਿਆ ਹੋਵੇ, ਕੋਰਾ ਕਾਗਜ਼, ਕੋਰੀ ਕਾਪੀ ਜਾਂ ਰਜਿਸਟਰ, ਨੋਟ ਬੁੱਕ ਜਿਸ ਵਿਚ ਸ਼ੇਅਰ ਲਿਖਦੇ ਹਨ।

بیاضِ‌تیغ ***ਬਯਾਜ਼-ਏ-ਤੇਗ*** : ਤਲਵਾਰ ਦੀ ਚਮਕ।

بیاضِ‌خر ***ਬਯਾਜ਼-ਏ-ਖ਼ਰ*** : ਸੂਰਜ ਦੀ ਕਿਰਨ; ਦਿਨ।

بیاضی ***ਬਯਾਜ਼ੀ*** : ਅਲੰਕਾਰਮਈ ਕਵਿਤਾ।

بیان ***ਬਯਾਨ*** : ਪਰਗਟ ਕਰਨਾ, ਖੋਲ੍ਹ ਕੇ ਗੱਲ ਕਰਨਾ; ਵਿਸ਼ਲੇਸ਼ਣ , ਐਲਾਨ, ਸਪਸ਼ਟਤਾ; ਸਾਫ਼, ਰੋਸ਼ਨ, ਪਰਤਖ; ਗੱਲਬਾਤ, ਵਾਰਤਾਲਾਪ।

بیت ***ਬੈਤ*** : ਘਰ, ਮਕਾਨ, ਹਵੇਲੀ, (ਇਸ ਦਾ ਬੌਹਵਚਨ ਬਯੂਤ ਹੈ), ਸ਼ੇਅਰ (ਇਸ ਦਾ ਬੌਹਵਚਨ ਅਬਯਾਤ ਹੈ)।

بیت‌اقصی ***ਬੈਤ-ਏ-ਅਕਸਾ*** : ਦੂਰ ਦਾ ਘਰ, ਬੈਤੁਲਮੁਕੱਦਸ ਨੂੰ ਕੌਂਹਦੇ ਹਨ, ਕਿਉਂਕਿ ਮੱਕੇ ਦੇ ਲੋਕਾਂ ਲਈ ਏਹ ਸਭ ਤੋਂ ਦੂਰ ਦੀ ਮਸਜਦ ਹੈ।

بیت‌الحرام ***ਬੈਤੁਲਹਰਾਮ*** : ਸਤਕਾਰ ਦਾ ਘਰ।

بیت‌الحزن ***ਬੈਤੁਲਹੁਜ਼ਨ*** : ਸੋਗ ਦਾ ਘਰ, ਦੁੱਖਾਂ ਦਾ ਘਰ, ਗ਼ਰੀਬਾਂ ਦਾ ਘਰ; ਓਹ ਘਰ ਜਿਸ ਵਿਚ ਹਜ਼ਰਤ ਯਾਕੂਬ ਨੇ ਆਪਣੇ ਲਾਡਲੇ ਪੁੱਤਰ ਯੂਸੁਫ਼ ਦੀ ਜੁਦਾਈ ਵਿਚ ਦੁੱਖ-ਬਿਰਹਾ ਦੇ ਦਿਨ ਕੱਟੇ।

بیت‌الخلا ***ਬੈਤੁਲਖ਼ਲਾ***,
بیت‌الفراغ ***ਬੇਤੁਲ- ਫ਼ਰਾਗ਼*** : ਪਖ਼ਾਨਾ, ਫਲੱਸ਼, ਟੱਟੀ ਖ਼ਾਨਾ, ਹਾਜਤ ਤੋਂ ਫ਼ਾਰਗ ਹੋਣ ਦੀ ਜਗ੍ਹਾ।

بیت‌الدعا ***ਬੈਤੁੱਦੁਆ*** : ਪਰਾਰਥਨਾ ਦਾ ਘਰ।

بیت‌الدوا ***ਬੈਤੁੱਦਵਾ*** : ਦਵਾ ਦਾ ਘਰ, ਸ਼ਿਫ਼ਾਖ਼ਾਨਾ, ਹਸਪਤਾਲ।

بیت‌الشرر ***ਬੈਤੁੱਸ਼ਰਰ*** : ਅੱਗ ਦਾ ਘਰ, ਦੋਜ਼ਖ਼, ਨਰਕ।

بیت‌الشرف ***ਬੇਤੁਸ਼ੱਰਫ਼*** : ਮਾਣ-ਸਤਕਾਰ ਦਾ ਘਰ, ਨਜੂਮੀਆਂ ਦੀ ਪਰਭਾਸ਼ਾ ਵਿਚ ਓਹ ਰਾਸ਼ੀ (ਬੁਰਜ) ਜਿਸ ਵਿਚ ਸੱਤ-ਸਤਾਰਿਆਂ ਵਿਚੋਂ ਕਿਸੇ ਇਕ ਨੂੰ ਸ਼ੱਰਫ਼ ਤੇ ਵਡਿਆਈ ਪਰਾਪਤ ਹੋਵੇ।

بیت‌الشرف ***ਬੇਤੁਸ਼ੱਰਫ਼*** : ਬੁੱਤਾਂ ਦਾ ਘਰ, ਬੁੱਤ-ਖ਼ਾਨਾ।

بیت‌العتیق ***ਬੈਤੁਲਅਤੀਕ਼*** : ਪੁਰਾਣਾ ਘਰ, ਕਾਅਬਾ ਜੋ ਸਭ ਤੋਂ ਪੁਰਾਣਾ ਪੂਜਾ-ਸਥਾਨ ਹੈ, ਪੈਹਲਾਂ ਪੈਹਲ ਇਸ ਨੂੰ ਆਦਮ ਨੇ ਬਣਾਇਆ, ਫਿਰ ਹਜ਼ਰਤ ਇਬਰਾਹੀਮ ਨੇ ਇਸ ਦੀ ਉਸਾਰੀ ਕੀਤੀ; 'ਅਤੀਕ' ਦੇ ਅਰਥ ਸਤਕਾਰਯੋਗ ਵੀ ਹਨ, ਇਸ ਲਈ ਮਾਣ-ਸਤਕਾਰ ਵਾਲਾ ਘਰ ਵੀ ਹੋਏ।

بیت‌العروس ***ਬੈਤੁਲਉਰੂਸ*** : ਦੁਲਹਨ ਦਾ ਘਰ, ਓਹ ਮਕਾਨ ਜੋ ਸਜ-ਵਿਆਹੀ ਲਈ ਸਜਾਇਆ ਜਾਵੇ।

بیت‌الغزل ***ਬੈਤੁਲਗ਼ਜ਼ਲ*** : ਚੁਣਿਆ, ਛਾਂਟਿਆ ਹੋਇਆ ਸ਼ੇਅਰ, ਗ਼ਜ਼ਲ ਦਾ ਸਭ ਤੋਂ ਚੰਗਾ ਸ਼ੇਅਰ ਜਿਸ ਨੂੰ ਮੀਰ-ਸ਼ੇਅਰ ਵੀ ਕੌਂਹਦੇ ਹਨ।

بیت‌الله ***ਬੈਤੁੱਲਾਹ*** : ਮੱਕਾ ਸ਼ਰੀਫ਼, ਕਾਅਬਾ।

بیت‌المال ***ਬੈਤੁਲਮਾਲ***,
بیت‌المامول ***ਬੈਤੁਲਮਾਮੂਲ*** : ਸਰਕਾਰ ਦਾ ਖ਼ਜ਼ਾਨਾ, ਓਹ ਮਕਾਨ ਜਿਸ ਵਿਚ ਲੁਟ ਮਾਰ ਦਾ ਮਾਲ ਤੇ ਲਵਾਰਸਾਂ ਦਾ ਮਾਲ ਰਖਿਆ ਜਾਵੇ।

بیت‌المعمور ***ਬੇਤੁਲ ਮਾਅਮੂਰ*** : ਅਬਾਦ ਘਰ; ਕੌਂਹਦੇ ਹਨ ਕਿ ਚੌਥੇ ਅਸਮਾਨ ਤੇ ਕਾਅਬੇ ਦੇ ਸਾਮ੍ਹਣੇ ਇਕ ਮਸਜਦ ਹੈ ਜੋ ਫ਼ਰਿਸ਼ਤਿਆਂ ਨਾਲ ਅਬਾਦ ਤੇ ਭਰੀ ਪਈ ਹੈ।

بیت‌المقدس ***ਬੈਤੁਲ ਮੁਕਦੱਸ*** : ਮੁਲਕ ਸ਼ਾਮ (ਸੀਰੀਆ) ਦੀ ਇਕ ਮਸਜਦ ਦਾ ਨਾਮ ਜਿਸ ਦੀ ਨੀਂਹ ਹਜ਼ਰਤ ਦਾਊਦ ਨੇ ਰਖੀ ਸੀ ਤੇ ਉਸ ਨੂੰ ਉਸ ਦੇ ਪੁਤਰ ਹਜ਼ਰਤ ਸੁਲੇਮਾਨ ਨੇ ਮੁਕੰਮਲ ਕੀਤਾ ਸੀ, ਯਹੂਦੀ ਤੇ ਈਸਾਈ ਉਸ ਮਸਜਦ ਵਲ ਮੂੰਹ ਕਰਕੇ ਪਰਾਰਥਨਾ ਕਰਦੇ ਹਨ, ਪੈਹਲਾਂ ਮੁਸਲਮਾਨ ਵੀ ਇਸ ਪਾਸੇ ਮੂੰਹ ਕਰਕੇ ਨਮਾਜ਼ ਪੜ੍ਹਦੇ ਸਨ (ਓਹਨਾਂ ਦਾ ਕਿਬਲਾ ਵੀ ਏਹ ਹੀ ਸੀ)। ਬਖ਼ਤ ਨਸਰ ਬਾਦਸ਼ਾਹ ਨੇ ੬੦੦ ਪੂ. ਈ. ਵਿਚ ਇਸ ਨੂੰ ਤਬਾਹ ਕਰ ਦਿਤਾ ਤੇ ਹੀਰੇ ਜਵਾਹਰ ਲਾਹ ਲਏ; ਪੈਹਲੀ ਸਦੀ ਹਿਜਰੀ ਵਿਚ ਫੇਰ ਹਜ਼ਰਤ ਫ਼ਾਰੂਕ ਨੇ ਇਸ ਦੀ ਉਸਾਰੀ ਕੀਤੀ; ਏਹ ਸਥਾਨ ਈਸਾਈਆਂ, ਯਹੂਦੀਆਂ ਤੇ ਮੁਸਲਮਾਨਾਂ ਲਈ ਇਕ ਸਮਾਨ ਪਵਿੱਤਰ ਤੇ ਮੁਕੱਦਸ ਹੈ।

بیت‌عیسیٰ ***ਬੈਤ-ਏ-ਈਸਾ*** : ਚੌਥਾ ਅਸਮਾਨ, ਜੋ ਈਸਾ ਦਾ ਘਰ ਹੈ।

بیجاد ***ਬੇਜਾਦ,*** **بیجاده** ***ਬੇਜਾਦਾ*** : ਇਕ ਪਰਕਾਰ ਦੇ ਘੱਟ ਕੀਮਤ ਵਾਲੇ ਯਾਕੂਤ ਨੂੰ ਕੈਂਹਦੇ ਹਨ, ਲਾਲ ਜਾਂ ਪੀਲੇ ਰੰਗ ਦੇ ਜਵਾਹਰ।

بیجاده‌آب ***ਬੇਜਾਦਾ-ਆਬ*** : ਲਾਲ ਜਾਂ ਪੀਲੇ ਰੰਗ ਦੀ ਸ਼ਰਾਬ।

بیجاده‌گون ***ਬੇਜਾਦਾ-ਗੂੰ*** : ਲਹੂ ਨਾਲ ਲਿਬੱੜੀ ਤਲਵਾਰ।

بیجاده‌مذاب ***ਬੇਜਾਦਾ-ਮੁਜ਼ਾਬ*** : ਖ਼ੂਨ, ਲਹੂ, ਸੁਰਖ਼ ਜਾਂ ਜਾਅਫ਼ਰਾਨੀ ਸ਼ਰਾਬ।

بیخ ***ਬੇਖ਼*** : ਜੜ, ਮੂਲ, ਅਸਲ, ਨੀਂਹ।

بیخ‌ازبن‌آوردن ***ਬੇਖ਼ ਅਜ਼ ਬੁਨ ਬਰਆਵਰਦਨ,*** **بیخ‌برکندن** ***ਬੇਖ਼ ਬਰ ਕੰਦਨ*** : ਜੜੋਂ ਪੁਟ ਮਾਰਨਾ, ਤਬਾਹ ਬਰਬਾਦ ਕਰ ਦੇਣਾ।

بیخ‌افگن ***ਬੇਖ਼ ਅਫ਼ਗਨ*** : ਦਰਖ਼ਤ ਪੁਟੱਣ ਵਾਲਾ।

بیخ‌پشم ***ਬੇਖ਼ ਪਸ਼ਮ*** : ਦੁੰਬੇ ਦਾ ਮਾਸ।

بیخ‌زدن ***ਬੇਖ਼ ਜ਼ਦਨ*** : ਜੜ ਕਾਇਮ ਕਰਨਾ।

بیخ‌کردن ***ਬੇਖ਼ ਕਰਦਨ*** : ਜੜ ਫੈਲਾਉਣਾ।

بیخ‌کن ***ਬੇਖ਼-ਕਨ*** : ਜੜਾਂ ਪੁਟਣ ਵਾਲਾ, ਆਕਰਮਣਕਾਰੀ।

بیخ‌کنی ***ਬੇਖ਼ਕਨੀ*** : ਤਬਾਹੀ, ਬਰਬਾਦੀ।

بید ***ਬੇਦ*** : ਬੈਂਤ ਦਾ ਰੁਖ; ਬੇਫ਼ਾਇਦਾ, ਬੇਹੂਦਾ, ਫ਼ਜ਼ੂਲ, ਚੇਤਨਾ, ਸਾਵਧਾਨੀ; ਕਾਗਜ਼ ਜਾਂ ਕਪੜੇ ਦਾ ਕੀੜਾ, ਉੱਲੀ, ਸਿਓਂਕ।

بیدبرگ ***ਬੇਦ-ਬਰਗ*** : ਬੈਂਤ ਦੀ ਪੱਤੀ; ਇਕ ਪਰਕਾਰ ਦੀ ਬਰਛੀ ਦੀ ਅਣੀ ਜੋ ਬੈਂਤ ਦੇ ਪੱਤੇ ਵਰਗੀ ਹੁੰਦੀ ਹੈ।

بیدِخام ***ਬੇਦ-ਏ-ਖ਼ਾਮ*** : ਹਰੀ ਟਾਹਣੀ, ਕੱਚਾ ਚੰਦਨ।

بیدِسرخ ***ਬੇਦ-ਏ-ਸਰਖ਼*** : ਬੈਂਤ ਦੀ ਇਕ ਕਿਸਮ।

بیدمال ***ਬੇਦਮਾਲ*** : ਬੈਂਤ ਜਾਂ ਕਿਸੇ ਹੋਰ ਲਕੜੀ ਨਾਲ ਸ਼ੀਸ਼ੇ ਜਾਂ ਤਲਵਾਰ ਤੋਂ ਜੰਗਾਲ ਦੂਰ ਕਰਨਾ, ਬੈਂਤ ਦੀ ਲਕੜੀ ਜਿਸ ਨਾਲ ਹਥਿਆਰਾਂ ਤੋਂ ਜੰਗਾਲ ਲਾਹੁੰਦੇ ਹਨ।

بیدِمجنون ***ਬੇਦ-ਏ-ਮਜਨੂਨ,*** **بیدِلرزان** ***ਬੇਦ-ਏ-ਲਰਜ਼ਾਨ*** : ਇਕ ਪਰਕਾਰ ਦਾ ਬੈਂਤ ਜਿਸ ਦੀਆਂ ਟਾਹਣੀਆਂ ਝੁਕੀਆਂ ਹੁੰਦੀਆਂ ਹਨ, ਕਵੀ ਇਸ ਨੂੰ ਮਜਨੂੰ (ਮਜਨੂਨ ਦਾ ਪੰਜਾਬੀ ਵਿਚ ਪਰਚਲਤ ਰੂਪ) ਨਾਲ ਉਪਮਾ ਦਿੰਦੇ ਹਨ ਕਿਉਂਕਿ ਮਜਨੂੰ ਦਾ ਸਰੀਰ ਇਸ਼ਕ ਦੇ ਕਾਰਨ ਕਮਜ਼ੋਰ ਹੋ ਕੇ ਝੁਕ ਗਿਆ ਸੀ।

بیداد ***ਬੇਦਾਦ*** : ਜ਼ੁਲਮ, ਅਨਿਆਂ।

بیدادپیشه ***ਬੇਦਾਦ-ਪੇਸ਼ਾ,*** **بیدادگر** ***ਬੇਦਾਦਗਰ*** : ਅਨਿਆਈ, ਜ਼ੁਲਮ ਕਰਨ ਵਾਲਾ, ਅਤਿਆਚਾਰੀ।

بیدادگری ***ਬੇਦਾਦਗਰੀ*** : ਜ਼ੁਲਮ, ਅਨਿਆਂ।

بیدار ***ਬੇਦਾਰ*** : ਜਾਗਦਾ ਹੋਇਆ, ਹੁਸ਼ਿਆਰ, ਸਾਵਧਾਨ।

بیداربخت ***ਬੇਦਾਰ-ਬਖ਼ਤ*** : ਚੰਗੇ ਭਾਗਾਂ ਵਾਲਾ।

بیدارخاطر ***ਬੇਦਾਰ-ਖ਼ਾਤਿਰ*** : ਹੁਸ਼ਿਆਰ।

بیداردل ***ਬੇਦਾਰ-ਦਿਲ*** : ਸਾਵਧਾਨ, ਸੁਚੇਤ।

بیدارمغز ***ਬੇਦਾਰ-ਮਗ਼ਜ਼,*** **بیدارهوش** ***ਬੇਦਾਰ-ਹੋਸ਼*** : ਚੇਤੰਨ, ਸਿਆਣਾ, ਜਾਗਰੂਕ।

بیداری ***ਬੇਦਾਰੀ*** : ਹੁਸ਼ਿਆਰੀ, ਜਾਗਰਤੀ।

بیدپا ***ਬੇਦਪਾ*** : ਹਿੰਦੁਸਤਾਨ ਦੇ ਇਕ ਪਰਸਿੱਧ ਵਿਦਵਾਨ ਦਾ ਨਾਮ, ਜੋ ਰਾਜਾ ਰਾਏ ਦਾਬਸ਼ਲੀਮ ਨੂੰ ਸਿਖਿਅਦਾਇਕ ਬਚਨ ਸੁਣਾਉਂਦਾ ਹੁੰਦਾ ਸੀ 'ਪੰਚ ਤੰਤਰ' ਵਿਚ ਉਸ ਦੀਆਂ ਬੌਹਤ ਸਾਰੀਆਂ ਸਿਖਿਆਦਾਇਕ ਗੱਲਾਂ ਸੁਰੱਖਿਅਤ ਹਨ।

بیرزو ***ਬੀਰਜ਼ੂ,*** **بیرزه** ***ਬੀਰਜ਼ਾ,*** **بیرزی** ***ਬੀਰਜ਼ੀ*** : ਇਕ ਪਰਕਾਰ ਦੀ ਗੂੰਦ

ਹੈ ਜਿਸ ਦੀ ਤਾਸੀਰ ਗਰਮ ਖੁਸ਼ਕ ਹੁੰਦੀ ਹੈ|

بیرق **ਬੈਰਕ** : ਝੰਡੀ, ਫਰੇਰਾ; ਨੇਜ਼ੇ ਅਤੇ ਝੰਡੇ ਤੇ ਲਾਇਆ ਜਾਣ ਵਾਲਾ ਕਪੜਾ।

بیرم **ਬੈਰਮ** : ਜਸ਼ਨ, ਈਦ, ਇਕ ਪਰਕਾਰ ਦਾ ਰੇਸ਼ਮੀ ਕਪੜਾ, ਮੋਰੀ ਕਰਨ ਵਾਲਾ ਸੰਦ, ਵਰਮਾ; ਵਡਾ ਤੀਰ।

بیرم‌خان **ਬੈਰਮ ਖਾਂ** : "ਖ਼ਾਨ ਬਾਬਾ" ਅਕਬਰ ਦੇ ਉਸਤਾਦ ਦਾ ਨਾਮ, ਅਕਬਰ ਉਸ ਦਾ ਬੌਹਤ ਸਤਕਾਰ ਕਰਦਾ ਸੀ ਤੇ ਉਸ ਨੂੰ "ਖ਼ਾਨ ਬਾਬਾ" ਕੈਹ ਕੇ ਪੁਕਾਰਦਾ ਸੀ, ਉਸੇ ਦੀ ਸਿਆਣਪ ਨਾਲ ਹਿਦੁੰਸਤਾਨ ਵਿਚ ਦੂਜੀ ਵਾਰ ਮੁਗਲ ਰਾਜ ਸਥਾਪਤ ਹੋਇਆ, 968 ਹਿ: ਵਿਚ ਪਟਨ (ਗੁਜਰਾਤ) ਵਿਖੇ ਇਕ ਪਠਾਣ ਹੱਥੋਂ ਮਾਰਿਆ ਗਿਆ।

بیروز **ਬੇਰੂਜ਼** : ਇਕ ਹਰੇ ਰੰਗ ਦੇ ਪਥੱਰ ਦਾ ਨਾਮ।

بیرون **ਬੇਰੂਨ** : ਬਾਹਰ।

بیرون آمدن **ਬੇਰੂਨ ਆਮਦਨ**: ਬਾਹਰ ਨਿਕਲਣਾ, ਨਾਫ਼ਰਮਾਨ ਹੋਣਾ, ਆਕੀ ਹੋ ਜਾਣਾ।

بیرون سرا **ਬੇਰੂਨ ਸਰਾ** : ਓਹ ਸਿਕਾ ਜੋ ਟਕਸਾਲ ਤੋਂ ਬਿਨਾ ਕਿਸੇ ਹੋਰ ਥਾਂ ਬਣਾਇਆ ਜਾਵੇ।

بیرونی **ਬੇਰੂਨੀ** : ਬਾਹਰਲਾ।

بیره‌زن **ਬੇਰਾਜ਼ਨ** : ਮਿੱਟੀ ਦਾ ਤਵਾ।

بیری **ਬੇਰੀ** : ਵਿਛਾਉਣ ਤੇ ਉਪਰ ਲੈਣ ਦੇ ਕਪੜੇ।

بیری **ਬੀਰੀ** : ਵਿਛੌਣਾ, ਬਿਸਤਰਾ।

بیزار **ਬੇਜ਼ਾਰ** : ਗਮਗੀਨ, ਉਦਾਸ, ਨਾਖ਼ੁਸ਼, ਨਰਾਜ਼।

بیزن/بیژن **ਬੇਜ਼ਨ** : ਗੇਵ ਦੇ ਪੁਤਰ ਤੇ ਰੁਸਤਮ ਦੇ ਭਾਣਜੇ ਦਾ ਨਾਮ, ਜੋ ਅਫ਼ਰਾਸਿਯਾਬ ਦੀ ਬੇਟੀ ਮੁਨੀਜ਼ਾ 'ਤੇ ਮੋਹਤ ਹੋਣ ਕਰਕੇ ਖੂਹ ਵਿਚ ਸੁੱਟ ਦਿਤਾ ਗਿਆ ਸੀ ਜਿਥੇ ਉਸ ਨੇ ਬੌਹਤ ਦੁਖ ਸਹੇ, ਅਖੀਰ ਰੁਸਤਮ ਨੇ ਉਸ ਨੂੰ ਉਥੋਂ ਕਢਿਆ।

بیزه **ਬੇਜ਼ਹ** : ਖ਼ਾਲਸ, ਬਿਨਾ ਮਿਲਾਵਟ ਦੇ, ਖਰਾ।

بیست **ਬੀਸਤ** : ਵੀਹ (੨੦)।

بیستگانی **ਬੀਸਤਗਾਨੀ** : ਸਿਪਾਹੀਆਂ ਤੇ ਮੁਲਾਜ਼ਮਾਂ ਦੀ ਤਨਖਾਹ ਜੋ ਵੀਹ ਤਰੀਕ ਨੂੰ ਦਿਤੀ ਜਾਂਦੀ ਸੀ।

بیستین **ਬੀਸਤੀਨ** : ਵੀਹਵਾਂ; ਵੀਹਵੀਂ ਤਰੀਕ।

بیستون **ਬੇਸਤੂਨ** : ਬਿਨਾਂ ਥੰਮ੍ਹਾਂ ਦੇ; ਈਰਾਨ ਦਾ ਇਕ ਪਰਸਿੱਧ ਪਹਾੜ ਜਿਸ ਨੂੰ ਫਰਹਾਦ ਨੇ ਸ਼ੀਰੀਂ ਵਾਸਤੇ ਦੁਧ ਦੀ ਨੈਹਰ ਕਢੱਣ ਲਈ ਪੁੱਟਿਆ ਸੀ।

بیش **ਬੇਸ਼** : ਬੌਹਤਾ, ਬੌਹਤਾਤ।

بیش از این چه کند **ਬੇਸ਼ਅਜ਼ੀ ਚਿਹ ਕੁਨਦ** : ਇਸ ਤੋਂ ਵਧ ਹੋਰ ਕੀ ਹੋ ਸਕਦਾ ਹੈ।

بیش‌بها **ਬੇਸ਼ਬਹਾ,**
بیش‌قیمت **ਬੇਸ਼ਕੀਮਤ** : ਬੌਹਮੁੱਲਾ।

بیشتر **ਬੇਸ਼ਤਰ** : ਅਕਸਰ, ਆਮ ਤੌਰ ਤੇ।

بیش‌ترین **ਬੇਸ਼ਤਰੀਨ** : ਬੌਹਤੇਰਾ, ਲੰਮੇਰਾ, ਚੰਗੇਰਾ।

بیش‌فروش **ਬੇਸ਼-ਫ਼ਰੋਸ਼** : ਥੋਕ ਵਪਾਰੀ।

بیشی **ਬੇਸ਼ੀ** : ਬੌਹਤਾਤ, ਅਧਕਤਾ।

بیشه **ਬੇਸ਼ਾ** : ਜੰਗਲ, ਰੁੱਖ, ਕਛਾਰ; ਸ਼ੇਰ ਦੇ ਰੈਹਣ ਦੀ ਥਾਂ, ਜਿਥੇ ਕਾਹੀ ਕਾਨੇ ਬੌਹਤ ਹੋਣ।

بیض بیض **ਬੀਜ਼** : (ਬੈਜ਼ਾ بیضا ਦਾ ਬੌਹਵਚਨ) ਚਿਟੀਆਂ, ਗੋਰੇ (ਚਿਟੇ) ਰੰਗ ਦੀਆਂ ਔਰਤਾਂ, ਚਿਟੀਆਂ ਮਦੀਨਾ, ਚਾਨਣੀਆਂ ਰਾਤਾਂ, ਹਰ ਮਹੀਨੇ ਦੀਆਂ ਤੇਰ੍ਹਵੀਆਂ, ਚੌਧਵੀਆਂ ਤੇ ਪੰਦਰਵੀਆਂ ਰਾਤਾਂ।

بیض بیض **ਬੈਜ਼** : (ਬੈਜ਼ਾ بیضه ਦਾ ਬੌਹਵਚਨ) ਆਂਡੇ।

بیضا **ਬੈਜ਼ਾ** : ਰੋਸ਼ਨ, ਚਮਕਦਾਰ, ਸਫ਼ੈਦ, ਸੂਰਜ, ਚਿਟੇ ਰੰਗ ਦੀ ਇਸਤਰੀ, ਕਣਕ; ਮੁਸੀਬਤ, ਦੁਖ, ਬਿਪਤਾ, ਵੀਰਾਨ ਜ਼ਮੀਨ, ਉਜਾੜ, ਸ਼ਿਕਾਰੀ ਦਾ ਜਾਲ, ਈਰਾਨ ਦੇ ਇਕ ਸ਼ੈਹਰ ਦਾ ਨਾਮ।

بیضاوی **ਬੈਜ਼ਾਵੀ** : ਸ਼ੈਹਰ ਬੈਜ਼ਾ ਦਾ ਰੈਹਣ ਵਾਲਾ; ਸੂਰਜੀ।

بیضه ***ਬੈਜ਼ਾ*** : ਆਂਡਾ, ਤੁਖ਼ਮ, ਲੋਹ-ਟੋਪ, ਪਤਾਲੂ, ਹਰ ਸ਼ੈ ਦਾ ਵਿਚਕਾਰਲਾ ਹਿੱਸਾ।

بیضهٔ آتشین ***ਬੈਜ਼ਾ-ਏ-ਆਤਸ਼ੀਨ*** : ਸੂਰਜ।

بیضهٔ اسلام ***ਬੈਜ਼ਾ-ਏ-ਇਸਲਾਮ*** : ਇਸਲਾਮ ਦਾ ਖੇਤਰ।

بیضهٔ چرخ ***ਬੈਜ਼ਾ-ਏ-ਚਰਖ਼*** : ਸੂਰਜ।

بیضهٔ خاکی ***ਬੈਜ਼ਾ-ਏ-ਖ਼ਾਕੀ*** : ਧਰਤੀ, ਜ਼ਮੀਨ।

بیضهٔ زر ***ਬੈਜ਼ਾ-ਏ-ਜ਼ਰ,*** **بیضهٔ زری** ***ਬੈਜ਼ਾ-ਏ-ਜ਼ਰੀ,*** **بیضهٔ زرین** ***ਬੈਜ਼ਾ- ਏ-ਜ਼ੱਰੀਨ,*** **بیضهٔ صبح** ***ਬੈਜ਼ਾ-ਏ- ਸੁਬਹ*** : ਸੂਰਜ।

بیضهٔ کافور ***ਬੈਜ਼ਾ-ਏ-ਕਾਫ਼ੂਰ*** : ਬਰਫ਼।

بیضوی ***ਬੈਜ਼ਵੀ*** : ਆਂਡੇ ਦੀ ਸ਼ਕਲ ਦਾ, ਗੋਲ, ਲੰਬੂਤਰਾ।

بیع ***ਬੈਅ*** : ਵੇਚਣਾ, ਖ਼ਰੀਦਣਾ।

بیعانه ***ਬੈਆਨਾ*** : ਪੇਸ਼ਗੀ ਰਕਮ, ਸਾਈ।

بیعنامه ***ਬੈਅਨਾਮਾ*** : ਕਿਸੇ ਚੀਜ਼ ਦੇ ਵੇਚਣ ਦਾ ਦਸਤਾਵੇਜ਼।

بیع ***ਬੀਅ,*** **بیعت** ***ਬੀਅਤ*** : ਈਸਾਈਆਂ ਦੇ ਗਿਰਜੇ, ਮਦਰਸੇ, ਅਗਨੀ-ਪੂਜਕਾਂ ਦੇ ਮੰਦਰ।

بیعت ***ਬੈਅਤ*** : ਫ਼ਰਮਾਂਬਰਦਾਰੀ ਦਾ ਇਕਰਾਰ ਕਰਨਾ, ਆਗਿਆ ਮੰਨਣਾ, ਇਕ਼ਰਾਰ ਕਰਨਾ, ਅਧੀਨਗੀ ਕਰਨਾ, ਚੇਲਾ ਹੋਣਾ।

بیغا ***ਬੈਗ਼ਾ*** : ਤੋਤਾ, ਤੋਤੀ।

بیغار ***ਬੈਗ਼ਾਰ*** : ਤਾੜਨਾ।

بیغاره ***ਬੈਗ਼ਾਰਾ*** : ਤਾਹਨਾ, ਮੰਦਾ ਚੰਗਾ ਕੈਹਣਾ।

بیغال ***ਬੈਗ਼ਾਲ*** : ਨੇਜ਼ਾ, ਭੱਲਾ, ਬਰਛਾ।

بیگ ***ਬੇਗ*** : ਸਰਦਾਰ, ਮੁਖੀ, ਅਮੀਰ, ਮੁਗ਼ਲਾਂ ਦੀ ਉਪਾਧੀ।

بیگابیگی ***ਬੇਗਾਬੇਗੀ*** : ਸਰਦਾਰਾਂ ਦਾ ਸਰਦਾਰ, ਅਮੀਰਾਂ ਦਾ ਅਮੀਰ।

بیگزاده ***ਬੇਗਜ਼ਾਦਾ*** : ਅਮੀਰਜ਼ਾਦਾ।

بیگم ***ਬੇਗਮ*** : ਅਮੀਰ ਦੀ ਬੀਵੀ, ਅਮੀਰਜ਼ਾਦੀ।

بیگار ***ਬੇਗਾਰ*** : ਬਿਨਾ ਮਜ਼ਦੂਰੀ ਦੇ ਕੀਤੇ ਕੰਮ।

بیل ***ਬੇਲ*** : ਕਹੀ।

بیلچه ***ਬੇਲਚਾ*** : ਬੇਲ ਦਾ ਲਘੂਵਾਚੀ ਨਾਮ, ਛੋਟੀ ਕਹੀ।

بیلدار ***ਬੇਲਦਾਰ,*** **بیلزن** ***ਬੇਲਜ਼ਨ,*** **بیلکش** ***ਬੇਲਕਸ਼*** : ਕਹੀ ਚਲਾਉਣ ਵਾਲਾ, ਰਸਤਾ ਸਾਫ਼ ਕਰਨ ਵਾਲਾ, ਕਿਸਾਨ, ਮਜ਼ਦੂਰ; ਮਾਲੀ, ਬਾਗ਼ਬਾਨ।

بیلوا ***ਬੇਲਵਾ*** : ਦਵਾ-ਫਰੋਸ਼, ਦਵਾਈਆਂ ਵੇਚਣ ਵਾਲਾ।

بیله ***ਬੇਲਾ*** : ਟਾਪੂ, ਖ਼ਰਬੂਜ਼ਾ, ਖਖੜੀ, ਕਬਾਲਾ, ਤਮੱਸਕ, ਹੁਕਮ।

بیم ***ਬੀਮ*** : ਡਰ।

بیمار ***ਬੀਮਾਰ*** : ਰੋਗੀ, ਮਰੀਜ਼, ਕਮਜ਼ੋਰ।

بیمارپرس ***ਬੀਮਾਰ ਪੁਰਸ*** : ਬੀਮਾਰ ਦੀ ਖ਼ਬਰ ਸੂਰਤ ਲੈਣ ਵਾਲਾ।

بیمارپرسی ***ਬੀਮਾਰ ਪੁਰਸੀ*** : ਬੀਮਾਰ ਦੀ ਖ਼ਬਰ ਪੁੱਛਣਾ।

بیمارخانه ***ਬੀਮਾਰ ਖ਼ਾਨਾ,*** **بیمارستان** ***ਬੀਮਾਰਸਤਾਨ*** : ਹਸਪਤਾਲ, ਸ਼ਿਫ਼ਾਖ਼ਾਨਾ।

بیمارسان ***ਬੀਮਾਰਸਾਂ*** : ਬੀਮਾਰ ਵਰਗਾ।

بیمارغنج ***ਬੀਮਾਰਗ਼ੰਜ*** : ਅਕਸਰ ਬੀਮਾਰ ਰੈਹਣ ਵਾਲਾ, ਮੁਰਝਾਇਆ ਹੋਇਆ।

بیماری ***ਬੀਮਾਰੀ*** : ਰੋਗ।

بین ***ਬੈਨ*** : ਵਿਚਕਾਰ, ਵਸਲ, ਮੇਲ-ਮਿਲਾਪ, ਜੁੜਨਾ, ਮਿਲਣਾ, ਜੁਦਾ ਹੋਣਾ, ਅੱਡ ਹੋਣਾ, ਜੁਦਾਈ।

بین ***ਬਯਿੱਨ*** : ਸਪਸ਼ਟ, ਪਰਗਟ।

بینات ***ਬਯਿੱਨਾਤ*** : ਰੋਸ਼ਨ ਕਰਨ ਵਾਲੀਆਂ, ਰੋਸ਼ਨ ਦਲੀਲਾਂ, ਸੱਚੇ ਗਵਾਹ।

بینه ***ਬੱਯਿਨਾ*** : ਰੋਸ਼ਨ ਦਲੀਲ, ਖੁੱਲ੍ਹਾ

ਸਬੂਤ।

بینا **ਬੀਨਾ** : ਵੇਖਣ ਵਾਲਾ, ਸੁਜਾਖਾ, ਸਿਆਣਾ, ਦਿਬਦ੍ਰਿਸ਼ਟੀ ਵਾਲਾ।

بینائی **ਬੀਨਾਈ** : ਵੇਖਣਾ, ਵੇਖਣ ਦੀ ਸ਼ਕਤੀ, ਨਜ਼ਰ।

بینش **ਬੀਨਿਸ਼,** بیندگی **ਬੀਨਿੰਦਗੀ** : ਦੀਦ, ਨਜ਼ਰ।

بیننده **ਬੀਨਿੰਦਾ** : ਵੇਖਣ ਵਾਲਾ, ਦ੍ਰਿਸ਼ਟਾ, ਸਿਆਣਾ, ਦੂਰ ਦੀ ਸੋਚਣ ਵਾਲਾ।

بیناس **ਬੀਨਾਸ** , بیناسک **ਬੀਨਾਸਕ** : ਖਿੜਕੀ, ਬਾਰੀ।

بینی **ਬੀਨੀ** : ਨੱਕ, ਬੂਟ ਦੀ ਬੂਥੀ (ਟੋ), ਤੂੰ ਵੇਖੋਂ।

بینی‌بند **ਬੀਨੀਬੰਦ** : ਨੱਕ ਉਤੇ ਰੱਖਣ ਵਾਲਾ ਬੁਰਕਾ।

بینی‌دار **ਬੀਨੀਦਾਰ** : ਨੋਕਦਾਰ।

بینی‌دره **ਬੀਨੀਦਰਾ** : ਨਾਸ।

بینی‌زدن **ਬੀਨੀਜ਼ਦਨ** : ਨਾਂਹ ਕਰ ਦੇਣਾ, ਇਨਕਾਰ ਕਰਨਾ।

بینیٔ‌کوه **ਬੀਨੀ-ਏ-ਕੋਹ** : ਅਗ੍ਹਾਂ ਨੂੰ ਨਿਕਲੀ ਹੋਈ ਪਹਾੜ ਦੀ ਚੋਟੀ।

بیو **ਬਯੋ** : ਦੁਲਹਨ।

بیو **ਬੇਵ** : ਉਨ ਜਾਂ ਰੇਸ਼ਮੀ ਕੱਪੜੇ ਨੂੰ ਲੱਗ ਜਾਣ ਵਾਲਾ ਕੀੜਾ, ਦੀਮਕ, ਸਿਓਂਕ।

بیور **ਬੇਵਰ** : ਦਸ ਹਜ਼ਾਰ।

بیوراسپ **ਬੇਵਰਾਸਪ** : ਦਸ ਹਜ਼ਾਰ ਘੋੜਿਆਂ ਦਾ ਮਾਲਕ, ਜ਼ੱਹਾਕ ਦੀ ਉਪਾਧੀ, ਦਸ-ਹਜ਼ਾਰੀ।

بیواره **ਬੇਵਾਰਾ** : ਪਾਂਧੀ, ਪਰਦੇਸੀ, ਓਪਰਾ, ਕੰਗਾਲ, ਗਰੀਬ, ਇਕੱਲਾ, ਤੁੱਛ, ਬੇਇਤਬਾਰ।

بیواز **ਬੇਵਾਜ਼,** بیوازه **ਬੇਵਾਜ਼ਾ** : ਚੁੱਪ, ਪਰਵਾਨਗੀ, ਉੱਤਰ; ਚਾਮਚੜਿਕ, ਚਮਗਿੱਦੜ।

بیوان **ਬੀਵਾਨ** : ਆਗਿਆ, ਛੁੱਟੀ, ਪਰਵਾਨਾ, ਰਾਹਦਾਰੀ, ਆਗਿਆ-ਪੱਤਰ।

بیوت **ਬੁਯੂਤ** : (ਬੈਤ بیت ਦਾ ਬੌਹਵਚਨ) ਘਰ, ਮਕਾਨ (ਬੌਹਤੇ)।

بیوتات **ਬੁਯੂਤਾਤ** : ਬੁਯੂਤ ਦਾ ਬੌਹਵਚਨ।

بیوس **ਬਯੂਸ** : ਇੱਛਾ, ਆਸ, ਉਮੀਦ, ਲਾਲਚ, ਹਿਰਸ, ਚਾਪਲੂਸੀ, ਖੁਸ਼ਾਮਦ।

بیوگ **ਬਯੋਗ** : ਦੁਲਹਨ, ਨਵ-ਵਿਆਹਤਾ।

بیوگانی **ਬਯੋਗਾਨੀ** : ਵਿਆਹ।

بیوگان **ਬੇਵਗਾਨ** : (ਬੇਵਾ بیوه ਦਾ ਬੌਹਵਚਨ) ਵਿਧਵਾਵਾਂ।

بیوگی **ਬੇਵਗੀ** : ਵਿਧਵਾਪਣ, ਰੰਡੇਪਾ।

بیون **ਬਯੂਨ** : (= ਅਫ਼ਯੂਨ افیون) ਅਫ਼ੀਮ।

بیوند **ਬੇਵੰਦ** : ਬੇਵਫ਼ਾਈ, ਦਗਾ, ਫ਼ਰੇਬ।

بیوه **ਬੇਵਾ** : ਵਿਧਵਾ।

بیوه‌زن **ਬੇਵਾਜ਼ਨ** : ਵਿਧਵਾ (ਇਸਤਰੀ)।

بیهن **ਬੀਹਨ** : ਸੇਹ।

بیهین **ਬੀਹੀਨ** : ਬੇਹਤਰ, ਚੰਗੇਰਾ।

پ (ਪੇ)

پ ਪੇ : ਫ਼ਾਰਸੀ ਵਰਨਮਾਲਾ ਦਾ ਤੀਜਾ ਅੱਖਰ ਜੋ ਫ਼ ف ਨਾਲ ਬਦਲ ਜਾਂਦਾ ਹੈ ਜਿਵੇਂ ਪਾਰਸੀ ਜਾਂ ਫ਼ਾਰਸੀ; ਸਪੇਦ ਜਾਂ ਸਫ਼ੇਦ; ਪਾਮ ਜਾਂ ਫ਼ਾਮ; ਅਤੇ ਅਕਸਰ ਬ ب ਨਾਲ ਵੀ ਬਦਲਦਾ ਹੈ ਜਿਵੇਂ ਪਾਦਸ਼ਾਹ ਜਾਂ ਬਾਦਸ਼ਾਹ, ਅਬਜਦ ਅਨੁਸਾਰ ਇਸ ਦੇ ਅੰਕੜੇ ਬੇ ب ਦੇ ਬਰਾਬਰ ਅਰਥਾਤ ਦੋ (2) ਗਿਣੇ ਜਾਂਦੇ ਹਨ, ਇਸ ਨੂੰ ਬਾ-ਏ-ਫ਼ਾਰਸੀ ਜਾਂ ਬਾ-ਏ-ਅਜਮੀ ਵੀ ਕੈਂਹਦੇ ਹਨ।

پا *ਪਾ* : ਪੈਰ, ਸਮਰਥਾ, ਸ਼ਕਤੀ; ਨੀਂਹ, ਜੜ; ਜਮਾ, ਠੈਹਰਾ, ਟਿਕਾ, ਪਕਿਆਈ, ਹੇਠਾਂ, ਸੈਹਣਸ਼ਕਤੀ।

پاآھو *ਪਾ ਆਹੂ* : ਛੇ ਗੁੱਠਾਂ ਵਾਲਾ ਘਰ, ਛੇ-ਮੁਖੀਆ; ਪਹਾੜ ਵਰਗੀ ਇਮਾਰਤ; ਸੰਸਾਰ।

پاافشار *ਪਾ-ਅਫ਼ਸ਼ਾਰ* : ਜੁੱਤੀ, ਖੇਸੇ।

پاافشارپاتختہ *ਪਾ-ਅਫ਼ਸ਼ਾਰ ਪਾਤਖ਼ਤਾ* : ਪੈਰ-ਖੱਡੀ, ਓਹ ਦੋ ਤਖ਼ਤੀਆਂ ਜਿਨ੍ਹਾਂ ਨੂੰ ਵਾਰੀ ਵਾਰੀ ਦਬਾ ਕੇ ਜੁਲਾਹੇ ਕੱਪੜਾ ਬੁਣਦੇ ਹਨ।

پانداز *ਪਾ-ਅੰਦਾਜ਼* : ਦਰਵਾਜੇ ਵਿਚ ਪਿਆ ਹੋਇਆ ਟਾਟ ਜਿਸ ਉਤੇ ਪੈਰ ਝਾੜਦੇ ਹਨ, ਪੈਰ-ਝਾੜਨ।

پاورنجن پابرنجن *ਪਾ ਔਰੰਜਨ, ਪਾ ਬਰੰਜਨ* : ਪਾਇਲ ਪਜੇਬ, ਨੂਪੁਰ।

پاب پابا پاپ/پاپا *ਪਾਬ, ਪਾਬਾ, ਪਾਪ/ਪਾਪਾ* : ਫ਼ਾਦਰ, ਈਸਾਈਆਂ ਦਾ ਧਾਰਮਕ ਆਗੂ, ਵੱਡਾ ਪਾਦਰੀ, ਪੋਪ।

پابرجا *ਪਾ ਬਰ ਜਾ* : ਪੱਕਾ, ਅੱਚਲ, ਹਮੇਸ਼ਾ, ਸਦਾ,ਦ੍ਰਿੜ੍ਹ।

پابرکاب *ਪਾ-ਬ-ਰਿਕਾਬ*, **پادررکاب** *ਪਾ-ਦਰ-ਰਿਕਾਬ* : ਘੋੜੇ ਤੇ ਸਵਾਰ।

پابرهنه *ਪਾ-ਬਰਹਨਾ* : ਨੰਗੇ ਪੈਰ।

پابرهوا *ਪਾ-ਬਰ-ਹਵਾ*, **پادرهوا** *ਪਾ-ਦਰ-ਹਵਾ* : ਨਿਰਮੂਲ, ਨਿਰਾਧਾਰ, ਫ਼ਜ਼ੂਲ, ਖ਼ਿਆਲੀ।

پابریخت *ਪਾ-ਬਰੇਖ਼ਤ* : ਵਿਆਹ ਦੇ ਯੋਗ ਯੁਵਕ, ਜਵਾਨ/ਗਭਰੂ ਜੋ ਵਿਆਹ ਦੇ ਯੋਗ ਹੋ ਗਿਆ ਹੋਵੇ।

پابزنجیر *ਪਾ-ਬਜ਼ੰਜੀਰ* : ਪੈਰਾਂ ਵਿਚ ਬੇੜੀ: ਕੈਦੀ, ਮਜਬੂਰ, ਮੁਥਾਜ।

پابست *ਪਾ-ਬਸਤ* : ਨੀਂਹ; ਕੈਦੀ, ਫੜਿਆ ਹੋਇਆ, ਪੱਕਾ, ਮਜ਼ਬੂਤ, ਉਡੀਕਵਾਨ।

پابقدرگلیمدرازکردن *ਪਾ ਬ-ਕ਼ਦਰ-ਏ-ਗਲੀਮ ਦਰਾਜ਼ ਕਰਦਨ* : ਚਾਦਰ ਵੇਖ ਕੇ ਪੈਰ ਪਸਾਰਨਾ।

پابلندکردن *ਪਾ ਬਲੰਦ ਕਰਦਨ* : ਭੱਜਣਾ, ਨੱਸਣਾ, ਦੌੜਨਾ, ਰਾਜ਼ੀ ਨਾ ਹੋਣਾ।

پابند *ਪਾ-ਬੰਦ* : ਕੈਦ ਹੋਣਾ, ਕੈਦੀ, ਬੱਝਾ ਹੋਇਆ, ਪੈਖੜ, ਬੇੜੀ, ਕਿਸੇ ਗੱਲ ਤੇ ਦ੍ਰਿੜ੍ਹ ਰੈਹਣ ਵਾਲਾ; ਮਜਬੂਰ; ਨੌਕਰ, ਅਧੀਨ, ਰੁਕਿਆ ਹੋਇਆ, ਠੈਹਰਿਆ ਹੋਇਆ; ਸਥਿਰ; ਪੱਕਾ।

پابندی *ਪਾਬੰਦੀ* : ਰੋਕ, ਕੈਦ, ਮਨਾਹੀ; ਨੌਕਰੀ; ਆਗਿਆਕਾਰਤਾ; ਪਕੜ; ਪਕਿਆਈ; ਆਦਤ; ਧਿਆਨ।

پابوس *ਪਾਬੋਸ* : ਪੈਰ ਚੁੰਮਣ ਵਾਲਾ, ਸਤਕਾਰ ਕਰਨ ਵਾਲਾ; ਖ਼ੁਸ਼ਾਮਦੀ, ਪੈਰੀਂ ਪੈਣ ਵਾਲਾ।

پابوسی *ਪਾਬੋਸੀ* : ਪੈਰ ਚੁੰਮਣਾ, ਪੈਰੀਂ ਪੈਣਾ, ਝੁਕਣਾ, ਆਦਰ ਕਰਨਾ।

پابوک *ਪਾਬੋਕ* : ਜੁੱਤੀ, ਖੇਸੇ।

پابہجولان *ਪਾ-ਬ-ਜ਼ੌਲਾਨ* : ਜਿਸ ਦੇ ਪੈਰਾਂ ਵਿਚ ਬੇੜੀ ਹੋਵੇ, ਕੈਦੀ, ਮਜਬੂਰ।

پاپڑ *ਪਾਪੜ* : ਉੱਚੀ ਨੀਵੀਂ ਥਾਂ, ਉਤਾਰ ਚੜ੍ਹਾ, ਪੁਰਾਣੀ ਮਿੱਟੀ, ਨਰਮ ਮਿੱਟੀ।

پاپس آوردن *ਪਾ-ਪਸ-ਆਵਰਦਨ* : ਛੱਡ ਦੇਣਾ।

پاپوش *ਪਾਪੋਸ਼* : ਜੁੱਤੀ, ਖੇਸੇ।

پاپیچ *ਪਾ ਪੇਚ* : ਪੈਰ ਥਿੜਕਣੇ।

پات *ਪਾਤ* : (ਪਾਦ پاد) ਤਖ਼ਤ, ਚੌਕੀ।

پاتابہ *ਪਾਤਾਬਾ*, **پاتاوہ** *ਪਾਤਾਵਾ* : ਕੱਪੜੇ ਜਾਂ ਚਮੜੇ ਦੀ ਪੇਟੀ ਜੇਹੜੀ ਪਿੰਡਲੀਆਂ ਤੇ ਬੰਨ੍ਹੀ ਜਾਂਦੀ ਹੈ।

پاتشاہ *ਪਾਤਸ਼ਾਹ* : ਬਾਦਸ਼ਾਹ, ਤਖ਼ਤ ਦਾ ਮਾਲਕ, ਮੁਲਕ ਦਾ ਵਾਲੀ।

پاتکیہ *ਪਾ-ਤਕਯਾ* : ਤਪਾਈ, ਚੌਕੀ।

پاتلہ *ਪਾਤਿਲਾ* : (ਪਾਤੀਲਾ پاتیلہ ਦਾ ਸੰਖਿਪਤ ਰੂਪ) ਤਾਂਬੇ ਦੀ ਕੜਾਹੀ, ਪਤੀਲਾ।

پاتو *ਪਾਤੂ* : ਅਨਾਜ ਰੱਖਣ ਲਈ ਮਿੱਟੀ ਦਾ ਬਣਾਇਆ ਹੋਇਆ ਵੱਡਾ ਪਾਤਰ, ਭੜੋਲਾ।

پاتیلہ *ਪਾਤੀਲਾ* : ਪਤੀਲਾ, ਦੇਗਚਾ।

پاتیمار *ਪਾਤੀਮਾਰ* : ਜਲਦੀ, ਸ਼ਤਾਬੀ।

پاتینی *ਪਾਤੀਨੀ* : ਛੱਜ ਜਿਸ ਨਾਲ ਦਾਣੇ ਛੱਟੇ ਜਾਂਦੇ ਹਨ।

پاجامہ *ਪਾਜਾਮਾ* : ਪੰਜਾਬੀ ਵਿਚ ਪਰਚਲਤ ਰੂਪ "ਪਜਾਮਾ", ਸੁੱਥਣ, ਸਲਵਾਰ।

پاجی *ਪਾਜੀ* : ਕਮੀਨਾ, ਨੀਚ, ਨਿਕੰਮਾ, ਨਲਾਇਕ, ਸ਼ਰਾਰਤੀ, ਬਦਮਾਸ਼।

پاجی‌پرست *ਪਾਜੀ-ਪ੍ਰਸਤ* : ਕਮੀਨਿਆਂ ਦਾ ਮਦਦਗਾਰ, ਬਦਮਾਸ਼ਾਂ ਦਾ ਸਾਥੀ, ਪਾਜੀਆਂ ਦੀ ਖ਼ੁਸ਼ਾਮਦ ਕਰਨ ਵਾਲਾ।

پاجی‌مزاج *ਪਾਜੀ-ਮਿਜ਼ਾਜ* : ਕਮੀਨੇ ਸੁਭਾ ਵਾਲਾ।

پاچال *ਪਾਚਾਲ*, **پاچہ** *ਪਾਚਾ*, **پاچاہ/پاچاہہ** *ਪਾਚਾਹ/ਪਾਚਾਹਾ* : ਜੁਲਾਹੇ ਦੀ ਖੱਡੀ ਦਾ ਟੋਆ ਜਿਸ ਵਿਚ ਓਹ ਪੈਰ ਲੰਮਕਾ ਕੇ ਕੱਪੜਾ ਬੁਣਦਾ ਹੈ, ਖੱਡੀ, ਕੁੰਭਲ।

پاچایہ *ਪਾਚਾਯਾ* : ਪਿਸ਼ਾਬ, ਪਖ਼ਾਨਾ।

پاچک *ਪਾਚਕ*, **پاچاک** *ਪਾਚਾਕ*, **پاچوک** *ਪਾਚੂਕ* : ਸੁੱਕਾ ਗੋਹਾ, ਪਾਥੀ।

پاچیلہ *ਪਾਚੀਲਾ*, **پاچلہ** *ਪਾਚਲਾ* : ਇਕ ਖ਼ਾਸ ਕਿਸਮ ਦੀ ਜੁੱਤੀ ਜੋ ਬਰਫ਼ ਤੇ ਚੱਲਣ ਲਈ ਇਸਤੇਮਾਲ ਕੀਤੀ ਜਾਂਦੀ ਹੈ।

پاچنار *ਪਾ-ਚਨਾਰ*, **پاچناری** *ਪਾ-ਚਨਾਰੀ* : ਨੌਕਰ ਜੋ ਸਦਾ ਕੰਮ ਲਈ ਤਿਆਰ ਰਹੇ।

پاچنگ *ਪਾਚੰਗ* : ਜੁੱਤੀ ; ਕਿਲ੍ਹੇ ਵਿਚਲੀ ਬਾਰੀ, ਮੋਰੀ, ਦਰੀਚਾ।

پاچہ *ਪਾਚਾ* : ਭੇਡ ਬਕਰੀ ਦੇ ਪੈਰ ਜੋ ਪਕਾ ਕੇ ਖਾਂਦੇ ਹਨ, ਖਰੌੜੇ; ਪਜਾਮੇ ਦਾ ਪੌਂਚਾ।

پاچہ‌فروش *ਪਾਚਾ-ਫ਼ਰੋਸ਼* : ਖਰੋੜੇ ਵੇਚਣ ਵਾਲਾ।

پاخرہ *ਪਾਖ਼ਰਾ* : ਦਰਵਾਜ਼ੇ ਦੇ ਬਾਹਰ ਦੋਹਾਂ ਪਾਸੇ ਬਣਾਈ ਹੋਈ ਬੈਠਣ ਦੀ ਚੌਂਕੜੀ।

پاخیرہ *ਪਾਖ਼ੀਰਾ* : ਕੰਧ ਦਾ ਸਭ ਤੋਂ ਹੇਠਲਾ ਰੱਦਾ।

پاد *ਪਾਦ* : ਸਿੰਘਾਸਨ, ਹਮੇਸ਼ਗੀ, ਹਿਫ਼ਾਜ਼ਤ, ਨਿਗਰਾਨੀ, ਸਮਾਨ: ਚੰਗਾ, ਪੱਕਾ, ਹੰਢਣਸਾਰ; ਵੱਡਾ।

پادار *ਪਾ ਦਾਰ* : ਪੱਕਾ, ਬਰਕਰਾਰ, ਅੱਚਲ, ਅਹਿੱਲ; ਸਦਾ; ਤੇਜ਼ ਚਾਲ।

پاداری *ਪਾ ਦਾਰੀ* : ਨਿਰੰਤਰਤਾ; ਪਕਿਆਈ; ਅਚਲਤਾ, ਸੈਹਨਸ਼ਲੀਤਾ।

پاداش *ਪਾਦਾਸ਼*, **پادش** *ਪਾਦਸ਼*, **پاداشت** *ਪਾਦਾਸ਼ਤ* : ਬਦਲਾ, ਇਵਜ਼, ਬਦੀ ਜਾਂ ਨੇਕੀ ਦਾ ਬਦਲਾ।

پادام *ਪਾਦਾਮ* : ਘੋੜੇ ਦੀ ਪੂਛ ਦੇ ਵਾਲਾਂ ਦਾ ਜਾਲ; ਜਾਲ 'ਚ ਫਸਿਆ ਹੋਇਆ ਜਾਨਵਰ।

پادامن *ਪਾ-ਦਾਮਨ* : ਕ਼ਮੀਜ਼ ਜਾਂ ਚੋਲੇ ਦਾ ਨਿਚਲਾ ਹਿੱਸਾ ਜੋ ਧਰਤ ਨੂੰ ਛੋਂਹਦਾ ਹੋਵੇ।

پاداز *ਪਾ-ਦਰਾਜ਼* : ਸੌਖਾ, ਸੰਤੋਖੀ, ਫੜ੍ਹੀ।

پادازی *ਪਾਦਰਾਜ਼ੀ* : ਸ਼ੇਖੀ, ਫੜ੍ਹ।

پادرگل *ਪਾਦਰ-ਗਿਲ* : ਫਸਿਆ ਹੋਇਆ, ਕੈਦੀ, ਮਜਬੂਰ, ਆਜਜ਼; ਹੈਰਾਨ, ਪਰੇਸ਼ਾਨ।

پادزهر *ਪਾਦ ਜ਼ੈਹਰ* : ਜ਼ੈਹਰ ਮੋਹਰਾ, ਜ਼ੈਹਰ ਨੂੰ ਦੂਰ ਕਰਨ ਵਾਲੀ ਦਵਾ।

پادست *ਪਾਦਸਤ* : ਉਧਾਰ, ਕੋਈ ਚੀਜ਼ ਉਧਾਰ ਲੈਣੀ।

پادشاه *ਪਾਦਸ਼ਾਹ* : (ਪਾਦ پاد =ਤਖ਼ਤ +ਸ਼ਾਹ شاه =ਮਾਲਕ =ਤਖ਼ਤ ਦਾ ਮਾਲਕ) ਬਾਦਸ਼ਾਹ, ਸੁਲਤਾਨ।

پادشاهِ چین *ਪਾਦਸ਼ਾਹ-ਏ-ਚੀਨ*, **پادشاهِ ختن** *ਪਾਦਸ਼ਾਹ-ਏ-ਖ਼ੁਤਨ* : ਸੂਰਜ।

پادشاهزاده *ਪਾਦਸ਼ਾਹ-ਜ਼ਾਦਾ* : ਬਾਦਸ਼ਾਹ ਦਾ ਪੁੱਤਰ, ਰਾਜਕੁਮਾਰ।

پادشاه سلامت *ਪਾਦਸ਼ਾਹ ਸਲਾਮਤ* : ਬਾਦਸ਼ਾਹ ਲਈ ਦੁਆ ਦਾ ਸ਼ਬਦ, ਬਾਦਸ਼ਾਹ ਜ਼ਿੰਦਾ ਰਹੇ।

پادشاه گردش *ਪਾਦਸ਼ਾਹ-ਗਰਦਿਸ਼*, **پادشاه گردی** *ਪਾਦਸ਼ਾਹ ਗਰਦੀ* : ਓਹ ਸਮਾਂ ਜਿਸ ਵਿਚ ਰਾਜ ਇਕ ਬਾਦਸ਼ਾਹ ਤੋਂ ਦੂਜੇ ਕੋਲ ਜਾਂਦਾ ਰਹੇ ਪਰ ਨਵੇਂ ਬਾਦਸ਼ਾਹ ਦਾ ਅਸਰ ਰਸੂਖ਼ ਹਾਲੀ ਜੰਮਿਆ ਨਾ ਹੋਵੇ, ਜੁਗਗਰਦੀ।

پادشاهِ نیمروز *ਪਾਦਸ਼ਾਹ-ਏ-ਨੀਮ ਰੋਜ਼* : ਸੀਸਤਾਨ ਦਾ ਬਾਦਸ਼ਾਹ; ਮੁਬਾਰਕ ਆਦਮੀ; ਹਜ਼ਰਤ ਆਦਮ ਅਤੇ ਹਜ਼ਰਤ ਮੁਹੰਮਦ ਸਾਹਿਬ ਲਈ ਸੰਕੇਤ ਵਜੋਂ ਪਰਯੋਗ ਹੁੰਦਾ ਹੈ।

پادشاهی *ਪਾਦਸ਼ਾਹੀ*, **پادشاهت** *ਪਾਦਸ਼ਾਹਤ* : ਬਾਦਸ਼ਾਹੀ, ਰਾਜ।

پادکانه *ਪਾਦਕਾਨਾ* : ਹਵਾ ਦਾ ਰਸਤਾ, ਖਿੜਕੀ, ਬਾਰੀ।

پادنگ *ਪਾਦਿੰਗ*, **پادنگه** *ਪਾਦਿੰਗਾ* : ਚੌਲ ਕੁੱਟਣ ਦੀ ਢੀਕਲੀ ਲਈ ਵਰਤਿਆ ਜਾਂਦਾ ਮੋਹਲਾ।

پادو *ਪਾ ਦਵ*, **پادوان** *ਪਾ ਦਵਾਨ* : ਕਿਸੇ ਸਵਾਰ ਦੇ ਨਾਲ ਨਾਲ ਦੌੜਨ ਵਾਲਾ ਨੌਕਰ, ਅਰਦਲੀ।

پاده *ਪਾਦਾ* : ਗਊਆਂ ਦਾ ਵੱਗ, ਖੋਤਿਆਂ ਦਾ ਗਲਾ; ਚਰਾਂਦ; ਲਾਠੀ, ਸੋਟੀ।

پادهبان *ਪਾਦਾ-ਬਾਨ* : ਚਰਵਾਹਾ, ਵਾਗੀ।

پادیر *ਪਾਦੀਰ*, **پازیر** *ਪਾਜ਼ੀਰ* : ਡਿੱਗਣ ਵਾਲੀ ਕੰਧ ਨਾਲ ਲਾਈ ਗਈ ਕੜੀ ਜੋ ਉਸ ਨੂੰ ਡਿਗਣ ਤੋਂ ਬਚਾਉਂਦੀ ਹੈ; ਥੰਮ੍ਹੀ।

پار *ਪਾਰ* : ਪਿਛਲਾ (ਸਾਲ), ਪਰ (ਪਾਰਾ ਦਾ ਸੰਖਿਪਤ ਰੂਪ) ਟੋਟਾ, ਟੁਕੜਾ।

پارار *ਪਾਰਾਰ* : ਪਿਛਲੇ ਤੋਂ ਪਿਛਲਾ (ਸਾਲ), ਪਰਾਰ।

پاراو *ਪਾਰਾਵ* : ਬੁੱਢੀ ਇਸਤਰੀ; ਕਜ਼ਵੀਨ ਦੇ ਇਕ ਜ਼ਿਲ੍ਹੇ ਦਾ ਨਾਮ।

پارچه *ਪਾਰਚਾ* : ਕੱਪੜਾ।

پارچهباف *ਪਾਰਚਾ ਬਾਫ਼* : ਕੱਪੜਾ ਬੁਣਨ ਵਾਲਾ।

پارچهبافی *ਪਾਰਚਾ-ਬਾਫ਼ੀ* : ਕੱਪੜਾ ਬੁਣਨ ਦੀ ਕਲਾ ਜਾਂ ਕਿੱਤਾ, ਜੁਲਾਹਾਪਣ।

پارچهٔ مفتول *ਪਾਰਚਾ-ਏ-ਮਫ਼ਤੂਲ* : ਚਾਂਦੀ ਸੋਨੇ ਦੀਆਂ ਤਾਰਾਂ ਵਾਲਾ ਕੱਪੜਾ, ਜ਼ਰੀ।

پاردم *ਪਾਰਦੁਮ* : ਕਾਠੀ ਦੀ ਦੁਮਚੀ।

پارس *ਪਾਰਸ* : ਮੁਲਕ ਈਰਾਨ, ਫ਼ਾਰਸ, ਇਸ ਮੁਲਕ ਦਾ ਏਹ ਨਾਂ ਪਾਰਸ ਪੁੱਤਰ ਪਹਲੂ ਪੁੱਤਰ ਸਾਮ-ਪੁੱਤਰ ਨੂਹ . ਦੇ ਨਾਮ 'ਤੇ ਰਖਿਆ ਗਿਆ; ਇਕ ਪੱਥਰ ਦਾ ਨਾਮ ਜਿਸ ਬਾਰੇ ਮਸ਼ਹੂਰ ਹੈ ਕਿ ਓਹ ਜੇਕਰ ਲੋਹੇ ਨਾਲ ਛੋਹ ਜਾਵੇ ਤਾਂ ਲੋਹਾ ਸੋਨਾ ਬਣ ਜਾਂਦਾ ਹੈ; ਅਮਰ, ਅਵਿਨਾਸ਼ੀ; ਪੱਕਾ, ਮਜ਼ਬੂਤ, ਸਖ਼ੀ, ਦਾਤਾ।

پارسی *ਪਾਰਸੀ* : ਪਾਰਸ ਨਾਲ ਸਬੰਧਤ, ਪਾਰਸ ਜਾਂ ਫ਼ਾਰਸ ਦਾ ਰੈਹਣ ਵਾਲਾ; ਜ਼ਰਤੁਸ਼ਤ ਨੂੰ ਮੰਨਣ ਵਾਲਾ, ਅਗਨੀ-ਪੂਜ; ਫ਼ਾਰਸੀ ਭਾਸ਼ਾ।

پارسیان *ਪਾਰਸੀਯਾਨ* : (ਪਾਰਸੀ پارسی ਦਾ ਬੌਹਵਚਨ) ਫ਼ਾਰਸ ਦੇ ਰੈਹਣ ਵਾਲੇ, ਈਰਾਨੀ; ਪਾਰਸੀ ਲੋਕ, ਅੱਗਨੀ-ਪੂਜ।

پارسی‌نامه *ਪਾਰਸੀ-ਨਾਮਾ* : ਫ਼ਾਰਸੀ ਦਾ ਇਤਿਹਾਸ।

پارسا *ਪਾਰਸਾ* : ਗੁਨਾਹਾਂ (ਪਾਪਾਂ) ਤੋਂ ਬਚਣ ਵਾਲਾ, ਪਰਹੇਜ਼ਗਾਰ, ਨੇਕ।

پارسائی *ਪਾਰਸਾਈ* : ਪਰਹੇਜ਼ਗਾਰੀ, ਨੇਕੀ, ਪਵਿੱਤਰਤਾ।

پارسنگ *ਪਾਰਸੰਗ* : (=ਪਾਸੰਗ **پاسنگ**) ਤੱਕੜੀ ਦਾ ਪਾਸਕੂ, ਤੱਕੜੀ ਦੇ ਦੋਵੇਂ ਪੱਲੇ ਇਕਸਾਰ ਕਰਨ ਵਾਲਾ ਵੱਟਾ ਜਾਂ ਪੱਥਰ।

پارگی *ਪਾਰਗੀ* : ਵੇਸਵਾ, ਕੰਜਰੀ; ਵੇਸਵਾ-ਜੀਵਨ, ਵੇਸਵਾਪਣ, ਵਿਭਚਾਰ, ਬਦਕਾਰੀ; ਘੋੜਾ; ਚਬੱਚਾ ਜਿਸ ਵਿਚ ਘਰ ਦਾ ਗੰਦਾ ਪਾਣੀ ਜਮ੍ਹਾ ਹੁੰਦਾ ਹੈ।

پارگین *ਪਾਰਗੀਨ* : ਛੋਟਾ ਹੌਜ਼ ਜਾਂ ਚਬੱਚਾ ਜਿਸ ਵਿਚ ਰਸੋਈ ਜਾਂ ਗ਼ੁਸਲਖ਼ਾਨੇ ਦਾ ਗੰਦਾ ਪਾਣੀ ਜਮ੍ਹਾ ਹੁੰਦਾ ਹੈ; ਗੰਦੇ ਪਾਣੀ ਦਾ ਚਬੱਚਾ।

پارنج *ਪਾਰੰਜ* : ਇਨਾਮ, ਇਵਜ਼ਾਨਾ, ਰਾਗੀ ਜਾਂ ਕਵੀ ਦਾ ਇਨਾਮ, ਸਨੇਹਾ ਲੈ ਜਾਣ ਵਾਲੇ ਦਾ ਇਨਾਮ।

پارنجن *ਪਾਰੰਜਨ* : ਪੈਰਾਂ ਵਿਚ ਪਾਏ ਹੋਏ ਘੁੰਘਰੂ, ਪੰਜੇਬਾਂ।

پارو/پاروب *ਪਾਰੂ/ਪਾਰੂਬ* : ਬੁੱਢੀ; ਬੁਢੜੀ ਗੋਹਾ ਇੱਕਠਾ ਕਰਨ ਵਾਲਾ ਲੱਕੜੀ ਦਾ ਫੌਹੜਾ।

پاره *ਪਾਰਾ* : ਟੋਟਾ, ਰੇਜ਼ਾ, ਭੋਰਾ, ਹਿੱਸਾ; ਰਿਸ਼ਵਤ, ਵੱਢੀ; ਤੋਹਫ਼ਾ, ਸੁਗ਼ਾਤ, ਭੇਟਾ, ਪਰਸਾਦ, ਲੋਹੇ ਦਾ ਗੁਰਜ; ਬਗ਼ਦਾਦ ਦੇ ਇਕ ਸਿੱਕੇ ਦਾ ਨਾਮ; ਮਿਠਿਆਈ ਦੀ ਇਕ ਕਿਸਮ, ਸ਼ੱਕਰਪਾਰਾ; ਓਹ ਲੜਕੀ ਜਿਸ ਦਾ ਕੁਆਰਾਪਣ ਜਾਂਦਾ ਰਿਹਾ ਹੋਵੇ, ਇਕ ਧਾਤ ਦਾ ਨਾਮ।

پارۂتن *ਪਾਰਾ-ਏ-ਤਨ* : ਸਰੀਰ ਦਾ ਅੰਗ, ਨੇੜੇ ਦਾ ਰਿਸ਼ਤੇਦਾਰ।

پارهجاها *ਪਾਰਾਜਾਹਾ* : ਕਿਸੇ ਜਗ੍ਹਾ 'ਤੇ, ਕਿਸੇ ਠਿਕਾਣੇ ਤੇ।

پارهخوار *ਪਾਰਾ-ਖ਼ਾਰ* : ਰਿਸ਼ਵਤ ਖਾਣ ਵਾਲਾ, ਵੱਢੀ-ਖੋਰ।

پارهروز *ਪਾਰਾ ਰੋਜ਼* : ਟਾਕੀਆਂ ਲਾਉਣ ਵਾਲਾ, ਤੰਬੂ ਸਿਊਣ ਤੇ ਉਸ ਨੂੰ ਟੋਟੇ ਜਾਂ ਜੋੜ ਆਦਿ ਲਾਉਣ ਵਾਲਾ, ਕਾਤਰਾਂ ਸਿਊਣ ਵਾਲਾ, ਦਰਜੀ; ਮੋਚੀ।

پارۂزرد *ਪਾਰਾ-ਏ-ਜ਼ਰਦ* : ਓਹ ਪੀਲੇ ਰੰਗ ਦੀ ਪੱਟੀ, ਜਿਸ ਨੂੰ ਯਹੂਦੀ ਆਪਣੇ ਕੁੜਤੇ ਦੇ ਮੋਢੇ ਤੇ ਸਿਊਂ ਲੈਂਦੇ ਹਨ, ਤਾਂ ਜੋ ਮੁਸਲਮਾਨਾਂ ਤੋਂ ਅੱਡਰੇ ਦਿਸਣ।

پارهکار *ਪਾਰਾ-ਕਾਰ* : ਸ਼ੋਖ਼ ਤੇ ਚੁਲਬਲਾ; ਸ਼ਰਾਰਤੀ; ਲੁੱਚਾ।

پاریا *ਪਾਰਯਾ*, **پاریاب** *ਪਾਰਯਾਬ* : ਓਹ ਖੇਤ ਜੇਹੜਾ ਨਦੀ ਜਾਂ ਨੈਹਰ ਦੇ ਪਾਣੀ ਨਾਲ ਸਿੰਜਿਆ ਜਾਵੇ; ਸੈਲਾਬਾ।

پارینه *ਪਾਰੀਨਾ* : ਪੁਰਾਣਾ।

پاز *ਪਾਜ਼* : ਨਾਜ਼ਕ, ਸੂਖਮ, ਖ਼ਾਲਸ, ਬਿਨਾ ਮਿਲਾਵਟ।

پاراج *ਪਾਜ਼ਾਜ*, **پازاج** *ਪਾਜ਼ਾਚ* : ਦਾਈ, ਦੁੱਧ ਪਿਲਾਉਣ ਵਾਲੀ, ਚੁੰਘਾਵੀ।

پازار *ਪਾਜ਼ਾਰ* : ਕਿਰਸਾਣਾਂ ਦੇ ਪਾਉਣ ਦੀ ਜੁੱਤੀ, ਦੇਸੀ ਜੁੱਤੀ।

پازش *ਪਾਜ਼ਿਸ਼* : ਖੇਤ ਵਿਚੋਂ ਘਾਹ ਬੂਟੀ ਆਦਿ ਕੱਢਣਾ।

پازن *ਪਾਜ਼ਨ* : ਪੈਰ ਮਾਰਨ ਵਾਲੀ, ਨੱਚਣ ਵਾਲੀ ਔਰਤ, ਪਹਾੜੀ ਬੱਕਰਾ।

پازند *ਪਾਜ਼ੰਦ* : ਜ਼ਰਤੁਸ਼ਤ ਦੇ ਧਰਮ-ਗਰੰਥ 'ਜ਼ੰਦ' ਦਾ ਟੀਕਾ।

پازهر *ਪਾਜ਼ਹਰ* : (ਪਾਦ ਜ਼ਹਰ **پادزهر** ਦਾ ਸੰਖਿਪਤ ਰੂਪ) ਜ਼ੈਹਰ-ਮੋਹਰਾ।

پازیب *ਪਾਜ਼ੇਬ* : ਪੈਰਾਂ ਦੀ ਸਜਾਵਟ, ਨੂਪੁਰ।

پازخ *ਪਾਜ਼ਿਖ਼* : ਰੋਣਾ-ਧੋਣਾ, ਚੀਕ ਪੁਕਾਰ, ਵੈਣ, ਸਿਆਪਾ।

پازند *ਪਾਜ਼ੰਦ* : ਚਿਮਟਾ।

پازنگ *ਪਾਜ਼ੰਗ* : ਬਾਰੀ, ਖਿੜਕੀ, ਜੁੱਤੀ।

پاس *ਪਾਸ* : ਤਿੰਨ ਘੰਟੇ ਦਾ ਸਮਾਂ, ਪੈਹਰ; ਵਕਤ, ਸਮਾਂ, ਲਈ, ਵਾਸਤੇ; ਖ਼ਿਆਲ; ਲਿਹਾਜ, ਅਦਬ, ਸਤਕਾਰ; ਸੁਰੱਖਿਆ, ਨਿਗਾਹਬਾਨੀ, ਤਰਫ਼ਦਾਰੀ, ਪੱਖਪਾਤ; ਪੈਹਰਾ, ਚੌਕੀ; ਪਰਵਾਨਾ, ਰਾਹਦਾਰੀ।

پاسِ‌خاطر *ਪਾਸ-ਏ-ਖ਼ਾਤਿਰ* : ਵਾਸਤੇ, ਲਈ ਕਿਸੇ ਦਾ ਲਿਹਾਜ਼ ਰੱਖਣਾ, ਲਿਹਾਜ਼, ਰਿਆਇਤ।

پاسبان ***ਪਾਸਬਾਨ*** : ਨਿਗਾਹਬਾਨ, ਰਾਖਾ, ਪੈਹਰੇਦਾਰ, ਚੌਕੀਦਾਰ।

پاسبان طارم هفتم ***ਪਾਸਬਾਨ-ਏ-ਤ਼ਾਰਮ-ਏ-ਹਫ਼ਤਮ,*** **پاسبان فلک** ***ਪਾਸਬਾਨ-ਏ-ਫ਼ਲਕ*** : ਮੰਗਲ ਤਾਰਾ।

پاسبانی ***ਪਾਸਬਾਨੀ*** : ਨਿਗਾਹਬਾਨੀ, ਰਾਖੀ, ਪੈਹਰੇਦਾਰੀ, ਚੌਕੀਦਾਰੀ।

پاسبز ***ਪਾ ਸਬਜ਼*** : ਮਨਹੂਸ ਕਦਮਾਂ ਵਾਲਾ; ਦਲਾਲ, ਦੱਲਾ।

پاسبک کردن ***ਪਾ ਸਬਕ ਕਰਦਨ*** : ਪੈਰ ਹੌਲੇ ਹੋਣਾ, ਜਣੇਪੇ ਤੋਂ ਮੁਕਤ ਹੋਣਾ।

پاستان ***ਪਾਸਿਤਾਨ*** : ਪੈਹਲਾ, ਪਿਛਲਾ, ਬੀਤਿਆ ਹੋਇਆ, ਲੰਘ ਚੁਕਾ।

پاسخ ***ਪਾਸੁਖ਼*** : ਜਵਾਬ, ਉਤਰ।

پاسدار ***ਪਾਸਦਾਰ*** : ਤਰਫਦਾਰ, ਲਿਹਾਜ਼ ਕਰਨ ਵਾਲਾ; ਪੈਹਰੇਦਾਰ।

پاسداری ***ਪਾਸਦਾਰੀ*** : ਰਾਖੀ, ਤਰਫ਼ਦਾਰੀ।

پاسره ***ਪਾਸਰਾ*** : ਜ਼ਮੀਨ ਦਾ ਓਹ ਟੁਕੜਾ ਜੇਹੜਾ ਮਾਲਕ ਕਾਸ਼ਤਕਾਰਾਂ ਨੂੰ ਉਤਲੇ ਖਰਚ ਆਦਿ ਲਈ ਵਖਰਾ ਦੇ ਦੇਵੇ।

پاسک ***ਪਾਸਕ,*** **پاسک** ***ਪਾਸੁਕ,*** **پاشک** ***ਪਾਸ਼ਕ*** : ਅੰਗੜਾਈ, ਆਕੜ।

پاسنج ***ਪਾਸੰਜ,*** **پاسنگ** ***ਪਾਸੰਗ*** : ਪਾਸਕੂ, ਓਹ ਵੱਟਾ ਜਾਂ ਪੱਥਰ ਆਦਿ ਜੋ ਤੱਕੜੀ ਦੇ ਦੋਹਾਂ ਪੱਲੜਿਆਂ ਨੂੰ ਸਾਂਵਾਂ ਕਰਨ ਲਈ ਹੌਲੇ ਪੱਲੜੇ ਵਿਚ ਰੱਖਦੇ ਜਾਂ ਬੰਨ੍ਹ ਦਿੰਦੇ ਹਨ।

پاسوار ***ਪਾ-ਸਵਾਰ*** : ਪੈਦਲ।

پاش ***ਪਾਸ਼*** : ਫਟਣਾ, ਪਾਟਣਾ, ਤਿੱਤਰ ਬਿੱਤਰ ਹੋਣਾ, ਪਰੇਸ਼ਾਨ ਹੋਣਾ, ਛਿੜਕਣ ਵਾਲਾ।

پاش پاش ***ਪਾਸ਼ ਪਾਸ਼*** : ਟੁਕੜੇ ਟੁਕੜੇ, ਟੋਟੇ ਟੋਟੇ।

پاشا ***ਪਾਸ਼ਾ*** : ਨਵਾਬ, ਹਾਕਮ, ਆਮਲ, ਸਰਦਾਰ, ਫੌਜ ਦਾ ਸਰਦਾਰ, ਸੈਨਾਪਤੀ, ਟੋਲੇ ਦਾ ਮੋਹਰੀ; ਤੁਰਕੀ ਸਰਦਾਰਾਂ ਦੀ ਉਪਾਧੀ।

پاشته ***ਪਾਸ਼ਤਾ*** : ਕਿਵਾੜ ਦੀਆਂ ਚੂਲਾਂ।

پاشنگ ***ਪਾਸ਼ੰਗ*** : ਅੰਗੂਰ ਦਾ ਛੋਟਾ ਗੁੱਛਾ, ਕੱਕੜੀ ਆਦਿ ਦੇ ਬੀਜ।

پاشنه ***ਪਾਸ਼ਨਾ*** : ਅੱਡੀ ; ਖ਼ਰਬੂਜ਼ਾ, ਖੜੀ, ਕੱਕੜੀ, ਤਰਬੂਜ, ਹਦਵਾਣਾ, ਖੀਰਾ, ਬੀ ਲਈ ਰੱਖੀ ਤਰ ਆਦਿ।

پاشنه بریده ***ਪਾਸ਼ਨਾ ਬੁਰੀਦਾ*** : ਬੰਦੂਕ ਦਾ ਘੋੜਾ, ਡਾਕੂ, ਲੁਟੇਰਾ।

پاشنه کوب ***ਪਾਸ਼ਨਾ ਕੋਬ*** : ਪਿੱਛਾ ਕਰਨ ਵਾਲਾ, ਅੱਡੀਆਂ ਵੱਢਦਾ ਹੋਇਆ।

پاشو ***ਪਾਸ਼ੋ*** : ਉੱਠ ਖਲੋ, ਖੜਾ ਹੋ ਜਾ।

پاشیب ***ਪਾਸ਼ੇਬ*** : ਹੇਠ ਉਤਰਨ ਦੀ ਪੌੜੀ।

پاغر ***ਪਾਗ਼ਰ*** : ਓਹ ਥੰਮ੍ਹਾ ਜੋ ਛੱਤ ਹੇਠ ਦਿੱਤਾ ਜਾਂਦਾ ਹੈ ਤਾਂ ਜੋ ਛੱਤ ਡਿਗ ਨਾ ਪਵੇ, ਠੁੰਮਣਾ, ਥੰਮ੍ਹੀ।

پاغره ***ਪਾਗ਼ੁਰਾ*** : ਓਹ ਬੀਮਾਰੀ ਜਿਸ ਨਾਲ ਪੈਰ ਬੌਹਤ ਸੁੱਜ ਜਾਂਦੇ ਹਨ, ਪੈਰਾਂ ਦੀ ਸੋਜ।

پاغند ***ਪਾਗ਼ੁੰਦ,*** **پاغنده** ***ਪਾਗ਼ੁੰਦਾ*** : ਪਿੰਜੀ ਹੋਈ ਰੂੰ ਦਾ ਗਾਲਾ, ਗੋਹੜਾ।

پاغوش ***ਪਾਗ਼ੋਸ਼*** : ਗ਼ੋਤਾ, ਚੁੱਭੀ, ਡੁਬਕੀ।

پافته ***ਪਾਫ਼ਤਾ*** : ਸੋਨੇ ਚਾਂਦੀ ਦੀਆਂ ਕੱਢੀਆਂ ਹੋਈਆਂ ਮੇਖਾਂ ਜੋ ਘੋੜੇ ਦੇ ਸਾਜ਼, ਲਗਾਮ, ਆਦਿ ਵਿਚ ਲਾਉਂਦੇ ਹਨ।

پافزار ***ਪਾਫ਼ਜ਼ਾਰ*** : (=ਪਾ ਅਫ਼ਜ਼ਾਰ **پاافزار**) ਜੁੱਤੀ, ਪਾਪੋਸ਼, ਖੋਸੇ।

پاک ***ਪਾਕ*** : ਸਾਫ਼, ਨਿਰਮਲ, ਖ਼ਾਲਸ, ਪਵਿਤਰ, ਪਾਵਨ, ਮੁਤਬਰੱਕ; ਪੂਰਾ, ਬਿਲਕੁਲ, ਅਸਲੋਂ; ਕਮਾਲ।

پاک آب ***ਪਾਕ-ਆਬ*** : ਨਿਰਮਲ ਜਲ।

پاک اصل ***ਪਾਕ-ਅਸਲ*** : ਨੇਕ ਅਸਲੇ ਦਾ।

پاکان خطهٔ اول ***ਪਾਕਾਨ-ਏ-ਖ਼ਿੱਤਾ-ਏ-ਅੱਵਲ*** : ਰੱਬ ਦੇ ਕਰੀਬੀ ਫਰਿਸ਼ਤੇ ਜੋ ਰੱਬ ਦੇ ਤਖ਼ਤ ਨੂੰ ਚੁੱਕਦੇ ਹਨ, ਅਰਸ਼ ਦੇ ਫ਼ਰਿਸ਼ਤੇ।

پاکباز ***ਪਾਕਬਾਜ਼*** : ਨੇਕ, ਸੱਚਾ, ਸਾਫ਼; ਸੱਚਾ ਆਸ਼ਕ।

پاکباز چرخ ***ਪਾਕਬਾਜ਼-ਏ-ਚਰਖ਼*** :

ਚੰਦ, ਚਾਨਣੀ।

پاکبازی ***ਪਾਕ-ਬਾਜ਼ੀ*** : ਹਿਰਦੇ ਦੀ ਪਵਿਤਰਤਾ।

پاکبوم ***ਪਾਕ-ਬੂਮ*** : ਪਵਿਤਰ ਧਰਤੀ।

پاکبوی ***ਪਾਕ-ਬੂਜ*** : ਪਵਿੱਤਰ।

پاکبین ***ਪਾਕ-ਬੀਨ*** : ਪਵਿਤਰਤਾ ਰੱਖਣ ਵਾਲਾ।

پاکدامن ***ਪਾਕ-ਦਾਮਨ*** : ਮਸੂਮ, ਨਿਰਦੋਸ਼, ਬੇਦਾਗ਼, ਪਰਹੇਜ਼ਗਾਰ, ਪੂਜਾ ਪਾਠ ਕਰਨ ਵਾਲਾ, ਨੇਕ ਚਲਨ।

پاکرای ***ਪਾਕ-ਰਾਜ*** : ਨੇਕ ਵਿਚਾਰਾਂ ਵਾਲਾ।

پاکرو ***ਪਾਕ-ਰੌ*** : ਨੇਕ ਚਲਨ।

پاکزاد ***ਪਾਕ-ਜ਼ਾਦ,*** **پاکسرشت** ***ਪਾਕ-ਸਰਿਸ਼ਤ,*** **پاکگوهر** ***ਪਾਕ-ਗੌਹਰ*** : ਨੇਕ ਅਸਲੇ ਵਾਲਾ, ਨੇਕ ਸੁਭਾ ਵਾਲਾ।

پاکصاف ***ਪਾਕ-ਸਾਫ਼*** : ਪਵਿਤਰ, ਬੇਦਾਗ਼।

پاکمغز ***ਪਾਕ-ਮਗ਼ਜ਼*** : ਠੀਕ ਤੇ ਚੰਗੀ ਅਕਲ ਵਾਲਾ, ਨੇਕ ਵਿਚਾਰਾਂ ਵਾਲਾ

پاکی ***ਪਾਕੀ,*** **پاکیزگی** ***ਪਾਕੀਜ਼ਗੀ*** : ਸਫ਼ਾਈ, ਪਵਿਤਰਤਾ, ਬੇਗੁਨਾਹੀ।

پاکیزه ***ਪਾਕੀਜ਼ਾ*** : ਪਵਿਤਰ, ਸਾਫ਼, ਪਾਕ।

پاکیزه‌بوم ***ਪਾਕੀਜ਼ਾ-ਬੂਮ,*** **پاکیزه سرشت** ***ਪਾਕੀਜ਼ਾ ਸ਼ਰਿਸ਼ਤ*** : ਨੇਕ, ਪਵਿਤਰ ਅਸਲੇ ਦਾ, ਨੇਕ ਸੁਭਾ।

پاکیزه‌پیکر ***ਪਾਕੀਜ਼ਾ-ਪੈਕਰ*** : ਆਕਰਸ਼ਕ ਮੁਖੜੇ ਵਾਲਾ।

پاکیزه‌خو ***ਪਾਕੀਜ਼ਾ-ਖ਼ੂ,*** **پاکیزه طینت** ***ਪਾਕੀਜ਼ਾ-ਤ਼ੀਨਤ*** : ਅਸੀਲ, ਨੇਕ ਮਿਜ਼ਾਜ।

پاکیزه‌صورت ***ਪਾਕੀਜ਼ਾ-ਸੂਰਤ*** : ਸੁੰਦਰ, ਸੋਹਣਾ।

پالا ***ਪਾਲਾ,*** **پالاد** ***ਪਾਲਾਦ*** : ਓਹ ਘੋੜਾ ਜਿਸ ਨੂੰ ਸਜਾ ਕੇ ਜਲੂਸ ਦੇ ਅੱਗੇ ਬਿਨਾ ਸਵਾਰ ਦੇ ਤੋਰਿਆ ਜਾਂਦਾ ਹੈ, ਕੋਤਲ ਘੋੜਾ।

پالاده ***ਪਾਲਾਦਾ*** : ਕੋਤਲ ਘੋੜਾ; ਬਦਗੋਈ, ਚੁਗਲੀ; ਚੁਗਲਖੋਰ; ਫ਼ਸਾਦੀ, ਸ਼ਰਾਰਤੀ।

پالار ***ਪਾਲਾਰ*** : ਲਟੈਣ, ਵੱਡਾ ਸ਼ਤੀਰ, ਬੀਮ।

پالاش ***ਪਾਲਾਸ਼*** : ਪੈਰਾਂ ਦਾ ਚਿਕੜ ਨਾਲ ਭਰਿਆ ਹੋਣਾ, ਚਿਕੜ ਨਾਲ ਭਰੇ ਪੈਰ।

پالان ***ਪਾਲਾਨ*** : ਟਾਟ ਜਾਂ ਨਮਦਾ ਜੋ ਭਾਰ ਢੋਣ ਵਾਲੇ ਗਧੇ ਜਾਂ ਘੋੜੇ ਦੀ ਪਿੱਠ ਤੇ ਪਾਉਂਦੇ ਹਨ, ਲਾਦੂ ਜਾਨਵਰ ਦੀ ਕਾਠੀ।

پالانی ***ਪਾਲਾਨੀ*** : ਭਾਰ ਢੋਣ ਵਾਲਾ ਟੱਟੂ; ਪਲਾਣ ਬਣਾਉਣ ਵਾਲਾ।

پالاوان ***ਪਾਲਾਵਾਨ,*** **پالاون** ***ਪਾਲਾਵਨ*** : ਹਲਵਾਈਆਂ ਦੀ ਸ਼ੀਰਾ ਸਾਫ਼ ਕਰਨ ਵਾਲੀ ਛਾਣਨੀ, ਪੋਣੀ।

پالاهنگ ***ਪਾਲਾਹੰਗ*** : ਵਾਗ ਡੋਰ; ਸ਼ਿਕਾਰਬੰਦ; ਦੋਸ਼ੀ ਨੂੰ ਬੰਨ੍ਹਣ ਵਾਲੀ ਰੱਸੀ, ਅਕਾਸ਼-ਗੰਗਾ।

پالای ***ਪਾਲਾਯ*** : ਸਾਫ਼ ਕਰਨ ਵਾਲਾ।

پالیش ***ਪਾਲਿਜਿਸ਼*** : ਸਾਫ਼ ਕਰਨਾ, ਸਫ਼ਾਈ।

پالغ ***ਪਾਲੁਗ਼*** : ਹਾਥੀ ਦੰਦ, ਸਿੰਙ, ਲੱਕੜ ਆਦਿ ਦਾ ਬਣਿਆ ਹੋਇਆ ਸ਼ਰਾਬ ਦਾ ਪਿਆਲਾ।

پالکانه ***ਪਾਲਕਾਨਾ,*** **پالگانه** ***ਪਾਲਗਾਨਾ*** : ਉੱਚਾ ਮੈਹਲ, ਉੱਚੀ ਛੱਤ; ਉੱਚਾ ਮਕਾਨ: ਬਾਰੀ, ਖਿੜਕੀ, ਝਰੋਖਾ, ਉਤਲੀ ਮੰਜ਼ਲ, ਬਾਲਾਖ਼ਾਨਾ; ਪਾਸਕੂ, ਪਾਸੰਗ, ਖੇਤ ਦੀ ਕਟਾਈ, ਵਾਢੀ।

پالکی ***ਪਾਲਕੀ*** : ਚਾਰ ਕਹਾਰਾਂ ਦੇ ਮੋਢਿਆਂ ਤੇ ਚੁਕੀ ਜਾਣ ਵਾਲੀ ਡੋਲੀ, ਹੰਡੋਲਾ।

پالنگ ***ਪਾਲੰਗ*** : ਲੰਙਾ, ਲੰਗੜਾ; ਚਮੜੇ ਦੀ ਜੁੱਤੀ; ਛੋਟੀ ਖਿੜਕੀ, ਬਾਰੀ, ਮੰਜਾ; ਪਲੰਘ; ਇਕ ਪਰਸਿੱਧ ਫਲ।

پالنگپوش ***ਪਾਲੰਗਪੋਸ਼*** : ਚਾਦਰ, ਬਿਸਤਰੇ ਦੀ ਚਾਦਰ।

پالو ***ਪਾਲੂ*** : ਮੋਹਕਾ।

پالوده ***ਪਾਲੂਦਾ*** : ਪਾਕ, ਸਾਫ਼, ਪਾਕ ਸਾਫ਼ ਕੀਤਾ ਹੋਇਆ, ਫ਼ਲੂਦਾ।

پالودەفروش *ਪਾਲੂਦਾ-ਫ਼ਰੋਸ਼* : ਫਲੂਦਾ ਵੇਚਣ ਵਾਲਾ।

پالودەمغز *ਪਾਲੂਦਾ ਮਗ਼ਜ਼* : ਚੇਤੰਨ, ਸਾਵਧਾਨ, ਜਾਗਰੂਕ।

پالھنگ *ਪਾਲਹੰਗ* : ਵੇਖੋ ਪਾਲਾਹੰਗ।

پالیز *ਪਾਲੀਜ਼* : ਖੇਤ; ਬਾਗ਼; ਤਰ, ਕੱਕੜੀ, ਖ਼ਰਬੂਜਾ, ਜਾਂ ਹਦਵਾਣੇ ਦਾ ਖੇਤ।

پالیزبان *ਪਾਲੀਜ਼ਬਾਨ* : ਮਾਲੀ; ਕਿਰਸਾਣ।

پالیک *ਪਾਲੀਕ* : ਪੱਟੀ, ਜਰਾਬ, ਪਤਾਵਾ, ਚਮੜੇ ਦੀ ਜੁੱਤੀ।

پام *ਪਾਮ* : (ਫ਼ਾਮ فام ਦਾ ਅਰਬੀ ਰੂਪਾਂਤਰ) ਰੰਗ, ਵਾਂਗ, ਵਰਗਾ, ਕਰਜ਼ਾ, ਉਧਾਰ।

پامال *ਪਾਮਾਲ* : ਪੈਰਾਂ ਹੇਠ ਲਤਾੜਿਆ ਹੋਇਆ, ਤਬਾਹ, ਬਰਬਾਦ, ਖ਼ਰਾਬ, ਦੁਖੀਆ।

پامالی *ਪਾਮਾਲੀ* : ਤਬਾਹੀ, ਬਰਬਾਦੀ, ਵੀਰਾਨੀ; ਉਜਾੜਾ।

پامرد *ਪਾਮਰਦ* : ਮਦਦਗਾਰ ਸਹਾਇਕ; ਮਜ਼ਬੂਤ, ਤਾਕਤਵਰ, ਅਡੋਲ, ਦ੍ਰਿੜਤਾ ਵਾਲਾ।

پامردی *ਪਾਮਰਦੀ* : ਸਹਾਇਤਾ, ਮਦਦ, ਸਮਰਥਾ, ਸ਼ਕਤੀ, ਹਿੰਮਤ, ਮਜ਼ਬੂਤੀ, ਅਡੋਲਤਾ, ਦ੍ਰਿੜਤਾ।

پانجاہ *ਪਾਨਜਾਹ* : ਪੰਜਾਹ (੫੦)।

پانزدہ *ਪਾਂਜ਼ਦਾ* : ਪੰਦਰਾਂ (੧੫)।

پانزدہم *ਪਾਂਜ਼ਦਹੁਮ* : ਪੰਦਰ੍ਹਵਾਂ।

پانزدەسالگی *ਪਾਂਜ਼ਦਾ-ਸਾਲਗੀ* : ਪੰਦਰਾਂ ਸਾਲ ਦੀ ਆਯੂ।

پانصد *ਪਾਨਸਦ* : ਪੰਜ ਸੌ (੫੦੦)।

پانصدیزات *ਪਾਨਸਦੀ-ਜ਼ਾਤ* : ਇਕ ਮਨਸਬ (ਪਦ) ਜੋ ਮੁਗ਼ਲ ਬਾਦਸ਼ਾਹਾਂ ਵੱਲੋਂ ਮਿਲਦਾ ਸੀ, ਇਸ ਮਨਸਬ ਵਾਲੇ ਲਈ ਵੀਹ ਹਜ਼ਾਰ ਰੁਪਏ ਵਿਤ ਦੇ ਨਿਸ਼ਚਤ ਸਨ।

پانہ *ਪਾਨਾ* : ਲੱਕੜ ਦਾ ਟੋਟਾ ਜਿਸ ਨੂੰ ਤਰਖਾਣ, ਮੋਚੀ, ਆਦਿ ਠੋਕਣ ਲਈ ਵਰਤਦੇ ਹਨ, ਫਾਨਾ, ਪੱਚਰ।

پانید *ਪਾਨੀਦ*, پانیز *ਪਾਨੀਜ਼* : ਇਕ ਪਰਕਾਰ ਦੀ ਮਿਠਿਆਈ, ਚਿਟੀ ਖੰਡ ਦੀ ਮਿਠਿਆਈ, ਇਕ ਪਰਕਾਰ ਦਾ ਹਲ਼ਵਾ।

پاو *ਪਾਵ* : ਧੋਣਾ, ਸਾਫ਼ ਕਰਨਾ; ਪੈਰ।

پاوپر *ਪਾਵਪਰ* : ਤਾਕਤ, ਸ਼ਕਤੀ, ਅਧਕਾਰ।

پاوچک *ਪਾਵਚਕ* : ਗਾਂ ਦਾ ਸੁੱਕਾ ਗੋਹਾ, ਏਰਨਾ।

پاورنجن *ਪਾਵਰੰਜਨ* : ਨੂਪੁਰ, ਝਾਂਜਰ, ਪਜੇਬ।

پاھنگ *ਪਾਹੰਗ*, پاھنگہ *ਪਾਹੰਗਾ* : ਪਾਸੰਗ, ਪਾਸਕੂ; ਨੂਪੁਰ, ਮੌਜ਼ਾ, ਜੁਤੀ, ਛੋਟੀ ਬਾਰੀ।

پای *ਪਾਯ* : ਪੈਰ; ਪੈਰ-ਚਿੰਨ੍ਹ, ਪਗਡੰਡੀ; ਟਾਕਰਾ; ਸ਼ਕਤੀ, ਜ਼ੁੰਮਾ; ਪਾਸ, ਕੋਲ; ਪਿਛਲਾ ਪਾਸਾ, ਪਕਿਆਈ, ਥੱਲਾ, ਨੀਂਹ।

پایآںندارد *ਪਾਯ ਆਂ ਨਦਾਰਦ* : ਉਸ ਵਿਚ ਸ਼ਕਤੀ ਨਹੀਂ, ਉਸ ਵਿਚ ਤਾਕਤ ਕਿੱਥੇ।

پایاب *ਪਾਯਾਬ* : ਸ਼ਕਤੀ, ਥੱਲਾ, ਨਦੀ ਜਾਂ ਸਾਗਰ ਦਾ ਥੋੜਾ ਜੇਹਾ ਪਾਣੀ ਜਿਸ ਵਿਚ ਦੀ ਲੰਘਿਆ ਜਾ ਸਕੇ।

پائیافزار *ਪਾਯ-ਅਫ਼ਜ਼ਾਰ*, پائیاوزار *ਪਾਯ-ਔਜ਼ਾਰ* : ਜੁੱਤੀ, ਜੁਲਾਹੇ ਦੀ ਪੈਰ ਫੱਟੀ।

پایان *ਪਾਯਾਨ* : ਅੰਤ।

پایانکار *ਪਾਯਾਨ-ਏ-ਕਾਰ* : ਆਖ਼ਰਕਾਰ, ਅੰਤ ਨੂੰ, ਅਖ਼ੀਰ।

پایانماھی *ਪਾਯਾਨ-ਏ-ਮਾਹੀ* : ਧੁਰ ਹੇਠ ਤਕ, ਪਤਾਲ ਤਕ।

پائیباف *ਪਾਯਬਾਫ਼* : ਜੁਲਾਹਾ।

پائیبرپائینھادن *ਪਾਯ-ਬਰ-ਪਾਯ-ਨਿਹਾਦਨ*, پائیبرپئینھادن *ਪਾਯ-ਬਰ-ਪੈਨਿਹਾਦਨ*, پائی بر جامادن *ਪਾਯ-ਬਰ-ਜਾ ਮਾਨਦਨ* : ਪੈਰਵੀ ਕਰਨਾ, ਪਿਛੇ ਟੁਰਨਾ।

پائیبست *ਪਾਯ-ਬਸਤ* : ਕੈਦੀ; ਪੱਕਾ, ਮਜ਼ਬੂਤ; ਨੀਂਹ।

پائیبستہ *ਪਾਯ-ਬਸਤਾ* : ਕੈਦ ਵਿਚ; ਬੇਕਾਰ, ਵੇਹਲਾ।

پائےبند *ਪਾਯ-ਬੰਦ* : ਕੈਦੀ।

پائےبندی *ਪਾਯ-ਬੰਦੀ* : ਬੇੜੀ, ਜ਼ੰਜੀਰ।

پائےپست *ਪਾਯ-ਏ-ਪਸਤ* : ਪੈਰਾਂ ਹੇਠ ਲਤਾੜਿਆ।

پائےپله *ਪਾਯ-ਏ-ਪੱਲਾ* : ਪੌੜੀ ਕੋਲ, ਪੌੜੀ ਹੇਠ।

پائےپیل *ਪਾਯ-ਏ-ਪੀਲ* : ਹਾਥੀ ਦਾ ਪੈਰ; ਹਬਸ਼ੀਆਂ ਦਾ ਇਕ ਜੰਗੀ ਹਥਿਆਰ; ਸ਼ਰਾਬ ਪੀਣ ਦਾ ਪਿਆਲਾ।

پایتابه *ਪਾਯ-ਏ-ਤਾਬਾ* : ਜ਼ੁਰਾਬ, ਪਤਾਵਾ, ਪੱਟੀ।

پائےتاسر *ਪਾਯ-ਤਾ-ਸਰ* : ਸਿਰ ਤੋਂ ਪੈਰਾਂ ਤਕ, ਸਾਰਾ, ਕੁਲ।

پایتخت *ਪਾਯ-ਏ-ਤਖ਼ਤ* : ਰਾਜਧਾਨੀ।

پایترسا *ਪਾਯ-ਏ-ਤਰਸਾ* : ਸ਼ਰਾਬ ਪੀਣ ਦਾ ਪਿਆਲਾ; ਸੁਰਾਹੀ।

پائےتوغ *ਪਾਯ-ਏ-ਤੋਗ਼* : ਫ਼ੌਜ ਦੀ ਝੰਡੇ ਬਰਦਾਰੀ ਦੀ ਪਦਵੀ ਜਾਂ ਸੇਵਾ।

پائےجامه *ਪਾਯ-ਏ-ਜਾਮਾ* : ਪਜਾਮਾ।

پائےچال *ਪਾਯ-ਏ-ਚਾਲ* : ਜੁਲਾਹੇ ਦੀ ਖੱਡੀ, ਕਰਗਾਹ।

پایره *ਪਾਯਰਾ* : ਸਲਵਾਰ ਪਜਾਮਾ।

پائےحوض *ਪਾਯ-ਏ ਹੌਜ਼* : ਬਦਨਾਮੀ ਦੀ ਥਾਂ।

پائےخانه *ਪਾਯ-ਏ ਖ਼ਾਨਾ* : ਪਖਾਨੇ ਦੀ ਥਾਂ।

پایدار *ਪਾਯ-ਦਾਰ* : ਠੈਹਰ, ਸਥਿਰ, ਹਮੇਸ਼ਾ, ਸਦਾ; ਪੱਕਾ, ਹੰਢਣਸਾਰ, ਮਜ਼ਬੂਤ; ਘੋੜਾ; ਖ਼ੁਦਾ ਦਾ ਇਕ ਸਿਫਾਤੀ ਨਾਮ।

پایدان *ਪਾਯਦਾਨ* : ਮਜਲਸ ਦੀ ਅਖੀਰਲੀ ਪਾਲ ਜਿਥੇ ਜੁੱਤੀਆਂ ਲਾਹੁੰਦੇ ਹਨ; ਗੱਡੀਆਂ ਤੇ ਚੜ੍ਹਨ ਲਈ ਪੈਰ ਰੱਖਣ ਦਾ ਤਖ਼ਤਾ; ਨਿਗਰਾਨ, ਜ਼ਾਮਨ; ਰੈਹਣ, ਗਿਰਵੀ, ਗੈਹਣੇ; ਦੂਤਾਗਰੀ।

پائےدر *ਪਾਯ-ਦਰ* : ਕਿਵਾੜ ਦੀ ਚੂਲ।

پایدرگل *ਪਾਯ-ਦਰ-ਗਿਲ* : ਫਸਿਆ ਹੋਇਆ, ਉਲਝਿਆ ਹੋਇਆ, ਹੈਰਾਨ ਪਰੇਸ਼ਾਨ।

پایرنج *ਪਾਯ-ਰੰਜ* : ਸਨੇਹਾ ਲਿਆਉਣ ਵਾਲੇ ਦਾ ਇਨਾਮ, ਇਵਜ਼ਾਨਾ, ਮਜ਼ਦੂਰੀ।

پائےزار *ਪਾਯਜ਼ਾਰ* : ਜੁੱਤੀ।

پائےزیب *ਪਾਯਜ਼ੇਬ* : ਨੂਪੁਰ, ਝਾਂਜਰ।

پائےسخن *ਪਾਯ ਸੁਖ਼ਨ* : ਕਲਾਮ ਦਾ ਜ਼ੋਰ।

پایک *ਪਾਯਕ*: ਕਾਸਦ, ਸਨੇਹਾ ਲੈ ਜਾਣ ਵਾਲਾ, ਹਰਕਾਰਾ, ਪਿਆਦਾ।

پائےکار *ਪਾਯ-ਕਾਰ* : ਪਾਕਾਰ, ਓਹ ਥਾਂ ਜਿਥੇ ਮਜ਼ਦੂਰ ਇਮਾਰਤ ਦੇ ਮਸਾਲੇ ਦਾ ਢੇਰ ਲਾ ਦਿੰਦੇ ਹਨ।

پایکاشت *ਪਾਯ-ਕਾਸ਼ਤ* : ਓਹ ਕਿਸਾਨ ਜੋ ਦੂਜੇ ਪਿੰਡ ਵਾਹੀ ਕਰਨ ਜਾਂਦਾ ਹੋਵੇ।

پائےکلاغ *ਪਾਯ-ਏ-ਕੁਲਾਗ਼* : ਭੈੜੀ ਤੇ ਟੁੱਟੀ ਫੁੱਟੀ ਲਿਖਤ ਜੋ ਪੜ੍ਹੀ ਨਾ ਜਾ ਸਕੇ।

پایکوب *ਪਾਯਕੋਬ,* **پائےکوبی** *ਪਾਯਕੋਬੀ* : ਨਾਚਾ, ਨੱਚਣਾ।

پایگاه *ਪਾਯਗਾਹ* : ਹਿੰਮਤ, ਤਾਕਤ; ਦਰਜਾ, ਮਰਤਬਾ; ਅਸਲ, ਤਵੇਲਾ।

پایماچان *ਪਾਯ-ਮਾਚਾਨ* : ਦਰਵੇਸ਼ਾਂ ਦੀ ਉਸ ਰਸਮ ਦਾ ਨਾਮ, ਜਿਸ ਵਿਚ ਗੁਨਾਹਗਾਰ ਜੁੱਤੀਆਂ ਦੀ ਥਾਂ ਤੇ ਖੜ ਕੇ ਕੰਨ ਫੜਦਾ ਹੈ, ਮਾਫ਼ੀ ਮੰਗਣਾ।

پایمال *ਪਾਯਮਾਲ* : ਪਾਮਾਲ।

پایمالی *ਪਾਯਮਾਲੀ* : ਪਾਮਾਲੀ।

پائےمرد *ਪਾਯਮਰਦ* : ਮਦਦਗਾਰ, ਸਹਾਇਕ; ਸਿਫਾਰਸ਼ ਕਰਨ ਵਾਲਾ।

پائےمردی *ਪਾਯਮਰਦੀ* : ਸਹਾਇਤਾ; ਸਿਫ਼ਾਰਸ਼, ਬਲ, ਸ਼ਕਤੀ।

پائےمزد *ਪਾਯਮੁਜ਼ਦ* : ਕਾਸਦਾਂ ਦੀ ਮਜ਼ਦੂਰੀ।

پاینده *ਪਾਯੰਦਾ* : ਪੱਕਾ, ਹਮੇਸ਼ਾ।

پایه *ਪਾਯਾ* : ਰੁਤਬਾ, ਦਰਜਾ, ਕਦਰ, ਸਤਕਾਰ, ਨੀਂਹ, ਪੌੜੀ, ਸ਼ਗਿਰਦ ਨੂੰ ਦੰਡ ਦੇਣ ਵਾਲੀ ਸੋਟੀ।

پایهٔحوض *ਪਾਯਾ-ਏ-ਹੌਜ਼* : ਬਦਨਾਮੀ; ਬੇਇੱਜ਼ਤੀ।

پایهدار *ਪਾਯਾਦਾਰ* : ਰੁਤਬੇ ਵਾਲਾ।

پایہشناس ***ਪਾਯਾ ਸ਼ਿਨਾਸ*** : ਮਰਤਬੇ ਨੂੰ ਸਮਝਣ ਵਾਲਾ।

پائین ***ਪਾਯੀਨ*** : ਹੇਠਾਂ, ਨੀਚੇ।

پائینباغ ***ਪਾਯੀਨ ਬਾਗ਼*** : ਮਕਾਨ ਦੇ ਹੇਠਲਾ ਬਾਗ਼, ਮਕਾਨ ਨਾਲ ਜੁੜਿਆ ਹੋਇਆ ਬਾਗ਼; ਕਿਲ੍ਹੇ ਦਾ ਹੇਠਲਾ ਬਾਗ, ਸਰਦਖ਼ਾਨਾ, ਤੈਹਖ਼ਾਨਾ।

پائینپرستی ***ਪਾਯੀਨ-ਪ੍ਰਸਤੀ*** : ਆਗਿਆਕਾਰਤਾ, ਅਧੀਨਗੀ।

پت ***ਪਤ*** : ਮਾਇਆ ਜੋ ਕਾਗਜ਼ ਤੇ ਲਾਉਂਦੇ ਹਨ, ਬੱਕਰੀ ਦੇ ਵਾਲਾਂ ਦੀ ਨਰਮ ਪਸ਼ਮ ਜਿਸ ਦੇ ਸ਼ਾਲ ਬਣਾਉਂਦੇ ਹਨ, ਨਰਮ ਚੀਜ਼।

پتاره ***ਪਤਾਰਾ*** : ਜੁਲਾਹਿਆਂ ਦਾ ਵੱਡਾ ਬੁਰਸ਼ ਜਿਸ ਨਾਲ ਤਾਣੀ 'ਤੇ ਮਾਇਆ ਲਾਉਂਦੇ ਹਨ, ਕੁੱਚ।

پتخ ***ਪਤਖ਼*** : ਬੇਵਕੂਫ਼, ਮੂਰਖ; ਹੈਰਾਨ।

پتر ***ਪਤਰ*** : ਲੋਹੇ ਆਦਿ ਦੇ ਪੱਤਰੇ।

پتربردار ***ਪਤਰ-ਬਰਦਾਰ*** : ਚੋਬਦਾਰ, ਨਕੀਬ।

پتفوز ***ਪਤਫ਼ੂਜ਼*** : ਮੂੰਹ ਦਾ ਆਲਾ-ਦੁਆਲਾ, ਥੂੰਥ।

پتک ***ਪੁਤਕ*** : ਹਥੌੜਾ, ਹਥੌੜੀ।

پتگیر ***ਪਤਗੀਰ*** : ਛਾਣਨੀ।

پتو ***ਪਤੂ*** : (=ਪੱਟੂ) ਇਕ ਪਰਕਾਰ ਦਾ ਊਨੀ ਕਪੜਾ।

پتواز ***ਪਤਵਾਜ਼*** : ਕੋਠੇ, ਆਦਿ ਉਪਰ ਕਬੂਤਰਾਂ ਦੇ ਬੈਠਣ ਲਈ ਬਣਾਈ ਗਈ ਛਤਰੀ।

پتوله ***ਪਤੂਲਾ*** : ਕੱਢਿਆ ਹੋਇਆ ਰੇਸ਼ਮੀ ਕਪੜਾ।

پتیاره ***ਪਤਯਾਰਾ*** : ਬਲਾ, ਆਫ਼ਤ, ਬਦਸ਼ਕਲ, ਕਰੂਪ, ਭਿਆਨਕ, ਡਰਾਉਣਾ; ਮਕਰ, ਹੀਲਾ, ਫ਼ਰੇਬ; ਸ਼ਰਮਿੰਦਗੀ, ਸਖ਼ਤੀ; ਔਖ; ਦੁਰਘਟਨਾ; ਸ਼ੋਰ, ਖੱਪ, ਰੌਲਾ, ਲੜਾਕੀ ਇਸਤਰੀ।

پج ***ਪਜ,*** **پجار** ***ਪਜਾਰ*** : ਪਹਾੜ।

پجاوه ***ਪਜਾਵਾ*** : ਇੱਟਾਂ ਪਕਾਉਣ ਦਾ ਆਵਾ, ਆਵਾ, ਭੱਠਾ।

پجول ***ਪਜੂਲ*** : ਗਿੱਟਾ, ਪਿੰਜਣੀ।

پچپچ ***ਪੁਚ ਪੁਚ*** : ਕੰਨ ਵਿਚ ਹੌਲੀ ਜੇਹੀ ਗੱਲ ਕਰਨਾ, ਕਾਨਾਫੂਸੀ; ਬੱਕਰੀਆਂ ਨੂੰ ਬੁਲਾਉਣ ਦੀ ਅਵਾਜ਼।

پچشک ***ਪੁਚੁਸ਼ਕ*** : ਮੀਂਗਣਾਂ।

پچکم ***ਪਿਚਕਮ*** : ਦੀਵਾਨਖ਼ਾਨਾ।

پچل ***ਪਚਲ*** : ਆਪਣੇ ਕਪੜਿਆਂ ਨੂੰ ਮੈਲਾ ਤੇ ਗੰਦਾ ਕਰਨ ਵਾਲਾ।

پچواک ***ਪਚਵਾਕ*** : ਅਨੁਵਾਦ ਕਰਨ ਵਾਲਾ, ਅਨੁਵਾਦਕ, ਉਲਥਾਕਾਰ, ਅਨੁਵਾਦ।

پچوه ***ਪਚੂਹ ,ਪਚਵਾ*** : ਅਨੁਵਾਦ, ਉਲਥਾ।

پخ ***ਪਖ਼*** : ਵਾਹ।

پخپخ ***ਪਖ਼ ਪਖ਼*** : ਵਾਹ ਵਾਹ, ਖ਼ੁਸ਼ੀ ਦੇ ਸ਼ਬਦ।

پخ ***ਪਖ਼/ਪਿਖ਼*** : ਕੁੱਤੇ ਜਾਂ ਬਿੱਲੀ ਨੂੰ ਦੁਰਕਾਰਨ ਦੀ ਅਵਾਜ਼।

پخ ***ਪੁਖ਼*** : ਗੋਰਾ; ਮੈਲਾ, ਗੰਦ, ਪਖ਼ਾਨਾ।

پخ ***ਪਿਖ਼*** **پخو** ***ਪਿਖ਼ੂ*** : ਗੁਦਗਦੀ ਕਰਨਾ, ਗੁਤਕੁਤਾਰੀਆਂ ਕੱਢਣਾ।

پخته ***ਪੁਖ਼ਤਾ*** : ਪਕਿਆ ਹੋਇਆ, ਉਬਲਿਆ ਹੋਇਆ; ਸਖ਼ਤ, ਪੱਕਾ, ਤਜਰਬਾਕਾਰ, ਮਾਹਰ।

پختهجوش ***ਪੁਖ਼ਤਾ- ਜੋਸ਼*** : ਓਹ ਸ਼ਰਾਬ ਜੇਹੜੀ ਗੋਸ਼ਤ ਤੇ ਦਵਾਈਆਂ ਆਦਿ ਪਾ ਕੇ ਕੱਢੀ ਜਾਵੇ।

پختهخوار ***ਪੁਖ਼ਤਾ ਖ਼੍ਵਾਰ,*** **پخته طور** ***ਪੁਖ਼ਤਾ-ਤੌਰ*** : ਅਰਾਮਤਲਬ, ਮੰਗਤਾ; ਜਵਾਈ।

پختهرای ***ਪੁਖ਼ਤਾ-ਰਾਯ,*** **پختهمغز** ***ਪੁਖ਼ਤਾ-ਮਗ਼ਜ਼,*** **پختهکار** ***ਪੁਖ਼ਤਾਕਾਰ*** : ਤਜਰਬਾਕਾਰ, ਸਿਆਣਾ, ਮਾਹਰ, ਕਾਮਲ, ਹੰਢਿਆ ਹੋਇਆ।

پختهگاوٗ ***ਪੁਖ਼ਤਾ ਗਾਵ*** : ਓਹ ਗਰਮ ਪਾਣੀ ਜਿਸ ਵਿਚ ਦਵਾਈਆਂ ਘੋਲ ਕੇ ਬੀਮਾਰ ਦੇ ਸਿਰ ਤੇ ਹੌਲੀ ਹੌਲੀ ਪਾਉਂਦੇ ਹਨ।

پختگان *ਪੁਖ਼ਤਗਾਨ* : (ਪੁਖ਼ਤਾ **پخته** ਦਾ ਬੌਹਵਚਨ) ਸਿਆਣੇ, ਤਜਰਬਾਕਾਰ।

پخش *ਪਖ਼ਸ਼* : ਫਨ, ਚੌੜਾ, ਸੁਸਤ; ਨਰਮ, ਕੁੱਟ ਕੇ ਚੌੜਾ ਕੀਤਾ ਹੋਇਆ, ਮੁਰਝਾਇਆ ਹੋਇਆ।

پخلوچه *ਪਖ਼ਲੂਚਾ*, **پخلیچه** *ਪਖ਼ਲੀਚਾ* : ਕੁਤਕੁਤਾਰੀਆਂ, ਕੁਤਕੁਤੀਆਂ।

پد *ਪਦ* : ਓਹ ਰੁਖ ਜਿਸ ਨੂੰ ਫਲ ਨਾ ਲਗਦਾ ਹੋਵੇ, ਅਫਲ, ਓਹ ਦਰੱਖ਼ਤ ਜੇਹੜਾ ਵਧੇ ਫੁੱਲੇ ਨਾ।

پد *ਪੁਦ*, **پدپود** *ਪਦਪੁਦ* : ਸੁੱਕੀ ਲੱਕੜ ਜੋ ਬਾਲਣ ਦੇ ਕੰਮ ਆਵੇ, ਬਾਲਣ।

پدر *ਪਿਦਰ* : ਪਿਤਾ, ਬਾਪ।

پدراندر *ਪਿਦਰ ਅੰਦਰ* : ਮਤੇਆ ਪਿਤਾ, ਪਤੰਦਰ।

پدرانه *ਪਿਦਰਾਨਾ* : ਬਾਪ ਵਰਗਾ।

پدرِزن *ਪਿਦਰ-ਏ-ਜ਼ਨ* : ਸੌਹਰਾ।

پدرسوخته *ਪਿਦਰ-ਸੌਖ਼ਤਾ* : ਜ਼ਲੀਲ, ਕਮੀਨਾ, ਨਲਾਇਕ (ਇਕ ਗਾਲ੍ਹ ਹੈ) ਜਿਸ ਦਾ ਬਾਪ ਨਰਕਾਂ ਦੀ ਅੱਗ ਵਿਚ ਸੜ ਰਿਹਾ ਹੋਵੇ।

پدرمرده *ਪਿਦਰ-ਮੁਰਦਾ* : ਜਿਸ ਦਾ ਪਿਉ ਮਰ ਗਿਆ ਹੋਵੇ; ਯਤੀਮ।

پدری *ਪਿਦਰੀ* : ਬਾਪ ਦਾ; ਪਿਤਾ ਦਾ।

پدروار *ਪਿਦਰਵਾਰ*: ਬਾਪ ਵਾਂਗ।

پدرام *ਪਿਦਰਾਮ* : ਖੁਸ਼; ਪਰਸੰਨ; ਸਜਿਆ ਹੋਇਆ; ਸਦਾ; ਸੌਣ ਦਾ ਕਮਰਾ।

پدرزه *ਪਦਰਜ਼ਾ* : ਹਿੱਸਾ; ਓਹ ਖਾਣਾ ਜੋ ਰੁਮਾਲ ਵਿਚ ਬੰਨ੍ਹ ਕੇ ਇਕ ਥਾਂ ਤੋਂ ਦੂਜੀ ਥਾਂ ਲੈ ਜਾਂਦੇ ਹਨ।

پدرود *ਪਦਰੂਦ* : ਛੁੱਟੀ; ਵਿਦਾ; ਸਲਾਮਤ; ਵਿਦਾ ਕਰਨਾ; ਛੱਡਣਾ।

پدیجه *ਪਦੀਜਾ* : ਮੱਛੀ ਦੇ ਪਿੰਡੇ ਤੇ ਚਮਕੀਲੇ ਪੈਸੇ ਵਰਗੇ ਨਿਸ਼ਾਨ; ਮੱਛੀ ਦੇ ਚਾਨੇ ਛਲੂਸ।

پدید *ਪਦੀਦ*, **پدیدار** *ਪਦੀਦਾਰ* : ਜ਼ਾਹਰਾ; ਪਰਗਟ; ਸਾਫ਼; ਪਰੌਤਖ; ਵਜੂਦ ਵਿਚ; ਨਮੂਦਾਰ।

پذرفتن *ਪਜ਼ਰੁਫ਼ਤਨ*, **پذیرفتن** *ਪਜ਼ੀਰੁਫ਼ਤਨ* : ਮੰਨ ਲੈਣਾ, ਕਬੂਲ ਕਰਨਾ।

پذیرا *ਪਜ਼ੀਰਾ*: ਮੰਨਣ ਵਾਲਾ; ਕਬੂਲ ਕਰਨ ਵਾਲਾ; ਆਗਿਆਕਾਰ; ਪੇਸ਼ਵਾ; ਸਰਦਾਰ; ਆਗੂ; ਪਰਵਾਨਤ, ਅਗਵਾਈ, ਸੁਆਗਤ।

پذیرای *ਪਜ਼ੀਰਾਈ*, **پذیرش** *ਪਜ਼ੀਰਸ਼* : ਸੁਆਗਤ, ਪਰਵਾਨਗੀ, ਮਨਜ਼ੂਰੀ।

پذیرفتار *ਪਜ਼ੀਰੁਫ਼ਤਾਰ*, **پذیرفتگار** *ਪਜ਼ੀਰੁਫ਼ਤਗਾਰ* : ਮੰਨ ਲੈਣ ਵਾਲਾ, ਕਬੂਲ ਕਰਨ ਵਾਲਾ, ਆਗਿਆਕਾਰ।

پذیره *ਪਜ਼ੀਰਾ* : ਮੰਨਣਾ, ਕਬੂਲ ਕਰਨਾ; ਮੰਨ ਲੈਣ ਵਾਲਾ; ਸੁਆਗਤ ਕਰਤਾ, ਉਡੀਕਵਾਨ।

پر *ਪਰ* : ਪੰਛੀ ਦਾ ਖੰਭ, ਬਾਂਹ, ਬਾਜ਼ੂ, ਕੰਢਾ, ਕਿਨਾਰਾ, ਦਾੜ੍ਹੀ, ਅਕਸ, ਪਰਛਾਵਾਂ, ਚਮਕ, ਕਿਰਨ, ਪਣਚੱਕੀ ਦੇ ਬਾਜ਼ੂ, ਰੁੱਖ ਦਾ ਪੱਤਾ।

پرآور *ਪਰ-ਆਵਰ* : ਤੇਜ਼, ਤੇਜ਼ ਉਡਣ ਵਾਲਾ, ਤੇਜ਼ ਚਲਣ ਵਾਲਾ।

پرافسانی *ਪਰ-ਅਫ਼ਸਾਨੀ*: ਖੰਭ ਝਾੜਨਾ, ਉਡਣਾ, ਲੱਗ ਲਬੇੜ ਤੋਂ ਅੱਡ ਹੋ ਜਾਣਾ, ਦੁਨੀਆ ਨੂੰ ਛੱਡ ਦੇਣਾ।

پرافگندگی *ਪਰ-ਅਫ਼ਗੰਦਗੀ* : ਤਿੱਤਰ-ਬਿੱਤਰ ਹੋਣਾ, ਖਿੰਡ-ਪੁੰਡ ਜਾਣਾ।

پرهما *ਪਰ-ਹੁਮਾ* : ਕਲਗ਼ੀ।

پر *ਪੁਰ* : ਭਰਿਆ ਹੋਇਆ, ਬੌਹਤ, ਵੱਧ, ਮੁਕੰਮਲ, ਭਰਪੂਰ, ਠੋਸ।

پراکوه *ਪਰਾਕੋਹ* : ਪਹਾੜ ਦੇ ਪਾਰ, ਪਹਾੜ ਦੇ ਪਾਰਲੇ ਪਾਸੇ।

پراگنده *ਪਰਾਗੰਦਾ* : ਤਿੱਤਰ-ਬਿੱਤਰ, ਪਰੇਸ਼ਾਨ, ਹੈਰਾਨ, ਖਿੰਡਿਆ-ਪੁੰਡਿਆ।

پراگنده‌حال *ਪਰਾਗੰਦਾ-ਹਾਲ*, **پراگنده خاطر** *ਪਰਾਗੰਦਾ-ਖ਼ਾਤਿਰ*, **پراگنده‌دل** *ਪਰਾਗੰਦਾ-ਦਿਲ*, **پراگندگی** *ਪਰਾਗੰਦਗੀ* : ਪਰੇਸ਼ਾਨ ਹਾਲ, ਖਿੱਲਰਿਆ ਹੋਇਆ,

ਪਰੇਸ਼ਾਨੀ, ਹੈਰਾਨੀ।

پراگندگان *ਪਰਾਗੰਦਗਾਨ* : (ਪਰਾਗੰਦਾ پراگنده ਦਾ ਬੈਹਵਚਨ) ਖਿੰਡੇ-ਪੁੰਡੇ, ਪਰੇਸ਼ਾਨ।

پراگی *ਪਰਾਗੀ* : ਲੋਹੇ ਦੀ ਟੋਪੀ ਜੋ ਲੜਾਈ ਵੇਲੇ ਸਿਰ ਦੀ ਰੱਖਿਆ ਲਈ ਪੈਹਨਦੇ ਹਨ, ਲੋਹ-ਟੋਪ।

پرالک *ਪਰਾਲਕ* : ਜੌਹਰਦਾਰ ਫੌਲਾਦ, ਚੰਗੇ ਫੌਲਾਦ ਦੀ ਤਲਵਾਰ।

پرآمدقفیز *ਪੁਰ ਆਮਦ ਕਫ਼ੀਜ਼* : ਕਫ਼ੀਜ਼ (ਇਕ ਮਾਪ) ਭਰ ਗਿਆ, ਜ਼ਿੰਦਗੀ ਦਾ ਪੈਮਾਨਾ ਭਰ ਗਿਆ, ਸੁਆਸ ਖ਼ਤਮ ਹੋ ਗਏ, ਅੰਤ ਆ ਗਿਆ।

پراوند *ਪਰਾਵੰਦ* : ਓਹ ਲੱਕੜ ਜੋ ਦਰਵਾਜ਼ੇ ਨੂੰ ਬੰਦ ਰੱਖਣ ਲਈ ਉਸ ਦੇ ਪਿੱਛੇ ਰੱਖੀ ਜਾਂਦੀ ਹੈ, ਅਰਲ, ਹੋੜਾ।

پراهام *ਪਰਾਹਾਮ*: ਇੱਕ ਯਹੂਦੀ ਦਾ ਨਾਮ ਜੋ ਬਹਿਰਾਮ ਗੋਰ ਦੇ ਸਮੇਂ ਹੋਇਆ ਹੈ, ਫਾਰਸੀ ਦਾ ਇਕ ਪੁਰਾਤਨ ਨਾਮ, ਅਬਰਾਹਮ।

پربار *ਪਰਬਾਰ*, پرباره *ਪਰਬਾਰਾ*, پربال *ਪਰਬਾਲ*, پرباله *ਪਰਬਾਲਾ*: ਗਰਮੀਆਂ ਦਾ ਘਰ, ਠੰਢਾ ਮਕਾਨ।

پرپایه *ਪੁਰ-ਪਾਯਾ* : ਕੰਨ ਖਜੂਰਾ, ਖੰਜ ਖੰਜੂਰਾ।

پرپهن *ਪਹਪਹਨ*: ਇਕ ਪਰਕਾਰ ਦੇ ਸਾਗ ਦਾ ਨਾਮ।

پرت *ਪਰਤ* : ਟਪਾਉਣਾ, ਡਿਗਣਾ।

پرتاب *ਪਰਤਾਬ* : ਡਿਗਣਾ, ਇਕ ਪਰਕਾਰ ਦਾ ਤੀਰ ਓਹ ਵਿਥ ਜੇਹੜੀ ਤੀਰ ਦੇ ਛੱਡਣ ਤੋਂ ਉਸ ਦੇ ਨਿਸ਼ਾਨੇ ਤੇ ਵੱਜਣ ਵਿਚਕਾਰ ਹੁੰਦੀ ਹੈ, ਤੀਰ ਦੀ ਮਾਰ; ਸੁੱਟਣਾ, ਚਲਾਉਣਾ (ਤੀਰ), ਛਾਲ, ਚਮਕ, ਦਮਕ, ਇੱਕ ਸਿੱਕਾ।

پرتابی *ਪਰਤਾਬੀ* : ਤੀਰ ਚਲਾਉਣ ਵਾਲਾ, ਨਿਸ਼ਾਨਚੀ।

پرتابیان *ਪਰਤਾਬੀਯਾਨ* : (ਪਰਤਾਬੀ پرتابی ਦਾ ਬੈਹਵਚਨ) ਤੀਰ ਚਲਾਉਣ ਵਾਲੇ।

پرتاد *ਪਰਤਾਦ* : ਚੁਗਲੀ, ਨਿੰਦਾ।

پرتاش *ਪਰਤਾਸ਼* : ਤੁਰਕਿਸਤਾਨ ਦੇ ਇਕ ਇਲਾਕੇ ਦਾ ਨਾਮ।

پرتگال *ਪੁਰਤਗਾਲ*: ਪੱਛਮੀ ਯੂਰਪ ਦੇ ਇਕ ਮੁਲਕ ਦਾ ਨਾਮ ਜਿਥੋਂ ਦੇ ਵਸਨੀਕ ਪੁਤਗੀਜ਼ ਅਖਵਾਉਂਦੇ ਹਨ, ਇਕ ਪਰਕਾਰ ਦੀ ਸ਼ਰਾਬ ਜੋ ਸਤ (੭) ਵਾਰੀ ਕਸ਼ੀਦ ਕਰਨ ਪਿਛੋਂ ਬਣਦੀ ਹੈ, ਸੱਤ-ਅੱਗੀ।

پرتو *ਪਰਤੌ* : ਰੋਸ਼ਨੀ, ਚਮਕ, ਕਿਰਨ, ਅਕਸ, ਪਰਛਾਵਾਂ, ਛਾਯਾ, ਆਫ਼ਤ, ਸਦਮਾ।

پرچق *ਪਰਚਕ਼* : ਤਲਵਾਰ ਜਾਂ ਖ਼ੰਜਰ ਦਾ ਕਬਜ਼ਾ ਜਾਂ ਮੁੱਠਾ, ਤਲਵਾਰ ਦਾ ਦਸਤਾ।

پرچم *ਪਰਚਮ* : ਝੰਡੇ ਜਾਂ ਝੰਡੀ ਦਾ ਕੱਪੜਾ, ਫੱਰਾ, ਫਰੇਰਾ; ਮੱਥੇ ਦੀਆਂ ਲਿਟਾਂ, ਜ਼ੁਲਫ਼।

پرچه *ਪਰਚਾ* : ਟੁਕੜਾ, ਟੋਟਾ, ਕੱਪੜਾ, ਅਖ਼ਬਾਰ, ਚਿੱਠੀ, ਰੁੱਕਾ, ਲਿਖਿਆ ਹੋਇਆ ਕਾਗ਼ਜ਼।

پرچین *ਪਰਚੀਨ* : ਮੁੜਿਆ ਹੋਇਆ, ਟੇਢਾ, ਬਾਗ਼ ਜਾਂ ਖੇਤ ਦੀ ਵਾੜ।

پرچین‌کاری *ਪਰਚੀਨਕਾਰੀ* : ਵਾੜ ਬਣਾਉਣਾ, ਵਾੜ ਗੱਡਣਾ, ਕੀਮਤੀ ਪੱਥਰ ਵਿਚ ਕੀਮਤੀ ਪੱਥਰਾਂ ਦੀ ਜੜਤਕਾਰੀ ਪੱਕਾ ਕਰਨਾ।

پرچین *ਪੁਰਚੀਨ* : ਤਿਊੜੀਆਂ ਨਾਲ ਭਰਿਆ ਹੋਇਆ।

پرحاصل *ਪੁਰ ਹਾਸਿਲ* : ਓਹ ਖੇਤ ਜਾਂ ਜ਼ਮੀਨ ਜਿਸ ਵਿਚ ਅੰਨ ਬੌਹਤ ਪੈਦਾ ਹੋਵੇ, ਉਪਜਾਊ ਧਰਤ, ਚੰਗੀ ਫ਼ਸਲ ਵਾਲੀ ਜ਼ਮੀਨ, ਸੌਖਣੀ ਖੇਤੀ।

پرحذر *ਪੁਰਹਜ਼ਰ* : ਚੌਕਸ, ਖ਼ਬਰਦਾਰ, ਸੰਭਲ ਕੇ ਚੱਲਣ ਵਾਲਾ।

پرحرف *ਪੁਰਹਰਫ਼* : ਬੌਹਤੀਆਂ ਗੱਲਾਂ ਕਰਨ ਵਾਲਾ, ਗਾਲੜੀ, ਗੱਪੀ।

پرخاش *ਪਰਖ਼ਾਸ਼* : ਲੜਾਈ, ਅਣਬਣ, ਝੱਟ, ਝਗੜਾ, ਜੰਗ।

پرخاش‌جو *ਪਰਖ਼ਾਸ਼-ਜੂ*,
پرخاش‌خر *ਪਰਖ਼ਾਸ਼-ਖ਼ਰ*,
پرخاش‌خواه *ਪਰਖ਼ਾਸ਼-ਖ਼ਾਹ*,
پرخاش‌خور *ਪਰਖ਼ਾਸ਼-ਖ਼ੁਰ*,

پرخاشگر ***ਪਰਖ਼ਾਸ਼ਗਰ*** : ਲੜਾਕਾ, ਝਗੜਾਲੂ, ਜੰਗਜੂ, ਜੋਧਾ, ਬਹਾਦਰ।

پرخچ ***ਪਰਖ਼ਚ,*** **پرخش** ***ਪਰਖ਼ਸ਼*** : ਘੋੜੇ ਜਾਂ ਊਠ ਦੀ ਦੁਮਚੀ, ਪੁੱਠ।

پرخطر ***ਪੁਰ-ਖ਼ਤ਼ਰ*** : ਖ਼ਤਰੇ ਨਾਲ ਭਰਿਆ ਹੋਇਆ, ਭਿਆਨਕ, ਡਰਾਉਣਾ।

پرخو ***ਪਰਖ਼ੋ, ਪਰਖ਼ੂ*** : ਕਮਰੇ ਦੀ ਨੁੱਕਰ ਵਿਚ ਅੰਨ ਆਦਿ ਰੱਖਣ ਦੀ ਥਾਂ, ਰੁੱਖ ਦੀਆਂ ਵਾਧੂ ਸ਼ਾਖਾਂ ਨੂੰ ਕੱਟਣਾ।

پرد ***ਪਰਦ*** : ਤੈਹ, ਪੜਤ ਜਿਵੇਂ ਦੋਹਰੇ ਕਪੜੇ ਨੂੰ ਦੋ ਪਰਦ 'ਤੇ ਇਕਚਿਰੇ ਨੂੰ 'ਯਕ ਪਰਦ' ਕੈਂਹਦੇ ਹਨ, ਪਲੇਚ।

پردا ***ਪਰਦਾ*** : (ਫ਼ਰਦਾ **فردا** ਦਾ ਰੂਪਾਂਤਰ) ਭਲਕੇ, ਆਉਣ ਵਾਲਾ ਕਲ੍ਹ।

پرداخ ***ਪਰਦਾਖ਼*** : ਰੌਣਕ, ਸ਼ਾਨ, ਅਧਿਆਤਮਕਤਾ।

پرداخت ***ਪਰਦਾਖ਼ਤ*** : ਦੇਖ ਭਾਲ, ਪਰਵਰਸ਼, ਨਿਗਰਾਨੀ, ਕੰਮ-ਕਾਰ, ਸ਼ੁਗਲ, ਰੁਝੇਵਾਂ, ਧਿਆਨ, ਰੁਚੀ, ਪੂਰਾ, ਮੁਕੰਮਲ, ਸੰਪੂਰਨ, ਪਾਲਸ਼, ਸੈਕਲ, ਨਿਕਲ।

پرداختہ ***ਪਰਦਾਖ਼ਤਾ*** : ਖ਼ਾਲੀ, ਵੇਹਲਾ; ਰੁੱਝਾ ਹੋਇਆ, ਧਿਆਨ ਵਿਚ; ਸਜਿਆ ਸਜਾਇਆ, ਦੂਰ ਕੀਤਾ ਹੋਇਆ।

پرداز ***ਪਰਦਾਜ਼*** : ਨਕਸ਼ਿਆਂ ਤੇ ਤਸਵੀਰਾਂ ਉਦਾਲੇ ਕੀਤਾ ਹੋਇਆ ਬਰੀਕ ਕੰਮ, ਨੱਕਾਸ਼ੀ, ਸਜਾਵਟ ਦਾ ਕੰਮ, ਰੁਝਾ ਹੋਇਆ।

پردازش ***ਪਰਦਾਜ਼ਿਸ਼*** : ਸਜਾਵਟ।

پردازگر ***ਪਰਦਾਜ਼ਗਰ*** : ਸਜਾਉਣ ਵਾਲਾ।

پردازی ***ਪਰਦਾਜ਼ੀ*** : ਸੰਪੂਰਨਤਾ, ਸਜਾਵਟ।

پردال ***ਪਰਦਾਲ*** : ਪਰਕਾਰ।

پردان ***ਪੁਰਦਾਨ,*** **پردانی** ***ਪੁਰਦਾਨੀ*** : ਸਭ ਕੁਝ ਜਾਣਨਵਾਲਾ, ਸਿਆਣਾ।

پردرد ***ਪੁਰ ਦਰਦ*** : ਦਰਦ-ਭਰਿਆ।

پردک ***ਪਰਦਕ*** : ਬੁਝਾਰਤ, ਪਹੇਲੀ।

پردگی ***ਪਰਦਗੀ*** : ਪਰਦੇ 'ਚ ਰੈਹਣ ਦੀ ਹਾਲਤ, ਲੁਕੀ ਹੋਈ ਚੀਜ਼, ਪਰਦੇ ਵਿਚ ਰੈਹਣ ਵਾਲੀ ਇਸਤਰੀ, ਦਰਬਾਨ।

پردگیان ***ਪਰਦਗੀਯਾਨ*** : (ਪਰਦਗੀ **پردگی** ਦਾ ਬੌਹਵਚਨ) ਹਰਮ ਦੀਆਂ ਔਰਤਾਂ, ਪਰਦੇ ਵਿਚ ਰੈਹਣ ਵਾਲੀਆਂ।

پردگیرر ***ਪਰਦਗੀ-ਏ-ਰਜ਼*** : ਅੰਗੂਰੀ ਸ਼ਰਾਬ।

پردگیہفت‌رنگ ***ਪਰਦਗੀ-ਏ-ਹਫ਼ਤ ਰੰਗ*** : ਸੰਸਾਰ।

پردل ***ਪੁਰਦਿਲ*** : ਸੂਰਮਾ, ਸਖ਼ੀ, ਦਾਨੀ।

پردلی ***ਪੁਰਦਿਲੀ*** : ਬਹਾਦਰੀ, ਸੂਰਬੀਰਤਾ, ਸਖ਼ਾਵਤ।

پردن ***ਪਰਦਨ*** : ਹੱਦ, ਸੀਮਾ, ਕਿਨਾਰਾ।

پردو ***ਪੁਰਦੋ*** : ਬਾਲਾਖ਼ਾਨਾ, ਝਰੋਖਾ, ਛੱਤ, ਛੱਤ ਦੀ ਕੜੀ, ਸ਼ਤੀਰੀ।

پردہ ***ਪਰਦਾ*** : ਓਟ, ਆੜ, ਘੁੰਡ, ਬੁਰਕਾ, ਚਿਲਮਨ, ਪਿੱਤਲ ਆਦਿ ਦੇ ਬੰਦ ਜੋ ਤੰਬੂਰ ਜਾਂ ਸਿਤਾਰ ਆਦਿ ਦੇ ਦਸਤੇ ਉਤੇ ਉਂਗਲਾਂ ਰਖਣ ਤੇ ਰਾਗਾਂ ਦੇ ਘਰ ਸੁਰੱਖਿਅਤ ਰਖਣ ਲਈ ਬੰਨ੍ਹਦੇ ਹਨ, ਵਧੇਰੇ ਪਰਯੋਗ ਕਾਰਨ ਘਰਾਂ, ਸੁਰਾਂ ਤੇ ਅਲਾਪਾਂ ਦੇ ਅਰਥਾਂ ਵਿਚ ਵੀ ਵਰਤਿਆ ਜਾਣ ਲਗ ਪਿਆ ਹੈ, ਜਿਵੇਂ: ਪਰਦਾ-ਏ-ਖ਼ੁਰਾਸਾਨ, ਪਰਦਾ-ਏ-ਕੁਮਰੀ, ਆਦਿ; ਅਸਮਾਨ, ਆਪੇ ਦਾ ਪਰਦਾ; ਤੰਬੂ ਦੀਆਂ ਬਾਹੀਆਂ; ਦੋ ਕਮਰਿਆਂ ਵਿਚਕਾਰਲੀ ਵੰਡ; ਖੇਤਾਂ ਨੂੰ ਅਡ ਕਰਨ ਲਈ ਬੰਨ੍ਹ, ਵਾੜ, ਡੋਲ, ਤੈਹ।

پردہالحان ***ਪਰਦਾ-ਏ-ਅਲਹਾਨ*** : ਸੁਰਾਂ, ਨਗਮੇਂ, ਗੀਤ, ਰਾਗ ਦਾ ਘਰ।

پردہاہرمنی ***ਪਰਦਾ-ਏ-ਅਹਰਮਨੀ*** : ਨਾਸਤਕਾਂ ਦਾ ਪਰਦਾ, ਸ਼ਤਾਨੀ ਪਰਦਾ।

پردہتصویر ***ਪਰਦਾ-ਏ-ਤਸਵੀਰ*** : ਓਹ ਪਰਦਾ ਜਿਸ ਉਤੇ ਤਸਵੀਰਾਂ ਬਣੀਆਂ ਹੋਣ, ਚਿਤਰਮਈ ਪਰਦਾ।

پردۂچشم ***ਪਰਦਾ-ਏ-ਚਸ਼ਮ,*** **پردہائےچشم** ***ਪਰਦਹਾ-ਏ-ਚਸ਼ਮ*** : ਅੱਖ ਦਾ ਪਰਦਾ, ਅੱਖ ਦੇ ਸੱਤਾਂ ਪਰਦਿਆਂ ਵਿਚੋਂ ਇਕ, ਅੱਖ ਦੇ ਸੱਤ ਪਰਦੇ।

پردۂخم‌آهن *ਪਰਦਾ-ਏ-ਖ਼ਮ-ਏ-ਆਹਨ* : ਅਸਮਾਨ।
پردۂدخانی *ਪਰਦਾ-ਏ-ਦੁਖ਼ਾਨੀ* : ਅੰਨ੍ਹੇਰੀ ਰਾਤ।
پردۂزنبور *ਪਰਦਾ-ਏ-ਜ਼ੰਬੂਰ* : ਰਾਗ ਦਾ ਇਕ ਪਰਦਾ, ਰਾਗ ਦੀ ਸੁਰ, ਇਕ ਪਰਕਾਰ ਦਾ ਜਾਲੀਦਾਰ ਬੁਰਕਾ।
پردۂزنبوری *ਪਰਦਾ-ਏ-ਜ਼ੰਬੂਰੀ* : ਅਸਮਾਨ।
پردہعنکبوت *ਪਰਦਾ-ਏ-ਅੰਨਕਬੂਤ* : ਮੱਕੜੀ ਦਾ ਜਾਲਾ, ਅੱਖ ਦਾ ਇਕ ਪਰਦਾ।
پردۂکشاکش *ਪਰਦਾ-ਏ-ਕਸ਼ਾਕਸ਼* : ਦਰਵਾਜ਼ੇ ਦਾ ਪਰਦਾ।
پردۂمشکین *ਪਰਦਾ-ਏ-ਮੁਸ਼ਕੀਨ* : ਕਾਲਾ ਰੁਮਾਲ।
پردۂناموسی *ਪਰਦਾ-ਏ-ਨਾਮੂਸੀ* : ਇੱਜ਼ਤ, ਸ਼ੋਹਰਤ।
پردۂنقاش *ਪਰਦਾ-ਏ-ਨੱਕ਼ਾਸ਼ੀ* : ਤਸਵੀਰ, ਚਿੱਤਰ।
پردۂنیلگون *ਪਰਦਾ-ਏ-ਨੀਲਗੂਨ*, پردۂهفت‌رنگ *ਪਰਦਾ-ਏ-ਹਫ਼ਤ ਰੰਗ*: ਅਸਮਾਨ।
پردۂنیلوفری *ਪਰਦਾ-ਏ-ਨੀਲੋਫ਼ਰੀ* : ਜੇਹੜਾ ਅੱਖਾਂ ਦੁਖਣ ਵੇਲੇ ਅੱਖਾਂ 'ਤੇ ਬੰਨ੍ਹਿਆ ਜਾਂਦਾ ਹੈ।
پردۂآرای *ਪਰਦਾ-ਆਰਾਯ* : ਰਾਗ ਰੰਗ, ਰੰਗ ਤਮਾਸ਼ਾ।
پردۂباز *ਪਰਦਾ-ਬਾਜ਼* : ਰਾਗੀ, ਗਵਈਆ।
پردہبرانداز *ਪਰਦਾ-ਬਰ-ਅੰਦਾਜ਼* : ਭੇਤ ਖੋਲ੍ਹਣਾ।
پردہپوش *ਪਰਦਾ-ਪੋਸ਼* : ਭੇਤ ਛੁਪਾਉਣ ਵਾਲਾ, ਰਾਜ਼ਦਾਰ, ਐਬਾਂ ਤੇ ਪਰਦਾ ਪਾਉਣ ਵਾਲਾ।
پردہدار *ਪਰਦਾ-ਦਾਰ* : ਪਰਦਾ-ਪੋਸ਼, ਦਰਬਾਨ।
پردہدارفلک *ਪਰਦਾਦਾਰ-ਏ-ਫ਼ਲਕ* : ਚੰਦ।
پردہدریدن *ਪਰਦਾ ਦਰੀਦਨ* : ਪਰਦਾ ਪਾੜਨਾ, ਭੇਤ ਖੋਲ੍ਹਣਾ, ਰਾਜ਼ ਜ਼ਾਹਰ ਕਰਨਾ।
پردہدر *ਪਰਦਾ-ਦਰ* : ਪਰਦਾ ਪਾੜਨ ਵਾਲਾ, ਕਾਮੀ, ਭੇਦ ਖੋਲਣ ਵਾਲਾ।
پردہدریدگی *ਪਰਦਾ-ਦਰੀਦਗੀ* : ਬੇਇੱਜ਼ਤੀ।
پردۂساز *ਪਰਦਾ-ਸਾਜ਼*: ਪਰਦੇ ਬਣਾਉਣ ਵਾਲਾ।
پردہسرا *ਪਰਦਾ-ਸਰਾ* : ਸ਼ਾਮਿਆਨਾ, ਗਵਈਆ, ਰਾਗੀ।
پردہشناس *ਪਰਦਾ-ਸ਼ਿਨਾਸ* : ਗਵਈਆ, ਸਿਆਣਾ, ਅਧਿਆਤਮਵਾਦੀ।
پردہفاش *ਪਰਦਾ-ਫ਼ਾਸ਼* : ਭੇਤ ਖੋਲ੍ਹਣ ਵਾਲਾ, ਧੋਖਾ ਦੇਣ ਵਾਲਾ।
پردہکش *ਪਰਦਾ-ਕਸ਼* : ਪਰਦਾ ਸੁੱਟਣਾ ਵਾਲਾ, ਪਰਦਾ ਖਿੱਚਣ ਵਾਲਾ।
پردہگاہ *ਪਰਦਾ-ਗਾਹ* : ਥੀਏਟਰ, ਰੰਗ ਮੰਚ।
پردہگلیم *ਪਰਦਾ ਗਲੀਮ* : ਇਕ ਪਰਕਾਰ ਦਾ ਕਾਲਾ ਕੱਪੜਾ ਜੋ ਚੋਰ ਆਦਿ ਰਾਤ ਨੂੰ ਪਾ ਕੇ ਨਿਕਲਦੇ ਹਨ, ਤਾਂ ਜੋ ਕੋਈ ਪਛਾਣ ਨਾ ਸਕੇ।
پردہنشین *ਪਰਦਾ-ਨਸ਼ੀਨ* : ਪਰਦੇ ਵਿਚ ਬੈਹਣ ਵਾਲੀ ਇਸਤਰੀ, ਲੁਕੀ ਹੋਈ ਵਸਤੂ, ਸੈਨਾਪਤੀ ਦੇ ਅਧੀਨ ਸਰਹਦੀ ਆਦਮੀ।
پردہنشینی *ਪਰਦਾ-ਨਸ਼ੀਨੀ* : ਤਿਆਗਮਈ ਜੀਵਨ ਬਤੀਤ ਕਰਨਾ, ਪਰਦੇ 'ਚ ਬੈਠਣਾ।
پردها *ਪਰਦਹਾ* : (ਪਰਦਹ پردہ ਦਾ ਬੌਹਵਚਨ) ਪਰਦੇ।
پرز *ਪੁਰਜ਼* : ਦਵਾਤ ਦਾ ਸੂਫ਼, ਚਾਦਰ।
پرزہ *ਪੁਰਜ਼ਾ* : ਟੁਕੜਾ, ਟੋਟਾ, ਲੀਰ, ਕਾਤਰ, ਦਵਾਤ ਦੀ ਸੂਫ਼।
پرس *ਪਰਸ* : ਕਿਸੇ ਚੀਜ਼ ਉਤੇ ਪਾਉਣ ਜਾਂ

ਲਟਕਾਉਣ ਦਾ ਪਰਦਾ।

پرسا *ਪੁਰਸਾ*, **پرسان** *ਪੁਰਸਾਨ* : ਪੁੱਛਣ ਵਾਲਾ, ਮਾਤਮ ਪੁਰਸੀ, ਅਫ਼ਸੋਸ ਕਰਨਾ।

پرسال *ਪਰਸਾਲ* : ਪਿਛਲਾ ਸਾਲ, ਪਾਰ ਸਾਲ।

پرستار *ਪ੍ਰਸਤਾਰ* : ਪੂਜਣ ਵਾਲਾ, ਪੁਜਾਰੀ, ਨੌਕਰ, ਸੇਵਾਦਾਰ, ਮਰੀਜ਼ ਦੀ ਦੇਖ ਭਾਲ ਕਰਨ ਵਾਲਾ।

پرستاران‌خیال *ਪ੍ਰਸਤਾਰਾਨ-ਏ-ਖ਼ਯਾਲ* : ਲੇਖਕ, ਕਵੀ, ਨਜੂਮੀ।

پرستن *ਪ੍ਰਸਤਨ* : ਪੂਜਣਾ, ਭਗਤੀ ਕਰਨਾ।

پرستش ਪ੍ਰਸਤਿਸ਼ : ਪੂਜਾ, ਭਗਤੀ, ਬੰਦਗੀ।

پرستش‌خانه *ਪ੍ਰਸਤਿਸ਼ ਖ਼ਾਨਾ*, **پرستشگاه** *ਪ੍ਰਸਤਿਸ਼ਗਾਹ* : ਪੂਜਾ ਘਰ।

پرستشگری *ਪ੍ਰਸਤਿਸ਼ਗਰੀ* : ਪੂਜਾ ਕਰਨਾ, ਭਗਤੀ ਕਰਨਾ।

پرستگاری *ਪ੍ਰਸਤਗਾਰੀ* : ਗੁਲਾਮੀ।

پرستنده *ਪ੍ਰਸਤੰਦਾ* : ਪੂਜਾ ਕਰਨ ਵਾਲਾ, ਭਗਤ।

پرسته *ਪ੍ਰਸਤਾ* : ਓਹ ਚੀਜ਼ ਜਿਸ ਦੀ ਪੂਜਾ ਕੀਤੀ ਜਾਵੇ।

پرسته *ਪਿਰਿਸਤਾ* : ਗੋਲੀ, ਬਾਂਦੀ, ਨੌਕਰਾਣੀ।

پرستیدن *ਪ੍ਰਸਤੀਦਨ* : ਪੂਜਣਾ, ਭਗਤੀ ਕਰਨਾ, ਸੇਵਾ ਕਰਨਾ।

پرسش *ਪੁਰਸਿਸ਼* : ਪੁੱਛਣਾ, ਪੁੱਛਗਿੱਛ; ਬੀਮਾਰਪੁਰਸੀ; ਮਾਤਮਪੁਰਸੀ।

پرسق *ਪੁਰਸੁਕ* : ਨਿਓਲਾ।

پرسم *ਪਰਸੁਮ* : ਰੋਟੀ ਦੇ ਪੇੜੇ ਨੂੰ ਲਾਉਣ ਵਾਲਾ ਸੁੱਕਾ ਆਟਾ ਤਾਂ ਜੋ ਓਹ ਵੇਲਿਆ ਜਾ ਸਕੇ, ਪਲੇਥਣ।

پرسه *ਪਰਸਾ* : ਗ਼ਰੀਬੀ, ਕੰਗਾਲੀ।

پرسه *ਪੁਰਸਾ* : ਹਾਲ ਪੁੱਛਣਾ, ਪੁੱਛਗਿੱਛ ਕਰਨਾ; ਮਾਤਮਪੁਰਸੀ, ਅਫ਼ਸੋਸ ਕਰਨਾ।

پرسه‌گاه *ਪੁਰਸਾਗਾਹ* : ਓਹ ਥਾਂ ਜਿਥੇ ਮਰੇ ਹੋਏ ਬਾਰੇ ਪੁੱਛਗਿੱਛ ਕੀਤੀ ਜਾਵੇ।

پرسیاوش *ਪਰਸਯਾਵੂਸ਼* : ਇਕ ਅਸਮਾਨੀ ਸ਼ਕਲ ਜੋ ਛੱਬੀ ਸਤਾਰਿਆਂ ਦੀ ਸਮੂਹ ਹੈ, ਅਰਬੀ ਵਿਚ ਉਸ ਨੂੰ 'ਰਾਸੁਲ ਗੂਲ' ਕੈਂਹਦੇ ਹਨ; ਇਕ ਘਾਹ ਵਰਗੀ ਦਵਾ ਦੀ ਬੂਟੀ ਜਿਸ ਦੀ ਡੰਡੀ ਪਤਲੀ ਕਾਲੀ ਹੁੰਦੀ ਹੈ ਤੇ ਪੱਤੇ ਹਰੇ ਹੁੰਦੇ ਹਨ।

پرسیاوشان *ਪਰਸਿਯਾਵੂਸ਼ਾਂ* : ਪਰਸਿਆਵੂਸ਼, ਦਵਾ ਦੀ ਬੂਟੀ, ਰਾਜ ਹੰਸ।

پرسیدن *ਪੁਰਸੀਦਨ* : ਪੁੱਛਣਾ।

پرسیدنی *ਪੁਰਸੀਦਨੀ* : ਪੁੱਛਣਯੋਗ।

پرش *ਪਰਿੱਸ਼* : ਉਡਣਾ, ਉਡਾਣ।

پرشکسته *ਪਰਸ਼ਕਿਸਤਾ* : ਟੁਟੇ ਹੋਏ ਖੰਭਾਂ ਵਾਲਾ, ਮਜਬੂਰ, ਬੇਬਸ।

پرشگال *ਪੁਰਸ਼ਿਗਾਲ* : ਬਰਸ਼ਗਾਲ, ਬੱਦਲ ਭਰਿਆ ਅਸਮਾਨ; ਵਰਖਾ ਰੁੱਤ।

پرشیر *ਪੁਰਸ਼ੀਰ* : ਦੁੱਧ ਦਾ ਭਰਿਆ ਹੋਇਆ।

پرطاس *ਪਰਤ਼ਾਸ* : ਤਾਤਾਰ ਦੇ ਇਕ ਸਥਾਨ ਦਾ ਨਾਮ; ਉਥੋਂ ਦੇ ਰੈਹਣ ਵਾਲੇ ਇਕ ਪੈਹਲਵਾਨ ਦਾ ਨਾਮ।

پرغول *ਪਰਗ਼ੂਲ* : ਅੱਧ-ਕੁੱਟੀ ਕਣਕ ਜਾਂ ਜੌਂ, ਜਾਂ ਕਣਕ ਦਾ ਦਲੀਆ, ਇਕ ਪਰਕਾਰ ਦਾ ਹਲਵਾ।

پرغونه *ਪਰਗ਼ੂਨਾ* : ਗੰਦਾ, ਕੋਝਾ, ਭੱਦਾ।

پرقازه *ਪਰਕਾਜ਼ਾ*: ਚਿਤਰਕਾਰਾਂ ਦੀ ਕਲਮ, ਬੁਰਸ਼, ਕੂਚੀ।

پرک *ਪਰਕ* : ਲੱਕੜਾਂ ਤੋੜਨ ਜਾਂ ਬਾਲਣ ਵੇਲੇ ਪੈਦਾ ਹੋਈ ਤਿੜਤਿੜ ਦੀ ਅਵਾਜ਼।

پرکار *ਪਰਕਾਰ* : ਲੋਹੇ ਆਦਿ ਦੀ ਦੋ-ਸ਼ਾਖੀ-ਕਲਮ ਜਿਸ ਨਾਲ ਗੋਲ ਦਾਇਰਾ ਬਣਾਇਆ ਜਾਂਦਾ ਹੈ, ਪਰਕਾਰ, ਵਡੀ ਪਰਕਾਰ; ਗੋਲ ਦਾਇਰਾ, ਚੱਕਰ; ਜ਼ਮਾਨਾ।

پرکار *ਪੁਰਕਾਰ* : ਚਲਾਕ, ਤੇਜ਼ ਤਰਾਰ, ਚਲਦਾ ਪੁਰਜ਼ਾ, ਕੰਮ ਵਿਚ ਹੁਸ਼ਿਆਰ; ਮੋਟਾ, ਗਾੜ੍ਹਾ, ਸੰਘਣਾ।

پرکاری *ਪੁਰਕਾਰੀ* : ਮੁਟਾਈ, ਗਾੜ੍ਹਾਪਣ, ਚਲਾਕੀ, ਹੁਸ਼ਿਆਰੀ।

پرکاره *ਪਰਕਾਰਾ* : ਟੁਕੜਾ।
پرکام *ਪਰਕਾਮ* : ਬੱਚਾ-ਦਾਨੀ।
پرکان *ਪਰਕਾਨ* : ਅਗਿਆਨ, ਜਹਾਲਤ; ਅਗਿਆਨ ਦੇ ਕਾਰਨ ਨਿਰੁੱਤਰ ਹੋਣਾ।
پرکاوش *ਪਰਕਾਵਿਸ਼* : ਰੁਖਾਂ ਦਾ ਛਾਂਗਣਾ, ਕਾਂਟ-ਛਾਂਟ।
پرکاه *ਪਰਕਾਹ (ਪਰ-ਏ-ਕਾਹ)*, پرکم *ਪਰ ਕਮ* : ਤੁੱਛ ਵਸਤੂ, ਤੀਲੇ ਬਰਾਬਰ।
پرگار *ਪਰਗਾਰ*, پرگاره *ਪਰਗਾਰਾ*, پرگال *ਪਰਗਾਲ* : ਵੇਖੋ ਪਰਕਾਰ।
پرگر *ਪਰਗਰ* : ਜੜਾਊ, ਹੱਸ ਜੋ ਪੁਰਾਣੇ ਸਮਿਆਂ ਵਿਚ ਬਾਦਸ਼ਾਹ ਤੇ ਮਹਾਰਾਜੇ ਗਲ ਵਿਚ ਵੀ ਪਾਉਂਦੇ ਸਨ; ਇਹ ਘੋੜੇ ਜਾਂ ਹਾਥੀ ਦੇ ਗਲ ਵਿਚ ਪਾਉਂਦੇ ਹਨ, ਜੜਾਊ ਕੰਠਾ।
پرگنه *ਪਰਗਨਾ* : ਜ਼ਿਲ੍ਹੇ ਦਾ ਇਕ ਹਿੱਸਾ, ਤੈਹਸੀਲ, ਇਲਾਕਾ ਇਤਰਾਂ ਤੇ ਸੁਗੰਧੀਆਂ ਦਾ ਮੁਰੱਕਬ, ਅਰਗਜਾ।
  پرگنه‌دار *ਪਰਗਨਾਦਾਰ* : ਪਰਗਨੇ ਦਾ ਹਾਕਮ।
پرگو *ਪੁਰਗੋ* : ਬੌਹਤ ਬੋਲਣ ਵਾਲਾ, ਬਕਵਾਸੀ, ਗਲਾਧੜ।
پرگوک *ਪਰਗੂਕ* : ਉੱਚੀ ਇਮਾਰਤ, ਅਟਾਰੀ, ਹਸਪਤਾਲ; ਸਰਾਂ।
پرگوهر *ਪੁਰ ਗੌਹਰ* : ਚੰਗੇ ਗੁਣਾਂ ਵਾਲਾ, ਬੁੱਧੀਮਾਨ, ਗੁਣਵਾਨ।
پرماس *ਪਰਮਾਸ* : ਜਾਣਨਾ, ਛੋਹਣਾ, ਹੱਥ ਲਾਉਣਾ; ਮੁਕਤ ਹੋਣਾ; ਖ਼ਲਾਸੀ ਹੋਣੀ; ਖ਼ਲਾਸੀ, ਮੁਕਤੀ।
پرمان *ਪਰਮਾਨ* : = ਫ਼ਰਮਾਨ, ਅਦੇਸ਼, ਹੁਕਮ।
پرماه *ਪਰਮਾਹ*, پرمه *ਪਰਮਾ* : ਲੱਕੜ ਆਦਿ ਵਿਚ ਛੇਕ ਕਰਨ ਵਾਲਾ ਸੰਦ, ਬਰਮਾ।
پرمگس *ਪਰ-ਏ-ਮਗਸ* : ਮੱਖੀ ਦਾ ਪਰ, ਇਕ ਸਾਜ਼ ਦਾ ਨਾਮ; ਇਕ ਪਰਕਾਰ ਦਾ ਹਥਿਆਰ; ਜੌਹਰਦਾਰ ਤਲਵਾਰ; ਇਕ ਪਰਕਾਰ ਦਾ ਬਰੀਕ ਰੇਸ਼ਮੀ ਕੱਪੜਾ।
پرمنش *ਪੁਰਮਨਿਸ਼* : ਵੱਡਾ; ਅਭਮਾਨੀ।
ਪਰਮੂ, ਪਰਮੂਜ਼, ਪਰਮੂਜ਼ : ਉਮੀਦ, ਆਸ; ਸ਼ੈਹਦ ਦੀ ਮੱਖੀ।
پرمی *ਪੁਰ-ਮਯ* : ਇਕ ਪਰਕਾਰ ਦਾ ਅੰਗੂਰ।
پرن *ਪਰਨ*, پرنا *ਪਰਨਾ* : ਵੇਖੋ ਪਰਵੀਨ ਸੱਤ ਸਹੇਲੀਆਂ ਦਾ ਝੁਮਕਾ; ਸੱਤ ਸਤਾਰਿਆਂ ਦਾ ਸਮੂਹ; ਚੰਦ ਦਾ ਇਕ ਗਰੈਹ।
پرنج *ਪਰੰਜ* : ਕਣਕ ਵਰਗਾ ਪਰ ਉਸ ਤੋਂ ਵੱਡਾ ਇਕ ਅਨਾਜ।
پرند *ਪਰੰਦ* : ਸੱਤ ਸਹੇਲੀਆਂ ਦਾ ਝੁਮਕਾ, ਰੇਸ਼ਮੀ ਚਾਦਰ; ਰੇਸ਼ਮੀ ਕੱਪੜਾ, ਤਾਜ਼ਾ ਉਗਿਆ ਹੋਇਆ ਸਬਜ਼ਾ; ਜੌਹਰਦਾਰ ਤਲਵਾਰ, ਸ਼ਾਹੀ ਝੰਡਾ।
پرنداخ *ਪਰੰਦਾਖ਼* : ਰੰਗਿਆ ਹੋਇਆ ਚਮੜਾ, ਬੱਕਰੇ ਦੀ ਖੱਲ।
پرندک *ਪਰੰਦਕ* : ਪਹਾੜੀ, ਪਹਾੜ ਦੀ ਟੀਸੀ।
پرندوار *ਪਰੰਦਵਾਰ*, پرندوش *ਪਰੰਦੋਸ਼* : ਪਿਛਲੀ ਰਾਤ; ਪਿਛਲੀ ਤੋਂ ਪਿਛਲੀ ਰਾਤ।
پرنده *ਪਰੰਦਾ, ਪਰਿੰਦਾ* : ਉੱਡਣ ਵਾਲਾ ਪੰਛੀ।
پرندین *ਪਰੰਦੀਨ* : ਰੇਸ਼ਮ ਦੀ ਬਣੀ ਹੋਈ ਕੋਈ ਚੀਜ਼।
پرنگ *ਫਿਰੰਗ* : ਤਲਵਾਰ ਦੀ ਚਮਕ, ਤਲਵਾਰ ਦਾ ਜੌਹਰ ; ਜੌਹਰਦਾਰ ਤਲਵਾਰ।
پرنم *ਪੁਰ ਨਮ* : ਨਮੀ ਨਾਲ ਭਰੀ । ਭਰਿਆ ਹੋਇਆ, ਸੱਜਲ, ਅੱਥਰੂਆਂ-ਭਰੀਆਂ ਅੱਖਾਂ।
پرنو *ਪਰਨੂ*, پرنون *ਪਰਨੂਨ* : ਕੱਢੀ ਹੋਈ ਸਿਲਕ, ਫੁਲਦਾਰ ਰੇਸ਼ਮੀ ਬਰੀਕ ਕੱਪੜਾ।
پرنیان *ਪਰਨਿਯਾਨ* : (ਪਰਨੂ پرنو ਦਾ ਸਮਾਨਾਰਥਕ) ਫੁਲਦਾਰ ਬਰੀਕ ਰੇਸ਼ਮ।
  پرنیان‌خوی *ਪਰਨਿਯਾਨ-ਖ਼ੁਯ* : ਖੁਸ਼-ਦਿਲ; ਦਿਲ ਵਾਲਾ।
  پرنیانی‌بنقش *ਪਰਨਿਯਾਨੀ-ਬਨਕਸ਼* : ਨੀਲੇ ਰੰਗ ਦਾ ਰੇਸ਼ਮ।
پرنیخ *ਪਰਨੀਖ਼* : ਪੱਥਰ ਜਾਂ ਸੰਗਮਰਮਰ ਦੀ ਸਿਲ।

پرنیش *ਪੁਰਨੀਸ਼* : ਵਿੱਡ-ਪੀੜ।

پروہ *ਪਰਵਾ* : ਸਬਰ, ਸੰਤੋਖ, ਅਰਾਮ, ਸੁਖ; ਸ਼ਕਤੀ; ਰੁਚੀ, ਪਰਤਪਾਲਨਾ; ਡਰ, ਕਬਜ਼ਾ, ਪਕੜ।

پروار *ਪਰਵਾਰ,* پروارہ *ਪਰਵਾਰਾ,* پرواری *ਪਰਵਾਰੀ* : ਮੋਟਾ ਤਾਜ਼ਾ, ਚਰਬੀ ਵਾਲਾ ਜਾਨਵਰ, ਜਿਸ ਨੂੰ ਘਰ ਵਿਚ ਖ਼ੂਬ ਖੁਆ ਪਿਆ ਕੇ ਪਾਲਿਆ ਜਾਂਵੇ; ਹਵਾਦਾਰ ਕਮਰਾ; ਚੁਬਾਰਾ, ਛੱਤ ਪਾਉਣ ਦੇ ਤਖ਼ਤੇ; ਰੋਗੀ ਦਾ ਪਿਸ਼ਾਬ; ਗਰਮੀਆਂ ਦਾ ਹਵਾਦਾਰ ਘਰ; ਖ਼ਜ਼ਾਨਾ।

پرواز *ਪਰਵਾਜ਼* : ਉੱਡਣਾ, ਉਡਾਣ, ਧਨ ਮਾਲ ਨਛਾਵਰ ਕਰਨਾ; ਅਕਸ, ਨੂਰ; ਪੰਛੀ ਦੇ ਬੈਠਣ ਦੀ ਥਾਂ; ਅਧਿਆਤਮਕ-ਸੰਸਾਰ ਦੀ ਸੈਰ।

پروازِچشم *ਪਰਵਾਜ਼-ਏ-ਚਸ਼ਮ* : ਅੱਖ ਦਾ ਫਰਕਣਾ।

پروازہ *ਪਰਵਾਜ਼ਾ* : ਓਹ ਖਾਣਾ ਜੋ ਸਫ਼ਰ, ਸੈਰ ਜਾਂ ਸ਼ਿਕਾਰ ਸਮੇਂ ਨਾਲ ਲਿਜਾਇਆ ਜਾਵੇ; ਤੋਸ਼ਾ, ਹਲੂਫ਼ਾ; ਸੁਹਾਗ-ਰਾਤ ਨੂੰ ਬਾਲੀ ਹੋਈ ਅੱਗ।

پرواس *ਪਰਵਾਸ* : ਹੱਥ ਨਾਲ ਮਲ਼ਣਾ; ਛੋਹ; ਜਾਣਨਾ; ਵੇਹਲ ਮਿਲਣਾ; ਮੁਕਤ ਹੋਣਾ; ਮੁਕਤੀ; ਵੇਹਲ, ਅਰਾਮ; ਡਰ।

پرواش *ਪਰਵਾਸ਼* : ਬੇਪਰਵਾਹ, ਗ਼ਾਫ਼ਲ, ਬੇਖ਼ਬਰ।

پرواک *ਪਰਵਾਕ,* پروگ *ਪਰਵਾਗ* : ਰਾਖਾ, ਚੌਕੀਦਾਰ।

پروان *ਪੁਰਵਾਨ* : ਰੇਸ਼ਮ ਲਾਹੁਣ ਦੀ ਚਰਖੀ।

پروانہ *ਪਰਵਾਨਾ,* پروانچہ *ਪਰਵਾਨਚਾ* : ਪਤੰਗਾ; ਉਡਣ ਵਾਲਾ ਕੀੜਾ, ਹਾਕਮ ਜਾਂ ਬਾਦਸ਼ਾਹ ਦਾ ਹੁਕਮ; ਆਗਿਆ-ਪੱਤਰ, ਸਨਦ।

پروانچی *ਪਰਵਾਨਚੀ* : ਪਰਵਾਨਾ ਲਿਖਣ ਵਾਲਾ।

پروانگی *ਪਰਵਾਨਗੀ* : ਹੁਕਮ, ਹੁਕਮਨਾਮਾ।

پروانجات *ਪਰਵਾਨਜਾਤ* : (ਪਰਵਾਨਾ پروانہ ਦਾ ਬੌਹਵਚਨ) ਹੁਕਮਨਾਮੇ, ਅਦੇਸ਼, ਆਗਿਆ ਪੱਤਰ।

پروانک *ਪਰਵਾਨਕ* : ਇਕ ਨਿਕਾ ਜੇਹਾ ਜਾਨਵਰ ਜੇਹੜਾ ਸ਼ੇਰ ਦੇ ਅੱਗੇ ਅੱਗੇ ਚੱਲ ਕੇ ਅਵਾਜ਼ ਦਿੰਦਾ ਜਾਂਦਾ ਹੈ ਤਾਂ ਜੋ ਦੂਜੇ ਜਾਨਵਰਾਂ ਨੂੰ ਸ਼ੇਰ ਦੀ ਆਮਦ ਦਾ ਪਤਾ ਲੱਗ ਜਾਵੇ; ਲਸ਼ਕਰ ਦੇ ਅੱਗੇ ਅੱਗੇ ਚੱਲਣ ਵਾਲਾ।

پروبال *ਪਰ-ਓ-ਬਾਲ,* پروپای *ਪਰ-ਓ-ਪਾਯ* : ਪੰਛੀ ਦੇ ਉੱਡਣ ਦੇ ਖੰਭ, ਸਮਰਥਾ।

پرور *ਪਰਵਰ* : ਕੱਪੜੇ ਦਾ ਸੰਜਾਫ਼।

پروردن *ਪਰਵਰਦਨ,* پروریدن *ਪਰਵਰੀਦਨ* : ਪਾਲਣਾ, ਪਰਵਰਸ਼ ਕਰਨਾ।

پروردکار *ਪਰਵਰਦਕਾਰ,* پروردگار *ਪਰਵਰਦਗਾਰ* : ਪਰਵਰਸ਼ ਕਰਨ ਵਾਲਾ, ਪਾਲਣਹਾਰ।

پروردگی *ਪਰਵਰਦਗੀ,* پروردنی *ਪਰਵਰਦਨੀ* : ਪਾਲਣ ਪੋਸ਼ਣ ਕਰਨਾ; ਖ਼ੁਰਾਕ।

پروردہ *ਪਰਵਰਦਾ* : ਪਾਲਿਆ ਹੋਇਆ, ਜਿਸ ਦੀ ਪਰਵਰਸ਼ ਕੀਤੀ ਗਈ ਹੋਵੇ।

پرورش *ਪਰਵਰਿਸ਼* : ਪਾਲਣ ਪੋਸਣ।

پرورش آموختہ *ਪਰਵਰਿਸ਼-ਆਮੋਖ਼ਤਾ,* پرورش آموز *ਪਰਵਰਿਸ਼-ਆਮੋਜ਼* : ਨਬੀ, ਵਲੀ, ਕਵੀ, ਉਸਤਾਦ, ਅਧਿਆਪਕ, ਸਿਖਿਆ ਦੇਣ ਵਾਲਾ, ਗੁਰੂ, ਮੁਰਸ਼ਦ: ਧਰਮ-ਜੁਧ ਵਿਚ ਰੁਝਿਆ ਹੋਇਆ; ਰੱਬ, ਖ਼ੁਦਾ।

پروش *ਪਰੋਸ਼,* پروش *ਪਰਵਸ਼* : ਪਿੱਤ ਦੇ ਦਾਣੇ ਜੋ ਸਰੀਰ ਉਤੇ ਨਿਕਲ ਆਉਂਦੇ ਹਨ ਤੇ ਓਹਨਾਂ ਕਾਰਨ ਖ਼ੁਰਕ ਹੁੰਦੀ ਹੈ, ਪਿੱਤ।

پرون *ਪਰਵਨ* : (ਪਰਵਾਨ پروان ਦਾ ਸੰਖਿਪਤ ਰੂਪ) ਰੇਸ਼ਮ ਲਾਹੁਣ ਦੀ ਚਰਖ਼ੀ।

پروندہ *ਪਰਵੰਦਾ, ਪਰੂੰਦਾ* : ਕੱਪੜਿਆਂ ਦੀ ਗੰਢ, ਗਠੜੀ, ਬੁਚਕਾ।

پرویز *ਪਰਵੇਜ਼* : ਵਿਜੇਤਾ, ਸਫਲ, ਪਰਵੀਣ, ਸੱਤ ਤਾਰੇ; ਸਾਹਸ; ਖੁਲ੍ਹ ਦਿਲੀ; ਪਰਦਰਸ਼ਨੀ, ਮਟਕ ਵਾਲੀ ਚਾਲ; ਮੱਛੀ; ਛਾਣਨੀ।

پرویز ***ਪਰਵੇਜ਼*** : ਈਰਾਨ ਦੇ ਵੱਡੇ ਰੁਅਬਦਾਬ ਤੇ ਰੂਪ ਜਮਾਲ ਵਾਲੇ ਬਾਦਸ਼ਾਹ ਖ਼ੁਸਰੋ ਪਰਵੇਜ਼ ਦਾ ਨਾਮ ਜੋ ਹਰਮੁਜ਼ ਦਾ ਬੇਟਾ ਤੇ ਨੌਸ਼ੀਰਵਾਨ ਦਾ ਪੋਤਰਾ ਸੀ, ਫ਼ਰਹਾਦ ਦੀ ਪਰੇਮਕਾ ਸ਼ੀਰੀਂ ਇਸੇ ਬਾਦਸ਼ਾਹ ਦੀ ਮਲਕਾ ਸੀ।

پرویزِفلک ***ਪਰਵੇਜ਼-ਏ-ਫ਼ਲਕ*** : ਸੂਰਜ।

پرویزن ***ਪਰਵੇਜ਼ਨ*** : ਛਾਣਨੀ।

پروین ***ਪਰਵੀਨ*** : ਸੱਤ ਸਹੇਲੀਆਂ (ਤਾਰਿਆਂ) ਦਾ ਝੁਮਕਾ, ਮੋਤੀ।

پروین جبین ***ਪਰਵੀਨ-ਜਬੀਨ*** : ਪਰਵੀਨ ਦੇ ਮੱਥੇ ਵਰਗਾ, ਮਸ਼ੂਕ, ਸੋਹਣਾ।

پره ***ਪੱਰਾ*** : ਸਫ਼, ਬਾਹੀ (ਫ਼ੌਜ ਦੀ), ਪਾਸਾ, ਸੱਜਾ, ਖੱਬਾ, ਫ਼ੌਜ ਦੀ ਸਫ਼-ਬੰਦੀ; ਘੇਰਾ; ਹਰ ਚੀਜ਼ ਦਾ ਕੰਢਾ, ਪੱਖਾ, ਅਸਮਾਨ; ਜੰਦਰੇ ਦਾ ਇਕ ਭਾਗ, ਸਪੇਦਾ।

پرهٔ آسیا ***ਪੱਰਾ-ਏ-ਆਸੀਯਾ*** : ਪਣਚੱਕੀ ਦਾ ਫੱਰਾ ਜਿਸ ਤੇ ਪਾਣੀ ਡਿੱਗਣ ਨਾਲ ਓਹ ਘੁੰਮਦਾ ਹੈ ਤੇ ਚੱਕੀ ਚੱਲਦੀ ਹੈ।

پرهٔ بینی ***ਪੱਰਾ-ਏ-ਬੀਨੀ*** : ਨਾਸਾਂ ਦਾ ਵਿਚਕਾਰਲਾ ਪਰਦਾ।

پرهٔ چرخ ***ਪੱਰਾ-ਏ-ਚਰਖ਼*** : ਚਰਖ਼ੀ ਦਾ ਪੱਖਾ, ਪੱਖਾ, ਫ਼ਿਰਕੀ।

پرهٔ گل ***ਪੱਰਾ-ਏ-ਗੁਲ*** : ਫੁੱਲਾਂ ਦੀ ਕਤਾਰ।

پرهیز ***ਪਰਹੇਜ਼*** : ਬਚਾ; ਬਚਣਾ; ਫ਼ਿਕਰ; ਅਯੋਗ ਚੀਜ਼ਾਂ ਤੋਂ ਦੂਰ ਰੈਹਣਾ।

پرهیزگار ***ਪਰਹੇਜ਼ਗਾਰ*** : ਬਚਣ ਵਾਲਾ, ਅਯੋਗ ਚੀਜ਼ਾਂ ਤੋਂ ਦੂਰ ਰੈਹਣ ਵਾਲਾ, ਨੇਕ, ਪਾਕ।

پرهیزگاری ***ਪਰਹੇਜ਼ਗਾਰੀ*** : ਬਚਾ।

پری ***ਪਰੀ*** : ਉੱਡਣ ਵਾਲੀ ਔਰਤ, ਅਤ ਸੁੰਦਰ, ਪਰਸੋਂ।

پری آمدن ***ਪਰੀ ਆਮਦਨ*** : ਪਰੀ ਦਾ ਪਰਛਾਵਾਂ ਹੋਣਾ।

پری افسای ***ਪਰੀ ਅਫ਼ਸਾਯ*** : ਮੰਤਰ ਜਾਣਨ ਵਾਲਾ।

پری بند ***ਪਰੀਬੰਦ*** : ਇਕ ਗੈਹਣਾ, ਬਾਜ਼ੂਬੰਦ; ਕੁਸ਼ਤੀ ਦਾ ਇਕ ਦਾਅ; ਬੱਚਿਆਂ ਦੇ ਪੈਰ ਦਾ ਗੈਹਣਾ।

پری پیکر ***ਪਰੀ-ਪੈਕਰ,*** **پری چهره** ***ਪਰੀ ਚਿਹਰਾ,*** **پری رو** ***ਪਰੀ-ਰੂ,*** **پری طلعت** ***ਪਰੀ ਤਲਅਤ,*** **پری وش** ***ਪਰੀ-ਵਸ਼*** : ਪਰੀ ਦੇ ਮੁਖ ਵਰਗਾ, ਸੋਹਣਾ, ਅਤ ਸੁੰਦਰ, ਮੈਹਬੂਬ, ਮਸ਼ੂਕ, ਪਰੀ ਜੇਹੀ।

پری خوان ***ਪਰੀ-ਖ਼੍ਵਾਨ*** : ਪਰੀਆਂ ਜਿੰਨਾਂ ਨੂੰ ਅਧੀਨ ਰੱਖਣ ਵਾਲਾ, ਮੰਤਰ ਜਾਣਨ ਵਾਲਾ; ਭੂਤ।

پری گرفته ***ਪਰੀ-ਗਿਰਿਫ਼ਤਾ*** : ਜਿਸ ਨੂੰ ਭੂਤ ਪਰੇਤ ਚਿੰਬੜਿਆ ਹੋਵੇ; ਭੂਤ ਲਾਹੁਣ ਵਾਲਾ; ਜਿਸ ਅਧੀਨ ਜਿੰਨ ਪਰੀਆਂ ਹੋਣ।

پریر ***ਪਰੀਰ,*** **پری روز** ***ਪਰੀ ਰੂਜ਼*** : ਪਰਸੋਂ।

پری سال ***ਪਰੀ ਸਾਲ,*** **پریر سال** ***ਪਰੀਰ ਸਾਲ*** : ਪਿਛਲੇ ਤੋਂ ਪਿਛਲਾ ਸਾਲ, ਪਰਾਰ।

پریز ***ਪਰੇਜ਼*** : ਫ਼ਰਿਆਦ, ਪੁਕਾਰ; ਛਾਣਨੀ; ਨਦੀ ਜਾਂ ਤਲਾਅ ਦੇ ਕੰਢੇ ਉੱਗਿਆ ਸਬਜ਼ਾ, ਹਰਿਆਲੀ।

پریشان ***ਪਰੇਸ਼ਾਨ,*** ***ਪਰੀਸ਼ਾਨ*** : ਖਿੰਡਿਆ-ਪੁੰਡਿਆ, ਬਿਖਰਿਆ ਹੋਇਆ; ਪੀੜਾ-ਗਰਸਤ, ਭੈੜੇ ਹਾਲ, ਹੈਰਾਨ, ਚਿੰਤਾਤੁਰ।

پریشان حال ***ਪਰੇਸ਼ਾਨ ਹਾਲ*** : ਤੰਗ-ਹਾਲ, ਗ਼ਰੀਬ, ਬੇਰੋਜ਼ਗਾਰ।

پریشان خاطر ***ਪਰੇਸ਼ਾਨ ਖ਼ਾਤਿਰ,*** **پریشان دل** ***ਪਰੇਸ਼ਾਨ ਦਿਲ*** : ਉਦਾਸ, ਫ਼ਿਕਰਮੰਦ, ਉਚਾਟ।

پریشانی ***ਪਰੇਸ਼ਾਨੀ*** : ਹੈਰਾਨੀ; ਖਿੰਡਾਰ।

پژآسمان ***ਪਜ਼-ਆਸਮਾਨ*** : ਨੌਵਾਂ ਅਸਮਾਨ।

پژدک ***ਪਜ਼ਦਕ*** : ਓਹ ਕੀੜਾ ਜੋ ਕਣਕ ਨੂੰ ਲੱਗ ਜਾਂਦਾ ਹੈ, ਸੁਸਰੀ।

پژشک ***ਪਜ਼ਸ਼ਕ*** : ਵੈਦ, ਹਕੀਮ, ਜੱਰਾਹ।

پژ ***ਪਜ਼*** : ਪਹਾੜ, ਮੈਲ, ਪੀਪ, ਨੀਵੀਂ ਧਰਤ, ਨਿਵਾਣ, ਉੱਚੀ ਜ਼ਮੀਨ, ਉਚਾਣ; ਪੁਰਾਣਾ।

پزشکی *ਪਜ਼ਸ਼ਕੀ* : ਵੈਦਗੀ, ਜੱਰਾਹੀ।

پژان *ਪਜ਼ਾਦ* : ਵੱਡੀ ਉਮਰ ਦਾ, ਬੁੱਢਾ।

پژمرده *ਪਜ਼ਮੁਰਦਾ* : ਕੁਮਲਾਇਆ ਹੋਇਆ, ਮੁਰਝਾਇਆ ਹੋਇਆ; ਉਦਾਸ।

پژموی *ਪਜ਼ਮੂਜ* : ਮਾਤਾ-ਮੂੰਹਾ।

پژنگار *ਪਜ਼ੰਗਾਰ*, **پژنگر** *ਪਜ਼ੰਗਰ* : ਲੁਹਾਰ, ਤਰਖਾਣ, ਚਮਰੰਗ, ਖਟੀਕ।

پژوم *ਪਜ਼ੂਮ* : ਫ਼ਕੀਰ, ਦਰਵੇਸ਼, ਗ਼ਰੀਬ।

پژوهیدن *ਪਿਜ਼ੂਹੀਦਨ* : ਖੋਜ ਲਾਉਣਾ, ਭਾਲਣਾ, ਸੂਹ ਲਾਉਣੀ।

پژوهش *ਪਿਜ਼ੂਹਿਸ਼* : ਭਾਲ, ਖੋਜ, ਖੋਜ ਲਾਉਣਾ, ਸੂਹ ਕਢਣੀ।

پژوهنده *ਪਿਜ਼ੋਹੰਦਾ* : ਸੂਹ ਕੱਢਣ ਵਾਲਾ, ਖੋਜੀ, ਜਸੂਸ।

پس *ਪਸ* : ਤਦੋਂ; ਤਾਂ, ਤਾਂ ਤੇ, ਇਸ ਲਈ, ਪਿਛੇ, ਇਸ ਤੋਂ ਛੁਟ; ਅਖ਼ੀਰ, ਅੰਤ ਨੂੰ; ਪਰ, ਹਰ ਹਾਲਤ ਵਿਚ, ਤਾਂ ਵੀ।

پساچین *ਪਸਾਚੀਨ* : ਓਹ ਫੁੱਲ ਜੋ ਬਾਗ਼ ਵਿਚੋਂ ਸਭ ਤੋਂ ਪਿਛੋਂ ਤੋੜਿਆ ਜਾਵੇ।

پسادست *ਪਸਾਦਸਤ* : ਹੱਥ ਉਧਾਰ; ਉਧਾਰ ਸੌਦਾ ਲੈਣ ਵਾਲਾ।

پس‌افتاده *ਪਸ-ਉਫ਼ਤਾਦਾ* : ਜਮ੍ਹਾ ਕੀਤਾ ਹੋਇਆ ਧਨ, ਪੂੰਜੀ, ਭੰਡਾਰ।

پس‌افگنده *ਪਸ-ਅਫ਼ਗੰਦਾ* : ਸਾਥੀਆਂ ਤੋਂ ਪਿਛੇ ਰੈਹ ਜਾਣ ਵਾਲਾ, ਪਿੱਛੇ ਛਡਿਆ ਧਨ ਮਾਲ, ਜ਼ਖ਼ੀਰਾ; ਜਾਨਵਰਾਂ ਦਾ ਗੋਹਾ, ਪੰਛੀਆਂ ਦੀ ਵਿੱਠ।

پس‌انداز *ਪਸ-ਅੰਦਾਜ਼* : ਬਚਾਇਆ ਹੋਇਆ; ਬਚਿਆ ਹੋਇਆ, ਜੋੜਿਆ ਹੋਇਆ ਮਾਲ; ਲਾਭ।

پس‌آورده *ਪਸ-ਆਵਰਦਾ*, **پس‌آهنگ** *ਪਸ-ਆਹੰਗ* : ਪਿਛਲੱਗ, ਪੈਹਲੇ ਪਤੀ ਦਾ ਪੁੱਤਰ, ਓਹ ਫ਼ੌਜ ਜੋ ਪਿਛੇ ਰੈਂਹਦੀ ਹੈ, ਤੁਰਕੀ ਵਿਚ ਇਸ ਨੂੰ 'ਚੰਦਾਵਲ' ਕੈਂਹਦੇ ਹਨ।

پس‌بند *ਪਸਬੰਦ* : ਥੰਮ੍ਹ।

پس‌خورده *ਪਸ-ਖ਼ੁਰਦ* : ਛਡਿਆ ਹੋਇਆ ਖਾਣਾ, ਜੂਠ।

پس‌رو *ਪਸ-ਰੌ* : ਪਿਛੇ ਚੱਲਣ ਵਾਲਾ, ਪੈਰੋਕਾਰ।

پس‌شام *ਪਸ-ਏ-ਸ਼ਾਮ* : ਰੋਜ਼ਿਆਂ ਵਿਚ ਸਰਘੀ ਖਾਣਾ।

پس‌فردا *ਪਸ-ਏ-ਫ਼ਰਦਾ* : ਪਰਸੋਂ (ਆਉਣ ਵਾਲੀ)।

پس‌کوچه *ਪਸ ਕੂਚਾ* : ਅੰਦਰ ਦੀ ਗਲੀ।

پست *ਪਸਤ* : ਨੀਵਾਂ, ਕਮੀਨਾ, ਜ਼ਲੀਲ; ਥੋੜੀ ਹਿੰਮਤ ਵਾਲਾ; ਕੰਜੂਸ।

پست‌آواز *ਪਸਤ-ਆਵਾਜ਼* : ਧੀਮੀ ਤੇ ਨੀਵੀਂ ਅਵਾਜ਼ ਵਾਲਾ; ਗ਼ੈਰ-ਅਬਾਦ ਜਗ੍ਹਾ; ਪੱਧਰੀ ਧਰਤ।

پست‌قد *ਪਸਤ-ਕ਼ਦ* : ਛੋਟੇ ਕੱਦ ਵਾਲਾ, ਠਿੰਗਣਾ।

پستی *ਪਸਤੀ* : ਨਿਵਾਣ, ਕਮੀਨਾਪਣ, ਪਤਨ, ਗਿਰਾਵਟ।

پستان *ਪਿਸਤਾਨ* : ਥਣ, ਚੂਚੀ, ਔਰਤ ਦੀ ਛਾਤੀ।

پستان‌سیاه *ਪਿਸਤਾਨ-ਏ-ਸਿਯਾਹ* : ਜਦ ਬੱਚੇ ਨੂੰ ਦੁੱਧ ਛੁਡਾਉਣਾ ਹੁੰਦਾ ਹੈ ਤਾਂ ਮਾਂਵਾਂ ਆਪਣੀਆਂ ਛਾਤੀਆਂ 'ਤੇ ਕਾਲੇ ਰੰਗ ਦੀ ਕੋਈ ਚੀਜ਼ ਲਾ ਦਿੰਦੀਆਂ ਹਨ, ਜਿਸ ਨੂੰ ਵੇਖ ਕੇ ਬੱਚਾ ਡਰ ਜਾਂਦਾ ਹੈ ਤੇ ਦੁੱਧ ਨਹੀਂ ਪੀਂਦਾ।

پسته *ਪਿਸਤਾ* : ਹਰੇ ਰੰਗ ਦਾ ਇਕ ਪਰਸਿੱਧ ਮੇਵਾ।

پسته‌دهان *ਪਿਸਤਾ ਦਹਾਨ* : ਤੰਗ ਮੂੰਹ ਵਾਲਾ, ਮਸ਼ੂਕ, ਮੈਹਬੂਬ।

پسر *ਪਿਸਰ* : ਬੇਟਾ, ਪੁੱਤਰ, ਲੜਕਾ।

پسرزاده *ਪਿਸਰਜ਼ਾਦਾ* : ਪੁੱਤਰ ਦਾ ਪੁੱਤਰ, ਪੋਤਰਾ।

پسری *ਪਿਸਰੀ* : ਮਤੇਆ ਪੁੱਤਰ।

پسریچه *ਪਿਸਰੀਚਾ* : ਬਦਚਲਨ ਲੜਕੇ, ਕਮੀਨੇ ਲੋਕ।

پسند *ਪਸੰਦ* : ਆਪਣੀ ਖ਼ੁਸ਼ੀ, ਮਰਜ਼ੀ, ਮਨਭਾਉਂਦੀ ਚੀਜ਼, ਦਿਲ ਨੂੰ ਚੰਗੀ ਲੱਗਣ ਵਾਲੀ

ਸ਼ੈ, ਚੁਣੀ ਹੋਈ; ਪਰਵਾਨਤ।

پسندر *ਪੁਸੰਦਰ*, **پسندر** *ਪਿਸੰਦਰ* : ਮਰਦ ਜਾਂ ਇਸਤਰੀ ਦਾ ਪਿਛਲਗ ਪੁੱਤਰ।

پسندره *ਪਿਸੰਦਰਾ*, **پسندره** *ਪੁਸੰਦਰਾ* : ਹਰਾਮ ਦਾ, ਹਰਾਮੀ।

پسندیده *ਪਸੰਦੀਦਾ* : ਪਸੰਦ ਕੀਤਾ ਹੋਇਆ, ਚੁਣਿਆ ਹੋਇਆ, ਛਾਂਟਿਆ ਹੋਇਆ, ਪਰਵਾਨ ਕੀਤਾ ਹੋਇਆ, ਚੰਗਾ, ਸੋਹਣਾ।

پسندیده‌خصال *ਪਸੰਦੀਦਾ-ਖ਼ਿਸਾਲ* : ਚੰਗੇ ਚਲਨ ਤੇ ਗੁਣਾਂ ਵਾਲਾ।

پسندیده‌رای *ਪਸੰਦੀਦਾ-ਰਾਯ* : ਜਿਸ ਦੀ ਸੰਮਤੀ ਮੰਨੀ ਜਾਵੇ।

پسندیده‌رو *ਪਸੰਦੀਦਾ ਰੌ*, **پسندیده کار** *ਪਸੰਦੀਦਾ ਕਾਰ* : ਨੇਕ ਚਲਨ, ਚੰਗੇ ਨੇਕ ਕੰਮ ਕਰਨ ਵਾਲਾ, ਨ਼ੇਕ।

پس‌وپیش *ਪਸ-ਉ-ਪੇਸ਼* : ਅੱਗਾ-ਪਿੱਛਾ; ਸੋਚ ਵਿਚਾਰ, ਸੰਕੋਚ; ਚੰਗਾ-ਮਾੜਾ, ਊਚ-ਨੀਚ।

پسیج *ਪਸੀਜ* : ਤਿਆਰੀ, ਨਿਸਚਾ।

پسین *ਪਸੀਨ* : ਪਿਛਲਾ, ਅੰਤਮ, ਅਸਲੋਂ ਨਵਾਂ, ਹੁਣੇ ਦਾ।

پش *ਪਸ਼* : ਘੋੜੇ ਦੇ ਵਾਲ, ਘੋੜੇ ਦੀ ਧੌਣ ਦੇ ਵਾਲ; ਪਗੜੀ ਦਾ ਤੁੱਰਾ, ਮਿਸਾਲ, ਰੱਦੀ, ਭੈੜਾ, ਕਮੀਨਾ।

پش *ਪਿਸ਼* : (ਪੇਸ਼ **پیش** ਦਾ ਸੰਖਿਪਤ ਰੂਪ) ਅੱਗੇ।

پش *ਪੁਸ਼* : ਉੱਲੂ, ਚੁਗ਼ਦ।

پشام *ਪਸ਼ਾਮ* : ਕਾਲੇ ਰੰਗ ਵਾਲਾ, ਕਾਲਾ।

پشان *ਪੱਸ਼ਾਨ* : ਗੁਰਜ।

پشت *ਪੁਸ਼ਤ* : ਪਿੱਠ, ਲੱਕ, ਪਿੱਛਾ, ਪਿਛਾੜੀ, ਮਦਦ, ਸਹਾਇਤਾ, ਸਹਾਰਾ, ਸ਼ਰਨ; ਨਸਲ, ਪੀੜ੍ਹੀ, ਖ਼ਾਨਦਾਨ; ਸ਼ਕਤੀ, ਜੋ ਚੀਜ਼ ਸ਼ਰਾਬ ਦੇ ਨਸ਼ੇ ਨੂੰ ਤੇਜ਼ ਕਰਨ ਲਈ ਮਿਲਾਈ ਜਾਵੇ; ਤਲਵਾਰ ਦਾ ਫਲ।

پشتاپشت *ਪੁਸ਼ਤਾ-ਪੁਸ਼ਤ* : ਪਿੱਠ ਨਾਲ ਪਿੱਠ (ਜੋੜਦੇ ਹੋਏ); ਕਈ ਪੁਸ਼ਤਾਂ ਤੋਂ।

پشت‌بام *ਪੁਸ਼ਤੇ-ਏ-ਬਾਮ* : ਛੱਤ ਉਪਰਲੀ ਚੌੜੀ ਥਾਂ।

پشت‌بست *ਪੁਸ਼ਤ-ਬਸਤ* : ਝੋਲੀ ਜੋ ਕੰਬਲ ਆਦਿ ਦੀ ਬਣਾ ਕੇ ਕਿਸਾਨ ਪਿੱਠ ਪਿੱਛੇ ਸੁੱਟ ਲੈਂਦੇ ਹਨ।

پشت‌به‌پشت *ਪੁਸ਼ਤ-ਬ-ਪੁਸ਼ਤ*, **پشت‌درپشت** *ਪੁਸ਼ਤ-ਦਰ-ਪੁਸ਼ਤ* : ਪੀੜ੍ਹੀਓ ਪੀੜ੍ਹੀ।

پشت‌پای *ਪੁਸ਼ਤ-ਪਾਯ* : ਹੀਜੜਾ, ਖ਼ੁਸਰਾ।

پشت‌پناه *ਪੁਸ਼ਤ-ਪਨਾਹ*, **پشت و پناه** *ਪੁਸ਼ਤ-ਉ-ਪਨਾਹ* : ਸਹਾਇਤਾ ਕਰਨ ਵਾਲਾ, ਮਦਦਗਾਰ, ਸਹਾਇਕ।

پشت‌پناهی *ਪੁਸ਼ਤ-ਪਨਾਹੀ* : ਸਹਾਇਤਾ, ਮਦਦ।

پشت‌خار *ਪੁਸ਼ਤਖ਼ਾਰ* : ਖਰਖਰਾ; ਹੱਡੀ, ਸਿੰਙ ਜਾਂ ਹਾਥੀ ਦੰਦ ਦੀ ਸੋਟੀ ਜਿਸ ਨਾਲ ਪਿੱਠ ਖੁਰਕਦੇ ਹਨ।

پشت‌خم *ਪੁਸ਼ਤ-ਖ਼ਮ*, **پشت‌کوز** *ਪਸ਼ਤ-ਕੂਜ* : ਕੁੱਬਾ।

پشت‌دار *ਪੁਸ਼ਤਦਾਰ* : ਸਹਾਇਕ, ਮਦਦਗਾਰ।

پشت‌سر *ਪਸ਼ਤ-ਏ-ਸਰ* : ਗੱਦੀ; ਗ਼ੈਰ ਹਾਜ਼ਰੀ ਵਿਚ।

پشت‌گانی *ਪੁਸ਼ਤਗਾਨੀ* : ਵਜ਼ੀਫ਼ਾ, ਪੈਨਸ਼ਨ।

پشت‌گرمی *ਪੁਸ਼ਤ-ਗਰਮੀ* : ਸਹਾਇਤਾ, ਮਦਦ, ਬਲ, ਤਾਕਤ।

پشت‌لنگ *ਪੁਸ਼ਤ-ਏ-ਲੰਗ* : ਐਬਦਾਰ, ਦਾਗੀ; ਨਾਕਸ, ਫ਼ਜ਼ੂਲ।

پشت‌ماره *ਪੁਸ਼ਤ-ਏ-ਮਾਜ਼ਾ* : ਰੀੜ੍ਹ ਦੀ ਹੱਡੀ।

پشت‌ماهی *ਪੁਸ਼ਤ-ਏ-ਮਾਹੀ* : ਰਾਤ, ਮੱਛੀ ਦੀ ਪਿੱਠ।

پشتوان *ਪੁਸ਼ਤਵਾਨ* : ਸਹਾਇਕ,

ਮਦਦਗਾਰ।

پشتواره *ਪੁਸ਼ਤਵਾਰਾ* : ਗੰਢ, ਗੰਢੜੀ, ਪਿੱਠ ਤੇ ਚੁੱਕਣ ਵਾਲੀ ਗਠੜੀ।

پشته *ਪੁਸ਼ਤਾ* : ਟਿੱਲਾ, ਬੰਸ, ਬੰਨ੍ਹਾ, ਓਹ ਚਮੜਾ ਜਿਸ ਨਾਲ ਕਿਤਾਬ ਦੀ ਪੁਸ਼ਤ (ਪਿੱਠ) ਜੋੜੀ ਜਾਂਦੀ ਹੈ।

پشته‌بندی *ਪੁਸ਼ਤਾਬੰਦੀ* : ਬੰਨ੍ਹ ਮਾਰਨਾ, ਕੰਧ ਜਾਂ ਕੰਢੇ ਨੂੰ ਮਜ਼ਬੂਤ ਬਣਾਉਣਾ।

پشتی *ਪੁਸ਼ਤੀ* : ਪਕਿਆਈ; ਮਦਦਗਾਰ, ਸਹਾਇਕ, ਸਹਾਰਾ, ਤਰਫ਼ਦਾਰੀ, ਟੇਕ, ਪਿਠ ਨੂੰ ਗਰਮ ਰਖਣ ਵਾਲਾ ਕੱਪੜਾ; ਸੁਰੱਖਿਆ, ਨਿਮ ਦਾ ਮੁੱਢ ਜਾਂ ਤਣਾ।

پشتیبان *ਪੁਸ਼ਤੀਬਾਨ,* **پشتیمان** *ਪੁਸ਼ਤੀਮਾਨ,* **پشتیوان** *ਪੁਸ਼ਤੀਵਾਨ* : ਮਦਦਗਾਰ, ਸਹਾਇਕ; ਸਹਾਰਾ ਦੇਣ ਵਾਲਾ; ਥੰਮ੍ਹ।

پشک *ਪਸ਼ਕ* : ਤਰੇਲ।

پشک *ਪੁਸ਼ਕ* : ਮੇਂਗਣ, ਮਰਤਬਾਨ, ਮਟਕੀ; ਇਕ ਰੁੱਖ ਦਾ ਨਾਮ।

پشک *ਪਸ਼ੱਕ* : ਲਾਟਰੀ ਪਾਉਣਾ ਜਾਂ ਕੱਢਣਾ।

پشکال *ਪੁਸ਼ਕਾਲ* : (= ਬਰਸ਼ਕਾਲ **برشکال**) ਬਰਖਾ।

پشکر *ਪਸ਼ਕਰ,* **پشکره** *ਪਸ਼ਕਰਾ,* **پشکل** *ਪਸ਼ਕਲ,* **پشکله** *ਪਸ਼ਕਲਾ*: ਹਿਰਨ, ਭੇਡ, ਬੱਕਰੀ ਆਦਿ ਦੀ ਮੀਂਗਣ।

پشم *ਪਸ਼ਮ* : ਉਨ, ਵਾਲ, ਗੁਪਤ ਅੰਗ ਦੇ ਉਪਰਲੇ ਵਾਲ; ਝਾਂਟ, ਝੂੰਹ; ਤੁੱਛ, ਬੇ-ਹਕੀਕਤ, ਕਮ ਅਸਲ, ਕਮੀਨਾ, ਫ਼ਜ਼ੂਲ, ਨਿਕੰਮਾ।

پشم‌درکلاه‌داشتن *ਪਸ਼ਮ ਦਰ ਕੁਲਾਹ ਦਾਸ਼ਤਨ* : ਇੱਜ਼ਤ ਮਾਣ ਕਰਨਾ, ਦੌਲਤ ਦਾ ਘਮੰਡ ਕਰਨਾ।

پشم‌دوات *ਪਸ਼ਮ-ਏ-ਦਵਾਤ* : ਦਵਾਤ ਦੀ ਸੂਫ਼।

پشمک *ਪਸ਼ਮਕ* : (ਪਸ਼ਮ **پشم** ਦਾ ਲਘੂਵਾਚੀ ਸ਼ਬਦ) ਵਾਲਾਂ ਵਰਗੀ ਇਕ ਮਿਠਿਆਈ, ਅਤ ਤੁੱਛ, ਹਕੀਰ।

پشمک‌کندی *ਪਸ਼ਮਕ-ਏ-ਕੰਦੀ* : ਇਕ ਪਰਕਾਰ ਦੀ ਮਿਠਿਆਈ।

پشمناک *ਪਸ਼ਮ ਨਾਕ* : ਵਾਲਾਂ ਵਾਲਾ, ਊਨੀ।

پشمی *ਪਸ਼ਮੀ,* **پشمین** *ਪਸ਼ਮੀਨ* : ਪਸ਼ਮ ਵਾਲਾ, ਊਨੀ।

پشمینه *ਪਸ਼ਮੀਨਾ* : ਊਨੀ, ਵਧੀਆ ਉਨ ਦਾ ਕੱਪੜਾ।

پشمینه‌پوش *ਪਸ਼ਮੀਨਾ-ਪੋਸ਼* : ਉਨ ਦੇ ਕੱਪੜੇ ਪਾਉਣ ਵਾਲਾ, ਸੂਫ਼ੀ, ਦਰਵੇਸ਼।

پشن *ਪਸ਼ਨ* : ਇਕ ਸਥਾਨ ਦਾ ਨਾਮ ਜਿਥੇ ਤੂਸ-ਬਿਨ-ਨੋਦਰ, ਸੈਨਾਪਤੀ ਈਰਾਨ ਅਤੇ ਪੀਰਾਨਵੀਸਾ, ਸੈਨਾਪਤੀ ਤੂਰਾਨ ਵਿਚਕਾਰ ਭਾਰੀ ਜੰਗ ਹੋਈ ਸੀ।

پشنجه *ਪਿਸ਼ੰਜਾ* : ਜੁਲਾਹਿਆਂ ਦਾ ਬੁਰਸ਼ ਜਿਸ ਨਾਲ ਓਹ ਤਾਣੀ 'ਤੇ ਮਾਵਾ ਲਾਉਂਦੇ ਹਨ, ਕੁੱਚ।

ترتیب راه **ਤਰਤੀਬ-ਏ-ਰਾਹ** : ਰਾਹ ਦਾ ਸਮਾਨ; ਤੋਸ਼ਾ; ਰਾਹ ਦੀ ਦਰੁਸਤੀ।

ترتیب وار **ਤਰਤੀਬਵਾਰ** : ਤਰਤੀਬ ਸਿਰ।

ترتیل **ਤਰਤੀਲ** : ਕੁਰਾਨ ਸ਼ਰੀਫ਼ ਨੂੰ ਹੌਲੀ, ਸ਼ੁਧ ਤੇ ਸਪਸ਼ਟ ਪੜ੍ਹਣਾ।

ترجمان **ਤਰਜੁਮਾਨ** : ਚੰਗਾ ਭਾਸ਼ਣਕਾਰ; ਸਰੇਸ਼ਟ ਵਕਤਾ; ਤੇਜ਼-ਜ਼ਬਾਨ; ਵਿਆਖਿਆਕਾਰ; ਤਰਜੁਮਾ ਕਰਨ ਵਾਲਾ; ਉਲਥਾਕਾਰ; ਇਕ ਬੋਲੀ ਨੂੰ ਦੂਜੀ ਵਿਚ ਸਮਝਾਉਣ ਵਾਲਾ।

ترجمانی **ਤਰਜੁਮਾਨੀ** : ਉਲਥਾ ਕਰਨ ਦੀ ਕਿਰਿਆ।

ترجمه **ਤਰਜੁਮਾ**: ਇਕ ਭਾਸ਼ਾ ਨੂੰ ਦੂਜੀ ਭਾਸ਼ਾ ਵਿਚ ਉਲਟਾਉਣਾ ਜਾਂ ਬਦਲਨਾ; ਇਕ ਭਾਸ਼ਾ ਵਿਚ ਦਿੱਤੇ ਭਾਵਾਂ ਨੂੰ ਦੂਜੀ ਭਾਸ਼ਾ ਵਿਚ ਸਮਝਾਉਣਾ।

ترجمه نویس **ਤਰਜੁਮਾ-ਨਵੀਸ** :

ਉਲਥਾ ਕਰਨ ਵਾਲਾ।

ترجیح ***ਤਰਜੀਹ*** : ਵਧਾਉਣਾ; ਕਿਸੇ ਨਾਲੋਂ ਚੰਗੇਰਾ ਸਮਝਣਾ; ਵਧੇਰੇ ਮੁੱਲਵਾਨ ਸਮਝਣਾ; ਵਧਣਾ; ਗ਼ਲਬਾ ਪਾਉਣਾ; ਪੈਹਲ ਦੇਣੀ; ਵਡਿਆਈ ਦੇਣਾ।

ترجیع ***ਤਰਜੀਅ*** : ਪਰਤਾਉਣਾ; ਫਿਰਾਉਣਾ; ਫੇਰਨਾ; ਅਵਾਜ਼ ਦਾ ਗਲੇ ਵਿਚ ਫਿਰਾਉਣਾ; ਸੰਕਟ ਸਮੇਂ ਕਲਮਾ-ਏ-ਸ਼ਹਾਦਤ ਕੈਹਣਾ।

ترجیع‌بند ***ਤਰਜੀਅ-ਬੰਦ*** : ਸ਼ਾਇਰਾਂ ਦੀ ਤਕਨੀਕੀ ਸ਼ਬਦਾਵਲੀ ਵਿਚ ਓਹ ਬੰਦ ਜੇਹੜੇ ਇੱਕੋ ਬੈਹਰ (ਛੰਦ) ਵਿਚ ਵੱਖ ਵੱਖ ਤੁਕਾਂਤਾਂ ਅਧੀਨ ਹੋਣ ਅਤੇ ਹਰ ਬੰਦ ਪਿਛੋਂ ਇਕ ਹੀ ਨਿਸਚਤ ਤੁਕ ਢੁਕਵੀਂ ਆਵੇ, ਜੇਕਰ ਹਰ ਬੰਦ ਪਿਛੋਂ ਏਹ ਤੁਕ ਵੱਖ ਵੱਖ ਪਰਕਾਰ ਦੀ ਹੋਵੇ ਤਾਂ ਉਸਨੂੰ 'ਤਰਕੀਬ ਬੰਦ' ਕੈਂਹਦੇ ਹਨ।

ترحم ***ਤੱਰਹੁਮ*** : ਤਰਸ ਖਾਣਾ, ਰੈਹਮ ਕਰਨਾ, ਤਰਸ।

ترحیل ***ਤਰਹੀਲ*** : ਕਿਸੇ ਨੂੰ ਸਫਰ ਤੇ ਭੇਜਣਾ, ਕੂਚ ਕਰਨਾ ਜਾਂ ਕਰਵਾਉਣਾ।

ترخان ***ਤੁਰਖ਼ਾਨ*** : ਸ਼ਾਹੀ ਅਧਕਾਰੀ ਜਿਸ ਨੂੰ ਅਦਬ ਅਦਾਬ ਦੀਆਂ ਰਸਮਾਂ ਤੋਂ ਮਾਫ਼ੀ ਮਿਲੀ ਹੋਵੇ ਤੇ ਜਿਸ ਨੂੰ ਸਜ਼ਾ ਨਾ ਹੋ ਸਕੇ, ਸ਼ਰੀਫ਼, ਸਾਊ; ਰਈਸ; ਮਸਖ਼ਰਾ, ਭੰਡ; ਅਬੂਨਸਰ ਫ਼ਾਰਯਾਬੀ ਦਾ ਲਕਬ।

ترخانی ***ਤੁਰਖ਼ਾਨੀ*** : ਤੁਰਖ਼ਾਨ ਦੀ ਪਦਵੀ, ਮਸਖ਼ਰਾਪਣ।

ترخون ***ਤਰਖ਼ੂਨ*** : ਖ਼ੂਨੀ; ਨਿਡਰ, ਬੇਬਾਕ, ਚੋਰ, ਬਦਮਾਸ਼, ਮਜੀਠ।

ترخیص ***ਤਰਖ਼ੀਸ*** : ਰੁਖ਼ਸਤ ਕਰਨਾ, ਵਿਦਾ ਕਰਨਾ, ਆਗਿਆ ਦੇਣਾ।

ترخیم ***ਤਰਖ਼ੀਮ*** : ਪੂਛ ਕੱਟਣਾ, ਕਿਸੇ ਸ਼ਬਦ ਦੇ ਅਖ਼ੀਰ ਤੋਂ ਕੋਈ ਅੱਖਰ ਡੇਗ ਦੇਣਾ ਜਿਵੇਂ 'ਗੌਜ਼ਨ' ਤੋਂ 'ਗੌਜ਼'; ਬਰੀਕ; ਨਰਮ ਜਾਂ ਸੂਖਮ ਕਰਨਾ।

تردامن ***ਤਰਦਾਮਨ*** : ਪਾਪੀ, ਮੁਜਰਮ; ਬਦਕਾਰ; ਬੇਸ਼ਰਮ।

تردامنی ***ਤਰਦਾਮਨੀ*** : ਬਦਕਾਰੀ, ਬੇਸ਼ਰਮੀ।

تردد ***ਤਰੱਦੁਦ*** : ਆਉਣਾ ਜਾਣਾ; ਯਾਤਾਯਾਤ; ਸ਼ੱਕ; ਸੋਚ; ਵਿਚਾਰ; ਪਰੇਸ਼ਾਨੀ, ਮਾਨਸਕ ਉਲਝਣ; ਇਨਕਾਰ; ਰੱਦ ਕਰਨਾ, ਵਿਰੋਧ, ਬੈਹਸ, ਮੇਹਨਤ; ਜਤਨ।

تردست ***ਤਰਦਸਤ*** : ਚੁਸਤ; ਹੱਥ ਦਾ ਕੰਮ ਕਰਨ ਵਾਲਾ, ਕਾਰੀਗਰ; ਕਾਤਬ; ਕਲਾਕਾਰ।

تردستی ***ਤਰਦਸਤੀ*** : ਚਲਾਕੀ; ਫੁਰਤੀ; ਚੁਸਤੀ।

تردماغ ***ਤਰਦਿਮਾਗ਼*** : ਸਿਆਣਾ, ਸਮਝਦਾਰ; ਮਸਤ।

تردماغی ***ਤਰਦਿਮਾਗ਼ੀ*** : ਸਿਆਣਪ; ਸਰੂਰ, ਮਸਤੀ, ਖ਼ੁਸ਼ੀ, ਅਨੰਦ; ਸੂਖਮਤਾ।

تردید ***ਤਰਦੀਦ*** : ਕਿਸੇ ਗੱਲ ਨੂੰ ਰੱਦ ਕਰਨਾ; ਕਿਸੇ ਗੱਲ ਦਾ ਜੁਆਬ ਦੇਣਾ; ਉਲਟਣਾ; ਫੇਰ ਦੇਣਾ; ਕਮਜ਼ੋਰ ਕਰਨਾ।

ترزفان ***ਤਰਜ਼ਫ਼ਾਨ*** : ਤਰਜੁਮਾਨ।

ترس ***ਤਰਸ*** : ਡਰ; ਭੈ।

ترسان ***ਤਰਸਾਨ*** : ਡਰਦਾ ਹੋਇਆ, ਭੈਭੀਤ, ਡਰਾਕਲ।

ترس‌کار ***ਤਰਸਕਾਰ*** : ਖ਼ੁਦਾ ਤਰਸ; ਰੈਹਮ ਦਿਲ, ਭਜਨੀਕ; ਭਗਤ।

ترس‌کاری ***ਤਰਸਕਾਰੀ*** : ਰੱਬ ਦਾ ਡਰ।

ترسناک ***ਤਰਸਨਾਕ*** : ਭਿਆਨਕ; ਡਰਿਆ ਹੋਇਆ।

ترسنده ***ਤਰਸਿੰਦਾ*** : ਡਰਾਕਲ।

ترسا ***ਤਰਸਾ*** : ਡਰਾਕਲ; ਵੈਹਮ ਕਰਨ ਵਾਲਾ; ਭੈ ਖਾਣ ਵਾਲਾ; ਈਸਾਈ ਭਜਨੀਕ; ਈਸਾਈ; ਅਗਨੀ ਪੂਜਕ।

ترسیدن ***ਤਰਸੀਦਨ*** : ਡਰਨਾ, ਭੈ ਖਾਣਾ।

ترسیل ***ਤਰਸੀਲ*** : ਭੇਜਣਾ; ਖ਼ਤ ਭੇਜਣਾ; ਸਾਫ਼ ਤੇ ਸਪਸ਼ਟ ਪੜ੍ਹਨਾ; ਦੁੱਧ ਦਾ ਜ਼ਿਆਦਾ ਹੋਣਾ।

ترش ***ਤੁਰਸ਼*** : ਖੱਟਾ, ਨਰਾਜ਼, ਗੁੱਸੇ,ਬਦ-ਦਿਮਾਗ਼।

ترش‌رخسار ***ਤੁਰਸ਼-ਰੁਖ਼ਸਾਰ,*** **ترش‌مزاج** ***ਤੁਰਸ਼-ਰੂ,*** **ترش رو**

ਤੁਰਸ਼-ਮਿਜ਼ਾਜ : ਬਦ-ਦਿਮਾਗ਼, ਭੈੜੇ ਸੁਭਾ ਵਾਲਾ, ਨਰਾਜ਼, ਗੁੱਸੇ।

ترش طبع ***ਤੁਰਸ਼-ਤਬਅ*** : ਸਖ਼ਤ ਸੁਭਾ ਵਾਲਾ।

ترش روی ***ਤੁਰਸ਼-ਰੂਈ*** : ਬਦ ਦਿਮਾਗੀ; ਬਦ-ਮਿਜ਼ਾਜੀ; ਨਰਾਜ਼ਗੀ।

ترشی ***ਤੁਰਸ਼ੀ*** : ਖਟਾਸ; ਨਰਾਜ਼ਗੀ, ਗੁੱਸਾ।

ترصیع ***ਤਰਸੀਅ*** : ਜੜਾਊ ਕਰਨਾ; ਸੋਨੇ ਜਾਂ ਹੀਰੇ ਜਵਾਹਰਾਤ ਨਾਲ ਜੜਨਾ; ਵਾਕ ਨੂੰ ਵੱਖ ਵੱਖ ਭਾਗਾਂ ਵਿਚ ਵੰਡਣਾ; ਕਵਿਤਾ ਜਾਂ ਵਾਰਤਕ ਦੇ ਸਾਰੇ ਵਾਕਾਂ ਦਾ ਵਜ਼ਨ ਤੇ ਤੁਕਾਂਤ ਕਰਕੇ ਤਰਤੀਬ ਸਿਰ ਹੋਣਾ।

ترغاق ***ਤੁਰਗਾਕ਼*** : ਚੌਕੀਦਾਰੀ; ਪੈਹਰੇਦਾਰੀ; ਨਿਗਾਹਬਾਨੀ।

ترغچی ***ਤਰਗ਼ਚੀ*** : ਕਿਸਾਨ; ਪੇਂਡੂ।

ترغیب ***ਤਰਗ਼ੀਬ*** : ਦੂਸਰੇ ਵਿਚ ਸ਼ੌਕ ਜਾਂ ਰੁਚੀ ਪੈਦਾ ਕਰਨਾ; ਉਕਸਾਉਣਾ, ਭੜਕਾਉਣਾ; ਲਾਲਚ ਦੇਣਾ।

ترفروش ***ਤਰ-ਫ਼ਰੋਸ਼*** : ਜੋ ਆਦਮੀ ਉਤੋਂ ਬੜਾ ਚੰਗਾ ਜ਼ਾਹਰ ਹੋਵੇ ਪਰ ਅੰਦਰੋਂ ਮਾੜਾ ਹੋਵੇ, ਦੰਭੀ।

ترفه ***ਤਰੱਫ਼ੁਹ*** : ਦੌਲਤਮੰਦੀ; ਖੁਸ਼ਹਾਲੀ।

ترقه ***ਤਰਕ਼ਾ*** : ਬੰਦੂਕ ਦੀ ਟੋਪੀ; ਆਤਸ਼ਬਾਜ਼ੀ ਦਾ ਪਟਾਕਾ।

ترقی ***ਤਰੱਕ਼ੀ*** : ਉੱਪਰ ਚੜ੍ਹਨਾ; ਉੱਚਾ ਹੋਣਾ; ਵਾਧਾ; ਉੱਨਤੀ।

ترقیات ***ਤਰੱਕ਼ੀਯਾਤ*** : (ਤਰੱਕ਼ੀ **ترقی** ਦਾ ਬੌਹਵਚਨ); ਵਾਧੇ, ਪਰਗਤੀਆਂ।

ترقیم ***ਤਰਕ਼ੀਮ*** : ਰਕਮ ਕਰਨਾ; ਲਿਖਣਾ; ਲਿਖਤ ਪੜ੍ਹਤ; ਲਿਖਾ ਪੜ੍ਹੀ।

ترک ***ਤਰਕ*** : ਛੱਡਣਾ; ਤਿਆਗ; ਗ਼ਲਤੀ; ਭੁੱਲ; ਉਕਾਈ; ਟੋਪੀ।

ترکِ فضول ***ਤਰਕ-ਏ-ਫ਼ਜ਼ੂਲ*** : ਵਾਧੂ ਇੱਛਾਵਾਂ ਦਾ ਛੱਡਣਾ; ਵਾਸ਼ਨਾਵਾਂ ਦਾ ਤਿਆਗ।

ترکِ محال ***ਤਰਕ-ਏ-ਮੁਹਾਲ*** : ਔਖੀ ਚੀਜ਼ ਦਾ ਤਿਆਗ।

ترک ***ਤੁਰਕ*** : ਤੁਰਕ-ਬਿਨ-ਯਾਫ਼ਸ ਬਿਨ-ਨੂਹ ਦੀ ਔਲਾਦ ਜੋ ਤੁਰਕਿਸਤਾਨ ਵਿਚ ਵਸਦੀ ਹੈ; ਤੁਰਕਾਂ ਦੀ ਕੌਮ; ਸਿਪਾਹੀ, ਫ਼ੌਜੀ; ਗ਼ੁਲਾਮ; ਮਸ਼ੂਕ; ਮੁਸਲਮਾਨ (ਸ਼ੁਰੂ ਵਿਚ ਜਦ ਮੁਸਲਮਾਨ ਇਸ ਦੇਸ ਵਿਚ ਆਏ ਤਾਂ ਹਿੰਦੂ ਓਹਨਾਂ ਨੂੰ ਤੁਰਕ ਕੈਂਹਦੇ ਸਨ)।

ترکان ***ਤੁਰਕਾਨ*** : ਤੁਰਕੀ ਇਸਤਰੀਆਂ ਦੀ ਉਪਾਧੀ; ਬੀਬੀ; ਬੇਗਮ।

ترکان ***ਤੁਰਕਾਨ*** : ਅੱਖਾਂ, ਨੇਤਰ; ਸਤ ਸਤਾਰੇ; ਸਤ ਸਹੇਲੀਆਂ।

ترکان خاتون کرمانی ***ਤੁਰਕਾਨ ਖ਼ਾਤੂਨ ਕਿਰਮਾਨੀ*** : ਕਰਾਖਤਾਈ ਖ਼ਾਨਦਾਨ ਵਿਚ ਕਿਰਸਾਨ ਦੀ ਮਲਕਾ ਜਿਸ ਦਾ ਅਸਲੀ ਨਾਮ ਕਤਲਕ ਤੁਰਕਾਨ ਸੀ ਤੇ ਜੋ 655 ਹਿ: ਵਿਚ ਤਖ਼ਤ ਤੇ ਬੈਠੀ ਤੇ 65 ਸਾਲ ਰਾਜ ਕੀਤਾ, ਏਹ ਬੜੀ ਸਿਆਣੀ; ਨਿਆਂਕਾਰ, ਨੇਕ ਤੇ ਵਿਦਵਾਨਾਂ ਦੀ ਕਦਰਦਾਨ ਸੀ।

ترکتاز ***ਤੁਰਕਤਾਜ਼***, **ترکتازی** ***ਤੁਰਕਤਾਜ਼ੀ*** : ਹਮਲਾ; ਹੱਲਾ; ਧਾਵਾ; ਲੁੱਟ ਮਾਰ; ਮਾਰ ਧਾੜ; ਨੱਸ ਭੱਜ; ਸਿਪਾਹੀ; ਲੁਟੇਰਾ।

ترکستان ***ਤੁਰਕਿਸਤਾਨ*** : ਏਸ਼ੀਆ ਦਾ ਪਰਸਿੱਧ ਮੁਲਕ ਜਿਸ ਨੂੰ ਪੁਰਾਣੇ ਸਮਿਆਂ ਵਿਚ ਤੂਰਾਨ ਤੇ ਤਾਤਾਰ ਕੈਂਹਦੇ ਸਨ, ਏਹ ਅਫ਼ਗਾਨਿਸਤਾਨ ਦੇ ਉੱਤਰ ਵੱਲ ਸਥਿੱਤ ਹੈ; ਸਮਰਕੰਦ ਤੇ ਬੁਖ਼ਾਰਾ ਇਸ ਦੇ ਪਰਸਿੱਧ ਸ਼ੈਹਰ ਹਨ।

ترکش ***ਤਰਕਸ਼*** : (ਤੀਰ+ਕਸ਼ **تیرکش** ਦਾ ਸੰਖਿਪਤ ਰੂਪ); ਤੀਰਦਾਨ; ਭੱਥਾ।

ترکمان ***ਤੁਰਕਮਾਨ*** : ਤੁਰਕਾਂ ਵਰਗਾ; ਤੁਰਕਾਂ ਦੀ ਇਕ ਕੌਮ ਜੋ ਤੁਰਕਾਂ ਤੋਂ ਘਟੀਆ ਹੈ; ਇਸੇ ਲਈ ਉਸ ਨੂੰ 'ਤੁਰਕਾਂ ਜੇਹੀ' ਕੈਂਹਦੇ ਹਨ।

ترکه ***ਤਰਕਾ*** : ਮਰਨ ਉਪਰੰਤ ਛੱਡਿਆ ਹੋਇਆ ਮਾਲ ਤੇ ਜਾਇਦਾਦ।

ترکی ***ਤੁਰਕੀ*** : ਮਰਦਾਨਗੀ; ਬਹਾਦਰੀ; ਤੁਰਕ ਨਾਲ ਸਬੰਧਤ; ਤੁਰਕੀ ਭਾਸ਼ਾ; ਤੁਰਕਾਂ ਦਾ ਮੁਲਕ।

ترکیب ***ਤਰਕੀਬ*** : ਜੋੜਨਾ, ਕਈ ਵਸਤਾਂ ਨੂੰ ਪਰਸਪਰ ਮਿਲਾਉਣਾ, ਵਿਧੀ; ਜੁਗਤੀ; ਜੜਾਈ; ਜੜਨਾ; ਮਿਲਾਵਟ, ਬਨਾਵਟ।

ترکی‌تمام‌شد ***ਤੁਰਕੀ ਤਮਾਮ ਸ਼ੁਦ*** : ਅਭਮਾਨ ਟੁੱਟ ਗਿਆ।

ترکی‌کردن ***ਤੁਰਕੀ ਕਰਦਨ*** : ਜ਼ੁਲਮ ਕਰਨਾ।

ترمه ***ਤਰਮਾ*** : ਫੱਟੀ ਵਾਲਾ ਸ਼ਾਲ।

ترمیم ***ਤਰਮੀਮ*** : ਮੁਰੰਮਤ ਕਰਨਾ; ਵਾਧਾ ਘਾਟਾ ਕਰਨਾ; ਤਬਦੀਲੀ ਕਰਨਾ; ਦਰੁਸਤੀ ਕਰਨਾ।

ترن ***ਤਰਨ*** : ਸੇਵਤੀ ਦਾ ਫੁਲ; ਜੰਗਲ; ਬੀਆਬਾਨ; ਅੰਗਰੇਜ਼ੀ ਸ਼ਬਦ 'ਟਰੇਨ' ਦਾ ਫ਼ਾਰਸੀ ਰੂਪ; ਰੇਲ ਗੱਡੀ।

ترنج ***ਤੁਰੰਜ*** : ਨਿੰਬੂ; ਮਿੱਠਾ; ਵੱਟ, ਭੰਨ; ਚਾਦਰ ਜਾਂ ਸ਼ਾਲ ਉਤੇ ਕੱਢਿਆ ਹੋਇਆ ਵੱਡਾ ਬੂਟਾ।

ترنج‌زر ***ਤੁਰੰਜ-ਏ-ਜ਼ਰ,*** **ترنج‌مهرگاں** ***ਤੁਰੰਜ-ਏ-ਮਿਹਰਗਾਂ*** : ਸੂਰਜ।

ترنج‌تله‌زدن ***ਤੁਰੰਜ-ਏ-ਤਿਲਾ ਜ਼ਦਨ*** : ਪੁਰਾਣੇ ਸਮਿਆਂ ਵਿਚ ਰਿਵਾਜ ਸੀ ਕਿ ਜਦ ਕਿਸੇ ਸ਼ੈਹਜ਼ਾਦੀ ਦਾ ਵਿਆਹ ਹੋਣਾ ਹੁੰਦਾ ਸੀ ਤਾਂ ਦੇਸ ਬਿਦੇਸਾਂ ਤੋਂ ਸ਼ੈਹਜ਼ਾਦੇ ਆ ਕੇ ਕਤਾਰ ਵਿਚ ਬੈਠ ਜਾਂਦੇ ਸਨ, ਸ਼ੈਹਜ਼ਾਦੀ ਮਕਾਨ ਦੀ ਛੱਤ ਤੋਂ ਓਹਨਾਂ ਨੂੰ ਵੇਖਦੀ ਤੇ ਜਿਸ ਨੂੰ ਪਸੰਦ ਕਰਦੀ, ਉਸ ਉਤੇ ਸੋਨੇ ਦਾ ਨਿੰਬੂ ਸੁੱਟ ਦਿੰਦੀ, ਉਸ ਨਾਲ ਫਿਰ ਸ਼ੈਹਜ਼ਾਦੀ ਦਾ ਨਿਕਾਹ ਹੋ ਜਾਂਦਾ।

ترنگ ***ਤਰੰਗ*** : ਕਮਾਨ ਵਿਚੋਂ ਛੁੱਟਣ ਲਗੇ ਤੀਰ ਦੀ ਅਵਾਜ਼, ਤੀਰ ਜਾਂ ਗੁਰਜ ਦੇ ਸਰੀਰ ਤੇ ਲਗਣ ਸਮੇਂ ਤਲਵਾਰ ਦੇ ਟੁੱਟਣ ਅਤੇ ਸਾਜ਼ ਦੇ ਵੱਜਣ ਵੇਲੇ ਨਿਕਲਦੀ ਅਵਾਜ਼, ਭੰਵਰ; ਜ਼ਖ਼ਮ, ਫੱਟ।

ترنگاترنگ ***ਤਰੰਗਾ-ਤਰੰਗ*** : ਲੜਾਈ ਵਿਚ ਤਲਵਾਰਾਂ ਦੀ ਛਣਕਾਰ।

ترنگ ***ਤਿਰੰਗ*** : ਸੋਹਣਾ; ਸੁੰਦਰ।

ترنگ ***ਤੁਰੰਗ*** : ਇਕ ਜੰਗਲੀ ਪੰਛੀ; ਤਿੱਤਰ; ਬੰਦੀ ਖ਼ਾਨਾ; ਕੈਦਖ਼ਾਨਾ।

ترنگبین ***ਤਰੰਗਬੀਨ*** : ਸ਼ਕੰਜਬੀਨ; ਸਿਕੰਜਬੀ।

ترنم ***ਤਰਨੁੱਮ*** : ਗੀਤ ਗਾਉਣਾ; ਲੈ ਨਾਲ ਗਾਉਣਾ; ਰਾਗ; ਗੀਤ; ਲੈ।

ترنم‌فشاں ***ਤਰਨੁੱਮ-ਫਸ਼ਾਂ*** : ਗਾਉਣ ਵਾਲਾ; ਗਵੱਈਆ।

ترنم‌گری ***ਤਰਨੁਮ-ਗਰੀ*** : ਗਾਉਣਾ; ਲੈ ਨਾਲ ਗਾਉਣਾ।

ترنوازی ***ਤਰਨਵਾਜ਼ੀ*** : ਗਵੱਈਏ ਦਾ ਲੈ ਨਾਲ ਗਾਉਣਾ; ਸੁਰੀਲੀ ਅਵਾਜ਼; ਚੰਗਾ ਕੰਮ ਕਰਨਾ।

ترنیان ***ਤਰਨੀਯਾਨ*** : ਬੈਂਤ ਦੀ ਬਣੀ ਹੋਈ ਟੋਕਰੀ, ਟੋਕਰਾ।

تروال ***ਤਰਵਾਲ*** : ਘਾਹ ਦੇ ਤੀਲੇ।

تروخشک ***ਤਰ-ਉ-ਖ਼ੁਸ਼ਕ*** : ਗਿੱਲਾ ਸੁੱਕਾ; ਥੋੜਾ ਬੌਹਤ।

ترونک ***ਤਰਵੰਦ,*** **ترونده** ***ਤਰਵੰਦਾ*** : ਪੈਹਲਾ ਫਲ, ਨਵਾਂ ਫਲ।

ترویج ***ਤਰਵੀਜ*** : ਰਿਵਾਜ ਦੇਣਾ; ਜਾਰੀ ਕਰਨਾ; ਚਲਾਉਣਾ।

ترویح ***ਤਰਵੀਹ,*** **ترویحه** ***ਤਰਵੀਹਾ*** : ਰਾਹਤ ਦੇਣਾ; ਅਰਾਮ ਦੇਣਾ; ਸੁਗੰਧਮਈ ਕਰਨਾ; ਰਾਤ ਨੂੰ ਕਿਸੇ ਨੂੰ ਮਿਲਣ ਜਾਣਾ; ਬੈਹਕਾਉਣਾ।

تره ***ਤੱਰਾ*** : ਤਰਕਾਰੀ, ਸਾਗ, ਪੱਤਾ।

تری ***ਤਰੀ*** : (ਖ਼ੁਸ਼ਕੀ ਦਾ ਵਿਪਰਆਏ); ਤਰਾਵਤ; ਨਮੀ; ਨਰਾਜ਼ਗੀ; ਸਖ਼ਤੀ; ਹਾਸ ਰਸ; ਠੱਠਾ; ਮਖ਼ੌਲ; ਸਫ਼ਾਈ; ਸਾਗਰ।

تریاق ***ਤਿਰਯਾਕ਼*** : (ਤਿਰਯਾਕ **تریاک** ਦਾ ਅਰਬੀ ਰੂਪਾਂਤਰ) ਜ਼ੈਹਰ ਨੂੰ ਦੂਰ ਕਰਨ ਦੀ ਦਵਾ, ਜ਼ੈਹਰ ਮੋਹਰਾ।

تریاک ***ਤਿਰਯਾਕ*** : ਵੇਖੋ **تریاق** ਤਿਰਯਾਕ਼।

تریاک‌خوردن ***ਤਿਰਯਾਕ ਖ਼ੁਰਦਨ*** : ਆਤਮ-ਹੱਤਿਆ ਕਰਨ ਦਾ ਨਿਸ਼ਚਾ ਕਰਨਾ, ਮੋਹਰਾ ਚੱਖਣ।।

تریاک‌روستایان ***ਤਿਰਯਾਕ-ਏ-ਰੂਸਤਾਯਾਨ*** : ਲਸਣ, ਥੋਮ।

تریاکی ***ਤਿਰਯਾਕੀ*** : ਅਫ਼ੀਮੀ; ਇਕ ਸ਼ਾਇਰ ਦਾ ਤਖ਼ੱਲੁਸ।

تریز ***ਤਿਰੀਜ਼*** : ਕੁਰਤੇ ਦੀ ਕਲੀ; ਕੱਪੜੇ ਦਾ ਤਿਕੋਣਾ ਟੁਕੜਾ; ਤਰੀਜ਼।

تز ***ਤਜ਼*** : ਮਮੋਨਾ; ਚਿੜੀ; ਵਾਲਾਂ ਦੀ ਲਿਟ; ਬਿਰਛ ਦੀ ਕਰੂੰਬਲ।

تراو ***ਤਜ਼ਾਵ*** : ਅਫਰਾਸਿਯਾਬ ਦੇ ਜੁਆਈ ਦਾ ਨਾਮ ਜਿਸ ਨੂੰ ਗੇਵ ਨੇ ਆਪਣੇ ਭਰਾ ਦਾ ਬਦਲਾ ਲੈਣ ਲਈ ਜਿਉਂਦਿਆਂ ਮਾਰ ਦਿੱਤਾ ਸੀ।

تزاید ***ਤਜ਼ਾਯੁਦ*** : ਜ਼ਿਆਦਾ ਹੋਣਾ, ਵਧਣਾ।

تزده ***ਤਜ਼ਦਾ*** : ਚੱਕੀ ਠੀਕ ਕਰਨ ਦੀ ਮਜ਼ਦੂਰੀ; ਹਰ ਪਰਕਾਰ ਦੀ ਮਜ਼ਦੂਰੀ; ਬਾਗ਼ ਜਾਂ ਘਰ ਦਾ ਕਬਾਲਾ।

تزفان ***ਤਜ਼ਫਾਨ*** : (ਤਰਜ਼ਫਾਨ **ترزفان** ਦਾ ਸੰਖਿਪਤ ਰੂਪ) ਵੇਖੋ ਤਰਜੁਮਾਨ।

تزک ***ਤੁਜ਼ਕ*** : ਕਨੂੰਨ; ਵਿਧਾਨ; ਤਰਤੀਬ; ਪਰਬੰਧ; ਲਸ਼ਕਰ; ਸ਼ਾਹੀ ਰੋਜ਼ਨਾਮਚਾ; ਜੀਵਨੀ; ਓਹ ਘਟਨਾ ਜਿਸ ਨੂੰ ਬਾਦਸ਼ਾਹ ਨੇ ਆਪ ਲਿਖਿਆ ਹੋਵੇ; ਤਰਕਸ਼; ਭੱਥਾ; ਸ਼ਾਨੋ-ਸ਼ੌਕਤ; ਠਾਠ-ਬਾਠ।

تزکی ***ਤਜ਼ਕੀ,*** **تزکیہ** ਤਜ਼ਕੀਯਾ : ਸਾਫ਼ ਹੋਣਾ; ਪਵਿੱਤਰ ਤੇ ਸੁੱਚਾ ਹੋਣਾ; ਜ਼ਕਾਤ ਜਾਂ ਖ਼ੈਰਾਤ ਦੇਣਾ; ਸਿਰਵਾਰਨਾ ਦੇਣਾ; ਪਾਕ ਕਰਨਾ।

تزلزل ***ਤਜ਼ਲਜ਼ੁਲ*** : ਜ਼ਲਜ਼ਲਾ; ਭੂਚਾਲ; ਭੂੰ-ਕੰਪ; ਹਲ-ਚੱਲ; ਕਾਂਬਾ; ਡਗਮਗਾਉਣਾ।

تزویج ***ਤਜ਼ਵੀਜ*** : ਜੁੜਨਾ; ਸਬੰਧ ਸਥਾਪਤ ਕਰਨਾ; ਨਿਕਾਹ ਕਰਨਾ; ਜੋੜ ਮਿਲਾਉਣਾ।

تزئین ***ਤਜ਼ਈਨ*** : ਸਜਾਉਣਾ; ਜ਼ੀਨਤ ਦੇਣਾ; ਸੁੰਦਰ ਬਣਾਉਣਾ; ਸੰਵਾਰਨਾ।

تزئین نفس ***ਤਜ਼ਈਨ-ਏ-ਨਫਸ*** : ਆਪਣੇ ਆਪ ਨੂੰ ਉੱਚ-ਆਚਰਣ ਨਾਲ ਸ਼ੋਭਨੀਕ ਕਰਨਾ; ਚੰਗੇ ਗੁਣਾਂ ਨਾਲ ਆਪਣੀ ਜ਼ਾਤ ਨੂੰ ਸੁੰਦਰ ਬਣਾਉਣਾ।

تس ***ਤਸ*** : ਥੱਪੜ, ਤਮਾਚਾ।

تس ***ਤੁਸ*** : ਫੁਸੀ, ਪੱਦ (ਜਿਸ ਦੀ ਅਵਾਜ਼ ਨਾ ਆਵੇ), ਕਿਸੇ ਤੇ ਥੁੱਕਣਾ।

تسابق ***ਤਸਾਬੁਕ*** : ਕਿਸੇ ਤੋਂ ਵਧਣਾ; ਇਕ ਦੂਜੇ ਤੋਂ ਅੱਗੇ ਲੰਘਣ ਲਈ ਦੌੜ ਲਾਉਣਾ।

تسالم ***ਤਸਾਲੁਮ*** : ਪਰਸਪਰ ਸੁਲ੍ਹਾ ਕਰਨਾ।

تسبب ***ਤਸੱਬੁਬ*** : ਸਬੱਬ ਬਣਾਉਣਾ, ਕਾਰਨ ਬਣਾਉਣਾ।

تسبیح ***ਤਸਬੀਹ*** : ਖੁਦਾ ਦੀ ਪਵਿਤਰਤਾ ਵਰਣਨ ਕਰਨਾ; ਸੁਬਹਾਨ-ਅਲਾਹ ਅਰਥਾਤ ਅਲਾਹ-ਪਾਕ ਹੈ ਕੈਹਣਾ; ਤਸਬੀਹ, ਸੌ ਮਣਕਿਆਂ ਦੀ ਮਾਲਾ।

تسبیح خوان ***ਤਸਬੀਹ ਖ਼੍ਵਾਨ*** : ਤਸਬੀਹ ਪੜ੍ਹਨ ਵਾਲਾ; ਪੂਜਾ ਇਬਾਦਤ ਕਰਨ ਵਾਲਾ।

تسبیح شمار ***ਤਸਬੀਹ ਸ਼ੁਮਾਰ*** : ਤਸਬੀਹ ਗਿਣਨ ਵਾਲਾ; ਮਾਲਾ ਫੇਰਨ ਵਾਲਾ; ਭਗਤ; ਜ਼ਾਹਦ।

تسبیح کربلائی ***ਤਸਬੀਹ-ਏ-ਕਰਬਲਾਈ*** : ਓਹ ਮਾਲਾ ਜੋ ਕਰਬਲਾ ਦੀ ਮਿੱਟੀ ਦੀ ਬਣੀ ਹੋਈ ਹੋਵੇ।

تسبیح ہزار دانہ ***ਤਸਬੀਹ-ਏ-ਹਜ਼ਾਰ ਦਾਨਾ*** : ਹਜ਼ਾਰ ਮਣਕਿਆਂ ਦੀ ਮਾਲਾ; ਪਖੰਡੀ ਦੀ ਮਾਲਾ।

تستر ***ਤੁਸੱਤੁਰ*** : ਖੁਰਾਸਾਨ ਵਿਚ ਇਕ ਸ਼ੈਹਰ ਦਾ ਨਾਮ; ਛੁਪਿਆ ਹੋਣਾ; ਛੁਪਣਾ।

تسخیر ***ਤਸਖ਼ੀਰ*** : ਅਧੀਨ ਕਰਨਾ; ਆਗਿਆਕਾਰੀ ਬਣਾਉਣਾ; ਕਾਬੂ ਕਰਨਾ; ਆਪਣੇ ਵੱਲ ਕਰਨਾ; ਵਗਾਰ ਵਿਚ ਕੰਮ ਕਰਵਾਉਣਾ; ਘੇਰਨਾ।

تسدیس ***ਤਸਦੀਸ*** : ਛੇ ਭਾਗਾਂ ਵਿਚ ਵੰਡਣਾ; ਨਜੂਮੀਆਂ ਦੀ ਪਰਭਾਸ਼ਾਂ ਵਿਚ ਦੋ ਸਤਾਰਿਆ ਵਿਚ ਤਿੰਨ ਜਾਂ ਗਿਆਰਾਂ ਬੁਰਜਾਂ ਦਾ ਫ਼ਾਸਲਾ ਹੋਣਾ।

تسطیر ***ਤਸਤ਼ੀਰ*** : ਸਤਰਾਂ ਬਣਾਉਣਾ; ਲੀਕਾਂ ਮਾਰਨਾ; ਲਿਖਣਾ; ਸਤਰ ਬੰਦੀ ਕਰਨਾ।

تسع ***ਤਿਸਅ*** : ਨੌਂ (੯)।

تسع ***ਤੁਸਅ*** : ਨੌਵਾਂ ਭਾਗ, (੧/੯)।

تسع ***ਤਿਸਅ*** : ਨੌਂ ਇਸਤਰੀਆਂ।

تسع آیات ***ਤਿਸਅ ਆਯਾਤ*** : ਹਜ਼ਰਤ ਮੂਸਾ ਦੇ ਨੌਂ ਮੁਅਜਜ਼ੇ ਜਾਂ ਨੌਂ ਕਰਾਮਾਤਾਂ ਜੋ ਏਹ ਸਨ- ਅਸਾ (ਡੰਡਾ) ਕਾਠ; ਦਰਿਆ; ਟਿੱਡੀ; ਯਦ-ਏ-ਬੈਜ਼ਾ (ਚਿੱਟਾ ਹੱਥ); ਖ਼ੂਨ; ਮੇਂਡਕ (ਡੱਡੂ) ਤੂਫਾਨ; ਆਦਿ।

تسعون ***ਤਿਸਊਨ*** : ਨਬੇ, (੯੦)।

تسع ماته ***ਤਿਸਅ ਮਆਤ*** : ਨੌ ਸੈ (੯੦੦)।

تسکین ***ਤਸਕੀਨ*** : ਤਸੱਲੀ, ਧੀਰਜ, ਢਾਰਸ, ਦਿਲਾਸਾ।

تسکین بخش ***ਤਸਕੀਨ-ਬਖ਼ਸ਼*** : ਅਰਾਮ, ਚੈਨ; ਤਸੱਲੀ ਦੇਣਾ, ਧੀਰਜ ਬੰਧਾਉਣਾ।

تسکین دادن ***ਤਸਕੀਨ ਦਾਦਨ*** : ਤਸੱਲੀ ਦੇਣਾ, ਢਾਰਸ ਦੇਣਾ।

تسکین کده ***ਤਸਕੀਨ ਕਦਾ*** : ਅਰਾਮ-ਘਰ।

تسلسل ***ਤਸਲਸੁੱਲ*** : ਸਿਲਸਿਲਾਬੰਦੀ; ਲੜੀ ਬੰਨ੍ਹਣਾ; ਇਕ ਚੀਜ਼ ਦਾ ਦੂਜੀ ਤੇ ਦੂਜੀ ਦਾ ਤੀਜੀ ਉਤੇ ਹੋਣਾ, ਇਥੋਂ ਤਕ ਕਿ ਏਹ ਸਿਲਸਿਲਾ ਖ਼ਤਮ ਨਾ ਹੋਵੇ; ਇੱਥੋਂ ਦੂਜੇ ਦੇ ਪਿੱਛੇ ਆਉਣਾ; ਰਵਾਨੀ।

تسلط ***ਤਸੱਲੁਤ*** : ਹਾਕਮ ਹੋਣਾ; ਰਾਜ ਕਰਨਾ; ਹਕੂਮਤ; ਹੁਕਮ ਚਲਾਉਣਾ।

تسلی ***ਤਸੱਲੀ*** : ਢਾਰਸ, ਧੀਰਜ, ਤਸੱਲੀ, ਧੀਰਜ ਹੋਣਾ।

تسلی شدن ***ਤਸੱਲੀ ਸ਼ੁਦਨ*** : ਤਸੱਲੀ ਹੋਣਾ, ਧੀਰਜ ਆਉਣਾ, ਨਿਸ਼ਾ ਹੋਣਾ।

تسلیم ***ਤਸਲੀਮ*** : ਸਲਾਮ ਕਰਨਾ; 'ਅਸਲਾਮ ਅਲੈਕਮ' ਕੈਹਣਾ; ਅਦਾਬ ਅਰਜ਼ (ਕਰਨਾ); ਮੰਨਣਾ; ਹੁਕਮ ਮੰਨਣਾ; ਪਰਵਾਨ ਕਰਨਾ; ਸਪੁਰਦ ਕਰਨਾ।

تسلیمات ***ਤਸਲੀਮਾਤ*** : (ਤਸਲੀਮ تسلیم ਦਾ ਬੌਹਵਚਨ) ਬੰਦਗੀ; ਅਧੀਨਗੀ; ਅਦਾਬ; ਝੁਕ ਕੇ ਸਲਾਮ ਕਰਨ।

تسمه ***ਤਸਮਾ*** : ਚੰਮ ਦਾ ਲੰਮਾ ਟੋਟਾ; ਕੱਚਾ ਚੰਮ; ਮੱਥੇ ਦੇ ਕੰਘੀ ਕੀਤੇ ਵਾਲ।

تسمه بازی ***ਤਸਮਾ-ਬਾਜ਼ੀ*** : ਫਰੇਬ; ਇਕ ਪਰਕਾਰ ਦਾ ਜੂਆ।

تسمیه ***ਤਸਮੀਯਾ*** : ਨਾਮ ਰੱਖਣਾ; ਬਿਸਮਿਲਾਹ ਪੜ੍ਹਨਾ; ਰੱਬ ਦਾ ਨਾਮ ਲੈਣਾ।

تس نفسی ***ਤੁਸ-ਨਫਸੀ*** : ਬਕਵਾਸ ਕਰਨਾ।

تسنیم ***ਤਸਨੀਮ*** : ਬਹਿਸ਼ਤ ਦੀ ਇਕ ਨੈਹਰ; (ਬਾਕੀ ਦੀਆਂ ਤਿੰਨ ਨੈਹਰਾਂ ਹਨ ਕੌਸਰ; ਜ਼ਮਜ਼ਮ ਤੇ ਸਲਸਬੀਨ); ਕਬਰ ਨੂੰ ਉਠ ਦੀ ਕੋਹਾਨ ਵਾਂਗ ਬਣਾਉਣਾ; ਭਾਂਡੇ ਦਾ ਭਰਨਾ।

تسّو ***ਤੱਸੂ*** : ਚਾਰ ਜਵਾਂ ਬਰਾਬਰ ਵਜ਼ਨ ਜਾਂ ਵੱਟਾ; ਗਜ਼ ਦਾ ਚੌਵੀਵਾਂ ਭਾਗ; ੧ ½ ਇੰਚ; ਇਕ ਪੈਹਰ।

تسوید ***ਤਸਵੀਦ*** : ਕਾਲਾ ਕਰਨਾ; ਲਿਖਣਾ; ਗ਼ਮ; ਦੁੱਖ; ਬਦਨਾਮੀ; ਮੂਲ ਖਰੜਾ; ਬੰਸਾਵਲੀ।

تسهیل ***ਤਸਹੀਲ*** : ਅਸਾਨ ਕਰਨਾ, ਸੌਖਾ ਬਣਾਉਣਾ।

تش ***ਤਿਸ਼*** : ਅੱਗ; ਕੁਹਾੜੀ, ਕਹੀ; ਬਸੋਲਾ; ਤੇਸਾ।

تش ***ਤਸ਼*** : ਤਿਰਸ਼ਨਾ; ਤਰੇਹ; ਪਿਆਸ; ਜੂੰ।

تش ***ਤੁਸ਼*** : ਅਤ ਬੇਚੈਨੀ, ਰੰਜ ਗ਼ਮ ਕਰਕੇ; ਪਰੇਸ਼ਾਨੀ।

تشابه ***ਤਸ਼ਾਬੁਹ*** : ਪਰਸਪਰ ਇਕੋ ਜੇਹਾ ਹੋਣਾ।

تشاهد ***ਤਸ਼ਾਹੁਦ*** : ਪਰਸਪਰ ਸ਼ਹਾਦਤ ਦੇਣਾ ਜਾਂ ਗਵਾਹੀ ਦੇਣਾ; ਮੁਲਾਕਾਤ ਕਰਨਾ, ਇਕ ਦੂਜੇ ਦੇ ਕੋਲ ਜਾਣਾ।

تشبه ***ਤਸ਼ੱਬੁਹ***: ਪਰਸਪਰ ਸ਼ਕਲ ਮਿਲਣਾ; ਇਕੋ ਜੇਹਾ ਦਿਸਣਾ, ਇਕ ਦੂਜੇ ਨਾਲ ਸ਼ਕਲ ਮਿਲਣੀ।

تشبیب ***ਤਸ਼ਬੀਬ*** : ਸ਼ਬਾਬ (ਜਵਾਨੀ) ਨੂੰ ਯਾਦ ਕਰਨਾ; ਜਵਾਨੀ ਸਮੇਂ ਦੀਆਂ ਗੱਲਾਂ ਕਰਨਾ; ਕਵੀਆਂ ਦੀ ਪਰਭਾਸ਼ਾ ਵਿਚ 'ਕਸੀਦੇ' ਦੇ ਅਰੰਭ ਵਿਚ 'ਮਦਰ' (ਉਸਤਤ) ਤੋਂ ਪੈਹਲਾਂ ਦੀਆਂ ਇਸ਼ਕ ਆਦਿ ਬਾਰੇ ਰਚੀਆਂ ਤੁਕਾਂ ਜਿਨ੍ਹਾਂ ਨਾਲ ਸਰੋਤੇ ਦੀ ਤਬੀਅਤ ਭੜਕ ਉੱਠੇ; ਕਸੀਦੇ ਦੀ ਭੂਮਿਕਾ।

تشبیه ***ਤਸ਼ਬੀਹ*** : ਇਕ ਚੀਜ਼ ਨੂੰ ਦੂਜੀ ਨਾਲ ਉਪਮਾ ਦੇਣਾ; ਉਪਮਾ।

تشت ***ਤਸ਼ਤ*** : (ਤਸ਼ਤ طشت ਜਿਸ ਦਾ ਅਰਬੀ ਰੂਪਾਂਤਰ ਹੈ) ਥਾਲ; ਥਾਲੀ; ਪਰਾਂਤ; ਚਿਲਮਚੀ।

تشتِ آتش ***ਤਸ਼ਤ-ਏ-ਆਤਿਸ਼,*** تشت زر/زرین ***ਤਸ਼ਤ-ਏ-ਜ਼ਰ /ਜ਼ਰੀਨ*** : ਸੂਰਜ।

تشتِ بلند ***ਤਸ਼ਤ-ਏ-ਬੁਲੰਦ,*** تشتِ سرنگوں ***ਤਸ਼ਤ-ਏ-ਸਰ-ਨਿਗੂੰ*** : ਅਸਮਾਨ; ਸੂਰਜ।

تشت خانہ ***ਤਸ਼ਤ-ਖ਼ਾਨਾ*** : ਸੌਣ ਦੇ ਕੱਪੜੇ; ਓਹ ਕਮਰਾ ਜਿਸ ਵਿਚ ਸੌਣ ਦੇ ਕੱਪੜੇ ਰੱਖੇ ਜਾਣ; ਓਹ ਕਮਰਾ ਜਿਸ ਵਿਚ ਲੋਟਾ ਆਦਿ ਭਾਂਡੇ ਰੱਖੇ ਜਾਣ।

تشتخوان ***ਤਸ਼ਤਖ਼ਾਨ*** : ਦਸਤਰਖ਼ਾਨ।

تشتدار ***ਤਸ਼ਤਦਾਰ*** : ਓਹ ਨੌਕਰ ਜਿਸ ਦੇ ਜ਼ੁਮੇਂ ਤਸ਼ਤ (ਥਾਲ) ਆਦਿ ਦੀ ਸਾਂਭ ਦਾ ਕੰਮ ਹੋਵੇ।

تشت سیمیں ***ਤਸ਼ਤੇ ਸੀਮੀਂ*** : ਚੰਦਰਮਾ।

تشتگی ***ਤਸ਼ਤਗੀ*** : ਰਕਾਬੀ, ਤਸ਼ਤਰੀ।

تشتگیدار ***ਤਸ਼ਤਗੀਦਾਰ*** : ਤਸ਼ਤਦਾਰ।

تشتگیر ***ਤਸ਼ਤਗੀਰ*** : ਕਸੇਰਾ; ਠਠਿਆਰਾ।

تشت ار بام افتادن ***ਤਸ਼ਤ ਅਜ਼ ਬਾਮ ਉਫ਼ਤਾਦਨ*** : ਰਾਜ਼ ਫਾਸ਼ ਹੋਣਾ, ਭੇਦ ਖੁਲ੍ਹ ਜਾਣਾ।

تشت ازبام افگندن ***ਤਸ਼ਤ ਅਜ਼ ਬਾਮ ਅਫ਼ਗੰਦਨ*** : ਰਾਜ਼ ਫਾਸ਼ ਕਰਨਾ; ਭੇਦ ਖੋਲ੍ਹਣਾ।

تشت زدن ***ਤਸ਼ਤ ਜ਼ਦਨ*** : ਗਰੈਹਣ; ਸੂਰਜ ਗਰੈਹਣ; ਇਕ ਈਰਾਨੀ ਰਸਮ ਜਿਸ ਵਿਚ ਚੰਦ ਜਾਂ ਸੂਰਜ-ਗਰੈਹਣ ਸਮੇਂ ਥਾਲ ਵਜਾਉਂਦੇ ਹਨ।

تشخیص ***ਤਸ਼ਖ਼ੀਸ*** : ਥਾਪਣਾ; ਮੁਕੱਰਰ ਕਰਨਾ; ਜਾਂਚਣਾ; ਜਾਂਚ ਪੜਤਾਲ; ਠੇਕਾ ਲੈਣਾ; ਥੀਏਟਰ ਵਿਚ ਐਕਟ ਕਰਨਾ; ਅਦਾਕਾਰੀ; ਬੀਮਾਰੀ ਨਿਸਚਤ ਕਰਨਾ।

تشدّد ***ਤਸ਼ਦੱਦ*** : ਸਖ਼ਤ ਕਰਨਾ; ਸਖ਼ਤ ਹੋਣਾ; ਮਜ਼ਬੂਤ ਕਰਨਾ; ਕਿਸੇ ਅੱਖਰ ਨੂੰ ਸ਼ਬਦ ਵਿਚ ਇਸ ਤਰ੍ਹਾਂ ਉਚਾਰਨਾ ਕਿ ਉਸ ਦੀ ਅਵਾਜ਼ ਦੋਹਰੀ ਨਿਕਲੇ; ਤਸ਼ਦੀਦ ਦਾ ਚਿੰਨ੍ਹ; ਸਖ਼ਤੀ।

تشریح ***ਤਸ਼ਰੀਹ*** : ਸ਼ਰਹ ਕਰਨਾ; ਵਿਆਖਿਆ ਕਰਨਾ; ਖੋਲ੍ਹਣਾ; ਖੋਲ੍ਹ ਕੇ ਪਰਗਟ ਕਰਨਾ; ਗੋਸ਼ਤ ਦੇ ਟੁਕੜੇ ਕਰਨਾ; ਸਰੀਰ ਦੇ ਅੰਗਾਂ ਦੀ ਪੂਰੀ ਪੂਰੀ ਵਿਆਖਿਆ ਕਰਨੀ।

تشریف ***ਤਸ਼ਰੀਫ਼*** : ਵਡਿਆਈ ਦੇਣਾ; ਸ਼ਾਹੀ ਸਿਰੋਪਾ।

تشریفاتی باشی ***ਤਸ਼ਰੀਫ਼ਾਤੀ ਬਾਸ਼ੀ*** : ਤੋਸ਼ਾਖ਼ਾਨੇ ਦਾ ਦਰੋਗ਼ਾ।

تشریف دادن ***ਤਸ਼ਰੀਫ਼ ਦਾਦਨ*** : ਇੱਜ਼ਤ ਮਾਣ ਦੇਣਾ।

تشریق کردن ***ਤਸ਼ਰੀਕ ਕਰਦਨ*** : ਸਿਰੋਪਾ ਦੇਣਾ।

تشفی ***ਤਸ਼ੱਫ਼ੀ*** : ਤੰਦਰੁਸਤ ਹੋਣਾ; ਤਸੱਲੀ; ਤਸਕੀਨ; ਕਿਸੇ ਤੋਂ ਖ਼ੁਸ਼ ਹੋਣਾ।

تشکیک ***ਤਸ਼ਕੀਕ*** : ਸ਼ੱਕ ਵਿਚ ਪਾਉਣਾ; ਵੈਹਮ ਵਿਚ ਪਾ ਦੇਣਾ।

تشکیل ***ਤਸ਼ਕੀਲ*** : ਸ਼ਕਲ ਬਣਾਉਣਾ; ਮੂਰਤ ਬਣਾਉਣਾ; ਰੂਪ ਦੇਣਾ; ਛੁਪਾਉਣਾ; ਜਾਨਵਰ ਨੂੰ ਪੈਖੜ ਪਾਉਣਾ।

تشنگی ***ਤਸ਼ਨਿਗੀ*** : ਪਿਆਸ, ਤਰੇਹ।

تشنہ ***ਤਸ਼ਨਾ*** : ਪਿਆਸਾ, ਤਿਹਾਇਆ।

تشنہ جگر ***ਤਸ਼ਨਾ-ਜਿਗਰ,*** تشنہ دل ***ਤਸ਼ਨਾ-ਦਿਲ***: ਮੁਸ਼ਤਾਕ; ਸ਼ੌਕੀਨ; ਸ਼ੌਕ ਵਾਲਾ।

تشنۂ خون ***ਤਸ਼ਨਾ-ਏ-ਖ਼ੂਨ*** : ਜਾਨੀ ਦੁਸ਼ਮਣ।

تشنہ لب ***ਤਸ਼ਨਾ-ਲਬ*** : ਪਿਆਸਾ; ਤਿਹਾਇਆ।

تشویش ***ਤਸ਼ਵੀਸ਼*** : ਪਰੇਸ਼ਾਨੀ, ਘਬਰਾਹਟ; ਚਿੰਤਾ, ਫਿਕਰ; ਪਰੇਸ਼ਾਨ ਕਰਨਾ।

تشویق ***ਤਸ਼ਵੀਕ਼*** : ਸ਼ੌਕ ਜਗਾਉਣਾ, ਉਕਸਾਉਣਾ।

تشہد ***ਤਸ਼ੱਹੁਦ*** : ਸ਼ਹਾਦਤ ਦਾ ਕਲਮਾ ਪੜ੍ਹਨਾ।

تشہیر ***ਤਸ਼ਹੀਰ*** : ਸ਼ੋਹਰਤ ਦੇਣਾ; ਮਸਹੂਰ ਕਰਨਾ; ਮੁਨਾਦੀ ਕਰਨਾ; ਜ਼ਲੀਲ ਖ਼ਵਾਰ ਕਰਨਾ,

ਬੁਰਾਈ ਨਾਲ ਸਬੰਧਤ ਕਰਨਾ, ਖੋਤੇ ਤੇ ਚਾੜ੍ਹ ਕੇ ਸ਼ਰਮਸਾਰ ਕਰਨਾ; ਤਲਵਾਰ ਖਿੱਚਣਾ।

تشی ***ਤਸ਼ੀ*** : ਵੱਡਾ ਝਾੜ ਚੂਹਾ, ਓਹ ਜਾਨਵਰ ਜਿਸ ਦੀ ਪਿੱਠ ਕੰਡੇਦਾਰ ਹੁੰਦੀ ਹੈ।

تصادف ***ਤਸਾਦੁਫ਼*** : ਦੋ ਚੀਜ਼ਾਂ ਦਾ ਪਰਸਪਰ ਟਕਰਾਉਣਾ; ਟੱਕਰ ਲੱਗਣਾ; ਬਿਲਾ ਇਰਾਦਾ ਮੁਲਾਕਾਤ।

تصادق ***ਤਸਾਦੁਕ਼*** : ਪਰਸਪਰ ਸੱਚੀ ਦੋਸਤੀ ਕਰਨਾ; ਦੋਸਤੀ ਅਤੇ ਹਰ ਗੱਲ ਵਿਚ ਸਿੱਧਾ ਹੋਣਾ।

تصادم ***ਤਸਾਦੁਮ*** : ਧੱਕਾ, ਸਦਮਾ; ਭੀੜ, ਇਕੱਠ; ਆਪਸ ਵਿਚ ਟਕਰਾਉਣਾ।

تصانیف ***ਤਸਾਨੀਫ਼*** : (ਤਸਨੀਫ਼ **تصنیف** ਦਾ ਬੌਹਵਚਨ) ਲਿਖਤਾਂ; ਰਚਨਾਵਾਂ।

تصاویر ***ਤਸਾਵੀਰ*** : (ਤਸਵੀਰ **تصویر** ਦਾ ਬੌਹਵਚਨ) ਮੂਰਤਾਂ।

تصحیح ***ਤਸਹੀਹ਼*** : ਸਹੀ ਕਰਨਾ; ਸ਼ੁੱਧ ਕਰਨਾ; ਦਰੁਸਤ ਕਰਨਾ, ਸੁਧਾਈ ਕਰਨਾ, ਠੀਕ ਕਰਨਾ; ਸੋਧਣਾ; ਗ਼ਲਤੀ ਦੂਰ ਕਰਨਾ।

تصدق ***ਤਸੱਦੁਕ਼*** : ਸਦਕਾ ਕਰਨਾ, ਸਿਰ ਤੋਂ ਵਾਰ ਕੇ ਖ਼ੈਰ ਦੇਣਾ, ਸਿਰਵਾਰਨਾ ਕਰਨਾ, ਕੁਰਬਾਨੀ, ਵਸੀਲਾ, ਸਦਕੇ।

تصدیق ***ਤਸਦੀਕ਼*** : ਸੱਚਾ ਜਾਣਨਾ; ਮੰਨ ਲੈਣਾ; ਕਿਸੇ ਗੱਲ ਤੇ ਪੱਕਾ ਹੁਕਮ ਲਾਉਣਾ; ਸੱਚਾਈ, ਸਹੀ; ਸਬੂਤ; ਗਵਾਹੀ।

تصرف ***ਤਸੱਰੁਫ਼*** : ਦਖ਼ਲ ਦੇਣਾ; ਕੰਮ 'ਚ ਹੱਥ ਪਾਉਣਾ; ਹੋਰ ਦਾ ਹੋਰ ਹੋਣਾ; ਕਬਜ਼ਾ; ਖ਼ਰਚ।

تصرف‌بیجا ***ਤਸੱਰੁਫ਼-ਏ-ਬੇਜਾ*** : ਧੱਕਾ, ਬੇਜਾ ਦਖ਼ਲ, ਨਜ਼ਾਇਜ਼ ਕਬਜ਼ਾ; ਗ਼ਬਨ।

تصرف‌کردن ***ਤਸੱਰੁਫ਼ ਕਰਦਨ*** : ਨੁਕਤਾਚੀਨੀ ਕਰਨਾ, ਕਬਜ਼ਾ ਕਰਨਾ।

تصغیر ***ਤਸਗ਼ੀਰ*** : ਛੋਟਾ ਕਰਨਾ, ਛੁਟਾਈ।

تصفیه ***ਤਸਫ਼ੀਯਾ*** : ਸਾਫ਼ ਕਰਨਾ, ਪਾਕ ਕਰਨਾ, ਰੋਸ਼ਨ ਕਰਨਾ; ਸਫ਼ਾਈ; ਫ਼ੈਸਲਾ; ਨਿਆਂ।

تصلیب ***ਤਸਲੀਬ*** : ਸਲੀਬ (ਸੂਲੀ) ਤੇ ਚਾੜ੍ਹਨਾ; ਕੱਪੜੇ ਆਦਿ ਤੇ ਸਲੀਬ ਦਾ ਨਿਸ਼ਾਨ ਬਣਾਉਣਾ; ਸਖ਼ਤ ਕਰਨਾ।

تصنع ***ਤਸੱਨੁਅ*** : ਬਣਾਵਟ, ਸਾਖ਼ਤ, ਕਾਰੀਗਰੀ ਕਰਨਾ; ਇਸਤਰੀ ਦਾ ਸ਼ਿੰਗਾਰ ਨਾਲ ਆਪਣੀ ਸੁੰਦਰਤਾ ਨੂੰ ਚਮਕਾਉਣਾ, ਖੁਸ਼ਾਮਦ, ਚਾਪਲੋਸੀ।

تصنیف ***ਤਸਨੀਫ਼*** : ਕਿਤਾਬ ਬਣਾਉਣਾ; ਦਿਲੋਂ ਕੋਈ ਮਜ਼ਮੂਨ ਕੱਢਣਾ; ਨਜ਼ਮ ਤੇ ਨਸਰ (ਪਦ ਤੇ ਗੱਦ) ਦਾ ਕੋਈ ਲੇਖ ਲਿਖਣਾ; ਸ਼ੇਅਰ ਪੜ੍ਹਨਾ; ਗ਼ਜ਼ਲ ਗਾਉਣਾ; ਰਾਗ; ਗੀਤ; ਕਾਵ।

تصور ***ਤਸੱਵੁਰ*** : ਸੂਰਤ ਸ਼ਕਲ ਬੰਨ੍ਹਣਾ; ਧਿਆਨ; ਕਿਸੇ ਚੀਜ਼ ਦੀ ਸ਼ਕਲ ਨੂੰ ਦਿਮਾਗ ਵਿਚ ਲਿਆਉਣਾ, ਕਲਪਨਾ ਕਰਨਾ।

تصوف ***ਤਸੱਵੁਫ਼*** : ਪਸ਼ਮੀਨਾ ਬਣਾਉਣਾ; ਸੂਫ਼ੀ ਬਣਨਾ; ਹਿਰਦੇ ਨੂੰ ਸਾਫ਼ ਕਰਨਾ; ਰੱਬ ਨਾਲ ਲਿਵ ਲਾਉਣ ਦਾ ਗਿਆਨ; ਸੂਫ਼ੀਆਂ ਦੀ ਪਰਭਾਸ਼ਾ ਵਿਚ ਵਿਸ਼ੈ ਵਿਕਾਰਾਂ ਨੂੰ ਦੂਰ ਕਰਨਾ; 'ਸੂਫ' ਦੇ ਅਰਥ ਹਨ ਉਨ ਤੇ ਇਕ ਪਰਕਾਰ ਦਾ ਪਸ਼ਮੀਨਾ, ਪੁਰਾਣੇ ਸਮਿਆਂ ਵਿਚ ਸੂਫ਼ੀ ਪਸ਼ਮੀਨਾ ਪੈਹਨਦੇ ਸਨ; ਜਿਸ ਲਈ ਸੂਫ਼ੀ ਅਖਵਾਏ ਜਾਣ ਲੱਗੇ; ਗਿਆਨ ਧਿਆਨ; ਇਕ ਪਾਸੇ ਚੱਲਣਾ; ਸੂਫ਼ੀਆਂ ਦਾ ਅਕੀਦਾ।

تصویر ***ਤਸਵੀਰ*** : ਸੂਰਤ, ਸ਼ਕਲ, ਮੂਰਤ, ਰੂਪ; ਨਕਸ਼ਾ; ਫ਼ੋਟੋ; ਸੂਰਤ ਬਣਾਉਣਾ, ਸ਼ਕਲ ਖਿੱਚਵਾਉਣਾ; ਪੈਦਾ ਕਰਨਾ; ਸੂਰਤਗਰੀ।

تصویرسایه‌دار ***ਤਸਵੀਰ-ਏ-ਸਾਯਾਦਾਰ*** : ਬੁੱਤ, ਮੂਰਤੀ।

تضاد ***ਤਜ਼ਾਦ*** : ਇਕ ਚੀਜ਼ ਦਾ ਦੂਜੀ ਚੀਜ਼ ਦੇ ਉਲਟ ਹੋਣਾ; ਜ਼ਿੱਦ; ਵਿਰੋਧ; ਆਪਸ ਵਿਚ ਦੁਸ਼ਮਣੀ ਕਰਨਾ।

تضرع ***ਤਜ਼ੱਰੁਅ*** : ਮਿੰਨਤ ਕਰਨਾ; ਗਿੜਗਿੜਾਉਣਾ; ਰੋਣਾ-ਧੋਣਾ।

تضمین ***ਤਜ਼ਮੀਨ*** : ਜ਼ਮਾਨਤ ਦੇਣਾ; ਆਪਣੀ ਸ਼ਰਨ ਵਿਚ ਲੈਣਾ; ਕਿਸੇ ਕਵੀ ਦੀ ਪਰਸਿੱਧ ਤੁਕ ਨੂੰ ਆਪਣੀਆਂ ਤੁਕਾਂ ਵਿਚ ਲਿਆਉਣਾ; ਮਿਲਾਉਣਾ, ਸ਼ਾਮਲ ਕਰਨਾ; ਮਨਵਾਉਣਾ, ਕਬੂਲ ਕਰਵਾਉਣਾ।

تطابق **ਤਤ਼ਾਬੁਕ਼** : ਪਰਸਪਰ ਇਕ ਸਮਾਨ ਹੋਣਾ; ਸਮਾਨਤਾ ਹੋਣੀ; ਸੈਹਮਤ ਹੋਣਾ; ਮੇਲ; ਲਗਾ।

تطلیق **ਤਤ਼ਲੀਕ਼** : ਤਲਾਕ ਦੇਣਾ; ਇਸਤਰੀ ਦੇ ਮਰਦ ਨਾਲ ਜਾਂ ਮਰਦ ਦੇ ਇਸਤਰੀ ਨਾਲ ਵਿਆਹੁਤਾ ਸਬੰਧ ਖ਼ਤਮ ਕਰਨੇ।

تطویل **ਤਤ਼ਵੀਲ** : ਲਮਕਾਉਣਾ; ਤੂਲ ਦੇਣਾ; ਲੰਮਾ ਕਰਨਾ; ਲੰਮਾਈ; ਦੇਰੀ ਲਾਉਣਾ।

تطہیر **ਤਤ਼ਹੀਰ** : ਪਾਕ ਕਰਨਾ, ਪਵਿੱਤਰ ਕਰਨਾ।

تطہیرِقلب **ਤਤ਼ਹੀਰ-ਏ-ਕ਼ਲਬ** : ਦਿਲ ਨੂੰ ਪਾਕ ਕਰਨਾ; ਭੈੜੇ ਖ਼ਿਆਲਾਂ ਤੋਂ ਦਿਲ ਨੂੰ ਸਾਫ਼ ਰੱਖਣਾ; ਹਿਰਦੇ ਦੀ ਪਵਿੱਤਰਤਾ।

تعارض **ਤਆਰੁਜ਼** : ਦੋ ਚੀਜ਼ਾਂ ਦਾ ਪਰਸਪਰ ਵਿਰੋਧੀ ਹੋਣਾ; ਬਰਾਬਰੀ ਕਰਨਾ; ਸਾਮ੍ਹਣੇ ਆਉਣਾ; ਆਪਸ ਵਿਚ ਝਗੜਾ ਕਰਨਾ।

تعارف **ਤਆਰੁਫ਼** : ਪਰਸਪਰ ਜਾਣ-ਪਛਾਣ; ਪਛਾਣ; ਪਰੀਚਯ; ਇਕ ਰਸਮ; ਆਉਭਗਤ; ਅਖ਼ਲਾਕ; ਸੁਗ਼ਾਤ ਜੋ ਦੋਸਤ ਇਕ ਦੂਜੇ ਨੂੰ ਪਰਸਪਰ ਭੇਜਣ।

تعارفِ رسمی **ਤਆਰੁਫ਼-ਏ-ਰਸਮੀ** : ਸ਼ਹਾਨਾ ਮੁਲਾਕਾਤ।

تعاقب **ਤਆਕ਼ੁਬ** : ਇਕ ਦੂਜੇ ਦਾ ਪਿੱਛਾ ਕਰਨਾ; ਪਿਛੇ ਦੌੜਨਾ।

تعالیٰ **ਤਆਲਾ** : ਓਹ ਵੱਡਾ ਹੈ; ਓਹ ਸਲਬੋਤਮ ਤੇ ਸਰਵੁੱਚ ਹੈ, (ਰੱਬ ਦੀ ਸਿਫ਼ਤ ਲਈ ਆਉਂਦਾ ਹੈ)।

تعالیٰ اللہ **ਤਆਲਾ-ਅੱਲਾਹ** : ਉਸਤਤੀ ਦਾ ਵਾਕ, ਐ ਸਰਬੋਤਮ ਤੇ ਸਰਵੁਚ ਖ਼ੁਦਾ; ਸੁਬਹਾਨ ਅੱਲਾਹ! ਵਾਹ ਵਾਹ!

تعاون **ਤਆਵੁਨ** : ਇਕ ਦੂਜੇ ਦੀ ਮੱਦਦ ਕਰਨਾ।

تعبیر **ਤਅਬੀਰ** : ਸੁਫ਼ਨੇ ਦੀ ਹਕੀਕਤ ਦੱਸਣਾ; ਦਿਲ ਦੀ ਗੱਲ ਦਸਣਾ; ਵਿਸ਼ਲੇਸ਼ਣ।

تعجب **ਤਅੱਜੁਬ** : ਅਨੋਖਾਪਣ; ਅਚੰਭਾ, ਹੈਰਾਨੀ; ਉਸਤਤੀ, ਪਰਸ਼ੰਸਾ।

تعجیل **ਤਅਜੀਲ** : ਜਲਦੀ ਕਰਨਾ, ਸ਼ਤਾਬੀ ਕਰਨਾ; ਜਲਦੀ, ਤੇਜ਼ੀ।

تعداد **ਤਅਦਾਦ** : ਸ਼ੁਮਾਰ ਕਰਨਾ, ਗਿਣਨਾ, ਗਿਣਤੀ, ਸੰਖਿਆ; ਅੰਦਾਜ਼ਾ, ਮਿਕਦਾਰ।

تعدی **ਤਅੱਦੀ** : ਹੱਦ ਟੱਪ ਜਾਣਾ, ਹੱਦੋਂ ਲੰਘ ਜਾਣਾ; ਜ਼ੁਲਮ, ਅੱਤਿਆਚਾਰ, ਵਧੀਕੀ, ਸਖ਼ਤੀ।

تعدید **ਤਅਦੀਦ** : ਸ਼ੁਮਾਰ ਕਰਨਾ, ਗਿਣਨਾ; ਤਿਆਰੀ ਕਰਨਾ; ਭਵਿੱਖ ਲਈ ਤਿਆਰ ਹੋਣਾ; ਸ਼ਖ਼ਤੀ, ਜ਼ੁਲਮ, ਵਧੀਕੀ।

تعذیب **ਤਅਜ਼ੀਬ** : ਦੁੱਖ ਦੇਣਾ, ਤੰਗ ਕਰਨਾ; ਸਜ਼ਾ ਦੇਣਾ; ਸਜ਼ਾ; ਸਖ਼ਤੀ।

تعذیر **ਤਅਜ਼ੀਰ** : ਉਜ਼ਰ ਕਰਨਾ; ਉਜ਼ਰ ਦਾ ਸਾਬਤ ਹੋਣਾ; ਬਹਾਨਾ ਕਰਨਾ; ਕੰਮ ਵਿਚ ਕਸੂਰ ਹੋਣਾ; ਖ਼ਤਨਾ (ਸੁੰਨਤਾਂ) ਕਰਵਾਉਣ ਵਾਲਿਆਂ ਦੀ ਪਰਾਹੁਣਾਚਾਰੀ ਕਰਨਾ।

تعرض **ਤਅੱਰੁਜ਼** : ਪੇਸ਼ ਹੋਣਾ; ਪਿੱਛੇ ਪੈਣਾ; ਛੇੜਨਾ; ਤੰਗ ਕਰਨਾ; ਐਬ ਕੱਢਣਾ; ਟੇਢਾ ਹੋਣਾ; ਕਿਸੇ ਕੰਮ ਵਿਚ ਰੁਝਿਆ ਹੋਣਾ; ਤਬਾਹ ਬਰਬਾਦ ਹੋਣਾ; ਮੁਖ਼ਾਲਫ਼ਤ; ਵਧੀਕੀ; ਨੁਕਸਾਨ; ਰੋਕਣਾ; ਰੁਕਾਵਟ ਪਾਉਣੀ; ਰੋਕ, ਰੁਕਾਵਟ।

تعریب **ਤਅਰੀਬ** : ਕਿਸੇ ਦੂਜੀ ਭਾਸ਼ਾ ਦੇ ਸ਼ਬਦ ਨੂੰ ਅਰਬੀ ਰੂਪ ਦੇਣਾ; ਕਲਾਮ ਨੂੰ ਗ਼ਲਤੀ ਤੋਂ ਪਾਕ ਕਰਨਾ।

تعریف **ਤਅਰੀਫ਼** : ਅਰਥ ਬਿਆਨ ਕਰਨਾ; ਪਛਾਣਨਾ; ਪਰਭਾਸ਼ਾ ਕਰਨਾ; ਵਿਸ਼ਲੇਸ਼ਣ; ਪਰੀਚਯ (ਕਰਾਉਣਾ); ਜਾਣ-ਪਛਾਣ ਕਰਾਉਣੀ; ਸ਼ਲਾਘਾ ਕਰਨਾ, ਜਸ; ਜਾਣ-ਪਛਾਣ।

تعزیت **ਤਅਜ਼ੀਯਤ** : ਮਾਤਮ-ਪੁਰਸੀ; ਜਿਸ ਤੇ ਭੀੜ ਬਣੀ ਹੋਵੇ ਜਾਂ ਜੋ ਸ਼ੋਕਵਾਨ ਹੋਵੇ ਉਸ ਨੂੰ ਸਬਰ ਕਰਨ ਲਈ ਕੈਹਣਾ; ਸ਼ੋਕਵਾਨ ਨਾਲ ਹਮਦਰਦੀ ਜਤਾਉਣਾ।

تعزیہ **ਤਅਜ਼ੀਯਾ** : ਇਮਾਮ ਹੁਸੈਨ ਦੀ ਤੁਰਬਤ (ਕਬਰ) ਦੀ ਨਕਲ ਜੋ ਸ਼ੀਆ ਦਸਵੀਂ ਮੁਹੱਰਮ ਨੂੰ ਬਤੌਰ ਯਾਦਗਾਰ ਬਣਾ ਕੇ ਕੱਢਦੇ ਹਨ।

تعزیہ‌دار **ਤਅਜ਼ੀਯਾ-ਦਾਰ** :

ਸੋਗਵਾਰ; ਓਹ ਵਿਅੱਕਤੀ ਜੇਹੜਾ ਤਾਜ਼ੀਯਾ ਬਣਾ ਕੇ ਰੱਖੇ ਜਾਂ ਕੱਢੇ।

تعزیهداری ***ਤਅਜ਼ੀਯਾਦਾਰੀ*** : ਤਾਅਜ਼ੀਯਾ ਬਣਾਉਣਾ ਜਾਂ ਕੱਢਣਾ; ਤਾਅਜ਼ੀਯਾ ਬਣਾਉਣ ਦੀ ਰਸਮ; ਸੋਗ; ਮਾਤਮ; ਛਾਤੀ ਪਿੱਟਣਾ।

تعس ***ਤਅੱਸ*** : ਹਲਾਕ ਹੋਣਾ; ਪਸਤ ਹੋਣਾ; ਡਿਗਣਾ; ਸਿਰ ਦੇ ਭਾਰ ਡਿਗਣਾ; ਤਬਾਹੀ, ਬਰਬਾਦੀ; ਦੂਰੀ।

تعشق ***ਤਅੱਸ਼ੁਕ*** : ਇਸ਼ਕ ਦਾ ਪਰਗਟਾ ਕਰਨਾ; ਆਸ਼ਕ ਹੋਣਾ; ਮੋਹਤ ਹੋਣਾ; ਚਾਹ; ਇਸ਼ਕ, ਪਿਆਰ; ਸ਼ੌਕ।

تعصب ***ਤਅੱਸੁਬ*** : ਸਿਰ ਤੇ ਪੱਟੀ ਬੰਨ੍ਹਣਾ; ਤਰਫ਼ਦਾਰੀ ਕਰਨਾ, ਪੱਖਪਾਤ ਕਰਨਾ; ਹਮਾਇਤ ਕਰਨਾ, ਪੱਖਪਾਤ; ਕੱਟੜਪੁਣਾ।

تعطل ***ਤਅੱਤੁਲ*** : ਬੇਕਾਰ ਹੋਣਾ, ਵੇਹਲਾ ਹੋਣਾ; ਸੇਵਾ ਮੁਕਤ ਹੋਣਾ; ਇਸਤਰੀ ਦਾ ਗੈਹਣਿਆਂ ਤੋਂ ਵੰਚਤ ਹੋਣਾ; ਬੇਕਾਰ; ਵੇਹਲਾ।

تعطیل ***ਤਅਤ਼ੀਲ*** : ਗਵਾਉਣਾ; ਕਿਸੇ ਚੀਜ਼ ਨੂੰ ਬੇਕਾਰ ਕਰਨਾ; ਬੇਕਾਰੀ ਦਾ ਦਿਨ; ਛੁੱਟੀ; ਵੇਹਲਾ ਕਰਨਾ।

تعظیم ***ਤਅਜ਼ੀਮ*** : ਕਿਸੇ ਨੂੰ ਵੱਡਾ ਬਣਾਉਣਾ; ਮਾਣ ਸਤਕਾਰ ਦੇਣਾ; ਅਦਬ ਲਿਹਾਜ਼; ਇੱਜ਼ਤ।

تعلق ***ਤਅੱਲੁਕ*** : ਲਗਾ; ਸਬੰਧ; ਵਾਸਤਾ; ਰਿਸ਼ਤਾ; ਲਗਾ ਰੱਖਣਾ; ਸਬੰਧਤ ਹੋਣਾ; ਮੋਹ; ਸੰਸਾਰ ਦਾ ਪਿਆਰ; ਰੁਜ਼ਗਾਰ ਦੇ ਸਾਧਨ; ਜ਼ਿਲ੍ਹੇ ਦਾ ਭਾਗ; ਜਗੀਰ।

تعلقات ***ਤਅੱਲੁਕਾਤ*** : (ਤਅੱਲੁਕ **تعلق** ਦਾ ਬੌਹਵਚਨ) ਸਬੰਧ; ਰਿਸ਼ਤੇ; ਜਗੀਰਾਂ।

تعلقدار ***ਤਅਲੁੱਕਦਾਰ*** : ਸਬੰਧੀ, ਰਿਸ਼ਤੇਦਾਰ; ਦੋਸਤ; ਮੇਲ ਮਿਲਾਪ ਰੱਖਣ ਵਾਲੇ।

تعلقه ***ਤਅੱਲੁਕ਼ਾ*** : ਲਗਾ; ਸਬੰਧ; ਰਿਸ਼ਤਾ; ਇਲਾਕਾ; ਸਬੰਧਤ ਇਲਾਕਾ; ਮਾਮਲਾ; ਜ਼ਿਲ੍ਹੇ ਦਾ ਭਾਗ।

تعلقهدار ***ਤਅਲੁੱਕ਼ਾਦਾਰ*** : ਜਗੀਰ ਦਾ ਮਾਲਕ; ਜਗੀਰਦਾਰ; ਬਿਸਵੇਦਾਰ।

تعلیم ***ਤਅਲੀਮ*** : ਇਲਮ ਪੜ੍ਹਾਉਣਾ, ਸਿਖਾਉਣਾ, ਵਿਦਿਆ ਦੇਣਾ, ਸਿਖਿਆ ਪਰਦਾਨ ਕਰਨਾ, ਕੁਝ ਸਿਖਾਉਣਾ; ਸਿੱਖਿਆ, ਵਿਦਿਆ।

تعلیمی ***ਤਅਲੀਮੀ*** : ਇਲਮ ਨਾਲ ਸਬੰਧਤ, ਇਲਮੀ।

تعمل ***ਤਅੱਮੁਲ*** : ਅਮਲ ਵਿਚ ਲਿਆਉਣਾ, ਪਰਯੋਗ ਕਰਨਾ; ਆਪਣੇ ਆਪ ਕੋਈ ਕੰਮ ਕਰਨਾ।

تعمیر ***ਤਅਮੀਰ*** : ਇਮਾਰਤ ਬਣਾਉਣਾ, ਭਵਨ ਉਸਾਰਨਾ; ਅਬਾਦ ਕਰਨਾ, ਵਸਾਉਣਾ; ਲੰਮੀ ਉਮਰ ਲਈ ਦੁਆ ਕਰਨਾ; ਮੁਰੰਮਤ ਕਰਨਾ; ਇਮਾਰਤ; ਮਕਾਨ, ਘਰ; ਬਣਾਵਟ।

تعمیل ***ਤਅਮੀਲ*** : ਅਮਲ ਕਰਨਾ; ਆਮਲ ਬਣਾਉਣਾ; ਹਾਕਮ ਬਣਾਉਣਾ; ਮਜ਼ਦੂਰੀ ਦੇਣਾ; ਪਰਯੋਗ; ਹੁਕਮ ਦੀ ਪਾਲਣਾ ਕਰਨਾ।

تعویز ***ਤਅਵੀਜ਼*** : ਸ਼ਰਨ ਵਿਚ ਲੈਣਾ; ਕਿਸੇ ਆਫਤ, ਤਕਲੀਫ਼ ਜਾਂ ਭੈੜੀ ਨਜ਼ਰ ਤੋਂ ਬਚਣ ਲਈ ਜਾਂ ਮਨੋਰਥ ਪਾਉਣ ਲਈ ਦੁਆਂ ਜਾਂ ਉਸ ਦੇ ਨਿਸਚਤ ਅੰਕੜੇ ਲਿਖ ਕੇ ਗਲ ਵਿਚ ਪਾਉਣਾ ਜਾਂ ਡੋਲੇ ਆਦਿ ਤੇ ਬੰਨ੍ਹਣਾ; ਸ਼ਰਨ।

تغار ***ਤਗ਼ਾਰ*** : ਮਿੱਟੀ ਦਾ ਕੂੰਡਾ; ਤਸਲਾ; ਘੋੜੇ ਦੀ ਖੁਰਜੀ; ਦਿਹਾੜੀ ਦੀ ਖ਼ੁਰਾਕ; ਮਾਪ।

تغاره ***ਤਗ਼ਾਰਾ*** : ਤੋਲ, ਨ੍ਹਾਉਣ ਦਾ ਟਬ।

تغافل ***ਤਗ਼ਾਫੁਲ*** : ਜਾਣ ਬੁੱਝ ਕੇ ਕਿਸੇ ਚੀਜ਼ ਤੋਂ ਅਣਜਾਣ ਹੋਣਾ ਜਾਂ ਅਵੇਸਲੇ ਹੋਣਾ, ਅਣਡਿੱਠਾ ਕਰਨਾ; ਲਾਪਰਵਾਹੀ, ਅਣਗੈਹਲੀ।

تغلق ***ਤੁਗ਼ਲਕ਼*** : ਸਰਦਾਰ; ਮੁਖੀਆ; ਹਿੰਦੁਸਤਾਨ ਦਾ ਮਸ਼ਹੂਰ ਅਫ਼ਗਾਨਸ਼ਾਹੀ ਖ਼ਾਨਦਾਨ ਜਿਸ ਦੇ ਅੱਠ ਬਾਦਸ਼ਾਹ 1320 ਤੋਂ ੧੪੧੨ ਈ. ਤੱਕ ਹਿੰਦੁਸਤਾਨ 'ਤੇ ਰਾਜ ਕਰਦੇ ਰਹੇ।

تغلیس ***ਤਗ਼ਲੀਸ*** : ਅਰਮਨ ਦੇ ਇਕ ਸ਼ੈਹਰ ਦਾ ਨਾਮ, ਜਿਸ ਦੀ ਨੀਂਹ ਸਿਕੰਦਰ ਨੇ ਰੱਖੀ ਸੀ।

تغیر ***ਤਗ਼ਈਯੁਰ*** : ਹਾਲਤ ਦਾ ਬਦਲ ਜਾਣਾ, ਤਬਦੀਲੀ।

تغئیر ***ਤਗ਼ਈਰ*** : ਹੋਰ ਦਾ ਹੋਰ ਬਣਾ ਦੇਣਾ, ਤਬਦੀਲ ਕਰ ਦੇਣਾ।

تف ***ਤਫ਼*** : ਰੋਸ਼ਨੀ, ਚਾਨਣ; ਗਰਮੀ, ਤਾਪ; ਬਦਬੂ; ਭਾਫ਼; ਬੁਖ਼ਾਰਾਤ; ਧੂੰਆਂ।

تف ***ਤੁਫ਼*** : ਥੁੱਕ।

تفکردن ***ਤੁਫ਼ਕਰਦਨ*** : ਥੁੱਕਣਾ।

تف ***ਤੁਫ਼*** : ਨੌਂਹਾਂ ਦੀ ਮੈਲ; ਦੰਦਾਂ ਵਿਚ ਫਸਿਆ ਖਾਣਾ; ਕੰਨਾਂ ਦੀ ਮੈਲ।

تفاخر ***ਤੁਫ਼ਾਖ਼ੁਰ*** : ਇਕ ਦੂਜੇ 'ਤੇ ਵਡਿਆਈ ਪਰਗਟ ਕਰਨਾ, ਸ਼ੇਖੀ, ਫੜ, ਘਮੰਡ।

تفاریق ***ਤਫ਼ਾਰੀਕ਼*** : (ਤਫ਼ਰੀਕ਼ **تفریق** ਦਾ ਬੌਹਵਚਨ) ਤਫ਼ਰੀਕ; ਅੰਤਰੇ, ਫ਼ਰਕ; ਜੁਦਾਈਆਂ, ਵਿਛੋੜੇ; ਕਿਸ਼ਤਾਂ, ਵਾਰੀਆਂ।

تفاسیر ***ਤਫ਼ਾਸੀਰ*** : (ਤਫ਼ਸੀਰ **تفسیر** ਦਾ ਬੌਹਵਚਨ) ਕਿਸੇ ਕਲਾਮ ਦੇ ਟੀਕੇ, ਰੱਬੀ ਕਲਾਮ ਦੀ ਵਿਆਖਿਆ।

تفاصیل ***ਤਫ਼ਾਸੀਲ*** : (ਤਫ਼ਸੀਲ **تفصیل** ਦਾ ਬੌਹਵਚਨ) ਵਿਆਖਿਆਵਾਂ; ਟੀਕੇ; ਵਿਸਤਾਰ।

تفاضل ***ਤਫ਼ਾਜ਼ੁਲ*** : ਪਰਸਪਰ ਵਡੱਪਣ ਦਾ ਦਾਵਾ ਕਰਨਾ; ਇਕ ਦੂਜੇ ਤੋਂ ਵੱਡਿਆਂ ਹੋਣਾ; ਵਡਿਆਈ ਚਾਹੁਣਾ।

تفاوت ***ਤਫ਼ਾਵੁਤ*** : ਫ਼ਾਸਲਾ; ਦੂਰੀ; ਫ਼ਰਕ; ਅੰਤਰ; ਜੁਦਾਈ; ਵਿਛੋੜਾ।

تفت ***ਤਫ਼ਤ*** : ਗਰਮ; ਜਲਿਆ ਹੋਇਆ; ਕੈਹਰ, ਗ਼ਜ਼ਬ; ਗੁੱਸੇ ਨਾਲ ਜਲਦੀ ਭੜਕ ਉਠਣਾ, ਗੱਲਬਾਤ ਤੇ ਚਾਲ ਵਿਚ ਤੇਜ਼ੀ ਵਰਤਣਾ; ਕੰਗਾਲ।

تفتان ***ਤਫ਼ਤਾਨ*** : ਗਰਮ; ਅੱਗ ਜਾਂ ਧੁੱਪ ਨਾਲ ਗਰਮ ਹੋਈ ਕੋਈ ਚੀਜ਼; ਪਰੌਂਠਾ।

تفته ***ਤਫ਼ਤਾ*** : (ਤਾਫ਼ਤਾ **تافته** ਦਾ ਸੰਖਿਪਤ ਰੂਪ) ਸੜਿਆ-ਭੁੱਜਿਆ; ਗਰਮ ਹੋਇਆ; ਬੇਚੈਨ; ਮਰੋੜਿਆ ਹੋਇਆ; ਆਸ਼ਕ।

تفتۂجگر ***ਤਫ਼ਤਾ-ਏ-ਜਿਗਰ*** : ਆਸ਼ਕ, ਦਿਲ ਜਲਾ, ਇਸ਼ਕ ਦੀ ਅੱਗ 'ਚ ਸੜਿਆ; ਜਿਗਰ ਜਾਂ ਦਿਲ ਦੀ ਬੀਮਾਰੀ ਦਾ ਰੋਗੀ।

تفجر ***ਤਫ਼ੱਜੁਰ*** : ਫ਼ਜਰ (ਸਵੇਰਾ) ਹੋਣਾ; ਸਵੇਰ ਦਾ ਚਾਨਣ ਹੋਣਾ; ਪਾਣੀ ਜਾਰੀ ਹੋਣਾ; ਨਿਕਲਣਾ; ਬਹਾਦਰੀ ਕਰਨਾ।

تفتیش ***ਤਫ਼ਤੀਸ਼*** : ਖੋਜ ਲਾਉਣੀ, ਢੂੰਡਣਾ, ਤਲਾਸ਼, ਭਾਲ; ਨਿਰੀਖਣ, ਖੋਜ, ਪੁਛ-ਪੜਤਾਲ; ਖੁਰਚਣ।

تفحص ***ਤਫ਼ਹੁੱਸ*** : ਤਲਾਸ਼, ਭਾਲ, ਟੋਹ, ਢੂੰਡ; ਖੋਜ; ਨਿਰੀਖਣ, ਪੁੱਛ-ਪੜਤਾਲ।

تفرج ***ਤਫ਼ਰੁਜ*** : ਖ਼ੁਸ਼ਹਾਲ ਹੋਣਾ; ਖ਼ੁਸ਼ਹਾਲੀ; ਸੌਖਿਆਂ ਹੋਣਾ; ਪਰਸਪਰ ਮੌਜ ਮੇਲਾ ਕਰਨਾ; ਸੈਰ; ਤਮਾਸ਼ਾ; ਮੌਜ ਮੇਲਾ।

تفرجگاہ ***ਤਫ਼ਰੁੱਜਗਾਹ*** : ਸੈਰ ਦੀ ਥਾਂ, ਸੈਰਗਾਹ; ਤਮਾਸ਼ੇ ਦਾ ਸਥਾਨ।

تفرق ***ਤਫ਼ਰੁੱਕ*** : ਅੱਡ ਅੱਡ ਹੋਣਾ, ਖਿੰਡਣਾ, ਜੁਦਾ ਹੋਣਾ।

تفرقه ***ਤਫ਼ਰਿਕ਼ਾ*** : ਫ਼ਰਕ, ਅੰਤਰ; ਫਾਸਲਾ, ਵਿੱਥ, ਜੁਦਾਈ; ਵਿਤਕਰਾ; ਅੱਡ ਕਰਨਾ, ਖਿੰਡਾਉਣਾ; ਫੁੱਟ।

تفریح ***ਤਫ਼ਰੀਹ*** : ਖ਼ੁਸ਼ ਹੋਣਾ; ਖ਼ੁਸ਼ ਕਰਨਾ; ਖ਼ੁਸ਼ੀ ਮਨਾਉਣਾ; ਮੌਜ ਮੇਲਾ; ਅਨੰਦ; ਮਨੋਰੰਜਨ; ਸੈਰ; ਤਾਜ਼ਗੀ।

تفریحا ***ਤਫ਼ਰੀਹਨ*** : ਖ਼ੁਸ਼ੀ ਵਜੋਂ, ਮੌਜ ਮੇਲੇ ਲਈ।

تفریحطبع ***ਤਫ਼ਰੀਹ ਤਬਅ*** : ਦਿਲ-ਪਰਚਾਵਾ, ਖ਼ੁਸ਼ੀ; ਹਾਸੀ।

تفریس ***ਤਫ਼ਰੀਸ*** : ਪਾੜਨਾ, ਲੀਰਾਂ ਲੀਰਾਂ ਕਰਨਾ; ਕਿਸੇ ਦੂਜੀ ਭਾਸ਼ਾ ਦੇ ਸ਼ਬਦ ਨੂੰ ਫ਼ਾਰਸੀ ਬਣਾਉਣਾ ਅਰਥਾਤ ਮੁਫਰਿੱਸ ਬਣਾਉਣਾ।

تفریق ***ਤਫ਼ਰੀਕ਼*** : ਅੱਡ ਕਰਨਾ; ਫ਼ਰਕ ਕੱਢਣਾ; ਫ਼ਰਕ ਪਾਉਣਾ; ਵਿਤਕਰਾ ਕਰਨਾ; ਵੰਡ; ਵਿਸ਼ੇਲਸ਼ਣ; ਵਰਗੀਕਰਨ; ਭਾਗ; ਵਿਭਾਗ; ਘਟਾ; ਛੋਟੇ ਅੰਕੜੇ ਨੂੰ ਵੱਡੇ ਅੰਕੜੇ ਚੋਂ ਘਟ ਕਰਨਾ; ਜੁਦਾਈ; ਫੁੱਟ।

تفسیر ***ਤਫ਼ਸੀਰ*** : ਕਲਾਮ ਦੇ ਭਾਵਾਂ ਨੂੰ ਸਪੱਸ਼ਟ ਕਰਨਾ, ਰੱਬੀ ਕਲਾਮ ਦੀ ਵਿਆਖਿਆ ਕਰਨਾ; ਟੀਕਾ, ਵਿਆਖਿਆ।

تفسیرداں ***ਤਫ਼ਸੀਰ-ਦਾਨ*** : ਇਲਮ-ਏ-ਤਫ਼ਸੀਰ ਦੇ ਜਾਣਨ ਵਾਲਾ, ਟੀਕਾਕਾਰ,

ਵਿਆਖਿਆਕਾਰ; ਸਿਆਣਾ; ਵਿਦਵਾਨ।

تفشه ***ਤਫ਼ਸ਼ਾ*** : ਮਲਾਮਤ; ਮੇਹਣਾ; ਮੇਹਣਾ ਦੇਣਾ; ਬੁਰਾ ਭਲਾ ਕੈਹਣਾ।

تفشه‌زن ***ਤਫ਼ਸ਼ਾ-ਜ਼ਨ*** : ਮੇਹਣਾ ਮਾਰਨ ਵਾਲਾ।

تفشه‌زنی ***ਤਫ਼ਸ਼ਾ-ਜ਼ਨੀ*** : ਮੇਹਣੇ ਮਾਰਨ ਦੀ ਕਿਰਿਆ; ਤਾਅਨਾਜ਼ਨੀ।

تفصیل ***ਤਫ਼ਸੀਲ*** : ਖੋਲ੍ਹ ਕੇ ਦੱਸਣਾ, ਵਿਸਤਾਰਪੂਰਵਕ ਵਿਆਖਿਆ ਕਰਨਾ, ਅੱਡ ਅੱਡ ਕਰਕੇ ਵਰਣਨ ਕਰਨਾ, ਅੱਡ ਕਰਨਾ, ਅੰਤਰ ਕਰਨਾ, ਵਿੱਥ ਪਾਉਣਾ; ਵਿਸਤਾਰ।

تفصیلا ***ਤਫ਼ਸੀਲਨ*** : ਵਿਸਤਾਰ ਸੈਹਤ।

تفصیل‌وار ***ਤਫ਼ਸੀਲਵਾਰ*** : ਵਿਸਤਾਰ ਅਨੁਸਾਰ; ਵਿਸਤਾਰਪੂਰਵਕ ਢੰਗ ਨਾਲ।

تفضیل ***ਤਫ਼ਜ਼ੀਲ*** : ਵਡਿਆਉਣਾ।

تفضیل‌بعض ***ਤਫ਼ਜ਼ੀਲ-ਏ-ਬਅਜ਼*** : ਕੁਝ ਇਕ 'ਤੇ ਤਰਜੀਹ ਦੇਣਾ; ਬਰਤਰ ਦੱਸਣਾ; ਸਿਫ਼ਤ ਦਾ ਓਹ ਦਰਜਾ ਜਿਸ ਵਿਚ ਇਕ ਮੌਸੂਫ਼ (ਜਿਸ ਦੀ ਸਿਫ਼ਤ ਕਰਨੀ ਹੋਵੇ) ਨੂੰ ਕੁਝ ਇਕ ਮੌਸੂਫ਼ਾਂ ਤੇ ਫ਼ਜ਼ੀਲਤ ਦਿੱਤੀ ਜਾਵੇ; ਜਿਵੇਂ 'ਬਜ਼ੁਰਗ-ਤਰ'; ਖ਼ੁਸ਼ਤਰ; ਬਦਤਰ।

تفضیل‌کل ***ਤਫ਼ਜ਼ੀਲ-ਏ-ਕੁਲ*** : ਸਰਬੋਤਮ ਬਣਾਉਣਾ, ਸਾਰਿਆਂ ਨਾਲੋਂ ਵਧੇਰੇ ਤਰਜੀਹ ਦੇਣਾ; ਬਜ਼ੁਰਗਤਰੀਨ; ਬਦਤਰੀਨ ਬੇਹਤਰੀਨ।

تفضیل‌نفسی ***ਤਫ਼ਜ਼ੀਲ-ਏ-ਨਫ਼ਸੀ*** : ਜ਼ਾਤੀ ਸਿਫ਼ਤ; ਨਿੱਜੀ ਗੁਣ; ਸਿਫ਼ਤ ਦਾ ਓਹ ਦਰਜਾ ਜਿਸ ਵਿਚ ਸਿਫ਼ਤ ਕੀਤੇ ਜਾਣ ਵਾਲੇ ਦੀ ਕੇਵਲ ਸਿਫ਼ਤ ਪਰਗਟ ਕੀਤੀ ਜਾਵੇ ਅਤੇ ਕਿਸੇ ਹੋਰ ਉਪਰ ਤਰਜੀਹ ਨਾ ਦਿੱਤੀ ਜਾਵੇ ਜਿਵੇਂ ਨੇਕ ਤੇ ਖ਼ੁਸ਼।

تفک ***ਤੁਫ਼ਕ*** : (ਤੁਪਕ تپک); ਤੋਪ, ਬੰਦੂਕ।

تفنگ ***ਤੁਫ਼ੰਗ*** : ਬੰਦੂਕ; ਤੋੜੇਦਾਰ ਬੰਦੂਕ।

تفنگچی ***ਤੁਫ਼ੰਗਚੀ*** : ਬੰਦੂਕਚੀ।

تفنگدار ***ਤੁਫ਼ੰਗਦਾਰ*** : ਬੰਦੂਕ ਚਲਾਉਣ ਵਾਲਾ।

تفنگ‌دنگی ***ਤੁਫ਼ੰਗ-ਏ-ਦਿੰਗੀ*** : ਟੋਪੀ ਵਾਲੀ ਬੰਦੂਕ।

تفنگ‌دولوله ***ਤੁਫ਼ੰਗ-ਏ-ਦੋ ਲੂਲਾ*** : ਦੋਨਾਲੀ ਬੰਦੂਕ।

تفنگ‌سربازی ***ਤੁਫ਼ੰਗ-ਏ-ਸਰਬਾਜ਼ੀ*** : ਫ਼ੌਜੀ ਬੰਦੂਕ।

تفنگ‌سوزنی ***ਤੁਫ਼ੰਗ-ਏ-ਸੋਜ਼ਨੀ*** : ਕਾਰਤੂਸੀ ਬੰਦੂਕ।

تفوق ***ਤਫ਼ੱਵੁਕ਼*** : ਵਡਿਆਈ ਢੂੰਡਣਾ; ਵਡਿਆਈ; ਐਸ਼ ਵਿਚ ਵਾਧਾ ਚਾਹੁਣਾ; ਬੱਚੇ ਦਾ ਥੋੜੇ ਥੋੜੇ ਚਿਰ ਪਿਛੋਂ ਦੁੱਧ ਚੁੰਘਣਾ।

تفویض ***ਤਫ਼ਵੀਜ਼*** : ਸੌਂਪਣਾ; ਹਵਾਲੇ ਕਰਨਾ; ਸੌਂਪਣੀ।

تفهیم ***ਤਫ਼ਹੀਮ*** : ਸਮਝਾਉਣਾ।

تقابل ***ਤਕ਼ਾਬੁਲ*** : ਮੁਕਾਬਲੇ 'ਤੇ ਆਉਣਾ; ਸਾਮ੍ਹਣੇ ਹੋਣਾ; ਆਮ੍ਹਣੇ ਸਾਮ੍ਹਣੇ ਖੜ੍ਹਾ ਹੋਣਾ।

تقادیر ***ਤਕ਼ਾਦੀਰ*** : (ਤਕਦੀਰ تقدیر ਦਾ ਬੌਹਵਚਨ); ਤਕਦੀਰਾਂ, ਕਿਸਮਤਾਂ; ਅੰਦਾਜ਼ੇ, ਅਨੁਮਾਨ।

تقارب ***ਤਕ਼ਾਰੁਬ*** : ਪਰਸਪਰ ਨੇੜੇ ਹੋਣਾ; ਇਕ ਦੂਜੇ ਦੇ ਕੋਲ ਕੋਲ ਆਉਣਾ; ਅਰਬੀ ਛੰਦ ਸ਼ਾਸਤਰ ਦੀ ਇਕ ਬੈਹਰ ਦਾ ਨਾਮ।

تقاریر ***ਤਕ਼ਾਰੀਰ*** : (ਤਕ਼ਰੀਰ تقریر ਦਾ ਬੌਹਵਚਨ) ਤਕਰੀਰਾਂ, ਭਾਸ਼ਣ, ਸੰਵਾਦ।

تقاضا ***ਤਕ਼ਾਜ਼ਾ*** : ਤਲਬ, ਇੱਛਾ, ਮੰਗ।

تقاضای‌سن ***ਤਕਾਜ਼ਾ-ਏ-ਸਿਨ,***

تقاضای‌عمر ***ਤਕਾਜ਼ਾ-ਏ-ਉਮਰ*** : ਉਮਰ ਦੀ ਸੁਭਾਵਕ ਇੱਛਾ ਅਨੁਸਾਰ।

تقاضاوقت ***ਤਕਾਜ਼ਾ-ਏ-ਵਕਤ*** : ਮੌਕੇ ਅਨੁਸਾਰ।

تقاضی ***ਤਕ਼ਾਜ਼ੀ*** : ਕਰਜ਼ ਵਾਪਸ ਮੰਗਣਾ।

تقاویم ***ਤਕ਼ਾਵੀਮ*** : (ਤਕਵੀਮ تقویم ਦਾ ਬੌਹਵਚਨ) ਜੰਤਰੀਆਂ।

تقدس ***ਤੱਕ਼ਦੁਸ*** : ਪਾਕੀਜ਼ਗੀ; ਪਵਿੱਤਰਤਾ।

تقدم ***ਤੱਕ਼ਦੁਮ*** : ਅਗ੍ਹਾਂ ਵਧਣਾ; ਪੈਹਲਾ ਹੋਣਾ; ਪੈਹਲ।

تقدیر ***ਤਕ਼ਦੀਰ*** : ਅੰਦਾਜ਼ਾ, ਅੰਦਾਜ਼ਾ

ਲਾਉਣਾ; ਵੰਡਣਾ, ਅੱਡ ਕਰਨਾ; ਹਿੱਸਾ ਨਿਸਚਤ ਕਰਨਾ; ਨਸੀਬ, ਭਾਗ।

تقدیری ***ਤਕ਼ਦੀਰੀ*** : ਤਕਦੀਰ ਨਾਲ ਸਬੰਧਤ, ਕਿਸਮਤ ਦਾ; ਅਸਲ।

تقدیری امر ***ਤਕ਼ਦੀਰੀ ਅਮਰ*** : ਹੋਣ ਵਾਲੀ ਬਾਤ; ਨਾ ਟੱਲਣ ਵਾਲੀ ਗੱਲ ਹੋਣੀ।

تقدیس ***ਤਕ਼ਦੀਸ*** : ਪਵਿੱਤਰਤਾ; ਪਵਿੱਤਰ ਕਰਨਾ।

تقدیم ***ਤਕ਼ਦੀਮ*** : ਪੈਹਲ ਦੇਣਾ; ਅੱਗੇ ਕਰਨਾ; ਤਰਜੀਹ ਦੇਣਾ; ਭੋਜਣ ਸਾਮ੍ਹਣੇ ਰੱਖਣਾ; ਪੇਸ਼ ਕਰਨਾ; ਪੇਸ਼ ਹੋਣਾ; ਕਸਮ ਖਾਣਾ।

تقرب ***ਤਕ਼ੱਰੁਬ*** : ਨੇੜੇ ਹੋਣਾ; ਅੰਦਰ ਆਉਣਾ ਅਰਥਾਤ ਨੇੜੇ ਹੋਣ ਦੀ ਅਗਿਆ ਮੰਗਣਾ; ਨੇੜਤਾ।

تقرر ***ਤਕ਼ਰੁੱਰ*** : ਮੁਕੱਰਰ ਹੋਣਾ; ਮੁਕੱਰਰ ਕਰਨਾ; ਪੱਕਿਆਂ ਹੋਣਾ; ਸਥਿਰ ਹੋਣਾ; ਠੈਹਰਨਾ; ਪਕਿਆਈ।

تقرری ***ਤਕਰੁੱਰੀ*** : ਨਿਯੁਕਤੀ; ਸਥਿਰਤਾ।

تقریب ***ਤਕ਼ਰੀਬ*** : ਕਰੀਬ ਕਰਨਾ; ਨੇੜੇ ਆਉਣ ਦੇਣਾ; ਨੇੜੇ ਆਉਣਾ; ਇਸ ਤਰ੍ਹਾਂ ਗੱਲ ਕਰਨਾ ਕਿ ਭਾਵ ਨਿਸਚਤ ਹੋ ਜਾਵੇ; ਘੋੜੇ ਦੀ ਓਹ ਚਾਲ ਜਿਸ ਵਿਚ ਓਹ ਦੋਵੇਂ ਪੈਰ ਇਕੱਠੇ ਚੁੱਕਦਾ ਹੈ; ਦੁੜਕੀ; ਅਵਸਰ; ਸਮਾਗਮ; ਸਮਾਰੋਹ; ਭਾਵ; ਸਾਧਨ।

تقریباً ***ਤਕਰੀਬਨ*** : ਅਨੁਮਾਨ; ਅਨੁਸਾਰ; ਨੇੜੇ, ਨੇੜ; ਅੰਦਾਜ਼ੇ ਦੇ ਤੌਰ ਤੇ।

تقریب دیدن ***ਤਕਰੀਬ ਦੀਦਨ*** : ਭਾਵ ਵੇਖਣਾ।

تقریب سعید ***ਤਕਰੀਬ-ਏ-ਸਈਦ*** : ਸ਼ੁਭ ਅਵਸਰ; ਜਨਮ; ਵਿਆਹ ਆਦਿ ਦਾ ਅਵਸਰ।

تقریر ***ਤਕਰੀਰ*** : ਗੱਲਬਾਤ; ਬਾਤਚੀਤ; ਬੈਹਸ; ਵਾਦ-ਵਿਵਾਦ; ਪੱਕਿਆਂ ਕਰਨਾ; ਨਿਯੁੱਕਤ ਕਰਨਾ; ਇਕਰਾਰ ਕਰਨਾ।

تقریر کردن ***ਤਕ਼ਰੀਰ ਕਰਦਨ*** : ਗੱਲ ਕਰਨਾ; ਭਾਸ਼ਣ ਦੇਣਾ; ਘੋਸ਼ਣਾ ਕਰਨਾ।

تقریری ***ਤਕ਼ਰੀਰੀ,*** تقریرا ***ਤਕ਼ਰੀਰਨ*** : ਜ਼ਬਾਨੀ।

تقسیم ***ਤਕ਼ਸੀਮ*** : ਹਿੱਸੇ ਕਰਨਾ; ਵੰਡਣਾ; ਖਿੰਡਾਉਣਾ; ਇਕ ਅਲੰਕਾਰ; ਗਣਿਤ ਵਿਦਿਆ ਦਾ ਚੌਥਾ ਕਾਇਦਾ; ਤਕਸੀਮ।

تقسیم جمع ***ਤਕ਼ਸੀਮ-ਏ-ਜਮਅ਼*** : ਜ਼ਮੀਨ ਦਾ ਅਨੁਮਾਨ।

تقصیر ***ਤਕ਼ਸੀਰ*** : ਕਸੂਰ; ਜੁਰਮ; ਦੋਸ਼; ਗਲਤੀ; ਗੁਨਾਹ; ਪਾਪ; ਕਮੀ ਕਰਨਾ; ਕੰਮ ਵਿਚ ਕੋਤਾਹੀ ਤੇ ਸੁਸਤੀ ਕਰਨਾ; ਗੁੱਸੇ ਤੇ ਦਰਦ ਦਾ ਜਾਂਦੇ ਰੈਹਣਾ।

تقصیردار ***ਤਕ਼ਸੀਰਦਾਰ*** : ਕਸੂਰਵਾਰ; ਖ਼ਤਾਕਾਰ।

تقصیرکار ***ਤਕ਼ਸੀਰਕਾਰ*** : ਪਾਪੀ।

تقصیروار ***ਤਕ਼ਸੀਰਵਾਰ*** : ਮੁਜਰਮ, ਦੋਸ਼ੀ।

تقطیر ***ਤਕ਼ਤ਼ੀਰ*** : ਬੂੰਦ ਬੂੰਦ ਟਪਕਾਉਣਾ; ਡਿਗਣਾ; ਟਪਕਣਾ; ਪਿਸ਼ਾਬ ਦਾ ਹਮੇਸ਼ਾਂ ਜਾਰੀ ਰੈਹਣਾ; ਊਠਾਂ ਦੀ ਕਤਾਰ ਬਣਾਉਣਾ; ਸਤ ਕੱਢਣਾ।

تقطیع ***ਤਕ਼ਤ਼ੀਅ*** : ਕੱਟਣਾ; ਟੁਕੜੇ ਟੁਕੜੇ ਕਰਨਾ; ਅੱਡ ਅੱਡ ਕਰਨਾ; ਸ਼ਿੰਗਾਰ ਕਰਨਾ; ਅਰਬੀ ਫ਼ਾਰਸੀ ਛੰਦ ਸ਼ਾਸਤਰ ਅਨੁਸਾਰ ਸ਼ੇਅਰ ਦੇ ਟੋਟੇ ਕਰਨਾ; ਵਿਭਾਜਨ।

تقلیب ***ਤਕ਼ਲੀਬ*** : ਬਦਲਨਾ; ਉਲਟਣਾ; ਪਲਟਣਾ; ਉਲਟ ਪੁਲਟ ਕਰਨਾ; ਇਕ ਅੱਖਰ ਨੂੰ ਦੂਜੇ ਨਾਲ ਬਦਲਨਾ।

تقلید ***ਤਕ਼ਲੀਦ*** : ਕਿਸੇ ਨੂੰ ਪਦਵੀ ਦੇਣਾ; ਨਕਲ ਲਾਹੁਣਾ; ਭੇਸ ਬਦਲਨਾ; ਰੂਪ ਧਾਰਨਾ; ਸਵਾਂਗ ਭਰਨਾ; ਚਿੜਾਉਣਾ; ਨਕਲ; ਅਨੁਕਰਣ; ਭੇਖ; ਪਖੰਡ।

تقلیدی ***ਤਕ਼ਲੀਦੀ*** : ਨਕਲਚੀ; ਨਕਲੀ; ਭੇਖੀ; ਪੈਰਵੀ ਕਰਨ ਵਾਲਾ।

تقلیل ***ਤਕ਼ਲੀਲ*** : ਘੱਟ ਕਰਨਾ; ਥੁੜ, ਘਾਟ, ਕਮੀ।

تقوی ***ਤਕ਼ਵਾ*** : ਰੱਬ ਦਾ ਡਰ; ਪਰਹੇਜ਼ਗਾਰੀ; ਪਵਿੱਤਰਤਾ; ਆਪਣੇ ਆਪ ਨੂੰ ਗੁਨਾਹ ਤੋਂ ਬਚਾਉਣਾ।

تقویت ***ਤਕਵੀਯਤ*** : ਸ਼ਕਤੀ ਦੇਣਾ; ਪੱਕਿਆਂ ਕਰਨਾ; ਸ਼ਕਤੀ; ਪੁਸ਼ਟੀ; ਵਿਸ਼ਵਾਸ਼; ਭਰੋਸਾ; ਇਤਬਾਰ; ਢਾਰਸ; ਤਸੱਲੀ।

تقویم ***ਤਕ਼ਵੀਮ*** : ਸਿੱਧਾ ਕਰਨਾ; ਠੀਕ ਥਾਂ ਸਿਰ ਰਖਣਾ; ਕੀਮਤ ਅਦਾ ਕਰਨਾ; ਜੰਤਰੀ, ਅੰਦਾਜ਼; ਕੈਲੰਡਰ; ਪਤਰੀ।

تقویم پارینہ ***ਤਕ਼ਵੀਮ-ਏ-ਪਾਰੀਨਾ*** : ਪੁਰਾਣੀ ਜੰਤਰੀ; ਫ਼ਜ਼ੂਲ ਚੀਜ਼।

تقی ***ਤਕ਼ੀ*** : ਪਰਹੇਜ਼ਗਾਰ; ਖ਼ੁਦਾ ਤੋਂ ਡਰਨ ਵਾਲਾ।

تک ***ਤੁਕ*** : ਪੰਛੀਆਂ ਦੀ ਚੁੰਝ; ਸਿਰਾ; ਨੋਕ; ਤਲਵਾਰ ਦਾ ਸਿਰਾ; ਨੇਜ਼ੇ ਦੀ ਅਣੀ; ਘੱਟ ਰੋਸ਼ਨੀ ਵਾਲਾ ਚਿਰਾਗ।

تکاپو ***ਤਕਾਪੂ*** : ਭੱਜ-ਦੌੜ।

تکاپوی ***ਤਕਾ ਪੂਯ*** : ਭਾਲ, ਤਲਾਸ਼।

تکارم ***ਤਕਾਰੁਮ*** : ਪਰਸਪਰ ਕਰਮ ਕਰਨਾ; ਇਕ ਦੂਜੇ ਤੇ ਮੇਹਰਬਾਨੀ ਕਰਨਾ।

تکالیف ***ਤਕਾਲੀਫ਼*** : (ਤਕਲੀਫ਼ تکلیف ਦਾ ਬੌਹਵਚਨ) ਤਕਲੀਫ਼ਾਂ, ਔਕੜਾਂ; ਫ਼ਰਜ਼; ਕਰਤੱਵ।

تکان ***ਤਕਾਨ*** : ਧੱਕਾ; ਝਟਕਾ; ਟੱਕਰ; ਥਕਾਵਟ।

تکبُّر ***ਤਕੱਬੁਰ*** ਅਭਮਾਨ ਕਰਨਾ; ਘਮੰਡ ਕਰਨਾ; ਆਪਣੇ ਆਪ ਨੂੰ ਵੱਡਾ ਸਮਝਣਾ; ਕਿਬਰ; ਗ਼ਰੂਰ।

تکبُّری ***ਤਕੱਬੁਰੀ*** : ਗ਼ਰੂਰ।

تکبند ***ਤਕਬੰਦ*** : ਪੇਟੀ।

تکبیر ***ਤਕਬੀਰ*** : ਵਡਿਆਈ ਕਰਨਾ; ਵੱਡਾ ਕਰਨਾ; 'ਅੱਲਾਹ ਅਕਬਰ' ਕੈਹਣਾ।

تکتاز ***ਤਕਤਾਜ਼*** : ਜਲਦੀ; ਕਾਹਲੀ; ਦੌੜਨਾ; ਦੌੜ ਭੱਜ; ਜਲਦੀ ਕਰੋ।

تکتک ***ਤਕਤਕ*** : ਇੱਧਰ ਉੱਧਰ, ਥਾਂ ਥਾਂ ਖਿੰਡਿਆ ਹੋਇਆ, ਪੈਰਾਂ ਦੀ ਬਿੜਕ।

تکتکِ پا ***ਤਕਤਕ-ਏ-ਪਾ*** : ਦੌੜਨ ਲੱਗਿਆਂ ਪੈਰਾਂ ਦੀ ਅਵਾਜ਼; ਖੜਕਾ।

تکثیر ***ਤਕਸੀਰ*** : ਵਧਾਉਣਾ; ਇਕ ਤੋਂ ਵੱਧ ਕਰਨਾ।

تکذیب ***ਤਕਜ਼ੀਬ*** : ਕਿਸੇ ਨੂੰ ਝੂਠਾ ਕਰਨਾ, ਝੁਠਲਾਉਣਾ।

تکرار ***ਤਕਰਾਰ*** : ਦੁਹਰਾਉਣਾ; ਬਾਰ ਬਾਰ ਕੈਹਣਾ; ਮੁੜ ਕੇ ਹੱਲਾ ਕਰਨਾ; ਸਵਾਲ ਜਵਾਬ; ਬੈਹਸ; ਝਗੜਾ; ਜ਼ਬਾਨੀ ਲੜਾਈ; ਉਜ਼ਰ।

تکریم ***ਤਕਰੀਮ*** : ਇੱਜ਼ਤ ਕਰਨਾ; ਮਾਣ ਸਤਕਾਰ ਕਰਨਾ; ਇਜ਼ੱਤ; ਮਾਣ; ਸਤਕਾਰ; ਵਡਿਆਈ; ਆਉ ਭਗਤ।

تکریمات ***ਤਕਰੀਮਾਤ*** : ਇੱਜ਼ਤ ਮਾਣ।

تکفیر ***ਤਕਫ਼ੀਰ*** : ਕਾਫ਼ਰ ਕੈਹਣਾ; ਗੁਨਾਹ ਦੂਰ ਕਰਨਾ; ਦੋਸ਼ ਢੱਕਣਾ।

تکفیل ***ਤਕਫ਼ੀਲ*** : ਜ਼ਮਾਨਤ ਦੇਣਾ; ਜ਼ੁੰਮੇਵਾਰ ਹੋਣਾ।

تکفین ***ਤਕਫ਼ੀਨ*** : ਮੁਰਦੇ ਤੇ ਖੱਫਣ ਪਾਉਣਾ।

تکلف ***ਤਕੱਲੁਫ਼*** : ਵਖਾਵਾ; ਬਣਾਵਟ; ਉਚੇਚ ਕਰਨਾ ਜ਼ਾਹਰਦਾਰੀ; ਖੇਚਲ; ਖ਼ੁਦ ਤਕਲੀਫ਼ ਉਠਾਉਣਾ; ਓਹ ਬਾਤ ਦਿਖਾਉਣਾ ਜੇਹੜੀ ਆਪਣੇ ਵਿਚ ਨਾ ਹੋਵੇ।

تکلم ***ਤਕੱਲੁਮ*** : ਕਲਾਮ ਕਰਨਾ; ਗੱਲ ਕਰਨਾ; ਬੋਲਣਾ; ਗੱਲਬਾਤ; ਬੋਲ।

تکلیف ***ਤਕਲੀਫ਼*** : ਰੰਜ, ਦੁੱਖ; ਦਰਦ; ਕਿਸੇ ਕੋਲੋਂ ਕੰਮ ਕਰਵਾਉਣਾ; ਕਿਸੇ ਨੂੰ ਦੁੱਖ ਵਿਚ ਪਾਉਣਾ; ਕਿਸੇ ਨੂੰ ਔਖਾ ਕਰਨਾ; ਕਿਸੇ ਦੇ ਜ਼ੁੰਮੇ ਲਾਇਆ ਕੰਮ ਜਾਂ ਫ਼ਰਜ਼; ਤੰਗੀ ਤੁਰਸ਼ੀ; ਦਿੱਕਤ।

تکوتا ***ਤਕ-ਓ-ਤਾ***, **تکوتار** ***ਤਕ-ਓ-ਤਾਜ਼*** : ਭੱਜ-ਦੌੜ; ਨੱਸ-ਭੱਜ; ਭਾਲ; ਢੂੰਡ; ਤਲਾਸ਼; ਘੋੜੇ ਨੂੰ ਦੁੜਾਉਣਾ।

تکور ***ਤਕੂਰ*** : ਪਤਲੀ ਰੋਗਨੀ ਘਿਉ ਵਾਲੀ ਰੋਟੀ; ਘੁੰਗਰਾਲੇ ਵਾਲ।

تکیہ ***ਤਕਯਾ*** : ਸਰਹਾਣਾ; ਜਿਸ ਨਾਲ ਸਹਾਰਾ ਲਾਇਆ ਜਾਵੇ; ਫ਼ਕੀਰਾਂ ਦਾ ਡੇਰਾ; ਇਮਾਮ ਬਾੜਾ; ਕਬਰਿਸਤਾਨ; ਵਿਸ਼ਰਾਮ ਧਾਮ।

تکیہ جائ ***ਤਕਯਾ-ਜਾਯ*** : ਮਸਨਦ; ਗੱਦੀ; ਹਮਾਇਤੀ।

تکیه‌زدن *ਤਕਯਾ ਜ਼ਦਨ* : ਭਰੋਸਾ ਕਰਨਾ।

تگ *ਤਗ* : ਥਾਹ; ਤੈਹ; ਦੌੜਨਾ, ਭੱਜਣਾ; ਢੰਡੋਰਾ, ਹੌਕਾ; ਉੱਚੀ ਅਵਾਜ਼, ਪੁਕਾਰ; ਜ਼ਮੀਨ; ਕਦਮ; ਡਗ।

تگاپو *ਤਗਾ-ਪੋ* : ਦੌੜ-ਭੱਜ; ਤਲਾਸ਼; ਭਾਲ; ਜਲਦੀ-ਜਲਦੀ ਆਉਣਾ; ਤਾਵਲ।

تگامشی *ਤਗਾ-ਮਸ਼ੀ* : ਦੌੜ ਭੱਜ।

تگاور *ਤਗਾਵਰ* : ਤੇਜ ਚਾਲ ਵਾਲਾ ਘੋੜਾ।

تگدی *ਤਗਦੀ* : ਭਿੱਖ ਮੰਗਣਾ; ਗਦਾਗਰੀ ਕਰਨਾ।

تگرگ *ਤਗਰਗ* : ਔਲਾ, ਗੜਾ।

تگل *ਤਗਲ* : ਲਸ਼ਕਰ, ਫ਼ੌਜ; ਸੈਨਾ।

تگل *ਤਿਗਲ* : ਬੁਰਕਾ।

تگوپو *ਤਗ-ਉ-ਪੋ*, **تگوتا** *ਤਗ-ਉ-ਤਾ*, **تگوتاز** *ਤਗ-ਉ-ਤਾਜ਼*, **تگودو** *ਤਗ-ਉ-ਦੋ* : ਦੌੜ-ਭੱਜ; ਨੱਸ-ਭੱਜ; ਢੂੰਡ; ਭਾਲ; ਤਲਾਸ਼; ਦੌੜਨਾ; ਨੱਸਣਾ।

تگین *ਤਗੀਨ* : ਪੈਹਲਵਾਨ; ਅੱਗ; ਨਿੱਕਾ ਹੌਜ਼; ਚਬੱਚੀ।

تل *ਤੱਲ* : ਟਿੱਲਾ, ਪਹਾੜੀ, ਟੀਸੀ; ਢੇਰ।

تلا *ਤਿਲਾ* : ਸੋਨਾ, ਕੰਚਨ।

تلاش *ਤਲਾਸ਼* : ਢੂੰਡ; ਭਾਲ; ਢੂੰਡਣਾ; ਭਾਲਣਾ; ਕੋਸ਼ਿਸ਼; ਜਤਨ।

تلاشِ معاش *ਤਲਾਸ਼-ਏ-ਮਆਸ਼* : ਰੋਜੀ ਢੂੰਡਣਾ; ਰੁਜ਼ਗਾਰ ਲਈ ਜਤਨ ਕਰਨਾ।

تلاشی *ਤਲਾਸ਼ੀ* : ਢੂੰਡਣ ਵਾਲਾ।

تلافی *ਤਲਾਫ਼ੀ* : ਕੱਫ਼ਾਰਾ ਕਰਨਾ; ਗ਼ਲਤੀ ਦੂਰ ਕਰਨਾ; ਪਰਾਪਤ ਕਰਨਾ; ਹਾਸਲ ਕਰਨਾ; ਨੁਕਸਾਨ ਦਾ ਬਦਲਾ; ਇਵਜ਼ਾਨਾ, ਬਦਲਾ।

تلامذه *ਤਲਾਮਿਜ਼ਾ*, **تلامیذ** *ਤਲਾਮੀਜ਼* : (ਤਲਮੀਜ਼ **تلمیذ** ਦਾ ਬੌਹਵਚਨ) ਸ਼ਗਿਰਦ; ਚੇਲੇ।

تلاوت *ਤਿਲਾਵਤ* : ਪੜ੍ਹਨਾ; ਕੁਰਾਨ ਸ਼ਰੀਫ਼ ਲੈ ਨਾਲ ਪੜ੍ਹਨਾ।

تلبیس *ਤਲਬੀਸ* : ਲਿਬਾਸ ਪਾਉਣਾ; ਮਕਰ; ਫ਼ਰੇਬ; ਧੋਖਾ; ਛਲ; ਭੇਖ; ਪਖੰਡ।

تلبیسِ لباس *ਤਲਬੀਸ-ਏ-ਲਿਬਾਸ* : ਧੋਖਾ ਦੇਣ ਲਈ ਕੋਈ ਖ਼ਾਸ ਲਿਬਾਸ ਪਾਉਣਾ; ਬੌਹਰੂਪ ਧਾਰਨਾ।

تلخ *ਤਲਖ਼* : ਕੌੜਾ; ਖਰ੍ਹਵਾ; ਨਾਮੁਲਾਇਮ; ਗਾਲ੍ਹ; ਬਦਕਲਾਮੀ; ਕਾਲਾ ਰੰਗ।

تلخ‌ابرو *ਤਲਖ਼-ਅਬਰੂ* : ਬਦ ਦਿਮਾਗ਼।

تلخ‌بهر *ਤਲਖ਼-ਬਹਰ* : ਬਦਬਖ਼ਤ, ਅਭਾਗਾ।

تلخ‌پاسخ *ਤਲਖ਼ ਪਾਸੁਖ਼* : ਬਦ-ਜ਼ਬਾਨ; ਮੂੰਹ-ਫੱਟ।

تلخ‌جبین *ਤਲਖ਼-ਜਬੀਨ*, **تلخ رو** *ਤਲਖ਼-ਰੂ*, **تلخ‌زبان** *ਤਲਖ਼-ਜ਼ਬਾਨ* : ਬਦ ਮਿਜ਼ਾਜ, ਤੁਰਸ਼ ਰੂ, ਬਦ-ਦਿਮਾਗ਼।

تلخ‌شدن *ਤਲਖ਼-ਸ਼ੁਦਨ* : ਬੇਮਜ਼ਾ ਹੋਣਾ; ਨਰਾਜ਼ ਹੋਣਾ।

تلخ‌نگاه *ਤਲਖ਼-ਨਿਗਾਹ* : ਤਿੱਖੀ ਨਜ਼ਰ ਵਾਲਾ।

تلخ‌وترش *ਤਲਖ਼-ਉ-ਤੁਰਸ਼* : ਦੁਨੀਆਂ ਦੀ ਮੇਹਨਤ ਮੁਸ਼ੱਕਤ।

تلخی *ਤਲਖ਼ੀ* : ਕੜਵਾਹਟ; ਕੌੜ; ਤਲਖ਼ਪਣ।

تلخیص *ਤਲਖ਼ੀਸ* : ਖ਼ੁਲਾਸਾ ਕਰਨਾ; ਸਾਫ਼ ਕਰਨਾ; ਖਾਲਸ ਕਰਨਾ; ਖ਼ੁਲਾਸਾ; ਸਾਰ।

تلد *ਤਲਦ* : ਓਹ ਆਦਮੀ ਜੋ ਜੰਮਿਆ ਤਾਂ ਅਜਮ (ਈਰਾਨ) ਵਿੱਚ ਹੋਵੇ ਪਰ ਪਰਵਰਸ਼ ਅਰਬ ਵਿਚ ਪਾਈ ਹੋਵੇ; ਮੌਰੂਸੀ ਮਾਲ।

تلطف *ਤਲੱਤੁਫ਼* : ਮੇਹਰਬਾਨੀ, ਬਖ਼ਸ਼ਸ਼।

تلغراف *ਤਿਲਗਿਰਾਫ਼*, **تلگراف** *ਤਿਲਗ਼ਿਰਾਫ਼*, **تلغرام** *ਤਿਲਗ਼ਿਰਾਮ* : (ਟੈਲੀਗਰਾਫ਼ ਤੇ ਟੈਲੀਗਰਾਮ ਦਾ ਆਧੁਨਕ ਫ਼ਾਰਸੀ ਰੂਪਾਂਤਰ) ਤਾਰ।

تلگرامچی *ਤਿਲਗਿਰਾਮਚੀ* : ਤਾਰ ਬਾਬੂ।

تلمذ *ਤਲੱਮੁਜ਼* : ਸ਼ਗਿਰਦ ਹੋਣਾ; ਚੇਲਾ ਬਣਨਾ; ਸ਼ਗਿਰਦੀ।

تلمیح ***ਤਲਮੀਹ਼*** : ਕਮਨਿਗਾਹੀ ਨਾਲ ਵੇਖਣਾ; ਸਰਸਰੀ ਵੇਖਣਾ; ਹਲਕੀ ਨਿਗਾਹ ਮਾਰਨਾ; ਸੰਕੇਤ ਕਰਨਾ; ਕਿਸੇ ਕਿੱਸੇ ਕਹਾਣੀ ਵੱਲ ਇਸ਼ਾਰਾ ਕਰਨਾ; ਕੁਰਾਨ ਸ਼ਰੀਫ਼ ਦੀ ਕੋਈ ਆਯਤ ਜਾਂ ਟੂਕ ਆਪਣੇ ਕਲਾਮ ਵਿਚ ਲਿਆਉਣਾ; ਇਤਹਾਸਕ; ਮਿਥਹਾਸਕ; ਹਵਾਲਾ।

تلمیذ ***ਤਲਮੀਜ਼*** : ਸ਼ਗਿਰਦ; ਚੇਲਾ।

تلنگ ***ਤੁਲੰਗ*** : ਜ਼ਰੂਰਤ, ਹਾਜਤ; ਲੋੜ; ਇੱਛਾ, ਰੁਚੀ।

تلنگی ***ਤੁਲੰਗੀ*** : ਲੋੜਵੰਦ; ਮੁਥਾਜ; ਭਿਖਾਰੀ।

تلوّن ***ਤਲੱਵੁਨ*** : ਰੰਗ-ਬ-ਰੰਗ ਹੋਣਾ; ਰੰਗਾਰੰਗ ਹੋਣਾ; ਰੰਗ ਬਦਲਨਾ।

تلون مزاج ***ਤਲੱਵੁਨ-ਮਿਜ਼ਾਜ*** : ਇਕ ਗੱਲ ਤੇ ਸਥਿਰ ਨਾ ਰੈਹਣ ਵਾਲਾ; ਗ਼ੈਰਯਕੀਨੀ ਰਾਏ ਰੱਖਣ ਵਾਲਾ; ਘੜੀ ਘੜੀ ਬਦਲਨ ਵਾਲੇ ਸੁਭਾ ਦਾ ਆਦਮੀ।

تلویح ***ਤਲਵੀਹ਼*** : ਇਸ਼ਾਰਾ ਕਰਨਾ, ਰੋਸ਼ਨ ਕਰਨਾ; ਚਮਕਾਉਣਾ; ਅੱਗ ਨਾਲ ਗਰਮ ਕਰਨਾ; ਬੁਢਾਪੇ ਦੇ ਵਾਲਾਂ ਨੂੰ ਚਿੱਟਿਆਂ ਕਰਨਾ; ਖ਼ਿਜ਼ਾਬ ਲਗਾਉਣਾ; ਜ਼ਰੂਰਤ ਅਨੁਸਾਰ ਖ਼ੁਰਾਕ ਖਾਣਾ।

تلوین ***ਤਲਵੀਨ*** : ਭਿੰਨ-ਭਿੰਨ ਕਰਨਾ; ਸੂਫ਼ੀਆਂ ਦੀ ਪਰਭਾਸ਼ਾ ਵਿਚ ਫ਼ਕਰ ਦੇ ਇਕ ਮਕਾਮ (ਪੜਾ) ਦਾ ਨਾਮ ਹੈ।

تلی ***ਤੁਲੇ*** : ਸੰਦ; ਔਜ਼ਾਰ; ਸੰਦ ਰੱਖਣ ਦੀ ਥੈਲੀ; ਨਾਈ ਦੇ ਸੰਦ ਰੱਖਣ ਦੀ ਚਮੜੇ ਦੀ ਥੈਲੀ; ਦਰਜੀਆਂ ਦੀ ਸੂਈ ਧਾਗਾ ਆਦਿ ਰੱਖਣ ਵਾਲੀ ਗੁੱਥੀ।

تلیوار ***ਤਲੇਵਾਰ***, **تلیبار** ***ਤਲੇਬਾਰ*** : ਰੇਸ਼ਮ ਦੇ ਕੀੜਿਆਂ ਲਈ ਬਣਾਇਆ ਹੋਇਆ ਲੱਕੜ ਦਾ ਘਰ।

تم ***ਤੱਮ***, **تمت** ***ਤੱਮਤ*** : ਤਮਾਮ; ਪੂਰਾ; ਪੂਰਾ ਹੋਇਆ; ਸੰਪੂਰਨ ਹੋਈ ਚੀਜ਼; ਪੁਸਤਕ ਦੇ ਅਖੀਰ ਤੇ ਲਿਖਿਆ ਸ਼ਬਦ ਜੋ ਕਾਰਜ ਦੀ ਸਮਾਪਤੀ ਦਾ ਸੂਚਕ ਹੈ।

تماثل ***ਤਮਾਸੁਲ*** : ਪਰਸਪਰ ਇਕ ਸਮਾਨ ਹੋਣਾ; ਇਕ ਦੂਜੇ ਨਾਲ ਮਿਲਦੇ-ਜੁਲਦੇ ਹੋਣਾ; ਬੀਮਾਰੀ ਤੋਂ ਅੱਛਾ ਹੋਣਾ।

تماثیل ***ਤਮਾਸੀਲ*** : (ਤਿਮਸਾਲ **تمثال** ਦਾ ਬੌਹਵਚਨ) ਮੂਰਤਾਂ; ਤਸਵੀਰਾਂ; ਸ਼ਾਹੀ ਫ਼ਰਮਾਨ।

تماثیلِ طلا ***ਤਮਾਸੀਲ-ਏ-ਤ਼ਿਲਾ*** : ਸੁਨੈਹਰੀ ਫ਼ਰਮਾਨ; ਸ਼ਾਹੀ ਫ਼ਰਮਾਨ।

تماج ***ਤੁਮਾਜ*** : ਕੱਪੜੇ ਦੀ ਲੰਮੀ ਥੈਲੀ, ਵਾਸਲੀ।

تماچه ***ਤਮਾਚਾ*** : ਥੱਪੜ, ਤਮਾਂਚਾ, ਚਪੇੜ; ਚੱਟਣਾ।

تماخره ***ਤਮਾਖ਼ਰਾ*** : ਠੱਠਾ, ਮਖੌਲ, ਦਿਲ-ਲਗੀ; ਮਸਖ਼ਰਾਪਣ।

تماشا ***ਤਮਾਸ਼ਾ*** : (ਅਸਲ ਸ਼ਬਦ 'ਤਮਾਸ਼ੀ' **تماشی**) ਇਸ ਦੇ ਸ਼ਾਬਦਕ ਅਰਥ ਹਨ 'ਪੈਦਲ ਚੱਲਣਾ'; ਇਕੱਠਿਆਂ ਚੱਲਣਾ; (ਸੈਰ ਸਪਾਟੇ ਲਈ ਆਮ ਤੌਰ ਤੇ ਪੈਦਲ ਜਾਂਦੇ ਹਨ); ਸੈਰ; ਮਨੋਰੰਜਨ; ਸ਼ੌਕ ਤੇ ਹੈਰਾਨੀ ਨਾਲ ਵੇਖੀ ਜਾਣ ਵਾਲੀ ਚੀਜ਼; ਵੇਖਣਾ; ਸੈਰ ਕਰਨਾ; ਨਜ਼ਾਰਾ; ਖੇਡ; ਮੇਲਾ; ਮਜ਼ਾਕ, ਠੱਠ਼ਾ; ਵਖਾਵਾ; ਸੁਆਂਗ; ਨਾਟਕ; ਲੀਲ੍ਹਾ।

تماشابین ***ਤਮਾਸ਼ਾਬੀਨ*** : ਤਮਾਸ਼ਾ ਵੇਖਣ ਵਾਲਾ; ਵੈਲੀ।

تماشابینی ***ਤਮਾਸ਼ਾਬੀਨੀ*** : ਵੈਲ; ਠਰਕ।

تماشاخانه ***ਤਮਾਸ਼ਾ-ਖ਼ਾਨਾ***, **تماشا کده** ***ਤਮਾਸ਼ਾ-ਕਦਾ***, **تماشاگاه** ***ਤਮਾਸ਼ਾ-ਗਾਹ*** : ਤਮਾਸ਼ੇ ਦੀ ਥਾਂ।

تماشاکردن ***ਤਮਾਸ਼ਾ ਕਰਦਨ*** : ਵੇਖਣਾ।

تماشاگر ***ਤਮਾਸ਼ਾ-ਗਰ*** : ਤਮਾਸ਼ਾ ਕਰਨ ਵਾਲਾ।

تماشائی ***ਤਮਾਸ਼ਾਈ*** : ਤਮਾਸ਼ਾ ਵੇਖਣ ਵਾਲਾ।

تماشی ***ਤਮਾਸ਼ੀ*** : ਇੱਕਠਿਆਂ ਮਿਲ ਕੇ ਪੈਦਲ ਚੱਲਣਾ।

تماغه ***ਤਮਾਗ਼ਾ*** : ਬਾਜ਼ ਆਦਿ ਸ਼ਿਕਾਰੀ

ਪੰਛੀ ਦੀ ਟੋਪੀ।

تمام ***ਤਮਾਮ*** : ਕਾਮਲ; ਪੂਰਾ; ਕਾਫ਼ੀ; ਠੀਕ; ਸਹੀ; ਅੰਤ; ਸਿੱਟਾ।

تماماً ***ਤਮਾਮਨ*** : ਸਾਰੇ; ਸਭ; ਕੁਲ; ਪੂਰੀ ਤਰ੍ਹਾਂ।

تمامت ***ਤਮਾਮਤ*** : ਤਮਾਮ; ਸਭ; ਸਾਰੇ।

تمامتر ***ਤਮਾਮ-ਤਰ*** : ਕੁਲ; ਤਮਾਮ; ਸਾਰੇ ਦਾ ਸਾਰਾ; ਮੁਕੰਮਲ।

تمامرس ***ਤਮਾਮ-ਰਸ*** : ਕਮਾਲ ਤੱਕ ਪੁੱਜਾ ਹੋਇਆ; ਖ਼ੂਬ ਤਿਆਰ; ਪੱਕਿਆ ਹੋਇਆ।

تمامشدن ***ਤਮਾਮ ਸ਼ੁਦਨ*** : ਪੂਰਾ ਹੋਣਾ; ਸਮਾਪਤ ਹੋਣਾ; ਮਰ ਜਾਣਾ।

تمامعیار ***ਤਮਾਮ-ਇਯਾਰ*** : ਪੂਰਾ ਖਾਲਸ।

تماموکمال ***ਤਮਾਮ-ਉ-ਕਮਾਲ*** : ਸਾਰੇ ਦਾ ਸਾਰਾ; ਪੂਰੇ ਦਾ ਪੂਰਾ; ਕੁੱਲ; ਖੋਲ੍ਹ ਕੇ; ਪਰਤੱਖ ਤੌਰ 'ਤੇ।

تمامی ***ਤਮਾਮੀ*** : ਅੰਤ, ਸਿੱਟਾ, ਅਖ਼ੀਰ।

ਤਮਸਾਲ : ਤੁਲਨਾ।

تمثال ***ਤਿਮਸਾਲ*** : ਸ਼ਕਲ; ਸੂਰਤ; ਮੂਰਤ; ਪੁਤਲਾ।

تمثالگر ***ਤਿਮਸਾਲਗਰ*** : ਨੱਕਾਸ਼; ਚਿੱਤਰਕਾਰ।

تمثیل ***ਤਮਸੀਲ*** : ਮਿਸਾਲ ਦੇਣਾ; ਉਪਮਾ ਦੇਣਾ; ਨਕਲ; ਸੁਆਂਗ; ਡਰਾਮਾ; ਮਿਸਾਲ।

تمدّن ***ਤਮੱਦੁਨ*** : ਤੈਹਜ਼ੀਬ; ਸਭਿਅਤਾ; ਸ਼ੈਹਰ ਵਿਚ ਰੈਹਣ-ਸੈਹਣ ਕਰਨਾ; ਮਿਲ ਕੇ ਰੈਹਣ ਦਾ ਢੰਗ; ਸ਼ੈਹਰ ਦਾ ਪਰਬੰਧ ਕਰਨਾ; ਪੇਸ਼ਾਵਰਾਂ ਦਾ ਇਕੱਤਰ ਹੋਣਾ।

تمر ***ਤਮਰ*** : ਖਜੂਰ; ਸੁੱਕੀ ਖਜੂਰ; ਅੱਖ ਦੀ ਇਕ ਬੀਮਾਰੀ ਦਾ ਨਾਮ।

تمرستان ***ਤਮਰਿਸਤਾਨ*** : ਖਜੂਰਾਂ ਦਾ ਬਾਗ਼।

تمر ***ਤਿਮਰ*** : ਲੋਹਾ।

تمر ***ਤਿਮਰ*** : (ਤੀਮੂਰ تمور ਦਾ ਸਹੀ ਉਚਾਰਨ) ਇਕ ਮਹਾਨ ਮੁਗ਼ਲ ਬਾਦਸ਼ਾਹ, ਜਿਸ ਦੀ ਸੰਤਾਨ ਵਿਚੋਂ ਹਿੰਦੁਸਤਾਨ ਦੇ ਮੁਗ਼ਲ ਬਾਦਸ਼ਾਹ ਹੋਏ ਹਨ।

تمرد ***ਤਮਰੁੱਦ*** : ਬਗ਼ਾਵਤ ਕਰਨਾ, ਆਕੀ ਹੋਣਾ; ਬਗ਼ਾਵਤ, ਨਾਫ਼ਰਮਾਨੀ; ਗੁਸਤਾਖ਼ੀ।

تمسخر ***ਤਮਸਖ਼ੁਰ*** : ਠੱਠਾ ਮਖ਼ੌਲ ਕਰਨਾ; ਹਾਸੀ ਮਜ਼ਾਕ; ਠੱਠਾ ਮਖ਼ੌਲ।

تمسک ***ਤਮੱਸੁਕ*** : ਪੱਕੀ ਤਰ੍ਹਾਂ ਫੜਨਾ; ਪੰਜਾ ਮਾਰਨਾ; ਕਿਸੇ ਗੱਲ ਨਾਲ ਬੱਝਣਾ; ਦਸਤਾਵੇਜ਼; ਲਿਖਤ।

تمسکات ***ਤਮਸੁਕਾਤ*** : (ਤਮੱਸੁਕ تمسک ਦਾ ਬੌਹਵਚਨ) ਰਸੀਦ; ਦਸਤਾਵੇਜ਼ਾਂ; ਲਿਖਤਾਂ।

تمغا ***ਤਮਗ਼ਾ,*** تمغه ***ਤਮਗ਼ਾ*** : ਬਾਦਸ਼ਾਹ ਦੀ ਮੋਹਰ; ਸਰਕਾਰੀ ਮੋਹਰ; ਜੋ ਗੁਦਾਮਾਂ ਦੇ ਦਰਵਾਜ਼ੇ ਤੇ ਲਾਈ ਜਾਂਦੀ ਹੈ; ਮਾਣ ਸਤਕਾਰ ਦਾ ਚਿੰਨ੍ਹ; ਦਰਾਮਦ ਉੱਤੇ ਮਸੂਲ; ਚੂੰਗੀ ਮਸੂਲ; ਸ਼ਾਹੀ ਫ਼ਰਮਾਨ; ਜਾਨਵਰਾਂ ਦੇ ਪੁੜੇ ਉਤੇ ਦਾਗਿਆ ਹੋਇਆ ਨਿਸ਼ਾਨ।

تمغاجات ***ਤਮਗ਼ਾਜਾਤ*** : ਤਮਗ਼ੇ।

تمغاچی ***ਤਮਗ਼ਾਚੀ*** : ਮੁਹਰਰ ਚੂੰਗੀ।

تمکنت ***ਤਮਕਨਤ*** : ਗ਼ਰੂਰ; ਘਮੰਡ; ਰੋਹਬ; ਠਾਠ; ਸ਼ਾਨ ਬਾਨ; ਹਕੂਮਤ; ਇਖ਼ਤਿਆਰ; ਜ਼ੋਰ।

تمکین ***ਤਮਕੀਨ*** : ਜਗ੍ਹਾ ਦੇਣਾ; ਠੀਕ ਥਾਂ ਸਿਰ ਰੱਖਣਾ; ਕਿਸੇ ਚੀਜ਼ ਤੇ ਹਾਵੀ ਹੋਣਾ; ਮਰਤਬਾ; ਕਦਰ; ਸ਼ਕਤੀ; ਸ਼ਾਨ; ਇੱਜ਼ਤ।

تمن ***ਤੁਮਨ*** : (ਤੂਮਾਨ تمان ਦਾ ਸੰਖਿਪਤ ਰੂਪ) ਵੀਹ ਰੁਪਏ ਦਾ ਸਿੱਕਾ; ਤੂਮਾਨ; ਦਸ ਹਜ਼ਾਰ; ਦਸ ਹਜ਼ਾਰ ਫ਼ੌਜੀ ਜਵਾਨ ਉਪਲਬਧ ਕਰਨ ਵਾਲਾ ਇਲਾਕਾ; ਸੌ ਸਵਾਰਾਂ ਦਾ ਰਿਸਾਲਾ।

تمنا ***ਤਮੰਨਾ*** : (ਅਸਲ ਸ਼ਬਦ ਤਮੰਨੀ ਹੈ) ਇੱਛਾ ਕਰਨਾ, ਲਾਲਸਾ ਕਰਨਾ; ਲੋਚਣਾ, ਇੱਛਾ, ਆਰਜ਼ੂ, ਲੋਚਾ।

تمناکش ***ਤਮੰਨਾ-ਕਸ਼*** : ਇੱਛਕ; ਖ਼ਾਹਸ਼ਮੰਦ।

تمنچه ***ਤਮਨਚਾ*** : ਪਿਸਤੌਲ।

تمنی ***ਤਮੰਨੀ*** : ਚਾਹੁਣਾ, ਇੱਛਾ ਕਰਨਾ;

ਗੱਲ ਘੜ ਲੈਣਾ, ਬਾਤ ਬਣਾ ਲੈਣਾ, ਝੂਠ ਬੋਲਣਾ; ਲਿਖੇ ਹੋਏ ਨੂੰ ਪੜ੍ਹਨਾ।

تموّج ***ਤਮਵੁੱਜ*** : ਪਾਣੀ ਦਾ ਠਾਠਾਂ ਮਾਰਨਾ; ਲੈਹਰਾਂ ਦਾ ਉੱਠਣਾ; ਉਤਰਾ ਚੜ੍ਹਾ।

تموز ***ਤਮੂਜ਼*** : ਸ਼ਾਮ ਮੁਲਕ ਦੇ ਇਕ ਮਹੀਨੇ ਦਾ ਨਾਮ ਜੇਹੜਾ ਜੁਲਾਈ ਜਾਂ ਸਾਵਣ ਮਹੀਨੇ ਦੇ ਮੁਤਾਬਕ ਹੈ; ਸਖ਼ਤ ਗਰਮੀ।

تمول ***ਤਮੱਵੁਲ*** : ਬੌਹਤ ਮਾਲਦਾਰ ਹੋਣਾ, ਅਮੀਰੀ।

تمويل ***ਤਮਵੀਲ*** : ਮਾਲਦਾਰ ਕਰਨਾ, ਅਮੀਰ ਬਣਾਉਣਾ।

تمهيد ***ਤਮਹੀਦ*** : ਬਿਸਤਰਾ ਇਕਸਾਰ ਵਿਛਾਉਣਾ; ਬਿਸਤਰਾ; ਤਰਤੀਬ ਦੇਣਾ, ਠੀਕ ਠਾਕ ਕਰਨਾ; ਪੱਧਰਾ ਕਰਨਾ; ਨੇਕ ਕੰਮ ਕਰਨਾ; ਬਹਾਨਾ ਬਣਾਉਣਾ; ਉਜ਼ਰ ਕਰਨਾ; ਉਜ਼ਰ ਕਬੂਲ ਕਰਨਾ; ਅਰੰਭ ਕਾਜ; ਭੂਮਕਾ।

تميز ***ਤਮੀਜ਼*** : (ਅਸਲ ਅਰਬੀ ਸ਼ਬਦ ਤਮਯੀਜ਼ ਹੈ) ਅੱਡ ਕਰਨਾ; ਝੂਠ ਸੱਚ ਦਾ ਨਿਤਾਰਾ ਕਰਨ ਦੀ ਸ਼ਕਤੀ; ਅਕਲ; ਸ਼ਨਾਖ਼ਤ; ਫ਼ਰਕ; ਅਦਬ।

تميزدار **ਤਮੀਜ਼ਦਾਰ** : ਹੁਸ਼ਿਆਰ; ਸਿਆਣਾ।

تميمه ***ਤਮੀਮਾ*** : ਤਵੀਤ ਜਾਂ ਮਣਕੇ ਜੋ ਭੈੜੀ ਨਜ਼ਰ ਤੋਂ ਬਚਣ ਲਈ ਗਲ ਵਿਚ ਪਾਏ ਜਾਂਦੇ ਹਨ।

تن ***ਤਨ*** : ਸ਼ਰੀਰ; ਪਿੰਡਾ; ਵੇਤਨ; ਅੰਗਰੇਜ਼ੀ ਵਜ਼ਨ 'ਟਨ'; ਚੁਪ।

تن آسان ***ਤਨ ਆਸਾਨ*** : ਅਰਾਮ ਤਲਬ; ਸੁੱਖ-ਰੈਹਣਾ।

تن آسانی ***ਤਨ ਆਸਾਨੀ*** : ਅਰਾਮ; ਸੁਖ।

تنادیل ***ਤਨਾਦੀਲ*** : ਪਾਰਸੀਆਂ ਦਾ ਇਕ ਫ਼ਿਰਕਾ ਜੇਹੜਾ ਪੈਗੰਬਰ ਸਾਹਿਬ ਤੇ ਓਹਨਾਂ ਦੀ ਸ਼ਰੀਅਤ ਦਾ ਵਿਰੋਧ ਕਰਦਾ ਸੀ।

تنازعه ***ਤਨਾਜ਼ਾ,*** **تنازع** ***ਤਨਾਜ਼ੁਅ*** : ਝਗੜਾ ਕਰਨਾ, ਪਰਸਪਰ ਝਗੜਨਾ; ਝਗੜਾ, ਫ਼ਸਾਦ, ਤਕਰਾਰ।

تنازع للبقا ***ਤਨਾਜ਼ੁਅ-ਲਿਲਬਕਾ*** : ਜ਼ਿੰਦਗੀ ਲਈ ਕੋਸ਼ਸ਼ ਕਰਨਾ, ਜਿਉਂਦੇ ਰੈਹਣ ਲਈ ਹੱਥ ਪੈਰ ਮਾਰਨਾ।

تناسب ***ਤਨਾਸੁਬ*** : ਪਰਸਪਰ ਸਬੰਧਤ ਹੋਣਾ; ਇਕ ਦੂਜੇ ਨਾਲ ਰਿਸ਼ਤਾ ਰੱਖਣਾ।

تناسخ ***ਤਨਾਸੁਖ਼*** : ਪੈਹਲੇ ਵਾਰਸ ਦੇ ਪਿਛੋਂ ਦੂਜੇ ਵਾਰਸ ਦਾ ਸੰਪੱਤੀ ਦੀ ਵੰਡ ਤੋਂ ਪੈਹਲਾਂ ਮਰ ਜਾਣਾ; ਜ਼ਮਾਨੇ ਦਾ ਸਮੇਂ ਸਮੇਂ ਗਰਦਸ਼ ਕਰਨਾ; ਇਕ ਸ਼ਕਲ ਤੋਂ ਦੂਜੀ ਸ਼ਕਲ ਵਿਚ ਜਾਣਾ; ਰੂਹ ਦਾ ਇਕ ਸਰੀਰ ਛੱਡ ਕੇ ਦੂਜੇ ਸਰੀਰ ਵਿਚ ਜਾਣਾ; ਆਵਾਗਵਣ।

تناسل ***ਤਨਾਸੁਲ*** : ਇਕ ਦੂਜੇ ਤੋਂ ਪੈਦਾ ਹੋਣਾ; ਨਸਲ ਦਾ ਜਾਰੀ ਹੋਣਾ; ਨਸਲ ਦਾ ਅਗਾਂਹ ਟੁਰਨਾ।

تنافر ***ਤਨਾਫ਼ੁਰ*** : ਨਫ਼ਰਤ ਕਰਨਾ; ਘਿਰਨਾ ਕਰਨਾ; ਭੱਜਣਾ, ਨੱਸਣਾ; **علم معانی** ਦੀ ਸ਼ਬਦਾਵਲੀ ਵਿਚ ਕੁਝ ਅਜੇਹੇ ਸ਼ਬਦਾਂ ਦਾ ਇਕ ਥਾਂ ਇੱਕਠੇ ਹੋਣਾ ਜਿਨ੍ਹਾਂ ਦਾ ਉਚਾਰਨ ਜ਼ਬਾਨ ਤੇ ਭਾਰੂ ਹੋਵੇ ਅਤੇ ਜਿਨ੍ਹਾਂ ਦੇ ਪੜ੍ਹਨ ਨਾਲ ਜ਼ਬਾਨ ਨੂੰ ਨਫ਼ਰਤ ਹੋਵੇ।

تنافی ***ਤਨਾਫ਼ੀ*** : ਪਰਸਪਰ ਵਿਰੋਧੀ ਹੋਵੇ।

تنان تن ***ਤਨਾਨ-ਏ-ਤਨ*** : ਸਭ ਤੋਂ ਵੱਡਾ ਤਨ; ਅਸਮਾਨਾਂ ਦਾ ਅਸਮਾਨ; ਨੌਂਵਾਂ ਅਸਮਾਨ।

تنانی ***ਤਨਾਨੀ*** : ਤਨ ਨਾਲ ਸਬੰਧਤ, ਸਰੀਰਕ।

تناور ***ਤਨਾਵਰ*** : ਮੋਟੇ ਸਰੀਰ ਵਾਲਾ; ਤਕੜਾ; ਪੈਹਲਵਾਨ।

تناول ***ਤਨਾਵੁਲ*** : ਫੜਨਾ; ਲੈਣਾ (ਭੇਟਾ ਆਦਿ); ਭੋਜਨ ਖਾਣਾ; ਉਠਾਉਣਾ।

تنباکو ***ਤੰਬਾਕੂ*** : ਤਮਾਕੂ।

تنباکوکش ***ਤੰਬਾਕੂ-ਕਸ਼*** : ਤਮਾਕੂ ਪੀਣ ਵਾਲਾ।

تنبان ***ਤੰਬਾਨ*** : ਸਲਵਾਰ; ਪਜਾਮਾ; ਪੈਹਲਵਾਨਾਂ ਦਾ ਜਾਂਘੀਆ।

تنبسه ***ਤੰਬਸਾ*** : ਕਲੀਨ; ਚਟਾਈ।

تنبک ***ਤੁੰਬਕ*** : ਢੋਲਕ; ਟਮਕ; ਤਬਲਾ; ਛੋਟਾ ਨੱਕਾਰਾ; ਉਂਗਲੀ ਦੇ ਸਿਰੇ ਨਾਲ ਕਿਸੇ ਚੀਜ਼ ਨੂੰ ਫੜਨਾ; ਖੁਰਜੀ।

تنبو *ਤੰਬੂ* : ਇਕ ਪਰਕਾਰ ਦ ਸ਼ਾਮਿਆਨਾ; ਡੇਰਾ।

تنبور *ਤੰਬੂਰ*, **تنبورہ** *ਤੰਬੂਰਾ* : ਇਕ ਪਰਸਿੱਧ ਸਾਜ਼ ਦਾ ਨਾਮ।

تنبول *ਤੰਬੂਲ* : ਪੰਜਾਬੀ ਵਿਚ ਪਰਚਲਤ ਉਚਾਰਨ "ਤੰਬੋਲ" ਹੈ; ਪਾਨ ਦਾ ਪੱਤਾ; ਨਰਮ ਤੇ ਕਮਜ਼ੋਰ ਕਮਾਨ; ਵਿਆਹ ਸ਼ਾਦੀ ਸਮੇਂ ਦਿੱਤੀ ਜਾਣ ਵਾਲੀ ਸ਼ਗਨ ਦੀ ਰਕਮ।

تنبولِ بہار *ਤੰਬੂਲ-ਏ-ਬਹਾਰ* : ਪਾਨ ਦਾ ਖ਼ੁਸ਼ਬੂਦਾਰ ਮਸਾਲਾ।

تنبہ *ਤੰਬਾ* : ਦਰਵਾਜ਼ਾ ਬੰਦ ਕਰਨ ਵਾਲੀ ਮੋਟੀ ਲੱਕੜ; ਹੋੜਾ।

تنبیہ *ਤੰਬੀਹ* : ਖ਼ਬਰਦਾਰ ਕਰਨਾ; ਸਾਵਧਾਨ ਕਰਨਾ; ਕੈਦ ਕਰਨਾ; ਸਜ਼ਾ; ਚੇਤਾਵਨੀ; ਝਿੜਕੀ; ਨਸੀਹਤ।

تن پرست *ਤਨ-ਪ੍ਰਸਤ*, **تن پرور** *ਤਨ-ਪਰਵਰ* : ਤਨ ਪਾਲਣ ਵਾਲਾ; ਖਾਣ ਪੀਣ ਵਿਚ ਹੀ ਰੁੱਝਾ ਰੈਹਣ ਵਾਲਾ; ਪੇਟੂ।

تن پروری *ਤਨਪਰਵਰੀ* : ਤਨ-ਪਾਲਣ।

تن تن *ਤਨ ਤਨ* : ਬਰੈਹਮੰਡ।

تن تن *ਤੁਨ ਤੁਨ*, **تن تن** *ਤਨ ਤਨ* : ਅੱਲਾਪ, ਰਾਗ; ਗੀਤ।

تنتنہ *ਤਨ-ਤਨਾ* : ਸ਼ੋਰ; ਰੌਲਾ; ਚੀਕ; ਝਗੜਾ।

تن تنہا *ਤਨ ਤਨਹਾ* : ਇਕੱਲਾ, ਕੱਲਮ-ਕੱਲਾ।

تنخواہ *ਤਨਖ਼ਾਹ* : ਉਜਰਤ ਦੀ ਰਕਮ; ਮਜ਼ਦੂਰੀ; ਨੌਕਰ ਦਾ ਮਾਸਕ ਵੇਤਨ; ਤਜਾਰਤ ਦਾ ਸਮਾਨ; ਮਾਲ।

تنخواہدار *ਤਨਖ਼ਾਹਦਾਰ* : ਨੌਕਰ; ਮੁਲਾਜ਼ਮ।

تند *ਤੁੰਦ* : ਤੇਜ਼; ਜਲਦ; ਗੁੱਸੇ ਵਾਲਾ; ਤੇਜ਼-ਸੁਭਾ; ਮੋਟਾ; ਤਕੜਾ; ਗੁੱਸਾ; ਤੇਜ਼ੀ; ਉਚਾਈ; ਉੱਚਾ; ਪਹਾੜ ਦੀ ਟੀਸੀ।

تندآب *ਤੁੰਦ-ਆਬ* : ਤੇਜ਼ਾਬ।

تندباد *ਤੁੰਦਬਾਦ* : ਝੱਖੜ।

تندبار *ਤੁੰਦਬਾਰ* : ਦਰਿੰਦਾ, ਸ਼ੇਰ, ਚੀਤਾ ਆਦਿ; ਮੂਜ਼ੀ ਜਾਨਵਰ।

تندبار *ਤੁੰਦਬਾਜ਼* : ਤੇਜ਼ ਮਿਜ਼ਾਜ; ਚੁਸਤ, ਚਲਾਕ।

تندخو/تندمزاج *ਤੁੰਦ ਮਿਜ਼ਾਜ, ਤੁੰਦਖ਼ੂ* : ਬਦਖ਼ੂ; ਬਦਮਿਜ਼ਾਜ; ਝਟ ਵਿਗੜ ਜਾਣ ਵਾਲਾ।

تندرای *ਤੁੰਦਰਾਯ* : ਘੱਟ ਸਮਝ ਵਾਲਾ; ਬੇਸਮਝ; ਨੇੜ-ਦਰਸ਼ੀ।

تندرفتار *ਤੁੰਦ-ਰਫ਼ਤਾਰ*, **تندرو** *ਤੁੰਦ-ਰੌ* : ਤੇਜ਼; ਤਿਖਾ।

تندزبان *ਤੁੰਦ-ਜ਼ਬਾਨ* : ਚੰਗਾ ਬੁਲਾਰਾ।

تندوتیز *ਤੁੰਦ-ਉ-ਤੇਜ਼* : ਤਿੱਖਾ।

تندی *ਤੁੰਦੀ* : ਤਿੱਖਾਪਣ; ਤੇਜ਼ੀ; ਚੁਸਤੀ ਚਲਾਕੀ; ਗੁੱਸਾ।

تندر *ਤੁੰਦਰ/ਤੁੰਦੂਰ* : ਕੜਕ, ਗਰਜ।

تندرست *ਤੰਦਰੁਸਤ* : ਸਹੀ, ਸਾਲਮ; ਚੰਗਾ; ਠੀਕ ਠਾਕ; ਅਰੋਗ।

تندرو *ਤੁੰਦਰੂ* : ਕੰਜੂਸ; ਬਖ਼ੀਲ।

تندس *ਤਨਦਸ*, **تندس** *ਤਨ-ਦਿਸ*, **تندسہ** *ਤਨਦਸਾ* : ਤਸਵੀਰ, ਚਿਤਰ, ਮੂਰਤ; ਪੁਤਲਾ।

تندو *ਤੰਦੂ* : ਮੱਕੜੀ, ਮੱਕੜੀ ਦਾ ਜਾਲਾ।

تندور *ਤੰਦੂਰ, ਤੁਨਦੂਰ* : ਗਰਜ; ਕੜਕ; ਗੁੱਗਨਾ।

تندہ *ਤੁੰਦਾ* : ਅੰਕੁਰ, ਕਲੀ, ਡੋਡੀ।

تن دہ *ਤਨ-ਦਿਹ* : ਮੇਹਨਤੀ, ਜਾਨ-ਮਾਰੂ।

تن دہی *ਤਨ-ਦਿਹੀ* : ਮੇਹਨਤ, ਮੁਸ਼ੱਕਤ; ਕੋਸ਼ਸ਼, ਘਾਲ।

تنزل *ਤਨੱਜ਼ੁਲ* : ਹੌਲੀ ਹੌਲੀ ਹੇਠਾਂ ਉਤਰਨਾ; ਉਤਰਾ; ਕਮੀ; ਘਟ ਪਤਨ, ਗਿਰਾਵਟ; ਜ਼ਵਾਲ।

تنزیب *ਤਨਜ਼ੇਬ* : ਇਕ ਪਰਸਿੱਧ ਕੱਪੜੇ ਦਾ ਨਾਮ; ਪੂਰਬ ਦੀ ਮਲਮਲ; ਢਾਕੇ ਬੰਗਾਲ ਦੀ ਮਲਮਲ।

تنزیل *ਤਨਜ਼ੀਲ* : ਹੇਠ ਉਤਾਰਨਾ, ਲਾਹੁਣਾ; ਤਰਤੀਬ ਦੇਣਾ; ਇਲਹਾਮ; ਕੁਰਾਨ ਸ਼ਰੀਫ਼;

ਇਲਮ-ਏ-ਸਲੂਕ ਦੀ ਇਕ ਪੁਸਤਕ ਦਾ ਨਾਮ।

تنزیه ***ਤਨਜ਼ੀਹ*** : ਪਰਹੇਜ਼ ਕਰਨਾ; ਆਪਣੇ ਆਪ ਨੂੰ ਬੁਰੇ ਕੰਮ ਤੋਂ ਦੂਰ ਰੱਖਣਾ, ਗੁਨਾਹ ਤੋਂ ਬਚਣਾ, ਐਬਾਂ ਤੋਂ ਬਚਾਉਣਾ, ਪਰਹੇਜ਼ਗਾਰੀ; ਪਵਿਤਰਤਾ।

تنسیخ ***ਤਨਸੀਖ਼*** : ਮਨਸੂਖ਼ ਕਰਨਾ; ਰੱਦ ਕਰਨਾ; ਕੱਟ ਦੇਣਾ।

تنسیق ***ਤਨਸੀਕ਼*** : ਤਰਤੀਬ ਦੇਣਾ; ਸਜਾਉਣਾ; ਪਰਬੰਧ ਕਰਨਾ; ਸੰਗਠਨ ਕਰਨਾ।

تن شناس ***ਤਨਸ਼ਨਾਸ*** : ਹਕੀਮ, ਤਬੀਬ, ਵੈਦ, ਡਾਕਟਰ।

تنشوق ***ਤਨਸ਼ੂਕ਼*** : ਤੋਹਫ਼ਾ, ਸੁਗਾਤ; ਅਦਭੁਤ ਸ਼ੈ।

تنشوقات ***ਤਨਸ਼ੂਕ਼ਾਤ***: (ਤਨਸ਼ੂਕ਼ **تنشوق** ਦਾ ਬੋਹਵਚਨ) ਤੋਹਫ਼ੇ, ਸੁਗਾਤਾਂ।

تن شوی ***ਤਨ-ਸ਼ੂਯ*** : ਤਖ਼ਤਾ ਜਿਸ ਉੱਪਰ ਮੁਰਦੇ ਨੂੰ ਨੁਹਾਉਂਦੇ ਹਨ; ਚਸ਼ਮਾ; ਹੌਜ਼; ਨਦੀ; ਨਾਲਾ।

تنظیم ***ਤਨਜ਼ੀਮ*** : ਧਾਗੇ ਵਿਚ ਮੋਤੀ ਪਰੋਣਾ; ਕਵਿਤਾ ਜੋੜਨਾ; ਉਡੀਕਣਾ; ਸਹੀ ਤੇ ਠੀਕ ਕਰਨਾ; ਸ਼ੈਹਰ ਤੇ ਦਰਬਾਰ ਦੇ ਮਾਮਲਿਆਂ ਦੀ ਦਰੁਸਤੀ ਕਰਨਾ; ਪਰਬੰਧ ਕਰਨਾ।

تنعم ***ਤਨਅਉਮ*** : ਸੁੱਖ ਤੇ ਐਸ਼ ਵਿਚ ਪਲਣਾ, ਸੁੱਖ ਚੈਨ ਦਾ ਜੀਵਨ ਬਤੀਤ ਕਰਨਾ; ਖ਼ੁਸ਼ੀ; ਐਸ਼; ਬੌਹਲਤਾ; ਸੁੱਖ, ਚੈਨ, ਅਰਾਮ।

تنفر ***ਤਨੱਫ਼ੁਰ*** : ਨਫ਼ਰਤ ਕਰਨਾ; ਘਿਰਨਾ ਕਰਨਾ; ਭੱਜਣਾ; ਬਚਣਾ; ਕਿਸੇ ਤੋਂ ਦੂਰ ਰੈਹਣਾ।

تنفس ***ਤਨੱਫ਼ੁਸ*** : ਸਾਹ ਲੈਣਾ; ਪੌਹ ਫੁੱਟਣਾ; ਸਵੇਰਾ ਹੋਣਾ; ਤਿੰਨ ਵਾਰ ਦਮ ਲੈ ਕੇ ਪਾਣੀ ਪੀਣਾ; ਸਮੀਰ ਦਾ ਚੱਲਣਾ; ਠੰਢੇ ਹੌਕੇ ਭਰਨਾ; ਆਪਣੇ ਆਪ ਨੂੰ ਵਧੀਆ ਸਮਝਣਾ।

تنقیح ***ਤਨਕ਼ੀਹ*** : ਹੱਡੀ ਵਿਚੋਂ ਗੁੱਦਾ ਕੱਢਣਾ; ਸਾਫ਼ ਸੁਥਰਾ ਕਰਨਾ; ਖ਼ਾਲਸ ਕਰਨਾ; ਰੁੱਖ ਦੀਆਂ ਟਾਹਣੀਆਂ ਛਾਂਗਣਾ; ਫ਼ੈਸਲਾ ਕਰਨਾ; ਨਿਰੀਖਣ, ਭਾਲ; ਨਿਰਣਾ।

تنک ***ਤੁਨਕ*** : ਥੋੜਾ, ਘੱਟ, ਜ਼ਰਾ ਜਿੰਨਾ; ਪਤਲਾ; ਬਰੀਕ; ਨਾਜ਼ਕ; ਸੂਖਮ; ਕਮਜ਼ੋਰ; ਹਲਕਾ।

تنکآب ***ਤੁਨਕਆਬ*** : ਥੋੜੇ ਪਾਣੀ ਵਾਲੀ ਨਦੀ; ਕਮੀਨਾ; ਥੋੜਵਿਤਾ।

تنکبیز ***ਤੁਨਕ-ਬੇਜ਼*** : ਮੈਦਾ ਛਾਣਨ ਵਾਲੀ ਛਾਣਨੀ।

تنکحواس ***ਤੁਨਕ-ਹਵਾਸ*** : ਭਾਵਕ।

تنکدل ***ਤੁਨਕ-ਦਿਲ*** : ਨਰਮ ਦਿਲ; ਤੰਗ ਦਿਲ।

تنکریش ***ਤੁਨਕ-ਰੀਸ਼*** : ਖੋਦਾ; ਖੋਜਾ।

تنکرو ***ਤੁਨਕ-ਰੂ*** : ਸ਼ਰਮ ਹਯਾ ਵਾਲਾ।

تنکرهره ***ਤੁਨਕ-ਜ਼ੁਹਰਾ*** : ਡਰਾਕਲ; ਡਰਪੋਕ; ਬੁਜ਼ਦਿਲ।

تنکظرف ***ਤੁਨਕ-ਜ਼ਰਫ਼*** : ਬਖ਼ੀਲ, ਚੁੱਗਲਖੋਰ; ਉਜੱਡ; ਥੋੜਵਿਤਾ।

تنکمایگی ***ਤੁਨਕ-ਮਾਯਗੀ*** : ਭੁੱਖ ਨੰਗ, ਗ਼ਰੀਬੀ।

تنکمایه ***ਤੁਨਕ ਮਾਯਾ*** : ਮੁਫ਼ਲਸ, ਕੰਗਾਲ, ਗ਼ਰੀਬ।

تنکمتاع ***ਤੁਨਕ-ਮਤਾਅ*** : ਥੋੜੀ ਸੰਪੱਤੀ ਵਾਲਾ।

تنکمزاج ***ਤੁਨਕ-ਮਿਜ਼ਾਜ*** : ਵੈਹਮੀ।

تنکه ***ਤੁਨਕਾ, ਤੰਕਾ,*** **تنگه** ***ਤੰਗਾ*** : ਸੋਨੇ ਜਾਂ ਚਾਂਦੀ ਦਾ ਪਰਚਲਤ ਸਿੱਕਾ; ਟਕਾ; ਸੋਨੇ ਜਾਂ ਚਾਂਦੀ ਦਾ ਪੱਤਰਾ; ਸੋਨਾ; ਪੈਸਾ।

تنکیر ***ਤਨਕੀਰ*** : ਬੁਰੀ ਹਾਲਤ ਕਰਨਾ; ਹਾਲਤ ਬਦਲ ਦੇਣਾ; ਕਿਸੇ ਨਾਂਵ ਨੂੰ ਸਧਾਰਨ ਬਣਾਉਣਾ; ਅਣਜਾਣ ਬਣਾਉਣਾ।

تنگ ***ਤੰਗ*** : (ਖੁਲ੍ਹਾ ਦੇ ਉਲਟ) ਸੁੰਗੜਿਆ ਹੋਇਆ; ਉਦਾਸ; ਨਦਾਰ; ਗ਼ਰੀਬ; ਸਖ਼ਤ; ਬੌਹਤ; ਨੇੜੇ, ਕੋਲ; ਘੋੜੇ ਦਾ ਤੰਗ; ਘੱਟ, ਥੋੜਾ; ਖ਼ੁਰਜੀ; ਬੋਰੀ; ਤੋਬਰਾ; ਚਿਤਰਕਾਰਾਂ ਦਾ ਚਿਤਰ-ਪਟ; ਪਰਸਿੱਧ ਚਿਤਰਕਾਰ ਮਾਨੀ ਦੀ ਚਿਤਰਸ਼ਾਲਾ; ਅਦੁਤੀ, ਦੁਰਲੱਭ; ਪਹਾੜੀ ਦੱਰਾ; ਭੀੜਾ ਰਸਤਾ; ਕਾਲ; ਭੁਖਮਰੀ; ਛੋਟਾ; ਬਗ਼ਲ, ਬੁੱਕਲ; ਤੁਰਕਿਸਤਾਨ ਵਿਚ ਇਕ ਸਥਾਨ ਦਾ ਨਾਮ।

تنگآب ***ਤੰਗ-ਆਬ*** : ਥੋੜੇ ਪਾਣੀ ਦੀ ਨਦੀ।

تنگآمدن ***ਤੰਗ ਆਮਦਨ*** : ਨੇੜੇ ਆਉਣਾ; ਮੁਸ਼ਕਲ ਵਿਚ ਹੋਣਾ।

تنگبار ***ਤੰਗ-ਬਾਰ*** : ਓਹ ਆਦਮੀ ਜੋ ਹਰ ਕਿਸੇ ਨੂੰ ਨੇੜੇ ਨਾ ਆਉਣ ਦੇਵੇ।

تنگتاب ***ਤੰਗ-ਤਾਬ*** : ਕਮਜ਼ੋਰ; ਮਾੜਾ।

تنگچشم ***ਤੰਗ-ਚਸ਼ਮ*** : ਕੰਜੂਸ, ਬਖ਼ੀਲ, ਥੋੜਵਿੱਤਾ।

تنگچشمی ***ਤੰਗ-ਚਸ਼ਮੀ*** : ਕੰਜੂਸੀ।

تنگدست ***ਤੰਗ ਦਸਤ*** : ਗ਼ਰੀਬ, ਕੰਜੂਸ।

تنگدستی ***ਤੰਗ-ਦਸਤੀ*** : ਗਰੀਬੀ; ਕੰਜੂਸੀ।

تنگسال ***ਤੰਗ ਸਾਲ*** : ਕਾਲ ਦਾ ਸਾਲ।

تنگشکر ***ਤੰਗ-ਸ਼ਕਰ*** : ਮਸ਼ੂਕ ਦਾ ਮੂੰਹ।

تنگنای ***ਤੰਗ-ਨਾਯ*** : ਤੰਗ; ਤੰਗੀ; ਤੰਗ ਜਗ੍ਹਾ; ਤੰਗ ਗਲੀ ਜਾਂ ਕੂਚਾ; ਕਬਰ; ਸੰਸਾਰ।

تنگیاب ***ਤੰਗ-ਯਾਬ*** : ਦੁਰਲੱਭ; ਅਦੁੱਤੀ ਸ਼ੈ।

تنگ ***ਤੁੰਗ*** : ਛੋਟੇ ਮੂੰਹ ਦੀ ਸੁਰਾਹੀ; ਮੀਨਾ।

تنگ ***ਤਿੰਗ*** : ਪੰਛੀ ਦੀ ਚੁੰਝ, ਚੁੰਝ।

تنگار ***ਤੰਗਾਰ*** : ਸੁਹਾਗਾ।

تنگبدخشاں ***ਤੰਗ ਬਦਖ਼ਸ਼ਾਂ*** : ਬਦਖ਼ਸ਼ਾਂ ਵਿਚ ਇਕ ਜ਼ਿਲੇ ਦਾ ਨਾਮ; ਕੋਹਲੂ ਦਾ ਪੁੜ।

تنگوز ***ਤੰਗੂਜ਼*** : ਸੂਰ।

تنگه ***ਤੁੰਗਾ*** : ਕੁਸ਼ਤੀ ਕਰਨ ਲੱਗਿਆਂ ਪਾਉਣ ਵਾਲਾ ਚਮੜੇ ਦਾ ਜਾਂਘੀਆ।

تنگی ***ਤੰਗੀ*** : ਕਮੀ, ਤੰਗੀ, ਸੁਕੜਾਪਣ; ਸੰਕੋਚ; ਸਖ਼ਤੀ; ਗ਼ਰੀਬੀ, ਕੰਗਾਲੀ।

تنگیترشی ***ਤੰਗੀ ਤੁਰਸ਼ੀ*** : ਸਖ਼ਤੀ; ਔਖੇ ਦਿਨ, ਗ਼ਰੀਬੀ।

تنگیره ***ਤੰਗੀਰਾ*** : (ਤੰਕਰਾਫ਼; ਤਕੀਰਾਹ) ਕਾਂਸੀ ਦੀ ਕੇਤਲੀ, ਦੇਗ।

تننو ***ਤਨੰਦੂ*** : ਮੱਕੜੀ; ਮੱਕੜੀ ਦਾ ਜਾਲਾ।

تننده ***ਤਨੰਦਾ*** : ਖਿੱਚਣਾ, ਮਰੋੜਨਾ, ਜੁਲਾਹੇ ਦੀ ਨਾਲੀ, ਤਣਨ ਵਾਲਾ।

تنو ***ਤਨੂ*** : ਸ਼ਕਤੀ।

تنوتاس ***ਤਨੂਤਾਸ*** : ਵਿਦਵਾਨ, ਸਿਆਣਾ।

تنور ***ਤਨੂਰ*** : ਤੰਦੂਰ ਜਿਸ ਵਿਚ ਰੋਟੀ ਪਕਾਉਂਦੇ ਹਨ।

تنورخانه ***ਤਨੂਰ-ਖ਼ਾਨਾ*** : ਬਾਵਰਚੀ-ਖ਼ਾਨਾ, ਰਸੋਈ।

تنورعجوز ***ਤਨੂਰ-ਏ-ਅਜੂਜ਼*** : ਬੁੱਢੀ ਦਾ ਤੰਦੂਰ; ਨੂਹ ਦੇ ਤੂਫ਼ਾਨ ਵੇਲੇ ਜਿਸ ਵਿਚੋਂ ਸਭ ਤੋਂ ਪੈਹਲਾਂ ਪਾਣੀ ਨਿਕਲਣਾ ਸ਼ੁਰੂ ਹੋਇਆ।

تنوره ***ਤਨੂਰਾ*** : ਜ਼ਰਾ-ਬਕਤਰ ਦੀ ਇਕ ਕਿਸਮ; ਪਾਣੀ ਦਾ ਟੋਆ; ਕਾਗਜ਼ ਬਣਾਉਣ ਵਾਲਿਆਂ ਦਾ ਚੂਨੇ ਜਾਂ ਮਿੱਟੀ ਦਾ ਹੌਜ਼ ਜਿਸ ਵਿਚ ਕਾਗਜ਼ ਦਾ ਮਸਾਲਾ ਬਣਾ ਕੇ ਭਰ ਲੈਂਦੇ ਹਨ ਤੇ ਫਿਰ ਉਸ ਤੋਂ ਕਾਗਜ਼ ਬਣਾਉਂਦੇ ਹਨ; ਅੰਗੀਠੀ; ਪੇਟੀਕੋਟ।

تنورۂآسیا ***ਤਨੂਰਾ-ਏ-ਆਸੀਯਾ*** : ਪਣਚੱਕੀ ਲਈ ਬਣਾਇਆ ਹੌਜ਼।

تنومندی ***ਤਨੂਮੰਦੀ*** : ਮੁਟਾਪਾ; ਸ਼ਕਤੀ।

تنویر ***ਤਨਵੀਰ*** : ਰੋਸ਼ਨ ਹੋਣਾ, ਰੋਸ਼ਨ ਕਰਨਾ, ਪੌਹ-ਫੁਟਾਲਾ ਦਿਸਣਾ, ਚਾਨਣ।

تنوین ***ਤਨਵੀਨ*** : ਕਿਸੇ ਸ਼ਬਦ ਦੇ ਅਖ਼ੀਰ ਤੇ ਦੋ 'ਜ਼ੇਰ' ਜਾਂ ਦੋ 'ਜ਼ਬਰ' ਜਾਂ ਦੋ 'ਪੇਸ਼' ਲਿਖ ਕੇ 'ਨੂਨ' (ਨ) ਦੀ ਅਵਾਜ਼ ਪੈਦਾ ਕਰਨਾ ਜਿਵੇਂ 'ਫ਼ੌਰਨ'।

تنه ***ਤਨਾ*** : ਮੱਕੜੀ ਦਾ ਜਾਲਾ; ਤਰਕੀਬ, ਵਿਓਂਤ; ਸਰੀਰ, ਜਿਸਮ, ਧੜ; ਰੁੱਖ ਦਾ ਜੜ ਤੋਂ ਉਪਰਲਾ ਤੇ ਟਾਹਣੀਆਂ ਤੋਂ ਹੇਠਲਾ ਹਿੱਸਾ; ਕੋਮਲ।

تو ***ਤੋ, ਤੂ*** : ਤੂੰ, ਆਪ, ਖ਼ੁਦ; ਤੈਨੂੰ।

تو ***ਤੂ*** : ਮੈਹਮਾਨੀ, ਜਸ਼ਨ।

تو ***ਤੋ*** : ਪਰਦਾ, ਤੈਹ; ਮਲਾਈ; ਅੰਦਰ, ਅੰਦਰਵਾਰ।

توبرتو ***ਤੋ ਬਰ ਤੋ*** : ਤੈਹ ਉਪਰ ਤੈਹ।

تودرتو ***ਤੋ ਦਰ ਤੋ*** : ਕਮਰੇ ਅੰਦਰ ਕਮਰੇ।

تو ***ਤੌ***: ਕਿਸੇ ਚੀਜ਼ ਦੀ ਚਮਕ; ਧੁੱਪ, ਗਰਮੀ; ਕੋਸਾਪਣ; ਮੋੜ; ਭੰਨ; ਤੈਹ; ਟੋਆ; ਛੱਪੜ।

تو ***ਤੌਵ*** : ਇੱਕਲਾ, ਕੰਮਾਂ ਤੋਂ ਫ਼ਾਰਗ।

تواب ***ਤੁਵੱਬ*** : (ਤਾਇਬ تائب ਦਾ ਬੌਹਵਚਨ) ਤੋਬਾ ਕਰਨ ਵਾਲਾ; ਪਛਤਾਵਾ ਕਰਨ ਵਾਲਾ।

تواب ***ਤਵੱਬ*** : ਤੋਬਾ ਮੰਨਣ ਵਾਲਾ, ਤੋਬਾ ਕਬੂਲ ਕਰਨ ਵਾਲਾ; ਖ਼ੁਦਾ।

توابع ***ਤਵਾਬਿਅ*** : (ਤਾਬਿਅ تابع ਦਾ ਬੌਹਵਚਨ) ਪਿਛੇ ਆਉਣ ਵਾਲੀਆਂ ਵਸਤਾਂ; ਕਿਸੇ ਵੱਡੇ ਸ਼ੈਹਰ ਦੇ ਘੇਰੇ ਵਿਚ ਆਉਣ ਵਾਲਾ ਇਲਾਕਾ; ਪੈਰੋਕਾਰ।

تواتر ***ਤਵਾਤੁਰ*** : ਲਗਾਤਾਰ; ਤਾਬੜਤੋੜ; ਅੱਗੜ-ਪਿੱਛੜ; ਉੜਤੇ ਉੜਤੀ; ਬਰਾਬਰ।

توارد ***ਤਵਾਰੁਦ*** : ਦੋ ਆਦਮੀਆਂ ਦਾ ਇਕੋ ਸਮੇਂ ਇਕ ਹੀ ਥਾਂ ਉਤਰਨਾ; ਇਕ ਹੀ ਮਜ਼ਮੂਨ ਦਾ ਦੋ ਸ਼ਾਇਰਾਂ ਦੇ ਜ਼ੇਹਨ ਵਿਚ ਆਉਣਾ; ਇਕੋ ਵਿਸ਼ਾ ਦੋ ਕਵੀਆਂ ਨੂੰ ਸੁੱਝਣਾ।

تواره ***ਤੁਵਾਰਾ*** : ਘਾਹ ਫੂਸ ਦਾ ਬਣਾਇਆ ਘਰ; ਛੱਪਰ; ਛੰਨ।

تواریخ ***ਤਵਾਰੀਖ਼*** : (ਤਾਰੀਖ਼ تاریخ ਦਾ ਬੌਹਵਚਨ) ਪਿਛਲੇ ਸਮੇਂ ਦੇ ਹਾਲਾਤ; ਭੂਤ ਕਾਲ ਦੀਆਂ ਘਟਨਾਵਾਂ; ਕਿਸੇ ਚੀਜ਼ ਦਾ ਸਮਾਂ ਦੱਸਣਾ, ਮਹੀਨੇ ਦੇ ਦਿਨ।

توازن ***ਤਵਾਜ਼ੁਨ*** : ਦੋ ਚੀਜ਼ਾਂ ਦਾ ਪਰਸਪਰ ਬਰਾਬਰ ਤੇ ਇਕੋ ਜੇਹਾ ਭਾਰ ਹੋਣਾ, ਇਕ ਸਮਾਨ ਤੋਲ ਕੇ ਲੈਣਾ।

توازی ***ਤਵਾਜ਼ੀ*** : ਪਰਸਪਰ ਬਰਾਬਰ ਹੋਣਾ।

تواس ***ਤਵਾਸੀ*** : ਬੇਲ ਬੂਟੇਦਾਰ ਗ਼ਲੀਚਾ; ਹੇਠਾਂ ਵਿਛਾਣ ਦਾ ਕੰਬਲ।

تواضع ***ਤਵਾਜ਼ੁਅ*** : ਨਿਮਰਤਾ; ਆਉ ਭਗਤ; ਮੈਹਮਾਨਦਾਰੀ; ਸੁਆਗਤ; ਦਾਵਤ; ਸੁਗਾਤ, ਭੇਟਾ।

توافر ***ਤਵਾਫ਼ੁਰ*** : ਬੌਹਲਤਾ; ਵਾਫ਼ਰ ਹੋਣਾ।

توام ***ਤੌਅਮ*** : ਜੋੜਾ; ਇਕੋ ਇਸਤਰੀ ਤੋਂ ਇਕੋ ਸਮੇਂ ਪੈਦਾ ਹੋਣ ਵਾਲੇ ਦੋ ਬੱਚੇ; ਜੌੜੇ; ਜੁੜਵੇਂ ਬੱਚੇ; ਇਕ ਰਾਸ਼ੀ ਦਾ ਨਾਮ; ਤੀਸਰਾ ਅਸਮਾਨੀ ਬੁਰਜ ਜੇਹੜਾ ਦੋ ਜੌੜੇ ਬੱਚਿਆਂ ਦੀ ਸ਼ਕਲ ਦਾ ਹੈ।

توان ***ਤੁਵਾਨ*** : ਤਾਕਤ; ਕੁਵੱਤ; ਸ਼ਕਤੀ, ਜ਼ੋਰ, ਬਲ, ਹਿੰਮਤ; ਸੰਭਵ ਹੋਣਾ।

توانا ***ਤੁਵਾਨਾ*** : ਸ਼ਕਤੀਸ਼ਾਲੀ, ਬਲਵਾਨ।

توانائی ***ਤੁਵਾਨਾਈ*** : ਸ਼ਕਤੀ, ਬਲ, ਜ਼ੋਰ।

توانائےمطلق ***ਤੁਵਾਨਾਂ-ਏ-ਮੁਤਲਿਕ*** : ਸ਼ਕਤੀਸ਼ਾਲੀ ਪ੍ਰਭੂ।

توانچه ***ਤਵਾਨਚਾ***: ਤਮਾਚਾ।

توانگر ***ਤੁਵਾਂਗਰ*** : ਸ਼ਕਤੀਸ਼ਾਲੀ; ਮਾਲਦਾਰ, ਅਮੀਰ।

توانگری ***ਤਵਾਨਗਰੀ*** : ਤਾਕਤ, ਸ਼ਕਤੀ; ਅਮੀਰੀ।

توانی ***ਤਵਾਨੀ*** : ਸੁਸਤੀ ਕਰਨਾ, ਢਿੱਲ ਕਰਨਾ; ਘੌਲ ਕਰਨਾ।

توبال ***ਤੂਬਾਲ*** : ਤਾਂਬਾ; ਤਾਂਬੇ ਜਾਂ ਲੋਹੇ ਦਾ ਬੁਰਾਦਾ।

توبره ***ਤੋਬਰਾ*** : ਘੋੜੇ ਨੂੰ ਦਾਣਾ ਖੁਆਉਣ ਵਾਲਾ ਥੈਲਾ।

توبک ***ਤੂਬਕ*** : ਖ਼ਜ਼ਾਨਾ; ਗੰਜ; ਭੰਡਾਰ।

توبه ***ਤੌਬਾ*** : ਗੁਨਾਹ ਤੋਂ ਬਾਜ਼ ਆਉਣਾ; ਗੁਨਾਹ ਤੋਂ ਫਿਰਨਾ; ਰੁਚੀ ਕਰਨਾ; ਪਛਤਾਵਾ; ਅਫ਼ਸੋਸ।

توبهشکن ***ਤੌਬਾ-ਸ਼ਿਕਨ*** : ਤੌਬਾ ਤੋੜਨ ਵਾਲਾ।

توبه نصوح ***ਤੌਬਾ-ਏ-ਨਸੂਹ*** : ਸੱਚੀ ਤੌਬਾ।

توبیخ ***ਤੌਬੀਖ਼*** : ਛਾਂਟਣਾ; ਝਿੜਕਣਾ, ਡਾਂਟਣਾ; ਮਲਾਮਤ ਕਰਨਾ; ਮਲਾਮਤ; ਡਾਂਟ-ਡਪਟ; ਝਿੜਕੀ।

توپ ***ਤੋਪ*** : ਬਰੂਦ ਨਾਲ ਗੋਲਾ ਸੁੱਟਣ ਦਾ ਪਰਸਿੱਧ ਜੰਤਰ, ਤੋਪ।

توپانداز ***ਤੋਪ-ਅੰਦਾਜ਼***, توپچی ***ਤੋਪਚੀ***, توپزن ***ਤੋਪ-ਜ਼ਨ***, توپه ***ਤੋਪਾ*** : ਤੋਪ ਛੱਡਣ ਵਾਲਾ; ਗੋਲ-ਅੰਦਾਜ਼।

توپخانه ***ਤੋਪਖ਼ਾਨਾ*** : ਤੋਪਾਂ ਦੇ ਰੱਖਣ ਦਾ ਸਥਾਨ।

توپزدن ***ਤੋਪਜ਼ਦਨ*** : ਗੋਲਾ ਚਲਾਉਣਾ; ਤੋਪ ਚਲਾਉਣੀ।

توپ ***ਤੂਪ*** : ਕੱਪੜੇ ਦਾ ਥਾਨ; ਸੰਘਣਾ; ਖਿੱਦੋ;

ਫੁਟਬਾਲ।

توپتوپ ***ਤੂਪ ਤੂਪ*** : ਫ਼ੌਜ ਫ਼ੌਜ; ਬੌਹਤ।

توت ***ਤੂਤ*** : ਇਕ ਪਰਸਿੱਧ ਰੁੱਖ ਜਿਸ ਦਾ ਫਲ ਮਿੱਠਾ ਹੁੰਦਾ ਹੈ ਅਤੇ ਉਸ ਦੇ ਪੱਤੇ ਰੇਸ਼ਮ ਦੇ ਕੀੜਿਆਂ ਦੀ ਖ਼ੁਰਾਕ ਹੁੰਦੇ ਹਨ; ਸ਼ੈਹਤੂਤ।

توت ابریشم ***ਤੂਤ-ਏ-ਅਬਰੀਸ਼ਮ,*** **توت فرنگی** ***ਤੂਤ-ਏ-ਫ਼ਰੰਗੀ*** : ਸ਼ੈਹਤੂਤ।

توتن ***ਤੂਤੁਨ,*** **توتون** ***ਤੂਤੂਨ*** : ਤਮਾਕੂ।

توتون استنبول ***ਤੂਤੂਨ-ਏ-ਇਸਤੰਬੋਲ*** : ਤੁਰਕੀ ਤਮਾਕੂ।

توتون کردستان ***ਤੂਤੂਨ-ਏ-ਕੁਰਦਿਸਤਾਨ*** : ਵਿਰਜੀਨੀਆ ਤਮਾਕੂ।

توته ***ਤੂਤਾ*** : ਪਲਕਾਂ ਦੀ ਇਕ ਬੀਮਾਰੀ ਜੋ ਤੂਤ ਦੀ ਸ਼ਕਲ ਵਿਚ ਮਾਸ ਦੀ ਜ਼ਿਆਦਤੀ ਕਾਰਨ ਹੁੰਦੀ ਹੈ, ਕਦੀ ਪਲਕ ਦੇ ਉੱਪਰ ਪਰਗਟ ਹੁੰਦੀ ਹੈ।

توته ***ਤੋਤਹ, ਤੋਤਾ*** : ਤੋਤਾ, ਤੋਤੀ।

توتی ***ਤੋਤੀ/ਤੂਤੀ*** : ਤੋਤਾ, ਤੋਤੀ; ਬੇੜੀ, ਜਹਾਜ਼।

توتیا ***ਤੂਤੀਆ*** : ਅੰਜਨ, ਸੁਰਮਾ।

توتیاساز ***ਤੂਤੀਆਸਾਜ਼*** : ਸੁਰਮਾ ਬਣਾਉਣ ਵਾਲਾ।

توتیائے اکبر ***ਤੂਤੀਆ-ਏ-ਅਕਬਰ*** : ਇਕ ਪਰਕਾਰ ਦੀ ਸਿੱਪੀ।

توتیائے بصر ***ਤੂਤੀਆ-ਏ-ਬਸਰ*** : ਅੱਖਾਂ ਨੂੰ ਚਮਕ ਤੇ ਰੋਸ਼ਨੀ ਦੇਣ ਵਾਲਾ ਸੁਰਮਾ।

توتیائے قلم ***ਤੂਤੀਆ-ਏ-ਕਲਮ*** : ਇਕ ਪਰਕਾਰ ਦਾ ਸੁਰਮਾ।

توثیق ***ਤੌਸੀਕ*** : ਪੱਕਾ ਕਰਨਾ; ਮਜ਼ਬੂਤ ਕਰਨਾ; ਕਿਸੇ ਨੂੰ ਭਰੋਸੇਯੋਗ ਸਮਝਣਾ; ਤਸਦੀਕ।

توج ***ਤੂਜ*** : ਬਹੀ ਦਾ ਫਲ ਜੋ ਸੇਬ ਵਰਗਾ ਹੁੰਦਾ ਹੈ।

توجه ***ਤਵੱਜੁਹ*** : ਕਿਸੇ ਵੱਲ ਮੂੰਹ ਕਰਨਾ; ਧਿਆਨ ਦੇਣਾ; ਹਾਰ ਖਾਣਾ; ਬੁੱਢਾ ਹੋਣਾ; ਧਿਆਨ; ਮੇਹਰਬਾਨੀ, ਲਿਹਾਜ਼।

توجیه ***ਤੌਜੀਹ*** : ਕਿਸੇ ਵੱਲ ਮੂੰਹ ਫੇਰਨਾ; ਸਾਮ੍ਹਣੇ ਕਰਨਾ; ਕਾਰਨ ਦੱਸਣਾ; ਚੰਗਾ ਬਿਆਨ ਕਰਨਾ; ਦਲੀਲ ਦੇਣਾ; ਹਿਸਾਬ ਸਾਫ਼ ਕਰਨਾ; ਅਨੁਮਾਨ ਸੂੱਚੀ, ਸਾਰਨੀ।

توجیه نویس ***ਤੌਜੀਹ-ਨਵੀਸ*** : ਵੇਰਵਾ ਰੱਖਣ ਵਾਲਾ, ਮੁਨਸ਼ੀ।

توحید ***ਤੌਹੀਦ*** : ਵਾਹਿਦ ਬਣਾਉਣਾ; ਇਕ ਬਣਾਉਣਾ; ਇਕ (ਰੱਬ ਨੂੰ) ਜਾਣਨਾ ਜਾਂ ਮੰਨਣਾ; ਅਦਵੈਤ, ਰੱਬ ਦੀ ਏਕਤਾ; ਵਾਹਦਤ, ਰੱਬ ਨੂੰ ਇਕ ਮੰਨਣਾ, ਇਕ ਜਾਣਨਾ।

تود ***ਤੂਦ*** : ਵੇਖੋ ਤੂਤ।

توده ***ਤੋਦਾ, ਤੂਦਾ*** : ਢੇਰ, ਗਰਾ, ਟਿੱਲਾ।

تور ***ਤੂਰ*** : ਫ਼ਰੀਦੂਨ ਦੇ ਵੱਡੇ ਪੁੱਤਰ ਦਾ ਨਾਮ, ਜਿਸ ਦੇ ਨਾਮ ਤੇ ਤੂਰਾਨ ਮੁਲਕ ਮਸ਼ਹੂਰ ਹੈ; ਪੈਹਲਵਾਨ।

تور ***ਤੌਰ*** : ਤੌੜਾ; ਪਾਣੀ ਦਾ ਕੂੱਜਾ; ਇਕ ਭਾਂਡਾ ਜਿਸ ਵਿਚ ਖਾਂਦੇ ਪੀਂਦੇ ਹਨ ਤੇ ਉਸੇ ਵਿਚੋਂ ਹੱਥ ਮੂੰਹ ਵੀ ਧੋ ਲੈਂਦੇ ਹਨ; ਥਾਲ, ਤਸਲਾ।

تور ***ਤੂਰ*** : ਜਾਲੀ; ਜਾਲ; ਮੈਹਮਾਨੀ।

تور سفید ***ਤੂਰ-ਏ-ਸਫ਼ੈਦ*** : ਸਫ਼ੈਦ ਜਾਲੀਦਾਰ ਕੱਪੜਾ।

توران ***ਤੂਰਾਨ*** : ਇਕ ਮੁਲਕ ਦਾ ਨਾਮ ਜਿਸ ਨੂੰ ਤੁਰਕਿਸਤਾਨ ਵੀ ਆਖਦੇ ਹਨ।

توران شاه ***ਤੂਰਾਨ ਸ਼ਾਹ*** : ਇਕ ਪਰਸਿੱਧ ਵਜ਼ੀਰ ਦਾ ਨਾਮ।

تورانی ***ਤੂਰਾਨੀ*** : ਤੁਰਕਿਸਤਾਨ ਦਾ ਵਾਸੀ; ਤੁਰਕਮਾਨ।

تورنگ ***ਤੌਰੰਗ*** : ਜੰਗਲੀ ਮੁਰਗਾ।

توره ***ਤੂਰਾ*** : ਕਨੂੰਨ; ਰਸਮ, ਰਿਵਾਜ; ਵਿਧਾਨ; ਸ਼ਰੀਅਤ; ਧਾਰਮਕ ਮਰਿਆਦਾ ।

توره چنگیزی ***ਤੂਰਾ-ਏ-ਚੰਗੇਜ਼ੀ*** : ਓਹ ਮਰਿਆਦਾ ਜੋ ਚੰਗੇਜ਼ ਖ਼ਾਨ ਨੇ ਬਣਾਈ ਸੀ, ਚੰਗੇਜ਼ ਖ਼ਾਨ ਦੀ ਰੀਤ।

توریت ***ਤੌਰੈਤ,*** **تورات** ***ਤੌਰਾਤ*** : ਓਹ ਅਸਮਾਨੀ ਕਿਤਾਬ ਜੋ ਹਜ਼ਰਤ ਮੂਸਾ 'ਤੇ ਨਾਜ਼ਿਲ ਹੋਈ, ਯਹੂਦੀਆਂ ਦੀ ਧਾਰਮਕ ਪੁਸਤਕ।

توریخ ***ਤੌਰੀਖ਼*** : ਕਿਸੇ ਚੀਜ਼ ਦਾ ਵਕਤ

ਨਿਸ਼ਚਤ ਕਰਨਾ; ਕਿਤਾਬ ਦੀ ਤਰੀਖ਼ ਲਿਖਣਾ; ਤਰੀਖ਼।

توزک ***ਤੂਜ਼ਕ*** : ਸਮਾਨ; ਸਜਾਵਟ ਦਾ ਸਮਾਨ; ਪਰਬੰਧ; ਸਜਾਵਟ; ਮਜਲਸ; ਦਰਬਾਰ; ਫ਼ੌਜ ਦੀ ਤਰਤੀਬ।

توس ***ਤੋਸ*** : ਸ਼ਰਾਬ ਨੂੰ ਪਿਆਲੇ ਵਿਚ ਪਾਉਣਾ; ਟੋਸਟ।

توسل ***ਤਵੱਸੁਲ*** : ਵਸੀਲਾ ਤਲਾਸ਼ ਕਰਨਾ; ਕਿਸੇ ਨੂੰ ਵਿਚੋਲਾ ਬਣਾਉਣਾ; ਰੱਬ ਦੀ ਮੇਹਰ ਭਾਲਣਾ; ਜੋੜ; ਮੇਲ।

توسن ***ਤੌਸਨ*** : ਘੋੜੇ ਦਾ ਬੱਚਾ; ਵਛੇਰਾ; ਸ਼ੋਖ ਵਛੇਰਾ; ਸ਼ੋਖ਼ ਘੋੜਾ; ਚੰਚਲ ਤੇ ਚੁਲਬੁਲਾ ਘੋੜਾ; ਬਾਗ਼ੀ; ਆਕੀ।

توسن دلی ***ਤੌਸਨ-ਏ-ਦਿਲੀ*** : ਪੱਥਰ-ਦਿਲੀ।

توسنی ***ਤੌਸਨੀ*** : ਆਕੀਪਣ, ਬਗਾਵਤ।

توسہ ***ਤੋਸਾ*** : ਮੋਟਾ; ਮੋਟਾ ਤਾਜ਼ਾ, ਰੱਜਿਆ ਪੁੱਜਿਆ।

توسیع ***ਤੌਸੀਅ*** : ਖੁਲ੍ਹਾ ਕਰਨਾ; ਚੌੜਾ ਕਰਨਾ; ਵਾਧਾ ਕਰਨਾ, ਵਾਧਾ, ਚੌੜਾਈ।

توش ***ਤੋਸ਼, ਤੂਸ਼*** : ਤਾਕਤ; ਸ਼ਕਤੀ; ਤਾਬ; ਸਰੀਰ; ਛਾਤੀ; ਤੋਸ਼ਾ; ਇਕ ਪਰਕਾਰ ਦਾ ਭੋਜਨ; ਭੁੱਖ।

توشدان ***ਤੋਸ਼ਦਾਨ, ਤੂਸ਼ਦਾਨ*** : ਸਫ਼ਰ ਵਿਚ ਖ਼ੁਰਾਕ ਆਦਿ ਰੱਖਣ ਦਾ ਥੈਲਾ; ਤੋਸ਼ਾਦਾਨ।

توشک ***ਤੂਸ਼ਕ*** : ਛੋਟੀ ਚਟਾਈ; ਛੋਟਾ ਗ਼ਲੀਚਾ; ਬਿਸਤਰਾ; ਤਲਾਈ, ਗਦੈਲਾ; ਬਿਛੌਣਾ।

توشکخانہ ***ਤੂਸ਼ਕਖ਼ਾਨਾ*** : ਪ਼ੈਹਨਣ ਵਾਲੇ ਕੱਪੜਿਆਂ ਦਾ ਕਮਰਾ।

توشہ ***ਤੋਂਸ਼ਾ*** : ਰਾਹ ਦਾ ਖ਼ਰਚ, ਸਫ਼ਰ ਦੀ ਖ਼ੁਰਾਕ।

توشہ برداشتن ***ਤੋਸ਼ਾ ਬਰਦਾਸ਼ਤਨ*** : ਸਫ਼ਰ ਦੀ ਤਿਆਰੀ ਕਰਨਾ।

توشہ خانہ ***ਤੋਸ਼ਾ-ਖ਼ਾਨਾ,***
توشہ دان ***ਤੋਸ਼ਾ-ਦਾਨ*** : ਲਿਬਾਸ ਤੇ ਕੀਮਤੀ ਵਸਤਾਂ ਰੱਖਣ ਵਾਲਾ ਕਮਰਾ।

توشۂ عاقبت ***ਤੋਸ਼ਾ-ਏ-ਆਕਬਤ*** : ਚੰਗੇ ਕੰਮ; ਨੇਕ ਅਮਲ ਜੋ ਅਗਲੇ ਜਹਾਨ ਕੰਮ ਆਉਣ।

توطن ***ਤਵੱਤੁਨ*** : ਵਤਨ ਇਖ਼ਤਿਆਰ ਕਰਨਾ; ਕਿਸੇ ਦੇਸ ਨੂੰ ਆਪਣਾ ਵਤਨ ਬਣਾਉਣਾ; ਅਵਾਸ।

توغ ***ਤੂਗ਼*** : ਝੰਡਾ; ਨਿਸ਼ਾਨ; ਫਰੇਰਾ; ਘੋੜੇ ਦੀ ਪੂਛ ਵਾਲਾ ਝੰਡਾ; ਜੂਲਾ।

توغچہ ***ਤੂਗ਼ਚਾ*** : ਝੰਡੀ; ਬਰਛੀ।

توغچی ***ਤੂਗ਼ਚੀ*** : ਝੰਡਾ ਬਰਦਾਰ; ਅਲਮ ਬਰਦਾਰ; ਨਿਸ਼ਾਨ ਬਰਦਾਰ।

توف ***ਤੂਫ਼*** : ਰੌਲਾ; ਸ਼ੋਰ; ਖੱਪ; ਗੂੰਜ; ਪਰਸਪਰ ਟਕਰਾਉਣਾ; ਟਕਰਾ; ਹਲਚਲ; ਉਥੱਲ-ਪੁਥੱਲ।

توفان ***ਤੂਫ਼ਾਨ*** : ਸ਼ੋਰ ਸ਼ਰਾਬਾ; ਦਰਿਆ ਜਾਂ ਸਾਗਰ ਦਾ ਤਟ; ਝੱਖੜ; ਵਾਮੁਕ ਦੇ ਮਿੱਤਰ ਦਾ ਨਾਮ।

توفیر ***ਤੌਫ਼ੀਰ*** : ਬੌਹਤਾ ਕਰਨਾ; ਵਧਾਉਣਾ; ਬੌਹਤਾ ਹੋਣਾ; ਵਾਧੂ ਲਾਭ ਪਰਾਪਤ ਹੋਣਾ; ਕਿਸੇ ਦਾ ਹੱਕ ਪੂਰਾ ਦੇਣਾ; ਕਿਸੇ ਨੂੰ ਸਤਕਾਰ ਨਾਲ ਵੇਖਣਾ; ਦੋ ਚੀਜ਼ਾਂ ਵਿਚ ਫ਼ਰਕ ਪਤਾ ਕਰਨਾ; ਵਾਧਾ; ਬੌਹਤਾਤ; ਬੱਚਤ; ਬਾਕੀ।

توفیق ***ਤੌਫ਼ੀਕ਼*** : ਬਰਾਬਰ ਕਰਨਾ; ਮਦਦ ਕਰਨਾ, ਸਹਾਇਤਾ ਕਰਨਾ; ਰੱਬ ਦਾ ਬੰਦੇ ਦੀ ਇੱਛਾ ਅਨੁਸਾਰ ਹਾਲਾਤ ਸਾਜ਼ਗਾਰ ਬਣਾਉਣਾ; ਖ਼ੁਦਾ ਦੀ ਮੇਹਰਬਾਨੀ; ਤਾਕਤ; ਹੌਸਲਾ; ਹਿੰਮਤ।

توقع ***ਤਵੱਕੁਅ*** : ਆਸ ਰੱਖਣਾ; ਆਸ; ਭਰੋਸਾ; ਇੱਛਾ; ਝਾਕ।

توقف ***ਤਵੱਕੁਫ਼*** : ਠੈਹਰਨਾ; ਉਡੀਕਣਾ; ਦੇਰੀ ਕਰਨਾ; ਠੈਹਰਾ; ਢਿੱਲ, ਦੇਰ।

توقیر ***ਤੌਕ਼ੀਰ*** : ਕਿਸੇ ਦਾ ਮਾਣ ਰੱਖਣਾ; ਮਾਣ ਕਰਨਾ; ਸਤਕਾਰ ਕਰਨਾ; ਅਰਾਮ ਦੇਣਾ; ਸੁੱਖ ਚੈਨ ਜਤਾਉਣਾ; ਅਜ਼ਮਾਉਣਾ; ਮਾਣ, ਸਤਕਾਰ, ਇੱਜ਼ਤ।

توقیع ***ਤੌਕ਼ੀਅ*** : ਸ਼ਾਹੀ ਨਿਸ਼ਾਨ ਕਰਨਾ; ਸ਼ਾਹੀ ਮੋਹਰ ਲਾਉਣਾ; ਹਸਤਾਖਰ ਕਰਨਾ; ਕੈਹਰ; ਗ਼ਜ਼ਬ ਦਾ ਸ਼ਾਹੀ ਅਦੇਸ਼; ਜਾਨਵਰ ਨੂੰ ਦਾਗ਼ਣਾ; ਗੁਮਾਨ ਕਰਨਾ; ਤਲਵਾਰ ਆਦਿ ਨੂੰ

ਸਾਣ ਤੇ ਤੇਜ਼ ਕਰਨਾ।

توقیع احمدی ***ਤੌਕ਼ੀਅ-ਏ-ਅਹਮਦੀ*** : ਨਬੀ ਹੋਣ ਦੀ ਮੋਹਰ ਜੋ ਹਜ਼ਰਤ ਰਸੂਲ (ਮੁਹੰਮਦ ਸਾਹਿਬ) ਦੇ ਮੋਢਿਆਂ ਦੇ ਵਿਚਕਾਰ ਸੀ।

توکل ***ਤਵੱਕੁਲ*** : ਖ਼ੁਦਾ 'ਤੇ ਭਰੋਸਾ ਕਰਨਾ, ਰੱਬ ਵਿਚ ਯਕੀਨ; ਆਪਣੀ ਨਿਮਰਤਾ ਦਾ ਪਰਗਟਾਵਾ ਕਰਨਾ; ਵਿਸ਼ਵਾਸ, ਭਰੋਸਾ (ਰੱਬ ਤੇ); ਕਿਸੇ ਨੂੰ ਵਕੀਲ ਬਣਾਉਣਾ; ਆਪਣੇ ਕੰਮ ਨੂੰ ਕਿਸੇ ਦੇ ਸਪੁਰਦ ਕਰਨਾ।

تولیت ***ਤੌਲੀਯਤ*** : ਵਲੀ ਕਰਨਾ, ਕਾਰਕੁਨ ਬਣਾਉਣਾ, ਪਿੱਠ ਫੇਰਨਾ; ਮੂੰਹ ਮੋੜ ਜਾਣਾ; ਨਿਰਗਾਨੀ; ਪਰਬੰਧ।

تولیت نامہ ***ਤੌਲੀਯਤ-ਨਾਮਾ*** : ਨਿਗਰਾਨ ਦੀ ਪਦਵੀ ਦਾ ਨਿਯੁਕਤੀ-ਪੱਤਰ।

تولید ***ਤੌਲੀਦ*** : ਜਣਨਾ, ਪੈਦਾ ਕਰਨਾ; ਪਾਲਣਾ, ਦਾਈ ਦਾ ਕੰਮ ਕਰਨਾ; ਜਨਮ; ਨਸਲ।

توما ***ਤੂਮਾ*** : ਲਸਣ, ਥੋਮ।

تومار ***ਤੂਮਾਰ*** : ਸੋਨੇ ਜਾਂ ਚਾਂਦੀ ਦਾ ਗਲ ਵਿਚ ਲਟਕਾਉਣ ਵਾਲਾ ਤਵੀਤ।

تومان ***ਤੂਮਾਨ*** : ਅੰਕ; ਹਿੱਸਾ; ਦਸ ਹਜ਼ਾਰ; ਵੀਹ ਰੁਪਏ; ਈਰਾਨ ਦਾ ਸੋਨੇ ਦਾ ਸਿੱਕਾ ਜੋ ਅਕਾਰ ਵਿਚ ਚਵਾਨੀ ਜਿਡਾ ਤੇ ਮੁੱਲ ਵਿਚ ਪੰਜ ਰੁਪਏ ਬਰਾਬਰ ਹੁੰਦਾ ਹੈ; ਪਰਗਨਾ; ਜ਼ਿਲ੍ਹਾ।

توماندار ***ਤੂਮਾਨਦਾਰ*** : ਇਕ ਹਜ਼ਾਰ ਆਦਮੀਆਂ ਦੀ ਸੈਨਾ ਦਾ ਕਮਾਂਡਰ।

تومانِ عراق ***ਤੂਮਾਨ-ਏ-ਇਰਾਕ਼*** : ਚਾਲੀ ਹਜ਼ਾਰ ਰੁਪਏ ਦੇ ਲੱਗਪਗ।

تون ***ਤੌਨ*** : ਸਰੀਰ।

تون ***ਤੂਨ*** : ਭੱਠੀ; ਹਮਾਮ; ਬੱਚਾ-ਦਾਨੀ; ਕੋੜ੍ਹੀ।

تون تاب ***ਤੂਨਤਾਬ*** : ਭੱਠੀ ਝੋਕਣ ਵਾਲਾ; ਭੜਭੂੰਜਾ।

تونک ***ਤੂਨਕ, ਤੌਨਕ,*** **تونکہ** ***ਤੂਨਕਾ*** : ਖ਼ਜ਼ਾਨਾ; ਭੰਡਾਰ।

تونگر ***ਤੁਵੰਗਰ*** : (ਤੁਵਾਂ+ਗਰ تواں گر) ਦੌਲਤਮੰਦ, ਅਮੀਰ; ਸ਼ਕਤੀਸ਼ਾਲੀ।

تونگر دل ***ਤੁਵੰਗਰ-ਦਿਲ*** : ਖੁਲ੍ਹ-ਦਿਲਾ, ਦਾਨੀ।

تونگر ہمت ***ਤੁਵੰਗਰ-ਹਿੰਮਤ*** : ਸਖ਼ੀ।

تونہ ***ਤੂਨਾ*** : ਸਿਰਾ।

تونی ***ਤੂਨੀ*** : ਖ਼ੁਰਾਸਾਨ ਦੇ ਸ਼ੈਹਰ ਤੂਨ ਦਾ ਵਾਸੀ; ਠੱਗ, ਚੋਰ, ਡਾਕੂ, ਹਮਾਮਚੀ; ਧੋਖੇਬਾਜ਼; ਭੰਗੀ।

تووخدا ***ਤੂ-ਓ-ਖ਼ੁਦਾ*** : ਤੈਨੂੰ ਖ਼ੁਦਾ ਦੀ ਕਸਮ, ਰੱਬ ਦੀ ਸੌਂਹ।

توہ ***ਤੋਵਾ*** : ਜੋੜਾ, ਦੋ; ਪਰਦਾ।

توہم ***ਤਵੱਹੁਮ*** : ਵੈਹਮ ਕਰਨਾ, ਵੈਹਮ ਹੋਣਾ, ਗੁਮਾਨ ਕਰਨਾ; ਅਨੁਮਾਨ ਲਾਉਣਾ; ਸੰਕਲਪ, ਕਲਪਨਾ; ਅਨੁਮਾਨ; ਸ਼ੱਕ।

توہین ***ਤੌਹੀਨ*** : ਸੁਸਤ ਕਰਨਾ, ਅਪਮਾਨ; ਹੱਤਕ, ਘਿਰਨਾ।

توہینِ عدالت ***ਤੌਹੀਨ-ਏ-ਅਦਾਲਤ*** : ਅਦਾਲਤ ਦਾ ਨਿਰਾਦਰ ਕਰਨਾ; ਹੱਤਕ ਅਦਾਲਤ।

توی ***ਤੂਯ*** : ਅੰਦਰ; ਕਿਸੇ ਚੀਜ਼ ਦੇ ਅੰਦਰਵਾਰ; ਤੈਹ।

توی ***ਤੋਯ*** : ਜਸ਼ਨ, ਵਿਆਹ ਦਾ ਜਸ਼ਨ, ਮੈਹਮਾਨੀ।

تویہ ***ਤੂਯਾ*** : ਸਤਰੰਗੀ ਪੀਂਘ।

تہ ***ਤਹ*** : ਹੇਠਾਂ, ਥੱਲੇ; ਇਕ ਵਾਲਾ ਅੰਕੜਾ; ਤਲਵਾਰ ਆਦਿ ਦੀ ਧਾਰ ਦਾ ਜ਼ੰਗ, ਜ਼ੰਗਾਲ।

تہِ آب ***ਤਹ-ਏ-ਆਬ*** : ਪਾਣੀ ਹੇਠ।

تہِ دل ***ਤਹ-ਏ-ਦਿਲ*** : ਸੱਚੇ ਦਿਲੋਂ।

تہ ***ਤੁਹ*** : ਥੁੱਕ।

تہدید ***ਤਹਦੀਦ*** : ਧਮਕਾਉਣਾ, ਡਰਾਉਣਾ ਧਮਕਾਉਣਾ; ਧਮਕੀ, ਘੁਰਕੀ।

تہدید آمیز ***ਤਹਦੀਦ-ਆਮੇਜ਼*** : ਧਮਕੀ ਭਰਿਆ।

تہ دیگ ***ਤਹ-ਦੇਗ,*** **تہ دیگی** ***ਤਹ-ਦੇਗੀ*** : ਜੋ ਖਾਣਾ ਸੜ ਕੇ ਦੇਗ ਦੇ ਹੇਠਾਂ ਲੱਗ ਜਾਂਦਾ ਹੈ, ਖੁਰਚਣ।

تهذیب ***ਤਹਜ਼ੀਬ*** : ਸ਼ਿੰਗਾਰਨਾ, ਸਜਾਉਣਾ; ਸਾਫ਼ ਕਰਨਾ; ਤਰਤੀਬ ਦੇਣਾ; ਸੋਧ ਕਰਨਾ; ਸੋਧ; ਸਫ਼ਾਈ; ਸਜਾਵਟ।

تہذیبِ اخلاق ***ਤਹਜ਼ੀਬ-ਏ-ਅਖ਼ਲਾਕ*** : ਅਖ਼ਲਾਕ ਨੂੰ ਸੰਵਾਰਨਾ; ਨੈਤਕ ਸੋਧ ਦੀ ਵਿੱਦਿਆ।

تہذیب الاخلاق ***ਤਹਜ਼ੀਬ-ਉਲ-ਅਖ਼ਲਾਕ*** : ਉਰਦੂ ਦੀ ਇਕ ਪਰਸਿੱਧ ਪੁਸਤਕ ਦਾ ਨਾਮ।

تہذیب یافتہ ***ਤਹਜ਼ੀਬ-ਯਾਫ਼ਤਾ*** : ਚੰਗੀਆਂ ਆਦਤਾਂ ਵਾਲਾ।

تہران ***ਤਹਰਾਨ*** : ਈਰਾਨ ਦਾ ਪਰਸਿੱਧ ਸ਼ੈਹਰ ਜੋ ਉਸ ਮੁਲਕ ਦੀ ਰਾਜਧਾਨੀ ਹੈ।

تہ غربال ***ਤਹ ਗ਼ਿਰਬਾਲ,*** **تہ غربالی** ***ਤਹ ਗ਼ਿਰਬਾਲੀ*** : ਛੋਟੇ ਦਾਣੇ ਜੋ ਛਾਣਨੀ ਚੋਂ ਨਿਕਲ ਜਾਣ।

تہک ***ਤਹਕ*** : ਮਿੱਟੀ, ਗਰਦ; ਨੰਗਾ; ਖ਼ਾਲੀ, ਸੱਖਣਾ।

تہ گیر ***ਤਹ-ਗੀਰ*** : ਖੁਰਚਣ।

تہلکہ ***ਤਹਲੁਕਾ*** : ਹਲਾਕਤ; ਹਲਾਕ ਹੋਣਾ; ਮਰਨਾ; ਨਾਸ ਹੋਣਾ; ਤਬਾਹੀ।

تہلیل ***ਤਹਲੀਲ*** : ਲਾ ਇਲਾਹਾ, ਇਲਲਿੱਲਾ ਕੈਹਣਾ; ਇਕ ਰੱਬ ਦੀ ਉਸਤਤ ਕਰਨਾ; ਬਦ-ਦਿਲ ਹੋ ਜਾਣਾ, ਵਾਪਸ ਹੋਣਾ; ਪਰਸੰਨਤਾ, ਅਨੰਦ।

تہمت ***ਤੁਹਮਤ*** : ਊਜ ਲਾਉਣੀ, ਸ਼ੱਕ, ਬਦ-ਗੁਮਾਨੀ; ਦੋਸ਼; ਊਜ, ਇਲਜ਼ਾਮ।

تہمت بستہ ***ਤੁਹਮਤ-ਬਸਤਾ,*** **تہمت زدہ** ***ਤੁਹਮਤ-ਜ਼ਦਾ*** : ਜਿਸ 'ਤੇ ਤੋਂਹਮਤ ਲਾਈ ਜਾਵੇ, ਦੋਸ਼ੀ।

تہمتن ***ਤਹਮਤਨ*** : ਤਕੜੇ ਤਨ ਵਾਲਾ, ਤਕੜਾ, ਮਜ਼ਬੂਤ, ਬਹਾਦਰ, ਸੈਨਾਪਤੀ; ਰੁਸਤਮ ਤੇ ਬਹਮਨ ਦਾ ਲਕਬ।

تہمورث ***ਤਹਮੂਰਸ*** : ਈਰਾਨ ਦੇ ਪੇਸ਼ਦਾਦੀਆ ਖ਼ਾਨਦਾਨ ਦੇ ਤੀਜੇ ਬਾਦਸ਼ਾਹ ਦਾ ਨਾਮ।

تہمیدانی ***ਤਹਮੈਦਾਨੀ*** : ਟੱਪਰੀਵਾਸ।

تہمینہ ***ਤਹਮੀਨਾ*** : ਸਮਨਗਾਨ ਦੇ ਬਾਦਸ਼ਾਹ ਦੀ ਲੜਕੀ ਦਾ ਨਾਮ; ਸੁਹਰਾਬ ਦੀ ਮਾਂ।

تہ نشان ***ਤਹ-ਨਿਸ਼ਾਨ*** : ਤਲਵਾਰ ਆਦਿ ਦੇ ਕਬਜ਼ੇ ਤੇ ਸੋਨੇ ਚਾਂਦੀ ਦਾ ਕੀਤਾ ਹੋਇਆ ਕੰਮ।

تہ نشین ***ਤਹ-ਨਸ਼ੀਨ*** : ਹੇਠਾਂ ਜਾਂ ਥੱਲੇ ਬੈਠਣ ਵਾਲਾ; ਸ਼ਰਾਬ ਦੇ ਪਿਆਲੇ ਹੇਠ ਰੈਹ ਗਈ ਮੈਲ, ਤਲਛਟ, ਦਿਲ ਵਿਚ ਬੈਠ ਜਾਣ ਵਾਲਾ।

تہ نما ***ਤਹ-ਨੁਮਾ*** : ਜਿਸ ਦੀ ਤੈਹ ਸਾਫ਼ ਵਿਖਾਈ ਦੇਵੇ, ਬੈਂਹਤ ਸਾਫ਼।

تہنیت ***ਤਹਨੀਯਤ*** : ਮੁਬਾਰਕਬਾਦ, ਵਧਾਈ।

تہو ***ਤਹੂ*** : ਥੁੱਕ; ਥੁਕਣਾ।

تہو ***ਤਿਹੂ*** : (ਤੀਹੂ) ਇਕ ਛੋਟਾ ਪੰਛੀ ਜਿਸ ਦਾ ਮਾਸ ਬੈਂਹਤ ਸੁਆਦੀ ਹੁੰਦਾ ਹੈ।

تہ و بالا ***ਤਹ-ਉ-ਬਾਲਾ*** : ਉੱਪਰ ਥੱਲੇ, ਹੇਠ ਉੱਪਰ; ਖਿੰਡਿਆ-ਪੁੰਡਿਆ; ਰੌਲਾ-ਰੱਪਾ; ਉਥੱਲ-ਪੁਥੱਲ।

تہور ***ਤਹੱਵੁਰ*** : ਅਤ ਸੂਰਮਗਤੀ; ਕੈਹਰ, ਗ਼ਜ਼ਬ ਵਿਚ ਵਾਧਾ, ਹਦੋਂ ਵੱਧ ਕੈਹਰ।

تہی ***ਤਿਹੀ, ਤਹੀ*** : ਖ਼ਾਲੀ, ਸੱਖਣਾ।

تہی آخر ***ਤਿਹੀ ਆਖ਼ੁਰ*** : ਕਾਲ ਵਿਚ ਫਸਿਆ, ਜਿਸ ਕੋਲ ਖਾਣ ਪੀਣ ਨੂੰ ਕੁਝ ਨਾ ਰੈਹ ਜਾਵੇ।

تہی آغوش ***ਤਿਹੀ-ਆਗੋਸ਼*** : ਮਸ਼ੂਕ ਦੀ ਗਲਵਕੜੀ ਤੋਂ ਵੰਚਤ।

تہی پا ***ਤਿਹੀ-ਪਾ*** : ਨੰਗੇ ਪੈਰੀਂ, ਨੰਗੇ ਪੈਰਾਂ ਵਾਲਾ।

تہی پشت ***ਤਿਹੀ ਪੁਸ਼ਤ*** : ਦਿਮਾਗਹੀਣ।

تہی چشم ***ਤਿਹੀ ਚਸ਼ਮ,*** **تہی دیدہ** ***ਤਿਹੀ ਦੀਦਾ*** : ਜੋਤਹੀਣ, ਅੰਨ੍ਹਾ।

تہی دامن ***ਤਿਹੀ ਦਾਮਨ,*** **تہی دست** ***ਤਿਹੀ ਦਸਤ*** : ਖ਼ਾਲੀ ਝੋਲੀ ਵਾਲਾ, ਜਿਸ ਦੇ ਪੱਲੇ ਕੁਝ ਨਾ ਹੋਵੇ, ਖ਼ਾਲੀ ਹੱਥ।

تہیدماغ *ਤਿਹੀ ਦਿਮਾਗ਼* : ਬੇ-ਮਗਜ਼।
تہیرفتن *ਤਿਹੀ ਰਫ਼ਤਨ* : ਇੱਕਲਿਆਂ ਜਾਣਾ, ਖ਼ਾਲੀ ਹੱਥ ਜਾਣਾ, ਬੇਫ਼ਾਇਦਾ ਸਫ਼ਰ ਕਰਨਾ।
تہیرو *ਤਿਹੀ ਰੌ* : ਕੁਰਾਹੇ ਪੈਣਾ।
تہیگاہ *ਤਿਹੀ ਗਾਹ* : ਕੁੱਖ।
تہیمغز *ਤਿਹੀ ਮਗ਼ਜ਼* : ਮੂਰਖ, ਮੂੜ੍ਹ।

تی *ਤੀ* : (ਤਿਹੀ تہی ਦਾ ਸੰਖਿਪਤ ਰੂਪ) ਸੱਖਣਾ; ਖ਼ਾਲੀ।

تیاتر *ਤਯਾਤਰ* : (ਅੰਗਰੇਜ਼ੀ ਸ਼ਬਦ ਥੀਏਟਰ ਦਾ ਫ਼ਾਰਸੀ ਰੂਪਾਂਤਰ) ਖੇਡ ਘਰ; ਤਮਾਸ਼ਾਖ਼ਾਨਾ।

تیّار *ਤੱਯਾਰ* : ਲੈਹਰ; ਠਾਠਾਂ ਮਾਰਦਾ ਹੋਇਆ, ਤੇਜ਼ ਚਾਲ; ਮੌਜੂਦ, ਕੰਮ ਦੇ ਯੋਗ; ਪੂਰਾ, ਮੁਕੰਮਲ।

تیان *ਤਿਯਾਨ* : ਖੁਲ੍ਹੇ ਮੂੰਹ ਵਾਲੀ ਵੱਡੀ ਦੇਗ।

تیانچہ *ਤਿਯਾਨਚਾ* : ਛੋਟੀ ਦੇਗ।

تیتی *ਤੀ ਤੀ* : ਬੱਚਿਆਂ ਨੂੰ ਪਰਚਾਉਣ ਲਈ ਮਿੱਟੀ ਜਾਂ ਆਟੇ ਦੇ ਬਣਾਏ ਖਿਡੌਣੇ, ਕੁੱਕੜਾਂ ਨੂੰ ਬੁਲਾਉਣ ਦੀ ਅਵਾਜ਼; ਗੀਲਾਨ ਦੇ ਬਾਦਸ਼ਾਹਾਂ ਦੀਆਂ ਔਰਤਾਂ ਦੀ ਉਪਾਧੀ।

تیتی *ਤੈ ਤੈ* : ਥਈ ਥਈ ਜੋ ਨੱਚਣ ਵਾਲਿਆਂ ਨੂੰ ਆਖਦੇ ਹਨ।

تیجان *ਤੀਜਾਨ* : (ਤਾਜ تاج ਦਾ ਬੌਹਵਚਨ) ਬੌਹਤੇ ਤਾਜ।

تیر *ਤੀਰ* : ਪਰਸਿੱਧ ਹਥਿਆਰ; ਹਿੱਸਾ; ਭਾਗ; ਮੰਗਲ ਸਤਾਰਾ; ਚੌਥਾ ਸੂਰਜੀ ਮਹੀਨਾ ਜੋ ਸਾਵਣ ਦੇ ਨੇੜੇ-ਤੇੜੇ ਆਉਂਦਾ ਹੈ; ਹਰ ਸੂਰਜੀ ਮਹੀਨੇ ਦਾ ਤੇਰ੍ਹਵਾਂ ਦਿਨ; ਅੰਧਕਾਰ; ਜੰਗਲ, ਉਜਾੜ; ਤੋਪ ਦਾ ਗੋਲਾ; ਤੂਫ਼ਾਨ, ਝੱਖੜ; ਬੰਦੂਕ ਦੀ ਗੋਲੀ; ਗੁੱਸਾ; ਗ਼ਜ਼ਬ, ਕੈਹਰ; ਸ਼ਕਤੀ; ਪਦਵੀ; ਪੱਤ-ਝੜ; ਚਰਪਾਇਆਂ ਦਾ ਦੇਵਤਾ; ਛੱਤ ਦੀ ਕੜੀ; ਬਾਲਾ; ਇਕ ਪਰਕਾਰ ਦਾ ਸੱਪ; ਇਕ ਪਰਕਾਰ ਦਾ ਪੰਛੀ; ਧਾਗਾ; ਮਲਮਲ।
تیرآہ *ਤੀਰ-ਏ-ਆਹ* : ਹੌਕੇ ਦਾ ਤੀਰ; ਦੁਖੀਏ ਦੀ ਪੁਕਾਰ।
تیرانداز *ਤੀਰ-ਅੰਦਾਜ਼* : ਤੀਰ ਚਲਾਉਣ ਵਾਲਾ।
تیراندازی *ਤੀਰ-ਅੰਦਾਜ਼ੀ* : ਤੀਰ ਚਲਾਉਣ ਦੀ ਕਲਾ।
تیرباراں *ਤੀਰ ਬਾਰਾਂ* : ਤੀਰਾਂ ਦੀ ਬਰਖਾ, ਬੌਹਤ ਸਾਰੇ ਛੱਡੇ ਹੋਏ ਤੀਰ।
تیربخش *ਤੀਰ-ਬਖ਼ਸ਼* : ਹਵਾਈ ਤੀਰ, ਆਤਸ਼ਬਾਜ਼ੀ ਦੀ ਹਵਾਈ।
تیربحدف *ਤੀਰ-ਬ-ਹਦਫ਼* : ਇਕ ਨਿਸ਼ਾਨੇ ਤੇ, ਅਚੁਕ ਤੀਰ; ਝੱਟ ਅਸਰ ਕਰਨ ਵਾਲੀ ਦਵਾਈ।
تیرپرتاب *ਤੀਰ-ਏ-ਪਰਤਾਬ* : ਦੂਰ ਤਕ ਜਾਣ ਵਾਲਾ ਤੀਰ।
تیرِپرتابی *ਤੀਰ-ਏ-ਪਰਤਾਬੀ* : ਕਮਾਨ ਦੀ ਮਾਰ ਤੱਕ ਦਾ ਫ਼ਾਸਲਾ।
تیرِتارکش *ਤੀਰ-ਏ-ਤਾਰਕਸ਼* : ਸਾਰੰਗੀ ਦਾ ਗਜ਼।
تیرتفنگ *ਤੀਰ-ਏ-ਤੁਫੰਗ* : ਬੰਦੂਕ ਦੀ ਗੋਲੀ।
تیرتوپ *ਤੀਰ-ਏ-ਤੋਪ* : ਤੋਪ ਦਾ ਗੋਲਾ।
تیرچرخ *ਤੀਰ-ਏ-ਚਰਖ਼* : ਮੰਗਲ ਸਤਾਰਾ; ਹਵਾਈ ਤੀਰ।
تیرحکمی *ਤੀਰ-ਏ-ਹੁਕਮੀ* : ਅਚੁੱਕ ਤੀਰ।
تیرخاکی *ਤੀਰ-ਏ-ਖ਼ਾਕੀ* : ਹੱਡੀ ਵਾਲਾ ਤੀਰ ਜੋ ਬੌਹਤ ਦੂਰ ਤਕ ਮਾਰ ਕਰਦਾ ਹੈ।
تیرِخانہ *ਤੀਰ-ਏ-ਖ਼ਾਨਾ,*
تیرِسقف *ਤੀਰ-ਏ-ਸਕ਼ਫ਼* : ਛੱਤ ਦੀ ਕੜੀ, ਬਾਲਾ।
تیرخدنگ *ਤੀਰ-ਏ-ਖ਼ਦੰਗ* : ਖਦੰਗ ਦੀ ਲੱਕੜ ਦਾ ਬਣਿਆ ਹੋਇਆ ਤੀਰ; ਖਦੰਗ ਦੀ ਲੱਕੜ ਬੌਹਤ ਸਿੱਧੀ ਤੇ ਪੱਕੀ ਹੁੰਦੀ ਹੈ, ਇਸ ਲਈ ਕਈ ਵਾਰ ਕੇਵਲ 'ਖ਼ਦੰਗ' ਦੇ ਅਰਥ ਤੀਰ ਦੇ ਲਏ ਜਾਂਦੇ ਹਨ।
تیردان *ਤੀਰ-ਦਾਨ* : ਤੀਰਕਸ਼, ਭੱਥਾ।
تیرکش *ਤੀਰ-ਕਸ਼,* تیرِدستی *ਤੀਰ-ਏ-ਦਸਤੀ* : ਸੋਟੀ; ਲਾਠੀ।

تیروکمانه *ਤੀਰ-ਦੋ-ਕਮਾਨਾ* : ਓਹ ਤੀਰ ਜੋ ਕਮਾਨ ਵਿਚੋਂ ਨਿਕਲ ਕੇ ਦੋ ਥਾਂ ਮਾਰ ਕਰੇ।

تیرساز *ਤੀਰ-ਏ-ਸਾਜ਼* : ਮਿਜ਼ਰਾਬ; ਗਜ਼।

تیرسحر *ਤੀਰ-ਏ-ਸਹਰ* : ਝੂਠੀ ਸਵੇਰੇ ਦੀ ਰੋਸ਼ਨੀ; ਸਵੇਰੇ ਵੇਲੇ ਦੀ ਆਹ; ਦਰਦ ਭਰੀ ਆਹ; ਬਦ-ਦੁਆ।

تیرگردون *ਤੀਰ-ਏ-ਗਰਦੂਨ* : ਸੂਰਜ; ਮੰਗਲ ਸਤਾਰਾ; ਅਸਮਾਨੀ ਘਟਨਾਵਾਂ।

تیرگیر *ਤੀਰ-ਗੀਰ* : ਤੀਰ ਬਣਾਉਣ ਵਾਲਾ, ਤੀਰ ਸਾਜ਼।

تیرماه *ਤੀਰ ਮਾਹ* : ਗਰਮੀ ਦਾ ਪੈਹਲਾ ਮਹੀਨਾ; ਸੂਰਜੀ ਸਾਲ ਦਾ ਚੌਥਾ ਮਹੀਨਾ।

تیرگان *ਤੀਰਗਾਨ* : ਪਾਰਸੀਆਂ ਦੀ ਈਦ ਜੋ ਤੀਰ ਮਹੀਨੇ ਦੀ ਤੇਰ੍ਹਵੀਂ ਤਰੀਕ ਨੂੰ ਆਉਂਦੀ ਹੈ।

تیره *ਤੀਰਾ* : ਹਨੇਰਾ; ਧੁੰਦਲਾ; ਕਾਲਾ।

تیره‌بخت *ਤੀਰਾ-ਬਖ਼ਤ* : ਅਭਾਗਾ।

تیره‌حال *ਤੀਰਾ-ਹਾਲ* : ਬਦ ਹਾਲ, ਭੈੜੇ ਹਾਲ ਵਿਚ, ਮੰਦ ਹਾਲ।

تیره‌دست *ਤੀਰਾ-ਦਸਤ* : ਸੰਸਾਰ।

تیره‌درون *ਤੀਰਾ-ਦਰੂਨ* : ਕਾਲੇ ਦਿਲ ਵਾਲਾ।

تیره‌رای *ਤੀਰਾ-ਰਾਯ* : ਭੈੜੀ ਸੋਚ ਵਾਲਾ; ਮੂਰਖ।

تیره‌روز *ਤੀਰਾ-ਰੋਜ਼*, **تیره‌روزگار** *ਤੀਰਾ-ਰੋਜ਼ਗਾਰ* : ਅਭਾਗਾ, ਭੈੜੇ ਕਰਮਾਂ ਵਾਲਾ।

تیره‌روزی *ਤੀਰਾ-ਰੋਜ਼ੀ* : ਮੱਕਾਰੀ, ਫ਼ਰੇਬ।

تیره‌کوکب *ਤੀਰਾ-ਕੋਕਬ* : ਅਭਾਗਾ।

تیره‌گل *ਤੀਰਾ-ਗਿਲ* : ਓਹ ਸ਼ਰਾਬ ਜਾਂ ਪਾਣੀ ਜੋ ਸਾਫ਼ ਨਾ ਹੋਵੇ; ਤਲਛਟ; ਮੈਲ।

تیره‌وار *ਤੀਰਾ-ਵਾਰ* : ਕਾਲਾ; ਧੁੰਦਲਾ; ਭੂਰਾ।

تیره‌وتار *ਤੀਰਾ-ਉ-ਤਾਰ* : ਬੌਹਤ ਹਨੇਰਾ; ਹਨੇਰਾ।

تیز *ਤੇਜ਼* : ਚੰਗੀ ਕਾਟ ਕਰਨ ਵਾਲੀ ਧਾਰ; ਜਲਦੀ, ਛੇਤੀ, ਫੁਰਤੀਲਾ, ਚਲਾਕ, ਝੱਟ ਪੱਟ; ਤਿੱਖਾ, ਨੋਕਦਾਰ, ਧਾਰਦਾਰ; ਸ਼ਕਤੀਸ਼ਾਲੀ।

تیزبال *ਤੇਜ਼-ਬਾਲ*, **تیزپرواز** *ਤੇਜ਼-ਪਰਵਾਜ਼* : ਹਲਕੇ ਤੇ ਤੇਜ਼ ਪਰਾਂ ਵਾਲਾ; ਤਿੱਖੀ ਉਡਾਰੀ ਵਾਲਾ।

تیزدست *ਤੇਜ਼-ਦਸਤ* : ਹੁਸ਼ਿਆਰ; ਚਲਾਕ।

تیزدندان *ਤੇਜ਼-ਦੰਦਾਨ* : ਲਾਲਚੀ, ਲੋਭੀ।

تیزرفتاری *ਤੇਜ਼-ਰਫ਼ਤਾਰੀ* : ਤਿੱਖੀ ਚਾਲ।

تیزرو *ਤੇਜ਼-ਰੌ* : ਤੇਜ਼ ਚਾਲ; ਤਿੱਖਾ ਦੌੜਨ ਵਾਲਾ।

تیزطبع *ਤੇਜ਼-ਤਬਅ* : ਤਿਖੇ ਦਿਮਾਗ਼ ਵਾਲਾ।

تیزفهم *ਤੇਜ਼-ਫ਼ਹਮ* : ਤਿੱਖੀ ਸੂਝ ਵਾਲਾ।

تیزعقل *ਤੇਜ਼-ਅਕਲ*, **تیزهوش** *ਤੇਜ਼-ਹੋਸ਼* : ਝਟ ਸਮਝ ਜਾਣ ਵਾਲਾ।

تیزقلم *ਤੇਜ਼-ਕਲਮ* : ਜਲਦੀ ਲਿਖਣ ਵਾਲਾ।

تیزگام *ਤੇਜ਼-ਗਾਮ* : ਤੇਜ਼ ਚਲਣ ਵਾਲਾ।

تیزمزاج *ਤੇਜ਼-ਮਿਜ਼ਾਜ* : ਤਿੱਖੇ ਸੁਭਾ ਵਾਲਾ; ਗੁਸੈਲਾ; ਭੜਕੀਲਾ।

تیزمغز *ਤੇਜ਼-ਮਗ਼ਜ਼* : ਤੇਜ਼ ਸੁਭਾ ਵਾਲਾ; ਬੇਹੌਸਲਾ।

تیزنای *ਤੇਜ਼ਨਾਯ* : ਤਲਵਾਰ ਦੀ ਧਾਰ; ਕਾਹਲਾ।

تیزی *ਤੇਜ਼ੀ* : ਤੇਜ਼ ਹੋਣ ਦੀ ਹਾਲਤ; ਤਿੱਖਾਪਣ; ਚਲਾਕੀ; ਫੁਰਤੀ; ਸਖ਼ਤ ਗਰਮੀ; ਜੋਸ਼; ਲਗਨ; ਸ਼ੌਕ; ਤਿੱਖੀ ਧਾਰ; ਤਾਜ਼ੀ ਘੋੜਾ; ਅਰਬੀ ਨਸਲ ਦੇ ਪਰ ਫ਼ਾਰਸੀ ਬੋਲਣ ਵਾਲੇ; ਤਾਜੀਕ; ਅਦਰਕ।

تیس *ਤੈਸ* : ਨਰ ਬੱਕਰਾ ਜੇਹੜਾ ਬੱਕਰੀਆਂ

ਦੇ ਇੱਜੜ ਵਿਚ ਰੈਂਹਦਾ ਹੈ; ਬੋਕ; ਨਰ ਹਿਰਨ; ਜੋ ਸਾਲ ਤੋਂ ਵੱਧ ਦੀ ਉਮਰ ਦਾ ਹੋਵੇ।

تیشہ *ਤੇਸ਼ਾ, ਤੀਸ਼ਾ* : (ਪੰਜਾਬੀ ਵਿਚ ਪਰਚਲਤ ਰੂਪ "ਤੇਸਾ" ਹੈ) ਤਰਖਾਣਾਂ ਦਾ ਪਰਸਿੱਧ ਸੰਦ।

تیشہ برپای خود زدن *ਤੇਸ਼ਾ ਬਰ- ਪਾਯ-ਏ ਖ਼ੁਦ ਜ਼ਦਨ* : ਆਪਣੇ ਪੈਰਾਂ ਤੇ ਕੁਹਾੜਾ ਮਾਰਨਾ; ਆਪਣਾ ਕੰਮ ਵਿਗਾੜ ਲੈਣਾ।

تیشہ زن بیستون *ਤੇਸ਼ਾ-ਜ਼ਨ-ਏ-ਬੇਸਤੂਨ* : ਬੇਸਤੂਨ ਪਹਾੜ ਨੂੰ ਕੱਟਣ ਵਾਲਾ, ਫ਼ਰਹਾਦ।

تیشہ فرہاد *ਤੇਸ਼ਾ-ਏ-ਫ਼ਰਹਾਦ* : ਫ਼ਰਹਾਦ ਦਾ ਓਹ ਤੇਸ਼ਾ ਜਿਸ ਨਾਲ ਉਸ ਨੇ ਸ਼ੀਰੀਂ ਲਈ ਬੇਸਤੂਨ ਪਹਾੜ ਕੱਟ ਕੇ ਦੁੱਧ ਦੀ ਨੈਹਰ ਕੱਢੀ ਸੀ ਤੇ ਉਸੇ ਨਾਲ ਫਿਰ ਆਪਣਾ ਸਿਰ ਪਾੜ ਲਿਆ ਸੀ।

تیغ *ਤੇਗ਼* : ਤਲਵਾਰ; ਖੰਜਰ; ਉਸਤਰਾ; ਸੂਰਜ ਜਾਂ ਚੰਦ ਦੀ ਰੋਸ਼ਨੀ; ਫ਼ੌਲਾਦ ਦਾ ਜੌਹਰ (ਅਸਲ); ਹਰ ਸਿੱਧੀ ਜਾਂ ਉਚੀ ਖੜ੍ਹੀ ਹੋਣ ਵਾਲੀ ਚੀਜ਼; ਪਹਾੜ ਦੀ ਚੋਟੀ; ਘਾਹ ਦੀ ਨੋਕਦਾਰ ਪੱਤੀ; ਨੱਕ ਦੀ ਘੋੜੀ; ਪਿੱਠ; ਗਰਮੀ; ਲਾਟ।

تیغ آبدار *ਤੇਗ਼-ਏ-ਆਬਦਾਰ* : ਦਮਸ਼ਕ ਦੇ ਫਾਨੇ ਵਾਲੀ ਤਲਵਾਰ।

تیغ آتشبار *ਤੇਗ਼-ਏ-ਆਤਿਸ਼ਬਾਰ* : ਅੱਗ ਵਰ੍ਹਾਉਂਦੀ ਤਲਵਾਰ।

تیغ افراسیاب *ਤੇਗ਼-ਏ-ਅਫ਼ਰਾਸਿਯਾਬ* : ਕਿਰਨਾਂ; ਕਿਰਨਾਂ ਦੀਆਂ ਲੀਕਾਂ।

تیغ بازی *ਤੇਗ਼-ਬਾਜ਼ੀ* : ਤਲਵਾਰਾਂ ਦੀ ਖੇਡ; ਤਲਵਾਰਾਂ ਦਾ ਨਾਚ।

تیغ بردار *ਤੇਗ਼-ਬਰਦਾਰ* : ਤਲਵਾਰਧਾਰੀ।

تیغ بند *ਤੇਗ਼-ਬੰਦ* : ਪੇਟੀ।

تیغ خم (خمدار) *ਤੇਗ਼-ਏ-ਖ਼ਮ (ਖ਼ਮਦਾਰ)* : ਡਾਟ ਵਰਗੀ ਟੇਢੀ ਤਲਵਾਰ।

تیغ خورشید *ਤੇਗ਼-ਏ-ਖ਼ੁਰਸ਼ੀਦ* : ਸੂਰਜ ਨਿਕਲਣਾ; ਸਵੇਰ ਹੋਣਾ।

تیغ دودم (دمہ) *ਤੇਗ਼-ਏ-ਦੋ ਦਮ (ਦਮਾ)* : ਦੋ ਧਾਰੀ ਤਲਵਾਰ।

تیغ زن *ਤੇਗ਼-ਜ਼ਨ* : ਤਲਵਾਰ ਦਾ ਧਨੀ, ਖੜਗਧਾਰੀ ਸੂਰਮਾ।

تیغ ستم *ਤੇਗ਼-ਏ-ਸਿਤਮ* : ਜ਼ੁਲਮ ਦਾ ਰਿਵਾਜ।

تیغ سر *ਤੇਗ਼ਸਰ* : ਨੰਗਾ ਪੱਥਰ; ਚਟਾਨ।

تیغ کوہ *ਤੇਗ਼-ਏ-ਕੋਹ* : ਪਹਾੜ ਦੀ ਟੀਸੀ।

تیغ فساد *ਤੇਗ਼-ਏ-ਫ਼ੱਸਾਦ* : ਫ਼ਸਦ ਖੋਲ੍ਹਣ ਦਾ ਨਸ਼ਤਰ; ਜੱਰਾਹ ਦਾ ਨਸ਼ਤਰ ਜਿਸ ਨਾਲ ਰਗ ਖੋਲ੍ਹਦੇ ਹਨ।

تیغ فلک *ਤੇਗ਼-ਏ-ਫ਼ਲਕ* : ਅਸਮਾਨ; ਸੂਰਜ; ਮੰਗਲ ਸਤਾਰਾ।

تیغ محرابی *ਤੇਗ਼-ਏ-ਮਿਹਰਾਬੀ* : ਖ਼ਮਦਾਰ ਤਲਵਾਰ।

تیغ نطق *ਤੇਗ਼-ਏ-ਨੁਤਕ* : ਅਲੰਕਾਰਮਈ ਜ਼ਬਾਨ।

تیغ ہندوی *ਤੇਗ਼-ਏ-ਹਿੰਦੂਵੀ* : ਹਿੰਦੁਸਤਾਨ ਵਿਚ ਜਾਂ ਹਿੰਦੁਸਤਾਨੀ ਫ਼ੌਲਾਦ ਦੀ ਬਣੀ ਤਲਵਾਰ।

تیغہ *ਤੇਗ਼ਾ* : ਛੋਟੀ ਚੌੜੀ ਤਲਵਾਰ; ਖੰਜਰ; ਕੁਸ਼ਤੀ (ਘੋਲ ਦਾ ਇਕ ਦਾਅ)।

تیغہ پشت *ਤੇਗ਼ਾ-ਏ-ਪੁਸ਼ਤ* : ਪਿੱਠ ਦੀ ਹੱਡੀ; ਰੀੜ੍ਹ ਦੀ ਹੱਡੀ।

تیل *ਤੀਲ* : ਤਿਲ, ਨੁਕਤਾ, ਬਿੰਦੀ।

تیلا *ਤੀਲਾ* : ਰੱਸੀ ਵੱਟਣ ਦੀ ਚਰਖ਼ੀ।

تیلماچی *ਤੀਲਮਾਚੀ* : ਦੋਭਾਸ਼ੀਆ; ਇਕ ਭਾਸ਼ਾ ਦਾ ਭਾਵ ਦੂਜੀ ਭਾਸ਼ਾ ਵਿਚ ਸਮਝਾਉਣ ਵਾਲਾ।

تیم *ਤੀਮ* : ਵੱਡੀ ਸਰਾਂ; ਮੰਡੀ; ਸੋਗ।

تیم *ਤੈਮ* : ਨੌਕਰ; ਗ਼ੁਲਾਮ।

تیماج *ਤੀਮਾਜ* : ਇਕ ਪਰਕਾਰ ਦਾ ਚਮੜਾ; ਬੱਕਰੇ ਦਾ ਚਮੜਾ; ਕੱਚਾ ਬੂਦਾਰ ਚਮੜਾ।

تیمار *ਤੀਮਾਰ* : ਸੋਗ; ਚਿੰਤਾ; ਬੀਮਾਰ ਦੀ ਸੇਵਾ ਕਰਨਾ; ਹਮਦਰਦੀ; ਦੁੱਖ ਵੰਡਣਾ;

ਧਿਆਨ।

تیماردار ***ਤੀਮਾਰਦਾਰ,***
تیمارکش ***ਤੀਮਾਰਕਸ਼*** : ਬੀਮਾਰ ਦੀ ਸੇਵਾ ਕਰਨ ਵਾਲਾ।

تیمارداری ***ਤੀਮਾਰਦਾਰੀ*** : ਖ਼ਿਦਮਤ; ਸੇਵਾ; ਬੀਮਾਰ ਦੀ ਸੇਵਾ।

تیمم ***ਤਯੱਮੁਮ*** : ਨਿਸ਼ਚਾ ਕਰਨਾ; ਸ਼ਰ੍ਹਾ ਵਿਚ ਪਾਣੀ ਨਾ ਮਿਲਣ ਪੁਰ ਸੁੱਕੀ ਮਿੱਟੀ ਜਾਂ ਰੇਤ ਮਲ ਕੇ ਵੁਜ਼ੂ ਕਰਨਾ; ਪਾਕ ਕਰਨਾ।

تیمور ***ਤੀਮੂਰ*** : ਲੋਹਾ; ਫ਼ੌਲਾਦ; ਇਕ ਪਰਸਿੱਧ ਬਾਦਸ਼ਾਹ ਦਾ ਨਾਮ।

تیمورلنگ ***ਤੀਮੂਰ ਲੰਗ*** : ਤੀਮੂਰ ਬਾਦਸ਼ਾਹ ਜੋ ਲੰਗੜਾ ਸੀ।

تیور ***ਤਯੂਰ*** : ਮੋਰਨੀ ਵਰਗਾ ਇਕ ਪੰਛੀ।

تیول ***ਤਿਯੂਲ*** : ਜਗੀਰ; ਗੁਜ਼ਾਰਾ।

تیولات ***ਤਿਯੂਲਾਤ*** : (ਤਿਯੂਲ ਦਾ ਬੌਹਵਚਨ) ਜਗੀਰਾਂ।

تیہ ***ਤੀਹ*** : ਜੰਗਲ; ਭਿਆਨਕ ਉਜਾੜ; ਅਭਮਾਨ; ਸ਼ੇਖੀ।

تیہِ بنی اسرائیل ***ਤੀਹ-ਏ-ਬਨੀ ਇਸਰਾਈਲ*** : ਓਹ ਜੰਗਲ ਜਿਸ ਵਿਚ ਹਜ਼ਰਤ ਮੂਸਾ ਸਮੇਤ ਆਪਣੀ ਕੌਮ ਦੇ ਬਨੀ-ਇਸਰਾਈਲ ਦੇ ਬਲਅਮ ਬਾਔਰ ਦੀ ਬਦ-ਦੁਆ ਕਾਰਨ ਚਾਲੀ ਸਾਲ ਤਕ ਭਟਕਦੇ ਰਹੇ।

تیہو ***ਤੀਹੂ*** : ਇਕ ਪਰਸਿੱਧ ਪੰਛੀ; ਮਮੋਲਾ; ਬਟੇਰਾ।

تیہوج ***ਤੀਹੂਜ*** : (ਤੀਹੂ **تیہو** ਦਾ ਅਰਬੀ ਰੂਪਾਂਤਰ) ਮਮੋਲਾ; ਬਟੇਰਾ।

ث(ਸੇ)

ث ***ਸੇ*** : ਅਰਬੀ ਹਰਫ਼, ਫ਼ਾਰਸੀ ਵਿਚ ਨਹੀਂ ਆਉਂਦਾ, ਅਰਬੀ ਵਰਨਮਾਲਾ ਦਾ ਚੌਥਾ ਅੱਖਰ ਹੈ। ਅਬਜਦ ਅਨੁਸਾਰ ਇਸ ਦੇ ਪੰਜ ਸੌ ਅੰਕ ਨਿਸ਼ਚਤ ਹਨ। ਫਾਰਸੀ ਵਿਚ ਆਮ ਤੌਰ ਤੇ ਏਹ ਅਲਫ਼ਾਜ਼-ਏ-ਮੁਰੱਕਬ ਵਿਚ ਆਉਂਦਾ ਹੈ ਜਿਵੇਂ ਸਨਾਗਰ, ਸਨਾਖ਼ਾਂ, ਆਦਿ। ਪੰਜਾਬੀ ਵਿਚ ਇਸ ਦੀ ਅਵਾਜ਼ 'ਸ' ਵਰਗੀ ਹੈ।

ثابت ***ਸਾਬਿਤ*** : ਪੂਰਾ, ਸਾਰਾ; ਸਥਿਰ, ਬਰਕਰਾਰ, ਮਜ਼ਬੂਤ, ਪੱਕਾ; ਇਕ ਥਾਂ ਖਲੋਤਾ; ਸਤਾਰਾ; ਯਕੀਨੀ; ਸੱਚਾ, ਠੀਕ, ਸਹੀ ਸਲਾਮਤ।

ثابت‌قدم ***ਸਾਬਿਤ-ਕ਼ਦਮ*** : ਪੱਕੇ ਸੁਭਾ ਦਾ, ਦ੍ਰਿੜ ਨਿਸ਼ਚੇ ਵਾਲਾ, ਵਚਨ ਦਾ ਪੱਕਾ, ਕੰਮ ਵਿਚ ਪੱਕਿਆਂ ਰੈਹਣ ਵਾਲਾ।

ثابت‌قدمی ***ਸਾਬਿਤ-ਕ਼ਦਮੀ*** : ਦਿੜ੍ਹਤਾ; ਨਿਸ਼ਚੇ ਦੀ ਪਕਿਆਈ।

ثاقب ***ਸਾਕ਼ਿਬ*** : ਰੋਸ਼ਨ, ਚਮਕੀਲਾ, ਚਮਕਦਾ ਸਤਾਰਾ; ਉੱਚਾ ਸਤਾਰਾ; ਛੇਕ ਕਰਨ ਵਾਲਾ; ਬੌਹਤਾ ਦੁੱਧ ਪੀਣ ਵਾਲੀ ਊਠਣੀ; ਇਕ ਬੀਮਾਰੀ ਦਾ ਨਾਮ।

ثاقب‌فکر ***ਸਾਕ਼ਿਬ-ਫ਼ਿਕਰ*** : ਜਿਸ ਦੀ ਸੂਝ ਮੁਸ਼ਕਲ ਕੰਮਾਂ ਨੂੰ ਹੱਲ ਕਰ ਦੇਵੇ।

ثالث ***ਸਾਲਿਸ*** : ਤੀਜਾ; ਪੰਚ; ਵਿਚੋਲਾ, ਫ਼ੈਸਲਾ ਦੇਣ ਵਾਲਾ।

ثالث‌نامه ***ਸਾਲਿਸ-ਨਾਮਾ*** : ਓਹ ਦਸਤਾਵੇਜ਼ ਜਿਸ ਵਿਚ ਦੋਵੇਂ ਧਿਰਾਂ ਇਕ ਜਾਂ ਵੱਧ ਵਿਅਕਤੀਆਂ ਨੂੰ ਆਪਣਾ ਸਾਲਸ ਮੰਨਣ ਦਾ ਇਕਰਾਰ ਕਰਨ।

ثانوی ***ਸਾਨਵੀ*** : ਦੂਜਾ।

ثانی ***ਸਾਨੀ*** : ਦੂਜਾ, ਬਰਾਬਰ ਦਾ, ਵਰਗਾ।

ثانیا ***ਸਾਨੀਯਾ*** : ਇਕ ਸਕਿੰਟ, ਮਿੰਟ ਦਾ ਸੱਠਵਾਂ ਭਾਗ।

ثبات ***ਸਬਾਤ*** : ਸਥਿਰ ਹੋਣਾ, ਕਰਾਰ, ਪਕਿਆਈ।

ثباتِ‌رای ***ਸਬਾਤ-ਏ-ਰਾਯ*** : ਦ੍ਰਿੜ ਵਿਚਾਰ।

ثبت ***ਸਬਤ*** : ਨਿਸ਼ਚਤ ਕਰਨਾ, ਠੈਹਰਾਉਣਾ; ਲਿਖਣਾ, ਲਿਖਤ ਵਿਚ ਲਿਆਉਣਾ; ਲਿਖਤ, ਨਕਸ਼।

ثبوت ***ਸੁਬੂਤ*** : ਪੱਕਿਆਂ ਰੈਹਣਾ, ਮਜ਼ਬੂਤੀ, ਪਾਏਦਾਰੀ; ਸਚਾਈ; ਦਲੀਲ, ਗਵਾਹੀ ਦੇ ਕੇ ਸਾਬਤ ਕਰਨਾ।

ثبوتِ‌قانونی ***ਸੁਬੂਤ-ਏ-ਕਾਨੂੰਨੀ*** : ਕਨੂੰਨ ਅਨੁਸਾਰ ਸਚਾਈ ਜਾਂ ਸ਼ਹਾਦਤ, ਦਾਵੇ ਦੀ ਤਸਦੀਕ ਦੀ ਸ਼ਹਾਦਤ।

ثروا ***ਸਰਵਾ,*** **ثروت** ***ਸਰਵਤ*** : ਮਾਲ ਦੌਲਤ ਦੀ ਬੌਹਲਤਾ, ਅਮੀਰੀ; ਇਖ਼ਤਿਆਰ; ਰਸੂਖ਼।

ثری ***ਸਰਾ*** : ਨਮੀ, ਤਰੀ, ਸਿਲ੍ਹੀ ਧਰਤੀ, ਗਿੱਲੀ ਮਿੱਟੀ, ਧਰਤ ਹੇਠਲੀ ਮਿੱਟੀ।

ثریا ***ਸੁਰੱਯਾ*** : ਝੁਮਕਾ, ਗੁੱਛਾ; ਸਤ ਸਹੇਲੀਆਂ ਦਾ ਝੁਮਕਾ; ਓਹ ਛੇ ਸੱਤ ਸਤਾਰੇ ਜੋ ਅੰਗੂਰ ਦੇ ਗੁੱਛੇ ਦੀ ਸ਼ਕਲ ਵਿਚ ਅਸਮਾਨ 'ਤੇ ਹਨ; ਸੂਰਜ ਦਾ ਤੀਜਾ ਬੁਰਜ।

ثعبان ***ਸੁਅਬਾਨ*** : ਵੱਡਾ ਨਰ ਸੱਪ, ਅਜ਼ਦਹਾ।

ثعلب ***ਸਅਲਬ*** : ਲੂੰਬੜੀ।

ثعلبان ***ਸਅਲੁਬਾਨ*** : ਲੂੰਬੜ।

ثفل ***ਸੁਫ਼ਲ*** : ਫੂਸ, ਫੋਗ; ਮੈਲਾ, ਗੰਦ, ਟੱਟੀ।

ثفلدان ***ਸੁਫ਼ਲਦਾਨ*** : ਥੁੱਕ ਸੁੱਟਣ ਦਾ ਭਾਂਡਾ, ਪੀਕਦਾਨ।

ثقافت ***ਸਿਕ਼ਾਫ਼ਤ*** : ਸਿਆਣਾ ਹੋਣਾ, ਨੇਕ ਹੋਣਾ; ਸਿੱਧਾ ਹੋਣਾ; ਚੁਸਤ ਚਲਾਕ ਹੋਣਾ, ਤੇਜ਼ ਹੋਣਾ, ਸਭਿਆਚਾਰ।

ثقال ***ਸਕ਼ਾਲ*** : (ਸਿਕ਼ਲ **ثقل** ਦਾ ਬਹੁਵਚਨ) ਬੋਝ, ਭਾਰੀਪਣ।

ثقالت ***ਸਿਕ਼ਾਲਤ*** : ਭਾਰੀਪਣ।

ثقب ***ਸਕ਼ਬ*** : ਛੇਕ, ਮੋਰੀ; ਛੇਕ ਕਰਨਾ।

ثقل ***ਸਕ਼ਲ*** : ਬੋਝਲ ਹੋਣਾ, ਭਾਰੀ ਹੋਣਾ।

ثقل ***ਸਿਕ਼ਲ*** : ਬੋਝ, ਭਾਰ; ਗੁਨਾਹ; ਧਰਤੀ ਵਿਚ ਦੱਬਿਆ ਮੁਰਦਾ ਜਾਂ ਖ਼ਜ਼ਾਨਾ।

ثقيل ***ਸਕ਼ੀਲ*** : ਭਾਰੀ, ਵਜ਼ਨਦਾਰ, ਬੋਝਲ; ਜੋ ਮੁਸ਼ਕਲ ਨਾਲ ਹਜ਼ਮ ਹੋਵੇ; ਮੁਸ਼ਕਲ ਨਾਲ ਉਚਾਰਿਆ ਜਾਣ ਵਾਲਾ ਸ਼ਬਦ।

ثلاث/ثلث ***ਸਲਾਸ,*** **ثلاثه/ثلثه** ***ਸੁਲਾਸਾ*** : ਤਿੰਨ (੩)।

ثلثين/ثلاثين ***ਸਲਾਸੀਨ,*** **ثلثون/ثلاثون** ***ਸਲਾਸੂਨ*** : ਤੀਹ (੩੦)।

ثلث ***ਸੁਲਸ*** : ਤੀਜਾ, ਤੀਜਾ ਹਿੱਸਾ, ਇਕ ਤਿਹਾਈ।

ثلثان ***ਸੁਲਸਾਨ*** : ਦੋ ਤਿਹਾਈ।

ثمان ***ਸਮਾਨ*** : ਅੱਠ (੮)।

ثمانون ***ਸਮਾਨੂਨ*** : ਅੱਸੀ (੮੦)।

ثمر ***ਸਮਰ*** : ਰੁੱਖ ਦਾ ਫਲ, ਮੇਵਾ; ਲਾਭ, ਪੈਦਾਵਾਰ, ਆਮਦਨ; ਪਰਣਾਮ, ਅੰਤ, ਬਦਲਾ, ਇਵਜ਼।

ثمره ***ਸਮਰਾ*** : ਫਲ, ਨਤੀਜਾ, ਪਰਣਾਮ; ਜੀਭ ਦਾ ਸਿਰਾ; ਸਿਰ ਦੀ ਚਮੜੀ; ਚਾਬਕ ਦੀ ਗੰਢ; ਇਕਰਾਰ, ਸੰਧੀ, ਨਸਲ, ਪੁੱਤਰ ਆਦਿ।

ثمن ***ਸਮਨ*** : ਕੀਮਤ, ਅੱਠਵਾਂ ਹਿੱਸਾ ਲੈਣਾ, ਅੱਠ ਕਰ ਦੇਣਾ, ਅੱਠਵਾਂ ਹੋਣਾ।

ثنا ***ਸਨਾ*** : ਉਸਤਤ, ਵਡਿਆਈ।

ثناخوان ***ਸਨਾ-ਖ਼੍ਵਾਨ,*** **ثناگر** ***ਸਨਾ-ਗਰ,*** **ثناگو** ***ਸਨਾ-ਗੋ*** : ਉਸਤਤ ਜਾਂ ਸਨਾ ਕਰਨ ਵਾਲਾ, ਸਲਾਹੁਣ ਵਾਲਾ; ਪਰਸ਼ੰਸਕ।

ثواب ***ਸਵਾਬ*** : ਬਦਲਾ; ਉਜਰਤ, ਇਨਾਮ; ਨੇਕ ਇਵਜ਼, ਪਰਲੋਕ ਵਿਚ ਮਿਲਣ ਵਾਲਾ ਚੰਗਾ ਫਲ, ਭਲਾਈ, ਨੇਕੀ।

ثوم ***ਸੋਮ*** : ਲਸਣ, ਥੋਮ; ਤਲਵਾਰ ਦੀ ਮੁੱਠ।

ج (ਜੀਮ)

ج ***ਜੀਮ*** : ਅਰਬੀ ਵਰਨਮਾਲਾ ਦਾ ਪੰਜਵਾਂ ਤੇ ਫ਼ਾਰਸੀ ਦਾ ਛੇਵਾਂ ਅੱਖਰ, ਅਬਜਦ ਅਨੁਸਾਰ ਇਹ ਤਿੰਨ ਦੇ ਬਰਾਬਰ ਹੈ।

جا ***ਜਾ*** : (ਜਾਯ **جای** ਦਾ ਸੰਖਿਪਤ ਰੂਪ) ਥਾਂ, ਸਥਾਨ, ਮਕਾਮ, ਮਕਾਨ।

جابجا ***ਜਾ-ਬ-ਜਾ*** : ਹਰ ਥਾਂ, ਥਾਂ ਪਰ ਥਾਂ।

جابیجا ***ਜਾ-ਬੇ-ਜਾ*** : ਮੌਕਾ-ਬੇ-ਮੌਕਾ, ਬੁਰਾ ਭਲਾ, ਚੰਗਾ ਮੰਦਾ।

جادادن ***ਜਾ-ਦਾਦਨ*** : ਜਗ੍ਹਾ ਦੇਣਾ; ਪਰਵਾਨ ਕਰਨਾ; ਨੌਕਰੀ ਦੇਣਾ; ਰੱਖਿਆ ਕਰਨਾ।

جابر ***ਜਾਬਿਰ*** : ਜਬਰ ਕਰਨ ਵਾਲਾ, ਵਧੀਕੀ ਕਰਨ ਵਾਲਾ, ਅੱਤਿਆਚਾਰੀ, ਜੋੜ ਬਿਠਾਉਣ ਵਾਲਾ; ਮਰਹਮ ਪੱਟੀ ਕਰਨ ਵਾਲਾ।

جابلوس ***ਜਾਬਲੂਸ*** : ਫ਼ਰੇਬ ਕਰਨ ਵਾਲਾ, ਫਰੇਬੀ, ਧੋਖੇਬਾਜ਼।

جاپان ***ਜਾਪਾਨ*** : ਇਕ ਪਰਸਿੱਧ ਦੇਸ ਜੋ ਅਮਰੀਕਾ ਦੇ ਪੱਛਮ ਵੱਲ ਹੈ, ਏਹ ਸ਼ਾਂਤ ਸਾਗਰ ਦਾ ਇਕ ਟਾਪੂ ਹੈ, ਇਸ ਨੇ ਥੋੜੇ ਸਮੇਂ ਵਿਚ ਹੀ ਸਭਿਅਤਾ, ਸੰਸਕ੍ਰਿਤੀ, ਸਾਹਿਤ, ਕਲਾ, ਉਦਯੋਗ ਆਦਿ ਵਿਚ ਬੜੀ ਉੱਨਤੀ ਕੀਤੀ ਹੈ।

جاپوز ***ਜਾਪੂਜ਼*** : ਤੁਰਕਿਸਤਾਨ ਦੇ ਇਕ ਸ਼ੈਹਰ ਦਾ ਨਾਮ।

جاثلیق ***ਜਾਸਲੀਕ਼*** : ਈਸਾਈਆਂ ਦਾ ਵੱਡਾ ਧਾਰਮਕ ਸਰਦਾਰ ਜੋ ਮੁਸਲਮਾਨੀ ਮੁਲਕਾਂ ਵਿਚ ਹੋਵੇ; ਲਾਟ ਪਾਦਰੀ।

جاجم ***ਜਾਜਿਮ*** : ਇਕ ਪਰਕਾਰ ਦਾ ਰੰਗੀਨ ਤੇ ਛਾਪੇਦਾਰ ਫ਼ਰਸ਼, ਰੰਗਦਾਰ ਚਟਾਈ।

جاداد ***ਜਾਦਾਦ*** : ਮਿਲਖ, ਸਮਾਨ।

جادو ***ਜਾਦੂ*** : ਕਾਮਨ; ਟੂਣਾ, ਮੰਤਰ।

جادوخیال ***ਜਾਦੂ-ਖ਼ਯਾਲ*** : ਪਰਭਾਵਸ਼ਾਲੀ ਬੁਲਾਰਾ, ਕੀਲ ਲੈਣ ਵਾਲਾ, ਵਕਤਾ।

جادوزبان ***ਜਾਦੂ-ਜ਼ਬਾਨ*** : ਭਾਸ਼ਣ ਕਲਾ ਵਿਚ ਪਰਵੀਣ।

جادوسخن ***ਜਾਦੂ-ਸੁਖ਼ਨ*** : ਚੰਗਾ ਭਾਸ਼ਣਕਾਰ; ਕਵੀ।

جادوکار ***ਜਾਦੂ-ਕਾਰ,*** **جادوگر** ***ਜਾਦੂਗਰ*** : ਜਾਦੂ ਕਰਨ ਵਾਲਾ, ਟੂਣੇਹਾਰ।

جادوکش ***ਜਾਦੂ-ਕੁਸ਼*** : ਜਾਦੂਗਰਾਂ ਨੂੰ ਮਾਰਨ ਵਾਲਾ।

جادوگری ***ਜਾਦੂਗਰੀ*** : ਜਾਦੂ ਦੀ ਕਿਰਿਆ, ਜਾਦੂ ਦਾ ਗਿਆਨ।

جادونظر ***ਜਾਦੂ-ਨਜ਼ਰ,*** **جادونفس** ***ਜਾਦੂ-ਨਫ਼ਸ,*** **جادونگاه** ***ਜਾਦੂ ਨਿਗਾਹ*** : ਮਸ਼ੂਕ, ਪਿਆਰਾ, ਮੈਹਬੂਬ।

جادوئی ***ਜਾਦੂਈ,*** **جادوگری** ***ਜਾਦੂਗਰੀ*** : ਜਾਦੂ ਕਰਨਾ।

جاده ***ਜਾਦਾ*** : ਰਸਤਾ, ਰਾਹ, ਸੜਕ, ਪਗਡੰਡੀ, ਜਰਨੈਲੀ ਸੜਕ, ਸ਼ਾਹ ਰਾਹ, ਜੰਗਲ ਵਿਚ ਦਾ ਸਿੱਧਾ ਰਸਤਾ; ਤਰੀਕਾ; ਰਸਮ ਰਿਵਾਜ।

جادهٔ مستقیم ***ਜਾਦਾ-ਏ-ਮੁਸਤਕ਼ੀਮ*** : ਸਿੱਧਾ ਰਾਹ, ਗਾਡੀ ਰਾਹ; ਸੱਚ ਦਾ ਮਾਰਗ।

جادی ***ਜਾਦੀ*** : ਕੇਸਰ; ਸ਼ਰਾਬ; ਬਖਸ਼ਸ਼ ਚਾਹੁਣ ਵਾਲਾ।

جاذب ***ਜਾਜ਼ਿਬ*** : ਜਜ਼ਬ ਕਰਨ ਵਾਲਾ, ਚੂਸ

جاسوس *ਜਾਸੂਸ* : ਇਕ ਮੁਲਕ ਦੀ ਖ਼ਬਰ ਦੂਜੇ ਮੁਲਕ ਨੂੰ ਭੇਜਣ ਵਾਲਾ, ਖ਼ਬਰ ਦੇਣ ਵਾਲਾ, ਮੁਖ਼ਬਰ, ਖ਼ੁਫ਼ੀਆ, ਪੁਲਸ; ਭੇਤੀ।

جاسوسی *ਜਾਸੂਸੀ* : ਮੁਖ਼ਬਰੀ, ਭੇਦਾਂ ਦਾ ਪਤਾ ਲਾਉਣਾ।

جاکشو *ਜਾਕਸ਼ੂ* : ਜਾਕਸੂ, ਚਾਕਸੂ, ਅੱਖਾਂ ਦੀ ਪਰਸਿੱਧ ਦਵਾ।

جاگیر *ਜਾਗੀਰ* : ਸਰਕਾਰ ਵੱਲੋਂ ਇਨਾਮ ਵਿਚ ਮਿਲੀ ਹੋਈ ਜ਼ਮੀਨ।

جاگیردار *ਜਾਗੀਰਦਾਰ* : ਜਾਗੀਰ ਦਾ ਮਾਲਕ, ਜਿਸ ਨੂੰ ਜਗੀਰ ਮਿਲੀ ਹੋਵੇ।

جال *ਜਾਲ* : ਪੀਲੂ ਦਾ ਰੁੱਖ।

جالوت *ਜਾਲੂਤ* : ਇਕ ਕਾਫ਼ਰ ਬਾਦਸ਼ਾਹ ਦਾ ਨਾਮ ਜੋ ਆਦਿ ਕੌਮ ਵਿਚੋਂ ਇਸਰਾਈਲੀਆਂ ਦਾ ਦੁਸ਼ਮਣ ਸੀ। ਤਾਲੂਤ ਦੇ ਸਮੇਂ ਓਹ ਹਜ਼ਰਤ ਦਾਊਦ ਦੇ ਹੱਥੋਂ ਮਾਰਿਆ ਗਿਆ।

جالینوس *ਜਾਲੀਨੂਸ* : (ਯੂਨਾਨੀ ਸ਼ਬਦ ਗਾਲੀਨੂਸ ਦਾ ਅਰਬੀ ਰੂਪਾਂਤਰ) ਯੂਨਾਨ ਦਾ ਪਰਸਿੱਧ ਹਕੀਮ ਜੋ ਸਿਕੰਦਰ ਤੋਂ ਪੰਜਾਹ ਸਾਲ ਪੈਹਲਾਂ ਹੋਇਆ ਤੇ ਜਿਸ ਨੇ ਹਿਕਮਤ ਦੀਆਂ ਚਾਰ ਸੌ ਪੁਸਤਕਾਂ ਲਿਖੀਆਂ ਸਨ ਅਤੇ ਯੂਨਾਨ ਦੇ ਸਾਰੇ ਹਕੀਮਾਂ ਤੋਂ ਬਾਜ਼ੀ ਲੈ ਗਿਆ ਸੀ।

جام *ਜਾਮ* : ਸ਼ਰਾਬ ਪੀਣ ਦਾ ਪਿਆਲਾ; ਦਰਵਾਜ਼ਿਆਂ ਤੇ ਰੋਸ਼ਨਦਾਨਾਂ ਵਿਚ ਲਾਉਣ ਵਾਲੇ ਸ਼ੀਸ਼ੇ; ਖੁਰਾਸਾਨ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ ਜਿਥੋਂ ਦਾ ਫ਼ਾਰਸੀ ਸ਼ਾਇਰ ਮੌਲਾਨਾ ਅਬਦੁਰ ਰਹਿਮਾਨ ਜਾਮੀ ਸੀ; ਅਸਮਾਨ।

جامِاسکندر *ਜਾਮ–ਏ–ਇਸਕੰਦਰ*, جامِاسکندری *ਜਾਮ–ਏ–ਇਸਕੰਦਰੀ* : ਸਿਕੰਦਰ ਦਾ ਪਿਆਲਾ।

جامپیمای *ਜਾਮ ਪੈਮਾਯ* : ਸ਼ਰਾਬ ਪੀਣ ਵਾਲਾ, ਸ਼ਰਾਬੀ।

جامِجم *ਜਾਮ–ਏ–ਜਮ*, جامِ جمشید *ਜਾਮ–ਏ–ਜਮਸ਼ੀਦ* : ਈਰਾਨ ਦੇ ਬਾਦਸ਼ਾਹ ਜਮਸ਼ੀਦ ਦਾ ਪਿਆਲਾ ਜੋ ਈਰਾਨ ਦੇ ਚਿੰਤਕਾਂ ਨੇ ਬਣਾਇਆ ਸੀ, ਕੈਂਹਦੇ ਹਨ, ਕਿ ਇਸ ਦੁਆਰਾ ਅਸਮਾਨ ਦੇ ਤਾਰਿਆਂ ਦਾ ਹਾਲ ਤੇ ਨਜੂਮ ਰਾਹੀਂ ਹਰ ਪ੍ਰਸ਼ਨ

ਲੈਣ ਵਾਲਾ, ਖਿੱਚਣ ਵਾਲਾ; ਕੋਸ਼ਸ਼ ਕਰਨ ਵਾਲਾ; ਘੱਟ ਦੁਧ ਦੇਣ ਵਾਲੀ ਉਠਣੀ; ਸਿਆਹੀ- ਚੂਸ।

جاذبہ *ਜਾਜ਼ਿਬਾ* : ਜਜ਼ਬ ਕਰਨ ਵਾਲੀ; ਖਿੱਚਣ ਵਾਲੀ ਤਾਕਤ; ਮੁਹੱਬਤ; ਕੋਸ਼ਸ਼; ਤਾਸੀਰ; ਸੁੰਦਰਤਾ।

جار *ਜਾਰ* : ਗਵਾਂਢੀ, ਹਮਸਾਇਆ; ਵਪਾਰ ਵਿਚ ਭਾਈਵਾਲ; ਸ਼ਰਨਾਰਥੀ; ਖ਼ਾਵੰਦ।

جار *ਜਾਰ* : ਖਿੱਚਣ ਵਾਲਾ।

جارمجرور *ਜਾਰ ਮਜਰੂਰ* : ਵਿਆਕਰਨ ਵਿਚ, ਖਿੱਚਣ ਵਾਲਾ ਤੇ ਖਿੱਚਿਆ ਹੋਇਆ ਪਰਸਿੱਧ ਹਰਫ਼-ਏ-ਜਾਰ ਹਨ; ਅਜ਼, ਬਰਾਏ, ਅੰਦਰ, ਦਰ, ਬਰ, ਬਾਹਰ, ਪੈ, ਜੁਜ਼, ਬਜੁਜ਼, ਬਾ, ਤਾ, ਰਾ, ਆਦਿ ਜਿਸ ਨਾਵ ਤੇ ਏਹ ਹਰਫ਼ ਆਉਂਦੇ ਹਨ ਉਸ ਨੂੰ 'ਮਜਰੂਰ' ਕੈਂਹਦੇ ਹਨ।

جارجی *ਜਾਰਜੀ*, جارچی *ਜਾਰਚੀ* : ਮੁਨਾਦੀ ਕਰਨ ਵਾਲਾ, ਖ਼ਬਰ ਦੇਣ ਵਾਲਾ, ਢੰਡੋਰਚੀ।

جاروب *ਜਾਰੂਬ* : ਝਾੜੂ, ਬੌਹਕਰ, ਬੁਹਾਰੀ; ਸੂਹਣ।

جاروبکش *ਜਾਰੂਬ–ਕਸ਼*, جاروبزن *ਜਾਰੂਬ–ਜ਼ਨ* : ਝਾੜੂ ਦੇਣ ਵਾਲਾ, ਫ਼ੱਰਾਸ਼; ਖਾਕਰੋਬ।

جاروبکشی *ਜਾਰੂਬ–ਕਸ਼ੀ* : ਝਾੜੂ ਦੇਣ ਦੀ ਕਿਰਿਆ, ਝਾੜੂ ਦੇਣ ਦਾ ਪੇਸ਼ਾ।

جاروبہ *ਜਾਰੂਬਾ* : ਝਾੜੂ, ਬੁਹਾਰੀ।

جاری *ਜਾਰੀ* : ਵਗਦਾ ਹੋਇਆ; ਅੱਗੇ ਵੱਧਦੇ ਹੋਇਆ; ਪਰਚਲਤ; ਲਗਾਤਾਰ।

جاریوساری *ਜਾਰੀ–ਉ–ਸਾਰੀ* : ਜਾਰੀ ਹੋਣ ਵਾਲਾ; ਅਸਰ ਕਰਨ ਵਾਲਾ।

جاریہ *ਜਾਰੀਯਾ* : ਲੜਕੀ, ਬਾਂਦੀ, ਦਾਸੀ; ਜਾਰੀ ਹੋਣ ਵਾਲੀ; ਚਲਦਾ ਪਾਣੀ; ਸੂਰਜ; ਕਿਸ਼ਤੀ, ਜਹਾਜ਼।

جازم *ਜਾਜ਼ਿਮ* : ਕੱਟਣ ਵਾਲਾ; ਪੱਕਾ ਨਿਸਚਾ ਕਰਨ ਵਾਲਾ; ਫ਼ੈਸਲਾ ਕਰਨ ਵਾਲਾ; ਜਜ਼ਮ (ਅੱਖਰ ਨੂੰ ਟਿਕਾ) ਦੇਣ ਵਾਲਾ।

ਦਾ ਉੱਤਰ ਮਿਲ ਜਾਂਦਾ ਸੀ, ਸ਼ਰਾਬ ਵੀ ਜਮਸ਼ੀਦ ਦੇ ਸਮੇਂ ਕੱਢੀ ਗਈ ਇਸ ਲਈ ਸ਼ਰਾਬ ਦੇ ਪਿਆਲੇ ਨਾਲ ਜਮਸ਼ੀਦ ਦਾ ਨਾਮ ਸਬੰਧਤ ਹੋ ਗਿਆ।

جامِجہانآرا ***ਜਾਮ-ਏ-ਜਹਾਨ ਆਰਾ***, **جامِجہاںبین** ***ਜਾਮ-ਏ-ਜਹਾਂ-ਬੀਨ***, **جامِجہاںنما** ***ਜਾਮ-ਏ- ਜਹਾਨ ਨੁਮਾ*** : ਈਰਾਨ ਦੇ ਬਾਦਸ਼ਾਹ ਦਾ ਪਿਆਲਾ ਜਿਸ ਵਿਚੋਂ ਨਜੂਮ ਦੁਆਰਾ ਭਵਿੱਖ ਦੇ ਵਾਕਿਆਤ ਦਾ ਪਤਾ ਲੱਗ ਜਾਂਦਾ ਸੀ।

جامِحیدری ***ਜਾਮ-ਏ-ਹੈਦਰੀ***, **جامِعالی** ***ਜਾਮ-ਏ-ਆਲੀ*** : ਵੱਡਾ ਪਿਆਲਾ।

جامِخانہ ***ਜਾਮ-ਖ਼ਾਨਾ*** : ਸ਼ਰਾਬਖ਼ਾਨਾ।

جامِخوردن ***ਜਾਮ-ਖ਼ੁਰਦਨ***, **جامِزدن** ***ਜਾਮ ਜ਼ਦਨ*** : ਸ਼ਰਾਬ ਪੀਣਾ।

جامِسحر ***ਜਾਮ-ਏ-ਸਹਰ***, **جامِمسیحا** ***ਜਾਮ-ਏ-ਮਸੀਹਾ*** : ਸੂਰਜ।

جامِسفال ***ਜਾਮ-ਏ-ਸਿਫ਼ਾਲ*** : ਮਿੱਟੀ ਦਾ ਪਿਆਲਾ।

جامِسفالینہ ***ਜਾਮ-ਏ-ਸਿਫ਼ਾਲੀਨਾ*** : ਮਨੁੱਖ ਦਾ ਜਿਸਮ।

جامِسیم ***ਜਾਮ-ਏ-ਸੀਮ*** : ਮਸ਼ੂਕ ਦੀ ਠੋਡੀ।

جامِشہریاری ***ਜਾਮ-ਏ-ਸ਼ਹਰਯਾਰੀ*** : ਸ਼ਰਾਬ ਪੀਣ ਦਾ ਵੱਡਾ ਪਿਆਲਾ।

جامِشیر ***ਜਾਮ-ਏ-ਸ਼ੀਰ*** : ਛਾਤੀਆਂ।

جامِصحت ***ਜਾਮ-ਏ-ਸਿਹਤ*** : ਕਿਸੇ ਦੀ ਤੰਦਰੁਸਤੀ ਲਈ ਸ਼ਰਾਬ ਪੀਣਾ।

جامع ***ਜਾਮਿਅ*** : ਜਮ੍ਹਾ ਕਰਨ ਵਾਲਾ; ਸ਼ਾਮਲ; ਮੁਕੰਮਲ, ਪੂਰਾ; ਵੱਡੀ ਮਸਜਦ ਜਿਸ ਵਿਚ ਮੁਸਲਮਾਨ ਜੁਮ੍ਹੇ ਦੀ ਨਮਾਜ਼ ਅਦਾ ਕਰਨ ਲਈ ਇੱਕਠੇ ਹੋਣ।

جامِعکوفہ ***ਜਾਮਿਅ-ਏ-ਕੂਫ਼ਾ*** : ਕੂਫ਼ਾ ਸ਼ੈਹਰ ਦੀ ਵੱਡੀ ਮਸਜਦ।

جامعہ ***ਜਾਮਿਆ*** : ਯੂਨੀਵਰਸਿਟੀ, ਵਿਸ਼ਵ-ਵਿਦਿਆਲਾ।

جامعۂازہر ***ਜਾਮਿਆ-ਏ-ਅਜ਼ਹਰ*** : ਮਿਸਰ ਦੀ ਸ਼ਾਨਦਾਰ ਯੂਨੀਵਰਸਿਟੀ ਜੋ ਬੌਹਤ ਪੁਰਾਣੀ ਹੈ।

جامعۂملیہ ***ਜਾਮਿਆ-ਏ-ਮਿੱਲੀਯਾ*** : ਕੌਮੀ ਯੂਨੀਵਰਸਿਟੀ।

جامگی ***ਜਾਮਗੀ*** : ਵਜ਼ੀਫ਼ਾ, ਰੋਜ਼ੀਨਾ; ਨੌਕਰ ਨੂੰ ਦਿੱਤੀ ਜਾਣ ਵਾਲੀ ਖ਼ੁਰਾਕ; ਪੁਸ਼ਾਕ; ਸ਼ਰਾਬ ਪੀਣ ਪਿਛੋਂ ਪਆਲੇ ਹੇਠ ਰੈਹ ਗਈ ਤਲਛਟ; ਮੈਲ।

جامگیخوار ***ਜਾਮਗੀ-ਖ਼੍ਵਾਰ*** : ਸ਼ਰਾਬ ਪੀਣ ਵਾਲਾ; ਨੌਕਰ, ਗ਼ੁਲਾਮ, ਖ਼ਿਦਮਤਗਾਰ।

جامہ ***ਜਾਮਾ*** : ਕੱਪੜਾ, ਪੋਸ਼ਾਕ; ਸੁਰਾਹੀ ਤੇ ਪਿਆਲਾ।

جامۂآسمانی ***ਜਾਮਾ-ਏ-ਆਸਮਾਨੀ*** : ਮਾਤਮੀ ਨੀਲੇ ਕੱਪੜੇ।

جامہخانہ ***ਜਾਮਾ-ਖ਼ਾਨਾ*** : ਓਹ ਕਮਰਾ ਜਿਥੇ ਕੱਪੜੇ ਆਦਿ ਰੱਖੇ ਜਾਣ, ਤੋਸ਼ਕ-ਖ਼ਾਨਾ।

جامی ***ਜਾਮੀ*** : ਮੌਲਾਨਾ ਅਬਦੁੱਰ-ਰਹਿਮਾਨ ਜਾਮੀ, ਜੋ ਪਰਸਿੱਧ ਸ਼ਾਇਰ ਤੇ ਸੂਫ਼ੀ ਵਿਦਵਾਨ ਸਨ, ਓਹ ਜਾਮ ਵਿਖੇ ੮੧੭ ਹਿਜਰੀ ਵਿਚ ਪੈਦਾ ਹੋਏ ਤੇ ੮੯੮ ਵਿਚ ਕਾਲਵਸ ਹੋਏ; ਓਹਨਾਂ ਦੀਆਂ ਰਚਨਾਵਾਂ ਦੀ ਗਿਣਤੀ ੪੫ ਹੈ ਜਿਨ੍ਹਾਂ ਵਿਚੋਂ 'ਲੈਲਾ-ਉ-ਮਜਨੂੰ', 'ਬਗਾਰਿਸਤਾਨ, 'ਯੂਸੁਫ਼ ਜ਼ੁਲੈਖਾ', 'ਤੁਹਫ਼ਤਹਉਲ ਅਹਰਾਰ', ਪਰਸਿੱਧ ਹਨ।

جان ***ਜਾਨ*** : ਰੂਹ, ਆਤਮਾ, ਹਯਾਤ, ਜ਼ਿੰਦਗੀ; ਤਾਕਤ, ਸ਼ਕਤੀ, ਹਿੰਮਤ, ਹੌਸਲਾ; ਲੜਾਈ ਦੇ ਹਥਿਆਰ; ਸਰੀਰ, ਜਿਸਮ, ਬਦਨ; ਬੇਹੱਦ ਪਿਆਰੀ ਚੀਜ਼।

جانِآدم ***ਜਾਨ-ਏ-ਆਦਮ*** : ਵਚਿਤਰ ਚੀਜ਼, ਦੁਰਲਭ ਸ਼ੈ।

جانِآزاری ***ਜਾਨ-ਏ-ਆਜ਼ਾਰੀ*** : ਦੁੱਖ ਦੇਣਾ।

جانافشاندن ***ਜਾਨ ਅਫ਼ਸ਼ਾਂਦਨ*** : ਜਾਨ ਕੁਰਬਾਨ ਕਰਨਾ।

جانباز *ਜਾਨ-ਬਾਜ਼* : ਜਾਨ ਤੇ ਖੇਡ ਜਾਣ ਵਾਲਾ, ਸਿਰ-ਲੱਥ; ਜਾਨ ਮਾਰ ਕੇ ਕੰਮ ਕਰਨ ਵਾਲਾ, ਮੇਹਨਤੀ।

جانبازی *ਜਾਨਬਾਜ਼ੀ* : ਕੁਰਬਾਨੀ।

جانبخشی *ਜਾਨਬਖ਼ਸ਼ੀ* : ਮਾਫ਼ੀ, ਰਿਹਾਈ, ਨਜਾਤ।

جانبلب *ਜਾਨ-ਬ-ਲਬ* : ਮਰਨ ਕਿਨਾਰੇ, ਜੋ ਮਰ ਰਿਹਾ ਹੋਵੇ।

جانپدر *ਜਾਨ-ਏ-ਪਿਦਰ* : ਬਾਪ ਦੀ ਜਾਨ, ਬੇਟਾ।

جانجان *ਜਾਨ-ਏ-ਜਾਨ* : ਪਿਆਰਾ, ਮਸ਼ੂਕ; ਰੂਹ; ਅਲਾਹ।

جانفشانی *ਜਾਂ (ਜਾਨ)- ਫ਼ਿਸ਼ਾਨੀ* : ਦਲੇਰੀ, ਹਿੰਮਤ; ਮੇਹਨਤ।

جانکاہ *ਜਾਨਕਾਹ* : ਜਾਨ ਨੂੰ ਘਟਾਉਣ ਵਾਲਾ, ਸੋਗਮਈ।

جانان *ਜਾਨਾਨ* : (ਜਾਨ جان ਦਾ ਬੌਹਵਚਨ) ਪਿਆਰਾ, ਮਸ਼ੂਕ।

جانانہ *ਜਾਨਾਨਾ* : ਮਸ਼ੂਕ, ਪਿਆਰਾ।

جانب *ਜਾਨਿਬ* : ਪਾਸਾ, ਤਰਫ਼, ਰੁੱਖ; ਕਿਨਾਰਾ; ਬਗਾਨਾ, ਪਰਦੇਸੀ; ਨਾਫ਼ਰਮਾਨ; ਧੜਾ; ਫ਼ਰੀਕ।

جانبدار *ਜਾਨਿਬਦਾਰ* : ਮਦਦਗਾਰ, ਸਹਾਇਕ।

جانبداری *ਜਾਨਿਬ-ਦਾਰੀ* : ਮਦਦ, ਸਹਾਇਤਾ।

جاندار *ਜਾਨਦਾਰ* : ਜੀਵ, ਜੰਤੂ; ਇਨਸਾਨ, ਹੈਵਾਨ ਜੋ ਜ਼ਿੰਦਾ ਹਨ; ਰੋਜ਼ੀ; ਰੂਹ ਦਾ ਮਾਲਕ।

جاندارو *ਜਾਨਦਾਰੂ* : ਪੀਣ ਵਾਲੀ ਦਾਰੂ; ਅਕਸੀਰ; ਅਫ਼ੀਮੀ ਲੋਕ ਅਫ਼ੀਮ ਨੂੰ ਜਾਨਦਾਰੂ ਕੈਂਹਦੇ ਹਨ।

جاندیدہ *ਜਾਨਦੀਦਾ* : ਮਸ਼ੂਕ, ਪਿਆਰਾ।

جانشین *ਜਾ-ਨਸ਼ੀਨ* : ਕਿਸੇ ਦੀ ਥਾਂ 'ਤੇ ਬੈਠਣ ਵਾਲਾ; ਉਤਰਾਧਕਾਰੀ, ਵਾਰਸ।

جانماز *ਜਾ ਨਮਾਜ਼* : ਓਹ ਕੱਪੜਾ ਜਿਸ ਉਤੇ ਨਮਾਜ਼ ਪੜ੍ਹੀ ਜਾਵੇ, ਮੁੱਸਲਾ।

جانور *ਜਾਨਵਰ* : ਜਿਸ ਵਿਚ ਰੂਹ ਹੋਵੇ; ਜਾਨਦਾਰ, ਹੈਵਾਨ, ਪਸ਼ੂ, ਪੰਛੀ ਆਦਿ।

جانی *ਜਾਨੀ* : ਜਾਨ ਨਾਲ ਸਬੰਧਤ; ਜਾਨ ਦਾ, ਅਜ਼ੀਜ਼, ਪਿਆਰਾ, ਮਸ਼ੂਕ; ਪਿਆਰ ਦੇ ਲਾਇਕ।

جاوا *ਜਾਵਾ* : ਹਿੰਦ-ਪੂਰਬੀ ਟਾਪੂਆਂ ਵਿਚ ਸਥਿੱਤ ਟਾਪੂ ਜੋ ਸਮਾਟਰਾ ਦੇ ਪੂਰਬ ਵੱਲ ਹੈ।

جاوِد *ਜਾਵਿਦ,* جاوید *ਜਾਵੇਦ,* جاودان *ਜਾਵਿਦਾਨ,* جاویدان *ਜਾਵੇਦਾਨ,* جاودانہ *ਜਾਵਿਦਾਨਾ,* جاویدانہ *ਜਾਵੇਦਾਨਾ,* جاودانی *ਜਾਵਿਦਾਨੀ* : ਹਮੇਸ਼ਾ, ਸਦਾ, ਸਦੀਵੀ।

جاور *ਜਾਵਰ* : ਹਾਲ, ਹਾਲਤ, ਦਸ਼ਾ।

جاورس *ਜਾਵਰਸ* : (ਫ਼ਾਰਸੀ ਗਾਵਰਸ گاورس ਦਾ ਅਰਬੀ ਰੂਪ) ਬਾਜਰਾ।

جاویدنام *ਜਾਵੇਦਨਾਮ* : ਓਹ ਆਦਮੀ ਜਿਸ ਦਾ ਨਾਮ ਹਮੇਸ਼ਾ ਰਹੇ, ਅਮਰ ਨਾਮ।

جاہ *ਜਾਹ* : ਰੁਤਬਾ, ਮਰਤਬਾ।

جاہوجلال *ਜਾਹ-ਉ-ਜਲਾਲ* : ਸ਼ਾਨ ਸ਼ੌਕਤ, ਵਡਿਆਈ।

جاہوحشم *ਜਾਹ-ਉ-ਹਸ਼ਮ* : ਸ਼ਾਨ ਸ਼ੌਕਤ, ਲਾਓ ਲਸ਼ਕਰ, ਠਾਠ-ਬਾਠ, ਉੱਚਾ ਰੁਤਬਾ, ਮਰਤਬਾ, ਇੱਜ਼ਤ; ਦੌਲਤ।

جاہومنزلت *ਜਾਹ-ਉ-ਮਨਜ਼ਲਤ,* جاہ‌ومنصب *ਜਾਹ-ਉ-ਮਨਸਬ* : ਵਕਾਰ, ਸ਼ਾਨ, ਬਜ਼ੁਰਗੀ, ਅਜ਼ਮਤ, ਰੁਤਬਾ, ਮਰਤਬਾ; ਇਜ਼ਤ, ਮਾਣ।

جاہل *ਜਾਹਿਲ* : ਅਨਪੜ੍ਹ, ਮੂਰਖ, ਉੱਜਡ।

جای *ਜਾਯ* : ਜਗ੍ਹਾ, ਸਥਾਨ, ਥਾਂ।

جایٔ استاد خالی است *ਜਾਯ ਉਸਤਾਦ ਖ਼ਾਲੀ ਅਸਤ* : ਉਸਤਾਦ ਫਿਰ ਵੀ ਉਸਤਾਦ ਹੈ, ਉਸਤਾਦ ਦੀ ਥਾਂ ਹੋਰ ਕੋਈ ਨਹੀਂ ਲੈ ਸਕਦਾ।

جائےباش *ਜਾਯ-ਏ-ਬਾਸ਼* : ਘਰ, ਠਿਕਾਣਾ; ਰੈਹਣ ਦੀ ਥਾਂ; ਸਰਾਂ।

جائےتخلیہ *ਜਾਯ-ਏ-ਤਖ਼ਲੀਯਾ* : ਏਕਾਂਤ, ਅਰਾਮ ਕਰਨ ਤੇ ਸੌਣ ਦੀ ਥਾਂ।

جاىتنگاستمردمانبسيار ***ਜਾਯ-ਏ-ਤੰਗ-ਅਸਤ ਮਰਦੁਮਾਨ ਬਿਸਯਾਰ*** : ਤੰਗ ਥਾਂ ਵਿਚ ਬੌਹਤੇ ਆਦਮੀ।

جاىٔضرورت ***ਜਾਯ-ਏ-ਜ਼ਰੂਰਤ*** : ਟੱਟੀ ਪਿਸ਼ਾਬ ਦੀ ਥਾਂ।

جاىٔعزيز ***ਜਾਯ-ਏ-ਅਜ਼ੀਜ਼*** : ਖ਼ੁਦਾ ਦਾ ਘਰ, ਮਸਜਦ।

جايداد ***ਜਾਯਦਾਦ*** : (ਪੰਜਾਬੀ ਵਿਚ ਪਰਚਲਤ ਰੂਪ ''ਜਾਇਦਾਦ'' ਹੈ) ਮਾਲ, ਮਕਾਨ, ਜ਼ਮੀਨ, ਅਸਬਾਬ, ਪੂੰਜੀ; ਰਾਸ।

جايدادِآباىٔ ***ਜਾਯਦਾਦ-ਏ-ਆਬਾਈ*** : ਜੱਦੀ ਜਾਇਦਾਦ, ਵਿਰਾਸਤ, ਬਾਪ ਦਾਦੇ ਦੀ ਛੱਡੀ ਹੋਈ ਵਿਰਾਸਤ।

جايدادِغيرمنقوله ***ਜਾਯਦਾਦ-ਏ-ਗ਼ੈਰਮਨਕੂਲਾ*** : ਓਹ ਜਾਇਦਾਦ ਜੋ ਇਕ ਥਾਂ ਤੋਂ ਦੂਜੀ ਥਾਂ ਲੈ ਜਾਈ ਨਾ ਜਾ ਸਕੇ, ਅਚਲ ਜਾਇਦਾਦ।

جايدادمنقوله ***ਜਾਯਦਾਦ-ਏ-ਮਨਕੂਲਾ*** : ਓਹ ਜਾਇਦਾਦ ਜੋ ਇਕ ਥਾਂ ਤੋਂ ਦੂਜੀ ਥਾਂ ਲੈ ਜਾਈ ਜਾ ਸਕੇ, ਨਕਦੀ, ਜ਼ੇਵਰ, ਮਾਲ ਡੰਗਰ, ਆਦਿ।

جايگه ***ਜਾਯਗਹ*** : ਜਗ੍ਹਾ, ਥਾਂ, ਸਥਾਨ, ਟਿਕਾਣਾ, ਘਰ।

جبّار ***ਜੱਬਾਰ*** : ਜਬਰ ਕਰਨ ਵਾਲਾ, ਪੱਥਰ-ਦਿਲ, ਜ਼ਾਲਮ, ਬੇਰੈਹਮ; ਅਹੰਕਾਰੀ, ਮਗ਼ਰੂਰ; ਉੱਚੇ ਕਦ ਵਾਲਾ ਆਦਮੀ; ਉੱਚਾ ਰੁੱਖ ਜਿਸ 'ਤੇ ਹੱਥ ਨਾ ਪਹੁੰਚ ਸਕੇ; ਅੱਲਾਹ ਦਾ ਇਕ ਸਿਫ਼ਾਤੀ ਗੁਣਵਾਚੀ ਨਾਮ, ਭਾਵ ਤੋੜਨ ਵਾਲਾ, ਜੋੜਨ ਵਾਲਾ।

جبائره ***ਜੱਬਾਇਰਾ*** : (ਜੱਬਾਰ **جبّار** ਦਾ ਬੌਹਵਚਨ) ਜਾਬਰ ਲੋਕ।

جبال ***ਜਿਬਾਲ*** : (ਜਬਲ **جبل** ਦਾ ਬੌਹਵਚਨ) ਪਹਾੜ।

جبر ***ਜਬਰ*** : ਪੂਰਾ; ਟੁੱਟੀ ਹੋਈ ਚੀਜ਼ ਨੂੰ ਜੋੜਨਾ, ਪੱਟੀ ਬੰਨ੍ਹਣਾ; ਸੋਧ ਸੁਧਾਈ ਕਰਨਾ; ਕਿਸੇ ਦਾ ਹਾਲ ਚੰਗਾ ਕਰ ਦੇਣਾ; ਜ਼ਬਰਦਸਤੀ, ਵਧੀਕੀ, ਧੱਕਾ, ਜ਼ੁਲਮ, ਅੱਤਿਆਚਾਰ, ਜ਼ੋਰ, ਤਾਕਤ।

جبراً ***ਜਬਰਨ*** : ਜ਼ਬਰਦਸਤੀ, ਮਜਬੂਰ ਕਰਕੇ।

جبراًوقهراً ***ਜਬਰਨ-ਉ-ਕਹਰਨ*** : ਮਜਬੂਰਨ, ਜ਼ੁਲਮ ਕਰਕੇ।

جبروتعدى ***ਜਬਰ-ਉ-ਤਅੱਦੀ*** : ਜ਼ੁਲਮ, ਸਿਤਮ, ਅਤਿਆਚਾਰ, ਜ਼ਬਰਦਸਤੀ, ਵਧੀਕੀ।

جبرائيل ***ਜਿਬਰਾਈਲ*** : ਅੱਲਾਹ ਦਾ ਬੰਦਾ, ਇਕ ਮਸ਼ਹੂਰ ਫ਼ਰਿਸ਼ਤੇ ਦਾ ਨਾਮ ਜਿਸ ਦਾ ਕੰਮ ਨਬੀਆਂ ਪੈਗ਼ੰਬਰਾਂ ਨੂੰ ਰੱਬੀ ਬਾਣੀ ਪੌਹਚਾਉਣਾ ਹੈ।

جبروت ***ਜਬਰੂਤ*** : ਬਜ਼ੁਰਗੀ; ਜਲਾਲ; ਅਜ਼ਮਤ, ਵਡਿਆਈ; ਰੱਬ ਦੀ ਏਕਤਾ ਦਾ ਮਰਤਬਾ, ਖ਼ੁਦਾ ਦਾ ਜਲਾਲ।

جبرومقابله ***ਜਬਰ-ਉ-ਮੁਕਾਬਲਾ*** : ਗਣਿਤ ਸ਼ਾਸਤਰ ਦੀ ਇਕ ਸ਼ਾਖਾ ਦਾ ਨਾਮ ਜਿਸ ਵਿਚ ਚਿੰਨ੍ਹਾਂ ਤੇ ਹਰਫ਼ਾਂ ਦੁਆਰਾ ਜਾਣੇ-ਪਛਾਣੇ ਵਸੀਲੇ ਨਾਲ ਅਣਜਾਣੀ ਗਿਣਤੀ ਮਲੂਮ ਕਰਦੇ ਹਨ; 'ਜਬਰ' ਦੇ ਅਰਥ ਹਨ ਜ਼ਿਆਦਾ ਕਰਨਾ (ਵਧਾਉਣਾ) ਅਤੇ 'ਮੁਕਾਬਲਾ' ਦੇ ਅਰਥ ਹਨ ਘੱਟ ਕਰਨਾ ਜਾਂ ਡੇਗ ਦੇਣਾ।

جبريل ***ਜਬਰੀਲ*** : ਵੇਖੋ **جبرائيل** ਜਿਬਰਾਈਲ।

جبريه ***ਜਬਰੀਆ*** : ਮੁਸਲਮਾਨਾਂ ਦਾ ਇਕ ਫ਼ਿਰਕਾ (ਸੰਪਰਦਾਏ) ਜਿਸ ਦਾ ਵਿਸ਼ਵਾਸ ਹੈ ਕਿ ਮੱਨੁਖਾਂ ਨੂੰ ਆਪਣੇ ਕੰਮਾਂ ਤੇ ਕੋਈ ਅਧਕਾਰ ਨਹੀਂ, ਭਾਵ ਚੰਗੇ ਮੰਦੇ ਕੰਮ ਕਰਨ ਵਿਚ ਓਹ ਮਜਬੂਰ ਹਨ।

جبل ***ਜਬਲ*** : ਪਹਾੜ, ਪਰਬਤ।

جبل الرحمة ***ਜਬਲ-ਉੱਲ-ਰਹਮਤ*** : ਇਰਫ਼ਾਤ ਵਿਚ ਇਕ ਪਹਾੜ ਦਾ ਨਾਮ।

جبلى ***ਜਬਲੀ*** : ਪਹਾੜ ਨਾਲ ਸਬੰਧਤ, ਪਹਾੜੀ।

جبه ***ਜੁੱਬਾ*** : ਸੂਫ਼ੀਆਂ ਦਾ ਖੁਲ੍ਹੇ ਕੁਰਤੇ ਵਰਗਾ ਪੈਹਰਾਵਾ।

جبهه ***ਜਬਹਾ*** : ਮੱਥਾ, ਮਸਤਕ; ਸਰਦਾਰ।

جبهه‌سا ***ਜਬਹਾ-ਸਾ*** : ਸਿਜਦਾ ਕਰਨ ਵਾਲਾ, ਮੱਥਾ ਰਗੜਨ ਵਾਲਾ; ਮਿੰਨਤ ਕਰਨ

ਵਾਲਾ।

جبهه‌سائی ***ਜਬਹਾ-ਸਾਈ*** : ਸਿਜਦਾ ਕਰਨਾ, ਮੱਥਾ ਰਗੜਨਾ।

جبین ***ਜਬੀਨ*** : ਮੱਥਾ, ਮਸਤਕ; ਮੱਥੇ ਦੇ ਦੋਵੇਂ ਪਾਸੇ।

جت ***ਜੱਤ*** : (ਜੱਟ ਦਾ ਫ਼ਾਰਸੀ ਰੂਪਾਂਤਰ) ਜੱਟ।

جتک ***ਜਤਕ*** : ਲੇਸਲੀ ਚੀਜ਼, ਗੂੰਦ, ਮੂਸਲੀ।

جثه ***ਜੁੱਸਾ*** : ਸਰੀਰ, ਡੀਲ ਡੌਲ, ਪਿੰਡਾ।

جخ ***ਜਖ਼*** : ਲੜਾਈ, ਝਗੜਾ।

جخاجخ ***ਜਖ਼ਾ-ਜਖ਼*** : ਉੜਤੇ ਉੜਤੀ ਤਲਵਾਰ ਮਾਰਨ ਦੀ ਅਵਾਜ਼, ਚਖ਼ਾਚਖ਼।

جد ***ਜੱਦ*** : ਦਾਦਾ, ਨਾਨਾ; ਨਸੀਬ, ਭਾਗ; ਅਮੀਰੀ; ਵਡਿਆਈ; ਕੱਪੜੇ ਨੂੰ ਵਿਓਂਤਣਾ, ਕੱਪੜੇ ਨੂੰ ਕੱਟਣਾ।

جدی ***ਜੱਦੀ*** : ਦਾਦੇ ਦਾ, ਪਿਉ ਦਾਦੇ ਦੀ; ਮੌਰੂਸੀ।

جد ***ਜਿੱਦ*** : ਕੋਸ਼ਸ਼, ਜਤਨ; ਸੋਧ; ਪੈਰਵੀ।

جدوجهد ***ਜਿੱਦ-ਉ-ਜੁਹਦ*** : ਕੋਸ਼ਸ਼, ਜਤਨ, ਸੰਘਰਸ਼।

جدا ***ਜੁਦਾ*** : ਅਲੱਗ, ਵੱਖ, ਅੱਡ, ਇੱਕਲਾ; ਭਾਂਤ ਭਾਂਤ ਦਾ, ਅਨੋਖਾ; ਵਿਛੜਿਆ ਹੋਇਆ।

جداجدا ***ਜੁਦਾ ਜੁਦਾ***, جداگانه ***ਜੁਦਾਗਾਨਾ*** : ਅੱਡ ਅੱਡ, ਵੱਖ ਵੱਖ, ਅਲਗ ਅਲਗ।

جدال ***ਜਿਦਾਲ*** : ਲੜਨਾ, ਝਗੜਨਾ, ਪਰਸਪਰ ਦੁਸ਼ਮਣੀ ਕਰਨਾ, ਲੜਾਈ, ਜੰਗ।

جداول ***ਜਦਾਵਿਲ*** : (ਜਦਵਲ جدول ਦਾ ਬੌਹਵਚਨ) ਨੈਹਰਾਂ; ਖਾਲ।

جداوی ***ਜਦਾਵੀ*** : ਮੁਲਾਜ਼ਮਾਂ ਦੀ ਤਨਖ਼ਾਹ।

جدائی ***ਜੁਦਾਈ*** : ਦੂਰੀ, ਅਲੈਹਦਗੀ, ਫ਼ਰਕ, ਅੰਤਰ; ਜੁਦਾ ਹੋਣਾ, ਵਿਯੋਗ।

جدت ***ਜਿੱਦਤ*** : ਤਾਜ਼ਗੀ, ਨਵਾਂਪਣ; ਨਵਾਂ ਹੋਣਾ; ਜ਼ਮੀਨ ਦੀ ਉਪਰਲੀ ਤੈਹ ; ਕੁੱਤੇ ਦਾ ਪਟਾ; ਟਾਕੀ, ਲੀਰ; ਨਦੀ ਦਾ ਕੰਢਾ।

جدری ***ਜੁਦਰੀ*** : ਮਾਤਾ, ਸੀਤਲਾ, ਚੀਚਕ।

جدل ***ਜਦਲ*** : ਲੜਾਈ, ਝਗੜਾ, ਜੰਗ; ਦੁਸ਼ਮਣੀ, ਵੈਰ।

جدوار ***ਜਦਵਾਰ*** : ਕੌੜੀ ਤੇ ਕੰਡਿਆਂ ਵਾਲੀ ਬੂਟੀ ਜੋ ਦੋਜ਼ਖ਼ੀਆਂ ਨੂੰ ਖਾਣ ਲਈ ਮਿਲੇਗੀ, ਥੋਹਰ।

جدول ***ਜਦਵਲ*** : ਨੈਹਰ, ਖੇਤ ਵਿਚ ਪਾਣੀ ਦੇਣ ਦਾ ਖਾਲ; ਵਰਕ ਦੇ ਦੁਆਲੇ ਲਾਲ ਲਕੀਰ।

جدی ***ਜਦੀ*** : ਬੱਕਰਾ, ਬੱਕਰੀ ਦਾ ਬੱਚਾ, ਮੇਮਣਾ; ਇਕ ਅਸਮਾਨੀ ਬੁਰਜ (ਗਰੈਹ) ਦਾ ਨਾਮ ਜਿਸ ਦੀ ਸ਼ਕਲ ਬੱਕਰੇ ਵਰਗੀ ਵਿਖਾਈ ਦਿੰਦੀ ਹੈ; ਧਰੂ ਤਾਰਾ।

جدید ***ਜਦੀਦ*** : ਨਵਾਂ, ਹੁਣੇ ਦਾ, ਫ਼ੌਜ ਵਿਚ ਨਵਾਂ ਨਵਾਂ ਭਰਤੀ ਹੋਇਆ ਸਿਪਾਹੀ; ਰੰਗਰੂਟ; ਅਰੂਜ਼ (ਛੰਦ-ਸ਼ਾਤਰ) ਅਨੁਸਾਰ ਇਕ ਬੈਹਰ ਦਾ ਨਾਮ।

جدیدان ***ਜਦੀਦਾਨ*** : ਦਿਨ ਤੇ ਰਾਤ।

جذام ***ਜੁਜ਼ਾਮ*** : ਖ਼ੂਨ ਵਿਗੜਨ ਦੀ ਬੀਮਾਰੀ; ਕੋੜ੍ਹ।

جذامی ***ਜੁਜ਼ਾਮੀ*** : ਕੋੜ੍ਹੀ।

جذب ***ਜਜ਼ਬ*** : ਕੋਸ਼ਸ਼; ਖਿੱਚ, ਖਿੱਚਣਾ, ਸਮੋਣਾ, ਚੂਸਣਾ।

جذبه ***ਜਜ਼ਬਾ*** : ਇਕ ਵਾਰ ਖਿੱਚਣਾ; ਦਿਲ ਦੀ ਕਸ਼ਸ਼ ਜਾਂ ਧੂਹ, ਦਿਲ ਦਾ ਜੋਸ਼, ਵਲਵਲਾ।

جذبات ***ਜਜ਼ਬਾਤ*** : ਜਜ਼ਬਾ ਦਾ ਬੌਹਵਚਨ।

جذر ***ਜਜ਼ਰ*** : ਹਰ ਚੀਜ਼ ਦਾ ਅਸਲ; ਜੜ ਤੋਂ ਪੁੱਟਣਾ; ਵੱਢਣਾ; ਗਣਤ ਸ਼ਾਸਤਰ ਵਿਚ ਕੋਈ ਅੰਕੜਾ ਉਸ ਗਿਣਤੀ ਦਾ ਜਜ਼ਰ ਕਹਾਉਂਦਾ ਹੈ ਜੇਹੜਾ ਉਸ ਨੂੰ ਉਸੇ ਨਾਲ ਗੁਣਾ ਕਰਨ ਨਾਲ ਹਾਸਲ ਹੁੰਦਾ ਹੈ।

جذم ***ਜਜ਼ਮ*** : ਜੁਜ਼ਾਮ (ਕੋੜ੍ਹ) ਦੀ ਬੀਮਾਰੀ ਹੋਣਾ; ਹੱਥ ਕਟਿਆ ਹੋਣਾ; ਕੱਟਣਾ।

جذوب ***ਜਜ਼ੂਬ*** : ਜਜ਼ਬ ਕਰਨ ਵਾਲਾ, ਖਿੱਚਣ ਜਾਂ ਸਮੋ ਲੈਣ ਵਾਲਾ; ਥੋੜੇ ਦੁੱਧ ਵਾਲੀ ਊਠਣੀ।

جذیذ/جذیذه ***ਜਜ਼ੀਜ਼/ਜਜ਼ੀਜ਼ਾ*** : ਸੱਤੂ।

جر ***ਜੱਰ*** : ਖਿੱਚ, ਆਕਰਸ਼ਣ, ਖਿੱਚਣਾ; ਪਹਾੜ ਦੀ ਜੜ੍ਹ; ਜ਼ੇਰ (ਮਾਤਰਾ), ਹੇਠਲਾ ਹਿੱਸਾ, ਗੁਨਾਹ

ਕਰਨਾ।

جر ***ਜੁਰ*** : ਘੋੜੇ ਦੀ ਕਾਠੀ।

جر ***ਜਰ*** : ਜ਼ਮੀਨ ਵਿਚ ਤਰੇੜ; ਖੱਡਾ, ਸੰਨ੍ਹ, ਸੁਰੰਗ।

جراب ***ਜਰਾਬ*** : ਚੰਮ ਦੀ ਥੈਲੀ; ਚਮੜਾ, ਖੱਲ; ਤੋਸ਼ਾਦਾਨ; ਖੂਹ ਦਾ ਅੰਦਰ; ਪਤਾਲੂਆਂ ਦੇ ਉਪਰ ਦਾ ਚਮੜਾ।

جراب ***ਜੁਰਾਬ*** : ਖਾਲੀ ਬੇੜੀ ਜਾਂ ਜਹਾਜ਼।

جراب ***ਜੁੱਰਾਬ*** : ਪੰਜਾਬੀ ਵਿਚ ਪਰਚਲਤ ਰੂਪ "ਜਰਾਬ" ਹੈ।

جرات ***ਜੁਰਅਤ*** : ਦਲੇਰੀ, ਸਾਹਸ; ਚਲਾਕੀ; ਸੂਰਮਤਾ।

جراثیم ***ਜਰਾਸੀਮ*** : (ਜੁਰਸੂਮਾ **جرثومه** ਦਾ ਬੌਹਵਚਨ) ਹਰ ਚੀਜ਼ ਦੀ ਅਸਲ; ਛੋਟੇ ਕੀੜੇ ਜੇਹੜੇ ਬਗ਼ੈਰ ਖ਼ੁਰਦਬੀਨ ਦੇ ਨਜ਼ਰ ਨਹੀਂ ਆਉਂਦੇ, ਕੀਟਾਣੂ।

جراح ***ਜੱਰਾਹ*** : ਜ਼ਖ਼ਮਾਂ ਦੀ ਚੀਰ ਫਾੜ ਕਰਨ ਵਾਲਾ, ਸਰਜਨ।

جراحباشی ***ਜੱਰਾਹ-ਬਾਸ਼ੀ*** : ਸ਼ਾਹੀ ਜੱਰਾਹ।

جراح ***ਜਿਰਾਹ*** : (ਜਿਰਾਹਤ **جراحت** ਦਾ ਬੌਹਵਚਨ) ਬੌਹਤੇ ਫੱਟ, ਜ਼ਖ਼ਮ।

جراحت ***ਜਿਰਾਹਤ*** : ਘਾਉ, ਫੱਟ, ਚੀਰਾ, ਜ਼ਖ਼ਮ।

جراحی ***ਜੱਰਾਹੀ*** : ਚੀਰ ਫਾੜ, ਜ਼ਖ਼ਮ ਦੇ ਇਲਾਜ ਕਰਨ ਦਾ ਪੇਸ਼ਾ, ਸਰਜਰੀ।

جرار ***ਜੱਰਾਰ*** : ਖਿੱਚਣ ਵਾਲਾ; ਬੌਹਤ ਵੱਡਾ ਜੰਗੀ ਲਸ਼ਕਰ।

جراره ***ਜੱਰਾਰਾ*** : ਬੌਹਤ ਵੱਡਾ ਲਸ਼ਕਰ; ਇਕ ਕਿਸਮ ਦਾ ਬਿੱਛੂ, ਠੂੰਹਾ।

جرائد ***ਜਰਾਇਦ*** : (ਜਰੀਦਾ **جریده** ਦਾ ਬੌਹਵਚਨ) ਅਖਬਾਰਾਂ, ਰਸਾਲੇ; ਦਫ਼ਤਰ; ਫ਼ੌਜ ਦੀ ਤਨਖਾਹ ਦੇ ਰਜਿਸਟਰ।

جرب ***ਜੁਰਬ*** : ਤਿੱਤਰ।

جرثوم ***ਜਰਸੂਮ***, **جرثومه** ***ਜਰਸੂਮਾ*** : ਹਰ ਇਕ ਚੀਜ਼ ਦੀ ਅਸਲ; ਓਹ ਮਿਟੀ ਜੇਹੜੀ ਦਰਖ਼ਤ ਦੀ ਜੜ ਵਿਚ ਇੱਕਠੀ ਹੋ ਗਈ ਹੋਵੇ; ਓਹ ਛੋਟਾ ਕੀੜਾ ਜੇਹੜਾ ਖ਼ੁਰਦਬੀਨ ਤੋਂ ਬਗ਼ੈਰ ਨਜ਼ਰ ਨਹੀ ਆਉਂਦਾ, ਕੀਟਾਣੂ।

جرجان ***ਜੁਰਜਾਨ*** : 'ਗੁਰਗਾਨ' ਦਾ ਅਰਬੀ ਰੂਪਾਂਤਰ; ਅਸਤਰਾਬਾਦ ਦਾ ਇਕ ਸ਼ੈਹਰ।

جرس ***ਜਰਸ*** : ਘੰਟਾ, ਘੜਿਆਲ, ਟੱਲ।

جرسام ***ਜਰਸਾਮ*** : ਇਕ ਬੀਮਾਰੀ ਦਾ ਨਾਮ ਜਿਸ ਨੂੰ 'ਬਰਸਾਮ' ਵੀ ਕੈਂਹਦੇ ਹਨ ਭਾਵ ਪੱਸਲੀ ਦਾ ਦਰਦ।

جرعه ***ਜੁਰਆ*** : ਘੁੱਟ, ਇਕ ਘੁੱਟ, ਇਕ ਘੁੱਟ ਵਿਚ ਪੀਤਾ ਜਾਣ ਵਾਲਾ ਪਾਣੀ।

جرعهدان ***ਜੁਰਆ-ਦਾਨ*** : ਓਹ ਬਰਤਨ ਜਿਸ ਵਿਚ ਸ਼ਰਾਬ ਦਾ ਘੁੱਟ ਪਾਇਆ ਜਾਂਦਾ ਹੈ।

جرعهریز ***ਜੁਰਆ-ਰੇਜ਼*** : ਟੂਟੀ ਵਾਲਾ ਛੋਟਾ ਬਰਤਨ ਜਾਂ ਪਿਆਲਾ ਜਿਸ ਵਿਚ ਬੱਚਿਆਂ ਨੂੰ ਸ਼ਰਬਤ ਪਿਆਉਂਦੇ ਹਨ; ਇਕ ਵੱਡਾ ਪਿਆਲਾ ਜਿਸ ਨਾਲ ਔਰਤਾਂ ਹਮਾਮ ਵਿਚ ਸਿਰ ਤੇ ਪਾਣੀ ਪਾਉਂਦੀਆਂ ਹਨ।

جرگ ***ਜਰਗ*** : ਘੋਲ ਦਾ ਮੈਦਾਨ, ਅਖਾੜਾ; ਜੰਗਲ।

جرگه ***ਜਰਗਾ*** : ਮਜਲਸ ਦਾ ਹਲਕਾ, ਆਦਮੀਆਂ ਦਾ ਇੱਕਠ, ਕਤਾਰ; ਇਕ ਪਰਕਾਰ ਦਾ ਸ਼ਿਕਾਰ ਜਿਸ ਵਿਚ ਕਈ ਆਦਮੀ ਮਿਲ ਕੇ ਸ਼ਿਕਾਰ ਨੂੰ ਘੇਰ ਲੈਂਦੇ ਹਨ।

جرم ***ਜਿਰਮ*** : ਜੁੱਸਾ, ਜਿਸਮ, ਬਦਨ, ਸਰੀਰ, (ਇਸ ਸ਼ਬਦ ਦਾ ਪਰਯੋਗ ਧਰਤ ਤੇ ਅਸਮਾਨ ਦੀਆਂ ਚੀਜ਼ਾਂ ਲਈ ਹੁੰਦਾ ਹੈ)।

جرم ***ਜੁਰਮ*** : ਦੋਸ਼, ਗੁਨਾਹ, ਪਾਪ, ਕਨੂੰਨ ਦੇ ਖ਼ਿਲਾਫ਼ ਕਾਰਵਾਈ।

جرم/جرمانه ***ਜੁਰਮ/ਜੁਰਮਾਨਾ*** : ਜੁਰਮ ਦੇ ਬਦਲੇ ਜੋ ਰਕਮ ਲਈ ਜਾਵੇ, ਤਵਾਨ।

جره ***ਜੁੱਰਾ*** : ਸਵਾਰੀ ਦਾ ਘੋੜਾ; ਆਮ ਤੌਰ ਤੇ ਹਰ ਜਾਨਵਰ ਦਾ ਨਰ ਤੇ ਵਿਸ਼ੇਸ਼ ਕਰਕੇ ਨਰ-ਬਾਜ਼।

جرهباز ***ਜੁੱਰਾ-ਬਾਜ਼*** : ਬਾਜ਼ ਦਾ ਨਰ।

جری ***ਜਰੀ*** : ਸੂਰਮਾ, ਜੋਧਾ; ਸ਼ੋਖ਼, ਚਲਾਕ।

جریان ***ਜਰੀਯਾਨ*** : ਪਾਣੀ ਦਾ ਜਾਰੀ ਹੋਣਾ,

ਬਹਾ, ਰਿਸਣ ਦਾ ਅਮਲ; ਇਕ ਬੀਮਾਰੀ ਦਾ ਨਾਮ ਜਿਸ ਵਿਚ ਪਿਸ਼ਾਬ ਤੋਂ ਪੈਹਲਾਂ ਜਾਂ ਪਿਛੋਂ ਧਾਤ (ਵੀਰਜ) ਡਿਗਦੀ ਹੈ, ਸ਼ੱਕਰ ਰੋਗ।

جریب ***ਜਰੀਬ*** : (ਗਜ਼ੀ **گزی** ਦਾ ਅਰਬੀ ਰੂਪਾਂਤਰ); ਜ਼ਮੀਨ ਦੀ ਪੈਮਾਇਸ਼ ਦਾ ਇਕ ਜੰਤਰ ਜੋ ਲੰਮੀ ਜ਼ੰਜੀਰ ਜੇਹਾ ਹੁੰਦਾ ਹੈ, ਉਸ ਦੇ ਵੱਖ ਵੱਖ ਮਾਪ ਹੁੰਦੇ ਹਨ; ਕਈ ਫ਼ਾਰਸੀ ਕੋਸ਼ ਇਸ ਨੂੰ 144 ਗਜ਼ ਲਿਖਦੇ ਹਨ ਪਰੰਤੂ ਭਾਰਤੀ ਜਰੀਬ 60 ਗਜ਼ ਦੀ ਹੁੰਦੀ ਹੈ, ਅੰਗਰੇਜ਼ੀ 55 ਗਜ਼; ਡੰਡਾ, ਸੋਟਾ।

جریدہ ***ਜਰੀਦਾ*** : ਅਖ਼ਬਾਰ, ਰਸਾਲਾ; ਇਕੱਲਾ; ਪੱਤਿਆਂ ਤੋਂ ਬਿਨਾ ਟਾਹਣੀ; ਦਫ਼ਤਰ; ਫ਼ੌਜ ਦੀ ਤਨਖ਼ਾਹ ਦਾ ਰਜਿਸਟਰ।

جریدہرو ***ਜਰੀਦਾ-ਰੌ*** : ਇਕੱਲਾ ਚੱਲਣ ਵਾਲਾ।

جریمانہ ***ਜਰੀਮਾਨਾ*** : ਜੁਰਮਾਨਾ।

جریمہ ***ਜਰੀਮਾ*** : ਜੁਰਮ, ਗੁਨਾਹ, ਭੁੱਲ, ਕਸੂਰ।

جز ***ਜੁਜ਼*** : ਬਿਨਾ, ਬਗ਼ੈਰ, ਸਿਵਾਏ, ਇਲਾਵਾ।

جزا ***ਜਜ਼ਾ*** : (ਸਜ਼ਾ ਦੇ ਉਲਟ) ਨੇਕ ਕੰਮ ਦਾ ਬਦਲਾ, ਇਵਜ਼, ਇਨਾਮ, ਸਵਾਬ।

جزاکاللہ ***ਜਜ਼ਾਕ-ਅੱਲਾਹ*** : ਖ਼ੁਦਾ ਤੈਨੂੰ ਉਸ ਨੇਕੀ ਦਾ ਬਦਲਾ ਦੇਵੇ; ਸ਼ਾਬਾਸ਼, ਵਾਹ।

جزائر ***ਜਜ਼ਾਇਰ*** : (ਜਜ਼ੀਰਾ ਦਾ ਬੌਹਵਚਨ) ਟਾਪੂ।

جز/جزبندی ***ਜੁਜ਼/ਜੁਜ਼ਬੰਦੀ*** : ਵੇਖੋ ਜੁਜ਼ਵ/ ਜੁਜ਼ਵਬੰਦੀ।

جزدان ***ਜੁਜ਼ਦਾਨ*** : ਵੇਖੋ ਜੁਜ਼ਵਦਾਨ।

جزدیدہ ***ਜੁਜ਼-ਦੀਦਾ*** : ਅੰਨ੍ਹਾਂ।

جزر ***ਜਜ਼ਰ*** : ਜਵਾਰ ਜੋ ਸਮੁੰਦਰ ਵਿਚ ਆਉਂਦਾ ਹੈ ਅਰਥਾਤ ਪਾਣੀ ਦਾ ਘੱਟ ਜਾਣਾ, ਘਟਾ, ਪਾਣੀ ਦਾ ਧਰਤੀ ਵਿਚ ਜਜ਼ਬ ਹੋ ਜਾਣਾ, ਰੁੱਖ ਨਾਲੋਂ ਫਲ ਲਾਹੁਣਾ; ਊਠ ਨੂੰ ਜ਼ਿਬ੍ਹਾ ਕਰਕੇ ਉਸ ਦੀ ਖੱਲ ਲਾਹੁਣਾ; ਕਿਸੇ ਚੀਜ਼ ਨੂੰ ਕੱਟਣਾ।

جزرومد ***ਜਜ਼ਰ-ਉ-ਮਦ*** : ਜਵਾਰ ਭਾਟਾ, ਸਮੁੰਦਰ ਦੇ ਪਾਣੀ ਦਾ ਘਟਣਾ ਤੇ ਚੜ੍ਹਨਾ; ਚੰਦ ਦੀ ਕਸ਼ਸ਼ ਸਦਕਾ ਸਮੁੰਦਰ ਵਿਚ ਉਤਰਾ ਚੜ੍ਹਾ।

جزر ***ਜਜ਼ਰ*** : (ਗਜ਼ਰ **گزر** ਦਾ ਅਰਬੀ ਰੂਪਾਂਤਰ) ਗਾਜਰ।

جزرسی ***ਜੁਜ਼ਰਸੀ*** : ਵੇਖੋ ਜੁਜ਼ਵਰਸੀ।

جزم ***ਜਜ਼ਮ*** : ਕਿਸੇ ਅੱਖਰ ਨੂੰ ਕੱਟਣਾ ਜਾਂ ਸਾਕਿਨ ਕਰਨਾ; ਓਹ ਚਿੰਨ੍ਹ ਜੋ ਸਾਕਿਨ ਉਤੇ ਲਾਇਆ ਜਾਂਦਾ ਹੈ ਤਾਂ ਜੋ ਉਸ ਦੀ ਮਾਤਰਾ ਨਾ ਪੜ੍ਹੀ ਜਾਵੇ; ਸਕੂਨ, ਚੁਪ ਹੋਣਾ; ਵਿਸ਼ਵਾਸ, ਪੱਕਾ ਇਰਾਦਾ; ਮਸ਼ਕ ਨੂੰ ਭਰਨਾ।

جزو ***ਜੁਜ਼ਵ*** : ਟੋਟਾ, ਟੁਕੜਾ; ਭਾਗ, ਅੰਗ; ਕੋਈ ਇਕ; ਬਾਅਜ਼।

جزوبدن ***ਜੁਜ਼ਵ-ਏ-ਬਦਨ,***
جزوتن ***ਜੁਜ਼ਵ-ਏ-ਤਨ*** : ਸਰੀਰ ਦਾ ਅੰਗ।

جزوبندی ***ਜੁਜ਼ਵ-ਬੰਦੀ*** : ਕਿਤਾਬ ਦੇ ਹਿੱਸਿਆਂ ਨੂੰ ਡੋਰੀ ਨਾਲ ਸਿਉਣਾ।

جزودان ***ਜੁਜ਼ਵਦਾਨ*** : ਕਿਤਾਬਾਂ ਰੱਖਣ ਦਾ ਬਸਤਾ।

جزورس ***ਜੁਜ਼ਵ-ਰਸ*** : ਸੰਜਮੀ, ਨੁਕਤਾ ਸਮਝਣ ਵਾਲਾ, ਸਿਆਣਾ; ਕੰਜੂਸ।

جزورسی ***ਜੁਜ਼ਵਰਸੀ*** : ਸੰਜਮ, ਸਿਆਣਪ; ਕੰਜੂਸੀ।

جزوی ***ਜੁਜ਼ਵੀ*** : ਜੁਜ਼ਵ ਨਾਲ ਸਬੰਧਤ; ਥੋੜਾ, ਮਮੂਲੀ; ਕੁਛ ਕੁਛ।

جزویات ***ਜੁਜ਼ਵੀਯਾਤ*** : ਅੱਡ ਅੱਡ ਹਿੱਸੇ ਜੋ ਸਮੂਹਕ ਨਾ ਹੋਣ।

جزیرہ ***ਜਜ਼ੀਰਾ*** : ਧਰਤੀ ਦਾ ਓਹ ਹਿੱਸਾ ਜਿਸ ਦੇ ਚਵ੍ਹਾਂ ਪਾਸੇ ਪਾਣੀ ਹੋਵੇ, ਟਾਪੂ, ਦੀਪ।

جزیرہنما ***ਜਜ਼ੀਰਾ-ਨੁਮਾ*** : ਧਰਤੀ ਦਾ ਓਹ ਟੁਕੜਾ ਜਿਸ ਦੇ ਤਿੰਨ ਪਾਸੇ ਪਾਣੀ ਹੋਵੇ ਤੇ ਇਕ ਪਾਸੇ ਖ਼ੁਸ਼ਕੀ, ਟਾਪੂ ਵਰਗਾ।

جزیہ/جزیت ***ਜਿਜ਼ਿਯਾ/ ਜਿਜ਼ੀਯਤ*** : ਕਰ, ਜੋ ਯਹੂਦੀਆਂ ਅਤੇ ਈਸਾਈਆਂ ਉਤੇ ਲਾਇਆ ਜਾਂਦਾ ਸੀ; ਇਸਲਾਮੀ ਦੌਰ ਵਿਚ ਓਹ ਟੈਕਸ ਜਾਂ ਕਰ ਜੋ ਗ਼ੈਰ-ਮੁਸਲਮਾਨਾਂ ਜਾਂ ਕੌਮਾਂ ਕੋਲੋਂ ਲਿਆ ਜਾਂਦਾ ਸੀ, ਜੋ ਫ਼ੌਜ ਵਿਚ ਭਰਤੀ ਨਾ ਹੁੰਦੇ ਤੇ ਓਹਨਾਂ ਦੀ ਰਾਖੀ ਬਦਲੇ ਲਿਆ ਜਾਂਦਾ ਸੀ, ਇਸ ਦੀ ਦਰ ਤਿੰਨ ਰੁਪਏ ਤੋਂ ਲੈ ਕੇ ਉਂਨੀ ਰੁਪਏ ਸਲਾਨਾ ਤਕ ਸੀ।

جسارت ***ਜਸਾਰਤ*** : ਸਾਹਸ, ਹੌਸਲਾ, ਨਿਡਰਤਾ; ਹੱਦੋਂ ਵੱਧਣਾ ਜਾ ਟੱਪਣਾ।

جسامت ***ਜਸਾਮਤ*** : ਭਾਰੇ ਸਰੀਰ ਦਾ ਹੋਣਾ; ਸਰੀਰ ਦਾ ਭਾਰ; ਹੁਜਮ; ਡੀਲਡੌਲ; ਮਿਕਦਾਰ; ਮੁਟਾਪਾ; ਚੁੜਾਈ ਤੇ ਡੂੰਘਾਈ।

جست ***ਜਸਤ*** : ਛਾਲ, ਚੌਕੜੀ।

جستن ***ਜਸਤਨ*** : ਉਛੱਲਣਾ, ਕੁੱਦਣਾ; ਛੁੱਟਣਾ।

جستہ جستہ ***ਜਸਤਾ ਜਸਤਾ*** : ਕਿਧਰੇ ਕਿਧਰੇ, ਘਟ ਘਟ।

جستہ رگ ***ਜਸਤਾ-ਰਗ*** : ਹੁਸ਼ਿਆਰ, ਸਾਵਧਾਨ।

جستن ***ਜੁਸਤਨ*** : ਭਾਲ ਕਰਨਾ, ਤਲਾਸ਼ ਕਰਨਾ, ਢੂੰਡਣਾ, ਲੱਭਣਾ।

جستجو ***ਜੁਸਤਜੂ*** : ਤਲਾਸ਼, ਢੂੰਡ, ਭਾਲ।

جسد ***ਜਸਦ*** : ਜੁੱਸਾ, ਸਰੀਰ।

جسدی ***ਜਸਦੀ*** : ਜਸਦ (ਸਰੀਰ) ਨਾਲ ਸਬੰਧਤ, ਸਰੀਰਕ।

جسر ***ਜਸਰ*** : ਪੁਲ।

جسم ***ਜਿਸਮ*** : ਓਹ ਚੀਜ਼ ਜਿਸ ਵਿਚ ਲੰਮਾਈ, ਚੁੜਾਈ ਤੇ ਡੂੰਘਾਈ ਹੋਵੇ; ਸਰੀਰ, ਤਨ।

جسمانی ***ਜਿਸਮਾਨੀ,*** **جسمی** ***ਜਿਸਮੀ*** : ਜਿਸਮ ਨਾਲ ਸਬੰਧਤ।

جسیم ***ਜਸੀਮ*** : ਮੋਟਾ, ਭਾਰੇ ਸਰੀਰ ਵਾਲਾ।

جشان ***ਜਸ਼ਾਨ*** : ਕੱਪੜਾ ਜਾਂ ਜ਼ਮੀਨ ਆਦਿ ਮਾਪਣ ਦਾ ਲੱਕੜੀ ਦਾ ਗਜ਼।

جشن ***ਜਸ਼ਨ*** : ਖੁਸ਼ੀ ਦਾ ਦਿਨ; ਖੁਸ਼ੀ; ਐਸ਼; ਕਾਮਰਾਨੀ; ਈਦ; ਤਿਉਹਾਰ।

جشنِ سدہ ***ਜਸ਼ਨ-ਏ-ਸਦਾ*** : ਪਾਰਸੀਆਂ ਦਾ ਇਕ ਜਸ਼ਨ ਜੋ ਮਹੀਨਾ ਬੈਹਮਨ ਦੀ ਦਸਵੀਂ ਤਰੀਕ ਨੂੰ ਹੁੰਦਾ ਹੈ; 'ਸਦਹ' ਦੇ ਅਰਥ 'ਮੱਚਦੀ-ਅੱਗ' ਦੇ ਹਨ, ਏਹ ਜਸ਼ਨ ਬੌਹਤ ਪੁਰਾਣਾ ਹੈ ਤੇ ਇਸ ਦਾ ਪਰਾਰੰਭ ਇਸ ਤਰ੍ਹਾਂ ਹੋਇਆ ਕਿ ਹੋਸ਼ੰਗ ਪੁੱਤਰ ਸਿਆਮਕ ਨੇ ਇਕ ਵੱਡੇ ਕਾਲੇ ਸੱਪ ਨੂੰ ਆਪਣੇ ਵੱਲ ਆਉਂਦਾ ਵੇਖ ਕੇ ਪੱਥਰ ਮਾਰਿਆ, ਪੱਥਰ ਸੱਪ ਦੇ ਲੱਗਣ ਦੀ ਥਾਂ ਦੂਜੇ ਪੱਥਰ ਤੇ ਵੱਜਾ, ਜਿਸ ਤੋਂ ਅੱਗ ਭੜਕ ਪਈ ਤੇ ਆਲੇ-ਦੁਆਲੇ ਦੇ ਕੱਖਾਂ, ਕਾਨਿਆਂ ਨੂੰ ਸਾੜ ਦਿੱਤਾ, ਸੱਪ ਵੀ ਵਿਚੇ ਸੜ ਗਿਆ; ਉਸ ਦਿਨ ਤੋਂ ਅੱਗ ਦੀ ਪੂਜਾ ਸ਼ੁਰੂ ਹੋ ਗਈ, ਇਸ ਨੂੰ ਰੱਬ ਦਾ ਨੂਰ ਤੇ ਸ਼ਤਰੂ-ਨਾਸ਼ਕ ਸਮਝਿਆ ਗਿਆ, ਕੈਂਹਦੇ ਹਨ ਇਸ ਤੋਂ ਪੈਹਲਾਂ ਅੱਗ ਦਾ ਮਨੁੱਖ-ਮਾਤਰ ਨੂੰ ਪਤਾ ਨਹੀਂ ਸੀ।

جشنِ مریم ***ਜਸ਼ਨ-ਏ-ਮਰਯਮ*** : ਬੀਬੀ ਮਰੀਯਮ ਦੇ ਉਸ ਖਾਣੇ ਤੇ ਸ਼ਰਾਬ ਤੋਂ ਭਾਵ ਹੈ ਜੋ ਰੁੱਖ ਦੀ ਟਾਹਣੀ ਹਿਲਾਉਣ ਨਾਲ ਪਰਾਪਤ ਹੁੰਦੇ ਹਨ।

جشنِ نیلوفر ***ਜਸ਼ਨ-ਏ-ਨੀਲੋਫ਼ਰ*** : ਪਾਰਸੀਆਂ ਦੇ ਇਕ ਜਸ਼ਨ ਦਾ ਨਾਮ ਜੋ ਖ਼ੁਰਦਾਦ ਮਹੀਨੇ ਦੀ ਸਤਵੀਂ ਤਰੀਕ ਨੂੰ ਹੁੰਦਾ ਹੈ।

جشیر ***ਜਸ਼ੀਰ,*** **جشیرہ** ***ਜਸ਼ੀਰਾ*** : ਕੱਪੜਾ ਬੁਣਨ ਵਾਲਾ, ਜੁਲਾਹਾ।

جعبہ ***ਜਅ਼ਬਾ*** : ਤਰਕਸ਼, ਭੱਥਾ, ਸੰਦੂਕਚਾ, ਸੰਦੂਕੜੀ, ਵੱਡੇ ਮਾਪ ਦਾ ਸਰਪੋਸ਼; ਵੱਡਾ ਢੱਕਣ।

جعبۂ ساز ***ਜਅ਼ਬਾ-ਏ-ਸਾਜ਼*** : ਸਾਜ਼, ਵਾਜਾ ਆਦਿ ਰੱਖਣ ਦੀ ਸੰਦੂਕੜੀ।

جعفر برمکی ***ਜਅਫ਼ਰ-ਏ-ਬਰਮਕੀ*** : ਖ਼ਲੀਫ਼ਾ ਹਾਰੂਨ ਰਸ਼ੀਦ ਦੇ ਪਰਧਾਨ ਮੰਤਰੀ ਦਾ ਨਾਮ ਜਿਸ ਨੂੰ ਹਾਰੂਨ ਰਸ਼ੀਦ ਦੇ ਹੁਕਮ ਨਾਲ ਕਤਲ ਕਰ ਦਿਤਾ ਗਿਆ ਅਤੇ ਜਿਸ ਦੇ ਨਾਲ ਹੀ ਬਰਾਮਕੀ ਖ਼ਾਨਦਾਨ ਦੀ ਸ਼ਾਨਸ਼ੌਕਤ ਖ਼ਤਮ ਹੋ ਗਈ।

جعفرِ طیار ***ਜਅਫ਼ਰ-ਏ-ਤੱਯਾਰ*** : ਹਜ਼ਰਤ ਮੁਹੰਮਦ ਸਾਹਿਬ ਦੇ ਚਚੇਰੇ ਭਰਾ ਦਾ ਨਾਮ।

جعفری ***ਜਅ਼ਫ਼ਰੀ*** : ਪੀਲੇ ਰੰਗ ਦੇ ਗੇਂਦੇ (ਗੁੱਟੇ) ਦਾ ਫੁੱਲ; ਪੀਲਾ ਰੰਗ; ਜਅਫ਼ਰੀ ਮਜ਼ਹਬ ਵਾਲਾ, ਸ਼ੀਆ, ਹਜ਼ਰਤ ਇਮਾਮ ਜਾਫ਼ਰ ਨਾਲ ਸਬੰਧਤ; ਖ਼ਾਲਸ ਸੋਨਾ।

جعل ***ਜਅ਼ਲ*** : ਬਣਾਵਟ, ਝੂਠ, ਖੋਟ; ਬਣਾਉਣਾ, ਪੈਦਾ ਕਰਨਾ; ਨਾਮ ਰੱਖਣਾ; ਖਜੂਰ ਦਾ ਰੁੱਖ; ਕਿਸੇ ਚੀਜ਼ ਦੀ ਇਸ ਤਰ੍ਹਾਂ ਨਕਲ

ਕਰਨਾ ਕਿ ਓਹ ਅਸਲ ਸਮਾਨ ਜਾਪਣ ਲੱਗ ਜਾਵੇ, ਨਕਲੀ ਸ਼ੈ ਨੂੰ ਅਸਲੀ ਪਰਗਟ ਕਰਨਾ।

جعل‌ساز ***ਜਅਲ-ਸਾਜ਼*** : ਧੋਖੇਬਾਜ਼, ਫ਼ਰੇਬੀ, ਭੈੜਾ, ਬਦਮਾਸ਼।

جعل‌سازی ***ਜਅਲਸਾਜ਼ੀ*** : ਧੋਖਾ, ਫ਼ਰੇਬ।

جعلی ***ਜਅਲੀ*** : ਜੋ ਅਸਲੀ ਨਾ ਹੋਵੇ; ਨਕਲੀ, ਬਣਾਉਟੀ।

جغ ***ਜੁਗ਼*** : ਜੂਲਾ, ਪੰਜਾਲੀ।

جغد ***ਜੁਗ਼ਦ*** : (ਚੁਗ਼ਦ **چغد**) ਉੱਲੂ; ਕਿਲ੍ਹੇ ਦੀ ਫਸੀਲ (ਚਾਰ ਦੀਵਾਰੀ) ਦਾ ਕਿੰਗਰਾ।

جغرات ***ਜੁਗ਼ਰਾਤ*** : ਦਹੀਂ, ਜਾਗ, ਖੱਟਾ।

جغرافیه ***ਜੁਗ਼ਰਾਫ਼ੀਆ*** : ਪੰਜਾਬੀ ਵਿਚ ਪਰਚਲਤ ਰੂਪ ''ਜੁਗਰਾਫੀਆਂ'' ਹੈ। ਯੂਨਾਨੀ ਸ਼ਬਦ 'ਜਿਉਗ਼ਰਾਫ਼ੀ' ਦਾ ਅਰਬੀ ਰੂਪਾਂਤਰ ਜੋ ਧਰਤ ਦੇ ਗਿਆਨ ਨਾਲ ਸਬੰਧਤ ਹੈ, ਧਰਤ-ਵਿਗਿਆਨ, ਭੂਗੋਲ।

جغرافیان ***ਜੁਗ਼ਰਾਫ਼ੀਆਨ*** : ਭੂਗੋਲ ਦੇ ਮਾਹਰ।

جغله ***ਜੁਗ਼ਲਾ*** : ਅਲੂਆਂ ਮੁੰਡਾ, ਜਿਸ ਦੀ ਦਾੜ੍ਹੀ ਮੁੱਛ ਨਾ ਆਈ ਹੋਵੇ; ਨੱਚਣ ਵਾਲਾ ਲੜਕਾ, ਨਾਚਾ, ਨਚਾਰ ਮੁੰਡਾ।

جفا ***ਜਫ਼ਾ*** : ਸਖ਼ਤੀ; ਵਧੀਕੀ, ਅਤਿਆਚਾਰ; ਨਾਇਨਸਾਫ਼ੀ।

جفاپیشه ***ਜਫ਼ਾ-ਪੇਸ਼ਾ,*** **جفاجو** ***ਜਫ਼ਾ-ਜੂ,*** **جفاکار** ***ਜਫ਼ਾ-ਕਾਰ,*** **جفاگستر** ***ਜਫ਼ਾ-ਗੁਸਤਰ*** : ਜ਼ਾਲਮ, ਅਤਿਆਚਾਰੀ, ਵਧੀਕੀ ਕਰਨ ਵਾਲਾ, ਸਤਾਉਣ ਵਾਲਾ, ਨਾਇਨਸਾਫ਼ੀ ਕਰਨ ਵਾਲਾ।

جفازده ***ਜਫ਼ਾ-ਜ਼ਦਾ*** : ਜਿਸ ਉੱਪਰ ਜ਼ੁਲਮ ਹੋਵੇ, ਮਜ਼ਲੂਮ।

جفاکش ***ਜਫ਼ਾਕਸ਼*** : ਸਖ਼ਤੀ ਝੱਲਣ ਵਾਲਾ, ਮੇਹਨਤੀ, ਘਾਲਣਾ ਘਾਲਣ ਵਾਲਾ।

جفاکشی ***ਜਫ਼ਾਕਸ਼ੀ*** : ਸਖ਼ਤ ਮੇਹਨਤ, ਸਖ਼ਤੀ, ਮਸ਼ੱਕਤ।

جفت ***ਜੁਫ਼ਤ*** : ਜੋੜਾ, ਦੋ ਚੀਜ਼ਾਂ, ਜੋਟ, ਜੋੜਾ ਜੋੜਾ, ਜੁੱਤੀਆਂ ਦਾ ਜੋੜਾ, ਓਹ ਅੰਕ ਜੋ ਦੋ ਉੱਤੇ ਪੂਰਾ ਵੰਡਿਆ ਜਾ ਸਕੇ; ਨਰ ਤੇ ਮਾਦਾ; ਹਲ ਦੇ ਬੈਲ; ਜੋਗ।

جفت‌ران ***ਜੁਫ਼ਤ-ਰਾਨ*** : ਹਲ ਚਲਾਉਣ ਵਾਲਾ, ਵਾਹਕ।

جفت‌شدن ***ਜੁਫ਼ਤ ਸ਼ੁਦਨ*** : ਦੋਂਹ ਦਾ ਜੁੜਨਾ, ਸੰਭੋਗ ਕਰਨਾ।

جفت‌فلک ***ਜੁਫ਼ਤ-ਏ-ਫ਼ਲਕ*** : ਸੂਰਜ ਤੇ ਚੰਦ।

جفتگ ***ਜੁਫ਼ੱਤੱਗ*** : ਚਕਵਾ ਚਕਵੀ; ਸੁਰਖਾਬ ਦਾ ਜੋੜਾ।

جفتی ***ਜੁਫ਼ਤੀ*** : ਸੰਭੋਗ; ਦੋ ਫ਼ੁਟਾ ਜੇਹੜਾ ਵਿਚਕਾਰ ਤੋਂ ਦੋਹਰਾ ਹੋ ਜਾਂਦਾ ਹੈ।

جفیر ***ਜਫ਼ੀਰ*** : ਚੰਮ ਦਾ ਤੀਰ-ਦਾਨ, ਤਰਕਸ਼, ਭੱਥਾ।

جق‌جق ***ਜਕ਼ ਜਕ਼,*** **جق‌جق** ***ਜਿਕ਼ ਜਿਕ਼*** : ਬਕ ਬਕ, ਰੌਲਾ-ਰੱਪਾ, ਫ਼ਜ਼ੂਲ ਦੀ ਖੱਪ ਖੇਡ।

جکر ***ਜਕਰ*** : (ਝੱਖੜ ਦਾ ਫ਼ਾਰਸੀ ਰੂਪਾਂਤਰ) ਹਨੇਰੀ।

جگر ***ਜਿਗਰ*** : ਕਾਲਜਾ, ਦਿਲ, ਜਾਨ, ਹੌਸਲਾ, ਸਾਹਸ; ਸ਼ਕਤੀ, ਬਲ; ਉਡੀਕ; ਰੰਜ; ਗੁੱਸਾ; ਉਮੀਦ, ਆਸ; ਅਸਲ, ਹਕੀਕਤ; ਵਿਚਕਾਰ; ਤਰਸ।

جگربند ***ਜਿਗਰਬੰਦ*** : ਜਿਗਰ, ਤਿੱਲੀ, ਕਲੇਜਾ, ਦਿਲ ਤੇ ਫੇਫੜਿਆਂ ਦਾ ਸਮੂਹ; ਪੁੱਤਰ, ਬੇਟਾ।

جگرتاب ***ਜਿਗਰ-ਤਾਬ*** : ਜਿਗਰ ਜਲਾਉਣ ਵਾਲਾ।

جگرتفته ***ਜਿਗਰ-ਤਫ਼ਤਾ*** : ਆਸ਼ਕ, ਦਿਲ-ਜਲਾ।

جگرجوش ***ਜਿਗਰ-ਜੋਸ਼*** : ਦਿਲ ਸੜਿਆ।

جگرخوار ***ਜਿਗਰ ਖ਼੍ਵਾਰ*** : ਕਸ਼ਟ ਤੇ ਮੁਸੀਬਤ ਝੱਲਣ ਵਾਲਾ; ਦੁਖੀ ਦਿਲ; ਜੇਹੜਾ ਜਿਗਰ ਨੂੰ ਖਾਵੇ, ਜਾਦੂ ਟੂਣਾ ਕਰਨ ਵਾਲਾ।

جگرخون‌کردن ***ਜਿਗਰ-ਖ਼ੂਨ ਕਰਦਨ*** : ਕਿਸੇ ਕੰਮ ਲਈ ਮੇਹਨਤ ਮੁੱਸ਼ਕਤ ਕਰਨਾ।

جگرگوشه ***ਜਿਗਰ-ਗੋਸ਼ਾ*** : ਦਿਲ ਦਾ ਟੋਟਾ, ਪੁੱਤਰ।

جگری ***ਜਿਗਰੀ*** : ਜਿਗਰ ਨਾਲ ਸਬੰਧਤ; ਬੌਹਤ ਨੇੜੇ ਦਾ, ਦਿਲੀ, ਸੱਚਾ।

جل ***ਜੁਲ*** : (ਗੁਲ گل ਦਾ ਅਰਬੀ ਰੂਪਾਂਤਰ) ਫੁੱਲ।

جل ***ਜੁੱਲ*** : ਪਸ਼ੂਆਂ ਤੇ ਪਾਉਣ ਵਾਲਾ ਕਪੜਾ, ਝੁੱਲ।

جلا ***ਜਲਾ*** : ਘਰੋਂ ਕੱਢ ਦੇਣਾ, ਦੇਸ਼ ਨਿਕਾਲਾ ਦੇਣਾ, ਵਤਨ ਛਡ ਦੇਣਾ, ਉਜੜਨਾ।

جلاِوطن ***ਜਲਾ-ਵਤਨ*** : ਵਤਨ (ਦੇਸ) ਤੋਂ ਕੱਢਿਆ ਹੋਇਆ।

جلا ***ਜਿਲਾ*** : ਰੋਸ਼ਨ ਕਰਨਾ, ਚਮਕਾਉਣਾ, ਸਾਫ਼ ਕਰਨਾ, ਸੈਕਲ ਕਰਨਾ; ਸਫ਼ਾਈ, ਰੋਸ਼ਨੀ, ਚਮਕ।

جلاب ***ਜੱਲਾਬ*** : ਖਿੱਚਣ ਵਾਲਾ; ਗ਼ੁਲਾਮਾਂ, ਊਠਾਂ ਤੇ ਘੋੜਿਆਂ ਦੀ ਸੌਦਾਗਰੀ ਕਰਨ ਵਾਲਾ; ਕਿਸੇ ਚੀਜ਼ ਨੂੰ ਇਕ ਥਾਂ ਤੋਂ ਦੂਜੀ ਥਾਂ ਲੈ ਜਾਣ ਵਾਲਾ; ਪਰਸਿੱਧੀ ਕਰਨ ਵਾਲਾ।

جُلاب ***ਜੁੱਲਾਬ*** : (ਗੁਲਾਬ گلاب ਦਾ ਅਰਬੀ ਰੂਪਾਂਤਰ) ਇਕ ਪਰਕਾਰ ਦਾ ਸ਼ਰਬਤ ਜੋ ਗੁਲਕੰਦ ਜਾਂ ਗੁਲਾਬ ਤੋਂ ਤਿਆਰ ਕੀਤਾ ਜਾਂਦਾ ਹੈ, ਗੁਲਾਬ ਦਾ ਸ਼ਰਬਤ, ਦਸਤ ਲਾਉਣ ਵਾਲੀ ਦਵਾ।

جلاجل ***ਜਲਾਜਿਲ*** : (ਜੁਲਜੁਲ ਦਾ ਬੌਹਵਚਨ) ਘੰਟੀਆਂ; ਟੱਲੀਆਂ, ਘੁੰਗਰੂ, ਓਹ ਟੱਲੀਆਂ ਜਾਂ ਘੁੰਗਰੂ ਜੋ ਚਮੜੇ ਦੀ ਵੱਧਰੀ ਵਿਚ ਸਿਊਂ ਕੇ ਊਠ, ਘੋੜੇ ਅਤੇ ਬਲਦ, ਆਦਿ ਦੇ ਗਲ ਵਿਚ ਪਾਉਂਦੇ ਹਨ; ਡਫ਼ਲੀਆਂ; ਮਧੁਰ ਅਵਾਜ਼ ਵਾਲੇ ਪੰਛੀ।

جلّاد ***ਜੱਲਾਦ*** : ਤਲਵਾਰ ਮਾਰਨ ਵਾਲਾ, ਬਾਦਸ਼ਾਹ ਦੇ ਹੁਕਮ ਨਾਲ ਖ਼ੂਨੀ ਜਾਂ ਦੋਸ਼ੀ ਨੂੰ ਕਤਲ ਕਰਨ ਵਾਲਾ; ਦੁੱਰੇ (ਕੋਰੜੇ) ਮਾਰਨ ਵਾਲਾ; ਜ਼ਾਲਮ, ਬੇਰੈਹਮ; ਖੱਲ ਉਧੇੜਨ ਵਾਲਾ, ਫਾਂਸੀ ਦੇਣ ਵਾਲਾ।

جلادِفلک ***ਜੱਲਾਦ-ਏ-ਫ਼ਲਕ*** : ਮੰਗਲ ਤਾਰਾ, ਨਜੂਮੀਆਂ ਅਨੁਸਾਰ ਜਿਸ ਦਾ ਸਬੰਧ ਕਤਲ, ਖ਼ੂਨ ਖ਼ਰਾਬੇ ਤੇ ਜੰਗ ਨਾਲ ਹੈ।

جلادت ***ਜਲਾਦਤ*** : ਜਵਾਂਮਰਦੀ, ਸੂਰਮਤਾ; ਚੁਸਤੀ, ਫੁਰਤੀ; ਬਲ, ਸ਼ਕਤੀ।

جلال ***ਜਲਾਲ***, جلالت ***ਜਲਾਲਤ*** : ਵਡਿਆਈ, ਸ਼ਾਨ ਸ਼ੌਕਤ; ਤਜਰਬਾਕਾਰ ਹੋਣਾ, ਚੰਙਿਆ ਹੋਣਾ, ਵਡੇਰੀ ਉਮਰ ਦਾ ਹੋਣਾ; ਤਾਕਤ, ਜ਼ੋਰ, ਤੈਸ਼, ਜੋਸ਼, ਗੁੱਸਾ।

جلالی ***ਜਲਾਲੀ*** : ਜਲਾਲ ਨਾਲ ਸਬੰਧਤ, ਸ਼ਕਤੀ ਦੀ ਸਿਫ਼ਤ, ਜਲਾਲ ਵਾਲਾ।

جلائل ***ਜਲਾਇਲ*** : (ਜਲੀਲਾ جلیله ਦਾ ਬੌਹਵਚਨ) ਬਜ਼ੁਰਗ ਇਸਤਰੀਆਂ, ਮਾਣ ਸਤਕਾਰ ਵਾਲੀਆਂ ਔਰਤਾਂ।

جلباب ***ਜਿਲਬਾਬ*** : ਚਾਦਰ।

جلبابِ سمن ***ਜਿਲਬਾਬ-ਏ-ਸਮਨ*** : ਚਿੱਟੀ ਚਾਦਰ।

جلبان ***ਜਲਬਾਨ*** : ਹਰੇ ਮਾਂਹ।

جلبان ***ਜੁਲਬਾਨ*** : ਚਮੜੇ ਦਾ ਥੈਲਾ, ਤੋਸ਼ਾ ਦਾਨ; ਗਿਲਾਫ ਜਿਸ ਵਿਚ ਤਲਵਾਰ ਮਿਆਨ ਸਮੇਤ ਰੱਖੀ ਜਾਂਦੀ ਹੈ; ਇਕ ਪਰਕਾਰ ਦਾ ਘਾਹ; ਸਾਵੇ ਲੌਂਗ।

جلبو ***ਜਲਬੂ*** : ਪੂਦਨੇ ਵਰਗੀ ਇਕ ਸਬਜ਼ੀ।

جلجل ***ਜੁਲਜੁਲ*** : ਘੰਟੀ, ਟੱਲੀ, ਘੁੰਗਰੂ; ਇਕ ਮਧੁਰ ਅਵਾਜ਼ ਵਾਲਾ ਪੰਛੀ।

جل جلاله ***ਜੱਲ ਜਲਾਲਹੂ*** : ਉਸ (ਰੱਬ) ਦੀ ਸ਼ਾਨ ਤੇ ਬਜ਼ੁਰਗੀ ਵੱਡੀ ਹੈ।

جلجان ***ਜੁਲਜਾਨ*** : ਧਨੀਆ, ਕਸ਼ਨੀਜ਼।

جلد ***ਜਿਲਦ*** : ਚਮੜੀ, ਖੱਲ, ਪਸ਼ੂ ਦੀ ਖੱਲ; ਕਿਤਾਬ ਦੀ ਜਿਲਦ; ਕੋਈ ਕਿਤਾਬ।

جلدساز ***ਜਿਲਦ-ਸਾਜ਼***, جلدگر ***ਜਿਲਦ-ਗਰ*** : ਕਿਤਾਬ ਦੀ ਜਿਲਦ ਬਣਾਉਣ ਵਾਲਾ।

جلدسازی ***ਜਿਲਦ-ਸਾਜ਼ੀ***, جلدگری ***ਜਿਲਦ ਗਰੀ*** : ਜਿਲਦਾਂ ਬਣਾਉਣ ਦਾ ਕਿੱਤਾ।

جلد ***ਜਲਦ*** : ਹੰਟਰ, ਕੋਰੜਾ, ਛਾਂਟਾ; ਕੋਰੜਾ ਮਾਰਨਾ; ਚੁਸਤ, ਤੇਜ਼, ਚਲਾਕ; ਸ਼ਤਾਬੀ, ਤੁਰੰਤ, ਝੱਟਪੱਟ।

جلدباز ***ਜਲਦਬਾਜ਼*** : ਫੁਰਤੀ ਕਰਨ

ਵਾਲਾ, ਫੁਰਤੀਲਾ।

جلدی ***ਜਲਦੀ*** : ਸ਼ਤਾਬੀ, ਤੇਜ਼ੀ।

جلسان ***ਜੁਲਸਾਨ,*** جلستان ***ਜੁਲਸਿਤਾਨ*** : (ਗੁਲਸ਼ਨ گلشن ਦਾ ਅਰਬੀ ਰੂਪਾਂਤਰ) ਬਾਗ਼, ਚਮਨ, ਗੁਲਜ਼ਾਰ।

جلسه ***ਜਲਸਾ*** : ਇਕ ਵਾਰ ਬੈਠਣਾ; ਜਸ਼ਨ, ਇੱਕਠ, ਬੈਠਕ, ਮੀਟਿੰਗ, ਮੁਲਾਕਾਤ।

جلغوزه ***ਜਲਗ਼ੋਜ਼ਾ*** : ਸੋਸਨ ਦਾ ਫਲ ਜੋ ਪਿਸਤੇ ਵਰਗਾ ਪਰ ਉਸ ਤੋਂ ਬਰੀਕ ਹੁੰਦਾ ਹੈ, ਚਲਗ਼ੋਜਾ, ਨਿਓਜ਼ਾ।

جلف ***ਜਿਲਫ਼*** : ਕਮੀਨਾ; ਆਪ-ਮੁਹਾਰਾ; ਮਸਖ਼ਰਾ।

جلق ***ਜਲਕ਼*** : ਹੱਥ-ਰਸੀ।

جلق زدن ***ਜਲਕ਼-ਜ਼ਦਨ*** : ਹੱਥ ਰਸੀ ਕਰਨਾ।

جلقی ***ਜਲਕ਼ੀ*** : ਹੱਥ-ਰਸੀ ਕਰਨ ਵਾਲਾ।

جلنار ***ਜੁਲਨਾਰ*** : (ਗੁਲਨਾਰ گلنار ਦਾ ਅਰਬੀ ਰੂਪਾਂਤਰ) ਅਨਾਰ ਦਾ ਫੁੱਲ।

جلنگ ***ਜਿਲਿੰਗ*** : ਘੰਟੀ ਤੇ ਜ਼ੰਜੀਰ ਦੀ ਅਵਾਜ਼; ਝੀਂਗਾ ਮੱਛੀ; ਖ਼ਰਬੂਜ਼ੇ ਆਦਿ ਦੀ ਵੇਲ; ਇਕ ਪਰਕਾਰ ਦਾ ਰੇਸ਼ਮੀ ਕੱਪੜਾ।

جلو ***ਜਿਲੌ*** : ਘੋੜੇ ਦੀ ਵਾਗ; ਕੋਤਲ ਘੋੜਾ; ਘੋੜੇ ਦਾ ਦੌੜਨਾ; ਅੱਗੇ; ਸਜਾਵਟ।

جلودار ***ਜਿਲੌਦਾਰ*** : ਘੋੜੇ 'ਤੇ ਚੜ੍ਹਾਉਣ ਵਾਲਾ, ਸਾਈਸ, ਘੋੜੇ ਦੇ ਅੱਗੇ ਦੌੜਨ ਵਾਲਾ, ਘੋੜਾ ਤਿਆਰ ਕਰਨ ਤੇ ਰੋਕਣ ਵਾਲਾ।

جلوت ***ਜਲਵਤ*** : (ਖ਼ਲਵਤ خلوت ਦਾ ਵਿਪਰਿਆਏ) ਜ਼ਾਹਰ ਕਰਨਾ, ਪਰਗਟ ਕਰਨਾ, ਆਪਣੇ ਆਪ ਨੂੰ ਲੋਕਾਂ ਨੂੰ ਵਿਖਾਉਣਾ; ਆਮ ਜਗ੍ਹਾ, ਸਭ ਦੇ ਸਾਮ੍ਹਣੇ; ਭੀੜ।

جلوخانه ***ਜਿਲੌਖ਼ਾਨਾ*** : ਵੇਹੜਾ; ਚੌਕ; ਡਿਉਢੀ; ਸ਼ਾਹੀ ਦਰਵਾਜ਼ੇ ਦੇ ਸਾਮ੍ਹਣੇ ਦਾ ਮੈਦਾਨ।

جلوزه ***ਜਲੂਜ਼ਾ, ਜਲੋਜ਼ਾ*** : (ਜਲਗ਼ੋਜ਼ਾ جلغوزه ਦਾ ਸੰਖਿਪਤ ਰੂਪ) ਨੇਜ਼ਾ; ਨਿਓਜ਼ਾ।

جلوس ***ਜਲੂਸ*** : ਬੈਠਣਾ; ਬਿਠਾਉਣ ਵਾਲਾ; ਬੈਠਕ; ਰਾਜਗੱਦੀ 'ਤੇ ਬੈਠਣਾ; ਕਚੈਹਰੀ ਲਾਉਣਾ; ਕਿਸੇ ਵੱਡੇ ਆਦਮੀ ਦੇ ਆਉਣ ਤੇ ਲੋਕਾਂ ਦਾ ਉਸ ਦੇ ਜਿਲੌ ਵਿਚ ਚੱਲਣਾ; ਬਾਦਸ਼ਾਹ ਜਾਂ ਅਮੀਰਾਂ ਦੀ ਸਵਾਰੀ ਦਾ ਨਿਕਲਣਾ।

جلوه ***ਜਲਵਾ*** : ਆਪਣੇ ਆਪ ਨੂੰ ਪਰਗਟ ਕਰਨਾ; ਨਜ਼ਾਰਾ; ਸ਼ਿੰਗਾਰ ਕਰਕੇ ਆਪਣੇ ਆਪ ਨੂੰ ਲੋਕਾਂ ਨੂੰ ਵਿਖਾਉਣਾ; ਨੂਰ; ਰੌਣਕ, ਮਸ਼ੂਕ ਦੀ ਚੈਹਲ ਕਦਮੀ; ਨਖ਼ਰੇ ਵਾਲੀ ਮਟਕ ਟੋਰ।

جلوه‌گر ***ਜਲਵਾਗਰ*** : ਜਲਵਾ ਵਿਖਾਉਣ ਵਾਲਾ।

جلوه‌گری ***ਜਲਵਾਗਰੀ*** : ਜਲਵਾ ਵਿਖਾਉਣ ਦੀ ਕਿਰਿਆ।

جلّه ***ਜੁੱਲਾ*** : ਸੂਤ ਦੀ ਛੱਲੀ, ਅੱਟੀ।

جلی ***ਜਲੀ*** : ਰੋਸ਼ਨ; ਸਾਕਾਰ, ਜ਼ਾਹਰ, ਪਰਗਟ; ਮੋਟੀ ਲਿਖਾਈ।

جلیس ***ਜਲੀਸ*** : ਨਾਲ ਬੈਠਣ ਵਾਲਾ, ਸਾਥੀ, ਦੋਸਤ, ਯਾਰ।

جلیل ***ਜਲੀਲ*** : ਵੱਡਾ, ਬਜ਼ੁਰਗ, ਸਤਕਾਰਯੋਗ।

جلیل‌القدر ***ਜਲੀਲ-ਉਲ-ਕ਼ਦਰ*** : ਵੱਡੇ ਮਰਤਬੇ ਵਾਲਾ, ਵੱਡੀ ਸ਼ਾਨ ਵਾਲਾ, ਬੌਹਤੀ ਕਦਰ ਵਾਲਾ, ਰੁਤਬੇ ਵਾਲਾ; ਸਤਕਾਰਯੋਗ।

جم ***ਜਮ*** : (ਜਮਸ਼ੀਦ جمشید ਦਾ ਸੰਖਿਪਤ ਰੂਪ) ਈਰਾਨ ਦੇ ਬੌਹਤ ਵੱਡੇ ਬਾਦਸ਼ਾਹ ਦਾ ਨਾਮ, ਜਦੋਂ 'ਜਾਮ' ਨਾਲ ਇਸ ਦਾ ਪਰਯੋਗ ਹੋਵੇ ਤਾਂ ਜਮਸ਼ੀਦ ਤੋਂ ਭਾਵ ਪਾਕ ਪਵਿੱਤਰ ਦੇ ਲਏ ਜਾਂਦੇ ਹਨ।

جم ***ਜਿਮ*** : ਸ਼ਤਾਨ ਦਾ ਨਾਮ।

جم ***ਜੱਮ*** : ਸਮੂਹ, ਸਾਰੇ, ਕੁਲ।

جمِ غفیر ***ਜੱਮ-ਏ-ਗ਼ਫ਼ੀਰ*** : ਬੌਹਤ ਵੱਡਾ ਇਕੱਠ; 'ਜੱਮ' ਦੇ ਅਰਥ ਹਨ ਟੋਲਾ, ਭੀੜ ਅਤੇ 'ਗ਼ਫ਼ੀਰ' ਦਾ ਭਾਵ ਹੈ ਢੱਕਣ ਵਾਲਾ; ਵੱਡੀ ਭੀੜ ਧਰਤ ਨੂੰ ਢੱਕ ਲੈਂਦੀ ਹੈ, ਇਸ ਲਈ 'ਜੱਮ-ਗ਼ਫ਼ੀਰ' ਇੱਕਠ ਨੂੰ ਕੈਂਹਦੇ ਹਨ।

جماد ***ਜਮਾਦ*** : ਓਹ ਚੀਜ਼ ਜਿਸ ਵਿਚ ਹਿਸ ਤੇ ਹਰਕਤ ਅਤੇ ਵਧਣ ਫੁੱਲਣ ਦੀ ਸ਼ਕਤੀ ਨਾ ਹੋਵੇ, ਜਿਵੇਂ ਪੱਥਰ, ਮਿੱਟੀ ਆਦਿ; ਬੇਜਾਨ ਚੀਜ਼;

ਓਹ ਸਾਲ ਜਿਸ ਵਿਚ ਮੀਂਹ ਨਾ ਪਵੇ; ਓਹ ਧਰਤ ਜਿਸ ਉਤੇ ਮੀਂਹ ਨਾ ਪਿਆ ਹੋਵੇ।

جمادات ***ਜਮਾਦਾਤ*** : (ਜਮਾਦ **جماد** ਦਾ ਬੌਹਵਚਨ) ਬੇਹਿੱਸ ਚੀਜ਼ਾਂ।

جمادی الآخره ***ਜਮਾਦੀ-ਉਲ-ਆਖਿਰਾ,*** **جمادی الاخری** ***ਜਮਾਦੀ-ਉਲ-ਉਖ਼ਰਾ,*** **جمادی الثانی** ***ਜਮਾਦੀ-ਉਸ-ਸਾਨੀ,*** **جمادی ستہ** ***ਜਮਾਦੀ ਸਿਤਾ*** : ਚੰਦ ਦਾ ਛੇਵਾਂ ਮਹੀਨਾ।

جمادی الاوّل ***ਜਮਾਦੀ-ਉਲ-ਅਵੱਲ,*** **جمادی الاولیٰ** ***ਜਮਾਦੀ- ਉਲ-ਊਲਾ*** : ਚੰਦ ਦਾ ਪੰਜਵਾਂ ਮਹੀਨਾ।

جمار ***ਜਿਮਾਰ*** : (ਜਿਮਰਾ **جمره** ਦਾ ਬੌਹਵਚਨ) ਛੋਟੇ ਛੋਟੇ ਕੰਕਰ; ਓਹ ਕੰਕਰ ਜੋ ਹਾਜੀ ਸੁੱਟਦੇ ਹਨ, ਹਾਜੀਆਂ ਦਾ ਕੰਕਰ ਸੁੱਟਣਾ, ਜੋ ਹੱਜ ਦੀ ਇਕ ਕਿਰਿਆ ਹੈ।

جماع ***ਜਿਮਾਅ*** : ਸੰਭੋਗ; ਵੱਡੀ ਦੇਗ; ਬੌਹਤ ਚੀਜ਼ਾਂ, ਕਿਸੇ ਚੀਜ਼ ਦਾ ਬੌਹਵਚਨ।

جماعت ***ਜਮਾਅਤ*** : ਸਮੂਹ, ਟੋਲਾ, ਟੋਲੀ, ਆਦਮੀਆਂ ਦਾ ਜੱਥਾ; ਸਭਾ; ਸਾਰੀਆਂ ਚੀਜ਼ਾਂ; ਕਲਾਸ, ਸ਼੍ਰੇਣੀ, ਫ਼ਿਰਕਾ; ਭੀੜ।

جماعتدار ***ਜਮਾਅਤਦਾਰ*** : ਜਮਾਤ ਦਾ ਸਰਦਾਰ।

جماعهدار ***ਜਮਾਆਦਾਰ*** : ਸਿਪਾਹੀਆਂ ਦਾ ਸਰਦਾਰ, ਜਮਾਦਾਰ।

جمال ***ਜਮਾਲ*** : ਹੁਸਨ, ਖ਼ੂਬਸੂਰਤੀ, ਸੁੰਦਰਤਾ; ਖ਼ੂਬੀ, ਗੁਣ।

جمّال ***ਜੱਮਾਲ*** : ਊਠਾਂ ਦਾ ਮਾਲਕ, ਹੋਤ, ਸ਼ੁਤਰਬਾਨ।

جمال ***ਜਿਮਾਲ*** : (ਜਮਲ **جمل** ਦਾ ਬੌਹਵਚਨ) ਬੌਹਤ ਸਾਰੇ ਊਠ।

جمانی ***ਜਮਾਨੀ*** : ਸ਼ਰਾਬ ਪੇਸ਼ ਕਰਨ ਵਾਲਾ, ਸਾਕੀ।

جمدر ***ਜਮਦਰ*** : ਇਕ ਪਰਸਿੱਧ ਹਥਿਆਰ, ਕਟਾਰ।

جمره ***ਜਮਰਾ*** : ਛੋਟਾ ਕੰਕਰ; ਓਹ ਕੰਕਰ ਜੋ ਹਾਜੀ ਸੁੱਟਦੇ ਹਨ; ਹਾਜੀਆਂ ਦਾ ਕੰਕਰ ਸੁਟਣਾ।

جمشید ***ਜਮਸ਼ੇਦ,*** **جمشیدون** ***ਜਮਸ਼ੇਦੂਨ*** : ਈਰਾਨ ਦੇ ਇਕ ਪਰਸਿੱਧ ਬਾਦਸ਼ਾਹ ਦਾ ਨਾਮ ਜੋ ਜ਼ਹਾਕ ਦੇ ਹੱਥੋਂ ਮਾਰਿਆ ਗਿਆ; ਹਜ਼ਰਤ ਸੁਲੇਮਾਨ।

جمشیدِ ماہی ***ਜਮਸ਼ੇਦ-ਏ-ਮਾਹੀ,*** **جمشید ماھیگیر** ***ਜਮਸ਼ੇਦ-ਏ-ਮਾਹੀਗੀਰ*** : ਸੂਰਜ ਜਦ ਓਹ ਮੀਨ ਗਰੇਹ ਵਿਚ ਹੋਵੇ; ਹਜ਼ਰਤ ਸੁਲੇਮਾਨ।

جمع ***ਜਮਅ*** : ਇਕੱਠਾ ਕਰਨਾ; ਜੋੜ; ਇਕੱਠ; ਇਕ ਤੋਂ ਵੱਧ; ਕੁਲ, ਸਭ, ਸਾਰਾ; ਗਣਿਤ ਸ਼ਾਸ਼ਤਰ, (ਹਿਸਾਬ) ਦਾ ਪੇਹਲਾ ਗੁਰ ਜਿਸ ਵਿਚ ਇਕ ਤੋਂ ਵੱਧ ਅੰਕੜਿਆਂ ਨੂੰ ਇਕੱਠਾ ਕੀਤਾ ਜਾਂਦਾ ਹੈ; ਕਾਵਿ-ਕਲਾ ਦਾ ਇਕ ਗੁਣ ਜਿਸ ਵਿਚ ਕਵੀ ਕਈ ਵਸਤਾਂ ਨੂੰ ਇਕ ਵਸਫ਼ ਵਿਚ ਜੋੜ ਦਿੰਦਾ ਹੈ।

جمع الجمع ***ਜਮਅ-ਉਲ-ਜਮਅ*** : ਬੌਹਵਚਨ ਦਾ ਹੋਰ ਬੌਹਵਚਨ ਬਣਾਉਣਾ; ਜਿਵੇਂ 'ਰਸਮ' ਤੋਂ 'ਰਸੂਮ' ਤੇ ਫਿਰ 'ਰਸੂਮ' ਤੋਂ 'ਰਸੂਮਾਤ'।

جمع بندی ***ਜਮਅਬੰਦੀ*** : ਲਗਾਨ ਦੀ ਫਰਦ; ਲਗਾਨ ਦਾ ਹਿਸਾਬ-ਕਿਤਾਬ; ਜ਼ਿਲ੍ਹੇ ਵਿਚ ਖੇਤਾਂ ਅਤੇ ਘਰਾਂ ਦੀ ਸੰਖਿਆ ਦੀ ਸਾਰਨੀ; ਖੇਤਾਂ ਦੀ ਤਕਸੀਮ: ਜਮ੍ਹਾਂ ਆਦਿ ਦੀ ਪੜ੍ਹਤ।

جمع خرچ ***ਜਮਅ ਖ਼ਰਚ*** : ਰਕਮ ਦੀ ਆਮਦ ਤੇ ਖਰਚ ਦਾ ਵੇਰਵਾ; ਚਲੰਤ ਖਾਤਾ।

جمعات ***ਜਮਆਤ*** : (ਜਮਅ **جمع** ਦਾ ਬੌਹਵਚਨ) ਆਈ ਰਕਮ ਦਾ ਹਿਸਾਬ; ਹਿਸਾਬ ਕਿਤਾਬ।

جمعدار ***ਜਮਅਦਾਰ*** : (ਸੁਧ 'ਜਮਾਅਤਦਾਰ' **جماعتدار** ਹੈ) ਓਹ ਫ਼ੌਜੀ ਸਰਦਾਰ ਜਿਸ ਦੇ ਅਧੀਨ ਸਿਪਾਹੀਆਂ ਦੀ ਇਕ ਜਮਾਤ ਹੋਵੇ, ਜਮਾਤ ਦਾ ਸਰਦਾਰ।

جمعداری ***ਜਮਅਦਾਰੀ*** : ਜਮਾਦਾਰ ਦੀ ਪਦਵੀ।

جمعه ***ਜੁਮਆ*** : ਸ਼ੁੱਕਰਵਾਰ, ਮੁਸਲਮਾਨਾਂ ਦੀ ਛੁੱਟੀ ਦਾ ਦਿਨ ਜਦੋਂ ਓਹ ਇਕੱਠੇ ਹੋ ਕੇ

ਮਸਜਦ ਵਿਚ ਨਮਾਜ਼ ਪੜ੍ਹਦੇ ਹਨ।

جمعهالوداع ***ਜੁਮਆਤ-ਉਲ-ਵਿਦਾਅ*** : ਰਮਜ਼ਾਨ ਮਹੀਨੇ ਦਾ ਅੰਤਮ ਸ਼ੁੱਕਰਵਾਰ।

جمعهبازار ***ਜੁਮਆ ਬਾਜ਼ਾਰ*** : ਸ਼ੁੱਕਰਵਾਰ ਨੂੰ ਲੱਗਣ ਵਾਲਾ ਬਜ਼ਾਰ।

جمعيت ***ਜਮਈਯਤ*** : ਜਮ੍ਹਾ ਹੋਣਾ, ਆਦਮੀਆਂ ਦਾ ਇੱਕਠ।

جمعيتخطر ***ਜਮਈਯਤ-ਏ-ਖ਼ਾਤਿਰ*** : ਦਿੱਲ ਦੀ ਤਸੱਲੀ, ਬੇਫ਼ਿਕਰੀ, ਤਸਕੀਨ।

جمعيتدولتي ***ਜਮਈਯਤ-ਏ-ਦੌਲਤੀ*** : ਜਨ-ਸਮੂਹ, ਦੇਸ਼ ਦੇ ਆਮ ਲੋਕਾਂ ਦੀ ਪ੍ਰਤੀਨਿਧ ਜਮਾਤ।

جمل ***ਜਮਲ*** : ਨਰ ਊਠ; ਪੰਜ, ਛੇ, ਸਤ ਜਾਂ ਨੌ ਸਾਲ ਦਾ ਊਠ; ਖਜੂਰ ਦਾ ਰੁਖ; ਹੋਤ।

جمل ***ਜੁਮਲ*** : ਆਦਮੀਆਂ ਦਾ ਟੋਲਾ, ਜੱਥਾ; ਅੱਖਰਾਂ ਦੇ ਹਿੰਦਸਿਆਂ ਦਾ ਹਿਸਾਬ।

جملگی ***ਜੁਮਲਗੀ*** : ਸਭ, ਸਾਰੇ, ਸਮੂਹ, ਕੁਲ, ਪੂਰਾਪਣ।

جمله ***ਜੁਮਲਾ*** : ਸਭ, ਸਾਰੇ, ਤਮਾਮ, ਸਮੂਹ, ਕੁਲ ਜੋੜ; ਕਲਮ ਦਾ ਭਾਗ; ਵਾਕ, ਫ਼ਿਕਰਾ, ਸ਼ਬਦਾਂ ਦਾ ਜੋੜ।

جملهمعترضه ***ਜੁਮਲਾ-ਏ-ਮੁਅਤਰਿਜ਼ਾ*** : ਓਹ ਵਾਧੂ ਵਾਕ ਜਿਸ ਨੂੰ ਦੂਰ ਕਰਨ ਨਾਲ ਵਾਕ ਵਿਚ ਕੋਈ ਫ਼ਰਕ ਨਾ ਪੈਂਦਾ ਹੋਵੇ; ਬੈਹਸ ਤੋਂ ਬਾਹਰਲੀ ਚਰਚਾ; ਗੱਲ ਵਿਚੋਂ ਗੱਲ।

جمود ***ਜੁਮੂਦ*** : ਪਾਣੀ ਦਾ ਜੰਮਣਾ; ਜੰਮਣਾ; ਕੰਜੂਸ ਹੋਣਾ।

جمهور ***ਜਮਹੂਰ, ਜੁਮਹੂਰ*** : ਰੇਤ ਦਾ ਉੱਚਾ ਟਿੱਲਾ; ਆਦਮੀਆਂ ਦੀ ਬੌਹਸੰਖਿਆ, ਮੁਲਕ ਦੇ ਵਾਸੀ, ਆਦਮੀਆਂ ਦਾ ਇਕੱਠ; ਵੱਡੇ ਖ਼ਾਨਦਾਨ ਦੀ ਸ਼ਰੀਫ਼ ਔਰਤ, ਸੁਆਣੀ।

جميع ***ਜਮੀਅ*** : ਸਭ, ਸਾਰੇ; ਇਕੱਠੀ ਕੀਤੀ ਹੋਈ ਚੀਜ਼; ਇਕੱਠਾ ਕੀਤਾ ਹੋਇਆ ਕਬੀਲਾ; ਲਸ਼ਕਰ।

جميعاً ***ਜਮੀਅਨ*** : ਸਾਰੇ ਦੇ ਸਾਰੇ।

جميل ***ਜਮੀਲ*** : ਸੁੰਦਰ; ਸ਼ਰੀਫ਼ ਤੇ ਨੇਕ ਸੁਭਾ ਵਾਲਾ ਆਦਮੀ; ਪਿਘਲੀ ਹੋਈ ਚਰਬੀ।

جميله ***ਜਮੀਲਾ*** : ਸੁੰਦਰ ਇਸਤਰੀ; ਕਬੂਤਰਾਂ ਦਾ ਝੁੰਡ; ਹਰਨਾਂ ਦੀ ਡਾਰ।

جن ***ਜਨ*** : ਦਿਸ਼ਾ, ਪਾਸਾ; ਕੰਢਾ, ਹੱਦ।

جن ***ਜਿੰਨ*** : ਭੂਤ ਪਰੇਤ, ਪਰੀ; (ਜੋ ਮਨੁੱਖ ਦੀਆਂ ਨਜ਼ਰਾਂ ਤੋਂ ਓਹਲੇ ਹਨ); ਹਰ ਚੀਜ਼ ਦਾ ਆਦਿ।

جنات ***ਜਿੰਨਾਤ*** : (ਜਿੰਨ جنا ਦਾ ਬੌਹਵਚਨ) ਬੌਹਤ ਭੂਤ ਪਰੇਤ।

جناب ***ਜਨਾਬ*** : ਦਰਗਾਹ; ਘਰ ਦਾ ਚਾਰ ਚੁਫੇਰਾ; ਕੰਢਾ, ਸਿਰਾ; ਊਠ ਦਾ ਪਲਾਣ; ਹਜ਼ਰਤ (ਸਤਕਾਰ ਦਾ ਸ਼ਬਦ); ਇਹਾਤਾ, ਪੈਹਲੂ, ਬਗਲਾ।

جناباقدس ***ਜਨਾਬ-ਏ-ਅਕਦਸ*** : ਆਲੀ ਜਨਾਬ, ਸਤਕਾਰਯੋਗ।

جنابعالی ***ਜਨਾਬ-ਏ-ਆਲੀ*** :ਵੱਡੀ ਦਰਗਾਹ ਵਾਲਾ।

جنابوالا ***ਜਨਾਬ-ਏ-ਵਾਲਾ*** : ਨਿਆਮਤਾਂ ਵਾਲਾ ਰੱਬ; ਉੱਚਾ; ਉੱਚ-ਪਦਵੀ; ਬੁਲੰਦ ਰੁਤਬਾ।

جناح ***ਜਨਾਹ*** : ਪੰਛੀ ਦੇ ਵੱਡੇ ਪਰ, ਖੰਭ; ਆਦਮੀ ਦੀ ਬਾਂਹ, ਹੱਥ, ਕੱਛ; ਲਸ਼ਕਰ ਦਾ ਅਗਲਾ ਭਾਗ; ਹਰਾਵਲ ਦਸਤਾ; ਓਹ ਫ਼ੌਜੀ ਟੋਲਾ ਜੋ ਲਸ਼ਕਰ ਦੇ ਦੋਹਾਂ ਪਾਸੇ ਮੱਦਦ ਲਈ ਹੁੰਦਾ ਹੈ।

جناحين ***ਜਨਾਹੈਨ*** : ਦੋਵੇਂ ਬਾਹੀਆਂ; ਸੱਜੇ ਖੱਬੇ ਦੇ ਦੋਵੇਂ ਲਸ਼ਕਰ।

جنازه ***ਜਨਾਜ਼ਾ, ਜਿਨਾਜ਼ਾ*** : ਮੁਰਦੇ ਦੀ ਲਾਸ਼ ਜੋ ਦਫ਼ਨਾਉਣ ਨੂੰ ਲਿਜਾਈ ਜਾਂਦੀ ਹੈ।

جنان ***ਜਿਨਾਨ*** : (ਜੱਨਤ جنت ਦਾ ਬੌਹਵਚਨ) ਬੌਹਤ ਸਾਰੇ ਬਾਗ਼, ਬਹਿਸ਼ਤਾਂ।

جنايت ***ਜਿਨਾਯਤ*** : ਗੁਨਾਹ ਕਰਨਾ, ਕਿਸੇ ਗੁਨਾਹ ਦੀ ਭਾਲ ਕਰਨਾ; ਗੁਨਾਹ, ਭੁੱਲ, ਪਾਪ।

جنايات ***ਜਿਨਾਯਾਤ*** : (ਜਿਨਾਯਤ جنايت ਦਾ ਬੌਹਵਚਨ) ਗੁਨਾਹ, ਪਾਪ।

جنب ***ਜਨਬ*** : ਪਾਸਾ, ਦਿਸ਼ਾ, ਪੱਖ, ਪੈਹਲੂ;

ਪੱਸਲੀ; ਕਿਨਾਰਾ, ਕੰਢਾ।

جنبان ***ਜੁੰਬਾਨ*** : ਹਿੱਲਣ ਵਾਲਾ; ਹਿਲਦਾ ਹੋਇਆ, ਕੰਬਦਾ ਹੋਇਆ।

جنبانیدن ***ਜੁੰਬਾਨੀਦਨ*** : ਹਿਲਾਉਣਾ।

جنبیدن ***ਜੁੰਬੀਦਨ*** : ਜੁੰਬਸ਼ ਕਰਨਾ, ਹਿੱਲਣਾ।

جنبش ***ਜੁੰਬਿਸ਼*** : ਹਿੱਲਣਾ ਜੁਲਣਾ, ਹਲਚਲ, ਹਿਲਜੁਲ।

جنت ***ਜੰਨਤ*** : ਬਾਗ਼; ਬਹਿਸ਼ਤ, ਸਵਰਗ, ਬਹਿਸ਼ਤ ਦਾ ਬਾਗ਼।

جنجال ***ਜੰਜਾਲ*** : ਕੰਮ ਦੀ ਬੋਹਤਾਤ, ਖਲਜਗਣ; ਆਦਮੀਆਂ ਦੀ ਭੀੜ; ਰੇਲ ਪੇਲ।

جند ***ਜੁੰਦ*** : ਫ਼ੌਜ, ਲਸ਼ਕਰ।

جندی ***ਜੁੰਦੀ*** : ਫ਼ੌਜੀ ਆਦਮੀ, ਸਿਪਾਹੀ।

جنس ***ਜਿਨਸ*** : ਕਿਸਮ, ਪਰਕਾਰ, ਹਰ ਚੀਜ਼ ਦੀ ਇਕ ਕਿਸਮ।

جنس الاجناس ***ਜਿਨਸ-ਉਲ-ਅਜਨਾਸ,*** جنسِ عالی ***ਜਿਨਸ-ਏ-ਆਲੀ*** : ਸਾਰੀਆਂ ਜਿਨਸਾਂ ਨਾਲੋਂ ਸਰੇਸ਼ਟ ਹੋਵੇ, ਜਿਵੇਂ ਮਨੁੱਖ ਦਾ ਜੌਹਰ ਹੈ।

جنسوار ***ਜਿਨਸਵਾਰ*** : ਕਿਸਮਵਾਰ; ਵੇਰਵੇ ਅਨੁਸਾਰ ਓਹ ਨਕਸ਼ਾ (ਸਾਰਨੀ) ਜੋ ਪਟਵਾਰੀ ਬੀਜੀਆਂ ਜਿਨਸਾਂ ਸਬੰਧੀ ਬਣਾ ਕੇ ਹਰ ਛਿਮਾਹੀ ਤੈਹਸੀਲ ਵਿਚ ਦਾਖਲ ਕਰਦੇ ਹਨ।

جنسیت ***ਜਿਨਸੀਯਤ*** : ਇਕੋ ਜਿਨਸ ਦਾ ਹੋਣਾ; ਇਕ ਮੇਲ ਦੇ ਹੋਣਾ; ਯਕਸਾਨੀਅਤ।

جنگ ***ਜੁੰਗ*** : ਉਠ ਜੋ ਹਾਲੀ ਲੱਦਿਆ ਨਾ ਗਿਆ ਹੋਵੇ; ਬੇੜੀ, ਜਹਾਜ਼; ਭਿੰਨ ਭਿੰਨ ਸ਼ੇਅਰਾਂ ਦੀ ਕਾਪੀ; ਜੂਏ ਦੀ ਇਕ ਕਿਸਮ; ਖਾਤਾ।

جنگ ***ਜੰਗ*** : ਲੜਾਈ, ਝਗੜਾ, ਜੁੱਧ।

جنگا ***ਜੰਗਾ,*** جنگجو ***ਜੰਗਜੂ*** : ਲੜਾਕਾ, ਲੜਨ ਮਰਨ ਵਾਲਾ, ਫ਼ੌਜੀ, ਸਿਪਾਹੀ।

جنگسود/جنگفرسود ***ਜੰਗ ਫ਼ਰਸੂਦ /ਜੰਗਸੂਦ*** : ਲੜਾਈ ਵਿਚ ਹੰਢਿਆ ਵਰਤਿਆ।

جنگگاہ ***ਜੰਗਗਾਹ*** : ਜੰਗ ਦਾ ਮੈਦਾਨ, ਰਣ-ਭੂਮੀ।

جنگی ***ਜੰਗੀ*** : ਜੰਗ ਨਾਲ ਸਬੰਧਤ, ਲੜਾਕਾ।

جنوب ***ਜਨੂਬ*** : ਦੱਖਣ; ਦੱਖਣ ਦੀ ਹਵਾ।

جنود ***ਜੁਨੂਦ*** : (ਜੁੰਦ جند ਦਾ ਬੋਹਵਚਨ) ਫ਼ੌਜਾਂ, ਲਸ਼ਕਰ।

جنون ***ਜੁਨੂਨ*** : ਪਾਗਲਪਣ, ਦੀਵਾਨਗੀ; ਇਕ ਬੀਮਾਰੀ ਦਾ ਨਾਮ; ਗੁੱਸਾ, ਭੈ, ਖ਼ਬਤ; ਕਿਸੇ ਚੀਜ਼ ਦੀ ਧੁਨ।

جنونی ***ਜੁਨੂਨੀ*** : ਦੀਵਾਨਾ, ਪਾਗਲ, ਸ਼ੁਦਾਈ, ਖ਼ਬਤੀ।

جنہ ***ਜਿੰਨਾ*** : ਜਿੰਨਾਂ ਦਾ ਟੋਲਾ; ਭੂਤ ਪਰੇਤ; ਪਰੀਆਂ, ਫ਼ਰਿਸ਼ਤਿਆਂ ਦੀ ਇਕ ਕਿਸਮ; ਪਾਗਲਪਣ।

جنیبت ***ਜਨੀਬਤ*** : ਕੋਤਲ ਘੋੜਾ ਜੋ ਅਮੀਰਾਂ ਜਾਂ ਬਾਦਸ਼ਾਹਾਂ ਦੀ ਸੁਆਰੀ ਦੇ ਅੱਗੇ ਚਲੱਦਾ ਹੈ; ਪੈਹਲੂ, ਬਗ਼ਲ।

جنیبتکش ***ਜਨੀਬਤਕਸ਼*** : ਕੋਤਲ ਘੋੜੇ ਨੂੰ ਲੈ ਜਾਣ ਵਾਲਾ, ਚਲਾਉਣ ਵਾਲਾ।

جنید ***ਜੁਨੈਦ*** : ਬਗ਼ਦਾਦ ਦਾ ਇਕ ਕਾਮਲ ਵਲੀ ਤੇ ਸੂਫ਼ੀ ਆਰਿਫ਼ ਜਿਸ ਦਾ 297 ਹਿਜਰੀ ਵਿਚ ਦੇਹਾਂਤ ਹੋਇਆ।

جو ***ਜੌਂ*** : ਪੰਜਾਬੀ ਵਿਚ ਪਰਚਲਤ ਰੂਪ ਜੌਂ ਹੈ, ਇਕ ਪਰਸਿੱਧ ਅੰਨ।

جوآب ***ਜੌਂ ਆਬ*** : ਜਵਾਂ ਦਾ ਦੁਸ਼ਾਂਦਾ, ਜਵਾਂ ਦਾ ਪਾਣੀ ਜੋ ਉਬਾਲ ਕੇ ਬੀਮਾਰ ਨੂੰ ਦਿੱਤਾ ਜਾਂਦਾ ਹੈ।

جو ***ਜੂ*** : ਪਾਣੀ ਦੀ ਨੈਹਰ; ਭਾਲਣ ਵਾਲਾ, ਢੂੰਡਣ ਵਾਲਾ।

جواب ***ਜਵਾਬ*** : ਗੱਲ ਦਾ ਉੱਤਰ; ਜੋੜਾ; ਨਜ਼ੀਰ; ਤਰਦੀਦ; ਬਦਲਾ; ਇਨਕਾਰ।

جواب الجواب ***ਜਵਾਬ-ਉਲ-ਜਵਾਬ*** : ਜਵਾਬ ਦਾ ਜਵਾਬ।

جوابِ باصواب ***ਜਵਾਬ-ਏ-ਬਾ-ਸਵਾਬ*** : ਯੋਗ ਤੇ ਢੁਕਵਾਂ ਉੱਤਰ।

جوابِ ترکی به ترکی *ਜਵਾਬ ਤੁਰਕੀ-ਬ-ਤੁਰਕੀ* : ਸਖ਼ਤ ਗੱਲ ਦਾ ਸਖ਼ਤ ਜਵਾਬ; ਖਰੀ ਖਰੀ ਸੁਣਾਉਣਾ।

جوابِ جاهلاں باشد خموشی *ਜਵਾਬ-ਏ-ਜਾਹਿਲਾਂ ਬਾਸ਼ਦ ਖ਼ਮੋਸ਼ੀ* : ਮੂਰਖਾਂ ਦੀਆਂ ਗੱਲਾਂ ਦਾ ਜਵਾਬ ਦੇਣ ਨਾਲੋਂ ਚੁਪ ਰੈਹਣਾ ਹੀ ਠੀਕ ਹੈ।

جواب ده *ਜਵਾਬ ਦਿਹ* : ਜਿਸ ਤੋਂ ਉੱਤਰ ਦੀ ਮੰਗ ਕੀਤੀ ਜਾਵੇ; ਜਵਾਬ ਦੇਣ ਵਾਲਾ।

جواب سوال *ਜਵਾਬ ਸਵਾਲ* : ਬੈਹਸ; ਵਾਰਤਾਲਾਪ; ਵਾਦ ਵਿਵਾਦ।

جوابِ شافی *ਜਵਾਬ-ਏ-ਸ਼ਾਫ਼ੀ* : ਪੂਰਾ ਜਵਾਬ; ਤਸੱਲੀ- ਬਖ਼ਸ਼ ਜਵਾਬ।

جوابِ صاف *ਜਵਾਬ-ਏ-ਸਾਫ਼* : ਕੋਰਾ ਜਵਾਬ।

جواب طلب *ਜਵਾਬ ਤਲਬ* : ਪੁੱਛ-ਗਿੱਛ ਯੋਗ; ਰਸੀਦ ਦੇ ਕਾਬਲ; ਸ਼ੱਕੀ।

جوابِ قطعی *ਜਵਾਬ-ਏ-ਕਤ਼ਈ* : ਅਸਲੋਂ ਨਾਂਹ।

جواب ندارد *ਜਵਾਬ ਨਦਾਰਦ* : ਲਾਜਵਾਬ, ਅਦੁੱਤੀ; ਜਵਾਬ ਨਾ ਆਉਣਾ, ਜਵਾਬ ਨਾ ਮਿਲਣਾ।

جوار *ਜਿਵਾਰ, ਜੁਵਾਰ* : ਗਵਾਂਢੀ ਹੋਣਾ; ਗਵਾਂਢ; ਕਿਸੇ ਨੂੰ ਪਨਾਹ ਦੇਣਾ, ਕਿਸੇ ਦੀ ਸ਼ਰਨ ਵਿਚ ਹੋਣਾ।

جواز *ਜਵਾਜ਼* : ਬੌਹਤ ਡੂੰਘਾ ਪਾਣੀ; ਘਰ ਦਾ ਵੇਹੜਾ; ਘਰ ਦਾ ਆਲਾ-ਦੁਆਲਾ; ਚੌਗਿਰਦਾ; ਰਾਹਦਾਰੀ ਦਾ ਪਰਵਾਨਾ।

جوال *ਜੁਵਾਲ* : (ਗਵਾਲ ਦਾ ਅਰਬੀ ਰੂਪਾਂਤਰ) ਥੈਲੀ, ਬੋਰੀ; ਲੱਦਣ ਵਾਲੀ ਗੂਣ; ਗਠੜੀ।

جوالدوز *ਜੁਵਾਲ-ਦੋਜ਼* : ਬੋਰੀਆਂ ਸਿਊਣ ਵਾਲਾ।

جوان *ਜਵਾਨ* : ਬਾਲਗ, ਗੱਭਰੂ, ਮੁਟਿਆਰ; ਤਾਜ਼ਾ, ਨਵਾਂ; ਨੌ-ਬਰ-ਨੌ ; ਮਜ਼ਬੂਤ, ਤਾਕਤਵਰ; ਦਲੇਰ; ਬਹਾਦਰ।

جوانان *ਜਵਾਨਾਨ* : ਜਵਾਨ ਦਾ ਬੌਹਵਚਨ।

جوان بخت *ਜਵਾਨ-ਬਖ਼ਤ*, **جوان دولت** *ਜਵਾਨ-ਦੌਲਤ* :ਭਾਗਾਂ ਵਾਲਾ, ਖ਼ੁਸ਼ ਕਿਸਮਤ।

جوان سال *ਜਵਾਨ ਸਾਲ*, **جوانه** *ਜਵਾਨਾ* : ਨੌਜਵਾਨ।

جوانِ سنگدیده *ਜਵਾਨ-ਏ-ਸੰਗ-ਦੀਦਾ* : ਤਜਰਬੇਕਾਰ।

جوانمرد *ਜਵਾਨਮਰਦ* : ਹਿੰਮਤ ਵਾਲਾ; ਸਖੀ, ਦਾਨੀ।

جوانمردی *ਜਵਾਨਮਰਦੀ* : ਸੂਰਮਤਾ; ਸਖੀਪੁਣਾ।

جوانمرگ *ਜਵਾਨਮਰਗ*, **جوانه مرگ** *ਜਵਾਨਾ-ਮਰਗ* : ਓਹ ਯੁਵਕ ਜੋ ਜਵਾਨੀ ਵਿਚ ਮਰ ਜਾਵੇ।

جوانی *ਜਵਾਨੀ* : ਗਭਰੂਪਣ ; ਤਾਜ਼ਗੀ।

جواهر *ਜਵਾਹਰ* : (ਜੌਹਰ **جوهر** ਦਾ ਬੌਹਵਚਨ) ਹਰ ਕੀਮਤੀ ਪੱਥਰ।

جواهرات *ਜਵਾਹਰਾਤ* : (ਜੌਹਰ **جوهر** ਦੇ ਬੌਹਵਚਨ ਦਾ ਬੌਹਵਚਨ) ਹੀਰੇ।

جواهرخانه *ਜਵਾਹਰਖ਼ਾਨਾ* : ਓਹ ਸ਼ਾਹੀ ਸਥਾਨ ਜਿੱਥੇ ਕੀਮਤੀ ਹੀਰੇ ਜਵਾਹਰ ਰੱਖੇ ਜਾਂਦੇ ਹਨ, ਤੋਸ਼ਾਖ਼ਾਨਾ।

جواهرنگار *ਜਵਾਹਰ-ਨਿਗਾਰ* : ਜਿਸ ਵਿਚ ਹੀਰੇ ਜਵਾਹਰ ਜੜੇ ਹੋਏ ਹੋਣ, ਜੜਾਊ।

جوبال *ਜੌਬਾਲ* : ਬੋਰੀ, ਥੈਲਾ, ਖ਼ੁਰਜੀ।

جوبجو *ਜੌ-ਬ-ਜੌ* : ਟੋਟੇ ਟੋਟੇ, ਜ਼ਰਾ-ਜ਼ਰਾ; ਭਾਗ ਤੇ ਕੁੱਲ ; ਪੂਰਾ-ਪੂਰਾ।

جوتره *ਜੌਤਰਾ* : ਥੜ੍ਹਾ; ਮੁਨਾਰਾ।

جوجو *ਜੌ ਜੌ* : ਟੋਟਾ-ਟੋਟਾ।

جوجه *ਜੂਜਾ* : (ਚੂਜ਼ਾ) ਚੂਚਾ, ਮੁਰਗੀ ਦਾ ਬੱਚਾ।

جوخ *ਜੌਖ਼* : ਬਨਾਤ ਦਾ ਥਾਨ।

جود *ਜੂਦ* : ਬਖ਼ਸ਼ਸ਼, ਸਖ਼ਾਵਤ, ਫ਼ਰਾਖ਼ਦਿਲੀ; ਖੁੱਲ੍ਹਦਿਲੀ ਮੇਹਰਬਾਨੀ।

جودت *ਜੌਦਤ* : ਖ਼ੂਬੀ, ਵਿਸ਼ੇਸ਼ਤਾ; ਨੇਕੀ, ਚੰਗਿਆਈ, ਗੁਣ।

جودی *ਜੂਦੀ* : ਇਕ ਪਹਾੜ ਦਾ ਨਾਮ ਜਿਥੇ

ਤੂਫ਼ਾਨ ਪਿਛੋਂ ਹਜ਼ਰਤ ਨੂਹ ਦੀ ਕਿਸ਼ਤ ਠੈਹਰੀ ਸੀ।

جور ***ਜੌਰ*** : ਜ਼ੁਲਮ, ਅੱਤਿਆਚਾਰ, ਵਧੀਕੀ, ਅਨਿਆਂ, ਸਖ਼ਤੀ।

جوروستم ***ਜੌਰ-ਉ-ਸਿਤਮ*** : ਅਤਿਆਚਾਰ, ਅਨਿਆਂ।

جوراب ***ਜੌਰਾਬ*** : ਜੁਰਾਬ, ਮੌਜ਼ਾ।

جوراببند ***ਜੌਰਾਬ-ਬੰਦ*** : ਜੁਰਾਬ ਬੰਨ੍ਹਣ ਦਾ ਤਸਮਾ, ਫ਼ੀਤਾ।

جورپیشه ***ਜੌਰ-ਪੇਸ਼ਾ*** : ਅਤਿਆਚਾਰੀ।

جوز ***ਜੌਜ਼*** : (ਗੋਜ਼ گوز ਦਾ ਅਰਬੀ ਰੂਪਾਂਤਰ) ਅਖ਼ਰੋਟ; ਚਾਰੇ ਮਗ਼ਜ਼; ਹਰੇਕ ਗੋਲ ਫਲ; ਇਕ ਕਸਬੇ ਦਾ ਨਾਮ।

جوزبرگنبد ***ਜੌਜ਼ ਬਰ ਗੁੰਬਦ*** : ਫ਼ਜ਼ੂਲ ਕੰਮ।

جوزهندی ***ਜੌਜ਼-ਏ-ਹਿੰਦੀ*** : ਨਾਰੀਅਲ।

جوزا ***ਜੌਜ਼ਾ*** : ਬੱਕਰੀ, ਬੱਕਰਾ, ਚਿੱਟੀ ਕਮਰ ਵਾਲਾ ਕਾਲਾ ਬੱਕਰਾ; ਬਾਰਾਂ ਅਸਮਾਨੀ ਬੁਰਜਾਂ ਵਿਚੋਂ ਤੀਜਾ ਬੁਰਜ (ਗਰੈਹ) ਜਿਸ ਦੀ ਸ਼ਕਲ ਮੇਮਣੇ ਵਰਗੀ ਵਿਖਾਈ ਦਿੰਦੀ ਹੈ।

جوزق ***ਜੌਜ਼ਕ*** : ਕਪਾਹ ਦਾ ਟੀਂਡਾ ਜੋ ਹਾਲੀ ਖਿੜਿਆ ਨਾ ਹੋਵੇ, ਰੂੰ ਦਾ ਗੋੜ੍ਹਾ, ਲੋਗੜ।

جوش ***ਜੋਸ਼*** : ਉਬਾਲ, ਵਲਵਲਾ, ਤੇਜ਼ੀ, ਗਰਮੀ; ਗ਼ਲਬਾ; ਜਜ਼ਬਾ; ਜਜ਼ਬਾਤ ਦਾ ਬੇਕਾਬੂ ਹੋਣਾ; ਮਸਤੀ; ਹੇੜ; ਲੈਹਰ; ਗੁੱਸਾ; ਕੱਟੜਪੁਣਾ; ਸ਼ੌਕ।

جوش‌وخروش ***ਜੋਸ਼-ਉ-ਖ਼ਰੋਸ਼*** : ਈਸ਼ਵਰੀ ਪਰੇਮ ਦਾ ਭਾਵ; ਗੁੱਸਾ; ਕੜਕ; ਰੌਲਾ ਰੱਪਾ।

جوشانده ***ਜੋਸ਼ਾਂਦਾ*** : ਕਾੜ੍ਹਿਆ ਹੋਇਆ, ਕਾੜ੍ਹਾ, ਜੋਸ਼ ਦਿੱਤਾ ਹੋਇਆ, ਉਬਾਲਿਆ ਹੋਇਆ।

جوشن ***ਜੋਸ਼ਨ,*** جوشن ***ਜੁਸ਼ਨ*** : ਇਕ ਪਰਕਾਰ ਦਾ ਜੰਗੀ ਲਿਬਾਸ ਜਿਸ ਵਿਚ ਲੋਹੇ ਦੀਆਂ ਸੰਗਲੀਆਂ ਤੇ ਕੜੀਆਂ ਹੁੰਦੀਆਂ ਹਨ, ਜ਼ਰ੍ਹਾ ਬਕਤਰ, ਸੰਜੋਅ।

جوع ***ਜੂਅ*** : ਭੁੱਖ।

جوع‌الکلب ***ਜੂਅ-ਅਲ-ਕਲਬ*** : ਕੁੱਤੇ ਜੇਹੀ ਭੁੱਖ; ਇਕ ਬੀਮਾਰੀ ਜਿਸ ਵਿਚ ਚਾਹੇ ਕਿੰਨਾ ਹੀ ਖਾਧਾ ਜਾਵੇ ਭੁੱਖ ਉਸੇ ਤਰ੍ਹਾਂ ਰੈਂਹਦੀ ਹੈ, ਜ਼ਿਆਦਾ ਖਾਣ ਦੀ ਬੀਮਾਰੀ।

جوغ ***ਜੌਅ*** : ਪੰਜਾਲੀ, ਜੂਲਾ।

جوفروش‌گندم‌نما ***ਜੌ-ਫ਼ਰੋਸ਼ ਗੰਦੁਮ ਨੁਮਾ*** : ਕਣਕ ਵਿਖਾ ਕੇ ਜੌਂ ਵੇਚਣ ਵਾਲਾ; ਬੇਈਮਾਨ, ਧੋਖੇਬਾਜ਼।

جوق ***ਜੌਕ,*** جوق ***ਜੂਕ*** : ਫ਼ੌਜ, ਲਸ਼ਕਰ, ਭੀੜ, ਟੋਲਾ, ਗਰੋਹ, ਝੁੰਡ।

جوق‌جوق ***ਜੌਕ ਜੌਕ,*** جوق‌جوق ***ਜੂਕ ਜੂਕ,*** جوق‌درجوق ***ਜੌਕ ਦਰ ਜੌਕ*** : ਫ਼ੌਜਾਂ ਤੇ ਫ਼ੌਜਾਂ, ਲਸ਼ਕਰਾਂ ਦੇ ਲਸ਼ਕਰ, ਟੋਲਿਆਂ ਦੇ ਟੋਲੇ, ਝੁੰਡਾਂ ਦੇ ਝੁੰਡ।

جوگندم ***ਜੌ-ਗੰਦੁਮ*** : ਕਰੜ-ਬਰੜੀ ਦਾੜ੍ਹੀ, ਓਹ ਦਾੜ੍ਹੀ ਜਿਸ ਵਿਚ ਕਾਲੇ ਚਿੱਟੇ ਵਾਲ ਹੋਣ।

جولان ***ਜੌਲਾਨ*** : ਉਛਲਣਾ, ਕੁੱਦਣਾ, ਦੌੜਨਾ, ਘੋੜਾ ਦੁੜਾਉਣਾ, ਘੋੜੇ ਦੀ ਦੌੜ, ਫੇਰਨਾ।

جولانگاه ***ਜੌਲਾਨਗਾਹ*** : ਘੁੜ-ਦੌੜ ਦਾ ਮੈਦਾਨ; ਨਖ਼ਾਸ।

جولانگری ***ਜੌਲਾਨਗਰੀ*** : ਦੌੜਨਾ, ਘੋੜਾ ਫੇਰਨ ਦੀ ਕਿਰਿਆ।

جولانی ***ਜੌਲਾਨੀ*** : ਘੋੜਾ; ਸ਼ਰਾਬ ਦਾ ਪਿਆਲਾ; ਤੇਜ਼ੀ, ਰਫ਼ਤਾਰ ਦੀ ਤੇਜ਼ੀ, ਚੁਸਤੀ, ਫੁਰਤੀ।

جوله ***ਜੁਲਾ,*** جولاه ***ਜੁਲਾਹ,*** جولاهه ***ਜੁਲਾਹਾ*** : ਕੱਪੜਾ ਬੁਣਨ ਵਾਲਾ, ਜੁਲਾਹਾ; ਮੱਕੜੀ।

جولخ ***ਜੌਲਖ਼,*** جولق ***ਜੌਲਕ*** : ਕੰਬਲ, ਭੂਰਾ; ਮੋਟੀ ਤੇ ਸਖ਼ਤ ਪਸ਼ਮ ਦਾ ਕੰਬਲ ਜੋ ਦਰਵੇਸ਼ ਪਾਉਂਦੇ ਹਨ।

جولخی ***ਜੌਲਖ਼ੀ,*** جولقی ***ਜੌਲਕੀ*** : ਕੰਬਲ ਪੋਸ਼; ਕਲੰਦਰ, ਦਰਵੇਸ਼, ਸੂਫ਼ੀ।

جون ***ਜੌਨ*** : (ਹਿੰਦੀ 'ਜਮਨ' جمن ਦਾ ਫ਼ਾਰਸੀ ਰੂਪਾਂਤਰ) ਜਮਨਾ ਨਦੀ।

جوہر ***ਜੌਹਰ*** : ('ਗੌਹਰ' **گوہر** ਦਾ ਅਰਬੀ ਰੂਪਾਂਤਰ) ਮੋਤੀ, ਕੀਮਤੀ ਪੱਥਰ; ਸਤ, ਨਚੋੜ, ਅਸਲ, ਤੱਤ।

جوہرِ اوّل ***ਜੌਹਰ-ਏ-ਅਵਲ*** : ਹਜ਼ਰਤ ਜਿਬਰਾਈਲ; ਹਜ਼ਰਤ ਆਦਮ; ਹਜ਼ਰਤ ਰਸੂਲ ਦਾ ਨੂਰ; ਕਲਮ; ਬੁੱਧੀ, ਮੱਤ।

جوہر فروش ***ਜੌਹਰ-ਫ਼ਰੋਸ਼*** : ਨਬੀ, ਵਲੀ; ਉੱਚ ਕੋਟੀ ਦਾ ਕਵੀ।

جوہری ***ਜੌਹਰੀ*** : ਜਵਾਹਰਾਤ ਵੇਚਣ ਵਾਲਾ; ਇਕ ਫ਼ਿਰਕਾ; ਇਕ ਸ਼ਾਇਰ ਦਾ ਉਪਨਾਮ; ਜੌਹਰ ਦਾ ਮਾਲਕ।

جوی ***ਜੂਯ*** : ਨਦੀ, ਨੈਹਰ।

جوئبار ***ਜੂਯ-ਏ-ਬਾਰ*** : ਨੈਹਰ ਦਾ ਕੰਢਾ; ਵੱਡੀ ਨੈਹਰ; ਓਹ ਥਾਂ ਜਿਥੇ ਕਈ ਨੈਹਰਾਂ ਆ ਕੇ ਰਲਣ।

جوئ شیر ***ਜੂਯ-ਏ-ਸ਼ੀਰ*** : ਦੁੱਧ ਦੀ ਨੈਹਰ; ਓਹ ਨੈਹਰ ਜੋ ਫ਼ਰਹਾਦ ਨੇ ਸ਼ੀਰੀਂ ਦੇ ਕੈਹਣ ਤੇ ਬੇਸਤੂਨ ਪਰਬਤ ਨੂੰ ਕੱਟ ਕੇ ਸ਼ੀਰੀਂ ਦੇ ਮੈਹਲ ਤਕ ਲਿਆਂਦੀ ਸੀ।

جویا/جویاں ***ਜੂਯਾ/ਜੂਯਾਂ*** : ਭਾਲਣ ਵਾਲਾ, ਭਾਲਦਾ ਹੋਇਆ।

جوین ***ਜਵੀਨ*** : ਜੌਂ ਨਾਲ ਸਬੰਧਤ, ਜੌਂ ਦੀ, ਜੌਂ ਤੋਂ ਬਣੀ ਹੋਈ।

جہات ***ਜਿਹਾਤ*** : (ਜਿਹਤ **جہت** ਦਾ ਬੌਹਵਚਨ) ਪਾਸੇ, ਦਿਸ਼ਾਵਾਂ; ਸਬੱਬ, ਕਾਰਨ।

جہاتِ ستہ/شش جہات ***ਜਿਹਾਤ-ਏ-ਸ਼ਿੱਤਾ/ਸ਼ਸ਼ ਜਿਹਾਤ*** : ਛੇ ਦਿਸ਼ਾਵਾਂ; (ਉੱਤਰ, ਦੱਖਣ, ਪੂਰਬ, ਪੱਛਮ, ਉੱਪਰ, ਹੇਠਾਂ)।

جہاد ***ਜਿਹਾਦ*** : ਕੋਸ਼ਸ਼, ਜਤਨ; ਧਰਮ ਲਈ ਹਥਿਆਰ ਚੁੱਕਣਾ; ਇਸਲਾਮ ਲਈ ਜੰਗ; ਹੱਕ ਦੇ ਲਈ ਜੰਗ।

جہادِ اصغر ***ਜਿਹਾਦ-ਏ-ਅਸਗ਼ਰ*** : ਕਾਫ਼ਰਾਂ ਨਾਲ ਲੜਨਾ, ਛੋਟਾ ਜਿਹਾਦ।

جہادِ اکبر ***ਜਿਹਾਦ-ਏ-ਅਕਬਰ*** : ਵੱਡਾ ਜਿਹਾਦ; ਮਨ ਤੇ ਵਾਸ਼ਨਾਵਾਂ ਨੂੰ ਮਾਰਨਾ; ਸਾਧਨਾ, ਬੰਦਗੀ।

جہاز ***ਜਹਾਜ਼*** : ਘਰ ਦਾ ਸਮਾਨ; ਬੌਹਤ ਵੱਡੀ ਕਿਸ਼ਤੀ ਜੋ ਸਾਗਰ ਵਿਚ ਚਲੱਦੀ ਹੈ; ਜੋ ਚੀਜ਼ ਊਠ ਉਤੇ ਲੱਦੀ ਹੋਵੇ; ਇਸਤਰੀ ਦਾ ਗੁਪਤ ਅੰਗ; ਮੁਰਦੇ ਦਾ ਕਫ਼ਨ, ਦਾਜ, ਜਹੇਜ਼ ਆਦਿ।

جہاز خانہ ***ਜਹਾਜ਼ ਖ਼ਾਨਾ*** : ਘਰ ਦਾ ਮਾਲ ਅਸਬਾਬ ਰੱਖਣ ਦਾ ਕਮਰਾ।

جہال ***ਜੁੱਹਾਲ*** : (ਜਾਹਿਲ **جاہل** ਦਾ ਬੌਹਵਚਨ) ਅਨਪੜ੍ਹ, ਮੂਰਖ; ਉੱਜਡ।

جہالت ***ਜਹਾਲਤ*** : ਅਵਿਦਿਆ ; ਨਦਾਨੀ, ਬੇਵਕੂਫ਼ੀ, ਮੂਰਖਤਾ।

جہاں ***ਜਹਾਨ*** : ਸੰਸਾਰ; ਸੰਸਾਰ ਦਾ ਮਾਲ ਅਸਬਾਬ।

جہاں آرا ***ਜਹਾਨਆਰਾ*** : ਸੰਸਾਰ ਨੂੰ ਸਜਾਉਣ ਵਾਲਾ; ਰੱਬ, ਖ਼ੁਦਾ; ਇਕ ਔਰਤ ਦਾ ਨਾਮ।

جہاں بین ***ਜਹਾਨ-ਬੀਨ*** : ਸੰਸਾਰ ਨੂੰ ਵੇਖਣ ਵਾਲਾ; ਸੈਲਾਨੀ; ਬੇਟਾ; ਅੱਖ।

جہاں پناہ ***ਜਹਾਨ-ਪਨਾਹ*** : ਜਹਾਨ ਦੀ ਪਨਾਹ, ਸੰਸਾਰ ਨੂੰ ਸ਼ਰਨ ਦੇਣ ਵਾਲਾ, ਬਾਦਸ਼ਾਹੀ।

جہاں تاب ***ਜਹਾਨ-ਤਾਬ*** : ਸੰਸਾਰ ਨੂੰ ਰੋਸ਼ਨ ਕਰਨ ਵਾਲਾ, ਸੂਰਜ।

جہاں دار ***ਜਹਾਨਦਾਰ,***
جہاں داور ***ਜਹਾਨਦਾਵਰ*** : ਬਾਦਸ਼ਾਹ।

جہاں در جہاں ***ਜਹਾਨ-ਦਰ-ਜਹਾਨ*** : ਬੌਹਤ ਜ਼ਿਆਦਾ।

جہاندیدہ ***ਜਹਾਨਦੀਦਾ*** : ਤਜਰਬੇਕਾਰ; ਸੈਲਾਨੀ।

جہاں سالار ***ਜਹਾਨਸਾਲਾਰ*** : ਬਾਦਸ਼ਾਹ।

جہاں سوز ***ਜਹਾਨ-ਸੋਜ਼*** : ਮੁਲਕ ਨੂੰ ਤਬਾਹ ਕਰਨ ਵਾਲਾ; ਜ਼ਾਲਮ।

جہاں کشا ***ਜਹਾਨ-ਕੁਸ਼ਾ*** : ਮੁਲਕ ਉੱਤੇ ਜਿੱਤ ਪਰਾਪਤ ਕਰਨ ਵਾਲਾ, ਵਿਜੇਤਾ; ਜਹਾਨ ਨੂੰ ਅਧੀਨ ਕਰਨ ਵਾਲਾ।

جہاں گرد ***ਜਹਾਨ ਗਰਦ,***
جہاں نورد ***ਜਹਾਨ-ਨਵਰਦ*** :

ਸੰਸਾਰ ਦੀ ਸੈਰ ਕਰਨ ਵਾਲਾ, ਸੈਲਾਨੀ।

جہانگیر ***ਜਹਾਂਗੀਰ*** : ਸਾਰੇ ਸੰਸਾਰ ਨੂੰ ਜਿੱਤ ਲੈਣ ਵਾਲਾ ਬਾਦਸ਼ਾਹ; ਹਿੰਦੁਸਤਾਨ ਦੇ ਪਰਸਿੱਧ ਮੁਗ਼ਲ ਬਾਦਸ਼ਾਹ ਨੂਰੁੱਦੀਨ ਦਾ ਲਕਬ ਜੋ ਅਕਬਰ ਦਾ ਬੇਟਾ ਤੇ ਸ਼ਾਹਜ਼ਹਾਨ ਦਾ ਬਾਪ ਸੀ, ਨੂਰਜਹਾਂ ਉਸੇ ਦੀ ਹੀ ਮਲਕਾ ਸੀ; ਜਹਾਂਗੀਰ ਦਾ ਮਕਬਰਾ ਲਾਹੌਰ ਵਿਖੇ ਹੈ, ਇਸ ਦੀ ਮੌਤ ੧੦੩੬ ਹਿਜਰੀ ਵਿਚ ਹੋਈ।

جہت ***ਜਿਹਤ*** : ਤਰਫ਼, ਪਾਸਾ, ਦਿਸ਼ਾ; ਸਬੱਬ, ਕਾਰਨ; ਲਈ, ਵਾਸਤੇ।

جہد ***ਜੁਹਦ*** : ਕੋਸ਼ਸ਼, ਜਤਨ; ਨੱਠ-ਭੱਜ; ਤਾਕਤ; ਮਸ਼ੱਕਤ; ਰੰਜ, ਦੁੱਖ।

جہلم ***ਜਿਹਲਮ*** : ਪੰਜਾਬ ਦੀ ਇਕ ਪਰਸਿੱਧ ਨਦੀ ਦਾ ਨਾਮ ਜੋ ਕਸ਼ਮੀਰ ਦੇ ਚਸ਼ਮੇ ਵੈਰੀ ਨਾਗ ਤੋਂ ਨਿਕਲਦੀ ਹੈ ਤੇ ਚਨਾਬ ਨਦੀ ਵਿਚ ਰਲ ਜਾਂਦੀ ਹੈ, ਇਕ ਸ਼ੈਹਰ ਦਾ ਨਾਮ ਜੋ ਇਸ ਨਦੀ ਕੰਢੇ ਸਥਿੱਤ ਹੈ।

جہود ***ਜਹੂਦ*** : ('ਯਹੂਦ' یہود ਦਾ ਫ਼ਾਰਸੀ ਰੂਪਾਂਤਰ) ਯਹੂਦੀ ਲੋਕ; ਹਜ਼ਰਤ ਮੂਸਾ ਦੀ ਉੱਮਤ।

جہیز ***ਜਿਹੇਜ਼*** : ('ਜਹਾਜ਼' جہاز ਦਾ ਇਮਾਲਾ ਰੂਪ ਜਿਸ ਵਿਚ 'ਅਲਿਫ਼' 'ਯੇ' ਨਾਲ ਬਦਲ ਜਾਂਦਾ ਹੈ) ਦਾਜ; ਦਹੇਜ; ਓਹ ਸਮਾਨ ਜੋ ਲੜਕੀ ਨੂੰ ਵਿਆਹ ਸਮੇਂ ਦਿੰਦੇ ਹਨ; ਮੁਰਦੇ ਦੇ ਕਫ਼ਨ ਦਾ ਸਮਾਨ; ਜੂਏ ਵਿਚ ਲਾਈ ਰਕਮ।

جیب ***ਜੈਬ*** : ਗਲਮਾ, ਸੀਨਾ, ਛਾਤੀ, ਦਿਲ; ਬੋਝਾ, ਖੀਸਾ।

جیبہ ***ਜੀਬਾ*** : ਜ਼ੱਰਾ ਬਕਤਰ, ਸੰਜੋਅ।

جیبہخانہ ***ਜੀਬਾ-ਖ਼ਾਨਾ*** : ਸੰਜੋਅਖ਼ਾਨਾ।

جیحون/جیحوں ***ਜੇਹੂਨ/ਜੇਹੂੰ*** : ਇਕ ਪਰਸਿੱਧ ਨਦੀ ਦਾ ਨਾਮ ਜੋ ਝੀਲ ਅਰਾਲ ਵਿਚ ਜਾ ਮਿਲਦੀ ਹੈ।

جیرہ ***ਜੀਰਾ*** : ਭੋਜਨ, ਰੋਜ਼ੀਨਾ ਜੋ ਫ਼ੌਜੀਆਂ ਨੂੰ ਮਿਲਦਾ ਹੈ।

جیرہخوار ***ਜੀਰਾ-ਖ਼ੁਆਰ*** : ਰੋਜ਼ੀਨਾ ਖਾਣ ਵਾਲਾ।

جیش ***ਜੈਸ਼*** : ਲਸ਼ਕਰ, ਫੌਜ, ਦਲ; ਹਾਂਡੀ ਦਾ ਉੱਬਲਣਾ, ਦਿਲ ਦਾ ਉਬਾਲ।

جیوش ***ਜੁਯੂਸ਼*** : ਜ਼ੈਸ਼ ਦਾ ਬੌਹਵਚਨ।

جیغہ ***ਜੀਗ਼ਾ*** : ਪੰਜਾਬੀ ਵਿਚ ਪਰਚਲਤ ਰੂਪ ''ਜਿਗਾ'' ਹੈ। ਇਕ ਜੜਾਊ ਜ਼ੇਵਰ ਜੋ ਪਗੜੀ 'ਤੇ ਬੰਨ੍ਹਦੇ ਹਨ।

جیل ***ਜੀਲ***, جیلان ***ਜੀਲਾਨ*** : ਬਗ਼ਦਾਦ ਦੇ ਨੇੜੇ ਇਕ ਪਿੰਡ ਦਾ ਨਾਮ; ਆਦਮੀਆਂ ਦਾ ਟੋਲਾ; ਫ਼ੌਜ।

جیم ***ਜੀਮ*** : ਸੰਸਾਰ, ਅਰਬੀ ਵਰਨਮਾਲਾ ਦਾ ਪੰਜਵਾਂ ਤੇ ਫ਼ਾਰਸੀ ਦਾ ਛੇਵਾਂ ਅੱਖਰ; ਸੰਭੋਗ ਦਾ ਸ਼ੁਕੀਨ ਊਠ।

چ (ਚੇ)

چ ਚੇ : ਫ਼ਾਰਸੀ ਵਰਨਮਾਲਾ ਦਾ ਸਤਵਾਂ ਹਰਫ (ਅਖਰ), ਅਬਜਦ ਅਨੁਸਾਰ ਇਸ ਦੇ ਅੰਕੜੇ ਵੀ ਜੀਮ ਦੇ ਬਰਾਬਰ ਅਰਥਾਤ ਤਿੰਨ ਸਮਝੇ ਜਾਂਦੇ ਹਨ, ਏਹ ਅੱਖਰ ਅਰਬੀ ਵਿਚ ਨਹੀਂ ਹੈ ਇਸ ਨੂੰ ਜੀਮ-ਏ-ਫ਼ਾਰਸੀ ਭੀ ਕੈਂਹਦੇ ਹਨ।

چا ***ਚਾ*** : ਉਬਾਲ ਕੇ ਪੀਣ ਵਾਲੀ ਇੱਕ ਪੱਤੀ, ਚਾਹ।

چابک ***ਚਾਬੁਕ*** : ਚੁਸਤ, ਚਲਾਕ, ਫੁਰਤੀਲਾ, ਤੇਜ਼; ਕੋਰੜਾ।

چابکخرام ***ਚਾਬੁਕ-ਖ਼ਿਰਾਮ*** : ਤੇਜ਼ ਚਾਲ ਵਾਲਾ, ਤੇਜ਼ ਰਫ਼ਤਾਰ।

چابکدست ***ਚਾਬੁਕ-ਦਸਤ*** : ਜਿਸ ਦੇ ਹੱਥ ਵਿਚ ਫੁਰਤੀ ਹੋਵੇ, ਫੁਰਤੀਲਾ, ਚਲਾਕ, ਹੁਸ਼ਿਆਰ।

چابکرکاب/رکیب چابکعنان ***ਚਾਬੁਕ-ਰਕਾਬ/ ਰਕੇਬ, ਚਾਬੁਕ-ਇਨਾਨ*** : ਤੇਜ਼ੀ ਨਾਲ ਦੁੜਾਉਣ ਵਾਲਾ ਘੋੜ-ਸਵਾਰ, ਤੇਜ਼ ਸਵਾਰ; ਤਿੱਖਾ ਘੋੜਾ।

چابکسوار ***ਚਾਬੁਕ-ਸਵਾਰ*** : ਘੋੜਾ ਫੇਰਨ ਤੇ ਸਿਧਾਉਣ ਵਾਲਾ; ਘੋੜੇ ਦਾ ਤੇਜ਼ ਸਵਾਰ; ਘੋੜਿਆਂ ਦਾ ਸੌਦਾਗਰ।

چابکی ***ਚਾਬੁਕੀ*** : ਚੁਸਤੀ, ਚਲਾਕੀ; ਤੇਜ਼ ਰਫ਼ਤਾਰ ਘੋੜਾ।

چاپ ***ਚਾਪ*** : ਛਾਪ, ਛਾਪਾ।

چاپکردن ***ਚਾਪ ਕਰਦਨ*** : ਛਾਪਣਾ, ਪਰਕਾਸ਼ਤ ਕਰਨਾ।

چاپاتی ***ਚਾਪਾਤੀ*** : ਚਪਾਤੀ, ਰੋਟੀ, ਤਵੇ ਦੀ ਪਤਲੀ ਰੋਟੀ, ਫੁਲਕਾ।

چاپار ***ਚਾਪਾਰ*** : ਸਵਾਰੀ ਦੀ ਡਾਕ; ਡਾਕੀਆ, ਹਰਕਾਰਾ।

چاپارخانہ ***ਚਾਪਾਰ-ਖ਼ਾਨਾ*** : ਡਾਕਖਾਨਾ।

چاپخ ***ਚਾਪਖ਼*** : ਇਕ ਪਰਕਾਰ ਦਾ ਖ਼ੈਮਾ ਜਿਸ ਨੂੰ ਹਿੰਦੁਸਤਾਨ ਵਿਚ ਬੇਚੋਬਾ ਖ਼ੈਮਾ ਕੈਂਹਦੇ ਹਨ।

چاپلوس ***ਚਾਪਲੂਸ*** : ਖ਼ੁਸ਼ਾਮਦੀ, ਝੋਲੀ ਚੁੱਕ।

چاپلوسی ***ਚਾਪਲੂਸੀ*** : ਝੋਲੀ ਚੁੱਕਣਾ, ਖ਼ੁਸ਼ਾਮਦ, ਬੇਜਾ, ਪਰਸ਼ੰਸਾ ਕਰਨਾ।

چاپہ ***ਚਾਪਾ*** : ਲੱਕੜ ਦਾ ਠੇਕਾ ਜਾਂ ਠੱਪਾ ਜਿਸ ਨਾਲ ਕੱਪੜਿਆਂ 'ਤੇ ਬੇਲ ਬੂਟੇ ਪਾਏ ਜਾਂਦੇ ਹਨ, ਛਾਪਾ।

چاتو ***ਚਾਤੂ*** : ਗੰਭੀਰ, ਦੋਸ਼ੀਆਂ (ਕ਼ਾਤਲਾਂ ਆਦਿ) ਨੂੰ ਫਾਹੇ ਲਾਉਣ ਵਾਲੀ ਰੱਸੀ, ਫਾਂਸੀ, ਫਾਹਾ।

چاچ ***ਚਾਚ*** : ਤੁਰਕਿਸਤਾਨ ਦੇ ਪਰਸਿੱਧ ਸ਼ੈਹਰ ਤਾਸ਼ਕੰਦ ਦਾ ਪੁਰਾਣਾ ਨਾਮ ਜਿਥੋਂ ਦੀਆਂ ਕਮਾਣਾਂ ਮਸ਼ਹੂਰ ਸਨ; ਸ਼ੈਹਰ ਕਾਸ਼ਗ਼ਰ ਦਾ ਪੁਰਾਣਾ ਨਾਮ; ਸਾਫ਼ ਕੀਤੇ ਹੋਏ ਅੰਨ ਦਾ ਢੇਰ।

چاچی ***ਚਾਚੀ*** : 'ਚਾਚ' ਨਾਲ ਸਬੰਧਤ; ਚਾਚ ਸ਼ੈਹਰ ਦਾ ਰੈਹਣ ਵਾਲਾ; ਚਾਚ ਦੀ ਕਮਾਣ; ਮੁਨਾਦੀ ਕਰਨ ਵਾਲਾ; ਢੰਡੋਰਚੀ।

چاچلہ ***ਚਾਚਲਾਹ*** : ਚੰਮ ਦੀ ਜੁਤੀ।

چادر ***ਚਾਦਰ*** : ਕਿਸੇ ਧਾਤ ਦੇ ਲੰਮੇ ਚੌੜੇ ਤੇ ਪਤਲੇ ਪਤਰੇ; ਦੁਪੱਟਾ, ਸ਼ਾਲ; ਪਲੰਗ ਤੇ ਵਿਛਾਉਣਾ ਵਾਲਾ ਕੱਪੜਾ, ਚਾਦਰਾਂ; ਚਾਦਰ ਦੀ ਸ਼ਕਲ ਦੀਆਂ ਲੜੀਆਂ ਵਿਚ ਪਰੋਏ ਫੁੱਲ ਜੋ ਕਬਰ 'ਤੇ ਚਾੜ੍ਹੇ ਜਾਂਦੇ ਹਨ, ਚਿੱਟੀ ਚਾਦਰ ਜੋ ਹਾਜੀ ਲੋਕ ਹੱਜ ਦੇ ਸਮੇਂ ਪੈਹਨਦੇ ਹਨ।

چادراحرام ***ਚਾਦਰ-ਏ-ਇਹਰਾਮ*** : ਬਰਫ਼, ਤੁਖਾਰ।

چادر ***ਚਾਦਰ*** : ਬੁਰਕਾ; ਤੰਬੂ, ਖ਼ੇਮਾ।

چادرپوش قلندر ***ਚਾਦਰਪੋਸ਼ ਕ਼ਲੰਦਰ***, **چادرقلندری** ***ਚਾਦਰ-ਏ-ਕ਼ਲੰਦਰੀ*** : ਸ਼ਾਮਿਆਨਾ, ਸ਼ਾਹੀ ਖ਼ੇਮਾ।

چادرترما ***ਚਾਦਰ-ਏ-ਤਰਮਾ*** : ਸੰਜਾਫ਼ਦਾਰ ਸ਼ਾਹੀ ਖ਼ੇਮਾ।

چادرزدن ***ਚਾਦਰ ਜ਼ਦਨ*** : ਤੰਬੂ ਗੱਡਣਾ।

چادرنشین ***ਚਾਦਰ-ਨਸ਼ੀਨ*** : ਰੇਤ-ਥਲ ਵਿਚ ਤੰਬੂਆਂ ਵਿਚ ਰੈਹਣ ਵਾਲੇ ਲੋਕ।

چار ***ਚਾਰ*** : (ਚਾਰਾ **چاره** ਦਾ ਸੰਖਿਪਤ ਰੂਪ) ਇਲਾਜ, ਚਾਰਾ, ਹੀਲਾ, ਉਪਾ।

چار ***ਚਾਰ*** : (ਚਹਾਰ **چهار** ਦਾ ਸੰਖਿਪਤ ਰੂਪ) ਚਾਰ (੪)।

چارآخر ***ਚਾਰ ਆਖ਼ਰ***, **چاراجساد** ***ਚਾਰ ਅਜਸਾਦ***, **چارارکان** ***ਚਾਰ ਅਰਕਾਨ***, **چاراژدها** ***ਚਾਰ ਅਜ਼ਦਹਾ***, **چاراستاد** ***ਚਾਰ ਉਸਤਾਦ***, **چاربند** ***ਚਾਰ ਬੰਦ*** : ਚਾਰ ਤੱਤ, ਮਿੱਟੀ, ਹਵਾ, ਪਾਣੀ ਤੇ ਅੱਗ।

چارابرو ***ਚਾਰ ਅਬਰੂ*** : ਸਿਰ, ਦਾੜ੍ਹੀ, ਮੁੱਛਾਂ ਤੇ ਭਰਵੱਟਿਆਂ ਦੇ ਵਾਲ; ਅਲੂਆਂ ਮਸ਼ੂਕ।

چاربالش ***ਚਾਰ ਬਾਲਿਸ਼***, **بالشت چار** ***ਚਾਰ ਬਾਲਿਸ਼ਤ*** : ਗਾਉ ਤਕੀਆ; ਮਸਨਦ; ਸ਼ਾਹੀ ਤਖ਼ਤ; ਚਾਰ ਤੱਤ; ਸੰਸਾਰ।

چاربرگ ***ਚਾਰ ਬਰਗ*** : ਇਕ ਪਰਕਾਰ ਦਾ ਫੁੱਲ; ਪਹਾੜੀ ਪੋਸਤ।

چاربرگه ***ਚਾਰ ਬਰਗਾ*** : ਇਕ ਪਰਕਾਰ ਦਾ ਘਾਹ।

چارباغ ***ਚਾਰ ਬਾਗ਼*** : ਓਹ ਸ਼ਾਲੀ ਰੁਮਾਲ ਜਿਸ ਦੇ ਚਵ੍ਹਾਂ ਕੋਣਿਆਂ ਤੇ ਚਾਰ ਰੰਗ ਦੇ ਫੁੱਲ ਕੱਢੇ ਹੁੰਦੇ ਹਨ; ਓਹ ਬਾਗ਼ ਜੋ ਬਾਬਰ ਬਾਦਸ਼ਾਹ ਨੇ ਆਗਰਾ ਵਿਖੇ ਬਣਵਾਇਆ ਸੀ; ਏਹ ਸੁੰਦਰਤਾ ਤੇ ਕੋਮਲਤਾ ਵਿਚ ਅਦੁੱਤੀ ਸੀ, ਹੁਣ ਓਹ ਮਿੱਟ ਚੁਕਾ ਹੈ।

چارپا ***ਚਾਰ ਪਾ***, **چارپایه** ***ਚਾਰ ਪਾਯਾ*** : ਚਾਰ ਪੈਰਾਂ ਵਾਲਾ, ਚੁਪਾਇਆ, ਜਾਨਵਰ, ਪਸ਼ੂ।

چارپهلو ***ਚਾਰ ਪਹਿਲੂ*** : ਇਕ ਪਰਕਾਰ ਦੀ ਚੰਗੀ ਅੰਜੀਰ।

چارتا ***ਚਾਰ ਤਾ***, **چارتار** ***ਚਾਰ ਤਾਰ***, **چارتاره** ***ਚਾਰ ਤਾਰਾ*** : ਚਾਰ ਤਾਰਾਂ ਵਾਲਾ ਰਬਾਬ ਜਾਂ ਤੰਬੂਰਾ; ਸੰਸਾਰ, ਚਾਰ ਤੱਤ।

چارتکبیرزدن ***ਚਾਰ ਤਕਬੀਰ ਜ਼ਦਨ***, **چارتکبیرکردن** ***ਚਾਰ ਤਕਬੀਰ ਕਰਦਨ***, **چارتکبیرگفتن** ***ਚਾਰ ਤਕਬੀਰ ਗੁਫ਼ਤਨ*** : ਸਬੰਧ ਤੋੜਨਾ, ਸਭ ਕੁਝ ਛੱਡ ਦੇਣਾ; ਜਨਾਜ਼ੇ ਦੀ ਨਮਾਜ਼ ਪੜ੍ਹਨਾ।

چارجامه ***ਚਾਰ ਜਾਮਾ***, **چارجل** ***ਚਾਰ ਜੁਲ*** : ਬਨਾਤ ਜਾਂ ਮਖ਼ਮਲ ਦਾ ਝੁੱਲ ਜੋ ਸਜਾਵਟ ਲਈ ਘੋੜੇ ਤੇ ਪਾਉਂਦੇ ਹਨ, ਕੱਪੜੇ ਦੀ ਕਾਠੀ ਜਿਸ ਵਿਚ ਲੱਕੜ ਨਹੀਂ ਹੁੰਦੀ, ਕੇਵਲ ਤੈਹਮਤ ਬੰਨ੍ਹਿਆ ਹੋਵੇ ਤੇ ਬਾਕੀ ਸਾਰਾ ਸਰੀਰ ਨੰਗਾ ਹੋਵੇ।

چارجوهر ***ਚਾਰ ਜੌਹਰ*** : ਚਾਰ ਤੱਤ, ਮਿੱਟੀ, ਹਵਾ, ਅੱਗ ਤੇ ਪਾਣੀ।

چارجوی بهشتی ***ਚਾਰ ਜੂਯ-ਏ-ਬਹਿਸ਼ਤੀ*** : ਪਾਣੀ, ਦੁੱਧ, ਸ਼ੈਹਦ ਤੇ ਸ਼ਰਾਬ ਦੀਆਂ ਚਾਰ ਨੈਹਰਾਂ ਜੋ ਬਹਿਸ਼ਤ ਵਿਚ ਹੋਣਗੀਆਂ ; ਜੇਹੂੰ, ਸੇਹੂੰ, ਨੀਲ ਤੇ ਫ਼ਰਾਤ-ਚਾਰ ਪਰਸਿੱਧ ਨਦੀਆਂ।

چارچار ***ਚਾਰ ਚਾਰ*** : ਟਾਕਰਾ; ਅੱਖਾਂ ਚਾਰ ਹੋਣਾ; ਬਰਾਬਰੀ।

چارچشم ***ਚਾਰ ਚਸ਼ਮ*** : ਉਡੀਕਵਾਨ, ਉਤਸੁਕ; ਬੇਵਫ਼ਾ; ਬੇਲਿਹਾਜ਼ਾ; ਤੋਤਾਚਸ਼ਮ; ਓਹ ਜਾਨਵਰ ਜਿਸ ਦੀਆਂ ਅੱਖਾਂ ਦੇ ਉੱਪਰ ਵਾਲੇ ਪਾਸੇ ਕਾਲੇ ਰੰਗ ਦੇ ਨਿਸ਼ਾਨ ਹੋਣ, ਵਿਸ਼ੇਸ਼ ਕਰਕੇ ਕੁੱਤਾ।

چارچوب ***ਚਾਰ ਚੋਬ*** : ਦਰਵਾਜ਼ੇ ਦੀਆਂ ਚਾਰ ਲੱਕੜੀਆਂ, ਚੌਖਟ।

چارحد ***ਚਾਰ ਹਦ*** : ਚਾਰ ਦਿਸ਼ਾਵਾਂ, ਉੱਤਰ, ਦੱਖਣ, ਪੂਰਬ, ਪੱਛਮ।

چارخانه **ਚਾਰ ਖ਼ਾਨਾ** : ਓਹ ਕੱਪੜਾ ਜਿਸ ਵਿਚ ਲਕੀਰਾਂ ਨਾਲ ਚਾਰ ਚਾਰ ਖ਼ਾਨੇ ਬਣਦੇ ਹੋਣ, ਡੱਬੀਦਾਰ ਕੱਪੜਾ।

چاردانگ **ਚਾਰ ਦਾਂਗ** : ਦੀਨਾਰ ਛੇ ਦਾਂਗ ਦਾ ਹੁੰਦਾ ਹੈ, ਇਸ ਲਈ ਚਾਰ ਦਾਂਗ ਦੇ ਅਰਥ ਦੋ ਤਿਹਾਈ ਦੇ ਲੈਂਦੇ ਹਨ; ਸੰਸਾਰ ਦੀਆਂ ਛੇ ਦਿਸ਼ਾਵਾਂ ਵਿਚੋਂ ਚਾਰ, ਉੱਤਰ, ਦੱਖਣ, ਪੂਰਬ ਤੇ ਪੱਛਮ; ਓਹ ਚੀਜ਼ ਜੋ ਆਪਣੀ ਜੇਹੀ ਸ਼ੈ ਨਾਲੋਂ ਦੁੱਗਣੀ ਹੋਵੇ; ਕੁੱਲ।

چارده **ਚਾਰ-ਦਹ** : ਚਾਰ ਤੇ ਦਸ, ਚੌਦਾਂ (੧੪)।

چاردیوار **ਚਾਰ ਦੀਵਾਰ** : ਮਕਾਨ, ਘਰ; ਚਾਰ ਹੱਦਾਂ; ਚਾਰ ਦਿਸ਼ਾਵਾਂ; ਕਿਸੇ ਰਕਬੇ ਜਾਂ ਇਹਾਤੇ ਚਾਰਾਂ ਪਾਸਿਆਂ ਦੀਆਂ ਕੰਧਾਂ।

چاردیواری **ਚਾਰ ਦੀਵਾਰੀ** : ਇਹਾਤਾ, ਘੇਰਾ ਫ਼ਸੀਲ, ਚੌਹਾਂ ਪਾਸਿਆਂ ਦੀ ਦੀਵਾਰ, ਵਲਗਣ।

چارسو **ਚਾਰ ਸੂ,** چارسوق **ਚਾਰਸੂਕ਼** : ਚਾਰੇ ਪਾਸੇ; ਚੌਰਾਹਾ; ਚੌਕ; ਬਜ਼ਾਰ; ਉਡੀਕਵਾਨ, ਉਤਸੁਕ।

چارشانه **ਚਾਰ ਸ਼ਾਨਾ** : ਮੋਟੇ ਜਿਸਮ ਦਾ, ਹੱਟਾ-ਕੱਟਾ, ਮੋਟਾ-ਤਾਜ਼ਾ; ਬੇਡੌਲ; ਅਧੂਰਾ।

چارشنبه **ਚਾਰਸ਼ੰਬਾ** : ਬੁੱਧਵਾਰ।

چارضرب **ਚਾਰ ਜ਼ਰਬ** : ਚੌਤਾਲਾ ਨਾਚ, ਚਾਰ ਤਾਲ ਜੋ ਤਬਲਾ ਵਜਾਉਣ ਦੀ ਇਕ ਤਾਲ ਹੈ; ਸੂਫੀਆਂ ਦੇ ਇਕ ਸ਼ੁਗਲ ਦਾ ਨਾਮ; ਸਿਰ, ਦਾੜ੍ਹੀ, ਮੁਛਾਂ ਤੇ ਭਰਵੱਟੇ ਮੁਨਾ ਦੇਣਾ ਜੋ ਕਲੰਦਰਾਂ ਦੀ ਰੀਤ ਹੈ।

چارطاق **ਚਾਰ ਤਾਕ਼** : ਇਕ ਪਰਕਾਰ ਦਾ ਖ਼ੇਮਾ; ਰਸੋਈ ਦਾ ਖ਼ੇਮਾ; ਚਾਰ ਤੱਤ।

چارطاقی **ਚਾਰ ਤਾਕ਼ੀ** : ਚਾਰ ਕਲੀਆਂ ਵਾਲੀ ਟੋਪੀ।

چارطبع **ਚਾਰ ਤ਼ਬਅ਼** : ਗਰਮੀ, ਸਰਦੀ, ਖ਼ੁਸ਼ਕੀ ਅਤੇ ਤਰੀ।

چارطوفان **ਚਾਰ ਤੂਫ਼ਾਨ** : ਚਾਰ ਅਵੱਗਿਆ ਕਰਨ ਵਾਲੀਆਂ ਕੌਮਾਂ ਜਿਨ੍ਹਾਂ ਤੇ ਚਾਰ ਸਖ਼ਤ ਤੂਫ਼ਾਨ ਆਏ ਅਰਥਾਤ ਨੂਹ ਦੀ ਕੌਮ ਜਿਸ 'ਤੇ ਪਾਣੀ ਦਾ ਹੜ੍ਹ ਆਇਆ; ਲੂਤ ਦੀ ਕੌਮ ਜਿਸ 'ਤੇ ਅੱਗ ਦਾ ਤੂਫ਼ਾਨ ਆਇਆ; ਹੂਦ ਦੀ ਕੌਮ ਜਿਸ ਤੇ ਅਨ੍ਹੇਰੀ ਆਈ; ਸਾਲਿਹ ਦੀ ਕੌਮ ਜਿਸ 'ਤੇ ਮਿੱਟੀ ਦਾ ਤੂਫ਼ਾਨ ਆਇਆ; ਜ਼ੁਲਮ, ਹਿਰਸ; ਜਹਾਲਤ 'ਤੇ ਨਾਮਰਦੀ ਵੀ ਚਾਰ ਤੂਫ਼ਾਨ ਮੰਨੇ ਗਏ ਹਨ।

چارعنصر **ਚਾਰ ਉਨਸੁਰ** : ਚਾਰ ਬੁਨਿਆਦੀ ਚੀਜ਼ਾਂ ਜਿਨ੍ਹਾਂ ਨਾਲ ਸ੍ਰਿਸ਼ਟੀ ਦੇ ਜੀਵਾਂ ਦੀ ਜ਼ਾਹਰੀ ਸੂਰਤ ਪਰਗਟ ਹੋਈ; ਚਾਰ ਤੱਤ-ਅੱਗ, ਪਾਣੀ, ਮਿੱਟੀ ਤੇ ਹਵਾ।

چارقد **ਚਾਰ ਕ਼ਦ** : ਚਾਦਰ, ਰੁਮਾਲ।

چارقلم **ਚਾਰ ਕ਼ਲਮ** : ਦੋਵੇਂ ਹੱਥ ਤੇ ਦੋਵੇਂ ਪੈਰ।

چارکاسه **ਚਾਰ ਕਾਸਾ** : ਤੇਜ਼ ਘੋੜਾ।

چارگام **ਚਾਰ ਗਾਮ,** چارگامه **ਚਾਰ ਗਾਮਾ** : ਤੇਜ਼ ਰਫ਼ਤਾਰ ਘੋੜਾ; ਸ਼ਾਹੀ ਤਖ਼ਤ; ਜਨਾਜ਼ੇ ਦਾ ਤਾਬੂਤ।

چارلنگر **ਚਾਰ ਲੰਗਰ** : ਚਾਰ ਲੰਗਰਾਂ ਵਾਲੀ ਵੱਡੀ ਕਿਸ਼ਤੀ।

چارمذهب **ਚਾਰ ਮਜ਼ਹਬ** : ਚਾਰ ਅਸਮਾਨੀ ਕਿਤਾਬਾਂ ਨੂੰ ਮੰਨਣ ਵਾਲੇ ਚਾਰ ਧਰਮ, ਜ਼ਬੂਰ ਤੇ ਤੌਰੇਤ (ਯਹੂਦੀਆਂ), ਅੰਜੀਲ (ਈਸਾਈਆਂ) ਤੇ ਕੁਰਾਨ (ਮੁਸਲਮਾਨਾਂ) ਦੀਆਂ ਚਾਰ ਧਾਰਮਕ ਪੁਸਤਕਾਂ ਵਾਲੇ ਧਰਮ।

چارمرغ خلیل **ਚਾਰ ਮੁਰਗ਼-ਏ-ਖ਼ਲੀਲ** : ਕਬੂਤਰ, ਮੋਰ, ਮੁਰਗਾ, ਤੇ ਕਾਂ ਜਿਨ੍ਹਾਂ ਨੂੰ ਹਜ਼ਰਤ ਇਬਰਾਹੀਮ ਨੇ ਜ਼ਿਬ੍ਹਾ ਕਰਨ ਪਿਛੋਂ ਰੇਜ਼ਾ ਰੇਜ਼ਾ ਕਰਕੇ ਚਾਰ ਪਹਾੜਾਂ ਤੇ ਰੱਖ ਦਿਤਾ ਸੀ ਤੇ ਜਦ ਓਹਨਾਂ ਨੂੰ ਅਵਾਜ਼ ਦਿੱਤੀ ਤਾਂ ਓਹ ਅੱਲਾਹ ਦੇ ਹੁਕਮ ਨਾਲ ਜ਼ਿੰਦਾ ਹੋ ਗਏ।

چارمغز **ਚਾਰ ਮਗ਼ਜ਼** : ਤਬੀਬਾਂ ਦੀ ਪਰਭਾਸ਼ਾ ਵਿਚ ਮਗ਼ਜ਼ ਖ਼ਰਬੂਜ਼ਾ, ਮਗ਼ਜ਼, ਤਰਬੂਜ਼, ਮਗ਼ਜ਼ ਖੀਰਾ ਤੇ ਮਗ਼ਜ਼ ਕੱਦੂ।

چارم کتاب **ਚਾਰੁਮ ਕਿਤਾਬ** : ਕੁਰਾਨ ਸ਼ਰੀਫ਼।

چارمنزل **ਚਾਰ ਮਨਜ਼ਿਲ** : ਸੂਫ਼ੀਆਂ ਦੀਆਂ ਚਾਰ ਮੰਨਜ਼ਲਾਂ ਅਰਥਾਤ ਸ਼ਰੀਅਤ, ਤਰੀਕਤ; ਮਅਰਿਫ਼ਤ; (ਮਾਰੂਫ਼ਤ) ਅਤੇ ਹਕੀਕਤ।

چارموج ***ਚਾਰ ਮੌਜ***, **چارموجه** ***ਚਾਰ ਮੌਜਾ*** : ਘੁੰਮਣਘੇਰੀ।

چارمیخ ***ਚਾਰ ਮੇਖ਼*** : ਸ਼ਕੰਜਾ; ਪੁਰਾਣੇ ਸਮਿਆਂ ਦੀ ਇਕ ਸਖ਼ਤ ਸਜ਼ਾ ਜਿਸ ਅਨੁਸਾਰ ਹੱਥਾਂ ਪੈਰਾਂ ਵਿੱਚ ਚਾਰ ਮੇਖਾਂ ਠੋਕ ਦਿੱਤੀਆਂ ਜਾਂਦੀਆਂ ਸਨ; ਚਾਰ ਤੱਤ।

چارو ***ਚਾਰੂ*** : ਚੂਨਾ ਜੋ ਸੁਰਖ਼ੀ ਆਦਿ ਰਲਾਕੇ ਤਿਆਰ ਕੀਤਾ ਜਾਂਦਾ ਹੈ।

چاروهفت ***ਚਾਰ-ਉ-ਹਫ਼ਤ*** : ਚਾਰ ਤੱਤ ਤੇ ਸੱਤ ਸਤਾਰੇ।

چاره ***ਚਾਰਾ*** : ਇਲਾਜ, ਤਦਬੀਰ; ਫਰੇਬ, ਮਕਰ, ਠੱਗੀ; ਵਿਜੋਗ; ਸਹਾਇਤਾ।

چاریک ***ਚਾਰ ਯਕ*** : ਇਕ ਚੌਥਾਈ, ੧/੪, ਚੌਥਾ ਹਿੱਸਾ।

چاش ***ਚਾਸ਼*** : ਸਾਫ਼ ਕੀਤੇ ਹੋਏ ਅਨਾਜ ਦਾ ਢੇਰ।

چاشت ***ਚਾਸ਼ਤ*** : ਦਿਨ ਦਾ ਪੈਹਲਾ ਪੈਹਰ, ਦਿਨ ਦਾ ਚੌਥਾ ਭਾਗ; ਨੌਂ ਵਜੇ ਸਵੇਰ ਦਾ ਸਮਾਂ; ਪੈਹਰ ਦਿਨ ਚੜ੍ਹੇ ਦਾ ਖਾਣਾ; ਹਾਜ਼ਰੀ ਦੀ ਰੋਟੀ, ਪੈਹਲੇ ਪੈਹਰ ਦੀ ਨਮਾਜ਼।

چاشتدان چاشدان ***ਚਾਸ਼ਤਦਾਨ, ਚਾਸ਼ਦਾਨ*** : ਓਹ ਬਰਤਨ ਜਿਸ ਵਿਚ ਛਾਹ ਵੇਲਾ ਰੱਖਦੇ ਹਨ।

چاشکدان ***ਚਾਸ਼ਕਦਾਨ*** : ਔਰਤਾਂ ਦੀ ਸੰਦੂਕੜੀ।

چاشنی ***ਚਾਸ਼ਨੀ*** : ਚੱਖਣ ਦੀ ਮਾਤਰਾ; ਮਜ਼ਾ; ਸਿਫ਼ਤ; ਨਮੂਨਾ; ਮਿਠਾਸ, ਸ਼ੀਰੀਨੀ; ਨਗਾਰੇ ਤੇ ਪੈਹਲੀ ਚੋਟ ਲਾਉਣਾ; ਬੰਦੂਕ ਦੀ ਟੋਪੀ; ਪੱਤ।

چاشنیِ صبح ***ਚਾਸ਼ਨੀ-ਏ-ਸੁਬਹ*** : ਸਵੇਰ ਦੀ ਸਫੈਦੀ; ਪੌਹ-ਫੁਟਾਲਾ।

چاشنی گیر ***ਚਾਸ਼ਨੀ-ਗੀਰ*** : ਬਾਵਰਚੀ; ਖ਼ਾਨਸਾਮਾ; ਬਾਦਸ਼ਾਹਾਂ ਦਾ ਓਹ ਨੌਕਰ ਜਿਸ ਦਾ ਕੰਮ ਏਹ ਹੁੰਦਾ ਹੈ ਕਿ ਹਰ ਖਾਣੇ ਨੂੰ ਪੇਸ਼ ਕਰਨ ਤੋਂ ਪੈਹਲਾਂ ਆਪ ਚੱਖੇ ਤਾਂ ਜੋ ਜ਼ੈਹਰ ਦਾ ਡਰ ਨਾ ਰਹੇ।

چاق ***ਚਾਕ਼*** : ਚੁਸਤ, ਫੁਰਤੀਲਾ, ਚਲਾਕ; ਤੰਦਰੁਸਤ, ਤਾਕਤਵਰ; ਸੇਹਤ; ਸਮਾਂ, ਵਕਫ਼ਾ; ਮੋਟਾ ਤਾਜ਼ਾ।

چاقو ***ਚਾਕੂ*** : ਪਰਸਿੱਧ ਔਜ਼ਾਰ।

چاک ***ਚਾਕ*** : ਫਟਿਆ ਹੋਇਆ, ਕਟਿਆ ਹੋਇਆ, ਚੀਰਿਆ ਹੋਇਆ; ਮਕਾਨ ਜਾਂ ਬਾਗ਼ ਦਾ ਟੱਬੂ; ਬਾਰੀ, ਖਿੜਕੀ; ਸਵੇਰ ਦੀ ਸਫ਼ੈਦੀ; ਪੌਹ-ਫੁਟਾਲਾ; ਤਿਆਰ ਬਰ ਤਿਆਰ; ਤਲਵਾਰ ਆਦਿ ਮਾਰਨ ਦੀ ਅਵਾਜ਼।

چاکاچاک ***ਚਾਕਾ ਚਾਕ*** : ਤਲਵਾਰ ਚਲਾਉਣ ਦੀ ਅਵਾਜ਼, ਛੇਕ।

چاکچاک ***ਚਾਕ ਚਾਕ*** : ਟੁਕੜੇ ਟੁਕੜੇ; ਤਲਵਾਰ ਚਲਾਉਣ ਦੀ ਅਵਾਜ਼, ਤੜਾਕ ਤੜਾਕ।

چاکر ***ਚਾਕਰ*** : ਨੌਕਰ, ਸੇਵਾਦਾਰ, ਨੌਕਰ ਦਾ ਨੌਕਰ।

چاکری ***ਚਾਕਰੀ*** : ਨੌਕਰੀ, ਸ਼ੇਵਾਦਾਰੀ, ਟੈਹਲ ਸੇਵਾ।

چاکسو ***ਚਾਕਸੂ*** : ਛੋਟਾ ਜੇਹਾ ਕਾਲ਼ਾ ਦਾਣਾ ਜੋ ਅੱਖਾਂ ਦੀ ਪਰਸਿੱਧ ਦਵਾ ਹੈ।

چال ***ਚਾਲ*** : ਲਾਲ ਤੇ ਚਿੱਟੇ ਵਾਲਾਂ ਵਾਲਾ ਘੋੜਾ; ਛੋਟਾ ਖੂਹ, ਖੱਡ, ਜੂਏ ਦਾ ਇਕ ਦਾਅ; ਜੁਲਾਹੇ ਦੀ ਖੱਡੀ; ਚਕੋਰ।

چالحوض ***ਚਾਲ ਹੌਜ਼*** : ਪੱਕਾ ਹੌਜ਼, ਪੱਕਾ ਚਬੱਚਾ।

چالو/چاله ***ਚਾਲੂ/ ਚਾਲਾ*** : ਦੋ ਤਿੰਨ ਗਜ਼ ਡੂੰਘਾ ਟੋਆ।

چالیر ***ਚਾਲੀਰ*** : ਡੂੰਘਾ ਟੋਆ।

چالاک ***ਚਾਲਾਕ*** : ਚੁਸਤ, ਤੇਜ਼, ਫ਼ੁਰਤੀਲਾ; ਸਮਝਦਾਰ; ਖੂਨੀ; ਚੋਰ; ਉੱਚੀ ਥਾਂ।

چالاکی ***ਚਾਲਾਕੀ*** : ਚੁਸਤੀ, ਤੇਜ਼ੀ, ਫ਼ੁਰਤੀ ਮੱਕਾਰੀ, ਧਖੇਬਾਜ਼ੀ।

چالپوس ***ਚਾਲਪੂਸ*** : (ਚਾਪਲੂਸ ਦਾ ਬਦਲਵਾਂ ਰੂਪ) ਖ਼ੁਸ਼ਾਮਦੀ; ਫਰੇਬੀ, ਮੱਕਾਰ।

چالش ***ਚਾਲਿਸ਼*** : ਮਟਕ ਕੇ ਚੱਲਣ ਦੀ ਚਾਲ, ਨਖਰੇ ਵਾਲੀ ਚਾਲ; ਹਮਲਾ, ਹੱਲਾ, ਲੜਾਈ; ਸੰਭੋਗ; ਛਾਪਾ।

چالش گر ***ਚਾਲਿਸ਼ਗਰ*** : ਮਟਕ ਨਾਲ ਚੱਲਣ ਵਾਲਾ, ਨਾਜ਼ ਨਖ਼ਰੇ ਨਾਲ ਚੱਲਣ ਵਾਲਾ; ਜੋਧਾ; ਆਕਰਮਣਕਾਰੀ; ਸੰਭੋਗੀ; ਛਾਪਾ ਮਾਰਨ ਵਾਲਾ।

چالیک ***ਚਾਲੀਕ*** : ਗੁੱਲੀ ਡੰਡੇ ਦੀ ਪਰਸਿੱਧ ਖੇਡ।

چام ***ਚਾਮ*** : ਨਾਜ਼ ਨਖਰੇ ਵਾਲੀ ਚਾਲ, ਮਟਕਦਾਰ ਤੋਰ; ਪਹਾੜੀ ਘਾਟੀ; ਢੰਗ।

چاموش ***ਚਮੂਸ਼*** : ਇਕ ਪਰਕਾਰ ਦੀ ਜੁੱਤੀ।

چامه ***ਚਾਮਾ*** : ਸ਼ੇਅਰ, ਕਵਿਤਾ, ਗ਼ਜ਼ਲ।

چامهگو ***ਚਾਮਾ ਗੋ*** : ਸ਼ਾਇਰ, ਕਵੀ, ਗ਼ਜ਼ਲਗੋ; ਲੈ ਨਾਲ ਪੜ੍ਹਨ ਵਾਲਾ।

چامیدن ***ਚਾਮੀਦਨ*** : ਪਿਸ਼ਾਬ ਕਰਨਾ, ਮੂਤਣਾ।

چامین ***ਚਾਮੀਨ*** : ਪਾਖ਼ਾਨਾ, ਟੱਟੀ, ਮੂਤਰ, ਪਿਸ਼ਾਬ।

چانه ***ਚਾਨਾ*** : ਠੋਡੀ ਦੀ ਹੱਡੀ, ਠੋਡੀ; ਇਕ ਰੋਟੀ ਦਾ ਪੇੜਾ; ਗੱਲ ਬਾਤ।

چاوش ***ਚਾਊਸ਼*** : ਕਾਫ਼ਲੇ ਦਾ ਨੱਕਾਰਚੀ, ਲਸ਼ਕਰ ਦਾ ਨੱਕਾਰਚੀ, ਚੋਬਦਾਰ।

چاولی ***ਚਾਵਲੀ, ਚਾਊਲੀ*** : ਛੱਜ।

چاه ***ਚਾਹ*** : ਖੂਹ, ਖੱਡ, ਬਾਉਲੀ; ਖੱਡਾ, ਟੋਆ।

چاهبابل ***ਚਾਹ-ਏ-ਬਾਬੁਲ*** : ਸ਼ੈਹਰ ਬਾਬਲ ਦਾ ਖੂਹ ਜਿਸ ਵਿਚ ਦੋ ਫਰਿਸ਼ਤੇ ਹਾਰੂਤ ਤੇ ਮਾਰੂਤ ਕੈਦ ਹਨ।

چاهِ ذقن ***ਚਾਹ-ਏ-ਜ਼ਕ਼ਨ,*** **چاهزنخ** ***ਚਾਹ-ਏ-ਜ਼ਨਖ,*** **چاهزنخدان** ***ਚਾਹ-ਏ-ਜ਼ਨਖਦਾਨ*** : ਠੋਡੀ ਦਾ ਟੋਆ, ਠੋਡੀ ਹੇਠਲਾ ਡੂੰਘ।

چاهکن را چاه درپیش ***ਚਾਹਕਨ ਰਾ ਚਾਹ ਦਰ ਪੇਸ਼*** : ਦੂਜੇ ਲਈ ਖੂਹ ਪੁੱਟਣ ਵਾਲੇ ਅੱਗੇ ਡਿਗਣ ਲਈ ਪੈਹਲਾਂ ਹੀ ਖੂਹ ਤਿਆਰ ਹੁੰਦਾ ਹੈ; ਜੇਹੋ ਜੇਹਾ ਕਰੋਗੇ ਓਹੋ ਜੇਹਾ ਭਰੋਗੇ, ਬਦੀ ਕਰਨ ਵਾਲਾ ਖ਼ੁਦ ਬੁਰਾਈ ਦਾ ਸ਼ਿਕਾਰ ਹੁੰਦਾ ਹੈ।

چاهِمقنع ***ਚਾਹ-ਏ-ਮੁਕਨਅ,*** **چاهِنخشب** ***ਚਾਹ-ਏ-ਨਖ਼ਸ਼ਬ*** : ਸ਼ੈਹਰ ਕੁਸ਼ ਵਿਚਲੇ ਉਸ ਖੂਹ ਦਾ ਨਾਮ ਜਿਸ ਵਿਚੋਂ ਹਕੀਮ ਇਬਨ-ਏ-ਮੁਕਨਅ ਦਾ ਤਿਆਰ ਕੀਤਾ ਹੋਇਆ ਬਣਾਉਟੀ ਚੰਦ ਰਾਤ ਨੂੰ ਨਿਕਲਦਾ ਸੀ, ਇਸ ਚੰਦ ਨੂੰ ਮਾਹ-ਏ-ਨਖ਼ਸ਼ਬ ਕੈਂਹਦੇ ਹਨ, ਇਸ ਚੰਦ ਦੀ ਰੋਸ਼ਨੀ ਚਾਰ ਫਰਸੰਗ ਤਕ ਜਾਂਦੀ ਸੀ।

چاهه ***ਚਾਹਾ*** : ਖੂਹ ਵਰਗਾ ਡੂੰਘਾ ਟੋਆ, ਖੱਡ।

چاهی ***ਚਾਹੀ*** : ਖੂਹ ਨਾਲ ਸਬੰਧਤ ਓਹ ਜ਼ਮੀਨ ਜਿਸ ਨੂੰ ਖੂਹ ਦਾ ਪਾਣੀ ਲੱਗਦਾ ਹੋਵੇ।

چاهیوز ***ਚਾਹ-ਏ-ਯੂਜ਼,*** **چاهیوسف** ***ਚਾਹ-ਏ-ਯੂਸੁਫ਼*** : ਆਂਕੜਾਂ ਜਿਸ ਨਾਲ ਖੂਹ ਵਿਚੋਂ ਡਿਗੀ ਹੋਈ ਚੀਜ਼ ਕੱਢੀ ਜਾਂਦੀ ਹੈ, ਕੁੰਡਾ; ਓਹ ਖੂਹ ਜਿਸ ਵਿਚ ਯੂਸੁਫ਼ ਨੂੰ ਉਸ ਦੇ ਭਰਾਵਾਂ ਨੇ ਸੁੱਟ ਦਿਤਾ ਸੀ।

چای ***ਚਾਯ*** : ਚਾਹ ਦੀ ਪੱਤੀ ਜਿਸ ਨੂੰ ਉਬਾਲ ਕੇ ਪੀਂਦੇ ਹਨ; ਚਾਹ।

چبلوس ***ਚਬਲੂਸ*** : ਵੇਖੋ ਚਾਪਲੂਸ।

چبین ***ਚੁਬੀਜਨ*** : ਲੱਕੜ ਦਾ ਥਾਲ; ਛਾਪਾ; ਠੇਕਾ (ਕੱਪੜੇ ਠੇਕਣ ਵਾਲਾ)।

چپ ***ਚਪ*** : ਖੱਬਾ, ਖੱਬਾ ਹੱਥ, ਖੱਬਾ ਪਾਸਾ; ਰਾਗ ਜਾਂ ਸਾਜ਼ ਦਾ ਬੇਅਸੂਲ ਹੋਣਾ; ਵਿਰੋਧੀ, ਟੇਢਾ, ਵਿੰਗਾ; ਨਾਮਾਕੂਲ; ਅਨੁਚਿਤ; ਦਗ਼ਾਬਾਜ਼, ਫਰੇਬੀ, ਮੱਕਾਰ; ਦਗ਼ਾ, ਫਰੇਬ, ਮੱਕਰ।

چپرفتن ***ਚਪ ਰਫ਼ਤਨ*** : ਵਿਰੋਧ ਕਰਨਾ।

چپشدن ***ਚਪ ਸ਼ੁਦਨ*** : ਮੂੰਹ ਮੋੜ ਲੈਣਾ; ਉਲਟ ਹੋ ਜਾਣਾ, ਮੁਕਰ ਜਾਣਾ।

چپات ***ਚਪਾਤ*** : ਥੱਪੜ, ਚਪੇੜ, ਲਫੜ, ਚਾਂਟਾ, ਧੱਫਾ, ਧੌਲ।

چپاتی ***ਚਪਾਤੀ*** : (ਚਾਪਾਤੀ چاپاتی ਦਾ ਸੰਖਿਪਤ ਰੂਪ) ਤਵੇ ਦੀ ਪਤਲੀ ਰੋਟੀ, ਫੁਲਕਾ, ਰੋਟੀ।

چپار ***ਚਪਾਰ*** : ਦੋ ਰੰਗੀ ਸ਼ੈ; ਚਿਤਲਾ, ਕਾਲੇ ਦਾਗਾਂ ਵਾਲਾ ਘੋੜਾ; ਹਰਾ ਕਬੂਤਰ ਜਿਸ ਉਪਰ ਕਾਲੇ ਤਿਲ ਹੋਣ; ਡਾਕ; ਡਾਕੀਆ।

چپاغ ***ਚਪਾਗ਼*** : ਇਕ ਪਰਕਾਰ ਦੀ ਮੱਛੀ।

چپان ***ਚਪਾਨ*** : ਪੁਰਾਣੇ ਕੱਪੜੇ, ਚੀਥੜੇ।

چپانی ***ਚਪਾਨੀ*** : ਪੁਰਾਣੇ ਕੱਪੜੇ ਪੈਹਨਣ ਵਾਲਾ; ਬੇਸਹਾਰਾ ਆਦਮੀ, ਕੰਗਾਲ।

چپانداز ***ਚਪ-ਅੰਦਾਜ਼*** : ਫਰੇਬੀ, ਮੱਕਾਰ; ਮੋੜਵੇਂ ਤੀਰ ਚਲਾਉਣ ਵਾਲਾ।

چپاول *ਚਪਾਵਲ* : ਫ਼ੌਜ ਜਾਂ ਲਸ਼ਕਰ ਦੇ ਕਿਸੇ ਭਾਗ ਦਾ ਅੱਡ ਹੋ ਕੇ ਦੁਸ਼ਮਣ ਤੇ ਹਮਲਾ ਕਰਨਾ; ਲੁੱਟ ਮਾਰ, ਮਾਰ ਧਾੜ।

چپر *ਚਪਰ* : ਛੱਪਰ; ਓਹ ਵਿਅਕਤੀ ਜਿਸ ਨੂੰ ਬਾਦਸ਼ਾਹਾਂ ਵੱਲੋਂ ਹਰ ਪੜਾ ਤੇ ਨਵੀਂ ਸਵਾਰੀ ਮਿਲਦੀ ਹੈ, ਜਿਸ ਨਾਲ ਓਹ ਜ਼ਰੂਰੀ ਖ਼ਬਰਾਂ ਬੜੀ ਛੇਤੀ ਪੌਹਚਾ ਦਿੰਦਾ ਹੈ।

چپوق *ਚਪੂਕ* : ਹੁੱਕਾ, ਪਾਈਪ (ਤਮਾਕੂ ਦੀ)।

چتر *ਚਤਰ* : ਛਤਰ; ਛਤਰੀ; ਸਿਰ ਦੇ ਛੋਟੇ ਵਾਲ।

چترآبگوں *ਚਤਰ-ਏ-ਆਬਗੂੰ*, **چترزر** **چترِ زور** *ਚਤਰ-ਏ-ਰੋਜ਼*, *ਚਤਰ-ਏ-ਜ਼ਰ*, **چترزرین** *ਚਤਰ-ਏ-ਜ਼ਰੀਨ*, **چترسحر** *ਚਤਰ-ਏ-ਸਹਰ*, **چترنور** *ਚਤਰ-ਏ-ਨੂਰ* : ਅਸਮਾਨ, ਅਕਾਸ਼, ਸੂਰਜ।

چترسیمابی *ਚਤਰ-ਏ-ਸੀਮਾਬੀ*, **چترسیمیں** *ਚਤਰ-ਏ-ਸੀਮੀਂ* : ਪੂਰਾ ਚੰਦ, ਚੌਦਵੀਂ ਦਾ ਚੰਦ, ਪੂਰਨਮਾਸ਼ੀ ਦਾ ਚੰਦ।

چترمان *ਚਤਰਮਾਨ*, **چترمن** *ਚਤਰਮਨ* : ਬਾਦਸ਼ਾਹ, ਅਮੀਰ।

چخ *ਚਖ਼* : ਤਲਵਾਰ, ਛੁਰੀ, ਚਾਕੂ ਆਦਿ ਦਾ ਨਿਆਮ; ਲੜਾਈ, ਝਗੜਾ; ਮੈਲ, ਧਾਕ, ਪੀਕ; ਕੋਸ਼ਸ਼; ਝਟਪਟ; ਦੁਸ਼ਮਣੀ, ਮੁਖ਼ਾਲਫ਼ਤ।

چخاچخ *ਚਖ਼ਾਚਖ਼* : ਲੜਾਈ ਵਿਚ ਤਲਵਾਰ ਮਾਰਨ ਜਾਂ ਚੱਲਣ ਦੀ ਅਵਾਜ਼।

چخان *ਚਖ਼ਾਨ* : ਲੜਦਾ ਹੋਇਆ; ਕੋਸ਼ਸ਼ ਕਰਦਾ ਹੋਇਆ।

چخماخ *ਚਖ਼ਮਾਖ਼* : ਚਕਮਾਕ; ਇਕ ਪੱਥਰ ਜਿਸ ਵਿਚੋਂ ਅੱਗ ਨਿਕਲਦੀ ਹੈ।

چرا *ਚਿਰਾ* : (ਚਿਹ+ਰਾ چه را) ਕਿਉਂ, ਕਿਸ ਲਈ, ਕਿਸ ਕਾਰਨ।

چرا *ਚਰਾ* : ਚਰਨਾ; ਚਰਾਗਾਹ, ਚਰਾਂਦ।

چراخر *ਚਰਾ-ਖ਼ੁਰ*, **چرارار** *ਚਰਾ-ਜ਼ਾਰ* : ਚਰਾਗਾਹ, ਚਰਾਂਦ।

چرابہ *ਚਰਾਬਾ* : ਮਲਾਈ।

چراغ *ਚਰਾਗ਼, ਚਿਰਾਗ਼* : ਦੀਵਾ, ਦੀਪ, ਬੱਤੀ, ਰੋਸ਼ਨੀ, ਚਾਨਣ; ਮੁਰਸ਼ਦ, ਗੁਰੂ; ਪੁੱਤਰ; ਬੇਟਾ।

چراغِ آسمان *ਚਰਾਗ਼-ਏ-ਆਸਮਾਨ* : ਸੂਰਜ; ਬਿਜਲੀ।

چراغ پا *ਚਰਾਗ਼-ਪਾ* : ਘੋੜੇ ਦਾ ਪਿਛਲੇ ਪੈਰਾਂ 'ਤੇ ਖੜਾ ਹੋਣਾ।

چراغپایہ *ਚਰਾਗ਼ਪਾਯਾ* : ਚਰਾਗ਼ਦਾਨ, ਦੀਵਟ।

چراغ چشم *ਚਰਾਗ਼-ਏ-ਚਸ਼ਮ* : ਬੇਟਾ; ਪੁੱਤਰ, ਅਜ਼ੀਜ਼ ਦੋਸਤ।

چراغچی *ਚਰਾਗ਼ਚੀ* : ਚਰਾਗ਼ ਰੋਸ਼ਨ ਕਰਨ ਵਾਲਾ ਨੌਕਰ।

چراغ خاموش کردن *ਚਰਾਗ਼ ਖ਼ਾਮੋਸ਼ ਕਰਦਨ* : ਦੀਵਾ ਗੁਲ ਕਰਨਾ, ਦੀਵਾ ਬੁਝਾਉਣਾ।

چراغدان *ਚਰਾਗ਼ਦਾਨ* : ਦੀਵਟ।

چراغِ سحری *ਚਰਾਗ਼-ਏ-ਸਹਰੀ* : ਬੁਝਣ ਵਾਲਾ ਦੀਵਾ; ਕੋਈ ਚੀਜ਼ ਖਤਮ ਹੋਣ ਦੇ ਨੇੜੇ; ਮੌਤ ਨੇੜੇ ਆਉਣ ਦਾ ਸਮਾਂ; ਬੁਢਾਪੇ ਦੀ ਉਮਰ, ਬੌਹਤ ਬੁੱਢਾ।

چراغک *ਚਰਾਗ਼ਕ* : ਜੁਗਨੂੰ, ਟਟੈਹਣਾ।

چراغان *ਚਰਾਗ਼ਾਨ* : ਇਕ ਪਰਕਾਰ ਦੀ ਸਜ਼ਾ ਜਿਸ ਅਨੁਸਾਰ ਮੁਜਰਮ ਦੇ ਸਿਰ ਵਿਚ ਕਈ ਜ਼ਖਮ ਕਰਕੇ ਹਰ ਇਕ ਜ਼ਖਮ ਉਤੇ ਇਕ ਬਲਦੀ ਬੱਤੀ ਰੱਖ ਦਿੰਦੇ ਹਨ; ਦੀਪ ਮਾਲਾ।

چراغان کردن *ਚਰਾਗ਼ਾਨ ਕਰਦਨ* : ਰੋਸ਼ਨੀ ਕਰਨਾ, ਦੀਪਮਾਲਾ ਕਰਨਾ।

چرا کاری کند عاقل که بار آید پشیمانی *ਚਿਰਾ ਕਾਰੇ ਕੁਨਦ ਆਕਿਲ ਕਿ ਬਾਜ਼ ਆਯਦ ਪਸ਼ੇਮਾਨੀ* : ਸਿਆਣਾ ਵਿਅਕਤੀ ਅਜੇਹਾ ਕੰਮ ਨਹੀਂ ਕਰਦਾ ਜਿਸ ਤੇ ਪਿਛੋਂ ਪਛਤਾਉਣਾ ਪਵੇ।

چراگاہ *ਚਰਾਗਾਹ*, **چراگہ** *ਚਰਾਗਹ*, **چرام** *ਚਰਾਮ*, **چرامین** *ਚਰਾਮੀਨ* : ਪਸ਼ੂਆਂ ਦੇ ਚਰਨ ਦੀ ਥਾਂ, ਚਰਾਂਦ, ਹਰੇ ਘਾਹ ਦਾ ਮੈਦਾਨ।

چران ***ਚਰਾਨ*** : ਚਰਵਾਹਾ, ਆਜੜੀ, ਵਾਗੀ।

چرب ***ਚਰਬ*** : ਭਾਰੂ, ਭਾਰੂ ਹੋਣਾ; ਮੋਟਾ, ਜਿਸ ਦੇ ਸਰੀਰ ਵਿਚ ਬੌਹਤੀ ਚਰਬੀ ਹੋਵੇ।

چرب‌دست ***ਚਰਬ ਦਸਤ*** : ਚਲਾਕ; ਦਸਤਕਾਰ, ਕਾਰੀਗਰ; ਕਲਾਕਾਰ; ਅਕਲਮੰਦ; ਬੁੱਧੀਮਾਨ; ਚੋਰ, ਜੇਬਕਤਰਾ।

چرب‌گو, چرب‌زبان ***ਚਰਬ ਜ਼ਬਾਨ, ਚਰਬ ਗੋ*** : ਮਿੱਠੀਆਂ ਗੱਲਾਂ ਕਰਨ ਵਾਲਾ; ਭਾਸ਼ਣ ਕਲਾ ਵਿਚ ਪਰਵੀਣ, ਚਾਪਲੂਸ, ਖ਼ੁਸ਼ਾਮਦੀ, ਫਰੇਬੀ, ਮੱਕਾਰ।

چرب‌وخشک ***ਚਰਬ-ਉ-ਖ਼ੁਸ਼ਕ*** : ਥੋੜ੍ਹਾ ਬੌਹਤਾ, ਬੁਰਾ ਭਲਾ; ਕੰਜੂਸ ਤੇ ਸਖ਼ੀ; ਕੰਜੂਸੀ ਤੇ ਸਖਾਵਤ।

چربه ***ਚਰਬਾ*** : ਪਤਲਾ ਬਰੀਕ ਕਾਗਜ ਜੋ ਤਸਵੀਰ ਦੀ ਹਿਫ਼ਾਜ਼ਤ ਲਈ ਉਸ 'ਤੇ ਰੱਖਿਆ ਜਾਂਦਾ ਹੈ; ਖ਼ਾਕਾ, ਰੂਪਰੇਖਾ; ਬਰੀਕ ਤੇ ਪਤਲੇ ਕਾਗਜ਼ ਨੂੰ ਕਿਸੇ ਤਸਵੀਰ ਤੇ ਰੱਖ ਕੇ ਉਸ ਦੀ ਨਕਲ ਲਾਹੁਣੀ; ਮਲਾਈ; ਮੋਮਜਾਮਾ।

چربی ***ਚਰਬੀ*** : ਨਰਮੀ, ਮੁਲਾਇਮੀ; ਤੇਲ ਵਰਗਾ ਪਦਾਰਥ, ਚਿਕਨਾਈ; ਓਹ ਸਫ਼ੈਦ ਚਿਕਨਾ ਪਦਾਰਥ ਜੋ ਸਰੀਰ ਵਿਚ ਮਾਸ 'ਤੇ ਜਮ ਜਾਂਦਾ ਹੈ, ਚਰਬੀ, ਮੁਟਾਪਾ।

چرخ ***ਚਰਖ਼*** : ਅਸਮਾਨ, ਅਕਾਸ਼; ਚਰਖੀ; ਗਲਮਾ; ਕਰੜੀ ਕਮਾਣ; ਚੱਕਰ; ਨਾਚ; ਦੌਰ; ਇਕ ਪਰਕਾਰ ਦਾ ਅਤਲਸ; ਮੈਹਲ ਦਾ ਤਾਕ; ਇਕ ਸ਼ਿਕਾਰੀ ਪੰਛੀ; ਸ਼ਿਕਰਾ; ਚੱਕਰ ਖਾਣ ਵਾਲੀ ਹਰੇਕ ਸ਼ੈ ਜਿਵੇਂ ਘੁਮਾਰ ਦਾ ਚਰਖ਼; ਚਰਖ਼ਾ; ਪਹੀਆ; ਖ਼ਰਾਦ ਤੇ ਵੇਲਣਾ ਆਦਿ।

چرخ آبنوس ***ਚਰਖ਼-ਏ-ਆਬਨੂਸ*** : ਅਸਮਾਨ।

چرخ‌انداز ***ਚਰਖ਼-ਅੰਦਾਜ਼*** : ਤੀਰ ਚਲਾਉਣ ਵਾਲਾ।

چرخ‌دولابی, چرخ‌کبود ***ਚਰਖ਼-ਏ-ਦੋਲਾਬੀ, ਚਰਖ਼-ਏ-ਕਬੂਦ*** : ਅਸਮਾਨ।

چرخ‌زن ***ਚਰਖ਼ਜ਼ਨ*** : ਨੱਚਣ ਵਾਲਾ; ਸੈਰ ਕਰਨ ਵਾਲਾ; ਘੁੰਮਣ ਵਾਲਾ ਤੇ ਓਹ ਆਦਮੀ ਜੇਹੜਾ ਚਰਖ਼ ਚਲਾਵੇ।

چرخگی ***ਚਰਖ਼ਗੀ*** : ਨੱਚਣਾ; ਚੱਕਰ ਕੱਟਣਾ।

چرخاب ***ਚਰਖ਼ਾਬ*** : ਘੁੰਮਣਘੇਰੀ; ਇਕ ਪਰਕਾਰ ਦੀ ਪਣ-ਚੱਕੀ ਜਿਸ ਨਾਲ ਬਿਜਲੀ ਪੈਦਾ ਕੀਤੀ ਜਾਂਦੀ ਹੈ, ਟਰਬਾਈਨ।

چرخه ***ਚਰਖ਼ਾ*** : ਸੂਤਰ ਕੱਤਣ ਵਾਲਾ ਸੰਦ; ਇਕ ਰੁੱਖ ਦਾ ਨਾਮ ਜੋ ਬੌਹਤ ਪਤਲਾ ਤੇ ਖ਼ੁਸ਼ਕ ਹੁੰਦਾ ਹੈ; ਇਕ ਪਰਕਾਰ ਦਾ ਨਾਚ; ਪੁਰਾਣੀ ਚੀਜ਼; ਕਮਜ਼ੋਰ; ਬੁੱਢਾ।

چرخهٔ آبنوس ***ਚਰਖ਼ਾ-ਏ-ਆਬਨੂਸ*** : ਅਸਮਾਨ।

چرخی ***ਚਰਖ਼ੀ*** : ਘੁੰਮਣ ਵਾਲੀ ਹਰੇਕ ਚੀਜ਼; ਕਬੂਤਰ; ਇਕ ਪਰਕਾਰ ਦਾ ਨਫ਼ੀਸ ਅਤਲਸ, ਫ਼ਿਰਕੀ।

چرس ***ਚਰਸ*** : ਕੈਦਖ਼ਾਨਾ; ਸ਼ਕੰਜਾ; ਹੌਜ਼ ਜਿਸ ਵਿਚ ਅੰਗੂਰਾਂ ਨੂੰ ਲਤਾਂ ਨਾਲ ਮਿੱਧ ਕੇ ਓਹਨਾਂ ਦਾ ਸ਼ੀਰਾ ਕਢਿਆ ਜਾਂਦਾ ਹੈ; ਫਕੀਰਾਂ ਦੀ ਭਿੱਖਿਆ ਵਿਚ ਇੱਕਠੀ ਕੀਤੀ ਸ਼ੈ, ਭਿੱਖਿਆ ਦਾ ਮਾਲ; ਚਰਾਂਦ, ਚਰਾਗਾਹ।

چرسدان ***ਚਰਸਦਾਨ*** : ਫ਼ਕੀਰਾਂ ਦੀ ਝੋਲੀ।

چرغ ***ਚਰਗ਼*** : ਇਕ ਸ਼ਿਕਾਰੀ ਪੰਛੀ; ਲਗੜ ਬਗੜ; ਸ਼ਿਕਰਾ।

چرک ***ਚਰਕ*** : ਜ਼ਖ਼ਮ, ਫੱਟ, ਘਾਉ।

چرک ***ਚਿਰਕ*** : ਮੈਲ, ਗੰਦ, ਪੀਕ।

چرکتاب ***ਚਿਰਕਤਾਬ*** : ਮੈਲਖੋਰਾ ਰੰਗ।

چرکین ***ਚਿਰਕੀਨ*** : ਮੈਲ, ਮੈਲ ਨਾਲ ਭਰਿਆ ਹੋਇਆ, ਗੰਦਾ।

چرم ***ਚਰਮ*** : ਸ਼ੇਰ; ਬਘਿਆੜ; ਚਮੜਾ, ਚੰਮ; ਖਲ, ਧੌੜੀ।

چرم خام ***ਚਿਰਮ-ਏ-ਖ਼ਾਮ*** : ਕੱਚਾ ਚਮੜਾ ਜੋ ਢੋਲ, ਨੱਕਾਰੇ ਆਦਿ ਤੇ ਮੜ੍ਹਿਆ ਜਾਂਦਾ ਹੈ।

چرمدان ***ਚਰਮਦਾਨ*** : ਚਮੜੇ ਦੀ ਥੈਲੀ, ਚਮੜੇ ਦਾ ਬਟੂਆ ਜਾਂ ਖੀਸਾ।

چرم‌شیر ***ਚਰਮ-ਏ-ਸ਼ੇਰ,***
چرم‌گاو ***ਚਰਮ-ਏ-ਗਾਉ*** : ਕੋਰੜਾ, ਛਾਂਟਾ।

چرمک ***ਚਰਮਕ*** : ਤੱਕਲੇ ਦੀ ਬੀੜੀ; ਚਰਮਖ਼।

چرمک ***ਚੁਰਮਕ*** : ਪਹੇਲੀ, ਬੁਝਾਰਤ।

چرم‌کمان ***ਚਰਮ-ਏ-ਕਮਾਨ,***
چرم‌گور /گوزن ***ਚਰਮ-ਏ-ਗੋਰ/ ਗਵਜ਼ਨ*** : ਕਮਾਣ ਦਾ ਚਿੱਲਾ; ਕਮਾਣ ਦੀ ਤਾਂਤ।

چرمگر ***ਚਰਮਗਰ*** : ਚਮੜਾ ਰੰਗਣ ਵਾਲਾ; ਖਟੀਕ।

چرمینه ***ਚਰਮੀਨਾ*** : ਚਮੜੇ ਦੀ ਚੀਜ਼।

چرند ***ਚਰੰਦ,*** چرند ***ਚਰਿੰਦ,***
چرنده ***ਚਰੰਦਾ,*** چرنده ***ਚਰਿੰਦਾ*** : ਚਰਨ ਵਾਲਾ ਹੈਵਾਨ, ਚਰਵਾਹਾ; ਪੇਟ ਦੇ ਬਲ ਰਿੜ੍ਹਨ ਵਾਲੇ ਕੀੜੇ, ਸੱਪ ਆਦਿ।

چرندوپرند ***ਚਰੰਦ-ਉ-ਪਰੰਦ*** : ਜਾਨਵਰ ਤੇ ਪੰਛੀ।

چریک ***ਚਰੀਕ*** : ਮੱਦਦ ਲਈ ਭੇਜੀ ਫ਼ੌਜ, ਕੁਮਕ; ਵਗਾਰੀ ਫੌਜ।

چسپانیدن ***ਚਸਪਾਨੀਦਨ*** : ਚਿਪਕਾਉਣਾ।

چسپان ***ਚਸਪਾਨ*** : ਚਿਪਕਾਇਆ ਹੋਇਆ, ਜੁੜਿਆ ਹੋਇਆ; ਠੀਕ, ਮੁਨਾਸਬ।

چسپانده ***ਚਸਪਾਂਦਾ*** : ਦੋ ਚਿਪਕਾਏ ਹੋਏ ਕਾਗਜ਼ ਜੋ ਖ਼ੁਸ਼ਖ਼ਤੀ ਦੀ ਮਸ਼ਕ ਲਈ ਕੰਮ ਆਉਂਦੇ ਹਨ, ਵਸਲੀ।

چسپیدن ***ਚਸਪੀਦਨ*** : ਚਿਪਕਣਾ, ਲਿਪਟਣਾ; ਮੇਲ ਕਰਨਾ; ਕਿਸੇ ਚੀਜ਼ ਨੂੰ ਮਜ਼ਬੂਤ ਕਰਨਾ।

چسپیدگی ***ਚਸਪੀਦਗੀ*** : ਚਿਪਕਣਾ; ਚਿਪਕ, ਚਿਪਕਣ; ਲਗਾ; ਮੁਹੱਬਤ।

چست ***ਚੁਸਤ*** : ਫੁਰਤੀਲਾ, ਤੇਜ਼, ਚੁਸਤ, ਚਲਾਕ; ਠੀਕ; ਤੰਗ, ਭੀੜਾ; ਪੱਕਾ, ਮਜ਼ਬੂਤ।

چستی ***ਚੁਸਤੀ*** : ਚਲਾਕੀ; ਤੰਗੀ; ਮਜ਼ਬੂਤੀ; ਫੁਰਤੀ, ਤੇਜ਼ੀ, ਚੁਸਤੀ।

چشت ***ਚਿਸ਼ਤ*** : ਇਕ ਸਥਾਨ ਦਾ ਨਾਮ; ਚਿਸ਼ਤੀ ਸੰਪਰਦਾਏ ਦੇ ਲੋਕ, ਸੂਫ਼ੀ।

چشتی ***ਚਿਸ਼ਤੀ*** : ਚਿਸ਼ਤ ਨਾਲ ਸਬੰਧਤ; ਹਨਫ਼ੀ ਮੁਸਲਮਾਨਾਂ ਦੀਆਂ ਚਾਰ ਧਾਰਮਕ ਸੰਪਰਦਾਵਾਂ-ਨਕਸ਼ਬੰਦੀ, ਕਾਦਰੀ, ਚਿਸ਼ਤੀ, ਤੇ ਸੁਹਰਾਵਰਦੀ, ਵਿਚੋਂ ਇਕ ਸਿਲਸਿਲਾ, ਜਿਸ ਦੇ ਮੋਢੀ ਹਜ਼ਰਤ ਖ਼੍ਵਾਜਾ ਮੁਈਨੁੱਦੀਨ ਚਿਸ਼ਤੀ ਹੋਏ ਹਨ, ਜਿਨ੍ਹਾਂ ਦਾ ਮਜ਼ਾਰ ਅਜਮੇਰ ਸ਼ਰੀਫ਼ ਵਿਖੇ ਹੈ।

چشتیه ***ਚਿਸ਼ਤੀਯਾ*** : ਚਿਸ਼ਤੀ ਸਿਲਸਿਲੇ ਨਾਲ ਸਬੰਧਤ, ਚਿਸ਼ਤੀ ਖ਼ਾਨਦਾਨ; ਚਿਸ਼ਤੀ ਸਿਲਸਿਲਾ।

چشم ***ਚਸ਼ਮ*** : ਅੱਖ, ਨੈਣ; ਨਿਗਾਹ, ਨਜ਼ਰ;ਆਸ, ਉਮੀਦ; ਕਬੂਲ, ਪਰਵਾਨ।

چشمارو ***ਚਸ਼ਮ ਆਰੂ,*** چشم‌رو ***ਚਸ਼ਮਾ-ਰੂ*** : ਓਹ ਚੀਜ਼ ਜੋ ਖੇਤਾਂ ਵਿਚ ਜਾਨਵਰਾਂ, ਪੰਛੀਆਂ ਨੂੰ ਡਰਾਉਣ ਲਈ ਖੜ੍ਹੀ ਕਰ ਦਿੰਦੇ ਹਨ, ਡਰਨਾ; ਓਹ ਚੀਜ਼ (ਹਾਂਡੀ ਆਦਿ) ਜੋ ਭੈੜੀ ਨਜ਼ਰ ਤੋਂ ਬਚਣ ਲਈ ਮਕਾਨ ਦੇ ਮੱਥੇ ਤੇ ਟੰਗ ਦਿੰਦੇ ਹਨ।

چشم‌بارکردن ***ਚਸ਼ਮ ਬਾਜ਼ ਕਰਦਨ*** : ਅੱਖ ਖੋਲ੍ਹਣਾ।

چشم‌بد ***ਚਸ਼ਮ-ਏ-ਬਦ*** : ਭੈੜੀ ਨਜ਼ਰ।

چشم‌بددور ***ਚਸ਼ਮ-ਏ-ਬਦ-ਦੂਰ*** : ਭੈੜੀ ਨਜ਼ਰ ਨਾ ਲੱਗੇ, ਰੱਬ ਕਰੇ ਬੁਰੀ ਨਜ਼ਰ ਨਾ ਲਗੇ।

چشم‌براه ***ਚਸ਼ਮ-ਬ-ਰਾਹ,***
چشم‌درراه ***ਚਸ਼ਮ ਦਰ ਰਾਹ*** : ਉਡੀਕ ਵਿਚ।

چشم‌بلبل ***ਚਸ਼ਮ-ਏ-ਬੁਲਬੁਲ*** : ਨੱਕਾਸ਼ੀ ਦਾ ਛਾਪਾ, ਠੇਕਾ, ਬੁਲਬੁਲ ਚਸ਼ਮਾ।

چشم‌بند ***ਚਸ਼ਮ ਬੰਦ*** : ਲੋਕਾਂ ਦੀ ਨਜ਼ਰ ਬੰਨ੍ਹਣ ਦਾ ਮੰਤਰ।

چشم‌بندان ***ਚਸ਼ਮ ਬੰਦਾਨ*** : ਮੰਤਰ ਮਾਰਨ ਵਾਲੇ, ਜਾਦੂਗਰ; ਕਵੀ।

چشم‌پوشی ***ਚਸ਼ਮ-ਪੋਸ਼ੀ*** : ਕਸੂਰ ਜ਼ਾਹਰ ਨਾ ਕਰਨਾ, ਕਿਸੇ ਦੇ ਐਬ ਤੋਂ ਅੱਖਾਂ ਬੰਦ ਕਰ ਲੈਣਾ, ਵੇਖ ਕੇ ਅਣਡਿਠ ਕਰਨਾ।

چشم‌پوشیده ***ਚਸ਼ਮ ਪੋਸ਼ੀਦਾ*** : ਅੰਨ੍ਹਾ, ਨਾਬੀਨਾ।

چشم‌پیش **ਚਸ਼ਮ ਪੇਸ਼** : ਸ਼ਰਮਿੰਦਾ, ਸ਼ਰਮਸਾਰ।

چشمِ‌ترازو **ਚਸ਼ਮ-ਏ-ਤਰਾਜ਼ੂ** : ਤੱਕੜੀ ਦਾ ਪਲੜਾ।

چشم‌چارکردن **ਚਸ਼ਮ ਚਾਰ ਕਰਦਨ** : ਉਡੀਕਣਾ।

چشم‌خانه **ਚਸ਼ਮਖ਼ਾਨਾ** : ਅੱਖ ਦਾ ਹਲਕਾ, ਕੋਆ।

چشم‌زدن **ਚਸ਼ਮ ਜ਼ਦਨ** : ਅੱਖ ਦੀ ਝਲਕ ਵਿਚ, ਪਲ ਛਿਣ ਵਿਚ; ਇਸ਼ਾਰਾ ਕਰਨਾ; ਜਾਗਣਾ; ਡਰਨਾ; ਸ਼ਰਮ ਕਰਨਾ, ਸੰਗਣਾ।

چشم‌فرنگی **ਚਸ਼ਮ-ਏ-ਫ਼ਰੰਗੀ** : ਐਨਕ, ਸ਼ੀਸ਼ੇ, ਚਸ਼ਮਾ।

چشمک **ਚਸ਼ਮਕ** : ਐਨਕਾਂ, ਚਸ਼ਮਾ, ਰਮਜ਼, ਸੈਨਤ, ਸ਼ਕਰਰੰਜੀ।

چشم‌نشین **ਚਸਮ-ਨਸ਼ੀਨ** : ਪਿਆਰਾ।

چشم‌نمائی **ਚਸ਼ਮ-ਨੁਮਾਈ** : ਧਮਕੀ, ਡਰਾਉਣ ਦੀ ਕਿਰਿਆ, ਝਿੜਕੀ।

چشم‌وچراغ **ਚਸ਼ਮ-ਉ-ਚਿਰਾਗ** : ਵੇਖਣ ਦਾ ਸਰਮਾਇਆ, ਅੱਖ ਦੀ ਰੋਸ਼ਨੀ, ਇੱਜ਼ਤ ਮਾਣ ਦਾ ਸਰਮਾਇਆ।

چشمه **ਚਸ਼ਮਾ** : ਪਾਣੀ ਦਾ ਸੋਮਾਂ; ਸੂਈ ਦਾ ਨੱਕਾ, ਐਨਕ ।

چشمۂ‌حیواں **ਚਸ਼ਮਾ-ਏ-ਹੈਵਾਂ**, چشمۂ‌خضر **ਚਸ਼ਮਾ-ਏ-ਖ਼ਿਜ਼ਰ** : ਅੰਮ੍ਰਿਤ; ਮਸ਼ੂਕ ਦਾ ਮੂੰਹ।

چشمۂ‌خاوری **ਚਸ਼ਮਾ-ਏ-ਖ਼ਾਵਰੀ** : ਸੂਰਜ।

چشمه‌دار **ਚਸ਼ਮਾਦਾਰ** : ਸੰਗਲੀਆਂ ਵਾਲਾ, ਕੜੀਆਂ ਵਾਲੀ, ਸੰਗਲੀਦਾਰ, ਜ਼ੱਰਾ ਬਕਤਰ।

چشمه‌راز **ਚਸ਼ਮਾ-ਜ਼ਾਰ**, چشمه‌سار **ਚਸ਼ਮਾ-ਸਾਰ** : ਓਹ ਥਾ ਜਿੱਥੇ ਬੌਹਤ ਸਾਰੇ ਚਸ਼ਮੇ ਹੋਣ।

چشمۂ‌سلسبیل **ਚਸ਼ਮਾ-ਏ-ਸਲਸਬੀਲ** : ਬਹਿਸ਼ਤ ਦੀ ਇਕ ਨੈਹਰ ਦਾ ਨਾਮ।

چشمۂ‌نور **ਚਸ਼ਮਾ-ਏ-ਨੂਰ**, چشمه‌سیماب **ਚਸ਼ਮਾ-ਏ-ਸੀਮਾਬ**, چشمۂ‌هور **ਚਸ਼ਮਾ-ਏ-ਹੂਰ** : ਸੂਰਜ।

چشنه **ਚਸ਼ਨਾ** : ਖਾਣ ਦੀ ਸ਼ੈ, ਖਾਜਾ।

چشنه‌خوار **ਚਸ਼ਨਾ ਖ਼ਾਰ** : ਜੋ ਦੂਜਿਆਂ ਦੇ ਘਰਾਂ ਤੋਂ ਹੀ ਖਾਏ।

چشیدن **ਚਸ਼ੀਦਨ** : ਚੱਖਣਾ, ਸਵਾਦ ਵੇਖਣਾ।

چغ **ਚਗ਼** : ਮਧਾਣੀ, ਚਰਖਾ, ਚਰਖੀ।

چغ **ਚਿਗ਼** : ਸਿਰਕੀ, ਤੀਲਿਆਂ ਦਾ ਬੁਣਿਆ ਹੋਇਆ ਪਰਦਾ ਭਾਵ ਚਿਕ, ਚਿਲਮਨ।

چغامه **ਚਗ਼ਾਮਾ** : ਉਪਮਾ ਭਰੀ ਕਵਿਤਾ, ਕਸੀਦਾ, ਗ਼ਜ਼ਲ।

چغان **ਚਗ਼ਾਨ**, چغانه **ਚਗ਼ਾਨਾ** : ਇਕ ਸਾਜ਼ ਦਾ ਨਾਮ, ਸੰਗੀਤ ਦੀ ਇਕ ਸੁਰ।

چغتائی **ਚੁਗ਼ਤਾਈ** : ਚੁਗ਼ਤਾ ਨਾਲ ਸਬੰਧਤ, ਮੁਗ਼ਲਾਂ ਦਾ ਓਹ ਖ਼ਾਨਦਾਨ ਜੋ ਚੰਗੇਜ਼ ਖਾਂ ਦੇ ਪੁੱਤਰ ਚੁਗ਼ਤਾਈ ਖਾਂ ਦੀ ਨਸਲ ਵਿਚੋਂ ਹੈ, ਚੁੱਗਤੇ।

چغد **ਚੁਗ਼ਦ** : ਉੱਲੂ।

چغک **ਚੁਗ਼ਕ**, چغوں **ਚਗ਼ੂੰ**, چغوک **ਚੁਗ਼ੂਕ** : ਚਕਵਾ ਚਕਵੀ, ਪਾਣੀ ਦਾ ਇਕ ਪੰਛੀ, ਸੁਰਖ਼ਾਬ, ਚਿੜੀ।

چغل **ਚਗ਼ਲ** : ਭੰਨ, ਇਕ ਭਾਂਡੇ ਦਾ ਨਾਮ।

چغل **ਚੁਗ਼ਲ** : ਚੁਗ਼ਲੀ ਖਾਣ ਵਾਲਾ।

چغلی **ਚੁਗ਼ਲੀ** : ਕਿਸੇ ਦੀ ਬੁਰਾਈ ਕਰਨਾ, ਨਿੰਦਾ, ਲਾਈ ਬੁਝਾਈ।

چغه **ਚੁਗ਼ਾ** : ਚੋਗਾ, ਚੋਲਾ, ਲਬਾਦਾ, ਫ਼ਰਗ਼ਲ।

چق **ਚਕ਼** : ਮਧਾਣੀ।

چق **ਚਿਕ਼** : ਸਿਰਕੀ, ਬੂਹੇ ਅੱਗੇ ਟੰਗਣ ਵਾਸਤੇ ਤੀਲੀਆਂ ਦਾ ਬੁਣਿਆ ਹੋਇਆ ਪਰਦਾ, ਚਿਲਮਨ।

چقاچاق **ਚਕ਼ਾ ਚਾਕ਼**, چقاچق **ਚਕ਼ਾਚਕ਼** : ਤਲਵਾਰਾਂ ਦੇ ਚੱਲਣ ਜਾਂ ਨੇਜ਼ਿਆਂ ਦੇ ਵੱਜਣ ਦੀ ਅਵਾਜ਼।

چقماق **ਚਕ਼ਮਾਕ਼**, چقمق **ਚਕ਼ਮਕ਼** :

ਓਹ ਪੱਥਰ ਜਿਸ ਦੀ ਰਗੜ ਤੋਂ ਅੱਗ ਨਿਕਲਦੀ ਹੈ; ਤਾੜਨਾ; ਤਾਅਨਾ, ਮੇਹਣਾ।

چقندر ***ਚੁਕੰਦਰ, ਚੁਕੰਦੁਰ*** : ਸ਼ਲਗਮ ਵਰਗੀ ਇਕ ਪਰਕਾਰ ਦੀ ਲਾਲ ਰੰਗ ਦੀ ਸਬਜ਼ੀ ਜਿਸ ਵਿਚੋਂ ਖੰਡ ਬਣਾਈ ਜਾਂਦੀ ਹੈ।

چقو ***ਚਕੂ*** : (ਚਾਕੂ **چاقو** ਦਾ ਸੰਖਿਪਤ ਰੂਪ) ਚਾਕੂ।

چکاچاک ***ਚਕਾ ਚਾਕ,*** **چکاچک** ***ਚਕਾਚਕ*** : ਤਲਵਾਰ ਜਾਂ ਗੁਰਜ ਆਦਿ ਮਾਰਨ ਦੀ ਅਵਾਜ਼।

چکاسه ***ਚਕਾਸਾ*** : ਕੰਡਿਆਰਾ।

چکامه ***ਚਕਾਮਾ*** : ਨਜ਼ਮ, ਕਸੀਦਾ, ਸ਼ੇਅਰ, ਗ਼ਜ਼ਲ।

چکان ***ਚਕਾਨ*** : ਤਿਪ ਤਿਪ ਕਰਦਾ, ਟਪਕਦਾ ਹੋਇਆ, ਟਪਕਣ ਵਾਲਾ, ਸਿੰਮਦਾ ਹੋਇਆ।

چکاو ***ਚਕਾਵ,*** **چکاوک** ***ਚਕਾਵਕ,*** **چکاوه** ***ਚਕਾਵਾ*** : ਰਾਗ ਦੀ ਇਕ ਸੁਰ ਦਾ ਨਾਮ; ਚਿੜੀ ਤੋਂ ਕੁਝ ਵੱਡਾ ਇਕ ਪੰਛੀ, ਚੰਡੋਲ।

چکس ***ਚਕਸ*** : ਚਰਗ, ਬਾਜ਼ ਆਦਿ ਦੇ ਬੈਠਣ ਦਾ ਅੱਡਾ, ਪਾਲਤੂ ਪੰਛੀਆਂ ਨੂੰ ਬਿਠਾਉਣ ਦੀ ਲੱਕੜ, ਬੁਲਬੁਲ ਦਾ ਅੱਡਾ।

چکسه ***ਚਕਸਾ*** : ਓਹ ਕਾਗ਼ਜ਼ ਜਾਂ ਪੱਤਾ ਜਿਸ ਵਿਚ ਦੁਕਾਨਦਾਰ ਚੀਜ਼ ਆਦਿ ਬੰਨ੍ਹ ਕੇ ਦਿੰਦੇ ਹਨ, ਪੰਛੀਆਂ ਦਾ ਅੱਡਾ।

چکش ***ਚਕੁਸ਼*** : ਹਥੌੜਾ, ਵਦਾਨ।

چکله ***ਚਕਲਾ*** : ਕਤਰਾ ਕਤਰਾ ਟਪਕਾਉਣਾ; ਪਾਣੀ ਦੀ ਛਿੱਟ; ਪਰਗਨਾ, ਇਲਾਕਾ; ਜਗੀਰ, ਸੂਬਾ; ਗੋਲ ਚੀਜ਼।

چکمه ***ਚਕਮਾ*** : ਲੰਮਾ ਬੂਟ, ਜੁੱਤਾ; ਧੋਖਾ, ਫ਼ਰੇਬ।

چکن ***ਚਿਕਨ*** : ਕਸ਼ੀਦਾਕਾਰੀ, ਵੇਲ ਬੂਟੇ ਦਾ ਕੰਮ, ਜ਼ਰਦੋਜ਼ੀ, ਫੁੱਲਦਾਰ ਕੱਪੜਾ, ਫੁਲਕਾਰੀ।

چکیدن ***ਚਕੀਦਨ*** : ਟਪਕਣਾ।

چگونگی ***ਚਿਗੂਨਗੀ*** : ਹਾਲਤ, ਹਕੀਕਤ, ਕਿਸ ਤਰ੍ਹਾਂ ਹੈ, ਕੇਹੋ ਜੇਹੀ ਹਾਲਤ ਹੈ।

چگونه ***ਚਿਗੂਨਾ*** : ਕਿਵੇਂ, ਕਿਸ ਤਰ੍ਹਾਂ, ਕੀ, ਕੇਹੋ ਜੇਹਾ, ਕਿਉਂ ਕਰ।

چل ***ਚਲ*** : ਤੂੰ ਚੱਲ, ਤੂੰ ਚਲੇਆ, ਤੂੰ ਚਲਾ ਜਾ; ਨਦੀ ਨਾਲੇ ਦਾ ਓਹ ਬੰਧ ਜੋ ਪੱਥਰ, ਘਾਹ ਫੂਸ ਆਦਿ ਰਖ ਕੇ ਬਣਾਇਆ ਹੋਵੇ।

چل ***ਚਿਲ*** : (ਚਿਹਲ **چهل** ਦਾ ਸੰਖਿਪਤ ਰੂਪ) ਚਾਲੀ (੪੦); ਗੰਵਾਰ, ਉਜੱਡ, ਮੂਰਖ।

چلالی ***ਚਲਾਲੀ*** : ਓਹ ਛੋਟੀ ਜੇਹੀ ਟੋਕਰੀ ਜਿਸ ਵਿਚ ਔਰਤਾਂ ਚਰਖਾ ਕੱਤਣ ਵੇਲੇ ਰੂੰ, ਸੂਤਰ ਆਦਿ ਰੱਖਦੀਆਂ ਹਨ, ਪੱਛੀ, ਕੱਤਣੀ; ਛਿੱਕਾ।

چلاو ***ਚਲਾਓ*** : ਪਕਾ, ਪੱਕੇ ਹੋਏ ਚੌਲ, ਉਬਲੇ ਹੋਏ ਚੌਲ, ਖੁਸ਼ਕਾ।

چلبله ***ਚੁਲਬਲਾ*** : ਛੇਤੀ ਕਰਨ ਵਾਲਾ, ਜਲਦਬਾਜ਼; ਓਹ ਚੀਜ਼ ਜੋ ਕਿਸੇ ਨੂੰ ਇਨਾਮ ਵਿਚ ਮਿਲੇ, ਇਨਾਮ।

چلپچی ***ਚਲਪਚੀ, ਚਿਲਪਚੀ*** : ਹੱਥ ਮੂੰਹ ਧੋਣ ਦਾ ਬਰਤਨ, ਚਿਲਮਚੀ।

چلته ***ਚਿਲਤਾ*** : ਚਾਲੀ ਤੈਹਾਂ ਵਾਲਾ, ਜ਼ੱਰਾ ਬਕਤਰ।

چلچله ***ਚਿਲਚਲਾ*** : ਕੱਛੂਕੁੰਮਾ।

چلستون ***ਚਿਲ ਸਤੂਨ*** : ਚਾਲੀ ਥੰਮ੍ਹਾਂ ਵਾਲੀ ਇਮਾਰਤ।

چلغوزه ***ਚਿਲਗੋਜ਼ਾ*** : ਪਰਸਿੱਧ ਮੇਵਾ ਜੋ ਸਨੋਬਰ ਦਾ ਫਲ ਹੁੰਦਾ ਹੈ, ਨਿਓਜ਼ਾ।

چلقب ***ਚਿਲਕ਼ਬ,*** **چلقد** ***ਚਿਲਕ਼ਦ*** : ਚਿਲਤਰ ਭਾਵ ਚਾਲੀ ਤੈਹਾਂ ਵਾਲਾ; ਸੰਜੋਆ, ਜ਼ੱਰਾ ਬਕਤਰ।

چلواری ***ਚਿਲਵਾਰੀ*** : ਖ਼ਾਸੇ ਜਾਂ ਲੱਠੇ ਦਾ ਥਾਨ।

چلوک ***ਚੁਲੂਕ*** : ਘੋੜੇ ਦੇ ਗਲ ਵਿਚ ਪਾਉਣ ਵਾਲੀ ਰੱਸੀ; ਗੱਡੀ; ਧਤੂਰਾ।

چله ***ਚਿੱਲਾ*** : ਚਾਲ੍ਹੀ ਦਿਨ; ਚਾਲ੍ਹੀ ਦਿਨ ਕਿਸੇ ਨੁੱਕਰੇ ਬੈਠ ਕੇ ਇਬਾਦਤ ਕਰਨਾ; ਚਾਲੀ ਦਿਨਾਂ ਦਾ ਅਮਲ, ਤਪੱਸਿਆ; ਕਮਾਣ ਦੀ ਤਾਂਤ, ਕੱਸ।

چلی ***ਚਿਲੀ*** : ਬੇਅਕਲੀ, ਬੇਵਕੂਫ਼ੀ, ਮੂਰਖਤਾ।

چلیپا ***ਚਲੀਪਾ*** : ਸਲੀਬ, ਸੂਲੀ, ਸੋਨੇ ਜਾਂ ਚਾਂਦੀ ਦੀ ਚਾਰ ਨੁੱਕਰੀ ਸਲੀਬ ਜੋ ਹਜ਼ਰਤ ਈਸਾ ਦੀ ਦੁਖ ਭਰੀ ਮਿਰਤੂ ਦੀ ਯਾਦ ਵਿਚ ਗਲ ਵਿਚ

ਪਾਉਂਦੇ ਹਨ, ਸੂਲੀ ਦਾ ਚਿੰਨ੍ਹ; ਟੇਢ, ਵਿੰਗ।

چليدن ਚਲੀਦਨ : ਚੱਲਣਾ।

چم ਚਮ : ਨਾਜ਼ ਨਖ਼ਰੇ ਨਾਲ ਤੁੰ ਚੱਲ; ਰੁਚੀ, ਤਬੀਅਤ ਦਾ ਮੇਲਾਨ; ਨਖਰੇ ਵਾਲੀ ਚਾਲ, ਮਟਕ ਦੀ ਤੋਰ; ਰਾਹ, ਰਸਤਾ।

چماق ਚੁਮਾਕ਼, چماغ ਚੁਮਾਗ਼ : ਲੋਹੇ ਦਾ ਛੇ-ਪਾਸੀ ਗੁਰਜ, ਲਾਠੀ ਜਿਸ ਦਾ ਇਕ ਸਿਰਾ ਮੋਟਾ ਤੇ ਗੱਠਾਂ ਵਾਲਾ ਹੋਵੇ, ਮੁੱਠਦਾਰ ਡੰਡਾ; ਮਰਦ ਦਾ ਗੁਪਤ ਅੰਗ।

چمان ਚਮਾਨ : ਨਖ਼ਰੇ ਨਾਲ ਚੱਲਣ ਵਾਲਾ, ਨਾਜ਼ ਨਖ਼ਰੇ ਨਾਲ ਚੱਲਦਾ ਹੋਇਆ, ਮਟਕ ਟੋਰ; ਸ਼ਰਾਬ ਦਾ ਪਿਆਲਾ।

چمانی ਚਮਾਨੀ : ਨਾਜ਼ ਨਖ਼ਰੇ ਨਾਲ ਚੱਲਣ ਵਾਲਾ, ਮਟਕੀਲੀ ਚਾਲ ਚੱਲਣ ਵਾਲਾ; ਸਾਕੀ, ਸ਼ਰਾਬ ਪਿਆਉਣ ਵਾਲਾ।

چمانه ਚਮਾਨਾ : ਸ਼ਰਾਬ ਦਾ ਪਿਆਲਾ; ਜਾਮ, ਪਿਆਲੇ ਵਰਗਾ ਚਿਤਰਿਆ ਹੋਇਆ ਕੱਦੂ ਜਿਸ ਵਿਚ ਸ਼ਰਾਬ ਪੀਂਦੇ ਹਨ, ਸ਼ਰਾਬ ਦੀ ਤੂੰਬੀ; ਨਖ਼ਰੇ ਨਾਲ ਚੱਲਣਾ।

چمتاک ਚਮਤਾਕ, چمتک ਚਮਤਕ, چمشاک ਚਮਸ਼ਾਕ, چمشک ਚਮਸ਼ਕ : ਜੁੱਤੀ।

چمچرغه ਚਮਚਰਗ਼ਾ : ਇਕ ਪਰਕਾਰ ਦਾ ਕੋਰੜਾ, ਕੋਟਲਾ, ਚਾਬੁਕ।

چمچه ਚਮਚਾ : ਚਮਚਾ, ਕੜਛੀ।

چمش ਚਮਸ਼ : (ਚਸ਼ਮ چشم ਦਾ ਉਲਟਵਾਂ ਰੂਪ) ਅੱਖ।

چمش ਚਮਿਸ਼ : ਲਚਕ, ਨਾਜ਼ ਨਖ਼ਰੇ ਵਾਲੀ ਤੋਰ, ਮਟਕ ਦੀ ਤੋਰ।

چمشه ਚਮਸ਼ਾ : (ਚਸ਼ਮਾ چشمه ਦਾ ਉਲਟਵਾਂ ਰੂਪ) ਚਸ਼ਮਾ।

چمک ਚਮਕ : ਰੋਸ਼ਨੀ, ਭੜਕ, ਝਲਕ, ਸ਼ਾਨਸ਼ੌਕਤ, ਦਬਦਬਾ; ਸ਼ਕਤੀ; ਬੌਹਲਤਾ।

چمن ਚਮਨ : ਟੈਹਲਣ ਦੀ ਥਾਂ, ਸੈਰ ਦਾ ਸਥਾਨ, ਸਬਜ਼ ਕਿਆਰੀ, ਬਾਗ ਦੇ ਅੰਦਰ ਓਹ ਥਾਂ ਜਿਥੇ ਭਾਂਤ ਭਾਂਤ ਦੇ ਫੁੱਲ ਲੱਗੇ ਹੁੰਦੇ ਹਨ, ਫੁਲਵਾੜੀ, ਗੁਲਜ਼ਾਰ, ਰਮਣੀਕ ਮੈਦਾਨ।

چمن آرا ਚਮਨ-ਆਰਾ, چمن پیرا ਚਮਨ-ਪੈਰਾ, چمن طراز ਚਮਨ-ਤਰਾਜ਼ : ਬਾਗ਼ਬਾਨ, ਮਾਲੀ।

چمناک ਚਮਨਾਕ : ਜੁੱਤੀ।

چموش ਚਮੋਸ਼ : (ਚਾਮੋਸ਼ چاموش ਦਾ ਸੰਖਿਪਤ ਰੂਪ) ਪਾਪੋਸ਼, ਜੁੱਤੀ।

چموش ਚਮੂਸ਼ : ਦੁਲੱਤੀਆਂ ਮਾਰਨ ਵਾਲਾ ਘੋੜਾ ਜਾਂ ਖੱਚਰ।

چمیدن ਚਮੀਦਨ : ਲਚਕਣਾ, ਨਖ਼ਰੇ ਨਾਲ ਚੱਲਣਾ।

چمیز ਚਮੀਜ਼, چمین ਚਮੀਨ : ਪਿਸ਼ਾਬ, ਮੂਤਰ, ਪਖ਼ਾਨਾ, ਗੰਦ ਮੂਤਰ।

چناب ਚਨਾਬ : ਤੰਬੂ ਦੀਆਂ ਲੱਕੜਾਂ, ਚੋਬਾਂ ਆਦਿ ਵਿਚੋਂ ਇਕ ਲੱਕੜ ਦਾ ਨਾਮ, ਤੰਬੂ ਦੀ ਚੋਬ ਦਾ ਸੁਰਾਖ਼।

چنار ਚਨਾਰ, چنال ਚਨਾਲ : ਇਕ ਬੌਹਤ ਵੱਡੇ ਦਰੱਖ਼ਤ ਦਾ ਨਾਮ ਜਿਸ ਦੀ ਉਮਰ ਦੋ ਸੌ ਵਰ੍ਹੇ ਤੋਂ ਵੀ ਵਧੇਰੇ ਹੁੰਦੀ ਹੈ, ਉਸ ਦੇ ਪੱਤੇ ਮੱਨੁਖ ਦੇ ਹੱਥ (ਪੰਜੇ) ਵਰਗੇ ਹੁੰਦੇ ਹਨ। ਰਾਤ ਨੂੰ ਇਸ ਰੁੱਖ ਵਿਚੋਂ ਆਪਣੇ ਆਪ ਚੰਗਿਆੜੀਆਂ ਝੜਦੀਆਂ ਹਨ, ਇਸ ਨੂੰ ਕੋਈ ਫਲ ਨਹੀਂ ਲਗਦਾ, ਇਸ ਦੇ ਪੱਤਿਆਂ ਨੂੰ ਇਸਤਰੀਆਂ ਦੇ ਮੈਂਹਦੀ ਰੱਤੇ ਹੱਥਾਂ ਨਾਲ ਉਪਮਾ ਦਿੰਦੇ ਹਨ।

چنان ਚੁਨਾਂ : (ਅਸਲ ਵਿਚ ਚੂੰ+ਆਂ ਹੈ) ਅਜੇਹਾ, ਐਸਾ, ਇਸ ਕਦਰ, ਏਹਨਾਂ ਜੇਹਾ।

چنان چوں ਚੁੰਨਾਂ ਚੂੰ, چنانچه ਚੁਨਾਂ ਚਿਹ : ਜੇਹਾ ਕਿ, ਤਾਂ ਤੇ।

چنان وچنیں ਚੁਨਾਨ-ਉ-ਚੁਨੀਂ : ਐਸਾ ਵੈਸਾ, ਇਸ ਤਰ੍ਹਾਂ, ਉਸ ਤਰ੍ਹਾਂ, ਟੀਕਾ ਟਿੱਪਣੀ, ਚਰਚਾ, ਬੈਹਸ।

چنبا ਚੰਬਾ, چنپا ਚੰਪਾ : ਇਕ ਪਰਸਿੱਧ ਫੁੱਲ।

چناچن ਚਨਾਚਨ : ਤੀਰ ਜਾਂ ਤਲਵਾਰ ਦੇ ਲਗਾਤਾਰ ਵੱਜਣ ਦੀ ਅਵਾਜ਼।

چنبر ਚੰਬਰ : ਘੇਰਾ, ਗਰਦਨ ਦੀ ਹਸਲੀ, ਕਮੰਦ, ਫੰਦਾ; ਚੱਕਰ ਲਾਉਣਾ, ਚੱਕਰ ਕਟਣਾ; ਕੈਦ ਹੋਣਾ; ਸਰਪੋਸ਼, ਢੱਕਣ।

چنبربازی ***ਚੰਬਰ-ਬਾਜ਼ੀ*** : ਨੱਚਣਾ, ਚੱਕਰ ਲਾਉਣਾ।

چنبرپوش ***ਚੰਬਰ-ਏ-ਪੋਸ਼,*** **چنبرِگردن** ***ਚੰਬਰ-ਏ-ਗਰਦਨ*** : ਹਸਲੀ।

چنبرمینا ***ਚੰਬਰ-ਏ-ਮੀਨਾ,*** **چنبرِوارگون** ***ਚੰਬਰ-ਏ-ਵਾਜ਼ਗੂੰ,*** **چنبرِوازگونه** ***ਚੰਬਰ-ਏ-ਵਾਜ਼ਗੂੰਨਾ*** : ਅਸਮਾਨ।

چنبره ***ਚੰਬਰਾ*** : ਤਾਰਾਂ ਦਾ ਬਣਾਇਆ ਹੋਇਆ ਛਿੱਕਾ।

چنبک ***ਚੁੰਬਕ, ਚੰਬਕ*** : ਓਹ ਪੱਥਰ ਜੋ ਲੋਹੇ ਨੂੰ ਆਪਣੇ ਵੱਲ ਖਿਚਦਾ ਹੈ, ਮਿਕਨਾਤੀਸ।

چند ***ਚੰਦ*** : ਕਦੋਂ ਤਕ, ਕਿੰਨਾ, ਕਿੰਨੇ, ਜੋ ਕੁਝ; ਜਿੰਨਾ ਵੀ, ਕੁਝ, ਥੋੜਾ, ਸੀਮਤ।

چندروزه ***ਚੰਦ ਰੂਜ਼ਾ*** : ਆਰਜ਼ੀ, ਵਕਤੀ, ਝਟ ਰੈਹਣਾ, ਨਾਸ਼ਵਾਨ।

چندگاه ***ਚੰਦ-ਗਾਹ*** : ਕਈ ਵਾਰ।

چندلا ***ਚੰਦ ਲਾ*** : ਕਈ ਤੈਹਾਂ, ਕਈ ਤੈਹਾਂ ਵਾਲਾ।

چنداں ***ਚੰਦਾਂ*** : ਇੰਨਾ, ਇਸ ਕਦਰ; ਇੰਨੀ ਦੇਰ, ਇੰਨਾ ਚਿਰ; ਅਜੇਹੀ।

چندنکه ***ਚੰਦਾਂਕਿਹ*** : ਜਿੰਨਾ ਕੁ।

چندی ***ਚੰਦੇ*** : ਕੁਝ ਦਿਨ, ਥੋੜਾ ਸਮਾਂ, ਕੁਝ ਦੇਰ, ਥੋੜੇ ਚਿਰ ਲਈ।

چندیں ***ਚੰਦੀਂ*** : ਇੰਨਾ, ਇੰਨੀ; ਕਿਸ ਕਦਰ, ਕਿੰਨੇ।

چنگ ***ਚੰਗ*** : ਪੰਜਾ; ਇਕ ਸਾਜ਼ ਦਾ ਨਾਮ ਜਿਸ ਦਾ ਸਿਰ ਝੁਕਿਆ ਹੁੰਦਾ ਹੈ ਤੇ ਉਸ ਨੂੰ ਫੂਕ ਮਾਰ ਕੇ ਵਜਾਂਉਦੇ ਹਨ; ਪਰਸਿੱਧ ਚਿੱਤਰਕਾਰ ਮਾਨੀ ਦੀ ਕਿਤਾਬ ਦਾ ਨਾਮ, ਮਾਨੀ ਦੀ ਚਿੱਤਰਸ਼ਾਲਾ; ਟੇਢੀ ਚੀਜ਼।

چنگچنگ ***ਚੰਗ ਚੰਗ*** : ਮੁੱਠੀ ਮੁੱਠੀ।

چنگنواز ***ਚੰਗ-ਨਵਾਜ਼ (ਚੰਗੀ)*** : ਚੰਗ ਵਜਾਉਣ ਵਾਲਾ, ਵਜੰਤਰੀ।

چنگال ***ਚੰਗਾਲ*** : ਆਦਮੀ ਜਾਂ ਹੈਵਾਨ ਦਾ ਪੰਜਾ; ਮਲੀਦਾ; ਤੀਰ ਦਾ ਨਿਸ਼ਾਨਾ; ਖਾਣਾ ਖਾਣ ਦਾ ਕਾਂਟਾ।

چنگش ***ਚੰਗਸ਼*** : ਇਕ ਤੂਰਾਨੀ ਪੈਹਲਵਾਨ ਦਾ ਨਾਮ ਜੋ ਅਫਰਾਸਿਯਾਬ ਦੀ ਮੱਦਦ ਕਰਦਾ ਹੋਇਆ ਰੁਸਤਮ ਹੱ ਥੋਂ ਮਾਰਿਆ ਗਿਆ।

چنگل ***ਚੰਗੁਲ*** : ਮਨੁੱਖ ਜਾਂ ਹੈਵਾਨ ਦਾ ਪੰਜਾ।

چنگیز ***ਚੰਗੇਜ਼*** : ਮੁਗ਼ਲਾਂ ਦੀ ਭਾਸ਼ਾ ਵਿਚ ਵੱ ਡੇ ਨੂੰ ਕੈਂਹਦੇ ਹਨ।

چنگیز ***ਚੰਗੇਜ਼,*** **چنگیزخان** ***ਚੰਗੇਜ਼ ਖ਼ਾਨ*** : ਤੁਰਕਿਸਤਾਨ ਦੇ ਇਕ ਜ਼ਾਲਮ, ਪਰਸਿੱਧ ਤੇ ਵੱਡੀ ਸ਼ਾਨ ਵਾਲੇ ਬਾਦਸ਼ਾਹ ਦਾ ਨਾਮ ਜੋ 549 ਹਿਜਰੀ ਵਿਚ ਪੈਦਾ ਹੋਇਆ, ਹਲਾਕੂ ਖਾਂ ਇਸੇ ਦਾ ਪੋਤਰਾ ਸੀ ਜਿਸ ਨੇ ਬਗ਼ਦਾਦ ਆਦਿ ਕਈ ਸ਼ੈਹਰ ਤਬਾਹ ਤੇ ਬਰਬਾਦ ਕੀਤੇ ਸਨ।

چنو ***ਚੁੰਨੂ*** : (ਚੂੰ+ਊ ਦਾ ਸੰਖਿਪਤ ਰੂਪ) ਉਸ ਜੇਹਾ, ਉਸ ਵਰਗਾ।

چنین ***ਚੁਨੀਨ*** : (ਚੂੰ+ਈਂ **چوں این** ਦਾ ਸੰਖਿਪਤ ਰੂਪ) ਅਜੇਹਾ, ਅਜੇਹੀ ਗੱਲ।

چو ***ਚੂ*** : ਜਦੋਂ, ਜਦ; ਵਾਂਗ, ਵਰਗਾ; ਸਮਾਂ, ਜੇ।

چوب ***ਚੋਬ*** : ਲੱਕੜੀ, ਸ਼ਾਮਿਆਨੇ ਦੀ ਚੋਬ, ਢੋਲ ਵਜਾਉਣ ਦਾ ਡੱਗਾ, ਲਾਠੀ, ਪਿੰਜਰੇ ਅੰਦਰ ਪੰਛੀਆਂ ਦੇ ਬੈਹਣ ਦਾ ਅੱਡਾ।

چوبِخط ***ਚੋਬ-ਏ-ਖ਼ਤ*** : ਲੱਕੜ ਦਾ ਪੈਮਾਨਾ, ਫੁੱਟਾ।

چوبدار ***ਚੋਬਦਾਰ,*** **چوبدار** ***ਚੋਬ-ਏ-ਦਾਰ*** : ਓਹ ਨੌਕਰ ਜੋ ਸੋਨੇ ਜਾਂ ਚਾਂਦੀ ਦੀ ਲੱਠ ਲੈ ਕੇ ਅੱ ਗੇ ਅੱ ਗੇ ਚੱ ਲੇ ਜਾਂ ਦਰਵਾਜ਼ੇ ਦੇ ਬਾਹਰ ਖਲੋਵੇ।

چوبدست ***ਚੋਬ-ਏ-ਦਸਤ,*** **چوبدستی** ***ਚੋਬ ਦਸਤੀ*** : ਲਾਠੀ, ਸੋਟੀ, ਲੱਠ, ਸੋਟਾ।

چوبگر ***ਚੋਬ-ਏ-ਗਜ਼*** : ਲੱਕੜ ਦਾ ਗਜ਼।

چوبگی ***ਚੋਬਗੀ*** : ਚੋਬਦਾਰ, ਚੌਕੀਦਾਰਾਂ ਦਾ ਦਰੋਗ਼ਾ।

چوبان ***ਚੌਬਾਨ*** : ਚਰਵਾਹਾ, ਅਯਾਲੀ, ਆਜੜੀ।

چوبانی ***ਚੌਬਾਨੀ*** : ਚਰਵਾਹੇ ਦਾ ਕਿੱਤਾ, ਨਿਗਾਹਬਾਨੀ।

چوبک ***ਚੋਬਕ*** : ਓਹ ਚੋਬ ਜਾਂ ਲੱਕੜੀ ਜਿਸ ਨੂੰ ਚੌਕੀਦਾਰਾਂ ਦਾ ਦਰੋਗਾ ਸਾਰੀ ਰਾਤ ਤਖਤੇ ਜਾਂ ਨਗਾਰੇ ਤੇ ਮਾਰਦਾ ਰੈਂਹਦਾ ਹੈ ਤਾਂ ਜੋ ਚੌਕੀਦਾਰ ਜਾਗਦੇ ਰੈਹਣ; ਚੋਬ।

چوبک‌زن ***ਚੋਬਕ ਜ਼ਨ***, چوبکی ***ਚੋਬਕੀ*** : ਚੌਕੀਦਾਰਾਂ ਦਾ ਸਰਦਾਰ, ਕੋਤਵਾਲ, ਨਗਾਰਚੀ।

چوبکش ***ਚੋਬਕਸ਼*** : ਕਪਾਹ ਵੇਲਣ ਦੀ ਚਰਖੀ , ਵੇਲਣਾ।

چوبه ***ਚੋਬਾ*** : ਥੰਮ੍ਹੀ, ਥੰਮ੍ਹ; ਬੱਲੀ; ਕੋਰੜਾ, ਕੋਟਲਾ; ਤੀਰ, ਛੋਟੀ ਕਿੱਲ, ਮੇਖ਼।

چوبهٔ‌دار ***ਚੋਬਾ-ਏ-ਦਾਰ*** : ਫ਼ਾਂਸੀ ਦੇਣ ਦੀ ਲੱਕੜੀ।

چوبی ***ਚੋਬੀ***, چوبین ***ਚੋਬੀਨ*** : ਚੋਬ (ਲੱਕੜ) ਨਾਲ ਸਬੰਧਤ, ਲੱਕੜ ਦੀ ਚੀਜ਼।

چوپان ***ਚੌਪਾਨ***, چوبان ***ਚੌਬਾਨ*** : ਆਜੜੀ, ਗਡੱਰੀਆ, ਚਰਵਾਹਾ, ਪਾਲੀ।

چوپانی ***ਚੌਪਾਨੀ*** : ਆਜੜੀਪੁਣਾ, ਪਸ਼ੂਆਂ ਦੀ ਨਿਗਰਾਨੀ।

چوتره ***ਚੌਤਰਾ*** : ਚਬੂਤਰਾ, ਥੜ੍ਹਾ।

چوچه ***ਚੋਚਾ*** : ਵੇਲਣਾ ਜਿਸ ਉਤੇ ਕਪਾਹ ਨੂੰ ਵੇਲ ਕੇ ਪਤਲਾ ਕੀਤਾ ਜਾਂਦਾ ਹੈ।

چوخه ***ਚੋਖ਼ਾ*** : ਫ਼ਕੀਰਾਂ ਦਾ ਪਸ਼ਮੀਨੇ ਦਾ ਲਿਬਾਸ, ਉੱਨ ਦੀ ਗੋਦੜੀ, ਚੋਗ਼ਾ, ਕੰਬਲੀ।

چوز ***ਚੂਜ਼*** : ਇਸਤਰੀ ਦਾ ਗੁਪਤ ਅੰਗ; ਚਕੋਰ; ਓਹ ਸ਼ਿਕਾਰੀ ਪੰਛੀ ਜਿਸ ਨੇ ਅਜੇ ਸ਼ਿਕਾਰ ਕਰਨਾ ਨਾ ਸਿੱਖਿਆ ਹੋਵੇ।

چوزه ***ਚੂਜ਼ਾ*** : ਕੁਕੜੀ ਦਾ ਬੱਚਾ, ਚੂਚਾ।

چوشک ***ਚੂਸ਼ਕ*** : ਟੂਟੀ ਵਾਲਾ ਛੋਟਾ ਕੁੱਜਾ, ਵਾਹੜੀ, ਲੋਟਾ।

چوغه ***ਚੂਗ਼ਾ*** : ਲਬਾਦਾ, ਚੋਗ਼ਾ, ਚੋਲਾ।

چوغول ***ਚੂਗ਼ੂਲ*** : ਜਸੂਸ, ਮਦਾਰ, ਧੋਖੇਬਾਜ਼, ਚੁਗ਼ਲ।

چوغولی ***ਚੂਗ਼ੂਲੀ*** : ਜਸੂਸੀ; ਦਗ਼ਾਬਾਜ਼ੀ, ਗ਼ਦਾਰੀ, ਚੁਗ਼ਲੀ।

چوکک ***ਚੌਕਕ*** : ਉੱਲੂ।

چوکی ***ਚੌਕੀ*** : ਨਿਗਰਾਨੀ, ਪੈਹਰਾ; ਨਿਗਰਾਨੀ ਕਰਨ ਦਾ ਸਥਾਨ।

چوکیدار ***ਚੌਕੀਦਾਰ*** : ਨਿਗਰਾਨ, ਪਾਹਰੂ।

چوگان ***ਚੌਗਾਨ*** : ਬੱਲਾ, ਡੰਡਾ, ਖੂੰਟਾ; ਨੱਗਾਰਾ ਵਜਾਉਣ ਦੀ ਚੋਬ।

چوگان‌بار ***ਚੌਗਾਨ-ਬਾਜ਼***, چوگان‌زن ***ਚੌਗਾਨ-ਜ਼ਨ*** : ਬੱਲਾ ਖੇਡਣ ਦਾ ਖਿਡਾਰੀ, ਬੱਲੇਬਾਜ਼, ਪੋਲੋ-ਖਿਡਾਰੀ।

چوگان‌بازی ***ਚੌਗਾਨ-ਬਾਜ਼ੀ*** : ਬੱਲੇਬਾਜ਼ੀ।

چوگانی ***ਚੌਗਾਨੀ*** : ਚੌਗਾਨਬਾਜ਼ੀ ਵਿਚ ਤੇਜ਼ ਦੌੜਨ ਵਾਲਾ ਘੋੜਾ, ਪੋਲੋ ਦਾ ਘੋੜਾ।

چول ***ਚੌਲ***, چول ***ਚੂਲ*** : ਟੇਢਾ, ਵਿੰਗਾ।

چول ***ਚੂਲ***, چولستان ***ਚੂਲਿਸਤਾਨ*** : ਜੰਗਲ।

چول ***ਚੋਲ*** : ਮਰਦ ਦਾ ਗੁਪਤ ਅੰਗ।

چوله ***ਚੂਲਾਹ*** : ਜੁਲਾਹਾ; ਮਕੜੀ।

چوم ***ਚੂਮ*** : ਚਰਬੀ।

چون ***ਚੂਨ*** : ਵਾਂਗ, ਵਰਗਾ, ਜੇਕਰ, ਜਦ, ਜਦੋਂ ਵੀ, ਜੇ, ਕਿਉਂਕਿ, ਕਿਵੇਂ, ਕਿਸ ਤਰ੍ਹਾਂ, ਕਿਸ ਲਈ।

چون‌وچرا ***ਚੂਨ-ਉ-ਚਿਰਾ***, ***ਚੂੰ-ਉ-ਚਿਰਾ*** : ਕਿਉਂ, ਕਿਸ ਲਈ, ਬੈਹਸ, ਤਕਰਾਰ।

چون‌وچند ***ਚੂਨ-ਉ-ਚੰਦ*** : ਹਾਲਤ, ਦਸ਼ਾ।

چونی ***ਚੂਨੀ*** : ਤੂੰ ਕਿਸ ਤਰ੍ਹਾਂ ਹੈਂ, ਤੇਰਾ ਕੀ ਹਾਲ ਹੈ।

چونک ***ਚੂੰਕਿਹ*** : ਆਧੁਨਿਕ ਫ਼ਾਰਸੀ ਵਿਚ 'ਅਗਰ' (ਜੇਕਰ) ਦੇ ਅਰਥਾਂ ਵਿਚ ਆਉਂਦਾ ਹੈ, ਕਿਉਂਕਿ, ਇਸ ਲਈ।

چه ***ਚਿਹ*** : ਕੀ, ਕਿਉਂਕਿ, ਜੋ ਕੁਛ, ਬੌਹਤ, ਇਕੋ ਜੇਹਾ, ਇਕ ਸਮਾਨ।

چه‌کاره ***ਚਿਹ ਕਾਰਾ*** : ਨਿਕੰਮਾ ਆਦਮੀ।

چه‌گل‌شگفت ***ਚਿਹ ਗੁਲ ਸ਼ਿਗੁਫ਼ਤ***, چه‌گل‌شگفته ***ਚਿਹ ਗੁਲ ਸ਼ਿਗੁਫ਼ਤਾ*** : ਕਿੱਡੀ ਅਜੀਬ ਗੱਲ ਹੋਈ ਹੈ, ਕੀ ਗੁਲ ਖਿਲਿਆ ਹੈ।

چه ***ਚਹ***: (ਚਾਹ چاه ਦਾ ਸੰਖਿਪਤ ਰੂਪ) ਖੂਹ।

چها ***ਚਿਹਾ***: ਕਿੰਨਾ ਵੱਧ; ਬੌਹਤ ਸਾਰਾ; ਕੀ ਕੀ; ਕੇਹੜੀ; (ਆਮ ਦੁਰਘਟਨਾ ਜਾਂ ਸੰਕਟ ਸਮੇਂ ਵਰਤਿਆ ਜਾਂਦਾ ਹੈ)।

چهار ***ਚਹਾਰ***: ਚਾਰ (੪)।

چهارآئین ***ਚਹਾਰ ਆਈਨ*** : ਚਾਰ ਅਰਕਾਨ, ਚਾਰ ਧਰਮ ਪੁਸਤਕਾਂ ਅਰਥਾਤ ਤੌਰੇਤ, ਜ਼ਬੂਰ, ਇੰਜੀਲ ਤੇ ਕੁਰਆਨ।

چهارارکان ***ਚਹਾਰ ਅਰਕਾਨ*** : ਇਕ ਪਰਕਾਰ ਦਾ ਤੰਬੂ, ਰਾਉਟੀ; ਸੰਸਾਰ ਦੀਆਂ ਚਾਰ ਦਿਸ਼ਾਵਾਂ।

چهاراقران ***ਚਹਾਰ ਅਕਰਾਨ*** : ਚਾਰ ਅਰਕਾਨ, ਹਜ਼ਰਤ ਰਸੂਲ-ਅੱਲਾਹ ਦੇ ਚਾਰ ਯਾਰ।

چهاراقلیمهند ***ਚਹਾਰ ਅਕਲੀਮ-ਏ-ਹਿੰਦ*** : ਸਾਰਾ ਹਿੰਦੁਸਤਾਨ।

چهارباد ***ਚਹਾਰ ਬਾਦ*** : ਚਾਰ ਹਵਾਵਾਂ; ਉੱਤਰ, ਦੱਖਣ, ਪੱਛਮ, ਪੂਰਬ ਵੱਲੋਂ ਆਉਣ ਵਾਲੀਆਂ ਚਾਰ ਹਵਾਵਾਂ।

چهاربالش ***ਚਹਾਰ ਬਾਲਿਸ਼,*** **چهار بالشت** ***ਚਹਾਰ ਬਾਲਿਸ਼ਤ*** : ਤਖ਼ਤ ਤੇ ਮਸਨਦ; ਚਾਰ ਤੱਤ (ਅੱਗ, ਪਾਣੀ, ਹਵਾ, ਮਿਟੀ), ਚਾਰ ਦਿਸ਼ਾਵਾਂ; ਸਰਬ ਸੰਸਾਰ।

چهارپهلو ***ਚਹਾਰ ਪਹਿਲੂ*** : ਗੈਹਰੀ ਨੀਂਦ ਸੌਣਾ, ਇਕ ਪਰਕਾਰ ਦੀ ਅੰਜੀਰ।

چهارتاره ***ਚਹਾਰ-ਤਾਰਾ*** : ਇਕ ਸਾਜ਼ ਦਾ ਨਾਮ।

چهارچوب ***ਚਹਾਰ ਚੋਬ***: ਚੌਖਟ।

چهارحمال ***ਚਹਾਰ ਹੱਮਾਲ*** : ਚਾਰ ਤੱਤ।

چهاردانگ ***ਚਹਾਰ ਦਾਂਗ*** : ਵੇਖੋ ਚਾਰ ਦਾਂਗ।

چهاردریچه ***ਚਹਾਰ ਦਰੀਚਾ***: ਮੂੰਹ, ਕੰਨ, ਨੱਕ ਤੇ ਅੱਖ, ਚਾਰ ਤੱਤ, ਇਕ ਗੱਲ ਤੇ ਨਾ ਟਿਕਣ ਵਾਲਾ।

چهارده ***ਚਹਾਰਦਹ***: ਚੌਦਾਂ (੧੪)।

چهاردهم ***ਚਹਾਰ ਦਹੁਮ*** : ਚੌਦ੍ਹਵਾਂ, ੧/੧੪।

چهاررکن ***ਚਹਾਰ ਰੁਕਨ*** : ਕਾਅਬੇ ਦੇ ਚਾਰ ਰੁਕਨ ਭਾਵ ਸ਼ਾਮੀ ਮੀਨਾਰ, ਯਮਾਨੀ ਮੀਨਾਰ, ਇਰਾਕੀ ਮੀਨਾਰ ਤੇ ਕਾਲਾ ਪੱਥਰ।

چهاررئس ***ਚਹਾਰ ਰਈਸ***: ਚਾਰ ਤੱਤ।

چهارزبان ***ਚਹਾਰ ਜ਼ਬਾਨ*** : ਓਹ ਆਦਮੀ ਜੋ ਇਕ ਗੱਲ ਤੇ ਨਾ ਟਿਕੇ; ਮੂੰਹ, ਨੱਕ, ਕੰਨ ਤੇ ਅੱਖ।

چهارسو ***ਚਹਾਰਸੂ*** : ਚਾਰੇ ਪਾਸੇ, ਚਾਰ ਦਿਸ਼ਾਵਾਂ, (ਉੱਤਰ ਦੱਖਣ, ਪੂਰਬ, ਪੱਛਮ)।

چهارشنبه ***ਚਹਾਰ ਸ਼ੰਬਾ***: ਬੁੱਧਵਾਰ।

چهارطاق ***ਚਹਾਰ ਤ਼ਾਕ***: ਇਕ ਪਰਕਾਰ ਦਾ ਤੰਬੂ, ਰਾਉਟੀ।

چهارطبع ***ਚਹਾਰ ਤਬਅ਼*** : ਗਰਮੀ, ਸਰਦੀ, ਖ਼ੁਸ਼ਕੀ ਤੇ ਤਰੀ।

چهارعلم ***ਚਹਾਰ ਅ਼ਲਮ,***
چهارکرگس ***ਚਹਾਰ ਕਰਗਸ***: ਚਾਰ ਤੱਤ।

چهارگامه ***ਚਹਾਰ ਗਾਮਾ***: ਤੇਜ਼ ਘੋੜਾ।

چهارگاه ***ਚਹਾਰਗਾਹ*** : ਰਾਗ ਦੀ ਇਕ ਕਿਸਮ।

چهارگوشه ***ਚਹਾਰ ਗੋਸ਼ਾ*** : ਚੌਖੁੰਟੀ ਚੀਜ਼; ਤਖ਼ਤ; ਮੁਰਦੇ ਦਾ ਤਾਬੂਤ।

چهارگوهر ***ਚਹਾਰ ਗੌਹਰ,***
چهار گلخن ***ਚਹਾਰ ਗੁਲਖ਼ਨ,***
چهارنظم ***ਚਹਾਰ ਨਜ਼ਮ***: ਚਾਰ ਤੱਤ।

چهارمیخ ***ਚਹਾਰ ਮੇਖ਼***: ਵੇਖੋ ਚਾਰ ਮੇਖ਼।

چهارمغز ***ਚਹਾਰ ਮਗ਼ਜ਼*** : ਚਾਰ ਮਗਜ਼ ਭਾਵ ਖ਼ਰਬੂਜ਼ੇ, ਕੱਦੂ, ਖੀਰੇ ਤੇ ਤਰਬੂਜ਼ ਦੇ ਬੀਜ, ਅਖਰੋਟ।

چهارموجه ***ਚਹਾਰ ਮੌਜਾ*** : ਭੰਵਰ, ਘੁੰਮਣਘੇਰੀ।

چهارهفته ***ਚਹਾਰ ਹਫ਼ਤਾ***: ਅਣਹੋਣੀ ਚੀਜ਼।

چهاریار ***ਚਹਾਰ ਯਾਰ*** : ਚਾਰ ਯਾਰ, ਚਾਰ ਖ਼ਲੀਫ਼ੇ।

چهبیژن ***ਚਹ-ਏ-ਬੇਜ਼ਨ***: ਓਹ ਖੂਹ ਜਿਸ ਵਿਚ ਅਫਰਾਸਿਯਾਬ ਨੇ ਬੇਜ਼ਨ ਨੂੰ ਕੈਦ ਕਰ

ਰੱਖਿਆ ਸੀ।

چهچهه ***ਚਹਚਹਾ*** : ਬੁਲਬੁਲ ਦੀ ਅਵਾਜ਼, ਚਿੜੀਆਂ ਦਾ ਖੁਸ਼ੀ ਵਿਚ ਚੈਹਕਣਾ।

چه‌خوش ***ਚਿਹ ਖ਼ੁਸ਼*** : ਕਿਆ ਖ਼ੂਬ, ਕਿੱਡਾ ਸੋਹਣਾ, ਕਿਆ ਬਾਤ ਹੈ।

چهر ***ਚਿਹਰ*** : ਮੂੰਹ, ਚੇਹਰਾ, ਸੂਰਤ, ਅਸਲ, ਜ਼ਾਤ।

چهرازاد ***ਚਿਹਰਾਜ਼ਾਦ***, چهرزاد ***ਚਿਹਰਜ਼ਾਦ*** : ਈਰਾਨ ਦੇ ਬਾਦਸ਼ਾਹ ਬਹਮਨ ਦੀ ਬੇਟੀ ਦਾ ਨਾਮ, ਇਸ ਦਾ ਪੁਤਰ ਦਾਰਾਬ ਸੀ; ਅਸਫ਼ੰਦਯਾਰ ਦੀ ਲੜਕੀ ਦਾ ਨਾਮ।

چهره ***ਚਿਹਰਾ*** : ਮੂੰਹ, ਸ਼ਕਲ, ਮੁਖੜਾ, ਮੱਥਾ।

چهره‌پرداز ***ਚਿਹਰਾ–ਪਰਦਾਜ਼***,
چهره کشا ***ਚਿਹਰਾ–ਕੁਸ਼ਾ*** : ਤਸਵੀਰ ਬਣਾਉਣ ਵਾਲਾ, ਚਿੱਤਰਕਾਰ, ਨੱਕਾਸ਼।

چهره‌کشائی ***ਚਿਹਰਾ–ਕੁਸ਼ਾਈ*** : ਚਿੱਤਰਕਾਰੀ, ਨੱਕਾਸ਼ੀ।

چهل ***ਚਿਹਲ*** : ਚਾਲ੍ਹੀ, (੪੦)।

چهل‌ابدال ***ਚਿਹਲ ਅਬਦਾਲ*** : ਚਾਲੀ ਅਬੱਦਾਲ, ਓਹ ਚਾਲੀ ਔਲੀਏ ਜਿਨ੍ਹਾਂ ਨੂੰ ਖ਼ੁਦਾ ਨੇ ਸੰਸਾਰ ਦੇ ਪਰਬੰਧ ਦੀ ਦੇਖਭਾਲ ਲਈ ਮੁਕੱਰਰ ਕੀਤਾ ਹੈ।

چهل‌چراغ ***ਚਿਹਲ ਚਿਰਾਗ਼*** : ਹੌਜ਼, ਖ਼ੂਹ ਜਾਂ ਤਲਾ ਦੇ ਕੰਢੇ ਜਾਂ ਕੰਧਾਂ ਤੇ ਬੌਹਤ ਸਾਰੇ ਦੀਵੇ ਜਗਾਉਣ ਦੀ ਥਾਂ।

چهل‌ستون ***ਚਿਹਲ ਸਤੂਨ*** : ਬਾਰਾਂਦਰੀ, ਇਕ ਪਰਕਾਰ ਦੀ ਇਮਾਰਤ ਜਿਸ ਦੇ ਚਾਲੀ ਥੰਮ੍ਹ ਹੁੰਦੇ ਹਨ।

چهلم ***ਚਿਹਲੁਮ*** : ਚਾਲ੍ਹੀਵਾਂ ਹਿੱਸਾ, ੧/੪੦।

چی ***ਚੀ*** : (ਚੀਜ਼ ਦਾ ਸੰਖਿਪਤ ਰੂਪ) ਸ਼ੈ; ਚਿਹ چه ਦੀ ਥਾਂ ਵਰਤਿਆ ਜਾਂਦਾ ਹੈ ਭਾਵ ਕੀ, ਕਿਆ।

چی ***ਚੀ*** : ਰੱਖਣ ਵਾਲਾ, ਜਿਵੇਂ 'ਤੋਪਚੀ' ਤੋਪ ਰੱਖਣ ਵਾਲਾ, 'ਖਜ਼ਾਨਚੀ' ਖ਼ਜ਼ਾਨਾ ਰੱਖਣ ਵਾਲਾ, ਬੰਦੂਕਚੀ, ਗੋਲਚੀ, ਆਦਿ।

چیت ***ਚੀਤ*** : ਇਕ ਪਰਸਿੱਧ ਕੱਪੜੇ ਦਾ ਨਾਮ, ਛੀਂਟ।

چیدن ***ਚੀਦਨ*** : ਚੁਗਣਾ, ਚੁਣਨਾ, ਛਾਂਟਣਾ।

چیچک ***ਚੀਚਕ*** : ਛਾਲਾ; ਪਰਸਿੱਧ ਰੋਗ, ਮਾਤਾ, ਸੀਤਲਾ।

چیچک‌زده ***ਚੇਚਕ–ਜ਼ਦਾ*** : ਜਿਸ ਦੇ ਮੂੰਹ 'ਤੇ ਮਾਤਾ ਦੇ ਨਿਸ਼ਾਨ ਹੋਣ, ਚੇਚਕ ਦਾ ਬੀਮਾਰ।

چیر ***ਚੀਰ***, چیره ***ਚੀਰਾ*** : ਗ਼ਾਲਬ ਆਉਣਾ, ਗ਼ਲਬਾ ਪਾਉਣਾ, ਹਾਵੀ ਹੋਣਾ, ਵਿਜੈ; ਨਸੀਬ, ਹਿੱਸਾ, ਭਾਗ; ਬਹਾਦਰ, ਦਲੇਰ; ਪਗੜੀ।

چیره‌بند ***ਚੀਰਾਬੰਦ*** : ਰੰਗਦਾਰ ਪਗੜੀ ਬੰਨ੍ਹਣ ਵਾਲਾ; ਕੁਆਰੀ ਲੜਕੀ, ਕੁਆਰੀ ਕੰਨਿਆਂ।

چیره‌دست ***ਚੀਰਾ–ਦਸਤ*** : ਸਰਕਸ਼, ਆਕੀ, ਬਾਗ਼ੀ, ਹਾਵੀ, ਜ਼ਬਰਦਸਤ।

چیره‌دستی ***ਚੀਰਾ–ਦਸਤੀ*** : ਸਰਕਸ਼ੀ, ਗ਼ਲਬਾ, ਸ਼ਕਤੀ।

چیره‌زبان ***ਚੀਰਾ–ਜ਼ਬਾਂ*** : ਅਜ਼ਾਦੀ ਨਾਲ ਗੱਲ ਕਰਨ ਵਾਲਾ।

چیز ***ਚੀਜ਼*** : ਚੀਜ਼, ਵਸਤ; ਮੌਜੂਦ; ਕੁਝ।

چیزچیز ***ਚੀਜ਼ ਚੀਜ਼*** : ਥੋੜੀ ਕੁ ਚੀਜ਼।

چیزمیز ***ਚੀਜ਼ ਮੀਜ਼*** : ਮਮੂਲੀ ਪੂੰਜੀ।

چیست ***ਚੀਸਤ*** : ਕੀ ਏ, ਏਹ ਕੀ ਹੈ।

چیستان ***ਚੀਸਤਾਨ*** : ਬੁਝਾਰਤ।

چیغ ***ਚੀਗ਼***, چیق ***ਚੀਕ਼*** : ਚਿੱਕ, ਚਿਲਮਨ, ਸਿਰਕੀ।

چیلان ***ਚੀਲਾਨ***, چیلانه ***ਚੀਲਾਨਾ***,
چیلک ***ਚੀਲਕ*** : ਚੀਲ੍ਹ, ਇਲ੍ਹ।

چین ***ਚੀਂਨ, ਚੀਂ*** : ਵਲ, ਸ਼ਿਕਨ, ਸਲਵਟ, ਭੌਂਨ।

چین ***ਚੀਨ*** : ਇਕ ਪਰਸਿੱਧ ਮੁਲਕ ਜਿਸ ਦੀ ਸਭਿਅਤਾ ਅਤ ਪਰਾਚੀਨ ਹੈ, ਇਥੋਂ ਦਾ ਧਰਮ ਬੁੱਧ-ਮਤ ਹੈ; ਚੀਨ ਦੀ ਦੀਵਾਰ ਤੇ ਨੈਹਰ ਸੰਸਾਰ ਦੇ ਅਜੂਬਿਆਂ ਵਿਚ ਗਿਣੀਆਂ ਜਾਂਦੀਆਂ ਹਨ।

چینه ***ਚੀਨਾ*** : ਪੰਛੀਆਂ ਦਾ ਦਾਣਾ, ਚੌਗਾ; ਕੰਧ ਦਾ ਇਕ ਰਦਾ।

چینی ***ਚੀਨੀ*** : ਚੀਨ ਨਾਲ ਸਬੰਧਤ, ਚੀਨ ਦਾ ਵਾਸੀ; ਚੀਨ ਦੀ ਖੰਡ, ਚੀਨੀ; ਦਾਣੇਦਾਰ ਚਿੱਟੀ ਖੰਡ, ਸਫੈਦ ਮਿੱਟੀ।

چینی‌پرند ***ਚੀਨੀ ਪਰੰਦ*** : ਫੁੱਲਦਾਰ ਤੇ ਬੂਟੇਦਾਰ ਚਾਦਰ।

ح(ਹੇ)

ح **ਹੇ** : ਅਰਬੀ ਵਰਨਮਾਲਾ ਦਾ ਛੇਵਾਂ ਅਤੇ ਫ਼ਾਰਸੀ ਲਿਪੀ ਦਾ ਅੱਠਵਾਂ ਅੱਖਰ ਜਿਸ ਨੂੰ ਫ਼ਾਰਸੀ ਕੋਸ਼ ਦੀ ਵਿਸ਼ੇਸ਼ ਪਰਭਾਸ਼ਕ ਸ਼ਬਦਾਵਲੀ ਅਨੁਸਾਰ ''ਹਾ-ਏ-ਹੁਤੀ'' ਅਤੇ ''ਹਾ-ਏ-ਮੁਹਮਲਾ'' ਵੀ ਕਿਹਾ ਜਾਂਦਾ ਹੈ। ਅਬਜਦ ਅਨੁਸਾਰ ਇਸ ਦੀ ਸੰਖਿਆ 8 ਹੁੰਦੀ ਹੈ।

حاتم ***ਹ਼ਾਤਿਮ*** : ਫ਼ਾਰਸੀ-ਹਾਤਮ, ਅਰਬ ਦੇ ਇਕ ਪਰਸਿੱਧ ਤੈ ਕਬੀਲੇ ਦੇ ਦਾਨੀ ਸਰਦਾਰ ਦਾ ਨਾਮ; ਜੋ ਅਬਦੁੱਲਾਹ-ਬਿਨ-ਸਾਅਦ ਦਾ ਪੁੱਤਰ ਸੀ, ਹਾਤਿਮ ਅਰਬ ਵਿਚ ਅਤੇ ਨੌਸ਼ੀਰਵਾਨ ਈਰਾਨ ਵਿਚ ਇਕੋ ਸਮੇਂ ਹੋਏ ਹਨ; ਕਾਜ਼ੀ, ਜੱਜ; ਹੁਕਮ ਦੇਣ ਵਾਲਾ, ਫ਼ੈਸਲਾ ਕਰਨ ਵਾਲਾ; ਇਕ ਕਾਲਾ ਕਾਂ।

حاتمی ***ਹ਼ਾਤਮੀ*** : ਸਖ਼ਾਵਤ; ਉਦਾਰਤਾ।

حاج ***ਹ਼ਾਜ*** : ਹੱਜ ਕਰਨ ਵਾਲਾ, ਹਾਜੀ।

حاجات ***ਹ਼ਾਜਾਤ*** : (ਹ਼ਾਜਤ حاجت ਦਾ ਬੌਹਵਚਨ) ਲੋੜਾਂ, ਜ਼ਰੂਰਤਾਂ।

حاجب ***ਹ਼ਾਜਿਬ*** : ਦਰਬਾਨ, ਚੌਕੀਦਾਰ; ਪਰਦਾ ਕਰਨ ਵਾਲਾ; ਚੋਬਦਾਰ; ਵਜ਼ੀਰ; ਪਰਦਾ; ਭਰਵੱਟਾ।

حاجب الدوله ***ਹ਼ਾਜਿਬ-ਉਦੌਲਾਹ*** : ਬਾਦਸ਼ਾਹ ਦੇ ਦਰਬਾਰ ਵਿਚ ਪਰਵੇਸ਼ ਕਰਵਾਉਣ ਵਾਲਾ।

حاجب بار ***ਹ਼ਾਜਿਬ-ਏ-ਬਾਰ*** : ਹਜ਼ਰਤ ਜਿਬਰਾਈਲ ਫਰਿਸ਼ਤਾ।

حاجب زندان ***ਹ਼ਾਜਿਬ-ਏ-ਜ਼ਿੰਦਾਨ*** : ਕੈਦਖ਼ਾਨੇ ਦਾ ਦਰੋਗ਼ਾ, ਕੈਦੀਆਂ ਦਾ ਨਿਗਰਾਨ।

حاجت ***ਹ਼ਾਜਤ*** : ਲੋੜ, ਜ਼ਰੂਰਤ, ਚਾਹ; ਜੰਗਲ ਜਾਣ ਦੀ ਅਵੱਸ਼ਕਤਾ; ਉਮੀਦ, ਆਸ, ਲੋੜ ਦੀ ਚੀਜ਼।

حاجت برار ***ਹ਼ਾਜਤ-ਬਰਾਰ*** : ਲੋੜ ਪੂਰੀ ਕਰਨ ਵਾਲਾ।

حاجت روا ***ਹ਼ਾਜਤ-ਰਵਾ*** : ਲੋੜੀ ਪੂਰੀ ਕਰਨਾ ਜਾਂ ਹੋਣਾ।

حاجت روائی ***ਹ਼ਾਜਤ-ਰਵਾਈ*** : ਲੋੜੀਂਦਾ ਸਮਾਨ।

حاجت مند ***ਹ਼ਾਜਤ-ਮੰਦ*** : ਲੋੜਵੰਦ, ਗ਼ਰਜ਼ਮੰਦ, ਮੁਥਾਜ।

حاجت مندی ***ਹ਼ਾਜਤ-ਮੰਦੀ*** : ਲੋੜ, ਮੁਥਾਜੀ, ਗ਼ਰੀਬੀ।

حاجی ***ਹ਼ਾਜੀ*** : ਹੱਜ ਕਰਨ ਵਾਲਾ, ਮੱਕੇ ਦਾ ਯਾਤਰੀ।

حاجیه ***ਹ਼ਾਜੀਯਾ*** : ਹੱਜ ਕਰਨ ਵਾਲੀ ਇਸਤਰੀ, ਹਾਜਣ।

حادث ***ਹ਼ਾਦਿਸ*** : (ਕਦੀਮ ਦਾ ਵਿਪਰਿਆਏ) ਨਵਾਂ; ਨਵਾਂ ਪੈਦਾ ਹੋਇਆ; ਹੋਂਦ ਵਿਚ ਆਉਣ ਵਾਲੀ ਨਵੀਂ ਚੀਜ਼।

حادثه ***ਹ਼ਾਦਿਸਾ*** : ਨਵੀਂ ਪੈਦਾ ਹੋਈ ਗੱਲ; ਨਵੀਂ ਘਟਨਾ; ਮੁਸੀਬਤ; ਦੁਰਘਟਨਾ, ਵਾਰਦਾਤ; ਮੌਤ; ਜ਼ਮਾਨੇ ਦਾ ਫੇਰ।

حاذق ***ਹ਼ਾਜ਼ਿਕ*** : ਤੇਜ਼; ਤੀਖਣ; ਤਿੱਖੀ ਬੁੱਧੀ ਵਾਲਾ, ਸਿਆਣਾ; ਚਲਾਕ; ਮਾਹਰ, ਕਲਾ ਦਾ ਉਸਤਾਦ।

حاذق الملک ***ਹ਼ਾਜ਼ਿਕ-ਉਲ-ਮੁਲਕ*** : ਇਕ ਉਪਾਧੀ ਜੋ ਤਬੀਬਾਂ (ਹਕੀਮਾਂ) ਨੂੰ ਦਿੱਤੀ ਜਾਂਦੀ ਹੈ।

حارث ***ਹ਼ਾਰਿਸ*** : ਵਾਹਕ; ਜ਼ਮੀਂਦਾਰ, ਕਿਸਾਨ; ਸ਼ੇਰ।

حارج ***ਹਾਰਿਜ*** : ਹਰਜ ਕਰਨ ਵਾਲਾ; ਜੁਰਮ ਕਰਨ ਵਾਲਾ; ਦੋਸ਼ੀ; ਰੋਕ ਪਾਉਣ ਵਾਲਾ।

حارس ***ਹਾਰਿਸ*** : ਨਿਗਾਹਬਾਨ, ਚੌਕੀਦਾਰ; ਗਵਰਨਰ।

حارص ***ਹਾਰਿਸ*** : ਹਿਰਸ ਕਰਨ ਵਾਲਾ, ਲਾਲਚੀ, ਲੋਭੀ।

حاسد ***ਹਾਸਿਦ*** : ਹਸਦ ਕਰਨ ਵਾਲਾ, ਈਰਖਾਲੂ; ਦੁਸ਼ਮਣ।

حاسه ***ਹਾਸਾ*** : ਸੋਚ ਸ਼ਕਤੀ।

حاش/حاشا ***ਹਾਸ਼/ਹਾਸ਼ਾ*** : ਬਿਨਾ, ਸਿਵਾ; ਬਿਲਕੁਲ ਨਹੀਂ, ਅਸਲੋਂ ਨਹੀਂ; ਰੱਬ ਨਾ ਕਰੇ; ਪਾਕੀ, (ਇਨਕਾਰ ਤੇ ਅਗਿਆਨ ਦਰਸਾਉਣ ਵਾਸਤੇ ਸੌਹ ਵਜੋਂ ਵਰਤਿਆ ਜਾਂਦਾ ਹੈ)।

حاشيه ***ਹਾਸ਼ੀਯਾ*** : ਕਿਨਾਰਾ, ਸਿਰਾ, ਪੱਲਾ; ਗੋਟ; ਸੰਜਾਫ਼; ਨੌਕਰ, ਸੇਵਾਦਾਰ; ਕਿਤਾਬ ਦੇ ਇਕ ਸਿਰੇ ਤੇ ਲਿਖੀ ਇਬਾਰਤ; ਪਿਛੋਂ ਲਿਖੀ ਲਿਖਤ; ਨੋਟ; ਕਿਤਾਬ ਜਾਂ ਪੱਤਰੇ ਦੇ ਚੌਹਾਂ ਪਾਸੇ ਖਾਲੀ ਹਿੱਸਾ।

حاشيه‌نشين ***ਹਾਸ਼ੀਯਾ-ਨਿਸ਼ੀਨ*** : ਟੀਕਾ, ਟੀਕੇ ਦਾ ਟੀਕਾ; ਕੋਲ ਬੈਹਣ ਵਾਲੇ ਲੋਕ; ਅਮੀਰ ਵਜ਼ੀਰ, ਬਾਦਸ਼ਾਹ ਦੇ ਨੌਕਰ ਚਾਕਰ।

حاصل ***ਹਾਸਿਲ*** : ਉਪਜ, ਜ਼ਮੀਨ ਦੀ ਪੈਦਾਵਾਰ, ਖੇਤੀ, ਬੋਹਲ; ਨਤੀਜਾ, ਪਰਣਾਮ, ਆਮਦਨੀ, ਨਕਦੀ; ਬਾਕੀ, ਲਾਭ, ਫਲ, ਕਰ, ਟੈਕਸ, ਮਾਮਲਾ।

حاصل‌تفريق ***ਹਾਸਿਲ ਤਫ਼ਰੀਕ*** : ਘਟਾਉਣ ਤੋਂ ਪਿੱਛੋਂ ਬਾਕੀ ਰਹੀ ਰਕਮ।

حاصل‌تقسيم ***ਹਾਸਿਲ ਤਕ਼ਸੀਮ*** : ਓਹ ਰਕਮ ਜੋ ਤਕਸੀਮ ਕਰਨ ਤੋਂ ਪਿਛੋਂ ਬਚ ਰਹੇ।

حاصل‌جمع ***ਹਾਸਿਲ-ਜਮਅ*** : ਕੁਲ ਜੋੜ।

حاصل‌ضرب ***ਹਾਸਿਲ-ਜ਼ਰਬ*** : ਗੁਣਾਂ ਕਰਨ ਤੇ ਪਰਾਪਤ ਹੋਈ ਰਕਮ।

حاصل‌كلام ***ਹਾਸਿਲ-ਕਲਾਮ*** : ਗੱਲ ਕੀ, ਸੰਖੇਪ ਵਿਚ, ਮੁਕਦੀ ਗੱਲ।

حاصل‌مصدر ***ਹਾਸਿਲ ਮਸਦਰ*** : ਭਾਵਾਰਥਕ ਨਾਂਵ।

حاضر ***ਹਾਜ਼ਿਰ*** : ਪੰਜਾਬੀ ਵਿਚ ਪਰਚਲਤ ਰੂਪ "ਹਾਜ਼ਰ" ਹੈ; ਮੌਜੂਦ, ਸਾਮ੍ਹਣੇ ਹੋਣ ਵਾਲਾ; ਸਾਵਧਾਨ, ਚੌਕਸ; ਸੇਵਾ ਵਿਚ; ਵਰਤਮਾਨ ਕਾਲ (ਵਿਆਕਰਣ ਵਿਚ)।

حاضران ***ਹਾਜ਼ਿਰਾਨ*** : (ਹਾਜ਼ਿਰ **حاضر** ਦਾ ਬੌਹਵਚਨ) ਸਰੋਤੇ।

حاضرباش ***ਹਾਜ਼ਿਰ ਬਾਸ਼*** : ਓਹ ਆਦਮੀ ਜੋ ਹਮੇਸ਼ਾ ਕਿਸੇ ਅਮੀਰ ਜਾਂ ਹਾਕਮ ਦੀ ਸੇਵਾ ਵਿਚ ਹਾਜ਼ਰ ਰਹੇ।

حاضرباشى ***ਹਾਜ਼ਿਰ-ਬਾਸ਼ੀ*** : ਹਾਜ਼ਰੀ, ਮੌਜੂਦਗੀ, ਸੇਵਾ ਵਿਚ ਰੈਹਣ ਦੀ ਕਿਰਿਆ।

حاضرجواب ***ਹਾਜ਼ਿਰ-ਜਵਾਬ***, **حاضر سخن** ***ਹਾਜ਼ਿਰ-ਸੁਖ਼ਨ*** : ਝੱਟ ਜਵਾਬ ਦੇਣ ਵਾਲਾ।

حاضرجوابى ***ਹਾਜ਼ਿਰ-ਜਵਾਬੀ*** : ਸਿਆਣਪ, ਤੀਖਣ ਬੁੱਧੀ, ਸੂਝ।

حاضرضامن ***ਹਾਜ਼ਿਰ-ਜ਼ਾਮਿਨ*** : ਮੁਲਜ਼ਮ ਨੂੰ ਅਦਾਲਤ ਵਿਚ ਹਾਜ਼ਰ ਕਰਨ ਦੀ ਜ਼ਮਾਨਤ ਦੇਣ ਵਾਲਾ, ਜ਼ਮਾਨਤੀ, ਹਾਜ਼ਰੀ ਦਾ ਜ਼ਾਮਨ, ਕਿਸੇ ਵਿਅਕਤੀ ਨੂੰ ਅਦਾਲਤ ਵਿਚ ਪੇਸ਼ ਕਰਨ ਦੀ ਜ਼ਮਾਨਤ।

حاضرضامنى ***ਹਾਜ਼ਿਰ-ਜ਼ਾਮਨੀ*** : ਹਾਜ਼ਰ ਹੋਣ ਲਈ ਭਰਿਆ ਜ਼ਮਾਨਤਨਾਮਾ।

حاضرى ***ਹਾਜ਼ਿਰੀ*** : ਮੌਜੂਦਗੀ; ਤਿਆਰ ਜਾਂ ਮੌਜੂਦ ਖਾਣਾ, ਜੇਹੜਾ ਖਾਣਾ ਦਸਤਰਖਾਨ 'ਤੇ ਤਿਆਰ ਪਿਆ ਹੋਵੇ, ਨਾਸ਼ਤਾ, ਛਾਹ ਵੇਲਾ, ਹਾਜ਼ਰੀ-ਰਜਿਸਟਰ।

حاضرين ***ਹਾਜ਼ਿਰੀਨ*** : ਸਰੋਤਾਗਣ, ਸਰੋਤੇ, ਇੱਕਠ।

حاضرات ***ਹਾਜ਼ਿਰਾਤ*** : ਜਿੰਨ ਭੂਤ ਇੱਕਠੇ ਕਰਨ ਦਾ ਜਲਸਾ।

حاطب ***ਹਾਤਿਬ*** : ਲੱਕੜਾਂ ਜਮ੍ਹਾ ਕਰਨ ਵਾਲਾ, ਲੱਕੜਹਾਰਾ।

حافظ ***ਹਾਫ਼ਿਜ਼*** : ਹਿਫ਼ਜ਼ (ਯਾਦ) ਕਰਨ ਵਾਲਾ; ਨਿਗਾਹਬਾਨ; ਜਿਸ ਨੂੰ ਸਾਰਾ ਕੁਰਾਨ ਸ਼ਰੀਫ਼ ਜ਼ਬਾਨੀ ਯਾਦ ਹੋਵੇ; ਸ਼ੀਰਾਜ਼ ਦਾ ਪਰਸਿੱਧ

ਫ਼ਾਰਸੀ ਸ਼ਾਇਰ ਸ਼ਮਸ-ਉਦ-ਦੀਨ ਮੁਹੰਮਦ ਜਿਸ ਦੀ ਕਾਵਿ-ਰਚਨਾ "ਦੀਵਾਨ-ਏ-ਹਾਫ਼ਿਜ਼" ਜਗਤ ਪਰਸਿੱਧ ਹੈ। ਏਹ ਮੁਜ਼ਫਰੀਆ ਖ਼ਾਨਦਾਨ (ਅਲਿ-ਮੁਜ਼ੱਫਰ) ਦੇ ਰਾਜ ਸਮੇਂ ਹੋਇਆ। ਇਸ ਦੀ ਮਿਰਤੂ 791 ਹਿਜਰੀ ਵਿਚ ਹੋਈ ਅਤੇ ਮੁੱਸਲਾ-ਏ-ਸ਼ੀਰਾਜ਼ ਵਿਚ ਦਫ਼ਨ ਹੋਇਆ।

حافظحقیقی ***ਹਾਫ਼ਿਜ਼-ਏ-ਹਕ਼ੀਕ਼ੀ*** : ਅਸਲੀ ਰੱਖਿਅਕ, ਰੱਬ, ਅੱਲਾਹ।

حافظه ***ਹਾਫ਼ਿਜ਼ਾ*** : ਯਾਦ ਰੱਖਣ ਦੀ ਸ਼ਕਤੀ; ਯਾਦਾਸ਼ਤ, ਚੇਤਾ; ਓਹ ਇਸਤਰੀ ਜਿਸ ਨੇ ਕੁਰਾਨ ਸ਼ਰੀਫ਼ ਜ਼ਬਾਨੀ ਯਾਦ ਕਰ ਲਿਆ ਹੋਵੇ।

حاکم ***ਹਾਕਿਮ*** : (ਪੰਜਾਬੀ ਵਿਚ ਪਰਚਲਤ ਰੂਪ "ਹਾਕਮ" ਹੈ) ਹੁਕਮ ਕਰਨ ਵਾਲਾ, ਹਕੂਮਤ ਕਰਨ ਵਾਲਾ, ਸਰਦਾਰ, ਮੁਲਕ ਦਾ ਵਾਲੀ, ਸ਼ਾਸਕ, ਬਾਦਸ਼ਾਹ।

حاکمِاعلی ***ਹਾਕਿਮ-ਏ-ਆਅਲਾ*** : ਵੱਡਾ ਹਾਕਮ।

حاکمانه ***ਹਾਕਿਮਾਨਾ*** : ਅਧਕਾਰ ਸੈਹਤ।

حاکمباشی ***ਹਾਕਿਮ-ਬਾਸ਼ੀ*** : ਮੁਖ ਹਾਕਮ; ਰਾਜਧਾਨੀ।

حاکمِبالا ***ਹਾਕਿਮ-ਏ-ਬਾਲਾ*** : ਵੱਡਾ ਸਰਦਾਰ।

حاکمِدیوانی ***ਹਾਕਿਮ-ਏ-ਦੀਵਾਨੀ*** : ਦੀਵਾਨੀ ਅਦਾਲਤ ਦਾ ਹਾਕਮ, ਰੱਬ, ਅੱਲਾਹ।

حاکمنشین ***ਹਾਕਿਮ-ਨਿਸ਼ੀਨ*** : ਹਾਕਮ ਦੇ ਬੈਹਣ ਦੀ ਥਾਂ।

حاکمِوقت ***ਹਾਕਿਮਿ-ਵਕਤ*** : ਸਮੇਂ ਦਾ ਹਾਕਮ, ਵਰਤਮਾਨ ਬਾਦਸ਼ਾਹ।

حاکمی ***ਹਾਕਿਮੀ*** : ਸਰਦਾਰੀ; ਕਨੂੰਨੀ ਅਧਕਾਰ।

حال ***ਹਾਲ*** : ਵਰਤਮਾਨ ਕਾਲ; ਮਸਤੀ ਦੀ ਹਾਲਤ, ਵਜਦ, ਮਸਤੀ ਦਾ ਨਾਚ; ਇਸ਼ਕ, ਮੁਹੱਬਤ, ਇਲਾਹੀ ਜਜ਼ਬਾ; ਜ਼ਿਕਰ; ਤਾਕਤ; ਹਾਲਤ; ਤੌਰ ਤਰੀਕਾ; ਘਟਨਾ।

حالآنکه ***ਹਾਲ ਆਂ ਕਿਹ***, حالانکه ***ਹਾਲਾਂਕਿਹ*** : ਗੱਲ ਏਹ ਹੈ ਕਿ; ਹੁਣ ਜਦਕਿ; ਭਾਵੇਂ, ਬਾਵਜੂਦ ਇਸ ਦੇ।

حالا ***ਹਾਲਾ***: ਇਸੇ ਵੇਲੇ, ਹੁਣੇ; ਅੱਗੇ ਤੋਂ।

حالپرسی ***ਹਾਲ-ਪੁਰਸੀ*** : ਖ਼ਬਰ ਲੈਣਾ, ਕਿਸੇ ਦੀ ਸੇਹਤ ਬਾਰੇ ਪੁੱਛਣਾ।

حالِپیشین ***ਹਾਲ-ਏ-ਪੇਸ਼ੀਨ***, حالِ سابق ***ਹਾਲੇ-ਏ-ਸਾਬਿਕ*** : ਪੈਹਲੀ ਹਾਲਤ।

حالِدگر ***ਹਾਲ-ਏ-ਦਿਗਰ***, حالِ دگرگون ***ਹਾਲ-ਏ-ਦਿਗਰਗੂਨ*** : ਬਦਲੀ ਹੋਈ ਹਾਲਤ ; ਭੈੜੀ ਦਸ਼ਾ।

حالسال ***ਹਾਲ ਸਾਲ*** : ਏਹ ਸਾਲ, ਚਲਦਾ ਸਾਲ।

حالِشکسته ***ਹਾਲ-ਏ-ਸ਼ਿਕਸਤਾ*** : ਭੈੜੀ ਹਾਲਤ, ਬੁਰਾ ਹਾਲ।

حالیا ***ਹਾਲੀਯਨ*** : ਏਸ ਵੇਲੇ।

حالات ***ਹਾਲਾਤ*** : (ਹਾਲਤ حالت ਦਾ ਬੈਹਵਚਨ) ਹਾਲਤਾਂ।

حالت ***ਹਾਲਤ*** : ਹਾਲ; ਦਰਜਾ; ਵਾਰਦਾਤ ਜੋ ਮਨੁੱਖ ਤੇ ਗੁਜ਼ਰੇ; ਗਤੀ; ਦਸ਼ਾ; ਮਾਮਲਾ।

حالتِموجوده ***ਹਾਲਤ-ਏ-ਮੌਜੂਦਾ*** : ਵਰਤਮਾਨ ਦਸ਼ਾ।

حالتناخوشی ***ਹਾਲਤ-ਏ-ਨਾਖ਼ੁਸ਼ੀ*** : ਬੀਮਾਰੀ ਦੀ ਹਾਲਤ।

حالتِنزع ***ਹਾਲਤ-ਏ-ਨਜ਼ਅ*** : ਅੰਤ ਸਮੇਂ ਦੀ ਹਾਲਤ, ਦਮ ਤੋੜਨ ਦੀ ਹਾਲਤ।

حالی ***ਹਾਲੀ*** : ਹਾਲ ਵਾਲਾ; ਵਕਤੀ, ਜਲਦੀ, ਇਸੇ ਵੇਲੇ, ਝੱਟ-ਪੱਟ, ਹੁਣੇ; ਜਾਣਕਾਰ, ਖ਼ਬਰਦਾਰ, ਚੌਕਸ, ਸਾਵਧਾਨ।

حام ***ਹਾਮ*** : ਹਜ਼ਰਤ ਨੂਹ ਦੇ ਪੁੱਤਰ ਦਾ ਨਾਮ ਜਿਸ ਦੀ ਔਲਾਦ ਹਬਸ਼ੀ ਹਨ।

حامد ***ਹਾਮਿਦ*** : ਹਮਦ ਕਰਨ ਵਾਲਾ, ਰੱਬ ਦੀ ਉਸਤਤ ਕਰਨ ਵਾਲਾ, ਸਿਫ਼ਤ - ਸਨਾ ਕਰਨ ਵਾਲਾ।

حامل ***ਹਾਮਿਲ*** : ਭਾਰ ਉਠਾਉਣ ਵਾਲਾ; ਕਿਸੇ ਚੀਜ਼ ਨੂੰ ਲੈ ਜਾਣ ਵਾਲਾ; ਮਜ਼ਦੂਰ।

حامل‌وحی ***ਹਾਮਿਲ-ਏ-ਵਹੀ*** : (ਰੱਬ ਦਾ ਸੰਦੇਸ਼) ਲਿਆਉਣ ਵਾਲਾ ਫਰਿਸ਼ਤਾ, ਹਜ਼ਰਤ ਜਿਬਰੀਲ।

حامله ***ਹਾਮਿਲਾ*** : ਬੋਝ ਉਠਾਉਣ ਵਾਲੀ ਔਰਤ; ਓਹ ਔਰਤ ਜਿਸ ਦੀ ਕੁੱਖ ਵਿਚ ਬੱਚਾ ਹੋਵੇ, ਗਰਭਵਤੀ।

حامی ***ਹਾਮੀ*** : ਸਹਾਇਕ; ਨਿਗਰਾਨ; ਓਹ ਊਠ ਜਿਸ ਦੇ ਦਸ ਬੱਚੇ ਹੋ ਚੁਕੇ ਹੋਣ।

حاوی ***ਹਾਵੀ*** : ਘੇਰਾ ਘੱਤਣ ਵਾਲਾ, ਘੇਰਨ ਵਾਲਾ; ਕਾਬੂ ਪਾਉਣ ਵਾਲਾ; ਕਿਸੇ ਕਲਾ ਵਿਚ ਪਰਵੀਣ।

حائضه ***ਹਾਇਜ਼ਾ*** : ਓਹ ਔਰਤ ਜਿਸ ਨੂੰ ਹੈਜ਼ ਆਉਂਦਾ ਹੋਵੇ, ਔਰਤ ਜੋ ਮਾਹਵਾਰੀ ਵਿਚ ਹੋਵੇ।

حائل ***ਹਾਇਲ*** : ਰੋਕਣ ਵਾਲਾ; ਦੋ ਚੀਜ਼ਾਂ ਦੇ ਵਿਚਕਾਰ ਆਉਣ ਵਾਲਾ, ਰੋਕ; ਬਾਂਝ ਇਸਤਰੀ।

حب ***ਹੱਬ*** : ਗੋਲੀ, ਦਾਣਾ, ਬੀਜ।

حب ***ਹਿਬ*** : ਮੈਹਬੂਬ, ਪਿਆਰਾ, ਦੋਸਤ, ਯਾਰ।

حب ***ਹੁੱਬ*** : ਪਰੇਮ, ਪਿਆਰ; ਸ਼ੌਕ; ਦੋਸਤੀ; ਮਰਜ਼ੀ, ਤੌਫ਼ੀਕ।

حب‌الوطن ***ਹੁਬ-ਉਲ-ਵਤਨ*** : ਦੇਸ਼ ਪਿਆਰ, ਦੇਸ਼-ਭਗਤੀ।

حبا ***ਹਿਬਾ*** : ਬਖ਼ਸ਼ਣਾ; ਇਨਾਮ, ਬਖ਼ਸ਼ੀਸ਼, ਦਾਨ ਪੁੰਨ।

حباب ***ਹਬਾਬ*** : ਪਾਣੀ ਦਾ ਬੁਲਬੁਲਾ।

حباحب ***ਹੁਬਾਹਿਬ*** : ਜੁਗਨੂੰ, ਟਟੈਹਣਾ।

حباله ***ਹਿਬਾਲਾ*** : ਫੰਦਾ, ਜਾਲ, ਰੱਸੀ।

حبس ***ਹਬਸ*** : ਕੈਦ, ਬੰਦੀਖ਼ਾਨਾ; ਹਵਾ ਦਾ ਬੰਦ ਹੋ ਜਾਣਾ।

حبس‌بیجا ***ਹਬਸ-ਏ-ਬੇਜਾ*** : ਕਿਸੇ ਨੂੰ ਜ਼ਬਰਦਸਤੀ ਮਕਾਨ ਵਿਚ ਬੰਦ ਰੱਖਣਾ, ਨਜਾਇਜ਼ ਕੈਦ, ਕਨੂੰਨ ਦੇ ਖਿਲਾਫ਼ ਗਰਿਫ਼ਤਾਰੀ।

حبس‌دم ***ਹਬਸ-ਏ-ਦਮ*** : ਸਾਹ ਰੋਕਣਾ, ਸਾਹ ਨੂੰ ਕਾਬੂ ਰੱਖਣਾ; ਦਮੇ ਦਾ ਰੋਗ; ਯੋਗੀਆਂ ਦੀ ਇਕ ਕਿਰਿਆ।

حبس‌دوام ***ਹਬਸ-ਏ-ਦਵਾਮ*** : ਉਮਰ ਕੈਦ।

حبس‌دوام‌بعبوردریاشور ***ਹਬਸ-ਏ-ਦਵਾਮ-ਬ-ਉਬਰੂ-ਏ-ਦਰਯਾ-ਏ-ਸ਼ੋਰ*** : ਕਾਲੇ ਪਾਣੀ ਦੀ ਸਜ਼ਾ, ਉਮਰ ਕੈਦ ਕਾਲੇ ਪਾਣੀ ਵਿਖੇ।

حبش ***ਹਬਸ਼*** : ਹਬਸ਼ੀਆਂ ਦਾ ਕਬੀਲਾ, ਅਫਰੀਕਾ ਦਾ ਇਕ ਮੁਲਕ, ਐਥੋਪੀਆ; ਹਬਸ਼ੀਆਂ ਦਾ ਮੁਲਕ। ਨੋਬਾਹ ਦਾ ਮੁਲਕ।

حبشی ***ਹਬਸ਼ੀ*** : ਹਬਸ਼ ਨਾਲ ਸਬੰਧਤ, ਹਬਸ਼ ਦਾ ਰੈਹਣ ਵਾਲਾ; ਕਾਲਾ ਕਲੋਟਾ।

حبل ***ਹਬਲ*** : ਰੱਸੀ, ਮੋਟਾ ਧਾਗਾ; ਰਗ; ਜੋੜ, ਏਕਾ, ਇਕਰਾਰ।

حبل‌المتین ***ਹਬਲ-ਉਲ-ਮਤੀਨ*** : ਪੱਕੀ ਰੱਸੀ; ਪੱਕਾ ਵਸੀਲਾ; ਕੁਰਾਨ ਮਜੀਦ।

حبل‌الورید ***ਹਬਲ-ਉਲ ਵਰੀਦ*** : ਸ਼ਾਹ-ਰਗ; ਬੌਹਤ ਨੇੜੇ।

حبوب ***ਹੁਬੂਬ*** : (ਹੱਬ حب ਦਾ ਬੌਹਵਚਨ) ਗੋਲੀਆਂ, ਦਾਣੇ, ਬੀਜ, ਤੁਖਮ।

حبه ***ਹੱਬਾ*** : ਗੋਲੀ; ਦਾਣਾ; ਰੱਤੀ ਭਰ, ਜ਼ਰਾ ਜਿੰਨਾ।

حبیب ***ਹਬੀਬ*** : ਪਿਆਰਾ, ਦੋਸਤ, ਯਾਰ।

حتیٰ ***ਹੱਤਾ*** : ਇੱਥੋਂ ਤੱਕ, ਇੱਥੋਂ ਤੱਕ ਕਿ।

حتی‌الامکان ***ਹੱਤਾ-ਉਲ-ਇਮਕਾਨ,*** **حتی‌المقدور** ***ਹੱਤਾ-ਉਲ-ਮਕਦੂਰ,*** **حتی‌الوسع** ***ਹੱਤਾ-ਉਲ-ਵਸਅ*** : ਜੋ ਸੰਭਵ ਹੋਵੇ, ਜਿਥੋਂ ਤੱਕ ਹੋ ਸਕੇ, ਸੰਭਵ ਹੱਦ ਤੱਕ।

حتیٰ‌که ***ਹੱਤਾ ਕਿਹ*** : ਇਥੋਂ ਤਕ ਕਿ।

حج ***ਹਜ*** : ਇਰਾਦਾ ਕਰਨਾ; ਹੁੱਜਤ ਜਾਂ ਦਲੀਲ ਨਾਲ ਕਿਸੇ ਉੱਤੇ ਹਾਵੀ ਹੋਣਾ; ਨਿਸ਼ਚਤ ਸਮੇਂ ਤੇ ਨਿਯਮਾਂ ਅਨੁਸਾਰ ਮੱਕੇ ਦੀ ਯਾਤਰਾ ਜਾਂ ਇਬਾਦਤ ਦੀ ਗ਼ਰਜ਼ ਨਾਲ ਇਰਾਦਾ ਕਰਨਾ; ਨਿਸ਼ਚਤ ਦਿਨਾਂ ਵਿਚ ਮੱਕੇ ਵਿਖੇ ਜਾ ਕੇ ਬੰਦਗੀ ਦੀਆਂ ਸ਼ਰਤਾਂ ਪੂਰੀਆਂ ਕਰਨਾ।

حج‌اکبر **ਹਜ-ਏ-ਅਕਬਰ** : ਵੱਡਾ ਹੱਜ ਜੋ (ਸ਼ੁਕਰਵਾਰ) ਨੂੰ ਹੋਵੇ।

حجاب ***ਹਿਜਾਬ*** : ਪਰਦਾ, ਓਟ ਲੁਕਾਉਣਾ, ਛੁਪਾਉਣਾ; ਸ਼ਰਮ, ਹਯਾ, ਸੰਗ, ਲਿਹਾਜ਼।

حجاج ***ਹੱਜਾਜ*** : ਬੌਹਤ ਹੁੱਜਤੀ, ਝਗੜਾਲੂ, ਮੁੱਕਦਮੇਬਾਜ਼।

حجاج ***ਹੁੱਜਾਜ*** : (ਹਾਜ **حاج** ਦਾ ਬੌਹਵਚਨ) ਹਾਜੀ ਲੋਕ, ਮੱਕੇ ਦਾ ਹੱਜ ਕਰਨ ਵਾਲੇ।

حجار ***ਹੱਜਾਰ*** : ਪੱਥਰ-ਘਾੜਾ, ਬੁੱਤ-ਘਾੜਾ।

حجار ***ਹਜਾਰ*** : (ਹਜਰ **حجر** ਦਾ ਬੌਹਵਚਨ) ਪੱਥਰ।

حجاز ***ਹਿਜਾਜ਼*** : ਅਰਬ ਦੇ ਇਕ ਪਰਾਂਤ ਦਾ ਨਾਮ ਜਿਸ ਵਿਚ ਮੱਕਾ ਮੱਦੀਨਾ ਤੇ ਨਾਲ ਲੱਗਵੇਂ ਇਲਾਕੇ ਸ਼ਾਮਲ ਹਨ; ਇਸਲਾਮ ਦਾ ਕੇਂਦਰ; ਸੰਗੀਤ ਦਾ ਮਕਾਮ।

حجازی ***ਹਜਾਜ਼ੀ*** : ਹਿਜਾਜ਼ ਨਾਲ ਸਬੰਧਤ, ਹਿਜਾਜ਼ ਦਾ ਵਸਨੀਕ।

حجام ***ਹੱਜਾਮ*** : ਹਜਾਮਤ ਬਣਾਉਣ ਵਾਲਾ, ਨਾਈ, ਸਿੰਗੀਆਂ ਲਾਉਣ ਵਾਲਾ।

حجامت ***ਹਜਾਮਤ*** : ਹਜਾਮ ਦਾ ਕਿੱਤਾ, ਸਿਰ ਮੁੰਨਣ ਜਾਂ ਵਾਲ ਕੱਟਣ ਦੀ ਕਿਰਿਆ;

حجامی ***ਹੱਜਾਮੀ*** : ਸਫਾਈ; ਦਰੁਸਤੀ; ਪੱਛਣੇ ਲਗਾਵਾਉਣਾ।

حجت ***ਹੁੱਜਤ*** : ਦਲੀਲ, ਕਾਰਨ, ਸਬੂਤ; ਨਜ਼ਰੀਆ; ਦ੍ਰਿਸ਼ਟੀਕੋਣ; ਫ਼ੈਸਲਾ; ਬਹਾਨਾ; ਝਗੜਾ।

حجتِ استوار ***ਹੁੱਜਤ-ਏ-ਉਸਤਵਾਰ*** : ਕੁਰਾਨ ਮਜੀਦ।

حجر ***ਹਜਰ*** : ਪੱਥਰ।

حجر الاسود ***ਹਜਰ-ਉਲ-ਅਸਵਦ*** : ਕਾਲਾ ਪੱਥਰ; ਕਾਅਬੇ ਦੀ ਕੰਧ ਵਿਚ ਲੱਗਿਆ ਹੋਇਆ ਕਾਲਾ ਪੱਥਰ ਜਿਸ ਨੂੰ ਹਾਜੀ ਲੋਕ ਚੁੰਮਦੇ ਹਨ।

حجره ***ਹੁਜਰਾ*** : ਕਮਰਾ, ਕੋਠੜੀ; ਮਸੀਤ ਦੇ ਨਾਲ ਲਗਦਾ ਛੋਟਾ ਕਮਰਾ, ਇਕਾਂਤਵਾਸ।

حجرۂ خاص ***ਹੁਜਰਾ-ਏ-ਖ਼ਾਸ*** : ਗੁਪਤ ਕੋਠੜੀ।

حجرہ مخصوص ***ਹੁਜਰਾ-ਏ-ਮਖ਼ਸੂਸ*** : ਨਿੱਜੀ ਕੈਬਨ।

حجله ***ਹਜਲਾ*** : ਵੌਹਟੀ ਦੀ ਛਪਰਖਟ, ਨਵ-ਵਿਆਹੁਤਾ ਦੀ ਸੇਜ।

حجله خانه ***ਹੁਜਲਾ-ਖ਼ਾਨਾ,***
حجله گاه ***ਹਜਲਾ-ਗਾਹ*** : ਓਹ ਥਾਂ ਜਿਥੇ ਦੁਲ੍ਹਨ ਦੀ ਸੇਜ ਸਜਾਈ ਜਾਵੇ।

حجلۂ عروس ***ਹੁਜਲਾ-ਏ-ਉਰੂਸ,***
حجلۂ عروسی ***ਹੁਜਲਾ-ਏ-ਉਰੂਸੀ*** : ਦੁਲਹਨ ਲਈ ਸਜਾਇਆ ਹੋਇਆ ਕਮਰਾ ਜਾਂ ਮਕਾਨ, ਦੁਲਹਨ ਦੀ ਸੇਜ।

حجم ***ਹਜਮ*** : ਮੁਟਾਈ, ਅਕਾਰ, ਚੀਜ਼ ਦਾ ਵਧਾ।

حجیم ***ਹਜੀਮ*** : ਮੋਟਾ, ਵੱਡੇ ਅਕਾਰ ਜਾਂ ਜਿਸਮ ਦਾ।

حد ***ਹੱਦ*** : ਸਿਰ, ਕਿਨਾਰਾ; ਅੰਤ; ਫ਼ਾਸਲਾ; ਦੋਸ਼ੀ ਦੀ ਸਜ਼ਾ ਜੇਹੜੀ ਇਸਲਾਮੀ ਸ਼ਰੀਅਤ ਅਨੁਸਾਰ ਦਿੱਤੀ ਜਾਵੇ; ਰੋਕ, ਰੁਕਾਵਟ, ਬੰਨ੍ਹ।

حد بست ***ਹਦ ਬਸਤ,*** **حد بندی** ***ਹਦ ਬੰਦੀ*** : ਹੱਦਾਂ ਨਿਸ਼ਚਤ ਕਰਨਾ।

حدِ بلاغت ***ਹੱਦ-ਏ-ਬਲਾਗਤ*** : ਬਾਲਗ ਹੋਣ ਦਾ ਸਮਾਂ।

حدِ فاصل ***ਹੱਦ-ਏ-ਫ਼ਾਸਿਲ*** : ਹੱਦ ਬੰਨ੍ਹਾ; ਓਹ ਹੱਦ ਜੇਹੜੀ ਦੋ ਚੀਜ਼ਾਂ ਦੇ ਵਿਚਕਾਰ ਆ ਕੇ ਓਹਨਾਂ ਨੂੰ ਇਕ ਦੂਜੇ ਨਾਲੋਂ ਵਖ ਕਰੇ, ਵੰਡਣ ਵਾਲੀ ਲੀਕ।

حدا ***ਹੁਦਾ*** : ਮਧੁਰ ਅਵਾਜ਼ ਤੇ ਗੀਤਾਂ ਦੀ ਲੈ ਨਾਲ ਊਠਾਂ ਨੂੰ ਤੇਜ਼ ਚਲਾਉਣਾ; ਅਰਬੀ ਸਾਂਢਣੀ ਸਵਾਰਾਂ ਦਾ ਗੀਤ।

حدائق ***ਹਦਾਇਕ*** : (ਹਦੀਕ **حدیق** ਦਾ ਬੌਹਵਚਨ) ਬਾਗ਼ ਬਗੀਚੇ।

حدث ***ਹਦਸ*** : ਸ਼ੁਰੂ, ਆਦਿ; ਨਵੀਂ ਗੱਲ, ਨਵੀਨਤਾ; ਘਟਨਾ; ਬੱਚਾ; ਨੌਜਵਾਨ।

حدث ***ਹਿਦਸ*** : ਬਾਦਸ਼ਾਹਾਂ ਨਾਲ ਗੱਲਾਂ ਬਾਤਾਂ ਕਰਨੀਆਂ।

حدثات ***ਹਦਸਾਤ*** : ਘਟਨਾਵਾਂ।

حدس ***ਹਦਸ*** : ਸਮਝ ਬੂਝ, ਸਿਆਣਪ; ਝੱਟ ਸਮਝ ਜਾਣਾ; ਯਕੀਨ ਨਾਲ ਗੱਲ ਕੈਹਣਾ।

حدود ***ਹੁਦੂਦ*** : (ਹੱਦ **حد** ਦਾ ਬੌਹਵਚਨ)

ਹੱਦਾਂ, ਕਿਨਾਰੇ, ਸੀਮਾਵਾਂ; ਨਿਯਮ; ਪਰਭਾਸ਼ਾਵਾਂ।

حدوداربعه ***ਹੁਦੂਦ-ਏ-ਅਰਬਆ*** : ਚਾਰੇ ਦਿਸ਼ਾਵਾਂ ਭਾਵ ਉੱਤਰ, ਦੱਖਣ, ਪੂਰਬ, ਪੱਛਮ, ਚੌਗਿਰਦਾ।

حديث ***ਹਦੀਸ*** : ਗੱਲ; ਨਵੀਂ ਗੱਲ; ਇਤਹਾਸ, ਪਰੰਪਰਾ; ਕਿੱਸਾ, ਕਹਾਣੀ; ਹਜ਼ਰਤ ਮੁਹੰਮਦ ਸਾਹਿਬ ਦੇ ਹਾਲ ਤੇ ਬਚਨ।

حديث‌فعلی ***ਹਦੀਸ-ਏ-ਫ਼ਿਅਲੀ*** : ਹਜ਼ਰਤ ਮੁਹੰਮਦ ਸਾਹਿਬ ਦੇ ਕੰਮ।

حديث‌قولی ***ਹਦੀਸ-ਏ-ਕੌਲੀ*** : ਹਜ਼ਰਤ ਮੁਹੰਮਦ ਸਾਹਿਬ ਦੇ ਬਚਨ।

حديقه ***ਹਦੀਕਾ*** : ਓਹ ਬਾਗ਼ ਜਿਸ ਦੇ ਆਲੇ-ਦੁਆਲੇ ਚਾਰ ਦੀਵਾਰੀ ਹੋਵੇ; ਮਦੀਨਾ ਦੇ ਨੇੜੇ ਇਕ ਪਿੰਡ ਦਾ ਨਾਮ।

حذاق ***ਹਿਜ਼ਾਕ*** : (ਹਾਜ਼ਿਕ حاذق ਦਾ ਬੌਹਵਚਨ) ਸਿਆਣੇ ਲੋਕ, ਵਿਦਵਾਨ, ਮਾਹਰ, ਵਿਸ਼ੇਸ਼ਗ।

حذاقت ***ਹਜ਼ਾਕਤ*** : ਦਾਨਾਈ, ਸਿਆਣਪ, ਮਹਾਰਤ, ਮਸ਼ਕ; ਚਲਾਕੀ, ਫੁਰਤੀ।

حذر ***ਹਜ਼ਰ*** : ਪਰਹੇਜ਼; ਇਨਕਾਰ; ਬਚਾ, ਇਹਤਿਆਤ।

حذف ***ਹਜ਼ਫ਼*** : ਡੇਗ ਦੇਣਾ, ਕੱਢ ਦੇਣਾ, ਦੂਰ ਕਰ ਦੇਣਾ; ਕਿਸੇ ਵਾਕ ਵਿਚੋਂ ਕੋਈ ਸ਼ਬਦ ਕੱਢ ਦੇਣਾ; ਕਿਸੇ ਸ਼ਬਦ ਵਿੱਚੋਂ ਕੋਈ ਅੱਖਰ ਕੱਢ ਦੇਣਾ; ਡੰਡੇ ਨਾਲ ਮਾਰਨਾ।

حذيفه ***ਹੁਜ਼ੀਫ਼ਾ*** : ਹਜ਼ਰਤ ਮੁਹੰਮਦ ਸਾਹਿਬ ਦੇ ਦੋ ਸਾਥੀਆਂ ਦਾ ਨਾਮ, ਇਕ ਨੂੰ 'ਹਜ਼ੀਫ਼ਾ' ਤੇ ਦੂਜੇ ਨੂੰ 'ਅਬੂ-ਸਰੀਜਹ' ਕੈਂਹਦੇ ਹਨ।

حر ***ਹੱਰ*** : ਗਰਮ ਹੋਣਾ, ਗਰਮੀ।

حر ***ਹੁੱਰ*** : ਅਜ਼ਾਦ; ਖੁਲ੍ਹਾ-ਡੁਲ੍ਹਾ; ਕੁਲੀਨ; ਚੰਗੇ ਅਸਲੇ ਦਾ; ਨੇਕ ਕੁਲੀਨ; ਚੰਗਾ ਕਰਮ; ਚੁਣਿਆ ਹੋਇਆ, ਚੋਣਵੀਂ ਸ਼ੈ; ਕਬੂਤਰ; ਹਰਨ ਜਾਂ ਸੱਪ ਦਾ ਬੱਚਾ; ਚੰਗਾ ਘੋੜਾ; ਬਾਜ਼।

حرارت ***ਹਰਾਰਤ*** : ਗਰਮੀ, ਸੇਕ, ਤਪਸ਼, ਤਾਪ; ਗੁੱਸਾ; ਦਰਦ, ਤਕਲੀਫ਼, ਸ਼ੌਕ, ਜੋਸ਼।

حرارت‌غريبی ***ਹਰਾਰਤ-ਏ-ਗ਼ਰੀਬੀ*** : ਓਹ ਗਰਮੀ ਜੋ ਅਸਲੀ ਨਾ ਹੋਵੇ; ਅਸੁਭਾਵਕ ਗਰਮੀ, ਧੁੱਪ ਜਾਂ ਬੁਖ਼ਾਰ ਕਰਕੇ ਚੜ੍ਹੀ ਗਰਮੀ।

حرارت‌غريزی ***ਹਰਾਰਤ-ਏ-ਗ਼ਰੀਜ਼ੀ*** : ਕੁਦਰਤੀ ਗਰਮੀ, ਮਨੁੱਖ ਵਿਚਲੀ ਅਸਲ ਗਰਮੀ ਜਿਸ ਉਤੇ ਉਸ ਦੀ ਜ਼ਿੰਦਗੀ ਨਿਰਭਰ ਹੁੰਦੀ ਹੈ; 98.4 ਡਿਗਰੀ।

حراف ***ਹੱਰਾਫ਼*** : ਮੱਕਾਰ, ਬੌਹਤ ਚਲਾਕ, ਫਰੇਬੀ; ਬੌਹਤ ਗੱਲਾਂ ਕਰਨ ਵਾਲਾ, ਬਾਤੂਨੀ; ਗਾਲੜੀ।

حرام ***ਹਰਾਮ*** : (ਹਲਾਲ حلال ਦਾ ਵਿਪਰਿਆਏ) ਅਯੋਗ; ਨਜਾਇਜ਼; ਵਿਵਰਜਤ, ਮਨ੍ਹਾ ਕੀਤੀ ਸ਼ੈ; ਅਨੁਚਿਤ; ਮੰਦਾ ਕੰਮ; ਵਿਭਚਾਰ; ਪਾਕ; ਪਵਿੱਤਰ (ਜਿਸ ਦੇ ਉਲਟ ਜਾਣਾ ਅਯੋਗ ਤੇ ਜੁਰਮ ਹੋਵੇ)।

حرامان ***ਹਰਾਮਾਨ*** : ਮੱਕਾ ਤੇ ਮਦੀਨਾ ਦੋ ਪਵਿੱਤਰ ਸ਼ੈਹਰ।

حرام‌توشه ***ਹਰਾਮ ਤੋਸ਼ਾ,***
حرام‌خوار ***ਹਰਾਮ ਖ਼ੁਆਰ,***
حرام‌خور ***ਹਰਾਮ ਖ਼ੋਰ***: ਨਮਕ-ਹਰਾਮ, ਲੂਣ-ਹਰਾਮੀ; ਅਕਿਰਤਘਣ।

حرام‌خوری ***ਹਰਾਮ-ਖ਼ੋਰੀ*** : ਨਮਕ-ਹਰਾਮੀ, ਬੇਵਫ਼ਾਈ।

حرام‌زاده ***ਹਰਾਮ-ਜ਼ਾਦਾ*** : ਹਰਾਮ ਦਾ ਪੁੱਤਰ, ਹਰਾਮੀ।

حرام‌زادی ***ਹਰਾਮਜ਼ਾਦੀ*** : ਹਰਾਮ ਦੀ ਲੜਕੀ, ਹਰਾਮਣ, ਬਦਜ਼ਾਤ ਇਸਤਰੀ।

حرام‌کار ***ਹਰਾਮਕਾਰ*** : ਬਦਕਾਰ, ਵਿਭਚਾਰੀ, ਦੁਰਾਚਾਰੀ।

حرام‌کاری ***ਹਰਾਮਕਾਰੀ*** : ਬਦਕਾਰੀ; ਵਿਭਚਾਰ।

حرام‌مال ***ਹਰਾਮ ਮਾਲ*** : ਹਰਾਮ ਦੀ ਕਮਾਈ, ਬਦਕਾਰੀ ਨਾਲ ਪਰਾਪਤ ਕੀਤਾ ਧਨ।

حرام‌مغز ***ਹਰਾਮ ਮਗ਼ਜ਼*** : ਰੀੜ੍ਹ ਦੀ ਹੱਡੀ ਦਾ ਗੁੱਦਾ।

حرامی ***ਹਰਾਮੀ*** : ਚੋਰ, ਲੁਟੇਰਾ, ਡਾਕੂ, ਸ਼ਰਾਰਤੀ; ਬਦਜ਼ਾਤ; ਕਮੀਨਾ, ਹਰਾਮ ਦਾ ਜਾਇਆ।

حرامین ***ਹਰਾਮੈਨ*** : ਦੋਵੇਂ ਧਰਮ; ਮੱਕਾ ਤੇ ਮਦੀਨਾ ਦੋਵੇਂ ਪਾਕ ਸ਼ੈਹਰ।

حران ***ਹੱਰਾਨ*** : ਮੁਲਕ ਸ਼ਾਮ ਦੇ ਇਕ ਸ਼ੈਹਰ ਦਾ ਨਾਮ ਜਿਥੇ ਪਾਰਸੀਆਂ ਦੇ ਪੈਗ਼ੰਬਰ ਜ਼ਰਤੁਸ਼ਤ ਦਾ ਜਨਮ ਹੋਇਆ।

حرانانی ***ਹੱਰਾਨਾਨੀ*** : ਹੱਰਾਨ ਨਾਲ ਸਬੰਧਤ, ਹੱਰਾਨ ਦਾ ਰੈਹਣ ਵਾਲਾ।

حرب ***ਹਰਬ*** : ਜੰਗ, ਜੁੱਧ, ਲੜਾਈ, ਦੁਸ਼ਮਣ, ਵੈਰੀ; ਲੜਾਕਾ ਆਦਮੀ, ਜੰਗੀ।

حربگاه ***ਹਰਬ-ਗਾਹ*** : ਲੜਾਈ ਦਾ ਮੈਦਾਨ, ਰਣਭੂਮੀ।

حربوقتال ***ਹਰਬ-ਉ-ਕਿਤਾਲ*** : ਜੰਗ ਤੇ ਖ਼ੂਨ ਖ਼ਰਾਬਾ।

حربی ***ਹਰਬੀ*** : ਜੰਗੀ ਸਿਪਾਹੀ।

حربه ***ਹਰਬਾ*** : ਭਾਲਾ, ਨੇਜ਼ਾ, ਖੰਜਰ, ਕਟਾਰ, ਲੜਾਈ ਦਾ ਹਥਿਆਰ।

حرج ***ਹਰਜ*** : ਤੰਗੀ, ਸਖ਼ਤੀ; ਨੁਕਸਾਨ; ਗਲਤੀ; ਦੇਰ; ਕਮੀ।

حرجمرج ***ਹਰਜ ਮਰਜ*** : ਤੰਗੀ; ਵਿਗਾੜ; ਦੰਗਾ, ਫ਼ਸਾਦ, ਨਫ਼ਾ ਨੁਕਸਾਨ।

حرز ***ਹਿਰਜ਼*** : ਨਿਗਾਹਬਾਨੀ ਕਰਨਾ; ਸੁਰੱਖਿਅਤ ਥਾਂ, ਪਨਾਹ ਦੀ ਥਾਂ; ਜੰਤਰ-ਮੰਤਰ।

حرس ***ਹਰਸ*** : ਨਿਗਾਹਬਾਨੀ; ਬੌਹਤ ਜ਼ਮਾਨਾ।

حرص ***ਹਿਰਸ*** : ਲਾਲਚ, ਲੋਭ, ਚਾਹ, ਲਾਲਸਾ।

حرصی ***ਹਿਰਸੀ*** : ਲਾਲਚੀ, ਲੋਭੀ।

حرف ***ਹਰਫ਼*** : ਸੁਖ਼ਨ, ਬਚਨ, ਗੱਲ, ਪਾਸਾ, ਕਿਨਾਰਾ; ਟੀਸੀ, ਚੋਟੀ; ਤਲਵਾਰ ਦੀ ਧਾਰ; ਐਬ, ਨੁਕਸ; ਤਨਜ਼, ਚੋਟ, ਕਿਸੇ ਜ਼ਬਾਨ ਦੇ ਅੱਖਰ ਜਿਨ੍ਹਾਂ ਦੇ ਮਿਲਣ ਨਾਲ ਸ਼ਬਦ ਬਣਨ।

حرفِآخری ***ਹਰਫ਼-ਏ-ਆਖ਼ਿਰੀ***, حرفِابجد ***ਹਰਫ਼-ਏ-ਅਬਜਦ*** : ਫ਼ਾਰਸੀ ਲਿਪੀ ਦਾ ਅੱਖਰ ਗ਼ੈਨ ਜੋ ੧੦੦੦ ਦੇ ਬਰਾਬਰ ਹੈ; ਬੁਲਬੁਲ; ਜਿਸ ਨੂੰ ਹਜ਼ਾਰ ਦਸਤਾਨ ਹਜ਼ਾਰ ਗੀਤਾਂ ਵਾਲੀ ਕੈਂਹਦੇ ਹਨ; ਪੂਰਾ; ਕਾਮਲ।

حرفِآشنا ***ਹਰਫ਼ ਆਸ਼ਨਾ*** : ਲਿਖ-ਪੜ੍ਹ ਸਕਣ ਵਾਲਾ।

حرفآوردن ***ਹਰਫ਼-ਆਵਰਦਨ*** : ਗੱਲ ਕਰਨਾ, ਬੋਲਣਾ।

حرفاستخواندار ***ਹਰਫ਼-ਏ-ਉਸਤਖ਼ਾਂਦਾਰ*** : ਪੱਕੀ ਗੱਲ, ਵਜ਼ਨ ਵਾਲਾ ਬਚਨ।

حرفبحرف ***ਹਰਫ਼-ਬ-ਹਰਫ਼*** : ਅੱਖਰ ਅੱਖਰ, ਸਾਰਾ।

حرفِبارگیر ***ਹਰਫ਼-ਏ-ਬਾਰਗੀਰ*** : ਤਕੀਆ ਕਲਾਮ।

حرفتهدار ***ਹਰਫ਼-ਏ-ਤਹਦਾਰ*** : ਮਾਕੂਲ ਗੱਲ।

حرفمغزدار ***ਹਰਫ਼-ਏ-ਮਗ਼ਜ਼ਦਾਰ*** : ਵਾਜਬ ਬਾਤ।

حرفِجوهردار ***ਹਰਫ਼-ਏ-ਜੌਹਰਦਾਰ*** : ਸੋਹਣੀ ਗੱਲ।

حرفچین ***ਹਰਫ਼-ਚੀਨ***, حرفگیر ***ਹਰਫ਼-ਗੀਰ*** : ਨੁਕਤਾਚੀਨ।

حرفچینی ***ਹਰਫ਼-ਚੀਨੀ***, حرفگیری ***ਹਰਫ਼-ਗੀਰੀ*** : ਨੁਕਤਾਚੀਨੀ।

حرفِخشک ***ਹਰਫ਼-ਏ-ਖ਼ੁਸ਼ਕ***, حرفِ سرد ***ਹਰਫ਼-ਏ-ਸਰਦ*** : ਬੇਅਸਰ ਗੱਲ, ਕਿਰਕਿਰੀ ਗੱਲ।

حرفِزن ***ਹਰਫ਼-ਜ਼ਨ*** : ਗਾਲ੍ਹੜੀ।

حرفشناس ***ਹਰਫ਼-ਸ਼ਿਨਾਸ*** : ਫ਼ਾਰਸੀ ਅੱਖਰਾਂ ਨੂੰ ਜਾਣਨ ਵਾਲਾ, ਅਬਜਦ-ਖ਼੍ਵਾਨ।

حرفِعلت ***ਹਰਫ਼-ਏ-ਇੱਲਤ*** : ਸਵਰ ਵਾਲੇ ਅੱਖਰ, ਅਲਿਫ਼, ਵਾਉ ਤੇ ਯੇ।

حرفکش ***ਹਰਫ਼ਕਸ਼*** : ਲਿਖਣ ਵਾਲਾ, ਮੁਨਸ਼ੀ, ਮੁਹੱਰਰ।

حرفکشی ***ਹਰਫ਼ਕਸ਼ੀ*** : ਲਿਖਤ, ਤੈਹਰੀਰ।

حرفورقگیر ***ਹਰਫ਼-ਏ-ਵਰਕ-ਗੀਰ*** : ਲੰਮੀ ਗੱਲ ਜਿਸ ਨਾਲ ਵਰਕਾ ਭਰ ਜਾਵੇ।

حرفِهندسی ***ਹਰਫ਼-ਏ-ਹਿੰਦਸੀ*** : ਇਕ ਤੋਂ ਨੌਂ ਤਕ ਦੇ ਹਿੰਦਸੇ, ਨੌਂ ਰਕਮਾਂ।

حرفات ***ਹਰਫ਼ਾਤ*** : (ਹਰਫ਼ **حرف** ਦਾ ਬੌਹਵਚਨ) ਅੱਖਰ।

حرف ***ਹਰਫ਼***, **حرف** ***ਹਿਰਫ਼*** : (ਹਿਰਫ਼ਤ ਜਾਂ ਹਿਰਫ਼ਾ **حرفت/حرفه** ਦਾ ਬੌਹਵਚਨ) ਕਿੱਤੇ, ਪੇਸ਼ੇ, ਕਸਬ।

حرفه ***ਹਿਰਫ਼ਾ***, **حرفت** ***ਹਿਰਫ਼ਤ*** : ਹੁਨਰ; ਕਸਬ, ਪੇਸ਼ਾ।

حرکات ***ਹਰਕਾਤ*** : (ਹਰਕਤ **حرکت** ਦਾ ਬੌਹਵਚਨ) ਹਿਲਜੁਲਾਂ; ਕੰਮ, ਅਮਲ; ਸਵਰ।

حرکاتوسکنات ***ਹਰਕਾਤ-ਉ-ਸਕਨਾਤ*** : ਉਠਣਾ ਬੈਠਣਾ, ਚੱਲਣਾ ਫਿਰਨਾ; ਆਦਤਾਂ; ਹਰਕਤਾਂ ਤੇ ਇਸ਼ਾਰੇ, ਸੈਨਤਾਂ ਤੇ ਚਿੰਨ੍ਹ।

حرکاتی ***ਹਰਕਾਤੀ*** : ਮੱਲਾਹ, ਕਿਸ਼ਤੀ ਚਲਾਉਣ ਵਾਲਾ।

حرکت ***ਹਰਕਤ*** : ਹਿੱਲਣਾ, ਚਾਲ, ਰਫ਼ਤਾਰ; ਧੜਕਣ; ਤੜਪ, ਬੇਚੈਨੀ; ਸਵਰ; ਜ਼ੇਰ, ਜ਼ਬਰ ਤੇ ਪੇਸ਼, ਅਮਲ, ਕੰਮ; ਕਾਰਜ; ਸਲੂਕ, ਭੈੜਾ ਚਲਨ, ਅਨੁਚਿਤ ਕੰਮ; ਵਿਭਚਾਰ; ਅੰਦੋਲਨ,ਫ਼ਸਾਦ; ਨੁਕਸਾਨ; ਸਫਰ, ਕੂਚ; ਆਵਾਜਾਈ।

حرکی ***ਹਰਕੀ***, **حرکتی** ***ਹਰਕਤੀ*** : ਹਰਕਤ ਨਾਲ ਸਬੰਧਤ, ਹਰਕਤ ਵਾਲਾ; ਦਖਲ ਦੇਣ ਵਾਲਾ; ਰੋਕ ਪਾਉਣ ਵਾਲਾ; ਸ਼ਰਾਰਤੀ।

حرم ***ਹਰਮ*** : ਜਿਥੇ ਜਾਣਾ ਮਨ੍ਹਾਂ ਹੋਵੇ, ਵਿਵਰਜਤ; ਗ਼ੈਰ ਕਨੂੰਨੀ; ਪਾਕ, ਪਵਿੱਤਰ; ਪਵਿੱਤਰ ਸਥਾਨ; 'ਮੱਕਾ' ਤੇ 'ਮਦੀਨੇ' ਦਾ ਇਹਾਤਾ; ਓਹ ਇਹਾਤਾ ਜਿਥੇ ਕਿਸੇ ਜਾਨਵਰ ਦਾ ਮਾਰਨਾ ਮਨ੍ਹਾਂ ਹੈ। ਯੇਰੋਸ਼ਲਮ ਦਾ ਪਵਿੱਤਰ ਸਥਾਨ; ਵੱਡੇ ਆਦਮੀਆਂ ਦਾ ਜ਼ਨਾਨ-ਖ਼ਾਨਾ, ਬੀਵੀ, ਜ਼ਨਾਨੀ।

حرمخانه ***ਹਰਮ-ਖ਼ਾਨਾ***, **حرمسرا** ***ਹਰਮ-ਸਰਾ***, **حرمگاه** ***ਹਰਮ-ਗਾਹ*** : ਬੇਗਮਾਂ ਤੇ ਹਰਮਾਂ ਦੇ ਰੈਹਣ ਦੀ ਥਾਂ ਭਾਵ ਜ਼ਨਾਨਖ਼ਾਨਾ।

حرمان ***ਹਰਮਾਨ*** : ਮੱਕਾ ਤੇ ਮਦੀਨਾ ਦੇ ਦੋ ਪਵਿੱਤਰ ਸ਼ੈਹਰ; ਹਰਮੈਨ।

حرمان ***ਹਿਰਮਾਨ*** : ਵਿਵਰਜਤ; ਗ਼ੈਰ ਕਨੂੰਨੀ ਬਣਾਉਣਾ; ਨਿਰਾਸ ਕਰਨਾ; ਵਾਂਝੇ ਰੈਹਣਾ; ਨਿਰਾਸਾ; ਬਦਕਿਸਮਤੀ।

حرمت ***ਹੁਰਮਤ*** : ਇੱਜ਼ਤ, ਸਤਕਾਰ, ਮਾਣ; ਅਜ਼ੀਜ਼ ਹੋਣਾ; ਪਵਿੱਤਰਤਾ; ਨੇਕ ਆਚਰਣ; ਓਹ ਚੀਜ਼ ਜਿਸ ਦਾ ਅਦਬ ਨਾ ਕਰਨਾ ਅਯੋਗ ਹੋਵੇ; ਪਰਸਿੱਧੀ।

حرمل ***ਹਰਮਲ*** : ਕਾਲਾ ਦਾਣਾ ਜਿਸ ਨੂੰ ਭੈੜੀ ਨਜ਼ਰ ਤੋਂ ਬਚਾਉਣ ਲਈ ਸਾੜਿਆ ਜਾਂਦਾ ਹੈ।

حروب ***ਹੁਰੂਬ*** : (ਹਰਬ **حرب** ਦਾ ਬੌਹਵਚਨ) ਲੜਾਈਆਂ, ਜੰਗਾਂ ਜੁੱਧ।

حروف ***ਹੁਰੂਫ਼*** : (ਹਰਫ਼ **حرف** ਦਾ ਬੌਹਵਚਨ) ਕਈ ਅੱਖਰ।

حروفِتهجی ***ਹੁਰੂਫ਼-ਏ-ਤਹੱਜੀ***, **حروفِهجا** ***ਹੁਰੂਫ਼-ਏ-ਹਿਜਾ*** : ਕਿਸੇ ਭਾਸ਼ਾ ਦੀ ਵਰਨਮਾਲਾ।

حروفغیرمنقوط ***ਹੁਰੂਫ਼-ਏ-ਗ਼ੈਰ- ਮਨਕੂਤ*** : ਓਹ ਅੱਖਰ ਜਿਨ੍ਹਾਂ ਉਤੇ ਨੁਕਤੇ ਨਾ ਹੋਣ।

حروفمنقوط ***ਹੁਰੂਫ਼-ਏ-ਮਨਕੂਤ*** : ਓਹ ਅੱਖਰ ਜਿਨ੍ਹਾਂ 'ਤੇ ਨੁਕਤੇ ਹੋਣ।

حروفی ***ਹੁਰੂਫ਼ੀ*** : ਇਕ ਫ਼ਿਰਕਾ (ਸੰਪਰਦਾਏ) ਜੇਹੜਾ ਨਵੇਂ ਨਵੇਂ ਸਿੱਧਾਂਤ ਘੜਦਾ ਰੈਂਹਦਾ ਹੈ; ਪਰੰਪਰਾ ਦੀ ਪਾਬੰਦੀ ਲਾਗੂ ਕਰਨ ਵਾਲਾ।

حرون ***ਹਰੂਨ*** : ਸਰਕਸ਼, ਅੜੀਅਲ, ਮੂੰਹ-ਜ਼ੋਰ।

حرّیت ***ਹੁੱਰੀਯਤ*** : ਅਜ਼ਾਦੀ, ਸੁਤੰਤਰਤਾ।

حریر ***ਹਰੀਰ*** : ਰੇਸ਼ਮ, ਰੇਸ਼ਮੀ ਕੱਪੜਾ।

حریرسینه ***ਹਰੀਰ-ਸੀਨਾ*** : ਨਰਮ ਦਿਲ ਵਾਲਾ।

حریری ***ਹਰੀਰੀ*** : ਰੇਸ਼ਮੀ ਕੱਪੜੇ ਵੇਚਣ

ਵਾਲਾ।

حریری کاغذ ***ਹਰੀਰੀ ਕਾਗ਼ਜ਼*** : ਕੂਲਾ ਕਾਗ਼ਜ਼, ਪਤਲਾ ਤੇ ਬਰੀਕ ਕਾਗਜ਼।

حریش ***ਹਰੀਸ਼*** : ਕੰਨਖਜੂਰਾ, ਕੰਨ-ਸਲਾਈ, ਹਜ਼ਾਰ ਪੈਰਾਂ ਵਾਲਾ ਕੀੜਾ।

حریص ***ਹਰੀਸ*** : ਹਿਰਸ ਕਰਨ ਵਾਲਾ, ਲਾਲਚੀ, ਲੋਭੀ; ਸਾੜਾ ਕਰਨ ਵਾਲਾ; ਹਾਸਦ; ਪੇਟੂ; ਦੇਖਾ ਦੇਖੀ ਕੰਮ ਕਰਨ ਵਾਲਾ।

حریف ***ਹਰੀਫ਼*** : ਹਮ-ਪੇਸ਼ਾ, ਸਾਥੀ; ਵਿਰੋਧੀ, ਸ਼ਰੀਕ, ਦੁਸ਼ਮਣ; ਵੈਰੀ, ਚਲਾਕ, ਹੁਸ਼ਿਆਰ; ਮੁਕਾਬਲਾ ਕਰਨ ਵਾਲਾ।

حریم ***ਹਰੀਮ*** : ਘਰ ਦੀ ਚਾਰ ਦੀਵਾਰੀ; ਘਰ, ਮਕਾਨ; ਘਰ ਦਾ ਆਲਾ-ਦੁਆਲਾ; ਪਵਿੱਤਰ ਸਥਾਨ; ਮੱਕਾ ਦਾ ਇਹਾਤਾ; ਜ਼ਨਾਨਖ਼ਾਨਾ; ਅਧਕਾਰ, ਹੱਕ; ਹਾਜੀ ਦਾ ਗਾੜ੍ਹਾ ਕੱਪੜਾ।

حریم خانہ ***ਹਰੀਮ-ਖ਼ਾਨਾ*** : ਹਰਮ, ਜ਼ਨਾਨਖ਼ਾਨਾ।

حرب ***ਹਿਜ਼ਬ*** : ਜਥਾ, ਜਮਾਤ; ਵਜ਼ੀਫ਼ੇ ਜਾਂ ਨਿਤਨੇਮ ਦਾ ਹਿੱਸਾ; ਵੰਡ।

حزن ***ਹਜ਼ਨ,*** حزن ***ਹੁਜ਼ਨ*** : ਗ਼ਮ, ਰੰਜ, ਸ਼ੋਕ ; ਮਲਾਲ, ਉਦਾਸੀ।

حزیں ***ਹਜ਼ੀਂ*** : ਗ਼ਮਗੀਨ, ਰੰਜੀਦਾ, ਉਦਾਸ।

حساب ***ਹਿਸਾਬ*** : ਸ਼ੁਮਾਰ; ਗਿਣਤੀ; ਓਹ ਵਿੱਦਿਆ ਜਿਸ ਵਿਚ ਅੰਕੜਿਆਂ ਤੇ ਬੈਹਸ ਹੁੰਦੀ ਹੈ; ਮਾਮਲਾ, ਖਾਤਾ; ਕੀਮਤ, ਦਰ; ਮਾਪ ਦੰਡ, ਨੇਮ; ਮਯਾਰ; ਵਪਾਰ, ਤਜਾਰਤ; ਕਾਇਦਾ, ਢੰਗ, ਤੌਰ ਤਰੀਕਾ; ਸਮਝ, ਮੀਜ਼ਾਨ, ਜੋੜ।

حساب پاک شدن ***ਹਿਸਾਬ-ਪਾਕ-ਸ਼ੁਦਨ*** : ਹਿਸਾਬ ਸਾਫ਼ ਹੋਣਾ, ਮਾਮਲਾ ਨਿੱਬੜ ਜਾਣਾ।

حسابدان ***ਹਿਸਾਬਦਾਨ*** : ਹਿਸਾਬ ਦਾ ਮਾਹਰ।

حساب دہ ***ਹਿਸਾਬ-ਦਿਹ*** : ਹਿਸਾਬਯੋਗ; ਹਿਸਾਬ ਦੇਣ ਵਾਲਾ।

حساب کتاب ***ਹਿਸਾਬ ਕਿਤਾਬ*** : ਹਿਸਾਬ, ਲੇਖਾ-ਜੋਖਾ, ਲੈਣ-ਦੇਣ; ਮੇਲ-ਮਿਲਾਪ।

حساب نویس ***ਹਿਸਾਬ-ਨਵੀਸ*** : ਹਿਸਾਬ ਲਿਖਣ ਵਾਲਾ, ਹਿਸਾਬ ਰੱਖਣ ਵਾਲਾ, ਮੁਨਸ਼ੀ।

حسابی ***ਹਿਸਾਬੀ*** : ਹਿਸਾਬ ਵਿਚ ਆਉਣ ਵਾਲਾ, ਠੀਕ, ਸਹੀ; ਕੀਮਤੀ, ਬੌਹਮੁੱਲਾ।

حس ***ਹਿੱਸ*** : ਅਨੁਭਵ ਕਰਨ ਦੀ ਸ਼ਕਤੀ; ਮੈਹਸੂਸ ਕਰਨਾ; ਮਲੂਮ ਕਰਨਾ; ਲੱਭਣਾ; ਖੜਾਕ ਦਾ ਪਤਾ ਲਗਣਾ; ਹਰਕਤ; ਹਿਲਜੁਲ; ਪੰਜਾਂ ਇੰਦਰੀਆਂ ਤੋਂ ਕਿਸੇ ਚੀਜ਼ ਨੂੰ ਅਨੁਭਵ ਕਰਨਾ; ਅਨੁਭਵ; ਐਹਸਾਸ।

حساس ***ਹੱਸਾਸ*** : ਅਨੁਭਵ ਕਬੂਲ ਕਰਨ ਵਾਲਾ; ਪੰਜਾਂ ਇੰਦਰੀਆਂ ਤੋਂ ਪਰਭਾਵਤ ਹੋਣ ਵਾਲਾ; ਤੀਖਣ ਬੁੱਧੀ ਵਾਲਾ; ਜਾਨਵਰ।

حسام ***ਹੁਸਾਮ*** : ਤਿੱਖੀ ਤਲਵਾਰ।

حسان ***ਹੱਸਾਨ*** : ਬੌਹਤ ਸੁੰਦਰ, ਸੋਹਣਾ, ਸਿਆਣਾ; ਅਰਬ ਦਾ ਸ਼ਾਇਰ ਹੱਸਾਨ-ਬਿਨ-ਸਾਬਿਤ ਅਨਸਾਰੀ ਜੋ ਹਜ਼ਰਤ ਰਸੂਲ ਦਾ ਪਰਸ਼ੰਸਕ ਸੀ।

حسان عجم ***ਹੱਸਾਨ-ਏ-ਅਜਮ*** : ਈਰਾਨ ਦੇ ਮਸ਼ਹੂਰ ਸ਼ਾਇਰ ਖ਼ਾਕਾਨੀ ਦਾ ਲਕਬ (ਉਪਾਧੀ) ਕਿਉਂਕਿ ਉਸ ਨੇ ਅਰਬੀ ਸ਼ਾਇਰ ਹੱਸਾਨ ਬਿਨ ਸਾਬਿਤ ਵਾਂਗ ਹਜ਼ਰਤ ਮੁਹੰਮਦ ਸਾਹਿਬ ਦੀ ਉਪਮਾ ਵਿਚ ਕਸੀਦੇ ਲਿਖੇ ਹਨ।

حسد ***ਹਸਦ*** : ਦੂਜੇ ਦਾ ਬੁਰਾ ਚਾਹੁਣਾ, ਸਾੜਾ, ਈਰਖਾ, ਵਿਰੋਧ, ਕਿਸੇ ਚੀਜ਼ ਦੇ ਨਾ ਮਿਲਣ ਦਾ ਅਫ਼ਸੋਸ, ਪਛਤਾਵਾ।

حسرت ***ਹਸਰਤ*** : ਅਫ਼ਸੋਸ, ਦਰੇਗ, ਕਿਸੇ ਚੀਜ਼ ਦੇ ਨਾ ਮਿਲਣ ਦਾ ਅਫ਼ਸੋਸ, ਪਛਤਾਵਾ, ਰੰਜ, ਗ਼ਮ, ਅਰਮਾਨ, ਆਰਜ਼ੂ, ਲਾਲਸਾ।

حسرتا ***ਹਸਰਤਾ*** : ਅਫ਼ਸੋਸ, ਆਹ।

حسرت زدہ ***ਹਸਰਤ-ਜ਼ਦਾ*** : ਰੰਜੀਦਾ, ਗ਼ਮਗੀਨ, ਹਸਰਤ ਦਾ ਮਾਰਿਆ ਹੋਇਆ।

حسن ***ਹਸਨ*** : ਨੇਕ, ਚੰਗਾ, ਖ਼ੂਬਸੂਰਤ, ਹਜ਼ਰਤ ਅਲੀ ਦੇ ਵੱਡੇ ਸਪੁੱਤਰ ਦਾ ਨਾਮ।

حسن ***ਹੁਸਨ*** : ਸੁੰਦਰਤਾ, ਸੁਹੱਪਣ, ਨੇਕੀ,

ਖ਼ੂਬੀ, ਬੇਹਤਰੀ, ਚੰਗਿਆਈ।

حسن آداب ***ਹੁਸਨ-ਏ-ਆਦਾਬ,***

حسن اخلاق ***ਹੁਸਨ-ਏ-ਅਖ਼ਲਾਕ*** : ਚੰਗੇ ਤੌਰ ਤਰੀਕੇ, ਚੰਗਾ ਸੁਭਾ।

حسن اتفاق ***ਹੁਸਨ-ਏ- ਇਤਿਫ਼ਾਕ*** : ਚੰਗਾ ਦਾਅ, ਚੰਗਾ ਅਵਸਰ।

حسن اختیار ***ਹੁਸਨ-ਏ-ਇਖ਼ਤਿਯਾਰ,***

حسن ارادت ***ਹਸਨ-ਏ-ਇਰਾਦਤ*** : ਖੁਲ੍ਹੀ ਮਰਜ਼ੀ।

حسن انتظام ***ਹੁਸਨ-ਏ-ਇੰਤਜ਼ਾਮ*** : ਚੰਗਾ ਪਰਬੰਧ।

حسن بینظیر ***ਹੁਸਨ-ਏ-ਬੇ-ਨਜ਼ੀਰ*** : ਅਦੁਤੀ ਸੁੰਦਰਤਾ।

حسن خداداد ***ਹੁਸਨ-ਏ-ਖ਼ੁਦਾਦਾਦ*** : ਰੱਬ ਵੱਲੋਂ ਬਖਸ਼ਿਆ ਹੁਸਨ, ਕੁਦਰਤੀ ਸੁੰਦਰਤਾ।

حسن ساخته ***ਹੁਸਨ-ਏ-ਸਾਖ਼ਤਾ*** : ਬਣਾਉਟੀ ਸੁੰਦਰਤਾ।

حسن سلوک ***ਹੁਸਨ-ਏ-ਸਲੂਕ*** : ਚੰਗਾ ਵਰਤਾ।

حسن ظن ***ਹੁਸਨ-ਏ-ਜ਼ਨ*** : ਚੰਗੀ ਰਾਏ, ਚੰਗਾ ਫ਼ੈਸਲਾ।

حسن عقیدت ***ਹੁਸਨ-ਏ-ਅਕੀਦਤ*** : ਵਫ਼ਾਦਾਰੀ, ਵਫ਼ਾ।

حسن فرنگ ***ਹੁਸਨ-ਏ-ਫ਼ਿਰੰਗ*** : ਗੋਰਾ ਚਿੱਟਾ ਰੰਗ।

حسن ابدال ***ਹਸਨ ਅਬਦਾਲ*** : ਇਕ ਕਸਬੇ ਦਾ ਨਾਮ; ਪੰਜਾ ਸਾਹਿਬ ਗੁਰਦਵਾਰਾ ਇਥੇ ਹੀ ਹੈ; ਸਟੇਸ਼ਨ ਦਾ ਨਾਮ ਵੀ ਹਸਨ ਅਬਦਾਲ ਹੈ।

حسن بصری ***ਹਸਨ ਬਸਰੀ*** : ਇਕ ਬੌਹਤ ਵਡੇ ਵਲੀ ਦਾ ਨਾਮ ਜੋ ਹਜ਼ਰਤ ਮੁਹੰਮਦ ਸਾਹਿਬ ਦੇ ਸਾਥੀ (ਸਹਾਬੀ) ਸਨ।

حسن میمندی ***ਹਸਨ ਮੈਮੰਦੀ*** : ਮੈਹਮੂਦ ਸਬੁਕਤਗੀਨ ਦੇ ਵਜ਼ੀਰ ਦਾ ਨਾਮ ਜੋ ਪਠਾਣਾਂ ਦੇ ਕਬੀਲੇ ਮੈਮੰਦ ਵਿਚੋਂ ਸੀ।

حسنه ***ਹਸਨਾ*** : (ਅਹਸਨ **احسن** ਦਾ ਇਸਤਰੀ ਲਿੰਗ ਰੂਪ) ਅਤ ਸੁੰਦਰ (ਇਸਤਰੀ) ਬਹਿਸ਼ਤ; ਸਰਵਸਰੇਸ਼ਟ।

حسود ***ਹੁਸੂਦ*** : (ਹਾਸਿਦ **حاسد** ਦਾ ਬੌਹਵਚਨ) ਈਰਖਾਲੂ, ਹਸਦ ਕਰਨ ਵਾਲੇ, ਦੁਸ਼ਮਣ, ਵੈਰੀ।

حسین ***ਹੁਸੈਨ*** : ਹਜ਼ਰਤ ਅਲੀ ਦੇ ਛੋਟੇ ਸਪੁੱਤਰ ਅਤੇ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤਰੇ ਇਮਾਮ ਹਸਨ ਦੇ ਛੋਟੇ ਭਰਾ, ਏਹ ਕਰਬਲਾ ਦੇ ਮੈਦਾਨ ਵਿਚ 61 ਹਿਜਰੀ ਵਿਚ ਆਪਣੇ ਪਰਵਾਰ ਤੇ ਕਬੀਲੇ ਦੇ ਲੋਕਾਂ ਨਾਲ ਯਜ਼ੀਦ ਦੀ ਫ਼ੌਜ ਹਥੋਂ ਖ਼ੁਦਾ ਦੀ ਰਾਹ ਤੇ ਲੜਦੇ ਹੋਏ ਸ਼ਹੀਦ ਹੋ ਗਏ ਸਨ; ਮੁਹੱਰਮ ਦੇ ਪੈਹਲੇ ਦਸ ਦਿਨਾਂ ਵਿਚ ਆਪ ਦਾ ਸੋਗ ਮਨਾਇਆ ਜਾਂਦਾ ਹੈ।

حسینی ***ਹੁਸੈਨੀ*** : ਇਮਾਮ ਹੁਸੈਨ ਨਾਲ ਸਬੰਧਤ, ਸੱਯਦਾਂ ਦੀ ਓਹ ਸ਼ਰੇਣੀ ਜੋ ਇਮਾਮ ਹੁਸੈਨ ਦੀ ਔਲਾਦ ਵਿਚੋਂ ਹੈ।

حشر ***ਹਸ਼ਰ*** : ਭੀੜ, ਇਕੱਠ; ਉਠਾਉਣਾ; ਪਰਲੋ; ਹਿਸਾਬ ਦਾ ਦਿਨ।

حشرگاه ***ਹਸ਼ਰਗਾਹ*** : ਕਿਆਮਤ ਦਾ ਮੈਦਾਨ।

حشرات ***ਹਸ਼ਰਾਤ*** : ਢਿੱਡ ਭਾਰ ਚੱਲਣ ਵਾਲੇ ਜਾਨਵਰ।

حشرات الارض ***ਹਸ਼ਰਾਤ-ਉਲ-ਅਰਜ਼*** : ਧਰਤੀ ਦੇ ਕੀੜੇ ਮਕੌੜੇ, ਬਰਸਾਤੀ ਕੀੜੇ, ਧਰਤੀ ਵਿਚ ਖੁਡ ਕਰ ਕੇ ਰੈਹਣ ਵਾਲੇ ਜਾਨਵਰ ਜਿਵੇਂ: ਸੱਪ, ਬਿਛੂ, ਚੂਹਾ, ਨਿਓਲਾ ਆਦਿ।

حشفه ***ਹਸ਼ਫ਼ਾ*** : ਮਰਦ ਦੀ ਇੰਦਰੀ ਦਾ ਸਿਰਾ; ਖੇਤੀ ਵੱਢਣ ਪਿਛੋਂ ਪਿੱਛੇ ਰਹੀਆਂ ਜੜ੍ਹਾਂ ਆਦਿ; ਬੌਹਤ ਬੁੱਢੀ ਔਰਤ।

حشم ***ਹਸ਼ਮ*** : ਜਾਨਵਰਾਂ ਦਾ ਇੱਜੜ (ਵੱਗ), ਘਰਬਾਰ, ਲਾਣਾ ਬਾਣਾ, ਪਰਵਾਰ; ਨੌਕਰ ਚਾਕਰ, ਸੇਵਾਦਾਰ, ਫ਼ੌਜ, ਸਿਪਾਹੀ।

حشمت ***ਹਸ਼ਮਤ*** : ਤਾਬਿਆਦਾਰ ਤੇ ਆਗਿਆਕਾਰ ਲੋਕਾਂ ਦਾ ਟੋਲਾ, ਨੌਕਰ ਚਾਕਰ, ਦੱਬਦਬਾ, ਸ਼ਾਨੋ-ਸ਼ੌਕਤ, ਫ਼ੌਜ, ਲਸ਼ਕਰ; ਜਲੂਸ,

ਸੁਆਰੀ।

حشمت ***ਹੁਸ਼ਮਤ*** : ਬੀਵੀ ਬੱਚੇ, ਟੱਬਰ-ਟੀਹਰ, ਕਬੀਲਾ, ਊਠ ਦੀ ਮੁਹਾਰ।

حشمت ***ਹਿਸ਼ਮਤ*** : ਦਬਦਬਾ; ਬਜ਼ੁਰਗੀ; ਸ਼ਰਮ, ਹਯਾ; ਗੁੱਸਾ।

حشو ***ਹਸ਼ਵ*** : ਭਰਤੀ, ਅੰਦਰ ਭਰਨ ਦੀ ਚੀਜ਼, ਤਕੀਏ ਜਾਂ ਲਿਹਾਫ਼ ਵਿਚ ਪਾਈ ਜਾਣ ਵਾਲੀ ਰੂੰ ਜਾਂ ਉੱਨ; ਵਾਧੂ ਕਲਾਮ, ਬੇਹੂਦਾ ਗੱਲ।

حشیش ***ਹਸ਼ੀਸ਼*** : ਸੁੱਕਾ ਘਾਹ, ਕਾਹੀ, ਭੰਗ, ਭੰਗ ਦੇ ਪੱਤੇ ਜਾਂ ਸਫੂਫ਼।

حصار ***ਹਿਸਾਰ*** : ਗੜ੍ਹ, ਵਲਗਣ, ਇਹਾਤਾ, ਚਾਰ ਦੀਵਾਰੀ, ਸ਼ੈਹਰ ਜਿਸ ਦੇ ਆਲੇ-ਦੁਆਲੇ ਫ਼ਸੀਲ ਹੋਵੇ।

حصارِبریں ***ਹਿਸਾਰ-ਏ-ਬਰੀਂ,*** حصارِپیروزہ ***ਹਿਸਾਰ-ਏ-ਪੀਰੋਜ਼ਾ,*** حصارِمعلق ***ਹਿਸਾਰ-ਏ-ਮੁਅੱਲਕ*** : ਅਸਮਾਨ।

حصاری ***ਹਿਸਾਰੀ*** : ਘਿਰਿਆ ਹੋਇਆ, ਕਿਲ੍ਹਾਬੰਦ।

حصر ***ਹਸਰ*** : ਘੇਰਨਾ, ਘੇਰਾ ਪਾਉਣਾ, ਵਲਣਾ, ਸਫ਼ਰ ਤੋਂ ਰੋਕਣਾ।

حصص ***ਹਿਸਸ*** : (ਹਿਸਾ حصہ ਦਾ ਬੌਹਵਚਨ) ਹਿੱਸੇ, ਭਾਗ।

حصن ***ਹਿਸਨ*** : ਪਨਾਹ, ਪਨਾਹ ਦੀ ਥਾਂ, ਕਿਲ੍ਹਾ, ਗੜ੍ਹ।

حصنِ پیروزہ ***ਹਿਸਨ-ਏ-ਪੀਰੋਜ਼ਾ,*** حصنِ فیروزہ ***ਹਿਸਨ-ਏ-ਫ਼ੀਰੋਜ਼ਾ,*** حصنِ معلق ***ਹਿਸਨ-ਏ-ਮੁਅੱਲਕ*** : ਅਸਮਾਨ।

حصول ***ਹੁਸੂਲ*** : ਹਾਸਲ ਹੋਣਾ, ਪੈਦਾ ਹੋਣਾ, ਕਿਸੇ ਚੀਜ਼ ਦਾ ਸਾਬਤ ਤੇ ਬਾਕੀ ਰੈਹਣਾ, ਪਰਾਪਤੀ, ਲਾਭ, ਫ਼ਾਇਦਾ, ਨਫ਼ਾ।

حصولِ مرام ***ਹਸੂਲ-ਏ-ਮਰਾਮ*** : ਮੁਰਾਦ ਪੂਰੀ ਹੋਣਾ, ਇੱਛਾ ਪੂਰੀ ਹੋਣਾ।

حصہ ***ਹਿੱਸਾ*** : ਭਾਗ, ਟੁਕੜਾ, ਟੋਟਾ, ਅੰਗ, ਵੰਡ, ਦਰਜਾ।

حصہ بخش ***ਹਿੱਸਾ-ਬਖ਼ਸ਼*** : ਹਿੱਸੇ ਵੰਡਣ ਵਾਲਾ।

حصہ خالصہ ***ਹਿੱਸਾ-ਏ-ਖ਼ਾਲਿਸਾ*** : ਸਰਕਾਰ ਦਾ ਹਿੱਸਾ, ਮਾਮਲਾ, ਕਰ।

حصہ دار ***ਹਿੱਸਾਦਾਰ*** : ਭਾਈਵਾਲ।

حصہ داری ***ਹਿੱਸਾਦਾਰੀ*** : ਹਿੱਸਾ ਲੈਣ ਦਾ ਅਧਕਾਰ, ਭਾਈਵਾਲੀ।

حضرات ***ਹਜ਼ਰਾਤ*** : (ਹਜ਼ਰਤ حضرت ਦਾ ਬੌਹਵਚਨ) ਬਜ਼ੁਰਗ ਲੋਕ; ਭੱਦਰ ਪੁਰਸ਼; ਦਰਸ਼ਕ; ਹਾਜ਼ਰ ਲੋਕ।

حضرت ***ਹਜ਼ਰਤ*** : ਦਰਗਾਹ; ਨਜ਼ਦੀਕੀ, ਕੁਰਬ; ਬਜ਼ੁਰਗੀ ਦਾ ਸ਼ਬਦ ਜੋ ਨੇਕ ਤੇ ਬਜ਼ੁਰਗ ਲੋਕਾਂ ਦੇ ਨਾਮ ਨਾਲ ਆਉਂਦਾ ਹੈ; ਦਰਬਾਰ, ਸ਼ਾਹੀ ਦਰਬਾਰ।

حضور ***ਹੁਜ਼ੂਰ*** : ਹਾਜ਼ਰੀ, ਮੌਜੂਦਗੀ, ਹਾਜ਼ਰ ਹੋਣਾ; ਸਾਮ੍ਹਣੇ ਆਉਣਾ; ਕਚੈਹਰੀ ਵਿਚ ਪੇਸ਼ ਹੋਣਾ; ਵਡਿਆਈ ਦਾ ਸ਼ਬਦ; ਸੁੱਖ, ਅਰਾਮ।

حضورطلب ***ਹੁਜ਼ੂਰ-ਤਲਬ*** : ਦਰਬਾਰ ਵਿਚ ਬੁਲਾਉਣਾ, ਪੇਸ਼ੀ, ਹਾਜ਼ਰੀ; ਨਜ਼ਦੀਕੀ।

حضوروالا ***ਹੁਜ਼ੂਰ-ਏ-ਵਾਲਾ*** : ਜਨਾਬ-ਏ-ਆਲੀ।

حضوری ***ਹੁਜ਼ੂਰੀ*** : ਨਜ਼ਦੀਕੀ; ਬਾਦਸ਼ਾਹੀ ਦਰਬਾਰ ਜਾਂ ਇਜਲਸ; ਹਜ਼ੂਰ ਨਾਲ ਸਬੰਧਤ।

حظ ***ਹੱਜ਼*** : ਹਿੱਸਾ, ਬਖਰਾ; ਭਾਗ, ਕਿਸਮਤ, ਨਸੀਬ; ਖੁਸ਼ੀ, ਲੁੱਤਫ਼, ਮਜ਼ਾ, ਲੱਜ਼ਤ; ਭੋਗ ਵਿਲਾਸ।

حفاظت ***ਹਿਫ਼ਾਜ਼ਤ*** : ਸੁਰੱਖਿਆ; ਰਖਵਾਲੀ, ਬਚਾ, ਸਲਾਮਤੀ।

حفظ ***ਹਿਫ਼ਜ਼*** : ਜ਼ਬਾਨੀ ਯਾਦ; ਯਾਦਦਾਸ਼ਤ; ਹਿਫ਼ਾਜ਼ਤ, ਲਿਹਾਜ, ਪਾਸ, ਅਦਬ।

حفظ الغیب ***ਹਿਫ਼ਜ਼-ਉਲ-ਗ਼ੈਬ*** : ਗ਼ੈਰ-ਹਾਜ਼ਰੀ ਵਿਚ ਯਾਦ ਰੱਖਣਾ।

حفظِ صحت ***ਹਿਫ਼ਜ਼-ਏ-ਸਿਹਤ*** : ਸੇਹਤ ਦੀ ਸੁਰੱਖਿਆ, ਤੰਦਰੁਸਤੀ ਦਾ ਬਚਾ।

حفظِ صورت ***ਹਿਫ਼ਜ਼-ਏ-ਸੂਰਤ*** : ਪਿੱਠ ਪਿੱਛੇ ਕਿਸੇ ਦੀ ਨੇਕੀ ਯਾਦ ਰੱਖਣਾ।

حفظِ ماتقدم ***ਹਿਫ਼ਜ਼-ਏ-ਮਾ-ਤੱਕਦੁਮ*** : ਕਿਸੇ ਮਾਮਲੇ ਦੀ ਪੇਸ਼ਬੰਦੀ

ਕਰਨਾ; ਓਹ ਬਚਾ ਜੋ ਪੈਹਲਾਂ ਕੀਤਾ ਜਾਵੇ।

حفظِ مراتب ***ਹਿਫ਼ਜ਼-ਏ-ਮਰਾਤਿਬ*** : ਪਦਵੀ ਅਨੁਸਾਰ ਹਰ ਇਕ ਦਾ ਸਤਕਾਰ।

حفيظ ***ਹਫ਼ੀਜ਼*** : ਨਿਗਾਹਬਾਨ, ਰੱਖਿਆ ਕਰਨ ਵਾਲਾ, ਰੱਖਿਅਕ; ਰੱਬ ਦਾ ਇਕ ਨਾਮ; ਊਠਾਂ ਜਾਂ ਭੇਡਾਂ ਨੂੰ ਚਰਾਉਣ ਵਾਲਾ, ਚਰਵਾਹਾ।

حق/حق ***ਹਕ/ਹੱਕ*** : ਸੱਚ, ਠੀਕ, ਸਹੀ, ਦਰੁਸਤ; ਯੋਗ, ਜਾਇਜ਼, ਵਾਜਬ; ਲਾਇਕ; ਅਸਲੀਅਤ; ਤੱਥ; ਨਿਆਂ, ਇਨਸਾਫ਼; ਅਧਕਾਰ, ਦਾਵਾ, ਮਲਕੀਅਤ, ਹਿੱਸਾ, ਭਾਗ; ਫ਼ਰਜ਼, ਕਰਤਵ; ਸੱਚਾ ਰੱਬ; ਇਕ ਪੰਛੀ ਜੋ ਪੁੱਠਾ ਲਟਕਦਾ ਰੈਂਹਦਾ ਹੈ ਤੇ 'ਹੱਕ ਹੱਕ' ਕੂਕਦਾ ਹੈ, ਬਦਲਾ, ਮੁਆਵਜ਼; ਮਜ਼ਦੂਰੀ, ਇਨਾਮ।

حق الرحمت ***ਹੱਕ-ਉਜ-ਜ਼ਹਮਤ,***
حق السعی ***ਹੱਕ-ਉਸ-ਸਈ*** : ਮਜ਼ਦੂਰੀ, ਕਮਿਸ਼ਨ, ਫੀਸ।

حق العباد ***ਹੱਕ-ਉਲ-ਇਬਾਦ*** : ਬੰਦਿਆਂ ਦਾ ਹੱਕ।

حق العبد ***ਹਕ-ਉਲ-ਅਬਦ*** : ਗ਼ੁਲਾਮ ਦਾ ਹੱਕ।

حق بجانب ***ਹੱਕ-ਬ-ਜਾਨਿਬ*** : ਓਹ ਵਿਅਕਤੀ ਜੋ ਸਚਾਈ 'ਤੇ ਹੋਵੇ।

حق بدست اوست ***ਹੱਕ-ਬ-ਦਸਤ-ਏ-ਊਸਤ*** : ਓਹ ਸਚਾਈ 'ਤੇ ਹੈ।

حق بین ***ਹੱਕ-ਬੀਨ*** : ਨਿਆਂ ਦਾ ਖ਼ਿਆਲ ਰੱਖਣ ਵਾਲਾ।

حق پرست ***ਹੱਕ ਪ੍ਰਸਤ*** : ਸੱਚਾ ਆਦਮੀ, ਸੱਚ ਦਾ ਪੁਜਾਰੀ।

حق پرستی ***ਹੱਕ ਪ੍ਰਸਤੀ*** : ਸੱਚਾਈ; ਖ਼ੁਦਾ ਦੀ ਅਧੀਨਗੀ।

حق پسند ***ਹੱਕ-ਪਸੰਦ*** : ਨਿਆਂਕਾਰ।

حق تحریر ***ਹਕ-ਏ-ਤਹਰੀਰ*** : ਦਸਤਾਵੇਜ਼ ਲਿਖਣ ਦੀ ਫ਼ੀਸ।

حق تصنیف ***ਹੱਕ-ਏ-ਤਸਨੀਫ਼*** : ਲੇਖਕ ਦੇ ਹੱਕ, ਕਾਪੀਰਾਈਟ।

حق تعالی ***ਹੱਕ ਤਆਲਾ*** : ਵੱਡਾ ਰੱਬ।

حق تلفی ***ਹੱਕ ਤਲਫ਼ੀ*** : ਬੇਇਨਸਾਫ਼ੀ, ਹੱਕ ਮਾਰਨਾ।

حق جو ***ਹੱਕ-ਜੂ*** : ਸੱਚ ਦਾ ਖੋਜੀ, ਸੱਚ ਦੀ ਤਲਾਸ਼ ਕਰਨ ਵਾਲਾ।

حق حق گفتن ***ਹੱਕ ਹੱਕ ਗੁਫ਼ਤਨ*** : ਮਰਨਾ, ਜਾਨ ਦੇਣਾ।

حق حقوق ***ਹੱਕ ਹੁਕੂਕ*** : ਹੱਕ ਤੇ ਫ਼ਰਜ਼।

حق حلال ***ਹੱਕ ਹਲਾਲ*** : ਜਾਇਜ਼, ਠੀਕ।

حقدار ***ਹੱਕਦਾਰ*** : ਜਿਸ ਦਾ ਹੱਕ ਹੋਵੇ, ਵਾਰਸ।

حق رسی ***ਹੱਕ-ਰਸੀ*** : ਨਿਆਂ; ਨਿਆਂ ਮਿਲਣਾ।

حقِ سرکار ***ਹੱਕ-ਏ-ਸਰਕਾਰ*** : ਸਰਕਾਰ ਦਾ ਹਿੱਸਾ।

حقِ شفعہ ***ਹੱਕ ਸ਼ੁਫ਼ਆ*** : ਨਾਲ ਲਗਦੀ ਜਾਇਦਾਦ ਖ਼ਰੀਦਣ ਦਾ ਹੱਕ; ਗੁਆਂਢ ਦਾ ਹੱਕ।

حق شناس ***ਹੱਕ ਸ਼ਿਨਾਸ*** : ਸੱਚ ਨੂੰ ਜਾਣਨ ਵਾਲਾ, ਕਦਰਦਾਨ।

حق فراموش کردن ***ਹੱਕ-ਫ਼ਰਾਮੋਸ਼ ਕਰਦਨ*** : ਕਿਸੇ ਦੀ ਕੀਤੀ ਭੁਲਾ ਦੇਣੀ, ਉਪਕਾਰ ਭੁਲਾ ਦੇਣਾ।

حقِ مال ***ਹੱਕ-ਏ-ਮਾਲ*** : ਜਾਇਦਾਦ ਦਾ ਹੱਕ।

حقِ مالکانی ***ਹੱਕ-ਏ-ਮਾਲਿਕਾਨੀ,***
حقِ ملکیت ***ਹੱਕ-ਏ-ਮਿਲਕੀਯਤ*** : ਮਾਲਕੀ ਦਾ ਹੱਕ।

حق گزار ***ਹੱਕ-ਗੁਜ਼ਾਰ*** : ਨਿਆਂਕਾਰ।

حق گزاری ***ਹੱਕ-ਗੁਜ਼ਾਰੀ*** : ਫ਼ਰਜ਼ ਦੀ ਪੂਰਤੀ।

حق گو ***ਹੱਕ-ਗੋ*** : ਸੱਚਾ।

حق ناحق ***ਹੱਕ-ਨਾ-ਹੱਕ*** : ਜਾਇਜ਼ ਨਜ਼ਾਇਜ਼ ਜਾਂ ਚੰਗੇ ਮੰਦੇ ਹਰ ਸਾਧਨ ਨਾਲ; ਬਿਨਾ ਕਿਸੇ ਦਲੀਲ ਦੇ।

حق ناشناس ***ਹੱਕ-ਨਾਸ਼ਿਨਾਸ*** : ਕਿਰਤਘਣ, ਨਮਕਹਰਾਮ।

حقِ نمک ***ਹੱਕ-ਏ-ਨਮਕ*** : ਵਫ਼ਾਦਾਰੀ, ਨਮਕ ਹਲਾਲੀ।

حقوراثت *ਹੱਕ-ਏ-ਵਿਰਾਸਤ,* حقوارثی *ਹੱਕ-ਏ-ਵਾਰਿਸੀ* : ਜਾਇਦਾਦ ਦੇ ਵਾਰਸ ਹੋਣ ਦੇ ਹੱਕ।

حقا *ਹੱਕਾ* : ਸੱਚ ਹੈ, ਠੀਕ ਹੈ, ਖ਼ੁਦਾ ਦੀ ਕਸਮ।

حقارت *ਹਕਾਰਤ* : ਜ਼ਿੱਲਤ, ਬੇਇਜ਼ਤੀ, ਜ਼ਲੀਲ ਹੋਣਾ, ਬਦਨਾਮ ਹੋਣਾ; ਘਿਰਨਾ ਕਰਨਾ; ਘਿਰਨਾ; ਬਦਨਾਮੀ, ਰੁਸਵਾਈ।

حقانی *ਹੱਕਾਨੀ* : ਹੱਕ ਨਾਲ ਸਬੰਧਤ; ਅਲਾਹ ਵਾਲਾ; ਖ਼ੁਦਾ ਦੀ ਮੁਹੱਬਤ ਵਿਚ ਰੈਹਣ ਵਾਲਾ; ਠੀਕ; ਬੇਲਾਗ।

حقائق *ਹੱਕਾਇਕ* : (ਹਕੀਕਤ حقیقت ਦਾ ਬੌਹਵਚਨ) ਹਕੀਕਤਾਂ, ਸਚਾਈਆਂ, ਤੱਥ, ਅਸਲ ਗੱਲਾਂ, ਸੱਚੀਆਂ ਗੱਲਾਂ।

حقوق *ਹੁਕੂਕ* : (ਹੱਕ حق ਦਾ ਬੌਹਵਚਨ) ਬੌਹਤੇ ਹੱਕ, ਫ਼ਰਜ਼।

حقه *ਹੁੱਕਾ* : ਗੈਹਣਿਆਂ ਦਾ ਡੱਬਾ; ਤਮਾਕੂ ਪੀਣ ਵਾਲਾ ਪਿੱਤਲ, ਮਿੱਟੀ ਆਦਿ ਦਾ ਡੱਬਾ।

حقه‌باز *ਹੁੱਕਾ-ਬਾਜ਼* : ਬਾਜ਼ੀਗਰ , ਮਦਾਰੀ; ਚਲਾਕ, ਮੱਕਾਰ।

حقه‌بازی *ਹੁੱਕਾ-ਬਾਜ਼ੀ* : ਚਲਾਕੀ, ਬਾਜ਼ੀਗਰੀ।

حقه‌بردار *ਹੁੱਕਾ ਬਰਦਾਰ* : ਹੁੱਕਾ ਭਰਨ ਵਾਲਾ, ਨੌਕਰ।

حقه‌خشخاش *ਹੁੱਕਾ-ਏ-ਖਸ਼ਖ਼ਾਸ਼* : ਪੋਸਤ ਦਾ ਡੋਡਾ।

حقه‌سبز *ਹੁੱਕਾ-ਏ-ਸਬਜ਼,* حقه‌مینا *ਹੁੱਕਾ-ਏ-ਮੀਨਾ* : ਅਸਮਾਨ।

حقه‌گر *ਹੁੱਕਾਗਰ* : ਡੱਬੇ ਬਣਾਉਣ ਵਾਲਾ।

حقیت *ਹੱਕੀਯਤ* : ਹੱਕ, ਹੱਕਦਾਰੀ, ਜਾਇਦਾਦ ਦਾ ਹੱਕ।

حقیقت *ਹਕੀਕਤ* : ਜੜ; ਕਿਸੇ ਚੀਜ਼ ਦੀ ਜ਼ਾਤ ਤੇ ਅਸਲ, ਤੱਥ; ਸੱਚ; ਸਚਾਈ; ਅਧਿਆਤਮਵਾਦ; ਸਿਦਕਦਿਲੀ; ਸਾਰ, ਤਤ; ਕਥਾ, ਕਹਾਣੀ, ਵਿਥਿਆ।

حقیقت‌حال *ਹਕੀਕਤ-ਏ-ਹਾਲ* : ਸੱਚੀ ਵਿਥਿਆ, ਅਸਲ ਗੱਲ, ਮਾਮਲੇ ਦੀ ਅਸਲੀਯਤ।

حقیقی *ਹਕੀਕੀ* : ਅਸਲੀ, ਖਰਾ, ਸਾਫ਼, ਬਿਨਾ ਮਿਲਾਵਟ, ਸਕਾ, ਆਪਣਾ, ਜ਼ਰੂਰੀ; ਠੀਕ, ਸਹੀ।

حکام *ਹੁੱਕਾਮ* : (ਹਾਕਿਮ حاکم ਦਾ ਬੌਹਵਚਨ) ਹੁਕਮ ਕਰਨ ਵਾਲੇ, ਸ਼ਾਸਕ, ਅਮੀਰ ਵਜ਼ੀਰ, ਨਾਇਬ, ਨਾਜ਼ਮ।

حکام‌بالادست *ਹੁੱਕਾਮ-ਏ-ਬਾਲਾਦਸਤ* : ਉਚੇਰੇ ਹਾਕਮ, ਉਪਰਲੇ ਅਧਕਾਰੀ।

حکام‌ماتحت *ਹੁੱਕਾਮ-ਏ-ਮਾਤਹਿਤ* : ਅਧੀਨ ਅਮਲਾ, ਛੋਟੇ ਕਰਮਚਾਰੀ।

حکایات *ਹਕਾਇਯਾਤ,* حکایات *ਹਿਕਾਯਾਤ* : (ਹਿਕਾਯਤ حکایت ਦਾ ਬੌਹਵਚਨ) ਰਵਾਇਤਾਂ; ਕਹਾਣੀਆਂ, ਗੱਲਾਂ, ਕਥਾਵਾਂ।

حکایت *ਹਿਕਾਯਤ* : ਪੰਜਾਬੀ ਵਿਚ ਪਰਚਲਤ "ਹਿਕਾਇਤ" ਹੈ, ਕਹਾਣੀ, ਰਵਾਇਤ; ਕਿੱਸਾ, ਬਾਤ, ਕਥਾ, ਸਾਖੀ, ਬਿਆਨ; ਰੋਮਾਂਸ।

حکایت‌غرامیه *ਹਿਕਾਯਤ-ਏ-ਗ਼ਰਾਮੀਯਾ* : ਨਾਵਲ।

حکم *ਹੁਕਮ* : ਪਰਵਾਨਾ, ਅਦੇਸ਼; ਹਿਕਮਤ, ਦਨਾਈ; ਸ਼ਰਈ ਫ਼ੈਸਲਾ; ਫ਼ਤਵਾ; ਸਜ਼ਾ; ਡਿਗਰੀ; ਮੌਤ; ਨਿਆਂ-ਅਧਕਾਰੀ; ਨਿਯਮ; ਪਰਬੰਧ; ਕਨੂੰਨ, ਐਕਟ।

حکم‌بردار *ਹੁਕਮਬਰਦਾਰ* : ਆਗਿਆਕਾਰ।

حکمران *ਹੁਕਮਰਾਨ* : ਹੁਕਮ ਕਰਨ ਵਾਲਾ, ਸ਼ਾਸਕ, ਬਾਦਸ਼ਾਹ।

حکمرانی *ਹੁਕਮਰਾਨੀ* : ਹੁਕਮ ਕਰਨ ਦੀ ਕਿਰਿਆ, ਹਕੂਮਤ, ਬਾਦਸ਼ਾਹੀ।

حکم‌شرع *ਹੁਕਮ-ਏ-ਸ਼ਰਅ* : ਦੀਵਾਨੀ ਡਿਗਰੀ।

حکم‌ضبطی *ਹੁਕਮ-ਏ-ਜ਼ਬਤੀ* : ਜ਼ਬਤ ਕਰਨ ਦਾ ਅਦੇਸ਼।

حکم‌طلبی *ਹੁਕਮ-ਏ-ਤਲਬੀ* : ਅਦਾਲਤ ਵਿਚ ਹਾਜ਼ਰ ਹੋਣ ਦਾ ਹੁਕਮ।

حکم قطعی ***ਹੁਕਮ-ਏ-ਕਤੱਈ,*** **حکم مطلق** ***ਹੁਕਮ-ਏ-ਮੁਤਲਿਕ*** : ਅਖੀਰੀ ਹੁਕਮ।

حکم گشتی ***ਹੁਕਮ-ਏ-ਗਸ਼ਤੀ*** : ਹਰੇਕ ਥਾਂ ਭੇਜਿਆ ਜਾਣ ਵਾਲਾ ਹੁਕਮ; ਸਰਕੂਲਰ।

حکما ***ਹੁਕਮਾ*** : (ਹਕੀਮ **حکیم** ਦਾ ਬੌਹਵਚਨ) ਵਸਤਾਂ ਦੀ ਹਕੀਕਤ ਜਾਣਨ ਵਾਲੇ, ਸਿਆਣੇ, ਵਿਦਵਾਨ।

حکمت ***ਹਿਕਮਤ*** : ਸਿਆਣਪ, ਦਨਾਈ; ਇਕ ਵਿੱਦਿਆ ਜਿਸ ਰਾਹੀਂ ਮੌਜੂਦ ਵਸਤਾਂ ਦੀ ਅਸਲ ਹਕੀਕਤ ਦਾ ਪਤਾ ਲੱਗੇ, ਤਦਬੀਰ; ਢੰਗ; ਇਲਾਜ, ਦਵਾ, ਦਾਰੂ; ਗ਼ਰਜ਼, ਮਤਲਬ।

حکمت العین ***ਹਿਕਮਤ-ਉਲ-ਐਨ*** : ਹਿਕਮਤ ਦੀ ਇਕ ਪੁਸਤਕ ਦਾ ਨਾਮ।

حکمتِ الٰہی ***ਹਿਕਮਤ-ਏ-ਇਲਾਹੀ*** : ਓਹ ਵਿੱਦਿਆ ਜਿਸ ਵਿਚ ਰੱਬੀ ਗੱਲਾਂ ਦਾ ਗਿਆਨ ਹੋਵੇ।

حکمتِ عملی ***ਹਿਕਮਤ-ਏ-ਅਮਲੀ*** : ਓਹ ਵਿੱਦਿਆ ਜਿਸ ਵਿਚ ਰੁਜ਼ਗਾਰ ਤੇ ਰੋਜ਼ੀ ਦੇ ਪਰਸੰਗ ਬਾਰੇ ਪੂਰਾ ਹਾਲ ਦਿੱਤਾ ਜਾਂਦਾ ਹੈ; ਹੁਸ਼ਿਆਰੀ, ਦੂਰ-ਅੰਦੇਸ਼ੀ, ਤਦਬੀਰ; ਚਲਾਕੀ।

حکیم ***ਹਕੀਮ*** : ਹਿਕਮਤ ਜਾਣਨ ਵਾਲਾ; ਸਿਆਣਾ, ਅਕਲਮੰਦ, ਦਾਰਸ਼ਨੀ, ਫਲਸਫੀ; ਤਬੀਬ, ਵੈਦ; ਰੱਬ ਦਾ ਇਕ ਨਾਮ।

حکیمانہ ***ਹਕੀਮਾਨਾ*** : ਸਿਆਣੇ ਵਾਂਗ, ਸਿਆਣਪ ਵਾਲਾ।

حکیم باشی ***ਹਕੀਮਬਾਸ਼ੀ*** : ਮੁਖ ਹਕੀਮ।

حکیمی ***ਹਕੀਮੀ*** : ਹਿਕਮਤ ਦੀ ਵਿੱਦਿਆ, ਹਿਕਮਤ।

حکیم گنجہ ***ਹਕੀਮ-ਏ-ਗੰਜਾ*** : ਸ਼ੈਹਰ ਗੰਜਾ ਦਾ ਰੈਹਣ ਵਾਲਾ; ਨਿਜ਼ਾਮੀ ਗੰਜਵੀ ਕਰਤਾ 'ਸਿਕੰਦਰਨਾਮਾ' ਆਦਿ।

حل ***ਹੱਲ*** : ਖੋਲ੍ਹਣਾ, ਗੰਢ-ਖੋਲ੍ਹਣਾ; ਔਖੀ ਚੀਜ਼ ਨੂੰ ਸੌਖਾ ਕਰਨਾ; ਉਤਾਰਨਾ; ਹਲਾਲ ਹੋਣਾ, ਜਾਇਜ਼ ਹੋਣਾ, ਲਾਜ਼ਮ ਹੋਣਾ; ਹਲ ਹੋਣਾ; ਘੁਲਣਾ, ਮਿਲਣਾ; ਤਿਲਾਂ ਦਾ ਤੇਲ; ਹਿਸਾਬ ਦੇ ਸਵਾਲ ਦਾ ਮਾਮਲਾ।

حلاج ***ਹੱਲਾਜ*** : ਰੂੰ ਪਿੰਜਣ ਵਾਲਾ, ਪੇਂਜਾ; ਇਕ ਪਰਸਿੱਧ ਵਲੀ (ਸੂਫ਼ੀ) ਹੁਸੈਨ-ਬਿਨ ਮਨਸੂਰ ਦੀ ਉਪਾਧੀ, ਆਪ ਹੱਲਾਜ ਪੇਂਜਾ ਨਹੀਂ ਸੀ, ਪਰ ਇਕ ਵਾਰ ਆਪਣੇ ਇਕ ਦੋਸਤ ਪੇਂਜੇ ਦੇ ਮਕਾਨ ਤੇ ਬੈਠਾ ਸੀ; ਪੇਂਜਾ ਉੱਥੇ ਨਹੀਂ ਸੀ, ਮਨਸੂਰ ਨੇ ਇਸ਼ਾਰਾ ਕੀਤਾ ਰੂੰ ਆਪਣੇ ਆਪ ਸਾਫ਼ ਹੋਣ ਲੱਗੀ ਇਸ ਤੇ ਮਨਸੂਰ ਦਾ ਨਾਮ 'ਹੱਲਾਜ' ਪੈ ਗਿਆ, ਅਖੀਰ 'ਅਨਲਹੱਕ' (ਮੈਂ ਰੱਬ ਹਾਂ) ਕੈਹਣ ਤੇ ਉਸ ਨੂੰ ੩੦੯ ਹਿਜਰੀ ਵਿਚ ਸੂਲੀ ਤੇ ਚਾੜ੍ਹ ਦਿਤਾ ਗਿਆ ਤੇ ਉਸ ਦੀ ਲਾਸ਼ ਨੂੰ ਸਾੜ ਕੇ ਨਦੀ ਵਿਚ ਸੁਟ ਦਿੱਤਾ ਗਿਆ।

حلاجی ***ਹੱਲਾਜੀ*** : ਰੂੰ ਪਿੰਜਣ ਜਾਂ ਸਾਫ਼ ਕਰਨ ਦੀ ਕਿਰਿਆ।

حلال ***ਹਲਾਲ*** : ਠੀਕ, ਯੋਗ; ਹਰਾਮ ਦੇ ਵਿਪਰੀਤ; ਮੁਸਲਮਾਨੀ ਸ਼ਰ੍ਹਾ ਦੇ ਅਨੁਕੂਲ।

حلال خور ***ਹਲਾਲ-ਖ਼ੋਰ*** : ਹੱਕ ਹਲਾਲ ਦੀ ਮਜ਼ਦੂਰੀ ਕਰਨ ਵਾਲਾ, ਮੇਹਤਰ, ਜਮਾਦਾਰ, ਭੰਗੀ।

حلال خوری ***ਹਲਾਲ-ਖ਼ੋਰੀ*** : ਭੰਗੀ ਦਾ ਕੰਮ ਜਾਂ ਕਿੱਤਾ।

حلال روزی ***ਹਲਾਲ ਰੋਜ਼ੀ*** : ਹਲਾਲ ਦੀ ਕਮਾਈ ਕਰਨ ਵਾਲਾ।

حلال زادہ ***ਹਲਾਲ-ਜ਼ਾਦਾ*** : ਜਾਇਜ਼ ਪੁੱਤਰ।

حلال نمک ***ਹਲਾਲ ਨਮਕ*** : ਵਫ਼ਾਦਾਰ, ਸੱਚਾ।

حلالی ***ਹਲਾਲੀ*** : ਤਾਜ਼ਾ; ਜਾਇਜ਼।

حلاوت ***ਹਲਾਵਤ*** : ਮਿਠਾਸ, ਪੱਕੇ ਫਲ ਦੀ ਮਿਠਾਸ; ਮਜ਼ਾ, ਚੰਗਾ ਸੁਆਦ; ਅਨੰਦ, ਖ਼ੁਸ਼ੀ, ਪਰਸੰਨਤਾ।

حلاوت بخش ***ਹਲਾਵਤ-ਬਖ਼ਸ਼*** : ਮਿਠਾਸ ਦੇਣ ਵਾਲਾ, ਮਿੱਠਾ।

حلب ***ਹਲਬ*** : ਪਰਸਿੱਧ ਸ਼ੈਹਰ ਦਾ ਨਾਮ ਜਿਥੋਂ ਦਾ ਸ਼ੀਸ਼ਾ ਪੁਰਾਣੇ ਸਮਿਆਂ ਵਿਚ ਬੜਾ ਮਸ਼ਹੂਰ ਸੀ; ਤਾਜ਼ਾ ਚੋਇਆ ਹੋਇਆ ਦੁੱਧ।

حلبی *ਹਲਬੀ* : ਹਲਬ ਦਾ, ਹਲਬ ਨਾਲ ਸਬੰਧਤ।

حلف *ਹਲਫ਼* : ਕਸਮ, ਸੌਂਹ; ਇਕਰਾਰ।

حلفاً *ਹਲਫ਼ਨ* : ਕਮਸ ਖਾ ਕੇ।

حلفنامه *ਹਲਫ਼ਨਾਮਾ* : ਹਲਫ਼ੀਆ, ਹਲਫ਼ੀਆ ਬਿਆਨ ਦੀ ਲਿਖਤ।

حلفی *ਹਲਫ਼ੀ*, **حلفیه‌بیان** *ਹਲਫ਼ੀਯਾ ਬਯਾਨ* : ਕਸਮ ਨਾਲ, ਕਸਮ ਖਾ ਕੇ ਦਿੱਤਾ ਬਿਆਨ ਆਦਿ।

حلقه *ਹਲਕਾ* : ਘੇਰਾ, ਦਾਇਰਾ; ਇਹਾਤਾ; ਪਹੀਆ, ਚੱਕਰ, ਛੱਲਾ; ਦਰਵਾਜ਼ੇ ਦਾ ਹੋੜਾ, ਕੁੰਡਾ; ਚਾਕ (ਬਟਨ ਦਾ); ਇਕ ਪਰਕਾਰ ਦੀ ਆਤਸ਼ਬਾਜ਼ੀ।

حلقهٔ آبگون *ਹਲਕਾ-ਏ-ਆਬਗੂਨ* : ਅਸਮਾਨ।

حلقه‌بردرزدن *ਹਲਕਾ ਬਰ-ਦਰ ਜ਼ਦਨ* : ਦਰਵਾਜ਼ਾ ਖੜਕਾਉਣਾ, ਦਸਤਕ ਦੇਣਾ।

حلقه‌بگوش *ਹਲਕਾ-ਬ-ਗੋਸ਼* : ਗ਼ੁਲਾਮ, ਆਗਿਆਕਾਰ; (ਅਰਬ ਈਰਾਨ ਵਿਚ ਰਿਵਾਜ ਸੀ ਕਿ ਪਛਾਣ ਲਈ ਗ਼ੁਲਾਮਾਂ ਦੇ ਕੰਨ ਵਿਚ ਮੁੰਦਰਾਂ ਵਰਗਾ ਹਲਕਾ ਪਾ ਦਿੱਤਾ ਜਾਂਦਾ ਸੀ)।

حلقه‌بندی *ਹਲਕਾਬੰਦੀ* : ਕਿਸੇ ਵਿਸ਼ੇਸ਼ ਕਾਰਜ ਲਈ ਪਿੰਡਾਂ ਦੀ ਜੁਟਬੰਦੀ।

حلقهٔ بینی *ਹਲਕਾ-ਏ-ਬੀਨੀ* : ਨੱਕ ਦੀ ਨੱਥ।

حلقه‌دار *ਹਲਕਾਦਾਰ* : ਜਿਸ ਦੇ ਕੰਨਾਂ ਵਿਚ ਵਾਲੀਆਂ ਹੋਣ; ਆਗਿਆਕਾਰ, ਨੌਕਰ।

حلقه‌زن *ਹਲਕਾ-ਜ਼ਨ* : ਬੂਹਾ ਖੜਕਾਉਣ ਵਾਲਾ।

حلقهٔ زرین *ਹਲਕਾ-ਏ-ਜ਼ੱਰੀਨ* : ਸੋਨੇ ਦੀ ਵਾਲੀ; ਬਿਜਲੀ।

حلقهٔ سیمین *ਹਲਕਾ-ਏ-ਸੀਮੀਨ* : ਚੌਦ੍ਹਵੀਂ ਦਾ ਚੰਦ, ਪੂਰਨਮਾਸ਼ੀ ਦਾ ਚੰਦ।

حلقهٔ میم *ਹਲਕਾ-ਏ-ਮੀਮ* : ਮਸ਼ੂਕ ਦਾ ਮੂੰਹ।

حلقه‌وار *ਹਲਕਾਵਾਰ* : ਹਲਕੇ ਵਾਂਗ।

حلم *ਹਿਲਮ* : ਬੁਰਦਬਾਰੀ, ਨਿਮਰਤਾ, ਬਰਦਾਸ਼ਤ; ਅਕਲ, ਸਿਆਣਪ; ਨਰਮੀ; ਗੰਭੀਰਤਾ, ਠਰੰਮਾ।

حلو *ਹਲਵ* : ਮਿੱਠਾ ਹੋਣਾ; ਤੋਹਫ਼ੇ ਦੇ ਤੌਰ ਤੇ ਕੁਝ ਦੇਣਾ।

حلوا *ਹਲਵਾ* : ਮਿੱਠੀ ਚੀਜ਼, ਮਿਠਿਆਈ, ਕੜਾਹ; ਮਿੱਠਾ ਫਲ, ਮੇਵਾ।

حلوای آشتی *ਹਲਵਾ-ਏ-ਆਸ਼ਤੀ* : ਸੁਲ੍ਹਾ ਸਫ਼ਾਈ ਪਿੱਛੋਂ ਵੰਡੀ ਜਾਣ ਵਾਲੀ ਮਿਠਿਆਈ।

حلوای تر *ਹਲਵਾ-ਏ-ਤਰ* : ਮਿੱਠੇ ਤੇ ਤਾਜ਼ੇ ਮੇਵੇ; ਸੇਬ; ਨਾਸ਼ਪਤੀ; ਆਦਿ।

حلوائی *ਹਲਵਾਈ*, **حلوانی** *ਹਲਵਾਨੀ* : ਹਲਵਾ ਵੇਚਣ ਵਾਲਾ, ਮਿਠਿਆਈ ਵੇਚਣ ਵਾਲਾ।

حل‌وعقد *ਹੱਲ-ਉ-ਅਕਦ* : ਖੋਲ੍ਹਣਾ ਤੇ ਬੰਨ੍ਹਣਾ।

حلول *ਹੁਲੂਲ* : ਇਕ ਚੀਜ਼ ਦਾ ਦੂਜੀ ਚੀਜ਼ ਵਿਚ ਇਸ ਤਰ੍ਹਾਂ ਰਲ-ਮਿਲ ਜਾਣਾ ਕਿ ਫ਼ਰਕ ਨਾ ਹੋ ਸਕੇ; ਉਤਰਨਾ, ਲੈਹਣਾ; ਇਕ ਜਗ੍ਹਾ ਤੇ ਖਲੋਣਾ; ਕੁਰਬਾਨੀ ਦਿੱਤੇ ਜਾਣ ਵਾਲੇ ਦਾ ਜ਼ਿਬ੍ਹਾ ਹੋਣ ਵਾਲੀ ਥਾਂ ਤੇ ਪੁਜ ਜਾਣਾ।

حله *ਹੁੱਲਾ* : ਸਵਰਗੀ, ਪੁਸ਼ਾਕ, ਕੱਪੜਿਆ ਦਾ ਜੋੜਾ, ਜੋੜਾ ਜਾਮਾ, ਦੋ ਕੱਪੜੇ, ਅਸਤਰ ਵਾਲਾ ਕੱਪੜਾ, ਜਾਮਾ, ਚੋਗਾ, ਯਮਨ ਦੀ ਚਾਦਰ।

حلیف *ਹਲੀਫ਼* : ਹਲਫ਼ ਚੁੱਕਣ ਵਾਲਾ; ਕਸਮ ਜਾਂ ਸੌਂਹ ਖਾਣ ਵਾਲਾ; ਸਹਾਇਕ, ਸਾਥੀ; ਦੋ ਪਾਰਟੀਆਂ ਜਿਨ੍ਹਾਂ ਨੇ ਇਕ ਦੂਜੇ ਦੀ ਮਦਦ ਕਰਨ ਦਾ ਮੁਆਹਦਾ ਕੀਤਾ ਹੋਵੇ।

حلیم *ਹਲੀਮ* : ਹਲੀਮੀ ਵਾਲਾ, ਸ਼ਾਂਤ ਸੁਭਾ, ਸੈਹਣਸ਼ੀਲ, ਨਰਮ; ਈਰਾਨੀਆਂ ਦੇ ਇਕ ਖਾਣੇ ਦਾ ਨਾਮ ਜੋ ਮੁਹੱਰਮ ਵਿਚ ਖਾਧਾ ਜਾਂਦਾ ਹੈ; ਰੱਬ ਦੀ ਇਕ ਸਿਫ਼ਤ।

حلیمه *ਹਲੀਮਾ* : ਹਜ਼ਰਤ ਮੁਹੰਮਦ ਸਾਹਿਬ ਦੀ ਦਾਈ ਦਾ ਨਾਮ।

حلیه *ਹੁਲੀਯਾ* : ਜ਼ੇਵਰ, ਗੈਹਣਾ; ਸ਼ਕਲ, ਸੂਰਤ।

حمار ***ਹਿਮਾਰ*** : ਗਧਾ, ਖੋਤਾ; ਬੇਵਕੂਫ਼।

حمّار ***ਹੱਮਾਰ*** : ਗਧੇ ਵਾਲਾ।

حمّاره ***ਹੱਮਾਰਾ*** : ਸਖ਼ਤ ਗਰਮੀ।

حماقت ***ਹਮਾਕਤ*** : ਬੇਵਕੂਫ਼ੀ, ਨਦਾਨੀ, ਮੂਰਖਤਾ।

حمّال ***ਹੱਮਾਲ*** : ਬੋਝ ਉਠਾਉਣ ਵਾਲਾ, ਭਾਰ ਚੁੱਕਣ ਵਾਲਾ; ਪਾਂਡੀ, ਮਜ਼ਦੂਰ, ਕੁਲੀ, ਪੱਲੇਦਾਰ।

حماله ***ਹਮਾਲਾ*** : ਖ਼ੂਨ ਬਦਲੇ ਦਿਤੀ ਰਕਮ, ਖ਼ੂੰਬਹਾ, ਜੁਰਮਾਨਾ।

حمّاله ***ਹੱਮਾਲਾ*** : ਬੋਝ ਚੁਕਣ ਵਾਲੀ ਇਸਤਰੀ।

حمّام ***ਹੱਮਾਮ*** : ਗਰਮ ਪਾਣੀ ਨਾਲ ਨਹਾਉਣ ਦੀ ਜਗ੍ਹਾ, ਇਸ਼ਨਾਨ-ਘਰ।

حمّامزنان ***ਹੱਮਾਮ-ਏ-ਜ਼ਨਾਨ*** : ਔਰਤਾਂ ਦਾ ਹੱਮਾਮ; ਸ਼ੋਰ ਸ਼ਰਾਬੇ ਦੀ ਥਾਂ।

حمّامی ***ਹੱਮਾਮੀ*** : ਹਮਾਮ ਵਾਲਾ, ਹੱਮਾਮ ਦਾ ਮਾਲਕ।

حمایت ***ਹਿਮਾਯਤ*** : ਸਹਾਇਤਾ, ਬਚਾ; ਤਰਫ਼ਦਾਰੀ; ਰਖਵਾਲੀ।

حمایتگر ***ਹਿਮਾਯਤਗਰ*** : ਨਿਗਾਹਬਾਨ; ਸਹਾਇਕ।

حمایل ***ਹਮਾਯਲ*** : ਗਲ ਵਿਚ ਲਟਕਾਉਣ ਵਾਲੀ ਚੀਜ਼ (ਹਾਰ ਆਦਿ); ਗਲ ਵਿਚ ਪਾਉਣ ਦਾ ਜ਼ੇਵਰ; ਕੁਰਾਨ ਸ਼ਰੀਫ਼ ਦੀ ਛੋਟੀ ਜਿਲਦ ਜੋ ਗਲ ਵਿਚ ਲਟਕਾ ਲਈ ਜਾਂਦੀ ਹੈ।

حمد ***ਹਮਦ*** : ਉਸਤਤ ਕਰਨੀ, ਸਲਾਹੁਣਾ, ਜਸ ਕਰਨਾ, ਅਲਾਹ ਦੀ ਵਡਿਆਈ ਕਰਨਾ; ਰੱਬ ਦੀ ਸਿਫ਼ਤ ਸਨਾ ਕਰਨਾ।

حمدوثنا ***ਹਮਦ-ਉ-ਸਨਾ*** : ਰੱਬ (ਈਸ਼ਵਰ) ਦੀ ਉਸਤਤ।

حمرا ***ਹਮਰਾ*** : ਬੌਹਤ ਸੁਰਖ਼, ਗੂੜ੍ਹਾ ਲਾਲ, ਲਾਲ ਰੰਗ ਦੀ ਇਸਤਰੀ; ਦੁਪੈਹਰ ਦੀ ਸਖ਼ਤ ਧੁੱਪ।

حمزه ***ਹਮਜ਼ਾ*** : ਹਜ਼ਰਤ ਮੁਹੰਮਦ ਸਾਹਿਬ ਦੇ ਚਾਚੇ ਦਾ ਨਾਮ ਜਿਨ੍ਹਾਂ ਨੂੰ 'ਅਮੀਰ ਹਮਜ਼ਾ' ਵੀ ਕੈਂਹਦੇ ਹਨ, ਏਹ ਬੜੇ ਬਹਾਦਰ ਜੋਧੇ ਸਨ ਅਤੇ ਜੰਗ-ਬਦਰ ਵਿਚ ਸ਼ਹੀਦ ਹੋਏ ਸਨ; ਇਕ ਖੱਟਾ ਸਾਗ।

حمل ***ਹਮਲ*** : ਬੋਝ, ਭਾਰ, ਗਠੜੀ, ਧੌਣ ਤੇ ਚੁੱਕਣ ਵਾਲਾ ਭਾਰ; ਬੋਝ ਚੁੱਕਣਾ, ਲੱਦਣਾ; ਗਰਭ।

حملونقل ***ਹਮਲ-ਉ-ਨਕਲ*** : ਲਾਹੁਣਾ, ਚੜ੍ਹਾਉਣਾ; ਇਕ ਮਕਾਨ ਨੂੰ ਖਾਲੀ ਕਰਕੇ ਦੂਜੇ ਵਿਚ ਜਾਣਾ।

حمله ***ਹਮਲਾ*** : ਹੱਲਾ, ਧਾਵਾ, ਆਕਰਮਣ, ਚੜ੍ਹਾਈ।

حملهآور ***ਹਮਲਾਆਵਰ*** : ਹਮਲਾ ਕਰਨ ਵਾਲਾ, ਆਕਰਮਣਕਾਰੀ।

حمیّت ***ਹਮੀਯੱਤ*** : ਅਣਖ, ਗ਼ੈਰਤ, ਸ਼ਰਮ।

حمید ***ਹਮੀਦ*** : ਤਰੀਫ਼ ਕੀਤਾ ਗਿਆ, ਜਿਸ ਦੀ ਹਮਦ ਕੀਤੀ ਜਾਵੇ; ਰੱਬ ਦਾ ਇਕ ਨਾਮ।

حنا ***ਹਿਨਾ*** : ਮੈਂਹਦੀ।

حنابندی ***ਹਿਨਾ-ਬੰਦੀ*** : ਵਿਆਹ ਵਿਚ ਵੌਹਟੀ ਨੂੰ ਮੈਂਹਦੀ ਲਾਉਣ ਦੀ ਰਸਮ।

حنائی ***ਹਿਨਾਈ*** : ਮੈਂਹਦੀ ਨਾਲ ਸਬੰਧਤ; ਮੈਂਹਦੀ ਰੰਗਾ।

حنظل ***ਹਨਜ਼ਲ*** : ਇੰਦਰਾਯਨ ਦਾ ਫਲ; ਤੁੰਮਾ।

حنف ***ਹਨਫ਼*** : ਪਕਿਆਈ; ਧਰਮ ਦੀ ਸਚਾਈ ਤੇ ਪਕਿਆਈ।

حنفی ***ਹਨਫ਼ੀ*** : ਓਹ ਸੁੰਨੀ ਮੁਸਲਮਾਨ ਜੋ ਇਮਾਮ-ਏ-ਆਜ਼ਮ ਅਬੂ-ਹਨੀਫ਼ਾ 'ਤੇ ਵਿਸ਼ਵਾਸ ਰੱਖਦਾ ਹੋਵੇ; ਸੱਚਾ।

حنیف ***ਹਨੀਫ਼*** : ਦੀਨ ਵਿਚ ਸੱਚਾ, ਓਹ ਸ਼ਖ਼ਸ ਜੇਹੜਾ ਹਜ਼ਰਤ ਇਬਰਾਹੀਮ ਦੇ ਦੀਨ ਦਾ ਹੋਵੇ, ਝੂਠ ਜਾਂ ਕੁਫ਼ਰ ਨੂੰ ਛੱਡ ਕੇ ਸੱਚ ਵੱਲ ਰੁਚੀ ਰੱਖਣ ਵਾਲਾ।

حنین ***ਹੁਨੈਨ*** : ਮੱਕਾ ਤੇ ਤਾਇਫ਼ ਦੇ ਵਿਚਕਾਰ ਇਕ ਸਥਾਨ ਜਿਥੇ ਹਜ਼ਰਤ ਮੁਹੰਮਦ ਸਾਹਿਬ ਦੀ ਕਾਫ਼ਰਾਂ ਨਾਲ ਜੰਗ ਹੋਈ ਸੀ; ਇਕ ਪਰਸਿੱਧ ਵਿਦਵਾਨ ਜਿਸ ਨੇ ਯੂਨਾਨੀ ਪੁਸਤਕਾਂ ਦਾ ਅਰਬੀ ਵਿਚ ਅਨੁਵਾਦ ਕੀਤਾ; ਅਰਬ ਦੇ ਇਕ ਸਿਆਣੇ ਮੋਚੀ ਦਾ ਨਾਮ।

حوا ***ਹੱਵਾ*** : ਕਾਲੀ ਭਾਹ ਮਾਰਦੀ ਲਾਲ ਰੰਗ ਦੀ ਔਰਤ; ਹਜ਼ਰਤ ਆਦਮ ਦੀ ਬੀਵੀ ਦਾ ਨਾਮ, ਪੈਹਲੀ ਇਸਤਰੀ, ਮਾਨਵ ਜਾਤੀ ਦੀ ਮਾਂ।

حوادث ***ਹਵਾਦਿਸ*** : (ਹਾਦਿਸਾ حادثہ ਦਾ ਬੌਹਵਚਨ) ਜ਼ਮਾਨੇ ਦੇ ਚੱਕਰ, ਮੁਸੀਬਤਾਂ, ਦੁਰਘਟਨਾਵਾਂ, ਔਖਿਆਈਆਂ।

حواری ***ਹਵਾਰੀ*** : ਖ਼ਾਸ ਰਿਸ਼ਤੇਦਾਰ, ਆਪਣੇ ਸਾਕ ਸਬੰਧੀ; ਧੋਬੀ; ਗੋਰੇ ਰੰਗ ਵਾਲਾ, ਚਿੱਟਾ; ਹਜ਼ਰਤ ਈਸਾ ਦੇ ਸਾਥੀ; ਸਹਾਇਕ; ਚੋਣਵੇਂ ਵਫ਼ਾਦਾਰ।

حواس ***ਹਵਾਸ*** : (ਹਾਸਾ حاسہ ਦਾ ਬੌਹ-ਵਚਨ) ਮਨੁੱਖ ਦੇ ਇੰਦਰੇ; ਹੋਸ਼, ਔਸਾਨ; ਅਕਲ, ਸਮਝ।

حواس الارض ***ਹਵਾਸ-ਉਲ-ਅਰਜ਼*** : ਪੰਜ ਆਫ਼ਤਾਂ ਭਾਵ ਸਰਦੀ, ਗੜੇ, ਹਵਾ, ਟਿਡੀ, ਖੇਤੀ ਨਾਸ ਕਰਨ ਵਾਲੇ ਜਾਨਵਰ।

حواسِ خمسہ ***ਹਵਾਸ-ਏ-ਖ਼ਮਸਾ*** : ਪੰਜ ਇੰਦਰੇ ਭਾਵ ਵੇਖਣ, ਸੁੰਘਣ, ਚੱਖਣ, ਸੁਣਨ ਤੇ ਸਪਰਸ਼ ਦੀਆਂ ਸ਼ਕਤੀਆਂ।

حواشی ***ਹਵਾਸ਼ੀ*** : (ਹਾਸ਼ੀਯਾ حاشیہ ਦਾ ਬੌਹਵਚਨ) ਕਿਨਾਰੇ, ਕੰਢੇ, ਸਿਰੇ; ਨੌਕਰ ਚਾਕਰ।

حوال ***ਹਵਾਲ*** : ਸਮੇਂ ਦਾ ਚੱਕਰ।

حوالت ***ਹਵਾਲਤ***, **حوالہ** ***ਹਵਾਲਾ*** : ਹਵਾਲੇ ਕਰਨਾ; ਦੂਜੇ ਦੇ ਜ਼ੁੰਮੇਂ ਕਰਜ਼ ਦੇਣਾ ਤੇ ਆਪ ਲੈਹਣੇਦਾਰ ਪਾਸੋਂ ਛੁਟਕਾਰਾ ਪਾ ਲੈਣਾ; ਚੈੱਕ, ਬਿੱਲ, ਹੁੰਡੀ; ਪਤਾ, ਨਿਸ਼ਾਨ।

حوالت گاہ ***ਹਵਾਲਤ-ਗਾਹ*** : ਸਪੁਰਦਗੀ ਦੀ ਥਾਂ।

حوالہ گاہ ***ਹਵਾਲਾ-ਗਾਹ*** : ਸ਼ੈਹਰ ਦੇ ਦੁਆਲੇ ਸੈਰਗਾਹ।

حوالی ***ਹਵਾਲੀ*** : ਗਿਰਦਾ ਗਿਰਦ, ਆਸ ਪਾਸ, ਆਲੇ ਦੁਆਲੇ।

حوالیِ شہر ***ਹਵਾਲੀ-ਏ-ਸ਼ਹਿਰ*** : ਸ਼ੈਹਰ ਦੇ ਆਲੇ ਦੁਆਲੇ; ਸ਼ੈਹਰ ਦੇ ਇਰਦ ਗਿਰਦ, ਸ਼ੈਹਰ ਦੇ ਆਲੇ ਦੁਆਲੇ ਦੀ ਜ਼ਮੀਨ।

حوالیا ***ਹਵਾਲੀਜਾ*** : ਆਲਾ-ਦੁਆਲਾ।

حوائج ***ਹਵਾਇਜ*** : (ਹਾਜਤ حاجت ਦਾ ਬੌਹਵਚਨ) ਜ਼ਰੂਰਤਾਂ, ਲੋੜਾਂ।

حوت ***ਹੂਤ*** : ਵੱਡੀ ਮੱਛੀ; ਬਾਰ੍ਹਵੇਂ ਅਸਮਾਨੀ ਬੁਰਜ ਦਾ ਨਾਮ; ਮੀਨ ਰਾਸ਼ੀ।

حور ***ਹੂਰ*** : (ਹੌਰਾ حورا ਦਾ ਬੌਹਵਚਨ) ਹੂਰਾਂ; ਬੇਹੱਦ ਸਫ਼ੈਦ ਰੰਗ ਦੀ ਔਰਤ; ਗੋਰੇ ਰੰਗ, ਕਾਲੀਆਂ ਅੱਖਾਂ ਤੇ ਕਾਲੇ ਵਾਲਾਂ ਵਾਲੀਆਂ ਔਰਤਾਂ।

حور العین ***ਹੂਰ-ਉਲ-ਐਨ*** : ਸਫੈਦ ਰੰਗ ਦੀਆਂ ਔਰਤਾਂ; ਕਾਲੇ ਵਾਲਾਂ, ਕਾਲੀਆਂ ਤੇ ਮੋਟੀਆਂ ਅੱਖਾਂ ਵਾਲੀਆਂ।

حوران ***ਹੂਰਾਨ*** : ਹੂਰ حور ਦਾ ਬੌਹਵਚਨ।

حوصلہ ***ਹੌਸਲਾ*** : ਪੋਟਾ, ਪੋਟ, ਦਾਣਾ ਚੁਗਣ ਵਾਲੇ ਜਾਨਵਰ ਦਾ ਪੋਟਾ, ਬਰਦਾਸ਼ਤ, ਸ਼ੈਹਨਸ਼ੀਲਤਾ, ਹਿੰਮਤ; ਸ਼ਕਤੀ, ਦਲੇਰੀ।

حوض ***ਹੌਜ਼*** : ਪਾਣੀ ਲਈ ਬਣਾਈ ਹੋਈ ਥਾਂ, ਚਬੱਚਾ; ਤਲਾਅ।

حوضِ آب ***ਹੌਜ਼-ਏ-ਆਬ*** : ਪਾਣੀ ਦਾ ਚਬੱਚਾ; ਬੁਰਜ-ਏ-ਹੂਤ; ਮੀਨ ਰਾਸ਼ੀ।

حوضِ ترسا ***ਹੌਜ਼-ਏ-ਤਰਸਾ*** : ਅੰਗੂਰਾਂ ਨੂੰ ਪੈਰਾਂ ਨਾਲ ਮਸਲ ਕੇ ਸ਼ੀਰਾ ਰੱਖਣ ਦਾ ਹੌਜ਼।

حوض خانہ ***ਹੌਜ਼-ਖ਼ਾਨਾ*** : ਹਮਾਮ, ਨਹਾਉਣ ਦੀ ਥਾਂ।

حوضِ ماہی ***ਹੌਜ਼-ਏ-ਮਾਹੀ*** : ਬੁਰਜ-ਏ-ਹੂਤ, ਮੀਨ ਰਾਸ਼ੀ।

حوضِ نعمان ***ਹੌਜ਼-ਏ-ਨਅਮਾਨ*** : ਕੌੜੇ ਪਾਣੀ ਦਾ ਇਕ ਹੌਜ਼ ਜੋ ਹਜ਼ਰਤ ਰਸੂਲ ਪਾਕ ਦੇ ਸਮੇਂ ਮਿੱਠਾ ਹੋ ਗਿਆ ਸੀ।

حول ***ਹੌਲ*** : ਵਿਜੇ ਪਰਾਪਤ ਕਰਕੇ ਮੁੜਨਾ; ਇਰਦ ਗਿਰਦ, ਆਸ-ਪਾਸ; ਸ਼ਕਤੀ; ਸਾਲ; ਬਦਲ ਜਾਣਾ, ਇਕ ਥਾਂ ਤੋਂ ਦੂਜੀ ਥਾਂ ਜਾਣਾ।

حول وحوش ***ਹੌਲ-ਉ-ਹਵਸ਼*** : ਇਰਦ-ਗਿਰਦ, ਆਲੇ-ਦੁਆਲੇ, ਆਸ-ਪਾਸ।

حویلی ***ਹਵੇਲੀ*** : ਚਾਰ ਦੀਵਾਰੀ, ਇਹਾਤਾ, ਓਹ ਮਕਾਨ ਜਿਸ ਦੇ ਚਾਰੇ ਪਾਸੇ ਦੀਵਾਰ ਹੋਵੇ; (ਅਸਲ ਵਿਚ ਸ਼ਬਦ 'ਹਵਾਲੀ' ਹੈ, ਈਰਾਨ ਵਾਲਿਆਂ ਨੇ 'ਹਵੇਲੀ' ਬਣਾਇਆ), ਆਲੀਸ਼ਾਨ

ਮਕਾਨ।

حیٔ ***ਹੈਯ*** : ਜਿਊਣਾ; ਰੱਬ ਦਾ ਇਕ ਨਾਮ; ਜ਼ਿੰਦਗੀ, ਜੀਵਨ, ਹਯਾਤ; ਨਿਕਾ ਕਬੀਲਾ; ਪਿੰਡ।

حی ***ਹੈ*** : ਅਰਬ ਦੇ ਇਕ ਕਬੀਲੇ ਦਾ ਨਾਮ; ਕੈਸ (ਮਜਨੂੰ) ਦੀ ਮਸ਼ੂਕਾ ਲੈਲਾ ਇਸੇ ਕਬੀਲੇ ਦੀ ਸੀ।

حیا ***ਹਯਾ*** : ਸ਼ਰਮ, ਲਾਜ, ਤੋਬਾ; ਦਰਿੰਦੇ ਦੀ ਮਦੀਨ; ਭੇਡ, ਬੱਕਰੀ ਤੇ ਊਠਣੀ ਦਾ ਗੁਪਤ ਅੰਗ।

حیات ***ਹਯਾਤ*** : ਜਿਊਂਦੇ ਰੈਹਣਾ, ਜ਼ਿੰਦਗੀ, ਜੀਵਨ, ਉਮਰ; ਜਾਨ, ਜਾਨਦਾਰੀ।

حیات‌سپردن ***ਹਯਾਤ ਸੁਪੁਰਦਨ*** : ਜਾਨ ਦੇਣਾ, ਮਰਨਾ; ਪਰੇ ਹੋ ਜਾਣਾ।

حیاتِ‌مستعار ***ਹਯਾਤ-ਏ-ਮੁਸਤਆਰ*** : ਮਾਂਗਵੀ ਜ਼ਿੰਦਗੀ, ਨਾਸ਼ਵਾਨ ਜੀਵਨ।

حیثیت ***ਹੈਸੀਯਤ*** : ਢੰਗ, ਤੌਰ ਤਰੀਕਾ, ਸਮਰਥਾ, ਵਿਤ; ਸਾਖ; ਯੋਗਤਾ, ਗੁਣ; ਸਾਧਨ; ਜਾਇਦਾਦ; ਆਮਦਨੀ; ਦੌਲਤ; ਰੁਤਬਾ, ਦਰਜਾ।

حیدر ***ਹੈਦਰ*** : ਸ਼ੇਰ; ਦਰਿੰਦਾ; ਅਮੀਰ-ਉਲ-ਮੋਮਨੀਨ ਹਜ਼ਰਤ ਅਲੀ ਦੀ ਉਪਾਧੀ ਜਿਸ ਨੂੰ 'ਹੈਦਰੁ-ਅੱਲਾਹ' ਤੇ 'ਹੈਦਰ ਕੱਰਾਰ' ਵੀ ਕਿਹਾ ਜਾਂਦਾ ਹੈ।

حیدری ***ਹੈਦਰੀ*** : ਹੈਦਰ ਨਾਲ ਸਬੰਧਤ, ਹਜ਼ਰਤ ਅਲੀ ਦੇ ਫ਼ਿਰਕੇ ਦਾ ਵਿਅਕਤੀ; ਕੁਤਬੁੱਦੀਨ ਅਲੀ ਦੀ ਸੂਫ਼ੀ ਸੰਪਰਦਾਏ ਦਾ ਅਨੁਯਾਈ।

حیدرنامه ***ਹੈਦਰਨਾਮਾ*** : ਪਰਸਿੱਧ ਫਾਰਸੀ ਸ਼ਾਇਰ ਫਰੀਦ-ਉ-ਦੀਨ ਅੱਤਾਰ ਦੀ ਮਸ਼ਹੂਰ ਕਿਤਾਬ ਦਾ ਨਾਮ।

حیران ***ਹੈਰਾਨ*** : ਦੰਗ, ਪਰੇਸ਼ਾਨ; ਅਚੰਭਤ, ਚਿੰਤਾਤੁਰ, ਫ਼ਿਕਰਮੰਦ।

حیران‌وسرگردان ***ਹੈਰਾਨ-ਉ-ਸਰਗਰਦਾਨ*** : ਬੁਰੇ ਹਾਲ ਵਿਚ, ਪਰੇਸ਼ਾਨੀ ਦੀ ਹਾਲਤ ਵਿਚ ਫਿਰਦਾ ਹੋਇਆ।

حیرانی ***ਹੈਰਾਨੀ*** : ਪਰੇਸ਼ਾਨੀ, ਹੈਰਤ, ਅਚੰਭਾ।

حیرت ***ਹੈਰਤ*** : ਹੈਰਾਨ ਹੋਣਾ, ਹੈਰਾਨੀ ਕਾਰਨ ਇਕੋ ਹਾਲਤ ਵਿਚ ਰੈਹ ਜਾਣਾ; ਪਰੇਸ਼ਾਨੀ, ਅਚੰਭਾ।

حیرت‌آفرین ***ਹੈਰਤ-ਆਫ਼ਰੀਨ***, حیرت‌انگیز ***ਹੈਰਤ-ਅੰਗੇਜ਼*** : ਹੈਰਾਨੀ, ਤਅਜੁਬ ਜਾਂ ਅਚੰਭਾ ਪੈਦਾ ਕਰਨ ਵਾਲਾ।

حیرت‌زده ***ਹੈਰਤ-ਜ਼ਦਾ***, حیرتی ***ਹੈਰਤੀ*** : ਹੈਰਾਨ, ਹੱਕਾ ਬੱਕਾ।

حیص ***ਹੈਸ*** : ਕੁਰਾਹੇ ਪੈਣਾ; ਫਿਰ ਜਾਣਾ।

حیص‌بیص ***ਹੈਸ ਬੈਸ, ਹੀਸ ਬੀਸ*** : ਰੌਲਾ-ਰੱਪਾ, ਸ਼ੋਰ-ਸ਼ਰਾਬਾ, ਲੜਾਈ-ਝਗੜਾ; ਸੰਕੋਚ; ਫ਼ਿਕਰ, ਚਿੰਤਾ।

حیف ***ਹੈਫ਼*** : ਅਫ਼ਸੋਸ; ਦਰੇਗ਼; ਜ਼ੁਲਮ, ਜਬਰ।

حیل ***ਹੀਲ*** : ਹਜ਼ਰਤ ਯਾਕੂਬ ਦੇ ਮਾਮੇ ਦੀ ਬੇਟੀ ਜੋ ਹਜ਼ਰਤ ਯਾਕੂਬ ਦੀ ਬੀਵੀ ਤੇ ਹਜ਼ਰਤ ਯੂਸੁਫ਼ ਦੀ ਮਾਤਾ ਸੀ।

حیلت ***ਹੀਲਤ***, حیله ***ਹੀਲਾ*** : ਹੀਲਾ, ਬਹਾਨਾ; ਮਕਰ, ਫ਼ਰੇਬ, ਸਾਜ਼ਸ਼; ਚਾਲ; ਚਾਰਾ; ਕੰਮ, ਰੋਜ਼ਗਾਰ।

حیله‌باز ***ਹੀਲਾ-ਬਾਜ਼***, حیله‌ساز ***ਹੀਲਾ-ਸਾਜ਼***, حیله‌گر ***ਹੀਲਾ ਗਰ*** : ਫਰੇਬੀ, ਮੱਕਾਰ, ਚਾਲਬਾਜ਼, ਦਗ਼ਾਬਾਜ਼, ਚਲਾਕ।

حیله‌بازی ***ਹੀਲਾ-ਬਾਜ਼ੀ***, حیله‌سازی ***ਹੀਲਾ-ਸਾਜ਼ੀ***, حیله‌گری ***ਹੀਲਾ-ਗਰੀ***, حیله‌وری ***ਹੀਲਾ-ਵਰੀ*** : ਮਕਰ, ਫ਼ਰੇਬ, ਚਾਲ, ਸਾਜ਼ਸ਼; ਢੌਂਗ, ਪਖੰਡ।

حیله‌بیله ***ਹੀਲਾ ਬੀਲਾ*** : ਹਰ ਪਰਕਾਰ ਦੀਆਂ ਚਾਲਾਂ, ਸਾਜ਼ਸ਼ਾਂ।

حیله‌حواله ***ਹੀਲਾ ਹਵਾਲਾ*** : ਟਾਲ-ਮਟੋਲਾ, ਹੇਰਾਫੇਰੀ।

حیلتاً ***ਹੀਲਤਨ*** : ਮਕਰ ਫ਼ਰੇਬ ਨਾਲ, ਚਲਾਕੀ ਸੈਹਤ।

حین ***ਹੀਨ*** : ਵਕਤ, ਸਮਾਂ, ਨੇੜੇ ਆਉਣ

ਵਾਲਾ ਵਕਤ; ਕਿਆਮਤ।

حینِ حیات *ਹੀਨ-ਏ-ਹਯਾਤ* : ਉਮਰ ਭਰ, ਸਾਰੀ ਉਮਰ।

حیوان *ਹੈਵਾਨ* : ਜ਼ਿੰਦਾ, ਜਿਊਂਦਾ, ਜਾਨਦਾਰ ਜਾਨਵਰ; ਜ਼ਿੰਦਾ ਹੋਣਾ, ਜ਼ਿੰਦਗੀ; ਪਸ਼ੂ, ਜਾਨਵਰ; ਮੂਰਖ, ਬੇਵਕੂਫ਼, ਮੂੜ੍ਹ।

حیوانات *ਹੈਵਾਨਾਤ*,

حیواناتِ سبع *ਹੈਵਾਨਾਤ-ਏ-ਸਬਅ* : (ਹੈਵਾਨ حیوان ਦਾ ਬੌਹਵਚਨ) ਦਰਿੰਦੇ; ਚੀਰ ਫਾੜ ਕਰਨ ਵਾਲੇ ਜੰਗਲੀ ਜਾਨਵਰ ਜਿਵੇਂ ਸ਼ੇਰ, ਬਘੇਰ ਤੇ ਚੀਤੇ ਆਦਿ।

حیوانِ الیف *ਹੈਵਾਨ-ਏ-ਅਲੀਫ਼* : ਪਾਲਤੂ ਜਾਨਵਰ।

حیوانِ مطلق *ਹੈਵਾਨ-ਏ-ਮੁਤਲਿਕ* : ਜਾਨਵਰ, ਪਸ਼ੂ; ਬੇਸਲੀਕਾ; ਬੇਜ਼ਬਾਨ ਜਾਨਵਰ।

حیوانِ ناطق *ਹੈਵਾਨ-ਏ-ਨਾਤਿਕ* : ਬੋਲਣ ਵਾਲਾ ਜਾਨਵਰ, ਇਨਸਾਨ, ਆਦਮੀ, ਮਾਨਵ।

حیوانی *ਹੈਵਾਨੀ* : ਹੈਵਾਨ ਨਾਲ ਸਬੰਧਤ, ਜਾਨਵਰ ਦਾ ਮਾਸ ਜਾਂ ਦੁੱਧ ਦਹੀਂ ਆਦਿ ਜੋ ਚੀਜ਼ਾਂ ਜਾਨਵਰਾਂ ਤੋਂ ਮਿਲਣ।

حیوانیت *ਹੈਵਾਨੀਯਤ* : ਹੈਵਾਨ ਦੀ ਵਿਸ਼ੇਸ਼ਤਾ; ਵੈਹਸ਼ਤ; ਬੇਵਕੂਫ਼ੀ, ਮੂਰਖਤਾ, ਬੇਸ਼ਰਮੀ।

حیه *ਹੈਯਾ* : ਸੱਪ, ਨਾਗ; ਹਰੇਕ ਲੰਮਾ ਕੀੜਾ।

خ (ਖ਼ੇ)

خ ਖ਼ੇ : ਅਰਬੀ ਵਰਨਮਾਲਾ ਦਾ ਸੱਤਵਾਂ ਅਤੇ ਫ਼ਾਰਸੀ ਲਿਪੀ ਦਾ ਨੌਵਾਂ ਅੱਖਰ; ਅਬਜਦ ਅਨੁਸਾਰ ਇਸ ਦੀ ਸੰਖਿਆ ਛੇ ਸੌ (੬੦੦) ਹੁੰਦੀ ਹੈ।

خاتام ਖ਼ਾਤਮ, خاتم ਖ਼ਾਤਮ : ਅੰਗੂਠੀ, ਛਾਪ; ਮੋਹਰ।

خاتمِ جمشید ਖ਼ਾਤਮ-ਏ-ਜਮਸ਼ੀਦ : ਈਰਾਨ ਦੇ ਪਰਸਿੱਧ ਬਾਦਸ਼ਾਹ ਜਮਸ਼ੀਦ ਦੀ ਅੰਗੂਠੀ, (ਕੈਂਹਦੇ ਹਨ ਕਿ ਜਮਸ਼ੀਦ ਨੇ ਹੀ ਅੰਗੂਠੀ ਨੂੰ ਈਜਾਦ ਕੀਤਾ ਸੀ ਤੇ ਉਸ ਨੇ ਹੀ ਪੈਹਲਾਂ ਪੈਹਲ ਅੰਗੂਠੀ ਪਾਈ ਸੀ)।

خاتمِ سہیل نشان ਖ਼ਾਤਮ-ਏ-ਸੁਹੈਲ ਨਿਸ਼ਾਨ : ਮਸ਼ੂਕ ਦਾ ਮੂੰਹ।

خاتمِ گویا ਖ਼ਾਤਮ-ਏ-ਗੋਯਾ : ਸਾਕੀ (ਸ਼ਰਾਬ ਪਿਲਾਉਣ ਵਾਲਾ) ਦਾ ਮੂੰਹ।

خاتمِ سلیمان ਖ਼ਾਤਮ-ਏ-ਸੁਲੈਮਾਨ : ਹਜ਼ਰਤ ਸੁਲੈਮਾਨ ਦੀ ਅੰਗੂਠੀ ਜਿਸ ਉਤੇ ਰੱਬ ਦਾ ਵੱਡਾ ਨਾਮ ਖੁਦਿਆ ਹੋਇਆ ਸੀ, ਜਿਸ ਕਰਕੇ ਸਾਰੇ ਜੀਵ ਜੰਤੂ ਉਸ ਦੇ ਅਧੀਨ ਸਨ।

خاتم ਖ਼ਾਤਿਮ : ਖ਼ਤਮ ਕਰਨ ਵਾਲਾ।

خاتم الانبیا ਖ਼ਾਤਿਮ-ਉਲ-ਅੰਬੀਆ : ਨਬੀਆਂ ਦੀ ਪਰੰਪਰਾ ਖ਼ਤਮ ਕਰਨ ਵਾਲਾ, ਅੰਤਮ ਪੈਗ਼ੰਬਰ, ਹਜ਼ਰਤ ਮੁਹੰਮਦ ਸਾਹਿਬ।

خاتمہ ਖ਼ਾਤਿਮਾ : ਅੰਤ, ਕਿਤਾਬ ਦਾ ਅੰਤਲਾ ਭਾਗ; ਮੌਤ।

خاتمہ بالخیر ਖ਼ਾਤਿਮਾ ਬਿਲਖ਼ੈਰ : ਨੇਕ ਅੰਜਾਮ, ਭਲਾ ਅੰਤ; ਅੰਤ ਸਮੇਂ ਈਮਾਨ ਦੀ ਸਲਾਮਤੀ।

خاتولہ ਖ਼ਾਤੂਲਾ : ਬਹਾਨਾ ਬਣਾਉਣਾ; ਦਗਾ ਕਰਨਾ, ਮਕਰ ਫ਼ਰੇਬ ਕਰਨਾ; ਦੋ-ਚਿੱਤਾ ਹੋਣਾ।

خاتون ਖ਼ਾਤੂਨ : ਬੇਗਮ, ਬੀਬੀ; ਅਮੀਰਜ਼ਾਦੀ; ਸਤਕਾਰਯੋਗ ਇਸਤਰੀ।

خاتونِ جنت ਖ਼ਾਤੂਨ-ਏ-ਜਨਤ : ਹਜ਼ਰਤ ਫ਼ਾਤਿਮਾ (ਹਜ਼ਰਤ ਮੁਹੰਮਦ ਸਾਹਿਬ ਦੀ ਸਪੁੱਤਰੀ ਦੀ ਉਪਾਧੀ)।

خاتونِ عرب ਖ਼ਾਤੂਨ-ਏ-ਅਰਬ : ਜੰਨਤ ਦੀ ਸ਼ੈਹਜ਼ਾਦੀ।

خات ਖ਼ਾਤ : ਬਾਜ਼।

خاج ਖ਼ਾਜ : ਸਲੀਬ, ਸੂਲੀ; ਕੰਨ ਦੀ ਲੌ।

خاد ਖ਼ਾਦ : ਇੱਲ।

خادم ਖ਼ਾਦਿਮ : ਸੇਵਾ ਕਰਨ ਵਾਲਾ, ਨੌਕਰ, ਚਾਕਰ, ਖ਼ਿਦਮਤਗਾਰ; ਮਜਾਵਰ, ਨਿਮਰਤਾ ਵਜੋਂ ਆਪਣੇ ਆਪ ਨੂੰ ਵੀ ਕਿਹਾ ਜਾਂਦਾ ਹੈ।

خادم الطلبا ਖ਼ਾਦਿਮੁੱਤਲਬਾ, خادم الطلبہ ਖ਼ਾਦਿਮੁੱਤਲਬਾ : ਅਦਬ ਸਿਖਾਉਣ ਵਾਲਾ, ਉਸਤਾਦ, ਅਧਿਆਪਕ।

خادمِ درگاہ ਖ਼ਾਦਿਮ-ਏ-ਦਰਗਾਹ : ਦਰਗਾਹ ਦਾ ਨੌਕਰ, ਮਜਾਵਰ।

خادہ ਖ਼ਾਦਾ : ਬੇੜੀ ਚਲਾਉਣ ਵਾਲਾ ਲੰਮਾ ਵੰਝ, ਚੱਪੂ, ਲੰਮਾ ਬਾਂਸ ਜਿਸ ਨਾਲ ਝਾੜੂ ਬੰਨ੍ਹ ਕੇ ਛੱਤ ਤੇ ਕੰਧਾਂ ਸਾਫ਼ ਕਰਦੇ ਹਨ।

خار ਖ਼ਾਰ : ਕੰਡਾ, ਸੂਲ; ਨਾ ਚੰਗਾ ਲੱਗਣ ਵਾਲਾ; ਚੌਦ੍ਹਵੀਂ ਦਾ ਚੰਦ; ਸਖ਼ਤ ਪੱਥਰ।

خارِ اشتر ਖ਼ਾਰ-ਏ-ਉਸ਼ਤਰ : ਇਕ ਕੰਡਿਆਲੀ ਝਾੜੀ ਜਿਸ ਨੂੰ ਊਠ ਬੜੇ ਸ਼ੌਕ ਨਾਲ ਖਾਂਦੇ ਹਨ।

خاربست *ਖ਼ਾਰਬਸਤ*, **خاربند** *ਖ਼ਾਰਬੰਦ* : ਖੇਤ ਦੀ ਵਾੜ।

خاربن *ਖ਼ਾਰਬੁਨ* : ਕੰਡਿਆਲਾ ਰੁੱਖ; ਝਾੜ, ਝਾੜੀ।

خارپشت *ਖ਼ਾਰਪੁਸ਼ਤ* : ਝਾੜ-ਚੂਹਾ; ਇਕ ਫਲ; ਪਿੱਠ ਖੁਰਕਣ ਵਾਲੀ ਸੋਟੀ; ਖਰਖਰੀ।

خارِترازو *ਖ਼ਾਰ-ਏ-ਤਰਾਜ਼ੂ* : ਸਰਾਫ਼ਾਂ ਜਾਂ ਸੁਨਿਆਰਿਆਂ ਦੇ ਤਰਾਜ਼ੂ ਦੀ ਸੂਈ।

خارخار *ਖ਼ਾਰ ਖ਼ਾਰ* : ਚਿੰਤਾ, ਫ਼ਿਕਰ; ਖ਼ਾਰਸ਼; ਖ਼ਲਜਾਨ।

خارخسک *ਖ਼ਾਰ'ਖ਼ਸਕ* : ਤਿੰਨ ਨੋਕਾਂ ਵਾਲਾ ਕੰਡਾ, ਭਖੜਾ।

خاردار *ਖ਼ਾਰਦਾਰ* : ਕੰਡਿਆਂ ਵਾਲਾ; ਝਾੜ ਚੂਹਾ।

خارِدلوکش *ਖ਼ਾਰ-ਏ-ਦਲਵਕਸ਼* : ਲੋਹੇ ਦਾ ਕੁੰਡਾ ਜਿਸ ਨਾਲ ਖੂਹ ਵਿਚ ਡਿੱਗੀ ਹੋਈ ਚੀਜ਼ ਕੱਢੀ ਜਾਂਦੀ ਹੈ, ਡੋਲ ਕੱਢਣ ਵਾਲਾ ਕੁੰਡਾ।

خارِدیده *ਖ਼ਾਰ ਦੀਦਾ* : ਜਿਸ ਨੂੰ ਕੰਡਾ ਚੁਭਿਆ ਹੋਵੇ।

خارراه *ਖ਼ਾਰ-ਏ-ਰਾਹ* : ਰਾਹ ਦਾ ਕੰਡਾ, ਰੋਕ, ਰੁਕਾਵਟ।

خارسان *ਖ਼ਾਰਸਾਨ* : ਕੰਡਿਆਂ ਵਾਲੀ ਉਜਾੜ ਥਾਂ।

خارا *ਖ਼ਾਰਾ* : ਸਖ਼ਤ ਪੱਥਰ; ਇਕ ਪਰਕਾਰ ਦਾ ਸਾਦਾ ਤੇ ਧਾਰੀਦਾਰ ਰੇਸ਼ਮੀ ਕੱਪੜਾ ਜੋ ਸੂਰਜ ਦੇ ਸਾਮ੍ਹਣੇ ਰੱਖਣ ਨਾਲ ਪਾਟ ਜਾਂਦਾ ਹੈ, ਜਿਵੇਂ 'ਕਿਤਾਨ' ਕੱਪੜਾ ਚੰਦ ਸਾਮ੍ਹਣੇ ਰੱਖਿਆਂ ਪਾਟ ਜਾਂਦਾ ਹੈ; ਸੰਗੀਤ ਵਿਚ ਇਕ ਰਾਗਣੀ ਦਾ ਨਾਮ।

خارش *ਖ਼ਾਰਿਸ਼* : ਖੁਜਲੀ, ਖ਼ੁਰਕ, ਖਾਜ।

خارِشتر *ਖ਼ਾਰ-ਏ-ਸ਼ੁਤਰ* : ਇਕ ਝਾੜੀ ਜਿਸ ਨੂੰ ਊਠ ਬੜੇ ਸ਼ੌਕ ਨਾਲ ਖਾਂਦਾ ਹੈ, ਊਠ ਕਟਾਰਾ।

خارق *ਖ਼ਾਰਿਕ਼* : ਤੋੜਨ ਵਾਲਾ, ਪਾੜਨ ਵਾਲਾ; ਸੁਭਾ ਦੇ ਉਲਟ।

خارقعادات *ਖ਼ਾਰਿਕ਼-ਏ-ਆਦਾਤ*, **خارقِعادت** *ਖ਼ਾਰਿਕ਼-ਏ-ਆਦਤ* : ਸੁਭਾ ਨੂੰ ਤੋੜਨ ਵਾਲਾ; ਕੁਦਰਤੀ ਸੁਭਾ ਦੇ ਉਲਟ ਕੰਮ; ਪੈਗ਼ੰਬਰਾਂ ਦੇ ਮੁਅਜਜ਼ੇ; ਵਲੀਆਂ ਦੀਆਂ ਕਰਾਮਾਤਾਂ।

خارقان *ਖ਼ਾਰਕਾਨ* : ਇਕ ਪਿੰਡ ਦਾ ਨਾਮ ਜੋ ਬਿਸਤਾਮ ਦੇ ਨੇੜੇ ਹੈ।

خارکش *ਖ਼ਾਰਕਸ਼*, **خارکن** *ਖ਼ਾਰਕਨ* : ਲੱਕੜਾਂ ਦਾ ਭਾਰ ਚੁੱਕਣ ਵਾਲਾ, ਲੱਕੜਹਾਰਾ।

خاره *ਖ਼ਾਰਾ* : ਵੇਖੋ **خارا** ਖ਼ਾਰਾ।

خاز *ਖ਼ਾਜ਼* : ਰੇਸ਼ਮੀ ਕੱਪੜੇ ਦੀ ਇਕ ਕਿਸਮ; ਕੱਪੜੇ ਜਾਂ ਤਨ ਦੀ ਮੈਲ; ਮੈਲ ਸਾਫ਼ ਕਰਨ ਵਾਲਾ ਪੱਥਰ, ਝਾਂਵਾਂ।

خازن *ਖ਼ਾਜ਼ਿਨ* : ਪੈਸਾ ਜਮ੍ਹਾ ਕਰਨ ਵਾਲਾ, ਖ਼ਜ਼ਾਨਚੀ; ਜ਼ਬਾਨ, ਜੀਭ; ਨਿਗਰਾਨ।

خازنه *ਖ਼ਾਜ਼ਨਾ* : ਸਾਲੀ।

خاژه *ਖ਼ਾਜ਼ਾ* : ਮਿੱਟੀ ਤੇ ਤੂੜੀ ਦੀ ਗੁੰਨ੍ਹੀ ਘਾਣੀ; ਗਾਰਾ।

خاژگان *ਖ਼ਾਜ਼ਗਾਨ* : ਦੇਗਬਰਾ, ਪਤੀਲਾ।

خاستن *ਖ਼ਾਸਤਨ* : ਉੱਠਣਾ, ਖੜ੍ਹਾ ਹੋਣਾ।

خاسر *ਖ਼ਾਸਿਰ* : ਨੁਕਸਾਨ ਕਰਨ ਵਾਲਾ, ਨੁਕਸਾਨ ਉਠਾਉਣ ਵਾਲਾ, ਖ਼ਸਾਰਾ ਜਾਂ ਟੋਟਾ ਪਾਉਣ ਵਾਲਾ।

خاش *ਖ਼ਾਸ਼* : ਸੱਸ; ਲੱਕੜੀ ਦੇ ਟੋਟੇ; ਕੂੜਾ ਕਰਕਟ; ਹੱਦੋਂ ਬਾਹਰੀ ਮੁਹੱਬਤ ਰੱਖਣ ਵਾਲਾ।

خاشاک *ਖ਼ਾਸ਼ਾਕ*, **خاشک** *ਖ਼ਾਸ਼ਿਕ*, **خاشه** *ਖ਼ਾਸ਼ਾ* : ਕੂੜਾ ਕਰਕਟ।

خاشوش *ਖ਼ਾਸ਼ੂਸ਼* : ਫ਼ਸਲ ਵੱਢਣ ਦੀ ਦਾਤਰੀ।

خاص *ਖ਼ਾਸ* : ਵਿਸ਼ੇਸ਼; ਨਿੱਜੀ; ਚੰਗੇ ਆਟੇ ਦੀ ਰੋਟੀ, ਮੈਦੇ ਆਟੇ ਦੀ ਰੋਟੀ।

خاصان *ਖ਼ਾਸਾਨ* : ਖ਼ਾਸ ਲੋਕ।

خاصدان *ਖ਼ਾਸਦਾਨ* : ਪਾਨ ਰੱਖਣ ਵਾਲਾ ਭਾਂਡਾ।

خاصکی *ਖ਼ਾਸਕੀ* : ਬਾਦਸ਼ਾਹ ਜਾਂ ਅਮੀਰ ਦਾ ਨਿਕਟਵਰਤੀ, ਖ਼ਜ਼ਾਨਚੀ; ਰਸਾਲਦਾਰ; ਨਫ਼ੀਸ ਚੀਜ਼; ਲੌਂਡੀ, ਬਾਂਦੀ, ਰਖੇਲ।

خاصه ***ਖ਼ੱਸਾ*** : ਓਹ ਗੱਲ ਜੋ ਕਿਸੇ ਚੀਜ਼ ਲਈ ਖ਼ਾਸ ਕਰਕੇ ਹੋਵੇ; ਗੁਣ; ਖਾਸ ਕਰਕੇ; ਆਦਤ; ਨਿੱਜੀ।

خاصه ***ਖ਼ਾਸਾ*** : ਲੱਠੇ ਨਾਲੋਂ ਕੁਝ ਬਰੀਕ ਸੂਤੀ ਕੱਪੜਾ; ਅਮੀਰਾਂ ਦਾ ਖਾਣਾ।

خاصیت ***ਖ਼ਾਸੀਯਤ*** : ਤਬੀਅਤ; ਸੁਭਾ, ਗੁਣ, ਆਦਤ; ਅਸਰ।

خاطب ***ਖ਼ਾਤਿਬ*** : ਨਿਕਾਹ ਕਰਨ ਦਾ ਇੱਛਕ, ਔਰਤ ਦਾ ਤਲਬਗਾਰ, ਮੰਗਣੀ ਦਾ ਤਾਲਬ; ਜਵਾਈ; ਦਮਾਦ; ਖ਼ੁਤਬਾ ਪੜ੍ਹਨ ਵਾਲਾ।

خاطر ***ਖ਼ਾਤ਼ਿਰ*** : ਜੋ ਦਿਲ ਵਿਚ ਗੁਜ਼ਰੇ, ਇਰਾਦਾ, ਦਿਲ।

خاطرآمدن ***ਖ਼ਾਤਿਰ ਆਮਦਨ*** : ਯਾਦ ਆਉਣਾ।

خاطرپسند ***ਖ਼ਾਤਿਰ-ਪਸੰਦ*** : ਦਿਲ-ਪਸੰਦ, ਰੁਚੀਯੋਗ।

خاطرجمع ***ਖ਼ਾਤਿਰ ਜਮਅ*** : ਤੱਸਲੀ।

خاطرخواه ***ਖ਼ਾਤਿਰ ਖ਼੍ਵਾਹ*** : ਹਸਬ ਮਨਸ਼ਾ, ਮਰਜ਼ੀ ਮੁਤਾਬਕ।

خاطردادن ***ਖ਼ਾਤਿਰ ਦਾਦਨ*** : ਦਿਲ ਦੇਣਾ, ਮੋਹਤ ਹੋਣਾ।

خاف ***ਖ਼ਾਫ਼*** : ਡਰਪੋਕ, ਡਰਾਕਲ।

خاقان ***ਖ਼ਾਕ਼ਾਨ*** : ਵੱਡਾ ਬਾਦਸ਼ਾਹ, ਹਰ ਬਾਦਸ਼ਾਹ, ਚੀਨ ਤੇ ਤੁਰਕਿਸਤਾਨ ਦੇ ਬਾਦਸ਼ਾਹਾਂ ਦੀ ਉਪਾਧੀ।

خاقانی ***ਖ਼ਾਕ਼ਾਨੀ*** : ਫ਼ਾਰਸੀ ਦਾ ਪਰਸਿੱਧ ਕਵੀ; ਅਫ਼ਜ਼ਲ-ਉਦ-ਦੀਨ ਦੀ ਉਪਾਧੀ (ਜਿਸ ਨੂੰ ਹੱਸਾਨ-ਏ-ਅਜਮ ਕੈਂਹਦੇ ਹਨ ਕਿਉਂਕਿ ਉਸ ਨੇ ਵੀ ਹੱਸਾਨ ਅਰਬੀ ਵਾਂਗ ਹਜ਼ਰਤ ਰਸੂਲ ਦੀ ਸਿਫ਼ਤ ਵਿਚ ਕਸੀਦੇ ਲਿਖੇ ਹਨ; ਇਸ ਦਾ ਅਸਲ ਦੇਸ ਬੁਖ਼ਾਰਾ ਸੀ, 582 ਹਿ : ਵਿਚ ਤਬਰੇਜ਼ ਵਿਖੇ ਕਾਲਵਾਸ ਹੋਇਆ)।

خاک ***ਖ਼ਾਕ*** : ਮਿੱਟੀ; ਰਾਖ, ਸੁਆਹ; ਮੁਲਕ, ਦੇਸ਼; ਆਜਜ਼ੀ; ਨਿਮਰਤਾ, ਆਗਿਆਕਾਰ; ਕਬਰ; ਨਕਾਰਾ ਚੀਜ਼।

خاکانداختن ***ਖ਼ਾਕ ਅੰਦਾਖ਼ਤਨ,*** **خاکریختن** ***ਖ਼ਾਕ ਰੇਖ਼ਤਨ*** : ਹਿੰਦੂਸਤਾਨ ਵਿਚ ਰਿਵਾਜ ਹੈ ਕਿ ਜਦ ਕੋਈ ਚੀਜ਼ ਚੋਰੀ ਹੋ ਜਾਵੇ ਤਾਂ ਜਿਨ੍ਹਾਂ ਉਤੇ ਸ਼ੱਕ ਹੁੰਦਾ ਹੈ ਓਹਨਾਂ ਤੋਂ ਮਿੱਟੀ ਸੁਟਵਾਉਂਦੇ ਹਨ ਤਾਂ ਜੋ ਚੋਰ ਚੁਰਾਈ ਹੋਈ ਚੀਜ਼ ਨੂੰ ਪਰਦੇ ਨਾਲ ਮਿੱਟੀ ਵਿਚ ਹੀ ਸੁੱਟ ਜਾਵੇ ਤੇ ਇਸ ਤਰ੍ਹਾਂ ਚੋਰੀ ਦੇ ਦੋਸ਼ ਤੋਂ ਬਚ ਰਹੇ।

خاکانداز ***ਖ਼ਾਕ ਅੰਦਾਜ਼,*** **خاکدان** ***ਖ਼ਾਕ ਦਾਨ*** : ਕੂੜਾ ਕਰਕਟ ਸੁੱਟਣ ਵਾਲਾ ਪਾਤਰ।

خاکریز ***ਖ਼ਾਕ ਰੇਜ਼*** : ਕਿਲ੍ਹੇ ਉਪਰ ਓਹ ਮੋਰੀ ਜਿਸ ਵਿਚੋਂ ਕੂੜਾ ਕਰਕਟ ਅਤੇ ਦੁਸ਼ਮਣ 'ਤੇ ਪੱਥਰ ਸੁੱਟੇ ਜਾਂਦੇ ਹਨ; ਝਾਲਰ।

خاکبازی ***ਖ਼ਾਕਬਾਜ਼ੀ*** : ਮੰਤਰ ਕਰਨ ਵਾਲਾ, ਜਾਦੂਗਰ; ਸ਼ਤਰੰਜ ਖੇਡਣਾ; ਮਿੱਟੀ ਨਾਲ ਖੇਡਣਾ।

خاکپا ***ਖ਼ਾਕਪਾ*** : ਨਿਮਾਣਾ।

خاکِرنگین ***ਖ਼ਾਕ-ਏ-ਰੰਗੀਨ*** : ਆਦਮੀ; ਗੁਲਜ਼ਾਰ; ਸੋਨਾ, ਚਾਂਦੀ।

خاکزاد ***ਖ਼ਾਕਜ਼ਾਦ*** : ਆਦਮੀ; ਇਨਸਾਨ।

خاکسار ***ਖ਼ਾਕਸਾਰ*** : ਮਿੱਟੀ ਵਰਗਾ, ਨਿਮਾਣਾ, ਆਗਿਆਕਾਰ; ਗ਼ਰੀਬ; ਜੋੜਿਆਂ ਵਿਚ ਬੈਹਣ ਵਾਲਾ; ਜ਼ਲੀਲ।

خاکساری ***ਖ਼ਾਕਸਾਰੀ*** : ਨਿਮਰਤਾ, ਗਰੀਬੀ।

خاکستر ***ਖ਼ਾਕਿਸਤਰ*** : ਰਾਖ,ਸੁਆਹ।

خاکستری ***ਖ਼ਾਕਿਸਤਰੀ*** : ਸੁਆਹ-ਰੰਗਾ।

خاکِفراموشاں ***ਖ਼ਾਕ-ਏ-ਫਰਾਮੋਸ਼ਾਂ*** : ਕਬਰ।

خاکِمرده ***ਖ਼ਾਕ-ਏ-ਮੁਰਦਾ*** : ਓਹ ਜ਼ਮੀਨ ਜਿੱਥੇ ਘਾਹ ਆਦਿ ਕੁਝ ਵੀ ਨਾ ਉੱਗੇ, ਕੱਲਰੀ ਜ਼ਮੀਨ।

خاکِوطن ***ਖ਼ਾਕ-ਏ-ਵਤਨ*** : ਦੇਸ਼ ਦੀ ਮਿੱਟੀ, ਵਤਨ।

خاکروب ***ਖ਼ਾਕਰੋਬ*** : ਝਾੜੂ ਦੇਣ ਵਾਲਾ, ਭੰਗੀ, ਮੇਹਤਰ।

خاکروبه ***ਖ਼ਾਕਰੋਬਾ*** : ਕੂੜਾ-ਕਰਕਟ।

خاکی ***ਖ਼ਾਕੀ*** : ਖ਼ਾਕ ਨਾਲ ਸਬੰਧਤ, ਮਿੱਟੀ

ਦਾ; ਮਿੱਟੀ-ਰੰਗਾ; ਬੇਇੱਜ਼ਤ ਤੇ ਜ਼ਲੀਲ ਆਦਮੀ; ਫ਼ਕੀਰਾਂ ਦੀ ਇਕ ਸੰਪਰਦਾਏ ਜੋ ਖ਼ਾਕੀਸ਼ਾਹ ਨੂੰ ਮੰਨਣ ਵਾਲੀ ਹੈ।

خاکیان *ਖ਼ਾਕੀਯਾਨ* : ਮਿੱਟੀ ਦੇ ਬਣੇ ਹੋਏ।

خاکی کردن *ਖ਼ਾਕੀ ਕਰਦਨ* : ਬੰਦਗੀ ਤੇ ਨਿਮਰਤਾ ਕਰਨਾ; ਬੇਕਰਾਰੀ ਕਰਨਾ, ਪਰੇਸ਼ਾਨ ਹੋਣਾ।

خاکہ *ਖ਼ਾਕਾ* : ਢਾਂਚਾ, ਚਰਬਾ, ਨਕਸ਼ਾ, ਤਸਵੀਰ ਜਾਂ ਨਕਸ਼ੇ ਦੇ ਨਿਸ਼ਾਨ ਲਾਉਣਾ; ਤਸਵੀਰ ਦੀ ਸਾਮਗਰੀ।

خاگ *ਖ਼ਾਗ* : ਮੁਰਗੀ ਦਾ ਆਂਡਾ, ਆਂਡਾ।

خاگینہ *ਖ਼ਾਗੀਨਾ* : ਆਂਡਿਆਂ ਦੀ ਸਬਜ਼ੀ, ਆਮਲੇਟ।

خال *ਖ਼ਾਲ,* **خالو** *ਖ਼ਾਲੂ* : ਮਾਮਾ।

خالات *ਖ਼ਾਲਾਤ* : (ਖ਼ਾਲ **خال** ਦਾ ਬੌਹਵਚਨ) ਮਾਮੇ।

خالہ *ਖ਼ਾਲਾ* : ਮਾਸੀ।

خال *ਖ਼ਾਲ* : ਤਿਲ; ਕਾਲਾ ਊਠ।

خال خال *ਖ਼ਾਲ ਖ਼ਾਲ* : ਜਿਸ 'ਤੇ ਬੌਹਤ ਸਾਰੀਆਂ ਬਿੰਦੀਆਂ ਹੋਣ; ਕੋਈ ਕੋਈ।

خالدار *ਖ਼ਾਲਦਾਰ* : ਤਿਲਾਂ ਵਾਲਾ।

خالد *ਖ਼ਾਲਿਦ* : ਹਮੇਸ਼ਾ ਰੈਹਣ ਵਾਲਾ, ਸਦੀਵੀ; ਬਹਿਸ਼ਤ ਜਾਂ ਦੋਜ਼ਖ਼ ਵਿਚ ਹਮੇਸ਼ਾ ਰੈਹਣ ਵਾਲਾ; ਹਜ਼ਰਤ ਮੁਹੰਮਦ ਸਾਹਿਬ ਦੇ ਇਕ ਸਹਾਬੀ (ਸਾਥੀ) ਦਾ ਨਾਮ ਜੋ ਵਲੀਦ ਦਾ ਪੁੱਤਰ ਸੀ ਅਤੇ ਬੌਹਤ ਬੜਾ ਬਹਾਦਰ ਸੀ।

خالدین *ਖ਼ਾਲਿਦੀਨ* : (ਖ਼ਾਲਿਦ **خالد** ਦਾ ਬੌਹਵਚਨ) ਹਮੇਸ਼ਾ ਰੈਹਣ ਵਾਲੇ, ਅਮਰ ਲੋਕ।

خالص *ਖ਼ਾਲਿਸ* : ਜਿਸ ਵਿਚ ਕੋਈ ਦੂਜੀ ਚੀਜ਼ ਨਾ ਮਿਲੀ ਹੋਵੇ, ਖਰਾ, ਮਿਲਾਵਟ ਰੈਹਤ, ਨਿਰਮਲ; ਚਿੱਟਾ।

خالصاً *ਖ਼ਾਲਿਸਨ* : ਖ਼ਲਾਸ ਹੋਣ ਕਰਕੇ, ਸੱਚੇ ਦਿਲੋਂ।

خالصہ *ਖ਼ਾਲਿਸਾ* : ਖ਼ਾਲਸ, ਖਰਾ, ਬਿਨਾ ਮਿਲਾਵਟ ਦੇ; ਬਾਦਸ਼ਾਹੀ ਜ਼ਮੀਨ ਜਾਂ ਮੁਲਕ ਜੋ ਕਿਸੇ ਦੀ ਜਗੀਰ ਨਾ ਹੋਵੇ ਅਤੇ ਸਿੱਧੀ ਸਰਕਾਰੀ ਪਰਬੰਧ ਹੇਠ ਹੋਵੇ।

خالصہ جات *ਖ਼ਾਲਿਸਾ ਜਾਤ* : ਸਰਕਾਰੀ ਜਗੀਰਾਂ।

خالق *ਖ਼ਾਲਿਕ਼* : ਪੈਦਾ ਕਰਨ ਵਾਲਾ; ਰੱਬ ਦਾ ਇਕ ਗੁਣਵਾਚੀ ਨਾਮ।

خالی *ਖ਼ਾਲੀ* : ਸੱਖਣਾ, ਖੋਖਲਾ; ਕੇਵਲ; ਓਹ ਮਰਦ ਜਿਸ ਦੀ ਇਸਤਰੀ ਨਾ ਹੋਵੇ, ਰੰਡਾ, ਛੜਾ; ਓਹ ਇਸਤਰੀ ਜਿਸ ਦਾ ਮਰਦ ਨਾ ਹੋਵੇ; ਵੇਹਲਾ, ਆਲਸੀ, ਸੁਸਤ।

خالی دماغ *ਖ਼ਾਲੀ ਦਿਮਾਗ਼* : ਮੂੜ੍ਹ।

خام *ਖ਼ਾਮ* : ਕੱਚਾ, ਕਮਜ਼ੋਰ, ਬੇਅਸਲ ਗੱਲ, ਨਿਰਮੂਲ; ਕੱਚੀ (ਇੱਟ); ਮੰਦਾ ਸੌਦਾ; ਓਹ ਚੰਮ ਜੋ ਕਮਾਇਆ ਨਾ ਹੋਵੇ, ਕੱਚਾ ਚਮੜਾ; ਚੰਮ ਦਾ ਬਸਤਰ; ਸ਼ਰਾਬ।

خام خو *ਖ਼ਾਮ-ਖ਼ੂ,* **خام طبع** *ਖ਼ਾਮ-ਤਬਅ਼* : ਜਿਸ ਦੇ ਖ਼ਿਆਲ ਹਰ ਵੇਲੇ ਬਦਲਦੇ ਰੈਹਣ, ਜਿਸ ਦੀ ਤਬੀਅਤ ਦਾ ਕੋਈ ਠਿਕਾਣਾ ਨਾ ਹੋਵੇ।

خام خیال *ਖ਼ਾਮ ਖ਼ਯਾਲ* : ਫ਼ਸਾਦੀ ਤੇ ਤੁੱਛ ਖਿਆਲਾਂ ਵਾਲਾ (ਆਦਮੀ)।

خامی *ਖ਼ਾਮੀ* : ਨਦਾਨੀ, ਕੱਚਪੁਣਾ, ਨੁਕਸ, ਕਮੀ।

خامش *ਖ਼ਾਮੁਸ਼* : (ਖ਼ਾਮੋਸ਼ **خاموش** ਦਾ ਸੰਖੇਪ ਰੂਪ) ਚੁੱਪ ਰੈਹਣਾ।

خامشی *ਖ਼ਾਮੁਸ਼ੀ* : (ਖ਼ਾਮੋਸ਼ੀ **خاموشی** ਦਾ ਸੰਖੇਪ ਰੂਪ) ਚੁੱਪ।

خاموش *ਖ਼ਾਮੋਸ਼* : ਚੁੱਪ, ਚੁੱਪ ਰੈਹ, ਚੁੱਪ ਹੋ ਜਾ, ਬੁਝਿਆ ਹੋਇਆ, ਮੁਰਦਾ।

خاموش کار *ਖ਼ਾਮੋਸ਼-ਕਾਰ* : ਚੁੱਪ ਰੈਹਣ ਵਾਲਾ, ਚੁਪ ਰੈਹਣਾ।

خاموش کاری *ਖ਼ਾਮੋਸ਼-ਕਾਰੀ* : ਚੁਪ ਰੈਹਣ ਦੀ ਕਿਰਿਆ।

خاموش کردن چراغ/شمع *ਖ਼ਾਮੋਸ਼ ਕਰਦਨ-ਏ-ਚਿਰਾਗ਼/ਸ਼ਮਅ਼* : ਦੀਵਾ ਬੁਝਾਉਣਾ, ਦੀਵਾ ਗੁਲ ਕਰਨਾ।

خاموشی *ਖ਼ਾਮੋਸ਼ੀ* : ਚੁੱਪ।

خامہ *ਖ਼ਾਮਾ* : ਕਲਮ, ਕਾਨੀ, ਕਿਲਕ।

خامەدان ਖ਼ਾਮਾ-ਦਾਨ : ਕਲਮਦਾਨ।

خامەزدن ਖ਼ਾਮਾ ਜ਼ਦਨ : ਕਲਮ ਬਣਾਉਣਾ ਜਾਂ ਘੜਣਾ, ਕਲਮ ਦਾ ਕੱਤ ਲਾਣਾ।

خامەفرسا ਖ਼ਾਮਾ-ਫ਼ਰਸਾ : ਲਿਖਣ ਵਾਲਾ, ਲਿਖਾਰੀ।

خامەفرسائی ਖ਼ਾਮਾ-ਫ਼ਰਸਾਈ : ਲਿਖਣ ਦੀ ਕਿਰਿਆ, ਲਿਖਣਾ।

خان ਖ਼ਾਨ : ਦੁਕਾਨ, ਦੁਕਾਨਦਾਰ, ਹਟਵਾਣੀਆ; ਸਰਾਂ, ਮੁਸਾਫ਼ਰਖ਼ਾਨਾ।

خانات ਖ਼ਾਨਾਤ : ਦੁਕਾਨਾਂ; ਸਰਾਵਾਂ।

خان ਖ਼ਾਨ : (ਖ਼ਾਨਾ **خانە** ਦਾ ਸੰਖਿਪਤ ਰੂਪ) ਘਰ, ਮਕਾਨ, ਸਰਾਂ।

خانچە ਖ਼ਾਨਚਾ : ਛੋਟੀ ਸਰਾਂ, ਛੋਟਾ ਜੇਹਾ ਘਰ; ਲੱਕੜੀ ਦਾ ਖੋਖਾ।

خان ਖ਼ਾਨ : ਪੈਹਲਾਂ ਹੋਏ ਤੁਰਕਿਸਤਾਨ ਤੇ ਖ਼ਤਾ ਦੇ ਪਠਾਣ ਬਾਦਸ਼ਾਹਾਂ ਦੀ ਉਪਾਧੀ ਸੀ, ਹੁਣ ਹਰ ਰਈਸ ਤੇ ਅਮੀਰ ਨੂੰ ਕੈਂਹਦੇ ਹਨ; ਸਰਦਾਰ, ਪਠਾਣ।

خانِدل ਖ਼ਾਨ-ਏ-ਦਿਲ : ਕਾਅਬਾ ਸ਼ਰੀਫ਼।

خانِسالار ਖ਼ਾਨ-ਸਾਲਾਰ : ਖਾਣਾ ਚੱਖਣ ਵਾਲਾ।

خانسامان ਖ਼ਾਨ-ਸਾਮਾਨ,
خانِسامان ਖ਼ਾਨ-ਏ-ਸਾਮਾਨ : ਘਰ ਦਾ ਨੌਕਰ ਜਿਸ ਦਾ ਕੰਮ ਖਾਣਾ ਬਣਾਉਣਾ ਤੇ ਦਸਤਰਖਾਨ ਵਿਛਾਉਣਾ ਤੇ ਖਾਣਾ ਖੁਆਉਣਾ ਹੁੰਦਾ ਹੈ, ਖਾਣੇ ਦਾ ਦਰੋਗਾ।

خانبابا ਖ਼ਾਨਬਾਬਾ : ਅਕਬਰ ਬਾਦਸ਼ਾਹ ਦੇ ਉਸਤਾਦ ਬੈਰਮਖਾਂ ਦੀ ਉਪਾਧੀ।

خانت ਖ਼ਾਨਤ : ਬੇਈਮਾਨੀ, ਅਮਾਨਤ ਵਿਚ ਚੋਰੀ, ਧੋਖਾ।

خانج ਖ਼ਾਨਜ : ਛੋਟਾ ਜੇਹਾ ਟੋਆ ਜਿਸ ਵਿਚ ਬੱਚੇ ਅਖ਼ਰੋਟ, ਗੋਲੀਆਂ ਆਦਿ ਪਾ ਕੇ ਖੇਡਦੇ ਹਨ, ਖੁੱਤੀ, ਘੁੱਤੀ।

خانخانان ਖ਼ਾਨਖ਼ਾਨਾਂ : ਖ਼ਾਨਾਂ ਦਾ ਖ਼ਾਨ, ਸਰਦਾਰਾਂ ਦਾ ਸਰਦਾਰ, ਮੁੱਖ ਅਮੀਰ, ਅਮੀਰੁਲ ਉਮਰਾ; ਸਰਾਂ ਦਾ ਦਰੋਗਾ, ਸਰਾਂ ਦਾ ਸੁਆਮੀ, ਬੈਰਮ ਖਾਂ ਤੇ ਉਸ ਦੇ ਪੁੱਤਰ ਅਬਦੁਲ ਰਹੀਮ ਖਾਂ (ਜੋ ਸੈਨਾਪਤੀ ਤੇ ਅਕਬਰ ਦੇ ਨੌ ਰਤਨਾਂ ਵਿਚੋਂ ਸੀ) ਦਾ ਖਿਤਾਬ।

خاندان ਖ਼ਾਨਦਾਨ : ਘਰਾਣਾ, ਘਰ, ਨਸਲ, ਗੋਤ, ਕਬੀਲਾ; ਦਰਬਾਰ, ਉਚੇ ਖ਼ੂਨ ਦਾ, ਕੁਲੀਨ; ਘਰ ਦਾ ਸੁਆਮੀ।

خانقاه ਖ਼ਾਨਕਾਹ, خانگاه ਖ਼ਾਨਗਾਹ : ਇਬਾਦਤ ਦੀ ਥਾਂ, ਪੂਜਾ ਸਥਾਨ, ਫ਼ਕੀਰਾਂ ਦਾ ਡੇਰਾ।

خانگی ਖ਼ਾਨਗੀ : ਘਰ ਨਾਲ ਸਬੰਧਤ, ਘਰੇਲੂ; ਘਰ ਦੀ ਪੱਕੀ ਹੋਈ ਰੋਟੀ; ਕੁਕੜੀ, ਚਿੜੀ; ਪੇਸ਼ਾਵਰ ਔਰਤ, ਵੇਸਵਾ।

خانم ਖ਼ਾਨਮ : (ਖ਼ਾਨ **خان** ਦਾ ਇਸਤਰੀ ਲਿੰਗ) ਬੇਗਮ, ਅਮੀਰਜ਼ਾਦੀ, ਉੱਚ ਘਰਾਣੇ ਦੀ ਔਰਤ।

خانمان ਖ਼ਾਨਮਾਨ : ਘਰ-ਬਾਰ, ਘਰ ਤੇ ਘਰ ਦਾ ਮਾਲ ਅਸਬਾਬ, ਵਿਰਾਸਤ ਦੀ ਜਾਇਦਾਦ।

خانمانخراب ਖ਼ਾਨਮਾਨ ਖ਼ਰਾਬ : ਤਬਾਹ, ਬਰਬਾਦ; ਪਰੇਸ਼ਾਨ; ਉਜਾੜ; ਜਿਸ ਦਾ ਘਰ ਉੱਜੜ ਗਿਆ ਹੋਵੇ, ਰੰਡਾ।

خانواده ਖ਼ਾਨਵਾਦਾ : ਖ਼ਾਨਦਾਨ, ਘਰਾਣਾ।

خانە ਖ਼ਾਨਾ : ਘਰ, ਮਕਾਨ; ਇਸਤਰੀ; ਅਬਾਦੀ; ਤੰਬੂ; ਵਿਭਾਗ; ਮੋਢੇ ਤੋਂ ਅਰਕ ਤਕ ਦੀ ਬਾਂਹ; ਖਤ, ਖਤ ਦਾ ਵਰਕਾ; ਅਨਾਜ ਦਾ ਢੇਰ; ਰੇਤ ਦਾ ਟਿੱਲਾ; ਕਵਿਤਾ ਦੀ ਤੁਕ।

خانۀباد ਖ਼ਾਨਾ-ਏ-ਬਾਦ : ਹਵਾਦਾਰ ਘਰ; ਹਵਾ ਦੀ ਬਾਰੀ, ਖਿੜਕੀ; ਹਵਾਦਾਰ ਕਮਰਾ, ਗਰਮੀਆਂ ਬਿਤਾਉਣ ਵਾਲਾ ਘਰ, ਗਰੈਹ (ਤੁਲਾ, ਜੋੜਾ, ਡੋਲ)।

خانەباز ਖ਼ਾਨਾ-ਬਾਜ਼ : ਜੂਏ ਵਿਚ ਘਰ ਬਾਰ ਸਭ ਕੁਝ ਹਾਰ ਦੇਣ ਵਾਲਾ, ਜੁਆਰੀਆ।

خانەبدوش ਖ਼ਾਨਾ-ਬ-ਦੋਸ਼ : ਅਵਾਰਾ, ਪਰੇਸ਼ਾਨ; ਟੱਪਰੀਵਾਸ; ਮੁਸਾਫਰ, ਬਿਨ-ਠਿਕਾਣੇ ਦੇ, ਬੇਘਰਾ।

خانەبرانداز ਖ਼ਾਨਾ-ਬਰ-ਅੰਦਾਜ਼ : ਘਰ-ਬਾਰ ਉਜਾੜ ਦੇਣ ਵਾਲਾ।

خانه‌بردن ***ਖ਼ਾਨਾ ਬੁਰਦਨ*** : ਲੁੱਟਣਾ, ਬਰਬਾਦ ਕਰਨਾ, ਚੋਰੀ ਕਰਨਾ।

خانه‌بیزار ***ਖ਼ਾਨਾ-ਬੇਜ਼ਾਰ*** : ਘਰ ਵਿਚ ਨਾ ਠੈਹਰ ਸਕਣ ਵਾਲਾ।

خانه‌پرداز ***ਖ਼ਾਨਾ-ਪਰਦਾਜ਼*** : ਬਰਬਾਦ ਕਰ ਦੇਣ ਵਾਲਾ, ਮਸ਼ੂਕ, ਮੈਹਬੂਬ।

خانه‌پرور ***ਖ਼ਾਨਾ-ਪਰਵਰ,*** **خانه‌پرورد** ***ਖ਼ਾਨਾ-ਪਰਵਰਦ*** : ਘਰ ਦਾ ਪਲਿਆ ਹੋਇਆ, ਓਹ ਆਦਮੀ ਜੋ ਸਦਾ ਸੁੱਖਾਂ ਵਿਚ ਰਿਹਾ ਤੇ ਪਲਿਆ ਹੋਵੇ; ਕੀਮਤੀ ਸ਼ੈ।

خانهٔ پُست ***ਖ਼ਾਨਾ-ਏ-ਪਸਤ*** : ਸੰਸਾਰ, ਫ਼ਕੀਰ ਦਾ ਘਰ, ਕੁੱਲੀ; ਕਬਰ।

خانهٔ پنجدر ***ਖ਼ਾਨਾ-ਏ-ਪੰਜ ਦਰ*** : ਦਿਮਾਗ਼ ਤੇ ਪੰਜੇ ਗਿਆਨ ਇੰਦਰੇ।

خانه‌تاب ***ਖ਼ਾਨਾ-ਤਾਬ*** : ਘਰ ਨੂੰ ਰੋਸ਼ਨ ਕਰਨ ਵਾਲਾ।

خانه‌جنگ ***ਖ਼ਾਨਾ ਜੰਗ*** : ਛੋਟੀਆਂ ਛੋਟੀਆਂ ਗੱਲਾਂ ਤੇ ਲੜਾਈ ਕਰਨ ਵਾਲਾ ਵਿਅਕਤੀ।

خانه‌جنگی ***ਖ਼ਾਨਾ-ਜੰਗੀ*** : ਲੜਾਈ, ਦੰਗਾ, ਫਸਾਦ, ਘਰ ਦੀ ਲੜਾਈ, ਘਰੋਗੀ ਲੜਾਈ।

خانهٔ خُدا ***ਖ਼ਾਨਾ-ਏ-ਖ਼ੁਦਾ*** : ਖ਼ੁਦਾ ਦਾ ਘਰ, ਮਸਜਦ, ਪੂਜਾ ਸਥਾਨ, ਮੰਦਰ।

خانه‌خراب ***ਖ਼ਾਨਾ-ਖ਼ਰਾਬ*** : ਜਿਸ ਦਾ ਘਰਬਾਰ ਤਬਾਹ ਹੋ ਗਿਆ ਹੋਵੇ।

خانهٔ خَمار ***ਖ਼ਾਨਾ-ਏ-ਖ਼ੁਮਾਰ*** : ਸ਼ਰਾਬਖ਼ਾਨਾ।

خانه‌دار ***ਖ਼ਾਨਾ-ਦਾਰ*** : ਘਰਬਾਰੀ ਆਦਮੀ, ਘਰ-ਗਰਸਤੀ, ਟੱਬਰਦਾਰ, ਘਰ ਦਾ ਮਾਲਕ; ਘਰ ਦਾ ਰਾਖਾ।

خانه‌داماد ***ਖ਼ਾਨਾ-ਦਾਮਾਦ*** : ਘਰ ਜਵਾਈ।

خانهٔ دوآشیانه ***ਖ਼ਾਨਾ-ਏ-ਦੋ-ਆਸ਼ਯਾਨਾ*** : ਦੋ-ਮੰਜ਼ਲਾ ਮਕਾਨ।

خانه‌دوست ***ਖ਼ਾਨਾ ਦੋਸਤ*** : ਸਦਾ ਘਰ ਵਿਚ ਰੈਹਣ ਵਾਲਾ।

خانهٔ راستان ***ਖ਼ਾਨਾ-ਏ-ਰਾਸਤਾਨ*** : ਕਾਅਬਾ ਸ਼ਰੀਫ਼।

خانه‌رس ***ਖ਼ਾਨਾ ਰਸ*** : ਪਾਲ ਦਾ ਪੱਕਿਆ ਫਲ।

خانه‌زاد ***ਖ਼ਾਨਾ-ਜ਼ਾਦ*** : ਘਰ ਵਿਚ ਪੈਦਾ ਹੋਣ ਵਾਲਾ ਗੁਲਾਮ ਦਾ ਬੱਚਾ, ਖ਼ਾਨਦਾਨੀ ਨੌਕਰ।

خانه‌ساز ***ਖ਼ਾਨਾ ਸਾਜ਼*** : ਘਰ ਦੀ ਬਣੀ ਹੋਈ ਚੀਜ਼; ਮਿਸਤਰੀ, ਰਾਜ।

خانه‌سوز ***ਖ਼ਾਨਾ-ਸੋਜ਼*** : ਘਰ ਨੂੰ ਉਜਾੜਨ ਵਾਲਾ।

خانه‌سیاه ***ਖ਼ਾਨਾ-ਸਯਾਹ*** : ਅਭਾਗਾ, ਉਜੜੇ ਘਰ ਵਾਲਾ।

خانه‌شماری ***ਖ਼ਾਨਾ-ਸ਼ੁਮਾਰੀ*** : ਘਰ ਦੀ ਗਿਣਤੀ ਕਰਨੀ।

خانه‌شیر ***ਖ਼ਾਨਾ-ਏ-ਸ਼ੀਰ*** : ਥਣ, ਦੁੱਧੀਆਂ।

خانه‌غول ***ਖ਼ਾਨਾ-ਏ-ਗ਼ੂਲ*** : ਭੂਤਾਂ ਦਾ ਘਰ; ਸੰਸਾਰ।

خانه‌فردا ***ਖ਼ਾਨਾ-ਫ਼ਰਦਾ*** : ਦੂਜਾ ਜਹਾਨ, ਪਰਲੋਕ।

خانه‌فروش ***ਖ਼ਾਨਾ-ਏ-ਫ਼ਰੋਸ਼*** : ਘਰਬਾਰ ਛੱਡ ਦੇਣ ਵਾਲਾ, ਤਿਆਗੀ।

خانهٔ قلم ***ਖ਼ਾਨਾ-ਏ-ਕਲਮ*** : ਕਲਮ ਦੇ ਤਰਾਸ਼ਣ ਦੀ ਮਿਕਦਾਰ, ਕਲਮ ਦਾ ਮੈਦਾਨ।

خانه‌کن ***ਖ਼ਾਨਾ-ਕਨ*** : ਭੈੜਾ ਮੁੰਡਾ, ਘਰਬਾਰ ਉਜਾੜਨ ਵਾਲਾ।

خانهٔ ماهی ***ਖ਼ਾਨਾ-ਏ-ਮਾਹੀ*** : ਮੱਛੀ ਦਾ ਘਰ ਅਰਥਾਤ ਪਾਣੀ।

خانهٔ نیشکر ***ਖ਼ਾਨਾ-ਏ-ਨੈਸ਼ਕਰ*** : ਗੰਨੇ ਦੀ ਪੋਰੀ।

خانی ***ਖ਼ਾਨੀ*** : ਖ਼ਾਨ ਨਾਲ ਸਬੰਧਤ, ਖ਼ਾਲਸ ਸੋਨਾ, ਛੋਟਾ ਚਬੱਚਾ, ਪਾਣੀ ਦਾ ਚਸ਼ਮਾ; ਤੂਰਾਨ ਦੇ ਇਕ ਪਰਚਲਤ ਸਿੱਕੇ ਦਾ ਨਾਮ।

خاور ***ਖ਼ਾਵਰ*** : ਪੂਰਬ; ਸੂਰਜ; ਕੰਡਾ।

خاوران ***ਖ਼ਾਵਰਾਨ*** : ਪੂਰਬ ਤੇ ਪੱਛਮ; ਖ਼ੁਰਾਸਾਨ ਵਿਚ ਇਕ ਜ਼ਿਲ੍ਹਾ ਜਿੱਥੋਂ ਦਾ

ਪਰਸਿੱਧ ਸ਼ਾਇਰ ਅਨਵਰੀ ਸੀ।

خاورخدای ***ਖ਼ਾਵਰ-ਖ਼ੁਦਾ*** : ਪੂਰਬ ਦਾ ਬਾਦਸ਼ਾਹ, ਸੂਰਜ; ਫ਼ਰੀਦੂਨ ਦੇ ਪੁਤਰ ਸਲਮ ਦੀ ਉਪਾਧੀ।

خاورخدیو ***ਖ਼ਾਵਰ-ਖ਼ਦੇਵ*** : ਪੱਛਮ ਦਾ ਬਾਦਸ਼ਾਹ, (ਸਿਕੰਦਰ), ਪੂਰਬ ਦਾ ਬਾਦਸ਼ਾਹ, ਸੂਰਜ।

خاوری ***ਖ਼ਾਵਰੀ*** : ਖ਼ਾਵਰ ਨਾਲ ਸਬੰਧਤ, ਖ਼ਾਵਰਾਨ ਦਾ ਵਸਨੀਕ, ਖ਼ੁਰਾਸਾਨੀ; ਹਕੀਮ ਅਨਵਰੀ ਦਾ ਪੈਹਲਾ ਤਖ਼ੱਲੁਸ; ਪੱਛਮੀ, ਪੂਰਬੀ, ਸੂਰਜ।

خاول ***ਖ਼ਾਵੂਲ*** : ਕੀੜੀ।

خاوند ***ਖ਼ਾਵੰਦ*** : (ਖ਼ੁਦਾਵੰਦ **خداوند** ਦਾ ਸੰਖਿਪਤ ਰੂਪ), ਸੁਆਮੀ, ਘਰ ਦਾ ਮਾਲਕ, ਘਰ ਵਾਲਾ, ਨੌਵਾਂ ਅਸਮਾਨ।

خاوندگار ***ਖ਼ਾਵੰਦਗਾਰ*** : ਸੁਆਮੀ, ਮੁਲਕ ਦਾ ਹਾਕਮ, ਬਾਦਸ਼ਾਹ।

خاوندی ***ਖ਼ਾਵੰਦੀ*** : ਮਾਲਕੀ; ਰੱਖਿਆ, ਮੇਹਰਬਾਨੀ।

خائیدن ***ਖ਼ਾਈਦਨ*** : ਚੱਬਣਾ, ਖਾਣਾ।

خایسک ***ਖ਼ਾਯਸਕ*** : ਹਥੌੜਾ, ਘਣ।

خائف ***ਖ਼ਾਇਫ਼*** : ਡਰਨ ਵਾਲਾ, ਡਰਪੋਕ, ਬੁਜ਼ਦਿਲ, ਕਾਇਰ।

خائن ***ਖ਼ਾਇਨ*** : ਖ਼ਿਆਨਤ ਕਰਨ ਵਾਲਾ, ਬੇਈਮਾਨ, ਫ਼ਰੇਬੀ, ਧੋਖੇਬਾਜ਼।

خایه ***ਖ਼ਾਯਾ*** : ਆਂਡਾ; ਮਨੁੱਖ ਜਾਂ ਜਾਨਵਰ ਦੇ ਪਤਾਲੂ, ਗੁਰਦੇ।

خایۂابلیس ***ਖ਼ਾਯਾ-ਏ-ਇਬਲੀਸ*** : ਇਕ ਪਰਕਾਰ ਦਾ ਪੱਥਰ ਜੋ ਚੀਨ ਤੋਂ ਆਉਂਦਾ ਹੈ; ਫਰੇਬੀ ਤੇ ਮੱਕਾਰ ਆਦਮੀ, ਰੰਜੂਆ ਦੇ ਬੀਜ ਜੋ ਇਕ ਪਰਕਾਰ ਦੀ ਦਵਾ ਹੈ।

خایەبردار ***ਖ਼ਾਯਾ-ਬਰਦਾਰ*** : ਚਾਪਲੂਸ, ਖੁਸ਼ਾਮਦੀ।

خایەدیس ***ਖ਼ਾਯਾ-ਦੇਸ*** : ਖੁੰਬ ਜੋ ਆਂਡੇ ਵਰਗੀ ਹੁੰਦੀ ਹੈ।

خایەریز ***ਖ਼ਾਯਾ-ਰੇਜ਼*** : ਆਂਡਿਆਂ ਦੀ ਭੁਰਜੀ, ਤਲੇ ਹੋਏ ਆਂਡੇ।

خایۂزر ***ਖ਼ਾਯਾ-ਏ-ਜ਼ਰ*** : ਸੂਰਜ।

خایەکشیده ***ਖ਼ਾਯਾ-ਕਸ਼ੀਦਾ*** : ਖਸੀ ਹੋਇਆ।

خایەکن ***ਖ਼ਾਯਾ-ਕੁਨ*** : ਆਂਡੇ ਦੇਣ ਵਾਲੀ ਮੁਰਗੀ।

خباث ***ਖ਼ਬਾਸ,*** **خباثی** ***ਖ਼ਬਾਸੀ*** : ਬਦਕਾਰ (ਔਰਤ), ਫ਼ਾਹਸ਼ਾ (ਔਰਤ)।

خباثت ***ਖ਼ਬਾਸਤ*** : ਅਪਵਿੱਤਰਤਾ, ਸ਼ਰਾਰਤ, ਕਮੀਨਗੀ।

خباز ***ਖ਼ੱਬਾਜ਼*** : ਰੋਟੀ ਪਕਾਉਣ ਵਾਲਾ, ਨਾਨਬਾਈ।

خبازی ***ਖ਼ੱਬਾਜ਼ੀ*** : ਨਾਨਬਾਈ ਦਾ ਕਿੱਤਾ।

خبث ***ਖ਼ੁਬਸ*** : ਨਪਾਕੀ, ਪਲੀਤੀ, ਗੰਦਗੀ, ਮੈਲ ਕੁਚੈਲ, ਮਨ ਦੀ ਮੈਲ।

خبجه ***ਖ਼ਬਜਾ*** : ਇਮਲੀ।

خبر ***ਖ਼ਬਰ*** : ਸਨੇਹਾ, ਸੂਚਨਾ, ਸਮਾਚਾਰ; ਹਜ਼ਰਤ ਮੁਹੰਮਦ ਸਾਹਿਬ ਦੀ ਹਦੀਸ।

خبردار ***ਖ਼ਬਰਦਾਰ*** : ਜਾਣਨ ਵਾਲਾ, ਸੁਚਤ, ਹੁਸ਼ਿਆਰ, ਚੌਕਸ।

خبرداری ***ਖ਼ਬਰਦਾਰੀ*** : ਦੇਖ ਭਾਲ, ਹਿਫ਼ਾਜ਼ਤ; ਸੂਚਨਾ; ਹੁਸ਼ਿਆਰੀ।

خبرشناس ***ਖ਼ਬਰ-ਸ਼ਿਨਾਸ*** : ਜਾਣਨ ਵਾਲਾ, ਮੋਹਤਾਤ, ਜਸੂਸ, ਸੂਹੀਆ।

خبرگرفتن ***ਖ਼ਬਰ ਗਰਿਫ਼ਤਨ*** : ਖ਼ਬਰ ਲੈਣਾ, ਹਾਲ ਪੁੱਛਣਾ।

خبرگیر ***ਖ਼ਬਰਗੀਰ*** : ਖ਼ਬਰ ਲੈਣ ਵਾਲਾ, ਰਾਖਾ, ਪੈਹਰੇਦਾਰ, ਚੌਕੀਦਾਰ, ਜਸੂਸ, ਸੂਹੀਆ।

خبرگیری ***ਖ਼ਬਰਗੀਰੀ*** : ਰਾਖੀ, ਹਿਫ਼ਾਜ਼ਤ, ਦੇਖਭਾਲ, ਨਿਗਾਹਬਾਨੀ।

خبرنویس ***ਖ਼ਬਰਨਵੀਸ*** : ਖ਼ਬਰਾਂ ਲਿਖਣ ਵਾਲਾ, ਪੱਤਰਕਾਰ, ਪੱਤਰ ਪਰੇਰਕ।

خبز ***ਖ਼ਬਜ਼*** : ਰੋਟੀ ਪਕਾਉਣਾ, ਖਾਣ ਨੂੰ ਰੋਟੀ ਦੇਣਾ; ਉੱਤੇਜਤ ਕਰਨਾ।

خبز ***ਖ਼ੁਬਜ਼*** : ਰੋਟੀ, ਨਾਨ।

خبط ***ਖ਼ਬਤ*** : ਜਿੰਨ ਭੂਤ ਦਾ ਕਿਸੇ ਨੂੰ ਪਾਗਲ ਬਣਾ ਦੇਣਾ, ਦੀਵਾਨਗੀ, ਪਾਗਲਪਣ ਦਾ ਅਕਲ

ਵਿਚ ਮਿਲ ਜਾਣਾ, ਕੁਰਾਹੇ ਪੈਣਾ, ਜਾਨਵਰਾਂ ਦਾ ਹੱਥ ਪੈਰ ਮਾਰਨਾ; ਸੋਟੀ ਨਾਲ ਦਰਖ਼ਤ ਦੇ ਪੱਤੇ ਝਾੜਨਾ; ਕਿਸੇ ਨੂੰ ਫੜਨਾ; ਫੱਟੜ ਕਰਨਾ।

خبطی ***ਖ਼ਬਤੀ*** : ਪਾਗਲ, ਝੱਲਾ, ਵੈਹਮੀ।

خبیث ***ਖ਼ਬੀਸ*** : ਨਪਾਕ, ਪਲੀਦ, ਗੰਦਾ, ਨਿੱਜਸ, ਭੈੜੇ ਦਿਲ ਦਾ, ਸ਼ਰਾਰਤੀ।

خبیر ***ਖ਼ਬੀਰ*** : ਖ਼ਬਰ ਰੱਖਣ ਵਾਲਾ, ਵਾਕਫ਼, ਜਾਣਨ ਵਾਲਾ, ਸਿਆਣਾ, ਰੱਬ ਦਾ ਇਕ ਗੁਣਵਾਚੀ ਨਾਮ, ਉਠ ਦੀ ਪਸ਼ਮ; ਕਿਸਾਨ।

خبیز ***ਖ਼ਬੀਜ਼*** : ਪੱਕੀ ਹੋਈ ਰੋਟੀ, ਰੋਟੀ ਦੇ ਟੁਕੜੇ ਜੇਹੜੇ ਸ਼ੋਰਬੇ ਵਿਚ ਭਿੱਜੇ ਹੋਣ।

ختا ***ਖ਼ਤਾ*** : ਚੀਨ ਦੇ ਇਲਾਕੇ ਦੇ ਇਕ ਸ਼ੈਹਰ ਦਾ ਨਾਮ।

ختام ***ਖ਼ਿਤਾਮ***, ختامه ***ਖ਼ਿਤਾਮਾ*** : ਲਾਖ ਜਾਂ ਮੋਮ ਜਿਸ ਨਾਲ ਮੋਹਰ ਲਾਈ ਜਾਂਦੀ ਹੈ, ਕਿਸੇ ਚੀਜ਼ ਉੱਤੇ ਲਾਖ ਜਾਂ ਮੋਮ ਨਾਲ ਮੋਹਰ ਲਾਉਣਾ।

ختل ***ਖ਼ਤਲ***, ختلان ***ਖ਼ਤਲਾਨ*** : ਫ਼ਰੇਬ, ਧੋਖਾ; ਬਦਖ਼ਸ਼ਾਨ ਵਿਚ ਇਕ ਇਲਾਕਾ ਜੋ ਸੁੰਦਰਤਾ ਲਈ ਮਸ਼ਹੂਰ ਹੈ, ਇੱਥੋਂ ਦੇ ਘੋੜੇ ਬੌਹਤ ਪਰਸਿੱਧ ਹਨ।

ختلی ***ਖ਼ਤਲੀ*** : ਖ਼ਤਲਾਨ ਨਾਲ ਸਬੰਧਤ; ਖ਼ਤਲ ਜਾਂ ਖ਼ਤਲਾਨ ਦਾ ਘੋੜਾ, ਬੌਹਤ ਚੰਗਾ ਘੋੜਾ; ਫ਼ਰੇਬੀ।

ختم ***ਖ਼ਤਮ*** : ਪੂਰਾ ਕਰਨਾ, ਮੁਕੰਮਲ ਕਰਨਾ, ਮੋਹਰ ਲਾ ਕੇ ਖ਼ਤਮ ਕਰਨਾ; ਪੂਰਾ ਕੁਰਾਨ ਸ਼ਰੀਫ਼ ਪੜ੍ਹਨਾ।

ختم‌کار ***ਖ਼ਤਮਕਾਰ*** : ਅੰਤ, ਅਖੀਰ, ਅੰਤਮ ਪਰਣਾਮ।

ختمه ***ਖ਼ਤਮਾ***, ختمت ***ਖ਼ਤਮਤ*** : ਅੰਤਕਾ।

ختمی ***ਖ਼ਤਮੀ*** : ਕੁਰਾਨ ਸ਼ਰੀਫ਼ ਦਾ ਸੰਪੂਰਣ ਪਾਠ।

ختن ***ਖ਼ਤਨ*** : ਖ਼ਤਨਾ ਕਰਨਾ, ਸੁੰਨਤ ਕਰਨਾ; ਸਾਲਾ, ਦਮਾਦ।

ختن ***ਖ਼ੁਤਨ*** : ਚੀਨੀ ਤਾਤਾਰ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ ਜਿਥੋਂ ਦੇ ਹਿਰਨ ਮਸ਼ਹੂਰ ਹਨ ਤੇ ਜਿਥੋਂ ਮੁਸ਼ਕ ਨਾਫ਼ਾ (ਕਸਤੂਰੀ) ਆਉਂਦਾ ਹੈ।

ختنه ***ਖ਼ਤਨਾ***, ختنه ***ਖ਼ੁਤਨਾ*** : ਸੁੰਨਤ, ਮੁਸਲਮਾਨਾਂ ਵਿਚ ਹਜ਼ਰਤ ਇਬਰਾਹੀਮ ਦੀ ਸਥਾਪਤ ਕੀਤੀ ਹੋਈ ਮਰਯਾਦਾ ਜਿਸ ਅਨੁਸਾਰ ਬੱਚੇ (ਲੜਕੇ) ਦੇ ਲਿੰਗ ਦਾ ਅਗਲਾ ਵਾਧੂ ਮਾਸ ਕੱਟ ਦਿੱਤਾ ਜਾਂਦਾ ਹੈ; ਸੱਸ, ਸਾਲੀ।

خجاره ***ਖ਼ਜਾਰਾ*** : ਥੋੜਾ, ਘੱਟ, ਤੁਛ ਵਸਤੂ।

خجالت ***ਖ਼ਜਾਲਤ*** : ਸ਼ਰਮਿੰਦਗੀ, ਸ਼ਰਮਸਾਰੀ; ਹਯਾ, ਸ਼ਰਮ।

خجسته ***ਖ਼ੁਜਸਤਾ*** : ਮੁਬਾਰਕ, ਸੁਭਾਗਾ; ਸਦ-ਬਹਾਰੀ ਫੁੱਲ, ਓਹ ਫੁੱਲ ਜਿਸ ਦਾ ਰੰਗ ਪੀਲਾ ਤੇ ਵਿਚੋਂ ਕਾਲਾ ਹੁੰਦਾ ਹੈ।

خجسته‌آباد ***ਖ਼ੁਜਸਤਾ-ਆਬਾਦ***, خجسته‌بنیاد ***ਖ਼ੁਜਸਤਾ ਬੁਨਿਯਾਦ*** : ਦੱਖਣ ਦੇ ਪਰਸਿੱਧ ਸ਼ੈਹਰ ਔਰੰਗਾਬਾਦ ਦੀ ਉਪਾਧੀ; ਔਰੰਗਾਬਾਦ।

خجسته‌اختر ***ਖ਼ੁਜਸਤਾ-ਅਖ਼ਤਰ***, خجسته‌پی ***ਖ਼ੁਜਸਤਾ-ਪੈ***, خجسته‌طالع ***ਖ਼ੁਜਸਤਾ ਤ਼ਾਲਿਅ*** : ਨੇਕ ਸਤਾਰੇ ਵਾਲਾ, ਸੁਭਾਗਾ।

خجسته‌رای ***ਖ਼ੁਜਸਤਾ ਰਾਯ*** : ਚੰਗੀ ਸੋਚ ਵਾਲਾ।

خجسته‌فرجام ***ਖ਼ੁਜਸਤਾ-ਫ਼ਰਜਾਮ*** : ਨੇਕ ਪਰਣਾਮ ਵਾਲਾ, ਸ਼ੁਭ ਅੰਤ ਵਾਲਾ।

خجک ***ਖ਼ਜਕ*** : ਅੱਖ ਦਾ ਚਿੱਟਾ ਜੇਹੜਾ ਪੁਤਲੀ 'ਤੇ ਜ਼ਖ਼ਮ ਹੋਣ ਮਗਰੋਂ ਪੈ ਜਾਂਦਾ ਹੈ ਅਤੇ ਵਧਦਾ-ਵਧਦਾ ਅੱਖ ਦਾ ਫੋਲਾ ਬਣ ਜਾਂਦਾ ਹੈ।

خجل ***ਖ਼ਜਲ*** : ਸ਼ਰਮਸਾਰ ਹੋਣਾ, ਪਰੇਸ਼ਾਨ, ਚੁੱਪ; ਉਠ ਦਾ ਚਿੱਕੜ ਵਿਚ ਫੱਸਣਾ; ਉਲਝਿਆ ਹੋਇਆ ਮਾਮਲਾ; ਸੁਸਤੀ।

خجل ***ਖ਼ਜਿਲ*** : ਸ਼ਰਮਸਾਰ, ਪਾਟਾ ਹੋਇਆ (ਕੱਪੜਾ); ਉੱਚਾ ਘਾਹ, ਘਾਹ ਵਾਲੀ ਜ਼ਮੀਨ।

خجلت ***ਖ਼ਜਲਤ*** : ਸ਼ਰਮਿੰਦਗੀ, ਨਦਾਮਤ, ਸ਼ਰਮਿੰਦਾ ਹੋਣਾ।

خجلت‌زده ***ਖ਼ਜਲਤ ਜ਼ਦਾ***, خجلت‌کش ***ਖ਼ਜਲਤ ਕਸ਼***, خجلت‌ناک ***ਖ਼ਜਲਤ ਨਾਕ*** : ਸ਼ਰਮਿੰਦਾ, ਸ਼ਰਮਸਾਰ।

خجلت‌گری ***ਖ਼ਜਲਤ ਗਰੀ***, خجلی

ਖ਼ਜਲੀ : ਸ਼ਰਮਿੰਦਗੀ, ਸ਼ਰਮਸਾਰੀ।

خجند ***ਖ਼ੁਜੰਦ*** : ਤੁਰਕਿਸਤਾਨ ਵਿਚ ਇਕ ਸ਼ੈਹਰ ਦਾ ਨਾਮ, ਸ਼ਾਇਰ ਕਮਾਲ ਖ਼ੁਜੰਦੀ ਦਾ ਜਨਮ ਸਥਾਨ।

خجندی ***ਖ਼ੁਜੰਦੀ*** : ਸੁਭਾਗਾ, ਖ਼ੁਜੰਦ ਸ਼ੈਹਰ ਦਾ ਰੈਹਣ ਵਾਲਾ।

خد ***ਖ਼ੁੱਦ*** : ਗਲ੍ਹ, ਰੁਖ਼ਸਾਰ, ਚੇਹਰਾ; ਖੰਦਕ, ਖਾਈ; ਡੂੰਘਾ ਟੋਆ ਪੁੱਟਣਾ।

خدود ***ਖ਼ੁਦੂਦ*** : (ਖ਼ੁਦ خد ਦਾ ਬੌਹਵਚਨ), ਗਲ੍ਹਾਂ, ਰੁਖ਼ਸਾਰ।

خدا ***ਖ਼ੁਦਾ*** : ਮਾਲਕ, ਸਾਹਿਬ, ਸੁਆਮੀ, ਅੱਲਾਹ, ਰੱਬ, ਪਰਮਾਤਮਾ।

خداآفریده ***ਖ਼ੁਦਾ ਆਫ਼ਰੀਦਾ*** : ਕੁਦਰਤੀ।

خداآفرین ***ਖ਼ੁਦਾ ਆਫ਼ਰੀਨ*** : ਰੱਬ ਜੋ ਪੈਦਾ ਕਰਨ ਵਾਲਾ ਹੈ; ਜਿਸ ਚੀਜ਼ ਵਿਚ ਆਦਮੀ ਦਾ ਹੱਥ ਨਾ ਲੱਗਾ ਹੋਵੇ।

خداآگاه ***ਖ਼ੁਦਾ-ਆਗਾਹ*** : ਰੱਬ ਦੇ ਭੇਦਾਂ ਨੂੰ ਜਾਣਨ ਵਾਲਾ, ਆਰਫ਼, ਗਿਆਨਵਾਨ।

خدابردارد ***ਖ਼ੁਦਾ ਬਰਦਾਰਦ*** : ਰੱਬ ਉਸ ਨੂੰ ਚੁੱਕ ਲਵੇ! ਰੱਬ ਕਰੇ ਉਸ ਨੂੰ ਮੌਤ ਆ ਜਾਵੇ, ਓਹ ਮਰ ਜਾਵੇ।

خداپرست ***ਖ਼ੁਦਾ-ਪ੍ਰਸਤ*** : ਰੱਬ ਦੀ ਪੂਜਾ ਕਰਨ ਵਾਲਾ, ਭਗਤ, ਜ਼ਾਹਿਦ, ਆਬਿਦ।

خداپرستی ***ਖ਼ੁਦਾ-ਪ੍ਰਸਤੀ*** : ਰੱਬ ਦੀ ਪੂਜਾ, ਭਗਤੀ।

خداپسند ***ਖ਼ੁਦਾ ਪਸੰਦ*** : ਓਹ ਕੰਮ ਜੋ ਰੱਬ ਨੂੰ ਚੰਗਾ ਲੱਗੇ, ਨੇਕ ਕੰਮ, ਚੰਗਾ ਕਾਰਜ।

خداترس ***ਖ਼ੁਦਾਤਰਸ*** : ਰੱਬ ਤੋਂ ਡਰਨ ਵਾਲਾ, ਨੇਕ ਮਨੁੱਖ।

خداجو ***ਖ਼ੁਦਾ-ਜੂ*** : ਰੱਬ ਦੀ ਭਾਲ ਕਰਨ ਵਾਲਾ, ਤਾਲਬ, ਜਗਿਆਸੂ।

خداجواب‌دهد ***ਖ਼ੁਦਾ ਜਵਾਬ ਦਹਦ*** : ਰੱਬ ਹੀ ਸਿੱਝੇਗਾ; (ਕਿਸੇ ਦੇ ਅੜਬਪੁਣੇ ਤੋਂ ਤੰਗ ਆ ਕੇ ਕੈਂਹਦੇ ਹਨ, ਜਿਸ ਤੋਂ ਮੁਰਾਦ ਲਾਹਨਤ ਮਲਾਮਤ ਹੁੰਦੀ ਹੈ)।

خداحافظ ***ਖ਼ੁਦਾ ਹਾਫ਼ਿਜ਼*** : ਕਿਸੇ ਨੂੰ ਵਿਦਾ ਕਰਨ ਵੇਲੇ ਕੈਂਹਦੇ ਹਨ ਕਿ ਤੇਰਾ ਰੱਬ ਰਾਖਾ।

خداخداداشتن ***ਖ਼ੁਦਾ ਖ਼ੁਦਾ ਦਾਸ਼ਤਨ,*** خداخداکردن ***ਖ਼ੁਦਾ ਖ਼ੁਦਾ ਕਰਦਨ*** : ਰੱਬ ਰੱਬ ਕਰਨਾ; ਡਰਦੇ ਡਰਦੇ ਕੰਮ ਕਰਨਾ; ਖ਼ੁਦਾ ਤੋਂ ਰਖਿਆ ਮੰਗਣੀ।

خداخوان ***ਖ਼ੁਦਾ ਖ਼੍ਵਾਨ,*** خداوان ***ਖ਼ੁਦਾਵਾਂ*** : ਅਗਲੀ ਉਂਗਲ ਕਿਉਂ ਜੋ ਇਸ ਨੂੰ ਰੱਬ ਦੀ ਹੋਂਦ ਮੰਨਣ ਵੇਲੇ ਸੰਕੇਤ ਵਜੋਂ ਉੱਚਾ ਕਰਦੇ ਹਨ।

خداداد ***ਖ਼ੁਦਾ-ਦਾਦ*** : ਰੱਬ ਦੀ ਦਿਤੀ ਹੋਈ ਚੀਜ਼।

خدادانی ***ਖ਼ੁਦਾ-ਦਾਨੀ*** : ਰੱਬ ਦਾ ਗਿਆਨ।

خدادوران ***ਖ਼ੁਦਾ-ਦੂਰਾਨ*** : ਰੱਬ ਤੋਂ ਦੂਰ, ਭੈੜੇ ਆਦਮੀ, ਬਦਕਾਰ, ਜ਼ਾਲਮ, ਕਾਫ਼ਰ।

خدارا ***ਖ਼ੁਦਾਰਾ*** : ਰੱਬ ਦੇ ਵਾਸਤੇ, ਰੱਬ ਲਈ।

خداشناس ***ਖ਼ੁਦਾ-ਸ਼ਿਨਾਸ*** : ਰੱਬ ਨੂੰ ਪਛਾਣਨ ਵਾਲੇ, ਗਿਆਨੀ, ਆਰਫ਼।

خدافروشان ***ਖ਼ੁਦਾ-ਫ਼ਰੋਸ਼ਾਨ*** : ਠੱਗ, ਧੋਖੇਬਾਜ਼, ਫਰੇਬੀ।

خداگیر ***ਖ਼ੁਦਾਗੀਰ*** : ਜਿਸ ਤੇ ਅਚਾਨਕ ਕੋਈ ਮੁਸੀਬਤ ਆ ਪਵੇ।

خداناترس ***ਖ਼ੁਦਾ-ਨਾ-ਤਰਸ*** : ਰੱਬ ਤੋਂ ਨਾ ਡਰਨ ਵਾਲਾ।

خداناکرده ***ਖ਼ੁਦਾ ਨਾ ਕਰਦਾ,*** خدانخواسته ***ਖ਼ੁਦਾ-ਨ-ਖ਼ਾਸਤਾ,*** خدانپسندد ***ਖ਼ੁਦਾ-ਨ-ਪਸੰਦਦ,*** خدانه‌کرده ***ਖ਼ੁਦਾ-ਨ-ਕਰਦਾ*** : ਰੱਬ ਨਾ ਕਰੇ, ਰੱਬ ਅਜੇਹਾ ਨਾ ਕਰੇ, ਮਤਾਂ ਅਜੇਹਾ ਹੋ ਜਾਵੇ!

خدائی ***ਖ਼ੁਦਾਈ*** : ਖ਼ੁਦਾ ਹੋਣਾ, ਆਰਫ਼, ਮਾਲਕੀ, ਸਾਹਿਬੀ।

خدایا ***ਖ਼ੁਦਾਯਾ*** : ਐ ਖ਼ੁਦਾ! ਹੇ ਰੱਬ ਜੀ।

خدائےتعالی ***ਖ਼ੁਦਾ-ਏ-ਤਆਲਾ*** :

ਅਤ ਉੱਚਾ ਰੱਬ।

خدایگان ***ਖ਼ੁਦਾਇਗਾਨ*** : ਸਰਬ ਸ਼ਕਤੀਮਾਨ, ਰੱਬ।

خدائ‌مجازی ***ਖ਼ੁਦਾ-ਏ-ਮਜਾਜ਼ੀ*** : ਵਕਤ ਦਾ ਬਾਦਸ਼ਾਹ, ਸਮੇਂ ਦਾ ਹਾਕਮ, ਖ਼ਾਵੰਦ।

خداوند ***ਖ਼ੁਦਾਵੰਦ*** : ਮਾਲਕ, ਸਾਹਿਬ, ਸੁਆਮੀ, ਰੱਬ, ਖ਼ੁਦਾ, ਪਰਮਾਤਮਾ।

خداوندزاده ***ਖ਼ੁਦਾਵੰਦ-ਜ਼ਾਦਾ*** : ਸਾਹਿਬਜ਼ਾਦਾ, ਮਾਲਕ ਦਾ ਸਪੁੱਤਰ, ਰਈਸ ਦਾ ਬੇਟਾ।

خداوندکش ***ਖ਼ੁਦਾਵੰਦ-ਕੁਸ਼*** : ਆਪਣੇ ਮਾਲਕ ਦਾ ਕਾਤਲ।

خداوندگار ***ਖ਼ੁਦਾਵੰਦਗਾਰ*** : ਮਾਲਕ, ਆਕਾ, ਸੁਆਮੀ।

خداوندگاری ***ਖ਼ੁਦਾਵੰਦਗਾਰੀ*** : ਸਲਤਨਤ, ਪਾਤਸ਼ਾਹੀ।

خدری ***ਖ਼ੁਦਰੀ*** : ਕੋਈ ਕਾਲੀ ਚੀਜ਼, ਹਨੇਰੀ ਰਾਤ, ਕਾਲਾ ਗਧਾ, ਕਾਲਾ ਖੋਤਾ।

خدشه ***ਖ਼ਦਸ਼ਾ*** : ਜ਼ਖਮ ਦਾ ਨਿਸ਼ਾਨ, ਫੱਟ, ਝਰੀਟ; ਸ਼ੱਕ, ਉਲਝਣ, ਡਰ, ਖੌਫ, ਖ਼ਤਰਾ।

خدعه ***ਖ਼ੁਦਆ, ਖ਼ਦਆ*** : ਧੋਖਾ, ਦਗਾ, ਮਕਰ, ਫ਼ਰੇਬ।

خدم ***ਖ਼ਦਮ*** : (ਖ਼ਾਦਿਮ خادم ਦਾ ਬੌਹਵਚਨ) ਖ਼ਿਦਮਤਗਾਰ (ਬੌਹਤੇ), ਨੌਕਰ ਚਾਕਰ।

خدمات ***ਖ਼ਿਦਮਾਤ*** : (ਖ਼ਿਦਮਤ خدمت ਦਾ ਬੌਹਵਚਨ) ਖ਼ਿਦਮਤਾਂ, ਸੇਵਾਵਾਂ, ਨੌਕਰੀਆਂ, ਚਾਕਰੀਆਂ।

خدمت ***ਖ਼ਿਦਮਤ*** : ਬੰਦਗੀ, ਨੌਕਰੀ, ਚਾਕਰੀ, ਟੈਹਲ ਸੇਵਾ; ਕੰਮ ਕਰਨਾ, ਸੇਵਾ ਕਰਨਾ; ਭੇਟਾ, ਸੁਗਾਤ, ਨਜ਼ਰਾਨਾ, ਸਲਾਮ; ਕੋਲ, ਰੂ-ਬ-ਰੂ।

خدمت‌چندانی‌نبود ***ਖ਼ਿਦਸਤ ਚੰਦਾਨੀ ਨਬੂਦ*** : ਓਹ ਤਾਂ ਕੁਝ ਵੀ ਕੰਮ ਨਹੀਂ ਸੀ, ਤੁੱਛ ਕੰਮ, ਮਮੂਲੀ ਕੰਮ।

خدمتِ‌دیوانی ***ਖ਼ਿਦਮਤ-ਏ-ਦੀਵਾਨੀ*** : ਸਰਕਾਰੀ ਨੌਕਰੀ।

خدمتگار ***ਖ਼ਿਦਮਤਗਾਰ***, خدمتگر ***ਖ਼ਿਦਮਤਗਰ***, خدمتگرار ***ਖ਼ਿਦਮਤਗੁਜ਼ਾਰ***, خدمت‌نما ***ਖ਼ਿਦਮਤਨੁਮਾ*** : ਸੇਵਾ ਕਰਨ ਵਾਲਾ, ਨੌਕਰ, ਸੇਵਕ।

خدمتگاری ***ਖ਼ਿਦਮਤਗਾਰੀ***, خدمتگزاری ***ਖ਼ਿਦਮਤ-ਗੁਜ਼ਾਰੀ*** : ਨੌਕਰੀ, ਟੈਹਲ, ਸੇਵਾ।

خدمتی ***ਖ਼ਿਦਮਤੀ*** : ਨਜ਼ਰਾਨਾ, ਭੇਟਾ।

خدنگ ***ਖ਼ਦੰਗ*** : ਇਕ ਚਿੱਟਾ ਰੁੱਖ (ਸਫੈਦਾ) ਜਿਸ ਦੀ ਲਕੜ ਤੋਂ ਤੀਰ ਤੇ ਨੇਜ਼ੇ ਬਣਦੇ ਹਨ ਅਤੇ ਜ਼ੀਨ ਦੇ ਕੰਮ ਵੀ ਆਉਂਦੀ ਹੈ; ਤੀਰ; ਗੁੱਸਾ।

خدیجه ***ਖ਼ਦੀਜਾ*** : ਹਜ਼ਰਤ ਮੁਹੰਮਦ ਸਾਹਿਬ ਦੀ ਪੈਹਲੀ ਪਤਨੀ ਤੇ ਹਜ਼ਰਤ ਫ਼ਾਤਿਮਾ ਦੀ ਮਾਤਾ ਦਾ ਨਾਮ, ਜਿਸ ਨੇ ਇਸਤਰੀਆਂ ਵਿਚੋਂ ਹਜ਼ਰਤ ਉੱਤੇ ਸਭ ਤੋਂ ਪੈਹਲਾਂ ਈਮਾਨ ਲਿਆਂਦਾ।

خبیش ***ਖ਼ਦੇਸ਼***, خدیش ***ਖ਼ੁਦੇਸ਼*** : ਬਾਦਸ਼ਾਹ; ਘਰ ਦਾ ਮਾਲਕ, ਘਰ ਦੀ ਮਾਲਕਣ, ਬੀਵੀ, ਘਰ ਵਾਲੀ।

خدیو ***ਖ਼ਿਦੇਵ*** : ਬਾਦਸ਼ਾਹ, ਖ਼ੁਦਾਵੰਦ, ਮਾਲਕ, ਸੁਆਮੀ, ਬਜ਼ੁਰਗ; ਮਿਸਰ ਦੇ ਬਾਦਸ਼ਾਹਾਂ ਦੀ ਉਪਾਧੀ।

خذل ***ਖ਼ਜ਼ਲ***, خذلان ***ਖ਼ਿਜ਼ਲਾਨ*** : ਛੱਡ ਕੇ ਅਲੈਹਦਾ ਹੋ ਜਾਣਾ, ਛੱਡ ਦੇਣਾ, ਜ਼ਲੀਲ ਕਰਨਾ, ਮਦਦ ਨਾ ਕਰਨਾ।

خذول ***ਖ਼ਜ਼ੂਲ*** : ਸ਼ਰਮਿੰਦਾ; ਬਦਨਸੀਬ, ਅਭਾਗਾ।

خر ***ਖ਼ਰ*** : ਗਧਾ, ਖੋਤਾ; ਮੂਰਖ, ਬੇਵਕੂਫ਼; ਤਲਛਟ ਜੋ ਸ਼ਰਾਬ ਦੇ ਹੇਠਾਂ ਰੈਹ ਜਾਂਦੀ ਹੈ; ਹੋਜ਼ ਜਾਂ ਨਾਲੀ ਦੇ ਹੇਠਲਾ ਚਿੱਕੜ; ਵੱਡਾ ਜਿਵੇਂ ਖ਼ਰ-ਆਸ (ਖ਼ਰਾਸ) ਭਾਵ ਵੱਡੀ ਚੱਕੀ।

خرِعیسیٰ ***ਖ਼ਰ-ਏ-ਈਸਾ*** : ਓਹ ਗਧਾ ਜਿਸ ਉੱਪਰ ਹਜ਼ਰਤ ਈਸਾ ਸੁਆਰੀ ਕਰਦੇ ਸਨ; ਏਕਾਂਤ ਪਸੰਦ ਦਰਵੇਸ਼।

خراب ***ਖ਼ਰਾਬ*** : ਉਜਾੜ, ਉੱਜੜਿਆ

ਹੋਇਆ, ਉਜਾੜਨਾ; ਬੁਰਾ, ਨਿਕੰਮਾ, ਮਸਤ, ਨਸ਼ੇ ਵਿਚ ਮਦਹੋਸ਼।

خراب آباد ***ਖ਼ਰਾਬ-ਆਬਾਦ*** : ਜਹਾਨ।

خراب حال ***ਖ਼ਰਾਬ-ਹਾਲ*** : ਭੈੜੇ ਹਾਲ ਵਿਚ, ਭੈੜੀ ਹਾਲਤ, ਪਰੇਸ਼ਾਨ।

خرابی ***ਖ਼ਰਾਬੀ*** : ਤਬਾਹੀ, ਬਰਬਾਦੀ, ਉਜਾੜਾ।

خرابی زده ***ਖ਼ਰਾਬੀ ਜ਼ਦਾ*** : ਖਾਲੀ ਹੱਥ, ਨੰਗ।

خرابات ***ਖ਼ਰਾਬਾਤ*** : ਸ਼ਰਾਬਖ਼ਾਨਾ, ਰੰਡੀਖ਼ਾਨਾ, ਚਕਲਾ, ਜੂਆਖ਼ਾਨਾ।

خراباتی ***ਖ਼ਰਾਬਾਤੀ*** : ਸ਼ਰਾਬ ਪੀਣ ਵਾਲਾ, ਸ਼ਰਾਬੀ, ਜੁਆਰੀਆ, ਰੰਡੀਬਾਜ਼।

خراج ***ਖ਼ਰਾਜ*** : ਜ਼ਮੀਨ ਆਦਿ ਦਾ ਲਗਾਨ, ਮਸੂਲ, ਮਾਮਲਾ, ਓਹ ਰੁਪਏ ਜੇਹੜੇ ਅਮੀਰ ਲੋਕ ਬਾਦਸ਼ਾਹ ਨੂੰ ਦਿੰਦੇ ਸਨ।

دستِنماز ***ਦਸਤਨਮਾਜ਼*** : ਨਮਾਜ਼ ਤੋਂ ਪੈਹਲਾਂ ਹੱਥ ਪੈਰ ਧੋਣਾ।

دستوپا ***ਦਸਤਾ-ਉ-ਪਾ*** : ਹੱਥ ਤੇ ਪੈਰ, ਖੋਜ ਭਾਲ, ਭੱਜ ਦੌੜ।

دستوپازدن ***ਦਸਤ-ਓ-ਪਾ-ਜ਼ਦਨ*** : ਹੱਥ ਪੈਰ ਮਾਰਨਾ, ਜਤਨ ਕਰਨਾ, ਤਰਨਾ, ਮੌਤ ਵੇਲੇ ਤੜਫਣਾ, ਹੱਥ ਪੈਰ ਟੁੱਟਣੇ।

دستودِل ***ਦਸਤ-ਓ-ਦਿਲ*** : ਹੌਸਲਾ, ਸ਼ਕਤੀ, ਹੱਥ ਤੇ ਦਿਲ।

دستودهان ***ਦਸਤ-ਓ-ਦਹਾਨ*** : ਬੌਹਤ ਨੇੜੇ।

دستوگریبان ***ਦਸਤ-ਓ-ਗਰੀਬਾਨ*** : ਬੌਹਤ ਨੇੜੇ; ਹੱਥੋ ਪਾਈ, ਲੜਾਈ।

دستیاب ***ਦਸਤਯਾਬ*** : ਮਿਲਣਾ, ਪਰਾਪਤ ਹੋਣਾ।

دستیار ***ਦਸਤਯਾਰ*** : ਸ਼ਗਿਰਦ, ਸਹਾਇਕ; ਜ਼ਬਰਦਸਤ, ਭਾਰੂ; ਹਥਿਆਰ।

دستیاره ***ਦਸਤਯਾਰਾ*** : ਕੰਙਣ।

دستیاری ***ਦਸਤਯਾਰੀ*** : ਸਹਾਇਤਾ, ਸ਼ਕਤੀ, ਵਸੀਲਾ, ਸਾਧਨ।

دسخط ***ਦਸਖ਼ਤ*** : ਵੇਖੋ ਦਸਤਖਤ।

دستار ***ਦਸਤਾਰ*** : ਪਗੜੀ, ਪੱਗ, ਰੁਮਾਲ।

دستاربرزمین‌زدن ***ਦਸਤਾਰ ਬਰ ਜ਼ਮੀਨ ਜ਼ਦਨ*** : ਪੱਗ ਧਰਤ 'ਤੇ ਮਾਰਨਾ, ਪੁਕਾਰ ਕਰਨਾ, ਨਿਆਂ ਚਾਹੁਣਾ।

دستارِبزرگ ***ਦਸਤਾਰ-ਏ-ਬਜ਼ੁਰਗ*** : ਬੇਗ਼ੈਰਤ, ਭੜੂਆ।

دستاربند ***ਦਸਤਾਰਬੰਦ*** : ਪਗੜੀ ਬੰਨ੍ਹਣ ਵਾਲਾ, ਡਿਗਰੀ ਪਰਾਪਤ ਵਿਦਵਾਨ।

دستاربنداں ***ਦਸਤਾਰਬੰਦਾਂ*** : ਸਾਦਾਤ (ਸੱਯਦ), ਸ਼ੈਖ਼, ਆਲਮ, ਗਿਆਨੀ; ਮੁਫ਼ਤੀ, ਵਜ਼ੀਰ, ਅਮੀਰ, ਮੁਨਸ਼ੀ।

دستارچه ***ਦਸਤਾਰਚਾ*** : ਤੌਲੀਆ, ਛੋਟੀ ਪੱਗ, ਪਟਕਾ, ਰੁਮਾਲ, ਕਮਰਬੰਦ, ਫਰੇਰਾ।

دستاردرگلوکردن ***ਦਸਤਾਰ ਦਰ ਗੁਲੂ ਕਰਦਨ*** : ਗਲ ਵਿਚ ਸਾਫ਼ਾ ਪਾਉਣਾ, ਬੇਇਜ਼ਤ ਤੇ ਜ਼ਲੀਲ ਕਰਨਾ।

دستارِسیمابی ***ਦਸਤਾਰ-ਏ-ਸੀਮਾਬੀ*** : ਚਿੱਟੀ ਸਫ਼ੈਦ ਪਗੜੀ।

دستارِفضیلت ***ਦਸਤਾਰ-ਏ-ਫ਼ਜ਼ੀਲਤ*** : ਬਜ਼ੁਰਗ ਹੋਣ ਦੀ ਪਗੜੀ, ਓਹ ਪੱਗ ਜੇਹੜੀ ਪੂਰੀ ਵਿੱਦਿਆ ਪਰਾਪਤ ਕਰਨ ਮਗਰੋਂ ਬੰਨ੍ਹੀ ਜਾਂਦੀ ਹੈ।

دستاش ***ਦਸਤਾਸ਼*** : ਬਾਲਣ ਦਾ ਗੱਠਾ।

دستاق ***ਦਸਤਾਕ਼*** : ਕੈਦੀ।

دستان ***ਦਸਤਾਨ*** : (ਦਸਤ دست ਦਾ ਬੌਹਵਚਨ) ਹੱਥ; ਛਲ, ਕਪਟ; ਕਹਾਣੀ, ਕਥਾ, ਗੀਤ, ਨਗ਼ਮਾ, ਬਕਵਾਸ, ਇਕ ਕਸਬੇ ਦਾ ਨਾਮ।

دستان‌زن ***ਦਸਤਾਨ-ਜ਼ਨ*** : ਗੀਤ ਗਾਉਣ ਵਾਲਾ, ਰਾਗੀ, ਗਵੱਈਆ।

دسترخوان ***ਦਸਤਰਖ਼੍ਵਾਨ*** : ਓਹ ਚਾਦਰ ਜਿਸ ਉੱਤੇ ਭੋਜਨ ਰਖਦੇ ਹਨ।

دستک ***ਦਸਤਕ*** : ਕਿਸੇ ਨੂੰ ਬੁਲਾਉਣ ਲਈ ਹੱਥ ਤੇ ਹੱਥ ਮਾਰਨਾ, ਤਾੜੀ ਵਜਾਉਣਾ, ਕਿਸੇ ਚੀਜ਼ 'ਤੇ ਹੱਥ ਮਾਰਨਾ ਕਿ ਅਵਾਜ਼ ਨਿਕਲੇ; ਤਾੜੀ, ਹਾਕਮ ਦੇ ਹੱਥ ਦਾ ਲਿਖਿਆ ਮੋਹਰਬੰਦ ਕਾਗ਼ਜ਼।

دستک‌زن ***ਦਸਤਕ-ਜ਼ਨ*** : ਗਵੱਈਆ, ਰਾਗੀ, ਤਾੜੀ ਵਜਾਉਣ ਵਾਲਾ, ਸ਼ਰਮਿੰਦਾ, ਪਸ਼ੇਮਾਨ।

دستور ***ਦਸਤੂਰ*** : ਕਨੂੰਨ, ਵਿਧਾਨ, ਤਰਜ਼, ਢੰਗ, ਵਿਧੀ, ਨਿਯਮ; ਮੁਨਸ਼ੀ, ਵਜ਼ੀਰ, ਅਮੀਰ, ਗੱਦੀ ਦਾ ਮਾਲਕ; ਸ਼ਕਤੀਸ਼ਾਲੀ; ਰਸਮ-ਰਿਵਾਜ।

دستورالعمل ***ਦਸਤੂਰ-ਉਲ-ਅਮਲ*** : ਕੰਮ ਕਰਨ ਦਾ ਢੰਗ, ਹਕੂਮਤ ਦਾ ਤਰੀਕਾ, ਅਸੂਲ, ਕਾਇਦਾ, ਕਨੂੰਨ ਦੀ ਕਿਤਾਬ, ਵਿਧਾਨ, ਗਸ਼ਤੀ ਪਤਰ, ਕਾਰਨਾਮਾ।

دستوری ***ਦਸਤੂਰੀ*** : ਆਗਿਆ; ਦਲਾਲੀ; ਵਜ਼ਾਰਤ, ਪਾਰਲੀਮੈਂਟਰੀ।

دسته ***ਦਸਤਾ*** : ਤਲਵਾਰ ਜਾਂ ਛੁਰੀ ਦਾ ਕਬਜ਼ਾ, ਮੁੱਠਾ, ਆਦਮੀਆਂ ਦਾ ਟੋਲਾ, ਸਹਾਇਕ, ਕਾਗ਼ਜ਼ ਦੇ ਚਵ੍ਹੀ ਤਖ਼ਤੇ, ਚਵ੍ਹੀ ਤੀਰਾਂ ਦਾ ਮੁੱਠਾ, ਗੁਲਦਸਤਾ, ਗੁਸਤਾਖ਼, ਮਸਖ਼ਰਾ,

ਰਸਾਲਾ, ਫ਼ੌਜ ਦਾ ਇਕ ਹਿੱਸਾ।

دستہدار ***ਦਸਤਾਦਾਰ*** : ਸੈਨਾਪਤੀ, ਲਸ਼ਕਰ ਦਾ ਸਰਦਾਰ।

دستی ***ਦਸਤੀ*** : ਹੱਥ ਨਾਲ ਚੁੱਕਿਆ ਜਾਣ ਵਾਲਾ ਭਾਂਡਾ, ਸਹਾਇਤਾ, ਸਾਧਨ, ਵਸੀਲਾ, ਹੱਥ ਨਾਲ ਸਬੰਧਤ, ਹੱਥ 'ਚ ਰੱਖਣ ਵਾਲੀ ਚੀਜ਼, ਬਿਨਾ ਵਿਆਜ ਤੇ ਬਿਨਾ ਲਿਖਤ ਦਿੱਤਾ ਗਿਆ ਕਰਜ਼, ਹੱਥ-ਉਧਾਰ।

دستیانہ ***ਦਸਤਯਾਨਾ*** : ਦਸਤਾਨਾ, ਕੰਙਣ, ਚਾਬਕ, ਕੋਰੜਾ।

دستینہ ***ਦਸਤੀਨਾ*** : ਕੰਙਣ; ਛੁਰੀ ਆਦਿ ਦਾ ਕਬਜ਼ਾ, ਮੁੱਠਾ; ਸ਼ਾਹੀ ਫ਼ਰਮਾਨ, ਕਿਤਾਬ ਦੇ ਅਖੀਰ ਤੇ ਲੇਖਕ ਵੱਲੋਂ ਲਿਖਿਆ ਹੋਇਆ ਆਪਣਾ ਨਾਮ; ਹਵਾਲਾ, ਤਰੀਕ ਆਦਿ।

دسر ***ਦਸਰ*** : ਨੇਜ਼ੇ ਨਾਲ ਵਿੰਨ੍ਹਣਾ।

دسر ***ਦੁਸਰ*** : (ਦੁਸਾਰ **دسار** ਦਾ ਬੌਹਵਚਨ) ਮੇਖਾਂ, ਕਿੱਲ।

دسکرہ ***ਦਸਕਰਾ*** : ਬਸਤੀ, ਪਿੰਡ, ਕਸਬਾ, ਈਸਾਈਆਂ ਦਾ ਪੂਜਾ-ਸਥਾਨ, ਗਿਰਜਾ; ਈਰਾਨੀਆਂ ਦਾ ਸ਼ਰਾਬ-ਖ਼ਾਨਾ; ਪੱਧਰੀ ਧਰਤੀ, ਕਿਲ੍ਹਾ, ਕੋਟ।

دش ***ਦੁਸ਼,*** **دشت** ***ਦੁਸਤ*** : ਭੈੜਾ, ਭੈੜੀ, ਕੋਝਾ, ਕਰੂਪ; ਮੰਦਾ, ਬੁਰਾ।

دشتیاد ***ਦੁਸ਼ਤਯਾਦ*** : ਪਿੱਠ ਪਿੱਛੇ ਬੁਰਾ ਕੈਹਣਾ, ਨਿੰਦਾ, ਚੁਗ਼ਲੀ।

دشت ***ਦਸ਼ਤ*** : ਜੰਗਲ, ਪਾਣੀ ਰੈਹਤ ਮੈਦਾਨ; ਸ਼ਤਰੰਜ ਦੀ ਬਸਾਤ, ਸੁੱਕੀ ਕਸਤੂਰੀ, ਪੈਹਲੀ ਵੱਟਕ; ਖ਼ੁਰਾਸਾਨ ਵਿਚ ਇਕ ਇਲਾਕੇ ਦਾ ਨਾਮ।

دشتافروز ***ਦਸ਼ਤਅਫ਼ਰੋਜ਼*** : ਇਕ ਸੈਰ ਵਾਲੀ ਜਗ੍ਹਾ ਦਾ ਨਾਮ, ਇਕ ਸੈਰਗਾਹ।

دشتبان ***ਦਸਤਬਾਨ*** : ਜੰਗਲੀ ਆਦਮੀ, ਜੰਗਲ ਵਿਚ ਰੈਹਣ ਵਾਲਾ।

دشتقپچاق ***ਦਸ਼ਤ-ਏ-ਕ਼ਿਪਚਾਕ਼*** : ਤੁਰਕਿਸਤਾਨ ਦੇ ਇਕ ਜੰਗਲ ਦਾ ਨਾਮ ਜਿੱਥੋਂ ਦੇ ਰੈਹਣ ਵਾਲੇ ਤੁਰਕਾਂ ਨੂੰ ਕਿਪਚਾਕ ਕੈਂਹਦੇ ਹਨ (ਕਿਪਚਾਕ ਦੇ ਅਰਥ ਹਨ ਜ਼ਾਲਮ, ਨਿੱਡਰ)।

دشتِکربلا ***ਦਸ਼ਤ-ਏ-ਕਰਬਲਾ*** : ਕਰਬਲਾ ਦਾ ਓਹ ਮਾਰੂਥਲ ਜਿਥੇ ਇਮਾਮ ਹੁਸੈਨ ਸ਼ਹੀਦ ਹੋਏ ਸਨ।

دشتنمکزار ***ਦਸ਼ਤ-ਏ-ਨਮਕਜ਼ਾਰ*** : ਕਾਸ਼ਾਨ ਦੇ ਨੇੜੇ ਇਕ ਜੰਗਲ ਦਾ ਨਾਮ।

دشتنورد ***ਦਸ਼ਤ-ਨਵਰਦ,*** **دشتپیما** ***ਦਸ਼ਤ-ਪੈਮਾ,*** **دشت گرد** ***ਦਸ਼ਤ-ਗਰਦ*** : ਜੰਗਲਾਂ ਵਿਚ ਫਿਰਨ ਵਾਲਾ, ਦੀਵਾਨਾ।

دشتنوردی ***ਦਸ਼ਤਨਵਰਦੀ,*** **دشتپیمائی** ***ਦਸ਼ਤ-ਪੈਮਾਈ,*** **دشتگردی** ***ਦਸ਼ਤ ਗਰਦੀ*** : ਜੰਗਲ ਵਿਚ ਫਿਰਨ ਦੀ ਕਿਰਿਆ, ਪਾਗਲਪਣ, ਝੱਲ।

دشتِنیزہداران ***ਦਸ਼ਤ-ਏ-ਨੇਜ਼ਾ-ਦਾਰਾਨ*** : ਯਮਨ ਦੇ ਬਹਾਦਰਾਂ ਦਾ ਜੰਗਲ ਜਿੱਥੇ ਓਹ ਰੈਂਹਦੇ ਹਨ।

دشتیبان ***ਦਸ਼ਤੀਬਾਨ*** : ਆਮ ਬਹਾਦਰਾਂ ਦਾ ਜੰਗਲ, ਖੇਤਾਂ ਵਿਚ ਮਚਾਣ ਪੁਰ ਬੈਠਾ ਰਾਖਾ, ਪਾਹਰੂ।

دشخوار ***ਦੁਸ਼ਖ਼੍ਵਾਰ*** : (ਦੁਸ਼ਵਾਰ **دشوار**) ਔਖਾ, ਕਠਨ।

دشخوارپسند ***ਦੁਸ਼ਖ਼੍ਵਾਰ ਪਸੰਦ*** : ਕਠਨਾਈਆਂ ਦਾ ਸੁਆਗਤ ਕਰਨ ਵਾਲਾ।

دشخواری ***ਦੁਸ਼ਖ਼੍ਵਾਰੀ*** : ਔਖ, ਮੁਸ਼ਕਲ, ਤਕਲੀਫ਼, ਖ਼ਤਰਾ।

دشخیم ***ਦੁਸ਼ਖੀਯਮ*** : ਭੈੜੇ ਸੁਭਾ ਵਾਲਾ, ਗਾਲ੍ਹ, ਫਿਟਕਾਰ।

دشک ***ਦਸ਼ਕ/ਦਿਸ਼ਕ/ਦੁਸ਼ਕ*** : ਵੱਟਿਆ ਹੋਇਆ ਧਾਗਾ ਜਿਸ ਨਾਲ ਕੱਪੜੇ ਸਿਊਂਤੇ ਜਾਂਦੇ ਹਨ; ਸੂਈ ਵਿਚ ਪਾਇਆ ਹੋਇਆ ਰੇਸ਼ਮੀ ਧਾਗਾ।

دشکی ***ਦੁਸ਼ਕੀ*** : ਕੱਚੇ ਸੂਤਰ ਦੀ ਅੱਟੀ।

دشم ***ਦਿਸ਼ਮ*** : ਮੋਚੀਆਂ ਦਾ ਚਮੜੇ ਵਿਚ ਮੋਰੀ ਕਰਕੇ ਸਿਊਣ ਵਾਲਾ ਸੰਦ, ਆਰ।

دشمن ***ਦੁਸ਼ਮਨ*** : ਬੁਰਾ ਚਾਹੁਣ ਵਾਲਾ,

ਵੈਰੀ।

دشمنِ جانی ***ਦੁਸ਼ਮਨ-ਏ-ਜਾਨੀ*** : ਵੈਰੀ ਜੇਹੜਾ ਮਾਰਨ 'ਤੇ ਤੁਲਿਆ ਹੋਵੇ।

دشمن چه کند چو مهربان باشد دوست ***ਦੁਸ਼ਮਨ ਚਿਹ ਕੁਨਦ ਚੂ ਮਿਹਰਬਾਨ ਬਾਸ਼ਦ ਦੋਸਤ*** : ਯਾਰ ਹੋਵੇ ਮੇਹਰਬਾਨ ਤਾਂ ਕੀ ਕਰੇਗਾ ਵੈਰੀ।

دشمنِ قوی ***ਦੁਸ਼ਮਨ-ਏ-ਕ਼ਵੀ*** : ਸ਼ਕਤੀਸ਼ਾਲੀ ਵੈਰੀ।

دشمن کام ***ਦੁਸ਼ਮਨ-ਕਾਮ*** : ਵੈਰੀਆਂ ਦੀ ਇੱਛਾ ਅਨੁਸਾਰ ਜ਼ਲੀਲ ਤੇ ਖ਼੍ਵਾਰ ਹੋਣਾ, ਮੁਸੀਬਤ, ਬਿਪਤਾ।

دشمن کاه ***ਦੁਸ਼ਮਨਕਾਹ*** : ਅਭਾਗਾ, ਜੋ ਆਦਮੀ ਚੰਗਾ ਖਾਂਦਾ ਪੀਂਦਾ ਹੋਵੇ ਤੇ ਵੈਰੀ ਉਸ ਨੂੰ ਵੇਖ ਕੇ ਸੜਦਾ ਹੋਵੇ।

دشمن کوب ***ਦੁਸ਼ਮਨ-ਕੋਬ,*** **دشمن گداز** ***ਦੁਸ਼ਮਨ-ਗੁਦਾਜ਼*** : ਵੈਰੀ ਨੂੰ ਹਰਾਉਣ ਵਾਲਾ।

دشمانگی ***ਦੁਸ਼ਮਾਨਗੀ,*** **دشمنی** ***ਦੁਸ਼ਮਨੀ*** : ਵੈਰ, ਵਿਰੋਧ, ਈਰਖਾ, ਬੁਗਜ਼, ਘਿਰਨਾ, ਨਫ਼ਰਤ।

دشمیر ***ਦਸ਼ਮੀਰ*** : ਉਲਟ, ਅੰਸ, ਤੱਤ।

دشنام ***ਦੁਸ਼ਨਾਮ*** : ਗਾਲੀ-ਗਲੋਚ, ਬੁਰਾ-ਭਲਾ।

دشنام گیر ***ਦੁਸ਼ਨਾਮਗੀਰ*** : ਗਾਲ੍ਹਾਂ ਖਾ ਕੇ ਵੀ ਚੁੱਪ ਰੈਹਣ ਵਾਲਾ।

دشنگی ***ਦਸ਼ਨਗੀ*** : ਸਮਾਂ, ਸੰਸਾਰ।

دشنه ***ਦਸ਼ਨਾ*** : ਕਟਾਰ, ਖੰਜਰ।

دشنهٔ صبح ***ਦਸ਼ਨਾ-ਏ-ਸੁਬਹ਼*** : ਸਵੇਰ ਦੀ ਲੋ, ਪੌਹ-ਫੁਟਾਲਾ।

دشوار ***ਦੁਸ਼ਵਾਰ*** : ਕਠਨ, ਔਖਾ, ਭਾਰਾ, ਸਖ਼ਤ।

دشوار پسند ***ਦੁਸ਼ਵਾਰ-ਪਸੰਦ*** : ਓਹ ਆਦਮੀ ਜੇਹੜਾ ਕਠਨਾਈਆਂ ਨੂੰ ਪਸੰਦ ਕਰੇ।

دشوارخو ***ਦੁਸ਼ਵਾਰ-ਖ਼ੂ*** : ਮੰਦ-ਸੁਭਾ।

دشوار گزار ***ਦੁਸ਼ਵਾਰ ਗੁਜ਼ਾਰ*** : ਜਿੱਥੋਂ ਲੰਘਣਾ ਔਖਾ ਹੋਵੇ।

دشوارگر ***ਦੁਸ਼ਵਾਰਗਰ*** : ਪਹਾੜੀ ਇਲਾਕਾ।

دشواری ***ਦੁਸ਼ਵਾਰੀ*** : ਔਖ, ਸਖ਼ਤੀ।

دشیشک ***ਦਸ਼ੀਸ਼ਕ,*** **دشیشگاه** ***ਦਸ਼ੀਸ਼ਗਾਹ*** : ਰਾਤ।

دعا ***ਦੁਆ*** : ਰੱਬ ਤੋਂ ਮੰਗਣਾ, ਬੁਲਾਉਣਾ, ਪੁਕਾਰਨਾ, ਇੱਛਾ ਹੋਣਾ, ਮੰਗਣਾ, ਪਰਾਰਥਨਾ, ਅਰਦਾਸ।

دعا کردن ***ਦੁਆ ਕਰਦਨ,*** **دعا گفتن** ***ਦੁਆ ਗੁਫ਼ਤਨ*** : ਦੁਆ ਕਰਨਾ, ਪਰਾਰਥਨਾ ਕਰਨਾ; ਵਿਦਾ ਕਰਨਾ, ਵਿਦਾ ਹੋਣਾ।

دعاگر ***ਦੁਆ ਗਰ,*** **دعاگو** ***ਦੁਆ ਗੋ*** : ਦੁਆ ਕਰਨ ਵਾਲਾ, ਪਰਾਰਥਕ।

دعائے باراں ***ਦੁਆ-ਏ-ਬਾਰਾਂ*** : ਮੀਂਹ ਲਈ ਕੀਤੀ ਅਰਦਾਸ।

دعائے ترقی ***ਦੁਆ-ਏ-ਤਰੱਕੀ*** : ਕਿਸੇ ਦੇ ਉਜਲ ਭਵਿੱਖ ਲਈ ਅਰਦਾਸ।

دعائے جوشن ***ਦੁਆ-ਏ-ਜੋਸ਼ਨ*** : ਲੜਾਈ ਵਾਲੇ ਦਿਨ ਆਪਣੀ ਰੱਖਿਆ ਲਈ ਕੀਤੀ ਅਰਦਾਸ।

دعائے خیر ***ਦੁਆ-ਏ-ਖ਼ੈਰ*** : ਨੇਕ ਦੁਆ, ਚੰਗੀ ਦੁਆ; ਨਿਕਾਹ; ਮੌਤ ਵੇਲੇ ਦੀ ਦੁਆ।

دعائے دولت ***ਦੁਆ-ਏ-ਦੌਲਤ*** : ਮਾਲ-ਧਨ ਲਈ ਕੀਤੀ ਅਰਦਾਸ।

دعائے عافیت ***ਦੁਆ-ਏ-ਆਫ਼ੀਯਤ*** : ਕਿਸੇ ਦੀ ਸੇਹਤ, ਸੁੱਖ, ਖ਼ੈਰ ਲਈ ਕੀਤੀ ਗਈ ਅਰਦਾਸ।

دعائے قدح ***ਦੁਆ-ਏ-ਕ਼ਦਹ਼*** : ਮੀਂਹ ਲਈ ਅਰਦਾਸ।

دعوات ***ਦਅ਼ਵਾਤ*** : (ਦਅ਼ਵਤ دعوت ਦਾ ਬੌਹਵਚਨ) ਦੁਆਵਾਂ; ਨਿਮੰਤਰਨ।

دعوت ***ਦਅ਼ਵਤ*** : ਬੁਲਾਉਣਾ, ਸੱਦਣਾ, ਨਿਮੰਤਰਨ; ਦੁਆ, ਅਰਦਾਸ, ਬੇਨਤੀ, ਅਰਜ਼; ਜਸ਼ਨ, ਭੋਜਨ; ਇਸਮਾਈਲੀਆ ਫ਼ਿਰਕਾ।

دعوتِ شیراز ***ਦਅਵਤ-ਏ-ਸ਼ੀਰਾਜ਼*** : ਬੇਤੱਕਲਫ਼ੀ ਦੀ ਦਾਵਤ ਜਿਸ ਨਾਲ ਉਚੇਚ ਨਾ

ਹੋਵੇ, ਜੋ ਕੁਝ ਬਣਿਆ ਪੱਕਿਆ ਹੋਵੇ ਓਹ ਹੀ ਅੱਗੇ ਰੱਖ ਦੇਣ ਦੀ ਦਾਵਤ।

دعویٰ ***ਦਅਵਾ*** : ਰੱਬ ਅੱਗੇ ਪੁਕਾਰ, ਅਰਦਾਸ; ਇੱਛਾ, ਮੰਗ, ਕਨੂੰਨੀ ਚਾਰਾਜੋਈ; ਦੋਸ਼।

دعویٰدار ***ਦਅਵਾਦਾਰ*** : ਦਾਵਾ ਕਰਨ ਵਾਲਾ, ਮੁੱਦਈ, ਕਿਸੇ ਕਲਾ ਜਾਂ ਕਮਾਲ ਦਾ ਦਾਵਾ ਕਰਨ ਵਾਲਾ।

دعواقطع شدن ***ਦਅਵਾ ਕ਼ਤ਼ਅ਼ ਸ਼ੁਦਨ*** : ਦਾਵੇ ਦਾ ਫ਼ੈਸਲਾ ਹੋ ਜਾਣਾ।

دغا ***ਦਗ਼ਾ*** : ਧੋਖਾ, ਠੱਗੀ, ਬਹਾਨਾ, ਝੂਠਾ, ਹਰਾਮ ਦਾ, ਖੋਟਾ (ਸਿੱਕਾ), ਘਾਸ ਫੂਸ, ਕੂੜਾ ਕਰਕਟ।

دغاباز ***ਦਗ਼ਾਬਾਜ਼,*** **دغاپیشه** ***ਦਗ਼ਾ-ਪੇਸ਼ਾ*** : ਠੱਗ, ਫ਼ਰੇਬੀ।

دغابازی ***ਦਗ਼ਾਬਾਜ਼ੀ*** : ਝੂਠ, ਠੱਗੀ, ਫ਼ਰੇਬ, ਧੋਖਾ, ਮੱਕਾਰੀ।

دغدار ***ਦਗ਼ਦਾਰ*** : (ਦਾਗ਼ਦਾਰ **داغدار**) ਦਾਗ਼ੀ, ਦੋਸ਼ੀ, ਕਲੰਕੀ।

دغدغه ***ਦਗ਼ਦਗ਼ਾ*** : ਫ਼ਿਕਰ, ਡਰ, ਭੈ, ਖਟਕਾ, ਚਿੰਤਾ।

دغدغه ***ਦਿਗ਼ਦਿਗ਼ਾ*** : ਗੁਦਗੁਦੀ, ਕੁਤਕੁਤੀ।

دغل ***ਦਗ਼ਲ*** : ਫ਼ਰੇਬ, ਠੱਗੀ, ਮਕਰ, ਫ਼ਸਾਦ, ਲੜਾਈ ਝਗੜਾ; ਖੋਟ, ਮਿਲਾਵਟ, ਐਬ, ਦੋਸ਼, ਖੋਟਾ ਸੋਨਾ ਚਾਂਦੀ, ਮੱਕਾਰ, ਠੱਗ, ਫਰੇਬੀ, ਨਿਕੰਮਾ, ਨਾਕਸ।

دغلباز ***ਦਗ਼ਲ-ਬਾਜ਼*** : ਦੇਖੋ **دغاباز** ਦਗ਼ਾਬਾਜ਼।

دغلخاکدان ***ਦਗ਼ਲ-ਏ-ਖ਼ਾਕਦਾਨ*** : ਸੰਸਾਰ, ਮਨੁੱਖ ਦਾ ਸਰੀਰ।

دغلدار ***ਦਗ਼ਲਦਾਰ,*** **دغلزن** ***ਦਗ਼ਲਜ਼ਨ*** : ਫ਼ਰੇਬੀ, ਠੱਗ।

دغول ***ਦਗ਼ੂਲ*** : ਠੱਗ, ਫ਼ਰੇਬੀ, ਮੱਕਾਰ।

دف ***ਦਫ਼*** : ਪਰਸਿੱਧ ਸਾਜ਼, ਦਫ਼ਲੀ, ਡਫ਼ਲੀ।

دفاف ***ਦਫ਼ਾਫ਼,*** **دفالی** ***ਦਫ਼ਾਲੀ,*** **دفنواز** ***ਦਫ਼-ਨਵਾਜ਼*** : ਡਫਲੀ ਵਜਾਉਣ ਵਾਲਾ, ਸਾਜ਼ ਵਜਾਉਣ ਵਾਲਾ।

دفزدن ***ਦਫ਼ ਜ਼ਦਨ*** : ਭਿੱਖ ਮੰਗਣਾ।

دفساز ***ਦਫ਼-ਸਾਜ਼*** : ਡੂਮ।

دفاتر ***ਦਫ਼ਾਤਿਰ*** : (ਦਫ਼ਤਰ **دفتر** ਦਾ ਬੌਹਵਚਨ) ਕਾਗ਼ਜ਼ਾਂ ਦਾ ਸਮੂਹ; ਹਿਸਾਬ ਕਿਤਾਬ ਦੇ ਰਜਿਸਟਰ; ਪੁਸਤਕ ਦੇ ਕਾਂਡ, ਪੁਸਤਕਾਂ, ਮੈਹਕਮੇ, ਵਿਭਾਗ।

دفاین ***ਦਫ਼ਾਇਨ*** : (ਦਫ਼ੀਨਾ **دفینه** ਦਾ ਬੌਹਵਚਨ) ਖ਼ਜ਼ਾਨੇ, ਜ਼ਮੀਨ ਵਿਚ ਦੱਬੇ ਹੋਏ ਖ਼ਜ਼ਾਨੇ।

دفتر ***ਦਫ਼ਤਰ*** : ਹਿਸਾਬ ਕਿਤਾਬ ਦੀ ਵਹੀ, ਰਜਿਸਟਰ, ਸੂਚੀ-ਪੱਤਰ; ਰਿਸਾਲਾ, ਪੱਤਰ, ਹਿਸਾਬ ਕਿਤਾਬ ਦੇ ਕਾਗ਼ਜ਼; ਹਿਸਾਬ ਕਿਤਾਬ ਦੇ ਕਾਗ਼ਜ਼ਾਂ ਦਾ ਸਥਾਨ, ਵਿਭਾਗ, ਕਚੈਹਰੀ।

دفتراعمال ***ਦਫ਼ਤਰ-ਏ-ਆਅ਼ਮਾਲ*** : ਜੀਵਨ-ਪੁਸਤਕ।

دفتربند ***ਦਫ਼ਤਰ-ਬੰਦ*** : ਮੁਨਸ਼ੀ, ਜਿਲਦਸਾਜ਼।

دفترچه ***ਦਫ਼ਤਰਚਾ*** : ਛੋਟਾ ਦਫ਼ਤਰ।

دفترخانه ***ਦਫ਼ਤਰ-ਖ਼ਾਨਾ*** : ਓਹ ਸਥਾਨ ਜਿੱਥੇ ਕਾਗਜ਼ ਪੱਤਰ ਰੱਖੇ ਜਾਣ, ਰੀਕਾਰਡ-ਘਰ।

دفترخرچ ***ਦਫ਼ਤਰ ਖ਼ਰਚ*** : ਦਫ਼ਤਰ ਦੀ ਫ਼ੀਸ।

دفترفگار ***ਦਫ਼ਤਰ ਫ਼ਿਗਾਰ,*** **دفترنویس** ***ਦਫ਼ਤਰ ਨਵੀਸ,*** **دفتری** ***ਦਫ਼ਤਰੀ*** : ਮੁਨਸ਼ੀ।

دفتی ***ਦਫ਼ਤੀ*** : ਕਿਤਾਬ ਦੀ ਜਿਲਦ ਦੇ ਦੋਵੇਂ ਗੱਤੇ, ਕਿਤਾਬ ਦੇ ਪੱਨੇ।

دفتین ***ਦਫ਼ਤੀਨ*** : ਜੁਲਾਹੇ ਦਾ ਕੁੱਚ।

دفزک ***ਦਫ਼ਜ਼ਕ*** : ਮੋਟਾ, ਸੰਘਣਾ, ਗਾੜ੍ਹਾ, ਵੱਡੇ ਅਕਾਰ ਦਾ।

دفع ***ਦਫ਼ਅ਼*** : ਦੂਰ ਕਰਨਾ, ਪਰ੍ਹਾਂ ਕਰਨਾ, ਹਟਾਉਣਾ, ਰੱਦ ਕਰਨਾ।

دفعِ شر ***ਦਫ਼ਅ਼-ਏ-ਸ਼ਰ*** : ਬਦੀ ਨੂੰ ਦੂਰ ਕਰਨਾ।

دفعات ***ਦਫ਼ਆ਼ਤ*** : (ਦਫ਼ਆ **دفعه** ਦਾ

ਬੌਹਵਚਨ) ਕਈ ਵਾਰ, ਮੱਦਾਂ (ਕਨੂੰਨ ਦੀਆਂ)।

دفعتہ" ***ਦਫਅਤਨ*** : ਇਕੋ ਵਾਰ, ਝੱਟ ਹੀ, ਅਚਾਨਕ, ਅਚਿੰਤੇ।

دفعہ ***ਦਫਆ*** : ਇਕ ਵਾਰ, ਕਨੂੰਨ ਦੀ ਮੱਦ।

دفعہ بدفعہ ***ਦਫਆ-ਬ-ਦਫਆ*** : ਸਮੇਂ ਸਮੇਂ, ਵਾਰ-ਵਾਰ, ਕਈ ਵਾਰ।

دفن ***ਦਫਨ*** : ਕਿਸੇ ਚੀਜ਼ ਨੂੰ ਧਰਤੀ ਵਿਚ ਦੱਬਣਾ।

دفنوک ***ਦਫਨੂਕ*** : ਜ਼ੀਨ-ਪੋਸ਼।

دفنی ***ਦਫਨੀ*** : ਇਕ ਪਰਕਾਰ ਦਾ ਫਾਂਟਾਂਦਾਰ ਕੱਪੜਾ, ਡੋਰੀਆ।

دفوف ***ਦਫੂਫ*** : (ਦਫ **دف** ਦਾ ਬੌਹਵਚਨ) ਡਫਲੀਆਂ।

دفین/دفینہ ***ਦਫੀਨ/ਦਫੀਨਾ*** : ਦੱਬਿਆ ਹੋਇਆ ਧਨ-ਮਾਲ, ਲੁਕਿਆ ਖ਼ਜ਼ਾਨਾ।

دق ***ਦੱਕ਼*** : (ਫ਼ਾਰਸੀ ਦਾ ਸ਼ਬਦ 'ਦਕ' **دک** ਦਾ ਅਰਬੀ ਰੂਪਾਂਤਰ) ਭਿਖਿਆ ਮੰਗਣਾ, ਓਹ ਪਸ਼ਮੀਨਾ ਜਿਸ ਦੀ ਰੂੰ ਡਿਗ ਪਈ ਹੋਵੇ; ਫ਼ਕੀਰੀ ਲਿਬਾਸ, ਵਾਲ-ਰੈਹਤ ਸਿਰ, ਲੋਕਾਂ ਦੀਆਂ ਗੱਲਾਂ 'ਤੇ ਕਿੰਤੂ ਕਰਨਾ; ਇਕ ਕੀਮਤੀ ਕੱਪੜਾ।

دق ***ਦਿੱਕ਼*** : ਬਰੀਕ, ਥੋੜੀ ਚੀਜ਼, ਟੋਟਾ; ਤਾਪ ਦੀ ਇਕ ਕਿਸਮ ਜਿਸ ਨਾਲ ਆਦਮੀ ਕਮਜ਼ੋਰ ਹੋ ਜਾਂਦਾ ਹੈ।

دقہ ***ਦਿੱਕ਼ਾ*** : ਬਰੀਕੀ।

دقاق ***ਦੱਕ਼ਾਕ਼*** : ਆਟਾ ਪੀਹਣ ਤੇ ਵੇਚਣ ਵਾਲਾ, ਸ਼ੈਖ਼ ਅਬੂਅਲੀ ਵਲੀ ਦੀ ਉਪਾਧੀ ਕਿਉਂਕਿ ਏਹ ਆਟਾ ਵੇਚਦੇ ਸਨ, ਕੁੱਟਣ ਵਾਲਾ, ਧੋਬੀ, ਸੂਖਮ ਗੱਲ ਕੈਹਣ ਵਾਲਾ।

دقایق ***ਦਕ਼ਾਇਕ਼*** : (ਦਕ਼ੀਕ਼ਾ **دقیقہ** ਦਾ ਬੌਹਵਚਨ) ਬਰੀਕ ਚੀਜ਼ਾਂ, ਬਰੀਕੀਆਂ, ਨੁਕਤੇ।

دقت ***ਦਿੱਕ਼ਤ*** : ਬਰੀਕ ਹੋਣਾ, ਬਰੀਕੀ।

دقت پسند ***ਦਿੱਕ਼ਤ-ਪਸੰਦ*** : ਮੁਸ਼ਕਲ ਪਸੰਦ, ਜਿਸ ਨੂੰ ਕਠਨ ਕੰਮ ਪਸੰਦ ਹੋਣ।

دقدقہ ***ਦਕ਼ਦਕ਼ਾ*** : ਸ਼ੋਰ ਸ਼ਰਾਬਾ, ਰੌਲਾ ਗੌਲਾ, ਜਾਨਵਰਾਂ ਦੇ ਸੁੰਮਾਂ ਦੀ ਅਵਾਜ਼।

دقولق ***ਦੱਕ਼-ਉ-ਲਕ਼*** : (ਫ਼ਾਰਸੀ ਦੱਕ-ਉ-ਲਕ **دکولک** ਦਾ ਅਰਬੀ ਰੂਪਾਂਤਰ) ਜੰਗਲ ਜਿਸ ਵਿਚ ਘਾਹ ਰੁੱਖ ਆਦਿ ਨਾ ਹੋਣ, ਸੁੰਨਸਾਨ ਮੈਦਾਨ, ਗੰਜਾ ਆਦਮੀ।

دقیانوس ***ਦਕ਼ਯਾਨੂਸ*** : ਪਰਾਚੀਨ ਸਮੇਂ ਦੇ ਇਕ ਜ਼ਾਲਮ ਬਾਦਸ਼ਾਹ ਦਾ ਨਾਮ ਜਿਸ ਤੋਂ ਡਰਦੇ ਅਸਹਾਬ-ਏ-ਕਹਫ਼ ਪਾਮੀਰ ਜੰਗਲ ਦੀ ਇਕ ਖੁੰਦਰ ਵਿਚ ਜਾ ਲੁਕੇ ਸਨ।

دقیانوسی ***ਦਕ਼ਯਾਨੂਸੀ*** : ਬੜੀ ਪੁਰਾਣੀ ਗੱਲ।

دقیانوسی خیالات ***ਦਕ਼ਯਾਨੂਸੀ ਖਯਾਲਾਤ*** : ਬੌਹਤ ਪੁਰਾਣੇ ਵਿਚਾਰ।

دقیق ***ਦਕ਼ੀਕ਼*** : ਬਰੀਕ, ਕੋਮਲ; ਕਠਨ।

دقیقہ ***ਦਕੀਕਾ*** : ਬਰੀਕ ਚੀਜ਼, ਮਮੂਲੀ ਗੱਲ, ਬਰੀਕੀ, ਨੁਕਤਾ; ਦਰਜੇ ਦਾ ਸੱਠਵਾਂ ਹਿੱਸਾ, ਘੰਟੇ ਦਾ ਸੱਠਵਾਂ ਹਿਸਾ ਭਾਵ ਇੱਕ ਮਿੰਟ।

دقیقہ رس ***ਦਕ਼ੀਕ਼ਾਰਸ,*** **دقیقہ شناس** ***ਦਕ਼ੀਕ਼ਾ ਸ਼ਨਾਸ,*** **دقیقہ یاب** ***ਦਕ਼ੀਕ਼ਾ-ਯਾਬ*** : ਦਿਬ ਦ੍ਰਿਸ਼ਟੀ ਵਾਲਾ, ਸਿਆਣਾ।

دقیقی ***ਦਕ਼ੀਕ਼ੀ*** : ਫ਼ਾਰਸੀ ਦੇ ਇਕ ਪਰਸਿੱਧ ਕਵੀ ਦਾ ਨਾਮ, ਜਿਸ ਨੇ ਫ਼ਿਰਦੌਸੀ ਤੋਂ ਪੈਹਲਾਂ ਸ਼ਾਹਨਾਮਾ ਦੇ ਹਜ਼ਾਰ ਸ਼ੇਅਰ ਲਿੱਖੇ ਸਨ ਅਤੇ ਆਪਣੇ ਗੁਲਾਮ ਦੇ ਹੱਥੋਂ ਮਾਰਿਆ ਗਿਆ ਸੀ।

دک ***ਦਕ*** : ਰੱਬ ਦਾ ਭਾਣਾ, ਭਾਗ, ਨਸੀਬ, ਤਕਦੀਰ, ਮੰਗਤਾ, ਫ਼ਕੀਰੀ, ਪੱਕਾ, ਸਦਮਾ, ਸੱਟ, ਗੰਜਾ ਸਿਰ; ਸਬਜ਼ੀ-ਰੈਹਤ ਜੰਗਲ, ਸੁੱਕਾ ਦਰਖ਼ਤ, ਸਖ਼ਤ ਧਰਤੀ ਜੇਹੜੀ ਪੁੱਟੀ ਨਾ ਜਾਵੇ, ਨੀਂਹ, ਮੂੰਹ।

دکاکین ***ਦਕਾਕੀਨ*** : (ਦੁਕਾਨ/ਦੁੱਕਾਨ **دکان/دکان** ਦਾ ਬੌਹਵਚਨ) ਦੁਕਾਨਾਂ, ਹੱਟੀਆਂ।

دکان ***ਦੁੱਕਾਨ,*** **دکان** ***ਦੁਕਾਨ*** : ਸੌਦਾ ਵੇਚਣ ਦੀ ਥਾਂ, ਹੱਟੀ, ਕਾਰਖ਼ਾਨਾ।

دکان آرایی ***ਦੁਕਾਨ-ਆਰਾਈ*** : ਘਟੀਆ ਚੀਜ਼ ਨੂੰ ਮੈਂਹਗੇ ਭਾ ਵੇਚਣਾ।

دکان بالاگرفتن ***ਦੁਕਾਨ ਬਾਲਾ ਗਿਰਿਫ਼ਤਨ,*** **دکان گرم ساختن**

. *ਦਕਾਨ ਗਰਮ ਸਾਖ਼ਤਨ* : ਰੌਣਕ ਲਾਉਣਾ।

دکانچه *ਦੂਕਾਨਚਾ* : ਛੋਟੀ ਹੱਟੀ।

دکاندار *ਦੂਕਾਨਦਾਰ* : ਦੂਕਾਨ ਵਾਲਾ।

دکانداری *ਦੂਕਾਨਦਾਰੀ* : ਦੂਕਾਨ ਚਲਾਉਣਾ, ਸੌਦਾ ਵੇਚਣ ਦਾ ਪੇਸ਼ਾ, ਪਰਸ਼ੰਸਾ ਕਰਨਾ।

دکچی *ਦੂਕਚੀ* : ਸੂਤਰ ਦੀ ਅੱਟੀ।

دکل *ਦਕਲ* : ਮੋਟੇ ਮੋਟੇ ਹੱਥਾਂ ਪੈਰਾਂ ਵਾਲਾਂ, ਬੇਡੌਲ ਤੇ ਖੋਦਾ।

دکلان *ਦੂਕਲਾਨ* : ਪਸ਼ਮ ਤੇ ਰੇਸ਼ਮ ਕੱਤਣ ਦਾ ਸੰਦ।

دکله *ਦਕਲਾ* : ਇਕ ਪਰਕਾਰ ਦਾ ਕੱਪੜਾ।

دکن *ਦਕਨ* : ਪਹਾੜ ਦੀ ਟੀਸੀ, ਹਿੰਦੂਸਤਾਨ ਦੇ ਦੱਖਣੀ ਇਲਾਕੇ ਦਾ ਨਾਮ।

دکودیم *ਦੱਕ-ਉ-ਦੀਮ* : ਸਿਰ ਤੇ ਮੂੰਹ।

دکولک *ਦੱਕ-ਉ-ਲਕ* : ਵੇਖੋ دقولق ਦੱਕ਼-ਉ-ਲਕ਼।

دگانه *ਦੂਗਾਨਾ* : (ਦੋਗਾਨਾ دوگانه ਦਾ ਸੰਖਿਪਤ ਰੂਪ) ਦੋ ਰਿਕਅਤਾਂ ਦੀ ਨਮਾਜ਼, ਸ਼ੁਕਰਾਨੇ ਦੀ ਨਮਾਜ਼, ਦੋਹਰੀ ਚੀਜ਼।

دگر *ਦਿਗਰ* : (ਦੀਗਰ دیگر ਦਾ ਸੰਖਿਪਤ ਰੂਪ) ਦੂਜਾ, ਹੋਰ, ਹੋਰ ਚੀਜ਼ ਜਾਂ ਵਿਅਕਤੀ।

دگربار *ਦਿਗਰਬਾਰ* : ਕਿਸੇ ਹੋਰ ਸਮੇਂ, ਦੂਜੀ ਵਾਰ।

دگرروز *ਦਿਗਰ ਰੋਜ਼* : ਕਲ੍ਹ (ਜੋ ਬੀਤ ਚੁੱਕਾ ਹੈ)।

دگرگون(گونه) *ਦਿਗਰ ਗੂਨ (ਗੂਨਾ)* : ਹੋਰ ਤਰ੍ਹਾਂ, ਉਲਟ-ਪੁਲਟ, ਉਲਟਾ।

دگرنماز *ਦਿਗਰ ਨਮਾਜ਼* : ਸ਼ਾਮ ਦੀ ਨਮਾਜ਼।

دگله *ਦਗਲਾ* : ਫ਼ੌਜੀ ਸਿਪਾਹੀਆਂ ਦਾ ਇਕ ਕੋਟ ਜਾਂ ਚੋਗ਼ਾ।

دگمه *ਦੂਗਮਾ* : ਤਕਮਾ, ਬਟਨ ਦਾ ਚਾਕ।

دل *ਦਿਲ* : ਖੱਬੀ ਛਾਤੀ ਤੋਂ ਦੋ ਉਂਗਲ ਹੇਠ ਪਾਨ ਦੀ ਸ਼ਕਲ ਦੇ ਮਾਸ ਦਾ ਲੋਥੜਾ, ਜਿਸ ਉਤੇ ਜ਼ਿੰਦਗੀ ਦਾ ਅਧਾਰ ਹੈ, ਮਨ, ਜ਼ਮੀਰ, ਇਰਾਦਾ, ਭਾਵ, ਵਿਚਕਾਰ, ਹੌਸਲਾ, ਹਿੰਮਤ, ਸੂਰਮਤਾਈ, ਇੱਛਾ, ਰੁਚੀ, ਧਿਆਨ, ਗੌਹ; ਅੰਦਰਲਾ।

دلآرای *ਦਿਲ-ਆਰਾਯ* : ਦਿਲ ਨੂੰ ਸਜਾਉਣ ਵਾਲਾ, ਪਿਆਰਾ, ਮਸ਼ੂਕ।

دلآرام *ਦਿਲ-ਆਰਾਮ* : ਦਿਲ ਨੂੰ ਸੁੱਖ ਦੇਣ ਵਾਲਾ, ਮੈਹਬੂਬ, ਮਸ਼ੂਕ।

دلآزار *ਦਿਲ-ਆਜ਼ਾਰ* : ਦਿਲ ਨੂੰ ਦੁੱਖ ਦੇਣ ਵਾਲਾ, ਰੰਜ, ਗ਼ਮ।

دلآزاری *ਦਿਲ-ਆਜ਼ਾਰੀ* : ਦਿਲ ਨੂੰ ਦੁੱਖ ਦੇਣਾ, ਜ਼ੁਲਮ।

دلآزرده *ਦਿਲ-ਆਜ਼ੁਰਦਾ* : ਦੁਖੀ।

دلآسمان *ਦਿਲ-ਏ-ਆਸਮਾਨ* : ਅੱਧ ਅਸਮਾਨੇ; ਧਰਤੀ; ਸਤਾਰਾ।

دلآشوب *ਦਿਲ-ਆਸ਼ੋਬ* : ਮਸ਼ੂਕ, ਮੈਹਬੂਬ, ਇਕ ਉਚਾ ਲੰਮਾ ਦਰਖ਼ਤ ਜੋ ਨੈਹਰਾਂ ਦੇ ਕੰਢੇ ਉੱਗਦਾ ਹੈ।

دلآگاه *ਦਿਲ-ਆਗਾਹ* : ਚੇਤੰਨ, ਸਾਵਧਾਨ, ਜਾਗਰੂਕ, ਸਿਆਣਾ।

دلآویز *ਦਿਲ-ਆਵੇਜ਼* : ਸੋਹਣਾ, ਦਿਲਚਸਪ, ਦਿਲ ਲੁਭਾਉਣ ਵਾਲਾ।

دلآویزی *ਦਿਲ-ਆਵੇਜ਼ੀ* : ਖ਼ੂਬਸੂਰਤੀ, ਸੁੰਦਰਤਾ।

دلازدستدادن *ਦਿਲ ਅਜ਼ ਦਸਤ ਦਾਦਨ* : ਮੋਹਤ ਹੋਣਾ, ਆਸ਼ਕ ਹੋਣਾ।

دلازکفداده *ਦਿਲ ਅਜ਼ ਕਫ਼ ਦਾਦਾ* : ਆਸ਼ਕ, ਪਰੇਮੀ।

دلافتادن *ਦਿਲ ਉਫ਼ਤਾਦਨ* : ਆਸ਼ਕ ਹੋਣਾ।

دلافتاده *ਦਿਲ-ਉਫ਼ਤਾਦਾ* : ਆਸ਼ਕ, ਪਰੇਮੀ।

دلافگار *ਦਿਲ-ਅਫ਼ਗਾਰ* : ਦੁਖੀ, ਸਤਿਆ ਹੋਇਆ, ਆਸ਼ਕ।

دلباخته *ਦਿਲਬਾਖਤਾ* : ਆਸ਼ਕ, ਜਿਸ ਨੇ ਦਿਲ ਹਾਰ ਦਿੱਤਾ ਹੋਵੇ।

دلبازی *ਦਿਲਬਾਜ਼ੀ* : ਕਾਹਲ, ਬਿਨਾ ਸੋਚੇ ਖਤਰੇ ਵਿਚ ਪੈਣਾ।

دلبر *ਦਿਲਬਰ* : ਦਿਲ ਲੈ ਜਾਣ ਵਾਲਾ,

ਮਸ਼ੂਕ।

دلبرداشتہ ***ਦਿਲਬਰਦਾਸ਼ਤਾ*** : ਉਚਾਟ-ਦਿਲ, ਨਿਰਾਸ, ਟੁੱਟੇ ਹੋਏ ਦਿਲ ਵਾਲਾ।

دلبری ***ਦਿਲਬਰੀ*** : ਮਸ਼ੂਕਪਣ, ਦਿਲ ਦਾ ਲੱਗਣਾ।

دلبستگی ***ਦਿਲਬਸਤਗੀ*** : ਦਿਲ ਦਾ ਸਬੰਧ, ਦਿਲ ਲੱਗਿਆ ਹੋਇਆ।

دلبستہ ***ਦਿਲਬਸਤਾ*** : ਆਸ਼ਕ।

دلبند ***ਦਿਲਬੰਦ*** : ਦਿਲ ਦਾ ਟੁਕੜਾ, ਬੇਟਾ, ਪੁੱਤਰ, ਪਿਆਰਾ।

دلپذیر ***ਦਿਲ-ਪਜ਼ੀਰ*** : ਦਿਲਕਸ਼।

دلپسند ***ਦਿਲ-ਪਸੰਦ*** : ਮਨ ਨੂੰ ਖਿੱਚਣ ਵਾਲਾ, ਮਨ-ਭਾਵਨਾ।

دلپیشہ ***ਦਿਲ-ਪੇਸ਼ਾ*** : ਚੁੱਪ, ਖ਼ਮੋਸ਼।

دلتنگ ***ਦਿਲਤੰਗ*** : ਸ਼ੋਕਮਈ; ਨਰਾਜ਼; ਕੰਜੂਸ।

دلجمع ***ਦਿਲਜਮਅ਼*** : ਨਿਸ਼ਚਿੰਤ।

دلجمعی ***ਦਿਲਜਮਈ*** : ਤਸੱਲੀ, ਨਿਸ਼ਾ।

دلجوئ ***ਦਿਲ ਜੂਯ*** : ਤਸੱਲੀ ਦੇਣ ਵਾਲਾ, ਦੁੱਖ ਵੰਡਣ ਵਾਲਾ, ਮਿੱਤਰ।

دلجوئی ***ਦਿਲਜੂਈ*** : ਤਸੱਲੀ, ਦਿਲਦਾਰੀ।

دلچسپ ***ਦਿਲਚਸਪ*** : ਦਿਲ ਵਿਚ ਖੁਭ ਜਾਣ ਵਾਲਾ, ਆਕਰਸ਼ਕ।

دلِخاک ***ਦਿਲ-ਏ-ਖ਼ਾਕ*** : ਜ਼ਮੀਨ ਦਾ ਕੇਂਦਰ, ਧਰਤੀ ਦੀ ਧੁੰਨੀ; ਕਬਰ, ਬੈਲ ਜਾਂ ਮੱਛੀ ਜਿਸ ਦੀ ਪਿੱਠ ਤੇ ਧਰਤੀ ਖਲੋਤੀ ਹੋਈ ਹੈ; ਵਲੀ 'ਤੇ ਨਬੀ।

دلخراش ***ਦਿਲਖ਼ਰਾਸ਼*** : ਦਿਲ ਨੂੰ ਛਿੱਲਣ ਵਾਲਾ, ਦੁੱਖਦਾਈ, ਹਿਰਦਵੇਧਕ।

دلخستہ ***ਦਿਲਖ਼ਸਤਾ*** : ਟੁੱਟੇ ਹੋਏ ਦਿਲ ਵਾਲਾ, ਦੁਖੀ।

دلخواستہ ***ਦਲਾਖ਼੍ਵਾਸਤਾ,***

دلخواہ ***ਦਿਲਖ਼੍ਵਾਹ*** : ਮਨ-ਪਸੰਦ, ਮਨ-ਭਾਉਣਾ।

دلخوش ***ਦਿਲਖ਼ੁਸ਼*** : ਖ਼ੁਸ਼ ਰੈਹਣ ਵਾਲਾ, ਸੰਤੋਖੀ, ਸਿਦਕੀ।

دلخوشی ***ਦਿਲਖ਼ੁਸ਼ੀ*** : ਪਰਸੰਨਤਾ, ਅਨੰਦ।

دلخون ***ਦਿਲਖ਼ੂਨ*** : ਚਾਹੁਣ ਵਾਲਾ, ਵਿਜੋਗੀ।

دلدادن ***ਦਿਲਦਾਦਨ*** : ਦਿਲ ਦੇ ਬੈਠਣਾ, ਆਸ਼ਕ ਹੋਣਾ, ਦਿਲ ਨੂੰ ਤਕੜਾ ਕਰਨਾ, ਵਿਦਾ ਹੋਣਾ ਜਾਂ ਕਰਨਾ।

دلدادہ ***ਦਿਲਦਾਦਾ*** : ਆਸ਼ਕ, ਪਰੇਮੀ।

دلدار ***ਦਿਲਦਾਰ*** : ਪਿਆਰਾ, ਮਸ਼ੂਕ, ਦੁੱਖ ਵਿਚ ਸ਼ਰੀਕ।

دلداری ***ਦਿਲਦਾਰੀ*** : ਦਿਲਾਸਾ, ਤਸੱਲੀ।

دلدوز ***ਦਿਲਦੋਜ਼*** : ਦਿਲ ਨੂੰ ਫੱਟੜ ਕਰਨ ਵਾਲਾ, ਦਿਲ ਵਿਚ ਖੁਭ ਜਾਣ ਵਾਲਾ।

دلدہی ***ਦਿਲ ਦਿਹੀ*** : ਤਸੱਲੀ, ਆਸ਼ਕ ਹੋਣਾ, ਦਿਲ ਦੇ ਬੈਠਣਾ।

دلربا ***ਦਿਲਰੁਬਾ*** : ਮਸ਼ੂਕ, ਪਿਆਰਾ, ਦਿਲ ਲੈ ਜਾਣ ਵਾਲਾ।

دلربائی ***ਦਿਲਰੁਬਾਈ*** : ਮਸ਼ੂਕਪਣ, ਪਿਆਰ।

دلرفتہ ***ਦਿਲਰਫ਼ਤਾ*** : ਕਮਜ਼ੋਰ ਦਿਲ ਵਾਲਾ, ਨਰਮ ਦਿਲ, ਆਸ਼ਕ।

دلروز ***ਦਿਲਰੋਜ਼*** : ਸੂਰਜ, ਦੁਪੈਹਰ।

دلریش ***ਦਿਲਰੇਸ਼*** : ਜਿਸ ਦਾ ਦਿਲ ਜ਼ਖ਼ਮੀ ਹੋ ਗਿਆ ਹੋਵੇ, ਆਸ਼ਕ।

دلزمین ***ਦਿਲਜ਼ਮੀਨ*** : ਕਬਰ, ਗੋਰ।

دلزندہ ***ਦਿਲਜ਼ਿੰਦਾ*** : ਦਿਲ ਵਾਲਾ, ਜਾਗਰੂਕ, ਸਿਆਣਾ।

دلسادہ ***ਦਿਲਸਾਦਾ*** : ਸਾਦਾ ਦਿਲ, ਸਾਫ਼ ਦਿਲ ਵਾਲਾ, ਘਿਰਨਾ ਜਾਂ ਈਰਖਾ ਤੋਂ ਰੈਹਤ।

دلساز ***ਦਿਲਸਾਜ਼*** : ਮਨ-ਭਾਉਣਾ।

دلستان ***ਦਿਲ-ਸਿਤਾਨ*** : ਦਿਲ ਲੈਣ ਵਾਲਾ, ਮਸ਼ੂਕ, ਪਿਆਰਾ।

دلسرد ***ਦਿਲਸਰਦ*** : ਬੁਝੇ ਹੋਏ ਦਿਲ ਵਾਲਾ, ਦੁਖੀ, ਨਰਾਜ਼।

دلسوختہ ***ਦਿਲ-ਸੋਖ਼ਤਾ*** : ਦਿਲਜਲਾ, ਪਰੇਸ਼ਾਨ ਦਿਲ ਵਾਲਾ, ਆਸ਼ਕ, ਦੁਖੀ।

دلسوز ***ਦਿਲਸੋਜ਼*** : ਹਮਦਰਦ, ਗ਼ਮ ਵਿਚ ਸ਼ਰੀਕ, ਸ਼ੁਭ ਇੱਛਕ, ਮਿੱਤਰ, ਪਿਆਰਾ; ਦਰਦ-ਭਰਿਆ, ਦਿਲ ਨੂੰ ਪਿਘਲਾ ਦੇਣ ਵਾਲਾ।

دلسوزی ***ਦਿਲਸੋਜ਼ੀ*** : ਹਮਦਰਦੀ, ਤਰਸ।

دلشاد ***ਦਿਲਸ਼ਾਦ*** : ਖ਼ੁਸ਼, ਮਗਨ, ਮਸਤ, ਸੰਤੋਖੀ, ਸਿਦਕੀ; ਖ਼ੁਸ਼ੀ।

دلشدہ ***ਦਿਲਸ਼ੁਦਾ***: ਆਸ਼ਕ, ਪਰੇਮੀ।

دلشکستہ ***ਦਿਲ ਸ਼ਿਕਸਤਾ*** : ਟੁੱਟੇ ਹੋਏ ਦਿਲ ਵਾਲਾ, ਸੋਗੀ, ਆਸ਼ਕ।

دلشکن ***ਦਿਲਸ਼ਿਕਨ*** : ਦਿਲ ਤੋੜਨ ਵਾਲਾ, ਨਰਾਜ਼ ਤੇ ਦੁਖੀ ਕਰਨ ਵਾਲਾ।

دلشکنی ***ਦਿਲਸ਼ਿਕਨੀ*** : ਦਿਲ ਤੋੜਨਾ, ਨਰਾਜ਼ ਤੇ ਦੁਖੀ ਕਰਨਾ।

دلشگفتہ ***ਦਿਲਸ਼ਿਗੁਫ਼ਤਾ*** : ਦਿਲਖ਼ੁਸ਼, ਖ਼ੁਸ਼।

دلشیری ***ਦਿਲਸ਼ੀਰੀਂ*** : ਖਿੜੇ ਹੋਏ ਦਿਲ ਵਾਲਾ।

دلفروز ***ਦਿਲ-ਫ਼ਰੋਜ਼*** : ਦਿਲ ਨੂੰ ਰੋਸ਼ਨ ਕਰਨ ਵਾਲਾ, ਪਰਸੰਨ ਕਰਨ ਵਾਲਾ, ਉਤਸ਼ਾਹ-ਜਨਕ।

دلفرُوگیر ***ਦਿਲ-ਫ਼ਿਰੋਗੀਰ*** : ਦਿਲ ਲੱਗਣ ਦੀ ਥਾਂ।

دلفریب ***ਦਿਲ-ਫ਼ਰੇਬ*** : ਦਿਲ ਨੂੰ ਮੋਹ ਲੈਣ ਵਾਲਾ, ਮਨ-ਮੋਹਣਾ, ਮਸ਼ੂਕ, ਪਿਆਰਾ।

دلفگار ***ਦਿਲ-ਫ਼ਿਗਾਰ*** : ਫੱਟੜ ਦਿਲ ਵਾਲਾ, ਦੁਖੀ, ਚਿੰਤਾਤੁਰ, ਆਸ਼ਕ, ਪਰੇਮੀ।

دلکش ***ਦਿਲਕਸ਼*** : ਦਿਲ ਨੂੰ ਖਿੱਚਣ ਵਾਲਾ, ਮਨਭਾਉਣਾ, ਆਕਰਸ਼ਕ, ਮੈਹਬੂਬ।

دلکشا ***ਦਿਲਕੁਸ਼ਾ*** : ਦਿਲ ਨੂੰ ਖੋਲ੍ਹਣ ਵਾਲਾ, ਦਿਲ ਨੂੰ ਅਨੰਦ ਦੇਣ ਵਾਲਾ, ਮਸ਼ੂਕ, ਪਿਆਰਾ।

دلکور ***ਦਿਲਕੋਰ*** : ਕਾਲੇ ਦਿਲ ਵਾਲਾ, ਮਾੜੇ ਹਿਰਦੇ ਵਾਲਾ।

دلگداز ***ਦਿਲਗੁਦਾਜ਼*** : ਦਿਲ ਨੂੰ ਨਰਮ ਕਰ ਦੇਣ ਵਾਲਾ, ਪਰਭਾਵਸ਼ਾਲੀ।

دلگراں ***ਦਿਲਗਿਰਾਂ*** : ਦੁਖੀ, ਨਰਾਜ਼।

دلگرانی ***ਦਿਲਗਿਰਾਨੀ*** : ਨਰਾਜ਼ਗੀ।

دلگرفتہ ***ਦਿਲ ਗਿਰਿਫ਼ਤਾ*** : ਚਿੰਤਾਤੁਰ, ਆਸ਼ਕ।

دلگرم ***ਦਿਲਗਰਮ*** : ਨਿੱਘੇ ਦਿਲ ਵਾਲਾ; ਸੂਰਮਾ।

دلگرمی ***ਦਿਲਗਰਮੀ*** : ਦੋਸਤੀ, ਮਿੱਤਰਤਾ, ਨਿੱਘ, ਮਦਦ।

دلگیر ***ਦਿਲਗੀਰ*** : ਨਰਾਜ਼, ਨਾ-ਖ਼ੁਸ਼।

دلگیری ***ਦਿਲਗੀਰੀ*** : ਨਿਰਾਸਤਾ, ਗੁੱਸਾ, ਨਰਾਜ਼ਗੀ, ਦੁਖ, ਸ਼ੋਕ।

دلمردگی ***ਦਿਲ ਮੁਰਦਗੀ*** : ਮੁਰਦਾ ਦਿਲੀ।

دلمردہ ***ਦਿਲਮੁਰਦਾ*** : ਮੁਰਦਾ-ਦਿਲ; ਮੂਰਖ, ਮੂੜ੍ਹ, ਬੁਝੇ ਹੋਏ ਦਿਲ ਵਾਲਾ।

دلنشین ***ਦਿਲਨਿਸ਼ੀਨ*** : ਮਨ-ਪਸੰਦ, ਰੋਚਕ, ਦਿਲ 'ਚ ਧਸ ਜਾਣ ਵਾਲਾ।

دلنواز ***ਦਿਲਨਵਾਜ਼*** : ਮੇਹਰਬਾਨ, ਮਿੱਤਰ, ਪਿਆਰਾ, ਮਸ਼ੂਕ।

دلور ***ਦਿਲਵਰ*** : ਬਹਾਦਰ, ਦਲੇਰ, ਦਿਲ ਵਾਲਾ।

دلی ***ਦਿਲੀ*** : ਦਿਲ ਨਾਲ ਸਬੰਧਤ; ਸੱਚਾ, ਪਿਆਰਾ, ਜਿਗਰੀ।

دلاب ***ਦੂਲਾਬ*** : ਕੰਧ ਵਿਚ ਗੱਡੀ ਹੋਈ ਸੰਦੂਕੜੀ।

دلاد ***ਦਿਲਾਦ*** : ਦਮਾਦ, ਜਵਾਈ।

دلاک ***ਦੱਲਾਕ*** : ਹਮਾਮ ਵਿਚ ਪਿੰਡਾ ਮਲਣ ਵਾਲਾ, ਮਾਲਸ਼ੀਆ, ਨਾਈ।

دلال ***ਦੱਲਾਲ*** : ਪੰਜਾਬੀ ਵਿਚ ਪਰਚਲਤ ਰੂਪ ''ਦਲਾਲ'' ਹੈ, ਪਥ-ਪਰਦਰਸ਼ਕ, ਸੌਦਾ ਦਿਵਾਉਣ ਵਾਲਾ, ਵਿਚੋਲਾ।

دلالہ ***ਦੱਲਾਲਾ*** : ਰਾਹ ਵਿਖਾਉਣ ਵਾਲੀ; ਵਿਚੋਲਣ, ਫਫੇ ਕੁੱਟਣੀ।

دلالت ***ਦਲਾਲਤ*** : ਰਾਹ ਵਿਖਾਉਣਾ, ਪਥ-ਪਰਦਰਸ਼ਕ, ਦਲਾਲੀ ਕਰਨੀ, ਨਿਸ਼ਾਨੀ,

ਥੌਹ-ਪਤਾ, ਸਬੂਤ, ਦਬਦਬਾ।

دلام ***ਦਿਲਾਮ*** : ਛੋਟਾ ਨੇਜ਼ਾ।

دلاور ***ਦਿਲਾਵਰ*** : ਦਲੇਰ, ਸੂਰਮਾ, ਦਿਲ ਵਾਲਾ।

دلاوری ***ਦਿਲਾਵਰੀ*** : ਬਹਾਦਰੀ, ਦਲੇਰੀ।

دلائل ***ਦਲਾਇਲ*** : (ਦਲੀਲ **دلیل** ਦਾ ਬੌਹਵਚਨ) ਦਲੀਲਾਂ।

دلب ***ਦੁਲਬ*** : ਚਨਾਰ ਦਾ ਰੁੱਖ।

دلبادل ***ਦਲ ਬਾਦਲ*** : ਇਕ ਵੱਡੇ ਤੰਬੂ ਦਾ ਨਾਮ ਜੇਹੜਾ ਸ਼ਾਹਜਹਾਨ ਬਾਦਸ਼ਾਹ ਨੇ ਬਣਵਾਇਆ ਸੀ, ਵੱਡਾ ਡੇਰਾ, ਵੱਡੀ ਫ਼ੌਜ।

دلدل ***ਦੁਲਦੁਲ*** : ਕਾਲਖ, ਵੱਡਾ ਕਾਰਨਾਮਾ, ਪਿੱਠ ਖੁਰਕਣ ਵਾਲਾ ਵੱਡਾ ਸੰਦ, ਖਰਖਰਾ, ਇਕ ਕਾਲੀ ਭਾਹ ਮਾਰਦੀ ਚਿੱਟੀ ਖੱਚਰ ਦਾ ਨਾਮ ਜੇਹੜੀ ਅਸਕੰਦਰੀਆ ਦੇ ਸ਼ਾਸਕ ਨੇ ਹਜ਼ਰਤ ਮੁਹੰਮਦ ਸਾਹਿਬ ਨੂੰ ਸੁਗਾਤ ਵਜੋਂ ਭੇਟ ਕੀਤੀ ਸੀ, ਏਹ ਖੱਚਰ ਕਰਬਲਾ ਦੇ ਮੈਦਾਨ ਵਿਚ ਹਜ਼ਰਤ ਇਮਾਮ ਹੁਸੈਨ ਦੀ ਸਵਾਰੀ ਵਿਚ ਸੀ।

دلس ***ਦਲਸ*** : ਹਨੇਰਾ, ਫ਼ਰੇਬ, ਮਕਰ।

دلفن ***ਦੁਲਫ਼ਿਨ,*** **دلفین** ***ਦੁਲਫ਼ੀਨ*** : ਮੱਛੀ ਵਰਗਾ ਇਕ ਪੰਜ ਫੁਟ ਲੰਮਾ ਦਰਿਆਈ ਜਾਨਵਰ, ਫ਼ਾਰਸੀ ਲੇਖਕ ਕੈਂਹਦੇ ਹਨ ਕਿ ਏਹ ਡੁੱਬਣ ਵਾਲੇ ਨੂੰ ਬਚਾਉਂਦਾ ਹੈ।

دلق ***ਦਲਕ*** : (ਫ਼ਾਰਸੀ 'ਦਲਹ' **دله** ਦਾ ਅਰਬੀ ਰੂਪਾਂਤਰ), ਜੰਗਲੀ ਬਿੱਲੀ ਜਿਸ ਦੀ ਖੱਲ ਤੋਂ ਪੋਸਤੀਨ ਬਣਾਉਂਦੇ ਹਨ; ਦਰਵੇਸ਼ ਦੀ ਗੋਦੜੀ।

دلقپوش ***ਦਲਕਪੋਸ਼*** : ਪੋਸਤੀਨ ਪੈਹਨਣ ਵਾਲਾ, ਦਰਵੇਸ਼, ਸੂਫ਼ੀ।

دلم ***ਦਲਮ,*** **دلم** ***ਦੁਲਮ*** : ਛੋਟੇ ਛੋਟੇ ਦਾਣੇ ਜੋ ਗਰਮੀਆਂ ਵਿਚ ਸਰੀਰ 'ਤੇ ਗਰਮੀ ਕਰਕੇ ਨਿਕਲ ਆਉਂਦੇ ਹਨ ਤੇ ਓਹਨਾਂ ਵਿਚ ਜਲਨ ਹੁੰਦੀ ਹੈ, ਪਿੱਤ।

دلمک ***ਦਲਮਕ,*** **دلمک** ***ਦੁਲਮਕ*** : ਮੱਕੜੀ ਵਰਗਾ ਇਕ ਜ਼ੈਹਰੀਲਾ ਜਾਨਵਰ ਜਿਸ ਦੀ ਜ਼ੈਹਰ ਨਾਲ ਆਦਮੀ ਹਲਾਕ ਹੋ ਜਾਂਦਾ ਹੈ, ਰੁਬੀਲਾ।

دلمل ***ਦੁਲਮੁਲ*** : ਕੱਚਾ ਅਨਾਜ, ਭੁੰਨਣਯੋਗ ਕੱਚੇ ਦਾਣੇ, ਛੋਲਿਆਂ ਦੀਆਂ ਟਾਂਟਾਂ।

دلمه ***ਦਲਮਾ*** : ਪਨੀਰ ਪਾ ਕੇ ਸੰਘਣਾ ਕੀਤਾ ਹੋਇਆ ਦੁੱਧ।

دلنگان ***ਦਲਿੰਗਾਨ*** : ਲਟਕਿਆ ਜਾਂ ਟੰਗਿਆ ਹੋਇਆ; ਕੱਪੜੇ ਟੰਗਣ ਦੀ ਰੱਸੀ, ਟੰਗਣਾ।

دلو ***ਦਲਵ*** : ਡੋਲ, ਇਕ ਅਸਮਾਨੀ ਬੁਰਜ ਦਾ ਨਾਮ।

دله ***ਦਲਾ*** : ਇਕ ਪਰਸਿੱਧ ਜਾਨਵਰ ਜਿਸ ਦੀ ਖੱਲ ਬੜੀ ਸੋਹਣੀ ਤੇ ਮੁਲਾਇਮ ਹੁੰਦੀ ਹੈ ਤੇ ਉਸ ਦੇ ਪੋਸਤੀਨ ਬਣਦੇ ਹਨ, ਜੰਗਲੀ ਬਿੱਲੀ, ਚਿੱਟੀ ਲੂੰਬੜੀ, ਗਿਦੜੀ, ਹੀਲੇਬਾਜ਼ ਇਸਤਰੀ, ਦਰਵੇਸ਼ਾਂ ਦੀ ਗੋਦੜੀ।

دله ***ਦਿਲਾ*** : ਦਿਲ ਵਾਲਾ (ਜਿਵੇਂ ਦੋ ਦਿਲਾ ਜਾਂ ਯਕਦਿਲਾ)।

دلیده ***ਦਲੀਦਾ*** : ਦਲਿਆ ਹੋਇਆ, ਦਲੀਆ।

دلیر ***ਦਿਲੇਰ*** : ਮਨਚਲਾ, ਚਲਾਕ; ਸੂਰਮਾ, ਨਿਡਰ।

دلیرانه ***ਦਿਲੇਰਾਨਾ*** : ਬਹਾਦਰਾਂ ਵਾਂਗ, ਜੁਰਤ ਨਾਲ।

دلیری ***ਦਿਲੇਰੀ*** : ਬਹਾਦਰੀ, ਨਿਡਰਤਾ।

دلیل ***ਦਲੀਲ*** : ਦਲੀਲ, ਰਾਹ, ਰਾਹ ਵਿਖਾਉਣ ਵਾਲਾ, ਪਥ-ਪਰਦਰਸ਼ਕ, ਕਾਰਨ, ਸਬੂਤ, ਕਾਰੂਗਾ।

دم ***ਦਮ*** : ਸਾਹ, ਘਮੰਡ, ਅਹੰਕਾਰ, ਧੋਖਾ, ਫ਼ਰੇਬ, ਠੱਗੀ, ਸੁਨਿਆਰਿਆਂ ਦੀ ਫੂਕਣੀ, ਧੌਂਕਣੀ, ਸ਼ੇਅਰ ਦਾ ਵਜ਼ਨ; ਮੰਤਰ, ਜਾਦੂ, ਟੂਣਾ; ਸਮਾਂ, ਕਾਲ, ਪਲ, ਮਿੰਟ, ਮੂੰਹ, ਘੁੱਟ, ਨਿਕਾਸ, ਜ਼ਿੰਦਗੀ, ਲਹੂ, ਗਰਮ, ਤੱਤਾ, ਅੱਗ ਵਰਗਾ; ਅਨੰਦ, ਪਰਸੰਨਤਾ, ਅਫ਼ਸੋਸ, ਹੌਕਾ, ਠੰਢਾ ਸਾਹ, ਤਲਵਾਰ ਆਦਿ ਦੀ ਧਾਰ; ਬਰਾਬਰ, ਸਾਂਵਾਂ, ਹੁੱਕੇ ਦਾ ਸੂਟਾ, ਤਾਕਤ, ਜ਼ੋਰ।

دمِ آب ***ਦਮ-ਏ-ਆਬ*** : ਪਾਣੀ ਦਾ ਘੁੱਟ, ਪਾਣੀ ਦਾ ਕਾਲ, ਥੋੜ੍ਹਾ ਪਾਣੀ।

دمادم ***ਦਮਾਦਮ,*** **دمبدم** ***ਦਮ-ਬ-ਦਮ*** : ਹਰ ਘੜੀ, ਲਗਾਤਾਰ,

ਨਿਰੰਤਰ।

دمِ اسد ***ਦਮ-ਏ-ਅਸਦ*** : ਹਜ਼ਰਤ ਅਲੀ ਦੀ ਮੁਹੱਬਤ ਦਾ ਦਮ ਭਰਨਾ।

دمباز ***ਦਮਬਾਜ਼*** : ਦਗ਼ਾਬਾਜ਼, ਧੋਖੇਬਾਜ਼, ਫ਼ਰੇਬੀ।

دمبازی ***ਦਮਬਾਜ਼ੀ*** : ਧੋਖਾ, ਠੱਗੀ, ਫ਼ਰੇਬ, ਮਕਰ।

دمبسته ***ਦਮਬਸਤਾ*** : ਚੁੱਪ, ਚੁੱਪ-ਚੁਪੀਤਾ।

دمبیقدم ***ਦਮ-ਬੇ-ਕ਼ਦਮ*** : ਜ਼ਬਾਨੀ ਜਮ੍ਹਾ ਖ਼ਰਚ, ਕਰਨੀ ਬਿਨਾ ਕਥਨੀ।

دمپخت ***ਦਮਪੁਖ਼ਤ*** : ਇਕ ਪਰਕਾਰ ਦਾ ਪਲਾ।

دمِ تسلیم ***ਦਮ-ਏ-ਤਸਲੀਮ*** : ਮਰਨ ਦਾ ਸਮਾਂ, ਚੁੱਪ, ਖ਼ਮੋਸ਼, ਦੂਜੇ ਦੀ ਮਰਜ਼ੀ 'ਤੇ ਰਾਜ਼ੀ ਰੈਹਣਾ।

دمِ تیشه/تیغ ***ਦਮ-ਏ-ਤੇਸ਼ਾ/ਤੇਗ*** : ਤੇਸ਼ੇ ਜਾਂ ਤਲਵਾਰ ਦੀ ਧਾਰ।

دمِ چند ***ਦਮ-ਏ-ਚੰਦ*** : ਕੁਝ ਪਲ, ਕੁਝ ਛਿਣ।

دمِ خوردن ***ਦਮ ਖ਼ੁਰਦਨ*** : ਧੋਖਾ ਖਾਣਾ।

دمدادن ***ਦਮ ਦਾਦਨ*** : ਧੋਖਾ ਜਾਂ ਫਰੇਬ ਦੇਣਾ।

دمدرزدن ***ਦਮ ਦਰ ਜ਼ਦਨ*** : ਮੂੰਹ ਬੰਦ ਕਰ ਲੈਣਾ, ਚੁੱਪ ਰੈਹਣਾ, ਦਾਵਾ ਕਰਨਾ, ਠੈਹਰਨਾ, ਅਟਕਣਾ, ਦਮ ਲੈਣਾ, ਛੱਡ ਦੇਣਾ।

دمدرکشیدن ***ਦਮ ਦਰ ਕਸ਼ੀਦਨ*** : ਸਾਹ ਘੁੱਟ ਲੈਣਾ, ਚੁੱਪ ਰੈਹਣਾ।

دمساز ***ਦਮਸਾਜ਼*** : ਦੋਸਤ, ਰਾਜ਼ਦਾਰ।

دمسحر ***ਦਮ-ਏ-ਸਹਰ*** : ਸਵੇਰ ਵੇਲੇ।

دمسرد ***ਦਮ-ਏ-ਸਰਦ*** : ਠੰਢਾ ਹੌਕਾ, ਠੰਢਾ ਸਾਹ, ਨਿਰਾਸਤਾ ਦੀ ਆਹ।

دمشمردن ***ਦਮ ਸ਼ੁਮੁਰਦਨ*** : ਵਕਤ ਕੱਟਣਾ, ਆਯੂ ਬਿਤਾਉਣਾ।

دمِ شمشیر ***ਦਮ-ਏ-ਸ਼ਮਸ਼ੀਰ*** : ਤਲਵਾਰ ਦੀ ਧਾਰ।

دمشناس ***ਦਮ ਸ਼ਿਨਾਸ*** : ਸਿਆਣਾ; ਹਕੀਮ, ਵੈਦ।

دمِ صبح ***ਦਮ-ਏ-ਸੁਬਹ੍*** : ਸਵੇਰ ਵੇਲਾ, ਪੌਹ-ਫੁਟਾਲਾ।

دمِ صور ***ਦਮ-ਏ-ਸੂਰ*** : ਕਿਆਮਤ (ਕਯਾਮਤ) ਦਾ ਦਿਨ।

دمِ قلم ***ਦਮ-ਏ-ਕ਼ਲਮ*** : ਕਲਮ ਦੀ ਅਵਾਜ਼ ਜੋ ਲਿਖਣ ਲੱਗਿਆਂ ਆਉਂਦੀ ਹੈ।

دمِ قمری ***ਦਮ-ਏ-ਕੁਮਰੀ*** : ਰਾਗ ਦੀ ਇਕ ਸੁਰ ਦਾ ਨਾਮ।

دمکش ***ਦਮ-ਕਸ਼*** : ਗਾਉਣ ਵਾਲੇ ਦੇ ਨਾਲ ਸੁਰ ਮਿਲਾ ਕੇ ਸਹਾਇਤਾ ਕਰਨ ਵਾਲਾ ਰਾਗੀ, ਖ਼ਾਮੋਸ਼।

دمکشی ***ਦਮਕਸ਼ੀ*** : ਰਾਗ ਵਿਚ ਦੂਜੇ ਰਾਗੀ ਦੀ ਅਵਾਜ਼ ਵਿਚ ਮਦਦ ਦੇਣਾ, ਸਾਹ ਖਿੱਚ ਕੇ ਆਉਣਾ, ਖ਼ਾਮੋਸ਼ੀ।

دمگرفتن ***ਦਮ ਗਿਰਿਫ਼ਤਨ*** : ਸਾਹ ਲੈਣਾ, ਠੈਹਰਨਾ, ਚੁੱਪ ਕਰ ਜਾਣਾ, ਸਾਹ ਘੁੱਟਣਾ, ਛੱਡ ਦੇਣਾ।

دمگه ***ਦਮਗਾ*** : ਭੱਠੀ, ਭੱਠ।

دمگیر ***ਦਮਗੀਰ*** : ਪਚਕਾਰੀ।

دمِ نیمسوز ***ਦਮ-ਏ-ਨੀਮ ਸੋਜ਼*** : ਠੰਢਾ ਹੌਕਾ, ਮਜ਼ਲੂਮ ਦੀ ਆਹ।

دمِ واپسیں ***ਦਮ-ਏ-ਵਾਪਸੀਂ*** : ਅੰਤਮ ਸਮਾਂ, ਅੰਤਲਾ ਸਾਹ।

دمو باد ***ਦਮ-ਓ-ਬਾਦ*** : ਅਭਮਾਨ, ਅਹੰਕਾਰ।

دمودود ***ਦਮ-ਓ-ਦੂਦ*** : ਨਿਸ਼ਾਨ, ਸੰਕੇਤ।

دُم ***ਦੁਮ*** : ਜਾਨਵਰ ਦੀ ਪੂਛ, ਪਿੱਛਾ, ਅੰਤ, ਪੈਰੋਕਾਰ।

دمچه ***ਦੁਮਚਾ*** : (ਦੁਮ دم ਦਾ ਲਘੂਵਾਚੀ) ਛੋਟੀ ਪੂਛ; ਪਿੱਛਾ।

دمدار ***ਦੁਮਦਾਰ*** : ਦੁਮ ਵਾਲਾ, ਪੂਛ ਵਾਲਾ, ਫ਼ੌਜ ਦਾ ਪਿਛਲਾ ਹਿੱਸਾ।

دمِ سنجه ***ਦੁਮ-ਏ-ਸਿੰਜ਼ਾ*** : ਅਬਾਬੀਲ।

دمِسیاه ***ਦੁਮ-ਏ-ਸਯਾਹ*** : ਕਾਲੀ ਪੂਛ ਵਾਲਾ।

دمِسیجه ***ਦੁਮ-ਸੀਜਾ,*** **دمِسیچه** ***ਦੁਮ-ਏ-ਸੀਚਾ*** : ਇਕ ਪਰਸਿੱਧ ਪੰਛੀ, ਮਮੋਲਾ, ਜੋ ਹਰ ਵੇਲੇ ਪੂਛ ਧਰਤੀ ਤੇ ਮਾਰਦਾ ਰੈਂਹਦਾ ਹੈ।

دمِطاوُس ***ਦੁਮ-ਏ-ਤਾਊਸ*** : ਅਸਮਾਨ।

دمغازه(غزه) ***ਦੁਮ-ਗ਼ਾਜ਼ਾ (ਗ਼ੁਜ਼ਾ)*** : ਪੂਛ ਦੀ ਹੱਡੀ, ਦੁਮ ਦੀ ਜੜ੍ਹ।

دمگاو ***ਦੁਮ-ਗਾਊ*** : ਵੱਡਾ ਛਾਂਟਾ, ਕੋਰੜਾ।

دمگرگ ***ਦੁਮ-ਏ-ਗੁਰਗ*** : ਝੂਠੀ ਸਵੇਰ।

دملابه ***ਦੁਮ-ਲਾਬਾ*** : ਕੁੱਤੇ ਦਾ ਪੂਛ ਹਿਲਾਉਣਾ; ਖ਼ੁਸ਼ਾਮਦ, ਚਾਪਲੋਸੀ; ਆਜਜ਼ੀ।

دمار ***ਦਮਾਰ,*** **دمار** ***ਦਿਮਾਰ*** : ਬਰਬਾਦੀ, ਵਿਨਾਸ਼, ਸੁਆਸ, ਸਾਹ, ਦਮ, ਆਦਮੀ ਨੂੰ ਜਿਸ ਚੀਜ਼ ਦੀ ਲੋੜ ਹੋਵੇ, ਧੂੰਆਂ।

دمارت ***ਦਮਾਰਤ*** : ਤਬਾਹ ਹੋਣਾ, ਵਿਨਾਸ਼।

دماغ ***ਦਿਮਾਗ*** : ਸਿਰ ਦਾ ਭੇਜਾ, ਸਿਰ ਦਾ ਗੁੱਦਾ, ਮਗ਼ਜ਼, ਅਕਲ, ਤਾਕਤ, ਗ਼ਰੂਰ।

دماغداری ***ਦਿਮਾਗ਼ਦਾਰੀ*** : ਪਾਗਲਪਣ।

دماغدومغز ***ਦਿਮਾਗ਼-ਏ-ਦੋ-ਮਗ਼ਜ਼*** : ਦੋ ਭੇਜੇ ਵਾਲਾ ਸਿਰ, ਸ਼ਕਤੀਸ਼ਾਲੀ ਦਿਮਾਗ਼, ਬੌਹਤ ਸਿਆਣਪ ਵਾਲਾ ਦਿਮਾਗ਼।

دماغسوختن ***ਦਿਮਾਗ਼ ਸੋਖ਼ਤਨ*** : ਬੌਹਤ ਮੇਹਨਤ ਕਰਨਾ, ਬੌਹਤ ਸੋਚਣਾ।

دماغگرمکردن ***ਦਿਮਾਗ਼ ਗਰਮ ਕਰਦਨ*** : ਮਸਤ ਹੋਣਾ, ਸ਼ਰਾਬ ਪੀਣਾ।

دماغی ***ਦਿਮਾਗ਼ੀ*** : ਦਿਮਾਗ਼ ਨਾਲ ਸਬੰਧਤ; ਮਗ਼ਰੂਰ, ਘਮੰਡੀ।

دماغه ***ਦੁਮਾਗ਼ਾ*** : (ਤਮਾਗ਼ਾ تماغه) ਬਾਜ਼ ਆਦਿ ਸ਼ਿਕਾਰੀ ਪੰਛੀਆਂ ਦੀ ਟੋਪੀ।

دمامه ***ਦਮਾਮਾ*** : ਧੌਂਸਾ, ਨਗਾਰਾ, ਨਫ਼ੀਰੀ; ਸ਼ੋਰ, ਰੌਣਕ, ਚੈਹਲ-ਪੈਹਲ।

دمان ***ਦਮਾਨ*** : ਸਮਾਂ, ਜ਼ਮਾਨਾ; ਫੂੰਕਾਰੇ ਮਾਰਨ ਵਾਲਾ; ਗੁੱਸੇ ਜਾਂ ਖ਼ੁਸ਼ੀ ਵਿਚ ਰੌਲਾ ਪਾਉਣ ਵਾਲਾ, ਮਸਤ, ਤੁੰਦ ਤੇ ਤੇਜ਼, ਤਿੱਖਾ; ਹਮਲਾ ਕਰਨ ਵਾਲਾ; ਸ਼ਕਤੀਸ਼ਾਲੀ, ਭਿਆਨਕ।

ਦਮਾਨਕਸ਼ : ਸਮਾਂ, ਕਾਲ, ਅਵਧੀ।

دمانک ***ਦਮਾਂਕ,*** **دمانگ** ***ਦਮਾਂਗ*** : ਬੰਦੂਕ ਵਰਗਾ ਇਕ ਹਥਿਆਰ, ਕਰਾਬੀਨ, ਚੌੜੀ ਨਾਲੀ ਦੀ ਬੰਦੂਕ।

دماوند ***ਦਮਾਵੰਦ*** : ਮਾਜ਼ੰਦਰਾਨ ਦੇ ਇਕ ਸ਼ੈਹਰ ਦਾ ਨਾਮ ਤੇ ਉਸ ਦੇ ਨੇੜੇ ਇਕ ਪਹਾੜ ਦਾ ਨਾਮ, ਜਿਸ ਨੂੰ 'ਕੋਹ-ਏ-ਦਮਾਵੰਦ' ਕੈਂਹਦੇ ਹਨ, ਫ਼ਰੀਦੂਨ ਨੇ ਜ਼ੁੱਹਾਕ ਨੂੰ ਇਸੇ ਪਹਾੜ ਦੀ ਇਕ ਖੁੰਦਰ ਵਿਚ ਕੈਦ ਕੀਤਾ ਸੀ।

دمایه ***ਦੁਮਾਯਾ*** : ਦੁੱਧ ਦੀ ਮਲਾਈ।

دمدمه ***ਦਮਦਮਾ*** : ਮੰਤਰ, ਜਾਦੂ, ਟੂਣਾ; ਫ਼ਰੇਬ, ਮਕਰ, ਧੋਖਾ; ਢੋਲ, ਧੌਂਸਾ, ਨਗਾਰਾ, ਨਗਾਰਿਆਂ ਦੀ ਅਵਾਜ਼, ਸ਼ੋਹਰਤ, ਪਰਸਿੱਧੀ, ਅਫ਼ਵਾਹ, ਢੰਡੋਰਾ, ਕਿਲ੍ਹੇ ਦੇ ਆਲੇ-ਦੁਆਲੇ ਦੀ ਦੀਵਾਰ ਜੋ ਪੱਥਰ, ਮਿੱਟੀ ਤੇ ਲੱਕੜ ਨਾਲ ਬਣਾ ਕੇ ਉਸ ਤੋਂ ਦੁਸ਼ਮਣ 'ਤੇ ਗੋਲੇ ਸੁਟਦੇ ਹਨ।

دمر ***ਦਮਰ*** : ਮੂਧੇ ਮੂੰਹ ਪਿਆ ਹੋਇਆ, ਉਲਟਾ, ਪੁੱਠਾ, ਮੂਧਾ।

دمسه ***ਦਿਮਸਾ*** : ਚਿੱਟਾ ਰੇਸ਼ਮ।

دمل ***ਦੁਮੱਲ*** : ਫੋੜਾ, ਜ਼ਖ਼ਮ, ਫੱਟ।

دمنه ***ਦਮਨਾ*** : ਤੰਦੂਰ ਦੀ ਮੋਰੀ ਜੋ ਹਵਾ ਲਈ ਰੱਖੀ ਜਾਂਦੀ ਹੈ।

دمنه‌دانی ***ਦਮਨਾ ਦਾਨੀ*** : ਤੰਦੂਰ ਦੀ ਮੋਰੀ ਨੂੰ ਬੰਦ ਕਰਨ ਵਾਲੀ ਤਾਕੀ।

دمنه ***ਦਿਮਨਾ*** : ਗਿੱਦੜ, ਲੂੰਬੜੀ; ਇਕ ਖ਼ਾਸ ਗਿੱਦੜ ਦਾ ਨਾਮ ਜੋ ਬੜਾ ਮੱਕਾਰ ਸੀ, ਇਸ ਦੀ ਕਹਾਣੀ, 'ਕਲੀਲਾਦਿਮਨਾ' 'ਤੇ 'ਅਨਵਾਰ-ਏ-ਸੁਹੇਲੀ' ਵਿਚ ਦਰਜ ਹੈ, ਮੱਕਾਰ, ਫ਼ਰੇਬੀ।

دمور ***ਦਮੂਰ*** : ਹਲਕੀ ਮਧੁਰ ਅਵਾਜ਼, ਅਫ਼ਰਾਸਿਯਾਬ ਦੇ ਇਕ ਸਬੰਧੀ ਦਾ ਨਾਮ, ਜਿਸ ਨੇ ਸਿਯਾਵਸ਼ ਨੂੰ ਮਰਵਾਉਣ ਵਿਚ ਬੜੀ ਕੋਸ਼ਸ਼ ਕੀਤੀ ਸੀ।

دموس ***ਦਮੂਸ*** : ਰਾਤ ਦਾ ਹਨੇਰਾ ਹੋਣਾ।

دمہ ***ਦਮਾ*** : ਫੂਕਣੀ, ਧੌਂਕਣੀ, ਸਾਹ ਦੇ ਰੁਕਣ ਦੀ ਬੀਮਾਰੀ, ਦਮਾ।

دمیاط ***ਦਿਮਿਯਾਤ਼*** : ਮਿਸਰ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ।

دمیاطی ***ਦਿਮਿਯਾਤ਼ੀ*** : ਦਿਮਿਯਾਤ ਸ਼ੈਹਰ ਨਾਲ ਸਬੰਧਤ, ਦਿਮਿਯਾਤ ਦਾ ਨਫ਼ੀਸ ਕੱਪੜਾ।

دمیدہ ***ਦਮੀਦਾ*** : ਝੁੱਲ ਰਿਹਾ, ਝੁੱਲਿਆ ਹੋਇਆ; ਫੁੱਟਿਆ ਹੋਇਆ, ਖਿੜਿਆ ਹੋਇਆ, ਨਿਕਲਿਆ ਹੋਇਆ, ਉੱਗਿਆ ਹੋਇਆ; ਸਵੇਰ, ਪੌਹਫੁਟਾਲਾ।

دن ***ਦੰਨ*** : ਵੱਡਾ ਮਟਕਾ (ਸ਼ਰਾਬ ਦਾ)।

دنب ***ਦੁੰਬ,*** **دنبال** ***ਦੁੰਬਾਲ,*** **دنبالہ** ***ਦੁੰਬਾਲਾ*** : ਪੂਛ; ਪਿੱਛਾ।

دنبالہ دار ***ਦੁੰਬਾਲਾਦਾਰ*** : ਦੁਮਦਾਰ, ਪੂਛਲਦਾਰ, ਗੁੱਛੇਦਾਰ।

دنبال ***ਦੰਬਾਲ*** : ਮਸਖ਼ਰਾ, ਭੰਡ।

دنبک ***ਦੁੰਬਕ*** : ਇਕ ਪਰਕਾਰ ਦਾ ਢੋਲ।

دنبل ***ਦੁੰਬਲ*** : ਜੜਾਂ ਵਾਲਾ ਫੋੜਾ, ਲਾਹੌਰੀ ਫੋੜਾ, ਜ਼ਖ਼ਮ।

دنبہ ***ਦੁੰਬਾ*** : ਚਿੱਤੜ. ਪੂਛ; ਚਕਲੀ, ਜੇਹੜੀ ਭੇਡੂ ਦੀ ਪੂਛ 'ਤੇ ਹੁੰਦੀ ਹੈ, ਚੱਕੀ ਦੀ ਸ਼ਕਲ ਦੀ ਗੋਲ, ਮੋਟੀ ਅਤੇ ਭਾਰੀ ਪੂਛ ਵਾਲਾ ਮੀਢਾ; ਇਕ ਪਰਕਾਰ ਦੇ ਖਾਣੇ ਦਾ ਨਾਮ, ਮਕਰ, ਫ਼ਰੇਬ।

دند ***ਦੰਦ*** : ਦੰਦ; ਨਿਡਰ, ਮੂਰਖ, ਮੰਗਤਾ, ਗਰੀਬ; ਪੱਸਲੀ ਦੀ ਹੱਡੀ; ਕੰਘੀ; ਜੁਲਾਹਿਆਂ ਦਾ ਇਕ ਸੰਦ ਜਿਸ ਦੇ ਹਰ ਦੰਦੇ ਵਿੱਚੋਂ ਤਾਣੇ ਦਾ ਇਕ ਇਕ ਤਾਰ ਕੱਢਦੇ ਹਨ, ਹਰ ਕਸੈਲੀ ਤੇ ਖੁਸ਼ਕ ਚੀਜ਼ ਜੇਹੜੀ ਮੂੰਹ ਨੂੰ ਖੁਸ਼ਕ ਤੇ ਸਾਫ਼ ਕਰੇ; ਇਕ ਪਰਕਾਰ ਦੇ ਮੰਗਤੇ ਜੋ ਇਕ ਹੱਥ ਵਿਚ ਬੱਕਰੀ ਦਾ ਸਿੰਙ ਤੇ ਦੂਜੇ ਵਿਚ ਹੱਡੀ ਲੈ ਕੇ ਹੱਟੀਓ ਹੱਟੀ ਮੰਗਦੇ ਹਨ, ਜੇਕਰ ਦੁਕਾਨਦਾਰ ਕੁਝ ਨਾ ਦੇਵੇ ਤਾਂ ਛੁਰੀ ਨਾਲ ਆਪਣੇ ਸਰੀਰ ਨੂੰ ਜ਼ਖ਼ਮੀ ਕਰ ਲੈਂਦੇ ਹਨ।

دند ***ਦੂੰਦ*** : ਇਕ ਪਰਕਾਰ ਦੀ ਧਮੂੜੀ, ਭਰਿੰਡ।

دندا ***ਦੰਦਾ*** : ਪੇਟੀ।

دندان ***ਦੰਦਾਨ*** : ਦੰਦ; ਆਸ, ਲਾਲਚ, ਹਿਰਸ, ਲੋਭ, ਮੂੰਹ, ਚੁੰਮਣ, ਸ਼ੋਕ, ਚਿੰਤਾ, ਅਫ਼ਸੋਸ।

دندان آپریز(آفریز) ***ਦੰਦਾਨ ਆਪਰੀਜ਼ (ਆਫ਼ਰੀਜ਼),*** **(آفریش) دندان آپریش** ***ਦੰਦਾਨ ਆਪਰੀਸ਼ (ਆਫ਼ਰੀਸ਼),*** **دندان کاو** ***ਦੰਦਾਨ-ਕਾਵ*** : ਦੰਦ ਸਾਫ਼ ਕਰਨ ਦਾ ਤੀਲਾ (ਡੱਕਾ)।

دندان بلند ***ਦੰਦਾਨ ਬੁਲੰਦ*** : ਬੁੱਢਾ ਘੋੜਾ।

دندانِ تاسف ***ਦੰਦਾਨ-ਏ-ਤਅਸੁਫ਼,*** **دندانِ حسرت** ***ਦੰਦਾਨ-ਏ-ਹਸਰਤ*** : ਅਫ਼ਸੋਸ ਸਮੇਂ ਦੰਦਾਂ ਨਾਲ ਹੱਥ ਕੱਟਣਾ।

دندان تیز ***ਦੰਦਾਨ-ਤੇਜ਼*** : ਤਿਖੇ ਦੰਦਾਂ ਵਾਲਾ, ਲਾਲਚੀ।

دندان دراز ***ਦੰਦਾਨ-ਦਰਾਜ਼*** : ਈਰਖਾਲੂ, ਵੈਰੀ।

دندان زن ***ਦੰਦਾਨ-ਜ਼ਨ*** : ਟੱਬਰ ਦੇ ਜੀ, ਘਰ ਵਿਚ ਖਾਣਾ ਖਾਣ ਵਾਲੇ ਵਿਅਕਤੀ।

دندان زنی ***ਦੰਦਾਨ ਜ਼ਨੀ*** : ਵੈਰ ਵਿਰੋਧ, ਦੁਸ਼ਮਣੀ, ਲੜਾਈ।

دندان ساز ***ਦੰਦਾਨ-ਸਾਜ਼*** : ਦੰਦ ਬਣਾਉਣ ਵਾਲਾ।

دندان سازی ***ਦੰਦਾਨ-ਸਾਜ਼ੀ*** : ਦੰਦ ਬਣਾਉਣ ਦਾ ਕੰਮ।

دندان سپید(سفید) ***ਦੰਦਾਨ-ਸੁਪੇਦ (ਸੁਫ਼ੇਦ)*** : ਚਿੱਟੇ ਦੰਦ ਵਿਖਾਉਣ ਵਾਲਾ, ਖਿੜਿਆ ਹੋਇਆ, ਹਸਦਾ ਹੋਇਆ।

دندان شب ***ਦੰਦਾਨ-ਏ-ਸ਼ਬ*** : ਸਵੇਰ ਦੀ ਸਫ਼ੈਦੀ।

دندان صبح ***ਦੰਦਾਨ-ਏ-ਸੁਬਹ*** : ਪੌਹ-ਫੁਟਾਲਾ, ਲੋ।

دندان شکن ***ਦੰਦਾਨ-ਸ਼ਿਕਨ*** : ਦੰਦ ਭੰਨਣ ਵਾਲਾ, ਨਿਰੁੱਤਰ ਕਰ ਦੇਣ ਵਾਲਾ।

دندان فگن ***ਦੰਦਾਨ-ਫ਼ਿਗਨ*** : ਇਕ ਪਰਕਾਰ ਦੀ ਮੱਛੀ ਜਿਸ ਦਾ ਮਾਸ ਬੌਹਤ ਸੁਆਦੀ ਹੁੰਦਾ ਹੈ।

دندان کناں ***ਦੰਦਾਨ-ਕਨਾਂ*** : ਗਿੜਗਿੜਾਉਣ ਵਾਲਾ, ਆਜਜ਼ੀ ਕਰਨ ਵਾਲਾ, ਭੈਭੀਤ, ਸ਼ਰਮਿੰਦਾ।

دندانِ کوہ ***ਦੰਦਾਨ-ਏ-ਕੋਹ*** : ਲਾਲ, ਯਾਕੂਤ, ਆਦਿ।

دندان گیر ***ਦੰਦਾਨ-ਗੀਰ*** : ਵੱਢਣ ਵਾਲਾ ਕੁੱਤਾ ਜਾਂ ਘੋੜਾ।

دندانِ مزد ***ਦੰਦਾਨ-ਏ-ਮੁਜ਼ਦ*** : ਫ਼ਕੀਰ ਆਦਿ ਨੂੰ ਖਾਣਾ ਖੁਆਉਣ ਪਿਛੋਂ ਦਿੱਤੀ ਰਕਮ, ਦੱਛਣਾ, ਦੰਦ ਘਸਾਈ।

دندان نما ***ਦੰਦਾਨ-ਨੁਮਾ*** : ਪਰਗਟ, ਪਰਤੱਖ, ਗੁੱਸੇ ਨੂੰ ਜ਼ਾਹਰ ਕਰਨ ਵਾਲਾ; ਆਜਜ਼ੀ ਪਰਗਟ ਕਰਨ ਵਾਲਾ।

دندانی کردن ***ਦੰਦਾਨੀ ਕਰਦਨ*** : ਸ਼ਰਮਿੰਦਾ ਹੋਣਾ।

دندانہ ***ਦੰਦਾਨਾ*** : ਦੰਦ, ਦੰਦ ਵਰਗੀ ਹਰ ਚੀਜ਼ ਦਾ ਕਿੰਗਰਾ।

دندانہ دار ***ਦੰਦਾਨਾ ਦਾਰ*** : ਦੰਦਾਂ ਵਰਗਾ, ਕਿੰਗਰਿਆਂ ਵਰਗਾ।

دندش ***ਦੰਦਿਸ਼*** : ਹੌਲੀ ਹੌਲੀ ਗੱਲ ਕਰਨਾ ਜੋ ਦੂਜਾ ਸਮਝ ਨਾ ਸਕੇ।

دندنہ ***ਦੰਨਦਨਾ*** : ਮੱਖੀ ਦੀ ਭਿਣਭਿਣਾਹਟ; ਕਿਧਰੇ ਆਉਣਾ ਜਾਣਾ; ਹੌਲੀ ਹੌਲੀ ਗੱਲ ਕਰਨਾ।

دنگ ***ਦੰਗ*** : ਹੈਰਾਨ, ਪਰੇਸ਼ਾਨ, ਹੱਕਾ ਬੱਕਾ, ਪਾਗਲ, ਮੂਰਖ, ਘੋੜੇ ਦਾ ਅੱਧਾ-ਭਾਰ, ਛੱਟ, ਦੋ ਪਥਰਾਂ ਦੀ ਰਗੜ ਦੀ ਅਵਾਜ਼।

دنگادنگ ***ਦੰਗਾਦੰਗ*** : ਬਰਾਬਰ, ਇਕ ਸਾਰ।

دنگ ***ਦਿੰਗ*** : ਤੁੰਗਲ, ਤੰਗਲੀ।

دنگی ***ਦਿੰਗੀ*** : ਫੂਸ ਜਾਂ ਤੂੜੀ ਤੋਂ ਦਾਣੇ ਅੱਡ ਕਰਨ ਵਾਲਾ।

دنگل ***ਦੰਗਲ*** : ਗੋਡਿਆਂ ਨਾਲ ਗੋਡੇ ਜੋੜ ਕੇ ਬੈਹਣਾ, ਭੀੜ, ਕੁਸ਼ਤੀ ਲੜਨ ਦੀ ਥਾਂ, ਅਖਾੜਾ, ਲੜਾਈ ਦਾ ਮੈਦਾਨ।

دنو ***ਦੁਨੂ***, **دنی** ***ਦਨੀ*** : ਨੇੜੇ, ਕੋਲ, ਪਾਸ; ਤੁੱਛ, ਨਿਕੰਮਾ, ਕਮੀਨਾ, ਪਾਜੀ।

دنیا ***ਦੁਨਯਾ*** : ਪੰਜਾਬੀ ਵਿਚ ਪਰਚਲਤ ਰੂਪ "ਦੁਨੀਆ" ਹੈ, ਸੰਸਾਰ; ਨੇੜੇ ਦੀ ਚੀਜ਼; ਕਮੀਨਾ, ਨਾਕਸ।

دنیاپرست ***ਦੁਨਯਾਪ੍ਰਸਤ***, **دنیادوست** ***ਦੁਨਯਾ ਦੋਸਤ*** : ਕੰਜੂਸ, ਬਖ਼ੀਲ।

دنیادار ***ਦੁਨਯਾਦਾਰ*** : ਸੰਸਾਰੀ ਵਿਅਕਤੀ।

دنیاداری ***ਦੁਨਯਾਦਾਰੀ*** : ਜ਼ਿੰਦਗੀ ਦੇ ਧੰਦਿਆਂ 'ਚ ਉਲਝਣਾ।

دنیاوی ***ਦੁਨਯਾਵੀ***, **دنیوی** ***ਦੁਨਯਵੀ*** : ਦੁਨੀਆ (ਦੁਨਯਾ) ਨਾਲ ਸਬੰਧਤ, ਦੁਨੀਆ (ਦੁਨਯਾ) ਦਾ।

دو ***ਦੋ*** : ਇਕ ਦਾ ਦੂਣਾ, ਦੋ, (੨), ਇੱਕ + ਇੱਕ = ਦੋ।

دوآب ***ਦੋ ਆਬ***, **دوآبہ** ***ਦੋ ਆਬਾ*** : ਦੋ ਨਦੀਆਂ ਦੇ ਵਿਚਲਾ ਇਲਾਕਾ।

دوآتش ***ਦੋ ਆਤਿਸ਼*** : ਮਸ਼ੂਕ ਦੇ ਦੋ ਬੁਲ੍ਹ।

دوآتشہ ***ਦੋ-ਆਤਿਸ਼ਾ*** : ਦੋ ਵਾਰੀ ਖਿੱਚੀ (ਕੱਢੀ) ਹੋਈ ਸ਼ਰਾਬ, ਤੇਜ਼ ਸ਼ਰਾਬ ਜਾਂ ਅਰਕ।

دوآشیانہ ***ਦੋ ਆਸ਼ਯਾਨਾ*** : ਇਕ ਪਰਕਾਰ ਦਾ ਤੰਬੂ ਜਿਸ ਵਿਚ ਦੋ ਕਮਰੇ ਹੁੰਦੇ ਹਨ।

دوات ***ਦਵਾਤ*** : ਸਿਆਹੀ ਰੱਖਣ ਦਾ ਭਾਂਡਾ, ਦਵਾਤ।

دوات آر ***ਦਵਾਤ ਆਰ***, **دوات دار** ***ਦਵਾਤ ਦਾਰ*** : ਮੋਹਰ ਰੱਖਣ ਵਾਲਾ, ਮੀਰ ਮੁਨਸ਼ੀ।

دوات خانہ ***ਦਵਾਤ-ਖ਼ਾਨਾ*** : ਮੁਨਸ਼ੀਖ਼ਾਨਾ, ਦਫ਼ਤਰ।

دواج ***ਦਵਾਜ***, **دواج** ***ਦੁਵਾਜ***, **دواج** ***ਦੁੱਵਾਜ*** : ਰਜਾਈ, ਲੇਫ਼, ਉਪਰ ਲੈਣ ਵਾਲਾ ਕੱਪੜਾ, ਬਿਸਤਰੇ ਦੀ ਚਾਦਰ।

دوار ***ਦੱਵਾਰ*** : ਫਿਰਨ ਘੁੰਮਣ ਵਾਲਾ, ਚੱਕਰ ਕੱਟਣ ਵਾਲਾ।

دوازدہ ***ਦਵਾਜ਼ਦਹ*** : ਬਾਰਾਂ (੧੨)।

دوازدہ امام ***ਦਵਾਜ਼ਦਹ ਇਮਾਮ*** :

ਬਾਰਾਂ ਇਮਾਮ ਅਰਥਾਤ ਹਜ਼ਰਤ ਅਲੀ; ਇਮਾਮ ਹਸਨ, ਇਮਾਮ ਹੁਸੈਨ, ਇਮਾਮ ਜ਼ੈਨੁਲਆਬੇਦੀਨ, ਇਮਾਮ ਬਾਕ਼ਿਰ, ਇਮਾਮ ਜਅਫ਼ਰ, ਇਮਾਮ ਮੂਸਾ ਕਾਜ਼ਮ, ਇਮਾਮ ਰਜ਼ਾ, ਇਮਾਮ ਤਕ਼ੀ, ਇਮਾਮ ਨਕ਼ੀ, ਇਮਾਮ ਹਸਨ ਅਸਕਰੀ, ਅਤੇ ਇਮਾਮ ਮਹਦੀ (ਸਭ ਤੇ ਰੱਬ ਰਾਜ਼ੀ ਹੋਵੇ)।

دوازدہجوسق ***ਦਵਾਜ਼ਦਹ ਜੌਸਕ਼***, دوازدہمیل ***ਦਵਾਜ਼ਦਹ ਮੀਲ*** : ਅਸਮਾਨ ਦੇ ਬਾਰਾਂ ਬੁਰਜ।

دوازدہمقام ***ਦਵਾਜ਼ਦਹ ਮਕਾਮ*** : ਸੰਗੀਤ ਦੇ ਬਾਰਾਂ ਸਥਾਨ, ਘਰ।

دوازدہم ***ਦਵਾਜ਼ਦਹੁਮ*** : ਬਾਰ੍ਹਵਾਂ (੧/੧੨)।

دوازدہی ***ਦਵਾਜ਼ਦਹੀ*** : ਦਰਜਨ।

دواسپہ ***ਦੋ-ਅਸਪਾ*** : ਤੇਜ਼ ਦੌੜਨ ਵਾਲਾ, ਦੂਤ; ਕਾਹਲੀ, ਤੇਜ਼ੀ।

دواصطرلاب ***ਦੋ-ਉਸਤ੍ਰਲਾਬ*** : ਸੂਰਜ ਤੇ ਚੰਦ।

دواعی ***ਦਵਾਈ*** : (ਦਾਈਯਾ داعیہ ਦਾ ਬੌਹਵਚਨ) ਇੱਛਾਵਾਂ, ਖ਼ਾਹਸ਼ਾਂ; ਕਾਰਨ; ਕਿਸਮਤ ਦੇ ਗੇੜ; ਬਹਾਨੇ।

دوال ***ਦੁਵਾਲ*** : ਚਮੜੇ ਦਾ ਤਸਮਾ; ਮਕਰ, ਹੀਲਾ, ਬਹਾਨਾ; ਚਮਕਦਾਰ ਤਲਵਾਰ।

دوالباز ***ਦੁਵਾਲਬਾਜ਼*** : ਦਗਾਬਾਜ਼, ਫ਼ਰੇਬੀ।

دوالبازی ***ਦੁਵਾਲਬਾਜ਼ੀ*** : ਇਕ ਪਰਕਾਰ ਦਾ ਜੂਆ ਜੋ ਬਰੀਕ ਤਸਮੇ ਨਾਲ ਖੇਡਿਆ ਜਾਂਦਾ ਹੈ।

دوالقصب ***ਦੁਵਾਲ ਕਸਬ*** : ਗਲਮਾ।

دوالک ***ਦੁਵਾਲਕ*** : (ਦੁਵਾਲ دوال ਦਾ ਸੰਖਿਪਤ ਰੂਪ) ਛੋਟਾ ਤਸਮਾ।

دوالکبازی ***ਦੁਵਾਲਕ-ਬਾਜ਼ੀ*** : ਮੱਕਾਰੀ, ਫ਼ਰੇਬ; ਬੇਸ਼ਰਮੀ।

دوالی ***ਦੁਵਾਲੀ*** : ਮੱਕਾਰ, ਜਾਦੂਗਰ; ਚਮੜੇ ਦੀ ਪੇਟੀ।

دوام ***ਦਵਾਮ*** : ਹਮੇਸ਼ਗੀ, ਨਿਰੰਤਰਤਾ, ਸਦੀਵਤਾ।

دواوین ***ਦਵਾਵੀਨ*** : (ਦੀਵਾਨ دیوان ਦਾ ਬੌਹਵਚਨ) ਦਫ਼ਤਰ; ਕਾਵਿ-ਸੰਗਰੈਹ।

دوائر ***ਦਵਾਇਰ*** : (ਦਾਇਰਾ دائرہ ਦਾ ਬੌਹਵਚਨ) ਗੋਲ ਚੱਕਰ, ਸਖ਼ਤੀਆਂ, ਘਟਨਾਵਾਂ, ਦੁਰਘਟਨਾਵਾਂ; ਫਿਰਨ ਵਾਲੇ।

دوائرفلکی/فلکیہ ***ਦਵਾਇਰਫ਼ਲਕੀ/ ਫ਼ੁਲਕੀਯਾ*** : ਅਸਮਾਨ ਦੇ ਚੱਕਰ।

دوبادشاہقہار ***ਦੋ ਬਾਦਸ਼ਾਹ-ਏ-ਕ਼ੱਹਾਰ***, دوپروانہ ***ਦੋ ਪਰਵਾਨਾ*** : ਰਾਤ ਤੇ ਦਿਨ।

دوبارہ ***ਦੋਬਾਰਾ*** : ਦੂਜੀ ਵਾਰ, ਫੇਰ।

دوباز ***ਦੋ ਬਾਜ਼*** : ਦੋ ਰੰਗੇ ਖੰਭਾਂ ਵਾਲਾ ਕਬੂਤਰ; ਗੁੱਡੀ, ਪਤੰਗ ਜਿਸ ਦੇ ਕੁੰਦੇ ਰੰਗਦਾਰ ਹੋਣ; ਇਕ ਪਰਕਾਰ ਦਾ ਬਾਜ਼।

دوبال ***ਦੋ ਬਾਲ*** : ਸਾਜ਼ ਨੂੰ ਕੱਸਣ ਵਾਲਾ ਫੀਤਾ, ਤੰਗ।

دوبالا ***ਦੋਬਾਲਾ*** : ਦੂਣਾ, ਦੂਣ ਸਵਾਇਆ।

دوبامہ ***ਦੋਬਾਮਾ***, دوبرجی ***ਦੋ ਬੁਰਜੀ*** : ਹਰ ਥਾਂ ਬੈਹਣ ਵਾਲਾ ਕਬੂਤਰ, ਫ਼ਜ਼ੂਲ ਉੱਡਣ ਵਾਲਾ ਕਬੂਤਰ, ਹਰਜਾਈ।

دوبدو ***ਦੂ-ਬ-ਦੂ*** : ਰੂ-ਬ-ਰੂ, ਆਮ੍ਹਣੇ-ਸਾਮ੍ਹਣੇ।

دوبعد ***ਦੋਬੁਅਦ*** : ਚੁੜਾਈ ਤੇ ਲੰਬਾਈ।

دوبل ***ਦੂਬਲ*** : ਦਗ਼ਾ ਦੇ ਜਾਣ-ਵਾਲਾ, ਬੇਵਫ਼ਾ।

دوبند ***ਦੋਬੰਦ*** : ਇਕ ਪਰਕਾਰ ਦਾ ਕੱਪੜਾ, ਦੋਪੂਦ।

دوبیتی ***ਦੋਬੈਤੀ*** : ਚਾਰ ਮਿਸਰਿਆਂ ਦੀ ਕਵਿਤਾ; ਰੁਬਾਈ, ਇਕ ਪਦਵੀ ਦਾ ਨਾਮ, ਇਸ ਪਦ ਵਾਲੇ ਨੂੰ ਅੱਸੀ ਹਜ਼ਾਰ ਰੁਪਏ ਮਿਲਦੇ ਹਨ।

دوبیتیخواندن ***ਦੋ ਬੈਤੀ ਖ਼ੁਾਂਦਨ*** : ਗੀਤ ਗਾਉਣਾ, ਅਲਾਪਣਾ।

دوپا ***ਦੋ ਪਾ*** : ਇਕ ਪਰਕਾਰ ਦਾ ਕੀੜਾ।

دوپرویزنی ***ਦੋ ਪਰਵੀਜ਼ਨੀ*** : ਦੋ ਵਾਰ ਛਾਣਿਆ ਹੋਇਆ ਆਟਾ, ਮੈਦਾ।

دوپیازه ***ਦੋ ਪਯਾਜ਼ਾ*** : ਇਕ ਪਰਕਾਰ ਦਾ ਸਾਲਨ ਜੋ ਮਾਸ ਵਿਚ ਪਿਆਜ਼ ਪਾ ਕੇ ਪਕਾਇਆ ਜਾਂਦਾ ਹੈ, ਪਿਆਜ਼ ਵਾਲਾ ਗੋਸ਼ਤ।

دوپیکر ***ਦੋ ਪੈਕਰ*** : ਬੁਰਜ ਜੋਜ਼ਾ, ਜੌੜਾ ਰਾਸ਼ੀ; ਦੋ ਧਾਰੀ ਤੇਸ਼ਾ; ਦੋ ਰੰਗ।

دوتا ***ਦੋ ਤਾ***, **دوتاه** ***ਦੋ ਤਾਹ*** : ਦੋਹਰਾ, ਕੁੱਬਾ, ਝੁਕਿਆ ਹੋਇਆ, ਟੇਢਾ, ਦੋ ਅੰਕੜੇ, ਦੋ ਹਿੰਦਸੇ, ਦੂਣਾ।

دوتاره ***ਦੋ ਤਾਰਾ*** : ਦੋਤਾਰੀ ਸਤਾਰ, ਛੋਟੀ ਸਾਰੰਗੀ।

دوتخمه ***ਦੋ ਤੁਖ਼ਮਾ*** : ਦੋਗਲਾ, ਹਰਾਮ ਦਾ।

دوتن ***ਦੋ ਤਨ*** : ਦੋ ਆਦਮੀ।

دوتهی ***ਦੋ ਤਹੀ*** : ਧਾਰੀਦਾਰ ਕਪੜਾ ਜੇਹੜਾ ਬਿਸਤਰੇ ਦੀ ਥਾਂ ਦੋਹਰਾ ਕਰਕੇ ਵਿਛਾਇਆ ਜਾਂਦਾ ਹੈ।

دوتیغ ***ਦੋ ਤੇਗ਼*** : ਦੋਧਾਰੀ ਤਲਵਾਰ।

دوتیغه‌باز ***ਦੋ-ਤੇਗ਼ਾਬਾਜ਼*** : ਦੋਹਾਂ ਹੱਥਾਂ ਵਿਚ ਤਲਵਾਰ ਲੈ ਕੇ ਲੜਨ ਵਾਲਾ, ਪੱਟੇਬਾਜ਼, ਜੁਗਤੀ।

دوتیغه‌بازی ***ਦੋ ਤੇਗ਼ਾਬਾਜ਼ੀ*** : ਪੱਟੇਬਾਜ਼ੀ, ਤਲਵਾਰ ਚਲਾਉਣ ਦਾ ਕਮਾਲ ਹੁਨਰ।

دوجهان ***ਦੋ ਜਹਾਂ*** : ਦੋਵੇਂ ਸੰਸਾਰ, ਲੋਕ-ਪਰਲੋਕ।

دوجهانی ***ਦੋ ਜਹਾਨੀ*** : ਦੋਹਾਂ ਸੰਸਾਰਾਂ ਵਾਲਾ, ਅਮਰ, ਸਦੀਵੀ।

دوچار ***ਦੋ ਚਾਰ*** : ਸਾਮ੍ਹਣੇ; ਮੁਲਾਕਾਤ (ਅਚਾਨਕ), ਦੋ-ਬਾਰਾ।

دوچارشدن ***ਦੋ ਚਾਰ ਸ਼ੁਦਨ*** : ਅਚਾਨਕ ਮੁਲਾਕਾਤ ਹੋਣਾ, ਸਾਮ੍ਹਣੇ ਆਉਣਾ, ਮਿਲਣਾ, ਦੋ ਆਦਮੀਆਂ ਦਾ ਮਿਲਣਾ।

دوچشم‌چارشدن ***ਦੋ ਚਸ਼ਮ ਚਾਰ ਸ਼ੁਦਨ*** : ਦੋ ਵਿਅਕਤੀਆਂ ਦਾ ਪਰਸਪਰ ਮਿਲਣਾ।

دوچشمه ***ਦੋ ਚਸ਼ਮਾ*** : ਸੂਰਜ ਤੇ ਚੰਦ, ਰਾਤ ਤੇ ਦਿਨ।

دوچند ***ਦੋ ਚੰਦ***, **دوچنده** ***ਦੋ ਚੰਦਾ*** : ਦੂਣਾ, ਦੁੱਗਣਾ।

دوچوبه ***ਦੋ ਚੋਬਾ*** : ਦੋ ਚੋਬਾਂ ਵਾਲਾ, ਇਕ ਪਰਕਾਰ ਦਾ ਤੰਬੂ ਜਿਸ ਵਿਚ ਦੋ ਡੰਡੇ ਹੋਣ।

دوحرف ***ਦੋ ਹਰਫ਼***, **دوحرف‌بینوا** ***ਦੋ ਹਰਫ਼-ਏ-ਬੇਨਵਾ*** : ਦੋ ਅੱਖਰ, ਸੰਖੇਪ, ਥੋੜਾ ਜੇਹਾ, ਅਰਬੀ ਦੇ ਸ਼ਬਦ 'ਕੁਨ' ਤੋਂ ਭਾਵ,ਕਾਫ਼ ਤੇ ਨੂਨ ਅਰਥਾਤ 'ਹੋ ਜਾ', ਰੱਬ ਨੇ ਆਦਿ ਦਿਵਸ ਨੂੰ ਸ੍ਰਿਸ਼ਟੀ ਪੈਦਾ ਕਰਨ ਵੇਲੇ ਏਹ ਦੋ ਅੱਖਰ 'ਕੁਨ' ਕਹੇ ਸਨ ਤੇ ਉਸੇ ਵੇਲੇ ਸ੍ਰਿਸ਼ਟੀ ਰਚੀ ਗਈ ਸੀ।

دوحرف‌بی‌هوا ***ਦੋ ਹਰਫ਼-ਏ-ਬੇ ਹਵਾ*** : ਇਸਮ 'ਹੂ' ਤੋਂ ਭਾਵ ਹੈ।

دوخاتون ***ਦੋ ਖ਼ਾਤੂਨ***, **دوخاتون‌بینش** ***ਦੋ ਖ਼ਾਤੂਨ-ਏ-ਬੀਨਿਸ਼*** : ਅੱਖਾਂ ਦੀਆਂ ਪੁਤਲੀਆਂ; ਸੂਰਜ ਤੇ ਚੰਦ।

دوخادم‌حبشی‌ورومی ***ਦੋ ਖ਼ਾਦਿਮ-ਏ-ਹਬਸ਼ੀ-ਉ-ਰੂਮੀ*** : ਰਾਤ ਤੇ ਦਿਨ।

دوخت ***ਦੋਖ਼ਤ*** : ਸਿਊਂਤਾ, ਸਿਲਾਈ, ਸਿਊਣ, ਦੁੱਧ ਚੋਣਾ, ਫ਼ਰਜ਼ ਅਦਾ ਕਰਨਾ।

دوختن ***ਦੋਖ਼ਤਨ*** : ਸਿਊਣਾ, ਦੁੱਧ ਚੋਣਾ, ਮਾਲ ਇਕੱਠਾ ਕਰਨਾ।

دوخمه/دوخما ***ਦੋਖ਼ਮਾ*** : ਹੁੱਕੇ ਦੀ ਕੁੱਬੀ ਨੜੀ।

دوخواهر ***ਦੋ ਖ਼ਾਹਰ*** : ਦੋ ਸਤਾਰਿਆਂ ਦੇ ਨਾਮ।

دوخیط‌ملون ***ਦੋ ਖ਼ੈਤ-ਏ-ਮੁਲਵੱਨ*** : ਝੂਠੀ ਤੇ ਸੱਚੀ ਸਵੇਰ।

دود ***ਦੂਦ*** : ਧੂਆਂ, ਧੁੰਦ, ਗੁਬਾਰ, ਸਾਹ, ਸਵਾਸ, ਹੌਕਾ, ਆਹ, ਰੰਜ, ਗ਼ਮ, ਦੁੱਖ, ਸ਼ੋਕ, ਭਾਫ਼, ਕਾਲਖ, ਫ਼ੌਜ।

دودِآه ***ਦੂਦ-ਏ-ਆਹ*** : ਹੌਕਾ ਭਰਨਾ, ਹੌਕਾ।

دودِآهنج ***ਦੂਦ-ਏ-ਆਹੰਜ*** : ਮਿੱਟੀ ਦਾ ਪਿਆਲਾ ਜਿਸ ਨੂੰ ਦੀਵੇ ਦੇ ਉਤੇ ਲਟਕਾ ਕੇ ਦੀਵੇ ਦੀ ਕਾਲਖ ਇੱਕਠੀ ਕਰਦੇ ਹਨ ਅਤੇ

ਜੋ ਲਿਖਣ ਦੇ ਕੰਮ ਆਉਂਦੀ ਹੈ।

دودآهنج ***ਦੂਦ–ਆਹੰਜ,*** **دودآهنگ** ***ਦੂਦ–ਆਹੰਗ*** : ਧੂਆਂ ਬਾਹਰ ਕੱਢਣ ਦੀ ਮੋਰੀ; ਚਿਮਨੀ।

دودبرآوردن ***ਦੂਦ ਬਰ–ਆਵਰਦਨ*** : ਤਬਾਹ ਤੇ ਬਰਬਾਦ ਕਰਨਾ, ਉਜਾੜਨਾ, ਨਾਸ ਕਰਨਾ, ਹਲਾਕ ਕਰਨਾ, ਮਾਰ ਦੇਣਾ।

دودِجگر ***ਦੂਦ–ਏ–ਜਿਗਰ*** : ਆਹ, ਹੌਕਾ।

دودچراغ ***ਦੂਦ–ਏ–ਚਿਰਾਗ਼*** : ਕਾਲਾ ਰੰਗ; ਅਸਮਾਨੀ ਭਾਹ ਮਾਰਦਾ ; ਦੀਵੇ ਦੀ ਕਾਲਖ; ਇਕ ਕਿਸਮ ਦਾ ਖ਼ਰਬੂਜ਼ਾ।

دودِدل ***ਦੂਦ–ਏ–ਦਿਲ,*** **دودِدم** ***ਦੂਦ–ਏ–ਦਮ*** : ਆਹ, ਹੌਕਾ।

دودِدماغ ***ਦੂਦ–ਏ–ਦਿਮਾਗ਼*** : ਘਮੰਡ, ਅਹੰਕਾਰ, ਸ਼ੇਖ਼ੀ।

دودِمشعل ***ਦੂਦ–ਏ–ਮਸ਼ਅਲ*** : ਸਮਾਨ, ਮਾਲ-ਅਸਬਾਬ; ਸ਼ਾਨ-ਸ਼ੌਕਤ; ਦਰਜਾ, ਇਕ ਪਰਕਾਰ ਦਾ ਖ਼ਰਬੂਜ਼ਾ; ਦੀਵੇ ਦੀ ਕਾਲਖ।

دوده ***ਦੂਦਾ*** : ਸਾਕ ਸਬੰਧੀ; ਵੱਡਾ ਪੁੱਤਰ; ਖ਼ਾਨਦਾਨ; ਕਬੀਲਾ; ਦੀਵੇ ਦਾ ਕੱਜਲ; ਚਿਮਨੀ; ਕੀੜਾ।

دودی ***ਦੂਦੀ*** : ਫ਼ਕੀਰਾ ਦਾ ਧੂਆਂ; ਅਲਾਵ।

دودخانه ***ਦੂਦਖ਼ਾਨਾ,*** **دودمان** ***ਦੂਦਮਾਨ*** : ਖ਼ਾਨਦਾਨ, ਘਰਾਣਾ; ਨਸਲ, ਕੌਮ; ਖ਼ੁਸ਼ਬੂ।

دودله ***ਦੋ ਦਿਲਾ*** : ਪਰੇਸ਼ਾਨ ਦਿਲ, ਦੋ ਚਿੱਤਾ; ਵੈਰੀ, ਦੁਸ਼ਮਣ।

دور ***ਦੌਰ*** : ਗੋਲ ਹੋਣਾ; ਚੱਕਰ ਕੱਟਣਾ;ਫੇਰਨਾ;ਚੱਕਰ; ਗੇੜ; ਸਮਾਂ, ਵਕਤ; ਬੀਤਿਆ ਹੋਇਆ ਸਮਾਂ; ਸੰਥਿਆ ਦਾ ਘੜੀ ਮੁੜੀ ਪੜ੍ਹਨਾ ਤਾਂ ਜੋ ਭੁੱਲ ਨਾ ਜਾਵੇ; ਇਕ ਚੀਜ਼ ਦਾ ਆਪਣੀ ਜ਼ਾਤ ਤੇ ਆ ਖਲੋਣਾ ਤੇ ਦੂਜੀ ਦਾ ਫਿਰ ਉਸੇ ਪੈਹਲੀ ਚੀਜ਼ ਤੇ ਆ ਟਿਕਣਾ ਜਿਵੇਂ ਮੁਰਗੀ ਦਾ ਵਜੂਦ ਆਂਡੇ ਤੇ ਨਿਰਭਰ ਹੈ ਤੇ ਆਂਡੇ ਦਾ ਮੁਰਗੀ ਉਪਰ; ਘੇਰਾ; ਜ਼ਮਾਨੇ ਦਾ ਚੱਕਰ; ਗੇੜ; ਚਾਰੇ ਪਾਸੇ; ਸ਼ਰਾਬ ਦੇ ਪਿਆਲੇ ਦਾ ਗੇੜ।

دورانی ***ਦੌਰਾਨੀ*** : ਲੌਕਿਕ।

دورِزمان ***ਦੌਰ–ਏ–ਜ਼ਮਾਨ*** : ਸਮੇਂ ਦਾ ਚੱਕਰ।

دورگوشمال ***ਦੌਰ–ਏ–ਗੋਸ਼ਮਾਲ*** : ਜ਼ੁਲਮ ਤੇ ਜਬਰ ਦਾ ਜ਼ਮਾਨਾ; ਔਖ ਤੇ ਦੁਰਘਟਨਾਵਾਂ ਦਾ ਸਮਾਂ।

دورگیر ***ਦੌਰ–ਏ–ਗੀਰ*** : ਬਾਦਸ਼ਾਹ।

دورمدام ***ਦੌਰ–ਏ–ਮੁਦਾਮ*** : ਨਿਰੰਤਰ ਗਤੀ।

دور ***ਦੂਰ*** : ਨਜ਼ਦੀਕ ਦੇ ਉਲਟ, ਪਰਾਂ, ਦੂਰ।

دورادور ***ਦੂਰਾ ਦੂਰ*** : ਬੈਂਹਤ ਦੂਰ।

دوراندیش ***ਦੂਰ–ਅੰਦੇਸ਼*** : ਦੂਰ ਦੀ ਸੋਚਣ ਵਾਲਾ।

دوراندیشی ***ਦੂਰ–ਅੰਦੇਸ਼ੀ*** : ਦਿਬ-ਦ੍ਰਿਸ਼ਟੀ, ਸਿਆਣਪ।

دوربین ***ਦੂਰਬੀਨ*** : ਸਿਆਣਾ, ਦਿਬ-ਦ੍ਰਿਸ਼ਟੀ ਵਾਲਾ।

دوربینی **ਦੂਰਬੀਨੀ** : ਸਿਆਣਪ।

دورترک ***ਦੂਰ–ਤਰਕ*** : ਥੋੜਾ ਜੇਹਾ ਦੂਰ।

دوردست ***ਦੂਰਦਸਤ*** : ਅਪੌਹਚ ਸਥਾਨ, ਓਹ ਚੀਜ਼ ਜਿਸ ਦਾ ਮਿਲਣਾ ਕਠਨ ਹੋਵੇ।

دوری ***ਦੂਰੀ*** : ਫ਼ਾਸਲਾ; ਅੰਤਰ।

دوران ***ਦੌਰਾਨ*** : ਅਸਮਾਨ ਦੀ ਗਰਦਸ਼, ਜ਼ਮਾਨਾ; ਸਮਾਂ, ਵਕਤ; ਸਿਰ ਦੇ ਚੱਕਰ।

دوربار ***ਦੂਰਬਾਰ*** : ਓਹ ਨੇਜ਼ਾ ਜੋ ਪਿਛਲੇ ਸਮਿਆਂ ਵਿਚ ਬਾਦਸ਼ਾਹਾਂ ਦੀ ਸਵਾਰੀ ਦੇ ਦੋਹਾਂ ਪਾਸਿਆਂ ਤੇ ਲੈ ਕੇ ਚਲਦੇ ਸਨ।

دورباش ***ਦੂਰਬਾਸ਼*** : ਓਹ ਦੋ ਸ਼ਾਖ਼ਾ ਨੇਜ਼ਾ ਜਿਸ ਦੀ ਚੋਬ ਹੀਰੇ ਜਵਾਹਰਾਂ ਨਾਲ ਜੜੀ ਹੁੰਦੀ ਹੈ, ਏਹ ਬਾਦਸ਼ਾਹਾਂ ਦੀ ਸਵਾਰੀ ਦੇ ਅੱਗੇ ਅੱਗੇ ਰੈਂਹਦਾ-ਹੈ ਤਾਂ ਜੋ ਲੋਕ ਵੇਖ ਕੇ ਪਰ੍ਹੇ ਹੋ ਜਾਣ; ਦੂਰ ਰੈਹ।

دورق ***ਦੌਰਕ*** : ਸ਼ਰਾਬ ਦਾ ਪਿਆਲਾ; ਪਾਣੀ ਨਾਲ ਭਰਿਆ ਹੋਇਆ ਹੌਜ਼; ਗੁੱਠਾਂ ਵਾਲਾ ਘੜਾ।

دورنگ ***ਦੋ ਰੰਗ,*** **دورو** ***ਦੋ ਰੂ*** : ਦੋਰੁਖਾ; ਬੇਵਫ਼ਾ, ਮੱਕਾਰ, ਫ਼ਰੇਬੀ; ਸੰਸਾਰ।

دورنگی ***ਦੋਰੰਗੀ***, **دوروئی** ***ਦੋ ਰੂਈ*** : ਲਾਲਚ, ਲੋਭ; ਦੂਈ; ਗ਼ੈਰਪਣ; ਫ਼ਰੇਬ, ਮਕਰ; ਚਾਲਬਾਜ਼ੀ; ਵੈਰ।

دوروزه ***ਦੋ ਰੋਜ਼ਾ***, **دو روزی** ***ਦੋ ਰੋਜ਼ੀ*** : ਥੋੜਾ ਸਮਾਂ; ਥੋੜੇ ਸਮੇਂ ਦਾ; ਝੱਟ ਰੈਹਣੀ ਵਸਤੂ; ਉਮਰ; ਸੇਹਤ।

دورویه ***ਦੋ-ਰੂਯਾ*** : ਦੋਹਾਂ ਪਾਸਿਆਂ ਤੋਂ; ਦੋਵੇਂ ਪਾਸੇ; ਕਾਫ਼ਰ, ਪਖੰਡੀ।

دوره ***ਦੌਰਾ*** : ਛੋਟਾ ਮਰਤਬਾਨ, ਗਰਦਸ਼, ਚੱਕਰ, ਗੇੜ; ਆਲੇ-ਦੁਆਲੇ ਫਿਰਨਾ; ਗੋਲ ਚੱਕਰ; ਸ਼ਰਾਬ ਦਾ ਪਿਆਲਾ; ਸ਼ਰਾਬ ਦਾ ਦੌਰ; ਜ਼ੁਲਫ਼।

دوزای ***ਦੂਜ਼ਾਯ*** : ਗਾਉਣ ਵਾਲੀ, ਬੰਸਰੀ; ਅਲਗੋਜ਼ਾ।

دو زبان ***ਦੋ-ਜ਼ਬਾਨ*** : ਦਗਾ ਦੇਣ ਵਾਲਾ, ਫ਼ਰੇਬੀ; ਕਲਮ; ਮੂੰਹ ਤੇ ਕੁਝ ਦਿਲੋਂ ਕੁਝ।

دو زبانی ***ਦੋ-ਜ਼ਬਾਨੀ*** : ਮਕਰ, ਫ਼ਰੇਬ।

دوزخ ***ਦੋਜ਼ਖ਼*** : ਨਰਕ; ਹਸਦ; ਈਰਖਾ; ਭੈੜੀ ਸੰਗਤ, ਢਿੱਡ।

دوزخی ***ਦੋਜ਼ਖ਼ੀ*** : ਦੋਜ਼ਖ ਨਾਲ ਸਬੰਧਤ, ਨਰਕੀ; ਪਾਪੀ; ਪੇਟੂ।

دوزندگی ***ਦੋਜ਼ੰਦਗੀ*** : ਕੱਪੜੇ ਸਿਊਣਾ, ਦਰਜ਼ੀਪੁਣਾ।

دوزنه ***ਦੋਜ਼ਨਾ*** : ਸੂਈ ਦਾ ਨੱਕਾ, ਸੂਈ ਦੀ ਨੋਕ; ਧਮੂੜੀ ਜਾਂ ਡੇਮੂੰ ਦਾ ਡੰਗ।

دوزیره ***ਦੋਜ਼ੀਰਾ*** : ਇਕ ਪਰਕਾਰ ਦੇ ਚੌਲ।

دوست ***ਦੋਸਤ*** : ਯਾਰ, ਪਿਆਰਾ, ਸਾਥੀ, ਸੰਗੀ; ਖ਼ੈਰਖਾਹ।

دوستار ***ਦੋਸਤਾਰ*** : ਪਿਆਰਾ, ਮੈਹਬੂਬ।

دوستدار ***ਦੋਸਤਦਾਰ*** : ਯਾਰ, ਮਿੱਤਰ।

دوستکام ***ਦੋਸਤਕਾਮ*** : ਓਹ ਆਦਮੀ ਜਿਸ ਦਾ ਮੰਤਵ ਦੋਸਤਾਂ ਦੀ ਮੁਰਾਦ ਮੁਤਾਬਕ ਹੋਵੇ।

دوستکامی ***ਦੋਸਤਕਾਮੀ*** : ਆਪਣੇ ਹਿੱਸੇ ਦਾ ਸ਼ਰਾਬ ਪਿਆਲਾ ਦੂਜੇ ਨੂੰ ਦੇ ਦੇਣਾ; ਸ਼ਰਾਬ ਦੇ ਪਿਆਲੇ ਜੋ ਦੋਸਤ ਪਰਸਪਰ ਇਕ ਦੂਜੇ ਨੂੰ ਦਿੰਦੇ ਹਨ ਕਿ ਫ਼ਲਾਣੇ ਆਦਮੀ ਦੀ ਯਾਦ ਵਿਚ ਪੀਓ; ਦੂਜੇ ਦੀ ਆਉਭਗਤ ਕਰਨਾ।

دوستی ***ਦੋਸਤੀ***, **دوستداری** ***ਦੋਸਤਦਾਰੀ*** : ਯਾਰੀ, ਮਿੱਤਰਤਾ।

دوسر ***ਦੋਸਰ*** : ਫ਼ਰੇਬੀ, ਜਿਸ ਦਾ ਅੰਦਰ ਬਾਹਰ ਇਕ ਨਾ ਹੋਵੇ।

دوسری ***ਦੋਸਰੀ*** : ਫ਼ਰੇਬ, ਮਕਰ, ਧੋਖਾ; ਇਕ ਪਰਕਾਰ ਦਾ ਤੰਬੂ; ਕਜਾਵਾ, ਢਕਣ ਦਾ ਕੱਪੜਾ।

دو سرای ***ਦੋ ਸਰਾਯ*** : ਦੋ ਜਹਾਨ, ਲੋਕ-ਪਰਲੋਕ।

دو سنگ ***ਦੋ ਸੰਗ*** : ਦੋ ਪੱਥਰ ਭਾਵ ਦੋ ਪਹਾੜ 'ਸਫ਼ਾ' ਤੇ 'ਮਰਵਾਹ' ਜੋ ਮੱਕੇ ਦੇ ਨੇੜੇ ਹਨ।

دوسیدن ***ਦੋਸੀਦਨ*** : ਚਿਪਕਣਾ।

دوش ***ਦੋਸ਼*** : ਮੋਢਾ; ਬੀਤ ਚੁੱਕੀ ਰਾਤ; ਸੁਫਨਾ; ਇਕ ਪਰਕਾਰ ਦੀ ਲਾਖ; ਮੂਰਖ, ਮੂੜ੍ਹ, ਦੁਧ (ਚੋ)।

دوشا ***ਦੋਸ਼ਾ*** : ਦੁੱਧ ਦੇਣ ਵਾਲਾ ਪਸ਼ੂ; ਗਾਂ, ਮੱਝ ਆਦਿ; ਦੁੱਧ ਵਾਲਾ ਭਾਂਡਾ।

دوشاب ***ਦੋਸ਼ਾਬ*** : ਅੰਗੂਰ ਜਾਂ ਛੁਹਾਰੇ ਦਾ ਰਸ; ਬੇਹਾ ਪਾਣੀ।

دوشابدل ***ਦੋਸ਼ਾਬ ਦਿਲ*** : ਮਿਲਣਸਾਰ, ਮਿਲਾਪੜਾ; ਜਿਸ ਦਾ ਦਿਲ ਹਰ ਵੇਲੇ ਕਿਸੇ ਚੀਜ਼ ਦੀ ਇੱਛਾ ਕਰੇ।

دوشابدلی ***ਦੋਸ਼ਾਬ ਦਿਲੀ*** : ਹਰ ਵੇਲੇ ਕਿਸੇ ਚੀਜ਼ ਦੀ ਇੱਛਾ ਕਰਨਾ, ਜਿਵੇਂ ਗਰਭਵਤੀ ਇਸਤਰੀਆਂ ਨੂੰ ਕਿਸੇ ਖ਼ਾਸ ਚੀਜ਼ ਲਈ ਹੁੰਦੀ ਹੈ।

دوشابگر ***ਦੋਸ਼ਾਬਗਰ*** : ਰਸ ਬਣਾਉਣ ਵਾਲਾ।

دوشاخه ***ਦੋ ਸ਼ਾਖ਼ਾ*** : ਦੋ ਸ਼ਾਖਾਂ ਵਾਲੀ ਲੱਕੜ ਜਿਸ ਨੂੰ ਸਜ਼ਾ ਦੇ ਤੌਰ ਤੇ ਦੋਸ਼ੀਆਂ ਦੀ ਧੌਣ 'ਤੇ ਰੱਖਦੇ ਹਨ, ਮੁਜਰਮ ਦੀ ਧੌਣ ਨੂੰ ਫਸਾਉਣ ਵਾਲਾ ਸ਼ਿਕੰਜਾ।

دوشال ***ਦੋਸ਼ਾਲ***, **دوشاله** ***ਦੋਸ਼ਾਲਾ*** : ਪਸ਼ਮੀਨੇ ਦੀ ਕੱਢੀ ਹੋਈ ਦੋਹਰੀ ਚਾਦਰ; ਫ਼ਰਦ।

دوشاهین ***ਦੋ ਸ਼ਾਹੀਨ*** : ਦੋ ਸਤਾਰੇ; ਤਰਾਜੂ

ਦਾ ਦਸਤਾ; ਇਕ ਪਰਕਾਰ ਦਾ ਤੀਰ।

دوشک ***ਦੌਸ਼ਕ*** : ਤੋਸ਼ਕ; ਬਿਸਤਰੇ 'ਤੇ ਵਿਛਾਉਣ ਵਾਲਾ ਰੂੰ-ਦਾਰ ਕੱਪੜਾ; ਤਲਾਈ; ਨਿਹਾਲੀ।

دوشنبه ***ਦੋਸ਼ੰਬਾ*** : ਸੋਮਵਾਰ; ਪੀਰ ਦਾ ਦਿਨ।

دوشنده ***ਦੋਸ਼ੰਦਾ*** : ਦੁੱਧ ਚੋਣ ਵਾਲਾ।

دوشنه ***ਦੋਸ਼ਨਾ,*** **دوشه** ***ਦੋਸ਼ਾ*** : ਦੁੱਧ ਚੋਣ ਦਾ ਭਾਂਡਾ, ਦੋਹਣਾ।

دوشیزه ***ਦੋਸ਼ੀਜ਼ਾ*** : ਕੁਆਰੀ ਲੜਕੀ।

دوشیزگانِ جنت ***ਦੋਸ਼ੀਜ਼ਗਾਨ-ਏ-ਜੰਨਤ*** : ਬਹਿਸ਼ਤ ਦੀਆਂ ਹੂਰਾਂ।

دوشیزگی ***ਦੋਸ਼ੀਜ਼ਗੀ*** : ਕੁਆਰਾਪਣ।

دوصاد ***ਦੋ ਸਾਦ*** : ਦੋਵੇਂ ਅੱਖਾਂ।

دوصحن ***ਦੋ ਸਿਹਨ*** : ਜ਼ਮੀਨ ਤੇ ਅਸਮਾਨ।

دوطفلِ پسندیده ***ਦੋ ਤਿਫ਼ਲ-ਏ-ਪਸੰਦੀਦਾ,*** **دوطفلِ نور** ***ਦੋ ਤਿਫ਼ਲ-ਏ-ਨੂਰ,*** **دوطفل هنود** ***ਦੋ ਤਿਫ਼ਲ-ਏ-ਹੁਨੂਦ*** : ਅੱਖਾਂ ਦੀਆਂ ਪੁਤਲੀਆਂ।

دوطوطی ***ਦੋ ਤੂਤ਼ੀ*** : ਮਸ਼ੂਕ ਦੇ ਦੋਵੇਂ ਹੋਠ।

دوعلوی ***ਦੋ ਉਲਵੀ*** : ਸਤਾਰਾ ਸ਼ੱਨਿਚਰ ਦੇ ਬਿਸ੍ਰਪਸਤ।

دوعملی ***ਦੋ ਅਮਲੀ*** : ਭੈੜਾ ਪਰਬੰਧ।

دوغ ***ਦੂਗ਼,*** **دوغ آبه** ***ਦੂਗ਼-ਏ-ਆਬਾ*** : ਲੱਸੀ, ਛਾਛ, ਦੁੱਧ ਦੀ ਲੱਸੀ; ਕੱਚੀ ਲੱਸੀ।

دوغبا ***ਦੂਗ਼ਬਾ*** : ਲੱਸੀ ਨਾਲ ਬਣਿਆ ਸਾਲਨ, ਕੜ੍ਹੀ।

دوغو ***ਦੂਗ਼ੂ*** : ਗਰਮ ਕੀਤੇ ਘਿਓ ਉੱਪਰ ਆਈ ਮੈਲ ਜਾਂ ਛਾਛ।

دوغه/دوغینه ***ਦੂਗ਼ਾ/ਦੂਗ਼ੀਨਾ*** : ਘਿਓ ਸਾਫ਼ ਕਰਨ ਦਾ ਸੰਦ।

دوقول ***ਦੋ ਕ਼ੌਲ*** : ਦੋ ਵਚਨ; ਝੂਠੀ ਗੱਲ।

دوک ***ਦੂਕ*** : ਤੱਕਲਾ।

دوکدان ***ਦੂਕਦਾਨ*** : ਚਰਖ਼ਾ।

دوک ریسه ***ਦੂਕ-ਏ-ਰੀਸਾ*** : ਰੱਸੀ ਵੱਢਣ ਦੀ ਚਰਖ਼ੀ।

دوکعبتین ***ਦੋ ਕਅਬਤੈਨ*** : ਸੂਰਜ ਤੇ ਚੰਦ।

دوکون ***ਦੋ ਕੌਨ*** : ਦੋ ਸੰਸਾਰ, ਏਹ ਜਗਤ ਤੇ ਅਗਲਾ ਜਹਾਨ, ਲੋਕ-ਪਰਲੋਕ।

دوگان ***ਦੋ ਗਾਨ*** : ਦੂੱਗਣਾ।

دوگانه ***ਦੋ ਗਾਨਾ*** : ਦੋ ਨਾਲ ਸਬੰਧਤ, ਨਮਾਜ਼ ਦੀਆਂ ਦੋ ਰਕਅਤਾਂ ; ਸ਼ੁਕਰਾਨੇ ਦੀ ਨਮਾਜ਼; ਜੁੜਵਾਂ।

دول ***ਦਵਲ,*** **دول** ***ਦਿਵਲ*** : (ਦੌਲਤ دولت ***ਦਾ ਬੌਹਵਚਨ) ਦੌਲਤਾਂ, ਧਨ ਮਾਲ; ਚੰਗੀ ਕਿਸਮਤ।***

دول ***ਦੋਲ*** : ਡੋਲ; ਬਾਲਟੀ; ਮਟਕਾ; ਇਕ ਰਾਸ਼ੀ ਦਾ ਨਾਮ ; 'ਦਲਵ' ਇਕ ਹਾਲ ਤੋਂ ਦੂਜੇ ਹਾਲ ਵਿਚ ਬਦਲਣਾ; ਜਹਾਜ਼ ਦਾ ਮਸਤੂਲ; ਬਟੂਆ; ਖੀਸਾ; ਥੈਲੀ; ਕਮੀਨਾ; ਨਿਕੰਮਾ।

دولا ***ਦੋ ਲਾ*** : ਦੂਣਾ; ਦੋਹਰਾ।

دولا ***ਦੂਲਾ*** : ਪਾਣੀ ਜਾਂ ਸ਼ਰਾਬ ਦਾ ਮੱਟ।

دولاب ***ਦੂਲਾਬ,*** **دولاب** ***ਦੋਲਾਬ*** : ਖ਼ੂਹ ਦੀ ਚਰਖੀ; ਰੈਹਟ।

دولاب گردانی ***ਦੋਲਾਬ ਗਰਦਾਨੀ*** : ਦੂਜਿਆਂ ਦੇ ਮਾਲ 'ਤੇ ਕੰਮ ਚਲਾਉਣਾ; ਬੇਸਰਮਾਇਆ ਹੋਣਾ।

دولابِ مینا ***ਦੋਲਾਬ-ਏ-ਮੀਨਾ*** : ਅਸਮਾਨ।

دولابی ***ਦੋਲਾਬੀ*** : ਹਲਟ ਨਾਲ ਸਬੰਧਤ।

دولابه ***ਦੋਲਾਬਾ*** : ਗਰਾਰੀ; ਹਲਟੀ; ਅਲਮਾਰੀ।

دولایی ***ਦੋਲਾਈ*** : ਤੈਹ ਵਾਲਾ ਕੱਪੜਾ ਜਿਸ ਵਿਚ ਅਸਤਰ ਤੇ ਅਬਰਾ ਦੋਵੇਂ ਹੋਣ।

دولبند ***ਦੋਲਬੰਦ*** : ਪਗੜੀ, ਦਸਤਾਰ; ਕਮਰਬੰਦ; ਪਟਕਾ।

دولت ***ਦੌਲਤ*** : ਧਨ, ਮਾਲ; ਸਮੇਂ ਦਾ ਅਨੁਕੂਲ ਹੋਣਾ; ਚੜ੍ਹਤ; ਕਿਸਮਤ ਦੇ ਚੰਗੇ ਗੇੜ; ਸ਼ਕਤੀ; ਜਿਤ; ਰਾਜ; ਸ਼ਾਹੀ ਖ਼ਾਨਦਾਨ; ਨੌਬਤ; ਗ਼ਲਬਾ।

دولت اندیش ***ਦੌਲਤ-ਅੰਦੇਸ਼*** : ਰਾਜ ਦਾ ਫ਼ਿਕਰ ਕਰਨ ਵਾਲਾ।

دولتِ بیدار ***ਦੌਲਤ-ਏ-ਬੇਦਾਰ*** :

ਓਹ ਮਾਲ ਜਿਸ ਤੋਂ ਫ਼ਾਇਦਾ ਉਠਾਇਆ ਜਾਵੇ।

دولتِ تیز ***ਦੌਲਤ-ਏ-ਤੇਜ਼*** : ਓਹ ਦੌਲਤ ਜੋ ਕਿਸੇ ਨੂੰ ਉਸ ਦੀ ਯੋਗਤਾ ਤੋਂ ਵਧ ਕੇ ਝੱਟ-ਪੱਟ ਮਿਲ ਜਾਵੇ।

دولتخانه ***ਦੌਲਤ-ਖ਼ਾਨਾ*** : ਘਰ, ਮਕਾਨ।

دولتخدا ***ਦੌਲਤ-ਖ਼ੁਦਾ*** : ਦੌਲਤ ਦਾ ਮਾਲਕ; ਦੌਲਤਮੰਦ।

دولتخدائی ***ਦੌਲਤ-ਖ਼ੁਦਾਈ*** : ਦੌਲਤਮੰਦੀ; ਅਮੀਰੀ।

دولتِ خوابیده ***ਦੌਲਤ-ਏ-ਖ਼ਾਬੀਦਾ,*** **دولتِ خفته** ***ਦੌਲਤ-ਏ-ਖ਼ੁਫ਼ਤਾ*** : ਓਹ ਦੌਲਤ ਜਿਸ ਤੋਂ ਲਾਭ ਨਾ ਉਠਾਇਆ ਜਾ ਸਕੇ।

دولتخواه ***ਦੌਲਤ-ਖ਼ਾਹ*** : ਸ਼ੁਭਚਿੰਤਕ।

دولتخواهی ***ਦੌਲਤ-ਖ਼ਾਹੀ*** : ਸ਼ੁਭ ਇਛਾਵਾਂ।

دولتسرا ***ਦੌਲਤ-ਸਰਾ*** : ਦੌਲਤ ਜਾਂ ਰਾਜ ਦਾ ਜਸ ਕਰਨ ਵਾਲਾ; ਪਰਸ਼ੰਸਕ।

دولتعثمانی(عثمانیه) ***ਦੌਲਤ-ਏ-ਉਸਮਾਨੀ (ਉਸਮਾਨੀਯਾ)*** : ਭਾਵ ਤੁਰਕੀ ਦੀ ਸਲਤਨਤ ਕਿਉਂਕਿ ਤੁਰਕ ਦੇ ਬਾਦਸ਼ਾਹ ਸੁਲਤਾਨ ਉਸਮਾਨ-ਅਵੱਲ ਦੀ ਔਲਾਦ ਵਿਚੋਂ ਸਨ, ਜਿਨ੍ਹਾਂ ਦਾ ਖ਼ਾਨਦਾਨ ਲਗਭਗ ਛੇ ਸੌ ਸਾਲ ਤੱਕ ਰਾਜ ਕਰਦਾ ਰਿਹਾ, ਉਸ ਸਮੇਂ ਤੁਰਕੀ ਦੀ ਰਾਜਧਾਨੀ ਕੁਸਤੁਨਤੁਨੀਆ ਸੀ, ੧੯੧੪ ਵਾਲੇ ਪੈਹਲੇ ਵਿਸ਼ਵ ਯੁਧ ਤੋਂ ਕੁਝ ਚਿਰ ਪਿਛੋਂ ਉਥੇ ਲੋਕ-ਰਾਜ ਹੋ ਗਿਆ; ਤੇ ਸਾਮਰਾਜਕਤਾ ਖ਼ਤਮ ਹੋ ਗਈ, ਇਸ ਲੋਕ ਰਾਜ ਦਾ ਪੈਹਲਾ ਪਰਧਾਨ ਮੁਸਤਫ਼ਾ ਕਮਾਲ ਪਾਸ਼ਾ ਬਣਿਆ ਅਤੇ ਰਾਜਧਾਨੀ ਕੁਸਤੁਨਤੁਨੀਆ ਤੋਂ ਅਨਕਾਰਾ ਆ ਗਈ।

دولتمند ***ਦੌਲਤਮੰਦ*** : ਧਨਵਾਨ, ਧਨਾਢ।

دولتی ***ਦੌਲਤੀ*** : ਸਰਕਾਰੀ।

دولتیاب ***ਦੌਲਤਯਾਬ*** : ਭਾਗਾਂ ਵਾਲਾ; ਰੱਜਿਆ-ਪੁੱਜਿਆ।

دول خارجه ***ਦਿਵਲ-ਏ-ਖ਼ਾਰਿਜਾ*** : ਦੂਜੇ ਰਾਜ, ਬਾਹਰਲੀਆਂ ਹਕੂਮਤਾਂ।

دوله ***ਦੌਲਾ*** : ਗੋਲ ਦਾਇਰਾ, ਚੱਕਰ; ਵਾਵਰੋਲਾ; ਸ਼ਰਾਬ ਦਾ ਪਿਆਲਾ; ਮਸ਼ੂਕ ਦੀ ਜ਼ੁਲਫ਼।

دولیه ***ਦੌਲੀਯਾ*** : 'ਦਿਵਲ' (ਹਕੂਮਤਾਂ) ਨਾਲ ਸਬੰਧਤ; ਅੰਤਰ-ਰਾਸ਼ਟਰੀ।

دوم ***ਦੂਵੁਮ*** : ਦੂਜਾ; ਅੰਗੂਠੀ ਵਾਲੀ ਉਂਗਲ।

دومار ***ਦੋ ਮਾਰ*** : ਜ਼ੁੱਹਾਕ ਬਾਦਸ਼ਾਹ, ਕਿਉਂਕਿ ਉਸ ਦੇ ਦੋਹਾਂ ਮੋਢਿਆਂ ਤੇ ਦੋ ਸੱਪ ਦੱਸੇ ਜਾਂਦੇ ਸਨ ਜੋ ਮਾਸਖ਼ੋਰੇ ਵਰਗੇ ਦੋ ਫੋੜੇ ਸਨ।

دومرجان ***ਦੋ ਮਰਜਾਨ*** : ਮਸ਼ੂਕ ਦੇ ਦੋਵੇਂ ਹੋਂਠ।

دومرغ ***ਦੋ ਮੁਰਗ਼*** : ਰੂਹ ਤੇ ਬੋਲਣ ਦੀ ਸ਼ਕਤੀ।

دومستآهو ***ਦੋ ਮਸਤ ਆਹੂ*** : ਮਸ਼ੂਕ ਦੀਆਂ ਦੋਵੇਂ ਅੱਖਾਂ।

دومغز ***ਦੋ ਮਗ਼ਜ਼*** : ਬਦਾਮ।

دومغزه ***ਦੋ ਮਗ਼ਜ਼ਾ*** : ਮੋਟਾ ਤਾਜ਼ਾ, ਭਰਿਆ ਹੋਇਆ।

دومو ***ਦੋ ਮੂ*** : ਕਾਲੇ ਚਿੱਟੇ ਵਾਲਾਂ ਵਾਲਾ; ਅੱਧਖੜ ਆਦਮੀ; ਕਰੜ-ਬਰੜੇ ਵਾਲਾਂ ਵਾਲਾ।

دومیخ ***ਦੋ ਮੇਖ਼*** : ਉੱਤਰੀ ਤੇ ਦੱਖਣੀ ਧਰੂ ਤਾਰੇ।

دون ***ਦੂਨ*** : ਕਮੀਨਾ, ਘਟੀਆ, ਗਿਆ ਗੁਜ਼ਰਿਆ, ਨਕਾਰਾ, ਸੁਸਤ; ਬਦਨਾਮ; ਕੰਜੂਸ; ਹੇਠਾਂ, ਥੱਲੇ; ਥੋੜ੍ਹਾ; ਦੂਜਾ; ਨੇੜੇ, ਕੋਲ।

دونان ***ਦੂਨਾਨ*** : ਕਮੀਨੇ।

دونانِ گرم وسرد ***ਦੂਨਾਨ-ਏ-ਗਰਮ-ਉ-ਸਰਦ*** : ਸੂਰਜ ਤੇ ਚੰਦ।

دونهمت ***ਦੂਨ ਹਿੰਮਤ*** : ਨਕਾਰਾ; ਸਾਹਸਹੀਣ।

دونیم ***ਦੋ ਨੀਮ*** : ਇਕ ਚੀਜ਼ ਦੇ ਬਰਾਬਰ ਦੇ ਦੋ ਹਿੱਸੇ; ਅੱਧੋ ਅੱਧ।

دوهاروتِ کافر ***ਦੋ ਹਾਰੂਤ-ਏ-ਕਾਫ਼ਿਰ***

: ਜਾਦੂਗਰ ਦੀਆਂ ਅੱਖਾਂ; ਮਸ਼ੂਕ ਦੀਆਂ ਅੱਖਾਂ; ਮਸ਼ੂਕ ਦੀਆਂ ਜ਼ੁਲਫਾਂ।

دوهمزاد ***ਦੋ ਹਮਜ਼ਾਦ*** : ਜੁੜਵੇਂ ਬੱਚੇ, ਜੌੜੇ।

دوهندوئ طفل ***ਦੋ ਹਿੰਦੂ-ਏ-ਤਿਫ਼ਲ*** : ਅੱਖਾਂ ਦੀਆਂ ਪੁਤਲੀਆਂ।

دوئی ***ਦੂਈ*** : ਦਵੈਤ।

دویت ***ਦਵੈਤ*** : (ਦਵਾਤ **دوات** ਵਿਚ ਰੂਪਾਂਤਰ) ਸਿਆਹੀ ਰੱਖਣ ਦਾ ਪਾਤਰ।

دویت آشور ***ਦਵੈਤ-ਆਸ਼ੂਰ*** : ਦਵਾਤ ਵਿੱਚ ਸਿਆਹੀ ਹਿਲਾਉਣ ਦਾ ਡੱਕਾ।

دویدن ***ਦਵੀਦਨ*** : ਦੌੜਨਾ, ਭੱਜਣਾ, ਨੱਸਣਾ।

دویدنِ چشم ***ਦਵੀਦਨ-ਏ-ਚਸ਼ਮ*** : ਕਿਸੇ ਚੀਜ਼ ਦੀ ਭਾਲ ਵਿਚ ਨਜ਼ਰ ਦੁੜਾਉਣਾ।

دویدگی ***ਦਵੀਦਗੀ*** : ਦੌੜ, ਨੱਸ-ਭੱਜ।

دویده ***ਦਵੀਦਾ*** : ਪਰਸਿੱਧੀ ਵਾਲਾ; ਦੌੜਿਆ ਹੋਇਆ; ਭੱਜਿਆ ਹੋਇਆ, ਮਸ਼ਹੂਰ।

دویر ***ਦੂਵੀਰ*** : (ਦੂਬੀਰ **دبیر**) ਮੁਨਸ਼ੀ; ਸ਼ਾਇਰ; ਕਵੀ।

دویره ***ਦਵੀਰਾ*** : ਜੂਆ ਖੇਡਣ ਦਾ ਤਸਮਾ।

دویست ***ਦੂਵੀਸਤ*** : ਦੋ ਸੌ (੨੦੦)।

دویک ***ਦੋ ਯਕ*** : ਆਖ਼ਰੀ ਸਾਹ, ਅੰਤਮ ਸਵਾਸ।

دویل ***ਦੂਵੀਲ*** : ਮੋਟਾ ਰੇਸ਼ਮ; ਮਕਰ; ਹੀਲਾ, ਫ਼ਰੇਬ।

دویم ***ਦੂਯੁਮ***, **دویمین** ***ਦੂਯੁਮੀਨ*** : ਦੂਜਾ, ਦੂਸਰਾ।

ده ***ਦਹ*** : ਦਸ (੧੦)।

دهچند ***ਦਹ-ਚੰਦ*** : ਦਸ ਗੁਣਾ।

ده ***ਦਿਹ*** : ਪਿੰਡ; ਦੂਰ ਹੋ, ਹਟ ਪਰੇ; (ਘਿਰਨਾ ਵਾਚੀ ਸ਼ਬਦ) ਤੂੰ ਦੇ।

دهات ***ਦਿਹਾਤ*** : (ਦਿਹ **ده** ਦਾ ਬੌਹਵਚਨ) ਪਿੰਡ।

دها ***ਦਹਾ*** : ਮੁਹੱਰਮ ਦੇ ਦਸ ਦਿਨ, ਅਕਲਮੰਦੀ।

دهار ***ਦਹਾਰ*** : ਖੋਹ, ਖੱਡ, ਖੁੰਦਰ।

دهاقین ***ਦਹਾਕ਼ੀਨ*** : (ਦਿਹਕ਼ਾਨ **دهقان** ਦਾ ਬੌਹਵਚਨ) ਪਿੰਡਾਂ ਦੇ ਵਸਨੀਕ, ਕਿਸਾਨ।

دهالیز ***ਦਹਾਲੀਜ਼*** : (ਦਿਹਲੀਜ਼ **دهلیز** ਦਾ ਬੌਹਵਚਨ), ਦੈਹਲੀਜਾਂ; ਪਾਣੀ ਠੈਹਰਨ ਦੀ ਥਾਂ; ਦਿਲ ਦੇ ਅੰਦਰਲੀ ਖਾਲੀ ਥਾਂ।

دهان ***ਦਹਾਨ*** : ਮੂੰਹ, ਵਾਤ।

دهان بند ***ਦਹਾਨ-ਬੰਦ*** : ਬੱਕਰੀਆਂ ਦੇ ਗਲ ਵਿਚ ਪਾਇਆ ਹੋਇਆ ਤਵੀਤ, ਜੋ ਬਘਿਆੜ ਤੋਂ ਸੁਰੱਖਿਅਤ ਰੱਖਣ ਲਈ ਪਾਉਂਦੇ ਹਨ, ਜ਼ਬਾਨਬੰਦੀ ਦਾ ਤਵੀਤ।

دهان درا ***ਦਹਾਨ-ਦਰਾ*** : ਉਬਾਸੀ।

دهان دریده ***ਦਹਾਨ-ਦਰੀਦਾ*** : ਮੂੰਹ-ਫੱਟ।

دهان گیر ***ਦਹਾਨਗੀਰ*** : ਬਕਵਾਸ ਕਰਨ ਤੋਂ ਲੋਕਾਂ ਦਾ ਮੂੰਹ ਬੰਦ ਕਰਨ ਵਾਲਾ।

دهانه ***ਦਹਾਨਾ*** : ਲਗਾਮ; ਜ਼ੰਗ, ਮੂੰਹ ਵਰਗੀਆਂ ਚੀਜ਼ਾਂ ਜਿਵੇਂ ਮਸ਼ੂਕ ਦਾ ਮੂੰਹ; ਨਦੀ, ਚਸ਼ਮੇ, ਆਦਿ ਦੇ ਨਿਕਲਣ ਦਾ ਸਰੋਤ, ਸੋਮਾ; ਮੂੰਹ, ਮੋਰੀ ਦੇ ਪਾਸੇ, ਮੋਰੀ ਦਾ ਮੂੰਹ।

دهاودهش ***ਦਹਾ-ਉ-ਦਿਹਸ਼*** : ਬਖਸ਼ਸ਼, ਇਨਾਮ।

ده پانزده ***ਦਹ ਪਾਜ਼ਦਹ*** : ਸਜਾਵਟ, ਹਾਰ ਸ਼ਿੰਗਾਰ।

ده پنجی ***ਦਹ ਪੰਜੀ*** : ਖੋਟਾ ਸਿੱਕਾ।

دهچه ***ਦਿਹਚਾ*** : ਜ਼ਮੀਂਦਾਰ, ਦੇਹਾਤੀ, ਪੇਂਡੂ, ਪਰਜਾ ਦੇ ਲੋਕ, ਪਰਜਾ।

ده حواس ***ਦਹ ਹਵਾਸ*** : ਪੰਜ ਅੰਤਰਮੁਖੀ ਤੇ ਪੰਜ ਬਾਹਰਮੁਖੀ ਇੰਦਰੇ।

دهخدا ***ਦਿਹਖ਼ੁਦਾ***, **دهخدای** ***ਦਿਹਖ਼ੁਦਾਯ*** : ਪਿੰਡ ਦਾ ਮਾਲਕ, ਪਿੰਡ ਦਾ ਰਈਸ, ਮੁਖੀਆ।

دهدله ***ਦਹ ਦਿਲਾ*** : ਬਹਾਦਰ, ਦਲੇਰ; ਬੇਵਫ਼ਾ, ਵੈਰੀ, ਪਰੇਸ਼ਾਨ,ਧਰਮਹੀਣ।

دهده ***ਦਹ ਦਿਹ***, **دهدهی** ***ਦਹ ਦਿਹੀ*** : ਖਰਾ ਸੋਨਾ, ਇਸ ਸਮੇਂ 'ਚ ਚੱਲਣ ਵਾਲਾ ਸਿੱਕਾ।

دهر ***ਦਹਰ*** : ਸਮਾਂ, ਕਾਲ, ਜ਼ਮਾਨਾ, ਸਮੇਂ ਦਾ ਉਤਰਾ-ਚੜ੍ਹਾ; ਆਫ਼ਤ, ਬਿਪਤਾ, ਨਿਰੰਤਰਤਾ, ਭਾਗ, ਨਸੀਬ।

دهری ***ਦਹਰੀ*** : ਲੌਕਿਕ।

دهرگ ***ਦਹ ਰਗ,*** **دهرگه** ***ਦਹ ਰਗਾ*** : ਬੜਾ ਬਹਾਦਰ, ਅਣਖੀਲਾ, ਤਜਰਬੇਕਾਰ, ਹਰਾਮਜ਼ਾਦਾ।

دهروز ***ਦਹ ਰੋਜ਼*** : ਦਸ ਦਿਨ, ਥੋੜਾ ਸਮਾਂ, ਘੱਟ ਮੁੱਦਤ।

دهریش ***ਦਹਰੀਸ਼*** : ਸੰਘਣੀ ਦਾੜ੍ਹੀ।

دهزبان ***ਦਹ-ਜ਼ਬਾਨ*** : ਇਕ ਗੱਲ 'ਤੇ ਕਾਇਮ ਨਾ ਰੈਹਣ ਵਾਲਾ, ਗੱਲ ਤੋਂ ਫਿਰ ਜਾਣ ਵਾਲਾ।

دهزبانی ***ਦਹ-ਜ਼ਬਾਨੀ*** : ਗੱਲ ਤੋਂ ਫਿਰ ਜਾਣਾ।

دهستان ***ਦਿਹਸਤਾਨ*** : ਪਿੰਡ।

دهش ***ਦਿਹਸ਼*** : ਬਖਸ਼ਸ਼, ਦਾਨ, ਇਨਾਮ।

دهشت ***ਦਹਸ਼ਤ*** : ਡਰ, ਭੈ, ਪਰੇਸ਼ਾਨੀ, ਹੈਰਾਨੀ।

دهشت‌انگیز ***ਦਹਸ਼ਤ-ਅੰਗੇਜ਼,*** **دهشت ناک** ***ਦਹਸ਼ਤਨਾਕ*** : ਡਰਾਉਣਾ, ਭਿਆਨਕ।

دهشت‌زده ***ਦਹਸ਼ਤ-ਜ਼ਦਾ*** : ਭੈਭੀਤ, ਸੈਹਮਿਆ ਹੋਇਆ।

دهقان ***ਦਿਹਕਾਨ*** : (ਦਿਹਗਾਨ **دهگان** ਦਾ ਅਰਬੀ ਰੂਪਾਂਤਰ) ਪਿੰਡ ਵਾਲਾ, ਪੇਂਡੂ, ਗੰਵਾਰ, ਜ਼ਮੀਂਦਾਰ, ਕਿਸਾਨ।

دهقانِ پیر ***ਦਿਹਕ਼ਾਨ-ਏ-ਪੀਰ*** : ਇਤਹਾਸ ਦਾ ਵਿਸ਼ੇਸ਼ਗ; ਪੁਰਾਣੀ ਸ਼ਰਾਬ, ਅੰਗੂਰੀ ਸ਼ਰਾਬ।

دهقانِ خلد ***ਦਿਹਕਾਨ-ਏ-ਖ਼ੁਲਦ*** : ਜੰਨਤ ਦਾ ਦਰਬਾਨ, ਰਿਜ਼ਵਾਨ।

دهقانی ***ਦਿਹਕਾਨੀ*** : ਦਿਹਕਾਨ ਨਾਲ ਸਬੰਧਤ।

دهقانیت ***ਦਿਹਕਾਨੀਯਤ*** : [illegible]ਤੀ ਕਰਨਾ, ਗੰਵਾਰਪੁਣਾ।

دهکده ***ਦਿਹਕਦਾ*** : ਦੇਹਾਤੀ ਮਕਾਨ, ਪਿੰਡ ਦਾ ਘਰ।

دهکیا ***ਦਿਹਕਿਯਾ*** : ਪਿੰਡ ਦਾ ਮੁਖੀਆ, ਚੌਧਰੀ।

دهگان ***ਦਿਹਗਾਨ*** : (ਦੇਖੋ **دهقان** ਦਿਹਕਾਨ) ਕਿਸਾਨ, ਮਾਮਲਾ ਲੈਣ ਵਾਲਾ, ਇਤਿਹਾਸਕਾਰ।

دهگانی ***ਦਿਹਗਾਨੀ*** : ਇਕ ਪੁਰਾਣਾ ਸਿੱਕਾ, ਕਿਰਸਾਣੀ।

دهل ***ਦੁਹਲ*** : ਢੋਲ, ਨਗਾਰਾ।

دهلباز ***ਦੁਹਲਬਾਜ਼,*** **دهلزن** ***ਦੁਹਲ-ਜ਼ਨ*** : ਢੋਲ ਵਜਾਉਣ ਵਾਲਾ, ਢੋਲਚੀ।

دهلیز ***ਦਹਿਲੀਜ਼/ਦਿਹਲੀਜ਼*** : ਚੌਖਟ।

دهم ***ਦਹੁਮ*** : ਦਸੂਵਾਂ ਹਿੱਸਾ (੧/੧੦)।

دهمرد ***ਦਹ ਮਰਦ*** : ਓਹ ਚੀਜ਼ ਜੋ ਦਸ ਮਰਦਾਂ ਨਾਲ ਸਬੰਧਤ ਹੋਵੇ, ਬੌਹਤ ਜ਼ਿਆਦਾ।

دهمرده ***ਦਹਮਰਦਾ,*** **دهمردهگو** ***ਦਹਮਰਦਾ-ਗੋ*** : ਗੱਪੀ, ਝੂਠਾ, ਬਕਵਾਸੀ।

دهن ***ਦਹਨ*** : (ਦਹਾਨ **دهان** ਦਾ ਸੰਖਿਪਤ ਰੂਪ) ਮੂੰਹ।

دهن‌بسته ***ਦਹਨਬਸਤਾ,*** **دهن‌بند** ***ਦਹਨਬੰਦ*** : ਨਕਾਬ, ਛਿੱਕਲੀ।

دهن‌تیغ ***ਦਹਨ-ਤੇਗ਼*** : ਤਲਵਾਰ ਦੀ ਧਾਰ।

دهن‌زوی ***ਦਹਨ-ਜ਼ੁਈ*** : ਕਿਸੇ ਦੀ ਕੰਨ ਵਿਚ ਕਹੀ ਹੋਈ ਗੱਲ ਦਾ ਪਤਾ ਕਰਨਾ।

دهن‌خوانی ***ਦਹਨ-ਖ਼੍ਵਾਨੀ*** : ਦੋਸ਼ ਧਰਨਾ, ਇਲਜ਼ਾਮ ਦੇਣਾ, ਮਜ਼ਾਕ ਵਜੋਂ ਕਿਸੇ ਗੱਲ ਦੀ ਨਕਲ ਕਰਨਾ।

دهن‌دریده ***ਦਹਨਦਰੀਦਾ*** : ਮੂੰਹ ਫਟ, ਬੋਲ-ਵਿਗਾੜ।

دهنده ***ਦਿਹਿੰਦਾ*** : ਦੇਣ ਵਾਲਾ, ਅਦਾ ਕਰਨ ਵਾਲਾ।

دهنه ***ਦਹਨਾ*** : ਨਦੀ ਦੇ ਨਿਕਲਣ ਦੀ ਜਗ੍ਹਾ, ਮੁਲਕ ਦੀ ਸਰਹੱਦ, ਸੀਮਾ।

دهونه/دهنه ***ਦਹਨੂਹ*** : ਸਜਾਵਟ,

ਜ਼ੇਵਰ, ਸ਼ਿੰਗਾਰ (ਕਿਉਂਕਿ ਜ਼ੇਬ ਦੇ ਅੰਕੜੇ 19 ਹਨ)।

دهودار ***ਦਿਹੋਦਾਰ, ਦਿਹ–ਉ–ਦਾਰ*** : ਦੇ ਤੇ ਲੈ, ਦੇ ਤੇ ਰੱਖ; ਲੜਾਈ ਝਗੜਾ, ਸ਼ੋਰ ਸ਼ਰਾਬਾ, ਸ਼ੇਖੀ, ਅਭਮਾਨ; ਪ਼ਿੰਡ ਤੇ ਘਰ।

دهور ***ਦੁਹੂਰ*** : (ਦਹਰ **دهر** ਦਾ ਬੌਹਵਚਨ) ਜ਼ਮਾਨੇ, ਸਮੇਂ।

دههزار(هزاران) ***ਦਹ ਹਜ਼ਾਰ (ਹਜ਼ਾਰਾਂ)*** : ਦਸ ਹਜ਼ਾਰ, ਨਰਦ ਦੀ ਚੌਥੀ ਬਾਜ਼ੀ।

دههفت ***ਦਹ ਹਫ਼ਤ*** : ਇਕ ਪਰਕਾਰ ਦਾ ਪੁਰਾਣਾ ਸਿੱਕਾ, ਖੋਟਾ ਸੋਨਾ ਜਿਸ ਦੇ ਦਸ ਮਿਸਕਾਲ ਵਿਚ ਤਿੰਨ ਮਿਸਕਾਲ ਦੀ ਖੋਟ ਹੁੰਦੀ ਹੈ।

دههلال ***ਦਹ ਹਿਲਾਲ*** : ਦਸਾਂ ਉਂਗਲਾਂ ਦੇ ਨਹੁੰਆਂ ਦੇ ਸਿਰੇ, ਦਸਾਂ ਉਂਗਲਾਂ ਦੇ ਤਰਾਸ਼ੇ ਹੋਏ ਨਹੁੰ।

دهی ***ਦਿਹੀ*** : 'ਦਿਹ' ਭਾਵ ਪਿੰਡ ਨਾਲ ਸਬੰਧਤ, ਪੇਂਡੂ ਜ਼ਮੀਂਦਾਰ, ਕਿਸਾਨ।

دهیک ***ਦਹਯਕ*** : ਦਸਵਾਂ ਹਿੱਸਾ (੧/੧੦) ਜ਼ਮੀਨ ਦਾ ਲਗਾਨ ਜੋ ਦਸਵੇਂ ਹਿੱਸੇ ਦੇ ਬਰਾਬਰ ਹੁੰਦਾ ਹੈ, ਮਸੂਲ, ਖ਼ਰਾਜ।

دهیکستان ***ਦਹਯਕ–ਸਤਾਂ,*** **دهیکگیرنده** ***ਦਹਯਕ–ਗੀਰਿੰਦਾ*** : ਖ਼ਰਾਜ ਜਾਂ ਲਗਾਨ ਵਸੂਲ ਕਰਨ ਵਾਲਾ, ਮਸੂਲ ਲੈਣ ਵਾਲਾ।

دی ***ਦੀ,*** **دیروز** ***ਦੀਰੋਜ਼/ਦੀਰੋਜ਼,*** **دیشب** ***ਦੀ ਸ਼ਬ*** : ਕਲ੍ਹ ਜੋ ਬੀਤ ਚੁੱਕਾ ਹੈ, ਬੀਤਿਆ ਹੋਇਆ ਕਲ੍ਹ, ਬੀਤੀ ਹੋਈ ਰਾਤ।

دی ***ਦੈ*** : ਦਸਵੇਂ ਸ਼ਮਸੀ (ਸੂਰਜ ਦੇ) ਮਹੀਨੇ ਦਾ ਨਾਮ ਜੋ ਮਾਘ ਦੇ ਲੱਗਪੱਗ ਹੁੰਦਾ ਹੈ, ਹਰ ਸੂਰਜੀ ਮਹੀਨੇ ਦੀ ਨੌਵੀਂ ਮਿਤੀ, ਸਖ਼ਤ ਸਰਦੀ ਦੀ ਰੁੱਤ।

دیانت ***ਦਿਯਾਨਤ*** : ਸਚਾਈ, ਈਮਾਨਦਾਰੀ, ਜ਼ਮੀਰ, ਅੰਤਹਰਣ, ਨੇਕੀ।

دیانتدار ***ਦਿਯਾਨਤਦਾਰ,*** **دیانتگر** ***ਦਿਯਾਨਤਗਰ*** : ਈਮਾਨਦਾਰ, ਸੱਚਾ।

دیانتداری ***ਦਿਯਾਨਤਦਾਰੀ,*** **دیانتگری** ***ਦਿਯਾਨਤਗਰੀ*** : ਸਚਾਈ, ਰਾਸਤੀ, ਈਮਾਨਦਾਰੀ।

دیار ***ਦਿਯਾਰ*** : (ਦਾਰ **دار** ਦਾ ਬੌਹਵਚਨ) ਘਰ, ਮਕਾਨ, ਸ਼ੈਹਰ, ਕਸਬੇ, ਮੁਲਕ, ਇਲਾਕੇ।

دیار ***ਦੱਯਾਰ*** : ਘਰ ਦਾ ਮਾਲਕ, ਵਾਸੀ, ਵਸਨੀਕ।

دیاربکر ***ਦਿਯਾਰ–ਏ–ਬਕਰ*** : ਸ਼ਾਮ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ।

دیارِمغرب ***ਦਿਯਾਰ–ਏ–ਮਗ਼ਰਿਬ*** : ਪੱਛਮੀ ਮੁਲਕ।

دیبا ***ਦੀਬਾ*** : ਇਕ ਪਰਕਾਰ ਦਾ ਬਰੀਕ ਰੇਸ਼ਮੀ ਕੱਪੜਾ; ਮਹੀਨੇ ਦੀ ਦਸਵੀਂ ਮਿਤੀ।

دیباباف ***ਦੀਬਾ–ਬਾਫ਼*** : ਰੇਸ਼ਮੀ ਕੱਪੜਾ ਬੁਣਨ ਵਾਲਾ।

دیباجی ***ਦੀਬਾਜੀ*** : ਦੀਬਾ ਬਣਾਉਣ ਵਾਲਾ, ਦੀਬਾ ਪੈਹਨਣ ਵਾਲਾ, ਰੇਸ਼ਮੀ ਕਪੜਾ।

دیبارو ***ਦੀਬਾ–ਰੂ*** : ਮਸ਼ੂਕ।

دیباگری ***ਦੀਬਾ–ਗਰੀ*** : ਕਢਾਈ ਦਾ ਕੰਮ, ਰੇਸ਼ਮੀ ਕੱਪੜੇ ਨੂੰ ਤਿਆਰ ਕਰਨ ਦਾ ਧੰਦਾ।

دیبایٔچینی ***ਦੀਬਾ–ਏ–ਚੀਨੀ*** : ਚੀਨ ਦਾ ਰੇਸ਼ਮੀ ਕੱਪੜਾ।

دیبارومی ***ਦੀਬਾ–ਏ–ਰੂਮੀ*** : ਰੂਮ ਦਾ ਰੇਸ਼ਮੀ ਕੱਪੜਾ।

دیبایٔشباندرروز ***ਦੀਬਾ–ਏ–ਸ਼ਬ ਅੰਦਰ ਰੋਜ਼*** : ਇਕ ਪਰਕਾਰ ਦਾ ਕਾਲਾ ਚਿੱਟਾ ਰੇਸ਼ਮੀ ਕੱਪੜਾ।

دیبایٔمعلم ***ਦੀਬਾ–ਏ–ਮੁਅੱਲਮ*** : ਕੱਢਿਆ ਹੋਇਆ ਬੇਲ ਬੂਟੇਦਾਰ ਰੇਸ਼ਮੀ ਕੱਪੜਾ।

دیبق ***ਦੀਬਕ਼,*** **دیباج** ***ਦੀਬਾਜ*** : ਦੀਬਾ ਦਾ ਅਰਬੀ ਰੂਪਾਂਤਰ, ਦੇਖੋ ਦੀਬਾ।

دیباجه ***ਦੀਬਾਜਾ*** : (ਦੀਬਾਚਾ **دیباچه** ਦਾ ਅਰਬੀ ਰੂਪਾਂਤਰ) ਕਿਤਾਬ ਦਾ ਪਰਾਰੰਭ, ਮੁੱਖਬੰਧ, ਭੂਮਿਕਾ; ਮੁੱਖ, ਮੁਖੜਾ, ਗਲ੍ਹ।

دیباچه ***ਦੀਬਾਚਾ*** : ਕਿਤਾਬ ਦਾ ਪਰਾਰੰਭ, ਮੁੱਖ ਬੰਧ, ਚੇਹਰਾ, ਭੂਮਿਕਾ ਮੁਖੜਾ, ਗਲ੍ਹ।

دیباچه‌بند ***ਦੀਬਾਚਾ-ਬੰਦ*** : ਮੁੱਖ-ਬੰਧ ਲਿਖਣ ਵਾਲਾ।

دیت ***ਦੀਜਤ*** : ਖ਼ੂਨ ਦਾ ਮੁੱਲ, ਖ਼ੂਨ ਦੇ ਬਦਲੇ ਲਈ ਹੋਈ ਰਕਮ, ਜੁਰਮਾਨਾ।

دیجور ***ਦੈਜ਼ੂਰ*** : ਹਨੇਰਾ, ਹਨੇਰੀ ਰਾਤ।

دیدن ***ਦੀਦਨ*** : ਵੇਖਣਾ, ਆਦਤ, ਸੁਭਾ।

دید ***ਦੀਦ*** : ਦਰਸ਼ਨ, ਨਿਰੀਖਣ।

دیدبان ***ਦੀਦਬਾਨ*** : ਨਿਸ਼ਾਨਾ ਤੱਕਣ ਦੀ ਮੋਰੀ; ਮਚਾਨ ਉਤੇ ਬੈਠਾ ਪਾਹਰੂ, ਟਾਂਗੂ, ਜਾਸੂਸ, ਨਿਗਾਹ ਰੱਖਣ ਵਾਲਾ।

دیدگاه ***ਦੀਦਗਾਹ*** : ਪੈਹਰੇਦਾਰ ਦੇ ਬੈਠਣ ਦੀ ਥਾਂ।

دیدار ***ਦੀਦਾਰ*** : ਚੇਹਰਾ, ਮੁਖੜਾ, ਮੂੰਹ; ਅੱਖ ਦੀ ਰੋਸ਼ਨੀ ਵੇਖਣਾ, ਅੱਖ; ਦਰਸ਼ਨ, ਮੁਲਾਕਾਤ।

دیده ***ਦੀਦਾ*** : ਅੱਖ, ਨੇਤਰ, ਦਲੇਰੀ, ਜੁਰਤ; ਜਿਸ ਨੇ ਬੌਹਤ ਕੁਝ ਵੇਖਿਆ ਹੋਵੇ।

دیده‌باز ***ਦੀਦਾ-ਬਾਜ਼*** : ਅੱਖ ਖੋਲ੍ਹ ਕੇ ਵੇਖਣ ਵਾਲਾ।

دیده‌براه ***ਦੀਦਾ-ਬਰਾਹ*** : ਉਡੀਕਵਾਨ।

دیده‌برداشتن ***ਦੀਦਾ-ਬਰਦਾਸ਼ਤਨ*** : ਉਡੀਕਣਾ।

دیده‌بردوختن ***ਦੀਦਾ-ਬਰਦੋਖ਼ਤਨ*** : ਵੇਖ ਕੇ ਅਣਡਿੱਠ ਕਰਨਾ, ਗ਼ਰੂਰ ਕਰਨਾ।

دیده‌پریدن ***ਦੀਦਾ ਪਰੀਦਨ*** : ਅੱਖ ਫਰਕਣਾ।

دیده‌دوز ***ਦੀਦਾ ਦੋਜ਼*** : ਵੇਖਣ ਵਾਲਾ।

دیده‌میزان ***ਦੀਦਾ-ਏ-ਮੀਜ਼ਾਨ*** : ਤਰਾਜ਼ੂ ਦਾ ਪਲੜਾ।

دیده‌ودانسته ***ਦੀਦਾ-ਉ-ਦਾਨਿਸਤਾ*** : ਜਾਣਦੇ ਬੁੱਝਦੇ ਹੋਏ, ਜਾਣ ਬੁਝ ਕੇ, ਕਿਸੇ ਖ਼ਾਸ ਮੰਤਵ ਨਾਲ।

دیده‌ور ***ਦੀਦਾਵਰ*** : ਗੌਹ ਨਾਲ, ਧਿਆਨ ਦੇਣ ਵਾਲਾ, ਸਿਆਣਾ, ਦਿਬ ਦ੍ਰਿਸ਼ਟੀ ਵਾਲਾ, ਸੱਚ ਨੂੰ ਵੇਖਣ ਵਾਲਾ।

دیده‌وری ***ਦੀਦਾਵਰੀ*** : ਸਿਆਣਪ, ਸੱਚ ਦੀ ਪਰਖ ਕਰਨਾ।

دیر ***ਦੇਰ*** : ਵਕਫ਼ਾ, ਅਰਸਾ, ਢਿੱਲ, ਚਿਰ, ਢਿੱਲ-ਮੱਠ, ਹੌਲੀ, ਕੁਝ ਚਿਰ।

دیرا ***ਦੇਰਾ*** : ਦੇਰ ਨਾਲ ਆਉਣ ਵਾਲਾ।

دیرباز ***ਦੇਰਬਾਜ਼*** : ਲੰਮੀ ਮੁੱਦਤ, ਲੰਮਾ ਸਮਾਂ।

دیربزی ***ਦੇਰ-ਬ-ਜ਼ੀ*** : ਕਾਫ਼ੀ ਚਿਰ ਜਿਊਂਦਾ ਰੌਹ (ਅਸੀਸ, ਦੁਆ)।

دیرگاه/گاهان ***ਦੇਰ-ਗਾਹ/ਗਾਹਾਨ*** : ਚਿਰ ਤਕ, ਦੇਰ ਤਕ, ਹਮੇਸ਼ਾ।

دیرمان ***ਦੇਰਮਾਨ*** : ਕਾਫ਼ੀ ਚਿਰ ਰੈਹਣ ਵਾਲਾ, ਪੱਕਾ।

دیریاب ***ਦੇਰਯਾਬ*** : ਚਿਰ ਪਿੱਛੋਂ ਸਮਝਣ ਵਾਲਾ।

دیرین ***ਦੇਰੀਨ,*** دیرینه ***ਦੇਰੀਨਾ*** : ਪੁਰਾਣਾ, ਪਰਾਚੀਨ।

دیرینه‌دور(روز) ***ਦੇਰੀਨਾ ਦੌਰ (ਰੋਜ਼)*** : ਵੱਡੀ ਉਮਰ ਵਾਲਾ, ਪੁਰਾਣਾ।

دیر ***ਦੈਰ*** : ਮੰਦਰ, ਪੂਜਾ-ਘਰ, ਗਿਰਜਾ।

دیرتنگ ***ਦੈਰ-ਏ-ਤੰਗ,***
دیرسپنجی ***ਦੈਰ-ਏ-ਸਿਪੰਜੀ,***
دیرِرندسوز ***ਦੈਰ-ਏ-ਰਿੰਦਸੋਜ਼,***
دیرِکهن ***ਦੈਰ-ਏ-ਕੁਹਨ,***
دیرمکافات ***ਦੈਰ-ਏ-ਮਕਾਫ਼ਾਤ*** : ਸੰਸਾਰ।

دیرمینه ***ਦੈਰ-ਏ-ਮੀਨਾ*** : ਅਸਮਾਨ।

دیگ ***ਦੇਗ*** : ਤਾਂਬੇ ਦਾ ਵੱਡਾ ਪਤੀਲਾ।

دیگ‌انداز ***ਦੇਗ-ਅੰਦਾਜ਼*** : ਬਾਵਰਚੀ, ਰਸੋਈਆ।

دیگ‌جوش ***ਦੇਗ ਜੋਸ਼*** : ਨਜ਼ਰਾਨੇ ਦਾ ਖਾਣਾ, ਜੋ ਮੁਰਾਦ ਪੂਰੀ ਹੋਣ ਤੋਂ ਪੈਹਲਾਂ ਜਾਂ ਪਿੱਛੋਂ ਦਿੱਤਾ ਜਾਂਦਾ ਹੈ।

دیگ‌سفالین ***ਦੇਗ-ਏ-ਸਿਫ਼ਾਲੀਨ*** : ਮਿੱਟੀ ਦਾ ਭਾਂਡਾ।

دیگ‌مسین ***ਦੇਗ-ਏ-ਮਿਸੀਨ*** : ਤਾਂਬੇ

ਦੀ ਦੇਗ।

دیگچه ***ਦੇਗਚਾ*** : ਛੋਟੀ ਦੇਗ।

دیگدان ***ਦੇਗਦਾਨ*** : ਚੁੱਲ੍ਹਾ।

دیگدان سرد ***ਦੇਗਦਾਨ-ਏ-ਸਰਦ*** : ਕੰਜੂਸ, ਬਖ਼ੀਲ।

دیگگیر ***ਦੇਗਗੀਰ*** : ਦੇਗ ਫੜਨ ਦਾ ਕੱਪੜਾ, ਸਾਫ਼ੀ, ਪੋਣਾ।

دیگر ***ਦੀਗਰ*** : ਦੂਜਾ, ਹੋਰ, ਬਾਕੀ, ਫੇਰ, ਛੁੱਟ, ਹੁਣ ਤੱਕ, ਸ਼ਾਮ।

دیگربار ***ਦੀਗਰਬਾਰ*** : ਇਕ ਵਾਰ ਹੋਰ, ਫੇਰ।

دیگرروز ***ਦੀਗਰ ਰੋਜ਼*** : ਉਸ ਦਿਨ, ਕੱਲ੍ਹ (ਬੀਤ ਚੁੱਕਾ), ਪਰਸੋਂ (ਆਉਣ ਵਾਲਾ)।

دیگرراه ***ਦੀਗਰਰਾਹ*** : ਫੇਰ, ਇਕ ਵਾਰੀ ਹੋਰ।

دیگرسال ***ਦੀਗਰਸਾਲ*** : ਅਗਲੇ ਸਾਲ, ਅਗੋਂ।

دیگرگون ***ਦੀਗਰਗੂਨ*** : ਹੋਰ ਤਰ੍ਹਾਂ, ਬਦਲਿਆ ਹੋਇਆ।

دیگرگونی ***ਦੀਗਰਗੂਨੀ*** : ਤਬਦੀਲੀ, ਪਰਵਰਤਨ।

دیگری ***ਦੀਗਰੀ*** : ਰੁੱਖਾਂ ਆਦਿ ਤੇ ਮਸੂਲ।

دیگینه ***ਦੀਗੀਨਾ*** : ਕੱਲ, ਜੋ ਬੀਤ ਚੁੱਕਾ ਹੈ।

دیلم ***ਦੈਲਮ*** : ਓਹ ਦੇਲਮ ਵਿਅਕਤੀ ਜਿਸ ਦੇ ਮਾਪਿਆਂ ਵਿਚੋਂ ਇਕ ਹਬਸ਼ੀ ਹੋਵੇ ਤੇ ਦੂਜਾ ਤੁਰਕ, ਦੋਗਲਾ, ਸਖ਼ਤੀ, ਬਲਾ, ਨਰ ਤਿੱਤਰ।

دیلم ***ਦੈਲਮ,*** دیلمن ***ਦੈਲਮਨ*** : ਗੀਲਾਨ ਵਿਚ ਇਕ ਸ਼ੈਹਰ ਦਾ ਨਾਮ, ਜਿਥੋਂ ਦੇ ਵਸਨੀਕਾਂ ਦੇ ਵਾਲ ਘੁੰਗਰਾਲੇ ਹੁੰਦੇ ਹਨ, ਏਹਨਾਂ ਨੂੰ ਦੈਲਮ ਕੈਂਹਦੇ ਹਨ, ਲੱਕੜ ਜਾਂ ਲੋਹੇ ਦਾ ਵੇਲਣਾ।

دیلمی ***ਦੈਲਮੀ*** : ਦੈਲਮ ਦਾ ਰੈਹਣ ਵਾਲਾ।

دیلمک ***ਦੈਲਮਕ*** : ਮੱਕੜੀ ਵਰਗਾ, ਇਕ ਜ਼ੈਹਰੀਲਾ ਜਾਨਵਰ; ਰਤੀਲਾ।

دیم ***ਦੀਮ*** : ਗਲ੍ਹ, ਮੁਖੜਾ, ਇਕ ਪਰਕਾਰ ਦਾ ਚਮੜਾ।

دیماس ***ਦੀਮਾਸ*** : ਹਮਾਮ, ਭੱਠ।

دیماه ***ਦੈ ਮਾਹ*** : ਦੈ ਦਾ ਮਹੀਨਾ, ਸਰਦੀ ਦਾ ਪੈਹਲਾ ਮਹੀਨਾ।

دیمک ***ਦੀਮਕ*** : ਲੱਕੜ ਆਦਿ ਨੂੰ ਖਾ ਜਾਣ ਵਾਲੀ ਚਿੱਟੀ ਕੀੜੀ, ਸਿਉਂਕ।

دیمه ***ਦੀਮਾ, ਦੈਮਾ*** : ਸਦਾ ਵਰ੍ਹਨ ਵਾਲਾ ਮੀਂਹ, ਝੜੀ; ਸਦਾ, ਹਮੇਸ਼ਾ।

دیمی ***ਦੀਜਮੀ, ਦੈਮੀ*** : ਬਰਾਨੀ ਜ਼ਮੀਨ।

دین ***ਦੀਨ*** : ਮਜ਼ਹਬ, ਪੰਥ; ਮੁਸਲਮਾਨੀ ਧਰਮ, ਹਿਸਾਬ, ਬਦਲਾ ਦੇਣਾ।

دین پرست ***ਦੀਨ-ਪ੍ਰਸਤ*** : ਧਰਮੀ, ਅੱਗ-ਪੂਜ।

دین پرور ***ਦੀਨ-ਪਰਵਰ*** : ਬਾਦਸ਼ਾਹ, ਹਾਕਮ।

دینِ حنیفی ***ਦੀਨ-ਏ-ਹਨੀਫ਼ੀ*** : ਹਜ਼ਰਤ ਇਬਰਾਹੀਮ ਦਾ ਮਜ਼ਹਬ।

دینِ درست ***ਦੀਨ-ਏ-ਦਰੁਸਤ*** : ਇਸਲਾਮ, ਮੁਸਲਮਾਨੀ ਧਰਮ।

دینِ دهقان ***ਦੀਨ-ਏ-ਦਿਹਕਾਨ*** : ਸਿਕੰਦਰਨਾਮਾ ਵਿਚ ਜ਼ਰਦੁਸ਼ਤ ਦੇ ਧਰਮ ਤੋਂ ਭਾਵ ਹੈ।

دین ودنیا ***ਦੀਨ-ਉ-ਦੁਨਯਾ*** : ਧਰਮ ਤੇ ਸੰਸਾਰ।

دینهائ آلوده ***ਦੀਨ-ਹਾ-ਏ-ਆਲੂਦਾ*** : ਅੱਗ ਪੂਜਾ ਦਾ ਧਰਮ।

دین ***ਦੀਨ*** : ਇਕ ਫਰਿਸ਼ਤੇ ਦਾ ਨਾਮ, ਹਰ ਸੂਰਜੀ ਮਹੀਨੇ ਦੀ ਚੌਦ੍ਹਵੀਂ ਮਿਤੀ।

دین ***ਦੈਨ*** : ਉਧਾਰ, ਓਹ ਕਰਜ਼ਾ ਜਿਸ ਦਾ ਵਾਪਸ ਕਰਨ ਦਾ ਸਮਾਂ ਨਿਸਚਤ ਕੀਤਾ ਜਾਵੇ।

دینار ***ਦੀਨਾਰ*** : ਸੋਨੇ ਦਾ ਅਰਬੀ ਸਿੱਕਾ ਜੇਹੜਾ ਤਕਰੀਬਨ ਤਿੰਨ ਰੁਪਏ ਦੇ ਬਰਾਬਰ ਹੁੰਦਾ ਹੈ।

دینارِ سرخ ***ਦੀਨਾਰ-ਏ-ਸੁਰਖ਼*** : ਅਸ਼ਰਫ਼ੀ, ਚੰਗਾ ਸੋਨਾ।

دیناری ***ਦੀਨਾਰੀ*** : ਇਕ ਪਰਕਾਰ ਦਾ ਰੇਸ਼ਮੀ ਕਪੜਾ, ਲਾਲ ਸ਼ਰਾਬ।

دینه *ਦੀਨਾ* : ਬੀਤਿਆ ਹੋਇਆ ਕਲ੍ਹ।

دیو *ਦੇਵ* : ਜਿੰਨ, ਭੂਤ, ਪਰੇਤ, ਸ਼ਤਾਨ, ਇਕ ਪਰਕਾਰ ਦਾ ਉਨੀ ਕੱਪੜਾ ਜੋ ਜੰਗ ਵੇਲੇ ਪਾਇਆ ਜਾਂਦਾ ਹੈ।

دیوآباد *ਦੇਵਆਬਾਦ* : ਜਿਥੇ ਬੌਹਤ ਭੂਤ ਪਰੇਤ ਹੋਣ।

دیوان *ਦੇਵਾਨ* : (ਦੇਵ **دیو** ਦਾ ਬੌਹਵਚਨ) ਭੂਤ, ਸ਼ਤਾਨ।

دیوِسپید *ਦੇਵ-ਏ-ਸਪੇਦ* : ਇਕ ਪਰਸਿੱਧ ਦੇਵ ਜਿਸ ਨੂੰ ਰੁਸਤਮ ਨੇ ਮਾਰਿਆ ਸੀ।

دیوار *ਦੀਵਾਰ* : ਕੰਧ, ਓਟ, ਪੱਕਾ ਪਰਦਾ, ਓਹਲਾ, ਹੱਦ, ਰੁਕਾਵਟ।

دیوارِبلند *ਦੀਵਾਰ-ਏ-ਬਲੰਦ* : ਧਨਾਢ, ਧਨਵਾਨ, ਵੱਡੇ ਮਰਤਬੇ ਵਾਲਾ।

دیوارِبینی *ਦੀਵਾਰ-ਏ-ਬੀਨੀ* : ਨੱਕ ਦੀ ਘੋੜੀ।

دیوارچه *ਦੀਵਾਰਚਾ* : ਛੋਟੀ ਕੰਧ।

دیوارحصار *ਦੀਵਾਰ-ਏ-ਹਿਸਾਰ* : ਕਿਲ੍ਹੇ ਦੀ ਫ਼ਸੀਲ।

دیوارکوب *ਦੀਵਾਰ-ਕੋਬ* : ਓਹ ਚੀਜ਼ ਜੋ ਕੰਧ 'ਤੇ ਲਾਈ ਜਾਵੇ ਜਿਵੇਂ ਕਲਾਕ ਆਦਿ।

دیوارگر *ਦੀਵਾਰ-ਗਰ* : ਦੀਵਾਰ ਬਣਾਉਣ ਵਾਲਾ ਰਾਜ।

دیوارگوش دارد *ਦੀਵਾਰ ਗੋਸ਼ ਦਾਰਦ* : ਕੰਧ ਦੇ ਵੀ ਕੰਨ ਹੁੰਦੇ ਹਨ।

دیوارنهادن *ਦੀਵਾਰ ਨਿਹਾਦਨ* : ਕੰਧ ਕਰਨਾ।

دیوال *ਦੀਵਾਲ* : ਦੇਖੋ ਦੀਵਾਰ।

دیواله *ਦੀਵਾਲਾ* : ਦੀਵਾਲੀਆ, ਗ਼ਰੀਬ, ਕੰਗਾਲ।

دیوان *ਦੀਵਾਨ* : ਆਦਮੀਆਂ ਦੇ ਜਮ੍ਹਾ ਹੋਣ ਦਾ ਸਥਾਨ, ਕਚੈਹਰੀ, ਅਦਾਲਤ, ਸ਼ਾਹੀ ਦਰਬਾਰ, ਵਜ਼ੀਰ, ਹਾਕਮ, ਹਕੂਮਤ ਦਾ ਥੰਮ੍ਹ, ਦਫ਼ਤਰ, ਕਿਸੇ ਕਵੀ ਦੀਆਂ ਗ਼ਜ਼ਲਾਂ ਦਾ ਸੰਗਰੈਹ, ਜਮ੍ਹਾ ਖ਼ਰਚ ਦਾ ਖਾਤਾ।

دیوانِ اعلیٰ *ਦੀਵਾਨ-ਏ-ਆਲਾ* : ਪਰਧਾਨ ਮੰਤਰੀ।

دیوان بیگی *ਦੀਵਾਨ ਬੇਗੀ* : ਰਾਜ ਦਾ ਅਧਕਾਰੀ।

دیوانِ خاص *ਦੀਵਾਨ-ਏ-ਖ਼ਾਸ* : ਪਰੀਵੀ ਕੌਂਸਲ-ਘਰ।

دیوانِ خالصه *ਦੀਵਾਨ-ਏ-ਖ਼ਾਲਿਸਾ* : ਬਾਦਸ਼ਾਹ ਦੇ ਮਾਮਲੇ ਦਾ ਮੁਖ ਲੇਖਾਕਾਰ।

دیوانخانه *ਦੀਵਾਨਖ਼ਾਨਾ* : ਦਫ਼ਤਰ, ਪਬਲਿਕ ਅਦਾਲਤ, ਘਰ ਦੀ ਬੈਠਕ।

دیوانِ عام *ਦੀਵਾਨ-ਏ-ਆਮ* : ਆਮ ਲੋਕਾਂ ਦੀ ਸੁਣਵਾਈ ਦੀ ਅਦਾਲਤ।

دیوانِ قیامت(محشر) *ਦੀਵਾਨ- ਏ-ਕਿਯਾਮਤ (ਮਹਸ਼ਰ)* : ਕਿਆਮਤ (ਕਿਯਾਮਤ) ਦਾ ਦਿਨ।

دیوانگاه *ਦੀਵਾਨਗਾਹ* : ਦੀਵਾਨਖ਼ਾਨਾ, ਕਚੈਹਰੀ।

دیوانی *ਦੀਵਾਨੀ* : ਕਰਜ਼ੇ ਤੇ ਪੈਸੇ ਆਦਿ ਬਾਰੇ ਫ਼ੈਸਲਾ ਕਰਨ ਵਾਲੀ ਕਚੈਹਰੀ, ਦੀਵਾਨ ਦਾ ਔਹਦਾ।

دیوانه *ਦੀਵਾਨਾ* : ਪਾਗਲ, ਸਿਰੜੀ, ਖ਼ਬਤੀ ਆਸ਼ਕ।

دیوانه دو *ਦੀਵਾਨਾ ਦਵ* : ਪਾਗਲਾਂ ਵਰਗੀ ਚਾਲ-ਢਾਲ ਵਾਲਾ।

دیوانه سگ *ਦੀਵਾਨਾ ਸਗ* : ਪਾਗ਼ਲ ਕੁੱਤਾ, ਹਲਕਿਆ ਕੁੱਤਾ।

دیوباد *ਦੇਵ ਬਾਦ* : ਹਨੇਰੀ, ਵਾ-ਵਰੋਲਾ।

دیوبند *ਦੇਵ-ਬੰਦ* : ਤਹਮੂਰਸ ਜਮਸ਼ੀਦ ਤੇ ਕਾਰੂਨ ਦੀ ਉਪਾਧੀ।

دیوپا *ਦੇਵ ਪਾ* : ਮੱਕੜੀ, ਇਕ ਪਰਕਾਰ ਦਾ ਘਾਹ।

دیوث *ਦੈਯੂਸ* : ਭੜੂਆ, ਬੇਅਣਖਾ, ਬੇਗ਼ੈਰਤ, ਬੇਸ਼ਰਮ।

دیوجامه *ਦੇਵ-ਜਾਮਾ* : ਚਮੜੇ ਦਾ ਚੋਗਾ ਜਿਸ ਦੇ ਬਾਹਰ ਵਾਲ ਹੋਣ, ਸ਼ੇਰ ਦੀ ਖਲ ਜੋ ਆਮ ਤੌਰ ਤੇ ਸੂਰਮੇ ਜਾਂ ਪੈਹਲਵਾਨ ਪੈਹਨਦੇ ਸਨ।

دیوجان *ਦੇਵ ਜਾਨ* : ਬੁਢਾ, ਸ਼ਤਾਨ ਸੁਭਾ.

ਵਿਭਚਾਰੀ, ਬੇਰੈਹਮ, ਬਹਾਦਰ।

دیوجانس‌کلبی ***ਦੇਵ ਜਾਨਸ ਕਲਬੀ*** : ਇਕ ਯੂਨਾਨੀ ਹਕੀਮ ਦਾ ਨਾਮ ਜੋ ਸਿਕੰਦਰ ਦਾ ਸਮਕਾਲੀ ਸੀ।

دیوچه ***ਦੇਵਚਾ*** : ਜੋਕ, ਉਨੀ ਕੱਪੜਾ ਖਾਣ ਵਾਲਾ ਕੀੜਾ, ਦੀਮਕ, ਸਿਉਂਕ।

دیودار ***ਦੇਵਦਾਰ*** : ਦਿਆਰ, ਇਕ ਪਹਾੜੀ ਦਰਖ਼ਤ ਜਿਸ ਦੇ ਜਹਾਜ਼ਾਂ ਲਈ ਮਸਤੂਲ ਬਣਦੇ ਹਨ।

دیودل ***ਦੇਵ-ਦਿਲ*** : ਕਾਲੇ ਦਿਲ ਵਾਲਾ, ਸਖ਼ਤ-ਦਿਲ, ਪੱਥਰ-ਦਿਲ, ਬੇਰੈਹਮ; ਬਹਾਦਰ, ਦਲੇਰ।

دیودید(دیده) ***ਦੇਵਦੀਦ (ਦੀਦਾ)*** : ਪਾਗ਼ਲ, ਦੀਵਾਨਾ।

دیودین ***ਦੇਵਦੀਨ*** : ਸ਼ਤਾਨ।

دیوزاد ***ਦੇਵਜ਼ਾਦ*** : ਹੱਟਾ ਕੱਟਾ, ਮਜ਼ਬੂਤ, ਤੇਜ਼ ਚਾਲ ਵਾਲਾ ਘੋੜਾ।

دیوزده ***ਦੇਵਜ਼ਦਾ*** : ਜਿਸ ਨੂੰ ਭੂਤ ਪਰੇਤ ਚੰਬੜੇ ਹੋਣ।

دیوسار ***ਦੇਵਸਾਰ*** : ਭੂਤਾਂ ਵਰਗਾ, ਭੈੜੀਆਂ ਕਰਤੂਤਾਂ ਕਰਨ ਵਾਲਾ।

دیوسفید ***ਦੇਵ-ਏ-ਸਫ਼ੇਦ*** : ਮਾਜ਼ਦਰਾਨ ਦੇ ਇਕ ਬੌਹਤ ਤਾਕਤਵਰ ਪੈਹਲਵਾਨ ਦਾ ਨਾਮ ਜਿਸ ਨੂੰ ਰੁਸਤਮ ਨੇ ਮਾਰਿਆ ਸੀ।

دیوگیر ***ਦੇਵਗੀਰ*** : ਭੂਤਾਂ ਪਰੇਤਾਂ ਨੂੰ ਕਾਬੂ ਕਰਨ ਵਾਲਾ।

دیولاخ ***ਦੇਵਲਾਖ*** : ਭੂਤਾਂ ਪਰੇਤਾਂ ਦੀ ਜਗ੍ਹਾ, ਜੰਗਲ, ਸੰਸਾਰ।

دیومار ***ਦੇਵਮਾਰ*** : ਵੱਡਾ ਸੱਪ।

دیومردم ***ਦੇਵ ਮਰਦੁਮ*** : ਬਣ-ਮਾਣਸ, ਫ਼ਸਾਦੀ, ਮੂਜ਼ੀ।

دیومرید ***ਦੇਵ ਮੁਰੀਦ*** : ਦੇਵ, ਸ਼ਤਾਨ, ਸਰਕਸ਼, ਬਾਗ਼ੀ।

دیوه ***ਦੀਵਾ*** : ਰੇਸ਼ਮ ਦਾ ਕੀੜਾ।

دیوهفت‌در ***ਦੇਵ-ਏ-ਹਫ਼ਤ ਦਰ*** : ਸੱਤ ਵਲਾਇਤਾਂ।

دیوهفت‌سر ***ਦੇਵ-ਏ-ਹਫ਼ਤ ਸਰ*** : ਰਾਤ, ਸਾਰੀ ਧਰਤ।

دیهور ***ਦੀਹੂਰ*** : ਅਸਮਾਨ।

دیهول ***ਦੀਹੂਲ*** : ਜੜਾਊ ਤਾਜ।

دیهم ***ਦੈਹਿਮ,*** دیهیم ***ਦੈਹੀਮ*** : ਤਾਜ।

دیهمدار ***ਦੈਹਿਮਦਾਰ,***
دیهیمدار ***ਦੈਹੀਮਦਾਰ*** : ਤਾਜਦਾਰ, ਬਾਦਸ਼ਾਹ।

ذ(ਜ਼ਾਲ)

ذ **ਜ਼ਾਲ** : ਅਰਬੀ ਵਰਨਮਾਲਾ ਦਾ ਨੌਵਾਂ ਅਤੇ ਫ਼ਾਰਸੀ ਵਰਨਮਾਲਾ ਦਾ ਗਿਆਰਵਾਂ ਅੱਖਰ, ਅਬਜਦ ਅਨੁਸਾਰ ਇਸ ਦੇ ਅੰਕ ਸਤ ਸੌ (੭੦੦) ਨਿਸ਼ਚਤ ਹਨ।

ذا **ਜ਼ਾ** : ਏਹ (ਆਦਮੀ)।

ذاء **ਜ਼ਾ** : ਸਾਹਿਬ, ਸੁਆਮੀ, ਮਾਲਕ।

ذابح **ਜ਼ਾਬਿਹ** : ਜ਼ਿਬ੍ਹਾ ਕਰਨ ਵਾਲਾ, ਬੱਕਰੇ ਦੀ ਕੁਰਬਾਨੀ ਦੇਣ ਵਾਲਾ।

ذات **ਜ਼ਾਤ** : ਹਕੀਕਤ, ਸੱਚਾਈ, ਸਾਹਿਬ, ਮਾਲਕ, ਸੁਆਮੀ, ਖ਼ਾਨਦਾਨ, ਜ਼ਮੀਰ, ਰੂਹ, ਕਿਸਮ, ਵਰਗ, ਸ਼ਰੇਣੀ, ਕੌਮ।

ذات البروج **ਜ਼ਾਤ-ਉਲ-ਬੁਰੂਜ** : ਬੁਰਜਾਂ ਵਾਲਾ ਅਸਮਾਨ।

ذات البين **ਜ਼ਾਤ-ਉਲ-ਬੈਨ** : ਦੋ ਵਿਅਕਤੀਆਂ ਦੇ ਵਿਚਕਾਰ ਮਾਮਲਾ, ਦੋਸਤੀ, ਮਿੱਤਰਤਾ, ਸਮਝੌਤਾ।

ذات الجنب **ਜ਼ਾਤ-ਉਲ-ਜਨਬ** : ਇਕ ਘਾਤਕ ਰੋਗ ਜਿਸ ਵਿਚ ਦਿਲ ਤੇ ਮਿਅਦੇ ਵਿਚਕਾਰਲੇ ਪਰਦੇ ਵਿਚ ਵਰਮ ਜਾਂ ਸੋਜ ਪੈਦਾ ਹੋ ਜਾਂਦੀ ਹੈ, ਪੱਸਲੀ ਦਾ ਦਰਦ, ਵੱਖੀ ਦਾ ਦਰਦ।

ذات الريه **ਜ਼ਾਤ-ਉਰ-ਰੀਹ** : ਫੇਫੜੇ ਦੀ ਸੋਜ, ਨਮੂਨੀਆ।

ذات الشي **ਜ਼ਾਤ-ਉਸ਼-ਸ਼ੈ** : ਚੀਜ਼ ਦੀ ਹਕੀਕਤ, ਅਸਲਾ।

ذات الصدور **ਜ਼ਾਤ-ਉਸ-ਸਦੂਰ** : ਦਿਲ ਦੇ ਭੇਤ, ਮਨ ਦੀਆਂ ਗੱਲਾਂ, ਛਾਤੀ ਦੀ ਸੋਜ।

ذات العين **ਜ਼ਾਤੁ-ਉਲ-ਐਨ** : ਅੱਖਾਂ ਦਾ ਦਰਦ, ਅੱਖ-ਪੀੜ।

ذات بحق **ਜ਼ਾਤ-ਬ-ਹੱਕ** : ਖ਼ੁਦਾ ਦੀ ਜ਼ਾਤ।

ذاتی **ਜ਼ਾਤੀ** : ਨਿੱਜੀ।

ذاخر **ਜ਼ਾਖ਼ਿਰ** : ਤਕੜਾ ਜ਼ਖੀਰਾ (ਭੰਡਾਰ) ਜਮ੍ਹਾ ਕਰਨ ਵਾਲਾ।

ذاكر **ਜ਼ਾਕਿਰ** : ਜ਼ਿਕਰ ਕਰਨ ਵਾਲਾ, ਯਾਦ ਕਰਨ ਵਾਲਾ, ਸਿਮਰਨ ਕਰਨ ਵਾਲਾ, ਜਪ ਜਾਪ ਕਰਨ ਵਾਲਾ।

ذالک **ਜ਼ਾਲਿਕ** : ਓਹ (ਆਦਮੀ)।

ذالكن **ਜ਼ਾਲਿਕੁਨ** : ਏਹ ਸਾਰੀਆਂ ਇਸਤਰੀਆਂ।

ذاهب **ਜ਼ਾਹਿਬ** : ਜਾਣ ਵਾਲਾ, ਜੇਹੜਾ ਲੰਘ ਜਾਵੇ ਜਾਂ ਅਲੋਪ ਹੋ ਜਾਵੇ।

ذائقه **ਜ਼ਾਇਕ਼ਾ** : ਚੱਖਣ ਦੀ ਸ਼ਕਤੀ ਜੋ ਜੀਭ ਵਿਚ ਹੈ, ਚੱਖਣਾ, ਸੁਆਦ।

ذائقه دار **ਜ਼ਾਇਕ਼ਾਦਾਰ** : ਸੁਆਦੀ, ਲਜ਼ੀਜ਼।

ذبح **ਜ਼ਬਹ** : ਸ਼ਰ੍ਹਾ ਅਨੁਸਾਰ ਜਾਨਵਰ ਨੂੰ ਹਲਾਲ ਕਰਨਾ।

ذبح **ਜ਼ਿਬਹ** : ਕੁਰਬਾਨੀ ਲਈ ਹਲਾਲ ਕੀਤਾ ਗਿਆ (ਜਾਂ ਕੀਤਾ ਜਾਣ ਵਾਲਾ) ਜਾਨਵਰ।

ذبر **ਜ਼ਬਰ** : ਲਿਖਣਾ, ਅੱਖਰਾਂ 'ਤੇ ਨੁਕਤੇ ਲਾਉਣਾ; ਤੇਜ਼ ਤੇਜ਼ ਪੜ੍ਹਨਾ, ਸਿਆਣਪ, ਗਿਆਨ, ਪੁਸਤਕ।

ذبيح الله **ਜ਼ਬੀਹ-ਉਲ-ਲਾਹ** : ਅੱਲਾਹ ਦੇ ਨਾਮ ਤੇ ਜ਼ਿਬਹ ਕੀਤਾ ਹੋਇਆ, ਹਜ਼ਰਤ ਇਸਮਾਈਲ ਦੀ ਉਪਾਧੀ।

ذخيره **ਜ਼ਖ਼ੀਰਾ** : ਓਹ ਵਸਤਾਂ ਜੋ ਕਿਸੇ ਸਮੇਂ ਕੰਮ ਆਉਣ ਲਈ ਜਮ੍ਹਾਂ ਕਰ ਰੱਖੀਆਂ ਹੋਣ, ਭੰਡਾਰ, ਗੁਦਾਮ।

ذخیرہخانہ ***ਜ਼ਖ਼ੀਰਾ-ਖ਼ਾਨਾ*** : ਅੰਨ-ਭੰਡਾਰ, ਮਾਲ ਗੁਦਾਮ।

ذرائع ***ਜ਼ਰਾਇਅ*** : (ਜ਼ਰੀਆ ذریعہ ਦਾ ਬੌਹਵਚਨ) ਵਸੀਲੇ, ਸਾਧਨ।

ذرع ***ਜ਼ੱਰਅ*** : ਲੋਭ, ਲਾਲਚ, ਕਿਨਾਰਾ, ਗੋਸ਼ਾ, ਰਾਜ਼।

ذرہ ***ਜ਼ੱਰਾ*** : ਪਦਾਰਥ ਦਾ ਅਤਅੰਤ ਛੋਟਾ ਟੁਕੜਾ, ਕਿਣਕਾ, ਕਣ, ਥੋੜਾ, ਰੋਸ਼ਨਦਾਨ ਦੀ ਧੁੱਪ ਵਿੱਚ ਚਮਕਣ ਵਾਲਾ ਜ਼ੱਰਾ, ਓਹ ਬਰੀਕ ਕਿਰਨ ਜੋ ਸੂਰਜ ਦੀ ਰੋਸ਼ਨੀ ਵਿਚੋਂ ਨਿਕਲਦੀ ਦਿਸਦੀ ਹੈ ਤੇ ਏਹ ਬੌਹਤ ਸਾਰੀਆਂ ਨਜ਼ਰ ਆਉਂਦੀਆਂ ਹਨ।

ذرہبین ***ਜ਼ੱਰਾ-ਬੀਨ*** : ਖ਼ੁਰਦਬੀਨ।

ذریعہ ***ਜ਼ਰੀਆ*** : ਵਾਸਤਾ, ਵਸੀਲਾ, ਸਬੰਧ, ਕਾਗਜ਼, ਮਾਧਿਅਮ, ਪੁੱਜਣ ਦਾ ਤਰੀਕਾ, ਓਹ ਘੋੜਾ ਜਾਂ ਊਠ ਜਿਸ ਦੀ ਆੜ ਲੈ ਕੇ ਸ਼ਿਕਾਰ ਖੇਡਿਆ ਜਾਵੇ, ਸਬੱਬ, ਕਾਰਨ।

ذقن ***ਜ਼ਕਨ*** : ਠੋਡੀ।

ذکاء ***ਜ਼ਕਾ*** : ਅਕਲ, ਸਿਆਣਪ, ਤਬੀਅਤ ਦੀ ਤੇਜ਼ੀ, ਲਾਟ ਦਾ ਭੜਕਣਾ, ਸੁਗੰਧੀ ਦੇਣਾ।

ذکر ***ਜ਼ਿਕਰ*** : ਚਰਚਾ, ਵਰਣਨ, ਯਾਦ ਕਰਨਾ ਜੀਭ ਜਾਂ ਦਿਲ ਨਾਲ, ਰੱਬ ਦੀ ਯਾਦ, ਸਿਮਰਨ, ਦੁਆ, ਪਰਾਰਥਨਾ, ਗੀਤ, ਭਜਨ।

ذکرِخدا ***ਜ਼ਿਕਰ-ਏ-ਖ਼ੁਦਾ*** : ਰੱਬ ਦਾ ਸਿਮਰਨ।

ذکرِجمیل ***ਜ਼ਿਕਰ-ਏ-ਜਮੀਲ*** : ਸਤਕਾਰ ਨਾਲ ਕੀਤਾ ਜ਼ਿਕਰ।

ذکرِخیر(بالخیر) ***ਜ਼ਿਕਰ-ਏ-ਖ਼ੈਰ (ਬਿਲਖ਼ੈਰ)*** : ਨੇਕ ਯਾਦ, ਚੰਗੀ ਸਫ਼ਾਰਸ਼।

ذکر ***ਜ਼ਕਰ*** : ਆਦਮੀ ਦਾ ਗੁਪਤ ਅੰਗ, ਲਿੰਗ; ਨਰ, ਮਰਦ; ਫ਼ੌਲਾਦ, ਫ਼ੌਲਾਦੀ ਤਲਵਾਰ।

ذکور ***ਜ਼ੁਕੂਰ*** : ਬੌਹਤ ਮਰਦ।

ذکی ***ਜ਼ਕੀ*** : ਤੇਜ਼ ਤੇ ਤੀਖਣ ਬੁੱਧੀ ਵਾਲਾ, ਸਿਆਣਾ, ਬੁੱਧੀਮਾਨ।

ذلالت ***ਜ਼ਲਾਲਤ***, ذلالت ***ਜ਼ੁਲਾਲਤ*** : ਜ਼ਲੀਲ ਹੋਣਾ, ਬਦਨਾਮੀ, ਹੱਤਕ, ਤੌਹੀਨ, ਬੇਇੱਜ਼ਤੀ, ਕਮੀਨਾਪਣ।

ذلت ***ਜ਼ਿੱਲਤ*** : ਖ਼ੁਆਰੀ, ਬਦਨਾਮੀ, ਬੇਇੱਜ਼ਤੀ, ਕਮੀਨਗੀ।

ذلیل ***ਜ਼ਲੀਲ*** : ਬੇਇੱਜ਼ਤ, ਬਦਨਾਮ, ਕਮੀਨਾ, ਪਾਜੀ, ਘਿਰਨਾਯੋਗ।

ذم ***ਜ਼ੰਮ*** : ਬੁਰਾਈ, ਨਿੰਦਾ, ਨਿੰਦਾ ਕਰਨਾ, ਬੁਰਾਈ ਕਰਨਾ।

ذمائم ***ਜ਼ਮਾਇਮ*** : (ਜ਼ਮੀਮਾ ذمیمہ ਦਾ ਬੌਹਵਚਨ) ਬੁਰਾਈਆਂ, ਭੈੜਾਂ, ਬਦੀਆਂ, ਸ਼ਰਾਰਤਾਂ, ਭੈੜੀਆਂ ਚੀਜ਼ਾਂ।

ذمہ ***ਜ਼ਿੰਮਾ*** : ਪਨਾਹ, ਸ਼ਰਨ, ਅਮਾਨ, ਇਕਰਾਰ, ਜ਼ਮਾਨਤ।

ذمہدار ***ਜ਼ਿੰਮਾਦਾਰ*** : ਜ਼ਮਾਨਤੀ, ਸ਼ਰੀਫ਼ ਪੁਰਸ਼।

ذمہداری ***ਜ਼ਿੰਮਾਦਾਰੀ*** : ਸੌਂਪਿਆ ਗਿਆ ਕੰਮ, ਜ਼ਮਾਨਤ, ਫ਼ਰਜ਼ ਸ਼ਨਾਸੀ, ਜਵਾਬ ਦੇਹੀ।

ذمیم ***ਜ਼ਮੀਮ***, ذمیمہ ***ਜ਼ਮੀਮਾ*** : ਘਿਰਨਾਯੋਗ, ਬੁਰੀ ਚੀਜ਼, ਬੁਰਾਈ, ਭੈੜ।

ذنب ***ਜ਼ਨਬ, ਜ਼ਿਨਬ*** : ਪੂਛ, ਇਕ ਸਤਾਰੇ ਦਾ ਨਾਮ, ਬੋਦੀ ਵਾਲਾ ਤਾਰਾ।

ذنب ***ਜ਼ੰਬ*** : ਪਾਪ, ਜੁਰਮ, ਬੁਰਾ ਕੰਮ, ਦੋਸ਼, ਗ਼ਲਤੀ, ਕਸੂਰ।

ذنوب ***ਜ਼ੁਨੂਬ*** : (ਜ਼ੰਬ ذنب ਦਾ ਬੌਹਵਚਨ) ਪਾਪ, ਖ਼ਤਾਵਾਂ, ਗ਼ਲਤੀਆਂ।

ذو ***ਜ਼ੂ*** : ਮਾਲਕ, ਸਾਹਿਬ, ਸੁਆਮੀ, ਵਾਲਾ ਦੇ ਅਰਥਾਂ ਵਾਲਾ ਅਗੇਤਰ, ਜਿਵੇਂ ਜ਼ੁਲਫ਼ਜ਼ਲ=ਫ਼ਜ਼ਲਵਾਲਾ।

ذواضعاف ***ਜ਼ੂਅਜ਼ਆਫ਼*** : ਜਦੋਂ ਇਕ ਅੰਕ ਕਈ ਅੰਕਾਂ 'ਤੇ ਪੂਰਾ ਤਕਸੀਮ ਹੋ ਸਕੇ ਤਾਂ ਉਸ ਨੂੰ ਓਹਨਾਂ ਅੰਕਾਂ ਦਾ "ਜ਼ੂਅਜ਼ਆਫ਼" ਸਮਾਪਵਰਤੀ ਗੁਣਜ ਕੈਂਹਦੇ ਹਨ।

ذواضعافِاقل ***ਜ਼ੂ ਅਜ਼ਆਫ਼-ਏ-ਅਕ਼ਲ*** : ਸਭ ਤੋਂ ਛੋਟਾ ਸਮਾਪਵਰਤੀ ਗੁਣਜ, ਓਹ ਅੰਕ ਜੇਹੜਾ ਕਈ ਅੰਕਾ 'ਤੇ ਪੂਰਾ ਤਕਸੀਮ ਹੋ ਸਕੇ ਅਤੇ ਉਸ ਤੋਂ ਕੋਈ ਛੋਟਾ ਅੰਕ ਅਜੇਹਾ ਨਾ ਹੋਵੇ ਜੇਹੜਾ ਓਹਨਾਂ ਅੰਕਾਂ 'ਤੇ ਪੂਰਾ ਤਕਸੀਮ ਹੁੰਦਾ ਹੋਵੇ, ਇਸ ਅੰਕ ਨੂੰ ਓਹਨਾਂ ਅੰਕਾਂ ਦਾ "ਜ਼ੂਅਜ਼ਆਫ਼ੇ ਅਕਲ" (L.C.M.) ਭਾਵ

ਲੱਘੁਤਮ ਕੈਂਹਦੇ ਹਨ।

ذوالبحرین ***ਜ਼ੂਲਬਹਰੈਨ*** : ਓਹ ਸ਼ੇਅਰ ਜਿਸ ਨੂੰ ਦੋ ਬੈਹਰਾਂ ਵਿਚ ਪੜ੍ਹਿਆ ਜਾ ਸਕੇ।

ذوالجلال ***ਜ਼ੂਲਜਲਾਲ*** : ਜਲਾਲ ਵਾਲਾ, ਸ਼ਾਨੋ-ਸ਼ੌਕਤ ਵਾਲਾ, ਦਾਬਦਬੇ ਵਾਲਾ, ਰੱਬ।

ذوالفقار ***ਜ਼ੂਲਫ਼ਿਕਾਰ*** : ਹਜ਼ਰਤ ਅਲੀ ਦੀ ਤਲਵਾਰ ਦਾ ਨਾਮ।

ذوالقرنین ***ਜ਼ੂਲਕਰਨੈਨ*** : ਸਿਕੰਦਰ ਦੀ ਉਪਾਧੀ, ਦੋ ਸਿੰਗਾਂ ਵਾਲਾ; ਦੋ ਜ਼ੁਲਫਾਂ ਵਾਲਾ।

ذوالقعد ***ਜ਼ੂਲਕਅਦ,*** **ذوالقعدہ** ***ਜ਼ੂਲਕਅਦਾ*** : ਅਰਬੀ ਦਾ ਗਿਆਰਵਾਂ ਮਹੀਨਾ।

ذوالکفل ***ਜ਼ੂਲਕਫ਼ਲ*** : ਇਕ ਪੈਗ਼ੰਬਰ ਦਾ ਨਾਮ।

ذوالمنن ***ਜ਼ੂਲਮਿਨਨ*** : ਬਖ਼ਸ਼ਸ਼ਾਂ ਕਰਨ ਵਾਲਾ, ਰੱਬ।

ذوالنون مصری ***ਜ਼ੂੰਨੂਨ ਮਿਸਰੀ*** : ਸਾਅਬਾਨ-ਬਿਨ-ਇਬਰਾਹੀਮ ਨੋਬਾ ਦੇ ਰੈਹਣ ਵਾਲੇ ਇਕ ਪਰਸਿੱਧ ਸੂਫ਼ੀ ਤੇ ਵਲੀ ਦਾ ਨਾਮ, ਜਿਨ੍ਹਾਂ ਨੇ ੭੫ ਸਾਲ ਆਯੂ ਭੋਗ ਕੇ ੨੪੦ ਹਿਜਰੀ ਵਿਚ ਵਫ਼ਾਤ ਪਾਈ।

ذوفنون ***ਜ਼ੂ-ਫ਼ੁਨੂਨ*** : ਕਈਆਂ ਹੁਨਰਾਂ ਅਤੇ ਇਲਮਾਂ ਦਾ ਗਿਆਤਾ।

ذوق ***ਜ਼ੌਕ਼*** : ਸ਼ੌਕ, ਚੱਖਣਾ, ਸੁਆਦ ਵੇਖਣਾ, ਚਾਸ਼ਨੀ, ਮਿਠਾਸ, ਲੱਜ਼ਤ, ਮਜ਼ਾ, ਖ਼ੁਸ਼ੀ, ਸਰੂਰ।

ذوناب ***ਜ਼ੂਨਾਬ*** : ਦਰਿੰਦਾ, ਵੈਹਸ਼ੀ (ਜਾਨਵਰ), ਤਿੱਖੇ ਤੇ ਨੋਕੀਲੇ ਦੰਦਾਂ ਵਾਲਾ।

ذہب ***ਜ਼ਹਬ*** : ਸੋਨਾ, ਕੁੰਦਨ, ਆਂਡੇ ਦੀ ਜ਼ਰਦੀ।

ذہن ***ਜ਼ਹਨ, ਜ਼ਿਹਨ*** : ਅਕਲ ਅਤੇ ਸੂਝ-ਬੂਝ ਦੀ ਸ਼ਕਤੀ, ਸਿਆਣਪ, ਯਾਦ ਸ਼ਕਤੀ।

ذہن نشین ***ਜ਼ਹਨ-ਨਸ਼ੀਨ, ਜ਼ਿਹਨ ਨਸ਼ੀਨ*** : ਯਾਦ ਕੀਤਾ ਹੋਇਆ, ਯਾਦ ਰੱਖਿਆ ਹੋਇਆ, ਸਮਝ 'ਚ ਆਇਆ ਹੋਇਆ, ਸਮਝ ਆ ਗਿਆ, ਦਿਮਾਗ਼ ਵਿਚ ਬੈਠ ਗਿਆ।

ذہنی ***ਜ਼ਹਨੀ, ਜ਼ਿਹਨੀ*** : ਦਿਮਾਗ਼ੀ, ਮਾਨਸਕ।

ذہین ***ਜ਼ਿਹੀਨ, ਜ਼ਹੀਨ*** : ਸਮਝਦਾਰ, ਸਿਆਣਾ, ਤੀਖਣ ਬੁੱਧੀ ਵਾਲਾ।

ذی ***ਜ਼ੀ*** : ਮਾਲਕ, ਵਾਲਾ (ਅਗੇਤਰ)।

ذی اختیار ***ਜ਼ੀ-ਇਖ਼ਤਿਯਾਰ,*** **ذی اقتدار** ***ਜ਼ੀ-ਇਕਤਦਾਰ*** : ਅਧਕਾਰ ਵਾਲਾ, ਹਕੂਮਤ ਵਾਲਾ।

ذی استعداد ***ਜ਼ੀ-ਇਸਤਿਅਦਾਦ*** : ਯੋਗਤਾ ਵਾਲਾ, ਯੋਗ।

ذی الحجہ ***ਜ਼ਿਲ ਹਿੱਜਾ*** : ਬਾਰ੍ਹਵਾਂ ਅਰਬੀ ਮਹੀਨਾ।

ذی القعد ***ਜ਼ਿਲਕਅਦ*** : ਯਾਰ੍ਹਵਾਂ ਅਰਬੀ ਮਹੀਨਾ।

ذیل ***ਜ਼ੈਲ*** : ਪੱਲਾ, ਝੋਲੀ, ਆਂਚਲ, ਅੰਤਕਾ, ਹੇਠਲਾ ਹਿੱਸਾ।

ر(ਰੇ)

ر ਰੇ (ਰਾ) : (ਰਾ-ਏ ਗ਼ੈਰ ਮਨਕੂਤਾ) (ਬਿਨਾ ਨੁਕਤੇ ਵਾਲੀ ਰੇ), ਜਾਂ (ਰਾ-ਏ-ਮੁਹਮਲਾ) ਅਰਬੀ ਵਰਨਮਾਲਾ ਦਾ ਦਸਵਾਂ ਤੇ ਫ਼ਾਰਸੀ ਲਿਪੀ ਦਾ ਬਾਰ੍ਹਵਾਂ ਅੱਖਰ, ਅਬਜਦ ਅਨੁਸਾਰ ਇਸ ਦੇ ਦੋ ਸੌ (੨੦੦) ਅੰਕ ਨਿਸ਼ਚਤ ਹਨ, (ਇਹ ਅੱਖਰ 'ਦ' 'ਜ਼' 'ਲ' ਤੇ 'ਨ' ਨਾਲ਼ ਬਦਲ ਜਾਂਦਾ ਹੈ)।

را ਰਾ : ਕਰਮਵਾਚੀ ਨਾਂਵਾਂ ਦਾ ਚਿੰਨ੍ਹ, ਕਈ ਵਾਰ 'ਵਾਸਤੇ' 'ਲਈ' ਦੇ ਅਰਥਾਂ ਵਿਚ ਵੀ ਆਉਂਦਾ ਹੈ ਜਿਵੇਂ 'ਖ਼ੁਦਾ ਰਾ' 'ਖ਼ੁਦਾ ਵਾਸਤੇ', ਏਹ ਕਾਰਕ ਸੰਪਰਦਾਨ ਕਾਰਕ ਲਈ ਵੀ ਆਉਂਦਾ ਹੈ ਤੇ ਕਈ ਵਾਰ ਕਾਰਨ, ਸਬੱਬ ਦੇ ਅਰਥਾਂ ਵਿਚ ਵੀ ਆਉਂਦਾ ਹੈ, ਜਿਵੇਂ ਨੂੰ, ਪਿੱਛੋਂ, ਸਮੇਂ।

رابض ਰਾਬਿਜ਼ : ਕਿਲ੍ਹੇਦਾਰ।

رابضہ ਰਾਬਿਜ਼ਾ : ਫਰਿਸ਼ਤੇ ਜੇਹੜੇ ਹਜ਼ਰਤ ਆਦਮ ਦੇ ਨਾਲ ਧਰਤੀ ਤੇ ਆਏ ਸਨ, ਏਹ ਭੁੱਲੜਾਂ ਨੂੰ ਰਾਹ ਸਿਰ ਲੈ ਆਉਂਦੇ ਹਨ, ਤੁੱਛ ਮਨੁੱਖ, ਜੋ ਕੋਈ ਮਾਅਰਕੇ ਦਾ ਕੰਮ ਕਰਨ ਤੋਂ ਅਸਮਰੱਥ ਹੋਵੇ।

رابطہ ਰਾਬਿਤ਼ਾ : ਸਬੰਧ, ਲਗਾ, ਵਾਸਤਾ, ਜੋੜ, ਨਜ਼ਦੀਕੀ ਰਿਸ਼ਤਾ, ਦੋ ਚੀਜ਼ਾਂ ਨੂੰ ਬੰਨ੍ਹਣ ਵਾਲਾ, ਦੁਸ਼ਮਣ ਦੇ ਅੱਗੋਂ ਭੱਜਣ ਵਾਲਾ, ਵੱਡਾ ਭਾਰੀ ਲਸ਼ਕਰ।

رابطۂ آشنای ਰਾਬਿਤਾ-ਏ-ਆਸ਼ਨਾਈ : ਦੋਸਤੀ ਨੂੰ ਪੱਕਿਆਂ ਕਰਨ ਵਾਲਾ ਜੋੜ।

رابطۂ گسستن ਰਾਬਿਤਾ ਗੁਸਸਤਨ : ਸਬੰਧ ਤੋੜਨਾ।

رابع ਰਾਬਿਅ਼ : ਚੌਥਾ, ਚੌਥਾ ਬਣਾਉਣਾ।

رابعہ ਰਾਬਿਆ਼ : ਚੌਥੀ, ਚੌਥੀ ਇਸਤਰੀ ਜਾਂ ਕੋਈ ਚੀਜ਼।

رابعہ بصری ਰਾਬਿਆ ਬਸਰੀ : ਇਕ ਪਰਸਿੱਧ, ਪਾਕੀਜ਼ਾ ਤੇ ਸੂਫ਼ੀ ਇਸਤਰੀ ਜੋ ਆਪਣੇ ਪਿਤਾ ਦੀ ਚੌਥੀ ਲੜਕੀ ਤੇ ਬਸਰੇ ਦੀ ਰੈਹਣ ਵਾਲੀ ਸੀ, ਉਸ ਦਾ ਸਮਾਂ ਦੂਜੀ ਸਦੀ ਹਿਜਰੀ ਸੀ।

رابو ਰਾਬੂ : ਇਕ ਖ਼ੁਸ਼ਬੂਦਾਰ ਫੁੱਲ ਦਾ ਨਾਮ, ਬਹਾਰੀ ਫੁੱਲ।

راتب ਰਾਤਿਬ : ਪੱਕਾ, ਬੱਝਿਆ ਹੋਇਆ, ਰੋਜ਼ਾਨਾ ਨੇਮ, ਰੋਜ਼ਾਨਾ ਖ਼ੁਰਾਕ, ਤਨਖ਼ਾਹ, ਵਜ਼ੀਫ਼ਾ।

راتب‌خور ਰਾਤਿਬ ਖ਼ੋਰ,
راتب خوار ਰਾਤਿਬ ਖ਼੍ਵਾਰ : ਜਿਸ ਦਾ ਰੋਜ਼ੀਨਾ ਬੱਝਾ ਹੋਵੇ, ਪਿੰਨਸ਼ਨੀਆ।

راتبہ ਰਾਤਿਬਾ : ਵਜ਼ੀਫ਼ਾ, ਤਨਖ਼ਾਹ ਨਿਸ਼ਚਤ ਰੋਜ਼ਾਨਾ ਖ਼ੁਰਾਕ, ਨਿਤ ਨੇਮ।

راجع ਰਾਜਿਅ : ਰੁਜੂਅ ਕਰਨ ਵਾਲਾ, ਪਰਤਣ ਵਾਲਾ, ਓਹ ਔਰਤ ਜੋ ਆਪਣੇ ਪਤੀ ਦੇ ਮਰਨ ਉਪਰੰਤ ਆਪਣੇ ਪਰੇਮੀ ਕੋਲ ਚਲੀ ਜਾਵੇ ਜਾਂ ਮਾਪਿਆਂ ਦੇ ਘਰ ਵਾਪਸ ਆ ਜਾਵੇ, ਓਹ ਊਂਠਣੀ ਜੇਹੜੀ ਹਾਮਿਲਾ ਨਾ ਹੋਵੇ ਪਰ ਹਾਮਿਲਾ ਲੱਗੇ।

راجفہ ਰਾਜਿਫ਼ਾ : ਕਿਆਮਤ (ਕਿਯਾਮਤ) ਵਾਲੇ ਦਿਨ ਵਜਾਏ ਜਾਣ ਵਾਲੇ ਬਿਗਲ (ਕਰੱਨਾ) ਦੀ ਪੈਹਲੀ ਫੂਕ ਜਾਂ ਅਵਾਜ਼ ਜਿਸ ਨਾਲ ਸਾਰੀ ਸ੍ਰਿਸ਼ਟੀ ਤਬਾਹ ਹੋ ਜਾਵੇਗੀ।

راحت ਰਾਹਤ : ਅਰਾਮ, ਸੁੱਖ, ਚੈਨ, ਖ਼ੁਸ਼ੀ, ਸੌਖ, ਹੱਥ ਦੀ ਤਲੀ।

راحت‌افزا ਰਾਹਤ-ਅਫ਼ਜ਼ਾ : ਸੁਖਦਾਇਕ।

راحت‌طلب ਰਾਹਤ-ਤਲਬ : ਸੁਖ ਰੈਹਣਾ।

راحتگاہ *ਰਾਹਤਗਾਹ* : ਸੁਖ-ਸਥਾਨ।

راحل *ਰਾਹਿਲ* : ਕੂਚ ਕਰਨ ਵਾਲਾ, ਪਾਂਧੀ।

راحلہ *ਰਾਹਿਲਾ* : ਸਵਾਰੀ ਦਾ ਜਾਨਵਰ, ਊਠ ਆਦਿ ਜਿਸ 'ਤੇ ਸਵਾਰੀ ਕੀਤੀ ਜਾਵੇ ਤੇ ਭਾਰ ਵੀ ਲੱਦਿਆ ਜਾ ਸਕੇ, ਊਠ ਦਾ ਪਲਾਨ; ਕਾਫ਼ਲਾ (ਕਾਫ਼ਿਲਾ)।

راحیل *ਰਾਹੀਲ* : ਹਜ਼ਰਤ ਯਕੂਬ ਦੀ ਬੀਵੀ।

راد *ਰਾਦ* : ਬਹਾਦਰ, ਦਲੇਰ, ਸਖ਼ੀ, ਦਾਨੀ, ਖੁਲ੍ਹ-ਦਿਲਾ।

رادمرد *ਰਾਦ ਮਰਦ*, **رادمنش** *ਰਾਦ-ਮਨਿਸ਼* : ਸਖ਼ੀ, ਦਾਨੀ।

رادی *ਰਾਦੀ* : ਸਖ਼ਾਵਤ, ਦਾਨ ਪੁੰਨ; ਸਿਆਣਪ, ਜੁਗਤ; ਬਹਾਦਰੀ।

رادیہ *ਰਾਦੀਯਾ* : ਬਲਦ ਦੀ ਖੱਲ ਦੀ ਮਸ਼ਕ, ਪਖਾਲ।

راز *ਰਾਜ਼* : ਛੁਪੀ ਹੋਈ ਗੱਲ, ਭੇਤ, ਰੰਗ, ਝਾੜ ਚੂਹਾ, ਭੂੰਡ, ਡੇਹਮੂੰ।

رازبان *ਰਾਜ਼ਬਾਨ* : ਭੇਦੀ, ਬਾਦਸ਼ਾਹ ਦੇ ਹਜ਼ੂਰ ਬਿਨੈਕਾਰਾਂ ਦੀਆਂ ਅਰਜ਼ਾਂ ਪੇਸ਼ ਕਰਨ ਵਾਲਾ।

رازپنہانی *ਰਾਜ਼-ਏ-ਪਿਨਹਾਨੀ*, **رازنہاں/نہفتہ** *ਰਾਜ਼-ਏ-ਨਿਹਾਨ /ਨਿਹਫ਼ਤਾ* : ਭੇਦ ਭਰੀ ਗੱਲ।

رازجو *ਰਾਜ਼-ਜੂ* : ਭੇਦ ਲੱਭਣ ਵਾਲਾ।

رازدار *ਰਾਜ਼ਦਾਰ*, **رازدان** *ਰਾਜ਼ਦਾਨ* : ਭੇਦ ਜਾਣਨ ਵਾਲਾ, ਮੈਹਰਮ, ਭੇਦੀ।

رازداری *ਰਾਜ਼ਦਾਰੀ* : ਭੇਦ ਛੁਪਾਉਣਾ।

رازِدلِآب *ਰਾਜ਼-ਏ-ਦਿਲ-ਏ-ਆਬ* : ਨਮੀ, ਤਰੀ, ਪਾਣੀ ਵਿਚ ਪੈਂਦਾ ਪਰਛਾਵਾਂ।

رازِدلِزمانہ *ਰਾਜ਼-ਏ-ਦਿਲ-ਏ-ਜ਼ਮਾਨਾ* : ਸੂਰਜ।

رازِزمین *ਰਾਜ਼-ਏ-ਜ਼ਮੀਨ* : ਹਜ਼ਰਤ ਆਦਮ, ਸਬਜ਼ਾ, ਫੁੱਲ।

رازکش *ਰਾਜ਼ਕਸ਼* : ਭੇਦ ਖੋਲ੍ਹਣ ਵਾਲਾ।

رازونیاز *ਰਾਜ਼-ਓ-ਨਿਯਾਜ਼* : ਪਰੇਮੀਆਂ ਦੇ ਭੇਦ।

راز *ਰਾਜ਼* : ਰਾਜ ਮਿਸਤਰੀ, ਮਿਅਮਾਰ।

رازق *ਰਾਜ਼ਿਕ* : ਰਿਜ਼ਕ ਦੇਣ ਵਾਲਾ, ਰੋਜ਼ੀ-ਦਾਤਾ, ਰੱਬ, ਈਸ਼ਵਰ।

رازقِمطلق *ਰਾਜ਼ਿਕ-ਏ-ਮੁਤਲਕ਼* : ਰੱਬ, ਰਿਜ਼ਕ-ਦਾਤਾ, ਈਸ਼ਵਰ, ਭਗਵਾਨ।

رازہ *ਰਾਜ਼ਾ* : (ਰਾਜ਼) ਭੇਦ।

رازی *ਰਾਜ਼ੀ* : 'ਰੇ' (ਹਰਾਤ) ਸ਼ੈਹਰ ਦਾ ਰੈਹਣ ਵਾਲਾ, ਸ਼ੈਹਰ ਦਾ ਨਾਮ ਰਾਜ਼ ਬਾਦਸ਼ਾਹ ਦੇ ਨਾਮ ਤੇ ਪਿਆ ਸੀ, ਇਮਾਮ ਫ਼ਖ਼ਰੁੱਦੀਨ ਰਾਜ਼ੀ ਜੋ 'ਤਫ਼ਸੀਰ-ਏ-ਕਬੀਰ' ਦਾ ਕਰਤਾ ਸੀ ਤੇ 'ਰੇ' ਸ਼ੈਹਰ ਦਾ ਰੈਹਣ ਵਾਲਾ ਸੀ।

رازیام *ਰਾਜ਼ਯਾਮ*, **رازیان** *ਰਾਜ਼ਯਾਨ*, **رازیانج** *ਰਾਜ਼ਯਾਂਜ*, **رازیانہ** *ਰਾਜ਼ਯਾਨਾ* : ਸੌਂਫ।

راس *ਰਾਸ* : (ਰਾਸਤ **راست** ਦਾ ਸੰਖਿਪਤ ਰੂਪ) ਸੱਜਾ, ਠੀਕ; ਰਾਹ, ਰਸਤਾ, ਭੂਗੋਲ ਵਿਚ ਖੁਸ਼ਕੀ (ਧਰਤ) ਦਾ ਓਹ ਟੁਕੜਾ ਜੋ ਦੂਰ ਤਕ ਪਾਣੀ ਵਿਚ ਚਲਾ ਗਿਆ ਹੋਵੇ।

راس *ਰਅਸ* : ਸਿਰ ਵਿਚ ਜ਼ਖ਼ਮ ਕਰਨਾ, ਸਿਰ, ਸਰਦਾਰ, ਮੁਖੀ, ਸਿਰਾ, ਟੀਸੀ, ਚੀਜ਼ ਦਾ ਆਦਿ, ਅੰਤਮ ਭਾਗ, ਇਕ ਪਸ਼ੂ; ਅਸਮਾਨੀ ਬੁਰਜ।

راس المال *ਰਅਸ-ਉਲ-ਮਾਲ* : ਪੂੰਜੀ।

راست *ਰਾਸਤ* : ਠੀਕ, ਸਹੀ, ਸੱਚ, ਸੱਜਾ ਹੱਥ, ਰਾਗ ਦੇ ਬਾਰਾਂ ਸਥਾਨਾਂ (ਘਰਾਂ) ਵਿਚੋਂ ਇਕ; ਸਿੱਧਾ, ਪੱਧਰਾ, ਰਾਹ, ਰਸਤਾ, ਪੂਰਾ, ਬਿਲਕੁਲ ਠੀਕ, ਵਾਸਤਵ ਵਿਚ।

راستا *ਰਾਸਤਾ* : (ਰਾਸਤ **راست**) ਠੀਕ, ਸਹੀ, ਸੱਚ, ਰਾਹ, ਰਸਤਾ।

راستباز *ਰਾਸਤਬਾਜ਼* : ਸੱਚਾ, ਈਮਾਨਦਾਰ।

راستبازی *ਰਾਸਤਬਾਜ਼ੀ* : ਸੱਚਾਈ।

راستبالا *ਰਾਸਤ ਬਾਲਾ* : ਸਰੂ ਦਾ ਬੂਟਾ।

راستبود *ਰਾਸਤ ਬੂਦ* : ਦਿਆਨਤਦਾਰੀ।

راستبین ***ਰਾਸਤ ਬੀਨ*** : ਨਿਰਪਖ।
راستپوش ***ਰਾਸਤ-ਪੋਸ਼*** : ਨਾਸਤਕ, ਸੱਚ ਨੂੰ ਛੁਪਾਉਣ ਵਾਲਾ।
راستخانه ***ਰਾਸਤ-ਖ਼ਾਨਾ*** : ਸਭ ਨਾਲ ਸਫ਼ਾਈ ਤੇ ਦੋਸਤੀ ਭਾਵ ਰਖਣ ਵਾਲਾ।
راستخدیو ***ਰਾਸਤ ਖ਼ਿਦੇਵ*** : ਰੱਬ ਸੱਚਾ।
راستدست ***ਰਾਸਤ ਦਸਤ*** : ਦਿਆਨਤਦਾਰ (ਦਿਯਾਨਤਦਾਰ)।
راسترو ***ਰਾਸਤ-ਰੌ*** : ਸਿੱਧੇ ਰਾਹ ਚੱਲਣ ਵਾਲਾ।
راستسخن ***ਰਾਸਤ-ਸੁਖ਼ਨ,***
راستگو ***ਰਾਸਤ-ਗੋ*** : ਸੱਚਾ, ਗੱਲ ਦਾ ਪੱਕਾ; ਸੱਚੀ ਗੱਲ ਕੈਹਣ ਵਾਲਾ।
راستقلم ***ਰਾਸਤ-ਕ਼ਲਮ*** : ਮੇਹਨਤੀ, ਈਮਾਨਦਾਰ।
راستمزاج ***ਰਾਸਤ-ਮਿਜ਼ਾਜ*** : ਨਰਮ ਸੁਭਾ ਵਾਲਾ।
راستمزه ***ਰਾਸਤ-ਮਜ਼ਾ*** : ਚੰਗੇ ਸੁਆਦ ਵਾਲੀ (ਚੀਜ਼), ਸਵਾਦਿਸ਼ਟ।
راستین ***ਰਾਸਤੀਨ,*** **راستینه** ***ਰਾਸਤੀਨਾ*** : ਸੱਚਾ, ਅਸਲ, ਸਿੱਧਾ, ਸਪਸ਼ਟ, ਵਾਸਤਵਕ।
راسته ***ਰਾਸਤਾ*** : ਸੱਜੂ, ਸੱਜੇ ਹੱਥ ਨਾਲ ਕੰਮ ਕਰਨ ਵਾਲਾ, ਸੱਚਾ, ਸਿੱਧਾ, ਮੰਡੀ, ਬਜ਼ਾਰ, ਸਿੱਧੀ ਪੱਧਰੀ ਸੜਕ (ਰਾਹ)।
راستهبندی ***ਰਾਸਤਾ ਬੰਦੀ*** : ਸੜਕ ਦੀ ਉਸਾਰੀ ਜਾਂ ਮੁਰੰਮਤ।
راستی ***ਰਾਸਤੀ*** : ਸਿੱਧਾ ਹੋਣ ਦਾ ਭਾਵ; ਸਚਾਈ, ਹਾਂ ਸੱਚ! ਸੱਚੀਂ! ਵਾਸਤਵ ਵਿਚ।
راستیایناست ***ਰਾਸਤੀ ਈਂ ਅਸਤ, ਰਾਸਤੀ ਈਂ ਕਿਹ*** : ਸੱਚੀ ਗਲ ਤਾਂ ਏਹ ਹੈ! ਸੱਚ ਤਾਂ ਏਹ ਹੈ।
راستیودرستی
ਰਾਸਤੀ-ਉ-ਦੁਰੁਸਤੀ : ਈਮਾਨਦਾਰੀ ਤੇ ਵਫ਼ਾਦਾਰੀ।
راستیور ***ਰਾਸਤੀਵਰ*** : ਸੱਚਾ, ਅਸਲ, ਸਹੀ।
راسخ ***ਰਾਸਿਖ਼*** : ਪੱਕਾ, ਪੁਖ਼ਤਾ, ਦ੍ਰਿੜ, ਜੰਮਿਆ ਹੋਇਆ।
راسخدم ***ਰਾਸਿਖ਼ਦਮ*** : ਮਨ ਦਾ ਪੱਕਾ, ਪੱਕੇ ਨਿਸ਼ਚੇ ਵਾਲਾ।
راسن ***ਰਾਸਨ*** : ਫੋੜੇ ਤੇ ਛਾਲੇ ਨੂੰ ਠੀਕ ਕਰਨ ਵਾਲੀ ਇਕ ਦਵਾਈ ਦਾ ਨਾਮ।
راسو ***ਰਾਸੂ*** : ਨਿਓਲਾ।
راسی ***ਰਾਸੀ*** : ਦਰਮਿਆਨੀ; ਪੱਕਾ, ਦ੍ਰਿੜ, ਸਾਬਤ, (ਪਹਾੜ ਆਦਿ)।
راسیات ***ਰਾਸੀਯਾਤ*** : (ਰਾਸੀਯਹ ਦਾ ਬੌਹਵਚਨ) ਪੱਕੇ ਅਹਿੱਲ ਪਹਾੜ।
راسیه ***ਰਾਸੀਯਾ*** : ਮਜ਼ਬੂਤ, ਅਹਿੱਲ, ਅਚਲ (ਪਹਾੜ ਆਦਿ)।
راش ***ਰਾਸ਼*** : ਅੰਨ ਦਾ ਢੇਰ, ਬੋਹਲ।
راش ***ਰਾਸ਼*** : ਖੰਭ।
راشد ***ਰਾਸ਼ਿਦ*** : ਜਿਸ ਨੂੰ ਅਗਵਾਈ ਪਰਾਪਤ ਹੋਵੇ, ਜਿਸ ਨੂੰ ਸਿੱਧਾ ਰਸਤਾ ਮਿਲ ਜਾਵੇ, ਸਨਾਤਨੀ, ਨੇਕ, ਧਰਮੀ।
راشی ***ਰਾਸ਼ੀ*** : ਵੱਢੀ ਦੇਣ ਵਾਲਾ।
راصد ***ਰਾਸਿਦ*** : ਨਜੂਮੀ, ਤਾਰਾ-ਵਿਗਿਆਨੀ, ਚੌਕੀਦਾਰ।
راضی ***ਰਾਜ਼ੀ*** : ਖ਼ੁਸ਼, ਪਰਸੰਨ, ਸੰਤੋਖੀ, ਮੰਨਣ ਵਾਲਾ।
راضیبرضا ***ਰਾਜ਼ੀ-ਬ-ਰਿਜ਼ਾ*** : ਜੋ ਰੱਬ ਨੂੰ ਮਨਜ਼ੂਰ, ਰੱਬ ਦੀ ਰਜ਼ਾ ਵਿਚ ਰੈਹਣ ਵਾਲਾ।
راضینامه ***ਰਾਜ਼ੀ-ਨਾਮਾ*** : ਕਿਸੇ ਮਾਮਲੇ ਵਿਚ ਸੰਤੁਸ਼ਟ ਹੋਣ ਦੀ ਲਿਖਤ, ਇਕਰਾਰਨਾਮਾ, ਲਿਖਤੀ ਮਨਜ਼ੂਰੀ।
راضیه ***ਰਾਜ਼ੀਯਾ*** : ਪਸੰਦੀਦਾ, ਪਰਵਾਨ।
راعیل ***ਰਾਈਲ*** : ਜ਼ੁਲੈਖਾ ਦਾ ਨਾਮ ਜੋ ਮਿਸਰ ਦੇ ਸ਼ਾਸਕ ਦੀ ਬੀਵੀ ਤੇ ਪਿੱਛੋਂ ਹਜ਼ਰਤ ਯੂਸੁਫ਼ ਦੇ ਨਿਕਾਹ ਵਿਚ ਆਈ।
راغ ***ਰਾਗ਼*** : ਸਰਸਬਜ਼ ਮੈਦਾਨ, ਪਹਾੜ ਦੀ ਸਬਜ਼ ਤਰਾਈ, ਜੰਗਲ; ਸਰਦ-ਘਰ।
راغی ***ਰਾਗ਼ੀ*** : ਤਰਾਈ ਦਾ ਰੈਹਣ ਵਾਲਾ।

راغب ***ਰਾਗ਼ਿਬ*** : ਰੁਚੀ ਰੱਖਣ ਵਾਲਾ, ਇੱਛਕ, ਚਾਹੁਣ ਵਾਲਾ।

رافضه ***ਰਾਫ਼ਿਜ਼ਾ*** : ਆਪਣੇ ਸਰਦਾਰ ਤੋਂ ਬਾਗ਼ੀ ਹੋ ਕੇ ਉਸ ਨੂੰ ਛੱਡ ਦੇਣ ਵਾਲਾ ਟੋਲਾ, ਸ਼ੀਆ ਮੁਸਲਮਾਨਾਂ ਦੇ ਪਰਸਿੱਧ ਟੋਲੇ ਦਾ ਨਾਮ, ਏਹਨਾਂ ਲੋਕਾਂ ਨੇ ਭਾਵੇਂ ਹਜ਼ਰਤ ਜ਼ੈਦ-ਬਿਨ-ਅਲੀ-ਬਿਨ ਇਮਾਮ ਹੁਸੈਨ ਦੇ ਹੱਥ 'ਤੇ ਬੈਅਤ ਕਰ ਲਈ ਸੀ ਤੇ ਉਸ ਦੇ ਅਨੁਯਾਈ ਹੋ ਗਏ ਸਨ, ਪਰ ਓਹਨਾਂ ਨੂੰ ਕਿਹਾ ਕਿ ਤੁਸੀਂ ਹਜ਼ਰਤ ਅਬੂਬੱਕਰ ਸਿਦੀਕ ਤੇ ਹਜ਼ਰਤ ਉਮਰ ਫ਼ਾਰੂਕ ਆਦਿ ਨੂੰ ਘਿਰਨਾ ਕਰੋ, ਪਰ ਹਜ਼ਰਤ ਜ਼ੈਦ ਨੇ ਇਨਕਾਰ ਕਰ ਦਿਤਾ, ਜਿਸ ਪੁਰ ਇਸ ਟੋਲੇ ਦੇ ਲੋਕਾਂ ਨੇ ਨਾ ਕੇਵਲ ਹਜ਼ਰਤ ਜ਼ੈਦ ਨੂੰ ਛੱਡ ਹੀ ਦਿੱਤਾ ਸਗੋਂ ਬੇਵਫ਼ਾਈ ਵੀ ਕੀਤੀ, ਨਤੀਜਾ ਏਹ ਹੋਇਆ ਕਿ ਹਜ਼ਰਤ ਜ਼ੈਦ ਹਜਾਜ-ਬਿਨ-ਯੂਸੁਫ਼ ਦੇ ਹੱਥੋਂ ਸ਼ਹੀਦ ਹੋ ਗਏ।

رافضی ***ਰਾਫ਼ਿਜ਼ੀ*** : ਰਾਫ਼ਿਜ਼ਾ ਨਾਲ ਸਬੰਧਤ, ਇਸ ਟੋਲੇ ਦਾ ਇਕ ਅਨੁਯਾਈ।

راقص ***ਰਾਕਿਸ*** : ਰਕਸ ਕਰਨ ਵਾਲਾ, ਨੱਚਣ ਵਾਲਾ, ਨੱਚਾਰ, ਇਕ ਸਤਾਰਾ।

راقم ***ਰਾਕ਼ਿਮ*** : ਲਿਖਣ ਵਾਲਾ, ਲੇਖਕ।

راقم‌الحروف ***ਰਾਕਿਮ-ਉਲ-ਹੁਰੂਫ਼*** : ਏਹਨਾਂ ਸ਼ਬਦਾਂ ਦਾ ਲਿਖਣ ਵਾਲਾ।

راکاره ***ਰਾਕਾਰਾ*** : ਬਦਕਾਰ ਔਰਤ, ਵੇਸਵਾ।

راکب ***ਰਾਕਿਬ*** : ਸਵਾਰ, ਊਠ-ਸਵਾਰ, ਘੋੜ-ਸਵਾਰ।

راکع ***ਰਾਕਿਅ*** : ਰਕੂਅ ਕਰਨ ਵਾਲਾ, ਝੁਕਣ ਵਾਲਾ, ਨਮਾਜ਼ ਵਿਚ ਗੋਡਿਆਂ 'ਤੇ ਹੱਥ ਰੱਖ ਕੇ ਝੁਕਣ ਵਾਲਾ, ਨਿਮਰਤਾ ਦਰਸਾਉਣ ਵਾਲਾ।

راله ***ਰਾਲਾ*** : ਮਸ਼ਕ।

رام ***ਰਾਮ*** : (ਆਰਾਮ **آرام** ਦਾ ਸੰਖਿਪਤ ਰੂਪ) ਅਧੀਨ, ਆਗਿਆਕਾਰ, ਚੱਲਣ ਵਾਲਾ, ਸ਼ਕਤੀ, ਹਰ ਸੂਰਜੀ ਮਹੀਨੇ ਦੀ ਇੱਕੀਵੀਂ ਮਿਤੀ, ਇਕ ਫ਼ਰਿਸ਼ਤੇ ਦਾ ਨਾਮ, ਇਕ ਪਰਸਿੱਧ ਸੰਗੀਤ-ਸਾਜ਼ ਚੰਗ; ਇਸ ਸਾਜ਼ ਦੀ ਕਾਢ ਕੱਢਣ ਵਾਲੇ ਦਾ ਨਾਮ।

رام‌کردن ***ਰਾਮ ਕਰਦਨ*** : ਸਿਖਾ ਲੈਣਾ, ਅਧੀਨ ਕਰ ਲੈਣਾ।

رامش ***ਰਾਮਿਸ਼*** : ਪਰਸੰਨਤਾ, ਅਨੰਦ, ਅਰਾਮ, ਸੌਖ; ਰਾਗ, ਨਸੀਹਤ, ਨੇਕ ਸਲਾਹ।

رامشِ‌جان ***ਰਾਮਿਸ਼-ਏ-ਜਾਨ*** : ਰਾਗ ਦੀ ਇਕ ਸੁਰ।

رامش‌گاه ***ਰਾਮਿਸ਼ਗਾਹ*** : ਰਾਗ ਰੰਗ ਦੀ ਸਭਾ।

رامشگر ***ਰਾਮਿਸ਼ਗਰ,*** **رامشی** ***ਰਾਮਿਸ਼ੀ*** : ਗਵੱਈਆ, ਰਾਗੀ।

رامشگری ***ਰਾਮਿਸ਼ਗਰੀ*** : ਸਾਜ਼-ਸੰਗੀਤ, ਗਾਉਣਾ ਵਜਾਉਣਾ, ਰਾਗ ਵਿੱਦਿਆ, ਗੱਲਬਾਤ।

رامی ***ਰਾਮੀ,*** **رامین** ***ਰਾਮੀਨ,*** **رامینه** ***ਰਾਮੀਨਾ*** : ''ਵੀਸ'' ਦੇ ਆਸ਼ਕ ਦਾ ਨਾਮ।

رامی ***ਰਾਮੀ*** : ਨਿਸ਼ਾਨਚੀ, ਤੀਰ-ਅੰਦਾਜ਼।

رامی ***ਰਾਮੀ*** : ਰਾਮ ਅਰਦਸ਼ੀਰ (ਸ਼ੈਹਰ) ਦਾ ਰੈਹਣ ਵਾਲਾ, ਰਾਮ-ਹੁਰਮੁਜ਼ (ਸ਼ੈਹਰ) ਦਾ ਰੈਹਣ ਵਾਲਾ।

ران ***ਰਾਨ*** : ਲੱਤ ਦਾ ਗੋਡਿਆਂ ਤੋਂ ਉਪਰਲਾ ਭਾਗ, ਪੱਟ।

ران‌افشردن ***ਰਾਨ ਅਫ਼ਸ਼ੁਰਦਨ*** : ਘੋੜੇ ਉੱਤੇ ਰਾਨ (ਪੱਟ) ਜਮਾਉਣਾ, ਘੋੜੇ ਨੂੰ ਤੇਜ਼ ਕਰਨਾ।

ران‌کشادن ***ਰਾਨ ਕੁਸ਼ਾਦਨ*** : ਸਵਾਰ ਹੋਣਾ, ਚੱਲਣਾ, ਟੁਰਨਾ, ਦੋਸ਼ ਪਰਗਟ ਕਰਨਾ, ਨੰਗਾ ਹੋਣਾ, ਘੋੜੇ ਤੋਂ ਉਤਰਨਾ।

رانگی ***ਰਾਨਗੀ*** : ਜ਼ੀਨ (ਕਾਠੀ) ਦੀ ਦੁਮਚੀ।

رانین ***ਰਾਨੀਨ*** : ਸਲਵਾਰ, ਪਜਾਮਾ।

رانه ***ਰਾਨਾ*** : ਅਨਾਰ।

راندن ***ਰਾਂਦਨ*** : ਹੱਕਣਾ, ਭਜਾਉਣਾ, ਦੂਰ ਕਰਨਾ, ਤੋਰਨਾ, ਚਲਾਉਣਾ, ਰਵਾਨਾ ਹੋਣਾ।

رانده ***ਰਾਂਦਾ*** : ਕੱਢਿਆ ਗਿਆ, ਦੁਰਕਾਰਿਆ ਗਿਆ, ਦੇਸੋਂ ਬਾਹਰ ਕੱਢਿਆ ਗਿਆ, ਰੱਦ ਕੀਤਾ ਗਿਆ, ਛੇਕਿਆ ਗਿਆ।

راورا ***ਰਾਵਰਾ*** : ਝਾੜ ਚੂਹਾ।

راوق ***ਰਾਵੂਕ਼, ਰਾਵਕ*** : ਸ਼ਰਾਬ ਸਾਫ਼ ਕਰਨ

ਦਾ ਕੱਪੜਾ, ਪੋਣਾ, ਸਾਫ਼ੀ, (ਫ਼ਾਰਸੀ ਵਿਚ ਸ਼ਰਾਬ ਦੇ ਅਰਥਾਂ ਵਿਚ ਵੀ ਆਉਂਦਾ ਹੈ), ਖਾਲਸ ਸ਼ਰਾਬ।

راوک ***ਰਾਵਕ*** : ਸਾਫ਼, ਖ਼ਾਲਸ ਤੇ ਸਰਬੋਤਮ (ਕਿਸੇ ਚੀਜ਼ ਦਾ)।

راوی ***ਰਾਵੀ*** : ਕਿੱਸਾ ਕਹਾਣੀ ਕੈਹਣ ਵਾਲਾ, ਇਤਹਾਸਕਾਰ, ਸਿੰਜਣ ਵਾਲਾ।

راویان ***ਰਾਵੀਯਾਨ*** : (ਉਪਰੋਕਤ ਦਾ ਬੌਹਵਚਨ) ਇਤਹਾਸਕਾਰ।

راویه ***ਰਾਵੀਯਾ*** : ਬੌਹਤ ਵਾਰਤਾਵਾਂ ਕੈਹਣ ਵਾਲਾ; ਪਾਣੀ ਢੋਣ ਵਾਲਾ ਊਠ; ਜਿਸ ਦੀ ਪਿਠ ਤੇ ਪਖਾਲਾਂ (ਮਸ਼ਕਾਂ) ਲੱਦੀਆਂ ਹੋਣ; ਪਾਣੀ ਦੀ ਮਸ਼ਕ।

راه ***ਰਾਹ,*** **ره** ***ਰਹ*** : ਰਸਤਾ, ਡੰਡੀ, ਰੌਹ-ਰੀਤੀ, ਰਸਮ, ਤਰੀਕਾ, ਨੇਮ, ਮਰਯਾਦਾ, ਸਰੋਦ ਦਾ ਪਰਦਾ (ਸੁਰ), ਸੁਰ, ਧੁਨ, ਉਡੀਕ, ਵਾਰ।

راه‌آموز ***ਰਾਹ-ਆਮੋਜ਼*** : ਪੱਥ-ਪਰਦਰਸ਼ਕ, ਉਸਤਾਦ।

(آورد)راه‌آور ***ਰਾਹ-ਆਵਰ (ਆਵਰਦ),*** **راهواره** ***ਰਾਹਵਾਰਾ*** : ਸਫ਼ਰ ਦਾ ਤੋਹਫ਼ਾ ਜੋ ਕਿਸੇ ਬਾਦਸ਼ਾਹ ਨੂੰ ਦੂਤ ਰਾਹੀਂ ਭੇਜਿਆ ਜਾਵੇ, ਸੁਗਾਤ।

راهِ‌آهن ***ਰਾਹ-ਏ-ਆਹਨ*** : ਰੇਲ ਦੀ ਪਟੜੀ।

راه‌انجام ***ਰਾਹ-ਅੰਜਾਮ*** : ਸਫ਼ਰ ਦਾ ਸਮਾਨ, ਸਵਾਰੀ ਦਾ ਘੋੜਾ, ਖੱਚਰ, ਦੂਤ, ਹਰਕਾਰਾ ਡਾਕ।

راهِ‌باریک ***ਰਾਹ-ਏ-ਬਾਰੀਕ*** : ਤੰਗ ਰਸਤਾ।

راه‌بان ***ਰਾਹ ਬਾਨ*** : ਸੜਕ ਦਾ ਰਾਖਾ, ਪਾਂਧੀ, ਡਾਕੂ, ਰਾਹਮਾਰ, ਲੁਟੇਰਾ।

راهبر ***ਰਾਹ ਬਰ*** : ਰਾਹ ਵਿਖਾਉਣ ਵਾਲਾ, ਪੱਥ-ਪਰਦਰਸ਼ਕ।

راه‌براه ***ਰਾਹ-ਬ-ਰਾਹ*** : ਧਾਰੀਦਾਰ, ਫਾਂਟਾਂ ਵਾਲਾ।

راه‌برداشتن ***ਰਾਹ ਬਰਦਾਸ਼ਤਨ*** : ਸਫ਼ਰ ਕਰਨਾ।

راه‌بردن ***ਰਾਹ ਬੁਰਦਨ*** : ਰਸਤਾ ਲੱਭਣਾ, ਰਾਹ ਲੱਭ ਲੈਣਾ।

راه‌بری ***ਰਾਹ ਬਰੀ*** : ਰਾਹ ਵਿਖਾਉਣ ਦੀ ਕਿਰਿਆ।

راه‌بریده ***ਰਾਹ-ਏ-ਬੁਰੀਦਾ*** : ਉਹ ਰਾਹ ਜੋ ਡਾਕੂਆਂ ਦੇ ਡਰ ਤੋਂ ਬੰਦ ਹੋ ਗਿਆ ਹੋਵੇ।

راه‌بند ***ਰਾਹਬੰਦ*** : ਰਾਹ ਮਾਰ, ਡਾਕੂ, ਮਸੂਲ ਲੈਣ ਵਾਲਾ, ਰਾਹ ਦਾ ਰਾਖਾ।

راه‌پیما ***ਰਾਹ-ਪੈਮਾ*** : ਪੰਧ ਨਿਬੇੜਨ ਵਾਲਾ, ਪਾਂਧੀ।

راه‌خرچ ***ਰਾਹ ਖ਼ਰਚ*** : ਭਾੜਾ, ਮਸੂਲ ਆਦਿ।

راه‌خلوت ***ਰਾਹ-ਏ-ਖ਼ਲਵਤ*** : ਖਾਲੀ ਰਸਤਾ।

راهدار ***ਰਾਹਦਾਰ*** : ਰਸਤੇ ਦਾ ਨਿਗਾਹਬਾਨ, ਸੜਕ ਦਾ ਚੌਕੀਦਾਰ, ਗਸ਼ਤੀ ਦਸਤਾ, ਪਾਂਧੀ, ਚੋਰ, ਡਾਕੂ, ਮਸੂਲ ਲੈਣ ਵਾਲਾ; ਧਾਰੀਦਾਰ।

راهداری ***ਰਾਹਦਾਰੀ*** : ਮਸੂਲ ਚੂੰਗੀ, ਪਾਸਪੋਰਟ, ਰਸਤੇ 'ਤੇ ਚੱਲਣ ਦਾ ਆਗਿਆ ਪੱਤਰ, ਰਸਤੇ ਤੇ ਲਿਆ ਜਾਣ ਵਾਲਾ ਰਾਖੀ-ਕਰ।

راهِ‌دراز ***ਰਾਹ-ਏ-ਦਰਾਜ਼*** : ਲੰਮਾਂ ਪੰਧ।

راهِ‌راست ***ਰਾਹ-ਏ-ਰਾਸਤ*** : ਸਿੱਧਾ ਰਸਤਾ।

راه‌راه ***ਰਾਹ ਰਾਹ*** : ਧਾਰੀਦਾਰ, ਫਾਂਟਾਂਵਾਲਾ (ਕੱਪੜਾ)।

راه‌رو ***ਰਾਹ ਰੌ*** : ਚਲਦਾ ਰਸਤਾ, ਲਾਂਘਾ, ਮਕਾਨ ਦੇ ਆਲੇ-ਦੁਆਲੇ ਦਾ ਬਰਾਂਡਾ, ਰਾਹ ਚੱਲਣ ਵਾਲਾ, ਪਾਂਧੀ।

راه‌روش ***ਰਾਹ ਰਵਿਸ਼*** : ਤੌਰ ਤਰੀਕਾ, ਚਾਲ-ਚਲਣ, ਸਲੀਕਾ, ਰਸਮ ਰਵਾਜ।

راهروی ***ਰਾਹਰਵੀ*** : ਸਫ਼ਰ।

راهزن ***ਰਾਹਜ਼ਨ*** : ਲੁਟੇਰਾ, ਚੋਰ, ਡਾਕੂ; ਗਵੱਈਆ, ਰਾਗੀ।

راهزنی ***ਰਾਹ ਜ਼ਨੀ*** : ਰਾਹ ਵਿਚ ਲੁੱਟਣ

ਦੀ ਕਿਰਿਆ, ਡਾਕਾ ਮਾਰਨ ਦੀ ਕਿਰਿਆ, ਕੁਰਾਹੇ ਪਾਉਣ ਦੀ ਕਿਰਿਆ।

راہسنج *ਰਾਹਸੰਜ* : ਰਸਤਾ ਚੱਲਣ ਵਾਲਾ, ਪਾਂਧੀ (ਜੋ ਰਾਹ ਤੋਂ ਵਾਕਫ਼ ਹੋਵੇ)।

راہشاہ *ਰਾਹ ਸ਼ਾਹ* : ਸ਼ਾਹ ਰਾਹ, ਮਹਾਨ ਪਾਂਧੀ।

راہِغول *ਰਾਹ-ਏ-ਗ਼ੂਲ* : ਸੰਸਾਰ।

راہگان *ਰਾਹਗਾਨ* : ਸੜਕ ਤੋਂ ਲੱਭੀ ਸ਼ੈ, ਮੁਫ਼ਤ ਪਰਾਪਤ ਹੋਈ ਚੀਜ਼।

راہگرای *ਰਾਹ ਗਿਰਾਯ* : ਪਾਂਧੀ।

راہگرفتن *ਰਾਹ ਗਿਰਿਫ਼ਤਨ* : ਰਸਤਾ ਫੜਨਾ, ਚਲਦੇ ਹੋਣਾ।

راہگزر *ਰਾਹ ਗੁਜ਼ਰ* : ਰਸਤਾ, ਰਾਹ, ਲਾਂਘਾ।

راہگستر *ਰਾਹ ਗੁਸਤਰ* : ਸਵਾਰੀ ਦਾ ਜਾਨਵਰ, ਚੰਗੀ ਚਾਲ ਵਾਲਾ ਜਾਨਵਰ।

راہگیر *ਰਾਹਗੀਰ* : ਪਾਂਧੀ।

راہنامہ *ਰਾਹਨਾਮਹ* : ਰਸਤੇ ਦਾ ਨਕਸ਼ਾ।

راہنشین *ਰਾਹ ਨਸ਼ੀਨ* : ਭਿੱਖ-ਮੰਗਾ, ਹਰਕਾਰਾ, ਦੂਤ, ਅਜਨਬੀ, ਓਪਰਾ।

راہنما *ਰਾਹਨੁਮਾ*, **راہنمون** *ਰਾਹ ਨਮੂਨ* : ਰਸਤਾ ਵਿਖਾਉਣ ਵਾਲਾ, ਪੱਥ ਪਰਦਰਸ਼ਕ।

راہنمائی *ਰਾਹਨੁਮਾਈ*, **راہنمونی** *ਰਾਹ ਨਮੂਨੀ* : ਰਸਤਾ ਵਿਖਾਉਣ ਦੀ ਕਿਰਿਆ, ਪਥ ਪਰਦਰਸ਼ਨ।

راہنورد *ਰਾਹ-ਨਵਰਦ* : ਰਸਤਾ ਚਲਣ ਵਾਲਾ, ਪਾਂਧੀ, ਦੂਤ, ਕਾਸਦ, ਪਿਆਦਾ, ਭਿੱਖ-ਮੰਗਾ।

راہنوردی *ਰਾਹਨਵਰਦੀ* : ਸਫਰ, ਰਸਤਾ ਚੱਲਣ ਦੀ ਕਿਰਿਆ।

راہوار *ਰਾਹਵਾਰ* : (ਰਾਹ ਪੋਯਾਨ (**راہپویان**) ਤੇਜ਼ ਰਫ਼ਤਾਰ ਘੋੜਾ।

راہواری *ਰਾਹਵਾਰੀ* : ਤੇਜ਼ ਚਾਲ।

راہوان *ਰਾਹਵਾਨ* : ਵੇਖੋ **راہبان** ਰਾਹਬਾਨ।

راہوربط *ਰਾਹ-ਉ-ਰਬਤ* : ਮੇਲ-ਜੋਲ, ਸਬੰਧ।

راہورسم *ਰਾਹ-ਉ-ਰਸਮ* : ਆਉਣ-ਜਾਣ, ਮੇਲ-ਜੋਲ, ਬੋਲ-ਚਾਲ, ਮੁਲਾਕਾਤ।

راہہا *ਰਾਹ ਹਾ* : (ਰਾਹ **راہ** ਦਾ ਬੌਹਵਚਨ) ਰਸਤੇ।

راہی *ਰਾਹੀ* : ਰਾਹ ਚੱਲਣ ਵਾਲਾ, ਪਾਂਧੀ।

راہب *ਰਾਹਿਬ* : ਡਰਨ ਵਾਲਾ, ਨੇਕ ਬੰਦਾ, ਸੰਸਾਰ ਛੱਡਣ ਵਾਲਾ, ਤਿਆਗੀ, ਈਸਾਈਆਂ ਦਾ ਪਾਦਰੀ।

راہبان *ਰਾਹਿਬਾਨ* : (ਰਾਹਿਬ **راہب** ਦਾ ਬੌਹਵਚਨ) ਈਸਾਈਆਂ ਦੇ ਪਾਦਰੀ।

راہبِعسلی *ਰਾਹਿਬ-ਏ-ਅਸਲੀ* : ਲੋਕ ਪ੍ਰਿਯ ਪਾਦਰੀ, ਯਹੂਦੀਆਂ ਦਾ ਪਾਦਰੀ ਜੋ ਪੀਲੇ ਕੱਪੜੇ ਪੈਹਨਦਾ ਹੈ।

راہن *ਰਾਹਿਨ* : ਪੱਕਾ, ਸਥਿਰ ਰੈਹਣ/ਰੱਖਣ ਵਾਲਾ, ਗੈਹਣੇ (ਗਿਰਵੀ) ਰੱਖਣ ਵਾਲਾ।

رای *ਰਾਯ* : ਰਾਹ, ਰਸਤਾ, ਰਾਜਾ, ਰਈਸ।

رایان *ਰਾਯਾਨ* : (ਰਾਯ **رای** ਦਾ ਬੌਹਵਚਨ) ਰਾਜੇ।

رای *ਰਾਯ* : ਤਜਵੀਜ਼, ਭਾਵ, ਵਿਚਾਰ, ਧਿਆਨ, ਤਦਬੀਰ, ਅਕਲ, ਸਿਆਣਪ।

رایالعین *ਰਾਯ-ਉਲ-ਐਨ* : ਅੱਖੀਂ ਡਿੱਠੀ ਗੱਲ।

رایزن *ਰਾਯਜ਼ਨ* : ਜਿਸ ਦੀ ਸਲਾਹ ਲਈ ਜਾਵੇ, ਸਲਾਹਕਾਰ।

رایزنی *ਰਾਯਜ਼ਨੀ* : ਪਰਸਪਰ ਸਲਾਹ, ਤਜਵੀਜ਼ ਕਰਨਾ।

رایات *ਰਾਯਾਤ* : (ਰਾਯਤ **رایت** ਦਾ ਬੌਹਵਚਨ) ਝੰਡੇ।

رایت *ਰਾਯਤ* : ਝੰਡਾ, ਨੇਜ਼ਾ।

رایتبیضہ *ਰਾਯਤ-ਏ-ਬੈਜ਼ਾ* : ਸਫਲਤਾ ਤੇ ਸੁਲਾਹ ਦਾ ਚਿੱਟਾ ਝੰਡਾ।

رایتفریدون *ਰਾਯਤ-ਏ-ਫ਼ਰੀਦੂਨ*, **رایتکاویان** *ਰਾਯਤ-ਏ-ਕਾਵਿਯਾਨ* : ਬਗਾਵਤ ਦਾ

ਝੰਡਾ।

رائج ***ਰਾਇਜ*** : ਜਿਸ ਦਾ ਰਵਾਜ ਹੋਵੇ, ਪਰਚਲਤ, ਜਾਰੀ, ਚੱਲਣ ਵਾਲੀ (ਸ਼ੈ), ਰਸਮੀ।

رائج الوقت ***ਰਾਇਜ-ਉਲ-ਵਕ਼ਤ*** : ਵਰਤਮਾਨ ਸਮੇਂ, ਜੋ ਪਰਚਲਤ ਹੋਵੇ।

رائس ***ਰਾਇਸ*** : ਹਾਕਮ, ਰਈਸ, ਮੁਖੀਆ।

رایگان ***ਰਾਯਗਾਨ*** : (ਵਾਸਤਵ ਵਿਚ ਰਾਹਗਾਂ **راهگان** ਸੀ) ਓਹ ਚੀਜ਼ ਜੋ ਰਾਹ ਵਿਚ ਪਈ ਮਿਲ ਜਾਵੇ; ਬਿਨਾ ਮੁੱਲ ਦੀ, ਮੁਫ਼ਤ, ਨਿਕੰਮੀ।

رایگان خوار ***ਰਾਯਗਾਨ-ਖ਼੍ਵਾਰ*** : ਮੁਫ਼ਤਖੋਰਾ, ਭਿਖ-ਮੰਗਾ।

رایه ***ਰਾਯਾ*** : ਬੱਚਿਆਂ ਦੇ ਸਿਰ ਵਿਚ ਨਿਕਲਣ ਵਾਲੀਆਂ ਫਿਣਸੀਆਂ; ਗੰਜ।

رب ***ਰੱਬ*** : ਪਾਲਣ ਵਾਲਾ, ਪਾਲਣਹਾਰ, ਖ਼ੁਦਾ, ਅੱਲਾਹ, ਪਰਮਾਤਮਾ, ਈਸ਼ਵਰ; ਵੱਡਾ ਭਰਾ; ਦੋਸਤ।

رب الارباب ***ਰੱਬ-ਉਲ-ਅਰਬਾਬ*** : ਸਾਰੇ ਪਾਲਣ ਵਾਲਿਆਂ ਦਾ ਪਾਲਣਹਾਰ।

رب العالمین ***ਰੱਬ-ਉਲ-ਆ਼ਲਮੀਨ*** : ਸੰਸਾਰ ਨੂੰ ਪਾਲਣ ਵਾਲਾ, ਸਰਬ-ਸ੍ਰਿਸ਼ਟੀ ਦਾ ਪਾਲਣਹਾਰ, ਪਰਮਾਤਮਾ।

ربانی ***ਰੱਬਾਨੀ*** : ਰੱਬ ਨਾਲ ਸਬੰਧਤ, ਰੱਬ ਵਾਲਾ, ਅਲਾਹ ਵਾਲਾ।

ربنا ***ਰੱਬੁਨਾ*** : ਹੇ ਸਾਡੇ ਰੱਬ।

ربوبیت ***ਰੱਬੂਬੀਯਤ*** : ਪਰਵਰਦਗਾਰੀ, ਖ਼ੁਦਾਵੰਦੀ।

ربی ***ਰੱਬੀ*** : ਹੇ ਮੇਰੇ ਰੱਬ, ਅਧਿਆਤਮਵਾਦ ਦਾ ਵਿਸ਼ੇਸ਼ੱਗ।

رب ***ਰੁੱਬ*** : ਅੰਗੂਰ, ਅਨਾਰ ਆਦਿ ਦਾ ਪਾਣੀ (ਰਸ) ਜੋ ਅੱਗ ਵਿਚ ਪਕਾ ਕੇ ਕੱਢਿਆ ਹੋਵੇ, ਅਰਕ, ਸਤ।

ربا ***ਰਿਬਾ*** : ਵਧਣਾ, ਜ਼ਿਆਦਾ ਹੋਣਾ; ਸੂਦ, ਲਾਭ।

رباخوار ***ਰਿਬਾ-ਖ਼੍ਵਾਰ*** : ਸੂਦ ਲੈਣ ਜਾਂ ਖਾਣ ਵਾਲਾ।

ربا ***ਰੁਬਾ*** : (ਰਬੂਦਨ **ربودن** ਭਾਵ ਲੈ ਜਾਣਾ) ਤੂੰ ਲੈ ਜਾ, ਲੈ ਜਾਣ ਵਾਲਾ, ਧੱਕੇ ਨਾਲ ਖੋਹ ਕੇ ਲੈ ਜਾਣ ਵਾਲਾ; ਦੂਜੇ ਨਾਂਵ ਨਾਲ ਮਿਲ ਕੇ ਕਰਤਾਵਾਚੀ ਅਥਵਾ, 'ਲੈ ਜਾਣ ਵਾਲਾ' ਦੇ ਅਰਥ ਦਿੰਦਾ ਹੈ, ਜਿਵੇਂ ਦਿਲ + ਰੁਬਾ = ਦਿਲ ਲੈ ਜਾਣ ਵਾਲਾ, ਮਸ਼ੂਕ।

ربائی ***ਰੁਬਾਈ*** : ਲੁੱਟ ਮਾਰ।

ربا ***ਰੁੱਬਾ*** : (ਜ਼ੰਦ ਪਾਜ਼ੰਦ) ਮਹਾਨ, ਵੱਡਾ।

رباب ***ਰੁਬਾਬ*** : ਇਕ ਪਰਸਿੱਧ ਸਾਜ਼ ਦਾ ਨਾਮ, ਸਾਰੰਗੀ (ਚਾਰ-ਤਾਰਾ)।

ربابی ***ਰੁਬਾਬੀ*** : ਰਬਾਬ ਵਜਾਉਣ ਵਾਲਾ, ਰਾਗੀ।

رباب ***ਰਬਾਬ*** : (ਫ਼ਾਰਸੀ ਰੁਬਾਬਾ **ربابا** ਦਾ ਅਰਬੀ ਰੂਪਾਂਤਰ) ਚਿੱਟਾ ਬੱਦਲ, ਇਕ ਸੁੰਦਰ ਯੁਵਤੀ ਜੋ ਰੁਅਦ **رعد** ਦੀ ਮਸ਼ੂਕਾ ਸੀ; ਮੱਕਾ ਸ਼ਰੀਫ਼ ਦੇ ਨੇੜੇ ਇਕ ਪਹਾੜ ਤੇ ਪਿੰਡ ਦਾ ਨਾਮ।

رباب ***ਰਿਬਾਬ*** : ਇਕਰਾਰਨਾਮਾ, ਸੰਧੀ, ਪੰਜ ਅਰਬੀ ਕਬੀਲਿਆਂ ਦਾ ਸੰਗ।

ربات ***ਰਿਬਾਤ*** : ਸਰਾਂ।

رباط ***ਰਿਬਾਤ਼*** : ਸਰਾਂ, ਮੁਸਾਫ਼ਰਖ਼ਾਨਾ, ਮੱਠ, ਓਹ ਚੀਜ਼ ਜਿਸ ਨਾਲ ਦੂਜੀ ਨੂੰ ਖ਼ੂਬ ਕੱਸ ਕੇ ਬੰਨ੍ਹਿਆ ਜਾਵੇ, ਰੱਸਾ; ਦਿਲ; ਸਰਹੱਦੀ ਚੌਕੀਂ; ਘੋੜਿਆਂ (ਪੰਜ ਜਾਂ ਵੱਧ) ਦਾ ਦਸਤਾ; ਘੋੜੇ ਨੂੰ ਧਰਮ-ਯੁੱਧ ਲਈ ਹਥਿਆਰਬੰਦ ਕਰਨਾ।

رباع ***ਰੁਬਾਅ਼*** : ਚਾਰ (੪), ਚਾਰ ਚਾਰ।

رباعی ***ਰੁਬਾਈ*** : ਓਹ ਵਾਕ ਜਿਸ ਦੇ ਅਸਲੀ ਹਰਫ਼ ਚਾਰ ਹੋਣ; ਚਾਰ ਤੁਕਾਂ ਦੇ ਦੋ ਸ਼ੇਅਰ ਜਿਨ੍ਹਾਂ ਦੀ ਪੈਹਲੀ, ਦੂਜੀ ਤੇ ਚੌਥੀ ਤੁਕ ਦਾ ਇਕ ਸਮਾਨ ਤੁਕਾਂਤ ਮਿਲਦਾ ਹੋਵੇ, ਜੇਕਰ ਤੀਜੀ ਤੁਕ ਦਾ ਵੀ ਤੁਕਾਂਤ ਮਿਲਦਾ ਹੋਵੇ, ਤਾਂ ਉਸ ਨੂੰ ਦੋ-ਬੈਂਤੀ ਜਾਂ ਤਰਾਨਾ ਕੈਂਹਦੇ ਹਨ, ਰੁਬਾਈ ਕੇਵਲ ਬਹਰ-ਏ-ਹਜ਼ਜ ਵਿਚ ਕਹੀ ਜਾਂਦੀ ਹੈ।

رباعیات ***ਰੁਬਾਈਯਾਤ*** : (ਰੁਬਾਈ **رباعی** ਦਾ ਬੌਹਵ਼ਚਨ) ਰੁਬਾਈਆਂ।

رباه ***ਰੁਬਾਹ*** : (ਰੂਬਾਹ **روباه**) ਲੂੰਬੜੀ।

ربط ***ਰਬਤ਼*** : ਸਬੰਧ, ਲਗਾ; ਬੰਨ੍ਹਣਾ, ਜੋੜਨਾ,

ਦੋਸਤੀ, ਮੇਲ-ਮਿਲਾਪ; ਜੋੜ; ਆਦਤ, ਨਿਤਕਰਮ, ਵਰਤੋਂ ।

ربع ***ਰਬਅ*** : ਰਸੀ ਨੂੰ ਚਾਰ ਵਟ ਦੇਣਾ; ਚੌਥੇ ਦਿਨ ਪਾਣੀ ਪੀਣਾ (ਊਠ ਦਾ), ਊਠ ਨੂੰ ਲੱਦਣਾ (ਵੰਝ ਦੀ ਸਹਾਇਤਾ ਨਾਲ); ਘਰ, ਮਕਾਨ, ਸਰਾਂ ਮਹੱਲਾ; ਥੰਮ੍ਹਾ।

ربع شدّاد ***ਰਬਅ-ਏ-ਸ਼ੱਦਾਦ*** : ਲੁਟ ਮਾਰ ਦਾ ਚੌਥਾ ਹਿਸਾ ਪਰਾਪਤ ਕਰਨਾ; ਸ਼ੱਦਾਦ ਦੀ ਬਹਿਸ਼ਤ ਜੋ ਅਸਲ ਬਹਿਸ਼ਤ ਦੀ ਨਕਲ ਸੀ।

ربع ***ਰੁਬਅ*** : ਚੌਥਾ ਹਿੱਸਾ (੧/੪); ਤਾਰਿਆਂ ਦੀ ਬਲੰਦੀ ਜਾਣਨ ਵਾਲਾ ਇਕ ਸੰਦ।

ربوسه ***ਰੁਬੂਸਾ*** : (= ਰੂ + ਪੋਸ਼ਾ)।

ربوشه ***ਰੁਬੂਸ਼ਾ*** : ਸਿਰ ਤੇ ਲੈਣ ਵਾਲੀ ਚਾਦਰ, ਦੁਪੱਟਾ, ਬੁਰਕਾ।

ربیع ***ਰਬੀਅ*** : ਬਹਾਰ ਦੀ ਰੁੱਤ, ਭਾਰਤ ਵਿਚ ਫੱਗਣ ਚੇਤ ਦੀ ਮਿਠੀ ਰੁਤ, ਦੂਜੇ ਦੇਸ਼ਾਂ ਵਿਚ ਵਿਸਾਖ ਜੇਠ ਦੇ ਮਹੀਨੇ, ਅਰਬ ਦੇ ਇਕ ਸਖੀ ਦਾ ਨਾਮ; ਹਾੜੀ ਦੀ ਫ਼ਸਲ।

ربیع الآخر ***ਰਬੀਅ-ਉਲ-ਆਖ਼ਿਰ*** : ਚੰਦ ਦਾ ਚੌਥਾ ਮਹੀਨਾ।

ربیع الاول ***ਰਬੀਅ-ਉਲ-ਅੱਵਲ*** : ਚੰਦ ਦਾ ਤੀਜਾ ਮਹੀਨਾ।

رتبه ***ਰੁਤਬਾ*** : ਮਰਤਬਾ, ਦਰਜਾ, ਪਦਵੀ।

رته ***ਰਤਾ*** : ਰੀਠਾ।

رجا ***ਰਜਾ/ਰਜਾ'*** : ਭਰੋਸਾ, ਆਸ, ਉਮੀਦ; ਆਸ ਰੱਖਣਾ; ਡਰਨਾ, ਡਰ।

رجاف ***ਰਜਾਫ਼*** : ਨਗਾਰੇ ਦੀ ਅਵਾਜ਼।

رجاف ***ਰਜੱਫ਼*** : ਹਸ਼ਰ ਦਾ ਦਿਨ, ਕਿਆਮਤ, ਪਰਲੋ; ਸਾਗਰ, ਸਮੁੰਦਰ; ਆਕੜ ਭਰੀ ਚਾਲ।

رجال ***ਰਿਜਾਲ*** : (ਰਜੁਲ **رجل** ਦਾ ਬੌਹਵਚਨ) ਮਰਦ, ਪੈਦਲ ਚੱਲਣ ਵਾਲੇ, ਪਿਆਦਾ ਫ਼ੌਜ।

رجالِ دولت ***ਰਿਜਾਲ-ਏ-ਦੌਲਤ*** : ਸਲਤਨਤ ਦੇ ਅਮੀਰ ਵਜ਼ੀਰ, ਦਰਬਾਰ ਦੇ ਰੁਕਨ।

رجب ***ਰਜਬ*** : ਚੰਦ ਦਾ ਸਤਵਾਂ ਮਹੀਨਾ; ਡਰਨਾ; ਸਤਕਾਰ ਕਰਨਾ; ਪੂਜਣਾ।

رجحان ***ਰੁਜਹਾਨ*** : ਤੱਕੜੀ ਦੇ ਇਕ ਪੱਲੜੇ ਦਾ ਝੁਕ ਜਾਣਾ, ਇਕ ਪਾਸੇ ਝੁਕਣਾ; ਵਡਿਆਈ, ਜ਼ਿਆਦਤੀ, ਵਧੀਕੀ; ਰੁਚੀ, ਝੁਕਾ।

رجز ***ਰਜਜ਼*** : ਅਰੂਜ਼ (ਅਰਬੀ/ਫ਼ਾਰਸੀ ਛੰਦ ਸ਼ਾਸਤਰ) ਅਨੁਸਾਰ, ਸ਼ੇਅਰ ਦੀਆਂ ਉਨੀਂ ਬੈਹਰਾਂ ਵਿਚੋਂ ਇਕ ਬੈਹਰ ਦਾ ਨਾਮ; ਓਹ ਸ਼ੇਅਰ ਜੋ ਅਰਬ ਦੇ ਲੋਕ ਜੰਗ ਵਿਚ ਦੁਸ਼ਮਣ ਦੇ ਮੁਕਾਬਲੇ 'ਤੇ ਆਪਣੀ ਬਹਾਦਰੀ ਦੱਸਣ ਲਈ ਪੜ੍ਹਦੇ ਹਨ।

رجع ***ਰਜਅ*** : ਪਰਤਣਾ, ਮੁੜਨਾ, ਵਾਪਸ ਹੋਣਾ, ਪਰਤਾਉਣਾ, ਮੋੜਨਾ, ਵਾਪਸ ਕਰਨਾ, ਦੁਹਰਾਉਣਾ; ਇਕ ਊਠ ਵੇਚ ਕੇ ਉਸ ਰਕਮ ਨਾਲ ਦੂਜਾ ਖ਼ਰੀਦਣਾ; ਮੀਂਹ ਪਿਛੋਂ ਮੀਂਹ ਪੈਣਾ; ਨਫ਼ਾ, ਖੱਟੀ; ਬਸੰਤ ਰੁੱਤ ਦੀ ਹਰਿਆਵਲ।

رجعت ***ਰਜਅਤ, ਰਿਜਅਤ*** : ਵਾਪਸ ਆਉਣਾ, ਵਾਪਸੀ, ਮੁੜ ਕੇ ਓਹੀ ਕੰਮ ਕਰਨਾ, ਤਲਾਕ ਦਿਤੀ ਹੋਈ ਇਸਤਰੀ ਵੱਲ ਖ਼ਾਵੰਦ ਦਾ ਪਰਤਣਾ; ਖ਼ਤ ਦਾ ਜਵਾਬ।

رجعی ***ਰੁਜਆ*** : ਖ਼ਤ ਦਾ ਜਵਾਬ।

رجل ***ਰਜਲ*** : ਪਿਆਦਾ ਹੋਣਾ, ਪੈਦਲ; ਘੋੜੀ ਨੂੰ ਸਮੇਤ ਵਛੇਰੇ ਦੇ ਚਰਨ ਲਈ ਖੁੱਲ੍ਹਾ ਛੱਡਣਾ, ਵਿਰਲੇ ਵਾਲ (ਘੁੰਗਰਾਲੇ ਦੇ ਉਲਟ)।

رجل ***ਰਜੁਲ*** : ਪੂਰਾ (ਬਾਲਗ) ਆਦਮੀ, ਮਰਦ।

رجل ***ਰਿਜਲ*** : ਪੈਰ; ਸਮਾਂ, ਉਮਰ ਭਰ ਦਾ ਸਮਾਂ; ਟਿੱਡੀ ਦਲ; ਫ਼ੌਜ।

رجم ***ਰਜਮ*** : ਪੱਥਰ ਮਾਰਨਾ, ਸੰਗਸਾਰ ਕਰਨਾ; ਘਿਰਨਾ ਕਰਨੀ, ਗਾਲ੍ਹਾਂ ਦੇਣਾ; ਵਗਾਹ ਕੇ ਮਾਰੀ ਹੋਈ ਚੀਜ਼।

رجمِ شیاطین ***ਰਜਮ-ਏ-ਸ਼ਯਾਤੀਨ*** : ਸ਼ਤਾਨਾਂ ਨੂੰ ਦੂਰ ਕਰਨਾ।

رجیم ***ਰਜੀਮ*** : ਸੰਗਸਾਰ ਕੀਤਾ ਗਿਆ, ਜਿਸ ਨੂੰ ਪੱਥਰ ਮਾਰ ਮਾਰ ਕੇ ਮਾਰ ਦਿਤਾ ਹੋਵੇ, ਰਦ ਕੀਤਾ ਗਿਆ, ਦੁਰਕਾਰਿਆ ਗਿਆ।

رجوع ***ਰੁਜੂਅ*** : ਪਰਤਣਾ, ਮੁੜਨਾ, ਵਾਪਸੀ, ਧਿਆਨ ਦੇਣਾ; ਵਾਪਸ ਕਰਨਾ, ਸੰਕੇਤ, ਖ਼ਤ ਦਾ

ਜਵਾਬ, ਝਕਾ।

رحل ਰਹ਼ਲ : ਘਰ, ਮਕਾਨ, ਰੈਹਣ ਦੀ ਥਾਂ, ਸਮਾਨ; ਕੂਚ ਕਰਨਾ, ਕੂਚ, ਊਠ ਦਾ ਪਲਾਣ; ਖ਼ਾਸ ਸ਼ਕਲ ਦੇ ਦੋ ਤਖਤੇ ਜਿਨ੍ਹਾਂ ਉਤੇ ਕੁਰਾਨ ਸ਼ਰੀਫ਼ ਰੱਖ ਕੇ ਪੜ੍ਹਦੇ ਹਨ।

رحیل ਰਹ਼ੀਲ : ਸਫ਼ਰ, ਕੂਚ, ਕੂਚ ਕਰਨਾ, ਪਲਾਣਾ ਪਿਆ ਊਠ, ਸਫ਼ਰ ਦੇ ਯੋਗ ਊਠ।

رحیلگاہ ਰਹ਼ੀਲਗਾਹ : ਪੜਾ।

رحلت ਰਿਹ਼ਲਤ : ਸਫ਼ਰ ਕਰਨਾ, ਕੂਚ ਕਰਨਾ, ਕੂਚ, ਮੌਤ।

رحم ਰਹ਼ਮ : ਮੇਹਰਬਾਨੀ ਕਰਨਾ, ਮੇਹਰ, ਕਿਰਪਾ, ਤਰਸ, ਹਮਦਰਦੀ।

رحمدل ਰਹ਼ਮਦਿਲ : ਤਰਸ ਜਾਂ ਮੇਹਰ ਕਰਨ ਵਾਲਾ, ਨਰਮ ਦਿਲ ਵਾਲਾ।

رحم ਰਹ਼ਿਮ : ਬੱਚੇਦਾਨੀ।

رحمان ਰਹ਼ਮਾਨ : ਅਤਿਅੰਤ ਕਿਰਪਾਸ਼ੀਲ, ਅੱਲਾਹ ਤਆਲਾ ਦਾ ਇਕ ਨਾਮ।

رحمانی ਰਹ਼ਮਾਨੀ : ਰੱਬੀ, ਦੈਵੀ।

رحمت ਰਹ਼ਮਤ : ਕਿਰਪਾ, ਮੇਹਰ, ਦਇਆ।

رحیم ਰਹ਼ੀਮ : ਬੌਹਤ ਮੇਹਰ ਕਰਨ ਵਾਲਾ, ਅਤਿ ਰੈਹਮ ਕਰਨ ਵਾਲਾ, ਨਰਮ ਦਿਲ; ਰੱਬ ਦਾ ਇਕ ਗੁਣਵਾਚੀ ਨਾਮ।

رخ ਰੁਖ਼ : ਮੂੰਹ, ਚੇਹਰਾ, ਤਾਜ, (ਜੋ ਈਰਾਨੀ ਬਾਦਸ਼ਾਹ ਪੈਹਨਦੇ ਸਨ); ਲਗਾਮ; ਪਾਸਾ; ਸ਼ਤਰੰਜ ਦੇ ਇਕ ਮੋਹਰੇ ਦਾ ਨਾਮ; ਊਠ ਵਰਗਾ ਇਕ ਫ਼ਰਜ਼ੀ ਜਾਨਵਰ; ਕਾਹੀ, ਸਰਕੜਾ।

رخ ਰਖ਼ : ਸੋਗ, ਸ਼ੋਕ, ਦੁੱਖ, ਰੋਗ, ਜ਼ਖ਼ਮ; ਪਾੜ, ਡੂੰਘ; ਇਕ ਸੰਗੀਤ-ਸਾਜ਼।

رخت ਰਖ਼ਤ : ਸਮਾਨ, ਅਸਬਾਬ; ਲਿਬਾਸ, ਸਿੱਧਾ, ਸਹੀ, ਠੀਕ, ਘੋੜਾ, ਘੋੜੇ ਦਾ ਸਾਜ਼ (ਕਾਠੀ ਆਦਿ), ਇਕ ਆਦਮੀ ਦੀ ਖ਼ੁਰਾਕ; ਰੰਜ, ਤਕਲੀਫ਼, ਸ਼ੋਕ, ਗ਼ਮ, ਗੁੱਸਾ, ਚੰਦ ਦੀ ਰਿਸ਼ਮ ਜਾਂ ਸੂਰਜ ਦੀ ਕਿਰਨ।

رختازجہانبردن ਰਖ਼ਤ ਅਜ਼ ਜਹਾਨ ਬੁਰਦਨ : ਮਰ ਜਾਣਾ।

رختبربستن ਰਖ਼ਤ-ਬਰ-ਬਸਤਨ : ਸਫ਼ਰ ਕਰਨਾ।

رختبستن ਰਖ਼ਤ ਬਸਤਨ, رختبیرونبردن ਰਖ਼ਤ ਬੈਰੂਨ ਬੁਰਦਨ : ਮਰ ਜਾਣਾ, ਚੱਲ ਬੱਸਣਾ।

رختخواب ਰਖ਼ਤ ਖ਼੍ਵਾਬ : ਬਿਸਤਰਾ।

رختشو/شور ਰਖ਼ਤ-ਸ਼ੂ/ਸ਼ੂਰ : ਧੋਬੀ।

رختشورخانہ ਰਖ਼ਤ-ਸ਼ੂਰਖ਼ਾਨਾ : ਧੋਬੀ-ਘਾਟ।

رختکش ਰਖ਼ਤ-ਕਸ਼ : ਪਾਂਧੀ; ਭਾਰ ਢੋਣ ਵਾਲਾ ਜਾਨਵਰ।

رختکنخانہ ਰਖ਼ਤ-ਕਨ-ਖ਼ਾਨਾ : ਹਮਾਮ ਵਿਚ ਕੱਪੜੇ ਲਾਹੁਣ ਦੀ ਥਾਂ।

رختِنظامی ਰਖ਼ਤ-ਏ-ਨਿਜ਼ਾਮੀ : ਫ਼ੌਜੀ ਲਿਬਾਸ, ਵਰਦੀ।

رختومتاع ਰਖ਼ਤ-ਓ-ਮਤਾਅ਼ : ਨਿਜੀ ਮਾਲ ਅਸਬਾਬ।

رختہستی ਰਖ਼ਤ-ਏ-ਹਸਤੀ : ਦਲੀਲ, ਤਰਕ; ਸਮਝ-ਬੂਝ।

رخسار ਰੁਖ਼ਸਾਰ, رخسارہ ਰੁਖ਼ਸਾਰਹ : ਗੱਲ੍ਹ, ਚੇਹਰਾ।

رخسارگان ਰੁਖ਼ਸਾਰਗਾਨ : (ਉਪਰੋਕਤ ਦਾ ਬੈਹਵਚਨ) ਗੱਲ੍ਹਾਂ, ਚੇਹਰੇ।

رخش ਰਖ਼ਸ਼ : ਸਫ਼ੈਦੀ ਤੇ ਲਾਲੀ ਮਿਲੇ ਰੰਗ ਦਾ ਘੋੜਾ, ਚਿਟਾ ਲਾਲ ਘੋੜਾ, ਘੋੜਾ, ਰੁਸਤਮ ਦੇ ਘੋੜੇ ਦਾ ਨਾਮ; ਸ਼ੁਰੂ ਕਰਨ ਦੀ ਕਿਰਿਆ ਆਦਿ, ਅਰੰਭ; ਅਸਮਾਨੀ ਪੀਂਘ, ਸ਼ੁਭ; ਬਿਜਲੀ, ਪਰਤੀਬਿੰਬ, ਖ਼ੁਸ਼, ਪਰਸੰਨ; ਖ਼ੁਸ਼ੀ, ਖ਼ੁਸ਼ਹਾਲੀ, ਕਿਰਨ, ਚਮਕ।

رخشِبہار ਰਖ਼ਸ-ਏ-ਬਹਾਰ : ਬਹਾਰ ਦੀ ਹਵਾ; ਸਾਵਣ ਮਹੀਨੇ ਦਾ ਬੱਦਲ।

رخش ਰੁਖ਼ਸ਼ : ਕਿਰਨ, ਚਮਕਾਰਾ; ਸੂਰਜ ਦਾ ਨਾਮ,

رخشا ਰਖ਼ਸ਼ਾ, رخشان ਰਖ਼ਸ਼ਾਨ : ਚਮਕਦਾ ਹੋਇਆ, ਰੋਸ਼ਨ, ਚਮਕੀਲਾ।

رخشندگی ਰਖ਼ਸ਼ਦਗੀ : ਚਮਕ, ਚਮਕਾਰਾ।

رخصت ਰੁਖ਼ਸਤ : ਬੌਹਲਤਾ, ਸਸਤਾਪਣ,

ਆਗਿਆ, ਇਜਾਜ਼ਤ, ਛੁੱਟੀ।

رخصت‌خواستن ***ਰੁਖ਼ਸਤ ਖ਼੍ਵਾਸਤਨ*** : ਆਗਿਆ ਮੰਗਣਾ।

رخصت‌دادن ***ਰੁਖ਼ਸਤ ਦਾਦਨ*** : ਆਗਿਆ ਦੇਣਾ।

رخصتی ***ਰੁਖ਼ਸਤੀ*** : ਵਿਦਾ ਹੋਣ ਲਗਿਆਂ ਦਿੱਤੀ ਗਈ ਚੀਜ਼।

رخنه ***ਰਖ਼ਨਾ*** : ਕੰਧ ਵਿਚਲੀ ਤੇੜ, ਮੋਰੀ, ਬਾਰੀ, ਖਿੜਕੀ; ਐਬ, ਦੋਸ਼।

رخنهٔ‌شمشیر ***ਰਖ਼ਨਾ-ਏ-ਸ਼ਮਸ਼ੀਰ*** : ਤਲਵਾਰ ਦੀ ਸੱਟ, ਤਲਵਾਰ ਦੀ ਧਾਰ।

رخنه ***ਰੁਖ਼ਨਾ*** : ਕਾਗ਼ਜ਼।

رخوگر ***ਰਖ਼ੂਗਰ*** : ਕਪੜੇ ਰਫ਼ੂ ਕਰਨ ਵਾਲਾ।

رد ***ਰੱਦ*** : ਪਰਤਾਉਣਾ, ਮੋੜਨਾ, ਫੇਰ ਦੇਣਾ, ਵਾਪਸ ਕਰਨਾ, ਪਰਤਣਾ, ਮੁੜਨਾ; ਨਾ ਮੰਨਣਾ, ਇਨਕਾਰ ਕਰਨਾ, ਰੱਦ ਕਰਨਾ, ਵਾਪਸ ਲਿਆਉਣਾ, ਨਾਕਸ ਤੇ ਰੱਦੀ ਚੀਜ਼, ਕੰਧ ਦਾ ਰਦਾ।

ردِپا ***ਰੱਦ-ਏ-ਪਾ*** : ਪਗ-ਚਿੰਨ੍ਹ।

ردجواب ***ਰੱਦ-ਏ-ਜਵਾਬ*** : ਉੱਤਰ, ਮੋੜਵਾਂ ਜਵਾਬ।

ردزده ***ਰੱਦ-ਜ਼ਦਾ*** : ਮਰਦੂਦ।

ردِسلام ***ਰੱਦ-ਏ-ਸਲਾਮ*** : ਸਲਾਮ ਦਾ ਜਵਾਬ।

ردکردن ***ਰੱਦ-ਕਰਦਨ*** : ਮੋੜ ਦੇਣਾ, ਵਾਪਸ ਕਰਨਾ।

ردکلام ***ਰੱਦ-ਏ-ਕਲਾਮ*** : ਤਰਦੀਦ; ਜਵਾਬ।

ردوطعن ***ਰੱਦ-ਉ-ਤਅ਼ਨ*** : ਰਦ ਕਰਨਾ, ਤਾਹਨਾ ਮੇਹਣਾ ਦੇਣਾ।

ردوکد ***ਰੱਦ-ਉ-ਕਦ*** : ਤੂੰ ਤੂੰ, ਮੈਂ ਮੈਂ; ਬੈਹਸ ਜਾਂ ਲੜਾਈ ਵੇਲੇ ਉਲਟੀ ਸਿੱਧੀ ਗੱਲ ਕਰਨਾ।

ردی ***ਰੱਦੀ*** : ਨਿਕੰਮਾ, ਨਾਕਸ, ਵਿਗੜਿਆ ਹੋਇਆ, ਕਮਜ਼ੋਰ, ਮਾੜਾ।

رد ***ਰਦ*** : ਸਿਆਣਾ; ਬੁੱਧੀਮਾਨ ਪਾਰਸੀ ਪੰਡਤ।

ردا ***ਰਿਦਾ*** : ਚਾਦਰ।

رداپوش ***ਰਿਦਾ-ਪੋਸ਼*** : ਦਰਵੇਸ਼, ਫ਼ਕੀਰ, ਭਗਤ।

ردانیل ***ਰਿਦਾ-ਏ-ਨੀਲ*** : ਰਾਤ, ਅਸਮਾਨ।

ردف ***ਰਿਦਫ਼*** : ਸਵਾਰ ਦੇ ਪਿਛੇ ਸਵਾਰ ਹੋਣ ਵਾਲਾ ਵਿਅਕਤੀ, ਚਿਤੜ (ਘੋੜੇ ਦੇ); ਪਿਛੇ ਪਿਛੇ ਆਉਣਾ, ਇਕ ਪਿੱਛੇ ਦੂਜੀ ਆਉਣ ਵਾਲੀ ਚੀਜ਼, ਬਾਦਸ਼ਾਹ ਦੇ ਸੱਜੇ ਹਥ ਬੈਹਣ ਵਾਲਾ ਜੋ ਉਸ ਦੇ ਨਾਲ ਹੀ ਖਾਂਦਾ ਪੀਂਦਾ ਹੈ ਅਤੇ ਜੰਗ ਵਿਚ ਉਸ ਦੇ ਪਿੱਛੇ ਪਿੱਛੇ ਹੁੰਦਾ ਹੈ।

ردف ***ਰਦਫ਼*** : ਪਿੱਛੇ ਆਉਣਾ, ਉਤਰ-ਅਧਕਾਰੀ ਹੋਣਾ।

ردا ***ਰਦਾ, ਰੱਦਾ*** : ਇਟਾਂ ਜਾਂ ਪੱਥਰਾਂ ਦੀ ਚਿਣੀ ਹੋਈ ਪੰਗਤੀ, ਕਤਾਰ, ਸਫ਼, ਪੰਗਤ; ਝਾੜਨ ਝੰਬਣ ਵਾਲਾ ਸੰਦ।

ردیف ***ਰਦੀਫ਼*** : ਇਕੋ ਘੋੜੇ 'ਤੇ ਸਵਾਰ ਦੇ ਪਿੱਛੇ ਸਵਾਰ ਹੋਣ ਵਾਲਾ ਵਿਅਕਤੀ; ਓਹ ਸ਼ਬਦ ਜੋ ਤੁਕ ਦੇ ਅਖ਼ੀਰ ਤੁਕਾਂਤ ਪਿਛੋਂ ਵਾਰ ਵਾਰ ਆਵੇ।

رذالت ***ਰਜ਼ਾਲਤ*** : ਕਮੀਨਾ ਹੋਣ ਦਾ ਭਾਵ, ਹੋਛਾਪਣ।

رذاله ***ਰਜ਼ਾਲਾ, ਰੁਜ਼ਾਲਾ*** : ਕਮੀਨਾ, ਥੋੜ੍ਹ-ਵਿਤਾ, ਹੋਛਾ; ਫੋਕ, ਨਾਕਸ, ਰੱਦੀ।

رذائل ***ਰਜ਼ਾਇਲ*** : (ਰਜ਼ੀਲਤ **رذیلت** ਦਾ ਬੌਹਵਚਨ) ਕਮੀਨੀਆਂ ਗੱਲਾਂ ਜਾਂ ਤੁਛ ਚੀਜ਼ਾਂ।

رذل ***ਰਜ਼ਲ*** : ਕਮੀਨਾ, ਥੋੜ੍ਹ-ਵਿਤਾ, ਹੋਛਾ।

رذیل ***ਰਜ਼ੀਲ*** : ਕਮੀਨਾ, ਪਾਜੀ, ਤੁੱਛ, ਨਿਕੰਮਾ, ਰੱਦੀ।

رذیلت ***ਰਜ਼ੀਲਤ*** : ਕਮੀਨਾਪਣ, ਕਮੀਨਗੀ, ਕਮੀਨਾ ਹੋਣਾ।

رز ***ਰਜ਼*** : ਅੰਗੂਰ; ਅੰਗੂਰ ਦੀ ਵੇਲ, ਅੰਗੂਰਾਂ ਦਾ ਬਾਗ਼, ਬਾਗ਼; ਵਿਸ਼, ਰੰਗ।

رزبان ***ਰਜ਼ਬਾਨ*** : ਬਾਗ਼ਬਾਨ।

رزاق ***ਰੱਜ਼ਾਕ*** : ਰਿਜ਼ਕ ਦੇਣ ਵਾਲਾ, ਰੱਬ, ਈਸ਼ਵਰ।

رزاقی ***ਰੱਜ਼ਾਕ਼ੀ*** : ਰਿਜ਼ਕ ਪੌਹਚਾਉਣਾ, ਰਿਜ਼ਕ ਦੇਣਾ; ਸ਼ਰਾਬ।

رزق ***ਰਿਜ਼ਕ਼*** : ਰੋਜ਼ੀ, ਖ਼ੁਰਾਕ, ਖਾਣਾ; ਸੁਭਾਗ; ਵਜ਼ੀਫਾ; ਮੀਂਹ, ਵਰਖਾ।

ررقجو ***ਰਿਜ਼ਕ਼-ਜੂ*** : ਰੋਜ਼ੀ ਜਾਂ ਦੌਲਤ ਦੀ ਭਾਲ ਕਰਨ ਵਾਲਾ।

رزم ***ਰਜ਼ਮ*** : ਲੜਾਈ, ਮੁਠ-ਭੇੜ; ਲੱਕੜ (ਖਾਣ ਪਕਾਉਣ ਲਈ)।

رزمافگن ***ਰਜ਼ਮ-ਅਫ਼ਗਨ,*** **رزمخواه** ***ਰਜ਼ਮ-ਖ਼੍ਵਾਹ,*** **رزمزن** ***ਰਜ਼ਮ-ਜ਼ਨ,*** **رزمسار** ***ਰਜ਼ਮ-ਸਾਜ਼*** : ਬਹਾਦਰ, ਜੋਧਾ, ਲੜਾਕਾ।

رزمکار ***ਰਜ਼ਮਕਾਰ*** : ਜੰਗ, ਜੁਧ, ਲੜਾਈ।

رزمگاه ***ਰਜ਼ਮਗਾਹ*** : ਜੰਗ ਦਾ ਮੈਦਾਨ, ਰਣ-ਭੂਮੀ।

رزمپوز ***ਰਜ਼ਮ-ਪੂਜ਼,*** **رزمپوش** ***ਰਜ਼ਮ-ਪੂਸ਼*** : ਰੋਹਬ-ਦਾਬ ਵਾਲਾ, ਬਹਾਦਰ ਜੋਧਾ।

رزمیه ***ਰਜ਼ਮੀਯਾ*** : ਰਜ਼ਮ ਨਾਲ ਸਬੰਧਤ।

رزا ***ਰਜ਼ਾ*** : ਟੰਗਣੀ, ਟੰਗਣਾ, (ਜਿਸ ਉਤੇ ਕਪੜੇ ਟੰਗੇ ਜਾਂਦੇ ਹਨ)।

رس ***ਰਸ*** : ਪੌਹਚ, ਪੌਹਚਣ ਵਾਲਾ ਜਿਵੇਂ ਦਾਦਰਸ, ਪੱਕਾ, ਕਿਸੇ ਧਾਤ ਦਾ ਕੁਸ਼ਤਾ; ਔਰਤਾਂ ਦਾ ਗੁਲੂਬੰਦ, ਸ਼ੀਰਾ, ਲਾਲਚੀ, ਲੋਭੀ, ਫ਼ਸਾਦੀ, ਸ਼ਰਾਰਤੀ।

رسا ***ਰਸਾ*** : ਪੌਹਚਣ ਵਾਲਾ, ਪੂਰਨ, ਯੋਗ, ਚਤਰ, ਬੌਹਤ, ਬੌਹਤ ਸਾਰੇ।

رسالت ***ਰਸਾਲਤ,*** **رسالت** ***ਰਿਸਾਲਤ*** : ਪੈਗ਼ਾਮ, ਸੰਦੇਸ਼, ਪੈਗ਼ੰਬਰੀ ਦੀ ਪਦਵੀ, ਸਨੇਹਾ ਪੌਹਚਾਉਣਾ, ਕਿਤਾਬ, ਰਸਾਲਾ, ਖ਼ਤ।

رسالتپناه ***ਰਿਸਾਲਤ-ਪਨਾਹ,*** **رسالتمآب** ***ਰਿਸਾਲਤ ਮਆਬ*** : ਹਜ਼ਰਤ ਮੁਹੰਮਦ ਸਾਹਿਬ।

رسالتگری ***ਰਿਸਾਲਤਗਰੀ*** : ਏਲਚੀ ਦਾ ਕੰਮ, ਦੂਤਪੁਣਾ, ਪੈਗ਼ੰਬਰੀ।

رساله ***ਰਿਸਾਲਾ*** : ਛੋਟੀ ਕਿਤਾਬ, ਖ਼ਤ; ਸੰਦੇਸ਼; ਘੋੜ-ਸਵਾਰਾਂ ਦਾ ਟੋਲਾ।

رسالهدار ***ਰਿਸਾਲਾਦਾਰ*** : ਰਸਾਲੇ ਦਾ ਮੁਖੀ।

رسالهداری ***ਰਿਸਾਲਾਦਾਰੀ*** : ਰਸਾਲੇ ਦੀ ਕਮਾਨਦਾਰੀ।

رسائل ***ਰਸਾਇਲ*** : (ਰਿਸਾਲਾ **رساله** ਦਾ ਬੌਹਵਚਨ) ਬੌਹਤ ਸਾਰੇ ਖ਼ਤ, ਕਿਤਾਬਾਂ।

رسائی ***ਰਸਾਈ*** : ਪੌਹਚ; ਦਖ਼ਲ; ਸਮਝਣ ਦੀ ਚਲਾਕੀ, ਫੁਰਤੀ; ਯੋਗਤਾ, ਪੂਰਨਤਾ।

رست ***ਰਸਤ*** : (ਰਸਤਨ **رستن** ਤੋਂ) ਛੁਟਿਆ ਹੋਇਆ, ਛੋਟ, ਵਿਸ਼ੇ ਵਿਕਾਰਾਂ ਤੋਂ ਮੁਕਤ, ਸੁਤੰਤਰ; ਪੱਕਾ, ਸਥਿਰ, ਜ਼ਮੀਨ, ਦਲਾਨ, ਦੀਵਾਨਖ਼ਾਨਾ, ਰਸਤਾ, ਰਾਹ; ਪਦਵੀ।

رستاخیز ***ਰਸਤਾਖ਼ੇਜ਼,*** **رستخیز** ***ਰਸਤਖ਼ੇਜ਼*** : ਕਿਆਮਤ, (ਕਿਯਾਮਤ) ਪਰਲੋਂ, ਸ਼ੋਰ-ਸ਼ਰਾਬਾ।

رستار ***ਰਸਤਾਰ*** : ਸੁਰੱਖਿਆ, ਮੁਕਤੀ, ਨਜਾਤ।

رستگار ***ਰਸਤਗਾਰ*** : ਸੁਰਖਿਅਤ, ਅਜ਼ਾਦ, ਮੁਕਤ।

رستگاری ***ਰਸਤਗਾਰੀ*** : ਨਜਾਤ, ਮੁਕਤੀ, ਛੁਟਕਾਰਾ।

رستگان ***ਰਸਤਗਾਨ*** : ਸੁੰਤਤਰ; ਜੋ ਬਚ ਗਏ ਹੋਣ।

رست ***ਰੁਸਤ*** : (ਰਸਤਨ **رستن** ਤੋਂ) ਉਗਿਆ, ਫਲਣਾ ਫੁੱਲਣਾ, ਵਾਧਾ; ਮਿੱਟੀ, ਸਖ਼ਤ ਜ਼ਮੀਨ, ਪਕਾ, ਠੋਸ; ਦਲੇਰ।

رشتنی ***ਰੁਸਤਨੀ*** : ਧਰਤ 'ਚੋਂ ਉਗਣ ਵਾਲੀਆਂ ਚੀਜ਼ਾਂ, ਬਨਸਪਤੀ।

رستا ***ਰੁਸਤਾ*** : (ਰੋਸਤਾ **روستا** ਦਾ ਸੰਖਿਪਤ ਰੂਪ) ਬਸਤੀ, ਪਿੰਡ, ਮੰਡੀ।

رستاق ***ਰੁਸਤਾਕ਼*** : (ਰੁਸਤਾ **رستا** ਦਾ ਅਰਬੀ ਰੂਪਾਂਤਰ) ਬਸਤੀ, ਪਿੰਡ, ਸ਼ੈਹਰ ਦੇ ਆਲੇ-ਦੁਆਲੇ ਦੀ ਬਸਤੀ, ਮੰਡੀ।

رستک ***ਰੁਸਤਕ*** : (ਰੁਸਤਾ **رستا** ਦਾ ਲਘੂਵਾਚੀ) ਛੋਟੀ ਬਸਤੀ ਜਾਂ ਮੰਡੀ।

رُستم *ਰੁਸਤਮ*, روستم *ਰੂਸਤਮ* : ਈਰਾਨ ਦੇ ਪਰਸਿੱਧ ਪੈਹਲਵਾਨ ਜੋ ਜ਼ਾਲ-ਬਿਨ-ਸਾਮ ਦਾ ਪੁਤਰ ਸੀ ਅਤੇ ਸੀਸਤਾਨ (ਜ਼ਾਬਲਿਸਤਾਨ) ਦਾ ਹਾਕਮ ਤੇ ਈਰਾਨੀ ਫ਼ੌਜਾਂ ਦਾ ਸੈਨਾਪਤੀ ਸੀ, ਓਹ ਲਗਪਗ ੫੫੦ ਈ. ਵਿਚ ਹੋਇਆ, ਜਨਮ ਵੇਲੇ ਮਾਂ ਨੂੰ ਜਣੇਪੇ ਦਾ ਸਖ਼ਤ ਦਰਦ ਹੋਇਆ ਤੇ ਜਦ ਏਹ ਜੰਮਿਆ ਤਾਂ ਮਾਂ ਦੇ ਮੂੰਹੋਂ ਅਵਾਜ਼ ਨਿਕਲੀ 'ਰਸਤਮ' ਭਾਵ ਮੈਂ ਛੁੱਟ ਗਈ; ਮੈਨੂੰ ਰਿਹਾਈ ਮਿਲੀ, ਇਸੇ ਕਰਕੇ ਬੱਚੇ ਦਾ ਨਾਮ 'ਰੁਸਤਮ' ਹੋ ਗਿਆ, ਏਹ ਹਕੀਮ ਫ਼ੀਸਾਗ਼ੋਰਸ ਤੇ ਜ਼ਰਤੁਸ਼ਤ ਦਾ ਸਮਕਾਲੀ ਸੀ, ਫ਼ਿਰਦੋਸੀ ਨੇ 'ਸ਼ਾਹਨਾਮਾ' ਵਿਚ ਇਸ ਦੇ ਵਿਸਤਾਰਪੂਰਵਕ ਹਾਲਾਤ ਲਿਖੇ ਹਨ।

رستمِ داستان *ਰੁਸਤਮ-ਏ-ਦਾਸਤਾਨ*, رستمِ دستان *ਰੁਸਤਮ-ਏ-ਦਸਤਾਨ* : 'ਰੁਸਤਮ' ਪੈਹਲਵਾਨ।

رستمِ رکاب *ਰੁਸਤਮ-ਏ-ਰਕਾਬ*, رستمِ عنان *ਰੁਸਤਮ-ਏ-ਇਨਾਨ* : ਦਲੇਰ, ਬਹਾਦਰ।

رستن *ਰਸਤਨ* : ਛੁਟਣਾ, ਰਿਹਾ ਹੋਣਾ।

رسته *ਰਸਤਾ* : (ਰਾਸਤਾ **راسته** ਦਾ ਸੰਖਿਪਤ ਰੂਪ) ਮੁਕਤ, ਬਚਾਇਆ ਗਿਆ, ਛੁਟਿਆ ਹੋਇਆ, ਅਜ਼ਾਦ; ਰਾਹ, ਸੜਕ, ਬਜ਼ਾਰ; ਕਤਾਰ, ਪੰਗਤੀ, ਲੜੀ; ਕਨੂੰਨ; ਖ਼ਾਲਸ (ਅੰਦਰ ਬਾਹਰ ਹੈ)।

رُستن *ਰੁਸਤਨ* : ਉਗਣਾ।

رسته *ਰੁਸਤਾ* : ਉਗਿਆ ਹੋਇਆ, ਮਜ਼ਬੂਤ, ਪਕਾ, ਇਕ ਪਰਕਾਰ ਦੀ ਮਿਠਿਆਈ; ਮੰਡੀ।

رستهٔ خاک *ਰੁਸਤਾ-ਏ-ਖ਼ਾਕ* : ਜੀਵ ਜੰਤੂ, ਸ਼ਰਿਸ਼ਟੀ।

رِستن *ਰਿਸਤਨ* : ਕਤਣਾ।

رِسته *ਰਿਸਤਾ* : ਕਤਿਆ ਹੋਇਆ।

رَستی *ਰਸਤੀ* : ਨਜਾਤ, ਮੁਕਤੀ, ਰਿਹਾਈ।

رُستی *ਰੁਸਤੀ* : ਰਾਹਤ, ਵੇਹਲ, ਦਲੇਰੀ, ਬਹਾਦਰੀ, ਸਾਹਸ; ਗ਼ਲਬਾ, ਰਿਜ਼ਕ, ਰੋਜ਼ੀ; ਮਿਠਿਆਈਆਂ, ਗੋਸ਼ਤ (ਜੋ ਹਾਲੀ ਸਾਫ਼ ਨਾ ਕੀਤਾ ਹੋਵੇ)।

رسد *ਰਸਦ* : ਭਾਗ, ਹਿਸਾ, ਫ਼ੌਜ ਲਈ ਜਮ੍ਹਾ ਕੀਤਾ ਅੰਨ-ਭੰਡਾਰ, ਰਾਸ਼ਨ; ਧਿਆਨ ਦੇਣਾ, ਗ਼ੌਰ ਕਰਨਾ, ਪੁਜੇ, ਰਸੀਦਨ ਪੌਹਚਣਾ।

رسل *ਰੁਸੁਲ* : (ਰਸੂਲ **رسول** ਦਾ ਬੌਹਵਚਨ) ਦੂਤ, ਕਾਸਦ, ਫ਼ਰਿਸ਼ਤੇ, ਸਨੇਹਾ ਲੈ ਜਾਣ ਵਾਲੇ, ਪੈਗ਼ੰਬਰ।

رسم *ਰਸਮ* : ਕਨੂੰਨ, ਨਿਯਮ, ਆਦਤ, ਰਿਵਾਜ, ਰੌਹ-ਰੀਤੀ; ਨਿਸ਼ਾਨ, ਦਾਗ਼; ਵਜੀਫ਼ਾ, ਵੇਤਨ; ਲਿਖਣਾ, ਅੰਕਤ ਕਰਨਾ।

رسمِ آبا *ਰਸਮ-ਏ-ਆਬਾ* : (ਸਿਕੰਦਰਨਾਮਾ ਵਿਚ) ਹਜ਼ਰਤ ਇਬਰਾਹੀਮ ਤੋਂ ਭਾਵ।

رسم الخط *ਰਸਮ-ਉਲ-ਖ਼ਤ* : ਲਿਖਣ ਦਾ ਤਰੀਕਾ, ਲਿਪੀ।

رسمی *ਰਸਮੀ* : ਰਿਵਾਜੀ, ਦਸਤੂਰ ਅਨੁਸਾਰ, ਟੈਕਸ ਦੇਣ ਵਾਲਾ, ਵਜ਼ੀਫ਼ਾਖ਼੍ਵਾਰ; ਨੌਕਰ, ਦਿਹਾੜੀਦਾਰ; ਪਰੀਚਿਤ, ਪਰਸਿੱਧ।

رسمیات *ਰਸਮੀਯਾਤ* : (ਰਸਮੀ ਦਾ ਬੌਹਵਚਨ), ਸ਼ਾਹੀ ਕਾਇਦੇ ਕਨੂੰਨ।

رسن *ਰਸਨ* : ਰੱਸੀ, ਹੱਸਾ, ਪੈੜਾ, ਧਾਗਾ, ਡੋਰੀ।

رسنِ آفتاب *ਰਸਨ-ਏ-ਆਫ਼ਤਾਬ* : ਕਿਰਨ।

رسن باز *ਰਸਨਬਾਜ਼* : ਨਟ, ਬਾਜ਼ੀਗਰ।

رسن پیچ *ਰਸਨਪੇਚ* : ਵਾਣ ਵਟਣ ਦੀ ਚਰਖੀ।

رسن تاب *ਰਸਨਤਾਬ*, رسن گر *ਰਸਨਗਰ* : ਵਾਣਵੱਟ।

رسوا *ਰੁਸਵਾ* : ਜ਼ਲੀਲ, ਬਦਨਾਮ, ਬੇਇਜ਼ਤ।

رسوائی *ਰੁਸਵਾਈ* : ਜ਼ਿੱਲਤ, ਬਦਨਾਮੀ, ਬੇਇਜ਼ਤੀ।

رسوخ *ਰੁਸੂਖ਼* : ਪੱਕਾ, ਠੋਸ ਤੇ ਸਥਿਰ ਹੋਣਾ, ਛੱਪੜ ਦਾ ਸੁੱਕ ਜਾਣਾ; ਮਜ਼ਬੂਤੀ, ਪਕਿਆਈ; ਸਥਿਰਤਾ।

رسول *ਰਸੂਲ* : ਦੂਤ, ਏਲਚੀ, ਪੈਗੰਬਰ।

رسولدار *ਰਸੂਲਦਾਰ* : ਪਰਾਚੀਨ ਈਰਾਨੀ ਦਰਬਾਰ ਦਾ ਇਕ ਐਹਲਕਾਰ ਜੋ

ਰਾਜਦੂਤਾਂ ਦੀ ਖ਼ਾਤਰਦਾਰੀ ਕਰਦਾ, ਮੇਹਮਾਨਦਾਰ।

رسولی ***ਰਸੂਲੀ*** : (ਮਿਸ਼ਨ) ਦੂਤਪੁਣਾ।

رسوم ***ਰੁਸੂਮ*** : (ਰਸਮ رسم ਦਾ ਬੌਹਵਚਨ) ਰਸਮਾਂ, ਕਨੂੰਨ, ਨਿਯਮ, ਕਰ, ਮਸੂਲ।

رسومات ***ਰਸੂਮਾਤ*** : ਰਸਮ رسم ਦਾ ਬੌਹਵਚਨ।

رسیدن ***ਰਸੀਦਨ*** : ਪੌਂਹਚਣਾ, ਉਚੇ ਰੁਤਬੇ ਤੇ ਪੌਹਚਣਾ, ਫਲ ਦਾ ਪੱਕਣਾ।

رسید ***ਰਸੀਦ*** : ਓਹ ਪਰਚਾ ਜਾਂ ਲਿਖਤ ਜੋ ਕਿਸੇ ਚੀਜ਼ ਦੇ ਵਸੂਲ ਕਰ ਲੈਣ ਪੁਰ ਲਿਖ ਦਿੰਦੇ ਹਨ, ਪੌਹਚ; ਯੁਵਕ।

رسیدگی ***ਰਸੀਦਗੀ*** : ਪੌਹਚ, ਬਾਲਗ ਹੋਣਾ, ਜਵਾਨ ਹੋਣਾ।

رسیده ***ਰਸੀਦਾ*** : ਪੌਹਚਿਆ ਹੋਇਆ, ਪੱਕਿਆ ਹੋਇਆ, ਬਾਲਗ।

رسیل ***ਰਸੀਲ*** : ਭੇਜਣ ਵਾਲਾ ਜਾਂ ਭੇਜਿਆ ਗਿਆ (ਪੈਗੰਬਰ), ਖ਼ਤ, ਪੱਤਰ, ਖ਼ਬਰ, ਸੰਦੇਸ਼।

رسیله ***ਰਸੀਲਾ*** : ਖ਼ਤ, ਪੱਤਰ; ਸੰਧੀ।

رشاد ***ਰਸ਼ਾਦ*** : ਸਿਧੇ ਰਸਤੇ ਤੇ ਆਉਣਾ, ਸਿੱਧਾ ਰਾਹ, ਅਗਵਾਈ ਪਰਾਪਤ ਕਰਨਾ; ਇਕ ਪਰਸਿੱਧ ਦਵਾ ਰਾਈ।

رشادت ***ਰਸ਼ਾਦਤ*** : ਸਿਧੇ ਰਸਤੇ 'ਤੇ ਰੈਹਣਾ; ਅਗਵਾਈ; ਨੇਕ ਰਾਹ ਤੇ ਚੱਲਣਾ; ਪਕਿਆਈ; ਦਲੇਰੀ, ਜੁਰਤ।

رشت ***ਰਸ਼ਤ*** : ਨਗਰ ਦਾ ਵਸਨੀਕ।

رِشتن ***ਰਿਸ਼ਤਨ*** : ਕਤਣਾ, ਮਰੋੜਨਾ, ਵਟਣਾ।

رُشتن ***ਰੁਸ਼ਤਨ*** : ਰੰਗਣਾ, ਵਸਮਾ ਲਾਉਣਾ।

رِشته ***ਰਿਸ਼ਤਾ*** : ਧਾਗਾ, ਤਾਰ, ਡੋਰੀ, ਮੋਤੀਆਂ ਦੀ ਲੜੀ, ਕਤਾਰ, ਕੱਤਿਆ ਹੋਇਆ, ਇਕ ਬੀਮਾਰੀ ਜਿਸ ਵਿਚ ਪਿੰਡਲੀ 'ਤੇ ਜ਼ਖ਼ਮ ਹੋ ਜਾਂਦਾ ਹੈ ਤੇ ਅੰਦਰੋਂ ਧਾਗੇ ਵਰਗਾ ਤਾਰ ਨਿਕਲਦਾ ਰੈਂਹਦਾ ਹੈ; ਨਾਤਾ, ਸਬੰਧ; ਇਕ ਮਿਠਿਆਈ; ਸੇਵੀਆਂ, ਲੜੀ।

رشتهٔ الماس ***ਰਿਸ਼ਤਾ-ਏ-ਅਲਮਾਸ*** : ਫੌਲਾਦ ਦਾ ਤਾਰ।

رشتهٔ باران ***ਰਿਸ਼ਤਾ-ਏ-ਬਾਰਾਨ*** : ਮੀਂਹ ਦੀ ਝੜੀ।

رشتهٔ بیجان ***ਰਿਸ਼ਤਾ-ਏ-ਬੇਜਾਨ*** : ਕੱਚਾ ਧਾਗਾ; ਬਰੀਕ ਸੂਤਰ।

رشتهٔ پیچان ***ਰਿਸ਼ਤਾ-ਏ-ਪੇਚਾਨ*** : ਕੁੰਡਲੀ ਮਾਰਨ ਵਾਲਾ ਸੱਪ।

رشتهٔ تاب ***ਰਿਸ਼ਤਾ-ਏ-ਤਾਬ*** : ਬੌਹਤ ਥੋੜ੍ਹੀ ਮਾਤਰਾ।

رشتهٔ تپ ***ਰਿਸ਼ਤਾ-ਏ-ਤਪ*** : ਨਾਬਾਲਗ ਲੜਕੀ ਦੇ ਹੱਥ ਦਾ ਕੱਤਿਆ ਹੋਇਆ ਸੂਤ ਜੋ ਬੁਖ਼ਾਰ ਨੂੰ ਦੂਰ ਕਰਨ ਲਈ ਵਰਤਿਆ ਜਾਂਦਾ ਹੈ, ਗੰਢਾ।

رشته زدن ***ਰਿਸ਼ਤਾ-ਜ਼ਦਨ*** : ਮਾਪਣਾ, ਮਿਣਨਾ, ਪੈਮਾਇਸ਼ ਕਰਨਾ।

رشتهٔ شمع ***ਰਿਸ਼ਤਾ-ਏ-ਸ਼ਮਅ*** : ਮੋਮਬੱਤੀ ਦਾ ਧਾਗਾ।

رشتهٔ صبح ***ਰਿਸ਼ਤਾ-ਏ-ਸੁਬਹ*** : ਝੂਠੀ ਸਵੇਰ।

رشتهٔ عمر ***ਰਿਸ਼ਤਾ-ਏ-ਉਮਰ*** : ਸਾਲਗਿਰ੍ਹਾ ਦਾ ਡੋਰਾ ਜਿਸ ਦੀਆਂ ਗੰਢਾਂ ਤੋਂ ਸਾਲਾਂ ਦਾ ਹਿਸਾਬ ਲਾਉਂਦੇ ਹਨ।

رشتهٔ کوه ***ਰਿਸ਼ਤਾ-ਏ-ਕੋਹ*** : ਪਹਾੜਾਂ ਦਾ ਸਿਲਸਿਲਾ।

رشتهٔ مریم ***ਰਿਸ਼ਤਾ-ਏ-ਮਰਯਮ*** : ਹਜ਼ਰਤ ਮਰਯਮ ਦੇ ਹੱਥਾਂ ਦਾ ਕਤਿਆ ਹੋਇਆ ਅਤ ਬਰੀਕ ਸੂਤਰ।

رشته نگنده ***ਰਿਸ਼ਤਾ-ਨਿਗੰਦਾ*** : ਮੋਟਾ ਧਾਗਾ ਜਿਸ ਨਾਲ ਰਜ਼ਾਈ ਤੁਲਾਈ ਦੇ ਨਗੰਦੇ ਪਾਉਂਦੇ ਹਨ।

رشته دار ***ਰਿਸ਼ਤਾ-ਦਾਰ*** : ਸਬੰਧੀ, ਸਾਕ-ਅੰਗ।

رشتی ***ਰਸ਼ਤੀ*** : ਕੂੜਾ ਕਰਕਟ, ਨਿਮਰਤਾ, ਝਾੜੂ ਦੇਣ ਵਾਲਾ, ਭੰਗੀ, ਫ਼ਰਾਸ਼ ਨੀਚਤਾ, ਕਮੀਨਾਪਣ।

رشته ***ਰਸ਼ਤਾ*** : ਪਾਣੀ ਸਿੰਮਣਾ, ਰਿਸਣਾ, ਟਪਕਣਾ, ਪਸੀਨਾ ਆਉਣਾ; ਬਖ਼ਸ਼ਸ਼ ਕਰਨਾ; ਜ਼ੁਕਾਮ।

رشحه *ਰਸ਼ਹਾ* : ਪਾਣੀ ਜੋ ਕਿਧਰੋਂ ਟਪਕੇ, ਟਪਕਣ, ਕਤਰਾ।

رشد *ਰਸ਼ਦ* : ਸਿਧਾ ਰਸਤਾ, ਨੇਕ ਰਾਹ ਮਿਲਣਾ।

رشده *ਰਸ਼ਦਾ, ਰਿਸ਼ਦਾ* : ਹਲਾਲਜ਼ਾਦਾ।

رشد *ਰੁਸ਼ਦ* : ਅਗਵਾਈ; ਨੇਕ ਰਸਤੇ ਚਲਣਾ, ਸਿਧੇ ਰਾਹ ਤੁਰਨਾ; ਹੋਸ਼ ਸੰਭਾਲਣਾ, ਜਵਾਨ ਹੋਣਾ, ਸਚਾਈ।

رشک *ਰਸ਼ਕ* : ਮੈਹਬੂਬ ਦੇ ਬਰਾਬਰ ਹੋਣ ਦੀ ਇੱਛਾ, ਸਾੜਾ, ਡਾਹ, ਜਲਣ, ਗ਼ੈਰਤ, ਅਣਖ; ਹਸਦ, ਈਰਖਾ।

رشک‌آور *ਰਸ਼ਕ ਆਵਰ*, **رشکن** *ਰਸ਼ਕਿਨ*, **رشکناک** *ਰਸ਼ਕਨਾਕ*, **رشکین** *ਰਸ਼ਕੀਨ* : ਹਸਦ ਕਰਨ ਵਾਲਾ, ਈਰਖਾਲੂ, ਕਿਸੇ ਦੇ ਬਰਾਬਰ ਬਣਨ ਦੀ ਇਛਾ ਰਖਣ ਵਾਲਾ।

رشک *ਰਿਸ਼ਕ* : ਜੂਆਂ ਦੇ ਆਂਡੇ ਜਾਂ ਬੱਚੇ, ਲੀਖਾਂ; ਲੰਮੀ ਦਾੜ੍ਹੀ ਵਾਲਾ, ਸਿਧਾ, ਉਚਾ, ਲੰਮਾ, ਮੈਲ, ਪੀਪ, ਪੀਕ।

رشک *ਰੁਸ਼ਕ* : ਠੂੰਹਾਂ, ਬਿਛੂ।

رشمیز *ਰਸ਼ਮੀਜ਼* : ਦੀਮਕ, ਸਿਓਂਕ।

رشنی *ਰਸ਼ਨੀ* : ਕੂੜਾ ਚੁਕਣ ਵਾਲਾ, ਝਾੜੂ ਦੇਣ ਵਾਲਾ, ਸਫ਼ਾਈ ਕਰਨ ਵਾਲਾ, ਫ਼ਰਾਸ਼।

رشوت *ਰਿਸ਼ਵਤ*, **رشوت** *ਰਸ਼ਵਤ*, **رشوت** *ਰੁਸ਼ਵਤ* : ਨਜਾਇਜ਼ ਨਜ਼ਰਾਨਾ, ਕਿਸੇ ਮੁਕਦਮੇ ਜਾਂ ਕੰਮ ਲਈ ਅਯੋਗ ਪੈਸਾ ਲੈਣਾਂ, ਵਢੀ।

رشوت‌خواری *ਰਿਸ਼ਰਤਖ਼ਾਰੀ* : ਵਢੀ ਲੈਣਾ।

رشوت‌خور *ਰਿਸ਼ਵਤ-ਖ਼ੋਰ*, **رشوتی** *ਰਿਸ਼ਵਤੀ* : ਵਢੀ ਲੈਣ ਜਾਂ ਖਾਣ ਵਾਲਾ।

رشید *ਰਸ਼ੀਦ* : ਸਿਧਾ ਰਸਤਾ ਪਰਾਪਤ ਕਰਨ ਵਾਲਾ, ਜਿਸ ਨੂੰ ਠੀਕ ਅਗਵਾਈ ਮਿਲੀ ਹੋਵੇ; ਸਿੱਧਾ ਰਾਹ ਵਿਖਾਉਣ ਵਾਲਾ, ਪਥ-ਪਰਦਰਸ਼ਕ, ਰੱਬ ਦਾ ਇਕ ਗੁਣਵਾਚੀ ਨਾਮ, ਦਲੇਰ, ਬਹਾਦਰ।

رصد *ਰਸਦ* : ਦੇਰ ਤਕ ਵੇਖਦੇ ਰੈਹਣਾ, ਤਾਕ, ਝਾਕ, ਦੇਖਭਾਲ ਦੀ ਥਾਂ, ਕਿਸੇ ਤੋਂ ਆਸ ਰੱਖਣਾ; ਓਹ ਉਚਾ ਮੁਨਾਰਾ ਜੋ ਪਹਾੜ ਦੀ ਟੀਸੀ ਤੇ ਸਤ ਸੌ ਗਜ਼ ਉਚਾ ਬਣਾਉਂਦੇ ਹਨ ਤੇ ਉਸ 'ਤੇ ਬੈਠ ਕੇ ਸਤਾਰਿਆਂ ਦਾ ਹਾਲ ਪਤਾ ਕਰਦੇ ਹਨ।

رصدبند *ਰਸਦਬੰਦ*, **رصددان** *ਰਸਦਦਾਨ* : ਸਤਾਰਿਆਂ ਦਾ ਹਾਲ ਮਲੂਮ ਕਰਨ ਵਾਲਾ, ਨਜੂਮੀ।

رصدگاه *ਰਸਦਗਾਹ* : ਉਚਾ ਮਨਾਰਾ, ਸਤਾਰਿਆਂ ਦਾ ਹਾਲ ਮਲੂਮ ਕਰਨ ਵਾਲੀ ਥਾਂ, ਦਰਗਾਹ, ਦਰਬਾਰ; ਚੁੰਗੀਖ਼ਾਨਾ; ਜੰਤਰ-ਮੰਤਰ।

رصدمند *ਰਸਦਮੰਦ* : ਉਚਾ ਥੜਾ ਬਣਾਉਣ ਵਾਲਾ, ਰਸਦ ਬਣਾਉਣ ਵਾਲਾ।

رضا *ਰਿਜ਼ਾ* : ਖ਼ੁਸ਼ ਕਰਨ ਦਾ ਜਤਨ, ਮਰਜ਼ੀ, ਸੂਫ਼ੀਆਂ ਦੀ ਪਰਭਾਸ਼ਾ ਵਿਚ ਚਾਹੇ ਦੁਖ ਹੋਵੇ ਚਾਹੇ ਸੁਖ, ਬੰਦੇ ਦਾ ਹਮੇਸ਼ਾਂ ਰੱਬ ਦੀ ਮਰਜ਼ੀ ਵਿਚ ਰਾਜ਼ੀ ਰੈਹਣਾ; ਏਹ ਵਿਚਕਾਰਲਾ ਮਰਤਬਾ ਹੈ, ਇਸ ਤੋਂ ਹੇਠਲਾ 'ਸਬਰ' ਤੇ ਉਪਰਲਾ 'ਤਸਲੀਮ' ਹੈ; ਇਮਾਮ ਮੂਸਾ ਕਾਜ਼ਿਮ ਦੇ ਪੁਤਰ ਇਮਾਮ ਅਲੀ ਦੀ ਉਪਾਧੀ, ਆਪ ਮਦੀਨੇ ਵਿਖੇ ਪੈਦਾ ਹੋਏ ਅਤੇ ਇਕਾਨਵੇਂ ਸਾਲ ਦੀ ਉਮਰ ਵਿਚ ਖ਼ਲੀਫ਼ਾ ਮਾਮੂੰ (੨੦੩) ਹਿਜਰੀ ਦੇ ਸਮੇਂ ਤੂਸ ਵਿਖੇ ਸ਼ਹੀਦ ਹੋਏ, ਇਸ ਲਈ ਤੂਸ ਦਾ ਨਾਮ 'ਮਸ਼ਹਦ' ਹੋ ਗਿਆ, ਉਥੇ ਹੀ ਆਪ ਦਾ ਮਕਬਰਾ ਹੈ।

رضائے‌خدا *ਰਿਜ਼ਾ-ਏ-ਖ਼ੁਦਾ* : ਰੱਬ ਦੀ ਖ਼ੁਸ਼ੀ ਲਈ, ਰੱਬ ਵਾਸਤੇ।

رضائے‌کل *ਰਿਜ਼ਾ-ਏ-ਕੁਲ* : ਹਰ ਹਾਲਤ ਵਿਚ ਖ਼ੁਦਾ ਦੀ ਮਰਜ਼ੀ ਵਿਚ ਰਾਜ਼ੀ ਰੈਂਹਦਾ ਹੈ।

رضامند *ਰਿਜ਼ਾਮੰਦ* : ਮੰਨਣ ਵਾਲਾ, ਰਾਜ਼ੀ।

رضامندی *ਰਿਜ਼ਾਮੰਦੀ* : ਮਰਜ਼ੀ, ਸਲਾਹ, ਖ਼ੁਸ਼ੀ, ਸੰਮਤੀ, ਅਨੁਮਤੀ।

رضا *ਰਜ਼ਾ* : ਰਾਜ਼ੀ ਹੋਣਾ, ਖ਼ੁਸ਼ ਹੋਣਾ।

رضاجوئی *ਰਿਜ਼ਾ-ਜੂਈ* : ਖ਼ੁਸ਼ ਕਰਨ ਦਾ ਜਤਨ।

رضاجوی *ਰਿਜ਼ਾ-ਜੂਯ* : ਖ਼ੁਸ਼ ਕਰਨ ਦਾ ਜਤਨ ਕਰਨ ਵਾਲਾ।

رضاخاں پہلوی ***ਰਿਜ਼ਾ ਖ਼ਾਂ ਪਹਲਵੀ*** : ਈਰਾਨ ਦੀ ਅਜ਼ਾਦੀ ਦੇ ਝੰਡਾ ਬਰਦਾਰ ਆਕਾ ਰਿਜ਼ਾ ਖਾਂ ਪੈਹਲਵੀ ਦਾ ਨਾਮ ਜਿਸ ਨੇ ੧੯੧੪ ਈ. ਦੀ ਪੈਹਲੀ ਵਿਸ਼ਵ ਜੰਗ ਦੇ ਪਿਛੋਂ ਈਰਾਨ ਨੂੰ ਵਿਦੇਸ਼ੀ ਤਾਕਤਾਂ ਤੋਂ ਅਜ਼ਾਦ ਕਰਵਾਇਆ ਅਤੇ ਬਾਦਸ਼ਾਹਤ ਦੀ ਥਾਂ ਲੋਕ-ਤੰਤਰੀ ਸ਼ਾਸਨ ਸਥਾਪਤ ਕੀਤਾ ਤੇ ਪੈਹਲਾ ਪਰਧਾਨ ਨਿਯੁਕਤ ਹੋਇਆ।

رضائی ***ਰਜ਼ਾਈ*** : ਮਸ਼ਹੂਰ ਕੱਪੜਾ ਜੋ ਸਰਦੀਆਂ ਵਿਚ ਉਤੇ ਲੈਂਦੇ ਹਨ, ਲੇਫ਼।

رضوان ***ਰਿਜ਼ਵਾਨ*** : ਰਜ਼ਾਮੰਦੀ, ਖ਼ੁਸ਼ੀ; ਬਹਿਸ਼ਤ ਦੇ ਦਰਬਾਨ, ਫ਼ਰਿਸ਼ਤੇ ਦਾ ਨਾਮ।

رضوان کده ***ਰਿਜ਼ਵਾਨ-ਕਦਾ*** : ਜੰਨਤ।

رضوانی ***ਰਿਜ਼ਵਾਨੀ*** : ਬਹਿਸ਼ਤ ਦਾ ਵਾਸੀ।

رضوی ***ਰਿਜ਼ਵੀ,*** **رضویه** ***ਰਿਜ਼ਵੀਯਾ*** : ਇਮਾਮ ਅਲੀ ਮੂਸਾ ਰਿਜ਼ਾ ਨਾਲ ਸਬੰਧਤ।

رضی ***ਰਜ਼ੀ*** : ਖ਼ੁਸ਼, ਰਾਜ਼ੀ, ਸੰਤੋਖੀ, ਪਸੰਦੀਦਾ।

رضی الله عنه ***ਰਜ਼ੀ-ਅੱਲਾਹ-ਅਨਹੁ*** : ਖ਼ੁਦਾ ਉਸ ਨਾਲ ਖ਼ੁਸ਼ ਹੋਵੇ, ਰੱਬ ਉਸ ਨਾਲ ਰਾਜ਼ੀ ਰਹੇ, (ਮਰਦ ਲਈ)।

رضی الله عنها ***ਰਜ਼ੀ-ਅੱਲਾਹ-ਅਨਹਾ*** : ਰੱਬ ਉਸ ਨਾਲ ਖ਼ੁਸ਼ ਹੋਵੇ! (ਇਸਤਰੀ ਲਈ)।

رضیه ***ਰਜ਼ੀਯਾ*** : (ਰਜ਼ੀ **رضی** ਦਾ ਇਸਤਰੀ ਲਿੰਗ) ਰਾਜ਼ੀ ਕੀਤੀ ਗਈ।

رطب ***ਰਤ਼ਬ*** : ਤਰ, ਨਮੀ ਵਾਲਾ; ਤਾਜ਼ਾ (ਮੇਵਾ), ਓਹ ਸ਼ੈ ਜੋ ਆਪਣੀ ਮੂਲ ਰਤੂਬਤ ਜਾਂ ਵਿਸ਼ੇਸ਼ਤਾ ਕਰਕੇ ਤਰ ਹੋਵੇ; ਨਾਜ਼ਕ ਮਲੂਕ ਮੁੰਡਾ ਜੋ ਨਜ਼ਾਕਤ ਕਰਕੇ ਕੁੜੀਆਂ ਵਰਗਾ ਲਗਦਾ ਹੋਵੇ, ਕੁੜੀਆਂ ਵਰਗਾ ਮੁੰਡਾ।

رطب اللسان ***ਰਤ਼ਬ-ਉਲ-ਲਿਸਾਨ*** : ਤਰ ਜ਼ਬਾਨ (ਵਕਤਾ) ਪਰਭਾਵਸ਼ਾਲੀ ਬੁਲਾਰਾ।

رطب و یابس ***ਰਤ਼ਬ-ਉ-ਯਾਬਸ*** : ਤਰ ਤੇ ਖ਼ੁਸ਼ਕ, ਬੁਰਾ ਭਲਾ, ਚੰਗਾ ਮੰਦਾ।

رطل ***ਰਤ਼ਲ,*** **رطل** ***ਰਿਤ਼ਲ*** : ਅੱਧ ਸੇਰ ਦਾ ਵਜ਼ਨ; ਸ਼ਰਾਬ ਦਾ ਪਿਆਲਾ ਜਿਸ ਵਿਚ ਅੱਧ ਸੇਰ ਸ਼ਰਾਬ ਸਮਾ ਸਕੇ।

رطلِ گران ***ਰਤ਼ਲ-ਏ-ਗਿਰਾਨ*** : ਸ਼ਰਾਬ ਦਾ ਵੱਡਾ ਪਿਆਲਾ।

رطوبت ***ਰਤੂਬਤ*** : ਨਮੀ, ਤਰੀ, ਸਿੱਲ੍ਹ, ਤਰ, ਨਰਮ, ਤਾਜ਼ਾ ਜਾਂ ਮਲੂਕ ਹੋਣਾ, ਨਰਮੀ, ਤਾਜ਼ਗੀ।

رطوبی ***ਰਤੂਬੀ*** : ਭਿਜਿਆ ਹੋਇਆ, ਤਰ।

رعایا ***ਰਆਯਾ*** : (ਰਈਯਤ **رعیت** ਦਾ ਬੌਹਵਚਨ) ਅਧੀਨ ਜਮਾਤਾਂ, ਪਰਜਾ।

رعایت ***ਰਿਆਯਤ*** : ਨਿਗਰਾਨੀ; ਤਰਫ਼ਦਾਰੀ, ਪੱਖਪਾਤ; ਪੱਖਪਾਤ ਕਰਨਾ, ਧੜੇਬੰਦੀ ਕਰਨਾ, ਖਿਆਲ ਕਰਨਾ, ਲਿਹਾਜ਼, ਮਾਣ, ਸਤਕਾਰ, ਮੇਹਰਬਾਨੀ।

رعب ***ਰੁਅਬ*** : ਡਰ, ਖ਼ੌਫ਼, ਭੈ।

رعد ***ਰਅਦ*** : ਬੱਦਲ ਦੀ ਗਰਜ, ਬਿਜਲੀ ਦੀ ਕੜਕ, ਬੰਦੂਕ, ਪਰਸਿੱਧ ਪਰੇਮਕਾ ਰਬਾਬ ਦੇ ਪਰੇਮੀ ਦਾ ਨਾਮ।

رعد انداز ***ਰਅਦ-ਅੰਦਾਜ਼*** : ਤੋਪ ਚਲਾਉਣ ਵਾਲਾ, ਤੋਪਚੀ।

رعده ***ਰਅਦਾ*** : ਕਪਕਪੀ, ਕੰਬਣੀ।

رعشه ***ਰਅਸ਼ਾ*** : ਕਪਕਪੀ, ਕੰਬਣੀ; ਇਕ ਬੀਮਾਰੀ ਦਾ ਨਾਮ, ਜਿਸ ਵਿਚ ਹੱਥ ਪੈਰ ਤੇ ਸਰੀਰ ਦੇ ਦੂਜੇ ਅੰਗ ਆਪਣੇ ਆਪ ਹਿਲਦੇ ਰੈਂਹਦੇ ਹਨ।

رعنا ***ਰਅਨਾ*** : ਸੁਸਤ (ਇਸਤਰੀ), ਬੇਵਕੂਫ਼ (ਔਰਤ), ਓਹ ਇਸਤਰੀ ਜੋ ਨਜ਼ਾਕਤ ਕਰਕੇ ਸੁਸਤ ਰੈਂਹਦੀ ਹੋਵੇ, ਹਰ ਵੇਲੇ ਹਾਰ-ਸ਼ਿੰਗਾਰ ਕਰਨ ਵਿਚ ਰੁਝੀ ਰਹੇ; ਸੁੰਦਰ, ਨਾਜ਼ਕ, ਚਲਾਕ, ਚੰਗਾ, ਅਭਮਾਨੀ, ਇਕ ਫੁਲ ਦਾ ਨਾਮ ਜੋ ਅੰਦਰੋਂ ਲਾਲ ਤੇ ਬਾਹਰੋਂ ਪੀਲਾ ਹੁੰਦਾ ਹੈ; ਹਰ ਦੋ-ਰੰਗੀ ਸ਼ੈ।

رعنائی ***ਰਅਨਾਈ*** : ਸੁੰਦਰਤਾ, ਸੁਹੱਪਣ, ਰੂਪ, ਨਿਜ-ਸਜਾਵਟ।

رعیت ***ਰਈਯਤ*** : ਓਹ ਚੀਜ਼ ਜਿਸ ਦੀ ਆਜੜੀ ਹਿਫ਼ਾਜ਼ਤ ਕਰੇ, ਇੱਜੜ, ਪਰਜਾ, ਸੰਸਾਰ ਦੇ ਲੋਕ ਜੋ ਕਿਸੇ ਹਾਕਮ ਦੇ ਅਧੀਨ ਹੋਣ।

رعیت پرور ***ਰਈਯਤ-ਪਰਵਰ*** : ਪਰਜਾ-ਪਾਲਕ।

رعیت دار ***ਰਈਯਤਦਾਰ*** : ਸ਼ਾਸ਼ਕ।

رعیتداری ***ਰਈਯਤਦਾਰੀ*** : ਰਾਜ, ਹਕੂਮਤ ਕਰਨਾ।

رغبت ***ਰਗ਼ਬਤ*** : ਇੱਛਾ, ਰੁਚੀ, ਝੁਕਾ, ਧਿਆਨ, ਹਮਦਰਦੀ, ਤਰਜੀਹ, ਪਿਆਰ।

رغیبہ ***ਰਗ਼ੀਬਾ*** : ਪਸੰਦ ਤੇ ਮਨ ਭਾਉਂਦੀ ਸ਼ੈ।

رفاغت ***ਰਫ਼ਾਗ਼ਤ*** : ਐਸ਼ ਦੀ ਬੌਹਲਤਾ।

رفاقت ***ਰਫ਼ਾਕ਼ਤ*** : ਰਫ਼ੀਕ ਹੋਣਾ, ਸਾਥੀ ਹੋਣਾ, ਸਾਥ ਹੋਣਾ, ਦੋਸਤੀ, ਸੰਗਤ, ਇੱਕਠੇ ਸਫ਼ਰ ਕਰਨਾ।

رفاہ ***ਰਿਫ਼ਾਹ,*** رفاهیت ***ਰਿਫ਼ਾਹੀਯਤ*** : ਤਨ ਦਾ ਸੌਖ, ਅਰਾਮ, ਚੈਨ, ਸੁੱਖ, ਐਸ਼, ਧਨ ਦੀ ਬੌਹਲਤਾ।

رفت ***ਰਫ਼ਤ*** : ਜੋ ਹੋਇਆ ਸੋ ਹੋਇਆ, ਰਫ਼ਤਾਰ, ਚਾਲ।

رفتآمد ***ਰਫ਼ਤ-ਆਮਦ*** : ਆਉਣਾ ਜਾਣਾ।

رفتگی ***ਰਫ਼ਤਗੀ*** : ਰਵਾਨਗੀ; ਨੁਕਸਾਨ, ਹਾਨੀ।

رفتوگزشت ***ਰਫ਼ਤ-ਉ-ਗੁਜ਼ਸ਼ਤ*** : ਭੂਤ ਕਾਲ, ਬੀਤ ਚੁਕਾ, ਗਈ ਗੁਜ਼ਰੀ।

رفتن ***ਰਫ਼ਤਨ*** : ਜਾਣਾ, ਚਲਣਾ।

رفتنِچراغ ***ਰਫ਼ਤਨ-ਏ-ਚਿਰਾਗ਼*** : ਦੀਵਾ ਬੁਝ ਜਾਣਾ, ਦੀਵਾ ਗੁਲ ਹੋਣਾ।

رفتہ ***ਰਫ਼ਤਾ*** : ਚਲਾ ਗਿਆ, ਗੁਜ਼ਰਿਆ ਹੋਇਆ, ਖ਼ਤਮ ਹੋ ਚੁਕਾ; ਹੈਰਾਨ, ਪਾਗਲ, ਪਿਆਰ ਵਿਚ ਦੀਵਾਨਾ।

رفتہرفتہ ***ਰਫ਼ਤਾ-ਰਫ਼ਤਾ*** : ਹੌਲੀ ਹੌਲੀ, ਸੈਹਜੇ ਸੈਹਜੇ।

رُفتن ***ਰੁਫ਼ਤਨ*** : ਝਾੜਨਾ, ਪੂੰਝਣਾ।

رُفتہ ***ਰੁਫ਼ਤਾ*** : ਹੂੰਝਿਆ ਹੋਇਆ, ਸਾਫ਼ ਕੀਤਾ ਹੋਇਆ, ਝਾੜੂ ਦਿਤਾ ਹੋਇਆ।

رُفتہروب ***ਰੁਫ਼ਤਾ-ਰੋਬ*** : ਝਾੜੂ ਦੇਣਾ।

رفراف ***ਰਫ਼ਰਾਫ਼*** : ਸ਼ੁਤਰ ਮੁਰਗ, ਲੰਮਢੀਂਗ।

رفرف ***ਰਫ਼ਰਫ਼*** : ਹਰਾ ਕਪੜਾ; ਸਬਜ਼ ਕੱਪੜੇ ਦਾ ਤਕੀਆ, ਸਰਹਾਣਾ; ਤੰਬੂ, ਖ਼ੈਮਾ; ਪੰਛੀ ਦਾ ਉਤਰਨ ਸਮੇਂ ਪਰ ਫੜਫੜਾਉਣਾ; ਹਜ਼ਰਤ ਇਸਰਾਫ਼ੀਲ ਦਾ ਘਰ; ਇਕ ਖ਼ਾਸ ਕਿਸਮ ਦੀ ਸਵਾਰੀ ਜਿਸ ਉਤੇ ਹਜ਼ਰਤ ਮੁਹੰਮਦ ਸਾਹਿਬ ਮਿਅਰਾਜ ਦੀ ਰਾਤ ਨੂੰ ਸਵਾਰੇ ਹੋਏ ਸਨ; ਲੈਹਰਾਂ ਦੀ ਤੇਜ਼ ਹਰਕਤ।

رفع ***ਰਫ਼ਅ*** : ਉਠਾਉਣਾ, ਚੁੱਕਣਾ, ਉਚਾ ਕਰਨਾ, ਬਲੰਦੀ, ਅੰਨ ਚੁਕਣਾ , ਮਾਮਲਾ ਹਾਕਮ ਕੋਲ ਲੈ ਜਾਣਾ; ਬਰਤਰਫ਼ੀ, ਬਰਦਾਸ਼ਤ, ਪੇਸ਼ ਦਾ ਨਿਸ਼ਾਨ (ʼ)।

رفعِشر ***ਰਫ਼-ਏ-ਸ਼ੱਰ*** : ਝਗੜਾ ਤੈ ਕਰਨਾ।

رفعت ***ਰਿਫ਼ਅਤ*** : ਉਚਾਈ, ਉੱਚ-ਪਦਵੀ।

رفقا ***ਰੁਫ਼ਕ਼ਾ*** : (ਰਫ਼ੀਕ਼ رفیق ਦਾ ਬੌਹਵਚਨ) ਸਾਥੀ, ਦੋਸਤ, ਯਾਰ।

رفقہ ***ਰਫ਼ਕ਼ਾ*** : ਯਾਤਰੀਆਂ ਦੀ ਟੋਲੀ, ਸਾਥੀ, ਸੰਗੀ।

رفو ***ਰਫ਼ੂ*** : ਪਾਟੇ ਹੋਏ ਕਪੜੇ ਨੂੰ ਇਸ ਤਰ੍ਹਾਂ ਸਿਊਣਾ ਜਾਂ ਜੋੜ ਲਾਉਣਾ ਕਿ ਪਤਾ ਨਾ ਲਗੇ, ਰਫ਼ੂ ਕਰਨਾ; ਕਿਸੇ ਨੂੰ ਤਸੱਲੀ ਦੇਣਾ।

رفوکاری ***ਰਫ਼ੂਕਾਰੀ,*** رفوگری ***ਰਫ਼ੂਗਰੀ*** : ਰਫ਼ੂ ਕਰਨਾ, ਰਫ਼ੂ ਕਰਨ ਦਾ ਪੇਸ਼ਾ।

رفوگر ***ਰਫ਼ੂਗਰ*** : ਰਫ਼ੂ ਕਰਨ ਵਾਲਾ।

رفیع ***ਰਫ਼ੀਅ*** : ਉਚਾ, ਉਚੇ ਮਰਤਬੇ ਵਾਲਾ, ਸ਼ਰੀਫ਼, ਸਾਊ; ਉਚੀ ਅਵਾਜ਼ ਵਾਲਾ।

رفیعالشان ***ਰਫ਼ੀਅ-ਉਸ਼-ਸ਼ਾਨ*** : ਉਚੀ ਸ਼ਾਨ ਵਾਲਾ, ਵਡੇ ਮਰਤਬੇ ਵਾਲਾ।

رفیق ***ਰਫ਼ੀਕ਼*** : ਹਮਸਫ਼ਰ, ਸਾਥੀ, ਦੋਸਤ, ਯਾਰ, ਮਿੱਤਰ।

رقابت ***ਰਕ਼ਾਬਤ*** : ਉਡੀਕ, ਨਿਗਾਹਬਾਨੀ।

رقابت ***ਰਿਕ਼ਾਬਤ*** : ਰਕੀਬ ਹੋਣਾ, ਹਸਦ, ਈਰਖਾ; ਮੁਕਾਬਲਾ।

رقاص ***ਰੱਕ਼ਾਸ*** : ਨੱਚਣ ਵਾਲਾ, ਨਚਾਰ, ਨਿਰਤਕਾਰ।

رقاصہ ***ਰੱਕ਼ਾਸਾ*** : ਨੱਚਣ ਵਾਲੀ, ਨਾਚੀ, ਨਰਤਕੀ।

رقبہ ***ਰਕ਼ਬਾ*** : ਨਦੀ ਕੰਢੇ ਦੀ ਜ਼ਮੀਨ, ਪਿੰਡ ਦੀ ਜ਼ਮੀਨ।

رقت ***ਰਿੱਕ਼ਤ*** : ਪਤਲਾ, ਬਰੀਕ ਹੋਣਾ; ਪਤਲਾਪਣ, ਬਰੀਕੀ; ਨਰਮੀ; ਰੋਣਾ, ਪਿਆਰ, ਹਮਦਰਦੀ।

رقت‌انگیز ***ਰਿੱਕ਼ਤ-ਅੰਗੇਜ਼*** : ਤਰਸ ਤੇ ਹਮਦਰਦੀ ਪੈਦਾ ਕਰਨ ਵਾਲਾ।

رقص ***ਰਕ਼ਸ*** : ਨਚਣਾ, ਨਾਚ, ਖੇਡਣਾ, ਹਿਲਣਾ, ਹਰਕਤ ਕਰਨਾ, ਕੁਦਣਾ, ਹਰਕਤ ਕਰਨਾ, ਉਛਲਨਾ।

رقصِ اصول ***ਰਕ਼ਸ-ਏ-ਉਸੂਲ*** : ਨਾਚ ਦੀ ਇਕ ਕਿਸਮ, ਬਾਰਾਂ ਤਾਲ ਨਾਚ।

رقصِ بسمل ***ਰਕ਼ਸ-ਏ-ਬਿਸਮਿਲ*** : ਜ਼ਿਬ੍ਹਾ ਕੀਤੇ ਹੋਏ ਜਾਨਵਰ ਦਾ ਤੜਫਣਾ।

رقصِ چارپاره ***ਰਕਸ-ਏ-ਚਾਰ ਪਾਰਾ,*** رقصِ روانی ***ਰਕਸ-ਏ-ਰਵਾਨੀ*** : ਨਾਚ ਦੀ ਕਿਸਮ।

رقص‌کنان ***ਰਕ਼ਸ-ਕੁਨਾਨ*** : ਨਚਦੇ ਹੋਏ।

رقصِ ملتی ***ਰਕਸ-ਏ-ਮਿੱਲਤੀ*** : ਕੌਮੀ ਨਾਚ, ਰੂਸੀ ਕੌਮ ਦਾ ਨਾਚ।

رقصِ مولوی ***ਰਕਸ-ਏ-ਮੌਲਵੀ*** : ਨਾਚ ਦੀ ਇਕ ਕਿਸਮ, ਦਰਵੇਸ਼ ਦਾ ਨਾਚ।

رقعات ***ਰੁਕ਼ਆਤ*** : (ਰੁਕ਼ਆ رقعه ਦਾ ਬੌਹਵਚਨ) ਪਤਰ, ਖਤ; ਚਿਠੀਆਂ; ਲੀਰਾਂ; ਜੋੜ।

رقعاتِ عالمگیری ***ਰੁਕ਼ਆਤ-ਏ-ਆਲਮਗੀਰੀ*** : ਇਕ ਕਿਤਾਬ ਦਾ ਨਾਮ, ਜਿਸ ਨੂੰ کلمات طیبات ਕਲਮਾਤ-ਏ-ਤੱਯਬਾਤ ਕੈਂਹਦੇ ਹਨ, ਇਸ ਵਿਚ ਔਰੰਗਜ਼ੇਬ ਦੇ ਓਹ ਫ਼ਾਰਸੀ ਪਤਰ ਹਨ ਜੋ ਉਸ ਨੇ ਸਮੇਂ ਸਮੇਂ ਲਿਖੇ।

رقعه ***ਰੁਕ਼ਆ*** : ਚਿਠੀ, ਪੱਤਰ, ਖਤ; ਲੀਰ, ਟਾਕੀ, ਜੋੜ।

رقعهٔ بلند نیلگون ***ਰੁਕ਼ਆ-ਏ-ਬਲੰਦ ਨੀਲਗੂਨ,*** رقعهٔ پست نیلگون ***ਰੁਕਾ-ਏ-ਪਸਤ ਨੀਲਗੂਨ*** : ਅਸਮਾਨ।

رقعهٔ شطرنج ***ਰੁਕ਼ਆ-ਏ-ਸ਼ਤਰੰਜ*** : ਸ਼ਤਰੰਜ ਦਾ ਤਖ਼ਤਾ।

رقعهٔ غبرا ***ਰੁਕ਼ਆ-ਏ-ਗ਼ਬਰਾ*** : ਜ਼ਮੀਨ।

رقم ***ਰਕ਼ਮ*** : ਲਿਖਣਾ, ਮੋਹਰ ਕਰਨਾ; ਅਖਰਾਂ ਉਤੇ ਨੁਕਤੇ ਲਾਉਣਾ; ਕਪੜੇ ਨੂੰ ਧਾਰੀਦਾਰ ਬੁਣਨਾ, ਰੁਪਈਏ ਲਿਖਣ ਦਾ ਅੰਕੜਾ; ਸ਼ਾਹੀ ਫ਼ਰਮਾਨ; ਚਿੰਨ੍ਹ; ਤਰੀਕਾ, ਵਿਧੀ, ਢੰਗ; ਨਾਟਕ ਦਾ ਇਕ ਦ੍ਰਿਸ਼; ਖ਼ਤ, ਪਰਚਾ।

رقمِ اول ***ਰਕ਼ਮ-ਏ-ਅੱਵਲ*** : ਅਰਸ਼, ਰੱਬ ਦਾ ਤਖ਼ਤ, ਕੁਰਸੀ, ਨੂਰ-ਏ- ਮੁਹੰਮਦੀ।

رقم‌پرور ***ਰਕਮ-ਪਰਵਰ,*** رقم‌زن ***ਰਕਮ-ਜ਼ਨ,*** رقم‌طراز ***ਰਕਮ ਤਰਾਜ਼*** : ਲਿਖਣ ਵਾਲਾ, ਲਿਖਾਰੀ।

رقم‌کش ***ਰਕ਼ਮਕਸ਼*** : ਮੁਨਸ਼ੀ, ਕਾਤਬ

رقم‌طرازی ***ਰਕਮ-ਤਰਾਜ਼ੀ*** : ਲਿਖਣਾ।

رقوم ***ਰੁਕੂਮ*** : (ਰਕਮ رقم ਦਾ ਬੌਹਵਚਨ) ਰੁਪਈਏ, ਰਕਮਾਂ।

رقومات ***ਰੁਕੂਮਾਤ*** : ਰੁਪਈਏ ਦੇ ਅੰਕੜੇ।

رقیب ***ਰਕ਼ੀਬ*** : ਨਿਗਰਾਨ, ਦਰਬਾਨ, ਅੱਲਾਹ ਦਾ ਇਕ ਗੁਣਵਾਚੀ ਨਾਮ, ਓਹ ਦੋ ਵਿਅਕਤੀ ਜੇਹੜੇ ਇਕੋ ਮਸ਼ੂਕ ਉਤੇ ਆਸ਼ਕ ਹੋਣ, ਹਰ ਇਕ ਦੂਜੇ ਦਾ ਰਕੀਬ ਅਖਵਾਉਂਦਾ ਹੈ, ਇਸ ਲਈ ਹਰ ਇਕ ਦੂਜੇ ਤੋਂ ਮਸ਼ੂਕ ਦੀ ਨਿਗਾਹਬਾਨੀ ਤੇ ਸੁਰਖਿਆ ਕਰਦਾ ਹੈ; ਹਮ-ਪੇਸ਼ਾ।

رقیبِ راز ***ਰਕ਼ੀਬ-ਏ-ਰਾਜ਼*** : ਆਰਿਫ਼, ਸੂਫ਼ੀ।

رقیبانِ راز ***ਰਕ਼ੀਬਾਨ-ਏ-ਰਾਜ਼*** : ਰੱਬ ਦੇ ਆਰਿਫ਼ ਜੋ ਕਿਸੇ ਨੂੰ ਆਪਣਾ ਭੇਤ ਨਹੀਂ ਦਿੰਦੇ, ਵਲੀ।

رقیبانِ شب ***ਰਕ਼ੀਬਾਨ-ਏ-ਸ਼ਬ*** : ਪੈਹਰੇਦਾਰ, ਚੌਕੀਦਾਰ (ਬੌਹਤੇ)।

رقیبان‌هفت‌بام ***ਰਕੀਬਾਨ-ਏ-ਹਫ਼ਤਬਾਮ*** : ਸੱਤ ਸਤਾਰੇ।

رقیق ***ਰਕ਼ੀਕ਼*** : ਪਤਲਾ, ਨਰਮ, ਨਾਜ਼ਕ, ਬਰੀਕ; ਗੁਲਾਮ।

رقیقه ***ਰਕ਼ੀਕ਼ਾ*** : ਲੌਂਡੀ, ਬਾਂਦੀ।

رقیم ***ਰਕ਼ੀਮ*** : ਲਿਖਿਆ ਹੋਇਆ, ਲਿਖਤ, ਕਿਤਾਬ; ਦਵਾਤ, ਤਖ਼ਤੀ।

رقیمه ***ਰਕ਼ੀਮਾ*** : ਲਿਖਤ, ਖ਼ਤ, ਚਿੱਠੀ।

رقیمه ***ਰਕ਼ੀਮਾ*** : ਸਿਆਣੀ, ਪਾਕ ਤੇ ਪਰਹੇਜ਼ਗਾਰ ਇਸਤਰੀ, ਨੇਕ ਔਰਤ।

رکاب ***ਰਿਕਾਬ*** : ਸਵਾਰੀ ਦੇ ਊਠ; ਕਾਠੀ ਵਿਚ ਲੱਗਾ ਹੋਇਆ ਲੋਹੇ ਦਾ ਚੱਕਰ ਜਿਸ ਵਿਚ ਸਵਾਰ ਦੇ ਪੈਰ ਰੈਂਹਦੇ ਹਨ; ਰਕਾਬੀ, ਥਾਲੀ।

رکابدار ***ਰਿਕਾਬਦਾਰ*** : ਸਵਾਰ ਦੇ ਨਾਲ ਨਾਲ ਦੌੜਨ ਵਾਲਾ, ਰਕਾਬ ਨੂੰ ਫੜ ਕੇ ਮਾਲਕ ਨੂੰ ਸਵਾਰੀ ਕਰਵਾਉਣ ਵਾਲਾ ਨੌਕਰ; ਭਾਂਤ ਭਾਂਤ ਦੇ ਖਾਣੇ, ਹਲਵੇ ਆਦਿ ਬਣਾਉਣ ਵਾਲਾ, ਖ਼ਾਨਸਾਮਾ।

رکاب ***ਰਿਕਾਬ*** : ਅਠਾਂ ਗੁਠਾਂ ਵਾਲਾ ਲੰਮਾ ਪਿਆਲਾ; ਛੋਟੀ ਬੇੜੀ, ਕਿਸ਼ਤੀ; ਅਰਦਲੀ, ਹਮਰਾਹ, ਸਾਥੀ।

رکابی ***ਰਿਕਾਬੀ*** : ਰਿਕਾਬ ਨਾਲ ਸਬੰਧਤ, ਸਾਕੀ; ਥਾਲੀ; ਸ਼ਰਾਬ ਦਾ ਪਿਆਲਾ।

رکب ***ਰਕਬ*** : ਘੋੜੇ ਤੇ ਊਠ ਦੇ ਸਵਾਰ (ਨੌਂ ਤੋਂ ਵਧ); ਕਾਫ਼ਲੇ; ਔਰਤ ਦਾ ਗੁਪਤ ਅੰਗ, ਪੇਡੂ, ਧੁੰਨੀ ਤੋਂ ਹੇਠਲਾ ਹਿੱਸਾ।

رکبان ***ਰੁਕਬਾਨ*** : (ਰਾਕਿਬ رکب ਦਾ ਬੌਹਵਚਨ) ਬੌਹਤੇ ਊਠ ਸਵਾਰ।

رکعت ***ਰਕਅਤ*** : ਨਮਾਜ਼ ਦਾ ਓਹ ਭਾਗ ਜਿਸ ਵਿਚ ਖੜ੍ਹੇ ਹੋਣ ਤੋਂ ਲੈ ਕੇ ਬੈਠਣ ਤਕ, ਇਕ ਰਕੂਅ (ਗੋਡਿਆਂ ਪਰਨੇ ਝੁਕਣਾ) ਆ ਜਾਵੇ; ਝੁਕਾ।

رکن ***ਰੁਕਨ*** : ਕਿਸੇ ਚੀਜ਼ ਦਾ ਵਡਾ ਤੇ ਪੱਕਾ ਪਾਸਾ; ਮਜ਼ਬੂਤ, ਤਕੜਾ ਆਪਣਾ ਨਜ਼ਦੀਕੀ ਰਿਸ਼ਤੇਦਾਰ; ਨੇੜੇ, ਹਰ ਚੀਜ਼ ਦਾ ਮੁਖ ਭਾਗ, ਸ਼ਕਤੀ; ਪਹਾੜ ਦਾ ਕੰਢਾ; ਦੀਵਾਰ ਦਾ ਕੋਨਾ, ਗੁੱਠ; ਖੰਭਾ, ਥੰਮ੍ਹ; ਨੀਂਹ-ਪੱਥਰ।

رکنِ رکین ***ਰੁਕਨ-ਏ-ਰਕੀਨ*** : ਪੱਕਾ ਥੰਮ, ਬੌਹਤ ਭਰੋਸੇਯੋਗ ਵਜ਼ੀਰ ਜਾਂ ਦਰਬਾਰੀ।

رکنِ سلطنت ***ਰੁਕਨ-ਏ-ਸਲਤਨਤ*** : ਰਾਜ ਦੇ ਭਰੋਸੇਯੋਗ ਅਮੀਰ ਵਜ਼ੀਰ।

رکنِ عظیم ***ਰੁਕਨ-ਏ-ਅਜ਼ੀਮ*** : ਕਅਬਾ ਸ਼ਰੀਫ਼ ਦੀ ਓਹ ਨੁਕਰ ਜਿਸ ਪਾਸਿਓਂ ਉਸਾਰੀ ਇਮਾਰਤ ਇਬਰਾਹੀਮੀ ਬੁਨਿਆਦ ਨਾਲੋਂ ਛੋਟੀ ਰਹੀ ਹੈ।

رکنِ یمانی ***ਰੁਕਨ-ਏ-ਯਮਾਨੀ*** : ਕਅਬਾ ਸ਼ਰੀਫ਼ ਦੀ ਓਹ ਨੁਕਰ ਜੋ ਯਮਨ ਮੁਲਕ ਵੱਲ ਹੈ।

رکن آباد ***ਰੁਕਨਾਬਾਦ*** : ਸ਼ੀਰਾਜ਼ ਦੀ ਇਕ ਸੈਰਗਾਹ ਦਾ ਨਾਮ; ਸ਼ੀਰਾਜ਼ ਨੇੜੇ ਵਗਦੀ ਹੋਈ ਇਕ ਨਦੀ ਜਿਸ ਦੇ ਅਕਸਰ ਸੰਕੇਤ ਹਾਫ਼ਿਜ਼ ਦੀਆਂ ਗ਼ਜ਼ਲਾਂ ਵਿਚ ਮਿਲਦੇ ਹਨ।

رکنی ***ਰੁਕਨੀ*** : ਖਰਾ ਸੋਨਾ (ਇਸ ਦਾ ਸਬੰਧ ਰੁਕਨੁੱਦੀਨ ਕੀਮੀਯਾਗਰ ਨਾਲ ਹੈ)।

رکوع ***ਰੁਕੂਅ*** : ਝੁਕਣਾ, ਨੀਵਾਂ ਹੋਣਾ, ਨਮਾਜ਼ ਵਿਚ ਗੋਡਿਆਂ ਤੇ ਹੱਥ ਰਖ ਕੇ ਨਿਊਣਾ; ਪਿਠ ਝੁਕਾਉਣਾ, ਮੂੰਹ ਦੇ ਭਾਰ ਡਿਗਣਾ।

رکوک ***ਰਕੂਕ*** : ਪੁਰਾਣੀਆਂ ਲੀਰਾਂ, ਟਾਕੀਆਂ; ਤੰਬੂ ਜਿਸ ਨੂੰ ਕੋਈ ਟਾਕੀ, ਆਦਿ ਨਾ ਲਗੀ ਹੋਵੇ; ਕਪੜਾ।

رکیک ***ਰਕੀਕ*** : ਸੁਸਤ, ਢਿਲਾ, ਕਮਜ਼ੋਰ, ਨਿਰਬਲ, ਪਤਲਾ; ਤੁਛ, ਮਮੂਲੀ, ਨਾਚੀਜ਼, ਬੇਇਜ਼ਤ, ਬੇਸ਼ਰਮ, ਘਟੀਆ, ਬੇਅਣਖਾ।

رکیک العلم ***ਰਕੀਕ-ਉਲ-ਇਲਮ*** : ਬੌਹਤ ਮਮੂਲੀ ਵਿਦਵਾਨ, ਤੁਛ ਵਿਦਿਆ ਵਾਲਾ।

رگ ***ਰਗ*** : ਨਸ, ਨਾੜ; ਅਸਲ, ਗੈਰਤ, ਅਣਖ।

رگبند ***ਰਗਬੰਦ*** : ਪੱਟੀ।

رگِ جان ***ਰਗ-ਏ-ਜਾਨ*** : ਸ਼ਾਹ ਰਗ, ਓਹ ਵੱਡੀ ਰਗ ਜਿਸ ਰਾਹੀਂ ਸਾਰੀਆਂ ਰਗਾਂ ਨੂੰ ਖ਼ੂਨ ਪੌਂਹਚਦਾ ਹੈ।

رگ خفتن ***ਰਗ-ਖ਼ੁਫ਼ਤਨ*** : ਸੁਸਤ ਹੋਣਾ।

رگِ رستنی ***ਰਗ-ਏ-ਰੁਸਤਨੀ*** : ਪੈਦਾ ਹੋਣ ਜਾਂ ਪਨਪਣ ਦੀ ਤਾਕਤ।

رگزدن ***ਰਗ-ਜ਼ਦਨ*** : ਫ਼ਸਦ ਖੋਲ੍ਹਣਾ।

رگزن ***ਰਗ ਜ਼ਨ***: ਫਸਦ ਖੋਲ੍ਹਣ ਵਾਲਾ, ਜੱਰਾਹ।

رگِ سنگ ***ਰਗ-ਏ-ਸੰਗ*** : ਪੱਥਰ ਦੀ ਚਟਾਨ।

رگِ کشادن ***ਰਗ ਕੁਸ਼ਾਦਨ***: ਨਸ਼ਤਰ ਨਾਲ ਲਹੂ ਕਢਣਾ।

رگِ گردن ***ਰਗ-ਏ-ਗਰਦਨ*** : ਗ਼ਰੂਰ,

ਘਮੰਡ।

رگو ***ਰਿਗੋ***, رگو ***ਰੁਗੋ***, رگوک ***ਰੁਗੋਕ*** : ਪਾਟੇ ਪੁਰਾਣੇ ਕਪੜੇ, ਟਾਕੀਆਂ, ਲੀਰਾਂ, ਰਾਤੀਂ ਸੌਣ ਲਈ ਇਕ-ਪਾਟ ਦੀ ਚਾਦਰ।

رم ***ਰਮ*** : ਭੱਜਣਾ, ਦੌੜਨਾ, ਇਜੜ, ਵੱਗ; ਫ਼ੌਜ, ਸੈਨਾ; ਡਰ, ਭੈ।

رمیدہ ***ਰਮਦੀਦਾ*** : ਭੱਜਿਆ ਹੋਇਆ।

رمزدہ ***ਰਮ-ਜ਼ਦਾ*** : ਭਗੌੜਾ।

رمش ***ਰਮਸ਼*** : ਭੱਜਣਾ, ਭਾਂਜ।

رماح ***ਰਮਾਹ***, رماح ***ਰਿਮਾਹ*** : (ਰਮਹ رمح ਦਾ ਬਹੁਵਚਨ) ਨੇਜ਼ੇ, ਭਾਲੇ।

رماح ***ਰਮੱਾਹ*** : ਨੇਜ਼ੇ ਬਣਾਉਣ ਵਾਲਾ।

رمال ***ਰਮੱਾਲ*** : ਰਮਲ ਜਾਣਨ ਵਾਲਾ, ਰਾਵਲ, ਨਜੂਮੀ, ਜੋਤਸ਼ੀ।

رمح ***ਰਮਹ*** : ਨੇਜ਼ਾ, ਭਾਲਾ।

رمز ***ਰਮਜ਼*** : ਅਖ, ਭਰਵਟੇ ਜਾਂ ਹੋਠਾਂ ਦਾ ਇਸ਼ਾਰਾ; ਛੁਪਾਉਣ ਵਾਲੀ ਗੱਲ, ਭੇਤ।

رمضان ***ਰਮਜ਼ਾਨ*** : ਸਾੜਨ ਵਾਲਾ; ਨੌਵਾਂ ਚੰਦ ਮਹੀਨਾ ਜਿਸ ਵਿਚ ਮੁਸਲਮਾਨ ਰੋਜ਼ੇ ਰੱਖਦੇ ਹਨ।

رمضانی ***ਰਮਜ਼ਾਨੀ*** : ਰਮਜ਼ਾਨ ਮਹੀਨੇ ਨਾਲ ਸਬੰਧਤ।

رمق ***ਰੁਮਕ਼***, رمق ***ਰਮਕ਼*** : ਥੋੜ੍ਹੀ ਜੇਹੀ ਜਾਨ, ਸਿਸਕਦੀ ਜਾਨ; ਬਾਕੀ ਜਾਨ।

رمل ***ਰਮਲ*** : ਰੇਤ; ਇਕ ਇਲਮ (ਵਿਦਿਆ) ਜਿਸ ਦੁਆਰਾ ਭੂਤ ਤੇ ਭਵਿਖਤ ਦੇ ਹਾਲ ਮਲੂਮ ਕੀਤੇ ਜਾਂਦੇ ਹਨ, ਨਜੂਮ, ਜੋਤਸ਼।

رمل ***ਰਮਲ*** : ਅਰੂਜ਼ (ਅਰਬੀ/ਫ਼ਾਰਸੀ ਛੰਦ -ਸ਼ਾਸਤਰ ਅਨੁਸਾਰ ਇਕ ਬਹਰ ਦਾ ਨਾਮ ਜਿਸ ਦਾ ਵਜ਼ਨ ਅੱਠ ਵਾਰ 'ਫ਼ਾਇਲਾਤੁਨ' ਹੈ) 'ਰਮਲ' ਦੇ ਅਰਥ ਹਨ ਬੋਰੀਆਂ ਬੁਣਨਾ।

رملہ ***ਰਮਲਾ*** : ਫ਼ਲਸਤੀਨ ਵਿਚ ਇਕ ਸ਼ੈਹਰ ਦਾ ਨਾਮ।

رموز ***ਰੁਮੂਜ਼*** : (ਰਮਜ਼ رمز ਦਾ ਬੈਹਵਚਨ) ਇਸ਼ਾਰੇ, ਸੰਕੇਤ; ਭੇਤ, ਰਮਜ਼ਾਂ, ਗੁਝੀਆਂ ਗੱਲਾਂ।

رمہ ***ਰਮਾ*** : ਬਕਰੀਆਂ ਦਾ ਇਜੜ; ਜਾਨਵਰਾਂ ਦਾ ਵਗ; ਆਦਮੀਆਂ ਦਾ ਟੋਲਾ; ਲਸ਼ਕਰ, ਫ਼ੌਜ; ਜਮਾਤ; ਸਤ ਸਤਾਰੇ, ਸਤ ਸਹੇਲੀਆਂ ਦਾ ਝੁਮਕਾ।

رمہبان ***ਰਮਾਬਾਨ***, رمہدار ***ਰਮਾਦਾਰ***, رمہوان ***ਰਮਾਵਾਨ***, رمہیار ***ਰਮਾਯਾਰ*** : ਆਜੜੀ, ਅਯਾਲੀ।

رمیدگی ***ਰਮੀਦਗੀ*** : ਡਰ ਕਰਕੇ ਨੱਸ ਜਾਣਾ, ਡਰ, ਪਰੇਸ਼ਾਨੀ।

رمیدن ***ਰਮੀਦਨ*** : ਭੱਜਣਾ; ਡਰ ਕੇ ਨੱਸ ਜਾਣਾ।

رمیدہ ***ਰਮੀਦਾ*** : ਨਸਿਆ ਹੋਇਆ, ਭਗੌੜਾ।

رنج ***ਰੰਜ*** : ਦੁਖ, ਤਕਲੀਫ਼, ਬੀਮਾਰੀ, ਕਰੋਧ, ਗੁੱਸਾ, ਗ਼ਮ।

رنجباریک ***ਰੰਜ-ਏ-ਬਾਰੀਕ*** : ਤਪਦਿਕ।

رنجش ***ਰੰਜਿਸ਼*** : ਦੁਖ, ਤਕਲੀਫ਼।

رنجور ***ਰੰਜੂਰ*** : ਦੁਖੀਆ, ਬੀਮਾਰ, ਉਦਾਸ।

رنجوردار ***ਰੰਜੂਰਦਾਰ*** : ਬੀਮਾਰ ਦੀ ਸੇਵਾ ਕਰਨ ਵਾਲਾ।

رنجوری ***ਰੰਜੂਰੀ*** : ਦੁਖ, ਤਾਪ, ਰੋਗ, ਤਕਲੀਫ਼।

رنجیدہ ***ਰੰਜੀਦਾ*** : ਦੁਖੀਆ, ਦੁਖੀ, ਨਰਾਜ਼, ਉਦਾਸ।

رند ***ਰਿੰਦ*** : ਬੇਕੈਦ; ਅਜ਼ਾਦ, ਮਲੰਗ, ਬੇਪਰਵਾਹ; ਸ਼ਰਾਬੀ, ਓਹ ਆਦਮੀ ਜੋ ਸਿਆਣਪ ਨਾਲ ਮੁਨਕਰ ਹੋਵੇ ਬੇਵਕੂਫ਼ੀ ਕਰਕੇ ਨਹੀਂ; ਓਹ ਵਿਅਕਤੀ ਜੋ ਬਾਹਰੋਂ ਮਲਾਮਤਯੋਗ ਹੋਵੇ ਪਰ ਦਿਲ ਦਾ ਚੰਗਾ ਹੋਵੇ; ਓਹ ਆਦਮੀ ਜੋ ਸ਼ਰ੍ਹਾ ਦਾ ਪਾਬੰਦ ਨਾ ਹੋਵੇ; ਸ਼ੁਰੂ ਤੋਂ ਹੀ ਅਜ਼ਾਦ ਮਨੁੱਖ, ਸੂਫ਼ੀ।

رندانِ‌خاکبیز ***ਰਿੰਦਾਨ-ਏ-ਖ਼ਾਕਬੇਜ਼*** : ਬਰੀਕਬੀਨ, ਗੱਲ ਦੀ ਤੈਹ ਤੱਕ ਜਾਣ ਵਾਲੇ, ਘੁੰਤਰੀ।

رندک ***ਰਿੰਦਕ*** : (ਰਿੰਦ رند ਦਾ ਲਘੂਵਾਚੀ) ਜੁਗਤੀ, ਅਜ਼ਾਦ।

رنده ***ਰੰਦਾ*** : ਤਰਖ਼ਾਣਾਂ ਦਾ ਓਹ ਸੰਦ ਜਿਸ ਨਾਲ ਲਕੜ ਨੂੰ ਛਿੱਲ ਕੇ ਸਾਫ਼ ਪਧਰਾ ਕਰਦੇ ਹਨ, ਰੰਦਾ।

رنگ ***ਰੰਗ*** : ਰੰਗ, (ਊਦਾ, ਨੀਲਾ, ਅਸਮਾਨੀ, ਹਰਾ, ਪੀਲਾ, ਨਾਰੰਗੀ, ਲਾਲ) ਰੰਗਤ, ਰੂਪ, ਭਾਗ, ਕਿਸਮਤ; ਪਹਾੜੀ ਬਕਰਾ, ਪਹਾੜੀ ਬਲਦ, ਪਹਾੜੀ ਗਾਂ; ਧਰਤੀ 'ਚੋਂ ਉੱਗਣਾ; ਜੂਏਬਾਜ਼ੀ; ਜੂਏਬਾਜ਼ੀ ਦਾ ਧਨ; ਪਟ; ਦੋਸ਼, ਸ਼ਰਮ, ਸ਼ਕਤੀ, ਧਨ, ਸੋਨਾ; ਚਾਂਦੀ; ਲਾਭ; ਰੂਹ, ਜਾਨ; ਤਕੜਾ ਊਠ, ਗੋਦੜੀ; ਢੰਗ, ਮਿਸਲ, ਕਨੂੰਨ, ਦਸਤੂਰ; ਹੀਲਾ, ਫ਼ਰੇਬ; ਖ਼ੂਬੀ, ਗੁਣ, ਸੋਹਜ, ਖੁਸ਼ੀ; ਅਨੰਦ, ਸਰੂਰ, ਨਸ਼ਾ, ਐਸ਼, ਸੌਖ; ਅਰੋਗਤਾ, ਦਮ; ਖ਼ੂਨ; ਰੌਣਕ; ਰਿਵਾਜ; ਦਸ਼ਾ; ਉਗਣਾ; ਫੁਟਣਾ; ਤੁਛ ਰਾਸ, ਹਾਕਮ, ਵਾਲੀ, ਮਾਲਕ; ਬਾਪ, ਪਿਤਾ, ਭੈੜਾ, ਭੈੜੇ ਹਾਲ; ਗ਼ੈਰਤ, ਅਣਖ, ਗੁਸਾ, ਤੈਸ਼, ਝੂਠ, ਕੁਸਤ; ਖ਼ਿਆਨਤ; ਮਾਲ, ਸਮਾਨ; ਚੰਗਾ ਕੰਮ ਕਰਨਾ; ਸੋਨੇ ਚਾਂਦੀ ਦੀ ਚੋਰੀ, ਅਰਬੀ ਢੋਲ ਉਦਾਲੇ ਲਟਕਾਏ ਹੋਏ ਗੋਲ ਘੁੰਗਰੂ।

رنگِ آزادان ***ਰੰਗ-ਏ-ਆਜ਼ਾਦਾਨ*** : ਸੂਰਮਿਆਂ ਦਾ ਢੰਗ।

رنگِ آفتابی ***ਰੰਗ-ਏ-ਆਫ਼ਤਾਬੀ*** : ਸਫ਼ੈਦ ਜ਼ਰਦੀ, ਮਾਇਲ ਰੰਗ; ਚਿਟੀ ਪੀਲੀ ਭਾ ਮਾਰਦਾ ਰੰਗ।

رنگِ آمیختن ***ਰੰਗ-ਆਮੇਖ਼ਤਨ*** : ਫ਼ਰੇਬ ਕਰਨਾ, ਧੋਖਾ ਦੇਣਾ।

رنگ آمیز ***ਰੰਗ-ਆਮੇਜ਼*** : ਚਿਤਰਕਾਰ, ਨਕਾਸ਼।

رنگ آورد ***ਰੰਗ-ਆਵਰਦ*** : ਬੌਹ-ਰੂਪੀਆ।

رنگ باختن ***ਰੰਗ-ਬਾਖ਼ਤਨ***
رنگ برجستن ***ਰੰਗ-ਬਰਜਸਤਨ,***
رنگ برخاستن ***ਰੰਗ ਬਰਖ਼ਾਸਤਨ,***
رنگ پریدن ***ਰੰਗ-ਪਰੀਦਨ*** : ਰੰਗ ਫ਼ਕ ਹੋਣਾ, ਰੰਗ ਉਡ ਜਾਣਾ।

رنگ برنگ ***ਰੰਗ-ਬ-ਰੰਗ*** : ਜੋ ਕਿਸੇ ਪਕੇ ਨਿਸਚੇ ਵਾਲਾ ਨਾ ਹੋਵੇ।

رنگ بست ***ਰੰਗ-ਬਸਤ*** : ਪਕਾ ਰੰਗ।

رنگ دادن ***ਰੰਗ-ਦਾਦਨ*** : ਬਦਲ ਜਾਣਾ।

رنگِ ربیع ***ਰੰਗ-ਏ-ਰਬੀਅ*** : ਹਰਿਆ ਹੋਣਾ, ਬਹਾਰ ਦੀ ਰੌਣਕ।

رنگرز ***ਰੰਗ-ਰਜ਼*** : ਕਪੜੇ ਰੰਗਣ ਵਾਲਾ, ਲਲਾਰੀ।

رنگرزان ***ਰੰਗ-ਰਜ਼ਾਨ*** : (ਰੰਗ ਰਜ਼ رنگ رز ਦਾ ਬੌਹਵਚਨ) ਰੰਗਰੇਜ਼, ਲਲਾਰੀ (ਬੌਹਤੇ); ਪਤਝੜ ਦੀ ਰੁਤ।

رنگرزگلگون ***ਰੰਗ-ਰਜ਼-ਗੁਲਗੂਨ*** : ਸ਼ਰਾਬ ਵੇਚਣ ਵਾਲਾ।

رنگریز ***ਰੰਗ-ਰੇਜ਼*** : ਕਪੜੇ ਰੰਗਣ ਵਾਲਾ, ਲਲਾਰੀ; ਚਿਤਰਕਾਰ, ਰਾਜ, ਮੇਮਾਰ।

رنگزده ***ਰੰਗਜ਼ਦਾ*** : ਰੰਗਿਆ ਹੋਇਆ, ਵਸਮਾ ਲਗਾ ਹੋਇਆ।

رنگساز ***ਰੰਗਸਾਜ਼*** : ਚਿਤਰਕਾਰ, ਰੰਗਣ ਵਾਲਾ, ਲਲਾਰੀ।

رنگِ شکری ***ਰੰਗ-ਏ-ਸ਼ੱਕਰੀ*** : ਥੋੜਾ ਪੀਲਾ ਰੰਗ।

رنگِ طلائی ***ਰੰਗ-ਏ-ਤਿਲਾਈ*** : ਆਸ਼ਕਾਂ ਦਾ ਰੰਗ (ਪੀਲਾ)।

رنگِ عروس ***ਰੰਗ-ਏ-ਅਰੂਸ*** : ਨਵਾਂ ਰੰਗ ਢੰਗ, ਨਵੀਨ ਤਰਜ਼।

رنگفروش ***ਰੰਗ-ਫ਼ਰੋਸ਼*** : ਰੇਸ਼ਮ ਵੇਚਣ ਵਾਲਾ, ਪਟੋਲੀ, ਧੋਖੇਬਾਜ਼; ਲਲਾਰੀ, ਰੰਗਰੇਜ਼।

رنگکردن ***ਰੰਗ-ਕਰਦਨ*** : ਫ਼ਰੇਬ ਦੇਣਾ।

رنگِ لکا ***ਰੰਗ-ਏ-ਲੁਕਾ*** : ਲਾਖ ਦਾ ਰੰਗ।

رنگِ لیمونی ***ਰੰਗ-ਏ-ਲੈਮੂਨੀ*** : ਪੀਲੀ ਭਾਹ ਮਾਰਦਾ ਚਿਟਾ ਰੰਗ।

رنگمحل ***ਰੰਗਮਹਲ*** : ਐਸ਼ ਕਰਨ ਦੀ ਹਵੇਲੀ।

رنگوبو **رنگوآب** ***ਰੰਗ-ਉ-ਆਬ,*** ***ਰੰਗ-ਉ-ਬੂ*** : ਸ਼ਾਨ-ਬਾਨ, ਠਾਠ, ਰੌਣਕ।

رنگِ هوا ***ਰੰਗ-ਏ-ਹਵਾ*** : ਹਨੇਰਾ।

رنگی ***ਰੰਗੀ*** : ਲਲਾਰੀ; ਛੀਂਟ ਜਿਸ ਦਾ ਰੰਗ ਧੋਣ ਨਾਲ ਉੱਡ ਜਾਵੇ, ਇਕ ਕਿਸਮ ਦਾ

ਕਪੜਾ।

رنگین ***ਰੰਗੀਨ*** : ਰੰਗਿਆ ਹੋਇਆ, ਖ਼ੁਸ਼।

رنگین‌کمان ***ਰੰਗੀਨ-ਕਮਾਨ*** : ਸਤਰੰਗੀ ਪੀਂਘ।

رنود ***ਰੁਨੂਦ*** : (ਰਿੰਦ **رند** ਦਾ ਬੌਹਵਚਨ) ਬੌਹਤੇ ਰਿੰਦ।

رو ***ਰੌ*** : (ਰਫ਼ਤਨ **رفتن** =ਜਾਣਾ ਤੋਂ) ਰਵਸ਼, ਰਾਹ; ਜਾਣਾ; ਤੂੰ ਜਾ; ਪੰਧ, ਪੈਂਡਾ।

رو ***ਰੂ*** : ਮੂੰਹ, ਚੇਹਰਾ, ਸ਼ਕਲ, ਸੂਰਤ, ਸਬਬ, ਕਾਰਨ; ਪਖੰਡ, ਬਹਾਨਾ; ਭਾਲ, ਖੋਜ; ਸ਼ਰਮ, ਹਯਾ।

روآوردن ***ਰੂ ਆਵਰਦਨ*** : ਧਿਆਨ ਦੇਣਾ, ਗੌਹ ਕਰਨਾ।

روباز ***ਰੂਬਾਜ਼*** : ਸਾਮ੍ਹਣਿਉਂ ਖੁਲ੍ਹਾ, ਬਿਨਾ ਪਰਦੇ ਦੇ।

روبدیوار ***ਰੂ-ਬ-ਦੀਵਾਰ*** : ਹੈਰਾਨ ਪਰੇਸ਼ਾਨ।

روبراه ***ਰੂ-ਬ-ਰਾਹ*** : ਕੰਮ ਯੋਗ, ਸੋਧਿਆ ਹੋਇਆ, ਸਿਧੇ ਰਾਹ ਲਿਆਂਦਾ ਹੋਇਆ।

روبرو ***ਰੂ-ਬ-ਰੂ*** : ਆਮ੍ਹਣੇ-ਸਾਮ੍ਹਣੇ।

روبکار ***ਰੂ-ਬ-ਕਾਰ*** : ਸਾਮ੍ਹਣੇ, ਓਹ ਕਾਗਜ਼ ਜਿਸ ਉਤੇ ਹਾਕਮ ਦੇ ਸਾਮ੍ਹਣੇ ਫ਼ੈਸਲਾ ਲਿਖਿਆ ਜਾਵੇ, ਅਦਾਲਤੀ ਹੁਕਮ, ਪਰਵਾਨਾ; ਹੋਣ ਵਾਲਾ, ਵਾਪਰਨ ਵਾਲਾ।

روبکاری ***ਰੂ-ਬ-ਕਾਰੀ*** : ਸਾਮ੍ਹਣੇ ਹੋਣਾ, ਸਾਮ੍ਹਣੇ ਕਰਨਾ।

روبند ***ਰੂਬੰਦ*** : ਘੁੰਡ, ਬੁਰਕਾ।

روپاک ***ਰੂਪਾਕ*** : ਰੁਮਾਲ, ਤੋਲੀਆ।

روپست ***ਰੂਪਸਤ*** : ਮੂੰਹ ਨੀਵਾਂ, ਘੁੰਡ।

روپوش ***ਰੂ-ਪੋਸ਼*** : ਛੁਪਿਆ ਹੋਇਆ; ਮੁਲੰਮਾ; ਪਰਦਾ, ਘੁੰਡ, ਬੁਰਕਾ; ਜੇਹੜੀ ਚੀਜ਼ ਅੰਦਰੋਂ ਭੈੜੀ ਤੇ ਬਾਹਰੋਂ ਚੰਗੀ ਦਿਸੇ।

روتازگی ***ਰੂ-ਤਾਜ਼ਗੀ*** : ਚੇਹਰੇ ਦੀ ਤਾਜ਼ਗੀ, ਨਿਖਾਰ।

روسفید ***ਰੂ-ਸਫ਼ੈਦ*** : ਸੁਰਖਰੂ; ਇਜ਼ਤ ਮਾਣ ਵਾਲਾ।

روسیاه ***ਰੂ-ਸਯਾਹ*** : ਦੋਸ਼ੀ; ਬਦਨਾਮ; ਹਬਸ਼ੀ।

روسیاهی ***ਰੂ-ਸਯਾਹੀ*** : ਬਦਨਾਮੀ, ਜ਼ਿੱਲਤ।

روشناس ***ਰੂਸ਼ਿਨਾਸ*** : ਜਾਣ-ਪਛਾਣ ਵਾਲਾ; ਪਰਸਿੱਧ, ਮਸ਼ਹੂਰ; ਚੰਗੀ ਡੀਲ ਵਾਲਾ।

روشناسی ***ਰੂ-ਸ਼ਿਨਾਸੀ*** : ਜਾਣ-ਪਛਾਣ, ਮੁਲਾਕਾਤ।

روفراخ ***ਰੂ-ਫ਼ਰਾਖ਼*** : ਖਿੜੇ ਮੁਖ ਵਾਲਾ, ਖੁਸ਼ ਖੁਸ਼।

روفگندن ***ਰੂਫ਼ਿਗੰਦਨ*** : ਗਿੜਗਿੜਾਉਣਾ, ਮਿੰਨਤਾਂ ਕਰਨਾ।

روکردن ***ਰੂਕਰਦਨ*** : ਰੂ-ਬ-ਰੂ ਕਰਨਾ, ਪਰਗਟ ਕਰਨਾ, ਧਿਆਨ ਦੇਣਾ।

روکش ***ਰੂਕਸ਼*** : ਮੁਕਾਬਲੇ ਤੇ ਆਉਣ ਵਾਲਾ; ਸ਼ਰਮਿੰਦਾ ਕਰਨ ਵਾਲਾ; ਮੁਲੰਮਾ, ਦਲਾਲ।

روگاه ***ਰੂਗਾਹ*** : ਭੂਮਿਕਾ, ਉਮਤ ਦਾ ਪੇਸ਼ਵਾ।

روگردان ***ਰੂ-ਗਰਦਾਨ*** : ਮੂੰਹ ਫੇਰਨ ਵਾਲਾ, ਬਦ-ਦਿਮਾਗ਼।

روگردانی ***ਰੂਗਰਦਾਨੀ*** : ਮੂੰਹ ਫੇਰਨਾ, ਨਰਾਜ਼ਗੀ; ਆਕੀਪੁਣਾ।

روگرفتن ***ਰੂਗਿਰਿਫ਼ਤਨ*** : ਮੂੰਹ ਛਿਪਾਉਣਾ, ਸ਼ਰਮਿੰਦਾ ਹੋਣਾ।

روا ***ਰਵਾ*** : ਉਚਿਤ, ਯੋਗ, ਠੀਕ, ਸਹੀਂ, ਜਾਰੀ, ਚੰਗਾ, ਮਨ ਮਰਜ਼ੀ ਦਾ।

رواست ***ਰਵਾਸਤ*** : ਇਕ ਠੀਕ ਹੈ, ਇਵੇਂ ਹੀ ਹੋਣਾ ਚਾਹੀਦਾ ਹੈ।

رواحال ***ਰਵਾ ਹਾਲ*** : ਝੱਟ-ਪੱਟ, ਹੁਣੇ ਹੀ , ਤੇਜ਼ ਰਫ਼ਤਾਰ (ਸਵਾਰੀ), ਤੇਜ਼, ਤਿਖਾ।

روادار ***ਰਵਾਦਾਰ*** : ਠੀਕ, ਯੋਗ ਚੁਣਨਵਾਲਾ, ਜਾਇਜ਼ ਰੱਖਣ ਵਾਲਾ, ਪਰਵਾਨ ਕਰਨ ਵਾਲਾ।

رواداشتن ***ਰਵਾ ਦਾਸ਼ਤਨ*** : ਯੋਗ

ਸਮਝਣਾ, ਆਗਿਆ ਦੇਣਾ।

روارو *ਰਵਾ ਰੌ* : ਲੋਕਾਂ ਦਾ ਕਾਫ਼ੀ ਸੰਖਿਆ ਵਿਚ ਆਉਣਾ ਜਾਣਾ, ਆਵਾਜਾਈ, ਕਿਸੇ ਦੇ ਪਿਛੇ ਤੇਜ਼ੀ ਨਾਲ ਜਾਣਾ।

رواشدنِ امید *ਰਵਾ ਸ਼ੁਦਨ-ਏ-ਉਮੀਦ,* **رواشدنِ تمنا** *ਰਵਾ ਸ਼ੁਦਨ-ਏ-ਤਮੰਨਾ* : ਆਸ ਪੂਰੀ ਹੋਣਾ, ਉਮੀਦ ਪੂਰੀ ਹੋਣਾ।

رواشدنِ حاجت *ਰਵਾ ਸ਼ੁਦਨ-ਏ-ਹਾਜਤ* : ਲੋੜ ਪੂਰੀ ਹੋਣਾ।

روابط *ਰਵਾਬਿਤ* : (ਰਾਬਿਤਾ **رابطه** ਦਾ ਬੌਹਵਚਨ) ਬੰਨ੍ਹਣ ਵਾਲੀਆਂ ਚੀਜ਼ਾਂ, ਅਸਬਾਬ, ਸਬੰਧ, ਮੇਲ-ਜੋਲ।

روات *ਰੁਵਾਤ* : (ਰਾਵੀ **راوی** ਦਾ ਬੌਹਵਚਨ) ਕਥਨ ਕਰਨ ਵਾਲੇ, ਇਤਹਾਸਕਾਰ, ਕਹਾਣੀ ਜਾਂ ਘਟਨਾ ਦੱਸਣ ਵਾਲੇ; ਪਾਣੀ ਭਰਨ ਵਾਲੇ, ਪਿਆਸ ਬੁਝਾਉਣ ਵਾਲੇ, ਸਾਕੀ।

رواج *ਰਵਾਜ,* **رِواج** *ਰਿਵਾਜ* : ਆਮ ਦਸਤੂਰ, ਰੀਤ, ਰਸਮ, ਨੇਮ, ਪਰਥਾ, ਚਲਨ ਲੋਕ-ਪਿਰਯਾ ਬਜ਼ਾਰ, ਜਿਸ ਦੀ ਮੰਗ ਬੌਹਤ ਹੋਵੇ, ਪਰਵਾਨ।

رواح *ਰਵਾਹ* : ਦੋ ਘੜੀ ਦਿਨ ਰੈਂਹਦਾ ਸਮਾਂ, ਦਿਨ ਢਲਣ ਦਾ ਸਮਾਂ, ਸ਼ਾਮ; ਰਾਤ ਦਾ ਵਕਤ; ਸ਼ਾਮ ਵੇਲੇ ਸਫ਼ਰ ਕਰਨਾ।

روان *ਰਵਾਨ* : ਰੂਹ, ਜਾਨ, ਆਤਮਾ, ਦਿਲ, ਵਗਦਾ ਹੋਇਆ, ਜਾਣਾ, ਲੰਘਣਾ, ਸਵਾਰ ਹੋ ਕੇ,ਝੱਟ ਪੱਟ, ਜਲਦੀ, ਹੁਣੇ ਹੀ।

روانگی *ਰਵਾਨਗੀ* : ਜਾਣਾ, ਭੱਜਣਾ, ਰਵਾਨਾ ਹੋਣਾ, ਦੌੜ।

روانه *ਰਵਾਨਾ* : ਜਾਰੀ, ਜਾਣਾ, ਸਫ਼ਰ; ਲੰਘਣਾ, ਦੌੜਨਾ, ਭੇਜਿਆ ਹੋਇਆ, ਚਲਿਆ ਹੋਇਆ, ਪਰਵਾਨਾ, ਰਾਹਦਾਰੀ, ਬੌਹਲਤਾ।

روانی *ਰਵਾਨੀ* : ਮੰਡੀ (ਬਜ਼ਾਰ) ਦੀ ਤੇਜ਼ੀ; ਲਾਂਘਾ, ਰਾਹ; ਪਰਚਲਤ ਹੋਣਾ; ਤੇਜ਼ੀ, ਵੈਹਣ, ਚਲਣਾ, ਜਾਣਾ।

رواق *ਰਿਵਾਕ, ਰੁਵਾਕ* : ਮਕਾਨ ਦਾ ਛੱਜਾ, ਛੱਤ, ਸੁਫ਼ਾ, ਗੈਲਰੀ।

رواقِ بیستون *ਰੁਵਾਕ-ਏ-ਬੇਸਤੂਨ,* **رواقِ صبح** *ਰੁਵਾਕ-ਏ-ਸੁਬਹ,* **رواقِ مسیح** *ਰੁਵਾਕ-ਏ-ਮਸੀਹ* : ਅਸਮਾਨ, ਚੌਥਾ ਅਸਮਾਨ।

رواقِ منظر چشم *ਰਵਾਕ-ਏ-ਮੰਜ਼ਰ-ਏ-ਚਸ਼ਮ* : ਅੱਖ ਦੀ ਪੁਤਲੀ, ਧੀਰੀ।

رواقیان *ਰੁਵਾਕੀਯਾਨ* : ਸਿਆਣੇ ਹਕੀਮ, ਏਹ ਲੋਕ ਛਤ ਉਤੇ ਵਰਾਂਡੇ ਵਿਚ ਬੈਠ ਕੇ ਲੋਕਾਂ ਦੀ ਨਬਜ਼ ਵੇਖਦੇ ਸਨ, ਇਸ ਲਈ 'ਰੁਵਾਕੀ' ਅਖਵਾਏ।

روائی *ਰਵਾਈ* : (ਹਾਜਤ ਜਾਂ ਲੋੜ ਦਾ) ਪੂਰਾ ਹੋਣਾ, ਪੂਰਾ ਕਰਨਾ; ਰੌਣਕ।

روایت *ਰਿਵਾਯਤ* : ਕਿਸੇ ਦੀ ਗੱਲ ਦੀ ਨਕਲ, ਕਿਸੇ ਦੀ ਗੱਲ ਨੂੰ ਦੁਹਰਾਉਣਾ, ਕਹਾਵਤ, ਕਿਸੇ ਦੀ ਗੱਲ ਬਿਆਨ ਕਰਨਾ, ਕਥਾ, ਕਹਾਣੀ, ਨਾਵਲ।

روایات *ਰਿਵਾਯਾਤ* : (ਰਿਵਾਯਤ **روایت** ਦਾ ਬੌਹਵਚਨ) ਕਹਾਣੀਆਂ, ਪਰਸੰਗ।

روب *ਰੋਬ* : ਝਾੜ ਝੰਬ, ਸਾਫ਼ ਕਰਨਾ, ਝਾੜੂ ਦੇਣਾ, ਤੂੰ ਝਾੜੂ ਦੇਹ।

روبان *ਰੋਬਾਨ* : ਫ਼ਰਾਸ਼, ਝਾੜੂ ਦੇਣ ਵਾਲਾ, ਝਾੜੂ ਦਿੰਦੇ ਹੋਏ।

روباه *ਰੂਬਾਹ* : ਲੂੰਬੜੀ।

روباه بازی *ਰੂਬਾਹ-ਬਾਜ਼ੀ* : ਮਕਰ, ਚਾਲ ਚਲਾਕੀ, ਦਗਾਬਾਜ਼ੀ, ਧੋਖਾ।

روباهی *ਰੂਬਾਹੀ* : ਲੂੰਬੜਪੁਣਾ; ਮਕਰ, ਫ਼ਰੇਬ।

روج *ਰੋਜ* : (=ਰੋਜ਼ **روز**) ਦਿਨ; ਕੱਚੇ ਅੰਗੂਰ।

روح *ਰੂਹ* : ਜਾਨ, ਆਤਮਾ; ਸੱਤ, ਬੋਲਣਾ, ਮੇਹਰ, ਬਖਸ਼ਸ਼; ਕੁਰਾਨ ਸ਼ਰੀਫ਼; ਹਜ਼ਰਤ ਈਸਾ; ਹਜ਼ਰਤ ਜਿਬਰੀਲ।

روحِ اعظم *ਰੂਹ-ਏ-ਆਅਜ਼ਮ* **روح الامین** *ਰੂਹ-ਉਲ-ਅਮੀਨ,* **روح القدس** *ਰੂਹ-ਉਲਕੁਦਸ* : ਹਜ਼ਰਤ ਜਿਬਰੀਲ।

روحافزا ***ਰੂਹ-ਅਫ਼ਜ਼ਾ*** : ਜੀਵਨ-ਦਾਇਕ।

روح‌الله ***ਰੂਹ-ਉਲ-ਲੱਹ*** : ਹਜ਼ਰਤ ਈਸਾ।

روحانی ***ਰੂਹਾਨੀ*** : ਰੂਹ ਨਾਲ ਸਬੰਧਤ ਰੂਹ ਵਾਲੀ ਚੀਜ਼, ਦਿਲੀ, ਅਕਲੀ, ਪਾਕ।

روحانیان ***ਰੂਹਾਨੀਯਾਨ*** : ਫ਼ਰਿਸ਼ਤੇ।

روح‌پرور ***ਰੂਹ-ਪਰਵਰ*** : ਮਨ ਆਤਮਾ ਨੂੰ ਸ਼ਕਤੀ ਦੇਣ ਵਾਲਾ।

روح‌توتیا ***ਰੂਹ-ਏ-ਤੂਤੀਆ*** : ਪਾਰਾ; ਸ਼ਰਾਬ।

روح‌حیوانی ***ਰੂਹ-ਏ-ਹੈਵਾਨੀ*** : ਓਹ ਰੂਹ ਜਿਸ 'ਤੇ ਸਾਰੇ ਜਾਨਦਾਰਾਂ ਦੀ ਜ਼ਿੰਦਗੀ ਨਿਰਭਰ ਹੈ, ਏਹ ਦਿਲ ਤੋਂ ਸਾਰੇ ਸਰੀਰ ਵਿਚ ਫੈਲਦੀ ਹੈ।

روح‌طبعی ***ਰੂਹ-ਏ-ਤ਼ਬਈ*** : ਓਹ ਰੂਹ ਜੋ ਜਿਗਰ ਵਿਚ ਜਾ ਕੇ ਅਡਰੀ ਹਾਲਤ ਪਰਾਪਤ ਕਰਦੀ ਹੈ, ਇਸ ਦੇ ਨਾਲ ਹੀ ਕੁਦਰਤੀ ਸ਼ਕਤੀ ਸਥਿਰ ਰੈਂਹਦੀ ਹੈ ਅਤੇ ਸਰੀਰ ਦਾ ਸੁਆਸਥ ਇਸ ਪੁਰ ਨਿਰਭਰ ਹੈ।

روح‌فرسا ***ਰੂਹ-ਫ਼ਰਸਾ*** : ਮਾਰੂ, ਘਾਤਕ।

روح‌مجرد ***ਰੂਹ-ਏ-ਮੁਜੱਰਦ*** : ਨਿਰਪੇਖ ਆਤਮਾ, ਹਜ਼ਰਤ ਈਸਾ, ਹਜ਼ਰਤ ਜਿਬਰੀਲ।

روح‌مکرم ***ਰੂਹ-ਏ-ਮੁਕੱਰਮ*** : ਜਿਬਰੀਲ।

روح‌نباتی(نباتاتی) ***ਰੂਹ-ਏ-ਨਬਾਤੀ*** (ਨਬਾਤਾਤੀ) : ਬਨਸਪਤੀ ਦੀ ਰੂਹ ਜਿਸ ਨਾਲ ਓਹ ਪਰਫੁਲਤ ਹੁੰਦੀ ਹੈ।

روح‌نفسانی ***ਰੂਹ-ਏ-ਨਫ਼ਸਾਨੀ*** : ਓਹ ਰੂਹ ਜੋ ਦਿਮਾਗ ਵਿਚ ਜਾ ਕੇ ਅਡਰੀ ਹਾਲਤ ਧਾਰਨ ਕਰਦੀ ਹੈ, ਇਸ ਨਾਲ ਹਿਲੱਣ ਜੁੱਲਣ ਦੀ ਸ਼ਕਤੀ ਕਾਇਮ ਰੈਂਹਦੀ ਹੈ ਤੇ ਮੱਨੁਖ ਬੋਲਦਾ ਹੈ; ਬੋਲਣ ਦੀ ਸ਼ਕਤੀ।

رود ***ਰੂਦ*** : ਨੈਹਰ, ਨਦੀ; ਆਂਦਰ; ਤੰਦ, ਕਮਾਨ ਦੀ ਤੰਦ, ਬੱਕਰੀ ਦੀ ਆਂਦਰ, ਇਕ ਸਾਜ਼ ਦਾ ਨਾਮ; ਗੀਤ; ਅਨੰਦ; ਪੁਤਰ, ਬੇਟਾ।

رودآور ***ਰੂਦ-ਆਵਰ*** : ਨਦੀ ਦਾ ਲਾਂਘਾ, ਪੱਤਣ, ਇਕ ਨਦੀ ਦਾ ਨਾਮ, ਵਡੀ ਨੈਹਰ ਜਾਂ ਨਦੀ; ਕਜ਼ਵੀਨ ਤੇ ਗੀਲਾਨ ਦੇ ਵਿਚਕਾਰ ਇਕ ਸ਼ੈਹਰ ਦਾ ਨਾਮ; ਕਿਸੇ ਘਾਟੀ ਵਿਚਲੀ ਨਦੀ।

رودبار ***ਰੂਦਬਾਰ*** : ਓਹ ਥਾਂ ਜਿਥੋਂ ਬੌਹਤ ਸਾਰੀਆਂ ਨਦੀਆਂ ਨਿਕਲਦੀਆਂ ਹੋਣ।

رودتر ***ਰੂਦ-ਏ-ਤਰ*** : ਅਥਰੂ, ਹੰਝੂ।

رودخانه ***ਰੂਦ-ਖ਼ਾਨਾ*** : ਨਦੀ ਨਾਲੇ ਦਾ ਲਾਂਘਾ, ਪੱਤਣ।

رودخشک ***ਰੂਦ-ਏ-ਖ਼ੁਸ਼ਕ*** : ਸਾਜ਼ ਦੀ ਤਾਰ, ਸਾਰੰਗੀ ਦੀ ਤਾਰ; ਆਂਦਰ।

رودخیر ***ਰੂਦ-ਖ਼ੇਜ਼*** : ਪਾਣੀ ਦੀ ਰੌ; ਵੈਹਣ, ਵੇਗ, ਹੜ੍ਹ।

رودخیران ***ਰੂਦ ਖ਼ੇਜ਼ਾਨ*** : ਹੜ੍ਹ, ਤੂਫ਼ਾਨ।

رودزن ***ਰੂਦ-ਜ਼ਨ*** : ਗਵੱਈਆ।

رودساز ***ਰੂਦ ਸਾਜ਼, ਰੂਦ ਗਾਰ*** : ਰਾਗੀ।

رودک ***ਰੂਦਕ*** : ਛੋਟੀ ਨਦੀ।

رودلاخ ***ਰੂਦ ਲਾਖ਼*** : ਓਹ ਸਥਾਨ ਜਿੱਥੇ ਬੌਹਤ ਸਾਰੇ ਨਦੀ ਨਾਲੇ ਵੈਂਹਦੇ ਹੋਣ।

رودابه ***ਰੂਦਾਬਾ*** : ਰੁਸਤਮ ਦੀ ਮਾਂ ਦਾ ਨਾਮ ਜੋ ਕਾਬੁਲ ਦੇ ਹਾਕਮ ਦੀ ਬੇਟੀ ਸੀ; ਇਕ ਕਿਲ੍ਹੇ ਦਾ ਨਾਮ।

روداد ***ਰੂਦਾਦ*** : ਹਾਲ, ਬਿਆਨ, ਕਿਸੇ ਘਟਨਾ ਦਾ ਬਿਆਨ (ਬਯਾਨ)।

رودادن ***ਰੂਦਾਦਨ*** : ਵਾਪਰਨਾ, ਜ਼ਾਹਰ ਹੋਣਾ, ਪਰਾਪਤ ਹੋਣਾ; ਧਿਆਨ ਦੇਣਾ, ਗੌਹ ਕਰਨਾ।

روداری ***ਰੂਦਾਰੀ*** : ਮਾਣ ਸਤਕਾਰ ਕਰਨਾ, ਸ਼ਰਮ-ਹਯਾ।

رودکی ***ਰੂਦਕੀ*** : ਪਰਸਿੱਧ ਫ਼ਾਰਸੀ ਸ਼ਾਇਰ ਅਬੁਲਹਸਨ ਦਾ ਉਪਨਾਮ, ਉਸ ਨੇ ਸਤ ਸਾਲ ਦੀ ਆਯੂ ਵਿਚ ਕੁਰਾਨ ਸ਼ਰੀਫ਼ ਜ਼ਬਾਨੀ ਯਾਦ ਕਰ ਲਿਆ ਸੀ ਤੇ ਸ਼ੇਅਰ ਕੈਹਣ ਲਗ ਪਿਆ ਸੀ, ਓਹ ਰੂਦਕ (ਰਬਾਬ) ਬੜੀ ਸੋਹਣੀ ਵਜਾਉਂਦਾ ਸੀ, ਨਸਰ-ਬਿਨ-ਅਹਮਦ ਸਾਮਾਨੀ ਨੇ ਉਸ ਨੂੰ

ਆਪਣੇ ਪਾਸ ਰਖ ਲਿਆ।

رودگان ***ਰੂਦਗਾਨ,*** **رودگانی** ***ਰੂਦਗਾਨੀ,*** **روده** ***ਰੂਦਾ*** : ਅੰਤੜੀ, ਆਂਦਰ, ਤਾਰ।

رودگر ***ਰੂਦਗਰ*** : ਸਾਜ਼ਾਂ ਦੇ ਤਾਰ ਬਣਾਉਣ ਵਾਲਾ।

رودهتنگ ***ਰੂਦਾ-ਏ-ਤੰਗ*** : ਅੰਤੜੀਆਂ, ਆਂਦਰਾਂ।

رورعایت ***ਰੂ-ਰਿਆਯਤ*** : ਤਰਫ਼ਦਾਰੀ, ਲਿਹਾਜ਼, ਸਹਾਇਤਾ, ਰਖਿਆ।

روز ***ਰੋਜ਼, ਰੂਜ਼*** : ਦਿਨ; ਦਿਨ ਦਾ ਕੋਈ ਭਾਗ; ਸੂਰਜ; ਰੋਸ਼ਨ, ਚਮਕਦਾ, ਪਰਗਟ, ਪਰਤੱਖ; ਵੇਹਲ।

روزاستفتاح ***ਰੋਜ਼-ਏ-ਇਸਤਫ਼ਤਾਹ*** **روزِافتتاح** ***ਰੋਜ਼-ਏ-ਇਫ਼ਤਿਤਾਹ*** : ਇਕ ਖੁਸ਼ੀ ਦਾ ਦਿਨ, ਰਜਬ ਮਹੀਨੇ ਦੀ ਪੰਦ੍ਹਰਵੀਂ ਮਿਤੀ, ਕੈਂਹਦੇ ਹਨ ਕਿ ਉਸੇ ਦਿਨ ਬਹਿਸ਼ਤ ਦੇ ਦਰਵਾਜ਼ੇ ਖੁਲ੍ਹਦੇ ਹਨ ਅਤੇ ਇਸੇ ਦਿਨ ਕਾਅਬੇ ਦਾ ਦਰਵਾਜ਼ਾ ਖੋਲ੍ਹਿਆ ਜਾਂਦਾ ਹੈ।

رورافزون ***ਰੋਜ਼-ਅਫ਼ਜ਼ੂਨ*** : ਦਿਨ ਦਿਨ ਵਧਣ-ਫੁਲਣ ਵਾਲਾ; ਸ਼ੁਭ ਦਿਨ।

روزافگن ***ਰੋਜ਼-ਅਫ਼ਗਨ*** : ਤੇਈਏ ਦਾ ਤਾਪ, ਵਾਰੀ ਨਾਲ ਚੜ੍ਹਨ ਵਾਲਾ ਤਾਪ।

روزِالست ***ਰੋਜ਼-ਏ-ਅਲਸਤ*** : ਰੱਬ ਤੇ ਮਨੁੱਖ ਦੇ ਵਿਚਕਾਰ ਹੋਏ ਮੂਲ ਵਾਦੇ ਦਾ ਦਿਨ।

روزِامیدوبیم ***ਰੋਜ਼-ਏ-ਉਮੀਦ-ਉ-ਬੀਮ*** : ਕਿਆਮਤ ਦਾ ਦਿਨ।

روزِبازخواست ***ਰੋਜ਼-ਏ-ਬਾਜ਼ਖ਼ਾਸਤ*** : ਪਰਲੋ ਦਾ ਦਿਨ।

روزان ***ਰੋਜ਼ਾਨ*** : (ਰੋਜ਼ **روز** ਦਾ ਬੌਹਵਚਨ) ਬੌਹਤੇ ਦਿਨ, ਦਿਨ ਵੇਲੇ।

روزانوشبان ***ਰੋਜ਼ਾਨ-ਉ-ਸ਼ਬਾਨ*** : ਦਿਨ ਰਾਤ (ਬੌਹਤੇ)।

روزِبار ***ਰੋਜ਼-ਏ-ਬਾਰ*** : ਆਮ ਦਰਬਾਰ ਦਾ ਦਿਨ।

روزِبازار ***ਰੋਜ਼-ਏ-ਬਾਜ਼ਾਰ*** : ਗਰਮ ਬਜ਼ਾਰੀ, ਰੌਣਕ; ਮੰਡੀ ਵਿਚ ਲੈਣ ਦੇਣ ਦਾ ਨਿਸ਼ਚਤ ਦਿਨ।

روزبازی ***ਰੋਜ਼ਬਾਜ਼ੀ*** : ਸਮਾਂ, ਵਕਤ, ਭਾਗ, ਦਿਨਾਂ ਦਾ ਉਤਰਾ ਚੜ੍ਹਾ।

روزبان ***ਰੋਜ਼ਬਾਨ*** : ਜੱਲਾਦ, ਦਰਬਾਨ, ਫ਼ੱਰਾਸ਼; ਦਰਬਾਰੀ ਲੋਕ, ਸ਼ਾਹੀ ਅਮਲਾ।

روزبخش ***ਰੋਜ਼ਬਖ਼ਸ਼*** : ਆਦਿ-ਦਿਵਸ।

روزبروز ***ਰੋਜ਼-ਬ-ਰੋਜ਼*** : ਲਗਾਤਾਰ, ਦਿਨ-ਬ-ਦਿਨ, ਨਿਤ, ਆਏ ਦਿਨ।

روزپسین ***ਰੋਜ਼-ਏ-ਪਸੀਨ*** : ਅੰਤਮ ਦਿਨ, ਉਮਰ ਦਾ ਅਖਰੀਲਾ ਦਿਨ, ਮੌਤ ਦਾ ਦਿਨ; ਕਿਆਮਤ/ਪਰਲੋ ਦਾ ਦਿਨ।

روزِپله ***ਰੋਜ਼-ਏ-ਪੱਲਾ*** : ਜੰਗ ਦਾ ਦਿਨ, ਰੋਸ਼ਨ-ਦਿਲ ਆਦਮੀ।

روزپیکر ***ਰੋਜ਼ ਪੈਕਰ*** : ਰੋਸ਼ਨ ਦਿਲ (ਆਦਮੀ)।

روزتاریک ***ਰੋਜ਼-ਏ-ਤਾਰੀਕ,*** **روزِتنگ** ***ਰੋਜ਼-ਏ-ਤੰਗ*** : ਭੈੜਾ ਦਿਨ, ਮਨਹੂਸ ਦਿਨ, ਮੁਸੀਬਤ ਦਾ ਦਿਨ, ਮੀਂਹ ਚਿਕੜ ਦਾ ਦਿਨ।

روزجزا ***ਰੋਜ਼-ਏ-ਜਜ਼ਾ,*** **روزحساب** ***ਰੋਜ਼-ਏ-ਹਿਸਾਬ,*** **روزداد** ***ਰੋਜ਼-ਏ-ਦਾਦ*** : ਕਿਆਮਤ (ਪਰਲੋ) ਦਾ ਦਿਨ।

روزخسپ ***ਰੋਜ਼-ਖ਼ਸਪ*** : ਸੁਸਤ, ਢਿਲੜ, ਨਿਕੰਮਾ, ਬੇਧਿਆਨਾ।

روزخسپوشبخیز ***ਰੋਜ਼ ਖ਼ਸਪ-ਉ-ਸ਼ਬ ਖ਼ੇਜ਼*** : ਦਿਨੇ ਸੌਣ ਤੇ ਰਾਤੀਂ ਜਾਗਣ ਵਾਲਾ (ਆਦਮੀ) ਭਗਤ, ਬੰਦਗੀ ਵਾਲਾ, ਚੋਰ ਚਕਾਰ, ਮਕਰਾ, ਠਗ।

روزدار ***ਰੋਜ਼ਦਾਰ*** : ਓਹ ਨੌਕਰ ਜੇਹੜਾ ਸਵੇਰ ਤੋਂ ਸ਼ਾਮ ਤਕ ਮਾਲਕ ਦੀ ਸੇਵਾ ਵਿਚ ਰਹੇ।

روزدرمحنتگزار ***ਰੋਜ਼ ਦਰ ਮਿਹਨਤਗੁਜ਼ਾਰ*** : ਪਾਂਧੀ, ਮਜ਼ਦੂਰ।

روزدرنگ ***ਰੋਜ਼-ਏ-ਦਰੰਗ,*** **روزِدگر** ***ਰੋਜ਼-ਏ-ਦਿਗਰ,*** **روزشمار** ***ਰੋਜ਼-ਏ-ਸ਼ੁਮਾਰ,*** **روزِعذرآوری** ***ਰੋਜ਼-ਏ-***

ਓਜ਼ਰਆਵਰੀ : ਕਿਆਮਤ (ਪਰਲੋ) ਦਾ ਦਿਨ।

روزدیده *ਰੋਜ਼-ਦੀਦਾ* : ਵਡੇਰੀ ਉਮਰ ਦਾ ਬੁਢਾ।

روزرخ *ਰੋਜ਼ ਰੁਖ਼* : ਰੋਸ਼ਨੀ, ਤਾਜ਼ਗੀ, ਇਜ਼ਤ, ਮਾਣ ਸਤਕਾਰ।

روزرسمی *ਰੋਜ਼-ਏ-ਰਸਮੀ* : ਸ਼ਾਹੀ ਜਲੂਸ ਦਾ ਦਿਨ।

روزروشن *ਰੋਜ਼-ਏ-ਰੋਸ਼ਨ* : ਸ਼ੁਭ ਦਿਨ।

روزسپید *ਰੋਜ਼-ਏ-ਸਪੈਦ* : ਮੁਬਾਰਕ ਦਿਨ।

روزسیاه *ਰੋਜ਼-ਸਿਯਾਹ* : ਮਨਹੂਸ ਦਿਨ, ਭੈੜਾ ਦਿਨ।

روزشیرینی *ਰੋਜ਼-ਏ-ਸ਼ੀਰੀਨੀ* : ਮੰਗਣੀ ਦਾ ਦਿਨ।

روزعید *ਰੋਜ਼-ਏ-ਈਦ* : ਖੁਸ਼ੀ ਦਾ ਦਿਨ।

روزغدیر *ਰੋਜ਼-ਏ-ਗ਼ਦੀਰ* : ਓਹ ਦਿਨ ਜਦ ਹਜ਼ਰਤ ਮੁਹੰਮਦ ਸਾਹਿਬ ਨੇ 'ਗਦੀਰਖੁਮ' ਵਿਖੇ ਖ਼ੁਤਬਾ ਪੜ੍ਹਿਆ ਸੀ ਤੇ ਕਿਹਾ ਸੀ ਕਿ ਜਿਸ ਦਾ ਮੈਂ ਦੋਸਤ ਹਾਂ ਹਜ਼ਰਤ ਅਲੀ ਵੀ ਉਸ ਦੇ ਦੋਸਤ ਹਨ।

روزفراخ *ਰੋਜ਼-ਏ-ਫ਼ਰਾਖ* : ਸਵੇਰ।

روزفراق *ਰੋਜ਼-ਏ-ਫ਼ਿਰਾਕ* : ਜੁਦਾਈ ਦਾ ਦਿਨ।

روزفرو شدن *ਰੋਜ਼-ਫ਼ਿਰੋ ਸ਼ੁਦਨ* : ਉਮਰ ਦਾ ਖ਼ਤਮ ਹੋਣਾ।

روزک *ਰੋਜ਼ਕ* : ਛੋਟਾ ਦਿਨ।

روزکلان *ਰੋਜ਼-ਏ-ਕਲਾਨ* : ਵੱਡਾ ਦਿਨ, ਕ੍ਰਿਸਮਿਸ।

روزکوشش *ਰੋਜ਼-ਏ-ਕੋਸ਼ਿਸ਼* : ਲੜਾਈ ਦਾ ਦਿਨ।

روزگانه *ਰੋਜ਼ਗਾਨਾ* : ਤਨਖ਼ਾਹ, ਪੈਨਸ਼ਨ; ਸਿਰ ਦਾ ਅਗਲਾ ਹਿੱਸਾ।

روزگذرانیدن *ਰੋਜ਼-ਗੁਜ਼ਰਾਨੀਦਨ* : ਟਾਲਣਾ।

روزگرد *ਰੋਜ਼ਗਰਦ* : ਸੂਰਜ।

روزگردک *ਰੋਜ਼ਗਰਦਕ* : ਸੂਰਜਮੁਖੀ ਦਾ ਫੁਲ।

روزگون *ਰੋਜ਼-ਗੂਨ* : ਦਿਨ ਵਰਗਾ, ਰੋਸ਼ਨ, ਚਮਕਦਾ।

روزماه *ਰੋਜ਼ਮਾਹ*, روزمه *ਰੋਜ਼ਮਹ* : ਮਿਤੀ।

روزمُره *ਰੋਜ਼ ਮੱਰਾ* : ਹਰ ਰੋਜ਼, ਨਿਤਾਪ੍ਰਤੀ ਸਦਾ; ਓਹ ਸ਼ਬਦ ਜੋ ਨਿਤ ਬੋਲੇ ਜਾਂਦੇ ਹਨ; ਓਹ ਚੀਜ਼ ਜੋ ਹਰ ਰੋਜ਼ ਮਿਲੇ।

روزمیان *ਰੋਜ਼ ਮਿਯਾਨ* : ਹਰ ਦੂਜਾ ਦਿਨ, ਤੀਜਾ ਦਿਨ।

روزنامچه *ਰੋਜ਼-ਨਾਮਚਾ*, روزنامه *ਰੋਜ਼-ਨਾਮਾ* : ਅਖ਼ਬਾਰ, ਦੈਨਕ ਪੱਤਰ, ਓਹ ਕਿਤਾਬ ਜਿਸ ਵਿਚ ਰੋਜ਼ ਦਾ ਹਾਲ ਲਿਖਿਆ ਜਾਵੇ।

روزنامچی *ਰੋਜ਼-ਨਾਮਾਚੀ*, روزنامه‌نویس *ਰੋਜ਼ਨਾਮਾ-ਨਵੀਸ* : ਅਖ਼ਬਾਰ ਨਵੀਸ, ਪਤਰਕਾਰ।

روزنامه‌نویسی *ਰੋਜ਼ਨਾਮਾ-ਨਵੀਸੀ* : ਪਤਰਕਾਰੀ, ਅਖ਼ਬਾਰ-ਨਵੀਸੀ।

روزنبرد *ਰੋਜ਼-ਏ-ਨਬਰਦ*, روزننگ *ਰੋਜ਼-ਨੰਗ*, روزننگونام *ਰੋਜ਼-ਏ-ਨੰਗ-ਓ-ਨਾਮ* : ਲੜਾਈ ਦਾ ਦਿਨ, ਜੰਗ ਦਾ ਦਿਨ।

روزوشب *ਰੋਜ਼-ਓ-ਸ਼ਬ* : ਦਿਨ ਰਾਤ; ਚਵ੍ਹੀ ਘੰਟਿਆਂ ਦਾ ਸਮਾਂ।

روزهرمزد *ਰੋਜ਼-ਏ-ਹੁਰਮੁਜ਼ਦ* : ਵੀਰਵਾਰ।

روزیانه *ਰੋਜ਼ਿਯਾਨਾ* : ਰੋਜ਼ੀਨਾ, ਰੋਜ਼ਾਨਾ, ਹਰ ਰੋਜ਼।

روزگار *ਰੋਜ਼ਗਾਰ*, روزگاران *ਰੋਜ਼ਗਾਰਾਨ* : ਵਕਤ, ਸਮਾਂ, ਉਮਰ, ਮੋਹਲਤ, ਨੌਕਰੀ, ਪੇਸ਼ਾ, ਕਿਤਾ, ਕਾਰੋਬਾਰ, ਮੇਹਨਤ, ਮਜ਼ਦੂਰੀ, ਅਵਸਰ।

روزگارآفرین **ਰੋਜ਼ਗਾਰ-ਆਫ਼ਰੀਨ** : ਸੰਸਾਰ ਦਾ ਰਚਨਹਾਰ, ਕਰਤਾਪੁਰਖ

روزگاراست **ਰੋਜ਼ਗਾਰ-ਅਸਤ** : ਆਸ, ਉਮੀਦ ਵਿਚ ਮੁਦਤਾਂ ਗੁਜ਼ਰ ਗਈਆਂ।

روزگاربرآوردن **ਰੋਜ਼ਗਾਰ-ਬਰ-ਆਵਰਦਨ** : ਆਯੂ ਬਤੀਤ ਕਰਨਾ।

روزگاربردن **ਰੋਜ਼ਗਾਰ-ਬੁਰਦਨ** : ਸਮਾਂ ਨਸ਼ਟ ਕਰਨਾ।

روزگاردیده **ਰੋਜ਼ਗਾਰ-ਦੀਦਾ** : ਜਿਸ ਨੇ ਹਰ ਪਰਕਾਰ ਦੇ ਦਿਨ ਵੇਖੇ ਹੋਣ, ਤਜਰਬੇਕਾਰ।

روزگاررفتگان **ਰੋਜ਼ਗਾਰ-ਰਫ਼ਤਗਾਨ** : ਗ਼ਰੀਬ ਲੋਕ; ਬਦਕਿਸਮਤ ਲੋਕ।

روزگاری **ਰੋਜ਼ਗਾਰੀ** : ਸੰਸਾਰਕ, ਫ਼ਜ਼ੂਲ, ਹਵਾਈ; ਕਮਾਈ ਕਰਨ ਵਾਲਾ।

روزگاری **ਰੋਜ਼ਗਾਰੇ** : ਕੁਝ ਸਮਾਂ।

روزگاریشمردن **ਰੋਜ਼ਗਾਰ-ਏ-ਸ਼ੁਮੁਰਦਨ** : ਕੁਝ ਦਿਨ ਜ਼ਿੰਦਾ ਰੈਹਣਾ।

روزنه **ਰੋਜ਼ਨਾ** : ਮੋਰੀ; ਖਿੜਕੀ, ਬਾਰੀ, ਰੋਸ਼ਨਦਾਨ।

روزه **ਰੋਜ਼ਾ** : ਧਰਮ ਅਨੁਸਾਰ ਸਾਰਾ ਦਿਨ ਭੁਖਿਆਂ ਤਿਹਾਇਆ ਰੈਹਣਾ, ਵਰਤ।

روزۂتنفس **ਰੋਜ਼ਾ-ਏ-ਤਨੱਫ਼ੁਸ** : ਰਾਤ ਨੂੰ ਇਰਾਦਾ ਕਰਕੇ ਦਿਨ ਭਰ ਕਿਸੇ ਨਾਲ ਨਾ ਬੋਲਣਾ, ਮੋਨ-ਵਰਤ, (ਇਹ ਫ਼ਕੀਰਾਂ ਦਾ ਇਕ ਅਭਿਆਸ ਹੈ)।

روزهخوار **ਰੋਜ਼ਾ-ਖ਼ੁਾਰ** : ਰੋਜ਼ਾ ਤੋੜਨ ਵਾਲਾ।

روزهخواری **ਰੋਜ਼ਾ-ਖ਼ੁਾਰੀ** : ਰੋਜ਼ਾ ਤੋੜਨਾ।

روزهدار **ਰੋਜ਼ਾਦਾਰ** : ਰੋਜ਼ਾ ਰਖਣ ਵਾਲਾ।

روزهداشتن **ਰੋਜ਼ਾ-ਦਾਸ਼ਤਨ** : ਰੋਜ਼ਾ ਰਖਣਾ, ਵਰਤ ਰਖਣਾ।

روزهکشا **ਰੋਜ਼ਾ-ਕੁਸ਼ਾ** : ਰੋਜ਼ਾ ਖੋਲ੍ਹਣਾ।

روزهکشادن **ਰੋਜ਼ਾ-ਕੁਸ਼ਾਦਨ** : ਰੋਜ਼ਾ-ਖੋਲ੍ਹਣਾ, ਇਫ਼ਤਾਰ ਕਰਨਾ।

روزهکشائی **ਰੋਜ਼ਾ-ਕੁਸ਼ਾਈ** : ਇਫ਼ਤਾਰੀ, ਰੋਜ਼ਾ ਖੋਲ੍ਹਣ ਦੀ ਰਸਮ।

روزۂمریم **ਰੋਜ਼ਾ-ਏ-ਮਰੀਯਮ** : ਚੁਪ ਰੈਹਣ ਦਾ ਰੋਜ਼ਾ, ਕਿਉਂਕਿ ਹਜ਼ਰਤ ਮਰੀਯਮ ਨੂੰ ਹਜ਼ਰਤ ਈਸਾ ਦੇ ਜਨਮ ਪੁਰ ਰਬੀ ਹੁਕਮ ਹੋਇਆ ਸੀ ਕਿ ਕਿਸੇ ਆਦਮੀ ਨਾਲ ਗੱਲ ਨਾ ਕਰੇ।

روزهٔواکردن **ਰੋਜ਼ਾ-ਵਾ-ਕਰਦਨ** : ਰੋਜ਼ਾ ਖੋਲ੍ਹਣਾ।

روزی **ਰੋਜ਼ੀ** : ਰੋਜ਼ਾਨਾ ਖ਼ੁਰਾਕ, ਮਾਸਕ ਮਜ਼ਦੂਰੀ, ਰਾਸ਼ਨ, ਰਿਜ਼ਕ; ਭਾਗ, ਹਿਸਾ।

روزیده **ਰੋਜ਼ੀ-ਦਿਹ** : ਰੋਜ਼ੀ ਦੇਣ ਵਾਲਾ, ਰਿਜ਼ਕ ਦੇਣ ਵਾਲਾ, ਰੱਬ।

روزینه **ਰੋਜ਼ੀਨਾ** : ਹਰ ਰੋਜ਼ ਦਾ ਖ਼ਰਚ ਜੋ ਰੋਜ਼ ਬਰੋਜ਼ ਕਿਧਰੋਂ ਮਿਲੇ, ਵਜ਼ੀਫ਼ਾ, ਰੋਜ਼ਾਨਾ ਖ਼ੁਰਾਕ, ਰੋਜ਼ਾਨਾ ਤਨਖ਼ਾਹ, ਰੋਜ਼ਾਨਾ ਮਜ਼ਦੂਰੀ।

روس **ਰੂਸ** : ਏਸ਼ੀਆ ਦੇ ਉੱਤਰ ਤੇ ਯੂਰਪ ਦੇ ਉੱਤਰ ਪੂਰਬ ਵੱਲ ਦੇ ਮੁਲਕ ਦਾ ਨਾਮ, ਏਹ ਸਾਰੇ ਦੇਸ਼ਾਂ ਨਾਲੋਂ ਵਧੇਰੇ ਵਿਸ਼ਾਲ ਹੈ।

روسی **ਰੂਸੀ** : ਰੂਸ ਨਾਲ ਸਬੰਧਤ, ਰੂਸ ਦਾ ਰੈਹਣ ਵਾਲਾ, ਰੂਸ ਦੀ ਕੋਈ ਚੀਜ਼; ਇਕ ਤੂਰਾਨੀ ਪੈਹਲਵਾਨ ਦਾ ਨਾਮ।

رو سا **ਰੁਅਸਾ** : (ਰਈਸ رئیس ਦਾ ਬੌਹਵਚਨ) ਅਮੀਰ, ਸ਼ੈਹਜ਼ਾਦੇ, ਸਰਦਾਰ।

روسپی **ਰੂਸਪੀ** : ਬਦਕਾਰ ਔਰਤ, ਵਿਭਚਾਰਨ, ('ਰੂ+ਸਪੇਦ روسپید ਦਾ ਸੰਖਿਪਤ ਰੂਪ) ਤਾਹਨੇ ਨਾਲ ਬਦਕਾਰ ਇਸਤਰੀ ਨੂੰ ਕੈਂਹਦੇ ਹਨ।

روسپیزاده **ਰੂਸਪੀ-ਜ਼ਾਦਾ** : ਹਰਾਮਜ਼ਾਦਾ, ਹਰਾਮੀ।

روستا **ਰੋਸਤਾ, ਰੂਸਤਾ** : ਪਿੰਡ, ਗਰਾਮ।

روستار **ਰੋਸਤਾਰ** : ਪੇਂਡੂ, ਗੰਵਾਰ।

روستازادگان **ਰੋਸਤਾ-ਜ਼ਾਦਗਾਨ** : ਕਿਸਾਨਾਂ ਦੇ ਬੱਚੇ, ਗੰਵਾਰਾਂ ਦੇ ਪੁੱਤਰ।

روستائی **ਰੋਸਤਾਈ** : ਪੇਂਡੂਪੁਣਾ, ਗੰਵਾਰਪਣ।

روستخیز روستاخیز *ਰੁਸਤਖ਼ੇਜ਼, ਰੁਸਤਾਖ਼ੇਜ਼* : ਕਿਆਮਤ (ਕਿਯਾਮਤ) ਦਾ ਦਿਨ।

روش *ਰਵਿਸ਼* : ਤੌਰ ਤਰੀਕਾ, ਗਤੀ, ਚਾਲ, ਢੰਗ, ਵਿਧੀ, ਨੇਮ, ਰਸਮ; ਪਗਡੰਡੀ, ਕਿਆਰੀਆਂ ਵਿਚਲਾ ਲਾਂਘਾ।

روشِ راست *ਰਵਿਸ਼-ਏ-ਰਾਸਤ* : ਸਿਧੀ ਚਾਲ; ਰਸਤਾ, ਬੰਨਾ, ਕਿੰਗਰਾ, ਮੁੰਡੇਰ।

روشان *ਰੋਸ਼ਾਨ* : ਰੋਸ਼ਨ, ਪਰਤੱਖ, ਸਾਫ਼।

روشن *ਰੌਸ਼ਨ* : ਚਮਕਦਾ ਹੋਇਆ, ਲਿਸ਼ਕਦਾ, ਪਰਸਿੱਧ, ਪਰਗਟ, ਜਾਣਿਆ ਪਛਾਣਿਆ, ਵਾਕਫ਼ਕਾਰ।

روشنانِ فلک *ਰੋਸ਼ਨਾਨ-ਏ-ਫ਼ਲਕ* : ਸਤਾਰੇ।

روشن‌بصر *ਰੋਸ਼ਨ-ਬਸਰ*, **روشن‌بین** *ਰੋਸ਼ਨ-ਬੀਨ* : ਸਾਫ਼ ਵੇਖਣ ਵਾਲਾ।

روشن‌تاب *ਰੋਸ਼ਨ-ਤਾਬ* : ਚਮਕਦਾ, ਲਿਸ਼ਕਦਾ, ਸੂਰਜ।

روشن‌چراغ *ਰੋਸ਼ਨ-ਚਿਰਾਗ* : ਸੰਗੀਤ ਵਿਚ ਇਕ ਧੁਨੀ/ਸੁਰ।

روشن‌دل/ضمیر *ਰੋਸ਼ਨ-ਦਿਲ/ਜ਼ਮੀਰ* : ਨਿਰਮਲ-ਬੁਧੀ।

روشن‌دماغ *ਰੋਸ਼ਨ-ਦਿਮਾਗ*, **روشن‌رائے** *ਰੋਸ਼ਨ-ਰਾਜ*, **روشن قیاس** *ਰੋਸ਼ਨ-ਕਿਯਾਸ* : ਸਿਆਣਾ, ਬੁਧੀਵਾਨ।

روشن‌کتاب *ਰੋਸ਼ਨ-ਕਿਤਾਬ* : ਕੁਰਾਨ ਸ਼ਰੀਫ਼।

روشن‌کردنِ سبق *ਰੋਸ਼ਨ-ਕਰਦਨ-ਏ-ਸਬਕ* : ਸਬਕ ਯਾਦ ਕਰਨਾ।

روشن‌کردنِ سخن *ਰੋਸ਼ਨ-ਕਰਦਨ-ਏ-ਸੁਖ਼ਨ* : ਵਿਸਤਾਰ ਸੈਹਤ ਵਰਣਨ ਕਰਨਾ।

روشن‌گر *ਰੋਸ਼ਨਗਰ* : ਪਾਲਸ਼ ਕਰਨ ਵਾਲਾ।

روشن‌گہر *ਰੋਸ਼ਨ-ਗੁਹਰ* : ਨੇਕ ਅਸਲੇ ਦਾ, ਰੋਸ਼ਨ ਰੂਹ ਵਾਲਾ।

روشنی *ਰੋਸ਼ਨੀ* : ਚਮਕ, ਚਾਨਣ।

روشنی‌گاہ *ਰੋਸ਼ਨੀਗਾਹ* : ਚਾਨਣ ਵਾਲਾ ਸਥਾਨ।

روشناس *ਰੂਸ਼ਿਨਾਸ* : ਜਾਣ ਪਛਾਣ ਵਾਲਾ, ਪਰਸਿੱਧੀ, ਮਸ਼ਹੂਰ; ਖ਼ੂਬਸੂਰਤ, ਸੁੰਦਰ; ਚੰਗੇ ਸੁਭਾ ਵਾਲਾ।

روشناسی *ਰੂਸ਼ਿਨਾਸੀ* : ਜਾਣ-ਪਛਾਣ, ਮੁਲਾਕਾਤ, ਪਰਸਿੱਧੀ, ਖ਼ੂਬਸੂਰਤੀ।

روشی *ਰੌਸ਼ੀ* : ਇਕ ਕਿਸਮ ਦਾ ਕਪੜਾ।

روض *ਰੌਜ਼* , **روضات** *ਰੌਜ਼ਾਤ* : (ਰੌਜ਼ਾ **روضہ** ਦਾ ਬੌਹਵਚਨ), ਬਾਗ਼ਾਤ, ਹਰੇ ਭਰੇ ਥਾਂ, ਘਾਹ ਦੇ ਪਲਾਟ।

روضہ *ਰੌਜ਼ਾ* : ਬਾਗ਼, ਹਰਾ ਭਰਾ ਥਾਂ, ਬਹਿਸ਼ਤ; ਸਮਾਧ।

روضۂ باغِ رفیع *ਰੌਜ਼ਾ-ਏ-ਬਾਗ-ਏ-ਰਫ਼ੀਅ*, **روضۂ جاوید** *ਰੌਜ਼ਾ-ਏ-ਜਾਵੇਦ*, **روضۂ رضوان** *ਰੌਜ਼ਾ-ਏ-ਰਿਜ਼ਵਾਨ* : ਜੰਨਤ, ਬਹਿਸ਼ਤ।

روضۂ دوزخ‌بار *ਰੌਜ਼ਾ-ਏ-ਦੋਜ਼ਖ਼ਬਾਰ* : ਚਮਕਦਾਰ ਤਲਵਾਰ।

روضۂ فیروزہ‌رنگ *ਰੌਜ਼ਾ-ਏ-ਫ਼ੀਰੋਜ਼ਾ-ਰੰਗ* : ਅਸਮਾਨ।

روع *ਰੂਅ* : ਬੁਧੀ, ਦਿਲ।

روغن *ਰੌਗ਼ਨ* : ਤੇਲ, ਘਿਓ, ਮਖਣ, ਚਰਬੀ।

روغن از خاک کشیدن *ਰੌਗ਼ਨ ਅਜ਼ ਖ਼ਾਕ ਕਸ਼ੀਦਨ*, **روغن از رنگ کشیدن** *ਰੌਗ਼ਨ ਅਜ਼ ਰੰਗ ਕਸ਼ੀਦਨ*, **روغن از ریگ گرفتن** *ਰੌਗ਼ਨ ਅਜ਼ ਰੇਗ ਗਰਿਫ਼ਤਨ*, **روغن از سنگ کشیدن** *ਰੌਗ਼ਨ ਅਜ਼ ਸੰਗ ਕਸ਼ੀਦਨ* : ਅਜੀਬ ਕੰਮ ਕਰਨਾ, ਅਸੰਭਵ ਕੰਮ ਕਰਨਾ।

روغنِ خود *ਰੌਗ਼ਨ-ਏ-ਖ਼ੁਦ* : ਆਪਣਾ ਦੀਨ ਈਮਾਨ।

روغن‌داغ *ਰੌਗ਼ਨ-ਦਾਗ਼*, **روغن‌جوش** *ਰੌਗ਼ਨ-ਜੋਸ਼* : ਘਿਓ

ਵਿਚ ਤਲੀ ਹੋਈ ਚੀਜ਼।

روغن‌داغ *ਰੋਗ਼ਨ-ਏ-ਦਾਗ਼* : ਮੱਖਣ (ਪਿਘਲਿਆ ਹੋਇਆ)।

روغن‌رفته *ਰੌਗ਼ਨ-ਰਫ਼ਤਾ* : ਉਮਰ ਤੇ ਮਾਲ-ਧਨ ਤੋਂ ਰੱਜ ਚੁਕਾ ਵਿਅਕਤੀ।

روغن‌زبان *ਰੌਗ਼ਨ-ਜ਼ਬਾਨ* : ਚੋਪੜੀ ਹੋਈ ਜ਼ਬਾਨ ਵਾਲਾ, ਫ਼ਰੇਬੀ।

روغن‌زبانی *ਰੌਗ਼ਨ ਜ਼ਬਾਨੀ* : ਲਲੋ ਪਚੋ; ਖ਼ੁਸ਼ਾਮਦ।

روغن‌زرد(گاو) *ਰੌਗ਼ਨ-ਏ-ਜ਼ਰਦ (ਗਾਵ)* : ਘਿਓ।

روغن‌سیاه *ਰੌਗ਼ਨ-ਏ-ਸਿਯਾਹ* : ਤੇਲ।

روغن‌فروش *ਰੋਗ਼ਨ-ਫ਼ਰੋਸ਼* : ਘਿਓ ਵੇਚਣ ਵਾਲਾ।

روغن‌قارمالیدان *ਰੋਗ਼ਨ-ਏ-ਕਾਜ਼ ਮਾਲੀਦਨ* : ਖ਼ੁਸ਼ਾਮਦ ਕਰਨਾ, ਫ਼ਰੇਬ।

روغن‌گلاب *ਰੋਗ਼ਨ-ਏ-ਗੁਲਾਬ* : ਗੁਲਾਬ ਦਾ ਤੇਲ, ਇਤਰ।

روغن‌گوشت *ਰੋਗ਼ਨ-ਏ-ਗੋਸ਼ਤ* : ਚਰਬੀ।

روغن‌مغز *ਰੋਗ਼ਨ-ਏ-ਮਗ਼ਜ਼* : ਅਕਲ, ਸਿਆਣਪ।

روغنی *ਰੋਗ਼ਨੀ* : ਘਿਓ ਦੀ ਚੀਜ਼।

روغنین *ਰੋਗ਼ਨੀਨ* : ਘਿਓ ਜਾਂ ਤੇਲ ਦੀ ਚੋਪੜੀ ਹੋਈ ਚੀਜ਼।

رؤف *ਰਊਫ਼* : ਬੌਹਤ ਮੇਹਰਬਾਨ।

روفیس *ਰੂਫੀਸ* : ਇਕ ਯੂਨਾਨੀ ਰਿਸ਼ੀ ਦਾ ਨਾਮ, ਓਰਫੀਅਸ।

روم *ਰੂਮ* : ਇਸਹਾਕ ਦੇ ਪੁਤਰ ਈਸ ਦਾ ਨਾਮ; ਉਸ ਦੇ ਉਤਰਾਧਿਕਾਰੀਆਂ ਦਾ ਨਾਮ; ਇਕ ਪਰਸਿੱਧ ਮੁਲਕ ਦਾ ਨਾਮ ਜਿਸ ਦਾ ਕੁਛ ਭਾਗ ਏਸ਼ੀਆ ਵਿਚ ਹੈ, ਜਿਸ ਨੂੰ ਏਸ਼ੀਆਈ ਰੂਮ ਕੈਂਹਦੇ ਹਨ ਅਤੇ ਕੁਝ ਹਿਸਾ ਯੂਰਪ ਵਿਚ ਹੈ ਜਿਸ ਨੂੰ ਯੂਰਪੀ ਰੂਮ ਆਖਦੇ ਹਨ, ਰੋਮਾ, ਜੋ ਇਟਲੀ ਦੀ ਰਾਜਧਾਨੀ ਹੈ ਕਿਸੇ ਸਮੇਂ ਉਥੋਂ ਦੀ ਹਕੂਮਤ ਸਾਰੇ ਸੰਸਾਰ ਉਤੇ ਰਾਜ ਕਰਦੀ ਸੀ।

رومی *ਰੂਮੀ* : ਰੂਮ ਨਾਲ ਸਬੰਧਤ, ਰੂਮ ਦੇ ਮੁਲਕ ਦਾ, ਰੂਮ ਦੀ ਕੋਈ ਚੀਜ਼।

رومی‌بچگان *ਰੂਮੀ-ਬੱਚਗਾਨ* : ਖ਼ਾਲੀ ਜਹਾਜ਼ ਦਾ ਬਾਦਬਾਨ।

رومی‌بچگان‌روان *ਰੂਮੀ-ਬੱਚਗਾਨ- ਏ-ਰਵਾਂ* : ਅੱਥਰੂ, ਹੰਝੂ, ਖ਼ੂਨ ਦੇ ਅਥਰੂ।

رومی‌خوی *ਰੂਮੀ-ਖ਼ੂਜ* : ਯੂਨਾਨੀ ਵਰਗਾ, ਝਟ ਫਿਰ ਜਾਣ ਵਾਲਾ।

رومی‌ورنگی *ਰੂਮੀ-ਉ-ਜ਼ੰਗੀ,* رومی‌وهندی(هندو) *ਰੂਮੀ-ਉ-ਹਿੰਦੀ (ਹਿੰਦੂ)* : ਦਿਨ ਰਾਤ।

رومال *ਰੂਮਾਲ* : (ਪੰਜਾਬੀ ਵਿਚ ਪਰਚਲਤ ਰੂਪ 'ਰੁਮਾਲ' ਹੈ।) ਮੂੰਹ ਸਾਫ਼ ਕਰਨ ਦਾ ਕਪੜਾ, ਤੌਲੀਆ।

رومالی *ਰੂਮਾਲੀ* : ਇਕ ਪਰਕਾਰ ਦਾ ਕਬੂਤਰ; ਮੁੰਗਲੀਆਂ ਫੇਰਨਾ; ਇਕ ਮੁਲਕ ਦਾ ਨਾਮ; ਰੁਮੇਲੀਆਂ, ਸਾਫੀ; ਮੁੰਡੇਬਾਜ਼।

رومان *ਰੂਮਾਨ* : ਤਬਰਿਸਤਾਨ ਵਿਚ ਇਕ ਸ਼ੈਹਰ ਦਾ ਨਾਮ; ਕਬਰਾਂ ਦੀ ਰਾਖੀ ਕਰਨ ਵਾਲੇ ਫ਼ਰਿਸ਼ਤੇ ਦਾ ਨਾਮ।

رومانی *ਰੂਮਾਨੀ* : ਯਾਕੂਤੀ ਰੰਗ ਵਾਲਾ, ਰੁਮਾਨ ਨਾਲ ਸਬੰਧਤ।

رومینیا *ਰੂਮੀਨੀਯਾ* : ਇਕ ਪਰਸਿੱਧ ਮੁਲਕ ਦਾ ਨਾਮ, ਰੋਮਾਨੀਆ।

روناس *ਰੌਨਾਸ* : ਮਜੀਠ।

روندگان *ਰਵੰਦਗਾਨ* : (ਰਵੰਦਾ روندہ ਦਾ ਬੌਹਵਚਨ) ਚਲਣ ਵਾਲੇ, ਪਾਂਧੀ।

روندگان‌عالم *ਰਵੰਦ-ਗਾਨ-ਏ-ਆਲਮ* : ਸਤ ਸਤਾਰੇ।

روندہ *ਰਵੰਦਾ* : ਚਲਣ ਵਾਲਾ, ਦੂਤ ਪਰਵਾਨਾ; ਰਾਹਦਾਰੀ।

رونق *ਰੌਨਕ* : ਸਜਾਵਟ, ਸ਼ਿੰਗਾਰ; ਸੁੰਦਰਤਾ; ਖ਼ੂਬੀ, ਗੁਣ; ਚਮਕ-ਦਮਕ।

رونق‌بخش *ਰੌਨਕ-ਬਖ਼ਸ਼* : ਚਮਕ ਦੇਣ ਵਾਲਾ।

رونق‌گری *ਰੌਨਕ-ਗਰੀ* : ਸੁੰਦਰਤਾ,

ਸ਼ਾਨ-ਬਾਨ, ਚਮਕ-ਦਮਕ।

رونما ***ਰੂਨੁਮਾ*** : ਮੂੰਹ ਵਿਖਾਉਣ ਵਾਲਾ, ਪਰਗਟ ਹੋਣ ਵਾਲਾ।

رونمائی ***ਰੂਨੁਮਾਈ*** : ਮੂੰਹ ਵਿਖਾਈ (ਨਕਦੀ ਜਾਂ ਭੇਟਾ) ਸਲਾਮੀ।

روهینا ***ਰੂਹੀਨਾ,*** **روهنی** ***ਰੋਹਿਨੀ*** : (=ਰੋਹਨ **روهن**) ਇਕ ਪਰਕਾਰ ਦਾ ਫ਼ੋਲਾਦ।

روی ***ਰੂਜ*** : ਮੂੰਹ, ਚੇਹਰਾ, ਮੂੰਹ ਮਥਾ, ਆਸ, ਉਮੀਦ, ਗੱਲ੍ਹ, ਸ਼ਕਲ; ਮੁਹਾਂਦਰਾ; ਸਿਰਾ, ਨੋਕ (ਤਲਵਾਰ ਦੀ) ; ਸ਼ਕ, ਰਾਹ, ਕਾਰਨ, ਧਿਆਨ, ਗੌਹ; ਸ਼ਕਤੀ।

روی‌آهن(آهنی) ***ਰੂਜ-ਆਹਨ (ਆਹਨੀ)*** : ਲੋਹੇ ਦੀ ਟੋਪੀ, ਲੋਹ-ਟੋਪ।

روی‌افگندن ***ਰੂਜ-ਅਫ਼ਗੰਦਨ*** : ਰੋਣਾ।

روی‌انداختن ***ਰੂਜ ਅੰਦਾਖ਼ਤਨ*** : ਵੈਣ ਪਾਉਣਾ।

روی‌بارکردن ***ਰੂਜ-ਬਾਜ਼ ਕਰਦਨ*** : ਮੂੰਹ ਤੋਂ ਪਰਦਾ ਹਟਾਉਣਾ।

روی‌بدیوارکردن ***ਰੂਜ ਬ-ਦੀਵਾਰ ਕਰਦਨ*** : ਮੂੰਹ ਫੇਰ ਲੈਣਾ।

روی‌بند ***ਰੂਜ-ਬੰਦ,*** **روی‌پوش** ***ਰੂਜ-ਪੋਸ਼*** : ਬੁਰਕਾ।

روی‌تافتن ***ਰੂਜ ਤਾਫ਼ਤਨ*** : ਮੱਥੇ 'ਤੇ ਤਿਉੜੀ ਪਾਉਣਾ।

روی‌ترش‌کردن ***ਰੂਜ-ਤੁਰਸ਼ ਕਰਦਨ,*** **روی‌تلخ‌کردن** ***ਰੂਜ ਤਲਖ਼ ਕਰਦਨ*** : ਨਰਾਜ਼ ਹੋਣਾ।

روی‌تیغ ***ਰੂਜ-ਤੇਗ਼*** : ਤਲਵਾਰ ਦੀ ਧਾਰ।

روی‌خاک ***ਰੂਜ-ਏ-ਖ਼ਾਕ*** : ਮਿਟੀ ਘਟੇ ਨਾਲ ਲਿਬੜਿਆ ਮੂੰਹ।

روی‌خاندان ***ਰੂਜ-ਏ-ਖ਼ਾਨਦਾਨ*** : ਘਰਾਣੇ ਦਾ ਮਾਣ, ਗੌਰਵ।

روی‌داد ***ਰੂਜ-ਦਾਦ*** : ਹਕੀਕਤ, ਵਿਥਿਆ।

روی‌داری ***ਰੂਜ-ਦਾਰੀ*** : ਲਿਹਾਜ਼, ਵਜ਼ਅਦਾਰੀ, ਚੇਹਰਾ।

روی‌دست ***ਰੂਜ-ਏ-ਦਸਤ*** : ਕੁਸ਼ਤੀ ਦੇ ਇਕ ਦਾਅ ਦਾ ਨਾਮ; ਥਪੜ, ਫ਼ਰੇਬ, ਮਕਰ।

روی‌دستی‌خوردن ***ਰੂਜ-ਏ-ਦਸਤੀ ਖ਼ੁਰਦਨ*** : ਥਪੜ ਖਾਣਾ; ਧੋਖੇ ਵਿਚ ਆਉਣਾ।

روی‌دل ***ਰੂਜ-ਏ-ਦਿਲ*** : ਹਸਮੁਖ, ਖ਼ੁਸ਼-ਖ਼ੁਸ਼।

روی‌روشن ***ਰੋਜ-ਰੌਸ਼ਨ*** : ਪਰਗਟ, ਪਰਤੱਖ।

روی‌زرد ***ਰੂਜ-ਜ਼ਰਦ*** : ਬੀਮਾਰ, ਗ਼ਰੀਬ; ਭੈਭੀਤ; ਸ਼ਰਮਿੰਦਾ।

روی‌سخت ***ਰੂਜ ਸੁਖ਼ਤ*** : ਵਾਲ ਜਾਂ ਭਰਵੱਟੇ ਕਾਲੇ ਕਰਨ ਦਾ ਲੇਖ।

روی‌سخته ***ਰੂਜ-ਸੁਖ਼ਤਾ*** : ਸੁਰਮਾ, ਕੱਜਲ, ਅੰਜਨ।

روی‌سخن ***ਰੂਜ-ਸੁਖ਼ਨ*** : ਗਲ ਦਾ ਰੁਖ, ਸੰਬੋਧਨ।

روی‌شسته‌ترنج ***ਰੂਜ-ਸ਼ੁਸਤਾ ਤਰੰਜ*** : ਸੂਰਜ।

روی‌نسل‌آدم ***ਰੂਜ-ਏ-ਨਸਲ-ਏ-ਆਦਮ*** : ਪੈਗ਼ੰਬਰ; ਸਾਊ ਲੋਕ।

روی‌نهادن ***ਰੂਜ-ਏ-ਨਿਹਾਦਨ*** : ਧਿਆਨ ਦੇਣਾ, ਗੌਹ ਕਰਨਾ।

روی‌وره ***ਰੂਜ-ਏ-ਵਰਾ*** : ਤੌਰ ਤਰੀਕਾ, ਰੰਗ-ਢੰਗ।

روی ***ਰੋਜ*** : ਕਾਂਸੀ, ਤਾਂਬਾ।

روی‌گر ***ਰੋਜਗਰ*** : ਠਠੇਰਾ।

روی‌گری ***ਰੋਜਗਰੀ*** : ਠਠੇਰੇ ਦਾ ਕਿਤਾ।

روئیل ***ਰੂਈਲ*** : ਯਾਕੂਬ ਦੇ ਪੁਤਰ ਦਾ ਨਾਮ, ਜੋ ਯੂਸਫ਼ ਦੀ ਮਾਂ ਦੀ ਕੁਖ ਤੋਂ ਜਨਮਿਆ।

روئین ***ਰੂਈਨ*** : ਕਾਂਸੀ ਦਾ, ਲਾਲ, ਲਾਲ-ਰੰਗਾ; ਫ਼ਰੀਦੂਨ ਦਾ ਨਾਮ; ਈਰਾਨ ਦੇ ਪਰਸਿੱਧ ਪੈਹਲਵਾਨ ਦਾ ਨਾਮ; ਅਫ਼ਰਾਸਿਯਾਬ ਦੇ ਪੁਤਰ ਦਾ ਨਾਮ; ਪੀਰਾਨ ਵੀਸਾ ਦੇ ਪੁਤਰ ਦਾ ਨਾਮ।

روئین‌تن *ਰੂਜੀਨ-ਤਨ,*
روئینه‌تن *ਰੂਜੀਨਾ-ਤਨ* : ਇਸਫੰਦਯਾਰ ਦਾ ਨਾਮ।

روئین‌چنگ *ਰੂਜੀਨ-ਚੰਗ* : ਫੌਲਾਦੀ ਪੰਜੇ ਵਾਲਾ।

روئین‌خم *ਰੂਜੀਨ-ਖ਼ੁਮ* : ਕਾਂਸੀ ਦੀ ਢੋਲ।

روئین‌دز *ਰੂਜੀਨ ਦਿਜ਼* : ਇਕ ਕਿਲ੍ਹੇ ਦਾ ਨਾਮ।

روئین‌ساز *ਰੂਜੀਨ-ਸਾਜ਼* : ਠਠੇਰਾ।

روئینه *ਰੂਜੀਨਾ* : ਕਾਂਸੀ ਦਾ।

روئینه‌سم *ਰੂਜੀਨਾ-ਸੁਮ* : ਕਾਂਸੀ ਦੇ ਸੁੰਮਾਂ ਵਾਲਾ।

روئینه‌نای *ਰੂਜੀਨਾ-ਨਾਯ* : ਕਾਂਸੀ ਦਾ ਬਿਗ਼ਲ।

رویه *ਰਵਈਯਾ* : ਤੌਰ ਤਰੀਕਾ, ਵਰਤਾ, ਦਸਤੂਰ, ਨੇਮ, ਦਿਸ਼ਾ, ਨਿਯਮ, ਵਿਧਾਨ।

ره *ਰਹ* : 'ਰਾਹ' راه ਦਾ ਸੰਖਿਪਤ ਰੂਪ।

رها *ਰਹਾ* : (ਪੰਜਾਬੀ ਵਿਚ ਪਰਚਲਤ ਰੂਪ ''ਰਿਹਾ'' ਹੈ), ਅਜ਼ਾਦ, ਛੁਟਿਆ ਹੋਇਆ, ਬੰਦ-ਖ਼ਲਾਸ।

رهام *ਰੁਹਾਮ* : ਗੋਦਰਜ਼ ਦੇ ਪੁਤਰ ਦਾ ਨਾਮ।

رهان *ਰਿਹਾਨ* : ਘੋੜ-ਦੌੜ ਵਿਚ ਸ਼ਰਤ ਲਾਉਣਾ, ਸ਼ਰਤ ਲਾ ਕੇ ਘੋੜਾ ਦੁੜਾਉਣਾ।

رهائی *ਰਹਾਈ* : (ਪੰਜਾਬੀ ਵਿਚ ਪਰਚਲਤ ਰੂਪ ''ਰਿਹਾਈ'' ਹੈ), ਨਜਾਤ, ਖ਼ਲਾਸੀ, ਛੁਟਕਾਰਾ।

رهائی‌بخش *ਰਹਾਈ-ਬਖ਼ਸ਼* : ਰਿਹਾਈ ਦੇਣ ਵਾਲਾ, ਬੰਦ-ਖ਼ਲਾਸ ਕਰਨ ਵਾਲਾ।

رهبان *ਰੁਹਬਾਨ* : (ਰਾਹਿਬ راهب ਦਾ ਬੌਹਵਚਨ) ਈਸਾਈ ਪਾਦਰੀ, ਸੰਸਾਰ ਤੋਂ ਉਪਰਾਮ-ਚਿਤ, ਵਰਾਗੀ।

رهبان‌خانه *ਰੁਹਬਾਨ-ਖ਼ਾਨਾ* : ਈਸਾਈਆਂ ਦਾ ਮੱਠ।

رهبانیت *ਰਹਬਾਨੀਯਤ,*
ਰੁਹਬਾਨੀਯਤ : ਸੰਸਾਰ ਤਿਆਗਣਾ, ਈਸਾਈ ਪਾਦਰੀ ਦਾ ਸੰਸਾਰਕ ਰਸਾਂ ਤੋਂ ਪਰਹੇਜ਼ ਕਰਨਾ।

رهن *ਰਹਨ, ਰਿਹਨ* : ਗਿਰਵੀ ਕਰਨਾ, ਗਿਰਵੀ ਰਖਣਾ, ਗੈਹਣੇ ਕਰਨਾ, ਸ਼ਰਤ।

رهین *ਰਹੀਨ,* رهینه *ਰਹੀਨਾ* : ਗਿਰਵੀ ਰਖੀ ਹੋਈ ਚੀਜ਼।

رهین‌منت *ਰਹੀਨ-ਏ-ਮਿੰਨਤ* : ਧੰਨਵਾਦੀ।

رهی *ਰਹੀ* : ਨੌਕਰ, ਚਾਕਰ, ਗੁਲਾਮ, ਪਾਂਧੀ।

رهی‌زاده *ਰਹੀਜ਼ਾਦਾ* : ਗੁਲਾਮਜ਼ਾਦਾ, ਗੁਲਾਮ ਦਾ ਪੁਤਰ।

ری *ਰੇ* : ਇਰਾਕ ਅਜਮ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ, ਹਰਾਤ; ਇਸ ਸ਼ੈਹਰ ਦੇ ਦੋ ਬਾਨੀਆਂ ਵਿਚੋਂ ਇਕ ਦਾ ਨਾਮ।

ریا *ਰਿਯਾ* : ਫੋਕਾ ਵਿਖਾਵਾ, ਜ਼ਾਹਰਦਾਰੀ।

ریاکار *ਰਿਯਾਕਾਰ* : ਭੜ-ਭਾੜਾ, ਪਖੰਡ, ਮਕਰ, ਧੋਖੇਬਾਜ਼, ਫ਼ਰੇਬੀ, ਮਕਾਰ।

ریاکاری *ਰਿਯਾਕਾਰੀ* : ਫ਼ਰੇਬ, ਧੋਖਾ, ਮਕਰ।

ریا *ਰਯਾ* : ਸੁਗੰਧੀ।

ریاح *ਰਯਾਹ਼* : ਸ਼ਰਾਬ, ਦਿਨ ਦਾ ਪਿਛਲਾ ਪੈਹਰ, ਲੌਢਾ ਵੇਲਾ।

ریاح *ਰਿਯਾਹ਼* : (ਰੀਹ ریح ਦਾ ਬੌਹਵਚਨ) ਹਵਾਵਾਂ, ਸੁਗੰਧੀਆਂ, ਹਨੇਰੀਆਂ।

ریاحین *ਰਿਯਾਹ਼ੀਨ* : (ਰੇਹਾਨ ریحان ਦਾ ਬੌਹਵਚਨ) ਰੇਹਾਨ ਦੇ ਫੁਲ, ਨਾਜ਼ਬੂ, ਖ਼ੁਸ਼ਬੂਦਾਰ ਫੁਲ, ਹਰੇ ਘਾਹ ਦੇ ਮੈਦਾਨ, ਬਾਗ਼, ਬਗ਼ੀਚੇ, ਰੈਹਮਤ; ਬੇਟੇ, ਪੁਤਰ।

ریاست *ਰਯਾਸਤ* : ਸਰਦਾਰੀ, ਅਫ਼ਸਰੀ, ਹਕੂਮਤ, ਰਾਜ।

ریاض *ਰਯਾਜ਼* : (ਰੋਜ਼ਾ روضه ਦਾ ਬੌਹਵਚਨ) ਬਾਗ਼ ਬਗ਼ੀਚੇ, ਹਰਿਆਲੇ ਮੈਦਾਨ, ਮਕਬਰੇ, ਸਮਾਧਾਂ।

ریاضات *ਰਯਾਜ਼ਾਤ* : (ਰਿਯਾਜ਼ਤ ریاضت ਦਾ ਬੌਹਵਚਨ) ਮੇਹਨਤ, ਤਪੱਸਿਆਵਾਂ, ਕਸਰਤਾਂ।

ریاضت *ਰਿਯਾਜ਼ਤ* : ਮੇਹਨਤ, ਸਖ਼ਤੀ, ਦੁਖ

ਤਕਲੀਫ ਉਠਾਉਣਾ, ਤਪ, ਬੰਦਗੀ, ਆਗਿਆਕਾਰੀ, ਆਪਾ-ਮਾਰਨਾ; ਅਭਿਆਸ; ਵਰਜਸ਼, ਕਸਰਤ, ਘੋੜਿਆਂ ਨੂੰ ਸਿਧਾਉਣਾ।

ریاضتکش ***ਰਿਯਾਜ਼ਤ ਕਸ਼*** : ਮੇਹਨਤੀ, ਅਭਿਆਸ ਕਰਨ ਵਾਲਾ, ਤਪੀ।

ریاضتی ***ਰਿਯਾਜ਼ਤੀ*** : ਤਪੀ, ਅਭਿਆਸੀ, ਮੇਹਨਤੀ।

ریاضی ***ਰਿਯਾਜ਼ੀ*** : ਹਿਕਮਤ ਦੀ ਤੀਜੀ ਕਿਸਮ, ਅੰਕੜਾ-ਵਿਗਿਆਨ, ਗਣਿਤ-ਵਿਗਿਆਨ, ਹਿਸਾਬ।

ریاضیدان ***ਰਿਯਾਜ਼ੀ-ਦਾਨ*** : ਗਣਿਤ-ਵਿਦਿਆ ਦਾ ਜਾਣਨ ਵਾਲਾ।

ریال ***ਰਯਾਲ*** : (ਰਾਲ رال ਦਾ ਬੌਹਵਚਨ) ਸ਼ੁਤਰ ਮੁਰਗ ਦਾ ਬੱਚਾ; ਪਰਸਿੱਧ ਸਿੱਕਾ, ਡਾਲਰ (ਅਰਬੀ)।

ریب ***ਰੈਬ*** : ਸ਼ਕ, ਲੋੜ, ਦੁਰਘਟਨਾ, ਖ਼ਤਰਾ।

ریبت/ریبہ ***ਰੀਬਤ, ਰੀਬਾ*** : ਤੋਹਮਤ, ਦੋਸ਼, ਸ਼ੱਕ ਵਿਚ ਪਾਉਣ ਵਾਲੀ ਚੀਜ਼।

ریباری ***ਰੈਬਾਰੀ*** : ਊਠ ਸਵਾਰ।

ریتہ ***ਰੀਤਾ*** : ਰੀਠਾ ਜੋ ਊਨੀ ਤੇ ਰੇਸ਼ਮੀ ਕਪੜੇ ਧੋਣ ਦੇ ਕੰਮ ਆਉਂਦਾ ਹੈ।

ریح ***ਰੀਹ*** : ਖ਼ੁਸ਼ਬੂ, ਬਦਬੂ, ਹਵਾ, ਪੇਟ ਅੰਦਰਲੀ ਹਵਾ ਜਿਸ ਕਾਰਨ ਸਰੀਰ ਦੇ ਅੰਗਾਂ ਵਿਚ ਦਰਦ ਹੁੰਦਾ ਹੈ; ਵਿਜੈ, ਖ਼ੁਸ਼ਹਾਲੀ, ਖ਼ੁਸ਼ੀ; ਹਮਦਰਦੀ, ਤਰਸ, ਖ਼ਾਲਸ ਸ਼ੈ, ਹਵਾਦਾਰ ਦਿਨ; ਹਨੇਰੀ।

ریحان ***ਰੈਹਾਨ*** : ਗ਼ਲਬਾ, ਸ਼ਕਤੀ, ਜ਼ੋਰ, ਪਵਿੱਤਰ ਸ਼ੈ; ਦੌਲਤ, ਧਨ; ਮੇਹਰਬਾਨੀ; ਹਰਿਆਵਲ; ਨਾਜ਼ਬੋ, ਇਕ ਖ਼ੁਸ਼ਬੂਦਾਰ ਬੂਟਾ, ਹਰ ਸੁਗੰਧਮਈ ਘਾਹ, ਹਰ ਫੁਲ (ਸਿਵਾ ਗੁਲਾਬ ਦੇ) ਇਕ ਪਰਸਿੱਧ ਲਿਪੀ ਦਾ ਨਾਮ; ਰੋਜ਼ੀ; ਰੈਹਮਤ; ਅਰਾਮ, ਚੈਨ; ਬੇਟਾ,ਔਲਾਦ; ਸ਼ਰਾਬ।

ریحانہ ***ਰੈਹਾਨਾ*** : ਓਹ ਚੀਜ਼ ਜਿਸ ਵਿਚ ਰੈਹਾਨ ਉਗਾਇਆ ਜਾਵੇ, ਰੈਹਾਨ ਦਾ ਗੁਲਦਸਤਾ, ਖ਼ੁਸ਼ਬੂਦਾਰ ਘਾਹ।

ریحانی ***ਰੈਹਾਨੀ*** : (ਰੇਹਾਨ ਨਾਲ ਸਬੰਧਤ) ਇਕ ਪਰਕਾਰ ਦਾ ਖ਼ੁਸ਼ਬੂਦਾਰ ਤਮਾਕੂ, ਇਕ ਪਰਕਾਰ ਦੀ ਬੜੀ ਖ਼ੁਸ਼ਬੂਦਾਰ ਸ਼ਰਾਬ; ਕੂਫ਼ਿਕ ਵਰਗੀ ਇਕ ਲਿਪੀ।

ریخ ***ਰੀਖ਼*** : ਪਤਲਾ ਪਖ਼ਾਨਾ, ਦਸਤ, ਪਤਲਾ ਗੋਹਾ।

ریختن ***ਰੇਖ਼ਤਨ*** : ਸੁਟਣਾ, ਖਿਲਾਰਨਾ, ਖਿੰਡਣਾ, ਢਾਲਣਾ।

ریختنی ***ਰੇਖ਼ਤਨੀ*** : ਸਿਰ ਤੋਂ ਵਾਰ ਕੇ ਸੁਟੀ ਹੋਈ ਸ਼ੈ, ਸੋਟ, ਸਦਕਾ, ਸੁਟਣ ਦੇ ਯੋਗ; ਵਾਰਨ ਦੇ ਯੋਗ।

ریختہ ***ਰੇਖ਼ਤਾ*** : ਸਚੇ ਵਿਚ ਢਾਲ ਕੇ ਬਣਾਈ ਹੋਈ (ਚੀਜ਼), ਦੋ ਜਾਂ ਵੱਧ ਜ਼ਬਾਨਾਂ ਦਾ ਰਲਿਆ ਹੋਇਆ ਕਲਾਮ, ਖੰਡ, ਆਦਿ ਤੋਂ ਬਣਾਇਆ ਸ਼ਰਬਤ, ਅਜੇਹੇ ਭਾਵ ਜੋ ਬਿਨਾ ਸੰਕੋਚ ਸਮਝ ਵਿਚ ਆ ਜਾਣ; ਫੈਂਟਿਆਂ ਜਾਂ ਫਰਾਈ ਕੀਤਾ ਆਂਡਾ।

ریختہپا ***ਰੇਖ਼ਤਾ-ਪਾ*** : ਤੇਜ਼ ਕਦਮ, ਸੁੰਦਰ ਘੋੜਾ ਜਿਸ ਦੇ ਅੰਗ ਅਜੇਹੀ ਡੌਲ ਦੇ ਹੋਣ ਕਿ ਜਾਪੇ ਜਿਵੇਂ ਇਸ ਨੂੰ ਕਿਸੇ ਸਾਂਚੇ ਵਿਚ ਢਾਲਿਆ ਗਿਆ ਹੈ।

ریختہدم ***ਰੇਖ਼ਤਾ-ਦਮ*** : ਓਹ ਹਥਿਆਰ ਜਿਸ ਦੀ ਧਾਰ ਤੇ ਆਭਾ ਜਾਂਦੀ ਰਹੀ ਹੋਵੇ।

ریختہگر ***ਰੇਖ਼ਤਾਗਰ*** : ਧਾਤ ਦੇ ਸ਼ੀਸ਼ੇ ਆਦਿ ਨੂੰ ਸੰਚੇ ਵਿਚ ਢਾਲ ਕੇ ਬਰਤਨ ਬਣਾਉਣ ਵਾਲਾ, ਸ਼ੀਸ਼ਾਗਰ।

ریختہگری ***ਰੇਖ਼ਤਾਗਰੀ*** : ਧਾਤ ਢਾਲ ਕੇ ਬਰਤਨ ਬਣਾਉਣ ਦੀ ਕਾਰੀਗਰੀ।

ریدک ***ਰੈਦਕ***, ریدک ***ਰੀਦਕ*** : ਨਾਬਾਲਗ ਮੁੰਡਾ,ਅਨਦਾੜ੍ਹੀਆ ਮੁੰਡਾ।

ریز ***ਰੇਜ਼*** : (ਕਿਸੇ ਦੂਜੇ ਸ਼ਬਦ ਨਾਲ ਮਿਲ ਕੇ ਕਰਤਾਵਾਚੀ ਨਾਂਵ ਬਣਦਾ ਹੈ ਜਿਵੇਂ ਖ਼ੂਨ-ਰੇਜ਼) ਕਿਸੇ ਚੀਜ਼ ਦਾ ਟੁਕੜਾ, ਆਂਡੇ ਦੀ ਫੈਂਟ; ਬਰੀਕ; ਛੋਟਾ ਲੜਕਾ; ਫਰਾਈ ਕਰਨਯੋਗ ਚੀਜ਼, ਖ਼ੁਸ਼ਹਾਲੀ, ਬੌਹਲਤਾ, ਮਰਜ਼ੀ, ਤਲਛਟ।

ریزاب ***ਰੇਜ਼ਾਬ*** : ਗੁਸਲਖ਼ਾਨੇ 'ਚੋਂ ਨਿਕਲਣ ਵਾਲਾ ਗੰਦਾ ਪਾਣੀ।

ریزان ***ਰੇਜ਼ਾਨ*** : ਡੇਗਦਾ ਹੋਇਆ, ਪਾਉਂਦਾ, ਸੁਟਦਾ ਹੋਇਆ।

ریزریز ***ਰੇਜ਼ ਰੇਜ਼*** : ਟੋਟੇ ਟੋਟੇ, ਕਤਰਾ ਕਤਰਾ।

ریزش ***ਰੇਜ਼ਿਸ਼*** : ਡੇਗਣਾ, ਪਾਉਣਾ, ਸੁਟਣਾ, ਝੜਨਾ, ਨਜ਼ਲਾ, ਜ਼ੁਕਾਮ; ਬਖਸ਼ਸ਼, ਇਨਾਮ।

ریزگی ***ਰੇਜ਼ਗੀ*** : ਟੋਟਾ; ਛੋਟੇ ਸਿਕੇ, ਰੇਜ਼ਗਾਰੀ।

ریزمریز ***ਰੇਜ਼-ਮ-ਰੇਜ਼*** : ਕਮਜ਼ੋਰ (ਆਦਮੀ)।

ریزوبیز ***ਰੇਜ਼-ਉ-ਬੇਜ਼*** : ਨਿਕ-ਸੁਕ।

ریروپاش ***ਰੇਜ਼-ਉ-ਪਾਸ਼*** : ਵਿਛੌਣਾ, ਮਨਿਆਰੀ ਦਾ ਸਮਾਨ।

ریزہ ***ਰੇਜ਼ਾ*** : ਟੋਟਾ, ਟੁਕੜਾ, ਨਿਕ-ਸੁਕ, ਟੁੱਟ-ਭੱਜ; ਛੋਟੇ ਮੁੰਡੇ ਰਾਜਗੀਰੀ ਦੇ ਕੰਮ ਵਿਚ ਲਾਏ ਹੋਏ ਜਿਨ੍ਹਾਂ ਨੂੰ ਪੂਰੇ ਮਜ਼ਦੂਰ ਨਾਲੋਂ ਅੱਧੀ ਜਾਂ ਤਿਹਾਈ ਮਜ਼ਦੂਰੀ ਮਿਲਦੀ ਹੋਵੇ।

ریزہُخط ***ਰੇਜ਼ਾ-ਖ਼ਤ*** : ਬਰੀਕ ਧਾਰੀਦਾਰ।

ریزہخوانی ***ਰੇਜ਼ਾ-ਖ਼੍ਵਾਨੀ*** : ਸੁੰਦਰ ਭਾਸ਼ਣ, ਗੁੰਝਲਦਾਰ ਅਵਾਜ਼ ਨਾਲ ਗਾਉਣਾ, ਅਵਾਜ਼ ਦਾ ਉਤਰਾ-ਚੜ੍ਹਾ।

ریزہخور ***ਰੇਜ਼ਾ-ਖ਼ੋਰ*** : ਟੁਕੜ-ਬੋਚ।

ریزہریزہ ***ਰੇਜ਼ਾ-ਰੇਜ਼ਾ*** : ਫ਼ੀਤੀ-ਫ਼ੀਤੀ, ਟੋਟੇ-ਟੋਟੇ।

ریزہسرا ***ਰੇਜ਼ਾ-ਸਰਾ*** : ਨਗ਼ਮੇ ਗਾਉਣ ਵਾਲਾ।

ریزہسرائی ***ਰੇਜ਼ਾ-ਸਰਾਈ*** : ਗੁਣਗੁਣਾਉਣਾ, ਹੌਲੀ ਹੌਲੀ ਗਾਉਣਾ।

ریزہُسیمین ***ਰੇਜ਼ਾ-ਏ-ਸੀਮੀਨ*** : ਸਤਾਰੇ।

ریزہُقلم ***ਰੇਜ਼ਾ-ਏ-ਕਲਮ*** : ਕਲਮ ਦਾ ਤਰਾਸ਼ਾ।

ریزہکاری ***ਰੇਜ਼ਾ-ਕਾਰੀ*** : ਬਰੀਕ ਕੰਮ ਕਰਨਾ।

ریز ***ਰੇਜ਼, ਰੀਜ਼*** : ਮੁਰਾਦ, ਇਛਾ, ਟਿੱਲਾ, ਟਿਬਾ।

ریس ***ਰੀਸ/ਰਿਸ*** : ਕਤਣਾ, ਖਿਲਾਰਨਾ, ਸੂਤ ਦੀ ਅਟੀ, ਨਮੂਨਾ, ਗੁਸਾ।

ریسمان ***ਰੀਸਮਾਨ*** : ਰਸੀ, ਡੋਰੀ, ਸੂਤ, ਧਾਗਾ।

ریسمانباز ***ਰੀਸਮਾਨ ਬਾਜ਼*** : ਨਟ, ਬਾਜ਼ੀਗਰ।

ریسمانبازی ***ਰੀਸਮਾਨ ਬਾਜ਼ੀ*** : ਬਾਜ਼ੀਗਰੀ, ਨਟਾਂ ਦਾ ਤਮਾਸ਼ਾ।

ریسمانباف ***ਰੀਸਮਾਨ-ਬਾਫ਼*** : ਰੱਸੇ, ਰੱਸੀਆਂ ਵੱਟਣ ਵਾਲਾ, ਵਾਣ-ਵੱਟ।

ریسمانفروش ***ਰੀਸਮਾਨ-ਫ਼ਰੋਸ਼*** : ਵਾਣਗਰ, ਰੂੰ ਵੇਚਣ ਵਾਲਾ, ਰੱਸੇ ਵੇਚਣ ਵਾਲਾ।

ریسمانی ***ਰੀਸਮਾਨੀ*** : ਰੂੰ ਨਾਲ ਸਬੰਧਤ।

ریش ***ਰੀਸ਼*** : ਦਾੜ੍ਹੀ; ਪੰਛੀਆਂ ਦੇ ਪਰ; ਕਲਗੀ; ਗੁੱਸਾ।

ریشائیل ***ਰੀਸ਼ਾਈਲ*** : ਲੰਮ-ਦਾੜ੍ਹੀਆ।

ریشبابا ***ਰੀਸ਼ਬਾਬਾ*** : ਇਕ ਪਰਕਾਰ ਦਾ ਅੰਗੂਰ।

ریشبچہ ***ਰੀਸ਼-ਬੱਚਾ*** : ਠੋਡੀ ਹੇਠ ਮਮੂਲੀ ਦਾੜ੍ਹੀ, ਥੋੜ੍ਹੀ ਦਾੜ੍ਹੀ।

ریشبز ***ਰੀਸ਼ ਬੁਜ਼*** : ਬਕਰ-ਦਾੜ੍ਹੀ, ਬਕਰ-ਦਾੜ੍ਹੀਆ।

ریشِپرباد ***ਰੀਸ਼-ਏ-ਪੁਰਬਾਦ*** : ਅਹੰਕਾਰ, ਗ਼ਰੂਰ।

ریشِتوپی ***ਰੀਸ਼-ਏ-ਤੋਪੀ*** : ਸੰਘਣੀ ਦਾੜ੍ਹੀ।

ریشِجوگندم ***ਰੀਸ਼-ਏ-ਜੌ ਗੰਦੁਮ*** : ਜਿਸ ਦਾੜ੍ਹੀ ਵਿਚ ਕਾਲੇ ਚਿਟੇ ਰਲੇ ਮਿਲੇ ਵਾਲ ਹੋਣ, ਕਰੜ ਬਰੜੀ ਦਾੜ੍ਹੀ।

ریشِچپرباف ***ਰੀਸ਼-ਏ-ਚਪਰ ਬਾਫ਼*** : ਜੁਲਾਹਿਆਂ ਦੇ ਕੁੱਚ ਵਰਗੀ ਦਾੜ੍ਹੀ।

ریشِخند ***ਰੀਸ਼ਖ਼ੰਦ*** : ਦਿਲ-ਲਗੀ, ਮਜ਼ਾਕ, ਮਖ਼ੌਲ।

ریشدار ***ਰੀਸ਼ਦਾਰ*** : ਦਾੜ੍ਹੀ ਰੱਖਣ ਵਾਲਾ।

ریش‌ساز *ਰੀਸ਼ ਸਾਜ਼,*
ریش‌سفید *ਰੀਸ਼-ਸਫ਼ੈਦ* : ਨਾਈ, ਜੱਰਾਹ; ਚੌਧਰੀ; ਬਜ਼ੁਰਗ, ਸਤਕਾਰਯੋਗ।
ریش‌سیاہ *ਰੀਸ਼-ਸਿਯਾਹ* : ਕਾਲੀ ਦਾੜ੍ਹੀ ਵਾਲਾ, ਜਵਾਨ, ਗਭਰੂ।
ریش‌گاؤ *ਰੀਸ਼-ਗਾਵ* : ਮੂਰਖ, ਉਜੱਡ, ਗੰਵਾਰ, ਲਾਲਚੀ, ਲੋਭੀ।
ریش‌گاوی *ਰੀਸ਼-ਗਾਵੀ* : ਬੇਵਕੂਫ਼ੀ, ਹਮਾਕਤ।
ریش‌مال *ਰੀਸ਼ਮਾਲ,* ریش‌مالی *ਰੀਸ਼ਮਾਲੀ* : ਬੇਅਣਖਾ।
ریش‌مورچہ‌پی *ਰੀਸ਼-ਏ-ਮੂਰਚਾ ਪੈ* : ਖ਼ਸਖ਼ਸੀ ਦਾੜ੍ਹੀ।
ریشو/ریشور *ਰੀਸ਼ੂ/ਰੀਸ਼ਵਰ* : ਦਾੜ੍ਹੀ ਵਾਲਾ।

ریش *ਰੇਸ਼* : ਘਾਉ, ਫੱਟ, ਦਾਗ਼, ਫੋੜਾ, ਘਾਇਲ, ਫੱਟੜ, ਸੰਘਣਾ, ਸ਼ੋਰਬਾ; ਹਲੀਮ, ਆਜਜ਼।
ریشاں *ਰੇਸ਼ਾਂ* : ਜ਼ਖ਼ਮੀ, ਘਾਇਲ।
ریش‌خوک *ਰੇਸ਼ ਖ਼ੂਕ* : ਖ਼ੰਜ਼ੀਰਾਂ, ਹਰਨੀਆਂ (ਬੀਮਾਰੀ)।
ریش‌ساز *ਰੇਸ਼-ਸਾਜ਼* : ਜੱਰਾਹ, ਸਰਜਨ।
ریش‌کن *ਰੇਸ਼-ਕਨ* : ਫ਼ਜ਼ੂਲ ਮੇਹਨਤ ਕਰਨ ਵਾਲਾ।
ریشم *ਰੀਸ਼ਮ/ਰੇਸ਼ਮ* : (ਅਬਰੀਸ਼ਮ ابریشم ਦਾ ਸੰਖਿਪਤ ਰੂਪ) ਪਟ, ਸਿਲਕ।

ریشہ *ਰੇਸ਼ਾ* : ਸੂਤ ਦਾ ਧਾਗਾ, ਤਾਰ, ਬਿਰਛ ਦੀਆਂ ਨਸਾਂ, ਰਗਾਂ ਜ਼ੁਲਫ਼, ਲਿੱਟ।

ریشہ‌دواندن *ਰੇਸ਼ਾ-ਦਵਾਂਦਨ* : ਰੇਸ਼ਾ ਦਵਾਨੀ ਕਰਨਾ, ਘੁੰਣਤਰਾਂ ਕੱਢਣਾ।
ریشہ‌رواندن *ਰੇਸ਼ਾ-ਰਵਾਂਦਨ* : ਕਿਸੇ ਦੇ ਵਿਰੁਧ ਅੰਦਰਖ਼ਾਨੇ ਭੈੜੀਆਂ ਵਿਓਂਤਾ ਬਣਾਉਣੀਆਂ।
ریشہ‌ریشہ‌شدن *ਰੇਸ਼ਾ-ਰੇਸ਼ਾ-ਸ਼ੁਦਨ* : ਫ਼ੀਤੀ ਫ਼ੀਤੀ ਹੋ ਜਾਣਾ, ਟੋਟੇ ਟੋਟੇ ਹੋ ਜਾਣਾ।
ریشہ‌کن *ਰੇਸ਼ਾ-ਕਨ* : ਜੜ੍ਹਾਂ ਪੁੱਟਣ ਵਾਲਾ।

ریغال *ਰੀਗ਼ਾਲ* : ਪਿਆਲਾ, ਠੂਠਾ।

ریکا *ਰੇਕਾ* : ਮਸ਼ੂਕ, ਮੈਹਬੂਬਾ।

ریگ *ਰੇਗ* : ਰੇਤ, ਬਾਲੂ; ਕਿਸਮਤ, ਭਾਗ।
ریگبوم *ਰੇਗ ਬੂਮ* : ਰੇਗਿਸਤਾਨ।
ریگِ‌روان *ਰੇਗ-ਏ-ਰਵਾਨ* : ਪਾਣੀ ਵਾਂਗ ਚਮਕਦੀ ਰੇਤ ਜੋ ਸਰਕਦੀ ਰੈਂਹਦੀ ਹੈ।
ریگریگ *ਰੇਗ-ਰੇਗ* : ਜ਼ੱਰਾ-ਜ਼ੱਰਾ।
ریگزادہ *ਰੇਗ-ਜ਼ਾਦਾ* : ਇਕ ਪਰਕਾਰ ਦੀ ਮੱਛੀ।
ریگ‌ماہی *ਰੇਗ ਮਾਹੀ* : ਜੋ ਰੇਤ ਵਿਚ ਪਾਣੀ ਵਾਂਗ ਤੁਰਦੀ ਹੈ।
ریگِ‌زرگری *ਰੇਗ-ਏ-ਜ਼ਰਗਰੀ* : ਸੁਨਿਆਰ ਦੀ ਭੱਠੀ ਤੇ ਹੱਟੀ ਦੀ ਸਵਾਹ ਜਿਸ ਨੂੰ ਧੋ ਕੇ ਵਿਚੋਂ ਸੋਨੇ ਦੇ ਜ਼ੱਰੇ ਕਢਦੇ ਹਨ।
ریگستان *ਰੇਗਿਸਤਾਨ* : ਰੇਤ-ਥਲ।
ریگناک *ਰੇਗਨਾਕ* : ਰੇਤਲਾ।

ریم *ਰੀਮ* : ਪੀਕ; ਪਸ, ਮੈਲ, ਗੰਦਗੀ।
ریمِ‌آہن *ਰੀਮ-ਏ-ਆਹਨ* : ਲੋਹੇ ਦੀ ਮੈਲ, ਜੰਗਾਲ।
ریمگین *ਰੀਮਗੀਨ* : ਮੈਲਾ, ਕੁਚੈਲਾ, ਗੰਦਾ।

ریمن *ਰੀਮਨ/ਰੇਮਨ* : ਮੈਲਾ, ਗੰਦਾ, ਖ਼ਰਾਬ, ਭੈੜਾ, ਆਕੀ, ਸਰਕਸ਼, ਧੋਖੇਬਾਜ਼, ਮੱਕਾਰ।

ریمناک *ਰੀਮਨਾਕ* : ਗੰਦਾ, ਮੈਲਾ।

ریمہ *ਰੀਮਾ* : ਅਖ ਦੀ ਮੈਲ, ਗਿਡ।

ریو *ਰੇਵ* : ਫ਼ਰੇਬ, ਧੋਖਾ, ਮਕਰ।

رئیس *ਰਈਸ* : ਸਰਦਾਰ, ਮੁਖੀ, ਰਿਆਸਤ (ਇਲਾਕਾ) ਵਾਲਾ।
رئیسِ‌احتساب *ਰਈਸ-ਏ-ਇਹਤਿਸਾਬ* : ਕੋਤਵਾਲ।
رئیسِ‌بحری *ਰਈਸ-ਏ-ਬਹਰੀ* : ਬੇੜੇ ਦਾ ਮਾਲਕ, ਕਪਤਾਨ।
رئیسِ‌ضابطہ *ਰਈਸ-ਏ-ਜ਼ਾਬਿਤਾ* : ਕੋਤਵਾਲ।

ز ਜ਼ਾ(ਜ਼ੇ)

ز ਜ਼ਾ (ਜ਼ੇ) : ਇਸ ਨੂੰ ਜ਼ਾਏ ਹੱਵਜ਼ ਜਾਂ ਜ਼ਾਏ ਮੁਅੱਜਮਾ ਜਾਂ ਜ਼ਾਏ ਮਨਕੂਤਾਂ ਵੀ ਆਖਿਆ ਜਾਂਦਾ ਹੈ। ਏਹ ਫ਼ਾਰਸੀ ਵਰਨਮਾਲਾ ਦਾ ਤੇਰ੍ਹਵਾਂ ਅੱਖਰ ਹੈ। ਅਬਜਦ ਦੀ ਗਿਣਤੀ ਅਨੁਸਾਰ ਇਸ ਦਾ ਮੁੱਲ ੭ ਹੈ, ਏਹ ਕਦੀ ਜੀਮ ج ਨਾਲ ਜਿਵੇਂ ਕਿ ਸਾਜ਼ ساز ਦੀ ਥਾਂ ساج ਜਾਂ ਪਿਜ਼ਿਸ਼ਕ پرشک ਦੀ ਥਾਂ ਪਿਜਿਸ਼ਕ پجشک ਕਦੀ ਗ਼ੈਨ غ ਨਾਲ ਜਿਵੇਂ ਕਿ ਗੁਰੇਜ਼ گریز ਦੀ ਥਾਂ ਗੁਰੇਗ਼ گریغ ਤੇ ਕਦੀ ਸੀਨ س ਨਾਲ ਜਿਵੇਂ ਕਿ ਅਯਾਜ਼ ایاز ਦੀ ਥਾਂ ਅਯਾਸ ایاس ਨਾਲ ਬਦਲਿਆ ਜਾਂਦਾ ਹੈ, ਬੋਲਣ ਵਿਚ ਏਹ ਅੰਗਰੇਜ਼ੀ ਅੱਖਰ Z ਵਾਂਗ ਹੈ ਜਿਵੇਂ ਕਿ زا (za) ਕਈ ਵਾਰ ਏਹ ਅਜ਼ از ਦੀ ਥਾਂ ਜ਼ੇਰ ਨਾਲ ਜ਼ਿ زِ, (ਤੋਂ) ਲਈ ਵੀ ਵਰਤਿਆ ਜਾਂਦਾ ਹੈ।

زابل ਜ਼ਾਬੁਲ : ਸੀਸਤਾਨ ਦੇ ਇਕ ਸ਼ੈਹਰ ਦਾ ਨਾਮ, ਇਥੋਂ ਦੇ ਵਸਨੀਕਾਂ ਨੂੰ 'ਜ਼ਾਬੁਲੀ' ਜਾਂ ਜ਼ਾਬੁਲਿਸਤਾਨੀ ਕੈਂਹਦੇ ਹਨ; ਰਾਗ ਵਿਚ ਇਕ ਘਰ ਦਾ ਨਾਮ।

زابلستان ਜ਼ਾਬੁਲਿਸਤਾਨ : ਸੀਸਤਾਨ ਦਾ ਨਾਮ ਜੋ ਈਰਾਨ ਵਿਚ ਹੈ।

زاج ਜ਼ਾਜ : ਜ਼ਾਕ ਦਾ ਅਰਬੀ ਰੂਪ, ਫਟਕੜੀ।

زاج ਜ਼ਾਜ, زاجه ਜ਼ਾਜਾ, زاچه ਜ਼ਾਚਾ, زجه ਜ਼ਜਾ, زچه ਜ਼ਚਾ : ਓਹ ਔਰਤ ਜਿਸ ਨੇ ਨਵੇਂ ਬੱਚੇ ਨੂੰ ਜਨਮ ਦਿਤਾ ਹੋਵੇ।

زاجسور ਜ਼ਾਜ ਸੂਰ : ਬੱਚੇ ਦੇ ਜਨਮ ਤੇ ਕੀਤਾ ਗਿਆ ਜਸ਼ਨ।

زاد ਜ਼ਾਦ : ਰਸਤੇ ਦਾ ਖਰਚ, ਤੋਸ਼ਾ।

زادِراه ਜ਼ਾਦ-ਏ ਰਾਹ : ਸਫ਼ਰ ਖਰਚ; ਰਸਤੇ ਲਈ ਖਾਣਾ।

زاد ਜ਼ਾਦ, زاده ਜ਼ਾਦਾ : ਜਨਮਿਆ ਹੋਇਆ, ਜਣਿਆ ਹੋਇਆ, ਪੈਦਾ ਕੀਤਾ, ਬੇਟਾ, ਪੁਤਰ, ਉਮਰ ਤੇ ਸਾਲ; ਨਸਲ, ਪੀੜ੍ਹੀ, ਪੁਸ਼ਤ।

زادبرزاد ਜ਼ਾਦ-ਬਰ-ਜ਼ਾਦ : ਪੁਸ਼ਤ ਦਰ ਪੁਸ਼ਤ, ਪੀੜ੍ਹਿਓਂ-ਪੀੜ੍ਹੀ।

زادبود ਜ਼ਾਦ ਬੂਦ : ਸਾਜ਼-ਸਮਾਨ।

زادبوم ਜ਼ਾਦ ਬੂਮ : ਜਨਮ-ਭੂਮੀ, ਜਨਮ ਸਥਾਨ, ਵਤਨ।

زادغر ਜ਼ਾਦ ਗ਼ਰ : ਹਰਾਮਜ਼ਾਦਾ।

زادۂتاک ਜ਼ਾਦਾ-ਏ-ਤਾਕ : ਅੰਗਰੇਜ਼ੀ ਸ਼ਰਾਬ।

زادۂخاطر ਜ਼ਾਦਾ-ਏ-ਖਾਤਿਰ : ਮੌਲਕ ਰਚਨਾ।

زادۂخاک ਜ਼ਾਦਾ-ਏ-ਖਾਕ : ਸੋਨਾ, ਚਾਂਦੀ।

زادۂششروز/روزه ਜ਼ਾਦਾ-ਏ-ਸ਼ਸ਼ ਰੋਜ਼ / ਰੋਜ਼ਾ : ਸਾਰੀ ਸ੍ਰਿਸ਼ਟੀ, ਜੋ ਰਬ ਨੇ ਛੇ ਦਿਨਾਂ ਵਿਚ ਪੈਦਾ ਕੀਤੀ।

زادۂمریخ ਜ਼ਾਦਾ-ਏ-ਮਰੀਖ : ਲੋਹਾ; ਕੰਜੂਸ; ਬਖੀਲ, ਲੜਾਕਾ ਲੜਕਾ, ਲਹੂ ਵੀਟਣ ਵਾਲਾ।

زار ਜ਼ਾਰ : ਰੂਸ ਦੇ ਬਾਦਸ਼ਾਹਾਂ ਦੀ ਉਪਾਧੀ, 1914 ਦੀ ਪੈਹਲੀ ਵਿਸ਼ਵ ਜੰਗ ਪਿਛੋਂ ਬਾਦਸ਼ਾਹਤ ਦੀ ਥਾਂ ਲੋਕ-ਤੰਤਰ ਨੇ ਲੈ ਲਈ, ਰੋਣ ਵਾਲਾ, ਰੋਂਦਾ ਹੋਇਆ; ਰੋਣਾ; ਖ਼ਵਾਰ, ਕਮਜ਼ੋਰ, ਆਜਜ਼; ਰੰਜ, ਗ਼ਮ, ਤਕਲੀਫ਼, ਚੀਕ-ਪੁਕਾਰ।

زارزار(گریستن) ਜ਼ਾਰ ਜ਼ਾਰ (ਗਰੀਸਤਨ) : ਬੈਂਹਤ ਰੋਣਾ, ਰੋ-ਰੋ ਕੇ ਬੇਹਾਲ ਹੋਣਾ।

زارنالی ਜ਼ਾਰਨਾਲੀ : ਬੇਕਰਾਰੀ ਨਾਲ

ਰੋਣਾ।

زاره *ਜ਼ਾਰਾ* : ਆਜਜ਼ੀ ਕਰਨਾ, ਜ਼ਾਰ ਜ਼ਾਰ ਰੋਣਾ; ਨਿਮਰਤਾ ਸੈਹਤ ਫ਼ਰਿਆਦ ਕਰਨਾ।

زاری *ਜ਼ਾਰੀ* : ਰੋਣਾ, ਬੌਹਤ ਰੋਣਾ, ਆਜਜ਼ੀ ਕਰਨਾ, ਕਮਜ਼ੋਰੀ, ਆਜਜ਼ੀ।

زاریانه *ਜ਼ਾਰਿਯਾਨਾ* : ਦੁਆ ਕਰਨਾ, ਪਰਾਰਥਨਾ ਕਰਨਾ, ਰੋਣ ਦਾ ਕਾਰਨ।

زارع *ਜ਼ਾਰਿਅ* : ਬੀਜਣ ਵਾਲਾ, ਖੇਤੀ ਕਰਨ ਵਾਲਾ, ਵਾਹਕ।

زارغنگ *ਜ਼ਾਰਗ਼ੰਗ* : ਸਖ਼ਤ ਤੇ ਰੇਤਲੀ ਜ਼ਮੀਨ।

زاردشت *ਜ਼ਾਰਦੁਸ਼ਤ*, زارهشت *ਜ਼ਾਰਹੁਸ਼ਤ* : ਦੇਖੋ ਜ਼ਰਦੁਸ਼ਤ।

زازل *ਜ਼ਾਜ਼ਿਲ* : ਘਿਓ ਸਾਫ਼ ਕਰਨ ਜਾਂ ਘਿਓ ਵਿਚ ਚੀਜ਼ਾਂ ਤਲਣ ਵਾਲੀ ਛਾਣਨੀ, ਪੋਣੀ, ਝਾਰਨਾ।

زاغ *ਜ਼ਾਗ਼* : ਪਰਸਿੱਧ ਪੰਛੀ ਕਾਂ,ਕਮਾਨ ਦੇ ਗੋਸ਼ੇ ਦੀ ਨੋਕ ਜੋ ਕਮਾਨ ਦੇ ਦੋਹਾਂ ਕੋਨਿਆਂ ਤੇ ਲਾਉਂਦੇ ਹਨ; ਸੰਗੀਤ ਵਿਚ ਇਕ ਰਾਗ, ਇਕ ਪਰਕਾਰ ਦਾ ਕਬੂਤਰ, ਫ਼ਸਾਦ, ਗ਼ਦਰ।

زاغپا *ਜ਼ਾਗ਼ਪਾ* : ਤਾਹਨਾ, ਮੇਹਣਾ, ਤਾੜਨਾ।

زاغچ *ਜ਼ਾਗ਼ਿਜ* : ਲਾਲ ਚੁੰਝ ਵਾਲਾ ਕਾਂ।

زاغچشم *ਜ਼ਾਗ਼-ਚਸ਼ਮ* : ਭੈਂਗਾ, ਕੈਰਾ, ਨੀਲੀ ਅੱਖ ਵਾਲਾ, ਬਿੱਲੀਆਂ ਅੱਖਾਂ।

زاغدل *ਜ਼ਾਗ਼-ਦਿਲ* : ਕਾਲੇ ਦਿਲ ਵਾਲਾ, ਪਥਰ-ਦਿਲ।

زاغزبان *ਜ਼ਾਗ਼-ਜ਼ਬਾਨ* : ਕਾਲੀ ਜੀਭ ਵਾਲਾ, ਜਿਸ ਦੀ ਬਦ-ਦੁਆ ਲਗ ਜਾਵੇ।

زاغسپهر *ਜ਼ਾਗ਼-ਏ-ਸਿਪਿਹਰ* : ਤੀਰ।

زاغکمان *ਜ਼ਾਗ਼-ਏ-ਕਮਾਨ* : ਕਮਾਨ ਦੇ ਗੋਸ਼ੇ ਦੀ ਨੋਕ।

زاغر *ਜ਼ਾਗ਼ਰ* : ਪੰਛੀ ਦਾ ਪੋਟਾ।

زاغنول *ਜ਼ਾਗ਼ਨੋਲ* : ਕਾਂ ਦੀ ਚੁੰਝ ਵਰਗਾ ਧਰਤ ਪੁੱਟਣ ਦਾ ਸੰਦ, ਕੁਦਾਲ, ਗੈਂਤੀ।

زاک *ਜ਼ਾਕ*, زاگ *ਜ਼ਾਗ* : ਫਟਕੜੀ।

زاگاب *ਜ਼ਾਗਾਬ* : ਲਿਖਣ ਦੀ ਸਿਆਹੀ, ਗੰਧਕੀ ਤੇਜ਼ਾਬ ਦਾ ਪਾਣੀ।

زال *ਜ਼ਾਲ* : ਚਿਟੇ ਵਾਲਾਂ ਵਾਲੀ ਇਸਤਰੀ, ਚਿਟੇ ਵਾਲਾਂ ਵਾਲਾ ਆਦਮੀ, ਬੁੱਢਾ; ਰੁਸਤਮ ਦੇ ਪਿਤਾ, ਤਥਾ ਸਾਮ ਦੇ ਪੁੱਤਰ ਤੇ ਨਰੀਮਾਨ ਦੇ ਪੋਤਰੇ ਦਾ ਨਾਮ, ਜੋ ਚਿਟੇ ਵਾਲਾਂ ਨਾਲ ਹੀ ਜੰਮਿਆ ਸੀ।

زالابرو *ਜ਼ਾਲ-ਅਬਰੂ*,

زالِبدافعال *ਜ਼ਾਲ-ਏ-ਬਦਅਫ਼ਆਲ* : ਮੱਕਾਰ ਬੁੱਢਾ।

زالِپیر *ਜ਼ਾਲ-ਏ-ਪੀਰ*,

زالِسرسپید سیاه‌دل *ਜ਼ਾਲ-ਏ-ਸਰਸਪੇਦ ਸਿਯਾਹ-ਦਿਲ*,

زالِ سرسفید سیاه‌دل *ਜ਼ਾਲ-ਏ-ਸਰ ਸਫ਼ੇਦ ਸਿਯਾਹ-ਦਿਲ*,

زالِسپیدرو *ਜ਼ਾਲ-ਏ- ਸਪੇਦ-ਰੂ*,

زالِسفیدرو *ਜ਼ਾਲ-ਏ- ਸਫ਼ੇਦ-ਰੂ*,

زالِعقیم *ਜ਼ਾਲ-ਏ-ਅਕੀਮ* : ਸੰਸਾਰ।

زالِدستان *ਜ਼ਾਲ-ਏ-ਦਸਤਾਨ*,

زالزر *ਜ਼ਾਲ-ਏ-ਜ਼ਰ* : ਰੁਸਤਮ ਦੇ ਪਿਤਾ ਦਾ ਨਾਮ।

زالِکوزپشت *ਜ਼ਾਲ-ਏ-ਕੁਜ਼ਪੁਸ਼ਤ* : ਗਗਨ, ਅਸਮਾਨ।

زالِکوفه *ਜ਼ਾਲ-ਏ-ਕੂਫ਼ਾ* : ਕੂਫ਼ਾ ਦੀ ਓਹ ਬੁਢੀ ਜਿਸ ਦੇ ਤੰਦੂਰ ਵਿਚੋਂ ਹਜ਼ਰਤ ਨੂਹ ਦੇ ਵੇਲੇ ਦਾ ਤੂਫ਼ਾਨ ਸ਼ੁਰੂ ਹੋਇਆ ਸੀ, ਤੇ ਓਹ ਆਪ ਸੁਰਖਿਅਤ ਰਹੀ।

زالِمداین *ਜ਼ਾਲ-ਏ-ਮਦਾਯਿਨ* : ਸ਼ੈਹਰ ਮਦਾਯਿਨ ਦੀ ਓਹ ਬੁੱਢੀ ਜਿਸ ਦਾ ਘਰ ਨੌਸ਼ੀਰਵਾਨ ਦੀ ਬੈਠਕ ਹੇਠ ਸੀ। ਉਸ ਨੂੰ ਧੂੰਏਂ ਤੋਂ ਔਖ ਸੀ, ਨੌਸ਼ੀਰਵਾਨ ਨੇ ਓਹ ਖਰੀਦਣਾ ਚਾਹਿਆ ਪਰ ਬੁੱਢੀ ਨੇ ਨਾ ਦਿਤਾ।

زالِموسیاه *ਜ਼ਾਲ-ਏ-ਮੂਸਿਯਾਹ* : ਦੁਨੀਆ, ਅਸਮਾਨ।

زالو *ਜ਼ਾਲੂ* : ਜੋਕ, ਸਿੰਗੀ।

زاں *ਜ਼ਾਂ* : (ਅਜ਼ ਆਂ ਦਾ ਸੰਖਿਪਤ ਰੂਪ) ਉਸ ਤੋਂ, ਉਸ ਕਰਕੇ, ਇਸ ਲਈ ।

زاں پس ***ਜ਼ਾਂ ਪਸ,*** **زاں سپس** ***ਜ਼ਾਂ ਸਿਪਸ*** : ਉਸ ਪਿਛੋਂ, ਫੇਰ।

زانکه ***ਜ਼ਾਂਕਿ*** : ਇਸ ਕਰਕੇ, ਕਾਰਨ ਏਹ।

زانگه ***ਜਾਂਗਹ*** : ਉਸ ਸਮੇਂ ਤੋਂ, ਉਸ ਵਕਤ ਤੋਂ।

زانو ***ਜ਼ਾਨੂ*** : ਗੋਡਾ, ਪਿੰਨੀ, ਜੰਘ, ਪੱਟ, ਪੂਜਾ, ਨਮਸਕਾਰ।

زانوته کردن ***ਜ਼ਾਨੂ ਤਹ ਕਰਦਨ*** : ਅਦਬ ਸਤਕਾਰ ਨਾਲ ਬੈਹਣਾ, ਸਿੱਖਣਾ।

زانی ***ਜ਼ਾਨੀ*** : ਜ਼ਨਾ ਕਰਨ ਵਾਲਾ, ਵਿਭਚਾਰੀ, ਹਰਾਮਕਾਰ।

زانیا ***ਜ਼ਾਨੀਯਾ*** : ਜ਼ਨਾ ਕਰਨ ਵਾਲੀ, ਜ਼ਨਾ ਕਰਵਾਉਣ ਵਾਲੀ, ਵਿਭਚਾਰਨ।

زانیج ***ਜ਼ਾਨੀਜ*** : ਵਤਨ, ਆਪਣਾ ਦੇਸ਼।

زاو ***ਜ਼ਾਵ*** : ਸ਼ਕਤੀਸ਼ਾਲੀ, ਤਾਕਤਵਰ, ਤਕੜਾ, ਉਸਰੱਈਆ, ਕਾਰੀਗਰ, ਤਰੇੜ, ਦਰਜ਼, ਤੰਗ ਪਹਾੜੀ ਦੱਰਾ, ਇਟ, ਰੋੜਾ।

زاویل ***ਜ਼ਾਵੀਲ*** : ਰਾਜ, ਮਿਸਤਰੀ, ਕਾਰੀਗਰ।

زاول ***ਜ਼ਾਵੂਲ*** : ਦੇਖੋ **زابول** ਜ਼ਾਬੂਲ।

زاویه ***ਜ਼ਾਵੀਯਾ*** : ਪੰਜਾਬੀ ਵਿਚ ਪਰਚਲਤ ਰੂਪ "ਜ਼ਾਵੀਆ" ਹੈ, ਕੋਨਾ; ਗੋਸ਼ਾ; ਗੁੱਠ, ਕੂੰਜ, ਕੁਟੀਆ, ਮੁਸਾਫ਼ਰਖਾਨਾ, ਖ਼ਾਨਗਾਹ, ਦੋ ਸਿੱਧੀਆਂ ਲਕੀਰਾਂ ਦਾ ਇਕ ਥਾਂ ਮਿਲਣ ਤੇ ਜੋ ਕੋਨਾ ਪੈਦਾ ਹੁੰਦਾ ਹੈ ਉਸ ਨੂੰ ਪੰਜਾਬੀ ਉਚਾਰਨ ਅਨੁਸਾਰ ਜ਼ਾਵੀ (ਕੋਨ) ਕੈਂਹਦੇ ਹਨ।

زاهد ***ਜ਼ਾਹਿਦ*** : ਪਰਹੇਜ਼ਗਾਰ, ਭਗਤੀ ਕਰਨ ਵਾਲਾ, ਭਗਤ, ਤਪੱਸਵੀ, ਧਾਰਮਕ ਆਦਮੀ, ਸੰਤੋਖੀ, ਸਬਰ ਵਾਲਾ, ਬੇਜ਼ਾਰ, ਜਿਸ ਦੀ ਰੁਚੀ ਦੁਨੀਆਂ ਵਿਚ ਨਾ ਹੋਵੇ, ਉਪਰਾਮ-ਚਿਤ, ਤਿਆਗੀ।

زاهدانه ***ਜ਼ਾਹਿਦਾਨਾ*** : ਧਰਮੀ ਵਾਂਗ।

زاهدِخشک(خونک) ***ਜ਼ਾਹਿਦ-ਏ-ਖੁਸ਼ਕ (ਖੁਨਕ),*** **زاهدِساحل** ***ਜ਼ਾਹਿਦ-ਏ-ਸਾਹਿਲ*** : ਪੱਕਾ ਭਜਨੀਕ, ਧਰਮ ਕਰਮ ਵਿਚ ਪੱਕਾ, ਦਰਦ-ਏ-ਇਸ਼ਕ ਤੋਂ ਨਵਾਕਫ਼।

زاهدِکوه ***ਜ਼ਾਹਿਦ-ਏ-ਕੋਹ*** : ਸੂਰਜ।

زاهر ***ਜ਼ਾਹਿਰ*** : ਚਮਕੀਲਾ, ਰੋਸ਼ਨ, ਬੁਲੰਦ, ਖਿੜਿਆ ਹੋਇਆ (ਫੁੱਲ)।

زابچه ***ਜ਼ਾਇਚਾ*** : ਟੇਵਾ, ਜਨਮ ਪਤਰੀ, ਕੁੰਡਲੀ।

زائد ***ਜ਼ਾਇਦ*** : ਵਧਿਆ ਹੋਇਆ, ਫਾਲਤੂ, ਵਾਧੂ, ਵਧੀਕ।

زایر ***ਜ਼ਾਇਰ*** : ਯਾਤਰਾ ਕਰਨ ਵਾਲਾ, ਤੀਰਥ-ਯਾਤਰੀ, ਮੁਲਾਕਾਤ ਲਈ ਆਉਣ ਵਾਲਾ, ਮੁਲਾਕਾਤੀ।

زایل ***ਜ਼ਾਇਲ*** : ਮਿਟਣ ਵਾਲਾ, ਦੂਰ ਹੋਣ ਵਾਲਾ, ਝੱਟ-ਰੈਹਣਾ, ਜਿਸ ਦੀ ਹੋਂਦ ਨਾਂ ਹੋਵੇ।

زاینده ***ਜ਼ਾਯੰਦਾ*** : ਜਨਮ ਦੇਣ ਵਾਲੀ।

زائیدگی ***ਜ਼ਾਈਦਗੀ*** : ਪੈਦਾ ਹੋਣਾ, ਜੰਮਣਾ, ਬੱਚੇ ਦਾ ਜਨਮ।

زائیده ***ਜ਼ਾਈਦਾ*** : ਜਨਮਿਆ ਹੋਇਆ, ਪੈਦਾ ਕੀਤਾ ਹੋਇਆ।

زبان ***ਜ਼ਬਾਨ,*** **زبان** ***ਜ਼ੁਬਾਨ*** : ਜੀਭ, ਬੋਲੀ, ਭਾਸ਼ਾ, ਉਪ-ਬੋਲੀ, ਬੋਲ ਚਾਲ, ਗੁਫ਼ਤਗੂ, ਮੁਹਾਵਰਾ।

زبان آور ***ਜ਼ਬਾਨਆਵਰ*** : ਜ਼ਬਾਨ ਵਾਲਾ, ਖੁਸ਼ਬਿਆਨ, ਮਿਠ ਬੋਲਾ, ਸ਼ਾਇਰ, ਕਵੀ, ਭਾਸ਼ਣ-ਕਲਾ ਵਿਚ ਨਿਪੁੰਨ।

زبان آوری ***ਜ਼ਬਾਨ-ਆਵਰੀ*** : ਜ਼ਬਾਨ ਦੀ ਤੇਜ਼ੀ, ਜ਼ਬਾਨਦਾਨੀ।

زبان بازی ***ਜ਼ਬਾਨ-ਬਾਜ਼ੀ*** : ਪਰਸਪਰ ਗੱਲ-ਬਾਤ ਕਰਨਾ, ਜੀਭ ਮਾਰਨਾ, ਬਰਾਬਰੀ ਕਰਨਾ, ਦੁਸ਼ਮਣੀ ਕਰਨਾ, ਤਾਹਨੇ ਦੇਣਾ।

زبان برزبان ***ਜ਼ਬਾਨ-ਬਰ-ਜ਼ਬਾਨ*** : ਲਗਾਤਾਰ ਬੋਲਣ ਵਾਲਾ, ਬਾਤੂਨੀ, ਕੁਝ ਦਾ ਕੁਝ ਕੈਹਣ ਵਾਲਾ।

زبان بستگی ***ਜ਼ਬਾਨ ਬਸਤਗੀ*** : ਜ਼ਬਾਨਬੰਦੀ, ਬੋਲਣ ਤੇ ਪਾਬੰਦੀ, ਚੁੱਪ।

زبان بند ***ਜ਼ਬਾਨ ਬੰਦ*** : ਓਹ ਮੰਤਰ ਜਾਂ ਤਾਵੀਜ਼ ਜੋ ਈਰਖਾਲੂਆਂ ਤੇ ਬੜਬੋਲਿਆਂ ਦੀ ਜ਼ਬਾਨ-ਬੰਦੀ ਲਈ ਲਿਖਦੇ ਹਨ।

زبانِ‌بندِخرد ***ਜ਼ਬਾਨ-ਬੰਦ-ਏ-ਖ਼ਿਰਦ*** : ਸ਼ਰਾਬ, ਅਕਲ ਨੂੰ ਜੰਦਰਾ ਲਾਉਣ ਵਾਲੀ।

زبانِ‌بیسر ***ਜ਼ਬਾਨ-ਏ-ਬੇਸਰ*** : ਬੇਹੂਦਾ ਗੱਲ, ਬੇਥਵੀ ਗੱਲਬਾਤ, ਜਿਸ ਗੱਲ ਦਾ ਸਿਰ ਪੈਰ ਨਾ ਹੋਵੇ।

زبانِ‌ترازو ***ਜ਼ਬਾਨ-ਏ-ਤਰਾਜ਼ੂ*** : ਤਕੜੀ ਦੀ ਸੂਈ।

زبان‌دادن ***ਜ਼ਬਾਨ ਦਾਦਨ*** : ਖ਼ੁਸ਼ਾਮਦ ਕਰਨਾ, ਇਕਰਾਰ ਕਰਨਾ, ਬਚਨ ਦੇਣਾ, ਸ਼ਰਤ ਲਾਉਣਾ, ਗੱਲ ਕਰਨ ਦੀ ਆਗਿਆ ਦੇਣਾ।

زبان‌دان ***ਜ਼ਬਾਨ-ਦਾਨ*** : ਚੰਗਾ ਭਾਸ਼ਣਕਾਰ, ਕਿਸੇ ਬੋਲੀ ਦਾ ਮਾਹਰ, ਕਵੀ, ਸ਼ਾਇਰ, ਵਿਦਵਾਨ।

زبان‌دراز ***ਜ਼ਬਾਨ-ਦਰਾਜ਼*** : ਮੂੰਹ-ਫੱਟ, ਬਕਵਾਸੀ, ਫ਼ਜ਼ੂਲ ਗੱਲਾਂ ਕਰਨ ਵਾਲਾ, ਬੜਬੋਲਾ।

زبان‌زد ***ਜ਼ਬਾਨ-ਜ਼ਦ,*** **زبان‌زده** ***ਜ਼ਬਾਨ ਜ਼ਦਾ*** : ਮੂੰਹ ਤੇ ਕਹੀ ਹੋਈ ਗੱਲ; ਮਸ਼ਹੂਰ, ਪਰਸਿੱਧ।

زبان‌زدن ***ਜ਼ਬਾਨ ਜ਼ਦਨ*** : ਬੋਲਣਾ, ਗੱਲ ਕਰਨਾ, ਜੀਭ ਮਾਰਨੀ।

زبانِ‌سنگین ***ਜ਼ਬਾਨ-ਏ-ਸੰਗੀਨ*** : ਤੋਤਲੀ ਜ਼ਬਾਨ।

زبان‌سوختن ***ਜ਼ਬਾਨ ਸੋਖ਼ਤਨ*** : ਚੁੱਪ ਹੋਣਾ, ਗੱਲ-ਬਾਤ ਨਾ ਕਰਨਾ।

زبان‌فروش ***ਜ਼ਬਾਨ-ਫ਼ਰੋਸ਼*** : ਫ਼ਜ਼ੂਲ ਤੇ ਬੇਮੌਕਾ ਬੋਲਣ ਵਾਲਾ, ਬਾਤੂਨੀ ।

زبان‌قلم ***ਜ਼ਬਾਨ-ਏ-ਕਲਮ*** : ਕਲਮ ਦਾ ਟੱਕ।

زبان‌گرفتن ***ਜ਼ਬਾਨ ਗਿਰਿਫ਼ਤਨ*** : ਤੋਤਲਾ ਹੋਣਾ, ਤੁਤਲਾਉਣਾ, ਥਥਿਆਣਾ।

زبان‌گرفته ***ਜ਼ਬਾਨ ਗਿਰਿਫ਼ਤਾ*** : ਥਥਾ, ਤੋਤਲਾ।

زبان‌گویا ***ਜ਼ਬਾਨ-ਗੋਯਾ*** : ਕਲਾਤਮਕ ਭਾਸ਼ਣਕਾਰ।

زبان‌گیر ***ਜ਼ਬਾਨਗੀਰ*** : ਜਸੂਸ, ਸੂਹੀਆ।

زبانی ***ਜ਼ਬਾਨੀ*** : (ਜ਼ਿਬਨੀ **زبنی** ਦਾ ਬੌਹਵਚਨ) ਜ਼ਬਾਨ ਨਾਲ ਸਬੰਧਤ, ਜ਼ਬਾਨ ਦੀ, ਆਕੀ, ਬਾਗੀ।

زبانه ***ਜ਼ਬਾਨਾ*** : ਅੱਗ ਦੀ ਲਾਟ, ਸ਼ੋਲਾ।

زبانیا ***ਜ਼ਬਾਨੀਯਾ*** : ਦੋਜ਼ਖ਼ ਦੇ ਦਰਬਾਨ, ਸਰਕਸ਼ ਦਿਉ।

زبده ***ਜ਼ੁਬਦਾ*** : ਮੱਖਣ, ਹਰ ਚੀਜ਼ ਦਾ ਖੁਲਾਸਾ, ਹਰ ਚੀਜ਼ ਦਾ ਉਤਮ ਭਾਗ, ਚੁਣਿਆ ਹੋਇਆ।

زبر ***ਜ਼ਬਰ*** : ਸ਼ਕਤੀਸ਼ਾਲੀ, ਉਪਰ, ਉੱਚਾ, ਜ਼ਿਆਦਾ ਵੱਡਾ, ਭਾਰੀ, ਅੱਖਰ ਉਤੇ ਖਿਚੀ ਛੋਟੀ ਲਕੀਰ ਜਿਸ ਨੂੰ 'ਫਤੇਹ' ਕੈਂਹਦੇ ਹਨ।

زبر ***ਜ਼ਬਰ*** : ਲਿਖਣਾ, ਤਕੜਾ, ਮਜ਼ਬੂਤ, ਸਖ਼ਤ, ਹੌਲਾ, ਸਿਆਣਪ, ਚੀਕ ਕੇ ਬੋਲਣਾ, ਡਾਂਟਣਾ।

زبر ***ਜ਼ਿਬਰ*** : ਯਾਦ, ਮੂੰਹ ਜ਼ਬਾਨੀ ਯਾਦ; ਕਿਤਾਬ, ਲਿਖਿਆ ਹੋਇਆ।

زبرپوش ***ਜ਼ਬਰਪੋਸ਼*** : ਰਜ਼ਾਈ, ਲੇਫ਼।

زبرتنگ ***ਜ਼ਬਰ ਤੰਗ*** : ਘੋੜੇ ਦਾ ਦੂਜਾ ਤੰਗ ਜੋ ਇਕ ਤੰਗ ਦੇ ਉਤੇ ਬੰਨ੍ਹਿਆ ਜਾਂਦਾ ਹੈ।

زبرج ***ਜ਼ਿਬਰਿਜ*** : ਸੋਨਾ, ਸਜਾਵਟ, ਸ਼ਿੰਗਾਰ।

زبرجد ***ਜ਼ਬਰਜਦ*** : ਇਕ ਖਣਜ ਪਦਾਰਥ ਜੋ ਮਿਸਰ ਤੇ ਸ਼ਾਮ ਵਿਚ ਮਿਲਦਾ ਹੈ, ਇਸ ਦਾ ਰੰਗ ਪੀਲੀ ਸਾਵੀ ਭਾਹ ਮਾਰਦਾ ਹੁੰਦਾ ਹੈ।

زبردست ***ਜ਼ਬਰਦਸਤ*** : ਸ਼ਕਤੀਸ਼ਾਲੀ, ਗਾਲਿਬ, ਹਾਣੀ, ਧਿੰਗੋਜ਼ੋਰੀ ਕਰਨ ਵਾਲਾ, ਡਾਢਾ।

زبردستی ***ਜ਼ਬਰਦਸਤੀ*** : ਜ਼ਿਆਦਤੀ, ਵਧੀਕੀ, ਧਿੰਗੋਜ਼ੋਰੀ, ਜ਼ੁਲਮ।

زبرقان ***ਜ਼ਿਬਰਿਕਾਨ*** : ਚੌਧਵੀਂ ਦਾ ਚੰਦ, ਪੂਰਨਮਾਸ਼ੀ ਦਾ ਚੰਦਰਮਾ, ਇਕ ਸਹਾਬੀ ਦਾ ਨਾਮ; ਖੋਦਾ; ਚਿੱਟਾ ਕਾਗਜ਼।

زبور ***ਜ਼ਬੂਰ*** : ਲਿਖੀ ਹੋਈ ਚੀਜ਼, ਲਿਖਤ, ਕਿਤਾਬ, ਓਹ ਅਸਮਾਨੀ ਪੁਸਤਕ ਜੇਹੜੀ ਹਜ਼ਰਤ ਦਾਊਦ 'ਤੇ ਉਤਰੀ ਸੀ, ਰਾਗ, ਗੀਤ।

زبون ***ਜ਼ਬੂਨ*** : ਆਜਜ਼, ਵਿਚਾਰਾ, ਕਮਜ਼ੋਰ, ਮਾੜਾ; ਕੈਦੀ, ਬੰਦੀ; ਭੈੜਾ, ਬੁਰਾ।

زبونی ***ਜ਼ਬੂਨੀ*** : ਆਜਜ਼ੀ, ਕਮਜ਼ੋਰੀ।

زبیب ***ਜ਼ਬੀਬ*** : ਸੁਕੇ ਅੰਗੂਰ, ਕਿਸ਼ਮਿਸ਼, ਸੌਗੀ, ਸੁੱਕੀ ਅੰਜੀਰ, ਪਾਣੀ ਦੀ ਝੱਗ, ਸਪ ਦੇ ਮੂੰਹ ਦਾ ਵਿਸ਼।

زبیدہ ***ਜ਼ੁਬੈਦਾ*** : ਹਾਰੂਨ-ਰਸ਼ੀਦ ਦੀ ਮਲਕਾ ਦਾ ਨਾਮ ਜੋ ਬੜੀ ਨੇਕ ਤੇ ਪਾਕ ਇਸਤਰੀ ਸੀ।

زبیل ***ਜ਼ਬੀਲ*** : ਗੋਹਾ।

زبیل ***ਜ਼ਿਬੀਲ*** : ਅੰਦਰੋਂ ਖਾਲੀ ਕੀਤਾ ਹੋਇਆ ਕੱਦੂ, ਤੂੰਬਾ, ਤੂੰਬੀ, ਥੈਲੀ।

زجاج ***ਜ਼ਜਾਜ,*** **زجاج** ***ਜ਼ੁਜਾਜ,*** **زجاج** ***ਜ਼ਿਜਾਜ,*** **زجاجہ** ***ਜ਼ੁਜਾਜਾ*** : ਸ਼ੀਸ਼ਾ, ਕੱਚ, ਕੰਦੀਲ ਵਰਗਾ ਸ਼ੀਸ਼ੇ ਦਾ ਬਰਤਨ, ਅਰਕ ਭਰਨ ਦਾ ਸ਼ੀਸ਼ੇ ਦਾ ਬਰਤਨ।

زجاج ***ਜ਼ਜੱਾਜ*** : ਕੱਚ ਦੇ ਬਰਤਨ ਬਣਾਉਣ ਵਾਲਾ, ਸ਼ੀਸ਼ਾਗਰ।

زجاجی ***ਜ਼ੁਜਾਜੀ*** : ਸ਼ੀਸ਼ੇ ਦਾ ਬਣਿਆ ਹੋਇਆ।

زجال ***ਜ਼ਜਾਲ*** : ਮੱਕੜੀ।

زجر ***ਜ਼ਜਰ*** : ਰੋਕਣਾ, ਹੋੜਨਾ, ਵਰਜਣਾ; ਰੋਕ, ਘੁਰਕੀ, ਝਿੜਕੀ, ਧਮਕੀ; ਊਠ ਆਦਿ ਨੂੰ ਪਿਛੋਂ ਦੀ ਹਿੱਕਣਾ।

زجرہ ***ਜ਼ਜਰਾ*** : ਬੌਹੁਤ ਸਖ਼ਤ ਅਵਾਜ਼, ਖੱਪ ਖੇੜ, ਰੌਲਾ-ਗੌਲਾ, ਕਿਆਮਤ (ਕਿਯਾਮਤ) ਵਾਲੇ ਦਿਨ ਵਜਾਏ ਜਾਣ ਵਾਲੇ ਬਿਗਲ ਦੀ ਅਵਾਜ਼।

زجیر ***ਜ਼ਜੀਰ*** : ਰੋਕਣ ਵਾਲਾ, ਵਰਜਣ ਵਾਲਾ।

زچہ ***ਜ਼ਚਾ,*** **زچّہ** ***ਜ਼ੱਚਾ*** : ਓਹ ਇਸਤਰੀ ਜਿਸ ਨੇ ਹੁਣੇ-ਹੁਣੇ ਬੱਚਾ ਜੰਮਿਆ ਹੋਵੇ।

زچہ‌خانہ ***ਜ਼ੱਚਾ ਖ਼ਾਨਾ*** : ਜ਼ੱਚਾ-ਘਰ, ਜਿਥੇ ਓਹ ਬਚੇ ਨੂੰ ਜਨਮ ਦੇਵੇ ਤੇ ਇਲਾਜ ਆਦਿ ਕਰਵਾਏ।

زحاف ***ਜ਼ਿਹਾਫ਼*** : ਗਿਰਾਵਟ, ਕਮੀ, ਸ਼ੇਅਰ ਵਿਚ ਦੋ ਹਰਫ਼ਾਂ ਦੇ ਵਿਚੋਂ ਇਕ ਹਰਫ਼ ਦਾ ਡਿਗ ਪੈਣਾ, ਅਜੇਹੇ ਸ਼ੇਅਰ ਨੂੰ 'ਮੁਜ਼ਾਹਫ਼' ਕੈਂਹਦੇ ਹਨ।

زحل ***ਜ਼ੁਹਲ*** : ਇਕ ਪਰਸਿੱਧ ਸਤਾਰਾ ਜੋ ਸਤਵੇਂ ਅਸਮਾਨ ਤੇ ਹੈ, ਇਸ ਨੂੰ 'ਨਹਸ-ਏ-ਅਕਬਰ' (ਅਤਿਅੰਤ ਅਸ਼ੁਭ) ਸਮਝਦੇ ਹਨ, ਏਹ ਸਤਾਰਾ ਤੀਹਾਂ ਸਾਲਾਂ ਵਿਚ ਸੂਰਜ ਦੁਆਲੇ ਆਪਣਾ ਇਕ ਗੇੜਾ ਪੂਰਾ ਕਰਦਾ ਹੈ, ਸੂਰਜ ਤੋਂ ਏਹ ੮੮ ਕਰੋੜ ਮੀਲ ਤੋਂ ਵੱਧ ਦੂਰੀ ਤੇ ਹੈ ਇਸ ਨੂੰ ਹਿੰਦੂ-ਏ-ਫਲਕ ਵੀ ਕੈਂਹਦੇ ਹਨ, ਸਨਿੱਚਰ ਸਤਾਰਾ।

زحمت ***ਜ਼ਹਮਤ*** : ਦੁੱਖ, ਤਕਲੀਫ, ਤੰਗੀ, ਸਖ਼ਤੀ, ਖੇਚਲ, ਲੋਕਾਂ ਦਾ ਇਕੱਠ, ਭੀੜ।

زحمات ***ਜ਼ਹਮਾਤ*** : ਜ਼ੈਹਮਤ ਦੀ ਜਗ੍ਹਾ, ਦੁੱਖ ਦਾ ਘਰ।

زخ ***ਜ਼ਖ਼*** : ਸ਼ੋਰ ਸ਼ਰਾਬਾ, ਰੌਲਾ, ਘੰਟੇ ਜਾਂ ਘੰਟੀ ਦੀ ਅਵਾਜ਼।

زخّار ***ਜ਼ੱਖ਼ਾਰ*** : ਰੌਲਾ ਪਾਉਣ ਵਾਲਾ, ਨਾਅਰਾ ਮਾਰਨ ਵਾਲਾ, ਨੱਕੋ ਨੱਕ ਭਰਿਆ ਹੋਇਆ, ਹੜ੍ਹ ਆਇਆ (ਦਰਿਆ), ਮੌਜਾਂ ਮਾਰਦਾ ਹੋਇਆ, ਲੈਹਰਾਂ ਲੈਂਦਾ ਹੋਇਆ, ਠਾਠਾਂ ਮਾਰਦਾ ਹੋਇਆ।

زخم ***ਜ਼ਖ਼ਮ*** : ਫੱਟ, ਦਾਗ਼, ਝਰੀਟ, ਸੱਟ, ਬੀਮਾਰੀ।

زخم‌آزما ***ਜ਼ਖ਼ਮ-ਆਜ਼ਮਾ*** : ਬੌਹਤ ਘਾਇਲ ਤੇ ਜ਼ਖ਼ਮੀ।

زخم‌چشیدن ***ਜ਼ਖ਼ਮ ਚਸ਼ੀਦਨ*** , **زخم‌خوردن** ***ਜ਼ਖ਼ਮ ਖ਼ੁਰਦਨ*** : ਜ਼ਖ਼ਮੀ ਹੋਣਾ।

زخم‌خوردہ ***ਜ਼ਖ਼ਮ ਖ਼ੁਰਦਾ*** : ਜ਼ਖ਼ਮੀ, ਘਾਇਲ।

زخم‌دار ***ਜ਼ਖ਼ਮਦਾਰ*** : ਜ਼ਖ਼ਮੀ, ਘਾਇਲ।

زخمِ‌دامن‌دار ***ਜ਼ਖ਼ਮ-ਏ-ਦਾਮਨਦਾਰ*** : ਗੈਹਰਾ ਜ਼ਖ਼ਮ, ਖੁਲ੍ਹੇ ਮੂੰਹ ਵਾਲਾ ਜ਼ਖ਼ਮ।

زخمِ‌درست ***ਜ਼ਖ਼ਮ-ਏ- ਦੁਰੁਸਤ*** : ਮੌਤ।

زخمِ‌رکاب ***ਜ਼ਖ਼ਮ-ਏ-ਰਕਾਬ*** :

ਪੁਰਾਣੇ ਸਮਿਆਂ ਵਿਚ ਘੋੜਸਵਾਰ ਜੰਗ ਸਮੇਂ ਜ਼ੀਨ ਵਿਚ ਕੰਡਿਆਲੀ ਰਕਾਬ ਲਗਾਉਂਦੇ ਸਨ ਤੇ ਕੰਡਿਆਲੀ ਹੀ ਜੁੱਤੀ ਪਾਉਂਦੇ ਸਨ ਜਿਸ ਨਾਲ ਦੁਸ਼ਮਣ ਨੂੰ ਜ਼ਖਮ ਲਗਾਉਂਦੇ ਸਨ, ਇਸ ਜ਼ਖਮ ਨੂੰ ਜ਼ਖਮ-ਏ-ਰਕਾਬ ਕੈਂਹਦੇ ਸਨ।

زخمریز ***ਜ਼ਖਮ-ਰੇਜ਼*** : ਜ਼ਖਮ ਕਰਨ ਵਾਲਾ।

زخمِ‌کاری ***ਜ਼ਖਮ-ਏ-ਕਾਰੀ*** : ਮਾਰੂ ਫੱਟ, ਮਾਰੂ ਘਾਓ।

زخمِ‌کوس ***ਜ਼ਖਮ-ਏ-ਕੂਸ*** : ਨਕਾਰੇ ਦੀ ਚੋਟ।

زخمِ‌منکر ***ਜ਼ਖਮ-ਏ-ਮੁਨਕਿਰ*** : ਗੈਹਰਾ ਘਾਓ।

زخمناک ***ਜ਼ਖਮ-ਨਾਕ*** : ਜ਼ਖਮੀ, ਘਾਇਲ।

زخمِ‌نمکبند ***ਜ਼ਖਮ-ਏ-ਨਮਕਬੰਦ*** : ਅਜੇਹਾ ਜ਼ਖਮ, ਜਿਸ ਦਾ ਖ਼ੂਨ ਬੰਦ ਕਰਨ ਲਈ ਉਸ ਉਤੇ ਲੂਣ ਬੰਨ੍ਹ ਦਿੰਦੇ ਹਨ।

زخمه ***ਜ਼ਖਮਾ*** : ਸਾਜ਼ ਵਜਾਉਣ ਦਾ ਸੰਦ, ਮਿਜ਼ਰਾਬ, ਨਗਾਰੇ ਦੀ ਚੋਟ, ਡੱਗਾ।

زخمه‌ور ***ਜ਼ਖਮਾਵਰ*** : ਸਾਜ਼ ਵਜਾਉਣ ਵਾਲਾ, ਵਜੰਤਰੀ, ਗਵੱਈਆ, ਰਾਗੀ।

زخمی ***ਜ਼ਖਮੀ*** : ਜ਼ਖਮੀ, ਘਾਇਲ, ਜਿਸ ਨੂੰ ਫੱਟ ਪਵੇ।

زن ***ਜ਼ਦ*** : ਮਾਰ, ਮਾਰਿਆ, ਕੁਟਿਆ, ਚੋਟ, ਨਿਸ਼ਾਨਾ, ਨਿਸ਼ਾਨੇ ਦਾ ਸਾਮ੍ਹਣਾ, ਨੁਕਸਾਨ।

زدن ***ਜ਼ਦਨ*** : ਮਾਰਨਾ, ਕੁਟਣਾ, ਏਹ ਸ਼ਬਦ ਨਾਵਾਂ ਨਾਲ ਆ ਕੇ ਹੇਠ ਲਿਖੇ ਅਨੁਸਾਰ ਵੱਖ-ਵੱਖ ਅਰਥ ਦਿੰਦਾ ਹੈ:

آبله‌زدن ***ਆਬਲਾ-ਜ਼ਦਨ*** : ਛਾਲੇ ਨਿਕਲਣਾ।

آتش‌زدن ***ਆਤਿਸ਼-ਜ਼ਦਨ*** : ਅੱਗ ਲਾਉਣਾ, ਸਾੜਨਾ।

پازدن ***ਪਾ-ਜ਼ਦਨ*** : ਪੰਧ ਨਿਬੇੜਨਾ।

تیغ‌زدن ***ਤੇਗ-ਜ਼ਦਨ*** : ਤਲਵਾਰ ਮਾਰਨਾ, ਤਲਵਾਰ ਚਲਾਉਣਾ।

چشم‌براه‌زدن ***ਚਸ਼ਮ-ਬ-ਰਾਹ ਜ਼ਦਨ*** : ਅਖ ਰਾਹ ਤੇ ਰਖਣਾ, ਉਡੀਕਣਾ।

حرف‌زدن ***ਹਰਫ਼-ਜ਼ਦਨ*** : ਆਖਣਾ, ਗੱਲ ਕਰਨਾ।

خیمه‌زدن ***ਖ਼ੈਮਾ-ਜ਼ਦਨ*** : ਖ਼ੈਮਾ ਗਡਣਾ, ਖੜ੍ਹਾ ਕਰਨਾ।

راه‌زدن ***ਰਾਹ-ਜ਼ਦਨ*** : ਲੁੱਟਣਾ।

رگ‌زدن ***ਰਗ-ਜ਼ਦਨ*** : ਰਗ ਖੋਲ੍ਹਣਾ।

روغن‌زدن ***ਰੋਗ਼ਨ-ਜ਼ਦਨ*** : ਤੇਲ ਮਲਣਾ।

سکه‌زدن ***ਸਿੱਕਾ-ਜ਼ਦਨ*** /: ਸਿੱਕਾ ਚਲਾਉਣਾ, ਮਾਰਨਾ।

سیراب‌زدن ***ਸੈਰਾਬ-ਜ਼ਦਨ*** : ਭਰ ਦੇਣਾ।

شراب‌زدن ***ਸ਼ਰਾਬ-ਜ਼ਦਨ*** : ਸ਼ਰਾਬ ਪੀਣਾ।

شعله‌زدن ***ਸ਼ੁਅਲਾ-ਜ਼ਦਨ*** : ਸ਼ੋਲਾ ਭੜਕਣਾ, ਮੱਚਣਾ।

صدمه‌زدن ***ਸਦਮਾ-ਜ਼ਦਨ*** : ਸਦਮਾ ਪੌਹਚਾਉਣਾ।

طبل‌زدن ***ਤਬਲ-ਜ਼ਦਨ*** : ਢੋਲ ਵਜਾਉਣਾ।

عنان‌زدن ***ਇਨਾਨ-ਜ਼ਦਨ*** : ਵਾਗ ਫ਼ੇਰਨਾ।

فرش‌زدن ***ਫ਼ਰਸ਼-ਜ਼ਦਨ*** : ਦਰੀ ਵਿਛਾਉਣਾ।

قرعه‌زدن ***ਕੁਰਅ਼ਾ-ਜ਼ਦਨ*** : ਫ਼ਾਲ ਪਾਉਣਾ।

قفل‌زدن ***ਕੁਫ਼ਲ-ਜ਼ਦਨ*** : ਬੰਦ ਕਰਨਾ, ਜੰਦਰਾ ਮਾਰਨਾ।

قلم‌زدن ***ਕਲਮ-ਜ਼ਦਨ*** : ਮਨਸੂਖ ਕਰਨਾ।

کباب‌زدن ***ਕਬਾਬ-ਜ਼ਦਨ*** : ਕਬਾਬ ਖਾਣਾ।

مشق‌زدن ***ਮਸ਼ਕ-ਜ਼ਦਨ*** : ਅਭਿਆਸ ਕਰਨਾ।

نقش‌زدن ***ਨਕਸ਼-ਜ਼ਦਨ*** : ਲਿਖਣਾ।

نمک‌زدن ***ਨਮਕ-ਜ਼ਦਨ*** : ਨਮਕ ਛਿੜਕਣਾ।

زدوکوب ਜ਼ਦ-ਉ-ਕੋਬ : ਮਾਰ ਕੁਟਾਈ, ਲੜਾਈ।

زده ਜ਼ਦਾ : ਮਾਰਿਆ ਹੋਇਆ, ਸੱਟ ਖਾਧਾ ਹੋਇਆ; ਸਜਾਇਆ ਹੋਇਆ।

زر ਜ਼ਰ : ('ਜ਼ਰਦ' ਦਾ ਸੰਖਿਪਤ ਰੂਪ), ਸੋਨਾ, ਅਸ਼ਰਫ਼ੀ, ਰੁਪਈਆ, ਪੈਸਾ, ਮਾਲ-ਧਨ, ਬੁੱਢਾ ਜਾਂ ਬੁੱਢੀ, ਜ਼ਾਲ ਜੋ ਰੁਸਤਮ ਦਾ ਪਿਤਾ ਸੀ, ਪੀਲਾ।

زرآب ਜ਼ਰਆਬ, زراب ਜ਼ਰਾਬ : ਹਲ ਕੀਤਾ ਹੋਇਆ ਸੋਨਾ, ਸੋਨੇ ਦੀ ਝਾਲ; ਪੀਲੇ ਰੰਗ ਦੀ ਸ਼ਰਾਬ, ਸੋਨੇ ਦਾ ਪਾਣੀ।

زراصل ਜ਼ਰ-ਏ-ਅਸਲ : ਅਸਲ ਰਕਮ, ਅਸਲ ਜ਼ਰ, ਮੂਲਧਨ।

زرافشان ਜ਼ਰ-ਅਫਸ਼ਾਨ : ਸੋਨੇ ਦੀ ਸੋਟ ਕਰਨਾ।

زراندود ਜ਼ਰ-ਅੰਦੂਦ : ਸੋਨੇ ਦਾ ਮੁਲੱਮਾ ਕੀਤੀ ਹੋਈ ਚੀਜ਼।

زرباف ਜ਼ਰਬਾਫ : ਬੁਣਨ ਵਾਲਾ।

زربافت ਜ਼ਰਬਾਫ਼ਤ, زربفت ਜ਼ਰਬਫ਼ਤ : ਸੋਨੇ ਤੇ ਰੇਸ਼ਮ ਦੀਆਂ ਤਾਰਾਂ ਨਾਲ ਬੁਣਿਆ ਹੋਇਆ ਕੱਪੜਾ।

زربنده ਜ਼ਰ-ਬੰਦਾ : ਬੰਦਾ-ਏ-ਜ਼ਰ, ਪੈਸੇ ਦਾ ਪੁੱਤ।

زربهاداده ਜ਼ਰ ਬਹਾ ਦਾਦਾ : ਜ਼ਰਖਰੀਦ ਗ਼ੁਲਾਮ।

زرپرست ਜ਼ਰ-ਪ੍ਰਸਤ, زردوست ਜ਼ਰ-ਦੋਸਤ : ਪੈਸੇ ਦਾ ਪੁਜਾਰੀ, ਲਾਲਚੀ, ਲੋਭੀ।

زرپاکعیار ਜ਼ਰ-ਏ-ਪਾਕ ਅੱਯਾਰ, زرتمامعیار ਜ਼ਰ-ਏ-ਤਮਾਮ ਅੱਯਾਰ, زرخشک ਜ਼ਰ-ਏ-ਖ਼ੁਸ਼ਕ, زرخلاص ਜ਼ਰ-ਏ-ਖ਼ਲਾਸ : ਖਾਲਸ ਸੋਨਾ।

زرپزی ਜ਼ਰ-ਪਜ਼ੀ : ਸੋਨਾ ਢਾਲਣਾ।

زرتار ਜ਼ਰ ਤਾਰ : ਸੋਨੇ ਦੀਆਂ ਤਾਰਾਂ ਦਾ ਬੁਣਿਆ ਹੋਇਆ।

زرچوبه ਜ਼ਰ ਚੋਬਾ : ਹਲਦੀ।

زرخرید ਜ਼ਰ ਖ਼ਰੀਦ : ਖ਼ਰੀਦਿਆ ਹੋਇਆ (ਗ਼ੁਲਾਮ)।

زرخیز ਜ਼ਰਖ਼ੇਜ਼ : ਉਪਜਾਊ (ਧਰਤ)।

زردستافشار ਜ਼ਰ-ਏ-ਦਸਤ ਅਫਸ਼ਾਰ : ਖ਼ੁਸਰੋ ਪਰਵੇਜ਼ ਦੇ ਖ਼ਜ਼ਾਨੇ ਦੇ ਸੋਨੇ ਦਾ ਨਾਮ ਜੋ ਮੋਮ ਵਾਂਗ ਨਰਮ ਸੀ।

زردوزی ਜ਼ਰਦੋਜ਼ੀ : ਸਿਲਮੇ ਸਤਾਰੇ ਦਾ ਕੰਮ।

زردهمهی ਜ਼ਰ-ਏ-ਦਹਮਹੀ, زررومی ਜ਼ਰ-ਏ-ਰੂਮੀ, زرسارا ਜ਼ਰ-ਏ-ਸਾਰਾ, زرمصری ਜ਼ਰ-ਏ-ਮਿਸਰੀ : ਖ਼ਾਲਸ ਸੋਨਾ।

زرساده ਜ਼ਰ-ਏ-ਸਾਦਾ : ਖਾਣ 'ਚੋਂ ਤਾਜ਼ਾ ਨਿਕਲਿਆ ਸੋਨਾ।

زرسرخ ਜ਼ਰ-ਏ-ਸੁਰਖ : ਸੋਨਾ, ਅਸ਼ਰਫੀ।

زرسفید ਜ਼ਰ-ਏ-ਸਫੇਦ : ਚਾਂਦੀ, ਰੁਪਈਆ।

زرشناس ਜ਼ਰ-ਸ਼ਿਨਾਸ : ਸੋਨਾ ਚਾਂਦੀ ਪਰਖਣ ਵਾਲਾ, ਸਰਾਫ਼।

زرصامت ਜ਼ਰ-ਏ-ਸਾਮਤ : ਸੋਨਾ, ਅਸ਼ਰਫ਼ੀ, ਚਾਂਦੀ, ਰੁਪਈਆ ਤੇ ਮਾਲ ਆਦਿ।

زرطلا ਜ਼ਰ-ਏ-ਤਿਲਾ : ਖਾਲਸ ਸੋਨਾ।

زرقلب ਜ਼ਰ-ਏ-ਕਲਬ : ਖੋਟਾ ਸੋਨਾ।

زرک ਜ਼ਰਕ : ਸੋਨੇ ਦੇ ਵਰਕ ਦੇ ਟੁਕੜੇ।

زرگل ਜ਼ਰ-ਏ-ਗੁਲ : ਗੁਲਾਬ ਦਾ ਰੇਜ਼ਾ।

زراب ਜ਼ਿਰਾਬ : ਬਗਦਾਦ ਦੇ ਨੇੜੇ ਇਕ ਪਹਾੜ ਦਾ ਨਾਮ।

زراتشت ਜ਼ਰਾਤੁਸ਼ਤ, زرتشت ਜ਼ਰਤੁਸ਼ਤ, زردشت ਜ਼ਰਦੁਸ਼ਤ : ਯੂਨਾਨ ਦੇ ਪਰਸਿੱਧ ਹਕੀਮ ਫ਼ੀਸ਼ਾਗੋਰਸ ਦੇ ਸ਼ਗਿਰਦ ਦਾ ਨਾਮ ਜੋ ਈਰਾਨ ਦੇ ਬਾਦਸ਼ਾਹ ਮਨੂਚਿਹਰ ਦੀ ਨਸਲ ਵਿਚੋਂ ਸੀ, ਜ਼ਰਦੁਸ਼ਤ ਨੇ ਗੁਸ਼ਤਾਸਪ ਦੇ ਰਾਜ ਸਮੇਂ ਨਬੀ ਹੋਣ ਦਾ ਦਾਅਵਾ ਕੀਤਾ ਤੇ ਅੱਗ-ਪੂਜਾ ਦਾ ਮਜ਼ਹਬ ਜਾਰੀ ਕੀਤਾ, ਉਸ ਦੇ ਗਰੰਥ 'ਜ਼ੰਦ ਅਵਸਤਾ' ਨੂੰ ਇਲਹਾਮੀ ਪੁਸਤਕ ਮੰਨਿਆ ਜਾਂਦਾ ਹੈ।

زراف ਜ਼ੁਰਾਫ਼, زرافه ਜ਼ੁਰਾਫ਼ਾ : ਸ਼ੁਤਰ ਗਾਉ ਪਲੰਗ, ਲੰਮੀ ਗਰਦਨ ਵਾਲਾ ਇਕ ਅਫ਼ਰੀਕੀ ਚੁਪਾਇਆ ਜਿਸ ਦਾ ਸਿਰ ਤੇ ਕੰਨ ਊਠ ਵਰਗੇ, ਅੱਖਾਂ ਹਰਨ ਵਾਂਗ ਉਭਰੀਆਂ ਹੋਈਆਂ, ਖੁਰ ਗਾਂ ਵਰਗੇ, ਧੌਣ ਊਠ ਵਰਗੀ, ਜੀਭ ਬੌਹਤੀ ਬਾਹਰ ਨਿਕਲੀ ਹੋਈ, ਰੰਗ ਸ਼ੇਰ ਤੇ ਚੀਤੇ ਵਰਗਾ ਅਤੇ ਊਠ ਵਰਗੀਆਂ ਚਾਰ ਟੰਗਾਂ ਹੁੰਦੀਆਂ ਹਨ।

زراق ਜ਼ਰਾਕ : ਦੋ ਦਿਲਾ ਜਿਸ ਦੇ ਦਿਲ ਵਿਚ ਕੁਝ ਹੋਰ 'ਤੇ ਜ਼ਬਾਨ 'ਤੇ ਕੁਝ ਹੋਰ ਹੋਵੇ, ਫ਼ਰੇਬੀ, ਵਿਤਕਰੇ ਪਾਉਣ ਵਾਲਾ।

زراق‌خانه ਜ਼ਰਾਕਖ਼ਾਨਾ : ਓਹ ਘਰ ਜਿਸ ਦੇ ਰੈਹਣ ਵਾਲੇ ਫ਼ਰੇਬੀ ਤੇ ਮੱਕਾਰ ਹੋਣ।

زراوند ਜ਼ਰਾਵੰਦ : ਇਕ ਦਵਾਈ ਦਾ ਨਾਮ।

زرد ਜ਼ਰਦ : ਪੀਲਾ, ਖੱਟਾ, ਬਸੰਤੀ।

زردآب ਜ਼ਰਦ ਆਬ : ਪੀਲਾ ਪਾਣੀ, ਪੀਕ, ਪੀਪ, ਸੁਫ਼ਰਾ, ਪਿਠ।

زردآلو ਜ਼ਰਦ ਆਲੂ : ਇਕ ਪਰਸਿੱਧ ਮੇਵਾ ਜਿਸ ਨੂੰ ਸੁਕਣ ਪਿਛੋਂ ਖ਼ੁਰਮਾਨੀ ਕੈਂਹਦੇ ਹਨ , ਇਕ ਪਰਕਾਰ ਦਾ ਪੀਲਾ ਆਲੂ।

زردچشم ਜ਼ਰਦ-ਚਸ਼ਮ : ਸ਼ਿਕਾਰੀ ਪੰਛੀ, ਜਿਵੇਂ ਸ਼ਾਹੀਨ, ਬਾਜ਼, ਜ਼ੁੱਰਾ ਆਦਿ।

زردرخ ਜ਼ਰਦ-ਰੁੱਖ਼, زردرو ਜ਼ਰਦ-ਰੂ : ਪੀਲੇ ਚੇਹਰੇ ਵਾਲਾ, ਆਸ਼ਕ, ਡਰਿਆ ਹੋਇਆ; ਸ਼ਰਮਿੰਦਾ।

زردروئی ਜ਼ਰਦ-ਰੂਈ : ਸ਼ਰਮਿੰਦਗੀ, ਜ਼ਿੱਲਤ, ਦੈਹਸ਼ਤ, ਇਸ਼ਕ।

زردکف ਜ਼ਰਦ-ਕਫ਼ : ਸੂਰਜ।

زردگوش ਜ਼ਰਦ-ਗੋਸ਼ : ਵਿਰੋਧੀ; ਆਲਸੀ, ਨਿਕੰਮਾ; ਡਰਿਆ ਹੋਇਆ, ਡਰਪੋਕ; ਬੇਗ਼ੈਰਤ, ਮੱਕਾਰ, ਫ਼ਰੇਬੀ।

زردک ਜ਼ਰਦਕ : ਗਾਜਰ।

زررود ਜ਼ਰਰੂਦ : ਹਰਾ ਰੰਗ, ਸਬਜ਼ ਰੰਗ।

زرزودیت ਜ਼ਰਜ਼ੂਦੀਯਤ : ਸਬਜ਼ ਰੰਗ ਵਾਲੀ ਚੀਜ।

زرع ਜ਼ਰਅ : ਖੇਤ, ਖੇਤੀ, ਖੇਤੀ ਕਰਨਾ, ਬੀਜਣਾ।

زرعه ਜ਼ੁਰਆ : ਤੁਖ਼ਮ, ਬੀਜ।

زرغونی ਜ਼ਰਗੂਨੀ : (ਜ਼ਰਗੂਨੀ زرگونی ਦਾ ਅਰਬੀ ਰੂਪਾਂਤਰ) ਇਕ ਦਵਾਈ ਦਾ ਨਾਮ ਜੋ ਗੁਰਦੇ ਤੇ ਪਿੱਠ ਨੂੰ ਤਕੜਾ ਕਰਦੀ ਹੈ।

زرق ਜ਼ਰਕ : ਨੀਲੀ ਅੱਖ ਵਾਲਾ ਹੋਣਾ, ਬਿੱਲੀ ਅੱਖ ਵਰਗਾ ਹੋਣਾ, ਬਿੱਲਾ, ਨੀਲੀ ਅੱਖ; ਮਕਰ, ਝੂਠ, ਨਿਫ਼ਾਕ, ਵੈਰ।

زرق ਜ਼ੁੱਰਕ : ਜ਼ੁੱਰਾ, ਚਿਟਾ ਬਾਜ਼।

زرق‌وبرق ਜ਼ਰਕ-ਉ-ਬਰਕ : ਟੀਪ-ਟਾਪ, ਸ਼ਾਨ-ਸ਼ੌਕਤ, ਰੋਹਬ-ਦਾਬ, ਸਜ-ਧਜ।

زرکار ਜ਼ਰਕਾਰ : ਜਿਸ ਉਤੇ ਮੁਲੰਮਾ ਹੋਇਆ ਹੋਵੇ, ਜ਼ਰੀ ਦੇ ਕੰਮ ਵਾਲੀ (ਚੀਜ਼)।

زرکش ਜ਼ਰਕਸ਼ : ਸੋਨੇ ਚਾਂਦੀ ਦੇ ਤਾਰ ਕੱਢਣ ਵਾਲਾ, ਕਲਾਬਤੂਨ ਬਣਾਉਣ ਵਾਲਾ; ਸੋਨੇ ਚਾਂਦੀ ਦੇ ਤਾਰਾਂ ਦਾ ਬੁਣਿਆ ਹੋਇਆ ਕਪੜਾ।

زرکوب ਜ਼ਰਕੋਬ : ਸੋਨੇ ਚਾਂਦੀ ਦੇ ਵਰਕ ਬਣਾਉਣ ਵਾਲਾ।

زرگر ਜ਼ਰਗਰ : ਸੁਨਿਆਰਾ।

زرگارِچرخ ਜ਼ਰਗਾਰ-ਏ-ਚਰਖ਼ : ਸੂਰਜ।

زرگری ਜ਼ਰਗਰੀ : ਸੁਨਿਆਰ ਦਾ ਪੇਸ਼ਾ।

زرگونی ਜ਼ਰਗੂਨੀ : ਇਕ ਦਵਾਈ ਦਾ ਨਾਮ ਜੋ ਗੁਰਦੇ ਤੇ ਪਿੱਠ ਨੂੰ ਤਕੜਾ ਕਰਦੀ ਹੈ।

زرنب ਜ਼ਰਨਬ : ਬਰਹਮੀ ਬੂਟੀ।

زرنگ ਜ਼ਰੰਗ : ਨਵਾਂ; ਇਕ ਬਿਰਛ ਦਾ ਨਾਮ ਜਿਸ ਦੀ ਲੱਕੜ ਦੇ ਜ਼ੀਨ ਤੇ ਬੱਲੇ ਬਣਦੇ ਹਨ; ਹਲਦੀ; ਹੁਸ਼ਿਆਰ; ਸਮਝਦਾਰ; ਘੋੜਿਆਂ ਦਾ ਗੱਲਾ।

زرنگار ਜ਼ਰਨਿਗਾਰ : ਓਹ ਚੀਜ਼ ਜਿਸ ਉਤੇ ਸੋਨੇ ਦੇ ਨਕਸ਼ ਬਣੇ ਹੋਣ, ਸੋਨੇ ਨਾਲ ਲਿਖਿਆ ਹੋਇਆ।

زرنی ਜ਼ਰਨੀ, زرنیخ ਜ਼ਰਨੀਖ : ਹੜਤਾਲ।

زر ورق ਜ਼ਰ ਵਰਕ : ਅਬਰਕ।

زروغ **ਜ਼ਰੂਗ਼** : ਡਕਾਰ।

زره **ਜ਼ਿਰਹ** : ਫ਼ੌਲਾਦ ਦੀਆਂ ਬਰੀਕ ਕੜੀਆਂ ਦਾ ਬਣਿਆ ਹੋਇਆ ਕੁਰਤਾ ਜੋ ਜੰਗ ਵੇਲੇ ਪੈਹਨਦੇ ਹਨ; ਚਿਲਤਾ।

زره‌پوشدین **ਜ਼ਿਰਹ ਪੋਸ਼ਦੀਨ** : ਜੰਗ ਲਈ ਤਿਆਰ ਹੋਣਾ।

زری **ਜ਼ਰੀ** : ਜ਼ਰ ਨਾਲ ਸਬੰਧਤ; ਜ਼ਰਬਫ਼ਤ, ਕਲਾਬਤੂਨ ਦਾ ਬਣਿਆ ਕੱਪੜਾ, ਸੁਨੈਹਰੀ ਤਾਰ, ਸੋਨੇ ਦੀ ਤਾਰ।

زرین **ਜ਼ੱਰੀਨ** : ਸੋਨੇ ਦਾ ਬਣਿਆ ਹੋਇਆ, ਸੋਨੇ ਦਾ ਕੰਮ ਕੀਤਾ ਹੋਇਆ।

زرین‌بیضهٔ‌خر **ਜ਼ੱਰੀਨ ਬੈਜ਼ਾ-ਏ-ਖ਼ੁਰ** : ਸਿਲਮੇ-ਸਤਾਰੇ ਵਾਲੀ ਸ਼ੈ, 'ਯੂਸੁਫ਼ ਜ਼ੁਲੈਖਾ' ਵਿਚ ਹਜ਼ਰਤ ਯੂਸਫ ਦੀ ਟੋਪੀ।

زرین‌ترنج **ਜ਼ੱਰੀਨ ਤੁਰੁੰਜ** : ਸੂਰਜ।

زرین‌درخت **ਜ਼ਰੀਨ ਦਰਖ਼ਤ** : ਨਿੰਬੂ ਦਾ ਪੇੜ।

زرین‌درفش **ਜ਼ੱਰੀਨ ਦਿਰਫ਼ਸ਼** : ਸੁਨੈਹਰੀ ਝੰਡਾ।

زرین‌ستون **ਜ਼ੱਰੀਨ ਸਤੂਨ** : ਸੁਨੈਹਰੀ ਪੇਟੀ ਵਾਲਾ ਗੁਲਾਮ।

زرین‌صدف/زرین‌کاسه **ਜ਼ੱਰੀਨ ਕਾਸਾ/ਜ਼ੱਰੀਨ ਸਦਫ਼,** زرین‌کلاه **ਜ਼ੱਰੀਨ ਕੁਲਾਹ** : ਸੂਰਜ।

زرین‌کلید **ਜ਼ਰੀਨ ਕਲੀਦ** : ਸਿਕੰਦਰਨਾਮਾ ਵਿਚ ਸਜਾਈ ਹੋਈ ਲਿਖਤ ਤੋਂ ਭਾਵ ਹੈ।

زرین‌گیاه **ਜ਼ੱਰੀਨ ਗਿਯਾਹ** : ਇਕ ਪਰਕਾਰ ਦਾ ਘਾਹ ਜੋ ਅਕਸੀਰ ਦੇ ਕੰਮ ਆਉਂਦਾ ਹੈ।

زرین‌نرگسه **ਜ਼ੱਰੀਨ ਨਰਗਸਾ** : ਸਤਾਰੇ।

زرین‌هما **ਜ਼ੱਰੀਨ ਹੁਮਾ** : ਸੂਰਜ।

زشت **ਜ਼ਿਸ਼ਤ** : ਭੈੜਾ, ਬੁਰਾ, ਕੋਝਾ, ਬਦਸ਼ਕਲ, ਕਰੂਪ, ਖੁਰਦਰਾ; ਗੰਦਾ, ਅਸ਼ਲੀਲ।

زشتار **ਜ਼ਿਸ਼ਤਾਰ,** زشت‌گو **ਜ਼ਿਸ਼ਤ ਗੋ** : ਮੰਦੇ ਬੋਲ ਬੋਲਣ ਵਾਲਾ।

زشت‌خو **ਜ਼ਿਸ਼ਤਖ਼ੂ,** زشت‌سیرت **ਜ਼ਿਸਤ-ਸੀਰਤ** : ਭੈੜੀ ਖ਼ਸਲਤ ਵਾਲਾ, ਭੈੜੇ ਸੁਭਾ ਵਾਲਾ।

زشت‌رو **ਜ਼ਿਸ਼ਤ-ਰੂ** : ਕੋਝਾ, ਕਰੂਪ, ਬਦਸ਼ਕਲ।

زشتی **ਜ਼ਿਸ਼ਤੀ** : ਬਦਸੂਰਤੀ, ਕੋਝਾਪਨ।

زشت‌یاد **ਜ਼ਿਸ਼ਤ-ਯਾਦ** : ਬਦਖੋਈ, ਨਿੰਦਾ, ਚੁਗ਼ਲੀ।

زعاف **ਜ਼ੁਆਫ਼** : ਅਚਾਨਕ ਮੌਤ, ਝੱਟ ਮਾਰ ਦੇਣ ਵਾਲੀ ਚੀਜ਼, ਜ਼ੈਹਰ ਆਦਿ।

زعفران **ਜ਼ਅਫ਼ਰਾਨ** : ਅਤਅੰਤ ਖ਼ੁਸ਼ਬੂਦਾਰ ਪੀਲੇ ਰੰਗ ਦਾ ਫੁੱਲ, ਕੇਸਰ।

زعفران‌ریز **ਜ਼ਅਫ਼ਰਾਨ-ਰੇਜ਼** : ਕੇਸਰ ਖਿਲਾਰਣ ਵਾਲਾ; ਅਤ ਪੀਲਾ।

زعفران‌زار **ਜ਼ਅਫ਼ਰਾਨ-ਜ਼ਾਰ** : ਕੇਸਰ ਦਾ ਖੇਤ, ਕੇਸਰ ਉਗਾਉਣ ਵਾਲੀ ਧਰਤੀ।

زعفرانی‌خنده **ਜ਼ਅਫ਼ਰਾਨੀ ਖ਼ੰਦਾ** : ਬੇਮੁਹਾਰਾ ਹੱਸਣਾ, ਬੇਮੁਹਾਰਾ ਹਾਸਾ, ਮਸ਼ਹੂਰ ਹੈ ਕਿ ਕੇਸਰ ਦੇ ਖੇਤ ਵਿਚ ਜਾਣ ਨਾਲ ਆਦਮੀ ਹੱਸਣ ਲੱਗ ਜਾਂਦਾ ਹੈ।

زعم **ਜ਼ਅਮ,** زعم **ਜ਼ਿਅਮ,** زعم **ਜ਼ੁਅਮ** : ਗੁਮਾਨ, ਅਨੁਭਵ, ਸੋਚ, ਅਨੁਮਾਨ, ਸੱਚ, ਬੋਲਣ ਦਾ ਗੁਮਾਨ।

زغاره **ਜ਼ਗ਼ਾਰਾ** : ਕੰਗਣੀ ਜਾਂ ਬਾਜਰਾ।

زغال **ਜ਼ੁਗ਼ਾਲ** : ਕੋਲਾ।

زغن **ਜ਼ਗ਼ਨ** : ਇੱਲ੍ਹ।

زغنار **ਜ਼ੁਗ਼ਨਾਰ** : ਇਕ ਪਰਕਾਰ ਦਾ ਘਾਹ ਜਿਸ ਤੋਂ ਲਾਲ ਰੰਗ ਮਿਲਦਾ ਹੈ।

زغند **ਜ਼ਗ਼ੰਦ** : ਛਾਲ, ਟਪ ਭੱਜ, ਹਿਰਨ ਦੀ ਚੌਕੜੀ, ਉੱਚੀ ਤਿਖੀ ਅਵਾਜ਼, ਚੀਤੇ ਦੀ ਅਵਾਜ਼, ਚੀਤਾ।

زغنگ **ਜ਼ਗ਼ੰਗ** : ਹਿਚਕੀ।

زغوته **ਜ਼ਗ਼ੂਤਾ** : ਸੂਤਰ ਦੀ ਅੱਟੀ।

زغیر **ਜ਼ਗ਼ੀਰ** : ਅਲਸੀ।

زف **ਜ਼ੱਫ਼** : ਹਵਾ ਦਾ ਚਲਣਾ, ਕਿਸੇ ਚੀਜ਼ ਦਾ ਤੇਜ਼ ਚਲਣਾ; ਵੌਹਟੀ ਨੂੰ ਪਤੀ ਦੇ ਘਰ (ਸੌਹਰੇ)

ਭੇਜਣਾ।

زفان ***ਜ਼ੁਫ਼ਾਨ*** : (= ਜ਼ਬਾਨ **زبان**) ਜ਼ਬਾਨ, ਜੀਭ।

زفانہ ***ਜ਼ੁਫ਼ਾਨਾ*** : ਜ਼ਬਾਨਾ, ਅੱਗ ਦਾ ਸ਼ੋਹਲਾ, ਅੱਗ ਦੀ ਲਾਟ।

زفت ***ਜ਼ਫ਼ਤ*** : ਮੋਟਾ, ਮਜ਼ਬੂਤ, ਪੱਕਾ, ਸਖ਼ਤ; ਤੇਜ਼ ਮਜ਼ੇ ਵਾਲਾ; ਕੁਸੈਲੀ (ਚੀਜ਼)।

زفت ***ਜ਼ੁਫ਼ਤ*** : ਕੰਜੂਸ, ਬਦਖ਼ੂ, ਭੈੜੇ ਸੁਭਾ ਵਾਲਾ, ਬਦਮਿਜ਼ਾਜ, ਭੈੜੇ ਸੁਆਦ ਵਾਲਾ।

زفو ***ਜ਼ੁਫ਼ੂ*** : ਮੂੰਹ, ਜੀਭ।

زفیف ***ਜ਼ਫ਼ੀਫ਼*** : ਬੌਹਤ ਦੌੜਨ ਵਾਲਾ, (ਨਰ ਸ਼ੁਤਰਮੁਰਗ ਜਾਂ ਆਦਮੀ)।

زق ***ਜ਼ਿੱਕ*** : ਚਮੜੇ ਦੀ ਬਣੀ ਮਸ਼ਕ।

زقاق ***ਜ਼ਿਕਾਕ*** : (ਜ਼ਿੱਕ **زق** ਦਾ ਬੌਹਵਚਨ) ਮਸ਼ਕਾਂ।

زقاق ***ਜ਼ੁਕਾਕ*** : ਗਲੀ, ਕੂੱਚਾ।

زقوم ***ਜ਼ਕੂਮ,*** **زقوم** ***ਜ਼ੱਕੂਮ*** : ਥੋਹਰ।

زک ***ਜ਼ਕ*** : (ਜ਼ਾਕ **زاک** ਦਾ ਸੰਖਿਪਤ ਰੂਪ) ਫਟਕੜੀ, ਹਾਰ, ਭਾਂਜ, ਦੋਸ਼, ਕਮਜ਼ੋਰ ਚਾਲ।

زکاسہ ***ਜ਼ੁਕਾਸਾ,*** **زکاشہ** ***ਜ਼ੁਕਾਸ਼ਾ*** : ਝਾੜ ਚੂਹਾ।

زکام ***ਜ਼ੁਕਾਮ*** : ਇਕ ਬੀਮਾਰੀ ਜਿਸ ਨਾਲ ਨੱਕ ਅਤੇ ਗਲੇ ਵਿਚ ਖਰਾਸ਼ ਪੈਦਾ ਹੋ ਜਾਂਦੀ ਹੈ ਅਤੇ ਨੱਕ ਵਿਚੋਂ ਰੇਸ਼ਾ ਡਿਗਦਾ ਰੈਂਹਦਾ ਹੈ, ਨੱਕ ਰਾਹੀਂ ਦਿਮਾਗ਼ ਚੋਂ ਪਾਣੀ ਡਿਗਣਾ।

زکان ***ਜ਼ਕਾਨ, ਜ਼ੁਕਾਨ*** : ਆਪਣੇ ਆਪ ਗੱਲਾਂ ਕਰਨ ਵਾਲਾ।

زکاوت ***ਜ਼ਕਾਵਤ*** : ਜ਼ਿਹਨ ਦੀ ਤੇਜ਼ੀ, ਤੀਖਣ ਬੁੱਧੀ, ਜ਼ਿਹਾਨਤ; ਅਗ ਦਾ ਭੜਕਣਾ।

زکریا ***ਜ਼ਕਰਿਯਾ*** : (ਪੰਜਾਬੀ ਵਿਚ ਪਰਚਲਤ ਰੂਪ ਜ਼ਕਰੀਆ ਹੈ) ਇਕ ਪਰਸਿੱਧ ਪੈਗ਼ੰਬਰ ਜੇਹੜੇ ਆਰੇ ਨਾਲ ਚੀਰੇ ਗਏ ਸਨ, ਹਜ਼ਰਤ ਈਸਾ ਓਹਨਾਂ ਦੇ ਸਮੇਂ ਹੀ ਪੈਦਾ ਹੋਏ ਸਨ।

زکوٰۃ ***ਜ਼ਕਾਤ*** : ਮਾਲ ਦਾ ਚਾਲ੍ਹੀਵਾਂ ਹਿੱਸਾ ਜੋ ਮੁਸਲਮਾਨਾਂ ਲਈ ਹਰ ਸਾਲ ਰਬ ਲੇਖੇ ਦੇਣਾ ਆਵਸ਼ਕ ਹੈ।

زکی ***ਜ਼ਕੀ*** : ਪਾਕ, ਪਵਿੱਤਰ, ਸਾਫ਼, ਸਿਆਣਾ; ਜ਼ਕਾਤ ਦੇਣ ਵਾਲਾ।

زگالاب ***ਜ਼ੁਗਾਲਾਬ*** : ਲਿਖਣ ਦੀ ਸਿਆਹੀ।

زلازل ***ਜ਼ਲਾਜ਼ਿਲ*** : (ਜ਼ਲਜ਼ਲਾ **زلزلہ** ਦਾ ਬੌਹਵਚਨ) ਭੁਚਾਲ।

زلال ***ਜ਼ੁਲਾਲ*** : ਸਾਫ਼ ਤੇ ਮਿੱਠਾ ਪਾਣੀ; ਬਰਫ਼ ਦਾ ਕੀੜਾ; ਸ਼ਰਾਬ।

زلالِ خضر ***ਜ਼ੁਲਾਲ-ਏ-ਖ਼ਿਜ਼ਰ*** : ਅੰਮ੍ਰਿਤ।

زلزلہ ***ਜ਼ਲਜ਼ਲਾ*** : ਚੰਗੀ ਤਰ੍ਹਾਂ ਹਿਲਾਉਣਾ; ਧਰਤੀ ਦਾ ਹਿਲਣਾ, ਭੁਚਾਲ।

زلف ***ਜ਼ੁਲਫ਼*** : (ਜ਼ੁਲਫ਼ਾ ਦਾ ਬੌਹਵਚਨ) ਰਾਤ ਦਾ ਇਕ ਹਿੱਸਾ, ਰਾਤ ਕਾਲੀ ਹੋਣ ਕਾਰਣ ਇਸ ਤੋਂ ਜਟਾ ਜਾਂ 'ਲਿਟ' ਤੋਂ ਭਾਵ ਲਿਆ ਜਾਂਦਾ ਹੈ।

زلفِ عروس ***ਜ਼ੁਲਫ਼-ਏ-ਅਰੂਸ*** : ਜ਼ੁਲਫ਼ ਵਰਗਾ ਇਕ ਫੁੱਲ, ਜੋ ਕਸ਼ਮੀਰ ਵਿਚ ਹੁੰਦਾ ਹੈ।

زلیبا ***ਜ਼ਲੇਬਾ*** : ਪਰਸਿੱਧ ਮਿਠਿਆਈ, ਜਲੇਬੀ।

زلیخا ***ਜ਼ੁਲੈਖ਼ਾ*** : ਮਿਸਰ ਦੇ ਅਜ਼ੀਜ਼ ਦੀ ਬੀਵੀ ਜੋ ਸ਼ਾਦੀ ਤੋਂ ਪੈਹਲਾਂ ਹਜ਼ਰਤ ਯੂਸੁਫ਼ ਨੂੰ ਸੁਫਨੇ ਵਿਚ ਵੇਖ ਕੇ ਓਹਨਾਂ 'ਤੇ ਮੋਹਤ ਹੋ ਗਈ ਸੀ, ਪਿਛੋਂ ਓਹਨਾਂ ਦੇ ਨਿਕਾਹ ਵਿਚ ਆਈ।

زم ***ਜ਼ਮ*** : ਮਮੂਲੀ ਸਰਦੀ; ਸਖ਼ਤ ਤੇ ਤੇਜ਼ ਹਵਾ।

زمام ***ਜ਼ਿਮਾਮ*** : ਊਠ ਦੀ ਨਕੇਲ, ਮੁਹਾਰ।

زمان ***ਜ਼ਮਾਨ*** : ਵਕਤ, ਸਮਾਂ, ਘੜੀ; ਰਾਜ-ਕਾਲ, ਵੇਹਲ, ਮੋਹਲਤ; ਮੌਤ; ਜਦ ਏਹ ਜ਼ਮੀਨ ਦੇ ਮੁਕਾਬਲੇ ਤੇ ਆਵੇ ਤਾਂ ਇਸ ਦਾ ਅਰਥ ਅਸਮਾਨ ਹੁੰਦਾ ਹੈ।

زمانہ ***ਜ਼ਮਾਨਾ*** : ਵਕਤ, ਸਮਾਂ, ਅਰਸਾ, ਮੁੱਦਤ, ਵਕਫ਼ਾ; ਰੁੱਤ; ਜੁੱਗ, ਸਦੀ; ਦੁਨੀਆਂ, ਦੁਨੀਆਂ ਦੇ ਲੋਕ।

زمانہساز ***ਜ਼ਮਾਨਾਸਾਜ਼*** : ਜ਼ਮਾਨੇ ਅਨੁਸਾਰ ਚਾਲ ਢਾਲ ਵਾਲਾ, ਜ਼ਮਾਨੇ ਦੇ ਰੁਖ ਵੇਖਣ ਵਾਲਾ; ਮਤਲਬ ਦਾ ਯਾਰ, ਸਵਾਰਥੀ।

زمانہسازی ***ਜ਼ਮਾਨਾਸਾਜ਼ੀ*** : ਜ਼ਾਹਰਦਾਰੀ, ਬਣਾਵਟ, ਖ਼ੁਸ਼ਾਮਦ, ਦੁਨੀਆਦਾਰੀ; ਮੱਕਾਰੀ।

زمانیان ***ਜ਼ਮਾਨੀਯਾਨ*** : ਨਵੇਂ ਜ਼ਮਾਨੇ ਦੇ ਲੋਕ।

زمر ***ਜ਼ੁਮਰ*** : ਜਮਾਤਾਂ, ਟੋਲੇ, ਕੁਰਾਨ ਸ਼ਰੀਫ਼ ਦੇ ਇਕ ਸੂਰੇ ਦਾ ਨਾਮ।

زمرد ***ਜ਼ੁਮੁੱਰਦ,*** **زمرذ** ***ਜ਼ੁਮੁੱਰੁਜ਼*** : ਇਕ ਹਰੇ ਰੰਗ ਦੇ ਕੀਮਤੀ ਜਵਾਹਰ ਦਾ ਨਾਮ, ਕਈ ਕੈਂਹਦੇ ਹਨ ਕਿ ਇਸ ਦੇ ਸਾਮ੍ਹਣੇ ਸੱਪ ਅੰਨ੍ਹਾ ਹੋ ਜਾਂਦਾ ਹੈ।

زمردگیا ***ਜ਼ੁਮੁੱਰਦ-ਗਿਯਾ*** : ਭੰਗ, ਹਸ਼ੀਸ਼, ਸੁੱਖਾ।

زمردی/زمردین ***ਜ਼ੁਮੁੱਰਦੀ/ ਜ਼ੁਮੁੱਰਦੀਨ*** : ਜ਼ਮੁੱਰਦ ਦੇ ਰੰਗ ਵਰਗੀ ਚੀਜ਼, ਹਰੇ ਰੰਗ ਦੀ।

زمره ***ਜ਼ੁਮਰਾ*** : ਆਦਮੀਆਂ ਦਾ ਟੋਲਾ, ਜਮਾਤ, ਸ਼੍ਰੇਣੀ।

زمزم ***ਜ਼ਮਜ਼ਮ*** : ਬੌਹਤ ਪਾਣੀ; ਮੱਕਾ ਸ਼ਰੀਫ਼ ਦਾ ਪਰਸਿਧ ਖੂਹ ਜਿਹੜਾ ਹਜ਼ਰਤ ਇਸਮਾਈਲ ਦੇ ਪੈਰ ਦੀ ਰਗੜ ਨਾਲ ਪਰਗਟ ਹੋਇਆ ਸੀ।

زمزم‌آتش‌فشاں ***ਜ਼ਮਜ਼ਮ-ਆਤਿਸ਼-ਫ਼ਿਸ਼ਾਂ*** : ਸੂਰਜ।

زمزمه ***ਜ਼ਮਜ਼ਮਾ*** : ਦੂਰੋਂ ਆਉਣ ਵਾਲੀ ਅਵਾਜ਼ ਜੋ ਮੱਖੀਆਂ ਦੀ ਭਿਣ-ਭਿਣਾਹਟ ਵਰਗੀ ਜਾਪਦੀ ਹੈ, ਗੀਤ, ਨਗ਼ਮਾਂ, ਗਾਣਾਂ; ਓਹ ਸ਼ਬਦ ਜੋ ਅਗਨੀ-ਪੂਜ ਖਾਣਾ ਖਾਣ ਸਮੇਂ ਬੋਲਦੇ ਹਨ ਇਸ ਵਿਚ ਹੋਂਠ ਤੇ ਜੀਭ ਨਹੀਂ ਹਿਲਦੇ, ਸਗੋਂ ਅਵਾਜ਼ ਨੱਕ ਤੇ ਸੰਘ 'ਚੋਂ ਨਿਕਲਦੀ ਹੈ; ਓਹ ਪਰਸਪਰ ਆਪਣਾ ਮਤਲਬ ਕੈਂਹਦੇ ਹਨ; ਹਰ ਹੌਲੀ ਅਵਾਜ਼ ਜੇਹੜੀ ਸਮਝੀ ਨਾ ਜਾਵੇ; ਸ਼ੇਰ ਦੀ ਅਵਾਜ਼।

زمزمه‌پرداز ***ਜ਼ਮਜ਼ਮਾ-ਪਰਦਾਜ਼*** : ਗਵੱਈਆ, ਗੀਤ ਗਾਉਣ ਵਾਲਾ, ਰਾਗੀ।

زمزمی ***ਜ਼ਮਜ਼ਮੀ*** : ਜ਼ਮਜ਼ਮ ਦਾ ਪਵਿੱਤਰ ਜਲ ਰਖਣ ਦਾ ਪਾਤਰ, ਹਾਜੀਆਂ ਨੂੰ ਜ਼ਮਜ਼ਮ ਦਾ ਪਾਣੀ ਦੇਣ ਵਾਲਾ, ਆਦਮੀ।

زمستان ***ਜ਼ਮਿਸਤਾਨ*** : ਸਰਦੀ ਦੀ ਰੁਤ, ਸਿਆਲ।

زمن ***ਜ਼ਮਨ*** : ਸਮਾਂ, ਵਕਤ।

زمهریر ***ਜ਼ਮਹਰੀਰ*** : ਸਖ਼ਤ ਸਰਦੀ, ਬੇਹੱਦ ਪਾਲਾ, ਦੋਜ਼ਖ ਦਾ ਓਹ ਥਾਂ ਜਿਥੇ ਦੋਜ਼ਖੀਆਂ ਨੂੰ ਸਖ਼ਤ ਸਰਦੀ ਦਾ ਦੁਖ ਦਿਤਾ ਜਾਵੇਗਾ, ਚੰਦ।

زمی ***ਜ਼ਮੀ*** : (ਜ਼ਮੀਨ **زمین** ਦਾ ਸੰਖਿਪਤ ਰੂਪ) ਧਰਤੀ।

زمیاد ***ਜ਼ਮੀਯਾਦ/ਜ਼ਮਯਾਦ*** : ਹਰ ਸੂਰਜੀ ਮਹੀਨੇ ਦੀ ਸਤਾਈਵੀਂ ਮਿਤੀ।

زمین ***ਜ਼ਮੀਨ*** : ਧਰਤੀ, ਪ੍ਰਿਥਵੀ, ਭੂਮੰਡਲ।

زمین‌بوس ***ਜ਼ਮੀਨਬੋਸ*** : ਧਰਤੀ ਚੁੰਮਣ ਵਾਲਾ, ਨਮਸਕਾਰ ਕਰਨ ਵਾਲਾ।

زمین‌پیما ***ਜ਼ਮੀਨ-ਪੈਮਾ*** : ਸੈਲਾਨੀ।

زمین‌حسن‌خیز ***ਜ਼ਮੀਨ-ਏ-ਹੁਸਨਖ਼ੇਜ਼*** : ਓਹ ਥਾਂ ਜਿਥੋਂ ਦੇ ਵਾਸੀ ਆਮ ਤੌਰ ਤੇ ਸੋਹਣੇ ਹੋਣ।

زمین‌خسته ***ਜ਼ਮੀਨ-ਏ-ਖ਼ਸਤਾ*** : ਓਹ ਧਰਤੀ ਜਿਸ 'ਤੇ ਹਲ ਚਲਾਇਆ ਗਿਆ ਹੋਵੇ ਤੇ ਓਹ ਬੌਹਤ ਨਰਮ ਹੋ ਗਈ ਹੋਵੇ।

زمیندار ***ਜ਼ਮੀਂਦਾਰ*** : ਜ਼ਮੀਨ ਦਾ ਮਾਲਕ, ਕਿਸਾਨ।

زمین‌درزمین ***ਜ਼ਮੀਨ ਦਰ ਜ਼ਮੀਨ*** : ਸਾਰੀ ਜ਼ਮੀਨ।

زمین‌دوز ***ਜ਼ਮੀਨਦੋਜ਼*** : ਪੱਕਾ, ਮਜ਼ਬੂਤ ਇਕ ਪਰਕਾਰ ਦਾ ਤੰਬੂ, ਜ਼ਮੀਨ ਹੇਠ ਦੱਬੀ ਹੋਈ ਚੀਜ਼।

زمین‌زاد/زاده ***ਜ਼ਮੀਨ-ਜ਼ਾਦ/ ਜ਼ਾਦਾ*** : ਮਿਟੀ ਤੋਂ ਪੈਦਾ ਹੋਇਆ।

زمین‌سنبه ***ਜ਼ਮੀਨ-ਸੁੰਬਾ*** : ਜ਼ਮੀਨ ਨੂੰ ਛੇਦ ਕਰਨ ਵਾਲਾ ਸੰਦ।

زمین‌سوخته ***ਜ਼ਮੀਨ-ਏ-ਸੋਖ਼ਤਾ*** : ਓਹ ਧਰਤੀ ਜੋ ਵਾਹੁਣਯੋਗ ਨਾ ਹੋਵੇ।

زمین‌کینه ***ਜ਼ਮੀਨ ਕੀਨਾ*** : ਸਖ਼ਤ ਕੀਨੇ ਵਾਲਾ ਆਦਮੀ।

زمین‌گل ***ਜ਼ਮੀਨ ਗਿਲ*** : ਚਿਕੜ।

زمین‌گیر ***ਜ਼ਮੀਨ-ਗੀਰ*** : ਆਪਣੀ ਥਾਂ ਤੋਂ ਨਾ ਹਿਲਣ ਵਾਲੀ (ਚੀਜ਼), ਅਹਿਲ।

زمین‌لرزش ***ਜ਼ਮੀਨ-ਲਰਜ਼ਿਸ਼,*** **زمین‌لرزه** ***ਜ਼ਮੀਨ-ਲਰਜ਼ਾ*** : ਭੁਚਾਲ।

زمین‌مرده ***ਜ਼ਮੀਨ-ਏ-ਮੁਰਦਾ*** :

ਬੰਜਰ, ਜ਼ਮੀਨ, ਕੱਲਰ ਜ਼ਮੀਨ।

زمینه ***ਜ਼ਮੀਨਾ*** : ਜ਼ਮੀਨ।

زن ***ਜ਼ਨ*** : ਇਸਤਰੀ, ਔਰਤ, ਨਾਰੀ, ਨਾਜ਼ਕ, ਕੋਮਲ; ਡਰਾਕਲ, ਕਿਸੇ ਸ਼ਬਦ ਦੇ ਪਿਛੇ ਆ ਕੇ ਕਰਤਾਵਾਚੀ ਅਰਥ ਦਿੰਦਾ ਹੈ, ਜਿਵੇਂ 'ਖ਼ੈਮਾ ਜ਼ਨ' (ਖ਼ੈਮਾ ਲਾਉਣ ਵਾਲਾ) ਤੂੰ ਮਾਰ ('ਜ਼ਦਨ' ਤੋਂ)।

زن‌باردار ***ਜ਼ਨ-ਏ-ਬਾਰਦਾਰ*** : ਗਰਭਵਤੀ ਇਸਤਰੀ।

زن‌باره ***ਜ਼ਨ ਬਾਰਾ*** : ਇਸਤਰੀਆਂ ਨਾਲ ਬੌਹਤ ਰਲਣ-ਮਿਲਣ ਵਾਲਾ।

زن‌بختی ***ਜ਼ਨ ਬਖ਼ਤੀ*** : ਨੰਗੀ ਇਸਤਰੀ।

زن‌بمزد ***ਜ਼ਨ-ਬ-ਮੁਜ਼ਦ*** : ਭੜੂਆ, ਦੱਲਾ।

زن‌پسر ***ਜ਼ਨ-ਏ-ਪਿਸਰ*** : ਪੁਤਰ ਦੀ ਵੌਹਟੀ, ਨੂੰਹ।

زن‌بردن ***ਜ਼ਨ ਬੁਰਦਨ,***
زن‌خواستن ***ਜ਼ਨ-ਖ਼੍ਵਾਸਤਨ,***
زن‌کردن ***ਜ਼ਨ ਕਰਦਨ*** : ਵਿਆਹ ਕਰਨਾ।

زن‌رسمی ***ਜ਼ਨ-ਏ-ਰਸਮੀ*** : ਵਿਆਹੁਤਾ ਇਸਤਰੀ।

زنک ***ਜ਼ਨਕ*** : ਨਿਕੰਮੀ ਔਰਤ।

زنکه ***ਜ਼ਨਕਾ*** : ਕਮੀਨੀ ਇਸਤਰੀ।

زن‌مرید ***ਜ਼ਨਮੁਰੀਦ*** : ਜੋਰੂ ਦਾ ਗ਼ੁਲਾਮ।

زنا ***ਜ਼ਿਨਾ*** : ਮਰਦ ਦਾ ਪਰਾਈ ਇਸਤਰੀ ਨਾਲ ਅਤੇ ਇਸਤਰੀ ਦਾ ਪਰਾਏ ਮਰਦ ਨਾਲ ਸੋਹਬਤ ਕਰਨਾ, ਹਰਾਮਕਾਰੀ, ਵਿਭਚਾਰ।

زناکار ***ਜ਼ਿਨਾ ਕਾਰ*** : ਵਿਭਚਾਰੀ, ਬਦਕਾਰ।

زناکاری ***ਜ਼ਿਨਾਕਾਰੀ*** : ਵਿਭਚਾਰ, ਬਦਕਾਰੀ।

زنار ***ਜ਼ੁੰਨਾਰ*** : ਇਕ ਪੇਟੀ ਜਾਂ ਧਾਗਾ ਜੋ ਪੂਰਬੀ ਈਸਾਈ, ਮਜੂਸੀ ਯਹੂਦੀ ਲਕ ਦੁਆਲੇ ਬੰਨ੍ਹਦੇ ਹਨ; ਹਿੰਦੂਆਂ ਦਾ ਪਵਿਤਰ ਧਾਗਾ, ਜੰਞੂ।

زناربستن ***ਜ਼ੁੰਨਾਰ ਬਸਤਨ*** : ਜੰਞੂ ਬੰਨ੍ਹਣਾ।

زناربند ***ਜ਼ੁੰਨਾਰ-ਬੰਦ*** : ਜੰਞੂ ਬੰਨ੍ਹਣ ਵਾਲਾ, ਬਾਹਮਣ।

زناردار ***ਜ਼ੁੰਨਾਰਦਾਰ*** : ਜੰਞੂ ਵਾਲਾ; ਬਾਹਮਣ।

زنانیر ***ਜ਼ੰਨਾਨੀਰ*** : (ਜ਼ੁੰਨਾਰ ਦਾ ਬੌਹਵਚਨ) ਜੰਞੂ (ਬੌਹੁਤੇ)।

زنبور ***ਜ਼ੰਬੂਰ*** : ਸ਼ੈਹਦ ਦੀ ਮਖੀ, ਮਖਿਆਲ; ਧਮੂੜੀ, ਡੇਹਮੂ।

زنبورخانه ***ਜ਼ੰਬੂਰਖ਼ਾਨਾ*** : ਸ਼ੈਹਦ ਦੀਆਂ ਮੱਖੀਆਂ ਦਾ ਛੱਤਾ।

زنبورزرد ***ਜ਼ੰਬੂਰ-ਏ-ਜ਼ਰਦ*** : ਧਮੂੜੀ, ਖੱਖਰ, ਭਰਿੰਡ।

زنبورسرخ ***ਜ਼ੰਬੂਰ-ਏ-ਸੁਰਖ਼*** : ਅੰਗਿਆਰ, ਧੁਖਦਾ ਹੋਇਆ ਕੋਲਾ।

زنبورعسل ***ਜ਼ੰਬੂਰ-ਏ-ਅਸਲ*** : ਸ਼ੈਹਦ ਦੀ ਮੱਖੀ।

زنبورگیلی ***ਜ਼ੰਬਰ-ਏ-ਗੀਲੀ*** : ਗੀਲਾਨ ਦੀ ਮਖੀ ਜੋ ਬੌਹਤ ਵਡੀ ਹੁੰਦੀ ਹੈ।

زنبورک ***ਜ਼ੰਬੂਰਕ*** : ਛੋਟੀ ਤੋਪ ਜੇਹੜੀ ਊਠ ਤੇ ਲਦੀ ਜਾਂਦੀ ਹੈ।

زنبوره ***ਜ਼ੰਬੂਰਾ*** : ਕਾਲੀ ਮੱਖੀ, ਭਰਿੰਡ, ਛੱਤਾ; ਛੋਟੀ ਤੋਪ; ਇਕ ਖਾਸ ਕਿਸਮ ਦੀ ਤੀਰ ਦੀ ਨੋਕ; ਇਕ ਸਾਜ਼ ਦਾ ਨਾਮ, ਬੀਨ; ਲੋਕਾਂ ਦੀ ਭੀੜ।

زنبوری ***ਜ਼ੰਬੂਰੀ*** : ਜਾਲੀਦਾਰ।

زنبیل ***ਜ਼ੰਬੀਲ*** : ਫ਼ਕੀਰਾਂ ਦੀ ਬਗਲੀ; ਝੋਲੀ, ਥੈਲਾ।

زنبیل‌باف/زنبیل‌ساز ***ਜ਼ੰਬੀਲ-ਬਾਫ਼/ਜ਼ੰਬੀਲ ਸਾਜ਼*** : ਜ਼ੰਬੀਲ ਬਣਾਉਣ ਵਾਲਾ।

زنبیل‌سلیمان ***ਜ਼ੰਬੀਲ-ਏ-ਸੁਲੇਮਾਨ*** : ਸੁਲੇਮਾਨ ਪਾਸ ਇਕ ਬਗਲੀ ਸੀ, ਜਿਸ ਵਿਚੋਂ ਓਹ ਜੋ ਚਾਹੁੰਦਾ ਕੱਢ ਲੈਂਦਾ ਸੀ।

زن‌پدره ***ਜ਼ਨ-ਪਿਦਰ*** : ਮਤੇਈ ਮਾਂ।

زنجار ***ਜ਼ੰਜਾਰ*** : (ਜ਼ੰਗਾਰ **زنگار** ਦਾ ਅਰਬੀ ਰੂਪਾਂਤਰ) ਜ਼ੰਗ, ਜੰਗਾਲ।

زنجان ***ਜ਼ੰਜਾਨ*** : ਕਜ਼ਵੀਨ ਤੇ ਤਬਰੇਜ਼ ਦੇ ਵਿਚਕਾਰ ਅਰਦਸ਼ੀਰ ਬਾਬਕਾਨ ਬਾਦਸ਼ਾਹ ਦਾ ਵਸਾਇਆ ਹੋਇਆ ਇਕ ਸ਼ੈਹਰ।

زنجب ***ਜ਼ੰਜਬ***, زنجبان ***ਜ਼ੰਜਬਾਨ*** : ਕਮਰਬੰਦ, ਪੇਟੀ।
زنجبار ***ਜ਼ੰਜਬਾਰ***, زنگبار ***ਜ਼ੰਗਬਾਰ*** : (ਜ਼ੰਗਬਾਰ زنگبار ਦਾ ਅਰਬੀ ਰੂਪਾਂਤਰ) ਅਫ਼ਰੀਕਾ ਦੇ ਪੂਰਬ ਵਿਚ ਇਕ ਟਾਪੂ।
زنجستان ***ਜ਼ੰਜਿਸਤਾਨ*** : ਹਬਸ਼ੀਆਂ ਦਾ ਮੁਲਕ, ਦੁਆਤ ਦੀ ਸਿਆਹੀ।
زنجبیل ***ਜ਼ੰਜਬੀਲ*** : ਸੁੰਢ।
زنجلب ***ਜ਼ਨਜਲਬ*** : ਭੜੂਆ, ਦੱਲਾ।
زنجی ***ਜ਼ੰਜੀ*** : (ਜ਼ੰਗੀ زنگی ਦਾ ਅਰਬੀ ਰੂਪਾਂਤਰ) ਹਬਸ਼ੀ।
زنجیر ***ਜ਼ੰਜੀਰ*** : ਲੋਹੇ ਦੀਆਂ ਕੜੀਆਂ ਜੋ ਪਰਸਪਰ ਗੰਢੀਆਂ ਹੋਣ।
زنجیردر ***ਜ਼ੰਜੀਰ-ਏ-ਦਰ*** : ਦਰਵਾਜ਼ੇ ਦੀ ਕੁੰਡੀ।
زنجیرساز ***ਜ਼ੰਜੀਰ-ਸਾਜ਼*** : ਜ਼ੰਜੀਰਾਂ ਬਣਾਉਣ ਵਾਲਾ।
زنجیرفیل ***ਜ਼ੰਜੀਰ ਫ਼ੀਲ*** : ਹਾਥੀਆਂ ਦੀ ਗਿਣਤੀ ਲਈ ਆਉਂਦਾ ਹੈ, ਪੰਜ ਜ਼ੰਜੀਰ ਫ਼ੀਲ ਭਾਵ ਪੰਜ ਹਾਥੀ, ਇਸੇ ਤਰਾਂ ਰੁਪਈਏ ਦੇ ਨਾਲ 'ਮੁਬਲਗ' ਘੋੜੇ ਨਾਲ 'ਲਗਾਮ' ਊਠ ਨਾਲ 'ਮੁਹਾਰ' ਅਤੇ ਹੋਰ ਪਸ਼ੂਆਂ ਨਾਲ ਰਾਸ ਲਿਖਦੇ ਹਨ।
زنجیرمو ***ਜ਼ੰਜੀਰ-ਮੂ*** : ਘੁੰਗਰਾਲੇ ਵਾਲਾਂ ਵਾਲਾ।
زنجیره ***ਜ਼ੰਜੀਰਾ*** : ਜ਼ੰਜੀਰ ਵਰਗੀ ਚੀਜ਼, ਲਿਟਾਂ, ਲੈਹਰ, ਲੈਹਰੀਆ।
زنجیری ***ਜ਼ੰਜੀਰੀ*** : ਪਾਗਲ ਕੈਦੀ।
زنچک ***ਜ਼ਨਚਕ***, زنچه ***ਜ਼ਨਚਾ*** : ਔਰਤਾਂ ਦੀ ਖ਼ਸਲਤ ਵਾਲਾ, ਬਦਕਾਰ, ਵਿਭਚਾਰਨ।
زنخ ***ਜ਼ਨਖ਼***, زنخدان ***ਜ਼ਨਖ਼ਦਾਨ*** : ਠੋਡੀ।
زن‌خواسته ***ਜ਼ਨ-ਖ਼ਾਸਤਾ*** : ਵਿਆਹਿਆ ਹੋਇਆ।
زند ***ਜ਼ੰਦ*** : ਜ਼ਰਤੁਸ਼ਤ ਦੀ ਧਰਮ-ਪੁਸਤਕ, ਜਿਸ ਨੂੰ ਪਾਰਸੀ ਇਲਹਾਮੀ ਗਰੰਥ ਮੰਨਦੇ ਹਨ, ਪੁਰਾਤਨ ਫ਼ਾਰਸੀ; ਬੜਾ, ਬਜ਼ੁਰਗ; ਪੌਚਾ; ਕਲਾਈ।

زندباف ***ਜ਼ੰਦ-ਬਾਫ਼***, زندخوان ***ਜ਼ੰਦ-ਖ਼ਾਨ***, زنددان ***ਜ਼ੰਦ-ਦਾਨ***, زندلاف ***ਜ਼ੰਦ ਲਾਫ਼*** : ਜ਼ੰਦ ਪੜ੍ਹਨ ਵਾਲਾ; ਪਾਰਸੀਆਂ ਦਾ ਧਾਰਮਕ ਆਗੂ; ਮੋਗੀ, ਬੁਲਬੁਲ, ਘੁੱਗੀ।
زندپیچی ***ਜ਼ੰਦ ਪੇਚੀ*** : ਗਾੜ੍ਹਾ ਖਦਰ ਜੋ ਬੁਖ਼ਾਰਾ ਨੇੜੇ ਜ਼ੰਦ ਵਿਚ ਬਣਦਾ ਹੈ।
زندرخی ***ਜ਼ੰਦ ਰੁਖ਼ੀ*** : ਕੋਰਾ ਕਪੜਾ ਜੋ ਜ਼ੰਦ ਪੜ੍ਹਨ ਵਾਲੇ ਸਿਰ 'ਤੇ ਪਗੜੀ ਵਾਂਗ ਬੰਨ੍ਹਦੇ ਹਨ।
زندستا ***ਜ਼ੰਦਸਤਾ*** : ਜ਼ੰਦ ਅਵਸਤਾ।
زندی ***ਜ਼ੰਦੀ*** : ਜ਼ੰਦ ਦਾ ਪੈਰੋਕਾਰ।
زندان ***ਜ਼ਿੰਦਾਨ*** : ਕੈਦਖ਼ਾਨਾ, ਬੰਦੀ-ਖ਼ਾਨਾ।
زندانچی ***ਜ਼ਿੰਦਾਨਚੀ*** : ਓਹ ਹਨੇਰਾ ਜੇਹੜਾ ਆਬ-ਏ-ਹਯਾਤ ਦੇ ਚਸ਼ਮੇ ਦੇ ਆਲੇ-ਦੁਆਲੇ ਚਾਲੀ ਚਾਲੀ ਮੀਲ ਤਕ ਹੈ; ਕੈਦਖ਼ਾਨੇ ਦਾ ਦਰੋਗ਼ਾ।
زندان‌خاموش(خاموشاں) ***ਜ਼ਿੰਦਾਨ-ਏ-ਖ਼ਾਮੋਸ਼ (ਖ਼ਾਮੋਸ਼ਾਂ)*** : ਕਬਰਸਤਾਨ।
زندان‌خانه ***ਜ਼ਿੰਦਾਨ ਖ਼ਾਨਾ***, زندان سرا ***ਜ਼ਿੰਦਾਨ-ਸਰਾ*** : ਕੈਦ-ਖ਼ਾਨਾ।
زندانِ‌سکندر ***ਜ਼ਿੰਦਾਨ-ਏ-ਸਿਕੰਦਰ*** : ਸ਼ੈਹਰ ਯਜ਼ਦ ਦੇ ਉਸ ਤੈਹਖ਼ਾਨੇ ਦਾ ਨਾਮ ਜਿਸ ਵਿਚ ਸਿਕੰਦਰ ਦਾ ਤਾਬੂਤ ਪਿਆ ਹੈ ਜਾਂ ਜਿਥੇ ਸਿਕੰਦਰ ਨੇ ਈਰਾਨ ਦੇ ਬਾਦਸ਼ਾਹ ਨੂੰ ਕੈਦ ਕੀਤਾ ਸੀ।
زندانیان ***ਜ਼ਿੰਦਾਨੀਯਾਨ*** : ਕੈਦੀ ਲੋਕ।
زندپیل ***ਜ਼ੰਦ ਪੀਲ***, زندفیل ***ਜ਼ੰਦ ਫ਼ੀਲ*** : ਬੌਹਤ ਵੱਡਾ ਹਾਥੀ।
زندق ***ਜ਼ੰਦਕ*** : ਬੌਹਤ ਕੰਜੂਸ ਆਦਮੀ, ਬਖ਼ੀਲ।
زندقه ***ਜ਼ੰਦਕਾ*** : ਬੇਦੀਨ ਹੋਣਾ, ਕੁਫ਼ਰ।
زندگانی ***ਜ਼ਿੰਦਗਾਨੀ***, زندگی ***ਜ਼ਿੰਦਗੀ*** : ਜੀਵਨ, ਉਮਰ।
زنده ***ਜ਼ਿੰਦਾ*** : ਜਿਊਂਦਾ, ਜਾਨਦਾਰ, ਜਿਊਂਦਾ

ਹੋਇਆ; ਵਡਾ।

زنده‌دار ***ਜ਼ਿੰਦਾਦਾਰ*** : ਬੌਹਤ ਜਾਗਣ ਵਾਲਾ, ਅਬਾਦ ਰਖਣ ਵਾਲਾ।

زنده‌دل ***ਜ਼ਿੰਦਾ-ਦਿਲ*** : ਮਖੌਲੀਆਂ, ਸਾਫ਼ ਦਿਲ, ਹੌਸਲੇ ਵਾਲਾ, ਸੂਫ਼ੀ, ਆਰਿਫ਼।

زنگ ***ਜ਼ੰਗ*** : ਘੰਟੀ, ਕਲੰਦਰਾਂ ਦੀ ਟੱਲੀ, ਸੰਖ, ਝਾਂਜਰ, ਲੋਹੇ ਦੀ ਮੈਲ, ਜੰਗਾਲ; ਧੁੱਪ, ਚਾਨਣੀ; ਤੇਜ਼; ਪਾਣੀ; ਖ਼ੂਨ; ਕਦੂਰਤ, ਮਨ ਦੀ ਮੈਲ; ਸ਼ਰਾਬ; ਚਿਕੜ; ਅੱਖ ਦੀ ਮੈਲ, ਗਿਡ; ਹਬਸ਼ੀਆਂ ਦਾ ਮੁਲਕ, ਜ਼ੰਗਬਾਰ (ਅਫ਼ਰੀਕਾ)।

زنگِ‌اخبار ***ਜ਼ੰਗ-ਏ-ਅਖ਼ਬਾਰ*** : ਨੌਕਰ ਨੂੰ ਬੁਲਾਉਣ ਵਾਲੀ ਘੰਟੀ।

زنگِ‌حیدری ***ਜ਼ੰਗ-ਏ-ਹੈਦਰੀ*** : ਨਾ ਛੋਟਾ ਨਾ ਵਡਾ ਘੜਿਆਲ ਜੇਹੜਾ ਸੁਰੀਲਾ ਹੋਵੇ।

زنگِ‌دل ***ਜ਼ੰਗ-ਏ-ਦਿਲ,*** **زنگِ‌سینه** ***ਜ਼ੰਗ-ਏ-ਸੀਨਾ*** : ਰੰਜ, ਗ਼ਮ।

زنگار ***ਜ਼ੰਗਾਰ*** : ਲੋਹੇ ਆਦਿ ਦੀ ਮੈਲ, ਜ਼ੰਗ, ਜੰਗਾਲ।

زنگل ***ਜ਼ੰਗਲ*** , **زنگوله** ***ਜ਼ੰਗੂਲਾ*** : ਘੰਟਾ; ਝਾਂਜਰ; ਰਾਗ ਦਾ ਇਕ ਘਰ, ਇਕ ਸੁਰ; ਘੁੰਗਰੂ।

زنگه ***ਜ਼ੰਗਾ*** : ਤੁਰਕਿਸਤਾਨ ਦੇ ਇਕ ਸ਼ੈਹਰ ਦਾ ਨਾਮ, ਜ਼ੰਗਾ ਪੈਹਲਵਾਨ ਜੋ ਇਸੇ ਸ਼ੈਹਰ ਦਾ ਸੀ।

زنگه‌شادران ***ਜ਼ੰਗਾ-ਏ-ਸ਼ਾਦਰਾਨ*** : ਈਰਾਨ ਦੇ ਇਕ ਪੈਹਲਵਾਨ ਦਾ ਨਾਮ ਜ਼ੰਗਾ, ਜੋ ਸ਼ਾਦਰਾਨ ਦਾ ਪੁਤਰ ਸੀ।

زنگی ***ਜ਼ੰਗੀ*** : ਹਬਸ਼ੀ, ਮੁਲਕ ਜ਼ੰਜਬਾਰ ਦਾ ਰੈਹਣ ਵਾਲਾ।

زنو ***ਜ਼ਨੂ*** : ਦੀਮਕ, ਸਿਓਂਕ।

زنهار ***ਜ਼ਿਨਹਾਰ*** : ਅਮਾਨ, ਹਿਫ਼ਾਜ਼ਤ, ਬਚਾ, ਸ਼ਰਨ; ਮੋਹਲਤ, ਇਕਰਾਰ, ਬਚਨ, ਅਮਾਨਤ, ਡਰ, ਭੈ, ਖ਼ੌਫ਼; ਸ਼ਿਕਾਇਤ, ਸ਼ਿਕਵਾ, ਨਹੋਰਾ, ਅਫ਼ਸੋਸ, ਹਸਰਤ; ਪਰਹੇਜ਼; ਖ਼ਬਰ, ਵਾਕਫ਼ੀਅਤ, ਹੋਸ਼; ਅਸਲੋਂ, ਹਰਗਿਜ਼, ਕਦੇ ਨਹੀਂ, ਖ਼ਿਆਲ ਰਖੀਂ, ਸਾਵਧਾਨ।

زنهارخوار ***ਜ਼ਿਨਹਾਰ ਖ਼ਾਰ*** : ਬਚਨ ਤੋੜਨ ਵਾਲਾ।

زنهارخواه ***ਜ਼ਿਨਹਾਰ ਖ਼ਾਹ*** : ਮੋਹਲਤ ਮੰਗਣ ਵਾਲਾ; ਸ਼ਰਨ ਚਾਹੁਣ ਵਾਲਾ।

زنهار داده ***ਜ਼ਿਨਹਾਰ ਦਾਦਾ*** : ਜਿਸ ਨੂੰ ਸ਼ਰਨ ਦਿੱਤੀ ਗਈ ਹੋਵੇ, ਸ਼ਰਨਾਰਥੀ।

زنهارگیر ***ਜ਼ਿਨਹਾਰਗੀਰ*** : ਸ਼ਰਨ ਦੇਣ ਵਾਲਾ।

زنهاری ***ਜ਼ਿਨਹਾਰੀ*** : ਸ਼ਰਨ ਚਾਹੁਣ ਵਾਲਾ, ਸ਼ਰਨਾਰਥੀ, ਦੂਜੇ ਧਰਮ ਦਾ ਜੋ ਮੁਸਲਮਾਨਾਂ ਦੀ ਸ਼ਰਨ ਵਿਚ ਆ ਜਾਵੇ, ਇਕਰਾਰ ਕਰਨ ਵਾਲਾ।

زو ***ਜ਼ਵ*** : ਨਦੀ, ਸਾਗਰ; ਤੈਹਮਾਸਪ ਦੇ ਪੁਤਰ ਦਾ ਨਾਮ।

زو ***ਜ਼ੂ*** : (ਜ਼ੂਦ **زود** ਦਾ ਸੰਖਿਪਤ ਰੂਪ) ਜਲਦ, ਸ਼ਤਾਬ, ਛੇਤੀ; (ਅਜ਼ ਉ **ازاو** ਦਾ ਸੰਖਿਪਤ ਰੂਪ) ਉਸ ਤੋਂ।

زواجر ***ਜ਼ਵਾਜਿਰ*** : (ਜ਼ਾਜਿਰ **زاجر** ਦਾ ਬੌਹਵਚਨ) ਰੋਕਣ ਵਾਲੇ, ਵਰਜਣ ਵਾਲੇ, ਝਿੜਕਣ ਵਾਲੇ।

زوار ***ਜ਼ੱਵਾਰ*** : ਬੌਹਤ ਯਾਤਰਾ ਕਰਨ ਵਾਲਾ, ਤੀਰਥ-ਯਾਤਰੀ।

زوار ***ਜ਼ੁਵਾਰ, ਜ਼ੁੱਵਾਰ*** : (ਜ਼ਾਇਰ **زائر** ਦਾ ਬੌਹਵਚਨ) ਜ਼ਿਆਰਤ (ਜ਼ਿਯਾਰਤ) ਕਰਨ ਵਾਲੇ, ਯਾਤਰੀ-ਲੋਕ, ਤੀਰਥ-ਯਾਤਰੀ।

زواره ***ਜ਼ਵਾਰਾ*** : ਨੌਕਰ, ਰੁਸਤਮ ਦੇ ਭਰਾ ਦਾ ਨਾਮ; ਈਰਾਨੀ ਇਰਾਕ ਵਿਚ ਇਕ ਸ਼ੈਹਰ ਜੇਹੜਾ ਉਸ ਨੇ ਵਸਾਇਆ ਸੀ।

زوال ***ਜ਼ਵਾਲ*** : ਚੰਗੀ ਸਥਿਤੀ ਤੋਂ ਮਾੜੀ ਸਥਿਤੀ ਵਿਚ ਜਾਣਾ, ਟਲਣਾ, ਕਿਸੇ ਥਾਂ ਤੋਂ ਦੂਰ ਹੋ ਜਾਣਾ, ਮਿਟ ਜਾਣਾ; ਪਤਨ, ਅਧੋਗਤੀ, ਕਮੀ, ਘਾਟਾ।

زواله ***ਜ਼ਵਾਲਾ*** : ਆਟੇ ਦਾ ਵਡਾ ਪੇੜਾ।

زوایا ***ਜ਼ਵਾਯਾ*** : (ਜ਼ਾਵੀਯਾ **زاویه** ਦਾ ਬੌਹਵਚਨ) ਕੋਨੇ, ਗੁੱਠਾਂ, ਗੋਸ਼ੇ।

زوائد ***ਜ਼ਵਾਇਦ*** : (ਜ਼ਾਇਦਾ ਦਾ ਬੌਹਵਚਨ) ਵਧੀਆਂ ਹੋਈਆਂ ਚੀਜ਼ਾਂ, ਫਾਲਤੂ ਵਸਤਾਂ।

زوباشی ***ਜ਼ੂਬਾਸ਼ੀ*** : ਪਰਧਾਨ, ਮੁਖੀ।

زوپین ***ਜ਼ੂਪੀਨ*** : ਇਕ ਪਰਕਾਰ ਦਾ ਛੋਟਾ ਨੇਜ਼ਾ; ਕਾਊਸ ਦੇ ਪੁਤਰ ਦਾ ਨਾਮ।

زوج ***ਜ਼ੌਜ*** : ਜੋੜਾ, ਜੋੜੀ, ਪਤੀ, ਪਤਨੀ, ਪੁਰਸ਼, ਤਰੀਮਤ, ਮਰਦ ਤੇ ਉਸ ਦੀ ਪਤਨੀ ਵਿਚੋਂ ਕੋਈ ਇਕ; ਓਹ ਅੰਕ ਜੋ ਦੋ ਉਤੇ ਪੂਰਾ ਤਕਸੀਮ ਹੋ ਜਾਵੇ ਜਿਵੇਂ ਅੱਠ, ਬਾਰਾਂ, ਛੇ ਆਦਿ।

زوجان ***ਜ਼ੌਜਾਨ***, **زوجین** ***ਜ਼ੌਜੈਨ*** : ਜੋੜਾ, ਮਰਦ ਤੇ ਔਰਤ।

زوجه ***ਜ਼ੌਜਾ*** : ਓਹ ਇਸਤਰੀ ਜਿਸ ਨਾਲ ਨਿਕਾਹ ਹੋਇਆ ਹੋਵੇ, ਬੀਵੀ, ਵੌਹਟੀ।

زوجی ***ਜ਼ੌਜੀ*** : ਵਿਆਹੁਤਾ।

زوجیت ***ਜ਼ੌਜੀਯਤ*** : ਬੀਵੀ ਬਣਨ ਦਾ ਹੱਕ; ਨਿਕਾਹ, ਸ਼ਾਦੀ, ਵਿਆਹ।

زود ***ਜ਼ੌਦ*** : (= ਜ਼ਾਦ زاد) ਸਫ਼ਰ ਲਈ ਖਾਣ-ਪੀਣ ਦੀ ਸਮਗਰੀ, ਤੋਸ਼ਾ।

زود ***ਜ਼ੂਦ*** : ਜਲਦੀ, ਛੇਤੀ, ਝਟ-ਪਟ, ਫ਼ੌਰਨ, ਹੁਣੇ।

زودا ***ਜ਼ੂਦਾ*** : ਛੇਤੀ ਹੀ।

زودازود ***ਜ਼ੂਦਾਜ਼ੂਦ*** : ਬੌਹਤ ਜਲਦੀ।

زودبود ***ਜ਼ੂਦ ਬੂਦ*** : ਬੇਜਾ, ਬੇਦਲੀਲ।

زودپشیمان ***ਜ਼ੂਦ-ਪਸ਼ੇਮਾਨ*** : ਛੇਤੀ ਸ਼ਰਮਿੰਦਾ ਹੋਣ ਵਾਲਾ, ਛੇਤੀ ਪਛਤਾਉਣ ਵਾਲਾ।

زودخیز ***ਜ਼ੂਦ-ਖ਼ੇਜ਼*** : ਚੁਸਤ, ਚਲਾਕ, ਸਵੇਰੇ ਛੇਤੀ ਉਠਣ ਵਾਲਾ।

زودرام ***ਜ਼ੂਦ-ਰਾਮ*** : ਜਲਦੀ ਆਗਿਆਕਾਰੀ ਬਣ ਜਾਣ ਵਾਲਾ।

زودرس ***ਜ਼ੂਦ-ਰਸ***, **زودفهم** ***ਜ਼ੂਦ-ਫ਼ਹਮ*** : ਝਟ ਗੱਲ ਸਮਝ ਜਾਣ ਵਾਲਾ, ਤੀਖਣ-ਬੁਧੀ ਵਾਲਾ।

زودسیر ***ਜ਼ੂਦ-ਸੇਰ*** : ਛੇਤੀ ਰਜ ਜਾਣ ਵਾਲਾ, ਦੋਸਤਾਂ ਦੀ ਮੁਹੱਬਤ ਤੋਂ ਛੇਤੀ ਨਰਾਜ਼ ਹੋ ਜਾਣ ਵਾਲਾ; ਅਸਥਿਰ; ਫ਼ਜ਼ੂਲ, ਬੇਫ਼ਾਇਦਾ; ਬਦ-ਮਿਜ਼ਾਜ।

زودی ***ਜ਼ੂਦੀ***, **زودگی** ***ਜ਼ੂਦਗੀ*** : ਜਲਦੀ, ਸ਼ਤਾਬੀ, ਕਾਹਲ।

زور ***ਜ਼ੋਰ*** : ਸ਼ਕਤੀ, ਬਲ, ਯਤਨ।

زورآرما ***ਜ਼ੋਰ-ਆਜ਼ਮਾ***, **زورآور** ***ਜ਼ੋਰ-ਆਵਰ***, **زورگر** ***ਜ਼ੋਰ-ਗਰ*** : ਪੈਹਲਵਾਨ, ਤਾਕਤਵਰ, ਸ਼ਕਤੀਸ਼ਾਲੀ।

زورآوری ***ਜ਼ੋਰ-ਆਵਰੀ*** : ਜ਼ਬਰ, ਤਾਕਤ ਦੀ ਦੁਰ ਵਰਤੋਂ।

زوربازو ***ਜ਼ੋਰ-ਬਾਜ਼ੂ*** : ਤਕੜੀਆਂ ਬਾਹਾਂ ਵਾਲਾ।

زورخانه ***ਜ਼ੋਰ-ਖ਼ਾਨਾ*** : ਅਖਾੜਾ।

زوردار ***ਜ਼ੋਰਦਾਰ*** : ਸ਼ਕਤੀਸ਼ਾਲੀ, ਸਖ਼ਤ।

زورگری ***ਜ਼ੋਰ-ਗਰੀ*** : ਪੈਹਲਵਾਨੀ।

زورمند ***ਜ਼ੋਰਮੰਦ***, **زورناک** ***ਜ਼ੋਰਨਾਕ***, **زورور** ***ਜ਼ੋਰਵਰ*** : ਤਕੜਾ, ਜ਼ੋਰ ਵਾਲਾ, ਸ਼ਕਤੀਸ਼ਾਲੀ।

زوری ***ਜ਼ੋਰੀ*** : ਸ਼ਕਤੀ।

زورق ***ਜ਼ੌਰਕ਼*** : ਛੋਟੀ ਬੇੜੀ, ਛੋਟੀ ਕਿਸ਼ਤੀ; ਡੌਂਗਾ।

زورقِ زرین ***ਜ਼ੌਰਕ-ਏ-ਜ਼ੱਰੀਨ*** : ਸੂਰਜ।

زورقِ سیمین ***ਜ਼ੌਰਕ-ਏ-ਸੀਮੀਨ*** : ਚੰਨ ਏਕਮ ਦਾ, ਨਵਾਂ ਚੰਦਰਮਾ, ਈਦ ਦਾ ਚੰਨ।

زورقی ***ਜ਼ੌਰਕੀ*** : ਫ਼ਕੀਰਾਂ ਦੀ ਬੇੜੀ ਵਰਗੀ ਟੋਪੀ।

زوز ***ਜ਼ੂਜ਼***, **زوزه** ***ਜ਼ੂਜ਼ਾ*** : ਰੋਣਾ-ਧੋਣਾ, ਵਿਰਲਾਪ, ਸ਼ੋਰ-ਸ਼ਰਾਬਾ, ਰੌਲਾ-ਗੌਲਾ, ਮਾਤਮ, ਸੋਗ।

زوزن ***ਜ਼ੌਜ਼ਨ*** : ਖ਼ੁਰਾਸਾਨ ਵਿਚ ਹਰਾਤ ਦੇ ਨੇੜੇ ਇਕ ਸ਼ੈਹਰ ਦਾ ਨਾਮ; ਇਕ ਬਾਦਸ਼ਾਹ ਦਾ ਨਾਮ।

زوش ***ਜ਼ੋਸ਼*** : ਦਲੇਰ, ਨਿਡਰ; ਤਕੜਾ, ਤੇਜ਼-ਮਿਜ਼ਾਜ, ਬਦਮਾਸ਼।

زوغال ***ਜ਼ੂਗ਼ਾਲ*** : ਕੋਲਾ।

زه ***ਜ਼ਹ*** : ਮਰਦ ਦਾ ਗੁਪਤ ਅੰਗ; ਓਹ ਥਾਂ ਜਿਥੇ ਪਾਣੀ ਉਬਲ ਕੇ ਬਾਹਰ ਨਿਕਲੇ।

زِه ***ਜ਼ਿਹ*** : ਜਣਨਾ, ਜੰਮਣਾ, ਪੈਦਾ ਕਰਨਾ; ਨੁਤਫ਼ਾ, ਬੀਜ, ਵੀਰਜ, ਬੱਚਾ; ਬੇਟਾ, ਸ਼ਾਬਾਸ਼!

ਵਾਹ ਵਾਹ, ਕਮਾਨ ਦਾ ਚਿੱਲਾ; ਹਰ ਚੀਜ਼ ਦਾ ਕੰਢਾ; ਇਨਾਮ, ਮੇਹਨਤਾਨਾ।

زهاد ***ਜ਼ੁਹਾਦ*** : (ਜ਼ਾਹਿਦ **زاهد** ਦਾ ਬਹੁਵਚਨ) ਬੰਦਗੀ ਕਰਨ ਵਾਲੇ, ਪਰਹੇਜ਼ਗਾਰ, ਤਪੱਸਵੀ, ਭਗਤ।

زهار ***ਜ਼ਹਾਰ*** : ਇਸਤਰੀ ਦਾ ਗੁਪਤ ਅੰਗ, ਪੇਡੂ, ਪੱਥਰ, ਆਦਿ ਦੀ ਮੋਰੀ ਜਿਸ ਵਿਚੋਂ ਪਾਣੀ ਨਿਕਲੇ।

زهاز ***ਜ਼ਹਾਜ਼*** : ਸ਼ੋਰ, ਰੌਲਾ, ਨਾਅਰਾ, ਬਾਂਗ; ਚੀਕ-ਪੁਕਾਰ।

زهد ***ਜ਼ੁਹਦ*** : ਵਿਸ਼ੈ ਵਿਕਾਰਾਂ ਤੋਂ ਉਦਾਸੀਨਤਾ ਕਰਨਾ, ਸੰਸਾਰਕ ਪਦਾਰਥਾਂ ਤੋਂ ਲਾਂਭੇ ਰੈਹਣਾ, ਤਿਆਗ, ਗੁਨਾਹਾਂ ਤੋਂ ਬਚਣਾ।

زهدان ***ਜ਼ਹਦਾਨ, ਜ਼ਿਹਦਾਨ*** : ਔਰਤ ਦੀ ਬੱਚੇ-ਦਾਨੀ।

زهديده ***ਜ਼ਿਹ ਦੀਦਾ*** : ਬੇਸ਼ਰਮ, ਸ਼ੋਖ਼ ਚਸ਼ਮ।

زهر ***ਜ਼ਹਰ*** : (ਪੰਜਾਬੀ ਵਿਚ ਪਰਚਲਤ ਰੂਪ "ਜ਼ੈਹਰ" ਹੈ) ਵਿਸ਼; ਗੁੱਸਾ, ਤੈਸ਼, ਗ਼ਜ਼ਬ, ਜ਼ੈਹਰੀਲੇ ਜਾਨਵਰ ਦਾ ਡੰਗ।

زهرآشام ***ਜ਼ਹਰ-ਆਸ਼ਾਮ*** : ਜਿਸ ਨੇ ਜ਼ੈਹਰ ਪੀਤਾ ਹੋਵੇ।

زهرآگين ***ਜ਼ਹਰ-ਆਗੀਨ*** : ਜ਼ੈਹਰੀਲਾ, ਜ਼ੈਹਰ-ਭਰਿਆ।

زهرآلود ***ਜ਼ਹਰ-ਆਲੂਦ*** : ਜ਼ੈਹਰ ਦਿੱਤਾ ਹੋਇਆ।

زهرآميز ***ਜ਼ਹਰ-ਆਮੇਜ਼*** : ਜ਼ੈਹਰ-ਮਿਲਿਆ, ਜ਼ੈਹਰੀਲਾ।

زهربا ***ਜ਼ਹਰਬਾ*** : ਜ਼ੈਹਰ ਮਿਲਿਆ ਹੋਇਆ ਖਾਣਾ।

زهرباد ***ਜ਼ਹਰਬਾਦ*** : ਇਕ ਰੋਗ ਜਿਸ ਨਾਲ ਫੋੜੇ ਫਿਨਸੀਆਂ ਦਾ ਜ਼ੈਹਰ ਸਾਰੇ ਸਰੀਰ 'ਚ ਫੈਲ ਜਾਂਦਾ ਹੈ, ਕੰਠ-ਰੋਗ।

زهرچشم ***ਜ਼ਹਰ-ਚਸ਼ਮ*** : ਗੁੱਸੇ ਨਾਲ ਘੂਰ ਕੇ ਵੇਖਣਾ।

زهرخند ***ਜ਼ਹਰਖ਼ੰਦ*** : ਸ਼ਰਮਿੰਦਗੀ ਵਿਚ ਹੱਸਣਾ, ਰੰਜ, ਮੁਸੀਬਤ ਵੇਲੇ ਦਾ ਹਾਸਾ।

زهردارو ***ਜ਼ਹਰਦਾਰੂ*** : ਜ਼ੈਹਰ ਦੂਰ ਕਰਨ ਵਾਲੀ ਚੀਜ਼, ਤਰਯਾਕ।

زهرگيا ***ਜ਼ਹਰ ਗਿਯਾ*** : ਇਕ ਜ਼ੈਹਰੀਲੀ ਘਾਹ ਜਿਸ ਨੂੰ ਖਾ ਕੇ ਪਸ਼ੂ ਮਰ ਜਾਂਦਾ ਹੈ।

زهرماركردن ***ਜ਼ਹਰ ਮਾਰ ਕਰਦਨ*** : ਰੁਚੀ ਨਾ ਹੋਣ ਤੇ ਵੀ ਖਾਣਾ, ਮਜਬੂਰੀ ਖਾਣਾ।

زهرمهره ***ਜ਼ਹਰ ਮੁਹਰਾ*** : ਇਕ ਪਰਸਿੱਧ ਮਣਕਾ ਜੋ ਜ਼ੈਹਰ ਨੂੰ ਦੂਰ ਕਰ ਦਿੰਦਾ ਹੈ।

زهرمينا ***ਜ਼ਹਰ ਮੀਨਾ*** : ਤਲਖ਼ ਸ਼ਰਾਬ।

زهرناب ***ਜ਼ਹਰਨਾਬ*** : ਖਾਲਸ ਜ਼ੈਹਰ, ਕੌੜਾ ਪਾਣੀ।

زهرنوشيدن ***ਜ਼ਹਰ ਨੋਸ਼ੀਦਨ*** : ਕਿਸੇ ਦੇ ਤਾਹਨੇ ਮਿਹਣੇ ਝੱਲਣਾ, ਕੌੜਾ ਘੁੱਟ ਭਰਨਾ।

زهرا ***ਜ਼ਹਰਾ*** : ਚਿੱਟਾ, ਸਾਫ਼, ਸੁੰਦਰ; ਚਮਕੀਲਾ, ਬੀਬੀ ਫ਼ਾਤਿਮਾ ਦੀ ਉਪਾਧੀ, ਕਿਉਂ ਜੋ ਆਪ ਚਿਟੇ ਰੰਗ ਦੇ ਸਨ।

زهره ***ਜ਼ਹਰਾ*** : ਕਲੀ, ਕਰੂੰਬਲ, ਤਾਜ਼ਗੀ, ਹਰਿਆਵਲ, ਖ਼ੂਬੀ, ਗੁਣ; ਸਜਾਵਟ, ਸਜ-ਧਜ; ਪਿਤਾ, ਇਕ ਅੰਦਰੂਨੀ ਅੰਗ ਜਿਸ ਵਿਚ ਪੀਲੇ ਤੇ ਨੀਲੇ ਰੰਗ ਦਾ ਪਾਣੀ ਭਰਿਆ ਹੁੰਦਾ ਹੈ; ਸ਼ਕਤੀ, ਜ਼ੋਰ, ਦਲੇਰੀ, ਸਾਹਸ।

زهره‌باختن ***ਜ਼ਹਰਾ ਬਾਖ਼ਤਨ*** : ਦਿਲ ਹਾਰ ਜਾਣਾ।

زهره ***ਜ਼ੁਹਰਾ*** : ਸ਼ੁੱਕਰ ਸਤਾਰਾ; ਸੁੰਦਰਤਾ, ਚਿੱਟਾ ਰੰਗ, ਕੁਰੈਸ਼ ਦੇ ਇਕ ਕਬੀਲੇ ਦਾ ਨਾਮ।

زهره‌بناگوش ***ਜ਼ੁਹਰਾ ਬੁਨਾਗੋਸ਼*** : ਸੁੰਦਰ ਕੰਨਾਂ ਵਾਲਾ, ਸੁੰਦਰ।

زهره‌جبين ***ਜ਼ੁਹਰਾ-ਜਬੀਨ*** : ਅਤਿ ਸੋਹਣਾ ਮਸ਼ੂਕ ਜਿਸ ਦਾ ਮੱਥਾ ਸ਼ੁੱਕਰ ਸਤਾਰੇ ਵਰਗਾ ਚਮਕਦਾਰ ਹੋਵੇ।

زهره‌رخ ***ਜ਼ੁਹਰਾ ਰੁਖ਼*** : ਸੁੰਦਰ, ਸੋਹਣਾ।

زهرهٔ‌شب ***ਜ਼ੁਹਰਾ-ਏ-ਸ਼ਬ*** : ਰਾਤ ਦੀ ਰੋਸ਼ਨੀ।

زهره‌طبع ***ਜ਼ੁਹਰਾ-ਤਬਅ*** : ਚੰਗੀ

ਤਬੀਅਤ ਵਾਲਾ, ਦਿਲ-ਪਸੰਦ।

زہرہمیغ ***ਜ਼ੁਹਰਾ-ਏ-ਮੇਗ*** : ਮੀਂਹ ਦੀਆਂ ਕਣੀਆਂ।

زہرہنوا ***ਜ਼ੁਹਰਾ-ਨਵਾ,*** **زہرہسار** ***ਜ਼ੁਹਰਾ-ਸਾਜ਼*** : ਮਧੁਰ ਅਵਾਜ਼ ਵਾਲੀ; ਸੰਗੀਤ ਪਰਵੀਨ।

زہراد ***ਜ਼ਿਹਜ਼ਾਦ,*** **زہ و زاد** ***ਜ਼ਿਹ-ਉ-ਜ਼ਾਦ*** : ਨਸਲ, ਪੀੜ੍ਹੀ, ਬਾਲ ਬੱਚੇ।

زہگیر ***ਜ਼ਿਹਗੀਰ*** : ਤੀਰ ਚਲਾਉਣ ਸਮੇਂ ਅੰਗੂਠੇ ਤੇ ਪਾਈ ਹੋਈ ਹੱਡੀ, ਚੰਮ ਜਾਂ ਸਿੰਗ ਦੀ ਟੋਪੀ।

زہو ***ਜ਼ਹੂ*** : ਕੰਨ ਦੀ ਮੈਲ।

زہی ***ਜ਼ਿਹੇ/ਜ਼ਹੇ*** : ਸ਼ਾਬਾਸ਼! ਵਾਹ! ਵਾਹ ਵਾਹ!।

زہیرو ***ਜ਼ਹੇ-ਰੂ*** : ਵਾਹ, ਕਿਡਾ ਸੋਹਣਾ ਮੁਖੜਾ।

زہیر ***ਜ਼ਹੀਰ*** : ਖੁਲ੍ਹਿਆ ਹੋਇਆ, ਚਮਕਦਾ, ਰੋਸ਼ਨ, ਕਰੂੰਬਲਾਂ ਨਾਲ ਲਦਿਆ ਹੋਇਆ (ਦਰਖ਼ਤ), ਗ਼ਮਗੀਨ, ਉਦਾਸ, ਦੁਬਲਾ, ਕਮਜ਼ੋਰ (ਬੀਮਾਰੀ ਕਾਰਨ)।

زی ***ਜ਼ੇ*** : ਉਮਰ, ਆਯੂ।

زیاد ***ਜ਼ਿਯਾਦ,*** **زیادہ** ***ਜ਼ਿਯਾਦਾ*** : (ਪੰਜਾਬੀ ਵਿਚ ਪਰਚਲਤ ਰੂਪ 'ਜ਼ਿਆਦਾ' ਹੈ।) ਜ਼ਿਆਦਾ, ਬੌਹਤਾ, ਫ਼ਾਲਤੂ, ਬੌਹਤਾ ਹੋਣਾ; ਨਰਦਾਂ ਦੀ ਇਕ ਖੇਡ।

زیادت ***ਜ਼ਿਯਾਦਤ*** : ਬੌਹਤਾਤ, ਬੌਹਤ ਕੁਝ, ਵਾਫ਼ਰ, ਵਾਧੂ।

زیادتی ***ਜ਼ਿਯਾਦਤੀ*** : ਬੌਹਤ ਕੁਝ ਹੋਣਾ, ਵਧੀਕੀ।

زیادتیطلب ***ਜ਼ਿਯਾਦਤੀ ਤਲਬ*** : ਕਿਸਮਤ ਜਾਂ ਨਸੀਬੇ ਨਾਲੋਂ ਵਧ ਚਾਹੁਣ ਵਾਲਾ।

زیادہتر ***ਜ਼ਿਯਾਦਾ-ਤਰ*** : ਵਧੇਰੇ ਕਰਕੇ, ਬੌਹਤਾ।

زیادہسر ***ਜ਼ਿਯਾਦਾ-ਸਰ*** : ਆਪਣੇ ਆਪ ਨੂੰ ਬੌਹਤ ਕੁਝ ਸਮਝਣ ਵਾਲਾ, ਮਗ਼ਰੂਰ, ਬਾਗ਼ੀ।

زیادہسری ***ਜ਼ਿਯਾਦਾ-ਸਰੀ*** : ਖ਼ੁਦ ਪਸੰਦੀ, ਗ਼ਰੂਰ, ਅਭਮਾਨ, ਆਕੀਪੁਣਾ।

زیادہکردن ***ਜ਼ਿਯਾਦਾ ਕਰਦਨ*** : ਖ਼ਤਮ ਕਰਨਾ।

زیادہگو ***ਜ਼ਿਯਾਦਾ ਗੋ*** : ਬੜ-ਬੋਲਾ, ਬੌਹਤਾ ਬੋਲਣ ਵਾਲਾ।

زیارت ***ਜ਼ਿਯਾਰਤ*** : (ਪੰਜਾਬੀ ਵਿਚ ਪਰਚਲਤ ਰੂਪ "ਜ਼ਿਆਰਤ" ਹੈ) ਮਿਲਣਾ, ਕਿਸੇ ਪਵਿੱਤਰ ਸਥਾਨ, ਚੀਜ਼ ਜਾਂ ਆਦਮੀ ਦੇ ਦਰਸ਼ਨ ਕਰਨਾ; ਤੀਰਥ ਯਾਤਰਾ; ਦਰਸ਼ਨ, ਮੁਲਾਕਾਤ।

زیارتگاہ ***ਜ਼ਿਯਾਰਤ-ਗਾਹ*** : ਯਾਤਰਾ-ਯੋਗ ਸਥਾਨ।

زیارتی ***ਜ਼ਿਯਾਰਤੀ*** : ਜ਼ਿਯਾਰਤ ਨਾਲ ਸਬੰਧਤ; ਯਾਤਰੀ।

زیافت ***ਜ਼ਿਯਾਫ਼ਤ*** : (ਪੰਜਾਬੀ ਵਿਚ ਪਰਚਲਤ ਰੂਪ "ਜ਼ਿਆਫ਼ਤ" ਹੈ।) ਖੋਟਾਪਣ, ਖੋਟ, ਮਿਲਾਵਟ, ਖੋਟਾ ਹੋਣਾ।

زیان ***ਜ਼ਿਯਾਨ*** : ਨੁਕਸਾਨ, ਹਰਜ, ਘਾਟਾ; ਧੋਖਾ, ਫ਼ਰੇਬ।

زیانآور ***ਜ਼ਿਯਾਨ-ਆਵਰ*** : ਹਾਨੀਕਾਰਕ।

زیاندار ***ਜ਼ਿਯਾਨਦਾਰ*** : ਨੁਕਸਾਨ ਪੌਹਚਾਉਣ ਵਾਲਾ, ਘਾਟੇਵੰਦਾ; ਤਕਲੀਫ਼ ਦੇਣ ਵਾਲਾ।

زیاندیدہ ***ਜ਼ਿਯਾਨਦੀਦਾ,*** **زیانرسیدہ** ***ਜ਼ਿਯਾਨਰਸੀਦਾ*** : ਜਿਸ ਨੂੰ ਨੁਕਸਾਨ ਪੁਜਾ ਹੋਵੇ, ਜਿਸ ਨੂੰ ਘਾਟਾ ਪਿਆ ਹੋਵੇ, ਦੁਖੀ।

زیانکار ***ਜ਼ਿਯਾਨਕਾਰ,*** **زیانگر** ***ਜ਼ਿਯਾਨਗਰ*** : ਤਕਲੀਫ਼ ਦੇਣ ਵਾਲਾ, ਦੁਖੀ ਕਰਨ ਵਾਲਾ।

زیانکاری ***ਜ਼ਿਯਾਨਕਾਰੀ*** : ਨੁਕਸਾਨ, ਨੁਕਸਾਨ ਪੌਹਚਾਉਣਾ, ਦੁੱਖ, ਤਕਲੀਫ਼, ਗੁਨਾਹ, ਪਾਪ।

زیانی ***ਜ਼ਿਯਾਨੀ*** : ਨੁਕਸਾਨ, ਦੁਖ,

ਤਕਲੀਫ਼; ਘਾਟ; ਨੁਕਸਾਨ ਪੌਹਚਾਉਣ ਵਾਲਾ।

زیب ***ਜ਼ੀਬ/ਜ਼ੇਬ*** : ਸਜਾਵਟ, ਸ਼ਿੰਗਾਰ, ਸੁੰਦਰਤਾ, ਖ਼ੂਬਸੂਰਤੀ; ਗੈਹਣਾ, ਭੂਸ਼ਨ, ਜ਼ੇਵਰ।

زیب‌وزینت ***ਜ਼ੇਬ-ਓ-ਜ਼ੀਨਤ*** : ਸ਼ਿੰਗਾਰ ਤੇ ਸਜਾਵਟ, ਸਜ-ਧਜ, ਹਾਰ-ਸ਼ਿੰਗਾਰ।

زیبا ***ਜ਼ੀਬਾ*** : ਸੋਹਣਾ, ਸੁੰਦਰ; ਯੋਗ, ਲਾਇਕ।

زیباسرشت‌زیباخو ***ਜ਼ੀਬਾ-ਸਿਰਿਸ਼ਤ-ਜ਼ੇਬਾ-ਖ਼ੂ*** : ਨੇਕ-ਖਸਲਤ, ਚੰਗੇ ਸੁਭਾ ਵਾਲਾ।

زیبارو ***ਜ਼ੀਬਾਰੂ*** : ਸੋਹਣੇ ਮੁਖੜੇ ਵਾਲਾ।

زیبان ***ਜ਼ੀਬਾਨ*** : ਸਜਿਆ ਹੋਇਆ।

زیبال ***ਜ਼ੀਬਾਲ*** : ਤੇਜ਼ ਰਫ਼ਤਾਰ (ਘੋੜਾ, ਜਾਨਵਰ, ਆਦਿ)।

زیبائش زیبائی ***ਜ਼ੀਬਾਇਸ਼, ਜ਼ੀਬਾਈ*** : ਸਜਾਵਟ, ਸ਼ਿੰਗਾਰ, ਸੁੰਦਰਤਾ, ਸੁਹੱਪਣ।

زیبق ***ਜ਼ੀਬਕ*** : ਪਾਰਾ।

زیبق‌بگوش‌ریختن ***ਜ਼ੀਬਕ ਬ-ਗੋਸ਼ ਰੇਖ਼ਤਨ*** : ਕੰਨਾਂ ਨੂੰ ਬੋਲਿਆਂ ਕਰ ਦੇਣਾ।

زیبق‌کردن ***ਜ਼ੀਬਕ ਕਰਦਨ*** : ਨਾਸ ਕਰ ਦੇਣਾ।

زیبن ***ਜ਼ੀਬਨ/ਜ਼ੇਬਨ*** : ਸੰਸਾਰ ਛਡ ਦੇਣ ਵਾਲਾ, ਸੰਨਿਆਸੀ, ਤਿਆਗੀ।

زیبندگی ***ਜ਼ੇਬੰਦਗੀ*** : ਸਜਾਵਟ, ਸਜ-ਧਜ।

زیبندگی‌بخش ***ਜ਼ੇਬੰਦਗੀ-ਬਖ਼ਸ਼*** : ਸਜਾਉਣ ਵਾਲਾ, ਸੁੰਦਰਤਾ ਬਖ਼ਸ਼ਣ ਵਾਲਾ।

زیبنده ***ਜ਼ੇਬੰਦਾ*** : ਸੁੰਦਰ, ਸੋਹਣਾ।

زیتون ***ਜ਼ੈਤੂਨ*** : ਇਕ ਪਰਸਿੱਧ ਰੁਖ ਦਾ ਨਾਮ ਜਿਸ ਦਾ ਤੇਲ ਖਾਣ, ਦਵਾਈਆਂ ਵਿਚ ਤੇ ਦੀਵਾ ਜਗਾਉਣ ਵਿਚ ਕੰਮ ਆਉਂਦਾ ਹੈ।

زیتونی ***ਜ਼ੈਤੂਨੀ*** : ਸੁਰਖ਼ ਪੀਲੀ ਭਾਹ ਮਾਰਦਾ ਰੰਗ; ਜ਼ੈਤੂਨ ਦੇ ਰੰਗ ਵਰਗਾ।

زیج ***ਜ਼ੀਜ*** : (ਜ਼ੀਕ ریک ਦਾ ਅਰਬੀ ਰੂਪਾਂਤਰ) ਨਜੂਮ ਦੀ ਓਹ ਕਿਤਾਬ ਜਿਸ ਵਿਚ ਤਾਰਿਆਂ ਦੀ ਚਾਲ ਆਦਿ ਚਿੰਨ੍ਹਾਂ ਵਿਚ ਦਿਤੀ ਹੁੰਦੀ ਹੈ।

زیچ ***ਜ਼ੀਚ*** : ਮਖੌਲ, ਮਿਠ, ਟਿਚਕਰ; ਅੰਗੂਰਾਂ ਦੀ ਇਕ ਵਧੀਆ ਕਿਸਮ।

زید ***ਜ਼ੈਦ*** : ਇਕ ਫ਼ਰਜ਼ੀ ਨਾਮ; ਕਈਆਂ ਦਾ ਨਾਮ ਵੀ ਹੁੰਦਾ ਹੈ ਜਿਵੇਂ ਇਕ ਪਰਸਿੱਧ ਸਹਾਬੀ ਦਾ ਨਾਮ।

زیر ***ਜ਼ੀਰ/ਜ਼ੇਰ*** : ਬਰੀਕ ਅਵਾਜ਼, ਨਰਮ, ਧੀਮੀ ਸੁਰ ਜੋ 'ਬਮ' (ਮੋਟੀ ਉਚੀ ਅਵਾਜ਼) ਦਾ ਵਿਪਰਿਆਏ ਹੈ; ਸੰਗੀਤ ਵਿਚ ਇਕ ਸੁਰ ਦਾ ਨਾਮ; ਸਿਹਾਰੀ (ਲਗ ਦੀ ਥਾਂ); ਢਕਿਆ ਹੋਇਆ, ਲੁਕਾਇਆ ਹੋਇਆ; ਹੇਠਾਂ, ਥਲੇ, ਕਮਜ਼ੋਰ, ਘਟੀਆ; ਸਤਾਰ ਆਦਿ ਦੀ ਸਭ ਤੋਂ ਛੋਟੀ ਤਾਰ।

زیرازمیانه ***ਜ਼ੇਰ ਅਜ਼ ਮਿਜਾਨਾ*** : ਦਰਮਿਆਨੇ ਦਰਜੇ ਤੋਂ ਘਟ ਦਰਜੇ ਦੀ ਚੀਜ਼, ਤੁਛ ਚੀਜ਼।

زیرافگن ***ਜ਼ੇਰ ਅਫ਼ਗਨ*** : ਤੋਸ਼ਕ, ਦਰੀ; ਛੋਟਾ ਗ਼ਲੀਚਾ; ਭੈਰਵੀ ਰਾਗ।

زیربا/باجه ***ਜ਼ੇਰ ਬਾ/ਬਾਜਾ*** : ਇਕ ਪਰਕਾਰ ਦਾ ਖਾਣਾ।

زیربار ***ਜ਼ੇਰ ਬਾਰ*** : ਭਾਰ ਹੇਠ ਦਬਿਆ ਹੋਇਆ, ਉਪਕਾਰ ਹੇਠ ਆਇਆ ਹੋਇਆ, ਕਰਜ਼ਈ।

زیربر ***ਜ਼ੇਰਬੁਰ*** : ਓਹ ਵਿਅਕਤੀ ਜੋ ਉਤੋਂ ਤਾਂ ਦੋਸਤ ਦਿਸੇ ਪਰ ਅੰਦਰੋਂ ਦੁਸ਼ਮਣ ਹੋਵੇ; ਜੇਬ-ਕਤਰਾ; ਚੋਰ।

زیربند ***ਜ਼ੇਰਬੰਦ*** : ਘੋੜੇ ਦਾ ਤੰਗ।

زیرپا ***ਜ਼ੇਰ ਪਾ*** : ਪਰਜਾ; ਅਧੀਨ; ਜੁੱਤੀ।

زیرپوش ***ਜ਼ੇਰ-ਪੋਸ਼*** : ਲਿਬਾਸ ਦੇ ਹੇਠਾਂ ਪਾਉਣ ਵਾਲਾ ਬਸਤਰ।

زیرپیچ ***ਜ਼ੇਰ-ਪੇਚ*** : ਛੋਟੀ ਦਸਤਾਰ ਜੋ ਵੱਡੀ ਦੇ ਹੇਠ ਬੰਨ੍ਹਦੇ ਹਨ, ਸਾਫੀ, ਪਟਕਾ।

زیرجامه ***ਜ਼ੇਰਜਾਮਾ*** : ਪਜਾਮਾ।

زیرچاق ***ਜ਼ੇਰ ਚਾਕ*** : ਕਮਜ਼ੋਰ, ਪਰਾਧੀਨ, ਆਗਿਆਕਾਰ, ਨਰਮ।

زیرخاکسپردن(کردن) ***ਜ਼ੇਰ-ਏ- ਖ਼ਾਕ ਸਿਪੁਰਦਨ (ਕਰਦਨ)*** : ਦਬਣਾ, ਦਫ਼ਨ ਕਰਨਾ, ਮਿਟਾ ਦੇਣਾ।

زیرزبانگفتن ***ਜ਼ੇਰ ਜ਼ਬਾਨ ਗੁਫ਼ਤਨ*** : ਹੌਲੀ ਕੈਹਣਾ, ਦਬੀ ਜ਼ਬਾਨ ਨਾਲ ਕੈਹਣਾ।

زیرزمین ***ਜ਼ੇਰ-ਜ਼ਮੀਨ*** : ਤੈਹਖ਼ਾਨਾ।

زیرطلا ***ਜ਼ੇਰ ਤਿਲਾ*** : ਸੋਨੇ ਦਾ ਪੈਂਦਾ (ਥੱਲਾ)।

زیرقلمآوردن(گرفتن) ***ਜ਼ੇਰ-ਏ-ਕਲਮ ਆਵਰਦਨ (ਗਿਰਿਫ਼ਤਨ)*** : ਲਿਖਣਾ, ਅੰਕਿਤ ਕਰਨਾ; ਅਧੀਨ ਕਰਨਾ।

زیردست ***ਜ਼ੇਰ-ਦਸਤ*** : ਕਮਜ਼ੋਰ; ਪਰਜਾ; ਛੁਪਿਆ ਹੋਇਆ।

زیرکاسه ***ਜ਼ੇਰ-ਕਾਸਾ*** : ਕੁਸ਼ਤੀ ਦੇ ਇਕ ਦਾਅ ਦਾ ਨਾਮ।

زیرگاه ***ਜ਼ੇਰ-ਗਾਹ*** : ਕੁਰਸੀ।

زیروبالا ***ਜ਼ੇਰ-ਉ-ਬਾਲਾ*** : ਹੇਠ ਉਪਰ; ਗਲਤੀ, ਭੁੱਲ।

زیروزار ***ਜ਼ੇਰ-ਉ-ਜ਼ਾਰ*** : ਹੌਲੀ ਤੇ ਗ਼ਮਗੀਨ ਅਵਾਜ਼।

زیروزبر ***ਜ਼ੇਰ-ਉ-ਜ਼ਬਰ*** : ਹੇਠ ਉਤੇ, ਉਲਟ-ਪੁਲਟ।

زیرین ***ਜ਼ੇਰੀਨ*** : ਪੈਰਾਂ ਵੱਲ ਦਾ, ਹੇਠਲਾ।

زیرباد ***ਜ਼ੇਰਬਾਦ*** : ਇਕ ਟਾਪੂ ਦਾ ਨਾਮ।

زیرکی ***ਜ਼ੀਰਕੀ*** : ਸਿਆਣਪ, ਚੇਤਨਤਾ, ਸਾਵਧਾਨੀ, ਜੁਗਤ।

زیره ***ਜ਼ੀਰਾ*** : ਇਕ ਪਰਕਾਰ ਦਾ ਖ਼ੁਸ਼ਬੂਦਾਰ ਤੇ ਬਰੀਕ ਬੀਜ ਜੇਹੜਾ ਗਰਮ ਮਸਾਲੇ ਵਿਚ ਪਾਇਆ ਜਾਂਦਾ ਹੈ; ਫੁਲਾਂ ਦੀ ਜ਼ਰਦੀ।

زیرۀکرمان ***ਜ਼ੀਰਾ-ਏ-ਕਿਰਮਾਨ*** : ਕਿਰਮਾਨ ਦਾ ਜ਼ੀਰਾ ਜੋ ਬੌਹਤ ਚੰਗਾ ਹੁੰਦਾ ਹੈ।

زیست ***ਜ਼ੀਸਤ*** : ਜ਼ਿੰਦਗੀ, ਉਮਰ, ਓਹ ਜੀਵਿਆ।

زیستن ***ਜ਼ੀਸਤਨ*** : ਜ਼ਿੰਦਗੀ ਬਿਤਾਉਣਾ, ਜਿਉਣਾ।

زیغ ***ਜ਼ੀਗ*** : ਬੋਰੀ, ਹੇਠਾਂ ਵਿਛਾਉਣ ਵਾਲਾ ਟਾਟ, ਚਟਾਈ; ਤਸੱਲੀ; ਵੇਹਲ, ਮਨ ਦੀ ਸ਼ਾਂਤੀ।

زیغال ***ਜ਼ੀਗਾਲ*** : ਵੱਡਾ ਪਿਆਲਾ, ਛੰਨਾ।

زیقوزاق ***ਜ਼ੀਕ-ਉ-ਜ਼ਾਕ*** : ਬਾਲ-ਬਚੇ, ਟੱਬਰ-ਟੀਹਰ।

زیک ***ਜ਼ੀਕ*** : ਜ਼ੀਜ, ਨਜੂਮ ਦੀ ਕਿਤਾਬ, ਜੰਤਰੀ, ਰਾਜ ਮਿਸਤਰੀ ਦਾ ਸੂਤ।

زیمله ***ਜ਼ੈਮੁਲਾ*** : ਫਲ ਤੇ ਸਬਜ਼ੀਆਂ ਪਾਉਣ ਵਾਲੀ ਟੋਕਰੀ।

زین ***ਜ਼ੀਨ*** : ਘੋੜੇ ਤੇ ਸਵਾਰ ਹੋਣ ਲਈ ਪਾਈ ਜਾਣ ਵਾਲੀ।

زیندارباشی ***ਜ਼ੀਨਦਾਰਬਾਸ਼ੀ*** : ਅਸਤਬਲ ਦਾ ਦਰੋਗ਼ਾ, ਸਾਈਸ।

زینزرین ***ਜ਼ੀਨ-ਏ-ਜ਼ੱਰੀਨ*** : ਸੂਰਜ।

زینساز ***ਜ਼ੀਨ-ਸਾਜ਼*** : ਕਾਠੀਆਂ ਬਣਾਉਣ ਵਾਲਾ।

زینسازی ***ਜ਼ੀਨ-ਸਾਜ਼ੀ*** : ਕਾਠੀਆਂ ਬਣਾਉਣ ਦਾ ਕੰਮ।

زینوبرگ ***ਜ਼ੀਨ-ਉ-ਬਰਗ*** : ਘੋੜੇ ਦਾ ਸਾਰਾ ਸਾਜ਼-ਸਾਮਾਨ।

زینب ***ਜ਼ੈਨਬ*** : ਹਜ਼ਰਤ ਮੁਹੰਮਦ ਸਾਹਿਬ ਦੀ ਇਕ ਪਤਨੀ ਦਾ ਨਾਮ, ਬੀਬੀ ਫ਼ਾਤਿਮਾ ਦੀ ਸ਼ਾਹਿਬਜ਼ਾਦੀ ਦਾ ਨਾਮ।

زینه ***ਜ਼ੀਨਾ*** : ਪੌੜੀ।

زینهار ***ਜ਼ੀਨਹਾਰ*** : ਖ਼ਬਰਦਾਰ, ਖਿਆਲ ਰਖੀਂ, ਅਮਾਨ, ਸ਼ਰਨ, ਬਚਨ, ਇਕਰਾਰ, ਮੋਹਲਤ, ਸ਼ਿਕਵਾ, ਗਿਲਾ, ਪਰਹੇਜ਼, ਛਡਣਾ, ਹਰਗਿਜ਼, ਅਸਲੋਂ।

زینهارخوار ***ਜ਼ੀਨਹਾਰਖ਼ਾਰ*** : ਕੌਲ-ਕਰਾਰ ਤੋੜ ਦੇਣ ਵਾਲਾ।

زینهارخواه ***ਜ਼ੀਨਹਾਰਖ਼ਾਹ*** : ਅਮਨ ਚਾਹੁਣ ਵਾਲਾ, ਸ਼ਰਨ ਵਿਚ ਆਉਣਾ ਵਾਲਾ, ਸ਼ਰਨਾਰਥੀ।

زینهاردار ***ਜ਼ੀਨਹਾਰ-ਦਾਰ,*** زینهارگیر ***ਜ਼ੀਨਹਾਰ-ਗੀਰ*** : ਪਨਾਹ ਦੇਣ ਵਾਲਾ।

زینهاری ***ਜ਼ੀਨਹਾਰੀ*** : ਸੁਰੱਖਿਆ ਵਿਚ

ਆਇਆ ਹੋਇਆ, ਸ਼ਰਨਾਰਥੀ; ਇਕਰਾਰ ਕਰਨ ਵਾਲਾ।

زیور ***ਜ਼ੇਵਰ*** : ਭੂਸ਼ਣ, ਗੈਹਣਾ।

زیوربستن ***ਜ਼ੇਵਰ ਬਸਤਨ,***
زیوردادن ***ਜ਼ੇਵਰ ਦਾਦਨ,***
زیوردن ***ਜ਼ੇਵਰ ਜ਼ਦਨ,***
زیوربر کشیدن ***ਜ਼ੇਵਰ ਬਰ ਕਸ਼ੀਦਨ*** : ਗੈਹਣੇ ਪਾਉਣਾ, ਹਾਰ ਸ਼ਿੰਗਾਰ ਕਰਨਾ, ਸਜਣਾ, ਸਜਾਵਟ ਕਰਨਾ, ਅਲੰਕ੍ਰਿਤ ਹੋਣਾ।

زیوقاف ***ਜ਼ੇ-ਉ-ਕਾਫ਼*** : ਅਜੋੜ ਗੱਲਾਂ ਕਰਨਾ, ਫ਼ਜ਼ੂਲ ਗੱਲਾਂ।

ژ (ਜ਼ੇ)

ژ ***ਜ਼ੇ*** : ਫ਼ਾਰਸੀ ਵਰਨਮਾਲਾ ਦਾ ਚੌਦ੍ਹਵਾਂ ਅੱਖਰ; ਅਬਜਦ ਅਨੁਸਾਰ ਇਸ ਦੇ ਅੰਕ ਵੀ ਜ਼ੇ ਜਿੰਨੇ ਅਰਥਾਤ ਸੱਤ (੭) ਹੁੰਦੇ ਹਨ।

ژاپونی ***ਜ਼ਾਪੂਨੀ*** : ਜਪਾਨੀ; ਜਪਾਨ ਦਾ ਰੈਹਣ ਵਾਲਾ; ਜਪਾਨ ਦੀ ਕੋਈ ਚੀਜ਼।

ژاد ***ਜ਼ਾਦ*** : ਹਰ ਚੀਜ਼ ਦਾ ਖ਼ਾਲਸ ਅੰਸ਼ ਜਾਂ ਅੰਗ, ਸਾਰ, ਤੱਤ।

ژاژ ***ਜ਼ਾਜ਼*** : ਇਕ ਪਰਕਾਰ ਦੀ ਚਿੱਟੀ ਕੰਡਿਆਲੀ ਬੂਟੀ/ਘਾਹ/ਝਾੜੀ ਜੋ ਕੌੜੀ ਤੇ ਬੇਸੁਆਦੀ ਹੁੰਦੀ ਹੈ, ਜਿਸ ਨੂੰ ਊਠ ਬੜੀ ਚਾ ਨਾਲ ਖਾਂਦਾ ਹੈ; ਊਠ-ਕਟਾਰਾ; ਬੀਜ ਤੋਂ ਬਿਨਾਂ ਉਗਣ ਵਾਲਾ ਬੂਟਾ; ਫ਼ਜ਼ੂਲ ਗਲਾਂ।

ژاژخا ***ਜ਼ਾਜ਼ ਖ਼ਾ*** : ਫ਼ਜ਼ੂਲ ਗੱਲਾਂ ਕਰਨ ਵਾਲਾ, ਬਕਵਾਸੀ।

ژاژخائی ***ਜ਼ਾਜ਼ ਖ਼ਾਈ*** : ਬਕਵਾਸ।

ژاغر ***ਜ਼ਾਗ਼ਰ*** : ਪੰਛੀ ਦਾ ਪੋਟਾ।

ژاله ***ਜ਼ਾਲਾ*** : ਗੜਾ, ਕੋਰਾ।

ژاله‌بار ***ਜ਼ਾਲਾ-ਬਾਰ*** : ਗੜੇ ਵਰ੍ਹਾਉਣ ਵਾਲਾ ਮੀਂਹ।

ژاله‌باری ***ਜ਼ਾਲਾਬਾਰੀ*** : ਗੜੇ ਪੈਣੇ।

ژخ ***ਜ਼ਖ਼*** : ਫਰਿਆਦ (ਫ਼ਰਯਾਦ), ਪੁਕਾਰ, ਸ਼ੋਰ-ਸ਼ਰਾਬਾ, ਰੌਲਾ-ਗੌਲਾ; ਜੰਗਲੀ ਜਾਨਵਰ ਦੀ ਚੀਕ।

ژرف ***ਜ਼ਰਫ਼***, **ژرفا** ***ਜ਼ਰਫ਼ਾ*** : ਡੂੰਘਾ, ਗੈਹਰਾ।

ژرف‌نگاه ***ਜ਼ਰਫ਼-ਨਿਗਾਹ*** : ਬਰੀਕ-ਬੀਨ, ਗੱਲ ਦੀ ਤੈਹ ਨੂੰ ਪੌਹਚਣ ਵਾਲਾ, ਦਿਬ-ਦ੍ਰਿਸ਼ਟੀ ਵਾਲਾ, ਪਾਰਖੂ।

ژرفی ***ਜ਼ਰਫ਼ੀ*** : ਬਰੀਕ-ਬੀਨੀ, ਦਿੱਬ-ਦ੍ਰਿਸ਼ਟੀ, ਡੂੰਘਾਈ।

ژف ***ਜ਼ਫ਼*** : ਤਰੋ-ਤਾਜ਼ਾ, ਗਿੱਲਾ, ਤਰ, ਨਮੀ ਵਾਲਾ।

ژفت ***ਜ਼ਫ਼ਤ*** : ਫੋੜਾ, ਛਾਲਾ, ਸਖ਼ਤ, ਖਰ੍ਹਵਾ।

ژفتی ***ਜ਼ਫ਼ਤੀ*** : ਸਖ਼ਤੀ, ਖਰ੍ਹਵਾਪਣ।

ژکاره ***ਜ਼ਕਾਰਾ*** : ਝਗੜਾਲੂ, ਲੜਾਕਾ।

ژکال ***ਜ਼ਕਾਲ*** : (= ਜ਼ਗ਼ਾਲ **ژغال**) ਕੋਲਾ।

ژکان ***ਜ਼ਕਾਨ*** : ਆਪ-ਮੁਹਾਰਾ, ਬੇਮੁਹਾਰਾ।

ژکس ***ਜ਼ਕਸ*** : ਰਬ ਰਾਖਾ, ਰੱਬ ਦੀ ਪਨਾਹ।

ژکور ***ਜ਼ਕੂਰ*** : ਕੰਜੂਸ, ਚੋਰ, ਉਚੱਕਾ, ਡਾਕੂ, ਲੁਟੇਰਾ।

ژن ***ਜ਼ਨ*** : ਬਦਸ਼ਕਲ, ਕੋਝਾ, ਕਰੂਪ।

ژند ***ਜ਼ੰਦ*** : ਪਾਟਾ ਪੁਰਾਣਾ ਕਪੜਾ, ਚੀਥੜਾ, ਲੀਰ, ਗੋਦੜੀ, ਚਕਮਾਕ ਪਥਰ, ਹਰ ਵਡੀ ਚੀਜ਼; ਭਿਆਨਕ; ਜ਼ਰਤੁਸ਼ਤ ਦਾ ਧਰਮ-ਗਰੰਥ।

ژندباف ***ਜ਼ੰਦ ਬਾਫ਼*** : ਸੁਰੀਲੀ ਅਵਾਜ਼ ਵਾਲਾ ਪੰਛੀ, ਬੁਲਬੁਲ, ਘੁੱਗੀ।

ژندگی ***ਜ਼ੰਦਗੀ*** : ਪੁਰਾਣਾਪਣ।

ژنده ***ਜ਼ੰਦਾ*** : ਪੁਰਾਣਾ ਕਪੜਾ, ਗੋਦੜੀ, ਚੀਥੜਾ; ਹਰ ਵਡੀ ਤੇ ਭਿਆਨਕ ਸ਼ੈ।

ژنده‌پیل ***ਜ਼ੰਦਾ ਪੀਲ*** : ਵਡਾ ਹਾਥੀ, ਮਸਤ ਹਾਥੀ।

ژنگ ***ਜ਼ੰਗ*** : (ਅਰਜ਼ੰਗ **ارژنگ** ਦਾ ਸੰਖਿਪਤ ਰੂਪ) ਪਰਸਿੱਧ ਚਿਤਰਕਾਰ ਮਾਨੀ ਦੀ ਕਿਤਾਬ ਦਾ ਨਾਮ, ਜਿਸ ਵਿਚ ਉਸ ਦੇ ਬਣਾਏ ਹੋਏ ਕਈ ਚਿਤਰ, ਨਕਸ਼ੇ, ਤਸਵੀਰਾਂ ਆਦਿ ਸਨ; ਬੁਢਾਪੇ ਕਾਰਨ ਮੂੰਹ ਤੇ ਪਈਆਂ ਝੁਰੜੀਆਂ।

ژنگار ***ਜ਼ੰਗਾਰ*** : ਜ਼ੰਗਾਲ, ਜ਼ੰਗ।

ژنه ***ਜ਼ਨਾ*** : ਸੂਈ ਦੀ ਨੋਕ, ਸੂਈ ਦਾ ਨੱਕਾ; ਜ਼ੈਹਰੀਲੇ ਜਾਨਵਰ ਦਾ ਡੰਗ।

ژوبین *ਜ਼ੋਬੀਨ*, **ژوپین** *ਜ਼ੋਪੀਨ* : ਦੋ ਸਾਂਗੇ ਫਲ ਵਾਲਾ ਨੇਜ਼ਾ, ਭਾਲਾ।

ژوژ *ਜ਼ੂਜ਼*, **ژوژه** *ਜ਼ੂਜ਼ਾ* : ਝਾੜ-ਚੂਹਾ।

ژول *ਜ਼ੋਲ* : ਇਕ ਪੰਛੀ ਦਾ ਨਾਮ, ਚੰਡੋਲ; ਸ਼ੋਕ, ਉਦਾਸੀ, ਪਰੇਸ਼ਾਨੀ।

ژولیده *ਜ਼ੋਲੀਦਾ* : ਪਰੇਸ਼ਾਨ, ਉਲਝਿਆ ਹੋਇਆ।

ژولیده‌حال *ਜ਼ੋਲੀਦਾ ਹਾਲ* : ਮੰਦਹਾਲ, ਭੈੜੇ ਹਾਲ।

ژولیده‌مو *ਜ਼ੋਲੀਦਾ-ਮੂ* : ਖਿੰਡੇ ਵਾਲਾਂ ਵਾਲਾ, ਪਰੇਸ਼ਾਨ।

ژون *ਜ਼ੂਨ* : ਇਕ ਪਰਕਾਰ ਦਾ ਪੰਛੀ; ਮੂਰਤੀ, ਜੂਨ ਦਾ ਮਹੀਨਾ।

ژی *ਜ਼ੀ*, **ژیر** *ਜ਼ੀਰ* : ਨਦੀ, ਨੈਹਰ, ਤਲਾ, ਟੋਆ, ਛੱਪੜ, ਇਸਫ਼ਹਾਨ ਨੇੜੇ ਇਕ ਪਿੰਡ ਦਾ ਨਾਮ।

ژیان *ਜ਼ਿਯਾਨ* : ਭਿਆਨਕ, ਡਰਾਉਣਾ; ਗੁਸੀਲਾ।

ژیره *ਜ਼ੀਰਾ* : (= ਜ਼ੀਰਾ **زیره**) ਇਕ ਪਰਕਾਰ ਦਾ ਗਰਮ ਮਸਾਲਾ, ਜੀਰਾ।

ژیک *ਜ਼ੀਕ*, **ژیغ** *ਜ਼ੀਗ਼*, **ژیکا** *ਜ਼ੀਕਾ* : ਮੀਂਹ ਦੀ ਕਣੀ, ਕਤਰਾ, ਬੂੰਦ; ਝਾੜ ਚੂਹਾ।

ژیغ‌ژیغ *ਜ਼ੀਗ਼ ਜ਼ੀਗ਼* : ਕਤਰਾ ਕਤਰਾ, ਬੂੰਦ-ਬੂੰਦ।

ژیوه *ਜ਼ੀਵਾ* : ਪਾਰਾ।

س(ਸੀਨ)

س ਸੀਨ : (ਸੀਨ-ਏ-ਗ਼ੈਰ ਮਨਕੂਤਾ ਜਾਂ ਸੀਨ-ਏ-ਮਹਮੂਲਾ ਭਾਵ ਬਗ਼ੈਰ ਨੁਕਤਿਆਂ ਵਾਲੀ ਸੀਨ) ਫ਼ਾਰਸੀ ਵਰਨਮਾਲਾ ਦਾ ਪੰਦਰ੍ਹਵਾਂ ਅਤੇ ਅਰਬੀ ਵਰਨਮਾਲਾ ਦਾ ਬਾਰਵਾਂ ਅੱਖਰ ਹੈ ਅਤੇ 'ਅਬਜਦ' ਅਨੁਸਾਰ ਇਸ ਦੀ ਗਿਣਤੀ ੬੦ ਹੁੰਦੀ ਹੈ।

سا ਸਾ : (ਸਾਂ ਅਤੇ ਆਸਾ ਦਾ ਸੰਖਿਪਤ ਰੂਪ) ਸਭ ਵਰਗਾ, ਵਾਂਗੂ, ਜੇਹਾ, ਅਨੁਕੂਲ, ਉਚਿਤ।

ساباط ਸਾਬਾਤ਼ : ਛੱਤਿਆ ਹੋਇਆ ਰਾਹ, ਛੱਤਿਆ ਕੂਚਾ, ਸਬਾਤ, ਦਲਾਨ।

سابری ਸਾਬਿੱਰੀ : ਇਕ ਪਰਕਾਰ ਦਾ ਨਫੀਸ ਤੇ ਰੇਸ਼ਮੀ ਕੱਪੜਾ, ਪਟ, ਮਲਮਲ, ਖਜੂਰਾਂ ਦੀ ਸਭ ਨਾਲੋਂ ਵਧੀਆ ਕਿਸਮ।

سابری ਸਾਬਰੀ : ਪੱਕੇ ਤੇ ਗਾੜ੍ਹੇ ਕੁੰਡਿਆਂ ਵਾਲਾ ਜ਼ੱਰਾ (ਜ਼ਿਰਹ) ਬਕਤਰ।

سابع ਸਾਬਿਅ਼ : ਸਤਵਾਂ।

سابق ਸਾਬਿਕ਼ : ਪੈਹਲਾ, ਅਗਲਾ, ਅੱਗੇ ਵਧਿਆ ਹੋਇਆ, ਭੂਤਪੂਰਵ।

سابقا ਸਾਬਿਕ਼ਨ : ਪੈਹਲੀ ਵਾਰ, ਪੈਹਲਾਂ, ਇਸ ਤੋਂ ਪੈਹਲਾਂ।

سابقون ਸਾਬਿਕੂਨ : ਅਗ੍ਹਾਂ ਲੰਘ ਜਾਣ ਵਾਲੇ, ਅਗਲੇ ਜ਼ਮਾਨੇ ਦੇ ਲੋਕ, ਪੈਹਲੇ ਲੋਕ, ਵਡੇ ਵਡੇਰੇ।

سابقه ਸਾਬਿਕ਼ਾ : ਅਗਲਾ, ਪੈਹਲੇ ਸਮੇਂ ਦਾ, ਓਹ ਗਲ ਜੋ ਪੈਹਲਾਂ ਤੋਂ ਕਿਸੇ ਕੰਮ ਦਾ ਵਸੀਲਾ ਹੋਵੇ, ਭੂਮਿਕਾ, ਪੈਹਲੇ ਸਮੇਂ ਦੀ ਜਾਣ-ਪਛਾਣ।

سابوته ਸਾਬੂਤਾ : ਬੁਢੀ ਇਸਤਰੀ, ਬੁਢੀ।

سابوس ਸਾਬੂਸ : ਈਸਬਗੋਲ।

ساج ਸਾਜ : ਸਾਲ ਦੀ ਲਕੜ ਜਿਸ ਦੀਆਂ ਬੇੜੀਆਂ ਬਣਦੀਆਂ ਹਨ, ਕਾਲੀ ਲਕੜੀ, ਤਲਵਾਰ ਨੂੰ ਸੈਕਲ ਕਰਨ ਵਾਲਾ ਪਥਰ।

ساج ਸਾਜ : ਰੋਟੀ ਪਕਾਉਣ ਦਾ ਤਵਾ, ਇਕ ਪਰਕਾਰ ਦਾ ਪੰਛੀ, ਸਾਗਵਾਨ ਦੀ ਲਕੜ।

ساجد ਸਾਜਿਦ : ਸਿਜਦਾ ਕਰਨ ਵਾਲਾ, ਸਿਰ ਝੁਕਾਉਣ ਵਾਲਾ।

ساچی ਸਾਚੀ : ਚਿਟਾ, ਸਫੈਦ।

ساحر ਸਾਹਿਰ : ਜਾਦੂ ਕਰਨ ਵਾਲਾ ਜਾਦੂਗਰ, ਫ਼ਰੇਬ ਦੇਣ ਵਾਲਾ, ਫ਼ਰੇਬੀ, ਬੀਮਾਰ ਕਰਨ ਵਾਲਾ, ਉਸਤਾਦ, ਸਿਆਣਾ।

ساحره ਸਾਹਿਰਾ : ਜਾਦੂਗਰਨੀ, ਜਾਦੂ ਟੂਣਾ ਜਾਣਨ ਵਾਲੀ, ਫ਼ਰੇਬਣ।

ساخت ਸਾਖ਼ਤ : ਬਣਾਵਟ, ਘਾੜਤ, ਘੋੜੇ ਦੀ ਜ਼ੀਨ, ਕਾਠੀ; ਰਕਾਬ ਦਾ ਤਸਮਾ, ਜ਼ਰਾ-ਬਕਤਰ, ਪਾਖਰ।

ساختن ਸਾਖ਼ਤਨ : ਬਣਾਉਣਾ, ਤਿਆਰ ਕਰਨਾ, ਪਰੇਰਤ ਕਰਨਾ।

ساخته ਸਾਖ਼ਤਾ : ਬਣਾਇਆ ਹੋਇਆ, ਘੜਿਆ ਹੋਇਆਂ, ਤਰਤੀਬ ਦਿਤਾ ਹੋਇਆ, ਮੌਜੂਦ, ਮੁਹਈਆ, ਤਿਆਰ, ਬਣਿਆ ਹੋਇਆ, ਝੂਠਾ, ਨਕਲੀ।

ساخته‌پرداخته ਸਾਖ਼ਤਾ ਪਰਦਾਖ਼ਤਾ : ਬਣਾਇਆ ਸਜਾਇਆ, ਸ਼ਿੰਗਾਰਿਆ ਸਵਾਰਿਆ, ਮੌਜੂਦ, ਮੁਹਈਆ ਤਿਆਰ-ਬਰ-ਤਿਆਰ।

سادات ਸਾਦਾਤ : (ਸੱਯਿਦ سید ਦਾ ਬੌਹਵਚਨ, ਸਾਦਤ ਦਾ ਬੌਹਵਚਨ) ਸਯਿਦ, ਸਰਦਾਰ, ਮੁਖੀਆ, ਓਹ ਕੌਮ ਜੇਹੜੀ ਹਜ਼ਰਤ ਅਲੀਦੀ ਔਲਾਦ ਅਤੇ ਬੀਬੀ ਫ਼ਾਤਿਮਾ ਦੇ ਢਿਡੋਂ ਹੈ ਭਾਵ ਕੌਮ ਸਯਿਦ।

سادت *ਸਾਦਤ* : (ਸਾਇਦ ਦਾ ਬੋਹਬਚਨ) ਸਯਿਦ, ਸਰਦਾਰ, ਮੁਖੀਆ ਸਯਿਦਪੁਣਾ।

سادس *ਸਾਦਿਸ* : ਛੇਵਾਂ।

سادگی *ਸਾਦਗੀ* : ਸਫ਼ਾਈ, ਕੂਲਾਪਣ, ਭੋਲਾਪਣ, ਗੈਹਣੇ-ਰੈਹਤ ਬਰਾਬਰੀ, ਪੱਧਰਾਪਣ, ਪਵਿਤਰਤਾ।

سادن *ਸਾਦਿਨ* : ਕਾਅਬਾ ਦਾ ਅਤੇ ਬੁਤਖ਼ਾਨਾ ਦਾ ਮੁਜਾਵਰ, ਦਰਬਾਨ।

ساده *ਸਾਦਾ* : ਖਾਲਸ, ਕੋਰਾ, ਸਾਫ; ਅਣਦਾੜ੍ਹੀਆ ਮੁੰਡਾ, ਮੂਰਖ , ਗੰਵਾਰ, ਭੋਲਾ ਭਾਲਾ, ਤਰੀ ਤੋਂ ਬਗੈਰ; ਬਿਨਾ ਸਜਾਵਟ।

سادہ پرکار *ਸਾਦਾ ਪੁਰਕਾਰ* : ਸ਼ੋਖ਼, ਚਲਾਕ, ਵੇਖਣ ਨੂੰ ਭੋਲਾ ਭਾਲਾ ਲੱਗੇ ਪਰ ਹੋਵੇ ਚਲਾਕ, ਮਸੂਕ।

سادہ جگر *ਸਾਦਾ ਜਿਗਰ* : ਕਮਅਕਲ, ਅਣਜਾਣ।

سادہ خوان *ਸਾਦਾਖ਼ਾਨ* : ਪੜ੍ਹਨ ਦੀ ਖੇਚਲ ਨਾ ਕਰਨ ਵਾਲਾ।

سادہ دل *ਸਾਦਾ-ਦਿਲ* : ਸਾਫ਼-ਦਿਲ ਜੋ ਰਬ ਨੂੰ ਮੰਨਣ ਵਾਲਾ ਹੋਵੇ, ਭੋਲਾ ਭਾਲਾ, ਨਦਾਨ, ਮੂਰਖ।

سادہ دلی *ਸਾਦਾ-ਦਿਲੀ* : ਭੋਲਾਪਣ, ਮੂਰਖਤਾ।

سادہ روی *ਸਾਦਾ ਰੂ/ਰੂਯ* : ਲੜਕਾ, ਅਣਦਾੜ੍ਹੀਆ ਮੁੰਡਾ।

سادہ زنخ *ਸਾਦਾ-ਜ਼ਨਖ਼* : ਮਸੂਕ।

سادہ طور *ਸਾਦਾ-ਤੌਰ* : ਬੇਤਕਲੁੱਫ਼ ਆਦਮੀ।

سادہ عرار *ਸਾਦਾ-ਇਜ਼ਾਰ* : ਯੁਵਕ, ਲਵਾ ਮੁੰਡਾ।

سادہ لوح *ਸਾਦਾ ਲੌਹ* : ਸਿੱਧਾ ਸਾਦਾ, ਭੋਲਾ ਭਾਲਾ, ਬੇਸ਼ਊਰ, ਮੂਰਖ,ਨਦਾਨ।

سادہ مزاج *ਸਾਦਾ ਮਿਜ਼ਾਜ* : ਸਾਫ਼-ਦਿਲ, ਬੇਤੱਕਲੁਫ।

سار *ਸਾਰ* : ਸੁਰੀਲੀ ਅਵਾਜ਼ ਵਾਲਾ ਪੰਛੀ, ਮੈਨਾ।

ساردک *ਸਾਰਦਕ*, **ساری** *ਸਾਰੀ* : ਮੈਨਾ, ਛੋਟੀ ਮੈਨਾ।

سار *ਸਾਰ* : ਊਠ।

ساربان-ساردان *ਸਾਰਬਾਨ-ਸਾਰਦਾਨ* : ਊਠਾਂ ਵਾਲਾ।

سار *ਸਾਰ* : ਖ਼ਾਲਸ, ਕੇਵਲ 'ਅੰਬਰ', ਸੋਨੇ ਦੀ ਸਿਫ਼ਤ ਲਈ ਆਉਂਦਾ ਹੈ।

سارق *ਸਾਰਿਕ਼* : ਮਾਲ ਚੁਰਾਉਣ ਵਾਲਾ ਚੋਰ।

سارونه *ਸਾਰੂਨਾ* : ਅੰਗੂਰ ਦੀ ਵੇਲ।

ساره *ਸਾਰਾ* : ਇਕ ਪਰਕਾਰ ਦੀ ਚਾਦਰ, ਸਾੜ੍ਹੀ ਜੋ ਪੈਹਨਣ ਦਾ ਮਸ਼ਹੂਰ ਕਪੜਾ ਹੈ, ਪਰਦਾ, ਰਿਸ਼ਵਤ।

ساره *ਸਾਰਾ*, **سائره** *ਸਾਇਰਾ* : ਹਜ਼ਰਤ ਇਬਰਾਹੀਮ ਦੀ ਬੀਵੀ ਦਾ ਨਾਮ।

ساز *ਸਾਜ਼* : ਵਾਜਾ, ਸਿਤਾਰ, ਸਾਰੰਗੀ, ਆਦਿ; ਹਿੰਮਤ, ਜਤਨ, ਕੰਮ ਦੀ ਰੌਣਕ, ਸਫ਼ਰ ਦਾ ਸਮਾਨ, ਹਲੀਮੀ, ਤਿਆਰੀ, ਅਨੁਕੂਲਤਾ, ਮੇਲ-ਜੋਲ, ਲੜਾਈ ਦੇ ਹਥਿਆਰ, ਮੈਹਮਾਨੀ, ਜ਼ਿਆਫ਼ਤ, ਘੋੜੇ ਦਾ ਸਾਜ਼, ਤਕੜਾ, ਚੁਸਤ, ਅਨੁਕੂਲ, ਵਾਂਗ, ਵਰਗਾ, ਲਾਭ, ਫ਼ਰੇਬ, ਮਕਰ।

سازاست *ਸਾਜ਼ ਅਸਤ* : ਠੀਕ ਹੈ, ਅਨੁਕੂਲ ਹੈ, ਜਿਵੇਂ ਚਾਹੀਦਾ ਸੀ, ਮੌਜੂਦ ਹੈ।

سازکردن *ਸਾਜ਼ ਕਰਦਨ* : ਤਿਆਰ ਕਰਨਾ, ਉਕਸਾਉਣਾ।

سازور *ਸਾਜ਼ਵਰ* : ਸਮਾਨ ਵਾਲਾ, ਤਿਆਰ।

سازش *ਸਾਜ਼ਿਸ਼* : ਬਣਤਰ; ਅਨੁਕੂਲਤਾ, ਮੇਲ, ਲਗਾ, ਕਿਸੇ ਦੇ ਵਿਰੋਧ ਲਈ ਆਪਣੀ ਸੈਹਮਤੀ, ਕਨੂੰਨ ਦੇ ਵਿਰੁੱਧ ਤਾਲ-ਮੇਲ।

سازکار *ਸਾਜ਼ਕਾਰ*, **سازگار** *ਸਾਜ਼ਗਾਰ* : ਯੋਗ, ਅਨੁਕੂਲ, (ਮੁਵਾਫ਼ਕ), ਦੋਸਤ।

سازمند *ਸਾਜ਼ਮੰਦ* : ਸਜਿਆ ਹੋਇਆ, ਠੀਕ ਸਿਰ, ਤਰਤੀਬ ਦਿਤਾ ਗਿਆ; ਤਿਆਰ।

سازنده *ਸਾਜ਼ੰਦਾ* : ਸਾਜ਼ ਵਜਾਉਣ ਵਾਲਾ, ਬਣਾਉਣ ਵਾਲਾ; ਕਲਾ ਵਿਖਾਉਣ ਵਾਲਾ।

سازوبرگ *ਸਾਜ਼-ਓ-ਬਰਗ* : ਸਾਜ਼ ਸਮਾਨ, ਮਾਲਧਨ, ਅਸਬਾਬ।

ساسان ***ਸਾਸਾਨ*** : ਫ਼ਕੀਰ, ਭਿਖਾਰੀ, ਮੰਗਤਾ।

ساسان ***ਸਾਸਾਨ*** : ਬਹਮਨ-ਬਿਨ-ਅਸ ਫ਼ੰਦਯਾਰ ਦਾ ਪੁਤਰ, ਜਿਸ ਦੀ ਔਲਾਦ ਸਾਸਾਨੀ ਬਾਦਸ਼ਾਹ ਅਖਵਾਉਂਦੀ ਹੈ।

ساسانی ***ਸਾਸਾਨੀ,*** **ساسانیه** ***ਸਾਸਾਨੀਆ*** : ਈਰਾਨੀ ਬਾਦਸ਼ਾਹਾਂ ਦਾ ਓਹ ਖ਼ਾਨਦਾਨ ਜੋ ਖ਼ਾਨਦਾਨ-ਏ-ਅਸ਼ਕਾਨੀਆਂ ਪਿਛੋਂ ਰਾਜ ਕਰਨ ਲਗਾ, ਏਹ ਸਾਸਾਨ-ਬਿਨ-ਬਹਮਨ ਦੀ ਔਲਾਦ ਵਿਚੋਂ ਸੀ।

ساعت ***ਸਾਅਤ*** : ਢਾਈ ਘੜੀਆਂ ਦਾ ਸਮਾਂ, ਇਕ ਘੰਟਾ, ਸਠ ਮਿੰਟ, ਕਿਆਮਤ ('ਕਿਯਾਮਤ') ਘੜੀ, ਪਲ, ਸਕਿੰਟ, ਵੇਲਾ ਦਸਣ ਵਾਲੀ ਘੜੀ, ਵਕਤ।

ساعد ***ਸਾਇਦ*** : ਇਨਸਾਨ ਦੀ ਬਾਂਹ, ਪੰਛੀ ਦਾ ਵੱਡਾ ਖੰਭ, ਕਲਾਈ, ਗੁੱਟ।

ساعی ***ਸਾਈ*** : ਜਤਨ ਕਰਨ ਵਾਲਾ, ਨਠ ਭਜ ਕਰਨ ਵਾਲਾ, ਖ਼ਰਾਜ ਵਸੂਲ ਕਰਨ ਵਾਲਾ, ਕਿਸੇ ਕੌਮ ਦਾ ਸਰਦਾਰ, ਈਸਾਈਆਂ ਤੇ ਯਹੂਦੀਆਂ ਦਾ ਸਰਦਾਰ, ਚੁਗਲੀ ਕਰਨ ਵਾਲਾ, ਚੁਗਲ ਖੋਰ।

ساغر ***ਸਾਗ਼ਰ*** : ਸ਼ਰਾਬ ਦਾ ਪਿਆਲਾ।

ساغربسرکشیدن ***ਸਾਗ਼ਰ ਬ-ਸਰ ਕਸ਼ੀਦਨ,*** **ساغرخوردن** ***ਸਾਗ਼ਰ ਖ਼ੁਰਦਨ,*** **ساغرکشیدن** ***ਸਾਗ਼ਰ ਕਸ਼ੀਦਨ,*** **ساغرنوشیدن** ***ਸਾਗ਼ਰ ਨੋਸ਼ੀਦਨ*** : ਸ਼ਰਾਬ ਪੀਣਾ।

ساغرجم ***ਸਾਗ਼ਰ-ਏ-ਜਮ*** : ਜਮਸ਼ੇਦ ਦਾ ਪਿਆਲਾ।

ساق ***ਸਾਕ਼*** : ਗੋਡਾ, ਪਿੰਨੀ, ਦਰਖ਼ਤ ਦਾ ਧੜ, ਗੇਲੀ, ਸਬਜ਼ੀ ਦੇ ਡੰਡਲ।

ساقِبلورین ***ਸਾਕ਼-ਏ-ਬਿੱਲੂਰੀਨ,*** **ساقِسیمین** ***ਸਾਕ-ਏ-ਸੀਮੀਨ*** : ਬਲੌਰ ਜੇਹੀ ਪਿੰਡਲੀ, ਗੋਰੀ ਪਿੰਨੀ, ਗੋਰੀ ਪਿੰਡਲੀ, ਚਾਂਦੀ ਵਰਗੀ ਪਿੰਡਲੀ, ਗੋਰੀ ਪਿੰਡਲੀ।

ساقط ***ਸਾਕ਼ਿਤ਼*** : ਡਿਗਣ ਵਾਲਾ, ਡਿਗਿਆ ਹੋਇਆ, ਪਤਿਤ, ਛਡਿਆ ਹੋਇਆ, ਨਿਕੰਮਾ, ਪਛੜਿਆ ਹੋਇਆ, ਨਾਮਨਜ਼ੂਰ।

ساقی ***ਸਾਕ਼ੀ*** : ਪਿਆਉਣ ਵਾਲਾ, ਸ਼ਰਾਬ ਪਿਆਉਣ ਵਾਲਾ, ਹੁਕਾ ਪਿਆਉਣ ਵਾਲਾ ਮਸ਼ੂਕ, ਮੈਹਬੂਬ।

ساقیٔکوثر ***ਸਾਕੀ-ਏ-ਕੌਸਰ*** : ਬਹਿਸ਼ਤ ਦਾ ਸਾਕੀ, ਹਜ਼ਰਤ ਮੁਹੰਮਦ ਸਾਹਿਬ, ਹਜ਼ਰਤ ਅਲੀ।

ساکت ***ਸਾਕਿਤ*** : ਚੁੱਪ, ਚੁੱਪ ਕੀਤਾ; ਜਿਸ ਉਤੇ ਸਕਤਾ ਤਾਰੀ ਹੋਵੇ, ਸੁੰਨ ਮੁੰਨ, ਜੋ ਬੋਲ ਨਾ ਸਕੇ, ਬੇਹਰਕਤ।

ساکن ***ਸਾਕਿਨ*** : ਠੈਹਰਿਆ ਹੋਇਆ, ਖਲੋਤਾ ਹੋਇਆ, ਅਹਿਲ, ਅਚਲ, ਰੈਹਣ ਵਾਲਾ, ਵਾਸੀ , ਵਸਨੀਕ; ਓਹ ਅੱਖਰ ਜਿਸ ਉੱਤੇ ਠੈਹਰਾ ਹੋਵੇ।

ساکنان ***ਸਾਕਿਨਾਨ,*** **ساکنین** ***ਸਾਕਿਨੀਨ*** : (ਸਾਕਿਨ **ساکن** ਦਾ ਬੌਹਵਚਨ) ਰੈਹਣ ਵਾਲੇ, ਵਸਨੀਕ।

ساکیز ***ਸਾਕੀਜ਼*** : ਨਮਦਾ।

سال ***ਸਾਲ*** : ਵਰ੍ਹਾ, ਉਮਰ, ਸਾਗਵਾਨ ਦੀ ਲਕੜ, ਜਿਸ ਦੀਆਂ ਬੇੜੀਆਂ ਬਣਦੀਆਂ ਹਨ, ਇਸੇ ਲਈ ਕਈ ਵਾਰ ਸਾਲ ਦਾ ਅਰਥ ਬੇੜੀ ਜਾਂ ਜਹਾਜ਼ ਦੇ ਵੀ ਲਏ ਜਾਂਦੇ ਹਨ।

سالآزما ***ਸਾਲ ਆਜ਼ਮਾ,*** **سالخورده** ***ਸਾਲ ਖ਼ੁਰਦਾ,*** **سالدیده** ***ਸਾਲ-ਦੀਦਾ*** : ਤਜਰਬੇਕਾਰ, ਸਿਆਣਾ, ਬੁਢਾ।

سالانه ***ਸਾਲਾਨਾ*** : ਸਾਲ ਭਰ ਦੀ, ਹਰ ਸਾਲ, ਸਾਲ ਵਿਚ ਮਿਲਣ ਵਾਲੀ ਵਸਤੂ।

سالخورد ***ਸਾਲ ਖ਼ੁਰਦ*** : ਛੋਟੀ ਉਮਰ ਦਾ, ਥੋੜ੍ਹੇ ਸਾਲਾਂ ਦਾ, ਬੱਚਾ।

سالشمسی ***ਸਾਲ-ਏ-ਸ਼ਮਸੀ*** : ਓਹ ਸਾਲ ਜੋ ਸੂਰਜ ਦੀ ਚਾਲ ਨਾਲ ਗਿਣਿਆ ਜਾਵੇ, ਏਹ ਸਾਲ 365 ਦਿਨ, 5 ਘੰਟੇ, 48 ਮਿੰਟਾਂ ਤੇ 471/2 ਸਕਿੰਟਾਂ ਦਾ ਹੁੰਦਾ ਹੈ।

سالِقمری ***ਸਾਲ-ਏ-ਕਮਰੀ*** : ਓਹ ਸਾਲ ਜੇਹੜਾ ਚੰਦ ਦੀ ਚਾਲ ਨਾਲ ਗਿਣਿਆ ਜਾਵੇ, ਏਹ ਸਾਲ 354 ਦਿਨ, 8 ਘੰਟੇ, ਤੇ 48

ਮਿੰਟਾਂ ਦਾ ਹੁੰਦਾ ਹੈ।

سالار ***ਸਾਲਾਰ*** : ਸਰਦਾਰ, ਮੁਖੀਆ, ਵਡੇਰੀ ਉਮਰ ਦਾ; ਪੁਰਾਣਾ।

سالاربار ***ਸਾਲਾਰ-ਏ-ਬਾਰ*** : ਜੋ ਬਾਦਸ਼ਾਹ ਤੱਕ ਅਰਜ਼ ਪੌਹਚਾਵੇ, ਅਰਜ਼-ਬੇਗੀ।

سالارخان/خوان ***ਸਾਲਾਰ-ਏ-ਖ਼ਾਨ/ਖ਼੍ਵਾਨ*** : ਬਾਵਰਚੀ, ਰਸੋਈਆ।

سالک ***ਸਾਲਿਕ*** : ਰਾਹ ਤੇ ਚਲਣ ਵਾਲਾ, ਸੂਫ਼ੀ ਮਾਰਗ ਉਤੇ ਚਲਣ ਵਾਲਾ, ਰਬ ਦੀ ਭਾਲ ਕਰਨ ਵਾਲਾ।

سالکان ***ਸਾਲਿਕਾਨ*** : (ਸਾਲਿਕ سالک ਦਾ ਬੌਹਵਚਨ) ਰਬ ਦੇ ਤਾਲਿਬ।

سالکانِ عرش ***ਸਾਲਿਕਾਨ-ਏ-ਅਰਸ਼*** : ਫ਼ਰਿਸ਼ਤੇ।

سام ***ਸਾਮ*** : ਹਜ਼ਰਤ ਨੂਹ ਦੇ ਪੁਤਰ ਦਾ ਨਾਮ; ਇਕ ਪਹਾੜ ਦਾ ਨਾਮ।

سام ***ਸਾਮ*** : ਨਰੀਮਾਨ ਦੇ ਪੁਤਰ, ਜ਼ਾਲ ਦੇ ਪਿਤਾ ਅਤੇ ਰੁਸਤਮ ਦੇ ਦਾਦੇ ਦਾ ਨਾਮ।

سامان ***ਸਾਮਾਨ***: ਦੌਲਤ, ਸੰਪਤੀ, ਸੁਖ, ਚੈਨ, ਤਰਤੀਬ, ਪਰਬੰਧ, ਅਸਬਾਬ, ਤਿਆਰੀ ਦੀਆਂ ਚੀਜ਼ਾਂ, ਜ਼ਰੂਰੀ ਚੀਜਾਂ; ਹੱਦ, ਕਿਨਾਰਾ; ਅੰਦਾਜ਼ਾ, ਅਨੁਮਾਨ; ਸ਼ੈਹਰ, ਕਸਬਾ; ਤਾਕਤ, ਸ਼ਕਤੀ; ਸਤ, ਪਵਿਤਰਤਾ; ਤਲਵਾਰ, ਹਥਿਆਰ ਆਦਿ ਨੂੰ ਸਾਫ਼ ਕਰਨ ਵਾਲਾ ਸੰਦ, ਹਥਿਆਰ, ਜੰਗੀ ਸਾਜ਼-ਸਮਾਨ।

سامان ***ਸਾਮਾਨ*** : ਇਕ ਵਿਅਕਤੀ ਦਾ ਨਾਮ, ਜਿਸ ਦੀ ਔਲਾਦ ਤੋਂ ਬੁਖ਼ਾਰਾ ਦੇ ਬਾਦਸ਼ਾਹ ਸਾਮਾਨੀ ਹੋਏ ਹਨ।

سامانی ***ਸਾਮਾਨੀ*** : ਈਰਾਨ ਦਾ ਪੁਰਾਣਾ ਸ਼ਾਸਕ ਖ਼ਾਨਦਾਨ, ਬੁਖਾਰਾ ਦੇ ਮਸ਼ਹੂਰ ਸ਼ਾਹੀ ਖ਼ਾਨਦਾਨ ਦਾ ਨਾਮ ਜੋ ਸਾਮਾਨ ਦੀ ਔਲਾਦ ਸੀ।

سامر ***ਸਾਮਿਰ*** : ਦਾਸਤਾਨ ਕੈਹਣ ਵਾਲਾ।

سامره ***ਸਾਮਿਰਾ*** : ਇਕ ਸ਼ੈਹਰ ਦਾ ਨਾਮ ਜੋ ਹਰਮੈਨ ਦੇ ਵਿਚਕਾਰ ਹੈ।

سامری ***ਸਾਮਿਰੀ*** : ਹਜ਼ਰਤ ਮੂਸਾ ਦੀ ਕੌਮ ਦਾ ਇਕ ਵਿਅਕਤੀ, ਹਜ਼ਰਤ ਮੂਸਾ ਆਪਣੀ ਕੌਮ ਨਾਲ ਤਿੰਨ ਦਿਨਾਂ ਦਾ ਇਕਰਾਰ ਕਰਕੇ 'ਤੌਰੇਤ' ਲੈਣ ਗਏ ਪਰ ਓਹਨਾਂ ਨੂੰ ਚਾਲੀ ਦਿਨ ਲੱਗ ਗਏ, ਸਾਮਿਰੀ ਨੇ ਪਿਛੋਂ ਸੋਨੇ ਦਾ ਇਕ ਵਛਾ ਬਣਾ ਕੇ ਹਜ਼ਰਤ ਮੂਸਾ ਦੀ ਕੌਮ ਬਨੀ ਇਸਰਾਈਲ ਤੋਂ ਉਸ ਦੀ ਪੂਜਾ ਸ਼ੁਰੂ ਕਰਵਾਈ। ਵਾਪਸ ਆ ਕੇ ਹਜ਼ਰਤ ਮੂਸਾ ਨੇ ਉਸ ਲਈ ਕੋਈ ਬਦ-ਦੁਆ ਕੀਤੀ, ਲੋਕ ਉਸ ਤੋਂ ਦੂਰ ਦੂਰ ਰੈਂਹਦੇ ਕਿਉਂਕਿ ਜਦ ਕੋਈ ਉਸ ਨੂੰ ਮਿਲਦਾ ਤਾਂ ਦੋਹਾਂ ਨੂੰ ਤਾਪ ਚੜ੍ਹ ਜਾਂਦਾ।

سامسوار ***ਸਾਮਸਵਾਰ*** : ਸਾਮ ਅਰਥਾਤ ਰੁਸਤਮ ਦਾ ਦਾਦਾ।

سامع ***ਸਾਮਿਅ*** : ਸੁਣਨ ਵਾਲਾ।

سامعین ***ਸਾਮਿਈਨ*** : ਸੁਣਨ ਵਾਲੇ।

سامعه ***ਸਾਮਿਆ*** : ਸੁਣਨ ਦੀ ਸ਼ਕਤੀ।

سامندر ***ਸਾਮੰਦਰ,*** **سمندر** ***ਸਮੰਦਰ,*** **سامندل** ***ਸਾਮੰਦਲ*** : (ਸਾਮ = ਅਗ+ਅੰਦਰ) ਅਗ ਵਿਚ ਰੈਹਣ ਵਾਲਾ ਕੀੜਾ, ਏਹ ਅਗ ਖਾਂਦਾ ਹੈ ਇਸ ਦਾ ਕਦ ਵਡੇ ਚੂਹੇ ਜਿਡਾ ਹੁੰਦਾ ਹੈ, ਜਦ ਅਗ ਤੋ ਬਾਹਰ ਨਿਕਲਦਾ ਹੈ ਤਾਂ ਮਰ ਜਾਂਦਾ ਹੈ।

سان ***ਸਾਨ*** : ਰਸਮ, ਰਵਸ਼, ਤਰੀਕਾ, ਆਦਤ, ਸੁਭਾ, ਮਿਸਲ, ਨਜ਼ੀਰ, ਵਾਂਗ, ਟੋਟਾ, ਹਿਸਾ; ਪਾਰਾ; ਜਾਇਜ਼ਾ; ਮੁਲਾਹਜ਼ਾ; ਲਸ਼ਕਰ, ਫ਼ੌਜ; ਜੰਗੀ ਸਮਾਨ, ਸਰੰਜਾਮ, ਸੁਹਾਨ, ਜਿਸ 'ਤੇ ਲੋਹਾ ਆਦਿ ਰਗੜਿਆ ਜਾਂਦਾ ਹੈ।

سانِ سپاه ***ਸਾਨ-ਏ-ਸਿਪਾਹ*** : ਫ਼ੌਜ ਦਾ ਮੁਲਾਹਜ਼ਾ ਕਰਨਾ।

سانِ لشکر ***ਸਾਨ-ਏ-ਲਸ਼ਕਰ*** : ਪਰੇਡ ਵੇਖਣਾ।

سانح ***ਸਾਨਿਹ*** : ਜ਼ਾਹਰ ਹੋਣ ਵਾਲੀ ਚੀਜ਼, ਪੇਸ਼ ਆਉਣ ਵਾਲਾ, ਵਾਪਰਨ ਵਾਲਾ।

سانحه ***ਸਾਨਿਹਾ*** : ਘਟਨਾ, ਹਾਦਸਾ, ਦੁਖਦਾਇਕ ਘਟਨਾ।

ساوه ***ਸਾਵਾ*** : ਇਰਾਕ ਅਜਮ ਦੇ ਇਕ ਸ਼ੈਹਰ ਦਾ ਨਾਮ, ਸਨਮਾਨ ਸਾਵਜੀ ਇਥੋ ਦਾ ਰੈਹਣ ਵਾਲਾ ਸੀ।

سائبان ***ਸਾਇਬਾਨ*** : ਸ਼ਾਮਿਆਨਾ , ਛਤਰ, ਛਤਰੀ, ਮਕਾਨ ਜਾਂ ਤੰਬੂ ਦੇ ਮੂਹਰੇ ਧੁੱਪ

ਜਾਂ ਮੀਂਹ ਤੋਂ ਬਚਣ ਲਈ ਟੀਨ ਦੀਆਂ ਚਾਦਰਾਂ ਜਾਂ ਘਾਹ ਫੂਸ ਦਾ ਛੱਪਰ, ਮਕਾਨ ਦੇ ਅਗੇ ਤਾਣਿਆਂ ਕਪੜਾ।

سائر ***ਸਾਇਰ*** : ਬਾਕੀ, ਬਚਿਆ ਹੋਇਆ, ਸਾਰੇ, ਸੈਰ ਕਰਨ ਵਾਲਾ, ਸੈਲਾਨੀ, ਚਲਦਾ ਹੋਇਆ।

سائس ***ਸਾਇਸ*** : ਨਿਗਾਹਬਾਨ, ਘੋੜੇ ਦਾ ਰਖਵਾਲਾ, ਕੋਤਵਾਲ।

سائف ***ਸਾਇਫ਼*** : ਸੈਫ਼ ਅਰਥਾਤ ਤਲਵਾਰ ਚਲਾਉਣ ਵਾਲਾ, ਤਲਵਾਰ ਦਾ ਧਨੀ।

سائل ***ਸਾਇਲ*** : ਸਵਾਲ ਕਰਨ ਵਾਲਾ, ਪੁਛਣ ਵਾਲਾ, ਮੰਗਣ ਵਾਲਾ, ਅਭਲਾਸ਼ੀ, ਜਾਰੀ ਹੋਣ ਵਾਲਾ।

سائل‌بکف ***ਸਾਇਲ-ਬ-ਕਫ਼*** : ਨਦਾਰ ਭਿਖਾਰੀ, ਕੰਗਾਲ ਜਿਸ ਕੋਲ ਭਿਖ ਮੰਗਣ ਲਈ ਠੂਠਾ ਵੀ ਨਾ ਹੋਵੇ।

سائوان ***ਸਾਏਵਾਨ*** : ਵੇਖੋ ਸਾਏਬਾਨ।

سایہ ***ਸਾਯਾ*** : ਛਾਂ, ਪਰਛਾਂਵਾਂ, ਸਹਾਇਤਾ, ਗੜਬੜ, ਫਸਾਦ; ਰਾਤ, ਹਨੇਰਾ; ਜਿੰਨ ਭੂਤ ਦਾ ਅਸਰ।

سایہ‌افگن ***ਸਾਯਾ ਅਫ਼ਗਨ*** : ਧਿਆਨ ਦੇਣ ਵਾਲਾ, ਮੇਹਰਬਾਨ।

سایہ‌پرست ***ਸਾਯਾਪ੍ਰਸਤ*** : ਗੜਬੜ ਕਰਨ ਵਾਲਾ, ਫਸਾਦੀ।

سایہ‌پرور ***ਸਾਯਾ ਪਰਵਰ*** : ਲਾਡਾਂ ਨਾਲ ਪਲਿਆ ਹੋਇਆ।

سایہ‌پوش ***ਸਾਯਾ-ਪੋਸ਼*** : ਸ਼ਾਮਿਆਨਾ, ਸਾਏਬਾਨ।

سایہ‌دار ***ਸਾਯਾ ਦਾਰ,*** **سایہ‌زدہ** ***ਸਾਯਾ-ਜ਼ਦਾ*** : ਜਿਸ ਨੂੰ ਜਿੰਨ ਭੂਤ ਚੰਬੜੇ ਹੋਣ।

سایہ‌دست ***ਸਾਯਾ ਦਸਤ*** : ਸਹਾਇਤਾ, ਫ਼ੈਜ਼, ਬਖਸ਼ਸ਼।

سایہ‌رکاب ***ਸਾਯਾ ਰਿਕਾਬ*** : ਪੁਸ਼ਟੀ।

سایہ‌گستر ***ਸਾਯਾ-ਗੁਸਤਰ*** : ਮੇਹਰਬਾਨ, ਸਰਪਰਸਤ।

سایہ‌نشین ***ਸਾਯਾ-ਨਸ਼ੀਨ*** : ਜਿਸ ਨੇ ਕਦੀ ਸੰਸਾਰ ਦੀ ਤਕਲੀਫ਼ ਨਾ ਵੇਖੀ ਹੋਵੇ, ਨਾਜ਼ਕ।

سایہ‌ونور ***ਸਾਯਾ-ਉ-ਨੂਰ*** : ਰੁੱਖ ਦੀ ਛਾਂ।

سب ***ਸਿੱਬ*** : ਪਗੜੀ, ਬੁਰਕਾ; ਵਹੀ; ਅਲਸੀ ਦਾ ਕਪੜਾ, ਬਰੀਕ ਕਪੜਾ।

سباء ***ਸਬਾਯ*** : ਯਮਨ ਦਾ ਓਹ ਸ਼ੈਹਰ ਜਿਸ ਤੇ ਮਲਿਕਾ ਬਿਲਕੀਸ ਰਾਜ ਕਰਦੀ ਸੀ ਤੇ ਜੇਹੜੀ ਪਿਛੋਂ ਹਜ਼ਰਤ ਸੁਲੇਮਾਨ ਦੇ ਨਿਕਾਹ ਵਿਚ ਆਈ।

سباع ***ਸਿਬਾਅ*** : (ਸਬਅ **سبع** ਦਾ ਬੌਹਵਚਨ) ਦਰਿੰਦੇ, ਵੈਹਸ਼ੀ ਜਾਨਵਰ।

سبب ***ਸਬਬ*** : ਰਸੀ, ਜੋੜ, ਰਿਸ਼ਤੇਦਾਰੀ, ਕਾਰਨ, ਲਈ, ਵਾਸਤੇ, ਵਸੀਲਾ, ਗਾਲ੍ਹ ਦੇਣਾ, ਦਲੀਲ।

سبت ***ਸਬਤ*** : ਅਰਾਮ ਤੇ ਬੰਦਗੀ ਕਰਨ ਦਾ ਦਿਨ ਜੇਹੜਾ ਮੁਸਲਮਾਨਾਂ ਦਾ ਜੁਮਾ, ਯਹੂਦੀਆਂ ਦਾ ਸ਼ਨੀਚਰਵਾਰ ਅਤੇ ਈਸਾਈਆਂ ਦਾ ਐਤਵਾਰ ਹੈ, ਯਹੂਦੀਆਂ ਦਾ ਹਫ਼ਤੇ ਵਾਲੇ ਦਿਨ ਦੁਆ ਕਰਨਾ।

سبحان ***ਸੁਬਹਾਨ*** : ਅੱਲਾਹ ਨੂੰ ਪਵਿਤਰਤਾ ਸੈਹਤ ਯਾਦ ਕਰਨਾ।

سبحان‌اللّٰہ ***ਸੁਬਹਾਨ-ਅੱਲਾਹ*** : ਅੱਲਾਹ ਪਾਕ ਹੈ, ਅੱਲਾਹ ਨੂੰ ਪਾਕ ਹਿਰਦੇ ਨਾਲ ਯਾਦ ਕਰਦਾ ਹਾਂ, ਹੈਰਾਨੀ ਤੇ ਪਰਸ਼ੰਸਾ ਦਾ ਸ਼ਬਦ ਹੈ।

سبحہ ***ਸੁਬਹਾ*** : ਮਾਲਾ, ਸਿਮਰਨਾ, ਖ਼ੁਦਾ ਦਾ ਜ਼ਿਕਰ, ਦੁਆ।

سبد ***ਸਬਦ*** : ਟੋਕਰਾ, ਟੋਕਰੀ, ਨਜ਼ਰਾਨੇ ਦੀ ਡਾਲੀ।

سبز ***ਸਬਜ਼*** : ਹਰਾ, ਸਾਵਾ, ਕੱਚਾ, ਸਾਂਵਲੇ ਰੰਗ ਦਾ ਮਸ਼ੂਕ, ਤੁਰਾਨ ਦੇ ਇਕ ਸ਼ੈਹਰ ਦਾ ਨਾਮ, ਜੋ ਬੁਖ਼ਾਰਾ ਦੇ ਨੇੜੇ ਹੈ।

سبزآخور ***ਸਬਜ਼ ਆਖ਼ੁਰ*** : ਅਸਮਾਨ, ਹਰਾ ਤੇ ਚੰਗਾ ਸਥਾਨ, ਅਸੀਲ ਘੋੜਾ, ਹਰੇ ਤੇ ਚੰਗੇ ਚਾਰੇ ਨਾਲ ਪਲਿਆ ਹੋਇਆ ਘੋੜਾ।

سبزارنگ ***ਸਬਜ਼ਾਰੰਗ*** : ਸਾਵਾ ਰੰਗ,

ਹਰਾ ਰੰਗ, ਸੰਗੀਤ ਦੀ ਇਕ ਸੁਰ।

سبزانِچمن ***ਸਬਜ਼ਾਨ-ਏ-ਚਮਨ*** : ਬਾਗ ਦੇ ਰੁਖ।

سبزاندرسبز ***ਸਬਜ਼ ਅੰਦਰ ਸਬਜ਼*** : ਸੰਗੀਤ ਦਾ ਇਕ ਰਾਗ।

سبزباغ ***ਸਬਜ਼ ਬਾਗ਼*** : ਜਵਾਨੀ ਦੀ ਤਾਕਤ, ਅਸਮਾਨ, ਬਹਿਸ਼ਤ।

سبزبال ***ਸਬਜ਼ ਬਾਲ*** : ਅੰਗੂਰ ਦੀ ਇਕ ਕਿਸਮ।

سبزبخت ***ਸਬਜ਼ ਬਖ਼ਤ*** : ਚੰਗੀ ਕਿਸਮਤ ਵਾਲਾ।

سبزبختی ***ਸਬਜ਼ ਬਖ਼ਤੀ*** : ਨੇਕ ਬਖ਼ਤੀ, ਚੰਗੇ ਭਾਗ, ਸੁਭਾਗ।

سبزبہار ***ਸਬਜ਼ ਬਹਾਰ*** : ਸੰਗੀਤ ਦੇ ਇਕ ਰਾਗ ਦਾ ਨਾਮ।

سبزپا ***ਸਬਜ਼ ਪਾ*** : ਭੈੜੇ ਕਦਮਾਂ ਵਾਲਾ, ਮਨਹੂਸ।

سبزپری ***ਸਬਜ਼ ਪਰੀ*** : ਬਹਾਰ ਦੀ ਰੁਤ।

سبزپشت ***ਸਬਜ਼ ਪੁਸ਼ਤ,*** **سبزپل** ***ਸਬਜ਼ ਪੁਲ*** : ਅਸਮਾਨ।

سبزپوش ***ਸਬਜ਼-ਪੋਸ਼*** : ਭਗਤੀ ਕਰਨ ਵਾਲਾ, ਸੋਗ ਕਰਨਾ ਵਾਲਾ, ਖ਼੍ਵਾਜਾ ਖਿਜ਼ਰ, ਫਰਿਸ਼ਤਾ ਗ਼ੈਬੀ ਰੂਹਾਂ।

سبزپوشانِبہشت ***ਸਬਜ਼-ਪੋਸ਼ਾਨ- ਏ-ਬਹਿਸ਼ਤ*** : ਹੂਰਾਂ, ਫਰਿਸ਼ਤੇ।

سبزپوشانِفلک ***ਸਬਜ਼-ਪੋਸ਼ਾਨ-ਏ-ਫ਼ਲਕ*** : ਫ਼ਰਿਸ਼ਤੇ।

سبزتلخ ***ਸਬਜ ਤਲਖ਼,*** **سبزشیریں** ***ਸਬਜ਼ ਸ਼ੀਰੀਂ*** : ਸਾਂਵਲਾ ਮਸ਼ੂਕ।

سبزچشم ***ਸਬਜ਼ ਚਸ਼ਮ*** : ਕੈਰੀ ਅਖ ਵਾਲਾ, ਖਚਰਾ, ਸ਼ਰਾਰਤੀ।

سبزخانہ ***ਸਬਜ਼-ਖ਼ਾਨਾ*** : ਮਾਤਮਖ਼ਾਨਾ, ਸੋਗ ਦਾ ਘਰ।

سبزخوان ***ਸਬਜ਼ ਖ਼੍ਵਾਨ,*** **سبزقبا** ***ਸਬਜ਼ ਕਬਾ*** : ਅਸਮਾਨ।

سبززاغ ***ਸਬਜ਼ ਜ਼ਾਗ਼*** : ਅਸਮਾਨ, ਸੰਸਾਰ।

سبزکار ***ਸਬਜ਼ਕਾਰ*** : ਨੇਕ ਆਦਮੀ, ਚੰਗੇ ਕੰਮ ਕਰਨ ਵਾਲਾ।

سبزوار ***ਸਬਜ਼ਵਾਰ*** : ਈਰਾਨ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ।

سبزہ ***ਸਬਜ਼ਾ*** : ਸਬਜ਼ੀ, ਹਰਿਆਵਲ, ਬਨਸਪਤੀ, ਜ਼ਮੁਰਦ, ਪੰਨਾ, ਗੱਲ੍ਹਾਂ ਤੇ ਮਸਾਂ (ਫੁੱਟਣਾ); ਨੀਲ ਕੰਠ।

سبزہزار ***ਸਬਜ਼ਾਜ਼ਾਰ*** : ਸਬਜ਼ੀ ਉਗਣ ਦੀ ਥਾਂ, ਹਰੀ ਭਰੀ ਥਾਂ, ਹਰਿਆਵਲ।

سبزی ***ਸਬਜ਼ੀ*** : ਹਰਿਆਲੀ, ਹਰੀ ਰੰਗਤ, ਤਰਕਾਰੀ, ਤਰਾਵਤ, ਕਦਰ ਕੀਮਤ, ਸ਼ਰਾਬ ਦੀ ਸੁਰਾਹੀ।

سبزیکاری ***ਸਬਜ਼ੀ-ਕਾਰੀ*** : ਸਬਜ਼ੀ ਬੀਜਣਾ।

سبط ***ਸਿਬਤ਼*** : ਬੇਟੇ ਦੀ ਔਲਾਦ, ਬੇਟੀ ਦੀ ਔਲਾਦ, ਹਜ਼ਰਤ ਯਾਕੂਬ ਦੀ ਔਲਾਦ, ਹਜ਼ਰਤ ਮੂਸਾ ਦੀ ਔਲਾਦ; ਕਬੀਲਾ, ਕੌਮ।

سبطِاصغر ***ਸਿਬਤ਼-ਏ-ਅਸਗ਼ਰ*** : ਹਜ਼ਰਤ ਇਮਾਮ ਹੁਸੈਨ।

سبطِاکبر ***ਸਿਬਤ਼-ਏ-ਅਕਬਰ*** : ਹਜ਼ਰਤ ਇਮਾਮ ਹਸਨ।

سبطین ***ਸਿਬਤ਼ੈਨ*** : ਹਜ਼ਰਤ ਇਮਾਮ ਹਸਨ ਤੇ ਹੁਸੈਨ।

سبع ***ਸਬਅ਼*** : ਸਤ।

سبع ***ਸਬਅ਼*** : ਦਰਿੰਦਾ, ਵੈਹਸ਼ੀ ਜਾਨਵਰ।

سبع ***ਸੁਬਅ਼*** : ਕਿਸੇ ਚੀਜ਼ ਦਾ ਸਤਵਾਂ ਹਿਸਾ।

سبق ***ਸਬਕ*** : ਮੁਕਾਬਲੇ 'ਚ ਅਗੇ ਵਧਣਾ ਤੀਰ ਅੰਦਾਜ਼ੀ ਜਾਂ ਘੋੜ-ਦੌੜ ਵਿਚ ਸ਼ਰਤ ਲਾਉਣਾ; ਨਸੀਹਤ, ਤਜਰਬਾ; ਸਜ਼ਾ, ਕੰਨ ਖਿਚਣੇ; ਕਿਤਾਬ ਦਾ ਉਹ ਭਾਗ ਜੋ ਰੋਜ਼ ਪੜ੍ਹਾਇਆ ਜਾਵੇ ਜਾਂ ਜਿਸ ਨੂੰ ਸ਼ਗਿਰਦ ਉਸਤਾਦ ਤੋਂ ਸਬਕ ਵਜੋਂ ਇਕ ਵਾਰ 'ਚ ਪੜ੍ਹੇ।

سبقبردن ***ਸਬਕ਼ ਬੁਰਦਨ*** : ਕਿਸੇ ਨਾਲੋ ਅਗ੍ਹਾਂ ਵਧ ਜਾਣਾ, ਵਿਜੈਸ਼ਾਲੀ ਹੋਣਾ।

سبقتاش ***ਸਬਕ਼ ਤਾਸ਼*** : ਹਮ-ਸਬਕ,

ਸੈਹਪਾਠੀ।

سبقتن ***ਸਬਕ ਤਨ*** : ਪੜ੍ਹਾਉਣਾ, ਸਿਖਿਆ ਦੇਣਾ।

سبقت ***ਸਬਕਤ*** : ਕਿਸੇ ਨਾਲੋਂ ਅਗੇ ਵਧ ਜਾਣਾ, ਪੇਸ਼ ਕਦਮੀ, ਤਰਜੀਹ, ਵਡਿਆਈ।

سُبک ***ਸਬੁਕ*** : ਹੌਲਾ, ਅਸਬੰਧਤ, ਚੁਸਤ ਚਲਾਕ, ਫੁਰਤੀਲਾ, ਕਾਹਲ ਕਰਨ ਵਾਲਾ, ਜਲਦਬਾਜ਼; ਘੱਟ ਹੌਸਲੇ ਵਾਲਾ, ਸ਼ਰਮਿੰਦਾ।

سبکبار ***ਸਬੁਕ-ਬਾਰ*** : ਹੌਲੇ ਭਾਰ ਵਾਲਾ, ਖੁਸ਼ਹਾਲ, ਰਜਾ ਪੁਜਾ, ਹਮੇਸ਼ਾ ਖੁਸ਼ ਰੈਹਣ ਵਾਲਾ।

سبکباش ***ਸਬੁਕ-ਬਾਸ਼*** : ਸਬੰਧ ਤੋੜ ਲੈਣਾ।

سبکپای ***ਸਬੁਕ ਪਾਜ*** : ਤੇਜ਼ ਚਾਲ ਦੌੜਨ ਵਾਲਾ।

سبکجولاں ***ਸਬੁਕ ਜੌਲਾਂ*** : ਡਾਕ ਦਾ ਘੋੜਾ, ਹੋਛਾ।

سبکخِرد ***ਸਬੁਕ-ਖ਼ਿਰਦ*** : ਕਮ-ਅਕਲ, ਬੇਵਕੂਫ, ਸਿਧੜਾ।

سبکدست ***ਸਬੁਕ-ਦਸਤ*** : ਹਥ ਦਾ ਫੁਰਤੀਲਾ, ਚਲਾਕ।

سبکدل ***ਸਬੁਕ-ਦਿਲ*** : ਹਸਮੁਖਾ।

سبکدوش ***ਸਬੁਕ-ਦੋਸ਼*** : ਜਿਸ ਕੋਲ ਕੋਈ ਭਾਰ ਨਾ ਹੋਵੇ।

سبکرفتار ***ਸਬੁਕ-ਰਫਤਾਰ***
سبکرکاب ***ਸਬਕ-ਰਿਕਾਬ,***
سبکرَو ***ਸਬੁਕ ਰੌ*** : ਤੇਜ ਰਫਤਾਰ, ਤੇਜ਼ ਦੌੜਨ ਵਾਲਾ।

سبکروح ***ਸਬੁਕ ਰੂਹ*** : ਹਸਮੁਖਾ, ਖ਼ੁਸ਼ ਖ਼ੁਲਕ, ਇਕਲਾ, ਤੇਜ਼ ਰਫ਼ਤਾਰ, ਲਾਗ-ਰੈਹਤ, ਨਿਮਾਣਾ, ਚੁਸਤ, ਹੌਲੇ ਸਰੀਰ ਵਾਲਾ।

سبکسار ***ਸਬੁਕ ਸਾਰ*** : ਖਾਂਦਾ ਪੀਂਦਾ, ਇਕਲਾ; ਕਮੀਨਾ।

سبکسایہ ***ਸਬੁਕ-ਸਾਯਾ*** : ਨਾਸ਼ਵਾਨ।

سبکسر ***ਸਬੁਕਸਰ*** : ਹੋਛਾ, ਕਮੀਨਾ, ਮੁਫ਼ਲਸ।

سبکمایہ ***ਸਬੁਕ-ਮਾਯਾ*** : ਬੇਕਦਰ, ਜਿਸ ਦੇ ਪਲੇ ਕੁਝ ਨਾ ਹੋਵੇ।

سبکھمت ***ਸਬੁਕ-ਹਿੰਮਤ*** : ਕਮਹਿੰਮਤ, ਕਮ ਹੌਸਲਾ।

سبکی ***ਸਬੁਕੀ*** : ਹੋਛਾਪਣ, ਬੇਕਦਰੀ।

سبکتگین ***ਸਬੁਕਤਗੀਨ*** : ਅਫ਼ਗਾਨਿਸਤਾਨ ਦਾ ਬਾਦਸ਼ਾਹ ਜੋ ਮਹਮੂਦ ਗ਼ਜ਼ਨਵੀ ਦਾ ਪਿਤਾ ਸੀ।

سبل ***ਸੁਬਲ*** : (ਸਬੀਲ سبیل ਦਾ ਬੌਹਵਚਨ) ਰਾਹ, ਰਸਤੇ, ਮਾਰਗ, ਤਰੀਕੇ; ਰੈਹਣ ਸੈਹਣ ਦਾ ਢੰਗ, ਕਨੂੰਨ, ਰਸਮਾਂ।

سبل ***ਸਬਲ*** : ਅਖ ਦਾ ਜਾਲਾ ਜਾਂ ਮੋਤੀਆ, ਅੱਖ ਦੀ ਬੀਮਾਰੀ ਜਿਸ ਨਾਲ ਅਖ ਦੀਆਂ ਰਗਾਂ ਲਾਲ ਹੋ ਜਾਂਦੀਆਂ ਹਨ ਤੇ ਹਰ ਵਕਤ ਪਾਣੀ ਵਗਦਾ ਰੈਂਹਦਾ ਹੈ, ਸਿਟਾ, ਭੁਟਾ, ਕਣਕ ਦੀ ਬਲੀ।

سبو ***ਸਬੂ*** : ਘੜਾ, ਮਟਕਾ।

سبوچہ ***ਸਬੂਚਾ*** : ਛੋਟਾ ਘੜਾ, ਮਟਕੀ।

سبوشکستن ***ਸੁਬੂ ਸ਼ਿਕਸਤਨ*** : ਸ਼ਰਾਬ ਦਾ ਭਾਂਡਾ ਤੋੜ ਦੇਣਾ; ਸ਼ਰਾਬ ਪੀਣ ਤੋਂ ਤੋਬਾ ਕਰਨਾ; ਸ਼ਰਾਬ ਛਡ ਦੇਣਾ।

سبوح ***ਸੁਬੂਹ*** : ਬੌਹਤ ਪਾਕ, ਅਤ ਪਵਿਤਰ।

سبوحیان ***ਸੁਬੂਹੀਯਾਨ*** : ਫਰਿਸ਼ਤੇ।

سبوس ***ਸਬੂਸ*** : ਚੋਕਰ, ਛਾਣਬੂਰਾ, ਭੂਸਾ, ਸਿਰ ਦੀ ਸਿਕਰੀ, ਸਿਰ ਦੀ ਖ਼ੁਸ਼ਕੀ।

سبوع ***ਸਬੂਅ*** : ਹਫ਼ਤਾ।

سبیل ***ਸਬੀਲ*** : ਰਾਹ, ਵਕਫ ਕੀਤੀ ਹੋਈ ਚੀਜ਼, ਓਹ ਪਾਣੀ ਜਾਂ ਸ਼ਰਬਤ ਜੋ ਖ਼ੁਦਾ ਦੇ ਰਾਹ ਵਕਫ ਕੀਤਾ ਜਾਵੇ, ਛਬੀਲ, ਤਦਬੀਰ, ਤਰੀਕਾ, ਸਬਬ, ਵਸੀਲਾ।

سبین ***ਸਿਬੀਨ*** : ਮੁਛਾਂ।

سپارش ***ਸਿਪਾਰਿਸ਼,*** سُپارش ***ਸੁਪਾਰਿਸ਼*** : ਸਿਫ਼ਾਰਸ਼, ਕਿਸੇ ਦੇ ਹਕ ਵਿਚ ਜਤਨ ਕਰਨਾ, ਕਿਸੇ ਨੂੰ ਕੋਈ ਚੀਜ਼ ਸੌਂਪਣਾ, ਕਿਸੇ ਕੋਲੋਂ ਕੰਮ ਕਰਵਾ ਦੇਣਾ।

سپارہ ***ਸਿਪਾਰਾ*** : (=ਸੀ (ਤੀਹਵਾਂ)+ਪਾਰਾ ਹਿੱਸਾ) ਤੀਹਵਾਂ ਹਿਸਾ, ਕੁਰਾਨ ਸ਼ਰੀਫ਼ ਦਾ

ਤੀਹਵਾਂ ਹਿਸਾ।

سِپاس ***ਸਿਪਾਸ*** : ਉਸਤਤ ਕਰਨਾ, ਵਡਿਆਈ ਕਰਨੀ, ਜਸ ਕਰਨਾ, ਹਥਾਂ ਪੈਰਾਂ ਤੇ ਦਿਲ ਜ਼ਬਾਨ ਨਾਲ ਕਿਸੇ ਦਾ ਸ਼ੁਕਰ ਕਰਨਾ, ਸ਼ੁਕਰੀਆ, ਧੰਨਵਾਦ।

سپاس بردن ***ਸਿਪਾਸ ਬੁਰਦਨ*** : ਉਪਕਾਰ ਮੰਨਣਾ, ਸ਼ਲਾਘਾ ਤੇ ਸ਼ੁਕਰ ਕਰਨਾ।

سپاس نامه ***ਸਿਪਾਸ-ਨਾਮਾ*** : ਲਿਖਤੀ ਧੰਨਵਾਦ, ਅਭਿ-ਨੰਦਨ ਪਤਰ।

سپاسی ***ਸਿਪਾਸੀ*** : ਮੰਗਤਾ।

سپاه ***ਸਿਪਾਹ*** : ਫ਼ੌਜ, ਲਸ਼ਕਰ, ਸੈਨਾ, ਫ਼ੌਜ ਦਾ ਸਿਪਾਹੀ।

سپاه‌سالار ***ਸਿਪਾਹ-ਸਾਲਾਰ*** : ਫ਼ੌਜ ਦਾ ਸਰਦਾਰ, ਸੈਨਾਪਤੀ।

سپاه‌گری ***ਸਿਪਾਹਗਰੀ*** : ਸਿਪਾਹੀ ਦਾ ਕੰਮ, ਬਹਾਦਰੀ।

سپاهیانه ***ਸਿਪਾਹਿਯਾਨਾ*** : ਦਲੇਰੀ ਨਾਲ, ਬਹਾਦਰੀ ਨਾਲ, ਸਿਪਾਹੀਆਂ ਵਾਂਗ।

سپاهان ***ਸਿਪਾਹਾਨ*** : ਵੇਖੋ **اصفهان** ਇਸਫ਼ਹਾਨ।

سپر ***ਸਿਪਰ*** : ਢਾਲ, ਆੜ, ਰੋਕ।

سپر انداختن ***ਸਿਪਰ ਅੰਦਾਖ਼ਤਨ*** : ਜੰਗ ਵਿਚ ਹਾਰ ਜਾਣਾ।

سپرافگندن ***ਸਿਪਰ ਅਫ਼ਗੰਦਨ*** : ਹਥਿਆਰ ਸੁਟ ਦੇਣੇ!

سپرداری ***ਸਿਪਰਦਾਰੀ*** : ਹਿਫ਼ਾਜ਼ਤ, ਸੁਰਖਿਆ, ਨਿਗਰਾਨੀ, ਸੇਵਾ।

سُپردن ***ਸਪੁਰਦਨ*** : ਸੌਂਪਣਾ, ਹਵਾਲੇ ਕਰਨਾ, ਅਮਾਨਤ ਰਖਣਾ, ਸਬਰ ਸੰਤੋਖ ਕਰਨਾ।

سِپردنی ***ਸਿਪੁਰਦਨੀ*** : ਸੌਂਪਣ ਦਾ ਹਕ, ਹਵਾਲੇ ਕਰਨ ਦਾ ਅਧਕਾਰ।

سپس ***ਸਪਸ*** : ਪਿਛੇ, ਉਸ ਪਿਛੋਂ; ਬੌਹਤ ਪਿਛੇ।

سپنج ***ਸਿਪੰਜ*** : ਮੇਹਮਾਨ ਘਰ, ਵਕਤੀ ਮਕਾਨ, ਥੋੜ੍ਹੀ ਉਮਰ; ਪੰਦਰਾਂ; ਚਰਾਂਦ।

سپنجی سرای ***ਸਿਪੰਜੀ ਸਰਾਯ*** : ਆਜੜੀਆਂ ਜਾਂ ਖੇਤ-ਕਾਮਿਆਂ ਦਾ ਛਪਰਾ, ਥੋੜ੍ਹੇ ਕਿਆਮ (ਕਿਯਾਮ) ਵਾਲੀ ਥਾਂ; ਸੰਸਾਰ।

سپند ***ਸਿੰਪਦ*** : ਹਰਮਲ।

سپندان ***ਸਿਪੰਦਾਨ*** : ਕਾਲਾ ਦਾਣਾ, ਰਾਈ; ਹਾਲੋਂ ਜਿਸ ਨੂੰ ਭੈੜੀ ਨਜ਼ਰ ਤੋਂ ਬਚਣ ਲਈ ਸਾੜਦੇ ਹਨ।

سپندان ***ਸਿਪੰਦ-ਦਾਨ*** : ਹਰਮਲ ਸਾੜਨ ਦਾ ਭਾਂਡਾ, ਅੰਗੀਠੀ।

سپه ***ਸਿਪਹ*** : (ਸਿਪਾਹ **سپاه** ਦਾ ਸੰਖਿਪਤ ਰੂਪ), ਫ਼ੌਜ, ਲਸ਼ਕਰ, ਸੈਨਾ; ਫ਼ੌਜ ਦਾ ਸਿਪਾਹੀ।

سپهبُد ***ਸਿਪਹਬੁਦ,*** **سِپهبد** ***ਸਿਪਹਬਦ,*** **سپه‌دار** ***ਸਿਪਹਦਾਰ,*** **سپه‌سالار** ***ਸਿਪਹਸਾਲਾਰ,*** **سپه‌کش** ***ਸਿਪਹਕਸ਼*** : ਸੈਨਾਪਤੀ, ਫ਼ੌਜ ਦਾ ਸਰਦਾਰ।

سِپهر ***ਸਿਪਿਹਰ*** : ਅਸਮਾਨ, ਅਕਾਸ਼।

سپهربند ***ਸਿਪਿਹਰ-ਬੰਦ*** : ਜਾਦੂ।

سپهرشِناس ***ਸਿਪਿਹਰ-ਸ਼ਿਨਾਸ*** : ਨਜੂਮੀ।

سپید ***ਸਪੇਦ*** : ਚਿਟਾ।

سپیدپا ***ਸਪੇਦ-ਪਾ*** : ਨੇਕ ਕਦਮ, ਸ਼ੁਭ ਸ਼ਗਨਾਂ ਵਾਲਾ।

سپیدپر ***ਸਪੇਦ-ਪਰ*** : ਚਿਟੇ ਪਰਾਂ ਵਾਲਾ ਮੱਛਰ।

سپیدچشمی ***ਸਪੇਦ-ਚਸ਼ਮੀ*** : ਬੇਸ਼ਰਮੀ।

سپیدجامگان ***ਸਿਪੇਦ-ਜਾਮਗਾਨ,*** **سپیدجامه** ***ਸਿਪੇਦ ਜਾਮਾ*** : ਚਿਟੇ ਕਪੜਿਆਂ ਵਾਲੇ ਅਗ-ਪੂਜ, ਪਾਰਸੀ।

سپیددست ***ਸਪੇਦ-ਦਸਤ*** : ਸਖੀ; ਹਜ਼ਰਤ ਮੂਸਾ।

سپیدرو ***ਸਪੇਦਰੂ*** : ਰਾਗ; ਕਲੀ; ਨੇਕ ਆਦਮੀ; ਖੁਲ੍ਹ-ਦਿਲਾ।

سپیده ***ਸਪੇਦਾ*** : ਸਵੇਰ ਦੀ ਰੋਸ਼ਨੀ; ਇਕ ਪਰਸਿੱਧ ਦਵਾ ਜੇਹੜੀ ਔਰਤਾਂ ਮੂੰਹ ਤੇ

ਮਲਦੀਆਂ ਹਨ।

سپیدہدم *ਸਪੇਦਾ-ਦਮ* : ਸਵੇਰ।

سپیدہدمان *ਸਪੇਦਾ ਦਮਾਨ* : ਸਵੇਰਾ।

سپیدی *ਸਪੇਦੀ* : ਚਿਟਾਪਣ, ਰੋਸ਼ਨੀ, ਅਖ ਦਾ ਫੋਲਾ।

ست *ਸਿਤ* : ਛੇ; ਘਰ ਵਾਲੀ, ਬੀਵੀ।

ستادن *ਸਿਤਾਦਨ* : (ਈਸਤਾਦਨ ایستادن ਦਾ ਸੰਖਿਪਤ ਰੂਪ) ਖੜ੍ਹੇ ਹੋਣਾ।

ستار *ਸਿਤਾਰ* : ਸਿਹ (ਤਿੰਨ) ਤਾਰ, ਸਿਹ-ਤਾਰਾ, ਤੰਬੂਰਾ, ਪਰਸਿੱਧ ਸਾਜ਼।

ستار *ਸੱਤਾਰ* : ਛੁਪਾਉਣ ਵਾਲਾ, ਪਰਦੇ ਢੱਕਣ ਵਾਲਾ, ਰੱਬ ਦਾ ਇਕ ਨਾਮ।

ستارہ *ਸਿਤਾਰਾ* : ਤਾਰਾ; ਨਸੀਬ, ਭਾਗ, ਤਕਦੀਰ; ਮਿਸਤਰ, ਫੁੱਟਾ; ਸਿਤਾਰ, ਤੰਬੂਰਾ; ਝੰਡਾ।

ستارۂدمدار *ਸਿਤਾਰਾ-ਏ-ਦੁਮਦਾਰ,* ستارۂدنبالہ *ਸਿਤਾਰਾ-ਏ-ਦੁੰਬਾਲਾ* : ਬੋਦੀ ਵਾਲਾ ਤਾਰਾ।

ستارۂسحر *ਸਿਤਾਰਾ-ਏ-ਸਹਰ,* ستارۂصبح *ਸਿਤਾਰਾ-ਏ-ਸੁਬ੍ਹਾ* : ਸਵੇਰ ਦਾ ਤਾਰਾ।

ستارہشناس *ਸਿਤਾਰਾ-ਸ਼ਿਨਾਸ* : ਨਜੂਮੀ।

ستاری *ਸੱਤਾਰੀ* : ਐਬ ਢਕਣ ਦੀ ਕਿਰਿਆ।

ستام *ਸਿਤਾਮ* : ਘੋੜੇ ਦਾ ਸਾਜ਼, ਕਾਠੀ, ਜ਼ੀਨ, ਚੌਖਟ।

ستان *ਸਿਤਾਨ* : ਆਸਤਾਨਾ, ਚੌਖਟ, ਸਰਦਲ, ਸਥਾਨ; ਚਿੱਤ ਲੇਟਣ ਵਾਲਾ।

ستائش *ਸਿਤਾਇਸ਼* : ਵਡਿਆਈ, ਜਸ, ਕੀਰਤੀ, ਦੁਆ, ਸ਼ੁਕਰ।

ستائشگاہ *ਸਿਤਾਇਸ਼ਗਾਹ* : ਪੂਜਾ ਸਥਾਨ, ਕਸੀਦੇ, ਮਸਨਵੀ ਜਾਂ ਗ਼ਜ਼ਲ ਦਾ ਅੰਤਿਮ ਸ਼ੇਅਰ, ਮਕਤਾ।

ستائشگر *ਸਿਤਾਇਸ਼ਗਰ* : ਪਰਸ਼ੰਸਾ ਕਰਨ ਵਾਲਾ, ਢਾਡੀ।

ستائشگری *ਸਿਤਾਇਸ਼ਗਰੀ* : ਪਰਸ਼ੰਸਾ ਕਰਨਾ, ਜਸ ਕਰਨਾ।

ستبر *ਸਿਤਬਰ* : ਮੋਟਾ, ਗਾੜ੍ਹਾ।

ستبری *ਸਿਤਬਰੀ* : ਮੁਟਾਈ, ਮੋਟਾਪਣ, ਗਾੜ੍ਹਾਪਣ।

ستخر *ਸਿਤਖ਼ਰ* : ਤਲਾਅ, ਈਰਾਨ ਦਾ ਇਕ ਪਰਸਿੱਧ ਕਿਲ੍ਹਾ ਜਿਸ ਨੂੰ ਜਮਸ਼ੇਦ ਨੇ ਬਣਵਾਇਆ ਸੀ ਅਤੇ ਜਿਸ ਦੇ ਅੰਦਰ ਇਕ ਬੌਹਤ ਵਡ੍ਹਾ ਤਲਾਅ ਸੀ, ਟੋਭਾ।

ستُخوان *ਸੁਤਖ਼੍ਵਾਨ* : (ਉਸਤਖ਼੍ਵਾਨ استخوان ਦਾ ਸੰਖਿਪਤ ਰੂਪ) ਹੱਡੀ।

ستخیز *ਸਤੁਖ਼ੇਜ਼* : (ਰਸਤਖ਼ੇਜ਼ رستخیز ਦਾ ਸੰਖਿਪਤ ਰੂਪ) ਕਿਆਮਤ (ਕਿਯਾਮਤ) ਪਰਲੋ।

سِتدن *ਸਿਤਦਨ* : ਲੈਣਾ, ਖੋਹਣਾ।

ستر *ਸਤਰ* : ਛੁਪਾਉਣਾ, ਢਕਣਾ, ਪਰਦਾ ਕਰਨਾ; ਸਰੀਰ ਦਾ ਓਹ ਭਾਗ ਜਿਸ ਨੂੰ ਢਕਣਾ ਜ਼ਰੂਰੀ ਹੈ।

سِتر *ਸਿਤਰ* : ਪਰਦਾ।

ستردن *ਸਿਤੁਰਦਨ* : ਮੁੰਨਣਾ, ਸਾਫ਼ ਕਰਨਾ, ਛਿੱਲਣਾ।

سُترگ *ਸੁਤਰਗ,* سترگ *ਸਿਤੁਰਗ,* سِترگ *ਸਿਤਰਗ* : ਬਲਸ਼ਾਲੀ, ਤਾਕਤਵਰ, ਡੀਲ ਡੌਲ ਵਾਲਾ, ਹੱਟਾ-ਕਟਾ, ਵਡਾ, ਭਾਰੀ, ਕਰੋਧਵਾਨ।

سِتم *ਸਿਤਮ* : ਜ਼ੁਲਮ, ਅਤਿਆਚਾਰ; ਵਧੀਕੀ।

سِتمآباد *ਸਿਤਮ-ਆਬਾਦ* : ਸੰਸਾਰ, ਜ਼ੁਲਮ ਦਾ ਘਰ।

سِتماندیش *ਸਿਤਮ-ਅੰਦੇਸ਼,* سِتمایجاد *ਸਿਤਮ-ਈਜਾਦ,* سِتمپرور *ਸਿਤਮ-ਪਰਵਰ,* سِتمپیشہ *ਸਿਤਮ-ਪੇਸ਼ਾ,* سِتمشعار *ਸਿਤਮ-ਸ਼ਿਆਰ* : ਜ਼ਾਲਮ, ਅਤਿਆਚਾਰੀ।

ستمدیده *ਸਿਤਮਦੀਦਾ*, **ستمرسیده** *ਸਿਤਮਰਸੀਦਾ*, **ستمزده** *ਸਿਤਮਜ਼ਦਾ*, **ستمکش** *ਸਿਤਮਕਸ਼* : ਮਜ਼ਲੂਮ; ਜਿਸ 'ਤੇ ਜ਼ੁਲਮ ਹੋਇਆ ਹੋਵੇ, ਸਤਾਇਆ ਹੋਇਆ।

ستمکیش *ਸਿਤਮਕੇਸ਼*, **ستمگار** *ਸਿਤਮਗਾਰ*, **ستمگر** *ਸਿਤਮਗਰ*, **ستمگستر** *ਸਿਤਮ-ਗੁਸਤਰ* : ਜ਼ੁਲਮ ਕਰਨ ਵਾਲਾ, ਜ਼ਾਲਮ।

ستودان *ਸਤੂਦਾਨ* : ਅਗ ਨੂੰ ਪੂਜਣ ਵਾਲਿਆਂ ਦਾ ਕਬਰਿਸਤਾਨ।

ستودن *ਸਤੂਦਨ* : ਸਲਾਹੁਣਾ, ਪਰਸ਼ੰਸਾ ਕਰਨਾ, ਜਸ ਕਰਨਾ।

ستوده *ਸਤੂਦਾ* : ਜਿਸ ਦੀ ਪਰਸ਼ੰਸਾ ਕੀਤੀ ਗਈ ਹੋਵੇ, ਸ਼ਲਾਘਾਯੋਗ।

سُتور *ਸੁਤੂਰ* : ਚੌਪਾਇਆ, ਪਸ਼ੂ, ਗਧਾ, ਖਚਰ ਆਦਿ।

سُتوربان *ਸੁਤੂਰਬਾਨ* : ਘੋੜੇ ਦਾ ਰਖਵਾਲਾ, ਸਾਈਸ।

سُتوردان *ਸੁਤੂਰਦਾਨ* : ਘੋੜਿਆਂ ਦਾ ਅਸਤਬਲ।

ستور *ਸਤੂਰ* : (ਸਿਤਰ **ستر** ਦਾ ਬੌਹਵਚਨ) ਪਰਦੇ, ਘੁੰਡ, ਬੁਰਕੇ।

ستون *ਸਤੂਨ* : ਥੰਮ, ਖੰਭਾ, ਲਾਠ, ਮੀਨਾਰ, ਐਹਮ ਅਧਕਾਰੀ, ਫ਼ੌਜ ਦੀ ਇਕ ਬਾਹੀ।

سِتیز *ਸਿਤੇਜ਼* : ਜੰਗ, ਲੜਾਈ; ਝਗੜਾ; ਗੁਸਾ; ਜ਼ਿਦ, ਹਠ; ਘਿਰਨਾ।

سِتیزه *ਸਿਤੇਜ਼ਾ* : ਸਤੇਜ਼, ਲੜਾਈ, ਝਗੜਾ, ਦੁਸ਼ਮਣੀ, ਵੈਰ; ਜ਼ੁਲਮ, ਜਬਰ।

سِتیزه‌جوی *ਸਿਤੇਜ਼ਾ ਜੂਜ*, **سِتیزه‌خوی** *ਸਿਤੇਜ਼ਾ ਖ਼ੂਜ*, **سِتیزه‌کار** *ਸਿਤੇਜ਼ਾਕਾਰ*, **سِتیزه‌گار** *ਸਿਤੇਜ਼ਾ-ਗਾਰ* : ਝਗੜਾਲੂ; ਲੜਾਕਾ, ਲੜਾਕੇ ਸੁਭਾ ਵਾਲਾ, ਗੁਸੈਲਾ।

ستیزه‌گاری *ਸਿਤੇਜ਼ਾ ਗਾਰੀ* : ਲੜਾਈ, ਝਗੜਾ, ਦੁਸ਼ਮਣੀ, ਵੈਰ-ਵਿਰੋਧ।

ستین *ਸਿੱਤੀਨ* : ਸੱਠ (੬੦)।

ستیهش *ਸਿਤੇਹਿਸ਼*, **ستیهندگی** *ਸਿਤੇਹੰਦਗੀ* : ਲੜਾਈ, ਝਗੜਾ; ਜੰਗ, ਜੁੱਧ।

سج *ਸਜ* : ਗਲ੍ਹ।

سج *ਸੁਜ* : ਚਿਤੜ।

سجا *ਸਜਾ* : ਸਰਨਾਵਾਂ, ਖ਼ਤ ਦਾ ਮਥਾ, ਸ਼ੀਰਸ਼ਕ।

سجاح *ਸਜਾਹ* : ਇਕ ਔਰਤ ਜੇਹੜੀ ਝੂਠ ਬੋਲਣ ਵਿਚ ਪਰਸਿੱਧ ਸੀ, ਉਸ ਨੇ ਹਜ਼ਰਤ ਰਸੂਲ ਦੇ ਅੰਤਲੇ ਸਮੇਂ ਨਬੀ ਹੋਣ ਦਾ ਦਾਵਾ ਕੀਤਾ ਸੀ।

سجّاد *ਸੱਜਾਦ* : ਬੌਹਤ ਸਿਜਦਾ ਕਰਨ ਵਾਲਾ, ਹਜ਼ਰਤ ਇਮਾਮ ਹੁਸੈਨ ਦੇ ਸਪੁੱਤਰ (੩੮-੯੪ ਹਿ.) ਜੋ ਬੜੇ ਤਪ ਕਰਨ ਵਾਲੇ ਸਨ।

سجادت *ਸੱਜਾਦਤ*, **سجاده** *ਸੱਜਾਦਾ* : ਨਮਾਜ਼ ਪੜ੍ਹਨ ਦੀ ਚਟਾਈ, ਮੁਸੱਲਾ, ਕਿਸੇ ਪੀਰ ਦੀ ਗੱਦੀ; ਓਹ ਨਿਸ਼ਾਨ ਜੋ ਵਧੇਰੇ ਸਿਜਦਾ ਕਰਨ ਕਰਕੇ ਮੱਥੇ 'ਤੇ ਪੈ ਜਾਂਦਾ ਹੈ।

سجادۂمحرابی *ਸੱਜਾਦਾ-ਏ-ਮਹਰਾਬੀ* : ਮੇਹਰਾਬ ਦੀ ਸ਼ਕਲ ਦਾ ਮੁਸੱਲਾ।

سجاده‌نشین *ਸੱਜਾਦਾ-ਨਿਸ਼ੀਨ* : ਇਮਾਮ; ਕਿਸੇ ਪੀਰ ਦੀ ਗੱਦੀ 'ਤੇ ਬੈਠਣ ਵਾਲਾ।

سِجاف *ਸਿਜਾਫ਼*, **سِنجاف** *ਸਿੰਜਾਫ਼* : ਕਪੜੇ ਦਾ ਅਸਤਰ, ਅੰਦਰਸ; ਪਰਦਾ, ਦਰਵਾਜ਼ੇ ਅਗੇ ਲਟਕਾਇਆ ਜਾਣ ਵਾਲਾ ਕਪੜਾ।

سِجاف *ਸਿਜਾਫ਼* : ਦਰਜ਼, ਤੇੜ।

سجان *ਸੱਜਾਨ* : ਜੇਲ੍ਹ ਦਾ ਦਰੋਗਾ।

سجاوند *ਸਜਾਵੰਦ* : (ਫ਼ਾਰਸੀ ਸ਼ਬਦ 'ਸਗਾਵੰਦ' ਦਾ ਅਰਬੀ ਰੂਪਾਂਤਰ) ਸੀਸਤਾਨ ਦੇ ਇਕ ਪਹਾੜ ਤੇ ਸ਼ੈਹਰ ਦਾ ਨਾਮ, ਅੱਲਾਮਾ ਸਜਾਵੰਦੀ ਇਥੋਂ ਦਾ ਹੀ ਸੀ।

سجاوندی *ਸਜਾਵੰਦੀ* : ਇਲਮੇ ਕਿਰਅਤ (ਕਿਰਾਅਤ) ਦੀ ਇਕ ਪਰਸਿੱਧ ਪੁਸਤਕ ਜਿਸ ਦਾ ਕਰਤਾ ਅੱਲਾਮਾ ਸਜਾਵੰਦੀ ਸੀ।

سِجدات *ਸਿਜਦਾਤ* : (ਸਿਜਦਾ **سِجده** ਦਾ ਬੌਹਵਚਨ) ਸਿਜਦੇ।

سجدہ ***ਸਿਜਦਾ*** : ਰੱਬ ਦੇ ਸਾਮ੍ਹਣੇ ਸਿਰ ਝੁਕਾਉਣਾ, ਧਰਤੀ 'ਤੇ ਸਿਰ ਰਖਣਾ (ਬੰਦਗੀ ਲਈ), ਮੱਥਾ ਟੇਕਣਾ।

سجدہگاہ ***ਸਿਜਦਾਗਾਹ*** : ਸਿਜਦਾ ਕਰਨ ਦੀ ਥਾਂ, ਮਸਜਦ ਆਦਿ।

سجستان ***ਸਿਜਿਸਤਾਨ*** : ਈਰਾਨ ਦੇ ਪੂਰਬ ਵੱਲ ਦਾ ਮੁਲਕ ਜਿਸ ਦਾ ਪਰਾਚੀਨ ਨਾਮ ਦਰੰਗਾਨਾ ਹੈ।

سجع ***ਸਜਅ਼*** : ਘੁੱਘੀ ਦੀ ਅਵਾਜ਼, ਗੁਟਕੂੰ ਗੁਟਕੂੰ; ਅਲੰਕਾਰਮਈ ਕਲਾਮ, ਕਾਫ਼ੀਏ ਵਾਲਾ ਕਲਾਮ, ਕਾਫ਼ੀਏਦਾਰ ਵਾਰਤਕ, ਬੈਹਰ, ਛੰਦ, ਕਾਫ਼ੀਆ।

سجعگو ***ਸਜਅ਼-ਗੋ*** : ਕਾਫ਼ੀਏਦਾਰ ਵਾਰਤਕ ਰਚਣ ਵਾਲਾ, ਭਾਸ਼ਣ ਕਲਾ ਵਿਚ ਪਰਵੀਣ।

سِجف ***ਸਜਿਫ਼*** : ਪਰਦਾ, ਪਰਦਾ ਡੇਗਣਾ, ਰਾਤ ਦਾ ਹਨੇਰਾ ਹੋਣਾ।

سجف ***ਸਜਫ਼*** : ਢਿਡ ਜਾਂ ਲੱਕ ਦਾ ਪਤਲਾ ਹੋਣਾ।

سجل ***ਸਜਲ*** : ਪਾਣੀ ਦਾ ਭਰਿਆ ਹੋਇਆ ਡੋਲ।

سِجل ***ਸਿਜਿਲ*** : ਹੁਕਮਨਾਮਾ, ਪਰਵਾਨਾ, ਸ਼ਰ੍ਹਾ ਦਾ ਕ਼ਬਾਲਾ ਜਿਸ ਉਤੇ ਕਾਜ਼ੀ ਦੇ ਹਸਤਾਖ਼ਰ ਹੋਣ, ਅਦਾਲਤ ਦਾ ਹੁਕਮ।

سُجود ***ਸੁਜੂਦ*** : ਸਿਜਦਾ ਕਰਨਾ।

سُجودِصمدی ***ਸੁਜੂਦ-ਏ-ਸਮਦੀ*** : ਓਹ ਸਿਜਦਾ ਜੋ ਪੈਹਲਵਾਨ ਕੁਸ਼ਤੀ ਲੜਨ ਤੋਂ ਪੈਹਲਾਂ ਕਰਦੇ ਹਨ।

سُچی ***ਸੁਚੀ*** : ਸ਼ਰਾਬ।

سُچیخانہ ***ਸੁਚੀ-ਖ਼ਾਨਾ*** : ਸ਼ਰਾਬਖ਼ਾਨਾ।

سحاب ***ਸਹਾਬ*** : ਬਦਲ।

سحابکف ***ਸਹਾਬ-ਏ-ਕਫ਼***, سحاب نوال ***ਸਹਾਬ-ਏ-ਨਵਾਲ*** : ਸਖ਼ੀ, ਦਾਨੀ।

سحابہ ***ਸਹਾਬਾ*** : ਬੱਦਲ ਦਾ ਇਕ ਟੁਕੜਾ, ਬਦਲੀ।

سحبان ***ਸਹਬਾਨ***, سحبانوائل ***ਸਹਬਾਨ-ਏ-ਵਾਇਲ*** : ਅਰਬ ਦਾ ਇਕ ਪਰਸਿੱਧ ਅਲੰਕਾਰਵਾਦੀ ਸ਼ਾਇਰ, ਏਹ ਹਜ਼ਰਤ ਮੁੰਹਮਦ ਸਾਹਿਬ ਦਾ ਖ਼ਾਸ ਸ਼ਾਇਰ ਸੀ ਉਸ ਦੇ ਪਿਤਾ ਦਾ ਨਾਮ 'ਵਾਇਲ' ਸੀ, ਇਸ ਲਈ ਉਸ ਨੂੰ 'ਸਹਬਾਨ-ਏ-ਵਾਇਲ' ਵੀ ਕੈਂਹਦੇ ਹਨ।

سَحر ***ਸਹਰ*** : ਸਵੇਰ, ਤੜਕੇ ਦਾ ਵੇਲਾ, ਪੌਹ-ਫੁਟਾਲ੍ਹਾ।

سَحرخیز ***ਸਹਰ-ਖ਼ੇਜ਼*** : ਸਵੇਰੇ ਉਠਣ ਵਾਲਾ, ਭਗਤ।

سحرگاہ ***ਸਹਰਗਾਹ***, سحرگاہان ***ਸਹਰਗਾਹਾਨ*** : ਸਵੇਰ ਵੇਲਾ।

سحور ***ਸਹੂਰ*** : ਰਮਜ਼ਾਨ ਦੇ ਮਹੀਨੇ ਵਿਚ ਸਵੇਰ ਦਾ ਖਾਣਾ, ਸਰਘੀ।

سحر ***ਸਿਹਰ*** : ਜਾਦੂ, ਟੂਣਾ, ਜਾਦੂ-ਟੂਣਾ ਕਰਨਾ, ਮੋਹਤ ਕਰਨਾ; ਫ਼ਰੇਬ ਦੇਣਾ।

سحربنال ***ਸਿਹਰ-ਏ-ਬਨਾਲ*** : ਕਲਮ ਦਾ ਜਾਦੂ।

سحرحلال ***ਸਿਹਰ-ਏ-ਹਲਾਲ***, سحِرکلام ***ਸਿਹਰ-ਏ-ਕਲਾਮ*** : ਜਾਇਜ਼ ਜਾਦੂ, ਵਧੀਆ ਕਵਿਤਾ, ਭਾਸ਼ਣ ਕਲਾ ਦਾ ਜਾਦੂ।

سحِرسامری ***ਸਿਹਰ-ਏ-ਸਾਮਰੀ*** : ਸਾਮਿਰੀ ਜਾਦੂਗਰ ਦਾ ਜਾਦੂ।

سحق ***ਸਹਕ਼*** : ਘਿਸਾਉਣਾ; ਪੀਸਣਾ; ਪੁਰਾਣਾ ਕਪੜਾ; ਬਰੀਕ ਬਦਲ; ਹਵਾ ਦਾ ਜ਼ਮੀਨ 'ਤੇ ਪਏ ਨਿਸ਼ਾਨ ਨੂੰ ਮਿਟਾਉਣਾ; ਹੌਲੀ ਚਲਣਾ।

سُحق ***ਸੁਹੁਕ*** : ਦੂਰੀ, ਦੂਰ ਹੋਣਾ; ਖਜੂਰ ਦੇ ਦਰਖ਼ਤ ਦਾ ਲੰਮਾ ਹੋਣਾ।

سحکوک ***ਸਹਕੂਕ***, سحکوک ***ਸਹੁਕੂਕ*** : ਅਤਅੰਤ ਕਾਲਾ ਬਦਲ।

سحن ***ਸਹਨ*** : ਬੌਂਹਤ ਵਡੀ ਟੋਲੀ; ਤੋੜਨਾ (ਪੱਥਰ ਦਾ)।

سِحن ***ਸਿਹਨ*** : ਪਨਾਹ ਦੀ ਥਾਂ।

سحیل ***ਸਹੀਲ*** : ਵਟਿਆ ਹੋਇਆ ਧਾਗਾ।

سخ ***ਸੁਖ਼*** : ਖ਼ੁਸ਼।

سخا ***ਸਖ਼ਾ*** : ਸਖ਼ਾਵਤ, ਦਾਨ, ਮਿਸਰ ਵਿਚ

ਇਕ ਸ਼ੈਹਰ ਦਾ ਨਾਮ।

سخی ***ਸਖ਼ੀ*** : ਸਖ਼ਾਵਤ ਕਰਨ ਵਾਲਾ, ਦਾਨੀ।

سخیہ ***ਸਖ਼ੀਯਾ*** : ਸਖ਼ੀ ਇਸਤਰੀ।

سخاوت ***ਸਖ਼ਾਵਤ*** : ਬਖ਼ਸ਼ਸ਼ ਕਰਨਾ, ਸਖ਼ੀ ਹੋਣਾ, ਕਿਸੇ ਚੀਜ਼ ਨੂੰ ਛਡਣਾ, ਬਖ਼ਸ਼ਸ਼, ਉਦਾਰਤਾ।

سخت ***ਸਖ਼ਤ*** : ਜੋ ਨਰਮ ਨਾ ਹੋਵੇ, ਕਰੜਾ, ਠੋਸ, ਮਜ਼ਬੂਤ, ਪੱਕਾ; ਜ਼ਲੀਲ, ਬਖ਼ੀਲ, ਕੰਜੂਸ; ਬੌਹਤ ਜ਼ਿਆਦਾ; ਚਿਮਟਣ ਵਾਲਾ; ਮੁਸ਼ਕਲ, ਔਖਾ; ਜ਼ਿਦੀ, ਅਖੜ; ਕਸਿਆ ਹੋਇਆ; ਗਾੜ੍ਹਾ, ਸੰਘਣਾ; ਕਠੋਰ ਚਿਤ।

سخت‌جان ***ਸਖ਼ਤ-ਜਾਨ*** : ਪੱਥਰ ਦਿਲ, ਬੜੇ ਹੌਸਲੇ ਵਾਲਾ, ਮੇਹਨਤੀ, ਓਹ ਵਿਅਕਤੀ ਜਿਸ ਦੀ ਜਾਨ ਮੁਸ਼ਕਲ ਨਾਲ ਨਿਕਲੇ।

سخت‌چشم ***ਸਖ਼ਤ-ਚਸ਼ਮ*** : ਬੇਹਯਾ, ਸ਼ੋਖ਼, ਗੁਸਤਾਖ਼।

سخت‌دل ***ਸਖ਼ਤ-ਦਿਲ*** : ਕਠੋਰ-ਚਿਤ।

سختی ***ਸਖ਼ਤੀ*** : ਕਠੋਰਤਾ, ਤਕਲੀਫ਼, ਤੰਗੀ, ਕੰਜੂਸੀ, ਮੁਸੀਬਤ, ਦੁਖ; ਬਲਾ, ਪਾਏਦਾਰੀ, ਦਿਕਤ, ਅੱਖੜਪੁਣਾ, ਜ਼ੁਲਮ, ਡਾਂਟ ਡਪਟ।

سخرۃ ***ਸੁਖ਼ਰਤ*** : ਠੱਠਾ, ਮਖ਼ੌਲ।

سخرہ ***ਸੁਖ਼ਰਾ*** : ਜਿਸ 'ਤੇ ਲੋਕ ਹੱਸਣ, ਸਿਧੜਾ, ਵਗਾਰੀ।

سخری ***ਸੁਖ਼ਰੀ*** : ਵਗਾਰ ਫੜਨਾ; ਵਗਾਰ ਵਿਚ ਕੰਮ ਕਰਨਾ, ਬਿਨਾ ਮੇਹਨਤਾਨੇ ਦੇ ਕੰਮ ਕਰਨਾ।

سُخن ***ਸੁਖ਼ੁਨ,*** سخن ***ਸੁਖ਼ਨ,*** سخُن ***ਸਖ਼ੁਨ*** : ਗੱਲ-ਬਾਤ, ਕਲਾਮ, ਸ਼ੇਅਰ, ਕਵਿਤਾ, ਕਥਨ, ਖ਼ੁਸ਼ੀ, ਗੱਲ, ਮਾਮਲਾ।

سخن‌دان ***ਸੁਖ਼ਨਦਾਨ,*** سخن‌سرا ***ਸੁਖ਼ਨ-ਸਰਾ,*** سخن‌سنج ***ਸੁਖ਼ਨਸੰਜ,*** سخن‌گو ***ਸੁਖ਼ਨਗੋ,*** سخن‌ور ***ਸੁਖ਼ਨਵਰ*** : ਕਵੀ; ਸ਼ਾਇਰ, ਜ਼ਬਾਨ ਦਾਨ, ਖ਼ੁਸ਼ ਗੁਫ਼ਤਾਰ।

سخنِ‌مجلسی ***ਸੁਖ਼ਨ-ਏ-ਮਜਲਿਸੀ*** : ਜੇਹੜੀ ਗੱਲ ਸਭ ਦੇ ਸਾਮ੍ਹਣੇ ਕੈਹ ਦਿਤੀ ਜਾਵੇ ਤੇ ਛੁਪਾਉਣ ਦੀ ਲੋੜ ਨਾ ਹੋਵੇ।

سخنِ‌نمازی ***ਸੁਖ਼ਨ-ਏ-ਨਮਾਜ਼ੀ*** : ਸੱਚੀ ਤੇ ਸਹੀ ਗੱਲ ਜਿਸ ਵਿਚ ਝੂਠ ਜਾਂ ਫ਼ਰੇਬ ਨਾ ਹੋਵੇ।

سد ***ਸੱਦ*** : ਕੰਧ, ਓਟ, ਆੜ, ਰੋਕ, ਪਹਾੜ।

سدِسکندر ***ਸੱਦ-ਏ-ਸਿਕੰਦਰ*** : ਚੀਨ ਦੇ ਉੱਤਰ ਵਿਚ ਸਿਕੰਦਰ ਦੀ ਬਣਾਈ ਹੋਈ ਕਾਂਸੀ ਦੀ ਦੀਵਾਰ ਦਾ ਨਾਮ।

سدرہ/سدرہ ***ਸਿਦਰਤ/ਸਿਦਰਾ*** : ਬੇਰੀ ਦਾ ਰੁਖ।

سدرۃ المنتہا ***ਸਿਦਰਤੁਲਮੁਨਤਹਾ,*** سدرہ طوبیٰ ***ਸਿਦਰਾ ਤੂਬਾ*** : ਮੁਸਲਮਾਨਾਂ ਦੇ ਅਕੀਦੇ ਅਨੁਸਾਰ, ਸਤਵੇਂ ਅਸਮਾਨ ਉਤੇ ਬੇਰੀ ਦਾ ਰੁਖ, ਬਹਿਸ਼ਤ ਦਾ ਰੁੱਖ।

سدرہ نشینان ***ਸਿਦਰਾ-ਨਿਸ਼ੀਨਾਨ*** : ਫ਼ਰਿਸ਼ਤੇ।

سدرہ قامت ***ਸਿਦਰਾ-ਕ਼ਾਮਤ*** : ਉਚੇ ਲੰਮੇ ਕੱਦ ਵਾਲਾ।

سدس ***ਸੁਦਸ,*** سُدُس ***ਸੁਦੁਸ*** : ਛੇਵਾਂ ਹਿੱਸਾ।

سدق ***ਸਦਕ਼*** : ਤਰਕਸ਼, ਤੀਰਾਂ ਦਾ ਖ਼ਾਸ ਭਥਾ ਜਿਸ ਵਿਚ ਹਰ ਤੀਰ ਲਈ ਵਖਰਾ ਖ਼ਾਨਾ ਹੁੰਦਾ ਹੈ।

سدنہ ***ਸਦਨਾ*** : (ਸਾਦਿਨ ਦਾ ਬੌਹਵਚਨ) ਕਾਅਬਾ ਤੇ ਬੁਤਖ਼ਾਨਾ ਦੇ ਮੁਜਾਵਰ।

سدوم ***ਸਦੂਮ*** : ਹਜ਼ਰਤ ਲੂਤ ਦੇ ਸ਼ੈਹਰ ਦਾ ਕਾਜ਼ੀ ਜਿਸ ਨੇ ਇਗ਼ਲਾਮ ਦਾ ਫ਼ਤਵਾ ਦਿਤਾ ਸੀ, ਹਜ਼ਰਤ ਲੂਤ ਦੀ ਕੌਮ ਦਾ ਸ਼ੈਹਰ ਜੋ ਮੁਲਕ ਸ਼ਾਮ ਵਿਚ ਸਥਿਤ ਹੈ, ਰਬ ਦਾ ਕੈਹਰ ਨਾਜ਼ਲ ਹੋਇਆ ਤੇ ਸ਼ੈਹਰ ਤਬਾਹ ਹੋ ਗਿਆ।

سدہ ***ਸੁੱਦਾ*** : ਚੌਖਟ, ਦੇਹਲੀ, ਆਂਦਰਾਂ ਵਿਚ ਗੰਦੇ ਮਾਦੇ ਦੀ ਗੰਢ ਬੱਝ ਜਾਣ, ਸੁੱਡਾ ਪੈ ਜਾਣਾ, ਇਕ ਰੋਗ ਜਿਸ ਕਾਰਨ ਨਕ ਬੰਦ ਹੋ ਜਾਂਦਾ ਹੈ ਤੇ ਸਾਹ ਰੁਕ ਜਾਂਦਾ ਹੈ।

سدید ***ਸਦੀਦ*** : ਠੀਕ, ਪਕਾ।

سدیر ***ਸਦੀਰ*** : ਓਹ ਭਵਨ ਜੋ ਨੁਅਮਾਨ-ਬਿਨ-ਮਨਜ਼ਿਰ ਨੇ ਬਹਿਰਾਮ ਗੌਰ ਲਈ ਬਣਵਾਇਆ; ਹਿਰਾਹ ਦੇ ਨੇੜੇ ਇਕ ਨਦੀ ਦਾ ਨਾਮ, ਯਮਨ ਵਿਚ ਇਕ ਜ਼ਿਲ੍ਹੇ ਦਾ ਨਾਮ, ਮਿਸਰ ਵਿਚ ਇਕ ਸਥਾਨ।

سدیس ***ਸਦੀਸ*** : ਛੇਵਾਂ ਭਾਗ; ਛੇ ਵਰ੍ਹਿਆਂ ਦਾ ਵਛੇਰਾ, ਵੱਛਾ ਤੇ ਬਕਰਾ; ਛੇ ਗਜ਼ ਲੰਮਾ ਕਪੜਾ।

سر ***ਸਰ*** : (ਪੰਜਾਬੀ ਵਿਚ ਪਰਚਲਤ ਰੂਪ ''ਸਿਰ'' ਹੈ), ਖੋਪਰੀ, ਟੀਸੀ, ਚੋਟੀ, ਕਿਸੇ ਚੀਜ਼ ਦਾ ਉਪਰਲਾ ਹਿੱਸਾ, ਥੰਮ੍ਹ ਦਾ ਉਤਲਾ ਸਿਰਾ, ਢੱਕਣ, ਭਾਵ, ਸ਼ਕਤੀ, ਬਲ, ਫ਼ੌਜ ਦਾ ਅਗਲਾ ਹਿਸਾ, ਮੁਖੀ, ਆਰੰਭ, ਇਰਾਦਾ।

سراپا ***ਸਰਾਪਾ*** : ਸਿਰ ਤੋਂ ਪੈਰਾਂ ਤਕ, ਸ਼ੁਰੂ ਤੋਂ ਅਖੀਰ ਤਕ, ਸਾਰਾ, ਪੂਰਾ, ਸਰੋਪਾ, ਪੁਰਸਕਾਰ; ਮਸ਼ੂਕ ਦੇ ਸਾਰੇ ਅੰਗਾਂ ਦੀ ਉਪਮਾ।

سِرّ ***ਸਿੱਰ*** : ਭੇਦ, ਗੁਪਤ ਗੱਲ; ਇਸਤਰੀ ਦਾ ਗੁਪਤ ਅੰਗ; ਭੋਗ; ਅਸਲ; ਹਰ ਚੀਜ਼ ਦਾ ਵਿਚਲਾ ਤੇ ਸਰਬੋਤਮ ਭਾਗ; ਹੱਥ ਦੀਆਂ ਲਕੀਰਾਂ; ਚੰਗੀ ਧਰਤੀ; ਜੜ੍ਹ, ਮੂਲ, ਆਦਿ; ਕਬਰ।

سِرّاً ***ਸਿਰੱਨ*** : ਚੋਰੀ ਚੋਰੀ, ਲੁਕੇ ਛੁਪੇ, ਭੇਤ ਭਰੀ ਹਾਲਤ ਵਿਚ।

سُر ***ਸੁਰ*** : ਸ਼ਾਦੀ, ਖ਼ੁਸ਼ੀ, ਨਾੜੂਆ, ਧੁੰਨੀ।

سرآخور ***ਸਰ-ਆਖ਼ੁਰ,*** **سرآخور** ***ਸਰ-ਆਖ਼ਵਰ*** : ਸਭ ਤੋਂ ਚੰਗਾ ਘੋੜਾ ਜੋ ਸਭ ਤੋਂ ਪੈਹਲੇ ਸਥਾਨ 'ਤੇ ਬੰਨ੍ਹਿਆ ਜਾਂਦਾ ਹੈ, ਅਸਤਬਲ ਦਾ ਮਾਲਕ, ਸਾਈਸ।

سرآغوش ***ਸਰ-ਆਗ਼ੋਸ਼,*** **سراغوش** ***ਸਰਾਗ਼ੋਸ਼*** : ਔਰਤ ਦਾ ਬੁਰਕਾ।

سرآماج ***ਸਰਆਮਾਜ,*** **سراماج** ***ਸਰਾਮਾਜ,*** **سراماچ** ***ਸਰਾਮਾਚ*** : ਹਲ ਦੇ ਜੂਲਾ ਪੰਜਾਲੀ।

سرآماس ***ਸਰ-ਆਮਾਸ*** : ਸੁਜੇ ਹੋਏ ਸਿਰ ਨਾਲ।

سرآماسی ***ਸਰ-ਆਮਾਸੀ*** : ਸਿਰ ਦੀ ਸੋਜ।

سرآمد ***ਸਰਆਮਦ*** : ਸਿਰਕਢ, ਮੁਕੰਮਲ ਹੋਇਆ, ਪੂਰਨ ਕਲਾਕਾਰ, ਹੁਨਰ ਦਾ ਉਸਤਾਦ, ਸਰਦਾਰ, ਮੁਖੀ।

سرآمدِملت ***ਸਰ-ਆਮਦ-ਏ-ਮਿੱਲਤ*** : ਸਾਰੀ ਕੌਮ ਦਾ ਸਰਦਾਰ।

سرآوازا ***ਸਰ-ਆਵਾਜ਼ਾ*** : ਗਾਉਣ ਵੇਲੇ ਸਭ ਤੋਂ ਪੈਹਲੀ ਸੁਰ ਜਾਂ ਅਵਾਜ਼।

سرآوری ***ਸਰਆਵਰੀ*** : ਇਕੱਠ, ਭੀੜ।

سرآھنگ ***ਸਰ-ਆਹੰਗ*** : ਸਿਪਾਹੀ, ਚੋਬਦਾਰ ਦੇ ਅਗੇ ਚੱਲਣ ਵਾਲਾ; ਫ਼ੌਜ ਦਾ ਹਰਾਵਲ ਦਸਤਾ; ਕੋਤਵਾਲ; ਚੌਕੀਦਾਰ; ਲਸ਼ਕਰ ਦਾ ਸਰਦਾਰ; ਸੰਗੀਤ ਦੇ ਸਾਜ਼ ਦੀ ਤਾਰ; ਉਜਡ।

سرا ***ਸਰਾ*** : ਘਰ, ਮਕਾਨ, ਭਵਨ, ਹਵੇਲੀ।

سرابستان ***ਸਰਾਬੁਸਤਾਨ*** : ਓਹ ਘਰ ਜਿਸ ਵਿਚ ਬਾਗ ਹੋਵੇ, ਬਾਗ ਵਿਚਲਾ ਘਰ।

سراسرا ***ਸਿਰਾ ਸਰਾ*** : ਗਾਉਣਾ, ਗਾਇਨ।

سرابیلی ***ਸਰਾਬੀਲੀ*** : ਖੁਸਰਾ, ਹੀਜੜਾ।

سراپردہ ***ਸਰਾਪਰਦਾ*** : ਵਡਾ ਪਰਦਾ ਜੋ ਕੰਧ ਵਾਂਗ ਤੰਬੂ ਦੇ ਆਲੇ-ਦੁਆਲੇ ਖੜਾ ਕੀਤਾ ਜਾਂਦਾ ਹੈ, ਖ਼ੈਮਾ, ਸ਼ਾਹੀ ਦਰਬਾਰ, ਹਰਮ, ਹਰਮ ਵਿਚਲੀਆਂ ਔਰਤਾਂ।

سراپردہزدن ***ਸਰਾਪਰਦਾ ਜ਼ਦਨ*** : ਖ਼ੈਮਾ ਗਡਣਾ, ਤੰਬੂ ਗਡਣਾ।

سراپردۂجھان ***ਸਰਾਪਰਦਾ-ਏ-ਜਹਾਨ*** : ਅਸਮਾਨ।

سراپردۂکحلی ***ਸਰਾਪਰਦਾ-ਏ-ਕੁਹਲੀ*** : ਕਾਲਾ ਬਦਲ।

سراج ***ਸਿਰਾਜ*** : ਦੀਵਾ, ਸੂਰਜ, ਰੋਸ਼ਨੀ।

سراجالدولة ***ਸਿਰਾਜੁਦ-ਦੌਲਤ (ਦੌਲਾ)*** : ਮੁਲਕ ਦਾ ਚਿਰਾਗ, ਉਚ-ਉਪਾਧੀ।

سراجاللیل ***ਸਿਰਾਜ-ਉਲ-ਲੈਲ*** : ਜੁਗਨੂੰ।

سراجالمسکین ***ਸਿਰਾਜ-ਉਲ-ਮਸਕੀਨ*** : ਚੰਦਰਮਾ।

سرّاج ***ਸੱਰਾਜ*** : ਕਾਠੀਆਂ ਬਣਾਉਣ ਵਾਲਾ,

ਕਾਠੀਆਂ ਵੇਚਣ ਵਾਲਾ।

سراجه ***ਸਰਾਜਾ,*** **سراچه** ***ਸਰਾਚਾ*** : ਛੋਟਾ ਤੰਬੂ, ਛੋਟਾ ਘਰ, ਮੁਰਗ਼ੀਆਂ ਬੰਦ ਕਰਨ ਦਾ ਟੋਕਰਾ, ਸੰਸਾਰ।

سرادار ***ਸਰਾਦਾਰ*** : ਘੋੜੇ ਦਾ ਮਾਲਕ, ਜਗੀਰਦਾਰ; ਸਰਾਂ ਜਾਂ ਸ਼ਰਾਬਖ਼ਾਨੇ ਦਾ ਮਾਲਕ, ਹਸਪਤਾਲ ਦਾ ਨਿਗਰਾਨ।

سرادق ***ਸੁਰਾਦਿਕ*** : ਪਰਦਾ, ਘਰ ਦੇ ਅਗੇ ਪਰਦਾ, ਸ਼ਾਹੀ ਖ਼ੇਮਾ, ਤੰਬੂ।

سرار ***ਸਰਾਰ/ਸਿਰਾਰ*** : ਚੰਦ ਦੀ ਅੰਤਮ ਰਾਤ, ਲਕੀਰ, ਹਥੇਲੀ, ਮੱਥਾ।

سراسر ***ਸਰਾਸਰ*** : ਇਕ ਸਿਰੇ ਤੋਂ ਦੂਜੇ ਸਿਰੇ ਤਕ, ਸਾਰੇ ਦਾ ਸਾਰਾ, ਪੂਰਾ, ਬਿਲਕੁਲ, ਅਸਲੋਂ, ਬਾਗ ਤੇ ਸਬਜ਼ੇ ਦੀ ਸੈਰ।

سراسیمه ***ਸਰਾਸੀਮਾ*** : ਹੈਰਾਨ, ਪਰੇਸ਼ਾਨ, ਬੇਚੈਨ।

سراسیمگی ***ਸਰਾਸੀਮਗੀ*** : ਪਰੇਸ਼ਾਨੀ, ਬੇਚੈਨੀ, ਹੈਰਾਨੀ।

سراغ ***ਸੁਰਾਗ਼*** : ਖੋਜ, ਪੈੜ, ਪਗ-ਚਿੰਨ੍ਹ, ਭਾਲ, ਪੁਛ-ਗਿੱਛ; ਪਤਾ, ਨਿਸ਼ਾਨ।

سرافراز ***ਸਰਅਫ਼ਰਾਜ਼*** : ਸਰਬੁਲੰਦ, ਉੱਚੀ ਸ਼ਾਨ ਵਾਲਾ, ਪਰਸਿਧ।

سرافسار ***ਸਰ-ਅਫ਼ਸਾਰ*** : ਸੈਨਾਪਤੀ।

سرافگندن ***ਸਰ-ਅਫ਼ਗੰਦਨ*** : ਸਿਰ ਨੀਵਾਂ ਕਰਨਾ, ਸ਼ਰਮਿੰਦਾ ਹੋਣਾ, ਨਿਮਰਤਾ।

سرافگندگی ***ਸਰਅਫ਼ਗੰਦਗੀ*** : ਨਿਮਰਤਾ।

سرافگنده ***ਸਰ-ਅਫ਼ਗੰਦਹ*** : ਸਿਰ ਨੀਵਾਂ ਕੀਤਾ ਹੋਇਆ, ਚੁੱਪ, ਪਰੇਸ਼ਾਨ।

سرافیل ***ਸਰਾਫ਼ੀਲ*** : ਵੇਖੋ ਇਸਰਾਫ਼ੀਲ।

سراقه ***ਸੁਰਾਕ਼ਾ*** : ਕੁਰੈਸ਼ ਦੇ ਇਕ ਬੁਤ ਦਾ ਨਾਮ।

سراگون ***ਸਰਾਗੂਨ*** : ਉਲਟਾ, ਸਿਰ ਹੇਠਾਂ ਨੂੰ, ਮੂਧੇ ਭਾਰ।

سران ***ਸਰਾਨ*** : ਸਰ **سر** ਦਾ ਬੌਹਵਚਨ।

سرانِ چرخ ***ਸਰਾਨ-ਏ-ਚਰਖ਼*** : ਫ਼ਰਿਸ਼ਤੇ।

سرانجام ***ਸਰਅੰਜਾਮ*** : ਅਖ਼ੀਰ ਨੂੰ, ਅੰਤ ਨੂੰ, ਅੰਤ, ਸਮਾਪਤੀ, ਸਾਜ਼-ਸਮਾਨ।

سرانداز ***ਸਰ-ਅੰਦਾਜ਼*** : ਘੁੰਡ, ਸਿਰ ਦਾ ਦੁਪਟਾ, ਨਾਜ਼ ਨਖਰਿਆਂ ਨਾਲ ਟੈਹਲਣ ਵਾਲਾ, ਚਲਾਕ, ਬੇਸ਼ਰਮ; ਖ਼ੂਨੀ; ਨਪਾਕ।

سراندازی ***ਸਰ-ਅੰਦਾਜ਼ੀ*** : ਸ਼ਰਾਬੀ ਜਾਂ ਮਸ਼ੂਕ ਦਾ ਨਖਰਾ।

سراندیپ ***ਸਰਾਂਦੀਪ,*** **سراندیل** ***ਸਰਾਂਦੀਲ*** : ਇਕ ਪਰਸਿੱਧ ਟਾਪੂ ਦਾ ਨਾਮ (ਲੰਕਾ)।

سرانگشت ***ਸਰਅੰਗੁਸ਼ਤ***

سرانگشتی ***ਸਰਅੰਗੁਸ਼ਤੀ*** : ਉਂਗਲ ਦਾ ਪੋਟਾ, ਉਂਗਲਾਂ ਦੀ ਮੈਂਹਦੀ।

سرانه ***ਸਰਾਨਾ*** : ਦੋ ਚੀਜ਼ਾਂ ਦੇ ਪਰਸਪਰ ਬਦਲਣ ਵਿਚ ਜਦ ਕੋਈ ਹੋਰ ਵਸਤੂ ਮਿਲਾ ਕੇ ਜ਼ਿਆਦਾ ਦਿਤੀ ਜਾਵੇ ਤਾਂ ਉਸ ਨੂੰ ਸਰਾਨਾ ਜਾਂ 'ਸਰਾਸਤਾ' ਕੈਂਹਦੇ ਹਨ, ਜਿਵੇਂ ਇਕ ਗਾਂ ਦੇ ਬਦਲੇ ਇਕ ਬੱਕਰੀ ਤੇ ਕੁਝ ਨਕਦੀ ਦਿਤੀ ਜਾਵੇ ਤਾਂ ਨਕਦੀ 'ਸਰਾਨਾ' ਹੋਵੇਗੀ।

سراویل ***ਸਰਾਵੀਲ*** : (ਸਿਰਵਾਲ **سروال**, ਸਿਰਵੀਲ **سرویل** ਦਾ ਬੌਹਵਚਨ) ਸਲਵਾਰ, ਪਜਾਮਾ।

سرای ***ਸਰਾਯ*** : ਘਰ, ਮਕਾਨ, ਹਵੇਲੀ, ਭਵਨ, ਸ਼ਾਹੀ ਦਰਬਾਰ, ਸਰਾਂ।

سرایِ باقی/جاوید ***ਸਰਾਯ-ਏ-ਬਾਕੀ/ਜਾਵੀਦ,*** **سرایِ دگر** ***ਸਰਾਯ-ਏ-ਦਿਗਰ*** : ਦੂਜੀ ਦੁਨੀਆ।

سرایدار ***ਸਰਾਯਦਾਰ*** : ਘਰ ਜਾਂ ਸਰਾਂ ਦਾ ਰਖਵਾਲਾ।

سرایِ سپنج ***ਸਰਾਯ-ਏ-ਸਿਪੰਜ*** : ਏਹ ਸੰਸਾਰ।

سرای سرور ***ਸਰਾਯ-ਏ-ਸੁਰੂਰ*** : ਸ਼ਰਾਬਖ਼ਾਨਾ, ਬਹਿਸ਼ਤ।

سرای ششدر ***ਸਰਾਯ-ਏ-ਸ਼ਸ਼ਦਰ*** : ਛੇ ਦਰਵਾਜ਼ਿਆਂ ਦਾ ਮਕਾਨ, ਏਹ ਸੰਸਾਰ।

سرایچه ***ਸਰਾਯਚਾ*** : ਛੋਟਾ ਮਕਾਨ, ਛੋਟਾ ਘਰ, ਤੰਬੂ, ਖ਼ੇਮਾ।

سرایش ***ਸਰਾਇਸ਼*** : ਗੀਤ, ਤਰਾਨਾ,

ਪੰਛੀਆਂ ਦਾ ਨਗ਼ਮਾ।

سرایندہ ***ਸਰਾਯੰਦਾ*** : ਗਾਉਣ ਵਾਲਾ, ਗਵੱਈਆ।

سرب ***ਸੁਰਬ*** : ਸੀਸਾ, ਸਿਕਾ।

سربسوختہ ***ਸੁਰਬ–ਏ–ਸੋਖ਼ਤਾ*** : ਸੁਰਮਾ।

سربار ***ਸਰਬਾਰ*** : ਸਿਰ ਦਾ ਭਾਰ, ਛੋਟੀ ਜੇਹੀ ਗਠੜੀ ਜੋ ਵਡੀ ਗਠੜੀ ਉਪਰ ਰਖੀ ਜਾਂਦੀ ਹੈ।

سرباز ***ਸਰਬਾਜ਼*** : ਸਿਰੋਂ ਨੰਗਾ; ਨਿਡਰ, ਲੜਾਕਾ, ਫ਼ੌਜ ਦਾ ਸਿਪਾਹੀ, ਜਾਨ 'ਤੇ ਖੇਡ ਜਾਣ ਵਾਲਾ।

سرباخانہ ***ਸਰਬਾਜ਼–ਖ਼ਾਨਾ*** : ਬੈਰਕਾਂ।

سربازی ***ਸਰਬਾਜ਼ੀ*** : ਜੰਗ, ਵੀਰਤਾ ਦਾ ਕੰਮ।

سرباش ***ਸਰਬਾਸ਼,*** سرباشی ***ਸਰਬਾਸ਼ੀ*** : ਫ਼ੌਜ ਦਾ ਸਰਦਾਰ, ਜੰਗੀ ਕੁਹਾੜਾ, ਟਕੂਆ।

سربال ***ਸਿਰਬਾਲ*** : ਕਮੀਜ਼, ਪਜਾਮਾ, ਜਾਮਾ, ਕਪੜਾ।

سربالہ ***ਸਰਬਾਲਾ*** : ਪਹਾੜੀ, ਪਰਬਤ; ਪਹਾੜ ਦੀ ਚੜ੍ਹਾਈ।

سربخش ***ਸਰਬਖ਼ਸ਼*** : ਵੱਡਾ ਹਿੱਸਾ; ਪੈਹਲਾ ਹਿਸਾ।

سربدار ***ਸਰਬਦਾਰ*** : ਜਿਸ ਦਾ ਸਿਰ ਸੂਲੀ ਲਈ ਠੀਕ ਹੋਵੇ, ਸੂਲੀ ਚੜ੍ਹਨ ਦਾ ਚਾਹਵਾਨ, ਅਬੂਸਈਦ ਦੀ ਮੌਤ ਪਿਛੋਂ ਹਲਾਕੂ ਖ਼ਾਨ ਦੇ ਖ਼ਾਨਦਾਨ ਦਾ ਆਖ਼ਰੀ ਬਾਦਸ਼ਾਹ।

سربراہ ***ਸਰ–ਬਰਾਹ*** : ਨਿਗਰਾਨ, ਪਰਬੰਧਕ।

سربراہی ***ਸਰ ਬਰਾਹੀ*** : ਪਰਬੰਧ, ਨਿਗਰਾਨੀ।

سربزرگ ***ਸਰ ਬੁਜ਼ੁਰਗ*** : ਮੁਖੀ, ਪਤਵੰਤਾ, ਉਚੇ ਮਰਤਬੇ ਵਾਲਾ।

سربست ***ਸਰਬਸਤ*** : ਔਖਾ, ਧੁੰਦਲਾ, ਗੁਮਨਾਮ, ਜੋ ਅਜ਼ਾਦ ਨਾ ਹੋਵੇ, ਪਰਾਧੀਨ।

سربستہ ***ਸਰਬਸਤਾ*** : ਬਝਾ ਹੋਇਆ, ਕਜਿਆ ਹੋਇਆ, ਲੁਕਿਆ ਹੋਇਆ, ਜਿਸ ਨੇ ਪਗੜੀ ਬਧੀ ਹੋਵੇ, ਕਿਸੇ ਇਕਰਾਰ ਨਾਲ ਬਝਾ ਹੋਇਆ।

سربسر ***ਸਰ–ਬ–ਸਰ*** : ਇਕ ਸਿਰੇ ਤੋਂ ਦੂਜੇ ਸਿਰੇ ਤਕ, ਸਮਾਨ, ਬਰਾਬਰ ਦਾ, ਪੂਰਾ, ਬਿਲਕੁਲ, ਅਸਲੋਂ।

سربصحرادادہ ***ਸਰ–ਬ–ਸਹਰਾ ਦਾਦਾ,*** سربکوہوبیاباندادہ ***ਸਰ–ਬ–ਕੋਹ–ਉ–ਬਿਯਾਬਾਨ ਦਾਦਾ*** : ਪਾਗ਼ਲ, ਦੀਵਾਨਾ, ਅਵਾਰਾ।

سربلند ***ਸਰ–ਬਲੰਦ*** : ਉਚਾ; ਉਚੀ ਸ਼ਾਨ ਵਾਲਾ।

سربلندی ***ਸਰਬਲੰਦੀ*** : ਇਜ਼ਤ, ਮਾਣ ਸਤਕਾਰ, ਪਰਤਿਸ਼ਟਾ, ਗੌਰਵ।

سرب مہر ***ਸਰ–ਬ–ਮੁਹਰ*** : ਮੋਹਰ ਲਗਾ ਹੋਇਆ, ਬਧਾ ਹੋਇਆ, ਸੀਲਬੰਦ।

سربند ***ਸਰ–ਬੰਦ*** : ਮੂੰਹ ਬੰਦ, ਮੂੰਹ ਸੀਤਾ ਹੋਇਆ, ਬੰਦ ਕੂਚਾ, ਢਕਣਾ ਬੰਦ ਕੀਤਾ ਹੋਇਆ; ਇਲਮ, ਭੇਤ ਦਾ ਇਲਮ; ਓਹ ਪਟੀ ਜਿਸ ਨੂੰ ਜ਼ਨਾਨੀਆਂ ਸਿਰ ਤੇ ਬੰਨ੍ਹਦੀਆਂ ਹਨ, ਪਗੜੀ।

سربھا ***ਸਰ–ਬਹਾ*** : ਸਿਰ ਦਾ ਮੁਲ, ਖ਼ੂਨ ਦਾ ਮੁਲ।

سرپایان ***ਸਰ–ਪਾਯਾਨ*** : ਪਗੜੀ, ਦਸਤਾਰ, ਕੁਲ੍ਹਾ, ਪਜਾਮਾ; ਤੈਹਬੰਦ, ਲਾਚਾ।

سرپرست ***ਸਰਪ੍ਰਸਤ*** : ਮਦਦ ਕਰਨ ਵਾਲਾ, ਨੌਕਰ, ਘਰ ਦਾ ਸੇਵਾਦਾਰ, ਬੀਮਾਰ ਦੀ ਸੇਵਾ ਕਰਨ ਵਾਲਾ, ਮੇਹਰਬਾਨ, ਨਿਗਰਾਨ, ਪਰਬੰਧਕ।

سرپرستی ***ਸਰ ਪ੍ਰਸਤੀ*** : ਖ਼ਬਰਗੀਰੀ, ਤੀਮਾਰਦਾਰੀ, ਸਿਰ ਤੇ ਹਥ ਰਖਣਾ।

سرپنجگی ***ਸਰ ਪੰਜਗੀ*** : ਸ਼ਿਦਤ, ਅਤ; ਜ਼ੋਰ, ਜ਼ੁਲਮ।

سرپنجہ ***ਸਰ–ਪੰਜਾ*** : ਹਥ ਦਾ ਪੰਜਾ, ਸ਼ਕਤੀ, ਬਲ, ਬਲਵਾਨ ਪੰਜਾ; ਜ਼ੁਲਮ, ਜਬਰ; ਸ਼ਕਤੀਸ਼ਾਲੀ; ਜ਼ਾਲਮ, ਜਾਬਰ; ਨਿਡਰ, ਬੇਬਾਕ।

سرپوش ***ਸਰਪੋਸ਼, سرپوشه ਸਰਪੋਸ਼ਾ*** : ਓਹ ਕਪੜਾ ਜੇਹੜਾ ਭੋਜਨ ਵਾਲੇ ਥਾਲ 'ਤੇ ਪਾਉਂਦੇ ਹਨ; ਦੇਗਚੀ ਦਾ ਢਕਣ, ਚੱਪਣੀ।

سرپوشیده ***ਸਰ ਪੋਸ਼ੀਦਾ*** : ਕੁਆਰੀ ਲੜਕੀ।

سرپیچ ***ਸਰਪੇਚ*** : ਪਗੜੀ, ਜ਼ੈਹਰ ਜਾਂ ਜੜਾਊ ਪਟੀ ਜੇਹੜੀ ਪਗੜੀ ਉਤੇ ਬੰਨ੍ਹੀ ਜਾਂਦੀ ਹੈ, ਊਂਘ, ਊਂਘਣਾ।

سرپیچیدن ***ਸਰਪੇਚੀਦਨ*** : ਸਰਕਸ਼ੀ ਕਰਨਾ, ਆਕੀ ਹੋਣਾ।

سرتابی ***ਸਰਤਾਬੀ*** : ਸਰਕਸ਼ੀ, ਬਗ਼ਾਵਤ, ਹੁਕਮ ਨਾ ਮੰਨਣਾ, ਆਕੀ ਹੋਣਾ।

سرتاج ***ਸਰਤਾਜ*** : ਸਰਦਾਰ, ਖ਼ਾਵੰਦ, ਸਿਰ ਦੇ ਵਾਲਾਂ ਨੂੰ ਢਕਣ ਵਾਲਾ।

سرتاسر ***ਸਰ-ਤਾ-ਸਰ*** : ਸਾਰੇ ਦਾ ਸਾਰਾ, ਇਕ ਸਿਰੇ ਤੋਂ ਦੂਜੇ ਸਿਰੇ ਤਕ, ਪੂਰਨ, ਬਿਲਕੁਲ।

سرِتسبزباد ***ਸਰਤ ਸਬਜ਼ ਬਾਦ*** : ਤੇਰੀ ਉਮਰ ਵਡੀ ਹੋਵੇ।

سرِتگردم ***ਸਰਤ ਗਰਦਮ*** : ਮੈਂ ਕੁਰਬਾਨ ਜਾਵਾਂ, ਤੈਥੋਂ ਸਦਕੇ ਜਾਵਾਂ।

سرتنها ***ਸਰਤਨਹਾ*** : ਇਕਲਾ।

سرج ***ਸਰਜ*** : ਘੋੜੇ ਦੀ ਕਾਠੀ।

سرجمله ***ਸਰ ਜੁਮਲਾ, سرچین ਸਰ ਚੀਨ*** : ਖ਼ੁਲਾਸਾ, ਉਮਦਾ, ਚੁਣਿਆ ਹੋਇਆ।

سرچشمه ***ਸਰਚਸ਼ਮਾ*** : ਪਾਣੀ ਦਾ ਸਰੋਤ ਚਸ਼ਮਾ।

سرحد ***ਸਰਹਦ*** : ਹਦ, ਸਿਰਾ, ਸੀਮਾ, ਕਿਨਾਰਾ, ਆਖਰੀ ਹਦ।

سرحساب ***ਸਰ ਹਿਸਾਬ*** : ਵਾਕਫ਼, ਜਾਣਕਾਰ, ਜਾਣੂ।

سرحلقه ***ਸਰ-ਹਲਕਾ*** : ਕਿਸੇ ਹਲਕੇ ਦਾ ਪੇਸ਼ਵਾ, ਸਰਦਾਰ, ਮੁਖੀ, ਪਰਧਾਨ।

سرخ ***ਸੁਰਖ਼*** : ਲਾਲ, ਰਤਾ, ਸੂਹਾ।

سرخبال ***ਸੁਰਖ਼ ਬਾਲ*** : ਪਰਸਿੱਧ ਪੰਛੀ, ਟੀਹੂ।

سرخبت ***ਸੁਰਖ਼ ਬੁਤ*** : ਬਦਖ਼ਸ਼ਾਂ ਦੀ ਸਰਹਦ ਉਤੇ ਸ਼ੈਹਰ ਬਾਮੀਆ ਦੇ ਨੇੜੇ ਦੋ ਬੁੱਤ ਜੋ ਬਵੰਜਾ ਬਵੰਜਾ ਗਜ਼ ਉਤੇ ਹਨ, ਓਹਨਾਂ ਦੇ ਪੈਰਾਂ ਦੀਆਂ ਉਂਗਲੀਆਂ ਦੀ ਵਿਥ ਵਿਚੋਂ ਆਦਮੀ ਸਿਰ ਤਕ, ਬਲਕਿ ਹਥਾਂ ਦੀਆਂ ਉਂਗਲੀਆਂ ਤਕ ਜਾ ਸਕਦਾ ਹੈ।

سرخبید ***ਸੁਰਖ਼ ਬੈਦ*** : ਬੈਂਤ ਦੀਆਂ ਸਤਾਰਾਂ ਕਿਸਮਾਂ ਵਿਚੋਂ ਇਕ ਕਿਸਮ ਦਾ ਨਾਮ।

سرخچشم ***ਸੁਰਖ਼-ਚਸ਼ਮ*** : ਜੱਲਾਦ, ਖ਼ੂਨ ਵਹਾਉਣ ਵਾਲਾ।

سرخچه ***ਸੁਰਖ਼ਚਾ*** : ਛੋਟੀ ਚੇਚਕ, ਖਸਰਾ।

سرخرو ***ਸੁਰਖ਼ਰੂ*** : ਸਫਲ, ਕਾਮਯਾਬ, ਖ਼ੁਸ਼।

سرخک ***ਸੁਰਖ਼ਕ*** : ਖਟਮਲ।

سرخمرز/مرد ***ਸੁਰਖ਼ ਮਰਜ਼/ਮਰਦ*** : ਇਕ ਖ਼ੁਸ਼-ਰੰਗ ਘਾਹ।

سرخی ***ਸੁਰਖ਼ੀ*** : ਲਾਲੀ।

سرخس ***ਸਰਖ਼ਸ*** : ਖ਼ੁਰਾਸਾਨ ਦਾ ਇਕ ਸ਼ੈਹਰ।

سرخط ***ਸਰਖ਼ਤ*** : ਤਮਸਕ, ਕਿਰਾਇਆਨਾਮਾ, ਨੌਕਰ ਹੋਣ ਦੀ ਤਰੀਕ ਦੀ ਯਾਦਦਾਸ਼ਤ, ਖ਼ੁਸ਼ਖ਼ਤੀ ਨੂੰ ਠੀਕ ਕਰਨ ਦੀ ਕਿਰਿਆ।

سرخوش ***ਸਰਖ਼ੁਸ਼*** : ਓਹ ਆਦਮੀ ਜੋ ਸ਼ਰਾਬ ਦੇ ਸਰੂਰ ਵਿਚ ਖ਼ੁਸ਼ਹਾਲ ਹੋਵੇ ਪਰ ਬਦਮਸਤ ਨਾ ਹੋਵੇ, ਸ਼ਰਾਬ ਦੇ ਨਸ਼ੇ ਦਾ ਇਕ ਦਰਜਾ, ਦੂਜੇ ਤਿੰਨ ਦਰਜੇ ਏਹ ਹਨ, ਤਰ-ਦਿਮਾਗ, ਸਿਯਾਹ ਮਸਤ, ਖ਼ਰਾਬ, ਮਗਨ।

سرخوشی ***ਸਰਖ਼ੁਸ਼ੀ*** : ਸ਼ਰਾਬ ਦੇ ਨਸ਼ੇ ਦਾ ਸਰੂਰ, ਨੀਮ ਮਸਤੀ, ਮਮੂਲੀ ਨਸ਼ਾ।

سرخه ***ਸੁਰਖ਼ਾ*** : ਤੂਰਾਨ ਦੇ ਬਾਦਸ਼ਾਹ ਅਫਰਾਸਿਯਾਬ ਦੇ ਪੁਤਰ ਦਾ ਨਾਮ ਜਿਸ ਨੂੰ ਫ਼ਰਾਮੁਰਜ਼ ਨੇ ਗਰਿਫ਼ਤਾਰ ਕੀਤਾ ਸੀ ਤੇ ਰੁਸਤਮ ਨੇ ਸਿਯਾਵਸ਼ ਬਦਲੇ ਮਰਵਾ ਦਿਤਾ ਸੀ।

سرخیل ***ਸਰ-ਖ਼ੈਲ*** : ਸਰਦਾਰ, ਮੁਖੀਆ, ਲਸ਼ਕਰ ਦਾ ਸਰਦਾਰ, ਸੈਨਾਪਤੀ, ਅਫ਼ਸਰ।

سرداب ***ਸਰਦਾਬ,*** **سردابه** ***ਸਰਦਾਬਾ*** : ਸਰਦਖ਼ਾਨਾ, ਤੈਹਖ਼ਾਨਾ, ਭੋਰਾ।

سردار ***ਸਰਦਾਰ*** : ਅਮੀਰ, ਹਾਕਮ, ਜਥੇਦਾਰ, ਮੁਖੀ।

سرداری ***ਸਰਦਾਰੀ*** : ਅਫਸਰੀ, ਹਕੂਮਤ, ਜਥੇਦਾਰੀ ਹਾਕਮ ਹੋਣਾ, ਅਮੀਰ ਹੋਣਾ।

سردر ***ਸਰਦਰ*** : ਸਰਦਲ, ਦਰਵਾਜ਼ੇ ਦੇ ਉਪਰ ਦੀ ਲਕੜ।

سردردی ***ਸਰਦਰਦੀ*** : ਮੇਹਨਤ, ਤਕਲੀਫ਼।

سرِدست ***ਸਰ-ਏ-ਦਸਤ*** : ਇਸ ਵੇਲੇ, ਤਾਕਤ, ਸ਼ਕਤੀ, ਬਲ; ਹਥ ਦਾ ਪੰਜਾ, ਜ਼ੋਰਾਵਰ, ਨਾਚੀਜ਼, ਤੁਛ।

سردستی ***ਸਰਦਸਤੀ*** : ਜੇਹੜੀ ਚੀਜ਼ ਹਾਜ਼ਰ ਹੋਵੇ, ਨਿਝੱਕ ਗੱਲ, ਫ਼ਕੀਰਾਂ ਜਾਂ ਕਲੰਦਰਾਂ ਦੀ ਲਾਠੀ।

سرِدفتر ***ਸਰ-ਏ-ਦਫ਼ਤਰ*** : ਦਫ਼ਤਰ ਦਾ ਹਾਕਮ, ਹੈਡ ਕਲਰਕ, ਮੀਰ ਮੁਨਸ਼ੀ, ਸਰਦਾਰ।

سردمهر ***ਸਰਦ-ਮਿਹਰ*** : ਬੇਵਫ਼ਾ, ਬੇਮੇਹਰਾ, ਬੇਰੈਹਮ, ਬੇਲਿਹਾਜ਼ਾ, ਪੱਥਰ ਚਿੱਤ, ਜੇਹੜਾ ਕਿਸੇ ਵੱਲ ਧਿਆਨ ਨਾ ਦੇਵੇ।

سردمِهری ***ਸਰਦ-ਮਿਹਰੀ*** : ਬੇਰੈਹਮੀ, ਕਠੋਰਤਾ।

سردی ***ਸਰਦੀ*** : ਠੰਢ, ਠੰਢਕ, ਪਾਲਾ; ਬੇ-ਮੇਹਰੀ, ਬੇਪਰਵਾਹੀ।

سرِراه ***ਸਰ-ਏ-ਰਾਹ*** : ਰਾਹ ਦੇ ਸਿਰ 'ਤੇ, ਸੜਕ 'ਤੇ, ਰਾਹ ਵਿਚ।

سرراه گرفتن ***ਸਰ-ਏ-ਰਾਹ ਗਿਰਿਫ਼ਤਨ*** : ਰਾਹ ਰੋਕਣਾ।

سررِشته ***ਸਰ-ਏ-ਰਿਸ਼ਤਾ*** : ਤਦਬੀਰ, ਚਾਰਾਂ, ਮਨੋਰਥ; ਮਾਮਲਾ; ਦਫ਼ਤਰ, ਵਿਭਾਗ, ਯੋਗਤਾ, ਦਸਤੂਰ, ਇਖ਼ਤਿਆਰ।

سررشته از دست بیرون رفتن ***ਸਰ-ਏ-ਰਿਸ਼ਤਾ ਅਜ਼ ਦਸਤ ਬੇਰੂੰ ਰਫ਼ਤਨ*** : ਮਾਮਲਾ ਵਿਗੜ ਜਾਣਾ।

سررشته دار ***ਸਰ-ਰਿਸ਼ਤਾਦਾਰ*** : ਕਿਸੇ ਹਾਕਮ ਦਾ ਮੁਨਸ਼ੀ, ਮੀਰ ਮੁਨਸ਼ੀ, ਰੀਡਰ, ਹੈਡ ਕਲਰਕ।

سررشته یافتن ***ਸਰ-ਏ-ਰਿਸ਼ਤਾ ਯਾਫ਼ਤਨ*** : ਮੰਤਵ ਪੂਰਾ ਹੋਣਾ।

سررفته ***ਸਰ-ਰਫ਼ਤਾ*** : ਕਿਸਮਤ, ਭਾਗ, ਨਸੀਬਾ, ਹਦੋਂ ਵਧ।

سرزدن ***ਸਰ ਜ਼ਦਨ*** : ਆਕੀ ਹੋਣਾ, ਬਾਗ਼ੀ ਹੋਣਾ।

سرزلف ***ਸਰ-ਜ਼ੁਲਫ਼*** : ਜ਼ੁਲਫ਼ ਦਾ ਸਿਰਾ, ਮਸ਼ੂਕ ਦੀ ਵਧੀਕੀ; ਨਾਜ਼ ਨਖ਼ਰਾ, ਤਿਖੀ ਨਜ਼ਰ; ਬੇਪਰਵਾਹੀ।

سرزمین ***ਸਰ-ਜ਼ਮੀਨ*** : ਧਰਤ, ਮੁਲਕ, ਖੇਤਰ, ਜ਼ਮੀਨ ਦਾ ਪੱਧਰ।

سرزنش ***ਸਰਜ਼ਨਸ਼*** : ਬੁਰਾ ਭਲਾ ਕੈਹਣਾ, ਤਾੜਨਾ, ਝਿੜਕਣਾ ਝੰਬਣਾ; ਝਿੜਕੀ।

سرزور ***ਸਰ-ਜ਼ੋਰ*** : ਬਾਗ਼ੀ, ਸਰਕਸ਼, ਆਕੀ, ਹਠੀਲਾ।

سرسال ***ਸਰ ਸਾਲ*** : ਸਾਲ ਦੇ ਅਰੰਭ ਵਿਚ।

سرسام ***ਸਰਸਾਮ*** : ਸਿਰ ਦਾ ਵਰਮ, ਇਕ ਜਾਨ-ਲੇਵਾ ਰੋਗ, ਜੋ ਦਿਮਾਗ਼ ਦੇ ਵਰਮ ਤੋਂ ਹੁੰਦਾ ਹੈ, ਸੂਰਜ ਦੀ ਰੋਸ਼ਨੀ ਰੋਗੀ ਲਈ ਬੜੀ ਦੁਖਦਾਈ ਹੁੰਦੀ ਹੈ।

سرسامی ***ਸਰਸਾਮੀ*** : ਸਰਸਾਮ ਦਾ ਰੋਗੀ।

سرسبز ***ਸਰ ਸਬਜ਼*** : ਲੈਹਲਹਾਉਂਦਾ, ਅਬਾਦ; ਜੀਵੰਤ, ਖ਼ੁਸ਼, ਪਰਸੰਨ, ਅਮੀਰ, ਖ਼ੁਸ਼ਹਾਲ; ਯੁਵਕ; ਕਾਮਯਾਬ।

سرسجده ***ਸਰ ਸਿਜਦਾ*** : ਸ਼ੀਆ ਲੋਕਾਂ ਦੀ ਨਮਾਜ਼ ਵਿਚ ਸਿਜਦੇ ਦੀ ਥਾਂ ਤੇ ਰਖਣ ਵਾਲੀ ਮੋਹਰ।

سرسختی ***ਸਰ ਸਖ਼ਤੀ*** : ਸਰਕਸ਼ੀ, ਆਕੀਪੁਣਾ, ਘਮੰਡ, ਹੈਂਕੜ, ਹਠ, ਜ਼ਿਦ।

سرسخن ***ਸਰਸੁਖ਼ਨ*** : ਉਨਵਾਨ, ਸ਼ੀਰਸ਼ਕ।

سرسری ***ਸਰਸਰੀ*** : ਬਿਨਾ ਸੋਚੇ ਸਮਝੇ ਕੀਤਾ ਕੰਮ, ਅਸਾਨ, ਮਾਮੂਲੀ, ਛੇਤੀ ਦਾ।

سرسلسله ***ਸਰ-ਸਿਲਸਿਲਾ*** : ਖ਼ਾਨਦਾਨ

ਦਾ ਮੋਢੀ।

سرشار ***ਸਰਸ਼ਾਰ*** : ਭਰਿਆ ਹੋਇਆ, ਨਸ਼ੇ ਵਿਚ ਚੂਰ।

سرشاری ***ਸਰਸ਼ਾਰੀ*** : ਖ਼ੁਮਾਰੀ, ਨਸ਼ੇ ਵਿਚ ਚੂਰ ਹੋਣ ਦੀ ਕਿਰਿਆ ਜਾਂ ਹਾਲਤ।

سرشام ***ਸਰ-ਏ-ਸ਼ਾਮ*** : ਸ਼ਾਮ ਹੁੰਦੇ ਸਮੇਂ, ਦੋਵੇਂ ਵਕਤ ਮਿਲਣ ਸਮੇਂ।

سرشب ***ਸਰ-ਏ-ਸ਼ਬ*** : ਪੈਹਲੀ ਰਾਤ, ਰਾਤ ਪੈਂਦੇ ਹੀ।

سرشت ***ਸਿਰਿਸ਼ਤ*** : ਖ਼ਸਲਤ, ਆਦਤ, ਖਮੀਰ, ਖਾਸ਼ੀਅਤ, ਖਾਸਾ, ਗੁਣ, ਮਿਲਿਆ-ਜੁਲਿਆ।

سرشتہ ***ਸਿਰਿਸ਼ਤਾ*** : ਗੁੰਨ੍ਹਿਆ ਹੋਇਆ।

سرغلیان ***ਸਰ-ਗ਼ਲੀਯਾਨ*** : (ਸਰ ਕਲੀਯਾਨ **سرقلیان**) ਹੁੱਕੇ ਦੀ ਚਿਲਮ।

سرغنہ ***ਸਰਗ਼ਨਾ*** : ਵਡਾ, ਸ਼ਿਰੋਮਣੀ, ਜਥੇਦਾਰ, ਸਰਦਾਰ, ਲਸਾਨੀ।

سرغوغا ***ਸਰ-ਗ਼ੌਗਾ*** : ਫ਼ਸਾਦ ਦੀ ਜੜ੍ਹ, ਫਸਾਦੀਆਂ ਦਾ ਸਰਦਾਰ, ਫ਼ੌਜ ਦਾ ਮੂਹਰਲਾ ਹਿਸਾ।

سرغین ***ਸਿਰਗ਼ੀਨ,*** **سرغینہ** ***ਸਰਗ਼ੀਨਾ*** : ਤੂਤੀ, ਬੰਸਰੀ, ਮੁਰਲੀ।

سرف ***ਸਰਫ਼*** : ਫ਼ਜ਼ੂਲ-ਖ਼ਰਚੀ, ਲਾਲਚ, ਹਿਰਸ, ਭੁੱਲ ਕਰਨਾ, ਅਣਗੈਹਲੀ ਕਰਨਾ; ਸ਼ਰਾਫ਼ਤ, ਆਦਤ, ਮੂਰਖ, ਮੂੜ੍ਹ।

سرشف ***ਸਰਸ਼ਫ਼*** : ਸਰ੍ਹੋਂ।

سرشک ***ਸਿਰਿਸ਼ਕ*** : ਅੱਥਰੂ, ਹੰਝੂ; ਬੂੰਦ, ਚਸ਼ਮੇ ਦਾ ਟੁਟਣਾ, ਚੰਗਿਆੜਿਆਂ ਦਾ ਉਤਾਂਹ ਨੂੰ ਉਡਣਾ।

سرشماری ***ਸਰਸ਼ੁਮਾਰੀ*** : ਜਨ-ਸੰਖਿਆ।

سرشوی ***ਸਰ-ਸ਼ੂਜ*** : ਨਾਈ, ਸਿਰ ਧੋਣ ਦੀ ਗਾਚੀ।

سرشیر ***ਸਰ-ਸ਼ੀਰ*** : ਦੁੱਧ ਦੀ ਮਲਾਈ।

سرطان ***ਸਰਤ਼ਾਨ*** : ਕੇਕੜਾ, ਪਾਣੀ ਦਾ ਜਾਨਵਰ, ਕੰਨਖਜੂਰਾ; ਅਸਮਾਨ ਦੇ ਚੌਥੇ ਬੁਰਜ ਦਾ ਨਾਮ; ਕੈਂਸਰ।

سرعسکر ***ਸਰ-ਅ਼ਸਕਰ*** : ਸੈਨਾਪਤੀ, ਫ਼ੌਜਦਾਰ।

سرعشر ***ਸਰ ਅ਼ਸ਼ਰ*** : ਕੁਰਾਨ ਸ਼ਰੀਫ਼ ਦੀਆਂ ਦਸ ਆਯਤਾਂ, ਜੇਹੜੀਆਂ ਬੱਚਿਆਂ ਨੂੰ 'ਬਿਸਮਿੱਲਾ' ਕਰਾਉਣ ਸਮੇਂ ਪਵਿੱਤਰਤਾ ਵਜੋਂ ਲਿਖ ਦਿੰਦੇ ਹਨ।

سرعطسۂ آدم ***ਸਰ ਅ਼ਤਸਾ-ਏ-ਆਦਮ*** : ਹਜ਼ਰਤ ਈਸਾ।

سرعلم ***ਸਰ-ਅਲਮ*** : ਝੰਡੇ ਦੇ ਸਿਰੇ ਤੇ ਝੂਲਦਾ ਹੋਇਆ ਕੱਪੜਾ, ਫਰੇਰਾ।

سرغزل ***ਸਰ-ਗ਼ਜ਼ਲ*** : ਗ਼ਜ਼ਲ ਦਾ ਪੈਹਲਾ ਸ਼ੇਅਰ, ਮਤਲਾ, ਸਰੇਸ਼ਟ ਗ਼ਜ਼ਲ।

سرفتنہ ***ਸਰ ਫ਼ਿਤਨਾ*** : ਵੇਖੋ **سرغوغا** ਸਰਗ਼ੌਗਾ।

سرفراز ***ਸਰਫ਼ਰਾਜ਼*** : ਮਰਤਬਾ, ਪਰਤਿਸ਼ਟ, ਇਜ਼ਤ-ਮਾਣ ਵਾਲਾ, ਸਤਕਾਰਯੋਗ, ਹੈਂਕੜਬਾਜ਼, ਘਮੰਡੀ।

سرفرازی ***ਸਰਫ਼ਰਾਜ਼ੀ*** : ਸਰੇਸ਼ਟਤਾ, ਇਜ਼ਤ, ਸਤਕਾਰ, ਪਰਤਿਸ਼ਠਾ, ਸ਼ਾਨ- ਸ਼ੌਕਤ, ਠਾਠ।

سرفوج ***ਸਰਫ਼ੌਜ*** : ਵੇਖੋ **سرعسکر** ਸਰ ਅ਼ਸਕਰ।

سرقلیان ***ਸਰਕਲਯਾਨ*** : ਹੁੱਕੇ ਦੀ ਚਿਲਮ।

سرقہ ***ਸਰਕਾ*** : ਚੋਰੀ ਚਕਾਰੀ।

سرکار ***ਸਰਕਾਰ*** : ਹਕੂਮਤ, ਬਾਦਸ਼ਾਹੀ; ਕਚੈਹਰੀ; ਪਰਬੰਧਕ, ਹਾਕਮ, ਮਾਲਕ; ਕੱਪੜੇ ਦਾ ਕਾਰਖ਼ਾਨਾ, ਕਿਸੇ ਵਿਭਾਗ ਦਾ ਉਚ ਅਧਕਾਰੀ।

سرکاری ***ਸਰਕਾਰੀ*** : ਸਰਕਾਰ ਨਾਲ ਸਬੰਧਤ, ਹਕੂਮਤ ਦੀ ਕੋਈ ਚੀਜ਼ ਜਾਂ ਹੁਕਮ, ਮੁਖ਼ਤਾਰੀ।

سرکردگی ***ਸਰਕਰਦਗੀ*** : ਸਰਦਾਰੀ।

سرکن ***ਸਰਕੁਨ*** : ਕੌਮ ਦਾ ਸਰਦਾਰ ਜਾਂ ਮੋਢੀ, ਫ਼ੌਜ ਦਾ ਸਰਦਾਰ, ਸੈਨਾਪਤੀ, ਪਰਧਾਨ।

سرکوب ***ਸਰਕੋਬ*** : ਯੋਗ; ਪਰਬੰਧ ਕਰਨ ਵਾਲਾ, ਪਰਬੰਧਕ, ਸਰਦਾਰ, ਹਾਕਮ,

ਦਮਦਮਾ, ਗੁਰਜ਼, ਸਿਰ ਕੁਚਲਣ ਵਾਲਾ, ਸਜ਼ਾ ਦੇਣ ਵਾਲਾ।

سرکوچک ***ਸਰਕੋਚਕ*** : ਕਮ-ਅਕਲ, ਤੁਛ, ਹਕੀਰ, ਕਮੀਨਾ।

سرکوچکی ***ਸਰਕੋਚਕੀ*** : ਕਮ-ਅਕਲੀ, ਘਿਰਨਾ, ਹਕਾਰਤ, ਬੇਕਦਰੀ, ਕਮੀਨਾਪਣ।

سرگران ***ਸਰਗਿਰਾਨ*** : ਨਰਾਜ਼, ਗਜ਼ਬਨਾਕ, ਮਗ਼ਰੂਰ, ਘਮੰਡੀ; ਸੁਸਤ, ਆਲਸੀ।

سرگرانی ***ਸਰਗਿਰਾਨੀ*** : ਮਲਾਮਤ; ਨਰਾਜ਼ਗੀ।

سرگردان ***ਸਰਗਰਦਾਨ*** : ਹੈਰਾਨ-ਪਰੇਸ਼ਾਨ, ਅਵਾਰਾ।

سرگرم ***ਸਰਗਰਮ*** : ਤਿਆਰ-ਬਰ-ਤਿਆਰ, ਕਿਰਿਆਸ਼ੀਲ, ਮੇਹਨਤੀ, ਕੋਸ਼ਸ਼ ਕਰਨ ਵਾਲਾ, ਚਲਾਕ।

سرگروہ ***ਸਰਗੁਰੋਹ*** : ਕੌਮ ਦਾ ਸਰਦਾਰ, ਜਥੇਦਾਰ, ਮੁਖੀਆ।

سرگزشت ***ਸਰਗੁਜ਼ਸ਼ਤ*** : ਘਟਨਾ, ਵਾਕਿਆ, ਦਾਸਤਾਨ।

سرگزشتہ ***ਸਰਗੁਜ਼ਸ਼ਤਾ*** : ਜਾਨ ਤੋਂ ਤੰਗ ਆਇਆ ਹੋਇਆ।

سرگشتگی ***ਸਰਗਸ਼ਤਗੀ*** : ਹੈਰਾਨੀ, ਤਰੱਦਦ, ਬੇਕਰਾਰੀ, ਪਰੇਸ਼ਾਨੀ।

سرگشتہ ***ਸਰਗਸ਼ਤਾ*** : ਹੈਰਾਨ, ਭਟਕਿਆ ਹੋਇਆ, ਅਵਾਰਾ।

سرگم ***ਸਰਗੁਮ*** : ਆਦਿ ਅੰਤ ਰੈਹਤ, ਬੇਰਾਹ, ਭਟਕਿਆ ਹੋਇਆ।

سرگوشی ***ਸਰਗੋਸ਼ੀ*** : ਕੰਨ ਵਿਚ ਕੁਝ ਕੈਹਣਾ, ਕਾਨਾਫੂਸੀ, ਚੁਗਲੀ, ਨਿੰਦਾ।

سرگیں ***ਸਰਗੀਂ*** : ਲਿਦ, ਗੋਹਾ, ਗੋਬਰ, ਪਖਾਨਾ; ਵਿਠ, ਗੰਦ, ਮਲ।

سرلشکر ***ਸਰ-ਲਸ਼ਕਰ*** : ਫ਼ੌਜ ਦਾ ਸਰਦਾਰ, ਸੈਨਾਪਤੀ।

سرلوح ***ਸਰ-ਲੌਹ*** : ਚਿਤਰਾਂ ਨਾਲ ਸਜਾਇਆ ਹੋਇਆ ਸਰਵਰਕ।

سرما ***ਸਰਮਾ*** : ਸੀਤ ਰੁਤ, ਸਿਆਲ।

سرماہی ***ਸਰਮਾਹੀ*** : ਤਨਖ਼ਾਹ, ਵੇਤਨ, ਮਾਸਕ ਤਲਬ।

سرمایہ ***ਸਰਮਾਯਾ*** : ਪੂੰਜੀ, ਸੰਪੱਤੀ।

سرمد ***ਸਰਮਦ*** : ਜਿਸ ਦਾ ਆਦਿ-ਅੰਤ ਨਾ ਹੋਵੇ, ਅਨੰਤ; ਅੱਲਾਹ; ਸਦੀਵੀਂ; ਦਿਨ ਰਾਤ।

سرمدی ***ਸਰਮਦੀ*** : ਅਨਾਦੀ, ਸਦੀਵੀ।

سرمست ***ਸਰਮਸਤ*** : ਨਸ਼ੇ ਵਿਚ ਚੂਰ, ਮਤਵਾਲਾ।

سرمشق ***ਸਰਮਸ਼ਕ*** : ਉਸਤਾਦ ਦਾ ਲਿਖਿਆ ਹੋਇਆ ਜਿਸ ਨੂੰ ਵੇਖ ਕੇ ਮਸ਼ਕ ਕੀਤੀ ਜਾਂਦੀ ਹੈ, ਖ਼ੁਸ਼ਨਵੀਸ ਦਾ ਲਿਖਿਆ ਹੋਇਆ ਟੋਟਾ।

سرمنزل ***ਸਰਮਨਜ਼ਿਲ*** : ਕਿਸੇ ਥਾਂ ਦੀ ਚੰਗੀ ਜਲਵਾਯੂ ਵੇਖ ਕੇ ਕੋਈ ਪਾਂਧੀ ਯਾਦਗਾਰ ਦੇ ਤੌਰ ਤੇ ਉਥੇ ਕੋਈ ਇਮਾਰਤ ਬਣਵਾਏ, ਉਸ ਨੂੰ ਸਰਮੰਜ਼ਿਲ ਕੈਂਹਦੇ ਹਨ; ਠੈਹਰਨ ਦੀ ਥਾਂ।

سرمہ ***ਸੁਰਮਾ*** : ਅੱਖਾਂ ਵਿਚ ਪਾਉਣ ਵਾਲੀ ਚੀਜ਼, ਕੱਜਲ, ਅੰਜਨ।

سرمۂ چشم ***ਸੁਰਮਾ-ਚਸ਼ਮ*** : ਜਿਸ ਦੀਆਂ ਅਖਾਂ ਵਿਚ ਸੁਰਮਾ ਪਿਆ ਹੋਵੇ।

سرمۂ چوب ***ਸੁਰਮਾ-ਚੋਬ*** : ਸੁਰਮਾ ਪਾਉਣ ਦੀ ਸਲਾਈ, ਸੁਰਮਚੂ।

سرمۂ سلیمانی ***ਸੁਰਮਾ ਸੁਲੇਮਾਨੀ*** : ਅਜੇਹਾ ਸੁਰਮਾ ਜਿਸ ਨੂੰ ਅੱਖਾਂ ਵਿਚ ਪਾਉਣ ਨਾਲ ਗੁਪਤ ਚੀਜ਼ਾਂ ਤੇ ਖ਼ਜ਼ਾਨੇ ਦਿਸ ਪੈਣ।

سرمہ کش ***ਸੁਰਮਾ-ਕਸ਼*** : ਅਖਾਂ ਵਿਚ ਸੁਰਮਾ ਪਾਉਣ ਵਾਲਾ।

سرمہ مست ***ਸੁਰਮਾ-ਮਸਤ*** : ਸ਼ੋਖ਼ੀ ਤੇ ਨਜ਼ਾਕਤ ਲਈ ਪਾਇਆ ਹੋਇਆ ਸੁਰਮਾ।

سرمئی ***ਸੁਰਮਈ*** : ਸੁਰਮੇ ਦੇ ਰੰਗ ਦਾ, ਸਲੇਟੀ ਰੰਗ ਦਾ।

سرنامہ ***ਸਰਨਾਮਾ*** : ਉਨਵਾਨ, ਸ਼ੀਰਸ਼ਕ; ਪਤਰ ਉਤੇ ਲਿਖਿਆ ਹੋਇਆ ਉਸ ਆਦਮੀ ਦਾ ਨਾਮ ਤੇ ਪਤਾ ਜਿਸ ਨੂੰ ਪਤਰ ਲਿਖਿਆ ਗਿਆ ਹੋਵੇ।

سرنگ ***ਸੁਰੰਗ*** : ਰੌਲਾ-ਰੱਪਾ।

سرنوشت ***ਸਰ ਨਵਿਸ਼ਤ*** : ਕਿਸਮਤ ਦਾ ਲਿਖਿਆ, ਮਥੇ ਦੀ ਲੀਕ, ਕਰਮ-ਰੇਖਾ,

ਨਸੀਬ, ਭਾਗ।

سرنَی ***ਸਰਨੈ*** : ਹੁੱਕੇ ਦੀ ਟੂਟੀ।

سرو ***ਸਰਵ*** : (ਪੰਜਾਬੀ ਵਿਚ ਪਰਚਲਤ ਰੂਪ ''ਸਰੂ'' ਹੈ) ਇਕ ਪਰਸਿੱਧ ਬਿਰਛ।

سروآزاد ***ਸਰਵ-ਏ-ਆਜ਼ਾਦ*** : ਸਿਧੀਆਂ ਟਾਹਣੀਆਂ ਵਾਲਾ ਸਰੂ, ਓਹ ਸਰੂ ਜਿਸ ਉਤੇ ਪਤ-ਝੜ ਦਾ ਕੋਈ ਅਸਰ ਨਹੀਂ ਹੁੰਦਾ।

سروِبالا ***ਸਰਵ-ਏ-ਬਾਲਾ*** : ਸਿਧੇ ਕੱਦ ਵਾਲਾ, ਮਸ਼ੂਕ।

سروِجوئبار ***ਸਰਵ-ਏ-ਜੂਯਬਾਰ*** : ਨਦੀ ਕੰਢੇ ਦਾ ਸਰੂ।

سروِچمان ***ਸਰਵ-ਏ-ਚਮਾਨ,*** **سروِچمن** ***ਸਰਵ-ਏ-ਚਮਨ,*** **سروِچمن‌طراز** ***ਸਰਵ-ਏ-ਚਮਨ ਤਰਾਜ਼,*** **سروِخرام** ***ਸਰਵ-ਏ-ਖ਼ਰਾਮ,*** **سروِخراماں** ***ਸਰਵ-ਏ-ਖ਼ਰਾਮਾ*** **سروِرعنا** ***ਸਰਵ-ਏ-ਰਅਨਾ,*** **سروِرواں** ***ਸਰਵ-ਏ-ਰਵਾਂ,*** **سروِسہی** ***ਸਰਵ-ਏ-ਸਹੀ,*** **سروقد** ***ਸਰਵਕਦ*** : ਮਸ਼ੂਕ, ਮੈਹਬੂਬ, ਪਿਆਰਾ।

سروال ***ਸਰਵਾਲ,*** **سرواله** ***ਸਰਵਾਲਾ,*** **سرویل** ***ਸਰਵੀਲ*** : ਸਲਵਾਰ, ਪਜਾਮਾ।

سروبن ***ਸਰਵ-ਬੁਨ*** : ਪੂਰਾ, ਸਾਰਾ, ਸਿਰ ਤੋਂ ਲੈ ਕੇ ਪੈਰਾਂ ਤਕ।

سروبند ***ਸਰ-ਉ-ਬੰਦ*** : ਜ਼ਮਾਨਾ, ਸਮਾਂ।

سروپا ***ਸਰੋਪਾ*** : ਖ਼ਿਲਅਤ, ਸਰੋਪਾ; ਸਾਰਾ, ਪੂਰਾ।

سرود ***ਸੁਰੂਦ*** : ਸ਼ੇਅਰ, ਕਵਿਤਾ, ਨਜ਼ਮ, ਗੀਤ, ਨਗ਼ਮਾ, ਰਾਗ, ਇਕ ਪਰਕਾਰ ਦਾ ਵਾਜਾ।

سرودسرا ***ਸੁਰੂਦਸਰਾ*** : ਗੀਤ ਗਾਉਣ ਵਾਲਾ, ਗਵੱਈਆ, ਰਾਗੀ।

سرور ***ਸਰਵਰ*** : ਬਜ਼ੁਰਗ, ਸਰਦਾਰ, ਬਾਦਸ਼ਾਹ, ਇਕ ਮੁਸਲਮਾਨ ਦਰਵੇਸ਼।

سروری ***ਸਰਵਰੀ*** : ਸਰਦਾਰੀ, ਬਜ਼ੁਰਗੀ, ਬਾਦਸ਼ਾਹਤ, ਇਕ ਕਵੀ ਦਾ ਨਾਮ।

سرورِانبیاء ***ਸਰਵਰ-ਏ-ਅੰਬੀਯਾ*** : ਹਜ਼ਰਤ ਮੁਹੰਮਦ ਸਾਹਿਬ ਦਾ ਵਿਸ਼ੇਸ਼ਣੀ ਨਾਮ।

سرور ***ਸੁਰੂਰ*** : ਖੁਸ਼ ਕਰਨਾ, ਖੁਸ਼ੀ ਮਨਾਉਣਾ, ਖੁਸ਼ੀ, ਮਸਤੀ।

سروآباد ***ਸੁਰੂਰਆਬਾਦ*** : ਖੁਸ਼ੀ ਦਾ ਘਰ।

سروسامان ***ਸਰ-ਉ-ਸਾਮਾਨ*** : ਸਮਾਨ, ਮਾਲ ਅਸਬਾਬ, ਜ਼ਰੂਰੀ ਸਮਾਨ, ਸਮਾਨ ਦੀ ਤਰਤੀਬ।

سروش ***ਸਰੋਸ਼*** : ਫ਼ਰਿਸ਼ਤਾ, ਜਿਬਰੀਲ, ਗ਼ੈਬ ਦੀ ਅਵਾਜ਼, ਇਲਹਾਮ, ਸੂਰਜੀ ਮਹਿਨੇ ਦਾ ਸਤਾਰ੍ਹਵਾਂ ਦਿਨ।

سروش‌بُد ***ਸਰੋਸ਼-ਬੁਦ,*** **سرش‌سالار** ***ਸਰਸ਼ ਸਾਲਾਰ*** : ਦੈਵੀ ਬੁਧ।

سروکار ***ਸਰੋਕਾਰ*** : ਮਾਮਲਾ, ਸਬੰਧ, ਲਗਾ।

سرون ***ਸੁਰੂਨ*** : ਚਿਤੜ।

سره ***ਸਰਹ*** : ਖਰਾ, ਖ਼ਾਲਸ, ਪਾਕ, ਪਵਿਤਰ, ਨਫ਼ੀਸ, ਵਧੀਆ, ਪਰਚਲਤ ਸਿਕਾ, ਖਰਾ ਸਿਕਾ।

سرّه ***ਸੁੱਰਾ*** : ਧੁਨੀ, ਵਿਚਕਾਰ।

سرهنگ ***ਸਰਹੰਗ*** : ਸੈਨਾਪਤੀ, ਫ਼ੌਜਦਾਰ, ਲਸ਼ਕਰ ਦਾ ਸਰਦਾਰ, ਮਨਚਲਾ, ਹਰਾਵਲ ਦਸਤਾ, ਕੋਤਵਾਲ, ਚੋਬਦਾਰ, ਪੈਹਲਵਾਨ, ਪਿਆਦਾ, ਪੈਦਲ ਸਿਪਾਹੀ।

سرهنگی ***ਸਰਹੰਗੀ*** : ਸਰਦਾਰੀ, ਸਰਹੰਗ ਦੀ ਪਦਵੀ, ਚੁਸਤੀ, ਚਲਾਕੀ, ਪੈਹਲਵਾਨੀ।

سری ***ਸਰੀ*** : ਸਰਦਾਰੀ, ਸਿਪਾਹ-ਸਲਾਰੀ।

سریچه ***ਸਰੀਚਾ*** : ਇਕ ਪਰਸਿੱਧ ਪੰਛੀ ਮਮੋਲਾ।

سریر ***ਸਰੀਰ*** : ਤਖ਼ਤ, ਰਾਜ-ਸੰਘਾਸਨ, ਐਸ਼, ਖ਼ੁਸ਼ਹਾਲੀ।

سریرت ***ਸਰੀਰਤ*** : ਭੇਤ, ਲੁਕੀ ਹੋਈ ਚੀਜ਼, ਆਦਤ, ਖ਼ਸਲਤ, ਨੀਤ।

سریش *ਸਿਰੀਸ਼*, **سریشم** *ਸਿਰੀਸ਼ਮ* : (ਪੰਜਾਬੀ ਵਿਚ ਪਰਚਲਤ ਰੂਪ ਸਰੇਸ਼ ਹੈ) ਪਰਸਿੱਧ ਲੇਸ ਜੇਹੜੀ ਪਰਸਿੱਧ ਚਮੜੇ ਤੇ ਵਿਸ਼ੇਸ਼ ਕਰਕੇ ਊਠ ਦੇ ਚਮੜੇ 'ਚੋਂ ਕਢਦੇ ਹਨ, ਚਮੜੇ ਤੇ ਲਕੜ ਆਦਿ ਨੂੰ ਜੋੜਨ ਵਾਲੀ ਲੇਟੀ।

سریع *ਸਰੀਅ* : ਜਲਦੀ ਕਰਨ ਵਾਲਾ, ਤੇਜ਼, ਜਲਦ, ਚੁਸਤ, ਫੁਰਤੀਲਾ।

سریعاً *ਸਰੀਅਨ* : ਜਲਦੀ ਨਾਲ, ਛੇਤੀ ਛੇਤੀ।

سزا *ਸਜ਼ਾ* : ਬਦੀ ਦਾ ਬਦਲਾ, ਦੰਡ, ਯੋਗ।

سزایاب *ਸਜ਼ਾ-ਯਾਬ*, **سزایافته** *ਸਜ਼ਾ-ਯਾਫ਼ਤਾ* : ਜਿਸ ਨੂੰ ਸਜ਼ਾ ਮਿਲੀ ਹੋਵੇ, ਜਿਸ ਨੇ ਦੰਡ ਭੋਗਿਆ ਹੋਵੇ।

سزاوار *ਸਜ਼ਾਵਾਰ* : ਯੋਗ, ਲਾਇਕ।

سزاواری *ਸਜ਼ਾਵਾਰੀ* : ਯੋਗਤਾ, ਸਰੇਸ਼ਟਤਾ।

سزاول *ਸਜ਼ਾਵਲ* : ਮਾਮਲਾ ਉਗਰਾਹੁਣ ਵਾਲਾ।

سزیده *ਸਜ਼ੀਦਾ* : ਲਾਇਕ, ਯੋਗ, ਵਾਜਬ।

سست *ਸੁਸਤ* : ਢਿਲਾ, ਕੰਮ ਵਿਚ ਦੇਰ ਕਰਨ ਵਾਲਾ, ਨਰਮ, ਮਾੜਾ ਨਿਕੰਮਾਂ।

سست رای *ਸੁਸਤ ਰਾਯ*, **سست ریش** *ਸੁਸਤ-ਰੀਸ਼* : ਗ਼ਾਫ਼ਲ; ਅਣਜਾਣ; ਬੇਵਕੂਫ, ਮੂਰਖ।

سست مهار *ਸੁਸਤ-ਮਹਾਰ* : ਮੂਰਖ, ਗੰਵਾਰ; ਆਗਿਆਕਾਰ, ਅਯੋਗ।

سست مهر *ਸੁਸਤ-ਮਿਹਰ* : ਨਾਮੇਹਰਬਾਨ, ਜਿਸ ਵਿਚ ਪਿਆਰ ਨਾ ਹੋਵੇ।

سستی *ਸੁਸਤੀ* : ਨਿਕੰਮਾਪਣ, ਨਿਪੁੰਸਕਤਾ; ਆਲਸੀ, ਢਿੱਲਾਪਣ, ਗਫ਼ਲਤ, ਬੇਪਰਵਾਹੀ।

سطح *ਸਤਹ* : ਪਧਰੀ ਛਤ, ਕੋਠਾ, ਉਤਲਾ ਹਿਸਾ, ਅੰਕੜਾ ਵਿਗਿਆਨ ਵਿਚ ਓਹ ਚੀਜ਼ ਜਿਸ ਦੀ ਲੰਮਾਈ ਚੁੜਾਈ ਹੋਵੇ ਪਰ ਡੂੰਘਾਈ ਨਾ ਹੋਵੇ।

سطحی *ਸਤਹੀ* : ਬਣਾਉਟੀ; ਉਪਰਲੀ; ਜਿਸ ਵਿਚ ਡੂੰਘਾਈ ਨਾ ਹੋਵੇ।

سطر *ਸਤ਼ਰ* : ਲਿਖਣਾ, ਲਕੀਰ ਖਿਚਣਾ, ਤਲਵਾਰ ਨਾਲ ਕਟਣਾ, ਕਤਾਰ, ਰਾਹ, ਮਾਰਗ; ਕਿਤਾਬ ਦੀ ਲੀਕ, ਲਕੀਰ।

سطربندی *ਸਤਰ-ਬੰਦੀ* : ਲੀਕਾਂ ਖਿੱਚਣਾ; ਲਕੀਰਾਂ ਉਪਰ ਲਿਖਣਾ।

سطرلاب *ਸੁਤੁਰਲਾਬ* : (ਉਸਤੁਰਲਾਬ **اسطرلاب**) ਸਤਾਰਿਆਂ ਦੀ ਉਚਾਈ ਲਭਣ ਦਾ ਜੰਤਰ, ਪੈਮਾਨਾ, ਫੁਟਾ।

سطل *ਸਤਲ* : ਪਿਤਲ ਦੀ ਤਸ਼ਤਰੀ, ਥਾਲ; ਲੰਮਾ ਆਦਮੀ।

سطوت *ਸਤਵਤ* : ਦਬਦਬਾ, ਸ਼ਕਤੀ, ਸ਼ਾਹੀ ਠਾਠ; ਹਮਲਾ, ਆਕਰਮਣ; ਹਮਲਾ ਕਰਨਾ, ਸਖ਼ਤੀ ਕਰਨਾ।

سعادت *ਸਆਦਤ* : ਨੇਕਬਖ਼ਤੀ, ਭਾਗਸ਼ਾਲੀ ਹੋਣਾ, ਖ਼ੁਸ਼ੀ, ਚੰਗੇ ਭਾਗ, ਨੇਕੀ, ਭਲਾਈ।

سعادتِ جاوید *ਸੁਆਦਤ-ਏ-ਜਾਵੀਦ* : ਸਦੀਵੀ ਸੁਭਾਗ।

سعادت خانه *ਸਆਦਤ-ਖ਼ਾਨਾ* : ਰਾਜ-ਭਵਨ, ਖ਼ੁਸ਼ੀ ਦਾ ਘਰ।

سعادتِ دنیا و آخرت *ਸਆਦਤ-ਏ-ਦੁਨਯਾ-ਉ-ਆਖ਼ਿਰਤ* : ਲੋਕ ਪਰਲੋਕ ਦੀ ਭਲਾਈ।

سعادت کیش *ਸਆਦਤ-ਕੇਸ਼*, **سعادت مند** *ਸਆਦਤ-ਮੰਦ*, **سعادت ور** *ਸਆਦਤ-ਵਰ*, **سعادت بلند** *ਸਆਦਤ-ਬਲੰਦ* : ਭਾਗਾਂ ਵਾਲਾ, ਸੁਭਾਗਾ, ਨੇਕ ਬਖ਼ਤ, ਆਗਿਆਕਾਰ, ਵਫ਼ਾਦਾਰ, ਖ਼ਿਦਮਤਗੁਜ਼ਾਰ।

سعادت مدار *ਸਆਦਤ-ਮਦਾਰ* : ਬੜਾ ਭਾਗਸ਼ਾਲੀ।

سعادت مندی *ਸਆਦਤ-ਮੰਦੀ* : ਨੇਕਬਖ਼ਤੀ, ਆਗਿਆਕਾਰਤਾ।

سعد *ਸਅਦ* : ਨੇਕ, ਭਾਗਸ਼ਾਲੀ, ਨੇਕੀ; ਸੁਭਾਗ; ਖੁਸ਼ੀ, ਖ਼ੁਸ਼ਹਾਲੀ, ਚੰਦ ਦਾ ਬਾਈਵਾਂ ਘਰ, ਅਰਬ ਦੇ ਇਕ ਕਬੀਲੇ ਦਾ ਨਾਮ।

سعد اختر *ਸਅਦ-ਅਖ਼ਤਰ* : ਨੇਕ ਸਤਾਰੇ ਹੇਠ ਜਨਮਿਆ ਹੋਇਆ।

سعدبن زنگی ***ਸਅਦ-ਬਿਨ-ਜ਼ੰਗੀ*** : ਸ਼ੀਰਾਜ਼(ਈਰਾਨ) ਦੇ ਅਤਾਬਕਾਂ ਵਿਚੋਂ ਪੰਜਵੇਂ ਬਾਦਸ਼ਾਹ ਦਾ ਨਾਮ, ਜੋ ਆਪਣੇ ਚਾਚਾ ਕੁਤਬੁੱਦੀਨ ਨੂੰ ਕੈਦ ਕਰਕੇ ੬੦੬ ਈ. ਵਿਚ ਤਖ਼ਤ ਤੇ ਬੈਠਾ, ੬੧੪ ਈ. ਵਿਚ ਮੁਹੰਮਦ ਖ਼ਵਾਰਜ਼ਮ ਸ਼ਾਹ ਨੇ ਉਸ ਨੂੰ ਕੈਦ ਕਰ ਲਿਆ, ਰਿਹਾਈ ਉਪਰੰਤ ਉਸ ਨੇ ਆਪਣੇ ਪੁਤਰ ਅਬੂਬਕਰ ਨਾਲ ਜੰਗ ਕਰ ਕੇ ਦੋਬਾਰਾ ਤਖ਼ਤ ਹਾਸਲ ਕਰ ਲਿਆ, ਪਰਸਿਧ ਕਵੀ ਸਅਦੀ ਉਸ ਦੀ ਮੇਹਰਬਾਨੀ ਦਾ ਪਾਤਰ ਸੀ।

سعدی ***ਸਅਦੀ*** : ਸ਼ੀਰਾਜ਼ (ਈਰਾਨ) ਦਾ ਪਰਸਿੱਧ ਸ਼ਾਇਰ ਤੇ ਸਾਹਿਤਕਾਰ ਜਿਸ ਦਾ ਅਸਲ ਨਾਮ ਸ਼ੇਖ਼ ਮੁਸਲਹਿ-ਉੱਦੀਨ ਬਿਨ-ਅਬਦੁੱਲਾਹ ਸੀ, ਸਅਦ-ਬਿਨ-ਜ਼ੰਗੀ ਦੇ ਸਮੇਂ ਜਨਮ ਹੋਇਆ ਇਸੇ ਲਈ ਉਸ ਨੇ ਆਪਣਾ ਉਪਨਾਮ 'ਸਅਦੀ' ਰਖਿਆ। ਪਰਸਿੱਧ ਰਚਨਾਵਾਂ 'ਗੁਲਿਸਤਾਨ' ਤੇ 'ਬੋਸਤਾਨ' ਹਨ, ਬੜੇ ਮੁਲਕਾਂ ਦੀ ਸੈਰ ਕੀਤੀ, ੬੯੧ ਹਿਜਰੀ ਵਿਚ ਕਾਲਵਸ ਹੋਇਆ।

سعدیہ ***ਸਅਦੀਯਾ*** : ਸ਼ੀਰਾਜ਼ (ਈਰਾਨ) ਦੇ ਨੇੜੇ ਸਥਾਨ ਜਿੱਥੇ ਪਰਸਿੱਧ ਕਵੀ ਸ਼ੇਖ਼ ਸ਼ਅਦੀ ਸ਼ੀਰਾਜ਼ੀ ਦਾ ਮਜ਼ਾਰ (ਸਮਾਧ) ਹੈ।

سعود ***ਸੁਊਦ*** : ਨੇਕ ਹੋਣਾ; ਮੁਬਾਰਕ ਹੋਣਾ, ਭਾਗਸ਼ਾਲੀ ਹੋਣਾ, ਸ਼ੁਭ ਸਤਾਰੇ ਜਿਵੇਂ ਚੰਦਰਮਾ, ਬੁੱਧ, ਸ਼ੁਕਰ, ਆਦਿ।

سعی ***ਸਈ*** : ਕੋਸ਼ਸ਼, ਨਠ ਭੱਜ, ਜਤਨ, ਭੱਜਣਾ, ਜਲਦੀ ਕਰਨਾ; ਕਸਬ ਕਰਨਾ, ਚੁਗਲੀ ਕਰਨਾ, ਨਿਸ਼ਚਾ ਕਰਨਾ; ਇਰਾਦਾ ਕਰਨਾ।

سعید ***ਸਈਦ*** : ਨੇਕ, ਭਲਾ, ਸ਼ਗਨਾਂ-ਭਰਿਆ, ਸ਼ੁਭ, ਭਾਗਸ਼ਾਲੀ, ਮਿਸਰ ਦਾ ਉਪਰਲਾ ਭਾਗ।

سعیر ***ਸਈਰ*** : ਅਗ ਦਾ ਭਬਾਕਾ, ਚੰਗਿਆੜਾ, ਲੰਬੂ, ਚੌਥਾ ਦੋਜ਼ਖ਼।

سغدی ***ਸੁਗ਼ਦੀ*** : ਲਿਸਾਨ-ਏ-ਸੁਗ਼ਦੀ ਪੁਰਾਣੀ ਫ਼ਾਰਸੀ ਜ਼ਬਾਨ ਦੀਆਂ ਉਪ-ਭਾਖਾਵਾਂ ਦੀਆਂ ਸਤ ਕਿਸਮਾਂ ਵਿਚੋਂ ਇਕ ਜੇਹੜੀ ਅਜ ਕਲ ਬੋਲੀ ਨਹੀਂ ਜਾਂਦੀ।

سغراق ***ਸਗ਼ਰਾਕ਼*** : ਸ਼ਰਾਬ ਦਾ ਪਿਆਲਾ, ਟੂਟੀ ਜਾਂ ਦਸਤੇ ਵਾਲਾ ਪਿਆਲਾ, ਵਡਾ ਪਿਆਲਾ।

سفاح ***ਸੱਫ਼ਾਹ*** : ਅਬਾਸੀ ਖ਼ਲੀਫ਼ਿਆਂ ਵਿਚੋਂ ਪੈਹਲੇ ਖ਼ਲੀਫ਼ਾ ਅਬੁਲਅਬਾਸ ਅਬਦੁਲਾ ਦਾ ਲਕਬ (ਉਪਾਧੀ), ਉਸ ਨੂੰ ਬੜੇ ਖ਼ੂਨ-ਖ਼ਰਾਬੇ ਕਰਨ ਪਿਛੋਂ ਪਾਤਸ਼ਾਹੀ ਮਿਲੀ ਸੀ, ਇਸ ਲਈ ਉਸ ਨੂੰ ਸੱਫ਼ਾਹ(ਖ਼ੂਨੀ) ਕਿਹਾ ਜਾਣ ਲਗਾ, ਸਾਢੇ ਚਾਰ ਸਾਲ ਰਾਜ ਕਰਨ ਪਿਛੋਂ ੧੩੬ ਹਿ. ਵਿਚ ਫ਼ੌਤ ਹੋਇਆ; ਖ਼ੂਨ ਕਰਨ ਵਾਲਾ; ਅਜ਼ਾਦੀ ਦੇਣ ਵਾਲਾ, ਸਰਦਾਰ।

سفارت ***ਸਿਫ਼ਾਰਤ*** : ਇਕ ਮੁਲਕ ਜਾਂ ਹਕੂਮਤ ਵੱਲੋਂ ਦੂਜੇ ਮੁਲਕ ਜਾਂ ਹਕੂਮਤ ਵੱਲ ਨੁਮਾਇੰਦਾ ਬਣ ਕੇ ਜਾਣਾ ਤੇ ਪੈਗਾਮ ਲੈ ਕੇ ਜਾਣਾ, ਦੂਤਪੁਣਾ, ਦੂਤ ਜਾਂ ਸਫ਼ੀਰ ਦਾ ਔਹਦਾ।

سفارت‌خانه ***ਸਿਫ਼ਾਰਤ-ਖ਼ਾਨਾ*** : ਦੂਤਾਵਾਸ।

سفارش ***ਸਿਫ਼ਾਰਿਸ਼*** : ਕਿਸੇ ਲਈ ਸ਼ੁਭ ਬਚਨ ਕੈਹਣਾ, ਜਤਨ ਕਰਨਾ, ਹਵਾਲਗੀ, ਵਸੀਲਾ, ਮਦਦ।

سفاک ***ਸੱਫ਼ਾਕ*** : ਖ਼ੂਨ ਕਰਨ ਵਾਲਾ, ਖ਼ੂਨੀ, ਜ਼ਾਲਮ।

سفال ***ਸਿਫ਼ਾਲ*** : ਬਦਾਮ ਜਾਂ ਅਖਰੋਟ ਦਾ ਛਿਲੜ, ਠੀਕਰਾ, ਮਿਟੀ ਦਾ ਭਾਂਡਾ, ਫੁਟਿਆ ਹੋਇਆ ਘੜਾ ਜਾਂ ਠੂਠਾ।

سفالگر ***ਸਿਫ਼ਾਲਗਰ*** : ਮਿਟੀ ਦੇ ਭਾਂਡੇ ਬਣਾਉਣ ਵਾਲਾ ਕੁਮ੍ਹਿਆਰ; ਮਿਟੀ ਦੇ ਬਣੇ ਹੋਏ ਭਾਂਡੇ, ਮਿਟੀ ਦੇ ਪਿਆਲੇ।

سفالین ***ਸਿਫ਼ਾਲੀਨ*** : ਮਿਟੀ ਦੇ ਬਣੇ ਹੋਏ ਭਾਂਡੇ, ਮਿਟੀ ਦੇ ਪਿਆਲੇ।

سفائن ***ਸਫ਼ਾਇਨ*** : (ਸਫ਼ੀਨਾ سفینه ਦਾ ਬੈਹਵਚਨ) ਕਿਸ਼ਤੀਆਂ, ਬੇੜੀਆ, ਸ਼ੇਅਰਾਂ ਦੀਆਂ ਸੈਂਚੀਆਂ।

سفت ***ਸਿਫ਼ਤ*** : ਗਾੜ੍ਹਾ, ਮੋਟਾ; ਗੰਦਾ।

سُفت ***ਸੁਫ਼ਤ*** : ਸੂਈ ਦਾ ਨਕਾ, ਛੇਦ, ਮੋਰੀ।

سُفتگر ***ਸੁਫ਼ਤਗਰ*** : ਮੋਤੀ ਛੇਦਣ ਵਾਲਾ।

سفته ***ਸੁਫ਼ਤਾ*** : ਪਰੋਇਆ ਹੋਇਆ, ਵਿੰਨ੍ਹਿਆ ਹੋਇਆ, ਛੇਦਿਆ ਹੋਇਆ।

سفتہگوش ***ਸਫ਼ਤਾ-ਗੋਸ਼*** : ਜਿਸ ਦੇ ਕੰਨ ਵਿੰਨ੍ਹੇ ਹੋਣ, ਗੁਲਾਮ, ਦਾਸ।

سفر ***ਸਫ਼ਰ*** : ਇਕ ਥਾਂ ਤੋਂ ਦੂਜੀ ਥਾਂ ਜਾਣਾ, ਜਾਤਰਾ, ਕੂਚ, ਰਵਾਨਗੀ।

سفرخرچ ***ਸਫ਼ਰ-ਖ਼ਰਚ*** : ਜਾਤਰਾ ਖ਼ਰਚ, ਸਫ਼ਰ-ਭਤਾ।

سفرنامہ ***ਸਫ਼ਰ-ਨਾਮਾ*** : ਜਾਤਰਾ ਦਾ ਹਾਲ।

سفرِواپسین ***ਸਫ਼ਰ-ਏ-ਵਾਪਸੀਨ*** : ਅੰਤਮ ਜਾਤਰਾ, ਮੌਤ।

سفری ***ਸਫ਼ਰੀ*** : ਜਾਤਰੀ, ਸਫ਼ਰ ਨਾਲ ਸਬੰਧਤ, ਸਫ਼ਰ ਸਮੇਂ ਖਾਣ ਵਾਲਾ ਭੋਜਨ।

سفرا ***ਸੁਫ਼ਰਾ*** : (ਸਫ਼ੀਰ ਦਾ ਬਹੁਵਚਨ) ਦੂਤ।

سفرا خارجہ ***ਸੁਫ਼ਰਾ-ਏ-ਖ਼ਾਰਿਜਾ*** : ਵਿਦੇਸ਼ੀ ਰਾਜਦੂਤ।

سفرہ ***ਸਫ਼ਰਾ*** : ਪਾਂਧੀ ਦਾ ਤੋਸ਼ਾਦਾਨ।

سفرہپرداز ***ਸਫ਼ਰਾ-ਪਰਦਾਜ਼*** : ਜੋ ਦਸਤਰਖ਼੍ਵਾਨ ਤੇ ਪਿਆ ਸਾਰਾ ਖਾਣਾ ਖਾ ਜਾਵੇ।

سفرہچین ***ਸਫ਼ਰਾ-ਚੀਨ*** : ਦਸਤਰਖ਼੍ਵਾਨ ਚੁੱਕਣ ਜਾਂ ਵਿਛਾਉਣ ਵਾਲਾ, ਜੂਠ ਖਾਣ ਵਾਲਾ।

سفرہنشین ***ਸਫਰਾ ਨਿਸ਼ੀਨ*** : ਦਸਤਰਖ਼੍ਵਾਨ ਤੇ ਬੈਠਾ ਖਾਣਾ ਖਾਣ ਵਾਲਾ।

سِفل/سُفل ***ਸਿਫ਼ਲ/ਸੁਫ਼ਲ*** : ਨੀਵਾਂ ਹੋਣਾ, ਨੀਵੀਂ ਪਦਵੀ 'ਤੇ ਹੋਣਾ, ਪਸਤੀ, ਜਾਹਲ, ਮੂੜ, ਗੰਵਾਰ, ਨੀਚ, ਕਮੀਨਾ।

سفلہ ***ਸਿਫ਼ਲਾ,*** سفلہنہاد ***ਸਿਫ਼ਲਾ ਨਿਹਾਦ*** : ਕਮੀਨਾ।

سفلی/سفلی ***ਸੁਫਲੀ/ਸਿਫ਼ਲੀ*** : ਪਸਤੀ ਵਾਲਾ, ਨੀਂਵਾ ਹਿੱਸਾ, ਹੇਠਲਾ ਹਿੱਸਾ।

سفید ***ਸਫ਼ੇਦ*** : ਸਪੇਦ, ਚਿੱਟਾ, ਕੋਰਾ, ਸਾਦਾ, ਰੋਸ਼ਨ, ਚਮਕੀਲਾ, ਪਰਤਖ; ਡਰਿਆ ਹੋਇਆ।

سفیدآب ***ਸਫ਼ੇਦ-ਆਬ*** : ਚਿੱਟਾ ਪਾਊਡਰ।

سفیدبخت ***ਸਫ਼ੇਦ ਬਖ਼ਤ*** : ਸੁਭਾਗਾ।

سفیدچشم ***ਸਫ਼ੇਦ-ਚਸ਼ਮ*** : ਬੇਸ਼ਰਮ, ਅੰਨ੍ਹਾਂ।

سفیدچشمی ***ਸਫ਼ੇਦ-ਚਸਮੀ*** : ਕਮੀਨਗੀ, ਅੰਨ੍ਹਾਂਪਣ।

سفیدریش ***ਸਫ਼ੇਦ-ਰੀਸ਼*** : ਚਿਟੀ ਦਾੜ੍ਹੀ ਵਾਲਾ, ਬਜ਼ੁਰਗ, ਬੁੱਢਾ।

سفیدگوئی ***ਸਫ਼ੇਦ-ਗੋਜੀ*** : ਸਾਫ਼ ਗੱਲ ਕਰਨੀ।

سفیدمہرہ ***ਸਫ਼ੇਦ ਮੁਹਰਾ*** : ਸੰਖ, ਕੌਡਾ।

سفیدار ***ਸਫ਼ੇਦਾਰ*** : ਸਫ਼ੈਦੇ ਦਾ ਦਰਖ਼ਤ।

سفیر ***ਸਫ਼ੀਰ*** : ਦੂਤ, ਨੁਮਾਇੰਦਾ, ਵਿਚੋਲਾ।

سفیہ ***ਸਫ਼ੀਹ*** : ਘਟ ਅਕਲ ਵਾਲਾ, ਮੂਰਖ, ਕਮੀਨਾ, ਨੀਚ।

سفیہی ***ਸਫ਼ੀਹੀ*** : ਪਾਗਲਪਣ, ਮੂਰਖਤਾ, ਕਮੀਨਗੀ।

سفون ***ਸਫ਼ੂਨ*** : ਉਡਾਉਣ ਵਾਲੀ (ਹਵਾ)।

سفوف ***ਸੁਫ਼ੂਫ਼*** : ਫੱਕੀ (ਦਵਾਈ ਦੀ) ਕਿਸੇ ਵਸਤੂ ਦਾ ਪੀਸਿਆ ਹੋਇਆ ਆਟਾ, ਕੁਰਾਦਾ।

سفینہ ***ਸਫ਼ੀਨਾ*** : ਬੇੜੀ, ਕਿਸ਼ਤੀ, ਜਹਾਜ਼, ਸ਼ੇਅਰਾਂ ਦੀ ਸੈਂਚੀ।

سقّا ***ਸੱਕਾ*** : ਪਾਣੀ ਲਿਆਉਣ ਜਾਂ ਪਿਆਉਣ ਵਾਲਾ, ਮਾਸ਼ਕੀ।

سقام ***ਸਕਾਮ*** : ਦੁਖ, ਕਲੇਸ਼, ਬੀਮਾਰੀ, ਰੋਗ, ਮਰਜ਼।

سقام ***ਸਿਕ਼ਾਮ*** : (ਸਕ਼ੀਮ ਦਾ ਬਹੁਵਚਨ) ਬੀਮਾਰ ਲੋਕ, ਰੋਗੀ।

سقر ***ਸਕ਼ਰ*** : ਨਰਕ।

سُقراط/سقراط ***ਸਕਰਾਤ/ਸੁਕਰਾਤ*** : ਇਕ ਬੜੇ ਪਰਸਿੱਧ ਯੂਨਾਨੀ ਫਿਲਾਸਫਰ ਦਾ ਨਾਮ ਜੋ ੪੬੯ ਪੂ.ਈ., ਵਿਚ ਪੈਦਾ ਹੋਇਆ, ਏਹ ਬੁਤ-ਘਾੜਾ ਸੀ ਪਰ ਰੱਬ ਵੱਲੋਂ ਬਖ਼ਸ਼ੀ ਅਕਲ ਸਦਕਾ ਹਰ ਵਿਦਿਆ ਵਿਚ ਮਸ਼ਹੂਰ ਹੋਇਆ, ਬੜੇ ਸਬਰ ਸੰਤੋਖ ਤੇ ਸਿਦਕ ਵਾਲਾ ਵਿਅਕਤੀ ਸੀ, ਓਹ ਬੁੱਤ-ਪੂਜਾ ਤੇ ਵੈਹਮਾਂ ਭਰਮਾਂ ਦੇ ਵਿਰੁਧ ਸੀ, ਇਸ ਲਈ ਯੂਨਾਨ ਦੀ ਅਦਾਲਤ ਨੇ ਉਸ ਨੂੰ ਮੌਤ ਦਾ ਦੰਡ ਦਿਤਾ, ਜ਼ੈਹਰ ਦਾ ਪਿਆਲਾ ਪੀ ਕੇ ਸੱਤਰ ਵਰ੍ਹਿਆਂ ਦੀ ਆਯੂ ਵਿਚ ੩੯੦ ਪੂ.ਈ. ਵਿਚ ਕਾਲਵਸ ਹੋਇਆ।

سقرلات ***ਸਕ਼ਿਰਲਾਤ,*** سقرلاط ***ਸਕ਼ਿਰਲਾਤ*** : ਉਨ ਦਾ ਗਰਮ ਕਪੜਾ, ਬਾਨਾਤ, ਬਾਗ਼।

سَقط ***ਸਕ਼ਤ*** : ਭੁੱਲ, ਗ਼ਲਤੀ, ਹਿਸਾਬ ਕਿਤਾਬ ਵਿਚ ਗ਼ਲਤੀ; ਬਦਨਾਮੀ, ਝੜੀ ਹੋਈ ਚੀਜ਼, ਅਸ਼ਲੀਲ ਬੋਲੀ, ਗਾਲ੍ਹ, ਕੂੜਾ ਕਰਕਟ, ਗੰਦ-ਮੰਦ, ਖੋਟੀ ਰਾਸ, ਚਕਮਾਕ 'ਚੋਂ ਨਿਕਲਣ ਵਾਲੀ ਚੰਗਿਆੜੀ।

سِقط ***ਸਿਕ਼ਤ*** : ਗਰਭਪਾਤ।

سقف ***ਸਕ਼ਫ਼*** : ਛੱਤ।

سقّلات ***ਸੁਕੱਲਾਤ*** : ਬਾਗ਼-ਬਗ਼ੀਚੇ।

سقم ***ਸੁਕਮ*** سقم ***ਸਕਮ*** : ਦੁੱਖ, ਰੋਗ, ਐਬ, ਊਣਤਾਈ।

سقوط ***ਸੁਕੂਤ*** : ਭੁਲ ਕਰਨਾ, ਗਲਤੀ ਕਰਨਾ, ਡਿਗ ਪੈਣਾ, ਅਪੂਰਨ ਬੱਚੇ ਦਾ ਮਾਂ ਦੇ ਪੇਟ ਵਿਚੋਂ ਡਿਗ ਪੈਣਾ, ਜੰਗ ਹਾਰਨਾ।

سقیم ***ਸਕੀਮ*** : ਰੋਗੀ, ਐਬਦਾਰ, ਦਾਗ਼ੀ, ਖ਼ਰਾਬ।

سک ***ਸਿਕ*** : ਸਿਰਕਾ।

سُک ***ਸੁਕ*** : ਸਪ, ਚੂੰਹੇ ਆਦਿ ਦੀ ਖੁਡ, ਬੰਦ ਰਸਤਾ, ਇਕ ਚੰਗੀ ਸੁਗੰਧੀ ਦਾ ਨਾਮ।

سکار ***ਸੱਕਾਰ*** : ਸ਼ਰਾਬ-ਫ਼ਰੋਸ਼, ਕਲਾਲ, ਸ਼ਰਾਬ ਪੀਣ ਵਾਲਾ, ਸ਼ਰਾਬੀ।

سُکان ***ਸੁੱਕਾਨ*** : (ਸਾਕਿਨ ساکن ਦਾ ਬੌਹਵਚਨ) ਰੈਹਣ ਵਾਲੇ, ਵਾਸੀ, ਬੇੜੀ ਦਾ ਪਿਛਲਾ ਹਿੱਸਾ।

سکتہ ***ਸਕਤਾ*** : ਇਕ ਰੋਗ ਦਾ ਨਾਮ, ਜਿਸ ਵਿਚ ਮਨੁੱਖ ਦੀ ਹਿੱਸ-ਸ਼ਕਤੀ ਜ਼ਾਇਲ ਹੋ ਜਾਂਦੀ ਹੈ; ਸ਼ੇਅਰ ਦਾ ਵਜ਼ਨ ਪੂਰਾ ਨਾ ਹੋਣਾ; ਕੁਰਾਨ ਸ਼ਰੀਫ਼ ਪੜ੍ਹਨ ਸਮੇਂ ਖ਼ਾਸ ਥਾਵਾਂ ਤੇ ਠੈਹਰਨਾ।

سکر ***ਸਿਕਰ*** : ਹੜ੍ਹ ਦੇ ਪਾਣੀ ਨੂੰ ਰੋਕਣ ਵਾਲਾ ਬੰਨ੍ਹ (ਪੁਸ਼ਤਾ)।

سُکر ***ਸੁਕਰ*** : ਮਸਤੀ, ਨਸ਼ਾ, ਬੇਹੋਸ਼ੀ।

سکّر ***ਸੱਕਰ*** : (ਸ਼ਕਰ شکر ਦਾ ਅਰਬੀ ਰੂਪਾਂਤਰ) ਮਿਠਾਸ।

سکران ***ਸਕਰਾਨ*** : ਮਸਤ, ਬੇਹੋਸ਼।

سکرہ ***ਸਕਰਾ*** : ਬੇਹੋਸ਼ੀ, ਦੁੱਖ-ਰੰਜ ਦੀ ਤੀਬਰਤਾ, ਮੌਤ ਦੀ ਸਖ਼ਤੀ; ਗੁਮਰਾਹੀ।

سُکرہ ***ਸਕੁਰਾ,*** سُکرہ ***ਸੁਕੁਰਾ*** : ਮਿੱਟੀ ਦਾ ਛੋਟਾ ਪਿਆਲਾ।

سکنات ***ਸਕਨਾਤ*** : (ਸਕਨਾ سکنہ ਦਾ ਬੌਹਵਚਨ) ਰੈਹਣ ਦੀਆਂ ਥਾਵਾਂ, ਘਰ, ਮਕਾਨ, ਠਾਹਰਾਂ, ਸਕੂਨ ਦੀ ਥਾਂ।

سکنجبین ***ਸਕੰਜੁਬੀਨ*** : (ਪੰਜਾਬੀ ਵਿਚ ਪਰਚਲਤ ਰੂਪ 'ਸ਼ਕੰਜਵੀ' ਹੈ) (ਸਿਰਕਾ ਤੇ ਅਗੰਬੀਨ ਭਾਵ ਸ਼ੈਹਦ, ਸਿਰਕੰਗਬੀਨ ਦਾ ਅਰਬੀ ਰੂਪ ਹੈ) ਤੁਰਸ਼ ਸ਼ਰਬਤ।

سکندر ***ਸਿਕੰਦਰ,*** سکندرِاعظم ***ਸਿਕੰਦਰ-ਏ-ਆਜ਼ਮ*** : ਯੂਨਾਨ ਦੇ ਪਰਸਿੱਧ ਬਾਦਸ਼ਾਹ ਦਾ ਨਾਮ ਜੋ ਫੀਲਕੂਸ ਦਾ ਪੁਤਰ ਸੀ, ਉਸ ਨੇ ਏਸ਼ੀਆ ਦੇ ਬੌਹਤ ਸਾਰੇ ਹਿੱਸੇ ਨੂੰ ਜਿੱਤ ਲਿਆ ਸੀ, ਤੇਤੀ ਸਾਲ ਦੀ ਉਮਰ ਵਿਚ ਹੀ ੩੨੩ ਪੂ.ਈ. ਵਿਚ ਕਾਲਵਸ ਹੋਇਆ, ਉਸ ਨੂੰ 'ਜ਼ੁਲਕਰਨੈਨ' ਵੀ ਕੈਂਹਦੇ ਹਨ ਪਰ ਏਹ ਭੁੱਲ ਹੈ।

سکندرلودھی ***ਸਿਕੰਦਰ ਲੋਧੀ*** : ਹਿੰਦੁਸਤਾਨ ਦੇ ਲੋਧੀ ਖ਼ਾਨਦਾਨ ਦੇ ਦੂਜੇ ਬਾਦਸ਼ਾਹ ਦਾ ਨਾਮ ਜਿਸ ਨੇ ਦਿੱਲੀ ਦੀ ਥਾਂ ਆਗਰਾ ਨੂੰ ਆਪਣੀ ਰਾਜਧਾਨੀ ਬਣਾਇਆ।

سکنہ ***ਸਕਨਾ*** : (ਸਾਕਿਨ ساکن ਦਾ ਬੌਹਵਚਨ) ਰੈਹਣ ਵਾਲੇ, ਵਾਸੀ।

سکنیٰ ***ਸੁਕਨਾ*** : ਰੈਹਣ ਦਾ ਮਕਾਨ, ਘਰ; ਰੈਹਣਾ, ਘਰ ਦਾ ਮਾਲਕ।

سُکوت ***ਸੁਕੂਤ*** : ਚੁਪ ਰੈਹਣਾ, ਮੋਨ।

سُکون ***ਸੁਕੂਨ*** : ਠੈਹਰਾ, ਅਰਾਮ, ਚੈਨ, ਅਮਨ, ਖ਼ਮੋਸ਼ੀ, ਦਿਲ ਦਾ ਢਾਰਸ ਬੱਝਣਾ।

سِکّہ ***ਸਿੱਕਾ*** : ਗਲੀ, ਕੂਚਾ, ਬਜ਼ਾਰ; ਰਾਹ, ਪਧਰਾ ਰਸਤਾ, ਛੁਹਾਰੇ ਦਾ ਰੁਖ, ਲੋਹਾ ਜਿਸ ਉਪਰ ਪਰਚਲਤ ਸਿੱਕੇ ਦੇ ਹਰਫ਼ ਖੁਦੇ ਹੁੰਦੇ ਹਨ ਤੇ ਸੋਨੇ ਚਾਂਦੀ, ਰੁਪਏ ਆਦਿ ਪੁਰ ਮੋਹਰ ਕੀਤੀ ਜਾਂਦੀ ਹੈ, ਠੱਪਾ, ਛਾਪ; ਤਰੀਕਾ, ਕਨੂੰਨ।

سکیزہ ***ਸਿਕੀਜ਼ਾ*** : ਛਾਲ, ਜੰਗ, ਜੁੱਧ, ਉਛਲਣਾ, ਕੁਦਣਾ, ਘੋੜੇ ਦਾ ਦੁਲਤੀ ਮਾਰਨਾ।

سکینہ ***ਸਕੀਨਾ*** : ਹਜ਼ਰਤ ਇਮਾਮ ਹੁਸੈਨ ਦੀ ਸਾਹਬਜ਼ਾਦੀ ਦਾ ਨਾਮ।

سکینہ *ਸਕੀਨਾ,* سکینت *ਸਕੀਨਤ* : ਅਰਾਮ, ਸਕੂਨ।

سگ *ਸਗ* : ਕੁੱਤਾ।

سگآبی *ਸਗ-ਏ-ਆਬੀ,* سگابی *ਸਗਾਬੀ,* سگِ لاب *ਸਗ-ਏ-ਲਾਬ* : ਪਾਣੀ ਦਾ ਪਰਸਿੱਧ ਜਾਨਵਰ, ਲੁਧੜ।

سگِ ابلق *ਸਗ-ਏ-ਅਬਲਕ* : ਜ਼ਮਾਨਾ, ਸਮਾਂ।

سگِ پستان *ਸਗੇ-ਏ-ਪਿਸਤਾਨ* : ਲਸੂੜਾ।

سگِ جان *ਸਗ-ਏ-ਜਾਨ,* سگِ جگر *ਸਗ-ਏ-ਜਿਗਰ* : ਸਖ਼ਤ ਜਾਨ, ਮੇਹਨਤੀ।

سگِ دل *ਸਗ-ਏ-ਦਿਲ* : ਦੁਖ ਦੇਣ ਵਾਲਾ।

سگوچہ *ਸਗੂਚਾ* : ਕਤੂਰਾ।

سگونہ *ਸਗੂਨਾ* : ਕੁੱਤੀ।

سگال *ਸਿਗਾਲ* : ਫ਼ਿਕਰ, ਸੋਚ, ਗੱਲ ਬਾਤ; ਕੈਹਣ ਵਾਲਾ; ਮੰਗਣ ਵਾਲਾ; ਦੁਸ਼ਮਣ; ਦੁਸ਼ਮਣੀ।

سل *ਸਲ* : ਬੇੜੀ, ਕਿਸ਼ਤੀ, ਘਾਹ ਫੂਸ ਦੀ ਬੇੜੀ, ਤੁਲ੍ਹਾ; ਰਗ ਕਟਣੀ; ਤਲਵਾਰ ਸੂਤਣੀ।

سلّ *ਸਿੱਲ* : ਇਕ ਪਰਿਸੱਧ ਰੋਗ, ਜਿਸ ਕਾਰਨ ਫੇਫੜਿਆਂ ਵਿਚ ਜ਼ਖਮ ਹੋ ਜਾਂਦੇ ਹਨ ਤੇ ਮੂੰਹ 'ਚੋ ਖ਼ੂਨ ਆਉਣ ਲਗ ਜਾਦਾ ਹੈ, ਤਪਦਿਕ।

سِلاح *ਸਿਲਾਹ* : ਤੇਜ਼ ਕਟਣ ਵਾਲੀ ਚੀਜ਼, ਲੜਾਈ ਦੇ ਹਥਿਆਰ।

سلاحدشت *ਸਿਲਾਹ-ਦਸ਼ਤ,* سلاحشور *ਸਿਲਾਹ-ਸ਼ੋਰ,* سلاحی *ਸਿਲਾਹੀ* : ਹਥਿਆਰਬੰਦ।

سلّاخ *ਸੱਲਾਖ਼* : ਜਾਨਵਰਾਂ ਦੀ ਖੱਲ ਲਾਹੁਣ ਵਾਲਾ, ਖੱਲ ਖਿਚਣ ਵਾਲਾ।

سلّاخی *ਸੱਲਾਖ਼ੀ* : ਖੱਲ ਲਾਹੁਣਾ।

سلاست *ਸਲਾਸਤ* : ਅਸਾਨ, ਸੌਖਾ, ਨਰਮੀ, ਪਧਰਾਪਣ, ਰਵਾਨੀ, ਅਸਾਨੀ ਨਾਲ ਪੜ੍ਹਨਾ, ਸੌਖੀ ਇਬਾਰਤ, ਭਾਵ ਇਬਾਰਤ ਵਿਚ ਔਖੇ ਸ਼ਬਦ ਨਾ ਲਿਆਉਣਾ, ਸਫ਼ਾਈ।

سلاسِل *ਸਲਾਸਿਲ* : (ਸਿਲਸਿਲਾ سلسلہ ਦਾ ਬੌਹਵਚਨ) ਜ਼ੰਜੀਰਾਂ।

سلاطین *ਸਲਾਤੀਨ* : (ਸੁਲਤਾਨ سلطان ਦਾ ਬੌਹਵਚਨ) ਬੌਹਤ ਸਾਰੇ ਬਾਦਸ਼ਾਹ, ਸਮਰਾਟ।

سلاک *ਸਲਾਕ* : ਸੋਨੇ ਚਾਂਦੀ ਦੀ ਸਲਾਖ਼, ਭੋਰਾ, ਟੋਟਾ।

سلام *ਸਲਾਮ* : ਸਲਾਮਤੀ, ਤੰਦਰੁਸਤੀ ਦੀ ਦੁਆ, ਅਸ਼ੀਰਵਾਦ, ਆਗਿਆਪਾਲਣ ਕਰਨਾ, ਐਬ ਤੋਂ ਬਚਣਾ, ਅੱਲਾਹ ਤਆਲਾ ਦਾ ਇਕ ਨਾਮ।

سلامُ علیکم *ਸਲਾਮੁ ਅਲੈਕੁਮ* : ਤੁਹਾਡੇ ਉੱਤੇ ਸਲਾਮਤੀ ਹੋਵੇ।

سلامت *ਸਲਾਮਤ* : ਸੁਰੱਖਿਅਤ, ਹਰ ਬਲਾ ਤੋਂ ਬਚਿਆ ਹੋਇਆ, ਤੰਦਰੁਸਤ, ਜਿਉਂਦੇ, ਰੈਹਣਾ, ਜਿਉਂਦਾ, ਹਯਾਤ; ਅਰਾਮ ਨਾਲ ਹੋਣਾ; ਬੇਐਬ ਹੋਣਾ, ਕਿਸੇ ਨੂੰ ਦੁਖ ਨਾ ਦੇਣਾ; ਮੁਬਾਰਕਬਾਦ ਦਾ ਉਤਰ।

سلامتی *ਸਲਾਮਤੀ* : ਸਲਾਮਤ, ਸੁੱਖ ਸਾਂਦ, ਰਾਜੀ ਖ਼ੁਸ਼ੀ, ਸੁਰੱਖਿਆ, ਤੰਦਰੁਸਤੀ।

سلب *ਸਲਬ* : ਲੈ ਜਾਣ ਜਾਂ ਮਿਟਾਉਣ ਦੀ ਕਿਰਿਆ, ਖੋਹ ਲੈਣਾ, ਮਿਟਾ ਦੇਣਾ।

سلب *ਸਲਬ* : ਜੰਗ ਦੇ ਸਾਜ਼-ਸਮਾਨ ਜਿਵੇਂ ਨੇਜ਼ਾ, ਤਲਵਾਰ, ਤੀਰ ਕਮਾਨ, ਤਰਕਸ਼ ਆਦਿ; ਕਪੜੇ ਪੈਹਨਣਾ, ਖੱਲ, ਛਿਲਕਾ ਮਕਤੂਲ ਦੇ ਹਥਿਆਰ।

سلجوق *ਸਲਜੂਕ਼* : ਅਫ਼ਰਾਸਿਯਾਬ ਦੀ ਨਸਲ ਵਿਚੋਂ ਇਕ ਵਿਅਕਤੀ ਦਾ ਨਾਮ ਜੋ ਖ਼ਾਨਦਾਨ ਸਲਜੂਕ ਜਾਂ ਸਲਾਜਕਾ ਦਾ ਉਤਰਅਧਕਾਰੀ ਸੀ।

سلسبیل *ਸਲਸਬੀਲ* : ਬਹਿਸ਼ਤ ਦੇ ਇਕ ਚਸ਼ਮੇ ਦਾ ਨਾਮ; ਸ਼ਰਾਬ; ਨਰਮ ਸ਼ੈ, ਸੁਆਦੀ ਚੀਜ਼।

سلسلہ *ਸਿਲਸਿਲਾ* : ਜੰਜੀਰ; ਬੇੜੀ; ਲੜੀ; ਨਸਲ, ਔਲਾਦ, ਖਾਨਦਾਨ, ਸੂਫ਼ੀਆਂ ਦੀ ਬੰਸਾਵਲੀ; ਤਰਤੀਬ; ਵਾਸਤਾ।

سلطان *ਸੁਲਤਾਨ* : ਬਾਦਸ਼ਾਹ, ਮੁਲਕ ਦਾ ਵਾਲੀ, ਸ਼ਕਤੀ, ਦਲੀਲ, ਹੁੱਜਤ।

سلطانِ اختراں **ਸੁਲਤਾਨ-ਏ-ਅਖ਼ਤਰਾਂ,** سلطانِ ملک **ਸੁਲਤਾਨ-ਏ-ਮੁਲਕ** : ਸੂਰਜ।

سلطانہ **ਸੁਲਤਾਨਾ** : (ਸੁਲਤਾਨ ਦਾ ਇਸਤਰੀ ਲਿੰਗ) ਰਾਣੀ, ਬੇਗਮ।

سلطانیہ **ਸੁਲਤਾਨੀਯਾ** : ਆਜ਼ਰਬਾਈਜਾਨ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ, ਜੋ ਸੁਲਤਾਨ-ਉਲ ਜਾਤੀ ਨੇ ਅਬਾਦ ਕੀਤਾ ਸੀ।

سلطنت **ਸਲਤਨਤ** : ਹਕੂਮਤ, ਬਾਦਸ਼ਾਹਤ, ਸਰਕਾਰ, ਰਾਜ, ਅਮਲਦਾਰੀ, ਵਧੀਕੀ।

سلطنتران **ਸਲਤਨਤਰਾਨ,** سلطنترانی **ਸਲਤਨਤਰਾਨੀ** : ਬਾਦਸ਼ਾਹ, ਸ਼ਾਸਕ, ਬਾਦਸ਼ਾਹੀ।

سلف **ਸਲਫ਼** : ਲੰਘਣਾ, ਅੱਗੇ ਵਧਣਾ, ਲੰਘਿਆ ਹੋਇਆ, ਗੁਜਰੇ ਹੋਏ ਲੋਕ, ਵਡੇ ਵਡੇਰੇ।

سلک **ਸਿਲਕ** : ਧਾਗਾ, ਲੜੀ; ਇਕ ਲੜੀ ਵਿਚ ਪਰੋਣਾ; ਨਜ਼ਮ

سلکِ لآلی **ਸਿਲਕ-ਏ-ਲਆਲੀ** : ਮੋਤੀਆਂ ਦੀ ਲੜੀ, ਮਸ਼ੂਕ ਦੇ ਦੰਦ।

سلمان **ਸਲਮਾਨ** : ਹਜ਼ਰਤ ਮੁਹੰਮਦ ਸਾਹਿਬ ਦੇ ਇਕ ਸਹਾਬੀ (ਸਾਥੀ) ਦਾ ਨਾਮ, ਜੋ ਇਸਫਹਾਨ ਦਾ ਰੈਹਣ ਵਾਲਾ ਸੀ।

سلمان ساوجی **ਸਲਮਾਨ ਸਾਵਜੀ** : ਫ਼ਾਰਸੀ ਦੇ ਇਕ ਪਰਿਸੱਧ ਸ਼ਾਇਰ ਦਾ ਨਾਮ।

سلُوک **ਸੁਲੂਕ** : ਰਾਹ ਚੱਲਣਾ, ਠੀਕ ਰਸਤੇ ਚਲਣਾ, ਵਰਤਾ, ਸੂਫੀਆਂ ਦੀ ਪਰਭਾਸ਼ਾ ਵਿਚ ਅੱਲਾਹ ਦੀ ਨਿਕਟਤਾ ਚਾਹੁਣਾ।

سلیس **ਸਲੀਸ** : ਪੱਧਰਾ, ਸੌਖਾ, ਸੌਖੀ ਇਬਾਰਤ।

سلیقہ **ਸਲੀਕ਼ਾ** : ਸਊਰ, ਸੁਭਾ, ਸੁਘੜਪੁਣਾ, ਹੁਨਰ।

سلیمان **ਸੁਲੇਮਾਨ** : ਇਕ ਪਰਸਿੱਧ ਪੈਗੰਬਰ ਦਾ ਨਾਮ, ਜੋ ਹਜ਼ਰਤ ਦਾਊਦ ਦਾ ਬੇਟਾ ਸੀ, ਬੈਤੁਲਮੁਕੱਦਸ ਉਸੇ ਦੇ ਸਮੇਂ ਮੁਕੰਮਲ ਹੋਇਆ।

سلیمانی **ਸੁਲੇਮਾਨੀ** : ਸੁਲੇਮਾਨ ਨਾਲ ਸਬੰਧਤ, ਪਰਸਿੱਧ ਮਣਕੇ ਜਾਂ ਦਾਣੇ, ਜੋ ਆਮ ਤੌਰ ਤੇ ਕਾਲੇ ਚਿੱਟੇ ਰੰਗ ਦੇ ਹੁੰਦੇ ਹਨ।

سلیمانیا **ਸੁਲੇਮਾਨੀਯਾ** : ਇਕ ਪਰਸਿੱਧ ਸ਼ੈਹਰ ਦਾ ਨਾਮ ਜੋ ਈਰਾਨ ਦੇ ਪੱਛਮ ਵੱਲ ਸਥਿਤ ਹੈ।

سم **ਸੱਮ** : ਜ਼ੈਹਰ; ਸੂਈ ਦਾ ਨੱਕਾ, ਮੋਰੀ।

سم **ਸੁਮ** : ਚੌਪਾਏ ਦਾ ਖੁਰ, ਨਹੁੰ।

سما **ਸਮਾ** : ਅਸਮਾਨ, ਗਗਨ, ਛਤ, ਸ਼ਾਮਿਆਨਾ, ਸਾਏਬਾਨ, ਘੋੜੇ ਦੀ ਪਿਠ; ਬੱਦਲ।

سماوات **ਸਮਾਵਾਤ** : (ਸਮਾ سما ਦਾ ਬੈਹੁਵਚਨ) ਅਸਮਾਨ।

سماجت **ਸਮਾਜਤ** : ਮਿੰਨਤ, ਖ਼ੁਸ਼ਾਮਦ, ਤਰਲਾ, ਭਦਾਪਣ, ਕਰੂਪਤਾ, ਭੱਦਾਪਣ, ਖ਼ਰਾਬੀ।

سماع **ਸਮਾਅ** : ਸੁਣਨਾ, ਰਾਗ ਸੁਣਨਾ, ਰਾਗ ਗਾਉਣਾ, ਨਾਚ, ਨਾਚ ਗਾਣਾ; ਵਜਦ, ਮਸਤੀ।

سماعت **ਸਮਾਅਤ** : ਸੁਣਵਾਈ, ਸੁਣਨ ਦੀ ਤਾਕਤ, ਮੁਕੱਦਮੇ ਦੀ ਪੇਸ਼ੀ ਜਾਂ ਕਾਰਵਾਈ।

سماعی **ਸਮਾਈ** : ਸੁਣੀ ਹੋਈ ਗੱਲ, ਸੁਣਿਆ ਹੋਇਆ, ਸੀਨਾ-ਬ-ਸੀਨਾ ਚਲੀ ਆਉਂਦੀ ਗੱਲ।

سمت **ਸਮਤ** : ਪਾਸਾ, ਦਿਸ਼ਾ, ਸ਼ਕਲ, ਸੂਰਤ, ਸਿੱਧਾ ਰਸਤਾ, ਠੀਕ, ਰਵਸ਼, ਨੇਕ ਸੁਭਾ, ਇਰਾਦਾ, ਨਿਸ਼ਚਾ।

سمت الراس **ਸਮਤੁਰ-ਰਾਸ** : ਸਿਰ ਵਲ, ਸਿਰ ਦੇ ਉਪਰ ਵੱਲ, ਅਧ ਅਸਮਾਨੀ, ਉਚਤਮ ਉੱਨਤੀ।

سمر **ਸਮਰ** : ਕਹਾਣੀ, ਕਥਾ, ਰਾਤ ਨੂੰ ਸੌਣ ਲਗਿਆਂ ਕਹੀਆਂ ਜਾਣ ਵਾਲੀਆਂ ਕਹਾਣੀਆਂ।

سمرقند **ਸਮਰਕੰਦ,** سمرکند **ਸਮਰਕੰਦ** : ਸਮਰ ਬਾਦਸ਼ਾਹ ਦੇ ਅਬਾਦ ਕੀਤੇ ਸ਼ੈਹਰ ਦਾ ਨਾਮ, ਤੁਰਕਿਸਤਾਨ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ।

سمسم **ਸਿਮ ਸਿਮ** : ਇਕ ਪਰਸਿੱਧ ਅੰਨ, ਤਿਲ; ਇਕ ਰਾਗ ਦਾ ਨਾਮ।

سمع **ਸਮਅ** : ਸੁਣਨਾ, ਕੰਨ।

سمند ***ਸਮੰਦ*** : ਘੋੜਾ, ਜਿਸ ਦਾ ਰੰਗ ਪਲਿਤਣ 'ਤੇ ਹੋਵੇ, ਘੋੜੇ ਦਾ ਪੀਲੀ ਭਾ ਮਾਰਦਾ ਰੰਗ।

سمندر ***ਸਮੰਦਰ*** : ('ਸਾਮ' ਭਾਵ ਅੱਗ ਤੇ ਅੰਦਰ) ਅੱਗ ਦਾ ਕੀੜਾ ਜੇਹੜਾ ਅਗਨੀ ਮੰਦਰ ਵਿਚ ਪੈਦਾ ਹੁੰਦਾ ਹੈ ਅਤੇ ਚੂਹੇ ਦੇ ਕਦ ਦਾ ਹੁੰਦਾ ਹੈ, ਜਦੋਂ ਅੱਗ ਤੋਂ ਬਾਹਰ ਨਿਕਲਦਾ ਹੈ ਤਾਂ ਮਰ ਜਾਂਦਾ ਹੈ।

سمور ***ਸਮੂਰ*** : ਲੂੰਬੜੀ ਦੀ ਕਿਸਮ ਦੇ ਜਾਨਵਰ ਦਾ ਨਾਮ, ਏਹ ਅਤਿਅੰਤ ਬਰੀਕ ਪਸ਼ਮ ਵਾਲਾ ਬਰਫ਼ਾਨੀ ਜਾਨਵਰ ਹੈ; ਇਸੇ ਜਾਨਵਰ ਦੀ ਖੱਲ।

سموم ***ਸਮੂਮ*** : ਲੂ, ਗਰਮ ਹਵਾ, ਵਿਸ਼ੈਲੀ ਹਵਾ।

سمه ***ਸਿਮਾ*** : ਜੁਲਾਹਿਆਂ ਦਾ ਕੂੱਚ, ਲੁਕਿਆ ਹੋਇਆ।

سمينه ***ਸਮੀਨਾ*** : ਮੋਟਾ, ਬੌਹਤੀ ਚਰਬੀ ਵਾਲਾ।

سن ***ਸਨ*** : (ਸਾਨ سان ਦਾ ਸੰਖਿਪਤ ਰੂਪ) ਰਸਮ, ਤਰਜ, ਮਿਸਲ, ਵਰਗਾ।

سِن ***ਸਿਨ*** : ਆਯੂ, ਉਮਰ ਦੇ ਸਾਲਾਂ ਦੀ ਸੰਖਿਆ, ਸਾਲ।

سِن بلوغت ***ਸਿਨ–ਏ–ਬਲੂਗਤ,***
سِن تميز ***ਸਿਨ–ਏ–ਤਮੀਜ਼*** : ਬਾਲਗ਼ ਹੋਣ ਦੀ ਉਮਰ, ਜਵਾਨੀ, ਭਰ ਜਵਾਨੀ।

سنام ***ਸਨਾਮ*** : ਊਠ ਦੀ ਕੋਹਾਨ।

سنان ***ਸਿਨਾਨ*** : ਨੋਕ, ਭਾਲ, ਨੇਜ਼ੇ ਜਾਂ ਤੀਰ ਦੀ ਨੋਕ; ਭਾਲਾ, ਨੇਜ਼ਾ, ਬਰਛੀ।

سنائی ***ਸਨਾਈ*** : ਇਕ ਪਰਸਿੱਧ ਵਿਦਵਾਨ ਦਾ ਨਾਮ ਜੋ ਹਿਕਮਤ ਤੇ ਸੂਫੀ ਸ਼ਾਇਰੀ ਵਿਚ ਮਾਹਰ ਹੋਇਆ ਸੀ।

سُنبک ***ਸੁੰਬੁਕ*** : ਛੋਟੀ ਕਿਸ਼ਤੀ, ਡੋਂਗਾ।

سُنبل ***ਸੁੰਬੁਲ*** : ਇਕ ਖ਼ੁਸ਼ਬੂਦਾਰ ਘਾਹ ਦਾ ਨਾਮ, ਮਸ਼ੂਕ ਦੀ ਜ਼ੁਲਫ਼।

سُنبله ***ਸੁੰਬੁਲਾ*** : ਕਣਕ ਜਾਂ ਜੌਂ ਦੀ ਬੱਲੀ, ਭੁੱਟਾ, ਛੇਵੇਂ ਅਸਮਾਨੀ ਬੁਰਜ ਦਾ ਨਾਮ, ਮੁੜ੍ਹਕੇ ਦਾ ਕਤਰਾ।

سنبوسه ***ਸੰਬੋਸਾ,*** **سنبوسق** ***ਸਬੂੰਸਕ*** : ਤਿਕੋਣੀ ਚੀਜ਼, ਇਕ ਪਰਕਾਰ ਦਾ ਤਿੰਨ-ਨੁਕਰਾ ਪਕਵਾਨ, ਜਿਸ ਵਿਚ ਕੀਮਾ, ਤਰਕਾਰੀ ਜਾਂ ਤੁਰਸ਼ੀ ਮਿਠਾਸ ਜਾਂ ਆਲੂ ਆਦਿ ਭਰ ਕੇ ਤਲਦੇ ਹਨ, ਸਮੋਸਾ।

سُنبوق ***ਸੁੰਬੂਕ*** : ਛੋਟੀ ਕਿਸ਼ਤੀ, ਨਿਕੀ ਬੇੜੀ, ਡੋਂਗਾ।

سُنبه ***ਸੁੰਬਾ*** : ਤਰਖਾਣਾਂ ਦਾ ਪਰਸਿੱਧ ਸੰਦ, ਤੋਪ ਦਾ ਗਜ਼।

سنبيدن ***ਸੁੰਬੀਦਨ*** : ਸੁਰਾਖ਼ ਕਰਨਾ, ਛੇਕ ਕਰੁਨਾ, ਵਿਨ੍ਹਣਾ।

سُنّت ***ਸੁੰਨਤ*** : ਰਾਹ, ਤਰੀਕਾ, ਢੰਗ, ਆਦਤ, ਸੁਭਾ, ਓਹ ਕੰਮ ਜੇਹੜਾ ਹਜ਼ਰਤ ਮੁਹੰਮਦ ਸਾਹਿਬ ਨੇ ਅਕਸਰ ਕੀਤਾ ਹੋਵੇ ਪਰ ਕਦੀ ਛਡ ਦਿਤਾ ਹੋਵੇ, ਰਸੂਲ ਦਾ ਤਰੀਕਾ।

سنجاب ***ਸੰਜਾਬ*** : ਚੂਹੇ ਵਰਗੇ ਇਕ ਜਾਨਵਰ ਦਾ ਨਾਮ ਜਿਸ ਦੀ ਖਲ ਦੀ ਪੋਸਤੀਨ ਬਣਦੀ ਹੈ,ਗਾਲੜ, ਕਾਟੋ, ਇਸ ਦੀ ਖਲ ਨੂੰ ਵੀ ਸੰਜਾਬ ਕੈਂਹਦੇ ਹਨ; ਇਕ ਮੁਲਕ ਦਾ ਨਾਮ ਜਿਸ ਦਾ ਹਾਕਮ 'ਕਾਮੂਸ' ਸੀ।

سنجر ***ਸੰਜਰ*** : ਇਕ ਸ਼ਿਕਾਰੀ ਪੰਛੀ ਦਾ ਨਾਮ, ਸੂਫੀ, ਵਜਤ ਤੇ ਸਮਾਅ ਦੇ ਲੋਕ, ਈਰਾਨ ਦੇ ਪਰਸਿੱਧ ਸ਼ਾਹੀ ਖ਼ਾਨਦਾਨ ਸਿਲਜੂਕੀਯਾ ਦੇ ਛੇਵੇਂ ਬਾਦਸ਼ਾਹ ਦਾ ਨਾਮ, ਸੁਲਤਾਨ ਸੰਜਰ।

سنجُق ***ਸੰਜੁਕ,*** **سنجوق** ***ਸੰਜੂਕ*** : ਝੰਡਾ, ਪਟਕਾ, ਕਮਰਬੰਦ, ਪੇਟੀ।

سنجه ***ਸੰਜਾ*** : ਤੋਲਣ ਦਾ ਪਥਰ, ਵੱਟਾ।

سنجيدگی ***ਸੰਜੀਦਗੀ*** : ਗੰਭੀਰਤਾ, ਭਾਰੀ ਹੋਣਾ, ਪਕਿਆਈ।

سنجيده ***ਸੰਜੀਦਾ*** : ਗੰਭੀਰ, ਪੱਕਾ, ਤੋਲਿਆ ਹੋਇਆ, ਯੋਗ, ਭਰੋਸੇਯੋਗ, ਤਜਰਬੇਕਾਰ, ਸੂਝਵਾਨ, ਜਚਿਆ ਹੋਇਆ।

سند ***ਸਨਦ*** : ਓਹ ਚੀਜ਼ ਜਿਸ ਨਾਲ ਢੋ ਲਾ ਕੇ ਬੈਠਿਆ ਜਾਵੇ, ਸਹਾਰਾ, ਪੁਸ਼ਤੋ ਪੁਸ਼ਤ ਕਿਸੇ ਚੀਜ਼ ਨਾਲ ਸਬੰਧਤ ਹੋਣਾ; ਉਚਾਈ; ਸਰਟੀਫੀਕੇਟ, ਪਰਮਾਣਕ ਲਿਖਤ, ਦਸਤਾਵੇਜ਼, ਸਬੂਤ, ਤਸਦੀਕਨਾਮਾ; ਭਰੋਸੇ ਵਾਲੀ ਗੱਲ।

سنگ ***ਸੰਗ*** : ਪੱਥਰ, ਵਜ਼ਨ, ਵੱਟਾ, ਭਾਰੀਪਣ,

ਮਿਕਦਾਰ, ਮਾਤਰਾ, ਮਰਤਬਾ, ਰੁਤਬਾ, ਭਰੋਸਾ, ਕੀਮਤ, ਇਕ ਵਜਾਉਣ ਵਾਲਾ ਸਾਜ਼।

سنگِآس ***ਸੰਗ-ਏ-ਆਸ,***
سنگِآسیا ***ਸੰਗ-ਏ-ਆਸੀਯਾ*** : ਚੱਕੀ ਦਾ ਪੁੜਾ।

سنگِامتحان ***ਸੰਗ-ਏ-ਇਮਤਿਹਾਨ*** : ਕਸਵਟੀ।

سنگِپشت ***ਸੰਗ ਪੁਸ਼ਤ*** : ਕਛੂਕੁੰਮਾ।

سنگچہ ***ਸੰਗਚਾ*** : ਔਲਾ, ਗੜਾ।

سنگدل ***ਸੰਗਦਿਲ*** : ਪਥਰ ਦਿਲ, ਜ਼ਾਲਮ, ਬੇਰੈਹਮ।

سنگدلی ***ਸੰਗ ਦਿਲੀ*** : ਨਿਰਦਈਪੁਣਾ, ਜ਼ੁਲਮ।

سنگِ راہ ***ਸੰਗ-ਏ-ਰਾਹ*** : ਰੁਕਾਵਟ।

سنگِ ریزہ ***ਸੰਗ-ਏ-ਰੇਜ਼ਾ*** : ਕੰਕਰ।

سنگ زر ***ਸੰਗ-ਏ-ਜ਼ਰ*** : ਕਸਵੱਟੀ।

سنگِیمن ***ਸੰਗ-ਏ-ਯਮਨ*** : ਅਕੀਕ; ਕੀਮਤੀ ਹੀਰਾ।

سنگلاخ ***ਸੰਗਲਾਖ਼,*** **سنگلاخہ** ***ਸੰਗਲਾਖ਼ਾ*** : ਪਥਰੀਲੀ ਜ਼ਮੀਨ।

سنگین ***ਸੰਗੀਨ*** : ਪੱਥਰ ਦੀ ਚੀਜ਼, ਸਖ਼ਤ, ਮਜ਼ਬੂਤ, ਭਾਰੀ, ਹੰਢਣਸਾਰ।

سنگیندل ***ਸੰਗੀਨ-ਦਿਲ*** : ਪਥਰਚਿੱਤ।

سنہ ***ਸਨਾ*** : ਸਾਲ, ਵਰ੍ਹਾ।

سو ***ਸੂ*** : ਤਰਫ਼, ਪਾਸਾ, ਰੋਸ਼ਨੀ, ਲਾਭ, ਮਿਸਾਲ।

سوء ***ਸੂਇ*** : ਬਦੀ, ਬੁਰਾਈ, ਬਦੀ ਕਰਨਾ, ਦੁਖੀ ਕਰਨਾ।

سوا ***ਸਿਵਾ*** : ਬਿਨਾ, ਇਲਾਵਾ।

سوابق ***ਸਵਾਬਿਕ਼*** : (ਸਾਬਿਕ਼ **سابق** ਦਾ ਬੌਹਵਚਨ) ਪੈਹਲੇ, ਭੂਤਕਾਲ ਦੇ , ਘੋੜ ਦੌੜ ਵਿਚ ਅਗ੍ਹਾਂ ਵਧਣ ਵਾਲੇ ਘੋੜੇ।

سواد ***ਸਵਾਦ*** : ਸਿਆਹੀ, ਕਾਲਖ; ਸ਼ੈਹਰ ਦੇ ਪਾਸੇ; ਜ਼ਿਹਨ; ਵਡੀ ਜਮਾਤ; ਹਥ-ਲਿਖਤ, ਖਰੜਾ; ਪੜ੍ਹਾਈ।

سُوار ***ਸੁਵਾਰ*** : ਘੋੜੇ 'ਤੇ ਚੜ੍ਹਿਆ ਹੋਇਆ, ਕਿਸੇ ਸਵਾਰੀ 'ਤੇ ਚੜ੍ਹਿਆ ਹੋਇਆ, ਜੇਹੜਾ ਪੈਦਲ ਨਾ ਹੋਵੇ।

سوال ***ਸੁਵਾਲ*** : ਪੁਛਣਾ, ਜਾਂਚ ਕਰਨਾ, ਮੰਗ, ਪੁਛ-ਗਿਛ।

سوانح ***ਸਵਾਨਿਹ*** : (ਸਾਨਿਹਾ **سانحہ** ਦਾ ਬੌਹਵਚਨ) ਪੇਸ਼ ਆਉਣ ਵਾਲੀਆਂ ਘਟਨਾਵਾਂ, ਵਾਰਦਾਤਾਂ।

سِوای ***ਸਿਵਾਯ*** : ਬਿਨਾ, ਅਲਗ, ਅਡ, ਇਲਾਵਾ।

سوچی ***ਸੂਚੀ*** : [ਸੂ(ਸ਼ਰਾਬ) ਤੇ 'ਚੀ' ਮਾਲਕ] ਸ਼ਰਾਬ ਵੇਚਣ ਵਾਲਾ, ਸਾਕੀ, ਪਿਲਾਉਣ ਵਾਲਾ।

سوچیخانہ ***ਸੂਚੀ-ਖ਼ਾਨਾ*** : ਸ਼ਰਾਬਖ਼ਾਨਾ।

سوختگی ***ਸੋਖ਼ਤਗੀ*** : ਜਲਣ, ਸਦਮਾ, ਰੰਜ, ਗ਼ਮ।

سوختن ***ਸੋਖ਼ਤਨ*** : ਸੜਨਾ, ਸਾੜਨਾ, ਈਰਾਨੀ ਸ਼ਾਇਰਾਂ ਦੀ ਸ਼ਬਦਾਵਲੀ ਵਿਚ ਮਸ਼ੂਕ ਦੇ ਜ਼ੁਲਮ ਸਿਤਮ ਸੈਹਣਾ ਤੇ ਆਪਣੇ ਆਪ ਨੂੰ ਉਸ ਦੇ ਇਸ਼ਕ ਵਿਚ ਫ਼ਨਾ ਕਰ ਦੇਣਾ।

سوختہ ***ਸੋਖ਼ਤਾ*** : ਸੜਿਆ ਹੋਇਆ, ਝੁਲਸਿਆ ਹੋਇਆ, ਸਾੜਿਆ ਹੋਇਆ ਕਪੜਾ ਜਿਸ ਉਪਰ ਚਕਮਾਕ ਤੋਂ ਅਗ ਲਈ ਜਾਂਦੀ ਹੈ; ਗੰਭੀਰ, ਯੋਗ।

سود ***ਸੂਦ*** : ਲਾਭ, ਭਲਾਈ, ਬੇਹਤਰੀ, ਰਗੜਾਈ।

سودا ***ਸੌਦਾ*** : ਪਾਗਲਪਣ, ਖਬਤ, ਇਸ਼ਕ, ਧੁੰਨ, ਲਗਨ, ਮਹੱਬਤ; ਲੈਣ ਦੇਣ।

سودازدہ ***ਸੌਦਾ-ਜ਼ਦਾ,*** **سودائی** ***ਸੌਦਾਈ*** : ਪਾਗਲ, ਆਸ਼ਕ, ਖਬਤੀ।

سُور ***ਸੂਰ*** : (ਸੂਰਤ/ਸੂਰਾ, **سورہ** ਦਾ ਬੌਹਵਚਨ) ਕੁਰਾਨ ਮਜੀਦ ਦੀਆਂ ਸੂਰਤਾਂ, ਕਾਂਡ।

سوراخ ***ਸੂਰਾਖ਼*** : ਛੇਕ, ਮੋਰੀ।

سورۃ ***ਸੂਰਤ,*** **سورہ** ***ਸੂਰਾ*** : ਕੁਰਾਨ ਮਜੀਦ ਦਾ ਭਾਗ; ਵਡਿਆਈ, ਮਰਤਬਾ, ਬਜ਼ੁਰਗੀ ; ਰਾਹ।

سوز ***ਸੋਜ਼*** : ਜਲਨ, ਦੁਖ, ਦਰਦ।

سوزاک ***ਸੋਜ਼ਾਕ*** : ਇਕ ਬੀਮਾਰੀ ਜਿਸ ਵਿਚ ਪਿਸ਼ਾਬ ਜਲਨ ਨਾਲ ਆਉਂਦਾ ਹੈ ਅਤੇ ਪੀਪ (ਪੀਕ) ਨਿਕਲਦੀ ਰੈਂਹਦੀ ਹੈ।

سوزن ***ਸੂਜ਼ਨ*** : ਸੂਈ, ਜਿਸ ਨਾਲ ਕਪੜਾ ਸਿਊਂਤਾ ਜਾਂਦਾ ਹੈ।

سوزنی ***ਸੂਜ਼ਨੀ*** : ਓਹ ਕਪੜਾ ਜਿਸ ਉਤੇ ਸੂਈ ਨਾਲ ਕਢਾਈ ਕੀਤੀ ਹੋਵੇ।

سوسمار ***ਸੂਸਮਾਰ*** : ਛਿਪਕਲੀ ਵਰਗਾ ਇਕ ਵਡਾ ਜਾਨਵਰ, ਗੋਹ।

سوسن ***ਸੋਸਨ/ਸੂਸਨ*** : ਇਕ ਨੀਲੇ ਰੰਗ ਦੇ ਫੁਲ ਦਾ ਨਾਮ ਜਿਸ ਦੀ ਪੱਤੀ ਜੀਭ ਵਰਗੀ ਹੁੰਦੀ ਹੈ।

سوسنی ***ਸੋਸਨੀ*** : ਸੋਸਨ ਦੇ ਰੰਗ ਦਾ ਭਾਵ ਨੀਲੇ ਰੰਗ ਦਾ।

سوسه ***ਸੂਸਾ*** : ਕਣਕ ਦਾ ਕੀੜਾ, ਸੁਸਰੀ।

سوغات ***ਸੌਗਾਤ*** : ਤੋਹਫ਼ਾ, ਭੇਟਾ, ਅਦੁਤੀ ਵਸਤੂ, ਅਨੋਖੀ ਸ਼ੈ।

سوگ ***ਸੋਗ*** : ਮਾਤਮ, ਗ਼ਮ।

سوگدار, سوگوار ***ਸੋਗਦਾਰ, ਸੋਗਵਾਰ*** : ਮਾਤਮ ਵਾਲਾ,ਗ਼ਮਗੀਨ, ਮਾਤਮੀ ਹਾਲਤ ਵਿਚ।

سوگواری ***ਸੋਗਵਾਰੀ*** : ਮਾਤਮ, ਗ਼ਮ।

سوهان ***ਸੂਹਾਨ*** : ਲੋਹਾ ਰਗੜਨ ਵਾਲੀ ਰੇਤੀ।

سوهان روح ***ਸੂਹਾਨ-ਏ-ਰੂਹ*** : ਜਾਨ ਨੂੰ ਤਕਲੀਫ਼ ਦੇਣ ਵਾਲਾ, ਦਿਲ ਨੂੰ ਬੁਰਾ ਲਗਣ ਵਾਲਾ।

سویدہ ***ਸੁਵੈਦਾ*** : ਦਿਲ ਉਤਲਾ ਕਾਲਾ ਬਿੰਦੂ।

سه ***ਸਿਹ*** : ਤਿੰਨ।

سها ***ਸੁਹਾ*** : **ਸੱਤ ਸਤਾਰਿਆਂ ਵਾਲੇ ਝੁਮਕੇ ਵਿਚੋਂ** ਇਕ ਨਿਕਾ ਜੇਹਾ ਤਾਰਾ।

سهب ***ਸਹਬ*** : ਕਦਮਬਾਜ਼ ਘੋੜਾ, ਜੰਗਲ।

سه‌برگه ***ਸਿਹ-ਬਰਗਾ*** : ਇਕ ਪਰਕਾਰ ਦਾ ਫੁਲ, ਜਿਸ ਦੀਆਂ ਤਿੰਨ ਪੱਤੀਆਂ ਹੋਣ, ਟੋਪੀਆਂ 'ਤੇ ਬਣਾਈ ਹੋਈ ਪੱਤੀ।

سهراب ***ਸੁਹਰਾਬ*** : ਰੁਸਤਮ ਦੇ ਪੁਤਰ ਦਾ ਨਾਮ ਜੇਹੜਾ ਅਣਜਾਣੇ ਆਪਣੇ ਪਿਉ ਦੇ ਹੱਥੋਂ ਮਾਰਿਆ ਗਿਆ।

سه‌شنبه ***ਸਿਹ ਸ਼ੰਬਾ*** : ਮੰਗਲਵਾਰ।

سهل ***ਸਹਲ*** : ਅਸਾਨ, ਸੌਖਾ, ਹਰ ਨਰਮ ਤੇ ਅਸਾਨ ਚੀਜ਼; ਇਕ ਪਰਸਿੱਧ ਵਲੀ।

سهم ***ਸਹਮ*** : ਡਰ, ਭੈ; ਤੀਰ; ਹਿਸਾ।

سهو ***ਸਹਵ*** : ਭੁਲ-ਚੁਕ, ਗ਼ਲਤੀ, ਅਣਗੈਹਲੀ, ਭੁਲ ਜਾਣਾ, ਅਣਗੈਹਲੀ ਕਰਨਾ।

سهواً ***ਸਹਵਨ*** : ਗ਼ਲਤੀ ਨਾਲ, ਭੁਲ ਕੇ।

سُهولت ***ਸੁਹੂਲਤ*** : ਨਰਮੀ, ਅਸਾਨੀ, ਸੌਖ।

سهی ***ਸਹੀ*** : ਸਿਧਾ, ਉਚਾ।

سهیل ***ਸੁਹੈਲ*** : ਇਕ ਪਰਸਿੱਧ ਸਤਾਰਾ ਜੋ ਬੌਹਤ ਰੋਸ਼ਨ ਹੈ।

سی ***ਸੀ*** : ਤੀਹ, (੩੦)।

سیاح ***ਸੱਯਾਹ*** : ਬੌਹਤ ਸੈਰ ਕਰਨ ਵਾਲਾ।

سیاحت ***ਸਿਯਾਹਤ*** : ਗਸ਼ਤ, ਸੈਰ, ਸਫ਼ਰ।

سیادت ***ਸਿਯਾਦਤ*** : ਸਰਦਾਰੀ, ਬੁਜ਼ੁਰਗੀ।

سیّاره ***ਸੱਯਾਰਾ*** : ਸੈਲਾਨੀ, ਸੈਰ ਕਰਨ ਵਾਲਾ, ਕਾਫ਼ਲਾ, ਗਰਦਸ਼ ਕਰਨਾ ਵਾਲਾ ਸਤਾਰਾ।

سیاست ***ਸਿਯਾਸਤ*** : ਵਿਧਾਨ, ਮੁਲਕਦਾਰੀ/ਬਾਦਸਾਹਤ ਕਰਨ ਦਾ ਤਰੀਕਾ, ਨਿਗਾਹਬਾਨੀ, ਹਕੂਮਤ; ਕਸੂਰ/ਜੁਰਮ ਦੀ ਸਜ਼ਾ।

سیاق ***ਸਿਯਾਕ਼*** : ਚਲਾਉਣਾ, ਜਾਨ ਤੋੜਨਾ; ਹਿਸਾਬ ਕਿਤਾਬ; ਗਿਣਤੀ; ਤਰਜ਼।

سیاوش ***ਸਿਯਾਵਸ਼*** : ਈਰਾਨ ਦੇ ਬਾਦਸ਼ਾਹ ਕੈਕਾਊਸ ਦੀ ਬੇਟੇ ਦਾ ਨਾਮ, ਅਫ਼ਰਾਸਿਯਾਬ ਨੇ ਉਸ ਨੂੰ ਬੇਦਰਦੀ ਨਾਮ ਮਰਵਾ ਦਿਤਾ ਸੀ।

سیاه ***ਸਿਯਾਹ*** : ਕਾਲਾ, ਉਲਟਾ, ਮੂਧਾ, ਮਨਹੂਸ; ਖ਼ਰਾਬ।

سیاه‌دل, سیاه‌کار ***ਸਿਯਾਹ-ਦਿਲ, ਸਿਯਾਹ-ਕਾਰ*** : ਪਾਪੀ, ਜ਼ਾਲਮ, ਕਾਫ਼ਰ, ਪਖੰਡੀ, ਮੱਕਾਰ।

سیاهی ***ਸਿਯਾਹੀ*** : ਕਾਲਖ, ਕਾਲਾਪਣ, ਹਨੇਰਾ; ਸਿਆਹੀ।

سیب ***ਸੇਬ*** : ਇਕ ਪਰਸਿੱਧ ਫਲ।

سیف ***ਸੈਫ*** : ਤਲਵਾਰ; ਘੋੜੇ ਦੀ ਪੂਛ ਦੇ ਵਾਲ।

سیل ***ਸੈਲ,*** **سیلاب** ***ਸੈਲਾਬ*** : ਪਾਣੀ ਦੀ ਰੌ, ਲੈਹਰ, ਹੜ੍ਹ।

سیم ***ਸੀਮ*** : ਚਾਂਦੀ, ਦੌਲਤ।

سیمین ***ਸੀਮੀਨ*** : ਚਾਂਦੀ ਦਾ।

سیُم ***ਸਿਯੁਮ,*** **سِوُم** ***ਸਿਵੁਮ*** : ਤੀਜਾ।

سیماب ***ਸੀਮਾਬ*** : ਪਾਰਾ।

سینا ***ਸੀਨਾ*** : ਅਰਬ ਦੇ ਉਤਰ ਪਛਮ ਵਿਚ ਇਕ ਪਹਾੜ ਦਾ ਨਾਮ ਜਿਸ ਉਪਰ ਹਜ਼ਰਤ ਮੂਸਾ ਨੂੰ 'ਤੌਰਾਤ' (ਗਰੰਥ) ਮਿਲੀ ਸੀ, ਹਕੀਮ ਬੂ-ਅਲੀ ਦੇ ਦਾਦਾ ਦਾ ਨਾਮ।

سینہ ***ਸੀਨਾ*** : ਛਾਤੀ।

سینہ بند ***ਸੀਨਾ-ਬੰਦ*** : ਅੰਗੀ, ਘੋੜੇ ਨੂੰ ਬੰਨ੍ਹਣ ਦਾ ਚਮੜੇ ਦਾ ਤਸਮਾ ਜਾਂ ਪੇਟੀ।

سیہ ***ਸਿਯਹ*** : (ਸਿਆਹ **سیاہ**) ਕਾਲਾ।

سیبِ زمینی ***ਸੇਬ-ਏ-ਜ਼ਮੀਨੀ*** : ਆਲੂ।

سیحون ***ਸੈਹੂਨ*** : ਤਾਤਾਰ ਦੀ ਇਕ ਪਰਸਿੱਧ ਨਦੀ ਦਾ ਨਾਮ।

سیّد ***ਸੱਯਿਦ*** : ਸਰਦਾਰ, ਪੇਸ਼ਵਾ, ਇਮਾਮ, ਬਜ਼ੁਰਗ, ਰਈਸ, ਬੀਬੀ ਫ਼ਾਤਿਮਾ ਦੀ ਔਲਾਦ।

سیر ***ਸੈਰ*** : ਚੱਲਣਾ, ਘੁੰਮਣਾ ਫਿਰਨਾ, ਚਾਲ, ਚਮੜੇ ਦਾ ਤਸਮਾ, ਨਜ਼ਾਰਾ, ਤਮਾਸ਼ਾ, ਮਜ਼ਾ, ਮੇਲਾ, ਨੁਮਾਇਸ਼, ਹਾਸਾ-ਮਜ਼ਾਕ।

سیر ***ਸੇਰ*** : ਰਜਿਆ ਹੋਇਆ; ਸੌਖਾ, ਤੰਗ, ਬੇਜ਼ਾਰ, ਬੌਹਤ।

سِیَر ***ਸਿਯਰ*** : (ਸੀਰਤ **سیرت** ਦਾ ਬੌਹਵਚਨ) ਆਦਤਾਂ; ਜੀਵਨੀਆਂ।

سیراب ***ਸੇਰਾਬ*** : ਤਰਿਪਤ; ਪਾਣੀ ਨਾਲ ਭਰਿਆ ਹੋਇਆ, ਇਕ ਪਰਕਾਰ ਦਾ ਖਾਣਾ, ਸਰਸਬਜ਼।

سیرت ***ਸੀਰਤ*** : ਆਦਤ, ਖ਼ਸਲਤ, ਸੁਭਾ, ਜੀਵਨੀ।

شں(ਸ਼ੀਨ)

ش ***ਸ਼ੀਨ*** : ਫ਼ਾਰਸੀ ਵਰਨਮਾਲਾ ਦਾ ਸੋਲ੍ਹਵਾਂ ਅਤੇ ਅਰਬੀ ਦਾ ਤੇਰ੍ਹਵਾਂ ਅਖਰ, ਅਬਜਦ ਅਨੁਸਾਰ ਇਸ ਦੀ ਸੰਖਿਆ ੩੦੦ ਨਿਸ਼ਚਤ ਹੈ।

شاباش ***ਸ਼ਾਬਾਸ਼*** : (ਸ਼ਾਦ+ਬਾਸ਼ **شادباش** ਦਾ ਸੰਖਿਪਤ ਰੂਪ) ਵਾਹ ਵਾਹ, ਕੀ ਕੈਹਣੇ! ਬੌਹਤ ਖ਼ੂਬ, ਕਮਾਲ, ਜਦੋਂ ਲਾੜਾ ਲਾੜੀ ਨੂੰ ਆਪਣੇ ਘਰ ਲਿਆਉਂਦਾ ਹੈ ਤਾਂ ਉਸ ਸਮੇਂ ਜੇਹੜੀ ਰਕਮ ਲਾੜੇ ਲਾੜੀ ਦੇ ਸਿਰ ਤੋਂ ਸਰਵਾਰਨੇ ਦੀ ਤੌਰ ਤੇ ਕੀਤੀ ਜਾਂਦੀ ਹੈ, ਉਸ ਨੂੰ ਵੀ 'ਸ਼ਾਬਾਸ਼' ਕੈਂਹਦੇ ਹਨ।

شابورد ***ਸ਼ਾਬਵਰਦ*** : ਚੰਦ ਉਦਾਲੇ ਦਾ ਹਾਲਾ।

شاپور ***ਸ਼ਾਪੂਰ*** : ਬਾਦਸ਼ਾਹ ਦਾ ਬੇਟਾ, ਈਰਾਨ ਦੇ ਸਾਸਾਨੀ ਬਾਦਸ਼ਾਹਾਂ ਵਿਚੋਂ ਦੂਜਾ ਬਾਦਸ਼ਾਹ, ਜਿਸ ਨੇ 31 ਸਾਲ ਰਾਜ ਕੀਤਾ ਅਤੇ ਰੋਮ ਨੂੰ ਜਿਤਿਆ; ਇਕ ਚਿਤਰਕਾਰ ਦਾ ਨਾਮ ਜੋ ਪਰਵੇਜ਼ ਦਾ ਨੌਕਰ ਸੀ ਅਤੇ ਸ਼ੀਰੀਂ ਦਾ ਚਿਤਰ ਬਣਾ ਕੇ ਲਿਆਇਆ ਸੀ; ਇਕ ਪੈਹਲਵਾਨ ਦਾ ਨਾਮ।

شاتو ***ਸ਼ਾਤੂ*** : ਪੌੜੀ।

شاخ ***ਸ਼ਾਖ*** : ਡਾਲੀ; ਸਿੰਗ ਟੋਟਾ; ਬਾਂਹ, ਲਤ; ਨੈਹਰ 'ਚੋਂ ਕਢਿਆ ਸੂਆ; ਸੁਰਾਹੀ, ਸ਼ਾਰਬ ਦਾ ਪਿਆਲਾ।

شاخوبرگ ***ਸ਼ਾਖ-ਉ-ਬਰਗ*** : ਲੰਮਾਈ ਚੁੜਾਈ; ਗੱਲਬਾਤ, ਕਥਾ,ਕਹਾਣੀ; ਸਮਾਨ।

شاد ***ਸ਼ਾਦ*** : ਖ਼ੁਸ਼, ਪਰਸੰਨ।

شادباش ***ਸ਼ਾਦ ਬਾਸ਼*** : ਖ਼ੁਸ਼ ਰਹੋ, ਵਾਹ! ਕਮਾਲ! ਫ਼ਾਰਸੀ ਮਹੀਨੇ ਦੀ ਛਬੀ ਮਿਤੀ।

شادبہر ***ਸ਼ਾਦ-ਬਹਰ,*** **شادخوار** ***ਸ਼ਾਦ-ਖ਼੍ਵਾਰ*** : ਵਡਭਾਗਾ, ਰਜਿਆ ਪੁਜਿਆ।

شادخواب ***ਸ਼ਾਦ-ਖ਼੍ਵਾਬ*** : ਮਿਠੀ ਨੀਂਦ।

شادکام ***ਸ਼ਾਦ-ਕਾਮ*** : ਖ਼ੁਸ਼।

شاداب ***ਸ਼ਾਦਾਬ*** : ਚੰਗੀ ਤਰ੍ਹਾਂ ਸਿੰਜਿਆ ਹੋਇਆ, ਪਾਣੀ ਨਾਲ ਤਰ-ਬ-ਤਰ; ਹਰਿਆ ਭਰਿਆ।

شادگونہ ***ਸ਼ਾਦਗੂਨਾ*** : ਰਜ਼ਾਈ, ਨਿਹਾਲੀ, ਲਿਹਾਫ਼, ਵਿਛੌਣਾ, ਗਾਉਣ ਵਾਲੀ, ਡੂਮਣੀ।

شادماں ***ਸ਼ਾਦਮਾਂ,*** **شادمان** ***ਸ਼ਾਦਮਾਨ*** : ਖ਼ੁਸ਼-ਉ-ਖ਼ੁਰਮ, ਅਨੰਦ-ਪਰਸੰਨ।

شادمانی ***ਸ਼ਾਦਮਾਨੀ*** : ਖ਼ੁਸ਼ੀ, ਪਰਸੰਨਤਾ।

شادی ***ਸ਼ਾਦੀ*** : ਪਰਸੰਨਤਾ, ਜਸ਼ਨ, ਮੌਜ-ਮੇਲਾ।

شادیانہ ***ਸ਼ਾਦੀਯਾਨਾ*** : ਖ਼ੁਸ਼ੀ ਦਾ ਵਾਜਾ-ਗਾਜਾ, ਅਨੰਦ-ਦਾਇਕ ਵਾਜਾ, ਮੁਬਾਰਕਬਾਦ।

شادیمرگ ***ਸ਼ਾਦੀ ਮਰਗ*** : ਬੌਹਤੀ ਖ਼ੁਸ਼ੀ ਕਾਰਨ ਹੋਈ ਮੌਤ, ਓਹ ਵਿਅਕਤੀ ਜੋ ਖ਼ੁਸ਼ੀ ਦੀ ਬੌਹਲਤਾ ਕਰਕੇ ਮਰ ਜਾਵੇ।

شادیچہ ***ਸ਼ਾਦੀਚਾ*** : ਰਜ਼ਾਈ, ਲੇਫ਼, ਵਿਛੌਣਾ, ਜੁਤੀ।

شاذ ***ਸ਼ਾਜ਼*** : ਅਦੁੱਤੀ, ਅਸਧਾਰਨ, ਘੱਟ, ਇਕਲਾ, ਅਡਰਾ।

شاذونادر ***ਸ਼ਾਜ਼-ਉ-ਨਾਦਿਰ*** : ਕਦੀ ਕਦੀ, ਸਬੱਬ ਨਾਲ, ਵਕਤ-ਬ-ਵਕਤ।

شار ***ਸ਼ਾਰ*** : ਸ਼ੈਹਰ, ਕਸਬਾ, ਬਸਤੀ, ਉਚੀ ਇਮਾਰਤ; ਪਾਣੀ ਸੁਟਣਾ; ਨਾਚ; ਮਿਲਾਵਟ,

ਘੋਟ (ਸੋਨੇ ਚਾਂਦੀ ਵਿਚ) ਗਿਦੜ; ਰਸਤਾ; ਮੈਨਾ; ਸਾੜ੍ਹੀ; ਵਡਾ ਸੱਪ।

شارب ***ਸ਼ਾਰਿਬ*** : ਪੀਣ ਵਾਲਾ, ਪਿਆਕ; ਮੁਛ।

شارح ***ਸ਼ਾਰਿਹ*** : ਵਿਆਖਿਆ ਕਰਨ ਵਾਲਾ, ਵਿਆਖਿਆਕਾਰ; ਖੇਤ ਦਾ ਰਖਵਾਲਾ।

شارع ***ਸ਼ਾਰਿਅ*** : ਵਡਾ ਰਸਤਾ, ਮਾਰਗ, ਖੁਲ੍ਹਾ ਸਿਧਾ ਰਾਹ, ਕਥਨੀ ਕਰਨੀ ਦਾ ਸੂਰਾ; ਦੀਨੀ ਸਿਖਿਆ ਦੇਣ ਵਾਲਾ, ਸ਼ੁਰੂ ਕਰਨ ਵਾਲਾ।

شارق ***ਸ਼ਾਰਿਕ*** : ਚਮਕਦਾ ਹੋਇਆ, ਰੋਸ਼ਨ; ਸੂਰਜ।

شارک ***ਸ਼ਾਰਕ,*** شارو ***ਸ਼ਾਰੂ*** : ਪਰਸਿੱਧ ਪੰਛੀ, ਮੈਨਾ, ਬੁਲਬੁਲ।

شارمار ***ਸ਼ਾਰਮਾਰ*** : ਵਡਾ ਸੱਪ, ਨਾਗ।

شاره ***ਸ਼ਾਰਾ*** : ਨਕਸ਼ ਨਗਾਰ ਕੀਤੀ ਹੋਈ ਪਗੜੀ, ਚੀਰਾ, ਸਾੜ੍ਹੀ।

شاش ***ਸ਼ਾਸ਼,*** شاشه ***ਸ਼ਾਸ਼ਾ*** : ਪਿਸ਼ਾਬ, ਬੌਲ।

شاشدان ***ਸ਼ਾਸ਼ਦਾਨ*** : ਪਿਸ਼ਾਬ ਕਰਨ ਦਾ ਭਾਂਡਾ, ਪਿਸ-ਪਾਟ।

شاطر ***ਸ਼ਾਤਿਰ*** : ਚਲਾਕ, ਫ਼ਰੇਬੀ, ਤੰਗ ਕਰਨ ਵਾਲਾ; ਦੂਤ; ਚੋਰ, ਗੰਢ-ਕਪ, ਉਚਕਾ, ਸ਼ਤਰੰਜ ਦਾ ਖਿਡਾਰੀ, ਸ਼ੋਖ; ਬਾਦਸ਼ਾਹ ਦੀ ਸੁਆਰੀ ਦੇ ਅਗੇ ਅਗੇ ਦੌੜਨ ਵਾਲਾ ਬਾਵਰਦੀ ਸਿਪਾਹੀ।

شاطرزاده ***ਸ਼ਾਤਿਰ-ਜ਼ਾਦਾ*** : ਚੁਸਤ ਚਲਾਕ; ਸੇਵਾਦਾਰ, ਚਾਕਰ।

شاعر ***ਸ਼ਾਇਰ*** : ਸ਼ੇਅਰ ਕੈਹਣ ਵਾਲਾ ਕਵੀ; ਅਕਲਮੰਦ, ਸਿਆਣਾ।

شاعری ***ਸ਼ਾਇਰੀ*** : ਸ਼ੇਅਰ ਕੈਹਣਾ, ਕਵਿਤਾ ਰਚਣਾ, ਵਧਾ ਚੜ੍ਹਾ ਕੇ ਗੱਲ ਕਰਨੀ, ਝੂਠ ਕੈਹਣਾ।

شاغوله ***ਸ਼ਾਗੂਲਾ*** : ਪਗੜੀ ਦਾ ਸ਼ਮਲਾ।

شافعی ***ਸ਼ਾਫ਼ਈ*** : ਮੁਸਲਮਾਨਾਂ ਦੇ ਇਕ ਬੌਹਤ ਵਡੇ ਇਮਾਮ ਦਾ ਲਕਬ ਜਿਸ ਦਾ ਅਸਲੀ ਨਾਮ ਮੁਹੰਮਦ-ਬਿਨ-ਇਦਰੀਸ-ਬਿਨ ਅੱਬਾਸ-ਬਿਨ ਉਸਮਾਨ ਬਿਨ ਸ਼ਾਫ਼ਿਅ ਸੀ, ਉਸ ਦਾ ਦੇਹਾਂਤ ੩੦੪ ਹਿਜਰੀ ਵਿਚ ਹੋਇਆ, ਮੁਸਲਮਾਨਾਂ ਦੇ ਚਾਰ ਮੁਖ ਫ਼ਿਰਕਿਆਂ ਵਿਚੋਂ ਇਕ ਫ਼ਿਰਕਾ, ਇਸ ਫ਼ਿਰਕੇ ਦਾ ਅਨੁਯਾਈ, ਪੈਰੋਕਾਰ।

شافی ***ਸ਼ਾਫ਼ੀ*** : ਸ਼ਿਫ਼ਾ ਦੇਣ ਵਾਲਾ, ਤਸੱਲੀ ਦੇਣ ਵਾਲਾ, ਸ਼ਕ ਦੂਰ ਕਰਨ ਵਾਲਾ।

شافیِ مطلق ***ਸ਼ਾਫ਼ੀ-ਏ-ਮੁਤਲਕ਼*** : ਸ਼ਿਫ਼ਾ ਬਖ਼ਸ਼ਣ ਵਾਲਾ, ਅਲੱਾਹ, ਰਬ।

شاک ***ਸ਼ਾਕ*** : ਇਸਤਰੀਆਂ ਦੀ ਅੰਗੀ, ਸੀਨਾ ਬੰਦ; ਸ਼ੱਕੀ।

شاکار ***ਸ਼ਾਕਾਰ,*** شاکر ***ਸ਼ਾਕਰ*** : ਵਗਾਰ, ਵਗਾਰ ਵਿਚ ਕੰਮ ਕਰਨ ਵਾਲਾ, ਵਗਾਰੀ।

شاکر ***ਸ਼ਾਕਿਰ*** : ਸ਼ੁਕਰ ਕਰਨ ਵਾਲਾ, ਸ਼ੁਕਰ ਗੁਜ਼ਾਰ; ਸੰਤੋਖੀ।

شاکی ***ਸ਼ਾਕੀ*** : ਸ਼ਿਕਵਾ ਕਰਨ ਵਾਲਾ।

شاگرد ***ਸ਼ਾਗਿਰਦ*** : ਨੌਕਰ, ਚਾਕਰ, ਸੇਵਕ, ਵਿਦਿਆਰਥੀ, ਚੇਲਾ, ਉਮੀਦਵਾਰ।

شال ***ਸ਼ਾਲ*** : ਗੋਦੜੀ, ਸ਼ਾਲ, ਪਸ਼ਮੀਨੇ ਦੀ ਚਾਦਰ, ਤਾਹਰੂ (ਘੋੜੇ ਦਾ)।

شال‌باف ***ਸ਼ਾਲ-ਬਾਫ਼*** : ਸ਼ਾਲ ਬੁਣਨ ਵਾਲਾ।

شالکی ***ਸ਼ਾਲਕੇ*** : ਪਟੂ, ਲੋਈ।

شالی ***ਸ਼ਾਲੀ*** : ਧਾਨ, ਜੀਰੀ।

شام ***ਸ਼ਾਮ*** : ਸੂਰਜ ਡੁਬਣ ਦਾ ਸਮਾਂ, ਦੋ ਵਕਤਾਂ ਦੇ ਮਿਲਣ ਦਾ ਸਮਾਂ, ਸ਼ਾਮ ਵੇਲੇ ਦਾ ਖਾਣਾ।

شامِ رسمی ***ਸ਼ਾਮ-ਏ-ਰਸਮੀ*** : ਬੜੀ ਵਧੀਆ ਦਾਵਤ।

شامِ غریباں ***ਸ਼ਾਮ-ਏ-ਗ਼ਰੀਬਾਂ*** : ਸਫ਼ਰ ਦੀ ਸ਼ਾਮ, ਮੁਸੀਬਤ ਦੀ ਸ਼ਾਮ, ਮੁਹਰਮ ਮਹੀਨੇ ਦੀ ਗਿਆਰਵੀਂ ਸ਼ਾਮ।

شامگاه ***ਸ਼ਾਮਗਾਹ*** : ਸ਼ਾਮ ਦਾ ਸਮਾਂ।

شام ***ਸ਼ਾਮ*** : ਅਰਬ ਦੇ ਉਤਰ ਵੱਲ ਇਕ ਪਰਸਿੱਧ ਮੁਲਕ ਜਿਸ ਦੀ ਰਾਜਧਾਨੀ ਦਮਸ਼ਕ ਹੈ, ਸ਼ੀਰੀਆ।

شامت ***ਸ਼ਾਮਤ*** : ਬਦਸ਼ਗਨੀ, ਆਫ਼ਤ, ਬੁਰਾਈ।

شامتِ اعمال ***ਸ਼ਾਮਤ-ਏ-ਆਅਮਾਲ*** : ਕੀਤੇ ਗੁਨਾਹਾਂ ਦੀ ਸਜ਼ਾ, ਗੁਨਾਹਾਂ ਦਾ ਨਤੀਜਾ, ਕਰਤੂਤ ਦਾ ਬਦਲਾ।

شامل ***ਸ਼ਾਮਿਲ*** : ਮਿਲਿਆ ਹੋਇਆ, ਰਲਿਆ ਹੋਇਆ, ਇੱਕਠਾ, ਭਾਈਵਾਲ।

شاملِ حال ***ਸ਼ਾਮਿਲ-ਏ-ਹਾਲ*** : ਹਰ ਹਾਲ ਵਿਚ ਨਾਲ ਰੈਹਣ ਵਾਲਾ, ਦੋਸਤ, ਸਹਾਇਕ।

شامہ ***ਸ਼ਾਮਾ*** : ਬੁਰਕਾ, ਮੂੰਹ ਢੱਕਣ ਵਾਲੀ ਔਰਤ ਦੀ ਚਾਦਰ; ਸੁਆਮੀ, ਸ਼ਾਮ ਦਾ ਖਾਣਾ; ਕਾਲੀ ਸ਼ੈ, ਹਨੇਰਾ; ਬਾਜ਼ ਦੀ ਟੋਪੀ; ਬੈਠਣ ਦੀ ਥਾਂ; ਕੰਘੀ।

شامّہ ***ਸ਼ੱਮਾ*** : ਸੁੰਘਣ ਸ਼ਕਤੀ।

شان ***ਸ਼ਾਨ/ਸ਼ਾਂ*** : (ਏਸ਼ਾਂ/ਈਸ਼ਾਂ ਦਾ ਸੰਖਿਪਤ ਰੂਪ) ਓਹ।

شان ***ਸ਼ਾਨ*** : ਸ਼ੈਹਦ ਦੀਆਂ ਮਖੀਆਂ ਦਾ ਛੱਤਾ; ਵਡਿਆਈ; ਠਾਠ; ਹਾਲਤ; ਹੱਕ; ਕੰਮ ਕਾਜ।

شان و شوکت ***ਸ਼ਾਨ-ਉ-ਸ਼ੌਕਤ*** : ਕਦਰ, ਮਰਤਬਾ, ਠਾਠ-ਬਾਠ।

شانہ ***ਸ਼ਾਨਾ*** : ਕੰਘੀ, ਮੋਢੇ ਦੀ ਹੱਡੀ; ਮੋਢਾ, ਜੁਲਾਹਿਆਂ ਦੀ ਕੰਘੀ; ਕੂੰਚ, ਸ਼ੈਹਦ ਦਾ ਛੱਤਾ; ਇਕ ਦੰਦਿਆਂ ਵਾਲਾ ਸੰਦ।

شانہ زدن ***ਸ਼ਾਨਾ ਜ਼ਦਨ*** : ਕੰਘੀ ਕਰਨਾ, ਸਵਾਰਨਾ, ਮੋਢਾ ਮਾਰਨਾ।

شاہ ***ਸ਼ਾਹ*** : ਬਾਦਸ਼ਾਹ, ਸੁਆਮੀ, ਅਸਲ, ਜਵਾਈ; ਸ਼ਤਰੰਜ ਦਾ ਸਭ ਤੋਂ ਵੱਡਾ ਮੋਹਰਾ, ਬਾਦਸ਼ਾਹ।

شاہ آلو ***ਸ਼ਾਹ ਆਲੂ*** : ਆਲੂ ਬੁਖ਼ਾਰਾ।

شاہان ***ਸ਼ਾਹਾਨ*** : ਸ਼ਾਹ ਦਾ ਬੋਹਵਚਨ।

شاہِ انجم ***ਸ਼ਾਹ-ਏ-ਅੰਜੁਮ*** : ਸੂਰਜ।

شاہباز ***ਸ਼ਾਹ-ਬਾਜ਼*** : ਸਫ਼ੇਦ ਬਾਜ਼, ਸ਼ਿਕਾਰੀ ਬਾਜ਼।

شاہبوی ***ਸ਼ਾਹ-ਬੂਯ*** : ਅੰਬਰ, ਅੰਬੀਰ।

شاہبیت ***ਸ਼ਾਹ ਬੈਤ*** : ਗ਼ਜ਼ਲ ਜਾਂ ਕਸੀਦੇ ਦਾ ਸਰਬੋਤਮ ਸ਼ੇਅਰ।

شاہِ ترکان ***ਸ਼ਾਹ-ਏ-ਤੁਰਕਾਨ*** : ਅਫ਼ਰਾਸਿਯਾਬ ਜੋ ਤੁਰਕਿਸਤਾਨ ਦਾ ਬਾਦਸ਼ਾਹ ਸੀ।

شاہِ چین ***ਸ਼ਾਹ-ਏ-ਚੀਨ***, **شاہِ خاور** ***ਸ਼ਾਹ-ਏ-ਖ਼ਾਵਰ***, **شاہِ مشرق** ***ਸ਼ਾਹ-ਏ-ਮਸ਼ਰਿਕ*** : ਸੂਰਜ।

شاہدارو ***ਸ਼ਾਹ ਦਾਰੂ*** : ਜਮਸ਼ੈਦ ਦੀ ਅੰਗੂਰੀ ਸ਼ਰਾਬ ਦਾ ਨਾਮ।

شاہدانہ ***ਸ਼ਾਹ ਦਾਨਾ*** : ਭੰਗ ਦਾ ਬੀਜ, ਵੱਡਾ ਮੋਤੀ, ਤਸਬੀ ਦਾ ਵਡਾ ਦਾਣਾ।

شاہرش ***ਸ਼ਾਹ-ਰਸ਼*** : ਚੌੜੀ ਤੇ ਖੁਲ੍ਹੀ ਛਾਤੀ ਵਾਲਾ; ਲੰਮੀਆਂ ਬਾਹਾਂ ਵਾਲਾ।

شاہِ زنگ ***ਸ਼ਾਹ-ਏ-ਜ਼ੰਗ*** : ਰਾਤ।

شاہسپرغم ***ਸ਼ਾਹ ਸਪਰਗ਼ਮ***, **شاہسپرم** ***ਸ਼ਾਹ ਸਪਰਮ***, **شاہسفرم** ***ਸ਼ਾਹ ਸਫ਼ਰਮ*** : ਨਾਜ਼ਬੂ, ਨਿਆਜ਼ਬੋਜ਼।

شاہِ عرب ***ਸ਼ਾਹ-ਏ-ਅਰਬ*** : ਹਜ਼ਰਤ ਮੁਹੰਮਦ ਸਾਹਿਬ।

شاہِ گوہراں ***ਸ਼ਾਹ-ਏ-ਗੌਹਰਾਂ*** : ਪਰਵੇਜ਼ ਦੇ ਖ਼ਜ਼ਾਨੇ ਦਾ ਇਕ ਵਡਾ ਮੋਤੀ ਜਿਸ ਬਾਰੇ ਕੈਂਹਦੇ ਹਨ ਕਿ ਜਦ ਡੋਰੀ ਵਿਚ ਪਰੋ ਕੇ ਉਸ ਨੂੰ ਨਦੀ ਵਿਚ ਸੁੱਟ ਕੇ ਕਢਦੇ ਤਾਂ ਉਸ ਨਾਲ ਹੋਰ ਵੀ ਕਈ ਮੋਤੀ ਚਿਮਟੇ ਆ ਜਾਂਦੇ।

شاہنشاہ ***ਸ਼ਾਹਨ ਸ਼ਾਹ*** : ('ਸ਼ਾਹਾਨੇ-ਸ਼ਾਹ' ਦਾ ਸੰਖਿਪਤ ਰੂਪ) ਬਾਦਸ਼ਾਹਾਂ ਦਾ ਬਾਦਸ਼ਾਹ, ਵਡਾ ਬਾਦਸ਼ਾਹ।

شاہنشاہِ فلک ***ਸ਼ਾਹਨਸ਼ਾਹ-ਏ-ਫ਼ਲਕ*** : ਸੂਰਜ।

شاہنشین ***ਸ਼ਾਹ ਨਸ਼ੀਨ*** : ਬਾਦਸ਼ਾਹ ਦੇ ਬੈਠਣ ਦੀ ਥਾਂ, ਉਚੀ ਥਾਂ।

شاہِ نیم روز ***ਸ਼ਾਹ-ਏ-ਨੀਮ ਰੋਜ਼*** :

ਸੂਰਜ।

شاهی ***ਸ਼ਾਹੀ*** : ਸਾਹ (ਬਾਦਸ਼ਾਹ ਨਾਲ ਸਬੰਧਤ) ਸਰਦਾਰੀ, ਸਮਰਾਟਤਾ, ਈਰਾਨ ਦੇ ਇਕ ਸਿਕੇ ਦਾ ਨਾਮ ਜੋ ਪੰਜਾਹ ਦੀਨਾਰ ਦੇ ਬਰਾਬਰ ਹੈ।

شاهد ***ਸ਼ਾਹਿਦ*** : ਗਵਾਹ, ਹਾਜ਼ਰ, ਜੁਮੇ ਦਾ ਦਿਨ, ਸ਼ੁਕਰਵਾਰ; ਕਿਯਾਮਤ ਦਾ ਦਿਨ, ਹਸੀਨ ਮਸ਼ੂਕ, ਸੁੰਦਰ ਮੈਹਬੂਬ।

شاهدباز ***ਸ਼ਾਹਿਦ ਬਾਜ਼*** : ਬਦਕਾਰ, ਵਿਭਚਾਰੀ।

شاهدِ رخِ زرد ***ਸ਼ਾਹਦ-ਏ-ਰੁਖ਼-ਜ਼ਰਦ,*** **شاهدروز** ***ਸ਼ਾਹਿਦ-ਏ-ਰੋਜ਼,*** **شاهدزعفرانی** ***ਸਾਹਿਦ-ਏ-ਜ਼ਾਅਫਰਾਨੀ*** : ਸੂਰਜ।

شاهدِغیب ***ਸ਼ਾਹਿਦ-ਏ-ਗ਼ੈਬ*** : ਅੱਲ੍ਹਾ, ਈਸ਼ਵਰ।

شاه‌کام ***ਸ਼ਾਹ ਕਾਮ*** : ਸ਼ਤਰੰਜਬਾਜ਼ ਮਾਤ ਦੇਣ ਵੇਲੇ ਕੈਂਹਦੇ ਹਨ ਕਿ ਹੁਣ ਬਾਦਸ਼ਾਹ ਕਦੀ ਨਹੀਂ ਜਾ ਸਕਦਾ।

شاهین ***ਸ਼ਾਹੀਨ*** : ਇਕ ਪਰਸਿੱਧ ਸ਼ਿਕਾਰੀ ਪੰਛੀ, ਤਕੜੀ ਦੀ ਸੂਈ ਜਾਂ ਵਿਚਕਾਰਲੀ ਰੱਸੀ, ਤਕੜੀ ਦੀ ਡੰਡੀ।

شاهین‌دزدی ***ਸ਼ਾਹੀਨ-ਦੁਜ਼ਦੀ*** : ਡੰਡੀ ਮਾਰਨਾ, ਹਥ ਦੀ ਚਲਾਕੀ ਨਾਲ ਘਟ ਤੋਲਣਾ।

شایان ***ਸ਼ਾਯਾਨ*** : (ਸ਼ਾਇਗਾਨ ਦਾ ਸੰਖਿਪਤ ਰੂਪ) ਜਾਇਜ਼, ਯੋਗ, ਲਾਇਕ, ਮੁਨਾਸਬ, ਜਰਦਾ, ਸੰਭਵ, ਮੁਮਕਿਨ।

شائبه ***ਸ਼ਾਇਬਾ*** : ਮਿਲਾਵਟ।

شائستگی ***ਸ਼ਾਇਸਤਗੀ*** : ਯੋਗਤਾ, ਸ਼ਿਸ਼ਟਤਾ।

شائسته ***ਸ਼ਾਇਸਤਾ*** : ਯੋਗ, ਉਚਿਤ।

شائع ***ਸ਼ਾਇਅ*** : ਪਰਗਟ; ਆਮ, ਪਰਸਿੱਧ, ਹਾਵੀ, ਛਾਪ ਕੇ ਪਰਚਾਰਿਆ ਗਿਆ।

شائق ***ਸ਼ਾਇਕ਼*** : ਸ਼ੁਕੀਨ, ਚਾਹਵਾਨ, ਮੁਸ਼ਤਾਕ।

شایگان ***ਸਾਯਗਾਨ*** : ਬਾਦਸ਼ਾਹ ਦੇ ਯੋਗ ਉਮਦਾ ਸ਼ੈ; ਬੌਹਤ ਸਾਰਾ ਮਾਲ ਅਸਬਾਬ, ਜ਼ਖ਼ੀਰਾ, ਖੁਲ੍ਹਾ, ਲੰਮਾ ਚੌੜਾ; ਵਗਾਰ, ਪਰਵੇਜ਼ ਦੇ ਖ਼ਜ਼ਾਨਿਆਂ ਵਿਚੋਂ ਇਕ ਖ਼ਜ਼ਾਨਾ।

شب ***ਸ਼ਬ*** : ਰਾਤ।

شب‌بازی ***ਸ਼ਬ-ਬਾਜ਼ੀ*** : ਰਾਤ ਦਾ ਤਮਾਸ਼ਾ, ਨਵੀ ਗਲ ਜਾਂ ਘਟਨਾ।

شب و روز ***ਸ਼ਬ-ਉ-ਰੋਜ਼,*** **شباروز** ***ਸ਼ਬਾਰੋਜ਼*** : ਦਿਨ ਰਾਤ।

شبان‌گاه ***ਸ਼ਬਾਂ ਗਾਹ*** : ਰਾਤ ਦਾ ਸਮਾਂ; ਰਾਤ ਕਟਣ ਦੀ ਥਾਂ, ਰੈਣ ਬਸੇਰਾ; ਆਜੜੀ ਦਾ ਟਿਕਾਣਾ; ਸ਼ਾਹੀ ਖ਼੍ਵਾਬ ਗਾਹ।

شباب ***ਸ਼ਬਾਬ*** : ਜਵਾਨੀ, ਆਦਿ, ਰਾਗ ਦੀ ਇਕ ਸੁਰ।

شباب ***ਸ਼ਿਬਾਬ*** : ਲਾਲ ਰੰਗ ਦਾ ਛੋਟਾ ਜੇਹਾ ਫੁਲ, ਗਲਾਸ।

شبِ‌برات ***ਸ਼ਬ-ਏ-ਬਰਾਤ,*** **شب‌چک** ***ਸ਼ਬਚਕ*** : ਸ਼ਾਅਬਾਨ ਮਹੀਨੇ ਦੀ ਚੌਦ੍ਹਵੀਂ ਤੇ ਪੰਦਰ੍ਹਵੀਂ ਮਿਤੀ ਵਿਚਕਾਰਲੀ ਰਾਤ, ਮੁਸਲਾਮਾਨਾਂ ਦੇ ਅਕੀਦੇ ਅਨੁਸਾਰ ਇਸ ਰਾਤ ਉਮਰ ਦਾ ਹਿਸਾਬ ਅਤੇ ਰਿਜ਼ਕ ਦੀ ਵੰਡ ਦਾ ਕੰਮ ਹੁੰਦਾ ਹੈ।

شب‌بیدار ***ਸ਼ਬ-ਬੇਦਾਰ,*** **شب‌خیز** ***ਸ਼ਬ-ਖ਼ੇਜ਼*** : ਰਾਤ ਨੂੰ ਜਾਗਣ ਵਾਲਾ ਤੇ ਇਬਾਦਤ ਕਰਨ ਵਾਲਾ।

شب‌پر ***ਸ਼ਬ-ਪਰ,*** **شب‌پره** ***ਸ਼ਬ-ਪੱਰਾ*** : ਚਮਗਿਦੜ।

شب‌چراغ ***ਸ਼ਬ-ਚਿਰਾਗ਼*** : ਮੋਤੀ ਜੇਹੜਾ ਰਾਤ ਨੂੰ ਦੀਵੇ ਵਾਂਗ ਚਮਕਦਾ ਹੈ, ਇਕ ਪਰਕਾਰ ਦੀ ਸਮੁੰਦਰੀ ਗਾਂ ਜੋ ਘਾਹ ਚਰਨ ਲਈ ਸਮੁੰਦਰ ਦੇ ਕੰਢੇ ਆ ਜਾਂਦੀ ਹੈ ਅਤੇ ਇਸ ਮੋਤੀ ਨੂੰ ਮੂੰਹ ਵਿਚੋਂ ਕੱਢ ਕੇ ਧਰਤੀ ਤੇ ਰਖ ਦਿੰਦੀ ਹੈ ਅਤੇ ਘਾਹ ਚਰਦੀ ਰੈਂਹਦੀ ਹੈ।

شبح ***ਸ਼ਬਹ*** : ਸ਼ਰੀਰ, ਧੜ।

شب‌خون ***ਸ਼ਬ-ਖ਼ੂਨ*** : ਰਾਤ ਨੂੰ ਖ਼ੁਫੀਆ ਤੌਰ 'ਤੇ ਅਵੇਸਲੇ ਦੁਸ਼ਮਣ ਤੇ ਹਮਲਾ ਕਰਨਾ ਤੇ

ਦੁਸ਼ਮਣ ਦੀ ਫ਼ੌਜ ਨੂੰ ਕਤਲ ਕਰਨਾ, ਰਾਤ ਦਾ ਫ਼ੌਜੀ ਛਾਪਾ।

شبدیز ***ਸ਼ਬ-ਦੀਜ਼*** : ਰਾਤ ਦੇ ਰੰਗ ਵਰਗਾ ਕਾਲਾ ਘੋੜਾ, ਖ਼ੁਸਰੋ ਪਰਵੇਜ਼ ਦੇ ਮੁਸ਼ਕੀ ਘੋੜੇ ਦਾ ਨਾਮ।

شبرنگ ***ਸ਼ਬ-ਰੰਗ*** : ਸਿਯਾਵੁਸ਼ ਦੇ ਘੋੜੇ ਦਾ ਨਾਮ; ਪਰਵੇਜ਼ ਦੇ ਘੋੜੇ ਦਾ ਨਾਮ, ਕਾਲੇ ਰੰਗ ਦਾ ਘੋੜਾ; ਕਾਲਾ, ਰਾਤ ਦੇ ਰੰਗ ਵਰਗਾ।

شبستان ***ਸ਼ਬਿਸਤਾਨ*** : ਰਾਤ ਦੇ ਰੈਹਣ ਦਾ ਮਕਾਨ; ਬਾਦਸ਼ਾਹਾਂ ਦੇ ਸੌਣ ਦੀ ਥਾਂ, ਮਸਜਦ ਵਿਚ ਰਾਤ ਨੂੰ ਇਬਾਦਤ ਕਰਨ ਦੀ ਥਾਂ।

شبقدر ***ਸ਼ਬ-ਕਦਰ,*** **ليلت القدر** ***ਲੈਲਤ-ਉਲ-ਕਦਰ*** : ਰਮਜ਼ਾਨ ਮਹੀਨੇ ਦੇ ਅਖ਼ੀਰਲੇ ਹਫ਼ਤੇ ਦੀ ਰਾਤ, ਰਮਜ਼ਾਨ ਮਹੀਨੇ ਦੀ ਸਤਾਈਵੀਂ ਰਾਤ, ਜਿਸ ਦੀ ਇਬਾਦਤ ਬੜੀ ਸਵਾਬ ਵਾਲੀ ਮੰਨੀ ਜਾਂਦੀ ਹੈ।

شبک ***ਸ਼ਿਬਕ*** : ਚਰਖ਼ੇ ਦਾ ਤਕਲਾ।

شبک ***ਸ਼ਬਕ*** : ਜਾਲ।

شبگرد ***ਸ਼ਬ-ਗਰਦ*** : ਰਾਤ ਨੂੰ ਫਿਰਨ ਵਾਲਾ, ਕੋਤਵਾਲ, ਪੈਹਰੇਦਾਰ, ਚੰਦ।

شبگل ***ਸ਼ਬ-ਗੁਲ*** : ਇਕ ਕਿਸਮ ਦਾ ਫੁਲ ਜੋ ਸਵੇਰ ਹੋਣ ਤੋਂ ਦੋ ਘੰਟੇ ਪੈਹਲਾਂ ਖਿੜਦਾ ਹੈ।

شبگیر ***ਸ਼ਬ-ਗੀਰ*** : ਅਧੀ ਰਾਤ ਤੋਂ ਪਿਛੋਂ ਦਾ ਸਮਾਂ, ਪਿਛਲੀ ਰਾਤ, ਵਡਾ ਤੜਕਾ, ਪਿਛਲੀ ਰਾਤ ਨੂੰ ਇਬਾਦਤ ਕਰਨ ਵਾਲਾ, ਵਡੇ ਤੜਕੇ ਜਾਗਣ ਵਾਲਾ, ਭਗਤ; ਰਾਤ ਨੂੰ ਕੰਮ ਕਰਮ ਵਾਲਾ, ਮੁਲਾਜ਼ਮ; ਬੁਲਬੁਲ; ਤੜਕੇ ਵੇਲੇ ਦਾ ਪਾਂਧੀ।

شبلی ***ਸ਼ਿਬਲੀ*** : ਇਕ ਪਰਸਿੱਧ ਆਲਿਮ ਫ਼ਾਜ਼ਿਲ ਤੇ ਵਲੀ ਦਾ ਨਾਮ, ਆਪ ਮਿਸਰੀ ਅਸਲੇ ਦੇ ਸਨ ਅਤੇ ਜਾਅਫ਼ਰ-ਬਿਨ-ਯੂਨਸ ਦੇ ਬੇਟੇ ਸਨ ਤੇ ਹਜ਼ਰਤ ਜੁਨੈਦ ਬਗਦਾਦੀ ਦੇ ਸ਼ਗਿਰਦ ਸਨ, ਆਪ ਦਾ ਦੇਹਾਂਤ ੨੩੪ ਹਿਜਰੀ ਵਿਚ ਹੋਇਆ।

شبّو ***ਸ਼ੱਬੂ,*** **شب بو** ***ਸ਼ਬ-ਬੂ*** : ਇਕ ਪਰਕਾਰ ਦੇ ਸਫੈਦ ਫੁਲ ਦਾ ਨਾਮ ਜਿਸ ਦੀ ਖ਼ੁਸ਼ਬੋ ਰਾਤ ਨੂੰ ਫੈਲਦੀ ਹੈ, ਰਾਤ ਦੀ ਰਾਣੀ।

شبه ***ਸ਼ਿਬਾ*** : ਮਿਸਲ, ਨਕਸ਼ਾ, ਤਸਵੀਰ।

شبه ***ਸ਼ੁਬਹ*** : ਸ਼ਕ, ਤੌਖਲਾ, ਵੈਹਮ।

شبهائے طاق ***ਸ਼ਬਹਾ-ਏ-ਤਾਕ਼*** : ਰਮਜ਼ਾਨ ਮਹੀਨੇ ਦੀਆਂ ੧੯, ੨੧, ਤੇ ੨੩ ਤਰੀਕਾਂ। ਈਰਾਨ ਵਾਲੇ ਏਹਨਾਂ ਰਾਤਾਂ ਵਿਚ ਜਾਗਦੇ ਰੈਂਹਦੇ ਹਨ, ਓਹਨਾਂ ਦਾ ਵਿਚਾਰ ਹੈ ਕਿ ਲੈਲਤੁਲਕਦਰ ਏਹਨਾਂ ਰਾਤਾਂ ਵਿਚੋਂ ਹੀ ਇਕ ਰਾਤ ਹੈ।

شبّیر ***ਸ਼ੱਬੀਰ,*** **شبیر** ***ਸ਼ਬੀਰ*** : ਹਜ਼ਰਤ ਹਾਰੂਨ ਦੇ ਦੂਜੇ ਬੇਟੇ ਦਾ ਨਾਂ 'ਹੁਸੈਨ' ਦਾ ਨਾਮ, ਨੇਕ, ਖ਼ੂਬਸੂਰਤ।

شبیه ***ਸ਼ਬੀਹ*** : ਵਰਗਾ, ਵਾਂਗ, ਓਹ ਤਸਵੀਰ ਜੋ ਕਿਸੇ ਆਦਮੀ ਦੀ ਅਸਲ ਸੂਰਤ ਵਾਂਗ ਬਣਾਈ ਗਈ ਹੋਵੇ; ਸ਼ਕਲ, ਸੂਰਤ।

شپ ***ਸ਼ਪ*** : ਉਛਲਣ ਕੁਦਣ ਵਾਲਾ, ਤੇਜ਼।

شپ شپ ***ਸ਼ਪ ਸ਼ਪ,*** **شپ شپا** ***ਸ਼ਪਾ ਸ਼ਪ*** : ਤੀਰਾਂ ਦੇ ਲਗਾਤਾਰ ਨਿਕਲਣ ਜਾਂ ਲਗਣ ਦੀ ਅਵਾਜ਼, ਛੇਤੀ ਛੇਤੀ।

شپر ***ਸ਼ੱਪਰ,*** **شپره** ***ਸ਼ਪਰਾ*** : ਚਮਗਿਦੜ।

شپش ***ਸ਼ਪਸ਼*** : ਜੂੰ।

شپلاق ***ਸ਼ਿਪਲਾਕ਼,*** **شپق** ***ਸ਼ਿਪਕ਼*** : ਥਪੜ, ਲਫੜ।

شتا ***ਸ਼ਿਤਾ*** : ਨਾਸ਼ਤਾ, ਨਹਾਰੀ।

شتاء ***ਸ਼ਿਤਾ*** : ਸਰਦੀ ਦਾ ਮੌਸਮ, ਸੀਤ।

شتابان ***ਸ਼ਿਤਾਬਾਨ*** : ਜਲਦੀ ਕਰਦਾ ਹੋਇਆ, ਦੌੜਦਾ ਹੋਇਆ।

شتابنده ***ਸ਼ਿਤਾਬੰਦਾ*** : ਦੌੜਣ ਵਾਲਾ, ਕਾਹਲ ਕਰਨ ਵਾਲਾ।

شتر ***ਸ਼ੁਤਰ*** : ਊਠ, ਬੋਤਾ।

شتربار ***ਸ਼ੁਤਰ-ਬਾਰ*** : ਭਾਰ ਢੋਣ ਵਾਲਾ ਊਠ, ਲਾਦੂ ਊਠ।

شتربان ***ਸ਼ੁਤਰਬਾਨ*** : ਸਾਰਬਾਨ, ਊਠਾਂ ਵਾਲਾ, ਹੋਤ।

شترپا ***ਸ਼ੁਤਰ-ਪਾ,*** **شترپای** ***ਸ਼ਤਰ-ਪਾਯ*** : ਇਕ ਪਰਸਿੱਧ ਫੁਲ, ਸੂਰਜਮੁਖੀ।

شتردل ***ਸ਼ੁਤਰ-ਦਿਲ*** : ਬੁਜ਼ਦਿਲ,

ਡਰਪੋਕ, ਨਾਮਰਦ।

شترکره ***ਸ਼ੁਤਰ-ਕੱਰਾ*** : ਊਠ ਦਾ ਬੱਚਾ।

شترکینه ***ਸ਼ੁਤਰ-ਕੀਨਾ*** : ਕੀਨਾਵਰ, ਬਦਲੇ ਦਾ ਇਰਾਦਾ ਦਿਲ ਵਿਚ ਰਖਣ ਵਾਲਾ, ਰੱਬ ਨੂੰ ਨਾ ਮੰਨਣ ਵਾਲਾ, ਨਾਸਤਕ।

شترمرغ ***ਸ਼ੁਤਰ-ਮੁਰਗ਼*** : ਵਡੇ ਕਦ ਵਾਲਾ ਤੇ ਦੌੜਣ ਵਾਲਾ ਪੰਛੀ ਜਿਸ ਦੀ ਗਰਦਨ ਊਠ ਵਾਂਗ ਲੰਮੀ ਹੁੰਦੀ ਹੈ।

شترنگ ***ਸ਼ਤਰੰਗ*** : ਦੇਖੋ ਸ਼ਤਰੰਜ **شطرنج**।

شجاع ***ਸ਼ੁਜਾਅ*** : ਬਹਾਦਰ, ਦਲੇਰ।

شجاعت ***ਸ਼ੁਜਾਅਤ*** : ਬਹਾਦਰੀ, ਦਲੇਰੀ, ਬਹਾਦਰੀ ਵਿਖਾਉਣਾ, ਦਲੇਰ ਹੋਣਾ।

شجر ***ਸ਼ਜਰ*** : ਰੁਖ, ਬੂਟਾ, ਦਰਖ਼ਤ।

شجره ***ਸ਼ਜਰਾ*** : ਦਰਖ਼ਤ, ਰੁਖ, ਬੰਸਾਵਲੀ, ਪਿੰਡ ਦੇ ਖੇਤਾਂ ਦਾ ਨਕਸ਼ਾ।

شجرۂکلیم ***ਸ਼ਜਰਾ-ਏ-ਕਲੀਮ*** : ਪਹਾੜ ਤੂਰ ਦਾ ਖਜੂਰ ਦਾ ਰੁਖ ਜਿਸ ਤੋਂ ਹਜ਼ਰਤ ਮੂਸਾ ਨੇ ਵਾਦੀ-ਏਮਨ ਵਿਚ ਖ਼ੁਦਾ ਦਾ ਨੂਰ ਵੇਖਿਆ ਸੀ।

شحم ***ਸ਼ਹਮ*** : ਚਰਬੀ, ਮੁਟਾਪਾ।

شحّام ***ਸ਼ੱਹਾਮ*** : ਚਰਬੀ ਵੇਚਣ ਵਾਲਾ।

شحامت ***ਸ਼ਹਾਮਤ*** : ਚਰਬੀ ਵਾਲਾ ਹੋਣਾ, ਮੋਟਾ ਹੋਣਾ, ਮੁਟਾਈ।

شحمت ***ਸ਼ਹਮਤ*** : ਚਰਬੀ ਦਾ ਟੁਕੜਾ।

شحیم ***ਸ਼ਹੀਮ*** : ਮੋਟਾ, ਚਰਬਨਾਕ।

شخص ***ਸ਼ਖ਼ਸ*** : ਬਦਨ, ਸਰੀਰ, (ਚਾਹੇ ਮਨੁੱਖ ਦਾ ਹੋਵੇ ਜਾਂ ਪਸ਼ੂ ਦਾ), ਬਸ਼ਰ, ਜਾਨਦਾਰ ਲੋਕ (ਆਦਮੀ ਜਾਂ ਔਰਤ) ਜ਼ਾਤ, ਨਿੱਜ।

شخصی ***ਸ਼ਖ਼ਸੀ*** : ਸ਼ਖ਼ਸ ਨਾਲ ਸਬੰਧਤ, ਕਿਸੇ ਸ਼ਖ਼ਸ ਦਾ, ਜ਼ਾਤੀ, ਨਿਜੀ।

شدّ ***ਸ਼ੱਦ*** : ਮਜ਼ਬੂਤ ਕਰਨਾ, ਤਾਕਤ ਦੇਣਾ, ਦੌੜਣਾ, ਸੂਰਜ ਦਾ ਉਚਾ ਹੋਣਾ, ਗਾਉਣ ਲਈ ਉਚੀ ਸੁਰ ਕਢਣਾ, ਇਕ ਮਾਤਰਾ ਦਾ ਨਾਮ।

شدّاد ***ਸ਼ੱਦਾਦ*** : ਆਦਿ ਕੌਮ ਦਾ ਪਰਸਿੱਧ ਤੇ ਸ਼ਾਨਦਾਰ ਬਾਦਸ਼ਾਹ ਜਿਸ ਨੇ ਬਾਗ਼ ਦਾ ਨਮੂਨਾ ਬਣਾਇਆ, ਏਹ ਬਾਗ਼ ਬਾਰਾਂ ਕੋਹਾਂ ਵਿਚ ਸੀ, ਇਸ ਬਾਦਸ਼ਾਹ ਨੇ ਖ਼ੁਦਾਈ ਦਾ ਦਾਵਾ ਕੀਤਾ ਸੀ।

شدّت ***ਸ਼ਿੱਦਤ*** : ਸਖ਼ਤੀ, ਜਬਰ, ਜ਼ੋਰ।

شدن ***ਸ਼ੁਦਨ*** : ਹੋਣਾ, ਜਾਣਾ, ਗੁਜ਼ਰਨਾ।

شدّومدّ ***ਸ਼ੱਦ-ਓ-ਮੱਦ*** : ਸ਼ਾਨ-ਸ਼ੌਕਤ, ਠਾਠ-ਬਾਠ, ਧੂਮ-ਧਾਮ, ਉਚੇਚ।

شدّه ***ਸ਼ੱਦਾ*** : ਝੰਡਾ; ਮੋਤੀਆਂ ਦਾ ਹਾਰ।

شدید ***ਸ਼ਦੀਦ*** : ਮਜ਼ਬੂਤ, ਪੱਕਾ, ਸਖ਼ਤ, ਦਲੇਰ, ਕੰਜੂਸ, ਸ਼ੇਰ।

شدیدالعداوت ***ਸ਼ਦੀਦ-ਉਲ-ਅਦਾਵਤ*** : ਸਖ਼ਤ ਦੁਸ਼ਮਣੀ ਰਖਣ ਵਾਲਾ।

شدیدالعمل ***ਸ਼ਦੀਦ-ਉਲ-ਅਮਲ*** : ਸਖ਼ਤ ਤੇ ਕਰੜਾ ਕੰਮ ਕਰਨ ਵਾਲਾ, ਸੱਰ ਸਖ਼ਤੀ ਕਰਨਾ ਵਾਲਾ।

شرّ ***ਸ਼ੱਰ*** : ਬੁਰਾਈ, ਬਦੀ, ਬੁਰਾ, ਭੈੜਾ ਤਕਲੀਫ਼, ਦੁੱਖ, ਇਬਲੀਸ, ਸ਼ਤਾਨ, ਝਗੜਾ, ਫ਼ਸਾਦ।

شرانگیز ***ਸ਼ੱਰ-ਅੰਗੇਜ਼*** : ਫ਼ਸਾਦ ਕਰਨ ਵਾਲਾ, ਫ਼ਸਾਦੀ।

شرُور ***ਸ਼ਰੂਰ*** : (ਸ਼ੱਰ **شر** ਦਾ ਬੌਹਵਚਨ) ਸ਼ਰਾਰਤਾਂ, ਬਦੀਆਂ।

شراب ***ਸ਼ਰਾਬ*** : ਹਰ ਪੀਣ ਵਾਲੀ ਸ਼ੈ, ਮਦਿਰਾ, ਨਸ਼ੀਲਾ ਅਰਕ।

شرابزده ***ਸ਼ਰਾਬ-ਜ਼ਦਾ*** : ਸ਼ਰਾਬ ਦੇ ਨਸ਼ੇ ਵਿਚ ਚੂਰ ਤੇ ਬੇਹੋਸ਼।

شرابِشیراز ***ਸ਼ਰਾਬ-ਏ-ਸ਼ੀਰਾਜ਼,*** **شرابِطهور** ***ਸ਼ਰਾਬ-ਏ-ਤਹੂਰ*** : ਸ਼ੀਰਾਜ਼ ਦੀ ਅੰਗੂਰੀ ਸ਼ਰਾਬ, ਬਹਿਸ਼ਤ ਦੀ ਪਾਕ ਸ਼ਰਾਬ।

شرار ***ਸ਼ਰਾਰ*** : (ਸ਼ਰਾਰਾ **شراره** ਦਾ ਬੌਹਵਚਨ) ਅਗ ਦੀਆਂ ਉਡਣ ਵਾਲੀਆਂ ਚੰਗਿਆੜੀਆਂ, ਲਾਟਾਂ।

شراره ***ਸ਼ਰਾਰਾ*** : ਚੰਗਿਆੜੀ।

شرافت ***ਸ਼ਰਾਫ਼ਤ*** : ਬਜ਼ੁਰਗੀ, ਸਾਊਪੁਣਾ।

شربت ***ਸ਼ਰਬਤ*** : ਇਕ ਵਾਰ ਪੀਣਾ, ਇਕ ਵਾਰ ਪੀਣ ਦੀ ਮਾਤਰਾ, ਪੀਣ ਦੀ ਚੀਜ਼।

شربتِ‌حیوان ***ਸ਼ਰਬਤ-ਏ-ਹੈਵਾਨ,*** **شربتِ‌مسیحا** ***ਸ਼ਰਬਤ-ਏ- ਮਸੀਹਾ*** : ਆਬੇ-ਏ-ਹਯਾਤ, ਅੰਮ੍ਰਿਤ।

شربتی ***ਸ਼ਰਬਤੀ*** : ਇਕ ਕਿਸਮ ਦਾ ਬਰੀਕ ਰੇਸ਼ਮੀ ਕਪੜਾ, ਇਕ ਪਰਕਾਰ ਦੀ ਮਿਠਿਆਈ, ਜ਼ਰਦ ਆਲੂ ਵਰਗਾ ਇਕ ਫਲ, ਇਕ ਰੰਗ।

شرح ***ਸ਼ਰਹ*** : ਵਿਆਖਿਆ; ਖੋਲ੍ਹਣਾ; ਰੇਟ, ਭਾ।

شرر ***ਸ਼ਰਰ*** : (ਸ਼ਰਾਰਾ **شراره** ਦਾ ਬੌਹਵਚਨ) ਅਗ ਦੀਆਂ ਚੰਗਿਆੜੀਆਂ।

شرره ***ਸ਼ਰਰਾ*** : (=ਸ਼ਰਾਰਾ) (ਸ਼ਰੀਰ **شریر** ਦਾ ਬੌਹਵਚਨ) ਸ਼ਰਾਰਤੀ ਤੇ ਫ਼ਸਾਦੀ ਲੋਕ, ਅੱਗ ਦੀ ਚੰਗਿਆੜੀ।

شرط ***ਸ਼ਰਤ਼*** : ਬਿਦਣਾ; ਲਾਜ਼ਮ ਕਰਨਾ ਤੇ ਲਾਜ਼ਮ ਹੋਣਾ, ਇਕ ਕੰਮ ਦਾ ਦੂਜੇ ਕੰਮ ਨਾਲ ਸਬੰਧਤ ਹੋਣਾ, ਖ਼ਰੀਦਣ ਵੇਚਣ ਵਿਚ ਜ਼ਰੂਰੀ ਹੋਣਾ ਜਾਂ ਕਰਨਾ, ਇਕਰਾਰ, ਕਮੀਨਾ, ਕੈਦ, ਪਾਬੰਦੀ।

شروط ***ਸ਼ੁਰੂਤ਼*** : ਸ਼ਰਤ਼ **شرط** ਦਾ ਬੌਹਵਚਨ।

شرطیه ***ਸਰਤ਼ੀਯਾ*** : ਓਹ ਵਾਕ ਜਿਸ ਵਿਚ ਸ਼ਰਤ ਹੋਵੇ, ਇਕਾਈ।

شُرط/شرطه ***ਸ਼ੁਰਤ਼/ਸ਼ੁਰਤ਼ਾ*** : ਅਨੁਕੂਲ, ਨਿਸ਼ਾਨੀ, ਨਦੀ ਦਾ ਕਿਨਾਰਾ, ਛੋਟੀ ਨਦੀ।

شُرطی ***ਸ਼ੁਰਤੀ*** : ਕੋਤਵਾਲ ਦਾ ਪਿਆਦਾ, ਸਿਪਾਹੀ।

شرع ***ਸ਼ਰਅ*** : ਸਿਧਾ ਰਸਤਾ, ਰੱਬ ਤਕ ਪੁਜਣ ਦਾ ਰਾਹ, ਸ਼ਰੀਅਤ, ਇਸਲਾਮ ਅਨੁਸਾਰ ਧਾਰਮਕ ਵਿਧੀ-ਵਿਧਾਨ।

شرعه ***ਸ਼ਰਆ*** : ਇਸਲਾਮ, ਮੁਸਲਮਾਨੀ ਧਰਮ, ਦੀਨ-ਏ-ਹਕ, ਸਿਧਾ ਰਾਹ।

شِرعه ***ਸ਼ਿਰਆ*** : ਕਮਾਨ ਦਾ ਚਿੱਲਾ, ਤਾਰ, ਪੰਛੀ ਲਈ ਫੰਦਾ, ਜਾਲ।

شرف ***ਸ਼ਰਫ਼*** : ਬਜ਼ੁਰਗੀ, ਵਡਿਆਈ, ਉਚਾਈ, ਉਚੀ ਥਾਂ, ਉਚੀ ਪਦਵੀ, ਕੋਰੜਾ, ਉਠ ਦੀ ਕੁਹਾਣ, ਨੇੜੇ ਹੋਣਾ, ਗੌਰਵ।

شرف ***ਸ਼ੁਰਫ਼*** : (ਸ਼ੁਰਫ਼ਾ **شرفه** ਦਾ ਬੌਹਵਚਨ) ਇਮਾਰਤ ਦੇ ਕਿੰਗਰੇ, ਮਨ-ਪਸੰਦ ਮਾਲ।

شُرفا ***ਸ਼ੁਰਫ਼ਾ*** : (ਸ਼ਰੀਫ਼ **شریف** ਦਾ ਬੌਹਵਚਨ) ਬਜ਼ੁਰਗ ਤੇ ਸਾਊ ਲੋਕ।

شرفه ***ਸ਼ਰਫ਼ਾ*** : ਮਕਾਨ ਦਾ ਕਿੰਗਰਾ, ਮਨ-ਪਸੰਦ ਮਾਲ।

شرق ***ਸ਼ਰਕ*** : ਪੂਰਬ ਰੋਸ਼ਨ, ਚਮਕਦਾ, ਸੂਰਜ, ਰੋਸ਼ਨ ਹੋਣਾ, ਚੜ੍ਹਨਾ (ਸੂਰਜ ਦਾ)।

شرک ***ਸ਼ਿਰਕ*** : ਸ਼ਰੀਕ ਹੋਣਾ, ਖ਼ੁਦਾ ਦੀ ਜ਼ਾਤ ਤੇ ਸਿਫ਼ਤ ਵਿਚ ਕਿਸੇ ਨੂੰ ਸ਼ਰੀਕ ਬਣਾਉਣਾ, ਕੁਫ਼ਰ।

شرکت ***ਸ਼ਿਰਕਤ*** : ਸ਼ਾਮਲ ਹੋਣਾ, ਸਾਂਝੀ ਹੋਣਾ, ਭਾਈਵਾਲ ਹੋਣਾ, ਭਾਈਵਾਲੀ।

شرم ***ਸ਼ਰਮ*** : ਲਾਜ, ਝੇਪ, ਗੁਪਤ ਅੰਗ।

شرمسار ***ਸ਼ਰਮਸਾਰ*** : ਸ਼ਰਮਿੰਦਾ।

شرمگاه ***ਸ਼ਰਮਗਾਹ*** : ਗੁਪਤ ਅੰਗ।

شرمناک ***ਸ਼ਰਮਨਾਕ*** : ਸ਼ਰਮ ਦੇ ਯੋਗ।

شرمنده ***ਸ਼ਰਮਿੰਦਾ*** : ਸ਼ਰਮਸਾਰ, ਬਦਨਾਮ।

شرمه ***ਸ਼ਰਮਾ*** : ਨਦਾਮਤ।

شریان ***ਸ਼ਿਰਯਾਨ*** : ਚਲਦੀ ਰਗ, ਫੜਕਣ ਵਾਲੀ ਨਾੜੀ, ਛੋਟੀਆਂ ਛੋਟੀਆਂ ਰਗਾਂ ਜੋ ਦੂਜੀਆਂ ਰਗਾਂ ਦੇ ਹੇਠ ਹੁੰਦੀਆਂ ਹਨ, ਜਿਨ੍ਹਾਂ ਵਿਚ ਸਾਫ਼ ਤੇ ਸੁਰਖ਼ ਖ਼ੂਨ ਚੱਕਰ ਲਾਉਂਦਾ ਹੈ।

شَریر ***ਸ਼ਰੀਰ*** : ਸ਼ਰਾਰਤੀ, ਬੁਰਾ।

شِرّیر ***ਸ਼ਿੱਰੀਰ*** : ਬੌਹਤ ਭੈੜਾ, ਅਤਅੰਤ ਬੁਰਾ।

شریعت ***ਸ਼ਰੀਅਤ*** : ਮਜ਼ਹਬੀ ਹੁਕਮ, ਇਸਲਾਮੀ ਕਨੂੰਨ; ਖ਼ੁਦਾ ਤੱਕ ਪੁੱਜਣ ਦਾ ਰਾਹ; ਵਡੀ ਨਦੀ; ਵਗਦੀ ਨੈਹਰ; ਪਾਣੀ ਦਾ ਕੰਢਾ।

شریف ***ਸ਼ਰੀਫ਼*** : ਕੁਲੀਨ, ਬਜ਼ੁਰਗ, ਭਲਾਮਾਣਸ, ਮੱਕਾ ਸ਼ਰੀਫ਼ ਦੇ ਸ਼ਾਸ਼ਕ ਦੀ ਉਪਾਧੀ।

شست ***ਸ਼ਸਤ*** : ਸੱਠ; ਅੰਗੂਠਾ, ਸਾਜ਼ ਦੀ ਤਾਰ; ਨਾਈ ਦਾ ਨਸ਼ਤਰ (ਨਿਸ਼ਤਰ); ਮਿਜ਼ਰਾਬ; ਕਮੰਦ ਦੀ ਘੁੰਡੀ, ਫੰਦਾ।

شستگیر *ਸ਼ਸਤ-ਗੀਰ* : ਤੀਰ-ਅੰਦਾਜ਼, ਕਮਾਨਦਾਰ।

شستمیر *ਸ਼ਸਤ ਮੀਰ* : ਪੱਕਾ ਨਿਸ਼ਾਨਚੀ।

شِست *ਸ਼ਿਸਤ* : (= ਨਿਸ਼ਸਤ) ਓਹ ਬੈਠਾ; ਬੈਠਣਾ; ਮੱਛੀ ਫੜਨ ਦੀ ਕੁੰਡੀ।

شست *ਸ਼ੁਸਤ* : ('ਸ਼ੁਸਤਨ' ਚੋਂ) ਉਸ ਨੇ ਧੋਤਾ; ਧੋਣ ਦਾ ਅਮਲ, ਧੁਲਾਈ।

شستوشو *ਸ਼ੁਸਤ-ਉ-ਸ਼ੂ* : ਧੋਣਾ ਤੇ ਸਾਫ਼ ਕਰਨਾ।

شُستر *ਸ਼ੁਸਤਰ* : ਇਕ ਸ਼ੈਹਰ ਦਾ ਨਾਮ ਜਿਥੋਂ ਦਾ ਜ਼ਰਬਫ਼ਤ ਮਸ਼ਹੂਰ ਹੈ।

شُستری *ਸ਼ੁਸਤਰੀ* : 'ਸ਼ੁਸਤਰ' ਸ਼ੈਹਰ ਦਾ; 'ਸ਼ੁਸਤਰ' ਨਾਲ ਸਬੰਧਤ, ਸ਼ੁਸਤਰ ਦਾ ਜ਼ਰਬਫ਼ਤ।

شستن *ਸ਼ੁਸਤਨ* : ਧੋਣਾ।

شسته *ਸ਼ੁਸਤਾ* : ਧੋਤਾ ਹੋਇਆ; ਪਾਕ, ਸਾਫ਼, ਖ਼ਾਲਸ।

شستهرو *ਸ਼ੁਸਤਾ-ਰੂ*, شستهعرار *ਸ਼ੁਸਤਾ-ਇਜ਼ਾਰ* : ਅਲੂੰਆਂ ਮੁੰਡਾ, ਜਿਸ ਨੂੰ ਦਾੜ੍ਹੀ ਮੁੱਛਾਂ ਨਾ ਆਈਆਂ ਹੋਣ।

شش *ਸ਼ਸ਼* : ਛੇ।

شش ارکان *ਸ਼ਸ਼ ਅਰਕਾਨ* : ਛੇ ਜ਼ਰੂਰੀ ਚੀਜ਼ਾਂ ਜਿਨ੍ਹਾਂ ਬਿਨਾ ਮਨੁਖ ਦਾ ਜ਼ਿੰਦਾ ਰੈਹਣਾ ਸੰਭਵ ਨਹੀਂ ਅਰਥਾਤ ਹਵਾ, ਖਾਣਾ-ਪੀਣਾ, ਸਰੀਰ ਦਾ ਚਲਣਾ ਫਿਰਨਾ ਤੇ ਅਰਾਮ, ਇੰਦਰੀਆਂ ਦੀ ਹਰਕਤ; ਸੌਣਾ ਤੇ ਜਾਗਣਾ ਅਤੇ ਬੋਲ ਚਾਲ; ਨਰਦਾਂ ਖੇਡਣ ਵਾਲਾ।

شش انداز *ਸ਼ਸ਼ ਅੰਦਾਜ਼*, شش جهت *ਸ਼ਸ਼ ਜਿਹਤ*, شش دانگ *ਸ਼ਸ਼ ਦਾਂਗ* : ਸੰਸਾਰ ਦੀਆਂ ਛੇ ਦਿਸ਼ਾਵਾਂ ਪੂਰਬ, ਪੱਛਮ, ਦੱਖਣ, ਉੱਤਰ, ਉੱਪਰ, ਹੇਠਾਂ, ਪੂਰੀ ਤੇ ਮੁਕੰਮਲ ਸ਼ੈ; ਪੂਰਾ ਇਕ ਦੀਨਾਰ।

شش وپنج *ਸ਼ਸ਼-ਉ-ਪੰਜ*, شش پنج *ਸ਼ਸ਼ ਪੰਜ* : ਸੋਚ ਵਿਚਾਰ, ਫ਼ਿਕਰ, ਘਬਰਾਹਟ, ਘਪਲਾ; ਗੜਬੜ, ਤੌਖਲਾ, ਕੁਝ ਨਾ ਸੁਝਣਾ।

ششدر *ਸ਼ਸ਼ਦਰ* : ਹੈਰਾਨ, ਹੱਕਾ-ਬੱਕਾ; ਛੇ ਤਰਫ਼ਾਂ; ਛੇ ਦਰਵਾਜ਼ਿਆਂ ਵਾਲਾ ਮਕਾਨ।

ششدرِتنگ *ਸ਼ਸ਼ਦਰ-ਏ-ਤੰਗ*, ششدرِفنا *ਸ਼ਸ਼ਦਰ-ਏ-ਫ਼ਨਾ* : ਸੰਸਾਰ।

ششدره *ਸ਼ਸ਼ਦਰਾ* : ਹੈਰਾਨੀ; ਛੇ ਤਰਫ਼ਾਂ, ਸੰਸਾਰ, ਤਬਾਹੀ, ਬਰਬਾਦੀ ਦੀ ਥਾਂ, ਛੇ ਦਰਵਾਜ਼ਿਆਂ ਵਾਲਾ।

ششدری *ਸ਼ਸ਼ਦਰੀ*, ششروزه *ਸ਼ਸ਼-ਰੋਜ਼ਾ* : ਸੰਸਾਰ।

شش سری *ਸ਼ਸ਼ ਸਰੀ* : ਖਰਾ ਸੋਨਾ।

ششم *ਸ਼ਸ਼ੁਮ* : ਛੇਵਾਂ।

شصت *ਸ਼ਸਤ* : ਸੱਠ।

شط *ਸ਼ੱਤ* : ਸ਼ੈਹਰ, ਨਦੀ, ਨਦੀ ਦਾ ਕਿਨਾਰਾ; ਉਠ ਦੀ ਕੁਹਾਣ ਦਾ ਇਕ ਪਾਸਾ।

شطرنج *ਸ਼ਤਰੰਜ* : ਸੋਚ ਵਿਚਾਰ ਕੇ ਖੇਡੀ ਜਾਣ ਵਾਲੀ ਖੇਡ, ਜਗਤ ਪਰਸਿੱਧ ਖੇਡ ਜੋ ਨੌਸ਼ੀਰਵਾਂ ਲਈ ਕੱਢੀ ਗਈ, ਅਸਲ ਵਿਚ ਇਸ ਦਾ ਨਾਮ ਸ਼ਸ਼ (ਛੇ) ਰੰਗ ਸੀ ਕਿਉਂਕਿ ਇਸ ਵਿਚ ਛੇ ਪਰਕਾਰ ਦੇ ਮੋਹਰੇ ਹੁੰਦੇ ਹਨ, ਭਾਵ 'ਸ਼ਾਹ' ਵਜ਼ੀਰ, ਫ਼ੀਲ, ਘੋੜਾ, ਰੁੱਖ ਤੇ ਪਿਆਦਾ, ਏਹ ਖੇਡ ੩੨ ਮੋਹਰਿਆਂ ਅਤੇ ੬੪ ਖ਼ਾਨਿਆਂ ਨਾਲ ਖੇਡੀ ਜਾਂਦੀ ਹੈ।

شطرنجی *ਸ਼ਤਰੰਜੀ* : ਸ਼ਤਰੰਜ ਨਾਲ ਸਬੰਧਤ ਇਕ ਪਰਕਾਰ ਦੀ ਦਰੀ ਜਾਂ ਫ਼ਰਸ਼ ਜਿਸ ਉਪਰ ਸ਼ਤਰੰਜ ਦੇ ਖ਼ਾਨੇ ਬਣੇ ਹੁੰਦੇ ਹਨ।

شعار *ਸ਼ਿਆਰ* : ਭਾਰੀ ਤੇ ਮੋਟੇ ਦਰਖ਼ਤ।

شعر *ਸ਼ਿਅਰ* : ਅੰਗਰਖੇ ਹੇਠਾਂ ਪੈਹਨਣ ਵਾਲਾ ਕੱਪੜਾ; ਨਿਸ਼ਾਨ; ਵਰਦੀ, ਇਸ਼ਾਰਾ; ਆਦਤ, ਰਸਮ, ਤਰੀਕਾ, ਰੀਤ।

شعاع *ਸ਼ੁਆਅ* : ਸੂਰਜ ਦੀ ਕਿਰਨ; ਸੂਰਜ ਦੀ ਰੋਸ਼ਨੀ; ਚਮਕ।

شعب *ਸ਼ੁਅਬ* : (ਸ਼ੁਅਬਾ شعبه ਦਾ ਬੋਹਵਚਨ) ਸ਼ਾਖ਼ਾਂ; ਵਿਭਾਗ, ਟੁਕੜੇ, ਟੋਲੇ।

شعبده ***ਸ਼ੁਅਬਦਾ*** : ਕਲਾ ਜਾਂ ਜਾਦੂ ਦਾ ਖੇਲ।
شعبده‌باز ***ਸ਼ੁਅਬਦਾ-ਬਾਜ਼*** : ਜਾਦੂ ਜਾਂ ਕਲਾ ਵਿਖਾਉਣ ਵਾਲਾ; ਜਾਦੂਗਰ, ਮਦਾਰੀ।

شعبه ***ਸ਼ੁਅਬਾ*** : ਸ਼ਾਖ; ਵਿਭਾਗ; ਟੋਲਾ; ਟੋਟਾ, ਟੁਕੜਾ।

شعر ***ਸ਼ਿਅਰ*** : ਜਾਣਨਾ, ਮਲੂਮ ਕਰਨਾ, ਪੁਛਣਾ; ਕਾਫ਼ੀਏ ਵਾਲਾ ਕਲਾਮ, ਕਵਿਤਾ।

شعرا ***ਸ਼ੁਅਰਾ*** : (ਸ਼ਾਇਰ **شاعر** ਦਾ ਬੌਹਵਚਨ) ਕਵੀ ਲੋਕ, ਸ਼ੇਅਰ ਕੈਹਣ ਵਾਲੇ; ਪੁੱਛ ਪੜਤਾਲ ਕਰਨ ਵਾਲੇ।

شعشعه ***ਸ਼ਅਸ਼ਆ*** : ਸੂਰਜ ਦੀ ਰੋਸ਼ਨੀ, ਚਮਕ, ਕਿਰਨ ; ਸ਼ਰਾਬ; ਸ਼ਰਾਬ ਵਿਚ ਪਾਣੀ ਮਿਲਾਉਣਾ; ਅੱਖਰ ਦਾ ਅਖੀਰਲਾ ਭਾਗ; ਅਫ਼ਵਾਹ।

شعله ***ਸ਼ੁਅਲਾ*** : ਅਗ ਦੀ ਲਪਟ , ਲਾਟ, ਰੋਸ਼ਨੀ, ਚਮਕ।

شعلهٔ‌تاک ***ਸ਼ੁਅਲਾ-ਏ-ਤਾਕ,***
شعلهٔ‌جام ***ਸ਼ੁਅਲਾ-ਏ-ਜਾਮ*** : ਸ਼ਰਾਬ, ਅੰਗੂਰੀ ਸ਼ਰਾਬ।

شعله‌زاده ***ਸ਼ੁਅਲਾ-ਜ਼ਾਦਾ*** : ਸ਼ਤਾਨ, ਇਬਲੀਸ।

شعله‌زبان ***ਸ਼ੁਅਲਾ-ਜ਼ਬਾਨ*** : ਤੇਜ਼ ਜ਼ਬਾਨ, ਚਾਪਲੂਸ।

شعور ***ਸ਼ੁਊਰ*** : ਜਾਣਨਾ; ਮਲੂਮ ਕਰਨਾ, ਅਕਲ, ਤਮੀਜ਼, ਪਛਾਣ।

شعیب ***ਸ਼ੁਐਬ*** : ਇਕ ਪੈਗੰਬਰ ਦਾ ਨਾਮ ਜਿਸ ਕੋਲ ਹਜ਼ਰਤ ਮੂਸਾ ਮਿਸਰ ਤੋਂ ਭੱਜ ਕੇ ਆਏ ਸਨ।

شغال ***ਸ਼ਗਾਲ*** : ਗਿਦੜ।

شغف ***ਸ਼ਗ਼ਫ*** : ਪਿਆਰ ਦੀ ਤੀਬਰਤਾ; ਤਨੋਂ ਮਨੋਂ ਮੁਹੱਬਤ ਕਰਨਾ; ਕਮਾਲ ਦੀ ਦਿਲਚਸਪੀ; ਅਤਅੰਤ ਗੰਭੀਰ ਲਗਾ।

شغل ***ਸ਼ਗ਼ਲ,*** **شُغل** ***ਸ਼ੁਗ਼ਲ,*** **شُغُل** ***ਸ਼ੁਗ਼ੁਲ*** : ਕੰਮ-ਕਾਜ, ਕਾਰ-ਵਿਹਾਰ; ਪੇਸ਼ਾ, ਵੇਹਲ ਨਾ ਹੋਣਾ; ਮਸ਼ਗੂਲ ਹੋਣਾ, ਰੁਝੇ ਹੋਣਾ; ਮਨੋਰੰਜਨ, ਖ਼ੁਦਾ ਦਾ ਧਿਆਨ।

شفا ***ਸ਼ਿਫ਼ਾ*** : ਬੀਮਾਰੀ ਤੋਂ ਮੁਕਤ ਹੋਣਾ; ਸੇਹਤ, ਤੰਦਰੁਸਤੀ।
شفاخانه ***ਸ਼ਿਫ਼ਾ-ਖ਼ਾਨਾ***: ਜਿਥੇ ਮਰੀਜ਼ਾਂ ਦਾ ਇਲਾਜ ਹੋਵੇ, ਹਸਪਤਾਲ।

شفاعت ***ਸ਼ਫ਼ਾਅਤ*** : ਸਿਫ਼ਾਰਸ਼ ਕਰਨਾ; ਕਿਸੇ ਦੀ ਮੁਕਤੀ ਜਾਂ ਨਜਾਤ ਲਈ ਭਲਾਈ ਦਾ ਵਾਕ ਕੈਹਣਾ; ਇੱਛਾ।
شفاعت‌گر ***ਸ਼ਫਾਅਤ-ਗਰ*** : ਸਿਫ਼ਾਰਸ਼ ਕਰਨ ਵਾਲਾ; ਨਜਾਤ ਦਿਵਾਉਣ ਵਾਲਾ।

شفّاف ***ਸ਼ੱਫ਼ਾਫ਼*** : ਅਤਅੰਤ ਸਾਫ਼ ਚੀਜ਼ ਜਿਸ ਦੇ ਆਰ ਪਾਰ ਦਿਸਦਾ ਹੋਵੇ; ਜਿਵੇਂ ਬਲੌਰ, ਸ਼ੀਸ਼ਾ ਆਦਿ।

شفتالو ***ਸ਼ਫ਼ਤਾਲੂ*** : ਆੜੂ; ਮਸ਼ੂਕ ਦਾ ਚੁੰਬਨ।

شفشاهنج ***ਸ਼ਫਸ਼ਾਹੰਜ,*** **شفشاهنگ** ***ਸ਼ਫਸ਼ਾਹੰਗ,*** **شفتاهنج** ***ਸ਼ਫ਼ਤਾਹੰਜ,*** **شفتاهنگ** ***ਸ਼ਫਤਾਹੰਗ*** : ਸੋਨੇ ਚਾਂਦੀ ਦੀਆਂ ਤਾਰਾਂ ਖਿਚਣ ਵਾਲੀ ਜੰਤਰੀ।

شفعه ***ਸ਼ੁਫ਼ਆ*** : ਘਰ ਜਾਂ ਜ਼ਮੀਨ ਦਾ ਗੁਆਂਢ ਜਿਸ ਦਾ ਬੌਹਤ ਵੱਡਾ ਹੱਕ ਹੈ।

شَفق ***ਸ਼ਫ਼ਕ਼*** : ਸਵੇਰ ਵੇਲੇ ਸੂਰਜ ਚੜ੍ਹਨ ਤੋਂ ਅਤੇ ਸ਼ਾਮ ਵੇਲੇ ਸੂਰਜ ਡੁੱਬਣ ਮਗਰੋਂ ਦਿਸਣ ਵਾਲੀ ਲਾਲੀ।
شفقی ***ਸ਼ਫ਼ਕ਼ੀ*** : ਸ਼ਫ਼ਕ ਨਾਲ ਸਬੰਧਤ, ਸ਼ਫ਼ਕ ਵਰਗੀ।

شفقت ***ਸ਼ਫ਼ਕ਼ਤ*** : ਮੇਹਰਬਾਨੀ, ਦਇਆ, ਮੁਹੱਬਤ, ਪਿਆਰ।

شفیع ***ਸ਼ਫ਼ੀਅ*** : ਸਿਫ਼ਾਰਸ਼ ਕਰਨ ਵਾਲਾ; ਖ਼ਾਹਸ਼ ਕਰਨ ਵਾਲਾ, ਹੱਕ ਸ਼ੁਫ਼ਾ ਕਰਨ ਵਾਲਾ।

شفیق ***ਸ਼ਫ਼ੀਕ਼*** : ਸ਼ਫ਼ਕਤ ਕਰਨ ਵਾਲਾ; ਮੇਹਰਬਾਨ; ਦੁੱਖ ਵੰਡਣ ਵਾਲਾ, ਹਮਦਰਦ, ਪਿਆਰਾ।

شق ***ਸ਼ੱਕ਼*** : ਸ਼ਿਗਾਫ਼, ਤੇੜ; ਸਵੇਰ; ਚੀਰਨਾ, ਛੇਦ ਕਰਨਾ; ਕਿਸੇ ਨੂੰ ਦੁਖ/ਰੰਜ ਵਿਚ ਪਾਉਣਾ; ਦੰਦੀਆਂ ਕਢਣਾ; ਕੌਮ ਤੋਂ ਅਡ ਹੋਣਾ।

شقا ***ਸ਼ਕ਼ਾ*** : ਤਰਕਸ਼, ਭਥਾ।

شقا ***ਸ਼ਿਕ਼ਾ***: ਬਦਬਖ਼ਤੀ।

شقاوت ***ਸ਼ਕ਼ਾਵਤ*** : ਪਥਰ-ਦਿਲੀ; ਬਦ ਕਿਸਮਤੀ।

شقاق ***ਸ਼ਿਕ਼ਾਕ਼*** : ਦੁਸ਼ਮਣੀ; ਵੈਰ-ਵਿਰੋਧ, ਫੁੱਟ।

شقدار ***ਸ਼ਿਕ਼ਦਾਰ*** : ਸਿਕਦਾਰ, ਪਿੰਡਾਂ ਦਾ ਚੌਧਰੀ, ਇਲਾਕੇ ਦਾ ਹਾਕਮ।

شقہ ***ਸ਼ੁਕ਼ਾ***, شقہ ***ਸ਼ਿਕ਼ਾ*** : ਮੇਹਨਤ, ਮਸ਼ੱਕਤ।

شقہ ***ਸ਼ੁਕ਼ਾ*** : ਕਾਗ਼ਜ਼ ਜਾਂ ਕਪੜੇ ਦਾ ਟੁਕੜਾ, ਜਿਸ ਉਤੇ ਬਾਦਸ਼ਾਹ ਆਪਣੇ ਅਧਕਾਰੀਆਂ ਨੂੰ ਜ਼ਰੂਰੀ ਕੰਮ ਲਈ ਹੁਕਮ ਲਿਖੇ; ਝੰਡੇ ਦਾ ਫਰੇਰਾ, ਦੂਰ ਦੁਰਾਡੇ ਦਾ ਸਫ਼ਰ; ਮੇਹਨਤ; ਕਸਾਈਆਂ ਦੀ ਪਰਭਾਸ਼ਾ ਵਿਚ/ਜਾਨਵਰ ਦਾ ਲੰਮੇ ਜਾਂ ਚੌੜੇ ਦਾਅ ਵਜੋਂ ਅੱਧਾ ਹਿਸਾ।

شقی ***ਸ਼ਕ਼ੀ*** : ਕਠੋਰ-ਚਿਤ, ਜ਼ਾਲਮ, ਅਭਾਗਾ।

شک ***ਸ਼ਕ*** : ਸੰਦੇਹ, ਗੁਮਾਨ, ਗੁਮਾਨ ਕਰਨਾ; ਸੰਖੀਆ।

شکار ***ਸ਼ਿਕਾਰ*** : ਕਿਸੇ ਜਾਨਵਰ ਦੇ ਮਾਰਨ ਦਾ ਇਰਾਦਾ ਕਰਨਾ; ਜੰਗਲੀ ਜਾਨਵਰ ਨੂੰ ਮਾਰਨ ਦਾ ਕੰਮ, ਮਾਰਿਆ ਹੋਇਆ ਜਾਨਵਰ; ਹਿਰਨ।

شکاری ***ਸ਼ਿਕਾਰੀ*** : ਸ਼ਿਕਾਰ ਨਾਲ ਸਬੰਧਤ, ਸ਼ਿਕਾਰ ਕਰਨ ਵਾਲਾ; ਹਿਰਨ ਦੇ ਰੰਗ ਦਾ।

شکاف ***ਸ਼ਕਾਫ਼*** : (ਸ਼ਗਾਫ਼) ਛੇਦ, ਤੇੜ।

شکال ***ਸ਼ਿਕਾਲ*** : ਊਠ, ਖੋਤੇ ਜਾਂ ਘੋੜੇ ਦੇ ਪੈਰਾਂ ਵਿਚ ਬੰਨ੍ਹਣ ਵਾਲੀ ਰਸੀ, ਪੈਖੜ,ਮਕਰ, ਫ਼ਰੇਬ, ਹੀਲਾ; ਓਹ ਘੋੜਾ ਜਿਸ ਦੀਆਂ ਤਿੰਨ ਟੰਗਾਂ ਚਿੱਟੀਆਂ ਅਤੇ ਚੌਥੀ ਕਿਸੇ ਹੋਰ ਰੰਗ ਦੀ ਹੋਵੇ ।

شکّال ***ਸ਼ੱਕਾਲ*** : ਸ਼ਕਲ ਬਣਾਉਣ ਵਾਲਾ; ਮਸਖ਼ਰਾ।

شکایت ***ਸ਼ਿਕਾਯਤ*** : ਸ਼ਿਕਵਾ, ਗਿਲਾ, ਰੋਸ, ਗਿਲਾ ਕਰਨਾ, ਰੋਸ ਕਰਨਾ।

شکر ***ਸ਼ਕਰ***, شکُر ***ਸ਼ੱਕਰ*** : ਪਰਸਿੱਧ ਮਿਠੀ ਸ਼ੈ ਜੋ ਗੰਨੇ ਦੇ ਰਸ ਤੋਂ ਬਣਦੀ ਹੈ, ਖੰਡ, ਚੀਨੀ, ਗੁੜ, ਬੂਰਾ; ਮਸ਼ੂਕ ਦੇ ਹੋਠ।

شکرآب ***ਸ਼ਕਰ-ਆਬ*** : ਥੋੜੀ ਜੇਹੀ ਨਰਾਜ਼ਗੀ ਜਾਂ ਰੰਜਸ਼, ਜੋ ਆਮ ਤੌਰ ਤੇ ਆਸ਼ਕ ਮਸ਼ੂਕ ਵਿਚਕਾਰ ਹੋ ਜਾਂਦੀ ਹੈ; ਸ਼ਰਬਤ।

شکربورہ ***ਸ਼ਕਰ-ਬੂਰਾ*** : ਖੰਡ ਤੇ ਬਦਾਮ ਭਰ ਕੇ ਬਣਾਇਆ ਸਮੋਸਾ।

شکرپا ***ਸ਼ਕਰ-ਪਾ*** : ਲੰਗੜਾ।

شکرخند(خندہ) ***ਸ਼ਕਰਖ਼ੰਦ (ਖ਼ੰਦਾ)*** : ਮੁਸਕਾਨ, ਮੁਸਕਰਾਹਟ।

شکررنج ***ਸ਼ਕਰ ਰੰਜ***, شکررنگ ***ਸ਼ਕਰ-ਰੰਗ*** : ਨਾਖੁਸ਼, ਨਰਾਜ਼।

شکررنجی(رنگی) ***ਸ਼ਕਰ ਰੰਜੀ (ਰੰਗੀ)*** : ਮਮੂਲੀ ਜੇਹੀ ਰੰਜਸ਼।

شکرریز ***ਸ਼ਕਰ-ਰੇਜ਼*** : ਵਿਆਹ ਵਾਲੀ ਰਾਤ ਨੂੰ ਲਾੜੇ ਤੇ ਵੌਹਟੀ ਤੋਂ ਨਿਛਾਵਰ ਕੀਤੀ ਗਈ ਚੀਜ਼; ਹਦੋਂ ਵੱਧ ਖ਼ੁਸ਼ੀ ਨਾਲ ਰੋਣਾ; ਲਤੀਫ਼ੇਬਾਜ਼, ਖੁਸ਼ਤਬੀਅਤ, ਮਿਠਬੋਲਾ, ਹਲਵਾਈ, ਮਸ਼ੂਕ ਦਾ ਹੋਠ; ਚੰਗਾ ਸ਼ੇਅਰ।

شکرریزی ***ਸ਼ਕਰਰੇਜ਼ੀ*** : ਮਿਠੀਆਂ ਗਲਾਂ; ਮਿਠੇ ਬੋਲ।

شکرِعقیق رنگ ***ਸ਼ਕਰ-ਏ-ਅਕ਼ੀਕ਼-ਰੰਗ*** : ਮਸ਼ੂਕ ਦੇ ਹੋਠ।

شکرلب ***ਸ਼ਕਰ-ਲਬ*** : ਮਸ਼ੂਕ; ਮਿਠੇ ਹੋਠਾਂ ਵਾਲਾ।

شکرلنگ ***ਸ਼ਕਰ-ਲੰਗ*** : ਥੋੜਾ ਲੰਗ ਮਾਰਨ ਵਾਲਾ।

شکروشیربودن ***ਸ਼ਕਰ-ਉ-ਸ਼ੀਰ ਬੂਦਨ*** : ਘਿਓ ਖੰਡ ਹੋਣਾ, ਬੌਹਤ ਮੇਲ-ਜੋਲ ਹੋਣਾ, ਘੁਲਮਿਲ ਜਾਣਾ।

شکر ***ਸ਼ਕਰ*** : ਕਾਲਾ ਭੂੰਡ, ਡੇਮੂੰ; ਭੌਰਾ।

شکر ***ਸ਼ਕਰ*** : ਇਸਤਰੀ ਦਾ ਗੁਪਤ ਅੰਗ।

شکر ***ਸ਼ਿਕਰ*** : ਸ਼ਿਕਾਰ, ਸ਼ਿਕਾਰੀ; ਟੁੱਟਾ ਹੋਇਆ; ਤੋੜਨ ਵਾਲਾ; ਲੜਨ ਵਾਲਾ, ਲੜਾਕਾ।

شکر ***ਸ਼ੁਕਰ*** : ਦੇਣ ਵਾਲੇ ਦਾ ਧੰਨਵਾਦ ਕਰਨਾ, ਉਪਕਾਰ ਮੰਨਣਾ।

شکریہ ***ਸ਼ੁਕਰੀਯਾ*** : ਉਪਕਾਰ ਮੰਨਣਾ, ਸ਼ੁਕਰਾਨਾ, ਕਿਸੇ ਦੇ ਉਪਕਾਰ ਨੂੰ ਪਰਸ਼ੰਸਾ ਵਜੋਂ ਪਰਗਟ ਕਰਨਾ, ਧੰਨਵਾਦ।

شکرہ *ਸ਼ਿਕਰਾ* : ਬਾਸ਼ੇ ਨਾਲੋਂ ਛੋਟਾ ਇਕ ਪਰਸਿੱਧ ਸ਼ਿਕਾਰੀ ਪੰਛੀ, ਬਾਜ਼ ਦੀ ਕਿਸਮ ਦਾ ਪੰਛੀ।

شکست *ਸ਼ਿਕਸਤ* : ਹਾਰ, ਭਾਂਜ, ਮਾਤ, ਟੁਟ ਭੱਜ।

شکستہ *ਸ਼ਿਕਸ਼ਤਾ* : ਟੁੱਟਾ ਹੋਇਆ, ਖ਼ਰਾਬ, ਬੇਰੌਣਕ।

شکستہ‌رنگ *ਸ਼ਿਕਸਤਾ-ਰੰਗ* : ਪੀਲਾ ਰੰਗ, ਮੁਰਝਾਇਆ ਹੋਇਆ।

شکفت *ਸ਼ਿਕਿਫ਼ਤ* : ਹੈਰਾਨੀ, ਅਚੰਭਾ।

شکل *ਸ਼ਕਲ* : ਸੂਰਤ, ਬਣਾਵਟ, ਰੂਪ; ਵਰਗਾ।

شکم *ਸ਼ਿਕਮ* : ਪੇਟ, ਢਿੱਡ।

شکم‌بندہ *ਸ਼ਿਕਮ-ਬੰਦਾ* : ਬੌਹਤ ਖਾਣ ਵਾਲਾ, ਪੇਟੂ, ਕੇਵਲ ਰੋਟੀ ਤੇ ਰੈਹਣ ਵਾਲਾ ਨੌਕਰ, ਲਾਲਚੀ।

شکن *ਸ਼ਿਕਨ* : ਸਿਲਵਟ, ਵਲ; ਨਰਮੀ, ਮੁਲਾਇਮੀ; ਸ਼ੇਅਰ ਤੇ ਗਾਇਨ; ਤੇਜ਼ ਹੋਣਾ, ਮਕਰ, ਹੀਲਾ, ਫ਼ਰੇਬ; ਮਸ਼ੂਕ ਦੀ ਜ਼ੁਲਫ਼ ਦਾ ਪੇਚ।

شکنجہ *ਸ਼ਿਕੰਜਾ* : (ਪੰਜਾਬੀ ਵਿਚ ਪਰਚਲਤ ਰੂਪ ''ਸ਼ਕੰਜਾ ਹੈ), ਸਜ਼ਾ ਦੇਣ ਦਾ ਇਕ ਸੰਦ; ਸਜ਼ਾ ਦੀ ਇਕ ਕਿਸਮ; ਕਾਠ ਮਾਰਨਾ; ਜਿਲਦਸਾਜ਼ੀ ਦਾ ਇਕ ਸੰਦ।

شکور *ਸ਼ਕੂਰ* : ਬੌਹਤ ਸ਼ੁਕਰ ਕਰਨ ਵਾਲਾ; ਖ਼ੁਦਾ ਦਾ ਇਕ ਨਾਮ, ਸ਼ੁਕਰ ਕਰਨਾ।

شکوفہ *ਸ਼ਕੂਫ਼ਾ*, شگوفہ *ਸ਼ਗੂਫ਼ਾ* : ਕਲੀ, ਖਿੜਦਾ ਹੋਇਆ ਫੁੱਲ; ਰੁਖ ਦਾ ਫੁੱਲ; ਉਲਟੀ, ਅਜੀਬ ਤੇ ਅਨੋਖੀ ਗੱਲ।

شکوک *ਸ਼ਕੂਕ* : ਸ਼ਕ ਕਰਨ ਵਾਲਾ, ਸ਼ਕੀ।

شُکوک *ਸ਼ੁਕੂਕ* : (ਸ਼ਕ شک ਦਾ ਬੌਹਵਚਨ) ਬੌਹਤੇ ਸ਼ੱਕ।

شُکوہ *ਸ਼ੁਕੂਹ* : ਸ਼ਾਨ-ਸ਼ੌਕਤ, ਬਜ਼ੁਰਗੀ; ਦਬਦਬਾ, ਰੋਹਬ ਦਾਬ।

شکوہ *ਸ਼ਿਕੂਹ* : ਡਰ, ਭੈ।

شکوہ *ਸ਼ਕਵਾ* : ਗਿਲਾ।

شکیل *ਸ਼ਕੀਲ* : ਖ਼ੂਬਸੂਰਤ, ਸੁਡੌਲ।

شکیلہ *ਸ਼ਕੀਲਾ* : ਇਸਤਰੀ।

شکیب *ਸ਼ਿਕੇਬ* : ਅਰਾਮ, ਸਬਰ, ਸੰਤੋਖ।

شکیبا *ਸ਼ਿਕੇਬਾ* : ਸਬਰ ਕਰਨ ਵਾਲਾ, ਸੰਤੋਖੀ।

شگاف *ਸ਼ਿਗਾਫ਼* : ਦਰਾੜ, ਤੇੜ, ਮੋਰੀ।

شگال *ਸ਼ਗਾਲ* : ਗਿਦੜ।

شگر *ਸ਼ਗਰ* : ਭੌਰਾ, ਭੂੰਡ।

شگرف *ਸ਼ਗਰਫ਼* : ਚੰਗਾ, ਵਧੀਆ।

شگرف *ਸ਼ਿਗਰਫ਼* : ਅਦੁੱਤੀ, ਅਸਧਾਰਨ, ਨੇਕ; ਬਜ਼ੁਰਗ; ਜੌਸ਼ਾਂਦਾ।

~~شگفت *ਸ਼ਿਗਿਫ਼ਤ*~~ : ਹੈਰਾਨੀ, ਅਚੰਭਾ।

شگفت *ਸ਼ਿਗੁਫ਼ਤ*, شگفت *ਸ਼ੁਗੁਫ਼ਤ* : ਖਿੜਿਆ ਹੋਇਆ, ਖ਼ੁਸ਼, ਖੁਲ੍ਹਾਪਣ, ਖੇੜਾ, ਫੁੱਲ ਦਾ ਖਿੜਨਾ।

شگوفہ *ਸ਼ਿਗੂਫ਼ਾ* : ਕਲੀ; ਕੈ, ਉਲਟੀ।

شل *ਸ਼ਲ* : ਰੰਗ ਬਰੰਗਾ (ਚਮੜਾ); ਸੁਸਤ, ਨਰਮ; ਥਕਿਆ ਟੁਟਿਆ।

شل *ਸ਼ੱਲ* : ਆਦਮੀ ਜਿਸ ਦੇ ਹੱਥ ਪੈਰ ਹਿਲ-ਜੁੱਲ ਨਾ ਸਕਣ ਤੇ ਓਹ ਕੰਮ ਕਰਨ ਤੋਂ ਆਤੁਰ ਹੋਵੇ; ਹੱਥਾਂ ਦਾ ਸੋਕਾ, ਲੁੰਜਾ; ਸੁਸਤ (ਚੀਜ਼); ਅਪਾਹਜ, ਚਲਾਉਣਾ, ਟੋਰਨਾ; ਕਪੜੇ ਨੂੰ ਸੁਕਾਉਣਾ; ਸਿਊਣਾ।

شِل *ਸ਼ਿਲ* : ਛੋਟਾ ਭਾਲਾ, ਛੋਟਾ ਬਰਛਾ, ਬਰਛੀ।

شُل *ਸ਼ੁਲ* : ਇਕ ਫਲ ਦਾ ਨਾਮ, ਬਿਲ; ਹਰ ਸੁਸਤ ਤੇ ਨਰਮ ਚੀਜ਼, ਚਿਕੜ।

شلّاق *ਸ਼ੱਲਾਕ* : ਮੁਕਾ ਮਾਰਨਾ, ਥਪੜ ਮਾਰਨਾ, ਸੋਟੀ ਨਾਲ ਕੁਟਣਾ; ਕੁੰਡਾ; ਸ਼ੋਖ਼, ਫ਼ਸਾਦੀ, ਸ਼ਰਾਰਤੀ, ਚਲਾਕ, ਭਿਖਿਆ ਦਾ ਭਾਂਡਾ।

شلائی *ਸ਼ਲਾਈ* : ਨਾਖ਼ੁਸ਼, ਨਰਾਜ਼, ਸ਼ੋਖ਼, ਚੁਲਬੁਲਾ; ਸਖ਼ਤੀ ਕਰਨ ਵਾਲਾ; ਸਖ਼ਤ, ਪੱਕਾ; ਅਰਾਮ-ਪਸੰਦ, ਸੁਸਤ।

شلائینی *ਸ਼ਲਾਈਨੀ* : ਕੰਮ ਵਿਚ ਰੁਝੇ ਹੋਣਾ, ਕੰਮ ਵਿਚ ਦਿਲਚਸਪੀ; ਸ਼ੋਖ਼ੀ।

شلتاق *ਸ਼ਲਤਾਕ਼* : ਫ਼ਸਾਦ, ਵਧੀਕੀ, ਅਨਿਆਂ; ਖੁਰਚਣਾ; ਜੁੱਧ, ਲੜਾਈ।

شلتوک *ਸ਼ਲਤੂਕ਼* : ਧਾਨ।

شلجم ***ਸ਼ਲਜਮ***, شلغم ***ਸ਼ਲਗਮ*** : ਗੋਂਗਲੂ।

شلف ***ਸ਼ਲਫ਼*** : ਬਦਕਾਰ (ਔਰਤ), ਵਿਭਚਾਰਨ।

شلک ***ਸ਼ਿਲਿਕ*** : ਕਈ ਬੰਦੂਕਾਂ ਦੀ ਇਕੋ ਵਾਰ ਚੱਲਣ ਦੀ ਅਵਾਜ਼; ਬਾੜ।

شلنگ ***ਸ਼ਲੰਗ*** : ਛਾਲ ਮਾਰਨਾ, ਛਾਲ, ਚੌਕੜੀ।

شلوار ***ਸ਼ਲਵਾਰ*** : (ਪੰਜਾਬੀ ਵਿਚ ਪਰਚਲਤ ਰੂਪ ''ਸਲਵਾਰ'' ਹੈ) ਪਜਾਮਾ, ਸਲਵਾਰ।

شله ***ਸ਼ਲਾ*** : ਬੁਤ, ਮੂਰਤੀ; ਮੂਰਤੀ-ਪੂਜ।

شلّه ***ਸ਼ੱਲਾ*** : ਓਹ ਥਾਂ ਜਿਥੇ ਕੂੜਾ, ਗੰਦ ਆਦਿ ਸੁੱਟਦੇ ਹਨ, ਰੂੜੀ।

شُله ***ਸ਼ੁਲਾ*** : ਬੀਮਾਰਾਂ ਲਈ ਯਖ਼ਣੀ ਵਿਚ ਪਕਾਈ ਗਈ ਪਤਲੀ ਖਿਚੜੀ, ਸ਼ੋਲਾ।

شُلّه ***ਸ਼ੁੱਲਾ*** : ਇਸਤਰੀ ਦਾ ਗੁਪਤ ਅੰਗ; ਹੈਜ਼ ਦੀ ਟਾਕੀ, ਮਾਹਵਾਰੀ ਦੀ ਲੀਰ।

شم ***ਸ਼ਮ*** : ਬੇਹੋਸ਼ੀ; ਘਿਰਨਾ, ਨਫ਼ਰਤ; ਫ਼ਰੇਬ, ਮਕਰ; ਪੁਕਾਰ; ਰੋਣ-ਧੋਣ, ਵੈਣ, ਵਿਰਲਾਪ; ਨਹੁੰ, ਪੂਛ।

شُم ***ਸ਼ੁਮ*** : ਤੋਤਲੇ ਜੋ ਇਸਤਰੀਆਂ ਆਪਣੇ ਹੱਥਾਂ ਪੈਰਾਂ ਆਦਿ ਤੇ ਉਖਣਾਉਂਦੀਆਂ ਹਨ।

شما ***ਸ਼ੁਮਾ*** : ਤੁਸੀਂ, ਆਪ।

شمار ***ਸ਼ੁਮਾਰ*** : ਹਿਸਾਬ, ਗਿਣਤੀ; ਫੱਟ; ਦੋਸਤੀ, ਮਿਤਰਤਾ; ਸਮਾਨ, ਵਰਗਾ।

شمّاس ***ਸ਼ੰਮਾਸ*** : ਸੂਰਜ ਨੂੰ ਪੂਜਣ ਵਾਲਾ, ਸਭ ਤੋਂ ਪੈਹਲੇ ਅਗ-ਪੂਜ ਦਾ ਨਾਮ'

شمّاسیان ***ਸ਼ੰਮਾਸੀਯਾਨ*** : 'ਸ਼ੰਮਾਸ' ਦੇ ਪੈਰੋਕਾਰ।

شمال ***ਸ਼ਮਾਲ*** : ਉਤਰੀ ਧਰੂ ਤੋਂ ਚਲਣ ਵਾਲੀ ਹਵਾ, ਪੁਰਾ।

شمال ***ਸ਼ਿਮਾਲ*** : ਖੱਬਾ ਹਥ; ਆਦਤ, ਸੁਭਾ, ਖ਼ਸਲਤ; ਬਕਰੀ ਦੇ ਥਣਾਂ ਤੇ ਜਾਂ ਫਲਾਂ ਉਪਰ ਚੜ੍ਹਾਈ ਜਾਣ ਵਾਲੀ ਥੈਲੀ; ਉਤਰੀ ਧਰੂ ਵਾਲਾ ਪਾਸਾ, ਉਤਰ ਦਿਸ਼ਾ।

شماله ***ਸ਼ਮਾਲਾ*** : ਸ਼ਮ੍ਹਾ, ਦੀਵਾ; ਇਕ ਕਿਸਮ ਦੇ ਚਾਵਲ।

شمامه ***ਸ਼ਮਾਮਾ*** : ਸੁਗੰਧੀ, ਇਕ ਜੰਗਲੀ ਖ਼ਰਬੂਜ਼ਾ; ਸਜਾਇਆ ਹੋਇਆ ਮਕਾਨ; ਇਕ ਸਾਜ਼ ਜੋ ਬੰਸਰੀ ਨਾਲ ਵਜਾਇਆ ਜਾਂਦਾ ਹੈ।

شمامه ***ਸ਼ੰਮਾਮਾ*** : ਸੁਗੰਧੀਆਂ ਦਾ ਫੰਬਾ; ਛੋਟਾ ਫੁਲ ਜੇਹੜਾ ਖ਼ੁਸ਼ਬੂ ਵਾਸਤੇ ਹਥ ਵਿਚ ਰਖਦੇ ਹਨ।

شمائل ***ਸ਼ਮਾਇਲ*** : (ਸ਼ਮੀਲਾ شمیله ਦਾ ਬੌਹਵਚਨ) ਆਦਤਾਂ; ਖਸਲਤਾਂ; ਸ਼ਕਲਾਂ, ਖਬੇ ਹਥ; ਰੁਖ ਦੀਆਂ ਕਰੂੰਬਲਾਂ।

شمبلیت ***ਸ਼ਮਬਲੀਤ***, شمبلید ***ਸ਼ਮਬਲੀਦ*** : ਮੇਥੀ ਦੇ ਬੀਜ, ਮੇਥਰੇ, ਮੇਥੀ ਦਾ ਫੁੱਲ।

شمد ***ਸ਼ਮਦ*** : ਹੌਲੀ ਜੇਹੀ ਚਾਦਰ ਜੋ ਗਰਮੀਆਂ ਵਿਚ ਰਾਤ ਨੂੰ ਉਪਰ ਲਈ ਜਾਂਦੀ ਹੈ।

شمر ***ਸ਼ਮਰ*** : ਤਲਾਅ, ਹੌਜ਼, ਚੁਬਚਾ; ਮਲਾਈ।

شِمر ***ਸ਼ਿਮਰ*** : ਹਜ਼ਰਤ ਇਮਾਮ ਹੁਸੈਨ ਦੇ ਹਤਿਆਰੇ ਦਾ ਨਾਮ।

شمس ***ਸ਼ਮਸ*** : ਸੂਰਜ, ਸੋਨੇ ਦੀ ਡਲੀ।

شمسه ***ਸ਼ਮਸਾ*** : ਰੋਸ਼ਨਦਾਨ; ਸੋਨੇ ਦਾ ਪਾਣੀ ਜਾਂ ਪਤਰਾ ਜੋ ਕਲਸ ਉਪਰ ਚੜ੍ਹਾਇਆ ਹੁੰਦਾ ਹੈ।

شمشاد ***ਸ਼ਮਸ਼ਾਦ*** : ਇਕ ਉਚੇ ਤੇ ਸੁੰਦਰ ਰੁਖ ਦਾ ਨਾਮ, ਇਸ ਰੁਖ ਨੂੰ ਮੈਹਬੂਬ ਦੇ ਕਦ ਨਾਲ ਉਪਮਾ ਦਿਤੀ ਜਾਂਦੀ ਹੈ।

شمشیر ***ਸ਼ਮਸ਼ੀਰ*** : ਤਲਵਾਰ, ਤੇਗ।

شمع ***ਸ਼ਮਅ*** : ਮੋਮ, ਮੋਮਬਤੀ।

شمعِ ایمن ***ਸ਼ਮਅ-ਏ-ਐਮਨ*** : ਓਹ ਰੱਬੀ ਨੂਰ ਜੋ ਵਾਦੀ-ਏ-ਐਮਨ ਵਿਚ ਹਜ਼ਰਤ ਮੂਸਾ ਨੂੰ ਇਕ ਰੁਖ ਉਤੇ ਦਿਸਿਆ ਸੀ।

شمعِ سحر ***ਸ਼ਮਅ-ਏ-ਸਹਰ*** : ਸਵੇਰ ਵੇਲੇ ਦਾ ਬੁਝ ਰਿਹਾ ਦੀਪਕ; ਮੌਤ ਨੇੜੇ ਵਿਅਕਤੀ।

شُموع ***ਸ਼ੁਮੂਅ*** : 'ਸ਼ਮਅ' ਦਾ ਬੌਹਵਚਨ।

شملّه ***ਸ਼ਮਲਾ*** : ਪਗੜੀ ਦਾ ਪਿਛੇ ਛੱਡਿਆ ਹੋਇਆ ਲੜ, ਪਗੜੀ ਦਾ ਤੁਰਾ; ਮੋਢੇ ਤੇ ਰਖਣ ਵਾਲੀ ਚਾਦਰ।

شمن *ਸ਼ਮਨ* : ਮੂਰਤੀ-ਪੂਜ।
شمه *ਸ਼ੰਮਾ* : ਥੋੜੀ ਸੁਗੰਧੀ; ਇਕ ਵਾਰ ਸੁੰਘਣਾ; ਥੋੜਾ ਕੁ, ਰਤਾ ਕੁ।
شمه *ਸ਼ਿੰਮਾ* : ਮਲਾਈ।
شميم *ਸ਼ਮੀਮ* : ਖ਼ੁਸ਼ਬੂਦਾਰ ਹਵਾ; ਸੁੰਘਣਾ; ਸੁਗੰਧੀ, ਮੈਹਕ, ਉੱਚੀ ਚੀਜ਼।
شميمه *ਸ਼ਮੀਮਾ* : ਖ਼ੁਸ਼ਬੂ।
شناخت *ਸ਼ਿਨਾਖ਼ਤ* : ਪਛਾਣ, ਤਮੀਜ਼।
شناختن *ਸ਼ਿਨਾਖ਼ਤਨ* : ਪਛਾਣਨਾ।
شنار *ਸ਼ਨਾਰ*, شنار *ਸ਼ਿਨਾਰ* : ਤਰਨ ਵਾਲਾ, ਤਰਾਕ, ਤਾਰੂ; ਮਨਹੂਸ।
شناور *ਸ਼ਨਾਵਰ*, شناور *ਸ਼ਿਨਾਵਰ*: ਤਰਾਕ, ਤਾਰੂ।
شناه *ਸ਼ਿਨਾਹ*, شناورى *ਸ਼ਿਨਾਵਰੀ* : ਤਰਾਕੀ।
شنجرف *ਸ਼ੰਜਰਫ਼*, شنجرف *ਸ਼ਿੰਜਰਫ਼*, شنگرف *ਸ਼ਿੰਗਰਫ਼* : ਇਕ ਲਾਲ ਰੰਗ ਦੀ ਧਾਤ ਜੇਹੜੀ ਪਾਰੇ ਤੇ ਗੰਧਕ ਦੀ ਮਿਲਾਵਟ ਨਾਲ ਤਿਆਰ ਹੁੰਦੀ ਹੈ।
شنگ *ਸ਼ੰਗ* : ਉੱਚਕਾ, ਚੋਰ, ਡਾਕੂ; ਮਖ਼ੌਲੀਆ; ਸ਼ੋਖ਼, ਚੁਲਬੁਲਾ; ਚਲਾਕ, ਬੇਸ਼ਰਮ।
شو *ਸ਼ੋ* : (ਸ਼ੁਦਨ شدن=ਹੋਣਾ ਤੋਂ) ਹੋ, ਹੋ ਜਾ।
شو *ਸ਼ੂ* :(ਸ਼ੁਸਤਨ شستن =ਧੋਣਾ ਤੋਂ) ਸ਼ੌਹਰ, ਖ਼ਾਵੰਦ, ਖ਼ਸਮ।
شوات *ਸ਼ਵਾਤ*, شواد *ਸ਼ਵਾਦ*, شوار *ਸ਼ਵਾਰ* : ਸੁਰਖ਼ਾਬ; ਗਿਰਗਿਟ।
شوب *ਸ਼ੂਬ* : ਪਗੜੀ; ਧੁਆਈ।
شوب *ਸ਼ੌਬ* : ਮਿਲਾਵਟ, ਮੇਲ; ਸ਼ੈਹਦ।
شوخ *ਸ਼ੋਖ਼* : ਗੁਸਤਾਖ਼, ਢੀਠ; ਦਲੇਰ, ਨਿਡਰ; ਚਲਾਕ, ਤੇਜ਼ ਤਰਾਰ; ਬੇਸ਼ਰਮ, ਚੋਰ, ਡਾਕੂ, ਠੱਗ; ਮਸਖ਼ਰਾ, ਮਖ਼ੌਲੀਆ।
شوخ‌ترازو *ਸ਼ੋਖ਼-ਤਰਾਜ਼ੂ* : ਘਟ ਤੋਲਣ ਵਾਲਾ, ਠਗ, ਧੋਖੇਬਾਜ਼।
شوخ‌چشم *ਸ਼ੋਖ਼-ਚਸ਼ਮ* : ਬੇਸ਼ਰਮ; ਮਸ਼ੂਕ।
شوخ‌چشمى *ਸ਼ੋਖ਼-ਚਸ਼ਮੀ* : ਬੇਸ਼ਰਮੀ।
شوخ‌طبع *ਸ਼ੋਖ਼-ਤਬਅ*, شوخ‌طبيعت *ਸ਼ੋਖ਼-ਤਬੀਅਤ* : ਤੇਜ਼-ਸੁਭਾ।
شوخى *ਸ਼ੋਖ਼ੀ* : ਤੇਜ਼ੀ, ਤਿਖਾਪਣ; ਸ਼ਰਾਰਤ; ਗੁਸਤਾਖ਼ੀ।
شور *ਸ਼ੋਰ* : ਰੌਲਾ, ਪਰਸਿੱਧੀ, ਮਸ਼ਹੂਰੀ; ਨਮਕ; ਨਮਕੀਨ, ਇਸ਼ਕ, ਪਾਗਲਪਣ।
شورابه *ਸ਼ੋਰਾਬਾ* : ਖਾਰਾ ਪਾਣੀ, ਸ਼ੋਰਾ।
شورباج *ਸ਼ੋਰਬਾਜ* : ਸ਼ੋਰਬਾ।
شورش *ਸ਼ੋਰਿਸ਼* : ਖਾਰਾਪਣ, ਸ਼ੋਰ-ਸ਼ਰਾਬਾ, ਰੌਲਾ-ਗੌਲਾ, ਫ਼ਸਾਦ, ਹੰਗਾਮਾ; ਪਰੇਸ਼ਾਨੀ।
شورش‌كده *ਸ਼ੋਰਿਸ਼-ਕਦਾ* : ਫ਼ਸਾਦ ਦਾ ਘਰ; ਸੰਸਾਰ।
شوره *ਸ਼ੋਰਾ* : ਲੂਣ ਵਰਗਾ ਇਕ ਪਦਾਰਥ ਜੋ ਆਤਸ਼ਬਾਜ਼ੀ ਵਿਚ ਕੰਮ ਆਉਂਦਾ ਹੈ; ਕੱਲਰ, ਇਕ ਕਿਸਮ ਦਾ ਦਰਖ਼ਤ।
شوره‌بوم *ਸ਼ੋਰਾ-ਬੂਮ* : ਖਾਰੀ ਜ਼ਮੀਨ, ਕਲਰ।
شورى *ਸ਼ੂਰਾ* : ਮਸ਼ਵਰਾ, ਸਲਾਹ।
شوريده *ਸ਼ੋਰੀਦਾ* : ਤਲਖ਼ (ਮਜ਼ਾ), ਕੌੜਾ (ਸੁਆਦ); ਪਰੇਸ਼ਾਨ, ਦੀਵਾਨਾ, ਪਾਗ਼ਲ, ਮਸਤਾਨਾ, ਪਰੇਮੀ।
شوريده‌بخت *ਸ਼ੋਰੀਦਾ-ਬਖ਼ਤ* : ਮੰਦਭਾਗਾ।
شوريده‌سر *ਸ਼ੋਰੀਦਾ-ਸਰ* : ਪਰੇਸ਼ਾਨ, ਦੀਵਾਨਾ; ਸਿਰਫਿਰਿਆ।
شوريده‌سرى *ਸ਼ੋਰੀਦਾ-ਸਰੀ* : ਦੀਵਾਨਗੀ, ਪਾਗਲਪਣ।
شوستر *ਸ਼ੂਸਤਰ* : ਖ਼ੂਜ਼ਿਸਤਾਨ ਦੇ ਇਕ ਸ਼ੈਹਰ ਦਾ ਨਾਮ।
شوشه *ਸ਼ੋਸ਼ਾ* : ਹਰ ਚੀਜ਼ ਦਾ ਟੋਟਾ; ਸੋਨੇ ਚਾਂਦੀ ਦੀ ਸੀਖ਼; ਰੇਤ ਦਾ ਟਿਲਾ; ਨਿਸ਼ਾਨ, ਸ਼ਹੀਦਾਂ ਦੀ ਕਬਰ ਉਤੇ ਬਣਾਇਆ ਜਾਂਦਾ ਨਿਸ਼ਾਨ।
شوق *ਸ਼ੌਕ* : ਇਛਾ, ਚਾਹ, ਦਿਲ ਦੀ ਰੁਚੀ; ਚਾਟ; ਚਸਕਾ; ਉਮੰਗ।

شوکت ***ਸ਼ੌਕਤ*** : ਸ਼ਕਤੀ; ਦਬਦਬਾ; ਲੜਾਈ ਦੀ ਸ਼ਿੱਦਤ; ਹਥਿਆਰ, ਤੇਜ਼ੀ; ਕੰਡਾ, ਸ਼ਾਨ-ਸ਼ੌਕਤ, ਮਰਤਬਾ।

شوله ***ਸ਼ੋਲਾ*** : ਕੂੜਾ ਕਰਕਟ; ਗੋਹਾ-ਕੂੜਾ, ਰੂੜੀ; ਦੁਮਦਾਰ ਤਾਰੇ ਦੀ ਰੋਸ਼ਨੀ।

شوم ***ਸ਼ੂਮ*** : ਭੈੜਾ, ਬਦ, ਮਨਹੂਸ, ਕੰਜੂਸ।

شومی ***ਸ਼ੂਮੀ*** : ਨਹੂਸਤ, ਬਦਸ਼ਗਨੀ।

شوهره ***ਸ਼ੌਹਰਾ*** : ਦੁਲਹਨ ਤੇ ਦੂਲ੍ਹਾ ਦੇ ਸਿਰ ਤੇ ਬੰਨ੍ਹਣ ਵਾਲੀ ਫੁਲ-ਮਾਲਾ, ਫੁਲਾਂ ਦਾ ਸੇਹਰਾ।

شوی ***ਸ਼ੂਯ*** : ਪਤੀ, ਘਰਵਾਲਾ, ਖ਼ਾਵੰਦ; ਸ਼ਰਾਬ ਦਾ ਚਾਹਵਾਨ; ਕਮੀਜ਼।

شه ***ਸ਼ਹ*** : (ਸ਼ਾਹ **شاه** ਦਾ ਸੰਖਿਪਤ ਰੂਪ) ਬਾਦਸ਼ਾਹ; ਵਡਾ; ਸ਼ਤਰੰਜ ਦੀ ਇਕ ਚਾਲ।

شه ***ਸ਼ੁਹ*** : ਘਿਰਨਾ, ਨਫ਼ਰਤ, ਕਰਾਹਤ।

شهاب ***ਸ਼ਿਹਾਬ*** : ਉਚਾ ਉਠਣ ਵਾਲਾ ਅਗ ਦਾ ਭਬੂਕਾ, ਟੁੱਟਣ ਵਾਲਾ ਸਤਾਰਾ, ਬੋਦੀ ਵਾਲਾ ਤਾਰਾ।

شهاب الدین سهروردی ***ਸ਼ਿਹਾਬ-ਉਦ-ਦੀਨ ਸੁਹਰਵਰਦੀ*** : ਇਕ ਪਰਸਿੱਧ ਮੁਸਲਮਾਨ ਵਿਦਵਾਨ ਜੋ ੫੩੭ ਹਿਜਰੀ ਵਿਚ ਪੈਦਾ ਹੋਏ ਤੇ ੬੩੦ ਹਿਜਰੀ ਵਿਚ ਓਹਨਾਂ ਦਾ ਦਿਹਾਂਤ ਹੋਇਆ, ਓਹ ਗਿਆਨ ਤੇ ਦਰਸ਼ਨ ਵਿਚ ਨਿਪੁੰਨ ਸਨ, ਆਪਣੇ ਸਮੇਂ ਦੇ ਬਗ਼ਦਾਦ ਦੇ ਮੁਖੀ ਸ਼ੈਖ ਸਨ ਅਤੇ ਸ਼ੈਖ਼ ਨਜੀਬੁੱਦ-ਦੀਨ ਸੁਹਰਾਵਰਦੀ ਦੇ ਮੁਰੀਦ ਸਨ।

شهاب الدین غوری ***ਸ਼ਿਹਾਬ-ਉਦ-ਦੀਨ ਗ਼ੌਰੀ*** : ਅਫ਼ਗ਼ਾਨਿਸਤਾਨ ਦੇ ਪਰਸਿੱਧ ਬਾਦਸ਼ਾਹ ਦਾ ਨਾਮ, ਜਿਸ ਨੇ ਹਿੰਦੁਸਤਾਨ ਉਤੇ ਨੌਂ ਹਮਲੇ ਕੀਤੇ; ਉਸ ਦੀ ਮੌਤ ੧੨੧੦ ਈ. ਵਿਚ ਹੋਈ।

شهادت ***ਸ਼ਹਾਦਤ*** : ਗਵਾਹੀ, ਸਚੀ ਗਵਾਹੀ; ਗਵਾਹੀ ਦੇਣਾ, ਸਾਖੀ ਭਰਨਾ; ਸਚੀ ਖ਼ਬਰ; ਸ਼ਹੀਦ ਹੋਣਾ, ਰਬ ਦੇ ਰਾਹ ਮਾਰੇ ਜਾਣਾ, ਬੇਗੁਨਾਹ ਕਤਲ ਹੋਣਾ, ਖ਼ੁਦਾ ਦੀ ਏਕਤਾ ਅਤੇ ਹਜ਼ਰਤ ਮੁਹੰਮਦ ਸਾਹਿਬ ਦੀ ਰਿਸਾਲਤ (ਰਸੂਲ ਹੋਣਾ) ਨੂੰ ਸਚੇ ਦਿਲੋਂ ਮੰਨਣਾ, ਸ਼ਹਾਦਤ ਦਾ ਕਲਮਾ।

شهامت ***ਸ਼ਹਾਮਤ*** : ਦਲੇਰੀ, ਬਹਾਦਰੀ; ਚੁਸਤੀ; ਵਡਿਆਈ; ਖ਼ੁਸ਼ੀ।

شهباز ***ਸ਼ਹਬਾਜ਼*** : (ਪੰਜਾਬੀ ਵਿਚ ਪਰਚਲਤ ਰੂਪ "ਸ਼ਹਿਬਾਜ਼" ਹੈ) ਬਾਜ਼ ਤੋਂ ਇਕ ਵਡੇ ਸ਼ਿਕਾਰੀ ਪੰਛੀ ਦਾ ਨਾਮ, ਵਡਾ ਬਾਜ਼; ਸੰਗੀਤ ਦੇ ਇਕ ਗਾਣੇ ਤੇ ਸੁਰ ਦਾ ਨਾਮ।

شهبالا ***ਸ਼ਹਬਾਲਾ*** : ਲਾੜੇ ਦਾ ਸਾਥੀ, ਸਰਬਾਲਾ।

شهد ***ਸ਼ਹਦ*** : (ਪੰਜਾਬੀ ਵਿਚ ਪਰਚਲਤ ਰੂਪ "ਸ਼ਹਿਦ" ਹੈ), ਮਿਠਾ ਸ਼ੀਰਾ ਜੋ ਮਖਿਆਲ ਇਕਤਰ ਕਰਦਾ ਹੈ, ਮਾਖਿਓਂ।

شهدا ***ਸ਼ੁਹਦਾ*** : (ਸ਼ਹੀਦ ਦਾ ਬੌਹਵਚਨ) ਓਹ ਲੋਕ ਜੋ ਰੱਬ ਦੀ ਰਾਹ ਤੇ ਮਾਰੇ ਜਾਣ; ਹਾਜ਼ਰ, ਗਵਾਹ।

شهر ***ਸ਼ਹਰ*** : ਸਾਲ ਦਾ ਬਾਰ੍ਹਵਾਂ ਭਾਗ, ਮਹੀਨਾ; ਚੰਦ; ਜ਼ਾਹਰ ਹੋਣਾ; ਮਿਆਨ 'ਚੋਂ ਤਲਵਾਰ ਖਿਚਣਾ।

شهرِ خدا ***ਸ਼ਹਰ-ਏ-ਖ਼ੁਦਾ*** : ਸਤਵਾਂ ਕੁਮਰੀ (ਚੰਦ ਦਾ) ਮਹੀਨਾ, ਮਹੀਨਾ ਰਜਬ।

شهور ***ਸ਼ੁਹੂਰ*** : (ਸ਼ਹਰ **شهر** ਦਾ ਬੌਹਵਚਨ) ਮਹੀਨੇ।

شهر ***ਸ਼ਹਰ*** : (ਪੰਜਾਬੀ ਵਿਚ ਪਰਚਲਤ ਰੂਪ "ਸ਼ੈਹਰ" ਹੈ), ਵਡਾ ਕਸਬਾ, ਵਡੀ ਬਸਤੀ, ਨਗਰ।

شهرآشوب ***ਸ਼ਹਰ-ਆਸ਼ੋਬ*** : ਕਿਸੇ ਉਜੜੇ ਹੋਏ ਸ਼ੈਹਰ ਦਾ ਕਵਿਤਾ ਵਿਚ ਮਾਤਮ ਜਾਂ ਜ਼ਿਕਰ; ਸੁੰਦਰਤਾ ਵਿਚ ਜਗਤ ਪਰਸਿੱਧ ਵਿਅਕਤੀ।

شهربند ***ਸ਼ਹਰ-ਬੰਦ*** : ਸ਼ੈਹਰ ਦੀ ਚਾਰਦੀਵਾਰੀ, ਫ਼ਸੀਲ; ਕਿਲ੍ਹਾ, ਗੜ੍ਹ; ਕਮਰਾ, ਹੁਜਰਾ।

شهرتاش ***ਸ਼ਹਰਤਾਸ਼*** : ਇਕੋ ਸ਼ੈਹਰ ਦੇ ਵਾਸੀ, ਹਮ-ਵਤਨ, ਹਮ-ਸ਼ੈਹਰੀ, ਗਵਾਂਢੀ।

شهرکشا ***ਸ਼ਹਰ-ਕੁਸ਼ਾ***, **شهرگیر** ***ਸ਼ਹਰ-ਗੀਰ*** : ਵਿਜੇਤਾ, ਬਾਦਸ਼ਾਹ।

شهرنبی ***ਸ਼ਹਰ-ਏ-ਨਬੀ*** : ਮਦੀਨਾ।

شهری ***ਸ਼ਹਰੀ*** : ਸ਼ੈਹਰ ਦਾ ਰੈਹਣ ਵਾਲਾ।

شهربانو ***ਸ਼ਹਰ ਬਾਨੋ*** : ਹਜ਼ਰਤ ਜ਼ੈਨੁਲ ਆਬਿਦੀਨ ਦੀ ਮਾਤਾ ਦਾ ਨਾਮ ਜੋ ਹਜ਼ਰਤ ਇਮਾਮ ਹੁਸੈਨ ਦੀ ਬੀਵੀ ਅਤੇ ਈਰਾਨ ਦੇ ਬਾਦਸ਼ਾਹ ਯਜ਼ਦਗਰਦ ਦੀ ਪੁਤਰੀ ਸੀ।

شهرت ***ਸ਼ੁਹਰਤ*** : ਪਰਗਟ ਕਰਨਾ, ਤਲਵਾਰ ਖਿੱਚਣਾ; ਚਰਚਾ, ਪਰਸਿੱਧੀ।

شهرت‌یافته ***ਸ਼ੁਹਰਤ ਯਾਫ਼ਤਾ*** : ਮਸ਼ਹੂਰ, ਜਿਸ ਦੀ ਧੂਮ ਹੋਵੇ, ਜੋ ਪਰਸਿੱਧ ਹੋ ਚੁਕਿਆ ਹੋਵੇ।

شهره ***ਸ਼ੁਹਰਾ*** : ਚਰਚਾ, ਪਰਸਿੱਧੀ, ਫੂਲਾਂ ਦਾ ਸੇਹਰਾ, ਪੁਸ਼ਪਮਾਲਾ।

شهرۀآفاق ***ਸ਼ੁਹਰਾ-ਏ-ਆਫ਼ਾਕ,***
شهرۀانام ***ਸ਼ੁਹਰਾ-ਏ-ਅਨਾਮ*** : ਜਗਤ ਪਰਸਿੱਧ, ਸੰਸਾਰ ਭਰ ਵਿਚ ਮਸ਼ਹੂਰ।

شهریار ***ਸ਼ਹਰਯਾਰ*** : ਬਾਦਸ਼ਾਹ, ਵਡਾ ਬਾਦਸ਼ਾਹ, ਵਡਾ, ਬਜ਼ੁਰਗ।

شهریور ***ਸ਼ਹਰੇਵਰ,*** **شهریر** ***ਸ਼ਹਰੀਰ*** : ਛੇਵਾਂ ਸੂਰਜੀ ਮਹੀਨਾ, ਏਹ ਮਹੀਨਾ ਅਗਸਤ ਮਹੀਨੇ ਦੇ ਨੇੜੇ ਤੇੜੇ ਹੁੰਦਾ ਹੈ; ਅਗ ਦੇ ਫਰਿਸ਼ਤੇ ਦਾ ਨਾਮ; ਅਗਨੀ ਦੇਵਤਾ।

شهریه ***ਸ਼ਹਰੀਯਾ*** : ਮਾਸਕ ਵੇਤਨ, ਮਾਹਵਾਰੀ ਤਨਖਾਹ।

شهلا ***ਸ਼ਹਲਾ*** : ਅਤ ਕਾਲੀਆਂ ਅਖਾਂ ਵਾਲੀ ਇਸਤਰੀ; ਨਰਗਿਸ ਦਾ ਫੂਲ; ਲਾਲ ਡੋਰਿਆਂ ਵਾਲੀ ਕਾਲੀ ਅਖ।

شهناز ***ਸ਼ਹਨਾਜ਼*** : ਦੁਲਹਨ, ਨਵ-ਵਿਆਹੁੜ; ਇਕ ਰਾਗ ਦਾ ਨਾਮ।

شهنائی ***ਸ਼ਹਨਾਈ*** : ਇਕ ਮਸ਼ਹੂਰ ਸਾਜ਼ ਦਾ ਨਾਮ, ਨਫ਼ੀਰੀ, ਬਾਂਸਰੀ।

شهنشاه ***ਸ਼ਹਨਸ਼ਾਹ,*** **شهنشه** ***ਸ਼ਹਨਸ਼ਹ*** : (ਸ਼ਾਹਾਨ-ਸ਼ਾਹ **شاهان‌شاه** ਦਾ ਸੰਖਿਪਤ ਰੂਪ) ਬਾਦਸ਼ਾਹਾਂ ਦਾ ਬਾਦਸ਼ਾਹ।

شهنشاهِ‌فلک ***ਸ਼ਹਨਸ਼ਾਹ-ਏ-ਫ਼ਲਕ*** : ਸੂਰਜ।

شهِ‌نیمروز ***ਸ਼ਹ-ਏ-ਨੀਮਰੋਜ਼*** : ਹਜ਼ਰਤ ਆਦਮ, ਹਜ਼ਰਤ ਮੁਹੰਮਦ ਸਾਹਿਬ; ਸੂਰਜ; ਮਨੁਖ ਦਾ ਦਿਲ; ਜ਼ਾਲ ਦਾ ਪੁਤਰ, ਰੁਸਤਮ।

شهوت ***ਸ਼ਹਵਤ*** : ਇਛਾ, ਸ਼ੌਕ; ਭੁਖ; ਸੰਭੋਗ ਦੀ ਇੱਛਾ।

شهوتِ‌کلبی ***ਸ਼ਹਵਤ-ਏ-ਕਲਬੀ*** : ਇਕ ਰੋਗ ਜਿਸ ਵਿਚ ਰੋਗੀ ਚਾਹੇ ਜਿੰਨੀ ਖ਼ੁਰਾਕ ਖਾ ਲਵੇ ਰਜਦਾ ਨਹੀਂ।

شهود ***ਸ਼ੁਹੂਦ*** : (ਸ਼ਾਹਿਦ **شهد** ਦਾ ਬੌਹਵਚਨ) ਗਵਾਹ, ਸੂਫ਼ੀਆਂ ਅਨੁਸਾਰ ਇਨਸਾਨ ਦੀ ਓਹ ਸਥਿਤੀ ਜਿਥੇ ਹਰ ਸ਼ੈ ਐਨ ਰੱਬ ਵਾਂਗ ਵਿਖਾਈ ਦੇਵੇ।

شهید ***ਸ਼ਹੀਦ*** : ਖ਼ੁਦਾ ਦੇ ਰਾਹ 'ਤੇ ਮਾਰਿਆ ਜਾਣ ਵਾਲਾ; ਗਵਾਹ, ਸਾਖੀ; ਓਹ ਵਿਅਕਤੀ ਜਿਸ ਤੋਂ ਕੋਈ ਗੱਲ ਲੁਕੀ ਛੁਪੀ ਨਾ ਹੋਵੇ; ਅੱਲਾਹ ਦਾ ਇਕ ਨਾਮ।

شی ***ਸ਼ੈ*** : ਵਸਤੂ।

شیاطین ***ਸ਼ਯਾਤੀਨ*** : (ਸ਼ੈਤਾਨ **شیطان** ਦਾ ਬੌਹਵਚਨ) ਬੌਹਤੇ ਸ਼ਤਾਨ, ਸ਼ਰਾਰਤੀ।

شیبا ***ਸ਼ੀਬਾ*** : ਸੱਪ; ਪਾਗ਼ਲ; ਮੋਹਤ।

شیبان ***ਸ਼ੀਬਾਨ*** : ਕੰਬਦਾ ਹੋਇਆ; ਪਰੇਸ਼ਾਨ।

شیبان ***ਸ਼ੀਬਾਨ*** : ਇਕ ਕਬੀਲੇ ਦਾ ਨਾਮ; ਇਕ ਵਲੀ ਦਾ ਨਾਮ।

شیپور ***ਸ਼ੈਪੂਰ*** : ਨਫ਼ੀਰੀ, ਬਿਗਲ।

شیث ***ਸ਼ੀਸ*** : ਹਜ਼ਰਤ ਆਦਮ ਦੇ ਬੇਟੇ ਦਾ ਨਾਮ, ਜੋ ਓਹਨਾਂ ਪਿਛੋਂ ਪੈਗੰਬਰ ਹੋਇਆ।

شیخ ***ਸ਼ੈਖ਼*** : ਬੁਢਾ, ਬਜ਼ੁਰਗ; ਪੀਰ, ਮੁਰਸ਼ਦ, ਉਸਤਾਦ, ਵਡਾ ਵਿਦਵਾਨ।

شیخ‌الرئیس ***ਸ਼ੈਖ਼-ਉਰ-ਰਈਸ,***
شیخ‌رئیس ***ਸ਼ੈਖ਼-ਏ-ਰਈਸ*** : ਹਕੀਮ ਬੂ-ਅਲੀ-ਸੀਨਾ ਦੀ ਉਪਾਧੀ।

شیخوخت ***ਸ਼ੈਖ਼ੂਖ਼ਤ*** : ਬੁਢਾਪਾ, ਪੀਰੀ, ਸਰਦਾਰੀ।

شیدا ***ਸ਼ੈਦਾ*** : ਦੀਵਾਨਾ, ਮਦਹੋਸ਼, ਮਸਤ; ਇਸ਼ਕ ਵਿਚ ਡੁਬਿਆ ਹੋਇਆ।

شیر ***ਸ਼ੀਰ*** : ਦੁੱਧ।

شیرانداز ***ਸ਼ੀਰ-ਅੰਦਾਜ਼*** : ਦੁੱਧ ਦਾ ਭਰਿਆ ਥਣ।

شیربا ***ਸ਼ੀਰਬਾ*** . ਖੀਰ, ਫਿਰਨੀ।

شیربها ***ਸ਼ੀਰ-ਬਹਾ*** : ਦੁੱਧ ਦੀ ਕੀਮਤ, ਲਾੜੀ ਦਾ ਚੜ੍ਹਾਵਾ, ਸ਼ਗਨ।

شیرجامه ***ਸ਼ੀਰ ਜਾਮਾ*** : ਥਣ, ਦੁੱਧੀ; ਦੁੱਧ ਦਾ ਭਾਂਡਾ, ਦੋਹਣਾ।

شیر ***ਸ਼ੇਰ*** : ਬਾਘ, ਸਿੰਘ।

شیرافگن ***ਸ਼ੇਰ-ਅਫ਼ਗਨ***: ਸ਼ੇਰ ਨੂੰ ਮਾਰ ਗਿਰਾਣ ਵਾਲਾ, ਬਹਾਦਰ, ਦਲੇਰ, ਜੋਧਾ।

شیردل ***ਸ਼ੇਰ-ਦਿਲ*** : ਦਲੇਰ।

شیرابی ***ਸ਼ੇਰਾਬੀ***: ਮੱਗਰਮੱਛ।

شیراز ***ਸ਼ੀਰਾਜ਼***: ਈਰਾਨ ਦੇ ਪਰਸਿੱਧ ਸ਼ੈਹਰ ਦਾ ਨਾਮ ਜੋ ਸ਼ੈਖ਼ ਸਾਅਦੀ ਤੇ ਹਾਫ਼ਿਜ਼ ਦਾ ਵਤਨ ਸੀ।

شیرازی ***ਸ਼ੀਰਾਜ਼ੀ*** : ਸ਼ੀਰਾਜ਼ ਦਾ ਰੈਹਣ ਵਾਲਾ; ਸ਼ੀਰਾਜ਼ ਨਾਲ ਸਬੰਧਤ।

شیرازه ***ਸ਼ੀਰਾਜ਼ਾ*** : ਓਹ ਧਾਗਾ ਜੇਹੜਾ ਕਿਤਾਬ ਦੀ ਜੁਜ਼ਬੰਦੀ ਪਿਛੋਂ ਉਸ ਦੀ ਪੁਸ਼ਤ 'ਤੇ ਲਾਉਂਦੇ ਹਨ। ਸਿਲਾਈ ਜੇਹੜੀ ਕਿਤਾਬ ਨੂੰ ਇੱਕਠਾ ਰਖਣ ਲਈ ਕੀਤੀ ਜਾਂਦੀ ਹੈ; ਸਿਲਸਿਲਾ।

شیرشاه(سوری) ***ਸ਼ੇਰ ਸ਼ਾਹ (ਸੂਰੀ)*** : ਹਿੰਦੁਸਤਾਨ ਦੇ ਪਰਸਿੱਧ ਅਫ਼ਗਾਨ ਬਾਦਸ਼ਾਹ ਦਾ ਨਾਮ।

شیرمرغ ***ਸ਼ੀਰ ਮੁਰਗ਼*** : ਚਮਗਾਦੜ; ਅਦੁਤੀ ਤੇ ਦੁਰਲਭ (ਵਸਤੂ)।

شیرمست ***ਸ਼ੀਰ-ਮਸਤ*** : ਹਿਰਨ ਤੇ ਬਕਰੀ ਦਾ ਬੱਚਾ ਜੋ ਦੁਧ-ਭਰੇ ਪੇਟ ਨਾਲ ਮਸਤ ਹੋ ਕੇ ਛਾਲਾਂ ਤੇ ਟਪੂਸੀਆਂ ਮਾਰਦਾ ਹੈ, ਅਟਕੇਲੀਆਂ ਕਰਨ ਵਾਲਾ; ਦੁਧ-ਪੀਂਦਾ ਬੱਚਾ।

شیروانی ***ਸ਼ੀਰਵਾਨੀ, ਸ਼ੇਰਵਾਨੀ*** : (ਸ਼ਰਵਾਨੀ) ਅਫ਼ਗਾਨਾਂ ਦੇ ਇਕ ਕਬੀਲੇ ਦਾ ਨਾਮ।

شیروشکر ***ਸ਼ੀਰ-ਓ-ਸ਼ਕਰ*** : ਇਕ ਨਫ਼ੀਸ ਰੇਸ਼ਮੀ ਕਪੜੇ ਦਾ ਨਾਮ; ਅਤ ਦਾ ਮੇਲ ਮਿਲਾਪ।

شیروشکربودن ***ਸ਼ੀਰ-ਓ-ਸ਼ਕਰ ਬੂਦਨ*** : ਘਿਓ ਖਿਚੜੀ ਹੋਣਾ।

شیره ***ਸ਼ੀਰਾ*** : ਚਾਸ਼ਨੀ, ਪਤਲੀ ਮਿਠਾਸ, ਪਤਲਾ ਹਲਵਾ; ਲੇਸ; ਰਸ; ਦੁੱਧ ਦੇ ਦੰਦ; ਨਵੀਂ ਸ਼ਰਾਬ।

شیرهٔانگور ***ਸ਼ੀਰਾ-ਏ-ਅੰਗੂਰ*** : ਅੰਗੂਰ ਦਾ ਰਸ, ਅੰਗੂਰੀ ਸ਼ਰਾਬ।

شیرین ***ਸ਼ੀਰੀਨ*** : ਮਿਠਾ, ਮਿਠੀ, ਅਤ ਪਿਆਰਾ; ਅਦੁਤੀ, ਦੁਰਲਭ, ਮਨ-ਪਸੰਦ; ਪਰਵੇਜ਼ ਦੀ ਮਲਕਾ ਦਾ ਨਾਮ ਜੋ ਅਰਸਨ ਦੀ ਸ਼ੈਹਜ਼ਾਦੀ ਸੀ ਤੇ ਫ਼ਰਹਾਦ ਇਸੇ ਪਰ ਮੋਹਤ ਹੋਇਆ ਸੀ।

شیرین‌زبان ***ਸ਼ੀਰੀਨ-ਜ਼ਬਾਨ,*** **شیرین‌سخن** ***ਸ਼ੀਰੀਨ-ਸੁਖ਼ਨ,*** **شیرین‌نفس** ***ਸ਼ੀਰੀਨ-ਨਫ਼ਸ*** : ਚੰਗੇ ਮਿਠੇ ਬਚਨ ਕੈਹਣ ਵਾਲਾ, ਚੰਗਾ ਵਕਤਾ।

شیرین‌شمایل ***ਸ਼ੀਰੀਨ-ਸ਼ਮਾਇਲ*** : ਚੰਗੇ ਸੁਭਾ ਵਾਲਾ।

شیرینی ***ਸ਼ੀਰੀਨੀ*** : ਮਿਠਾਸ; ਮਿਠਿਆਈ; ਰਿਸ਼ਵਤ, ਵਢੀ।

شیشه ***ਸ਼ੀਸ਼ਾ*** : ਕਚ, ਮੂੰਹ ਵੇਖਣ ਵਾਲਾ ਦਰਪਣ; ਬੋਤਲ, ਸੁਰਾਹੀ; ਬੈਰਾਮੀਟਰ; ਦਿਲ; ਹੁੱਕਾ।

شیشه‌باز ***ਸ਼ੀਸਾ-ਬਾਜ਼*** : ਚਾਲਬਾਜ਼, ਠਗ, ਬਾਜ਼ੀਗਰ ਜੋ ਪਾਣੀ ਨਾਲ ਭਰੀ ਬੋਤਲ ਸਿਰ 'ਤੇ ਟਿਕਾ ਕੇ ਨਚਦਾ ਹੈ।

شیشه‌بازی ***ਸ਼ੀਸ਼ਾ-ਬਾਜ਼ੀ*** : ਮਕਾਰੀ, ਠਗ਼ੀ।

شیشه‌بندی ***ਸ਼ੀਸ਼ਾ-ਬੰਦੀ*** : ਮੂੰਹ ਨਾਲ ਸੀਟੀ ਵਜਾਉਣਾ।

شیشهٔحجام ***ਸ਼ੀਸ਼ਾ-ਏ-ਹੱਜਾਮ*** : ਪਛ ਲਾਉਣ ਪਿਛੋਂ ਖ਼ੂਨ ਖਿਚਣ ਲਈ ਲਾਇਆ

ਗਿਆ ਸ਼ੀਸ਼ਾ; ਸਿੰਡੀ ਦੀ ਥਾਂ ਲਾਉਣ ਵਾਲਾ ਸ਼ੀਸ਼ਾ।

شیشهٔ‌دل ***ਸ਼ੀਸ਼ਾ-ਦਿਲ*** : ਕੋਮਲ ਸੁਭਾ।

شیطان ***ਸ਼ੈਤਾਨ*** : ਖ਼ੁਦਾ ਦਾ ਦੁਸ਼ਮਣ, ਮਾਨਵਜਾਤੀ ਦਾ ਵੈਰੀ, ਇਬਲੀਸ, ਆਕੀ, ਦੇਉ; ਸੱਪ।

شیطنت ***ਸ਼ੈਤਨਤ*** : ਸ਼ਰਾਰਤ, ਫ਼ਸਾਦ; ਬਦਕਾਰੀ, ਬਦੀ।

شیعه ***ਸ਼ੀਆ*** : ਟੋਲਾ; ਆਗਿਆਕਾਰ, ਸਹਾਇਕ; ਓਹ ਲੋਕ ਜੋ ਹਜ਼ਰਤ ਇਮਾਮ ਅਲੀ ਤੋਂ ਬਿਨਾ ਦੂਜੇ ਖ਼ਲੀਫ਼ਿਆਂ ਨੂੰ ਨਹੀਂ ਮੰਨਦੇ, ਜੇਹੜੇ ਹਜ਼ਰਤ ਅਲੀ ਨੂੰ ਮੁਹੰਮਦ ਸਾਹਿਬ ਤੋਂ ਬਾਦ ਖ਼ਿਲਾਫ਼ਤ ਦਾ ਹੱਕਦਾਰ ਮੰਨਦੇ ਹਨ।

شیعی ***ਸ਼ੀਈ*** : ਸ਼ੀਆ ਫ਼ਿਰਕੇ ਨਾਲ ਸਬੰਧਤ।

شیفتگی ***ਸ਼ੇਫ਼ਤਗੀ*** : ਹੈਰਾਨੀ, ਬੇਹੋਸ਼ੀ, ਇਸ਼ਕ, ਆਸ਼ਕੀ।

شیفته ***ਸ਼ੇਫ਼ਤਾ*** : ਹੈਰਾਨ, ਪਰੇਸ਼ਾਨ; ਦੀਵਾਨਾ, ਮਦਹੋਸ਼; ਆਸ਼ਕ, ਪਰੇਮੀ।

شیلان ***ਸ਼ੀਲਾਨ*** : ਦਸਤਰਖ਼੍ਵਾਨ; ਖਾਣਾ, ਭੋਜਨ; ਅੰਗੂਰ।

شیلانچی ***ਸ਼ੀਲਾਨਚੀ*** : ਬਾਵਰਚੀਖ਼ਾਨੇ ਦਾ ਦਰੋਗਾ; ਕਸਾਈ।

شیون ***ਸ਼ੇਵਨ*** : ਰੋਣਾ-ਧੋਣਾ, ਵਿਰਲਾਪ, ਵੈਣ; ਚੀਕ ਪੁਕਾਰ, ਸੋਗ, ਸਿਆਪਾ।

شیوه ***ਸ਼ੇਵਾ*** : ਤਰਜ਼, ਤਰੀਕਾ, ਢੰਗ, ਅੰਦਾਜ਼, ਦਸਤੂਰ; ਹੁਨਰ; ਨਾਜ਼, ਨਖ਼ਰਾ; ਵਿਖਾਵਾ ਨਿਜ-ਪਰਗਟਾਵਾ।

ص(ਸਵਾਦ)

ص ***ਸਵਾਦ, ਸਾਦ*** : ਫ਼ਾਰਸੀ ਦਾ ਸਤਾਰ੍ਹਵਾਂ ਅਤੇ ਅਰਬੀ ਦਾ ਚੌਦ੍ਹਵਾਂ ਅੱਖਰ; ਅਬਜਦ ਅਨੁਸਾਰ ਇਸ ਦੇ ਨਬੇ (੯੦) ਅੰਕ ਨਿਸ਼ਚਤ ਹਨ।

صابر ***ਸਾਬਿਰ*** : ਸਬਰ ਕਰਨ ਵਾਲਾ, ਸੰਤੋਖੀ; ਹਜ਼ਰਤ ਅਯੂੱਬ ਦਾ ਵਿਸ਼ੇਸ਼ਣੀ ਉਪਨਾਮ; ਹਜ਼ਰਤ ਅਲਾਉੱਦੀਨ ਅਲੀ ਅਹਮਦ ਸਾਬਿਰ ਜੋ ਹਜ਼ਰਤ ਬਾਬਾ ਸ਼ੈਖ਼ ਫ਼ਰੀਦ ਪ਼ਕਰ ਗੰਜ ਦੇ ਖ਼ਲੀਫਾ ਹੋਏ ਹਨ, ਓਹਨਾਂ ਨੂੰ ਚਿਸਤੀ ਸਾਬਿਰੀ ਵੀ ਕੈਂਹਦੇ ਹਨ, ਏਹਨਾਂ ਦਾ ਮਜ਼ਾਰ ਕਲੇਰ (ਸਹਾਰਨਪੁਰ) ਵਿਖੇ ਹੈ ਜਿਥੇ ਹਰ ਸਾਲ ਉ਼ਰਸ ਉਤੇ ਹਜ਼ਾਰਾਂ ਸ਼ਰਧਾਲੂ ਇਕੱਤਰ ਹੁੰਦੇ ਹਨ।

صابری ***ਸਾਬਿਰੀ*** : ਓਹ ਚਿਸ਼ਤੀ ਜੇਹੜੇ ਅਲਾਉੱਦੀਨ ਅਲੀ ਅਹਮਦ ਸਾਬਿਰੀ ਦੇ ਅਨੁਯਾਈ ਹਨ; ਇਕ ਸ਼ਾਇਰ ਦਾ ਕਾਵਿ-ਉਪਨਾਮ।

صابون ***ਸਾਬੂਨ*** : ਸਾਬਣ, ਜਿਸ ਨਾਲ ਕਪੜੇ ਅਦਿ ਧੋਏ ਜਾਂਦੇ ਹਨ।

صابونی ***ਸਾਬੂਨੀ*** : ਇਕ ਪਰਕਾਰ ਦੀ ਪਰਸਿੱਧ ਮਿਠਿਆਈ।

صاحب ***ਸਾਹਿਬ*** : ਦੋਸਤ, ਯਾਰ, ਸਾਥੀ; ਫ਼ਾਰਸੀ ਭਾਸ਼ਾ ਵਿਚ ਮਾਲਕ, ਖ਼ਾਵੰਦ (ਪਤੀ) ਤੇ ਵਜ਼ੀਰ ਦੇ ਅਰਥਾਂ ਵਿਚ ਆਓਂਦਾ ਹੈ; ਬਾਦਸ਼ਾਹ; ਅਮੀਰ, ਵਜ਼ੀਰ, ਖ਼ੁਦਾ, ਹਾਕਮ, ਸਤਕਾਰ ਦਾ ਸ਼ਬਦ ਜੋ ਨਾਮ ਤੋਂ ਮਗਰੋਂ ਲਿਖਿਆ ਜਾਂਦਾ ਹੈ।

صاحبِ اختیار ***ਸਾਹਿਬ-ਏ-ਇਖ਼ਤਿਯਾਰ*** : ਖ਼ੁਦਮੁਖ਼ਤਾਰ; ਅਧਕਾਰੀ।

صاحبِ اخلاق ***ਸਾਹਿਬ-ਏ-ਅਖ਼ਲਾਕ਼*** : ਖ਼ੁਸ਼-ਖ਼ੁਲਕ।

صاحبِ اقبال ***ਸਾਹਿਬ-ਏ-ਇਕਬਾਲ*** : ਖ਼ੁਸ਼ ਨਸੀਬ; ਭਾਗਸ਼ਾਲੀ, ਸੁਭਾਗਾ।

صاحبان ***ਸਾਹਿਬਾਨ*** : ਸਾਹਿਬ **صاحب** ਦਾ ਬੌਹਵਚਨ।

صاحبِ خانه ***ਸਾਹਿਬ-ਏ-ਖ਼ਾਨਾ*** : ਘਰ ਦਾ ਮਾਲਕ, ਮੇਜ਼ਬਾਨ।

صاحبِ دل ***ਸਾਹਿਬ-ਦਿਲ*** : ਰੋਸ਼ਨ ਦਿਲ; ਸਿਆਣਾ।

صاحبِ دیوان ***ਸਾਹਿਬ-ਏ-ਦੀਵਾਨ*** : ਸਦਰ, ਪਰਧਾਨ, ਓਹ ਸ਼ਾਇਰ ਜਿਸ ਦਾ ਕਾਵਿ-ਸੰਗਰੈਹ ਛਪਿਆ ਹੋਵੇ।

صاحبِ ذوق ***ਸਾਹਿਬ-ਏ-ਜ਼ੌਕ਼*** : ਕਾਮਲ ਆਰਿਫ਼; ਸ਼ੁਕੀਨ।

صاحبِ رای ***ਸਾਹਿਬ-ਏ-ਰਾਯ*** : ਵਜ਼ੀਰ; ਹਕੀਮ ਬੂ-ਅਲੀ-ਸੀਨਾ।

صاحبزاده ***ਸਾਹਿਬ-ਜ਼ਾਦਾ*** : ਬੇਟਾ, ਪੁਤਰ; ਪੀਰ ਜ਼ਾਦਾ; ਰਈਸ-ਜ਼ਾਦਾ; ਕਿਸੇ ਬਜ਼ੁਰਗ ਦੀ ਔਲਾਦ।

صاحبِ علوم ***ਸਾਹਿਬ-ਏ-ਉਲੂਮ*** : ਇਤਿਹਾਸਕਾਰ, ਵਿਦਵਾਨ।

صاحبِ غرض ***ਸਾਹਿਬ-ਏ-ਗ਼ਰਜ਼*** : ਲੋੜਵੰਦ।

صاحبِ قران ***ਸਾਹਿਬ-ਏ-ਕ਼ਿਰਾਨ*** : ਅਜੇਹਾ ਵਿਅਕਤੀ ਜਿਸ ਦੇ ਜਨਮ ਵੇਲੇ ਦੋ ਸ਼ੁਭ ਨਛੱਤਰਾਂ (ਜਿਵੇਂ ਸ਼ੁਕਰ ਅਤੇ ਬ੍ਰਹਸਪਤੀ) ਦਾ ਇਕਠ/ਸੰਜੋਗ ਇਕੋ ਰਾਸ਼ੀ ਵਿਚ ਹੋਵੇ।

صاحبِ کتاب ***ਸਾਹਿਬ-ਏ-ਕਿਤਾਬ*** : ਓਹ ਪੈਗ਼ੰਬਰ ਜਿਸ ਉਪਰ ਇਲਹਾਮੀ

ਕਿਤਾਬ ਨਾਜ਼ਿਲ ਹੋਵੇ।

صاحبِ‌کف‌بیضا ***ਸਾਹਿਬ-ਏ-ਕਫ਼-ਏ-ਬੈਜ਼ਾ*** : ਚਿਟੀ ਹਥੇਲੀ ਵਾਲਾ; ਹਜ਼ਰਤ ਮੂਸਾ।

صاحبِ‌نصیب ***ਸਾਹਿਬ-ਏ-ਨਸੀਬ*** : ਚੰਗੇ ਨਸੀਬੇ ਵਾਲਾ; ਸੁਭਾਗਾ।

صاحبہ ***ਸਾਹਿਬਾ*** : (ਸਾਹਿਬ صاحب ਦਾ ਇਸਤਰੀ ਲਿੰਗ) ਸਹੇਲੀ, ਸਖੀ; ਬੀਵੀ, ਸਾਥਣ।

صاحبی ***ਸਾਹਿਬੀ*** : ਅੰਗੂਰ ਦੀ ਇਕ ਕਿਸਮ; ਇਕ ਕਿਸਮ ਦਾ ਧਾਰੀਦਾਰ ਰੇਸ਼ਮੀ ਕੱਪੜਾ, ਹਕੂਮਤ, ਦੌਰ ਦੌਰਾ; ਅਮੀਰੀ; ਬੇਪਰਵਾਹੀ; ਸ਼ੇਖੀ।

صاد ***ਸਾਦ*** : ਅਰਬੀ ਵਰਨਮਾਲਾ ਦਾ ਚੌਦ੍ਹਵਾਂ ਤੇ ਫ਼ਾਰਸੀ ਦੀ ਸਤਾਰ੍ਹਵਾਂ ਅੱਖਰ; ਇਕਰਾਰ ਤੇ ਤਸਦੀਕ ਦਾ ਚਿੰਨ੍ਹ, ਮਨਜ਼ੂਰ ਕਰਨ ਦੀ ਨਿਸ਼ਾਨੀ; ਕੁਰਾਨ ਸ਼ਰਾਫ਼ ਦੇ ਅੱਠਤੀਵੇਂ ਸੂਰੇ ਦਾ ਨਾਮ; ਅੱਖ।

صادر ***ਸਾਦਿਰ*** : ਨਿਕਲਣ ਵਾਲਾ; ਕਿਸੇ ਚੀਜ਼ ਤੋਂ ਬਾਹਰ ਆਉਣ ਵਾਲਾ; ਪਰਤਣ ਵਾਲਾ; ਘਾਟ ਤੋਂ ਵਾਪਸੀ ਦਾ ਰਸਤਾ।

صادر و وارد ***ਸਾਦਿਰ-ਉ-ਵਾਰਿਦ*** : ਆਉਣ ਜਾਣ ਵਾਲਾ, ਪਾਂਧੀ, ਰਾਹੀ।

صادق ***ਸਾਦਿਕ਼*** : ਸਿਦਕ ਵਾਲਾ, ਸਚਾਈ ਵਾਲਾ, ਸਚਾ; ਕਿਸੇ ਚੀਜ਼ ਤੇ ਠੀਕ ਬੈਠਣਾ; ਹਜ਼ਰਤ ਇਮਾਮ ਜਾਅਫ਼ਰ ਦਾ ਲਕਬ (ਵਿਸ਼ੇਸ਼ਣੀ ਉਪਨਾਮ)।

صادق‌الاعتقاد ***ਸਾਦਿਕ਼-ਉਲ-ਇਅਤਕ਼ਾਦ*** : ਪਕੇ ਨਿਸ਼ਚੇ ਵਾਲਾ; ਗੱਲ ਦਾ ਸੱਚਾ।

صادق‌القول ***ਸਾਦਿਕ਼-ਉਲ-ਕ਼ੌਲ***: ਇਕਰਾਰ ਪੂਰਾ ਕਰਨ ਵਾਲਾ।

صادق‌نفس ***ਸਾਦਿਕ਼-ਨਫ਼ਸ*** : ਸਚੀ ਗਲ ਕਰਨ ਵਾਲਾ, ਸਚਾ ਆਦਮੀ।

صاعد ***ਸਾਇਦ*** : ਉਤਾਂਹ ਚੜ੍ਹਨ ਵਾਲਾ; ਹੇਠਾਂ ਤੋਂ ਉਪਰ ਜਾਣ ਵਾਲਾ।

صاعقہ ***ਸਾਇਕ਼ਾ*** : ਕੜਕਣ ਵਾਲੀ ਤੇ ਧਰਤੀ 'ਤੇ ਡਿਗਣ ਵਾਲੀ ਅਸਮਾਨੀ ਬਿਜਲੀ; ਮੌਤ; ਹਲਾਕ ਕਰਨ ਵਾਲਾ ਦੁਖ; ਦੁਖ ਦੀ ਹੂਕ ; ਮੀਕਾਇਲ ਫ਼ਰਿਸ਼ਤੇ ਦਾ ਕੋਰੜਾ।

صاغری ***ਸਾਗਰੀ*** : ਇਕ ਕਿਸਮ ਦਾ ਚਮੜਾ ਜੋ ਆਮ ਤੌਰ ਤੇ ਹਰੇ ਰੰਗ ਦਾ ਹੁੰਦਾ ਹੈ।

صاف ***ਸਾਫ਼*** : ਪਵਿਤਰ, ਸੁਥਰੀ (ਚੀਜ਼), ਨਿਰਮਲ, ਖ਼ਾਲਸ, ਬਿਨਾ ਮਿਲਾਵਟ ਦੇ, ਬੇਗੁਨਾਹ, ਪਧਰਾ, ਬਿਲਕੁਲ ਸਪੱਸ਼ਟ, ਸੱਚਾ , ਸਿਧਾ, ਠੀਕ।

صاف‌باطن ***ਸਾਫ਼-ਬਾਤਿਨ*** : ਸਾਫ਼-ਦਿਲ; ਬਿਨਾ ਵੈਰ ਵਿਰੋਧ ਦੇ।

صافی ***ਸਾਫ਼ੀ*** : ਸਾਫ਼ ਸੁਥਰਾ; ਬਿਨਾਂ ਖੋਟ ਦੇ।

صافی ***ਸਾਫ਼ੀ*** : ਦਵਾ ਜਾਂ ਸ਼ਰਾਬ ਆਦਿ ਨੂੰ ਛਾਣਨ ਦਾ ਕਪੜਾ; ਪੋਣਾ।

صالح ***ਸਾਲਿਹ*** : ਨੇਕ, ਈਮਾਨਦਾਰ, ਸਮੂਦ ਕੌਮ ਦਾ ਇਕ ਪਰਸਿੱਧ ਪੈਗ਼ੰਬਰ।

صالحہ ***ਸਾਲਿਹਾ*** : ਨੇਕ ਔਰਤ; ਬੀਬੀ।

صانع ***ਸਾਨਿਅ*** : ਬਣਾਉਣ ਵਾਲਾ, ਦਸਤਕਾਰ, ਕਾਰੀਗਰ, ਸਰਸ਼ਟਾ; ਪੈਦਾ ਕਰਨ ਵਾਲਾ।

صائب ***ਸਾਇਬ*** : ਠੀਕ, ਸਹੀ, ਸਿਧਾ; ਪੌਹਚਣ ਵਾਲਾ; ਇਕ ਪਰਸਿੱਧ ਸ਼ਾਇਰ (ਮੁਹੰਮਦ ਅਲੀ) ਦਾ ਉਪਨਾਮ।

صائم ***ਸਾਇਮ*** : ਰੋਜ਼ਾ ਰੱਖਣ ਵਾਲਾ, ਰੋਜ਼ਾਦਾਰ।

صبا ***ਸਬਾ*** : ਪੁਰਵਾ, ਹਵਾ; ਬਸੰਤ ਰੁਤ ਦੀ ਹਵਾ; ਫ਼ਾਰਸੀ ਵਿਚ ਕੇਵਲ ਹਵਾ ਲਈ ਆਉਂਦਾ ਹੈ; ਇਕ ਰਾਗ ਦਾ ਨਾਮ; ਚੰਗੀ ਚਾਲ ਵਾਲਾ ਘੋੜਾ।

صبا ***ਸਿਬਾ*** : ਬਚਪਨ, ਬਾਲ ਅਵਸੁਥਾ।

صباح ***ਸਬਾਹ*** : ਸਵੇਰਾ, ਖ਼ੂਬਸੂਰਤ, ਸੁੰਦਰ, ਚੰਗਾ।

صباح‌الخیر ***ਸਬਾਹ-ਉਲ-ਖ਼ੈਰ*** : ਦੁਆ ਵਜੋਂ ਸਵੇਰ ਵੇਲੇ ਦਾ ਵਾਕ, ਸਵੇਰ ਮੁਬਾਰਕ।

صبّاح ***ਸੱਬਾਹ*** : ਬੌਹਤ ਸਫ਼ੈਦ, ਗੋਰੇ ਰੰਗ ਦਾ,

ਸੋਹਣਾ, ਕੰਦੀਲ, (ਮਸ਼ਾਲ) ਦੀ ਲਾਟ।

صبار ***ਸਿਬਾਰ*** : ਸਬਰ ਕਰਨ ਵਾਲਾ, ਸਤੋਖੀ।

صبح ***ਸੁਬਹ*** : ਸਵੇਰ, ਭੋਰ।

صبحِ آخرین ***ਸੁਬਹ-ਏ-ਆਖ਼ਿਰੀਨ,***
صبحِ پسین ***ਸੁਬਹ-ਏ-ਪਸੀਨ,***
صبحِ ثانی ***ਸੁਬਹ-ਏ-ਸਾਨੀ,***
صبحِ دوم ***ਸੁਬਹ-ਏ-ਦੂਵਮ,***
صبحِ راست ***ਸੁਬਹ-ਏ-ਰਾਸਤ,***
صبحِ صادق ***ਸੁਬਹ-ਏ-ਸਾਦਿਕ*** : ਸਵੇਰ, ਪੌਹ-ਫੁਟਾਲਾ।

صبح‌دل ***ਸੁਬਹ-ਦਿਲ*** : ਸਾਫ਼-ਦਿਲ, ਪਰਹੇਜ਼ਗਾਰ।

صبح‌دم ***ਸੁਬਹ-ਦਮ*** : ਸਵੇਰੇ, ਮੂੰਹ ਹਨੇਰੇ।

صبح‌روان ***ਸੁਬਹ-ਰਵਾਨ*** : ਨੌਜਵਾਨ।

صبحِ کاذب ***ਸੁਬਹ-ਏ-ਕਾਜ਼ਿਬ*** : ਝੂਠੀ ਸਵੇਰ, ਸਵੇਰ ਦੀ ਰੋਸ਼ਨੀ।

صبر ***ਸਬਰ*** : ਬਰਦਾਸ਼ਤ ਕਰਨ ਦੀ ਸ਼ਕਤੀ, ਸੈਹਣਸ਼ੀਲਤਾ, ਬੁਰਦਬਾਰੀ , ਸੰਕੋਚ, ਹਿਚਕਚਾਹਟ, ਸੰਤੋਖ।

صبره ***ਸੁਬਰਾ*** : ਬੋਹਲ, ਅੰਨ ਦਾ ਢੇਰ ਜਿਸ ਦਾ ਵਜ਼ਨ ਨਾ ਕੀਤਾ ਗਿਆ ਹੋਵੇ।

صبوح ***ਸਬੂਹ,*** **صبوحی** ***ਸਬੂਹੀ*** : ਸਵੇਰ ਵੇਲੇ ਪੀਤੀ ਜਾਣ ਵਾਲੀ ਸ਼ਰਾਬ।

صبور ***ਸਬੂਰ*** : ਸਬਰ ਕਰਨਾ ਵਾਲਾ, ਗੁਨਾਹਗਾਰਾਂ 'ਤੇ ਨਰਮੀ ਕਰਨਾ ਵਾਲਾ, ਖ਼ੁਦਾ ਤਆਲਾ ਦਾ ਸਿਫ਼ਾਤੀ ਨਾਮ।

صبوری ***ਸਬੂਰੀ*** : ਸੰਤੋਖ, ਸੈਹਨਸ਼ੀਲਤਾ।

صبی ***ਸਬੀ*** : ਛੋਟਾ ਬਚਾ, ਬਾਲਕ, ਛੋਕਰਾ।

صبیان ***ਸਿਬਯਾਨ*** : (ਸਬੀ **صبی** ਦਾ ਬੌਹਵਚਨ) ਲੜਕੇ, ਬੱਚੇ, ਛੋਕਰੇ।

صبا ***ਸਿਬਾ*** : ਬਚਪਨ।

صحابت ***ਸਹਾਬਤ*** : ਦੋਸਤੀ, ਯਾਰ ਹੋਣਾ, ਸੰਗ ਸਾਥ ਕਰਨਾ।

صحابه ***ਸਹਾਬਾ*** : ਯਾਰ, ਮਿੱਤਰ।

صحابی ***ਸਹਾਬੀ*** : ਹਜ਼ਰਤ ਮੁਹੰਮਦ ਸਾਹਿਬ ਦਾ ਰਫ਼ੀਕ ਤੇ ਓਹਨਾਂ ਦੀ ਸੰਗਤ ਵਿਚ ਰੈਹਣ ਵਾਲਾ ਦੋਸਤ।

صحّاف ***ਸੱਹਾਫ਼*** : ਜਿਲਦਸਾਜ਼, ਜਿਲਦਾਂ ਵਾਲੀਆਂ ਕਿਤਾਬਾਂ ਵੇਚਣ ਵਾਲਾ।

صحافت ***ਸਹਾਫ਼ਤ*** : ਪੱਤਰਕਾਰੀ ਦੀ ਕਲਾ, ਪਤਰਕਾਰੀ ਦਾ ਪੇਸ਼ਾ।

صحافی ***ਸਹਾਫ਼ੀ*** : ਅਖ਼ਬਾਰ-ਨਵੀਸ, ਪਤਰਕਾਰ।

صحبت ***ਸੁਹਬਤ*** : ਦੋਸਤੀ, ਯਾਰੀ, ਕੋਲ ਰੈਹਣਾ, ਸੰਗ ਸਾਥ ਰੈਹਣਾ, ਮਿਲ ਬੈਠਣਾ।

صحبت‌دریافتن ***ਸੁਹਬਤ ਦਰ ਯਾਫ਼ਤਨ*** : ਮਿਲਣਾ।

صحبتی ***ਸੁਹਬਤੀ*** : ਸੰਗੀ-ਸਾਥੀ, ਯਾਰ।

صحت ***ਸਿਹਤ*** : ਤੰਦਰੁਸਤੀ, ਦੁਰੁਸਤੀ।

صحت‌بخش ***ਸਿਹਤ-ਬਖ਼ਸ਼*** : ਤੰਦਰੁਸਤੀ ਦੇਣ ਵਾਲਾ, ਲਾਭਦਾਇਕ।

صحرا ***ਸਹਰਾ*** : ਜੰਗਲ, ਵੀਰਾਨਾ, ਉਜਾੜ, ਰੇਤ-ਥਲ, ਓਹ ਧਰਤੀ ਜਿਥੇ ਦਰਖ਼ਤ ਆਦਿ ਕੁਝ ਨਾ ਹੋਵੇ।

صحراگرد ***ਸਹਰਾ-ਗਰਦ,***
صحرانورد ***ਸਹਰਾ-ਨਵਰਦ*** : ਜੰਗਲ ਵਿਚ ਫਿਰਨ ਵਾਲਾ।

صحرانشین ***ਸਹਰਾ-ਨਸ਼ੀਨ*** : ਜੰਗਲ ਵਿਚ ਰੈਹਣ ਵਾਲਾ, ਫ਼ਕੀਰ, ਦਰਵੇਸ਼।

صحرانوردی ***ਸਹਰਾ ਨਵਰਦੀ*** : ਜੰਗਲ ਵਿਚ ਫਿਰਨਾ।

صحرائی ***ਸਹਰਾਈ*** : ਜੰਗਲ ਦਾ, ਜੰਗਲੀ, ਜੰਗਲੀ ਜਾਨਵਰ।

صحرایِ جان ***ਸਹਰਾ-ਏ-ਜਾਨ*** : ਰੂਹਾਂ ਦਾ ਸੰਸਾਰ।

صحرایِ قدسی ***ਸਹਰਾ-ਏ-ਕੁਦਸੀ*** : ਬਹਿਸ਼ਤ।

صحرایِ محشر ***ਸਹਰਾ-ਏ-ਮਹਸ਼ਰ*** : ਕਿਆਮਤ (ਕਿਯਾਮਤ) ਦਾ ਮੈਦਾਨ।

صحرایِ نسیم ***ਸਹਰਾ-ਏ-ਨਸੀਮ*** : ਸਵੇਰ।

صحف ***ਸੁਹਫ਼*** : (ਸਹੀਫ਼ਾ **صحیفه** ਦਾ ਬੌਹਵਚਨ) ਕਿਤਾਬਾਂ, ਰਿਸਾਲੇ।

صحفه ***ਸਹਫ਼ਾ*** : ਵੱਡਾ ਪਿਆਲਾ, ਛੰਨਾ।

صحن ***ਸਹਨ*** : ਵਡਾ ਥਾਲ, ਵੇਹੜਾ, ਪਧਰੀ ਧਰਤ।

صحون ***ਸੁਹੂਨ*** : (ਸਹਨ **صحن** ਦਾ ਬੌਹਵਚਨ) ਵਡੇ ਥਾਲ, ਵੇਹੜੇ।

صحنک ***ਸਹਨਕ*** : (ਸਹਨ **صحن** ਦਾ ਲਘੂਵਾਚੀ) ਛੋਟਾ ਵੇਹੜਾ, ਛੋਟੀ ਰਕਾਬੀ, ਥਾਲੀ।

صحیح ***ਸਹੀਹ*** : ਅਰੋਗ, ਬੇ ਐਬ; ਪੂਰਾ, ਸਾਰਾ; ਠੀਕ, ਸਹੀ, ਦੁਰੁਸਤ, ਪਰਮਾਣਕ।

صحیح النسب ***ਸਹੀਹ-ਉਨ-ਨਸਬ*** : ਆਦਮੀ ਜਿਸ ਦੀ ਨਸਲ ਵਿਚ ਕੋਈ ਐਬ ਨਾ ਹੋਵੇ, ਖ਼ਾਨਦਾਨੀ, ਸ਼ਰੀਫ਼।

صحیفه ***ਸਹੀਫ਼ਾ*** : ਕਿਤਾਬ, ਰਿਸਾਲਾ।

صحیفه نگار ***ਸਹੀਫ਼ਾ-ਨਿਗਾਰ*** : ਪਤਰਕਾਰ।

صخر ***ਸਖ਼ਰ,*** **صخره** ***ਸਖ਼ਰਾ*** : ਵਡਾ ਪਥਰ, ਓਹ ਪਥਰ ਜੋ ਬੈਤੁਲਮੁਕ਼ੱਦਸ ਵਿਚ ਹਵਾ ਵਿਚ ਲਟਕ ਰਿਹਾ ਹੈ; ਓਹ ਦੇਉ ਜੋ ਹਜ਼ਰਤ ਸੁਲੇਮਾਨ ਦੀ ਅੰਗੂਠੀ ਚੁਰਾ ਕੇ ਲੈ ਗਿਆ ਸੀ।

صخریه ***ਸਖਰੀੱਯਾ*** : ਪਹਾੜੀ ਸਥਾਨ।

صد ***ਸਦ*** : ਸੌ, (੧੦੦)।

صدّ ***ਸੱਦ*** : ਰੋਕ, ਆੜ, ਰੋਕਣਾ, ਪਰਤਾਉਣਾ।

صدا ***ਸਦਾ*** : ਅਵਾਜ਼, ਗੂੰਜ, ਦਰਵੇਸ਼ ਦੇ ਮੰਗਣ ਦੀ ਸਦਾ।

صدارت ***ਸਦਾਰਤ*** : ਸ਼ੁਰੂ, ਅਰੰਭ ਕਰਨਾ, ਪਰਧਾਨਗੀ, ਇਕ ਪਦਵੀ ਜੋ ਵਜ਼ਰਾਤ ਤੋਂ ਘਟ ਤੇ ਦੂਜੀਆਂ ਪਦਵੀਆਂ ਤੋਂ ਉਚੀ ਹੁੰਦੀ ਹੈ।

صدارتِ اعظم ***ਸਦਾਰਤ-ਏ-ਆਅਜ਼ਮ*** : ਵਜ਼ਾਰਤ ਦੀ ਪਦਵੀ, ਪਰਧਾਨ ਮੰਤਰੀ ਦਾ ਪਦ।

صداق ***ਸਿਦਾਕ਼*** : ਹੱਕ-ਮਿਹਰ, ਓਹ ਰਕਮ ਜਾਂ ਜਿਨਸ ਜੇਹੜੀ ਨਿਕਾਹ ਦੇ ਵੇਲੇ ਮਰਦ ਦੇ ਜ਼ੁਮੇ ਔਰਤ ਨੂੰ ਦੇਣੀ ਨਿਯਤ ਕੀਤੀ ਜਾਂਦੀ ਹੈ।

صداقت ***ਸਦਾਕਤ*** : ਸਚਾਈ, ਦਰੁਸਤੀ, ਤਸਦੀਕ, ਸਬੂਤ, ਗਵਾਹੀ।

صد برگ ***ਸਦ-ਬਰਗ*** : ਇਕ ਪਰਸਿੱਧ ਫੁੱਲ ਗੇਂਦਾ, ਹਜ਼ਾਰਾਂ; ਹਰ ਓਹ ਫੁਲ ਜਿਸ ਵਿਚ ਬੌਹਤ ਸਾਰੀਆਂ ਪੱਤੀਆਂ ਹੋਣ।

صدپا ***ਸਦ-ਪਾ*** : ਕੰਨ ਖਜੂਰਾ, ਬੌਹਤ ਸਾਰੇ ਪੈਰਾਂ ਵਾਲਾ।

صدر ***ਸਦਰ*** : ਸੀਨਾ, ਛਾਤੀ; ਪਰਧਾਨ, ਮੁੱਖੀ, ਮੁਲਕ ਦਾ ਸਰਬਰਾਹ; ਉਪਰ, ਉਤੇ, ਅਰੰਭ, ਸ਼ੁਰੂ, ਵਡਾ ਪਦ, ਪਿੰਗਲ ਵਿਚ ਸ਼ੇਅਰ ਦਾ ਪੈਹਲਾ ਲਫ਼ਜ, ਇਕ ਸਤਾਰੇ ਦਾ ਨਾਮ, ਉੱਚਾ ਵਡਾ ਬਜ਼ੁਰਗ।

صدرِ اعظم ***ਸਦਰ-ਏ-ਆਆਜ਼ਮ,*** **صدر الممالک** ***ਸਦਰ-ਉਲ-ਮੁਮਾਲਿਕ,*** **صدرِ بلند** ***ਸਦਰ-ਏ-ਬਲੰਦ***: ਪਰਧਾਨ ਮੰਤਰੀ, ਖੁਜੰਦ ਦਾ ਸਦਰ ਨਸ਼ੀਨ, ਇਕ ਬਜ਼ੁਰਗ ਦਾ ਲਕਬ।

صدره ***ਸਦਰਾ*** : ਛੋਟਾ ਕੁੜਤਾ, ਕੁੜਤੀ, ਸਦਰੀ, ਆਦਮੀ ਦੇ ਸਰੀਰ ਦਾ ਉਤਲਾ ਹਿਸਾ, ਦਲੀਲਾਂ ਦੀ ਕਿਤਾਬ।

صدف ***ਸਦਫ਼*** : ਸਿਪੀ, ਸ਼ਰਾਬ ਪੀਣ ਦਾ ਛੋਟਾ ਪਿਆਲਾ, ਤਿਨ ਸਤਾਰੇ ਜੋ ਤਿਕੋਨ ਦੀ ਸ਼ਕਲ ਵਿਚ ਹਨ ਤੇ ਧਰੂ ਤਾਰੇ ਦੇ ਨੇੜੇ ਹਨ।

صدفِ صدوچاردهعقد ***ਸਦਫ਼-ਏ-ਸਦ-ਵ-ਚਾਰਦਹ ਅਕਦ*** : ਕੁਰਾਨ ਸ਼ਰੀਫ਼ ਜਿਸ ਵਿਚ ਇਕ ਸੌ ਚੌਦਾਂ ਸੂਰਤਾਂ ਹਨ।

صدفِ فلک ***ਸਦਫ਼-ਏ-ਫ਼ਲਕ*** : ਸੂਰਜ, ਚੰਦ; ਵਡਾ ਅਸਮਾਨ, ਓਹ ਅਠ ਸਤਾਰੇ ਜਿਨ੍ਹਾਂ ਦੀ ਸ਼ਕਲ ਸਿਪੀ ਵਰਗੀ ਹੈ ਤੇ ਧਰੂ ਦੇ ਨੇੜੇ ਹਨ।

صدق ***ਸਿਦਕ*** : ਸਚ, ਸਚਾਈ, ਜਸ, ਪਰਸ਼ੰਸਾ।

صدق ***ਸਦਕ*** : ਸਚ ਬੋਲਣਾ, ਹਰ ਕਾਮਲ ਸ਼ੈ, ਸਿਧਾ ਤੇ ਸਖ਼ਤ ਨੇਜ਼ਾ, ਪੂਰਨ ਤੇ ਸਚਾ ਪੁਰਸ਼।

صدقه ***ਸਦਕ਼ਾ*** : ਖ਼ੈਰਾਤ ਜੇਹੜੀ ਖ਼ੁਦਾ ਦੇ ਨਾਮ ਤੇ ਦਿਤੀ ਜਾਵੇ, ਉਤਾਰਾ, ਓਹ ਰਕਮ ਜਾਂ ਖਾਣਾ ਜੇਹੜਾ ਸਿਰ ਤੋਂ ਵਾਰ ਕੇ ਦਿਤਾ ਜਾਵੇ, ਕੁਰਬਾਨ ਜਾਣਾ, ਵਾਰੇ ਜਾਣਾ, ਰਾਹੀਂ।

صدمه ***ਸਦਮਾ*** : ਨੁਕਸਾਨ, ਦੋ ਚੀਜ਼ਾਂ ਦਾ ਪਰਸਪਰ ਟਕਰਾਉਣਾ, ਧਕਾ, ਟਕਰ, ਠੋਕਣਾ, ਚੋਟ, ਸਟ, ਦੁਰਘਟਨਾ।

صدور ***ਸੁਦੂਰ*** : (ਸਦਰ **صدر** ਦਾ ਬੌਹਵਚਨ) ਬਾਹਰ ਨਿਕਲਣਾ, ਸੀਨੇ, ਛਾਤੀਆਂ, ਸਦਰ-ਨਸ਼ੀਨ ਲੋਕ, ਉਚੇ ਬੈਠਣ ਵਾਲੇ ਲੋਕ।

صدی ***ਸਦੀ*** : ਸੌ ਨਾਲ ਸਬੰਧਤ, ਸੌ ਵਰ੍ਹਿਆਂ ਦਾ ਸਮਾਂ, ਸੈਂਕੜਾ।

صدیق ***ਸਦੀਕ਼*** : ਯਾਰ, ਦੋਸਤ।

صدّیق ***ਸਿੱਦੀਕ਼*** : ਬੌਹਤ ਸੱਚਾ, ਬੌਹਤ ਤਸਦੀਕ ਕਰਨ ਵਾਲਾ, ਹਜ਼ਰਤ ਅਬੂ ਬਕਰ, ਪੈਹਲੇ ਖ਼ਲੀਫ਼ੇ ਦਾ ਲਕਬ, (ਵਿਸ਼ੇਸ਼ਣੀ ਉਪਨਾਮ), ਜਿਨ੍ਹਾਂ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਨਬੀ ਹੋਣ ਦੀ ਤਸਦੀਕ ਕੀਤੀ; ਏਹਨਾਂ ਨੂੰ ਸਿਦੀਕ-ਏ-ਅਕਬਰ ਵੀ ਕੈਂਹਦੇ ਹਨ।

صراح ***ਸੁਰਾਹ*** : ਹਰ ਸ਼ੁੱਧ ਚੀਜ਼, ਖਾਲਸ ਸ਼ਰਾਬ, ਜਿਸ ਵਿਚ ਪਾਣੀ ਦੀ ਮਿਲਾਵਟ ਨਾ ਹੋਵੇ, ਸਿਆਹੀ, ਇਕ ਮਸ਼ਹੂਰ ਅਰਬੀ ਕੋਸ਼, ਖ਼ੁਲਾਸਾ, ਖੁਲ੍ਹੀ ਤੇ ਸਾਫ਼ ਗੱਲਬਾਤ।

صراحی ***ਸੁਰਾਹ਼ੀ*** : ਪਾਣੀ ਜਾਂ ਸ਼ਰਾਬ ਦਾ ਲੰਮੀ ਗਰਦਨ ਵਾਲਾ ਬਰਤਨ ਜੋ ਆਮ ਤੌਰ ਤੇ ਕੱਦੂ ਦੀ ਸ਼ਕਲ ਦਾ ਹੁੰਦਾ ਹੈ।

صراحی‌بازی ***ਸੁਰਾਹੀ-ਬਾਜ਼ੀ*** : ਪਾਣੀ ਨਾਲ ਭਰ ਕੇ ਰੱਸੇ ਉਤੇ ਚਲਣਾ ਤੇ ਕਰਤਬ ਵਿਖਾਉਣਾ, ਬਾਜ਼ੀਗਰੀ ਦੀ ਇਕ ਖੇਡ।

صراط ***ਸਿਰਾਤ਼*** : ਰਸਤਾ, ਮਾਰਗ; ਇਕ ਪੁਲ ਦਾ ਨਾਮ ਜੋ ਵਾਲ ਤੋਂ ਬਰੀਕ ਤੇ ਤਲਵਾਰ ਦੀ ਧਾਰ ਤੋਂ ਤੇਜ਼ ਖਿਆਲ ਕੀਤਾ ਜਾਂਦਾ ਹੈ।

صراط‌المستقیم ***ਸਿਰਾਤ਼-ਉਲ-ਮੁਸਤਕੀਮ*** : ਸਿਧਾ ਰਸਤਾ, ਮੁਸਲਮਾਨੀ ਧਰਮ।

صرّاف ***ਸੱਰਾਫ਼*** : ਪਰਖਣ ਵਾਲਾ, ਪਾਰਖੂ, ਚਾਂਦੀ, ਸੋਨਾ, ਅਸ਼ਰਫ਼ੀ ਆਦਿ ਪਰਖਣ ਵਾਲਾ, ਸੋਨੇ ਚਾਂਦੀ ਦਾ ਵਪਾਰੀ, ਵਿਆਕਰਨ ਦਾ ਅਚਾਰੀਆ।

صرّاف‌خزاں ***ਸੱਰਾਫ਼-ਏ-ਖ਼ਿਜ਼ਾਂ*** : ਪਤਝੜ ਦਾ ਮੌਸਮ, ਪਤਝੜ ਦੀ ਹਵਾ।

صرافت ***ਸਰਾਫ਼ਤ*** : ਸੋਨੇ ਚਾਂਦੀ ਦੀ ਪਰਖ, ਪਤਝੜ ਦੀ ਹਵਾ; ਯਾਦ।

صرام ***ਸੁਰਾਮ*** : ਜੁੱਧ, ਸਖ਼ਤੀ, ਬਲਾ।

صرامت ***ਸਰਾਮਤ*** : ਵਡਪਣ; ਚਲਾਕੀ; ਕਟਣਾ, ਟੋਟੇ ਕਰਨਾ।

صرح ***ਸਰਹ*** : ਹਰ ਸ਼ੁੱਧ ਵਸਤੂ; ਆਲੀਸ਼ਾਨ ਇਮਾਰਤ, ਰਾਜ-ਭਵਨ; ਪਰਗਟ ਕਰਨਾ।

صرد ***ਸੁਰਦ*** : ਇਕ ਸ਼ਿਕਾਰੀ ਪੰਛੀ ਜੋ ਚਿੜੀਆਂ ਦਾ ਸ਼ਿਕਾਰ ਕਰਦਾ ਹੈ, ਲਟੇਰਾ।

صرصر ***ਸਰ ਸਰ*** : ਹਨੇਰੀ, ਝਖੜ।

صرف ***ਸਰਫ਼*** : ਰੁਪਈਏ ਆਦਿ ਦਾ ਪਰਖਣਾ, ਰੁਝੇਂਵਾਂ, ਸਮੇਂ ਦਾ ਚਕਰ, ਘਟਨਾ, ਤੋਬਾ, ਫੇਰਨਾ, ਉਲਟ ਫੇਰ ਕਰਨਾ, ਉਲਟਾਉਣਾ, ਵਿਆਕਰਨ ਦੀ ਇਕ ਸ਼ਾਖ।

صرفی ***ਸਰਫ਼ੀ*** : ਵਿਆਕਰਨ ਦਾ ਵਿਸ਼ੇਸ਼ਗ।

صرفه ***ਸਰਫ਼ਾ*** : ਖ਼ਰਚ ਵਿਚ ਤੰਗੀ ਕਰਨਾ, ਕੰਜੂਸੀ; ਖਰਚ; ਨਫ਼ਾ, ਲਾਭ; ਮਕਰ, ਹੀਲਾ, ਦਗਾ, ਫ਼ਰੇਬ, ਇਕ ਰੋਸ਼ਨ ਸਤਾਰੇ ਦਾ ਨਾਮ।

صرفه‌بردن ***ਸਰਫ਼ਾ ਬੁਰਦਨ*** : ਫ਼ਾਇਦਾ ਉਠਾਉਣਾ, ਲਾਭ ਪਰਾਪਤ ਕਰਨਾ, ਕਿਸੇ ਤੋਂ ਅਗਾਂਹ ਵਧ ਜਾਣਾ।

صرّه ***ਸੁੱਰਾ*** : ਥੈਲੀ, ਪੋਟਲੀ; ਤੋੜਾ; ਛੋਟੀ ਬੋਤਲ।

صریح ***ਸਰੀਹ*** : ਪਰਗਟ, ਸਾਫ਼, ਸ਼ੁੱਧ।

صریر ***ਸਰੀਰ*** : ਅਵਾਜ਼, ਕਲਮ ਦੀ ਅਵਾਜ਼ ਜੋ ਲਿਖਣ ਲਗਿਆਂ ਉਸ ਵਿਚੋਂ ਨਿਕਲਦੀ ਹੈ; ਦਰਵਾਜ਼ਾ ਬੰਦ ਕਰਨ ਜਾਂ ਖੋਲ੍ਹਣ ਦੀ ਅਵਾਜ਼, ਟਿੱਡੀ ਦੀ ਅਵਾਜ਼; ਮਖੀਆਂ ਦੀ ਭਿਣਭਿਣਾਹਟ।

صطرلاب ***ਸਤਰਲਾਬ*** : (ਅਸਤਰਲਾਬ **اصطرلاب** ਦਾ ਸੰਖਿਪਤ ਰੂਪ) ਦੇਖੋ ਸਤਰਲਾਬ।

صعب ***ਸਅਬ*** : ਔਖਾ, ਸ਼ੇਰ, ਬਾਗੀ, ਤੁੰਦ, ਤੇਜ਼, ਸਖ਼ਤ।

صعوبت ***ਸੁਊਬਤ*** : ਔਖਿਆਈ, ਦਿਕਤ, ਦੁਸ਼ਵਾਰੀ, ਸਖ਼ਤੀ।

صعود ***ਸਊਦ*** : ਉਪਰ ਚੜ੍ਹਨ ਵਾਲਾ, ਉਚਾਈ, ਸਖ਼ਤੀ, ਅਜ਼ਾਬ; ਦੋਜ਼ਖ਼ ਦੇ ਇਕ ਪਹਾੜ ਦਾ ਨਾਮ।

صعود ***ਸੁਊਦ*** : ਉਤਾਂਹ ਚੜ੍ਹਨਾ, ਉਚਾ ਹੋਣਾ।

صغر ***ਸਿਗਰ,*** **صغارت** ***ਸਗਾਰਤ*** : ਛੋਟਾਪਣ, ਬਾਲਪਣ।

صغرسن ***ਸਿਗਰ ਸਿਨ*** : ਛੋਟੀ ਉਮਰ, ਲੜਕਪਣ।

صغیر ***ਸਗੀਰ*** : ਛੋਟਾ, ਨਿਕਾ।

صف ***ਸੱਫ, ਸਫ*** : ਕਤਾਰ, ਪਰ੍ਹਾ, ਕਤਾਰ ਵਿਚ ਖਲੋਣਾ; ਇਕਠ, ਆਦਮੀਆਂ ਦਾ ਜਥਾ, ਨਮਾਜ਼ੀਆਂ ਦੀ ਕਤਾਰ, ਰਸਤਾ, ਪੰਛੀ ਦਾ ਆਪਣੇ ਪਰਾਂ ਨੂੰ ਖਿਲਾਰਨਾ, ਮਾਸ ਨੂੰ ਸੀਖ ਉਤੇ ਚੜ੍ਹਾਉਣਾ।

صفِ تیغ ***ਸਫ-ਏ-ਤੇਗ*** : ਤਲਵਾਰ ਦੇ ਦੋਵੇਂ ਪਾਸੇ।

صفِ نعال ***ਸਫ-ਏ-ਨਿਆਲ*** : ਅੰਤਲੀ ਕਤਾਰ ਜਿਥੇ ਜੁਤੀਆਂ ਲਾਹੁੰਦੇ ਹਨ।

صفوف ***ਸੁਫੂਫ*** : (ਸਫ **صف** ਦਾ ਬੌਹਵਚਨ) ਕਤਾਰਾਂ।

صفا ***ਸਫਾ*** : ਦੋਸਤੀ, ਮਿੱਤਰਤਾ, ਮੱਕੇ ਦੇ ਨੇੜੇ ਇਕ ਪਹਾੜੀ ਦਾ ਨਾਮ; ਪਾਕ, ਪਵਿੱਤਰ; ਚਮਕਦਾਰ, ਲਿਸ਼ਕਦਾਰ, ਬਿਨਾ ਕੀਨੇ ਦੇ; ਖਰਾ, ਨਿਰਮਲ, ਪਧਰ।

صفات ***ਸਿਫਾਤ*** : (ਸਿਫਤ **صفت** ਦਾ ਬੌਹਵਚਨ) ਸਿਫਤਾਂ, ਖ਼ੂਬੀਆਂ।

صفّار ***ਸੱਫਾਰ*** : ਤਾਂਬੇ ਆਦਿ ਦੇ ਭਾਂਡੇ ਬਣਾਉਣ ਵਾਲਾ, ਠਠੇਰਾ।

صِفار ***ਸਿਫਾਰ*** : (ਸਿਫਰ **صِفر** ਦਾ ਬੌਹਵਚਨ) ਦੇਖੋ ਸਿਫਰ।

صفاریان ***ਸਫਾਰੀਆਨ*** : ਈਰਾਨ ਦੇ ਬਾਦਸ਼ਾਹ ਦੇ ਇਕ ਖ਼ਾਨਦਾਨ ਦਾ ਨਾਮ, ਜਿਸ ਦਾ ਮੋਢੀ ਯਾਅਕੂਬ-ਬਿਨ-ਲੈਸ ਸਫਾਰ ਸੀ, ਏਸ ਖ਼ਾਨਦਾਨ ਦੇ ਕੁਲ ਤਿੰਨ ਬਾਦਸ਼ਾਹ ਹੋਏ ਹਨ।

صفاهان ***ਸਿਫਾਹਾਨ*** : (ਸਿਯਾਹਾਨ **سیاهان** ਦਾ ਅਰਬੀ ਰੂਪਾਂਤਰ) ਈਰਾਨ ਦਾ ਪਰਸਿੱਧ ਸ਼ੈਹਰ ਇਸਫਹਾਨ; ਇਕ ਰਾਗ ਦਾ ਨਾਮ ਜੋ ਪਿਛਲੀ ਰਾਤ ਨੂੰ ਗਾਇਆ ਜਾਂਦਾ ਹੈ।

صفت ***ਸਿਫਤ*** : ਕਿਸੇ ਚੀਜ਼ ਦਾ ਹਾਲ, ਗੁਣ, ਖ਼ੂਬੀ, ਨਿਸ਼ਾਨ, ਚਿੰਨ੍ਹ, ਨੇਕ ਖ਼ਸਲਤ ਜੇਹੜੀ ਕਿਸੇ ਦੀ ਜ਼ਾਤ ਵਿਚ ਹੋਵੇ, ਆਦਤ, ਤਾਸੀਰ, ਖਸਲਤ, ਖ਼ਾਸੀਅਤ; ਵਾਂਗ, ਮਿਸਲ।

صفحات ***ਸਫਹਾਤ*** : (ਸਫ਼ਹਾ **صفحه** ਦਾ ਬੌਹਵਚਨ) ਸਫ਼ੇ, ਪੰਨੇ।

صفحه ***ਸਫਹਾ*** : ਵਰਕੇ ਦਾ ਇਕ ਪਾਸਾ, ਇਕ ਪਾਸਾ, ਕੰਢਾ, ਕਿਨਾਰਾ, ਗੱਲ੍ਹ।

صفدر ***ਸਫਦਰ*** : ਲਸ਼ਕਰ ਦੀ ਸਫ ਪਾੜਨ ਵਾਲਾ।

صفر ***ਸਫਰ*** : ਦੂਜਾ ਚੰਦਰਮਾਂ ਮਹੀਨਾ ਜੇਹੜਾ ਮੁਹੱਰਮ ਤੋਂ ਮਗਰੋਂ ਆਉਂਦਾ ਹੈ।

صفر ***ਸੁਫਰ*** : ਕਾਂਸੀ, ਸੱਤਾਂ ਧਾਤਾਂ ਦੀ ਮਿਲਾਵਟ, ਪਿਲੱਤਣ।

صفرت ***ਸੁਫਰਤ*** : ਜ਼ਰਦੀ, ਸਿਆਹੀ ਦੇ ਅਰਥਾਂ ਵਿਚ ਵੀ ਆਉਂਦਾ ਹੈ।

صفر ***ਸਿਫਰ*** : ਖਾਲੀ, ਛੋਟਾ ਗੋਲ ਚਕਰ (੦) ਹਿਸਾਬ ਵਿਚ ਓਹ ਬਿੰਦੀ ਜੇਹੜੀ ਅੰਕੜੇ ਦੇ ਸਜੇ ਪਾਸੇ ਲਗਣ ਨਾਲ ਉਸ ਦੀ ਕੀਮਤ ਦਸ ਗੁਣਾਂ ਵਧਾ ਦੇਵੇ ਅਤੇ ਖਬੇ ਪਾਸੇ ਲਗਣ ਨਾਲ ਕੋਈ ਕੀਮਤ ਨਹੀਂ ਵਧਾਉਂਦੀ।

صفرا ***ਸਫਰਾ*** : ਪੀਲੇ ਰੰਗ ਦਾ ਇਕ ਤਤ, ਪਿਤ, ਹਰ ਪੀਲੀ ਚੀਜ਼।

صفراوی ***ਸਫਰਾਵੀ*** : ਸਫਰਾ ਨਾਲ ਸਬੰਧਤ।

صفوت ***ਸਫ਼ੂਤ,*** **صفوت** ***ਸਿਫ਼ੂਤ,*** **صُفوت** ***ਸੁਫ਼ੂਤ*** : ਸਾਫ਼, ਚੁਣਿਆ ਹੋਇਆ, ਪਰਤਿਸ਼ਟ।

صفورا ***ਸਫੂਰਾ*** : ਹਜ਼ਰਤ ਸ਼ਐਬ ਦੀ ਇਕ ਬੇਟੀ ਦਾ ਨਾਮ, ਜੇਹੜੀ ਹਜ਼ਰਤ ਮੂਸਾ ਦੀ ਬੀਵੀ ਸੀ।

صفوی ***ਸਫਵੀ,*** **صفویه** ***ਸਫਵੀਆ*** : ਪਰਸਿੱਧ ਕਾਮਲ ਦਰਵੇਸ਼ ਸ਼ਾਹ ਸਫੀ ਨਾਲ ਸਬੰਧਤ, ਈਰਾਨ ਦਾ ਇਕ ਸ਼ਾਹੀ ਖ਼ਾਨਦਾਨ ਜੇਹੜਾ ਸ਼ਾਹ ਸਫੀ ਨਾਲ ਸਬੰਧਤ ਹੈ।

صفه ***ਸੁੱਫਾ*** : ਦਲਾਨ।

صفی ***ਸਫੀ*** : ਪਾਕ, ਸਾਫ਼, ਚੁਣਿਆ ਹੋਇਆ, ਸੱਚਾ ਮਿਤਰ; ਬੌਹਤ ਦੁਧ ਦੇਣ ਵਾਲੀ ਊਠਣੀ; ਹਜ਼ਰਤ ਆਦਮ ਦੀ ਉਪਾਧੀ।

صفیر **ਸਫ਼ੀਰ** : ਪੰਛੀਆਂ ਦੀ ਅਵਾਜ਼, ਚੈਹਕ, ਪੰਛੀਆਂ ਨੂੰ ਬੁਲਾਉਣ ਦੀ ਅਵਾਜ਼।

صقال **ਸੱਕ਼ਾਲ** : ਸਿਕਲੀਗਰ, ਸਿਕਲ ਕਰਨ ਵਾਲਾ।

صقال **ਸਕ਼ਾਲ** : ਸ਼ੀਸ਼ੇ ਜਾਂ ਤਲਵਾਰ ਦੀ ਚਮਕ।

صقالت **ਸਿਕ਼ਾਲਤ** : ਸਿਕਲ ਕਰਨਾ : ਤਲਵਾਰ ਜਾਂ ਸ਼ੀਸ਼ੇ ਨੂੰ ਸਾਫ਼ ਕਰਨਾ।

صقر **ਸਕ਼ਰ** : ਇਕ ਪਰਸਿੱਧ ਸ਼ਿਕਾਰੀ ਪੰਛੀ, ਚਰਗ।

صقیل **ਸਕ਼ੀਲ** : ਸਿਕਲ ਕੀਤੀ ਹੋਈ ਚੀਜ਼।

صلا **ਸਲਾ** : ਦਾਅਵਤ, ਲਈ ਲੋਕਾਂ ਨੂੰ ਅਵਾਜ਼ ਦੇਣਾ, ਪੁਕਾਰ, ਅਵਾਜ਼।

صلای عام **ਸਲਾ-ਏ-ਆਮ** : ਆਮ ਲੋਕਾਂ ਨੂੰ ਦਾਵਤ ਲਈ ਅਵਾਜ਼ ਦੇ ਕੇ ਬੁਲਾਉਣਾ।

صلاح **ਸਲਾਹ਼** : ਨੇਕੀ, ਭਲਾਈ।

صلاحیت **ਸਲਾਹ਼ੀਯਤ** : ਨੇਕ ਹੋਣਾ, ਨੇਕੀ ਕਰਨਾ, ਨੇਕੀ, ਸਮਝ, ਦਰੁਸਤੀ।

صلب **ਸਲਬ** : ਸਖ਼ਤ, ਪੱਕਾ, ਪੱਕੀ; ਸਖ਼ਤ ਜ਼ਮੀਨ; ਹਡੀ ਦੀ ਚਰਬੀ।

صُلب **ਸੁਲਬ** : ਨਸਲ, ਔਲਾਦ, ਪਿਠ ਦੀ ਹਡੀ, ਪਿਠ ਦੇ ਮੋਹਰੇ; ਸ਼ਕਤੀ, ਚੁਸਤ, ਸਖ਼ਤ, ਵਡਤਣ।

صُلبی **ਸੁਲਬੀ** : ਪਿਠ ਦਾ, ਨਸਲ ਦਾ, ਨਸਲੀ, ਸਕਾ।

صلح **ਸੁਲਹ਼** : ਮੇਲ-ਮਿਲਾਪ, ਨਵੇਂ ਸਿਰੇ ਤੋਂ, ਦੋਸਤੀ।

صُلح کل **ਸੁਲਹ ਕੁਲ** : ਕਿਸੇ ਧਰਮ ਦੀਨ ਵਾਲੇ ਨਾਲ ਦੁਸ਼ਮਣੀ ਨਾ ਰਖਣ ਵਾਲਾ, ਦੋਸਤ ਦੁਸ਼ਮਣ ਨਾਲ ਇਕ ਸਮਾਨ ਪਰੇਮ ਨਾਲ ਪੇਸ਼ ਆਉਣ ਵਾਲਾ, ਸਭ ਨਾਲ ਪਿਆਰ ਕਰਨ ਵਾਲਾ।

صُلصُل **ਸੁਲਸੁਲ** : ਘੁੱਗੀ, ਵਡਾ ਪਿਆਲਾ, ਘੋੜੇ ਦੇ ਮਥੇ ਦੇ ਵਾਲ, ਹੌਜ਼ ਵਿਚ ਬਚਿਆ ਪਾਣੀ।

صلوۃ **ਸਲਾਤ** : ਨਮਾਜ਼, ਦੁਆ, ਦਰੂਦ, ਬਖਸ਼ਸ਼, ਮੇਹਰ।

صلوات **ਸਲਵਾਤ** : (ਸਲਾਤ صلوۃ ਦਾ ਬੌਹਵਚਨ) ਨਮਾਜ਼ਾਂ, ਦੁਆਵਾਂ, ਰੈਹਮਤਾਂ।

صله **ਸਿਲਾ**, صلت **ਸਿਲਤ** : ਇਨਾਮ, ਤੋਹਫ਼ਾ, ਨੇਕ ਬਦਲਾ, ਬਦਲਾ, ਰਿਸ਼ਤੇਦਾਰ, ਸਬੰਧ, ਵਿਆਕਰਨ ਵਿਚ ਓਹ ਵਾਕ ਜੇਹੜਾ ਏਸ ਮੌਸੂਲ 'ਤੋਂ ਮਗਰੋਂ ਆਏ।

صلی اللہ علیه وسلم **ਸਲੱਲਾਹੁ ਅਲੈਹਿਵਸੱਲਮ** : ਓਹਨਾਂ ਉਤੇ ਖ਼ੁਦਾ ਦੀ ਰੈਹਮਤ ਤੇ ਸਲਾਮਤੀ ਹੋਵੇ, ਹਜ਼ਰਤ ਮੁਹੰਮਦ ਸਾਹਿਬ ਦੇ ਨਾਮ ਸੁਣਨ ਜਾਂ ਕੈਂਹਣ ਉਤੇ ਮੁਸਲਮਾਨ ਏਹ ਵਾਕ ਉਚਾਰਦੇ ਹਨ।

صلیب **ਸਲੀਬ** : (ਚਲੀਪਾ چلیپا ਦਾ ਅਰਬੀ ਰੂਪਾਂਤਰ) ਸੂਲੀ, ਸੂਲੀ ਦਾ ਚਿੰਨ੍ਹ, ਹਡੀ ਦੀ ਚਰਬੀ, ਸਖ਼ਤ, ਕਰੜਾ।

صلیبی **ਸਲੀਬੀ** : ਸਲੀਬ ਨਾਲ ਸਬੰਧਤ, ਈਸਾਈ।

صلیل **ਸਲੀਲ** : ਲਗਾਮ, ਲੋਹੇ ਦੀ ਅਵਾਜ਼, ਛਣਕਾਰ, ਤਲਵਾਰ ਮਾਰਨ ਦੀ ਅਵਾਜ਼, ਨਦੀ ਦੇ ਵੈਹਣ ਦੀ ਅਵਾਜ਼।

صم **ਸੰਮ** : ਬੋਲਾਪਣ।

صم **ਸੁੰਮ** : (ਅਸੰਮ اصم ਦਾ ਬੌਹਵਚਨ) ਡੋਰੇ, ਬੋਲੇ।

صما **ਸੰਮਾ** : ਬੋਲੀ ਔਰਤ, ਡੋਰੀ, ਸਖ਼ਤ, ਪੱਧਰ।

صمت **ਸਮਤ** : ਚੁਪ।

صمد **ਸਮਦ** : ਬੇਮੁਥਾਜ਼, ਓਹ ਆਦਮੀ ਜਿਸ ਵੱਲ ਲੋਕ ਰੁਚੀ ਵਿਖਾਉਣ, ਬਜ਼ੁਰਗ, ਸਰਦਾਰ, ਉਚਾ, ਸਦੀਵੀ, ਉਹ ਆਦਮੀ ਜੋ ਭੁਖਾ ਜਾਂ ਪਿਆਸਾ ਨਾ ਹੋਵੇ, ਅੱਲਾਹ ਦਾ ਇਕ ਨਾਮ।

صمم **ਸਮਮ** : ਬੋਲਾਪਣ।

صُمٌّ وبُکمٌ **ਸੁੰਮੁਮ-ਵ-ਬੁਕਮੁਮ** : ਗੂੰਗੇ ਤੇ ਬੋਲੇ (ਫ਼ਾਰਸੀ ਵਿਚ ਇਕ-ਵਚਨ ਲਈ ਵੀ ਵਰਤਿਆ ਜਾਂਦਾ ਹੈ)।

صموت **ਸਮੂਤ** : ਚੁਪ ਹੋਣਾ।

صمیم **ਸਮੀਮ** : ਹਰ ਚੀਜ਼ ਦਾ ਖ਼ੁਲਾਸਾ, ਤਤ, ਹਰ ਚੀਜ਼ ਤੇ ਦਿਲ ਦਾ ਵਿਚਕਾਰਲਾ ਹਿਸਾ, ਸੱਚਾ, ਹਡੀ ਦਾ ਗੁਦਾ, ਮਗ਼ਜ਼; ਗੂੰਗਾ ਬੋਲਾ ਆਦਮੀ; ਅਤ ਦੀ ਗਰਮੀ ਜਾਂ ਸਰਦੀ।

صنادید *ਸਨਾਦੀਦ* : (ਸਿੰਦੀਦ صندید ਦਾ ਬੌਹਵਚਨ) ਸਰਦਾਰ ਲੋਕ, ਬਜ਼ੁਰਗ, ਸ਼ਰੀਫ਼ ਆਦਮੀ, ਦਲੇਰ ਵਿਅਕਤੀ।

صناع *ਸੱਨਾਅ* : ਵਡਾ ਕਾਰੀਗਰ, ਹੁਨਰਮੰਦ।

صناعت *ਸਨਾਅਤ* : ਹੁਨਰ, ਪੇਸ਼ਾ; ਕਾਰੀਗਰੀ।

صنائع *ਸਨਾਇਅ* : (ਸਨਅਤ صنعت ਦਾ ਬੌਹਵਚਨ) ਹੁਨਰ, ਪੇਸ਼ੇ, ਕਾਰੀਗਰੀਆਂ; ਨੇਕੀਆਂ।

صندل *ਸੰਦਲ* : (ਚੰਦਲ چندل ਦਾ ਅਰਬੀ ਰੂਪਾਂਤਰ) ਖ਼ੁਸ਼ਬੂਦਾਰ ਲਕੜੀ, ਚੰਦਨ।

صندلی *ਸੰਦਲੀ* : ਕੁਰਸੀ, ਚੌਕੀ, ਛੋਟਾ ਤਖ਼ਤ, ਸੰਦਲੀ ਰੰਗ, ਸੰਦਲ ਦੀ ਲਕੜ ਦਾ ਬਣਿਆ ਹੋਇਆ।

صندوق *ਸੰਦੂਕ਼* : ਬਕਸਾ, ਪੇਟੀ, ਤਾਬੂਤ, ਉਭਰਿਆ ਹੋਇਆ, ਅੱਗੇ ਨਿਕਲਿਆ ਹੋਇਆ।

صندوقچه *ਸੰਦੂਕ਼ਚਾ* : ਛੋਟਾ ਬਕਸਾ।

صندید *ਸਿੰਦੀਦ* : ਸਰਦਾਰ, ਰਈਸ, ਬਹਾਦਰ, ਦਲੇਰ, ਭਾਰੂ, ਹਨੇਰੀ; ਸਖ਼ਤ ਸਰਦੀ ਜਾਂ ਵਰਖਾ।

صنعا *ਸਨਆ* : ਯਮਨ ਦੇ ਇਕ ਕਸਬੇ ਦਾ ਨਾਮ।

صنعان *ਸਨਆਨ* : ਇਕ ਪਰਸਿੱਧ ਬਜ਼ੁਰਗ ਦਾ ਨਾਮ ਜਿਸ ਦੇ ਸਤ ਸੌ ਮੁਰੀਦ ਸਨ, ਸ਼ੈਖ਼ ਅੱਤਾਰ ਵੀ ਉਸ ਦੇ ਮੁਰੀਦ ਸਨ. ਏਹ ਗੁਮਰਾਹ ਹੋ ਕੇ ਇਕ ਯਹੂਦੀ ਲੜਕੀ 'ਤੇ ਆਸ਼ਕ ਹੋ ਗਿਆ ਤੇ ਸੂਰ ਚਰਾਂਦਾ ਰਿਹਾ ਪਰ ਅੰਤ ਵਿਚ ਗ਼ੈਬੀ ਹਿਦਾਇਤ (ਹਿਦਯਤ) ਉਪਰ ਸਿੱਧੇ ਰਾਹ ਤੇ ਆ ਗਿਆ।

صنعت *ਸਨਅਤ* : ਹੁਨਰ, ਪੇਸ਼ਾ; ਕਾਰੀਗਰੀ।

صنعت‌گر *ਸਨਅਤ-ਗਰ* : ਕਾਰੀਗਰ, ਪੇਸ਼ਾਵਰ।

صنعت‌گری *ਸਨਅਤ-ਗਰੀ* : ਕਾਰੀਗਰੀ, ਹੁਨਰਮੰਦੀ।

صنف *ਸਿਨਫ਼* : ਕਿਸਮ, ਪਰਕਾਰ।

صنم *ਸਨਮ* : ਬੁਤ, ਮੂਰਤੀ, ਮਸ਼ੂਕ, ਪਿਆਰਾ; ਬਦਬੂ।

صنم‌خانه *ਸਨਮ-ਖ਼ਾਨਾ* صنم‌کده *ਸਨਮ-ਕਦਾ* : ਬੁਤਖ਼ਾਨਾ, ਮੰਦਰ, ਠਾਕਰ ਦੁਆਰਾ।

صنوان *ਸਿਨਵਾਨ* : ਇਕੋ ਤਣੇ ਵਾਲੇ ਦੋ ਰੁਖ; ਦੋ ਸਕੇ ਭਾਈ, ਇਕੋ ਸਰੋਤ 'ਚੋਂ ਨਿਕਲੀਆਂ ਦੋ ਨਦੀਆਂ।

صنوبر *ਸਨੂਬਰ*, صنوبر *ਸਨੌਬਰ* : ਚੀੜ ਦਾ ਰੁਖ, ਚਲਗੋਜ਼ੇ (ਨਿਓਜ਼ੇ) ਦਾ ਰੁਖ।

صنوف *ਸੁਨੂਫ਼* : (ਸਿਨਫ਼ صنف ਦਾ ਬੌਹਵਚਨ) ਕਿਸਮਾਂ, ਸ਼ਕਲਾਂ।

صنیع *ਸਨੀਅ* : ਨੇਕੀ, ਕੰਮ, ਕਲਾ, ਤੇਜ਼ ਤੇ ਚਮਕੀਲੀ ਤਲਵਾਰ, ਖ਼ੁਦਾ ਦੀ ਮਖ਼ਲੂਕ।

صواب *ਸਵਾਬ* : ਠੀਕ, ਸਹੀ, ਦਰੁਸਤ, ਸਿਧਾ; ਦੋਸਤੀ; ਸਚਾਈ।

صوب *ਸੌਬ* : (ਖ਼ਤਾ ਦੇ ਉਲਟ) ਰਾਸਤੀ, ਤਰਫ਼, ਪਾਸਾ।

صوبه *ਸੂਬਾ* : ਰਾਜ ਦਾ ਇਕ ਭਾਗ, ਪਰਾਂਤ।

صوبه‌دار *ਸੂਬਾਦਾਰ* : ਸੂਬੇ ਦਾ ਹਾਕਮ।

صوت *ਸੌਤ* : ਅਵਾਜ਼, ਰਾਗ।

صور *ਸੁਵਰ* : (ਸੂਰਤ ਦਾ ਬੌਹਵਚਨ) ਸ਼ਕਲਾਂ, ਚੇਹਰੇ, ਤਸਵੀਰ, ਨਮੂਨੇ।

صور *ਸੂਰ* : ਜਾਨਵਰ ਦਾ ਸਿੰਗ, ਜਿਸ ਨੂੰ ਵਜਾਉਂਦੇ ਹਨ, ਨਰਸਿੰਘਾ, ਨਫ਼ੀਰੀ।

صورِ اسرافیل *ਸੂਰ-ਏ-ਇਸਰਾਫ਼ੀਲ* : ਓਹ ਨਰਸਿੰਘਾ ਜਿਸ ਨੂੰ ਕਿਆਮਤ (ਕਿਯਾਮਤ) ਦੇ ਦਿਨ ਇਸਰਾਫ਼ੀਲ ਫ਼ਰਿਸ਼ਤਾ ਵਜਾਏਗਾ।

صورت *ਸੂਰਤ* : ਸ਼ਕਲ, ਰੂਪ, ਚੇਹਰਾ; ਤਸਵੀਰ; ਢਾਂਚਾ, ਢੰਗ, ਨਮੂਨਾ; ਪੁਤਲਾ।

صورت‌بازی *ਸੂਰਤਬਾਜ਼ੀ* : ਬੌਹਰੂਪ।

صورت‌بند *ਸੂਰਤ-ਬੰਦ*, صورت‌کار *ਸੂਰਤਕਾਰ*, صورت‌کش *ਸੂਰਤਕਸ਼*, صورتگر *ਸੂਰਤਗਰ*, صورت‌نگار *ਸੂਰਤਨਿਗਾਰ* : ਚਿਤਰਕਾਰ, ਨਕਾਸ਼।

صورتگری *ਸੂਰਤਗਰੀ* : ਨਕਾਸ਼ੀ,

ਮੁਸਵਰੀ, ਚਿਤਰਕਾਰੀ।

صوری ***ਸੁਵਰੀ*** : ਸੂਰਤ ਨਾਲ ਸਬੰਧਤ, ਜ਼ਾਹਰੀ।

صوف ***ਸੂਫ਼*** : ਉੱਨ, ਪਸ਼ਮ।

صوفی ***ਸੂਫ਼ੀ*** : ਪਸ਼ਮ-ਪੋਸ਼, ਉੱਨ ਜਾਂ ਪਸ਼ਮ ਪੈਹਨਣ ਵਾਲਾ, ਸਾਫ਼ ਦਿਲ ਵਾਲੇ ਦਰਵੇਸ਼ ਜੋ ਆਮ ਸੂਫ ਦਾ ਚੋਲਾ ਪਾਉਂਦੇ ਹਨ।

صوفیچہ ***ਸੂਫ਼ੀਚਾ*** : ਸੂਫ਼ੀਆਂ ਦਾ ਉੱਨ ਦਾ ਕਪੜਾ।

صوفیان ***ਸੂਫ਼ੀਯਾਨ*** : ਸੂਫ਼ੀ ਦਾ ਬੌਹਵਚਨ।

صوم ***ਸੌਮ*** : ਰੋਜ਼ਾ, ਕੰਮ ਨਾ ਕਰਨਾ, ਚੁਪ ਰੈਹਣਾ, ਮੋਨ-ਵਰਤ।

صومعہ ***ਸੌਮਆ*** : ਗਿਰਜਾ, ਈਸਾਈਆਂ ਦਾ ਪੂਜਾ-ਸਥਾਨ, ਪੂਜਾ-ਘਰ।

صون ***ਸੌਨ***, صیانت ***ਸਯਾਨਤ*** : ਸੁਰੱਖਿਆ, ਨਿਗਰਾਨੀ।

صہب ***ਸਹਬ***, صہوبت ***ਸਹੂਬਤ*** : ਸੁਰਖ਼ ਜਾਂ ਕਾਲੇ-ਸੁਰਖ਼ ਰੰਗ ਦਾ ਘੋੜਾ।

صہبا ***ਸਹਬਾ*** : ਸਫ਼ੈਦ ਅੰਗੂਰਾਂ ਦੀ ਸ਼ਰਾਬ।

صہبائی ***ਸਹਬਾਈ*** : ਮਸਤ, ਸ਼ਰਾਬੀ।

صیاد ***ਸੱਯਾਦ*** : ਸ਼ਿਕਾਰ ਕਰਨ ਵਾਲਾ, ਸ਼ਿਕਾਰੀ, ਚਿੜੀ ਮਾਰ, ਮਛੇਰਾ, ਮਸ਼ੂਕ।

صیام ***ਸਿਯਾਮ*** : (ਸੌਮ صوم ਦਾ ਬੌਹਵਚਨ) ਰੋਜ਼ੇ।

صید ***ਸੈਦ*** : ਸ਼ਿਕਾਰ, ਸ਼ਿਕਾਰ ਕੀਤਾ ਜਾਨਵਰ।

صیدافگن ***ਸੈਦ-ਅਫ਼ਗਨ***, صیدپیشہ ***ਸੈਦ-ਪੇਸ਼ਾ***, صیدگر ***ਸੈਦਗਰ*** : ਸ਼ਿਕਾਰੀ।

صیدِحرم ***ਸੈਦ-ਏ-ਹਰਮ*** : ਕਾਅਬੇ ਦਾ ਜਾਨਵਰ ਜਿਸ ਦਾ ਸ਼ਿਕਾਰ ਕਰਨਾ ਹਰਾਮ ਹੈ।

صیدگاہ ***ਸੈਦਗਾਹ*** : ਜੰਗਲ।

صیرف ***ਸੈਰਫ਼***, صیرفی ***ਸੈਰਫ਼ੀ*** : ਰੁਪਈਏ, ਅਸ਼ਰਫ਼ੀ ਪਰਖਣ ਵਾਲਾ, ਸਰਾਫ਼, ਇਕ ਸ਼ਾਇਰ ਦਾ ਤਖ਼ੱਲੁਸ, ਕੰਮਾਂ ਵਿਚ ਦਖ਼ਲ ਦੇਣ ਵਾਲਾ।

صیف ***ਸੈਫ਼*** : ਗਰਮੀ ਦਾ ਮੌਸਮ, ਗਰਮੀ ਕਟਣਾ।

صیفی ***ਸੈਫ਼ੀ*** : ਗਰਮੀ ਦੀ ਰੁਤ ਨਾਲ ਸਬੰਧਤ।

صیقل ***ਸੈਕਲ*** : ਜੰਗ (ਜੰਗਾਲ) ਦੂਰ ਕਰਨਾ, ਸਾਫ਼ ਕਰਨਾ, ਲਿਸ਼ਕਾਉਣਾ, ਚਮਕਾਉਣਾ, ਤਲਵਾਰ ਜਾਂ ਸ਼ੀਸ਼ੇ ਨੂੰ ਸਾਫ਼ ਕਰਨਾ।

صیقلگر ***ਸੈਕਲਗਰ*** : ਸਿਕਲੀਗਰ।

صیقلی ***ਸੈਕਲੀ*** : ਸਿਕਲ ਕਰਨ ਵਾਲਾ, ਸਿਕਲੀਗਰ, ਸਿਕਲ ਕਰਨ ਦੀ ਅਵਾਜ਼, ਸਾਨ, ਸਿਕਲ ਕਰਨ ਵਾਲਾ ਪਥਰ।

صین ***ਸੀਨ*** : (ਚੀਨ ਦਾ ਅਰਬੀ ਰੂਪਾਂਤਰ) ਚੀਨ।

صینی ***ਸੀਨੀ*** : ਚੀਨ ਦਾ ਰੈਹਣ ਵਾਲਾ, ਚੀਨੀ।

صینیہ ***ਸੀਨੀਯਾ*** : ਸੀਨੀ ਥਾਲ।

ض (ਜ਼ਾਦ)

ض ***ਜ਼ਾਦ*** : (ਜ਼ਾਦ-ਏ-ਮਨਕੂਤਾ ਜਾਂ ਮੁਅੱਜਮਾ) ਫ਼ਾਰਸੀ ਦਾ ਅਠਾਰ੍ਹਵਾਂ ਤੇ ਅਰਬੀ ਵਰਨਮਾਲਾ ਦਾ ਪੰਦਰਵਾਂ ਅੱਖਰ; ਅਬਜਦ ਅਨੁਸਾਰ ਉਸ ਦੇ ੮੦੦ ਅੰਕ ਨਿਸ਼ਚਤ ਹਨ।

ضابط ***ਜ਼ਾਬਿਤ*** : ਪਰਬੰਧ ਕਰਨ ਵਾਲਾ, ਫ਼ੌਜੀ ਅਫ਼ਸਰ, ਕੋਤਵਾਲ, ਚੌਕਸ।

ضابطگی ***ਜ਼ਾਬਿਤਗੀ*** : ਕਨੂੰਨ ਅਨੁਸਾਰ, ਨਿਯਮ-ਬੱਧ ਕਿਰਿਆ।

ضابطه ***ਜ਼ਾਬਿਤਾ*** : ਕਨੂੰਨ ਵਿਧਾਨ, ਦਸਤੂਰ, ਨਿਯਮ ਅਨੁਸਾਰ ਕਾਰਵਾਈ।

ضابطهٔعدالت ***ਜ਼ਾਬਿਤਾ-ਏ-ਅਦਾਲਤ*** : ਕਨੂੰਨੀ ਕਾਰਵਾਈ।

ضابطهٔمال ***ਜ਼ਾਬਿਤਾ-ਏ-ਮਾਲ*** : ਮਾਮਲੇ ਜਾਂ ਲਗਾਨ ਸਬੰਧੀ ਕਨੂੰਨੀ ਕਾਰਵਾਈ।

ضارب ***ਜ਼ਾਰਿਬ*** : ਸਟ ਮਾਰਨ ਵਾਲਾ, ਮਾਰਨ ਵਾਲਾ; ਹਨੇਰੀ ਰਾਤ।

ضال ***ਜ਼ਾਲ*** : ਰਾਹੋਂ ਘੁੱਥਾ, ਕੁਰਾਹੀਆ।

ضالّین ***ਜ਼ਾਲੀਨ*** : ਭਟਕੇ ਭੁੱਲੇ ਲੋਕ, ਰਾਹੋਂ ਘੁੱਥੇ ਲੋਕ।

ضامن ***ਜ਼ਾਮਿਨ*** : (ਪੰਜਾਬੀ ਵਿਚ ਪਰਚਲਤ ਰੂਪ 'ਜ਼ਾਮਨ' ਹੈ) ਜ਼ੁੰਮੇਵਾਰ, ਜ਼ਮਾਨਤ ਦੇਣ ਵਾਲਾ, ਸਹਾਇਕ, ਸਮਰਥਕ।

ضامنی ***ਜ਼ਾਮਿਨੀ*** : ਜ਼ਮਾਨਤ, ਜ਼ੁੰਮੇਵਾਰੀ।

ضائع ***ਜ਼ਾਇਅ*** : ਵਿਅਰਥ, ਬੇਫ਼ਾਇਦਾ; ਗਵਾਚ ਗਿਆ; ਤਬਾਹ, ਬਰਬਾਦ।

ضبط ***ਜ਼ਬਤ*** : ਪਰਬੰਧ, ਨਿਯੰਤਰਨ ਹੇਠ ਰੱਖਣਾ, ਕਾਬੂ, ਪੱਕੀ ਤਰ੍ਹਾਂ ਫੜੀ ਰੱਖਣਾ, ਰੋਕ, ਰੁਕਾਵਟ, ਨਿਗਰਾਨੀ ਕਰਨਾ।

ضبطوربط ***ਜ਼ਬਤ-ਉ-ਰਬਤ*** : ਪਰਬੰਧ।

ضحاک ***ਜ਼ੱਹਾਕ*** : ਬੌਹਤ ਹੱਸਣ ਵਾਲਾ; ਇਕ ਜ਼ਾਲਮ ਬਾਦਸ਼ਾਹ ਦਾ ਨਾਮ, ਜਿਸ ਨੇ ਜਮਸ਼ੈਦ ਨੂੰ ਹਰਾ ਕੇ ਈਰਾਨ ਦਾ ਤਖ਼ਤ ਮੱਲ ਲਿਆ, ਅਖੀਰ ਜਮਸ਼ੈਦੀ ਔਲਾਦ ਵਿਚੋਂ ਫ਼ਰੀਦੂਨ ਨੇ ਉਸ ਨੂੰ ਹਰਾਇਆ, ('ਦਹ + ਅਕ' ده+اک ਦਾ ਅਰਬੀ ਰੂਪਾਂਤਰ) ਇਸ ਦੇ ਅਰਥ ਹਨ ਦਸ ਐਬ। ਜ਼ੱਹਾਕ ਵਿਚ ਦਸ ਐਬ (ਜ਼ੁਲਮ, ਝੂਠ, ਕੋਝ, ਛੋਟਾ ਕਦ, ਬੇਦੀਨੀ, ਬੇਹਯਾਈ, ਬਦ-ਦਿਲੀ, ਬੇਅਕਲੀ, ਬਦਜ਼ਬਾਨੀ ਤੇ ਬੌਹਤ ਖਾਣਾ) ਸਨ: ਇਸ ਲਈ ਏਹ ਨਾਮ ਪਿਆ, ਕਈ ਇਕ ਦਾ ਵਿਚਾਰ ਹੈ ਕਿ ਜੰਮਣ ਵੇਲੇ ਉਸ ਦੇ ਅਗਲੇ ਦੋ ਦੰਦ ਮੌਜੂਦ ਸਨ, ਇਸ ਲਈ ਉਸ ਦੇ ਮਾਪਿਆਂ ਏਹ ਨਾਮ ਰੱਖਿਆ, ਭਾਵ ਹੱਸਣ ਵਾਲਾ।

ضحک ***ਜ਼ਿਹਕ*** : ਖਿਲਖਿਲਾਹਟ, ਉੱਚੀ ਉੱਚੀ ਹੱਸਣਾ, ਹਾਸਾ।

ضحکه ***ਜ਼ੁਹਕਾ***, ضحوکه ***ਜ਼ੁਹੂਕਾ*** : ਮਸਖ਼ਰਾ, ਭੰਡ, ਜਿਸ 'ਤੇ ਸਾਰੇ ਲੋਕ ਹੱਸਣ।

ضحی ***ਜ਼ੁਹਾ*** : ਪੈਹਰ, ਦਿਨ ਚੜ੍ਹਨ ਦਾ ਸਮਾਂ; ਸਵੇਰ ਦੇ ਦਸ ਵਜੇ।

ضخام ***ਜ਼ਖ਼ਾਮ***, ضخیم ***ਜ਼ਖ਼ੀਮ*** : ਬੜੇ ਵੱਡੇ ਜੁਸੇ ਵਾਲਾ, ਵੱਡੀ ਡੀਲਡੌਲ ਵਾਲਾ, ਭਾਰਾ ਤੇ ਭੱਦਾ; ਹਰ ਵੱਡੀ ਤੇ ਭਾਰੀ ਚੀਜ਼।

ضخامت ***ਜ਼ਖ਼ਾਮਤ*** : ਮੁਟਾਪਾ, ਭਾਰੀ ਜੁੱਸਾ, ਮੁਟਾਈ।

ضِدّ ***ਜ਼ਿੱਦ*** : ਵਿਰੋਧੀ, ਉਲਟ, ਵੈਰ, ਦੁਸ਼ਮਣੀ।

ضدّاد ***ਜ਼ਿਦਾਦ*** : ਟਾਕਰਾ।

ضِدّی ***ਜ਼ਿੱਦੀ*** : ਆਪਣੀ ਮਰਜ਼ੀ ਵਾਲਾ, ਹਠੀ।

ضدین ***ਜ਼ਿੱਦੈਨ*** : ਦੋ ਜ਼ਿੱਦਾਂ, ਦੋ ਵਿਰੋਧੀ ਚੀਜ਼ਾਂ ਜਿਵੇਂ ਚਾਨਣ ਤੇ ਹਨੇਰਾ ਜਾਂ ਸਿਆਹੀ ਤੇ ਸਫ਼ੈਦੀ।

ضراب ***ਜ਼ੱਰਾਬ*** : ਅਸ਼ਰਫ਼ੀ ਜਾਂ ਰੁਪਈਏ ਉੱਤੇ ਠੱਪਾ ਲਾਉਣ ਵਾਲਾ।

ضرابخانه ***ਜ਼ੱਰਾਬ-ਖ਼ਾਨਾ*** : ਟਕਸਾਲ।

ضرب ***ਜ਼ਰਬ*** : ਮਾਰਨਾ, ਠੱਪਾ ਜਾਂ ਮੋਹਰ ਲਾਉਣਾ, ਸੱਟ, ਚੋਟ, ਦੌੜ ਕੇ ਚੱਲਣਾ, ਇਕ ਚੀਜ਼ ਵਿਚ ਦੂਜੀ ਰਲਾਉਣਾ; ਚਿੱਟਾ ਸ਼ੈਹਦ; ਵਰਗਾ; ਪਰਕਾਰ, ਕਿਸਮ, ਪਾਣੀ ਵਿਚ ਤਰਨਾ; ਪਰਗਟ ਕਰਨਾ, ਨੁਕਸਾਨ, ਘਾਟਾ, ਕਿਸੇ ਅੰਕ ਨੂੰ ਕਈ ਗੁਣਾਂ ਕਰਨਾ।

ضربالفتح ***ਜ਼ਰਬ-ਉਲ-ਫ਼ਤਹ*** : ਜਿੱਤ ਪਿੱਛੋਂ ਵਾਜੇ ਵਜਾਉਣਾ।

ضربالمثل ***ਜ਼ਰਬ-ਉਲ-ਮਿਸਲ*** : ਕਹਾਵਤ, ਅਖੌਤ, ਲੋਕੋਕਤੀ।

ضربات ***ਜ਼ਰਬਾਤ*** : ਚੋਟਾਂ, ਸੱਟਾਂ।

ضربخانه ***ਜ਼ਰਬਖ਼ਾਨਾ*** : ਟਕਸਾਲ।

ضرر ***ਜ਼ਰਰ*** : ਨੁਕਸਾਨ, ਖਸਾਰਾ, ਤਕਲੀਫ਼, ਦੁੱਖ, ਸਦਮਾ।

ضرررساں ***ਜ਼ਰਰ ਰਸਾਂ*** : ਹਾਨੀਕਾਰਕ, ਦੁੱਖ ਦੇਣ ਵਾਲਾ।

ضرع ***ਜ਼ਰਅ*** : ਕਮਜ਼ੋਰ, ਸੁਸਤ; ਛੋਟੀ ਉਮਰ ਦਾ, (ਘੋੜੇ ਦਾ ਬੱਚਾ ਜੋ ਦੌੜ ਨਾ ਸਕਦਾ ਹੋਵੇ)।

ضرغام ***ਜ਼ਰਗਾਮ***, ضِرغام ***ਜ਼ਿਰਗਾਮ*** : ਸ਼ੇਰ, ਵੱਢ-ਖਾਣਾ ਜਾਨਵਰ।

ضرور ***ਜ਼ਰੂਰ*** : ਜਿਸ ਦਾ ਹੋਣਾ ਫਰਜ਼ ਹੋਵੇ, ਜਿਸ ਦਾ ਹੋਣਾ ਅਵੱਸ਼ਕ ਹੋਵੇ, ਅਮਿਟ, ਅਟਲ, ਹਰ ਹਾਲਤ ਵਿਚ ਵਾਪਰਨ ਵਾਲਾ।

ضرورت ***ਜ਼ਰੂਰਤ*** : ਲੋੜ, ਜਿਸ ਬਿਨਾ ਕੰਮ ਨਾ ਚੱਲੇ।

ضرورتمند ***ਜ਼ਰੂਰਤਮੰਦ*** : ਲੋੜਵੰਦ।

ضروری ***ਜ਼ਰੂਰੀ*** : ਜ਼ਰੂਰਤ ਸਬੰਧੀ, ਜਿਸ ਬਿਨਾ ਚਾਰਾ ਨਾ ਹੋਵੇ।

ضریر ***ਜ਼ਰੀਰ*** : ਅੰਨ੍ਹਾ, ਕਮਜ਼ੋਰ, ਮਾੜਾ, ਬੀਮਾਰ, ਨਿਰਬਲ; ਬਦਹਾਲੀ; ਜਿਸ ਨੂੰ ਨੁਕਸਾਨ ਪੁੱਜਾ ਹੋਵੇ।

ضعف ***ਜ਼ੁਅਫ਼*** : ਸੋਚ ਸਮਝ ਦੀ ਕਮਜ਼ੋਰੀ, ਬੇਹੋਸ਼ੀ, ਸੁਸਤੀ, ਕਮਜ਼ੋਰੀ, ਨਿਰਬਲਤਾ।

ضعیف ***ਜ਼ਈਫ਼*** : ਦੁਰਬਲ, ਬੁੱਢਾ, ਬੇਵਕੂਫ਼, ਡਰਾਕਲ, ਅੰਨ੍ਹਾ, ਬੇਸੁਰਤ।

ضعفا ***ਜ਼ੁਅਫ਼ਾ*** : (ਜ਼ਈਫ਼ ضعیف ਦਾ ਬੌਹਵਚਨ) ਕਮਜ਼ੋਰ, ਬੁੱਢੇ।

ضعیفه ***ਜ਼ਈਫ਼ਾ*** : ਬੁੱਢੀ (ਔਰਤ), ਕਮਜ਼ੋਰ, ਬੁੱਢੇ।

ضعیفی ***ਜ਼ਈਫ਼ੀ*** : ਕਮਜ਼ੋਰੀ, ਦੁਰਬਲਤਾ, ਬੁਢੇਪਾ।

ضلال ***ਜ਼ਲਾਲ*** : ਭੁੱਲੜ, ਗੁੰਮ ਹੋਣਾ, ਪਰਾਜਤ ਹੋਣਾ; ਹਲਾਕ ਹੋਣਾ।

ضلالت ***ਜ਼ਲਾਲਤ***, ضلت ***ਜ਼ਲਤ*** : ਗੁੰਮਰਾਹੀ, ਬੇਰਾਹੀ, ਭੁੱਲ, ਕਮੀਨਗੀ।

ضلع ***ਜ਼ਿਲਅ*** : ਪੱਸਲੀ, ਪਾਸੇ ਦੀ ਹੱਡੀ; ਪਾਸਾ, ਹੱਦ, ਮੁਲਕ ਦਾ ਹਿੱਸਾ, ਰਾਜ ਦੀ ਸ਼ਾਖ, ਪੰਨੇ ਦਾ ਇਕ ਭਾਗ, ਲਕੀਰ।

ضلعبندی ***ਜ਼ਿਲਅ-ਬੰਦੀ*** : ਰਾਜ ਦੀ ਭਾਗਾਂ ਵਿਚ ਵੰਡ।

ضلعدار ***ਜ਼ਿਲਅਦਾਰ*** : ਜ਼ਿਲ੍ਹੇ ਦਾ ਨਿਗਰਾਨ, ਜ਼ਿਲ੍ਹੇ ਦਾ ਅਫ਼ਸਰ।

ضلعداری ***ਜ਼ਿਲਅਦਾਰੀ*** : ਜ਼ਿਲ੍ਹੇਦਾਰ ਦੀ ਪਦਵੀ।

ضلیل ***ਜ਼ਲੀਲ*** : ਭਟਕਿਆ ਹੋਇਆ, ਭੁੱਲੜ, ਗੁੰਮਰਾਹ, ਭੁੱਲਿਆ ਭਟਕਿਆ ਹੋਇਆ।

ضلیل ***ਜ਼ਿੱਲੀਲ*** : ਵੱਡਾ ਭੁੱਲੜ, ਵੱਡਾ ਕੁਰਾਹੀਆ।

ضم ***ਜ਼ੱਮ*** : ਚਿਪਕਾਉਣਾ, ਮਿਲਾਉਣਾ, ਸ਼ਾਮਲ ਕਰਨਾ, ਜੋੜਨਾ, ਇਕ ਲਗ ਦਾ ਨਾਮ, ਜਿਸ ਨੂੰ 'ਪੇਸ਼' (ਔਂਕੜ) ਕੌਂਹਦੇ ਹਨ।

ضمان ***ਜ਼ਮਾਨ*** : ਜ਼ਾਮਨੀ।

ضماندار ***ਜ਼ਮਾਨਦਾਰ*** : ਜ਼ੁੰਮੇਵਾਰ,

ਜ਼ਾਮਨ।

ضمانت ***ਜ਼ਮਾਨਤ*** : ਜ਼ੁੰਮੇਵਾਰੀ, ਜ਼ਾਮਨੀ, ਕਿਸੇ ਲਈ ਜ਼ਾਮਨ ਬਣਨਾ।

ضمانت‌نامه ***ਜ਼ਮਾਨਤ-ਨਾਮਾ*** : ਜ਼ਾਮਨ ਦਾ ਅਸ਼ਟਾਮ, ਲਿਖਤੀ ਜ਼ਮਾਨਤ।

ضمانتی ***ਜ਼ਮਾਨਤੀ*** : ਜ਼ਮਾਨਤ ਦੇਣ ਵਾਲਾ।

ضمائر ***ਜ਼ਮਾਇਰ*** : (ਜ਼ਮੀਰ ضمیر ਦਾ ਬੌਹਵਚਨ) ਮਨ, ਅੰਤਹਕਰਣ।

ضمائم ***ਜ਼ਮਾਇਮ*** : (ਜ਼ਮੀਮਾ ضمیمه ਦਾ ਬੌਹਵਚਨ) ਪਰੀਸ਼ਿਸ਼ਟ।

ضمن ***ਜ਼ਿਮਨ*** : ਵਿਚ, ਅੰਦਰ, ਵਿਚਕਾਰ, ਪਿਠਅੰਕਣ, ਮਦ, ਦਫ਼ਾ।

ضمنی ***ਜ਼ਿਮਨੀ*** : ਸਮਰਥਕ, ਪੁਸ਼ਟੀਕਾਰ; ਵਿਚਕਾਰਲੀ, ਵਿਚਕਾਰਲਾ।

ضمیر ***ਜ਼ਮੀਰ*** : ਮਨ, ਅੰਤਹਕਰਣ, ਭੇਦ, ਗੁਪਤ।

ضمیمه ***ਜ਼ਮੀਮਾ*** : ਓਹ ਸ਼ੈ ਜੋ ਕਿਸੇ ਦੂਜੀ ਚੀਜ਼ ਨਾਲ ਵਧਾ ਕੇ ਲਾਈ ਜਾਵੇ, ਪਰੀਸ਼ਿਸ਼ਟ, ਸਹਿਲਗ, ਵਾਧੂ ਪਰਚਾ।

ضمین ***ਜ਼ਮੀਨ*** : ਜ਼ਾਮਨ।

ضیا ***ਜ਼ਿਯਾ*** : ਚਮਕ, ਨੂਰ ਤੋਂ ਵਧੇਰੇ ਸ਼ਕਤੀਸ਼ਾਲੀ ਚਾਨਣ।

ضیاپاش ***ਜ਼ਿਯਾਪਾਸ਼***, ضیاگستر ***ਜ਼ਿਯਾ ਗੁਸਤਰ*** : ਚਾਨਣ ਖਲੇਰਨ ਵਾਲਾ, ਰੋਸ਼ਨੀ ਕਰਨ ਵਾਲਾ।

ضیافت ***ਜ਼ਿਯਾਫ਼ਤ*** : ਮੈਹਮਾਨੀ ਦਾ ਖਾਣਾ, ਦਾਵਤ, ਪਰੀਤੀ-ਭੋਜਨ।

ضیغم ***ਜ਼ੈਗ਼ਮ*** : ਸ਼ੇਰ ਬਬਰ।

ضیق ***ਜ਼ੀਕ਼*** : ਤੰਗੀ, ਦਿੱਕਤ, ਗ਼ਰੀਬੀ।

ضیقِ‌نفس ***ਜ਼ੀਕ-ਏ-ਨਫ਼ਸ***, ضیق‌النفس ***ਜ਼ੀਕ-ਉਨ-ਨਫ਼ਸ*** : ਦਮੇ ਦਾ ਰੋਗ ਜਿਸ ਵਿਚ ਸਾਹ ਮੁਸ਼ਕਲ ਨਾਲ ਆਉਂਦਾ ਹੈ।

ط (ਤੋਇ)

ط ***ਤ਼ੋਇ*** : ਫ਼ਾਰਸੀ ਦਾ ਉਨ੍ਹੀਵਾਂ ਤੇ ਅਰਬੀ (ਵਰਨਮਾਲਾ) ਦਾ ਸੋਲ੍ਹਵਾਂ ਅੱਖਰ, ਅਬਜ਼ਦ ਅਨੁਸਾਰ ਇਸ ਦੀ ਸੰਖਿਆ ਨੌਂ (9) ਨਿਸ਼ਚਤ ਹੈ।

طابق ***ਤ਼ਾਬਕ਼*** : (ਤਾਬਾ **تابہ** ਦਾ ਅਰਬੀ ਰੂਪਾਂਤਰ) ਤਵਾ।

طابہ ***ਤ਼ਾਬਾ*** : ਮਦੀਨਾ ਦਾ ਨਾਮ, ਸ਼ਰਾਬ, ਖਜੂਰ।

طاجن ***ਤ਼ਾਜਨ*** : (ਤਾਬਾ **تابہ** ਦਾ ਅਰਬੀ ਰੂਪਾਂਤਰ) ਤਵਾ, ਕੜਾਹੀ।

طارق ***ਤ਼ਾਰਿਕ*** : ਦਮਸ਼ਕ ਦੇ ਪਰਸਿੱਧ ਯੁਵਕ ਜਰਨੈਲ ਤੇ ਵਿਦਵਾਨ ਹਸਪਾਨੀਆ ਦੇ ਵਿਜੇਤਾ ਦਾ ਨਾਮ, ਸਵੇਰ ਦਾ ਸਤਾਰਾ, ਰਾਤ ਨੂੰ ਚੱਲਣ ਵਾਲਾ, ਗੰਭੀਰ ਦੁਰਘਟਨਾ।

طارم ***ਤ਼ਾਰਮ*** : ਤਾਰ ਦਾ ਅਰਬੀ ਰੂਪਾਂਤਰ, ਲੱਕੜੀ ਦਾ ਘਰ, ਚੁਬਾਰਾ, ਉੱਚਾ ਮਕਾਨ, ਅੰਗੂਰ ਦੀਆਂ ਵੇਲਾਂ ਚੜ੍ਹਾਉਣ ਦੀ ਫੱਟੀ।

طارمِ اخضر ***ਤ਼ਾਰਮ-ਏ-ਅਖ਼ਜ਼ਰ***, **طارمِ خضرا** ***ਤ਼ਾਰਮ-ਏ-ਖ਼ਿਜ਼ਰਾ***, **طارمِ فیروزہ** ***ਤਾਰਮ-ਏ-ਫ਼ੀਰੋਜ਼ਾ***, **طارمِ نیلگون** ***ਤਾਰਮ-ਏ-ਨੀਲਗੂਨ*** : ਅਸਮਾਨ, ਅਕਾਸ਼।

طاری ***ਤ਼ਾਰੀ*** : ਅਚਾਨਕ ਪਰਗਟ ਹੋਣ ਵਾਲਾ ; ਹੇਠਾਂ ਉਤਰਨ ਵਾਲਾ, ਛਾ ਜਾਣ ਵਾਲਾ।

طاس ***ਤ਼ਾਸ*** : ਤਾਸ **تاس** ਦਾ ਅਰਬੀ ਰੂਪਾਂਤਰ, ਵੱਡਾ ਥਾਲ, ਓਹ ਭਾਂਡਾ ਜਿਸ ਵਿਚ ਸ਼ਰਾਬ ਜਾਂ ਪਾਣੀ ਪੀਤਾ ਜਾਵੇ, ਨਰਦਾਂ ਖੇਡਣ ਦਾ ਫੱਟਾ।

طاسِ آبگون ***ਤ਼ਾਸ-ਏ-ਆਬਗੂਨ*** : ਅਸਮਾਨ, ਅਕਾਸ਼।

طاسِ زر ***ਤ਼ਾਸ-ਏ-ਜ਼ਰ*** : ਸੂਰਜ।

طاسک ***ਤ਼ਾਸਕ*** : ਥਾਲੀ।

طاعات ***ਤ਼ਾਆਤ*** : (ਤ਼ਾਅਤ **طاعت** ਦਾ ਬੌਹਵਚਨ) ਆਗਿਆਕਾਰੀਆਂ।

طاعت ***ਤ਼ਾਅ਼ਤ*** : ਬੰਦਗੀ, ਭਜਨ, ਤਪ, ਇਬਾਦਤ, ਆਗਿਆਕਾਰਤਾ।

طاعون ***ਤ਼ਾਊਨ*** : ਆਮ ਮੌਤ; ਪਰਸਿੱਧ ਮਾਰੂ ਰੋਗ, ਪਲੇਗ, ਸ਼ਾਮਤ।

طاغی ***ਤ਼ਾਗ਼ੀ*** : ਬਾਗ਼ੀ, ਸਰਕਸ਼, ਹੱਦੋਂ ਵਧਿਆ ਹੋਇਆ, ਫ਼ਸਾਦੀ।

طاغیان ***ਤ਼ਾਗ਼ੀਯਾਨ*** : (ਤ਼ਾਗ਼ੀ **طاغی** ਦਾ ਬੌਹਵਚਨ)।

طاق ***ਤ਼ਾਕ਼*** : ਮੇਹਰਾਬ, ਕੰਧ ਵਿਚ ਕਮਾਨ ਵਰਗੀ ਬਣੀ ਹੋਈ ਥਾਂ; ਡਾਟ, ਇਕ ਪਰਕਾਰ ਦਾ ਕੱਪੜਾ, ਇੱਕਲਾ, ਵਿਸ਼ੇਸ਼ਗ; ਭਵਨ, ਮੇਹਰਾਬ ਵਾਲੀ ਆਲੀਸ਼ਾਨ ਇਮਾਰਤ।

طاقِ ازرق ***ਤ਼ਾਕ਼-ਏ-ਅਜ਼ਰਕ***, **طاق خضرا** ***ਤ਼ਾਕ਼-ਏ-ਖ਼ਿਜ਼ਰਾ*** : ਅਸਮਾਨ।

طاقِ برنہادن ***ਤਾਕ ਬਰ ਨਿਹਾਦਨ*** : ਛਿੱਕੇ ਟੰਗਣਾ, ਭੁੱਲ ਜਾਣਾ, ਭੁਲਾ ਦੇਣਾ, ਛੱਡ ਦੇਣਾ।

طاقِ طارم ***ਤਾਕ-ਏ-ਤਾਰਮ***, **طاقِ فیروزہ رنگ** ***ਤਾਕ-ਏ-ਫ਼ੀਰੋਜ਼ਾ-ਰੰਗ***, **طاقِ کج** ***ਤਾਕ-ਏ-ਕਜ***, **طاقِ لاجوردی** ***ਤਾਕ-ਏ-ਲਾਜਵਰਦੀ*** : ਅਕਾਸ।

طاقِ مینا ***ਤਾਕ-ਏ-ਮੀਨਾ***, **طاقِ نیلوفر** ***ਤਾਕ-ਏ-ਨੀਲੋਫ਼ਰ***

ਨੀਲਾ ਅਕਾਸ਼।

طاقت ***ਤ਼ਾਕ਼ਤ*** : ਸ਼ਕਤੀ, ਬਲ, ਸਮਰੱਥਾ।

طاقچه ***ਤ਼ਾਕ਼ਚਾ*** : ਛੋਟਾ ਤਾਕ।

طاقدیس ***ਤ਼ਾਕ਼ਦੀਸ*** : ਖ਼ੁਸਰੋ ਪਰਵੇਜ਼ ਦੇ ਤਖ਼ਤ ਦਾ ਨਾਮ ਜੋ ਹੀਰੇ ਜਵਾਹਰਾਤ ਨਾਲ ਜੜਿਆ ਹੋਇਆ ਸੀ।

طاقی ***ਤ਼ਾਕ਼ੀ*** : ਇਕ ਕਿਸਾਨ ਦੀ ਟੋਪੀ, ਦੋ-ਰੰਗੀ ਅੱਖਾਂ ਵਾਲਾ ਘੋੜਾ ਜਿਸ ਦੀ ਇਕ ਅੱਖ ਛੋਟੀ ਅਤੇ ਇਕ ਵੱਡੀ ਹੋਵੇ, ਭੈਂਗਾ, ਇਸ ਨੂੰ ਮਨਹੂਸ ਸਮਝਿਆ ਜਾਂਦਾ ਹੈ।

طالب ***ਤ਼ਾਲਿਬ*** : ਢੂੰਡਣ ਵਾਲਾ, ਮੰਗਣ ਵਾਲਾ ਤਲਬਗਾਰ, ਇੱਛਕ, ਉਮੀਦਵਾਰ।

طالب العلم ***ਤ਼ਾਲਿਬ-ਉਲ-ਇਲਮ,*** **طالبِ علم** ***ਤ਼ਾਲਿਬ-ਏ-ਇਲਮ*** : ਇਲਮ ਦਾ ਚਾਹਵਾਨ, ਵਿਦਿਆਰਥੀ।

طالع ***ਤ਼ਾਲਿਅ*** : ਬੁਰਜ, ਗਰੈਹ ਪਰਗਟ ਕਰਨ ਵਾਲਾ; ਨਵਾਂ ਚੰਦ, ਝੂਠੀ ਸਵੇਰ, ਨਸੀਬ, ਭਾਗ, ਪਰਗਟ ਹੋਣ ਵਾਲਾ, ਚਮਕਣ ਵਾਲਾ।

طالق ***ਤ਼ਾਲਿਕ਼*** : ਓਹ ਔਰਤ ਜਿਸ ਨੂੰ ਤਲਾਕ ਮਿਲ ਚੁਕਾ ਹੋਵੇ, ਮੁਕਤ, ਬੇਰੋਕ।

طالوت ***ਤ਼ਾਲੂਤ*** : ਇਸਰਾਈਲ ਖ਼ਾਨਦਾਨ ਦੇ ਇਕ ਸਰਦਾਰ ਦਾ ਨਾਮ, ਜਿਸ ਪਿਛੋਂ ਹਜ਼ਰਤ ਦਾਊਦ ਬਾਦਸ਼ਾਹ ਹੋਏ।

طامع ***ਤ਼ਾਮਿਅ*** : ਲਾਲਚ ਕਰਨ ਵਾਲਾ, ਲਾਲਚੀ, ਲੋਭੀ।

طاؤس ***ਤ਼ਾਊਸ*** : ਮੋਰ, ਸੁੰਦਰ ਪੁਰਸ਼, ਸਾਰੰਗੀ ਵਾਂਗ ਵਜਾਇਆ ਜਾਣ ਵਾਲਾ ਇਕ ਸਾਜ਼।

طاؤس فلک ***ਤ਼ਾਊਸ-ਏ-ਫ਼ਲਕ*** : ਸੂਰਜ।

طاہر ***ਤ਼ਾਹਿਰ*** : ਪਾਕ, ਪਵਿੱਤਰ।

طائر ***ਤ਼ਾਇਰ*** : ਉੱਡਣ ਵਾਲਾ, ਪੰਛੀ, ਓਹ ਚੀਜ਼ ਜਿਸ ਤੋਂ ਫ਼ਾਲ ਲਈ ਜਾਵੇ, ਕਿਰਦਾਰ, ਦਾਗ, ਪਤੰਗ।

طائران ***ਤ਼ਾਇਰਾਨ*** : (ਤ਼ਾਇਰ **طائر** ਦਾ ਬੌਹਵਚਨ)।

طائرانِ قدس ***ਤ਼ਾਇਰਾਨ-ਏ-ਕ਼ੁਦਸ*** : ਫ਼ਰਿਸ਼ਤੇ।

طائرِ سدره ***ਤ਼ਾਇਰ-ਏ-ਸਿਦਰਾ,*** **طائرِ قدسی** ***ਤ਼ਾਇਰ-ਏ-ਕ਼ੁਦਸੀ,*** **طائرِ عرش** ***ਤ਼ਾਇਰ-ਏ-ਅਰਸ਼*** : ਹਜ਼ਰਤ ਜਿਬਰਾਈਲ।

طائف ***ਤ਼ਾਇਫ਼*** : ਆਲੇ-ਦੁਆਲੇ ਚੱਕਰ ਕੱਟਣ ਵਾਲਾ, ਘੁੰਮਣ ਵਾਲਾ, ਕੋਤਵਾਲ ; ਸੁਪਨਾ; ਮੱਕੇ ਦੇ ਨੇੜੇ ਇਕ ਸ਼ੈਹਰ।

طائفه ***ਤ਼ਾਇਫ਼ਾ*** : ਟੋਲਾ , ਜਥਾ, ਮੰਡਲੀ, ਟੁਕੜਾ, ਹਿੱਸਾ,ਚੱਕਰ ਕੱਟਣ ਵਾਲੀ, ਕੌਮ।

طائی ***ਤ਼ਾਈ*** : 'ਤੈ' ਕਬੀਲੇ ਨਾਲ ਸਬੰਧਤ ਜੋ ਮਸ਼ਹੂਰ ਕਬੀਲਾ ਹੈ; ਪਰਸਿੱਧ ਸਖ਼ੀ ਹਾਤਮ ਤਾਈ ਇਸੇ ਕਬੀਲੇ ਦਾ ਸੀ।

طب ***ਤ਼ਿੱਬ,*** **طب** ***ਤ਼ੱਬ,*** **طب** ***ਤ਼ੁੱਬ*** : ਰੋਗਾਂ ਦੇ ਇਲਾਜ ਕਰਨ ਦੀ ਵਿਦਿਆ, ਚਿਕਤਸਾ, ਜਾਦੂ; ਨਰਮੀ।

غرب ***ਗ਼ਰਬ*** : ਸੂਰਜ ਤੇ ਚੰਦ ਦੇ ਡੁੱਬਣ ਦੀ ਥਾਂ, ਪੱਛਮ, ਵੱਡਾ ਡੋਲ, ਪਾਣੀ ਰਖਣ ਦਾ ਭਾਂਡਾ, ਦੂਰ ਹੋਣਾ, ਛੁਪ ਜਾਣਾ, ਹੇਠਾਂ ਬੈਹ ਜਾਣਾ, ਜੁਦਾਈ, ਵਿਜੋਗ, ਵਿਛੋੜਾ, ਅੱਥਰੂ, ਹੰਝੂ, ਹੰਝੂ ਵਗਾਉਣ ਦੀ ਜਗ੍ਹਾ।

غرب ***ਗ਼ੁਰਬ*** : ਅਜੀਬ, ਵਚਿਤਰ, ਪਾਂਧੀ, ਕੰਗਾਲ।

غربا ***ਗ਼ੁਰਬਾ*** : ('ਗ਼ਰੀਬ' **غریب** ਦਾ ਬੌਹਵਚਨ) ਪਾਂਧੀ, ਪਰਦੇਸੀ, ਅਜੀਬ, ਅਨੋਖਾ, ਕਮਾਲ।

غربال ***ਗ਼ਿਰਬਾਲ*** : ਆਟਾ ਛਾਣਨ ਦੀ ਛਾਣਨੀ, ਅਲੋਚਕ, ਘੁੰਤਰੀ, ਡਫ਼, ਲੂਤੀਆਂ ਲਾਉਣ ਵਾਲਾ।

غربت ***ਗ਼ੁਰਬਤ*** : ਪਰਦੇਸ ਵਿਚ ਹੋਣਾ, ਸਫਰ, ਪੰਧ, ਕੰਗਾਲੀ, ਗ਼ਰੀਬੀ।

غربت‌دیده ***ਗ਼ੁਰਬਤ-ਦੀਦਾ,***

غربت‌زده ***ਗ਼ੁਰਬਤ-ਜ਼ਦਾ*** : ਪਰਦੇਸੀ, ਮੁਸਾਫਰ, ਬੇਵਤਨ, ਗ਼ਰੀਬੀ ਦਾ ਮਾਰਿਆ ਹੋਇਆ।

غربی ***ਗ਼ਰਬੀ*** : ਗ਼ਰਬ ਨਾਲ ਸਬੰਧਤ, ਪੱਛਮੀ, ਇਕ ਪਰਕਾਰ ਦਾ ਲਾਲ ਰੰਗ, ਖਜੂਰ ਦੀ ਸ਼ਰਾਬ।

غربیله ***ਗ਼ਰਬੀਲਾ*** : ਨਾਜ਼, ਨਖ਼ਰਾ।

غرچک ***ਗ਼ਿਰਚਕ*** : ਬੇਵਕੂਫ਼, ਬੇਅਕਲ, ਮੂਰਖ।

غرچه ***ਗ਼ਰਚਾ*** : ਬੇਅਣਖਾ, ਨਾਮਰਦ, ਹੀਜੜਾ।

غرش ***ਗ਼ੁਰਿੱਸ਼*** : ਗਰਜ, ਕੜਕ, ਗੜ ਗੜਾਹਟ, ਗ਼ੁੱਸਾ, ਕੈਹਰ, ਗ਼ਜ਼ਬ, ਡਰ।

غرض ***ਗ਼ਰਜ਼*** : ਨਿਸ਼ਾਨਾ, ਮਤਲਬ, ਜ਼ਰੂਰਤ, ਹਾਜਤ, ਮੰਤਵ, ਮਨੋਰਥ, ਮਕਸਦ।

غرض‌مند ***ਗ਼ਰਜ਼ ਮੰਦ*** : ਲੋੜਵੰਦ।

غرف ***ਗ਼ੁਰਫ਼*** : (ਗ਼ੁਰਫ਼ਾ **غرفه** ਦਾ ਬੌਹਵਚਨ) ਬਾਰੀਆਂ, ਖਿੜਕੀਆਂ, ਚੁਬਾਰੇ, ਬਰਾਂਡੇ।

غرفه ***ਗ਼ੁਰਫ਼ਾ*** : ਬਾਰੀ, ਖਿੜਕੀ; ਬਾਲਾਖਾਨਾ, ਚੁਬਾਰਾ, ਬਰਾਂਡਾ, ਚੁਲੂ ਭਰ ਪਾਣੀ, ਇਕਾਂਤ।

غرق ***ਗ਼ਰਕ਼*** : ਡੁੱਬ ਜਾਣਾ।

غرق ***ਗ਼ਰਿਕ਼*** : ਡੁਬਿਆ ਹੋਇਆ।

غرقاب ***ਗ਼ਰਕ਼ਾਬ*** : ਡੋਬੂ ਪਾਣੀ, ਡੂੰਘਾ ਪਾਣੀ,

ਡੁਬਿਆ ਹੋਇਆ।

غرقه ***ਗ਼ਰਕ਼ਾ*** : ਡੁੱਬਿਆ ਹੋਇਆ।

غرمنده ***ਗ਼ਰਮਿੰਦਾ***, **غرميده** ***ਗ਼ਰਮੀਦਾ*** : ਗੁੱਸੇ ਵਿਚ ਭਰਿਆ ਹੋਇਆ, ਜਜ਼ਬਾਤੀ।

غرن ***ਗ਼ਰਨ***, **غرنک** ***ਗ਼ਰੰਕ*** : ਉੱਚੀ ਉੱਚੀ ਰੋਣਾ ਤੇ ਹੌਕੇ ਭਰਨਾ, ਰੋਣ ਧੋਣ, ਵੈਣ, ਵਿਰਲਾਪ।

غرنده ***ਗ਼ਰਿੰਦਾ*** : ਸ਼ੋਰ ਕਰਨ ਵਾਲਾ, ਕੜਕਣ ਵਾਲਾ।

غرو ***ਗ਼ਰਵ*** : ਕਿਲਕ, ਕਾਨੀ, ਬੰਸਰੀ।

غروب ***ਗ਼ਰੂਬ*** : ਸੂਰਜ ਜਾਂ ਚੰਦ ਦਾ ਡੁੱਬਣਾ।

غرور ***ਗ਼ਰੂਰ*** : ਘਮੰਡ, ਅਹੰਕਾਰ, ਫ਼ਰੇਬ, ਮਕਰ, ਫਰੇਬ ਦੇਣਾ।

غريب ***ਗ਼ਰੀਬ*** : ਅਜੀਬ, ਅਦੁੱਤੀ, ਵਚਿਤਰ, ਓਪਰਾ, ਦੂਰ, ਅਜਨਬੀ, ਪਰਦੇਸੀ; ਗ਼ਰੀਬ, ਕੰਗਾਲ।

غريب‌الديار ***ਗ਼ਰੀਬ-ਉਦ-ਦਯਾਰ***, **غريب‌الوطن** ***ਗ਼ਰੀਬ-ਉਲ-ਵਤਨ*** : ਪਰਦੇਸੀ, ਬੇਵਤਨ।

غريب‌زاده ***ਗ਼ਰੀਬ-ਜ਼ਾਦਾ*** : ਵੇਸਵਾ ਦਾ ਬੇਟਾ।

غريبى ***ਗ਼ਰੀਬੀ*** : ਘਰ ਤੋਂ ਦੂਰੀ, ਪਰਦੇਸੀ ਹੋਣਾ, ਓਪਰਾਪਣ।

غريزى ***ਗ਼ਰੀਜ਼ੀ*** : ਸੁਭਾਵਕ।

غريق ***ਗ਼ਰੀਕ਼*** : ਗ਼ਰਕ ਹੋਇਆ ਹੋਇਆ, ਡੁਬਿਆ ਹੋਇਆ।

غرين ***ਗ਼ਰੀਨ*** : ਜੰਗਲ।

غرين ***ਗ਼ਰੀਨ*** : ਜੰਗਲ ਦਾ ਸ਼ੇਰ ਜੋ ਬੌਹਤ ਸ਼ਕਤੀਸ਼ਾਲੀ ਹੁੰਦਾ ਹੈ।

غريو ***ਗ਼ਿਰੇਵ*** : ਸ਼ੋਰ ਸ਼ਰਾਬਾ,ਚੀਕ, ਪੁਕਾਰ, ਚੀਕਣ ਦੀ ਅਵਾਜ਼, ਗਰਜ।

غريوان ***ਗ਼ਿਰੇਵਾਂ*** : ਸ਼ੋਰ ਮਚਾਉਣ ਵਾਲਾ ਚੀਕਣ ਵਾਲਾ, ਸ਼ੋਰ ਮਚਾਉਂਦਾ ਹੋਇਆ।

غز ***ਗ਼ੁਜ਼*** : ਤੁਰਕਾਂ ਦੀ ਇਕ ਕੌਮ ਦਾ ਨਾਮ, ਜਿਸ ਨੇ ਸੁਲਤਾਨ ਸੰਜਰ ਦੇ ਰਾਜ ਸਮੇਂ ਖ਼ੁਰਾਸਾਨ ਨੂੰ ਬਰਬਾਦ ਕੀਤਾ ਸੀ।

غزا ***ਗ਼ਜ਼ਾ*** : ਕਾਫ਼ਰਾਂ ਨਾਲ ਜੰਗ, ਜਹਾਦ।

غزات ***ਗ਼ੁਜ਼ਾਤ*** : (ਗ਼ਾਜ਼ੀ **غازى** ਦਾ ਬੌਹਵਚਨ) ਕਾਫ਼ਰਾਂ ਨਾਲ ਜੰਗ ਕਰਨ ਵਾਲੇ, ਮੁਜਾਹਿਦੀਨ।

غزل ***ਗ਼ਜ਼ਲ***, **غزاله** ***ਗ਼ਜ਼ਾਲਾ*** : ਹਿਰਨ ਦਾ ਬੱਚਾ, ਹਰਨੋਟਾ; ਨੌਜਵਾਨ; ਹਿਰਨ ; ਸੂਰਜ (ਜਦੋਂ ਉੱਚਾ ਹੋ ਜਾਵੇ)।

غزل ***ਗ਼ਜ਼ਲ*** : ਓਹ ਕਲਾਮ ਜਿਸ ਵਿਚ ਔਰਤਾਂ ਦੇ ਹੁਸਨ ਜਮਾਲ ਤੇ ਇਸ਼ਕ ਦਾ ਜ਼ਿਕਰ ਹੋਵੇ।

غزل‌خوان ***ਗ਼ਜ਼ਲ-ਖ਼੍ਵਾਨ***, **غزل‌سراى** ***ਗ਼ਜ਼ਲ-ਸਰਾਯ*** : ਸ਼ਾਇਰ, ਗਾ ਕੇ ਗਜ਼ਲ ਪੜ੍ਹਨ ਵਾਲਾ।

غزليه ***ਗ਼ਜ਼ਲੀਯਾ*** : (ਗਜ਼ਲ **غزل** ਦਾ ਬੌਹਵਚਨ) ਗ਼ਜ਼ਲਾਂ।

غزنوى ***ਗ਼ਜ਼ਨਵੀ*** : ਗ਼ਜ਼ਨੀ ਦਾ ਰੈਹਣ ਵਾਲਾ।

غزنه ***ਗ਼ਜ਼ਨਾ***, **غزنى** ***ਗ਼ਜ਼ਨੀ*** : ਅਫ਼ਗਾਨਿਸਤਾਨ ਦੇ ਪਰਸਿੱਧ ਸ਼ੈਹਰ ਦਾ ਨਾਮ, ਜੋ ਪਰਾਚੀਨ ਸਮਿਆਂ ਵਿਚ ਰਾਜਧਾਨੀ ਰਿਹਾ ਹੈ ਅਤੇ ਮਹਿਮੂਦ ਗ਼ਜ਼ਨਵੀ ਦੀ ਜਨਮ-ਭੂਮੀ ਹੈ।

غزو ***ਗ਼ਜ਼ਵ*** : ਕਾਫ਼ਰਾਂ ਨਾਲ ਜੰਗ ਕਰਨਾ, ਜਹਾਦ ਕਰਨਾ।

غزوه ***ਗ਼ਜ਼ਵਾ*** : ਓਹ ਜਹਾਦ ਜਿਸ ਵਿਚ ਹਜ਼ਰਤ ਮੁਹੰਮਦ ਸਾਹਿਬ ਖ਼ੁਦ ਸ਼ਾਮਲ ਸਨ।

غساک ***ਗ਼ਿਸਾਕ*** : ਇਸ਼ਕ ਪੇਚੇ ਦੀ ਵੇਲ।

غسّال ***ਗ਼ੱਸਾਲ*** : ਗੁਸਲ ਕਰਵਾਉਣਾ, ਨਹਾਉਣ ਵਾਲਾ, ਮੁਰਦੇ ਨੂੰ ਨਹਾਉਣ ਵਾਲਾ, ਧੋਬੀ।

غسّاله ***ਗ਼ੱਸਾਲਾ*** : (ਗ਼ੱਸਾਲ **غسال** ਦਾ ਇਸਤਰੀ ਲਿੰਗ) ਗ਼ੁਸਲ ਕਰਵਾਉਣ ਵਾਲੀ, ਨਹਾਉਣ ਵਾਲੀ (ਮੁਰਦੇ ਨੂੰ), ਧੋਬਣ।

غساله ***ਗ਼ੁਸਾਲਾ*** : ਧੋਣ , ਕੁਝ ਧੋਤਾ ਗਿਆ ਹੋਵੇ (ਓਹ ਪਾਣੀ ਜਿਸ ਨਾਲ ਕੁਝ ਧੋਤਾ ਗਿਆ ਹੋਵੇ) ਗੰਦਾ ਪਾਣੀ।

غسک ***ਗ਼ਸ਼ਕ*** : ਖਟਮਲ।

غسل ***ਗ਼ੁਸਲ*** : ਨ੍ਹਾਉਣਾ, ਇਸ਼ਨਾਨ ਕਰਨਾ।

غسل‌خانہ ***ਗ਼ੁਸਲ-ਖ਼ਾਨਾ*** : ਨ੍ਹਾਉਣ ਦੀ ਜਗ੍ਹਾ, ਨ੍ਹਾਉਣ ਦਾ ਕਮਰਾ।

غش ***ਗ਼ਸ਼*** : (ਅਰਬੀ ਸ਼ਬਦ ਗ਼ਸ਼ੀ **غشی** ਦਾ ਸੰਖਿਪਤ ਰੂਪ) ਬੇਹੋਸ਼ੀ, ਬੇਹੋਸ਼ ਹੋਣਾ।

غشی ***ਗ਼ਸ਼ੀ*** : ਬੇਹੋਸ਼ ਹੋਣਾ, ਬੇਹੋਸ਼ੀ, ਬੇਹੋਸ਼ ਕਰਨਾ, ਛੁਪਾਉਣਾ, ਲੁਕਾਉਣਾ, ਕੋਰੜਾ ਮਾਰਨਾ, ਕਿਸੇ ਦੇ ਕੋਲ ਆਉਣਾ, ਇਸਤਰੀ ਨਾਲ ਸੰਭੋਗ ਕਰਨਾ।

غصب ***ਗ਼ਸਬ*** : ਜ਼ਬਰਦਸਤੀ ਕਿਸੇ ਕੋਲੋਂ ਚੀਜ਼ ਖੋਹ ਲੈਣਾ, ਜ਼ਬਰਦਸਤੀ ਕਿਸੇ ਦਾ ਹੱਕ ਮਾਰ ਲੈਣਾ, ਨਜਾਇਜ਼ ਕਬਜ਼ਾ।

غصّہ ***ਗ਼ੁੱਸਾ*** : ਕਰੋਧ, ਓਹ ਦੁੱਖ ਜਾਂ ਰੰਜ ਜਿਸ ਨਾਲ ਗਲ ਘੁਟਿਆ ਜਾਵੇ, ਓਹ ਦੁੱਖ ਜਿਸ ਕਰਕੇ ਆਦਮੀ ਦਿਲ ਹੀ ਦਿਲ ਵਿਚ ਘੁੱਟ ਕੇ ਰੈਹ ਜਾਵੇ।

غضب ***ਗ਼ਜ਼ਬ*** : ਕੈਹਰ, ਗ਼ੁੱਸਾ, ਰੰਜ, ਆਫ਼ਤ, ਮੁਸੀਬਤ, ਬੇਇਨਸਾਫ਼ੀ, ਜ਼ੁਲਮ।

غضبناک ***ਗ਼ਜ਼ਬਨਾਕ*** : ਗੁੱਸੇ ਨਾਲ ਭਰਿਆ।

غضبان ***ਗ਼ਜ਼ਬਾਨ*** : ਕੈਹਰ ਤੇ ਗੁੱਸੇ ਨਾਲ ਭਰਿਆ (ਆਦਮੀ), ਗੋਪੀਏ ਨਾਲ ਸੁੱਟਿਆ ਪੱਥਰ।

غَضَنفَر ***ਗ਼ਜ਼ਨਫ਼ਰ*** : ਸ਼ੇਰ, ਸ਼ੇਰ ਬੱਬਰ।

غفّار ***ਗ਼ੱਫ਼ਾਰ*** : ਵੱਡਾ ਛੁਪਾਉਣ ਵਾਲਾ, ਵੱਡਾ ਬਖਸ਼ਣ ਵਾਲਾ, ਬਖ਼ਸ਼ਿੰਦ, ਅੱਲਾਹ ਦਾ ਇੱਕ ਨਾਮ।

غفر ***ਗ਼ਫ਼ਰ*** : ਲੁਕਾਉਣਾ, ਛੁਪਾਉਣਾ, ਢੱਕਣਾ, ਵਾਲਾਂ ਵਿਚ ਖ਼ਿਜ਼ਾਬ ਲਾਉਣਾ।

غفران ***ਗ਼ੁਫ਼ਰਾਨ*** : ਗੁਨਾਹਾਂ ਦੀ ਮਾਫ਼ੀ ਦੇਣਾ, ਮਾਫ਼ੀ, ਬਖ਼ਸ਼ਸ਼।

غفلت ***ਗ਼ਫ਼ਲਤ*** : ਬੇਖ਼ਬਰੀ, ਲਾਪਰਵਾਹੀ, ਅਵੇਸਲਾਪਣ, ਭੁੱਲਚੁੱਕ, ਗ਼ਲਤੀ, ਭੁੱਲ ਜਾਣਾ, ਊਂਘ, ਨੀਂਦ, ਬੇਹੋਸ਼ੀ।

غفلت‌پیشہ ***ਗ਼ਫ਼ਲਤ-ਪੇਸ਼ਾ,*** **غفلت‌زدہ** ***ਗ਼ਫ਼ਲਤ-ਜ਼ਦਾ,*** **غفلت‌شعار** ***ਗ਼ਫ਼ਲਤ-ਸ਼ਿਆਰ,*** **غفلت‌کار** ***ਗ਼ਫ਼ਲਤ-ਕਾਰ*** : ਗ਼ਫ਼ਲਤ ਕਰਨ ਵਾਲਾ, ਬੇਖ਼ਬਰ।

غفور ***ਗ਼ਫ਼ੂਰ*** : ਵੱਡਾ ਬਖ਼ਸ਼ਣ ਵਾਲਾ, ਅੱਲਾਹ ਦਾ ਇਕ ਨਾਮ।

غفورالرّحیم ***ਗ਼ਫ਼ੂਰ-ਉਰ-ਰਹੀਮ*** : ਬਖ਼ਸ਼ਣ ਤੇ ਰੈਹਮ ਕਰਨ ਵਾਲਾ, ਅਲ੍ਹਾਹ ਦਾ ਗੁਣਵਾਚੀ ਨਾਮ।

غفیر ***ਗ਼ਫ਼ੀਰ*** : ਛੁਪਾਉਣ ਵਾਲਾ, ਢੱਕਣ ਵਾਲਾ, ਇਤਨਾ ਵੱਡਾ ਇੱਕਠ ਜੋ ਧਰਤ ਨੂੰ ਛੁਪਾ ਲਵੇ, ਬੜਾ ਵੱਡਾ ਹਜੂਮ ਜਿਸ ਤੋਂ ਬਿਨਾ ਹੋਰ ਕੁਝ ਦਿਖਾਈ ਨਾ ਦੇਵੇ, ਲੋਹ-ਟੋਪ, ਬੌਹਤ ਜ਼ਿਆਦਾ, ਬੌਹਤ ਵੱਡਾ, ਚੌਕੀਦਾਰ।

غلّ ***ਗ਼ੁੱਲ*** : ਲੋਹੇ ਦਾ ਤੌਂਕ, ਹੰਸਲੀ, ਤੇਹ, ਪਿਆਸ।

غل ***ਗ਼ੁਲ*** : (ਗ਼ੁਲਗ਼ੁਲ **غلغل** ਅਤੇ ਗ਼ੁਲਗ਼ੁਲਾ **غلغلہ** ਦਾ ਸੰਖਿਪਤ ਰੂਪ) ਸ਼ੋਰ-ਸ਼ਰਾਬਾ, ਰੌਲਾ-ਗ਼ੌਲਾ, ਰੌਲਾ-ਰੱਪਾ, ਚੀਕ ਪੁਕਾਰ।

غلّات ***ਗ਼ੱਲਾਤ*** : (ਗ਼ੱਲਾ **غلہ** ਦਾ ਬੌਹਵਚਨ) ਅੰਨ, ਅਨਾਜ, ਨਕਦ ਆਮਦਨੀ, ਗ਼ੱਲ (ਪੈਸੇ ਰੱਖਣ ਦੀਆਂ ਸੰਦੂਕੜੀਆਂ)।

غلاظت ***ਗ਼ਿਲਾਜ਼ਤ*** : ਗਾੜ੍ਹਾਪਣ, ਮੋਟਾਪਣ, ਮੁਟਾਈ, ਭੱਦਾਪਣ, ਗੰਦਗੀ, ਗੰਦ ਮੰਦ, ਕੂੜਾ ਕਰਕਟ।

غلاف ***ਗ਼ਿਲਾਫ਼*** : ਉਪਰਲਾ ਕਪੜਾ, ਸਰਹਾਣੇ ਅਤੇ ਰਜ਼ਾਈ ਆਦਿ ਤੇ ਚੜ੍ਹਾਉਣ ਵਾਲਾ ਕੱਪੜਾ, ਖ਼ੋਲ, ਮਿਆਨ (ਤਲਵਾਰ ਦਾ)।

غلالہ ***ਗ਼ੁਲਾਲਾ*** : ਮਸ਼ੂਕ ਦੀ ਜ਼ੁਲਫ਼, ਲਿਟ।

غلام ***ਗ਼ੁਲਾਮ*** : ਲੜਕਾ, ਮੁੰਡਾ, ਜ਼ਰ ਖ਼ਰੀਦ ਨੌਕਰ, ਦਾਸ।

غلام‌رکابی ***ਗ਼ੁਲਾਮ-ਏ-ਰਕਾਬੀ*** : ਬਾਦਸ਼ਾਹ ਦੀ ਅਦਲ ਦਾ ਸੇਵਾਦਾਰ।

غلب ***ਗ਼ਲਬ,*** **غلبہ** ***ਗ਼ਲਬਾ*** : ਗ਼ਾਲਿਬ ਹੋਣਾ, ਜ਼ਬਰਦਸਤੀ, ਜ਼ੋਰ, ਬਰਤਰੀ, ਜ਼ਿਆਦਤੀ, ਬੌਹਲਤਾ।

غلبیر ***ਗ਼ਲਬੀਰ*** : ਛਾਣਨੀ।

غلچ ***ਗ਼ਲਚ*** : ਪੀਢੀ ਗੰਢ, ਪੱਕੀ ਗੰਢ ਜੋ ਸੌਖੇ ਖੁਲ੍ਹ ਨਾ ਸਕੇ, ਦਰਵਾਜ਼ਾ ਬੰਦ ਕਰਨ ਦਾ ਸੰਦ, ਹੋੜਾ, ਜ਼ੰਜੀਰ, ਜੰਦਰਾ ਆਦਿ।

غلط *ਗਲਤ* : ਭੁੱਲ ਕਰਨਾ, ਹਿਸਾਬ ਜਾਂ ਗੱਲਬਾਤ ਵਿਚ ਭੁੱਲ ਕਰਨਾ, ਜੋ ਸਹੀ ਨਾ ਹੋਵੇ, ਖੋਟਾ, ਬੇਜਾ, ਭੁੱਲ-ਚੁੱਕ।

غلطالعام *ਗਲਤ-ਉਲ-ਆਮ* : ਓਹ ਗਲਤੀ ਜਿਸ ਦਾ ਪਰਯੋਗ ਸਭ ਕਰਨ, ਆਮ ਗਲਤੀ ਜਿਸ ਨੂੰ ਸਾਰੇ ਕਰਨ।

غلطاق *ਗਲਤਾਕ* : ਕੁਰਤਾ, ਕਮੀਜ਼।

غلطان *ਗਲਤਾਨ* : ਰੁੜ੍ਹਦਾ ਹੋਇਆ, ਲੁੜ੍ਹਕਦਾ ਹੋਇਆ, ਗੋਲਾ, ਚੱਕਰ ਖਾ ਕੇ ਗੋਲ ਚੀਜ਼ ਦਾ ਹਰਕਤ ਵਿਚ ਆਉਣਾ।

غلطک *ਗਲਤਕ* : ਗੱਡੀ ਦਾ ਪਹੀਆ, ਚੱਕਰ, ਧੁਰਾ, ਖੂਹ ਦੀ ਚਰਖ਼ੀ, ਗੋਲ ਚੀਜ਼, ਕਰਵਟ ਬਦਲਣਾ, ਪਾਸਾ ਪਰਤਣਾ।

غلغل *ਗੁਲਗੁਲ*, **غلغله** *ਗੁਲਗੁਲਾ* : ਸ਼ੋਰ, ਰੌਲਾ-ਗੌਲਾ, ਧੁੰਮ।

غلغونه *ਗੁਲਗੂਨਾ* : (ਗੁਲਗੂਨਾ **گلگونه**) ਉਲਟਣਾ, ਸੁਰਖ਼ੀ ਪਾਊਡਰ।

غلک *ਗੁਲਕ, ਗੁੱਲਕ* : ਕੁੱਜੇ ਦੀ ਸ਼ਕਲ ਦਾ ਇਕ ਭਾਂਡਾ, ਜਿਸ ਦੇ ਮੂੰਹ ਉਤੇ ਚਮੜਾ ਬੰਨ੍ਹ ਕੇ ਮੋਰੀ ਕਰ ਦਿੰਦੇ ਹਨ ਤੇ ਉਸ ਵਿਚ ਮਸੂਲ ਆਦਿ ਦੇ ਰੁਪਈਏ ਪੈਸੇ ਪਾਉਂਦੇ ਹਨ , ਗੋਲਕ।

غلمان *ਗਿਲਮਾਨ*, **غلمه** *ਗਿਲਮਾ* : (ਗੁਲਾਮ **غلام** ਦਾ ਬੌਹਵਚਨ) ਲੜਕੇ, ਓਹ ਗੁਲਾਮ ਜੋ ਬਹਿਸ਼ਤ ਵਿਚ ਜੰਨਤੀਆਂ ਦੀ ਸੇਵਾ ਲਈ ਨਿਯੁਕਤ ਹੋਣਗੇ।

غلو *ਗੁਲੂ* : ਸ਼ੋਰ, ਹੱਦ ਤੋਂ ਵਧ ਜਾਣਾ, ਬੌਹਤ ਜ਼ਿਆਦਾ ਵਧਾ ਕੇ ਗੱਲ ਕਰਨਾ, ਅਤਿਕਥਨੀ, ਪੂਰੇ ਜ਼ੋਰ ਨਾਲ ਤੀਰ ਚਲਾਉਣਾ।

غلوله *ਗਲੂਲਾ* : ਗੋਲਾ, ਗੋਲੀ, ਖਿੱਦੋ, ਗੇਂਦ।

غله *ਗੱਲਾ* : ਅੰਨ, ਅਨਾਜ।

غله *ਗੁੱਲਾ*, **غلهدان** *ਗੁਲਾਦਾਨ* : ਗੋਲਕ, ਛੋਟੀ ਗੇਂਦ, ਗੋਲੀ (ਕਾਗਜ਼ ਜਾਂ ਰੂੰ) , ਗੋਲੀ, ਗੁਲੇਲਾ।

غليان *ਗਿਲਯਾਨ* : (ਕਲਯਾਨ) ਹੁੱਕਾ।

غليظ *ਗਲੀਜ਼* : ਗਾੜ੍ਹਾ, ਸੰਘਣਾ, ਮੋਟਾ, ਗੰਦਾ, ਮੈਲਾ।

غليغر *ਗਿਲੇਗਰ*, **غليگر** *ਗਿਲੇਗਰ* : ਰਾਜ, ਮਿਸਤਰੀ।

غليواج *ਗਲੀਵਾਜ*, **غليواچ** *ਗਲੀਵਾਚ*, **غليواز** *ਗਲੀਵਾਜ਼* : ਇੱਲ੍ਹ।

غم *ਗਮ* : ਦੁੱਖ, ਰੰਜ, ਤਕਲੀਫ਼।

غمخوار *ਗਮਖ਼੍ਵਾਰ* : ਹਮਦਰਦ, ਦੋਸਤ, ਯਾਰ।

غمخواری *ਗਮਖ਼੍ਵਾਰੀ* : ਹਮਦਰਦੀ, ਦੁੱਖ ਵਿਚ ਸਾਥ ਦੇਣਾ; ਗਮ ਖਾਣਾ।

غمزدگی *ਗਮਜ਼ਦਗੀ* : ਦੁਖੀ ਹੋਣਾ।

غمزده *ਗਮਜ਼ਦਾ* : ਦੁਖੀ।

غمکده *ਗਮਕਦਾ* : ਗਮਾਂ ਦਾ ਘਰ, ਸੰਸਾਰ।

غمگسار *ਗਮਗੁਸਾਰ* : ਹਮਦਰਦ, ਦੋਸਤ, ਯਾਰ।

غمگساری *ਗਮਗੁਸਾਰੀ* : ਹਮਦਰਦੀ, ਗਮ ਦੂਰ ਕਰਨਾ।

غمگين *ਗਮਗੀਨ*, **غمناک** *ਗਮਨਾਕ*, **غمنده** *ਗਮਿੰਦਾ*, **غمين** *ਗਮੀਨ* : ਦੁਖੀਆ, ਗਮ ਦਾ ਮਾਰਿਆ ਹੋਇਆ।

غماز *ਗੱਮਾਜ਼* : ਸੈਨਤ ਮਾਰਨ ਵਾਲਾ, ਅਲੋਚਕ, ਤਾਹਨਾ-ਮੇਹਣਾ ਦੇਣ ਵਾਲਾ, ਚੁਗਲਖੋਰ।

غمام *ਗਮਾਮ* : ਅਸਫੰਜ, ਸਪੰਜ, ਚਿੱਟਾ ਬੱਦਲ।

غمان *ਗਮਾਨ* : ਗਮਗੀਨ, ਗਮਨਾਕ, ਰੰਜੀਦਾ; ਸੋਗਵਾਰ।

غمجه *ਗਮਜਾ* : ਪਾਣੀ ਦਾ ਘੁੱਟ।

غمز *ਗਮਜ਼*, **غمزه** *ਗਮਜ਼ਾ* : ਅੱਖ ਦਾ ਇਸ਼ਾਰਾ, ਅੱਖ ਮਾਰਨਾ, ਚੰਗੀ ਤਰ੍ਹਾਂ ਨਚੋੜਨਾ, ਭਚੀੜਨਾ, ਤੋਹਮਤ ਲਾਉਣਾ, ਉਂਗਲ ਨਾਲ ਦਬਾਉਣਾ, ਘੁੰਤਰਬਾਜ਼ੀ, ਚੁਗਲਖੋਰੀ, ਨਾਜ਼ਨਖ਼ਰਾ, ਮਸ਼ੂਕ ਦੀ ਅਦਾ।

غنا *ਗਨਾ* : ਨਫ਼ਾ, ਲਾਭ, ਫ਼ਾਇਦਾ।

غنا *ਗਿਨਾ* : ਰਾਗ, ਗਾਣਾ, ਨਗਮਾ, ਸਰੋਦ।

غنا ***ਗ਼ਿਨਾ*** : ਅਮੀਰੀ, ਬੇਪਰਵਾਹੀ, ਅਲਗਰਜ਼ੀ, ਬੇਮੁਥਾਜੀ।

غنج ***ਗ਼ੁੰਜ*** : ਨਖਰਾ, ਨਾਜ਼, ਕਰਿਸ਼ਮਾ, ਅੱਖ ਦਾ ਇਸ਼ਾਰਾ, ਚੋਚਲਾ।

غنجار ***ਗ਼ੰਜਾਰ,*** **غنجاره** ***ਗ਼ੰਜਾਰਾ,*** **غنجر** ***ਗ਼ੰਜਰ,*** **غنجره** ***ਗ਼ੰਜਰਾ*** : ਉਬੱਟਨਾ, ਗ਼ਾਜ਼ਾ, ਸੁਰਖ਼ੀ ਪਾਊਡਰ।

غنچه ***ਗ਼ੁੰਚਾ*** : ਫੁੱਲ ਜੋ ਖਿੜਿਆ ਨਾ ਹੋਵੇ, ਕਲੀ।

غنچۂآب ***ਗ਼ੁੰਚਾ-ਏ-ਆਬ*** : ਬੁਲਬੁਲਾ।

غنچۂارغوان ***ਗ਼ੁੰਚਾ-ਏ-ਅਰਗਵਾਨ*** : ਅੱਗ ਦੀ ਚੰਗਿਆੜੀ, ਧੁਖਦਾ ਹੋਇਆ ਕੋਲਾ।

غنده ***ਗ਼ੁੰਦਾ*** : ਜਮ੍ਹਾ ਕੀਤਾ ਹੋਇਆ, ਪੂਣੀਆਂ, ਰੂੰ ਦੇ ਗੋਹੜੇ, ਆਟੇ ਦਾ ਪੇੜਾ, ਬੁਲਬੁਲਾ, ਗੁੱਡਾ, ਕਲ-ਮੂੰਹਾਂ, ਕੋਲਾ, ਕਰੂਪ।

غنم ***ਗ਼ਨਮ*** : ਬੱਕਰੀ।

غنودگی ***ਗ਼ੁਨੂਦਗੀ*** : ਊਂਘ, ਨੀਂਦ, ਖ਼ੁਮਾਰ, ਨਸ਼ਾ।

غنی ***ਗ਼ਨੀ*** : ਧਨਵਾਨ, ਮਾਲਦਾਰ, ਬੇਪਰਵਾਹ, ਜਿਸ ਨੂੰ ਕਿਸੇ ਚੀਜ਼ ਦੀ ਲੋੜ ਨਾ ਹੋਵੇ।

غنیم ***ਗ਼ਨੀਮ*** : ਲੁੱਟਣ ਵਾਲਾ, ਲੁਟੇਰਾ, ਡਾਕੂ, ਦੁਸ਼ਮਣ, ਵੈਰੀ।

غنیمت ***ਗ਼ਨੀਮਤ*** : ਲੁੱਟ, ਲੁੱਟ ਦਾ ਮਾਲ, ਮੁਫ਼ਤ ਦਾ ਮਾਲ।

غو ***ਗ਼ਵ*** : ਉੱਚੀ , ਕੜਕਵੀਂ ਅਵਾਜ਼, ਕੜਕ, ਚੀਕ, ਗਰਜ, ਗੜਗੱਜ, ਨਗਾਰੇ ਦੀ ਅਵਾਜ਼।

غواص ***ਗ਼ੱਵਾਸ*** : ਚੁੱਭੀ ਮਾਰਨ ਵਾਲਾ, ਮੋਤੀ ਕੱਢਣ ਲਈ ਸਮੁੰਦਰ ਵਿਚ ਗੋਤਾ ਮਾਰਨ ਵਾਲਾ।

غوت ***ਗ਼ੌਤ*** : ਗੋਪੀਆਂ, ਗੁਲੇਲ, ਚੁੱਭੀ, ਗ਼ੋਤਾ।

غوث ***ਗ਼ੌਸ*** : ਮੱਦਦ ਲਈ ਪੁਕਾਰ, ਸਹਾਇਕ, ਮੁਸਲਮਾਨ ਫ਼ਕੀਰਾਂ ਦੀ ਉਪਾਧੀ, ਯਮਨ ਦੇਸ਼ ਵਿਚ ਵਸਣ ਵਾਲਾ ਇਕ ਫ਼ਿਰਕਾ।

غوچ ***ਗ਼ੂਚ*** : ਭੇਡੂ, ਮੀਢਾ।

غوچه ***ਗ਼ੂਚਾ*** : ਮੁਰਗੇ ਦੀ ਕਲਗੀ।

غوچی ***ਗ਼ੌਚੀ*** : ਟੋਆ, ਖੱਡ।

غور ***ਗ਼ੌਰ*** : ਹਰ ਚੀਜ਼ ਦੀ ਗੈਹਰਾਈ, ਡੂੰਘਾਈ, ਥਾਹ, ਨੀਵੀਂ ਧਰਤੀ, ਹੇਠਾਂ ਜਾਣਾ, ਫ਼ਾਇਦਾ ਪੌਹਚਾਉਣਾ; ਧਿਆਨ, ਖ਼ਬਰ ਲੈਣਾ।

غور ***ਗ਼ੌਰ*** : ਅਫ਼ਗ਼ਾਨਿਸਤਾਨ ਵਿਚ ਕੰਧਾਰ ਦੇ ਨੇੜਲਾ ਮੁਲਕ ਜੋ ਸ਼ਹਾਬੁੱਦੀਨ ਮੁਹੰਮਦ ਗ਼ੌਰੀ ਦੀ ਜਨਮ-ਭੂਮੀ ਹੈ।

غوری ***ਗ਼ੌਰੀ*** : ਗ਼ੌਰ ਮੁਲਕ ਦਾ ਰੈਹਣ ਵਾਲਾ, ਸ਼ਹਾਬੁੱਦੀਨ ਮੁਹੰਮਦ ਗ਼ੌਰੀ ਦੀ ਉਪਾਧੀ।

غوره ***ਗ਼ੂਰਾ*** : ਕੱਚਾ ਤੇ ਖੱਟਾ ਅੰਗੂਰ।

غوزه ***ਗ਼ੂਜ਼ਾ*** : ਬੰਦ ਕਲੀ, ਕਪਾਹ ਦਾ ਟੀਂਡਾ, ਚਾਂਦੀ ਦੀ ਗੇਂਦ।

غوش ***ਗ਼ੋਸ਼*** : ਗੋਸ਼, ਕੰਨ, ਕੋਤਲ ਘੋੜਾ, ਅਲਿਫ਼ ਨੰਗਾ, ਡੰਗਰਾਂ ਦਾ ਗੋਹਾ, ਲਿੱਦ, ਲੇਡੇ, ਇਕ ਪਰਕਾਰ ਦੀ ਸਖ਼ਤ ਲੱਕੜ।

غوشا ***ਗ਼ੋਸ਼ਾ,*** **غوشاد** ***ਗ਼ੋਸ਼ਾਦ*** : ਪਸ਼ੂਆਂ ਦਾ ਗੋਹਾ, ਜਾਨਵਰਾਂ ਦੇ ਰਾਤ ਕੱਟਣ ਦੀ ਜਗ੍ਹਾ, ਵਾੜਾ, ਸਰਾਂ, ਖਜੂਰਾਂ ਜਾਂ ਅੰਗੂਰਾਂ ਦਾ ਗੁੱਛਾ, ਲੰਮਾ ਦਰਖ਼ਤ।

غوشت ***ਗ਼ੋਸ਼ਤ*** : ਅਲਿਫ਼ ਨੰਗਾ।

غوص ***ਗ਼ੌਸ*** : ਪਾਣੀ ਵਿਚ ਚੁੱਭੀ ਮਾਰਨਾ, ਚੁੱਭੀ, ਗੋਤਾ ਲਾਉਣਾ, ਗ਼ੋਤਾ।

غوطه ***ਗ਼ੋਤਾ,*** ***ਗ਼ੂਤਾ*** : ਚੁੱਭੀ, ਡੁਬਕੀ।

غوطہ زدن ***ਗ਼ੋਤਾ ਜ਼ਦਨ*** : ਚੁੱਭੀ ਮਾਰਨਾ।

غوغا ***ਗ਼ੌਗ਼ਾ*** : ਆਦਮੀਆਂ ਦਾ ਇਕੱਠ, ਹਜੂਮ, ਭੀੜ, ਟਿੱਡੀ ਦਲ, ਸ਼ੋਰ-ਗੁਲ, ਰੌਲਾ-ਰੱਪਾ।

غوک ***ਗ਼ੂਕ*** : ਡੱਡੂ, ਦਾਦਰ।

غول ***ਗ਼ੂਲ*** : ਇਕ ਖ਼ਿਆਲੀ ਜਿਨ੍ਹਾਂ ਦੀ ਮਖ਼ਲੂਕ ਜੇਹੜੀ ਜੰਗਲਾਂ 'ਚ ਰੈਹੰਦੀ ਹੈ ਅਤੇ ਜੇਹੜੀ ਸ਼ਕਲ ਚਾਹੁੰਦੀ ਹੈ ਧਾਰਨ ਕਰ ਲੈਂਦੀ ਹੈ,ਛਲਾਵਾਂ, ਛਲੇਡਾ; ਜੰਗਲਾਂ ਦੇ ਜਿੰਨ, ਭੂਤ, ਪਰੇਤ; ਟੋਆ, ਖੁੰਦਰ; ਹ਼ਰਾਮਜ਼ਾਦਾ, ਬੋਲਾ ਆਦਮੀ; ਕੰਨ; ਫ਼ੌਜ ਦੀ ਭੀੜ।

غول ***ਗ਼ੌਲ*** : ਓਹ ਲਸ਼ਕਰ, ਜਿਸ ਵਿਚ ਉਸ ਦਾ ਸਰਦਾਰ ਮੌਜੂਦ ਹੋਵੇ।

غوله ***ਗ਼ੌਲਾ*** : ਬੇਵਕੂਫ਼, ਮੂਰਖ।

غیابت ***ਗ਼ਯਾਬਤ*** : ਓਹ ਚੀਜ਼ ਜੇਹੜੀ ਦੂਜੀ ਚੀਜ਼ ਨੂੰ ਲੁਕਾ ਲਵੇ, ਖੂਹ ਜਾਂ ਵਾਦੀ ਦੀ ਡੂੰਘਾਈ;

ਰਾਹ; ਥੱਲਾ।

غياث ***ਗ਼ਿਯਾਸ*** : ਫ਼ਰਿਆਦ ਸੁਣਨ ਵਾਲਾ, ਬੌਹੜੀ ਵਾਲਾ, ਓਹ ਚੀਜ਼ ਜੋ ਰਿਹਾਈ ਦਾ ਸੱਬਬ ਬਣੇ।

غيب ***ਗ਼ੈਬ*** : ਅੱਖਾਂ ਤੋਂ ਪਰ੍ਹੇ ਹੋਣਾ, ਲੁਕਣਾ, ਲੁਕਾ, ਓਹਲੇ, ਸ਼ੱਕ, ਗੁਮਾਨ, ਨੀਵੀਂ ਧਰਤੀ।

غيبت ***ਗ਼ੈਬਤ*** : ਗ਼ਾਇਬ ਹੋਣਾ, ਪਿੱਠ-ਪਿੱਛਾ।

غيبت ***ਗ਼ੀਬਤ*** : ਪਿੱਠ-ਪਿਛੇ ਕਿਸੇ ਦੀ ਨਿੰਦਾ ਕਰਨਾ, ਚੁਗਲੀ।

غيبوبت ***ਗ਼ੈਬੂਬਤ*** : ਜੁਦਾਈ, ਵਿਛੋੜਾ।

غيبه ***ਗ਼ੈਬਾ*** : ਤਰਕਸ਼, ਭੱਥਾ।

غيداق ***ਗ਼ੈਦਾਕ਼*** : ਤੁਰਕਿਸਤਾਨ ਦਾ ਇਕ ਸ਼ੈਹਰ, ਜਿੱਥੋਂ ਦੇ ਤੀਰ ਮਸ਼ਹੂਰ ਹਨ।

غير ***ਗ਼ੈਰ*** : ਸਿਵਾ, ਦੂਜਾ, ਪਰਾਇਆ, ਅਜਨਬੀ।

غيرمالك ***ਗ਼ੈਰ-ਜ਼ਾਲਿਕ*** : ਇਸ ਦੇ ਸਿਵਾ, ਹੋਰ।

غيررسمى ***ਗ਼ੈਰ-ਰਸਮੀ*** : ਅਸਧਾਰਨ, ਵਿਸ਼ੇਸ਼।

غيرلازم ***ਗ਼ੈਰ-ਲਾਜ਼ਿਮ*** : ਜੇਹੜਾ ਜ਼ਰੂਰੀ ਨਾ ਹੋਵੇ, ਬਦਨਾਮ, ਗੁਮਨਾਮ।

غيرمسكوك ***ਗ਼ੈਰ-ਮਸਕੂਕ*** : ਓਹ ਸੋਨਾ ਚਾਂਦੀ ਜਿਸ ਦਾ ਸਿੱਕਾ ਨਾ ਬਣਿਆ ਹੋਵੇ।

غيرمكرّر ***ਗ਼ੈਰ-ਮੁਕਰੱਰ*** : ਓਪਰਾ, ਅਜ਼ਨਬੀ, ਅਣਜਾਣ, ਅਜੀਬ, ਵਿਚਿੱਤਰ ਬੇਮਿਸਾਲ।

غيرمنقوله ***ਗ਼ੈਰ-ਮਨਕੂਲਾ*** : ਨਾ ਚੱਲਣ ਵਾਲਾ, ਇਕ ਥਾਂ ਤੋਂ ਦੂਜੀ ਥਾਂ ਤੇ ਨਾ ਜਾ ਸਕਣ ਵਾਲਾ।

غيرت ***ਗ਼ੈਰਤ*** : ਸ਼ਰਮ, ਲਾਜ, ਅਣਖ, ਸ਼ਰਮ ਕਰਨਾ, ਬੇਗਾਨਾ ਹੋਣਾ, ਓਪਰਾ ਹੋਣਾ, ਪਰਾਇਆ ਹੋਣਾ।

غيش ***ਗ਼ੀਸ਼*** : ਅਤਿ ਗ਼ਮ ਤੇ ਦੁੱਖ, ਬਦਹਾਲੀ, ਸੰਘਣਾ ਜੰਗਲ।

غيظ ***ਗ਼ੈਜ਼*** : ਸਖ਼ਤ ਗੁੱਸਾ, ਕਰੋਧ, ਅਤਿਅੰਤ ਤੀਬਰ ਕਰੋਧ।

غيل ***ਗ਼ੀਲ*** : ਜੰਗਲ, ਝਾੜੀ।

غيلان ***ਗ਼ੀਲਾਨ*** : (ਗ਼ੂਲ **غول** ਦਾ ਬੌਹਵਚਨ) ਜਿੰਨ, ਭੂਤ, ਛਲੇਡੇ।

غين ***ਗ਼ੈਨ*** : ਬੱਦਲ, ਕਾਲਖ, ਹਨੇਰਾ, ਪਿਆਸ, ਬੁਲਬੁਲ, ਅਰਬੀ ਫ਼ਾਰਸੀ ਵਰਨਮਾਲਾ ਦੇ ਅੱਖਰ, ਗ਼ੈਨ ਦਾ ਉਚਾਰਨ; ਨਸ਼ੇ 'ਚ ਚੂਰ।

غيور ***ਗ਼ਯੂਰ*** : ਗ਼ੈਰਤ ਤੇ ਅਣਖ ਵਾਲਾ, ਅਣਖੀ, ਬੌਹਤ ਰਸ਼ਕ ਕਰਨ ਵਾਲਾ, ਸਾਲਿਕ, ਰੱਬੀ ਲੋਕ।

غيوران ***ਗ਼ਯੂਰਾਨ*** : ਸਾਲਿਕ ਲੋਕ, ਖ਼ੁਦਾ ਦੇ ਰਸਤੇ ਤੇ ਚੱਲਣ ਵਾਲੇ, ਸੂਫ਼ੀ।

ف (ਫ਼ੇ)

ف *(ਫ਼ਾ/ਫ਼ੇ)* : ਫ਼ਾਰਸੀ ਵਰਨਮਾਲਾ ਦਾ ਤੇਈਵਾਂ ਅਤੇ ਅਰਬੀ ਦਾ ਵੀਂਹਵਾਂ ਅੱਖਰ, ਅਬਜਦ ਅਨੁਸਾਰ ਇਸ ਦੇ ੮੦ ਅੰਕ ਨਿਸ਼ਚਤ ਹਨ, ਫ਼ਾਰਸੀ ਵਿਚ ਏਹ ਆਮ ਤੌਰ ਤੇ ب(ਬ) پ(ਪ) ਤੇ و (ਵ) ਨਾਲ ਬਦਲ ਜਾਂਦਾ ਹੈ ਜਿਵੇਂ ਜ਼ਬਾਨ (ਜ਼ਫ਼ਾਨ), ਪੀਲ (ਫ਼ੀਲ), ਵਾਮ (ਫ਼ਾਮ) ਆਦਿ।

فا *ਫ਼ਾ* : 'ਬਾ' ਤੇ 'ਬ' ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ ਜਿਵੇਂ 'ਫ਼ਾ' ਉ ਗੁਫ਼ਤ = ਉਸ ਨੇ ਉਸ ਨਾਲ ਗੱਲ ਕੀਤੀ; ਹੋਰ ਵੇਖੋ 'ਬਾ ਸ਼ਰਮੀਲਾ, ਸੁੰਘਣ ਵਾਲਾ, ਮਸ਼ੂਕ।

فاتح *ਫ਼ਾਤਿਹ* : ਖੋਲ੍ਹਣ ਵਾਲਾ, ਸ਼ੁਰੂ ਕਰਨ ਵਾਲਾ; ਮੁਕੱਦਮੇ ਦਾ ਫ਼ੈਸਲਾ ਕਰਨਾ ਵਾਲਾ, ਵਿਜੇਤਾ।

فاتحہ *ਫ਼ਾਤਿਹਾ* : ਖੋਲ੍ਹਣ ਵਾਲੀ ਔਰਤ, ਫਤੇਹ ਕਰਨ ਵਾਲੀ ਔਰਤ, ਕਿਸੇ ਚੀਜ਼ ਦੀ ਭੂਮਿਕਾ, ਆਦਿ, ਅਰੰਭ, ਕੁਰਾਨ ਸ਼ਰੀਫ਼ ਦੇ ਪੈਹਲੇ ਸੂਰਤ ਦਾ ਨਾਮ, ਮੁਰਦੇ ਨੂੰ ਬਖਸ਼ੇ ਜਾਣ ਲਈ ਕੀਤੀ ਗਈ ਅਰਦਾਸ।

فاتحہخوانی *ਫ਼ਾਤਿਹਾ ਖ਼੍ਵਾਨੀ* : ਮਿਰਤਕ ਲਈ ਅੰਤਮ ਅਰਦਾਸ।

فاتحۂخیر *ਫ਼ਾਤਿਹਾ-ਏ-ਖ਼ੈਰ* : ਖ਼ੈਰ ਦੀ ਦੁਆ, ਨੇਕ ਦੁਆ।

فاتحۂفکرت *ਫ਼ਾਤਿਹਾ-ਏ-ਫ਼ਿਕਰਤ* : ਪੈਹਲਾ ਸ਼ਬਦ, ਮੁਢਲੇ (ਦੋ) ਸ਼ਬਦ।

فاجر *ਫ਼ਾਜਿਰ* : ਬਦਕਾਰ, ਵਿਭਚਾਰੀ, ਪਾਪੀ; ਜਾਦੂਗਰ; ਮਾਲਦਾਰ।

فاجرہ *ਫ਼ਾਜਿਰਾ* : ਬਦਕਾਰ ਔਰਤ।

فاحش *ਫ਼ਾਹਿਸ਼* : ਵਿਭਚਾਰੀ, ਭੈੜਾ, ਹਰਾਮਕਾਰ।

فاحشہ *ਫ਼ਾਹਿਸ਼ਾ* : ਬਦਕਾਰ (ਔਰਤ), ਵਿਭਚਾਰਨ।

فاختہ *ਫ਼ਾਖ਼ਤਾ* : ਇਕ ਪੰਛੀ ਦਾ ਨਾਮ, ਘੁੱਗੀ।

فاخر *ਫ਼ਾਖ਼ਿਰ* : ਫ਼ਖਰ (ਮਾਨ) ਕਰਨ ਵਾਲਾ, ਚੰਗੇਰਾ, ਤੋਹਫ਼ਾ; ਬੌਹਮੁੱਲਾ, ਕੀਮਤੀ।

فاخرہ *ਫ਼ਾਖ਼ਿਰਾ* : ਬੌਹਮੁੱਲੀ (ਵਸਤੂ)।

فاراب *ਫ਼ਾਰਾਬ* : ਤੁਰਕਿਸਤਾਨ ਦੇ ਇਕ ਸ਼ੈਹਰ ਦਾ ਨਾਮ ਜੋ ਮੁਅਲਿਮ-ਏ-ਸਾਨੀ ਅਬੂਨਸਰ ਫ਼ਾਰਾਬੀ ਦੀ ਜਨਮ-ਭੂਮੀ ਹੈ।

فارابی *ਫ਼ਾਰਾਬੀ* : 'ਫ਼ਾਰਾਬ' ਦਾ ਰੈਹਣ ਵਾਲਾ।

فارد *ਫ਼ਾਰਿਦ* : ਇਕਲਾ, ਕੱਲਮ-ਕੱਲਾ, ਅਡਰਾ, ਵੱਖਰਾ, ਅਦੁੱਤੀ।

فارس *ਫ਼ਾਰਿਸ* : ਘੋੜਸਵਾਰ, ਘੋੜੇ ਦਾ ਮਾਲਕ; ਸਿਆਣਾ, ਬੁੱਧੀਮਾਨ; ਪਾਰਸ پارس ਦਾ ਅਰਬੀ ਰੂਪਾਂਤਰ, ਫਾਰਸ ਈਰਾਨ ਦੇਸ਼ ਦਾ ਦੂਜਾ ਨਾਮ।

فارسی *ਫ਼ਾਰਸੀ* : 'ਫ਼ਾਰਸ' فارس ਨਾਲ ਸਬੰਧਤ, ਫ਼ਾਰਸ ਦੀ ਉਪਭਾਸ਼ਾ ਜੋ ਸਤ ਪਰਕਾਰ ਦੀ ਹੈ।

فارسیخوان *ਫ਼ਾਰਸੀ-ਖ਼੍ਵਾਨ,*
فارسیدان *ਫ਼ਾਰਸੀ-ਦਾਨ* : ਫ਼ਾਰਸੀ ਜਾਣਨ ਵਾਲਾ, ਫ਼ਾਰਸੀ ਦਾ ਵਿਦਵਾਨ।

فارغ *ਫ਼ਾਰਿਗ਼* : ਖ਼ਾਲੀ, ਵੇਹਲਾ, ਬਿਨਾ ਕੰਮ, ਬੇਕਾਰ; ਬੇਫ਼ਿਕਰ, ਨਿਸਚਿੰਤ, ਸੌਖਾ।

فارغ البال *ਫ਼ਾਰਿਗ਼-ਉਲ-ਬਾਲ* : ਬੇਫ਼ਿਕਰ, ਸੌਖਾ ਖ਼ੁਸ਼ਹਾਲ, ਜਿਸ ਨੂੰ ਕੋਈ ਕੰਮ ਨਾ ਹੋਵੇ।

فارغ‌البالی ***ਫ਼ਾਰਿਗ-ਉਲ-ਬਾਲੀ*** : ਬੇਫ਼ਿਕਰੀ, ਸੌਖ, ਚੈਨ, ਖ਼ੁਸ਼ਹਾਲੀ।

فارغ‌خطی ***ਫ਼ਾਰਿਗ-ਖ਼ੱਤੀ*** : ਅਜ਼ਾਦੀ ਨਾਮਾ, ਉਹ ਦਸਤਾਵੇਜ਼ ਜਿਸ ਦੁਆਰਾ ਕਿਸੇ, ਨੂੰ ਮੁਕਤ ਕੀਤਾ ਗਿਆ ਹੋਵੇ, ਤਲਾਕ-ਨਾਮਾ, ਬੇਬਾਕੀ ਦੀ ਰਸੀਦ, ਫ਼ਾਰਗ ਕਰਨਾ, ਛੁਟਕਾਰਾ ਦੇਣਾ, ਛੁੱਟੀ ਦੇਣਾ।

فاروق ***ਫ਼ਾਰੂਕ*** : ਦੋ ਚੀਜ਼ਾਂ ਵਿਚ ਫ਼ਰਕ ਕਰਨ ਵਾਲਾ, ਸੱਚ ਤੇ ਝੂਠ ਦਾ ਨਿਤਾਰਾ ਕਰਨ ਵਾਲਾ, ਦੂਜੇ ਖ਼ਲੀਫ਼ਾ ਹਜ਼ਰਤ ਉਮਰ ਦੀ ਉਪਾਧੀ, ਜੋ ਸੱਚ ਤੇ ਝੂਠ ਵਿਚ ਫ਼ਰਕ ਕਰਨ ਵਾਲੇ ਸਨ, ਇਸੇ ਲਈ ਓਹਨਾਂ ਨੂੰ ਫ਼ਾਰੂਕ-ਏ-ਆਦਿਲ ਵੀ ਕੈਂਹਦੇ ਹਨ।

فاروق‌اعظم ***ਫ਼ਾਰੂਕ-ਏ-ਅਅਜ਼ਮ*** : ਹਜ਼ਰਤ ਉਮਰ ਦੀ ਉਪਾਧੀ।

فاروقی ***ਫ਼ਾਰੂਕੀ*** : ਫ਼ਾਰੂਕ ਨਾਲ ਸਬੰਧਤ, ਹਜ਼ਰਤ ਉਮਰ ਫ਼ਾਰੂਕ ਦੀ ਔਲਾਦ।

فارياب ***ਫ਼ਾਰਯਾਬ,*** **فارياو** ***ਫ਼ਾਰਯਾਵ*** : (ਪਾਰਯਾਬ ਦਾ ਅਰਬੀ ਰੂਪਾਂਤਰ) ਬਲਖ਼ ਦੇ ਨੇੜੇ ਖ਼ੁਰਾਸਾਨ ਦੇ ਇਕ ਸ਼ੈਹਰ ਦਾ ਨਾਮ, ਜਿਥੋਂ ਦਾ ਪਰਸਿੱਧ ਸ਼ਾਇਰ ਜ਼ਹੀਰਫ਼ਾਰਯਾਬੀ ਹੋਇਆ ਹੈ।

فاريابی ***ਫ਼ਾਰਯਾਬੀ*** : ਫ਼ਾਰਯਾਬ ਨਾਲ ਸਬੰਧਤ।

فاسخ ***ਫ਼ਾਸਿਖ਼*** : ਫਸਖ਼ ਕਰਨ ਵਾਲਾ, ਬਰਬਾਦ ਕਰਨ ਵਾਲਾ ; ਤਬਾਹ ਹੋਣ ਵਾਲਾ; ਬੈਅ ਤੋੜਨ ਵਾਲਾ, ਇਰਾਦਾ ਤੋੜਨ ਵਾਲਾ।

فاسد ***ਫ਼ਾਸਿਦ*** : ਵਿਗੜਿਆ ਹੋਇਆ, ਭਰਿਸ਼ਟ, ਖ਼ਰਾਬ, ਤਬਾਹ, ਬਰਬਾਦ, ਨਿਕੰਮਾ, ਫ਼ਸਾਦੀ, ਝਗੜਾਲੂ।

فاسق ***ਫ਼ਾਸਿਕ਼*** : ਤੁਛ, ਨਿਕੰਮਾ; ਬਦਕਾਰ, ਵਿਭਚਾਰੀ, ਝੂਠਾ।

فاسقه ***ਫ਼ਾਸਿਕ਼ਾ*** : ਬਦਕਾਰ (ਔਰਤ), ਵਿਭਚਾਰਨ।

فاش ***ਫ਼ਾਸ਼*** : ਪਰਗਟ, ਸਪੱਸ਼ਟ।

فاش‌کردن ***ਫ਼ਾਸ਼ ਕਰਦਨ*** : ਭੇਤ ਪਰਗਟ ਕਰ ਦੇਣਾ।

فاصل ***ਫ਼ਾਸਿਲ*** : ਅੱਡ ਕਰਨ ਵਾਲਾ, ਦੋ ਚੀਜ਼ਾਂ ਵਿਚ ਫ਼ਰਕ ਕਰਨ ਵਾਲਾ।

فاصله ***ਫ਼ਾਸਿਲਾ*** : ਫ਼ਰਕ, ਅੰਤਰ, ਦੂਰੀ, ਪੈਂਡਾ, ਮੈਦਾਨ ਦੀ ਚੁੜਾਈ।

فاضل ***ਫ਼ਾਜ਼ਿਲ*** : ਫ਼ਜ਼ੀਲਤ (ਵਡਿਆਈ) ਵਾਲਾ, ਬੁੱਧੀਮਾਨ, ਵਿਦਵਾਨ ਬਜ਼ੁਰਗ; ਉੱਚੇ ਮਰਤਬੇ ਵਾਲਾ, ਬਚਿਆ ਹੋਇਆ, ਵਾਧੂ।

فاضلات ***ਫ਼ਾਜ਼ਿਲਾਤ*** : ਓਹ ਪਾਣੀ ਜੋ ਨੈਹਰ ਭਰ ਜਾਣ ਕਾਰਨ ਕੰਢਿਆਂ ਤੋਂ ਬਾਹਰ ਨਿਕਲੇ ਵਾਧੂ ਤੇ ਬਚੀ ਹੋਈ ਰਕਮ।

فاضله ***ਫ਼ਾਜ਼ਿਲਾ*** : (ਫ਼ਾਜ਼ਿਲ ਦਾ ਇਸਤਰੀ ਲਿੰਗ) ਬਖ਼ਸ਼ਸ਼, ਵਿਦਵਾਨ ਇਸਤਰੀ।

فاطمه ***ਫ਼ਾਤ਼ਿਮਾ*** : ਇਸਤਰੀ ਜਿਸ ਨੇ ਦੋ ਸਾਲਾ ਬੱਚੇ ਦਾ ਦੁੱਧ ਛੁਡਾਇਆ ਹੋਵੇ, ਬੱਚੇ ਨੂੰ ਦੁਧ ਨਾ ਚੁੰਘਾਉਣ ਵਾਲੀ ਔਰਤ, ਹਜ਼ਰਤ ਮੁਹੰਮਦ ਸਾਹਿਬ ਦੀ ਸਾਹਿਬਜ਼ਾਦੀ ਦਾ ਪਵਿੱਤਰ ਨਾਮ ਜੋ ਹਜ਼ਰਤ ਇਮਾਮ ਹਸਨ ਤੇ ਹੁਸੈਨ ਦੀ ਮਾਤਾ ਸੀ।

فاعل ***ਫ਼ਾਇਲ*** : ਕੰਮ ਕਰਨ ਵਾਲਾ, ਕਰਤਾ।

فاعل‌ومفعول ***ਫ਼ਾਇਲ-ਉ-ਮਫ਼ਊਲ*** : ਕਰਤਾ ਤੇ ਕਰਮ, ਕੰਮ ਕਰਨ ਵਾਲਾ ਤੇ ਜਿਸ ਨਾਲ ਕੀਤਾ ਜਾਵੇ; ਬਦਕਾਰੀ ਕਰਨ ਤੇ ਕਰਵਾਉਣ ਵਾਲੇ ਦੋਹਾਂ ਲਈ ਆਉਂਦਾ ਹੈ।

فاقه ***ਫ਼ਾਕ਼ਾ*** : ਭੁਖਿਆਂ ਰੈਹਣਾ, ਜ਼ਰੂਰਤ, ਗਰੀਬੀ।

فاقه‌کش ***ਫ਼ਾਕ਼ਾ-ਕਸ਼*** : ਦਿਨ ਦਾ ਵਰਤ/ਰੋਜ਼ਾ ਰੱਖਣ ਵਾਲਾ, ਭੁੱਖਿਆਂ ਰੈਹਣ ਵਾਲਾ।

فاقه‌کشی ***ਫ਼ਾਕ਼ਾਕਸ਼ੀ*** : ਭੁੱਖ ਵਰਤ, ਫ਼ਾਕਾ ਕਰਨਾ, ਗਰੀਬੀ।

فاقه‌مست ***ਫ਼ਾਕ਼ਾ-ਮਸਤ*** : ਫ਼ਾਕੇ ਵਿਚ ਮਸਤ ਰੈਹਣ ਵਾਲਾ।

فاقه‌مستی ***ਫ਼ਾਕ਼ਾ-ਮਸਤੀ*** : ਫ਼ਾਕੇ ਵਿਚ ਸੰਤੋਖ ਰੱਖਣਾ, ਫ਼ਾਕੇ 'ਚ ਬੇਫ਼ਿਕਰੀ।

فال ***ਫ਼ਾਲ*** : ਸ਼ਗਨ, ਗ਼ੈਬ ਦੀ ਗੱਲ, ਭਵਿੱਖ-ਬਾਣੀ।

فالِطغرا ***ਫ਼ਾਲ-ਏ-ਤੁਗ਼ਰਾ*** : ਕੁਰਾਨ ਸ਼ਰੀਫ਼ ਜਿਸ ਦੀ ਓਹ ਫ਼ਾਲ ਜਿਸ ਵਿਚ ਕਿਸੇ ਪੰਨੇ ਦੇ ਅਰੰਭ ਵਿਚ ਅੱਲਾਹ ਦਾ ਨਾਮ ਨਿਕਲ ਆਵੇ, ਅਜੇਹੀ ਫ਼ਾਲ ਨੂੰ ਬੜਾ ਸ਼ੁਭ ਸਮਝਿਆ ਜਾਂਦਾ ਹੈ।

فالکباز ***ਫ਼ਾਲਕ-ਬਾਜ਼*** : ਗਲੀਆਂ ਬਜ਼ਾਰਾਂ ਵਿਚ ਫ਼ਾਲ ਕੱਢਣ ਵਾਲਾ ਆਦਮੀ; ਰਾਵਲ।

فالگر ***ਫ਼ਾਲਗਰ***, فالگو ***ਫ਼ਾਲਗੋ***, فالگیر ***ਫ਼ਾਲਗੀਰ*** : ਫ਼ਾਲ ਦੇਖਣ ਜਾਂ ਕੱਢਣ ਵਾਲਾ।

فال ***ਫ਼ਾਲ*** : ਈਰਾਨ ਵਿਚ ਰਿਵਾਜ ਹੈ ਕਿ ਮੇਵੇ ਵੇਚਣ ਵਾਲੇ ਆਪਣੀ ਦੁਕਾਨ ਵਿਚ ਵੱਖ ਵੱਖ ਮੇਵਿਆਂ ਦੀਆਂ ਛੋਟੀਆਂ ਛੋਟੀਆਂ ਢੇਰੀਆਂ ਲਾ ਦਿੰਦੇ ਹਨ ਏਹਨਾਂ ਢੇਰੀਆਂ ਨੂੰ ਫ਼ਾਲ ਆਖਦੇ ਹਨ ਜਿਵੇਂ : ਸੇਬ, ਅਨਾਰ, ਅਮਰੂਦ, ਅਨਾਬ ਦੀ ਇਕ ਇਕ ਢੇਰੀ।

فالج ***ਫ਼ਾਲਿਜ*** : ਇਕ ਰੋਗ ਦਾ ਨਾਮ ਜਿਸ ਨਾਲ ਮਨੁੱਖ ਦਾ ਅੱਧਾ ਸਰੀਰ ਢਿੱਲਾ, ਸੁਸਤ ਤੇ ਨਕਾਰਾ ਹੋ ਜਾਂਦਾ ਹੈ, ਅਧਰੰਗ, ਮੋਟੀ ਕੁਹਾਣ ਵਾਲਾ ਊਠ; ਵਿਜੇਤਾ।

فالج زدہ ***ਫ਼ਾਲਿਜ਼-ਜ਼ਦਾ*** : ਅਧਰੰਗ ਦਾ ਰੋਗੀ।

فالودہ ***ਫ਼ਾਲੂਦਾ*** : ਫ਼ਲੂਦਾ, ਚਾਵਲਾਂ ਦੀ ਜੰਮੀ ਹੋਈ ਪਿੱਛ ਜਾਂ ਪੱਕਿਆ ਹੋਇਆ ਨਸ਼ਾਸਤਾ ਜਿਸ ਨੂੰ ਛਾਣ ਕੇ ਸੇਵੀਆਂ ਜੇਹੀਆਂ ਬਣਾ ਲੈਂਦੇ ਹਨ ਫਿਰ ਦੁੱਧ ਤੇ ਸ਼ੱਕਰ ਮਿਲਾ ਕੇ ਖਾਂਦੇ ਹਨ।

فالوذ ***ਫ਼ਾਲੂਜ਼***, فالوذج ***ਫ਼ਾਲੂਜ਼ਜ***, فالوذق ***ਫ਼ਾਲੂਜ਼ਕ*** : ਫ਼ਲੂਦਾ।

فام ***ਫ਼ਾਮ*** : ਰੰਗ, ਰੂਪ, ਮੂੰਹ-ਮੁਹਾਂਦਰਾ; ਵਰਗਾ, ਵਾਂਗ, ਉਜੇਹਾ, (ਜਿਵੇਂ ਸਬਜ਼ਫਾਮ = ਹਰੇ ਰੰਗ ਵਾਲਾ) ਖ਼ੁਰਾਸਾਨ ਵਿਚ ਇਕ ਕਸਬੇ ਦਾ ਨਾਮ।

فانوس ***ਫ਼ਾਨੂਸ*** : ਹੁੱਜਤਾਂ ਕਰਨ ਜਾਂ ਕੱਢਣ ਵਾਲਾ, ਘੁੰਤਰੀ, ਗਲਾਧੜ, ਲੁਤਰਾ, ਚੁਗਲਖ਼ੋਰ; ਲੈਂਪ ਦੀ ਚਿਮਨੀ, ਸ਼ੀਸ਼ੇ ਦਾ ਪਾਤਰ ਜਿਸ ਵਿਚ ਸ਼ਮ੍ਹਾ ਬਾਲਦੇ ਹਨ ਤੇ ਜੋ ਆਪਣੀ ਰੋਸ਼ਨੀ ਬਾਹਰ ਪਰਗਟ ਕਰਦੀ ਹੈ, ਸ਼ਮ੍ਹਾਦਾਨ, ਚਰਾਗਦਾਨ।

فانوسِ خیال/خیالی ***ਫ਼ਾਨੂਸ-ਏ-ਖ਼ਯਾਲ/ਖ਼ਯਾਲੀ*** : ਇਕ ਪਰਕਾਰ ਦਾ ਫ਼ਾਨੂਸ, ਜਿਸ ਵਿਚ ਕਾਗਜ਼ੀ ਤਸਵੀਰਾਂ ਕੱਟ ਕੇ ਲਾਉਂਦੇ ਹਨ ਤੇ ਉਸ ਵਿਚ ਰੋਸ਼ਨੀ ਕਰਦੇ ਹਨ, ਉਸ ਨੂੰ ਚਕਰ ਦਿੰਦੇ ਰੈਂਹਦੇ ਹਨ, ਜਿਸ ਨਾਲ ਤਸਵੀਰਾਂ ਬੜਾ ਸੁੰਦਰ ਦ੍ਰਿਸ਼ ਪੇਸ਼ ਕਰਦੀਆਂ ਹਨ।

فانوسِ نورنج ***ਫ਼ਾਨੂਸ-ਏ-ਨੌਰੰਜ*** : ਸੰਗਤਰੇ ਦੇ ਬਾਹਰਲੇ ਛਿੱਲੜ (ਖੋਖੇ) ਦੀ ਬਣਾਈ ਹੋਈ ਸ਼ਮ੍ਹਾ।

فانہ ***ਫ਼ਾਨਾ*** : ਪੱਚਰ, ਚਪਟੀ ਲੱਕੜੀ ਜੇਹੜੀ ਦਰਜ ਨੂੰ ਚੌੜੀ ਕਰਨ ਲਈ ਉਸ ਵਿਚ ਠੋਕਦੇ ਹਨ ਅਤੇ ਜੋ ਲੱਕੜ ਚੀਰਨ ਵੇਲੇ ਕੰਮ ਦਿੰਦੀ ਹੈ; ਲੱਕੜ ਦੀ ਚਿਟਕਣੀ ਜੋ ਦਰਵਾਜ਼ੇ ਨੂੰ ਚੰਗੀ ਤਰ੍ਹਾਂ ਬੰਦ ਕਰਨ ਲਈ ਚੁਗਾਠ ਵਿਚ ਲਗਾਈ ਜਾਂਦੀ ਹੈ।

فانی ***ਫ਼ਾਨੀ*** : ਫ਼ਨਾਹ ਹੋਣ ਵਾਲਾ, ਮਰਨ ਵਾਲਾ, ਸਦਾ ਨਾ ਰੈਹਣ ਵਾਲਾ, ਨਾਸ਼ਵਾਨ, ਸੂਫ਼ੀਆਂ ਦੀ ਪਰਭਾਸ਼ਾ ਵਿਚ ਓਹ ਸੂਫ਼ੀ ਜੋ ਫ਼ਨਾ ਦਾ ਦਰਜਾ ਪਰਾਪਤ ਕਰ ਚੁਕਾ ਹੋਵੇ।

فاوا ***ਫ਼ਾਵਾ*** : ਬੇਇਜ਼ਤੀ, ਸ਼ਰਮਿੰਦਗੀ, ਬਦਨਾਮੀ; ਸ਼ਰਮਿੰਦਾ, ਬਦਨਾਮ, ਬੇਇਜ਼ਤ।

فائت ***ਫ਼ਾਇਤ*** : ਨਾਸ਼ਵਾਨ।

فائدہ ***ਫ਼ਾਇਦਾ*** : ਲਾਭ, ਸੂਦ, ਓਹ ਚੀਜ਼ ਜੋ ਲਈ ਜਾਂ ਦਿੱਤੀ ਜਾਵੇ, ਨਿਸ਼ਾਨ, ਚਿੰਨ੍ਹ; ਸਦਾਚਾਰਕ ਸਾਰ (ਪੁਸਤਕ, ਕਹਾਣੀ, ਆਦਿ ਦਾ), ਇਸ਼ਤਿਹਾਰ, ਵਿਗਿਆਪਨ; ਵਰਤੋਂ, ਪਰਯੋਗ, ਨਤੀਜਾ, ਪਰਾਪਤੀ।

فائدہ مند ***ਫ਼ਾਇਦਾ-ਮੰਦ*** : ਲਾਭਦਾਇਕ।

فائز ***ਫ਼ਾਇਜ਼*** : ਮੁਰਾਦ ਪਾਉਣ ਵਾਲਾ, ਸਫਲ ਹੋਣ ਵਾਲਾ, ਕਾਮਯਾਬ, ਵਿਜੇ ਪਰਾਪਤ ਕਰਨ ਵਾਲਾ ਛੁਟਕਾਰਾ ਪਾਉਣ ਵਾਲਾ, ਪੌਹਚਣ ਵਾਲਾ।

فائض ***ਫ਼ਾਇਜ਼*** : ਫੈਜ਼ ਪੌਹਚਾਉਣ ਵਾਲਾ, ਖੁਲ੍ਹ-ਦਿਲਾ, ਅਮੀਰ, ਵਗਣ ਵਾਲਾ।

فائق ***ਫ਼ਾਇਕ*** : ਉੱਚਾ ਹੋਣ ਵਾਲਾ, ਵਡਿਆਈ ਵਾਲਾ, ਚੰਗੇਰਾ; ਚੁਣਿਆ ਹੋਇਆ; ਵਾਧੂ, ਜ਼ਿਆਦਾ, ਵਧਿਆ ਹੋਇਆ।

فتاح ***ਫ਼ੱਤਾਹ*** : ਖੋਲ੍ਹਣ ਵਾਲਾ, ਹੁਕਮ ਕਰਨ ਵਾਲਾ, ਹਾਕਮ, ਅਲਾ । ਦਾ ਇਕ ਗੁਣਵਾਚੀ ਨਾਮ।

فتح ***ਫ਼ਤਹ*** : ਖੋਲ੍ਹਣਾ, ਮੁਲਕ ਜਿਤਣਾ; ਮੁਕਦਮੇ ਦਾ ਫ਼ੈਸਲਾ; ਹਰਫ਼ ਉਤੇ ਜ਼ਬਰ, ਦਾ ਚਿੰਨ੍ਹ ਲਾਉਣਾ, ਵਿਜੇ, ਜਿੱਤ, ਕਾਮਯਾਬੀ; ਬਹਾਰ ਦੇ ਮੀਂਹ ਦਾ ਅਰੰਭ; ਕੁਸ਼ਤੀ ਦਾ ਇਕ ਦਾਅ।

فتح الباب ***ਫ਼ਤਹ-ਉਲ-ਬਾਬ*** : ਦਰਵਾਜ਼ਾ ਖੋਲ੍ਹਣਾ; ਬਰਸਾਤ ਰੁੱਤ ਦਾ ਅਰੰਭ।

فتحمند ***ਫ਼ਤਹਮੰਦ,*** فتحنصیب ***ਫ਼ਤਹ-ਨਸੀਬ*** : ਜਿੱਤਣ ਵਾਲਾ, ਵਿਜੇਤਾ।

فتحنشان ***ਫ਼ਤਹ-ਨਿਸ਼ਾਨ*** : ਜਿੱਤ ਦਾ ਝੰਡਾ।

فتحہ ***ਫ਼ਤਹਾ*** : ਪਰਸਿੱਧ ਚਿੰਨ੍ਹ 'ਜ਼ਬਰ' ( ) ਜੋ ਹਰਫ਼ ਦੇ ਉਤੇ ਛੋਟੀ ਤਿਰਛੀ ਡੰਡੀ ਖਿਚ ਕੇ ਬਣਾਇਆ ਜਾਂਦਾ ਹੈ, ਜਿਵੇਂ 'ਸਰ' ਸ਼ਬਦ ਦੇ ਹਰਫ਼ 'ਸੀਨ' ਉਤੇ।

فتراک ***ਫ਼ਿਤਰਾਕ*** : ਓਹ ਤਸਮਾ ਜੋ ਕਾਠੀ ਦੇ ਹੰਨੇ ਨਾਲ ਅੱਗੇ ਪਿਛੇ ਲੱਗਾ ਹੁੰਦਾ ਹੈ ਤੇ ਜਿਸ ਨਾਲ ਸ਼ਿਕਾਰ ਆਦਿ ਨੂੰ ਲਟਕਾ ਲੈਂਦੇ ਹਨ, ਸ਼ਿਕਾਰ ਬੰਦ, ਸ਼ਿਕਾਰੀ ਦਾ ਥੈਲਾ।

فتن ***ਫ਼ਿਤਨ*** : (ਫ਼ਿਤਨਾ فتنہ ਦਾ ਬੌਹਵਚਨ) ਫ਼ਿਤਨੇ, ਫ਼ਸਾਦ।

فتنہ ***ਫ਼ਿਤਨਾ*** : ਗੁਮਰਾਹੀ, ਗੁਮਰਾਹ ਕਰਨਾ, ਕੁਰਾਹੇ ਪਾਉਣਾ, ਪਾਗਲਪਣ, ਬਦਨਾਮੀ, ਕੁਫ਼ਰ; ਪਾਗਲ ਹੋਣਾ, ਬਦਨਾਮ ਕਰਨਾ, ਅਜ਼ਮਾਇਸ਼, ਹੈਰਾਨਗੀ, ਬਲਵਾ, ਸਰਕਸ਼ੀ, ਔਲਾਦ, ਬਾਲ ਬੱਚੇ, ਮਾਲ, ਧਨ-ਮਾਲ; ਮੋਹਤ ਹੋਇਆ, ਮਸ਼ੂਕ, ਮੈਹਬੂਬ; ਫ਼ਸਾਦ, ਲੜਾਈ, ਝਗੜਾ, ਗੜਬੜ; ਦੋਸ਼।

فتنہانگیز ***ਫ਼ਿਤਨਾ-ਅੰਗੇਜ਼,*** فتنہپرداز ***ਫ਼ਿਤਨਾ-ਪਰਦਾਜ਼,*** فتنہجو ***ਫ਼ਿਤਨਾ-ਜੂ,*** فتنہزا ***ਫ਼ਿਤਨਾ-ਜ਼ਾ,*** فتنہساز ***ਫ਼ਿਤਨਾ-ਸਾਜ਼,*** فتنہسامان ***ਫ਼ਿਤਨਾ-ਸਾਮਾਨ*** : ਟੰਟਾ ਖੜਾ ਕਰਨ ਵਾਲਾ, ਫ਼ਸਾਦੀ, ਆਕੀ, ਬਾਗੀ, ਝਗੜਾਲੂ।

فتنۂعالم ***ਫ਼ਿਤਨਾ-ਏ-ਆਲਮ*** : ਸੰਸਾਰ ਵਿਚ ਫ਼ਸਾਦ ਖੜਾ ਕਰ ਦੇਣ ਵਾਲਾ, ਮਸ਼ੂਕ।

فتوح ***ਫ਼ੁਤੂਹ*** : (ਫ਼ਤਹ فتح ਦਾ ਬੌਹਵਚਨ) ਜਿੱਤਾਂ।

فتوحات ***ਫ਼ੁਤੂਹਾਤ*** : (ਫ਼ੁਤੂਹ فتوح ਦਾ ਬੌਹਵਚਨ) ਜਿੱਤਾਂ।

فتوحی ***ਫ਼ੁਤੂਹੀ*** : ਇਕ ਪਰਕਾਰ ਦੀ ਜੈਕਟ ਜਾਂ ਵਾਸਕਟ।

فتور ***ਫ਼ੁਤੂਰ*** : ਸੁਸਤ ਹੋਣਾ, ਸੁਸਤੀ; ਬੁਰਾਈ, ਖ਼ਰਾਬੀ, ਕਮਜ਼ੋਰੀ; ਝਗੜਾ, ਫ਼ਸਾਦ, ਗੜਬੜ, ਦੰਗਾ।

فتویٰ ***ਫ਼ਤਵਾ*** : ਸ਼ਰ੍ਹਾ ਦਾ ਹੁਕਮ, ਸ਼ਰਾ ਦਾ ਫੈਸਲਾ, ਕਾਜ਼ੀ ਦਾ ਸ਼ਰਈ ਫੈਸਲਾ।

فتیلہ ***ਫ਼ਤੀਲਾ*** : ਹਰ ਵੱਟੀ ਹੋਈ ਚੀਜ਼, ਮੋਟੀ ਬੱਤੀ।

فجر ***ਫ਼ਜਰ*** : ਪੌਹ-ਫੁਟਾਲਾ, ਤੜਕਾ, ਸਵੇਰਾ; ਪਾਣੀ ਜਾਰੀ ਕਰਨਾ, ਅਯੋਗ ਭੋਗ (ਜ਼ਨਾਂ) ਕਰਨਾ, ਗੁਨਾਹ ਕਰਨਾ।

فجور ***ਫ਼ਜੂਰ*** : ਬਦਕਾਰ ਆਦਮੀ, ਹਰਾਮਕਾਰ, ਜ਼ਨਾਨੀ, ਵਿਭਚਾਰੀ।

فحّاش ***ਫ਼ੱਹਾਸ਼*** : ਬੜਾ ਬਦ-ਜ਼ਬਾਨ, ਵੱਡਾ ਬਦਕਾਰ, ਹਰਾਮਕਾਰ, ਗੰਦਾ।

فحش ***ਫ਼ਹਸ਼*** : ਬਦਕਾਰੀ ਦਾ ਹੱਦ ਤੋਂ ਗੁਜ਼ਰਨਾ, ਬੇਹਯਾਈ ਦੀਆਂ ਗੱਲਾਂ, ਗਾਲ੍ਹਾਂ, ਭੈੜੀ ਗੱਲ, ਜ਼ਨਾ, ਵਿਭਚਾਰ।

فخر ***ਫ਼ਖ਼ਰ*** : ਵਡਿਆਈ, ਬਜ਼ੁਰਗੀ, ਨਾਜ਼, ਘੁਮੰਡ, ਗ਼ਰੂਰ, ਨਾਜ਼ ਕਰਨਾ, ਸ਼ੇਖੀ।

فخرِخاندان ***ਫ਼ਖ਼ਰ-ਏ-ਖ਼ਾਨਦਾਨ*** : ਓਹ ਵਿਅਕਤੀ ਜਿਸ ਕਰਕੇ ਖ਼ਾਨਦਾਨ ਨੂੰ ਮਾਣ ਸਤਕਾਰ ਪਰਾਪਤ ਹੋਇਆ ਹੋਵੇ।

فخریہ ***ਫ਼ਖ਼ਰੀਯਾ*** : ਫ਼ਖ਼ਰ ਕਰਕੇ, ਫ਼ਖ਼ਰ ਦੇ ਤੌਰ ਤੇ, ਵਡਿਆਈ ਸਦਕਾ।

فخراج ***ਫ਼ਖ਼ਰਾਜ*** : ਪਰਸਿੱਧ ਹੀਰਾ ਕੋਹੇਨੂਰ, ਜੋ ਮੁਗ਼ਲ ਬਾਦਸ਼ਾਹਾਂ ਤੋਂ ਨਾਦਰਸ਼ਾਹ ਅਫ਼ਗਾਨਿਸਤਾਨ ਲੈ ਗਿਆ ਤੇ ਸ਼ਾਹ-ਸ਼ੁਜਾਅ ਤੋਂ ਮਹਾਰਾਜਾ ਰਣਜੀਤ ਸਿੰਘ ਪਾਸ ਪੁਜਾ, ਫਿਰ ਅੰਗਰੇਜ਼ ਬਾਦਸ਼ਾਹਾਂ (ਇੰਗਲਿਸਤਾਨ) ਦੇ ਤਾਜ ਵਿਚ ਜਾ ਟਿਕਿਆ।

فخرالدین رازی ***ਫ਼ਖ਼ਰੁਦੀਨ ਰਾਜ਼ੀ*** : ਇਮਾਮ ਫ਼ਖ਼ਰ-ਉਦ-ਦੀਨ ਰਾਜ਼ੀ ਜੋ ਬੌਹਤ ਵੱਡੇ ਵਿਦਵਾਨ ਸਨ, ਤਫ਼ਸੀਰ-ਏ-ਕਬੀਰ ਸ਼ਤਾਲਿਬੁਲਆਲੀਆ ਆਦਿ ਓਹਨਾਂ ਦੀਆਂ ਪਰਸਿੱਧ ਰਚਨਾਵਾਂ ਹਨ, ਓਹਨਾਂ ਦਾ ਸ਼ਜ਼ਰਾ ਨਸਬ ਹਜ਼ਰਤ ਸੱਦੀਕ ਨਾਲ ਜਾ ਮਿਲਦਾ ਹੈ, ਓਹ ੨੫ ਰਮਜ਼ਾਨ ੫੪੩ ਹਿਜਰੀ ਨੂੰ ਜਨਮੇ। ਸ਼ਹਾਬੁੱਦੀਨ ਗ਼ੋਰੀ ਸਮੇਂ, ਓਹਨਾਂ ਦਾ ਵੱਡਾ ਮਰਤਬਾ ਸੀ, ਜਦ ਵੀ ਸਵਾਰ ਹੋ ਕੇ ਕਿਧਰੇ ਜਾਂਦੇ, ਤਿੰਨ ਸੌ ਸ਼ਗਿਰਦ ਓਹਨਾਂ ਨਾਲ ਹੁੰਦੇ। ੬੦੬ ਹਿਜਰੀ ਨੂੰ ਹਰਾਤ ਵਿਖੇ ਕਾਲਵਸ ਹੋਏ।

فدا ***ਫ਼ਿਦਾ*** : ਓਹ ਕੀਮਤ ਜੋ ਕੈਦੀ ਰਿਹਾਈ ਲਈ ਦਿੰਦਾ ਹੈ, ਸਿਰ ਦਾ ਮੁੱਲ, ਜਾਨ ਦੀ ਕੀਮਤ, ਕਿਸੇ ਦੇ ਬਦਲੇ ਜਾਨ ਦੇਣਾ; ਜੋ ਚੀਜ਼ ਸਦਕੇ ਕੀਤੀ ਜਾਵੇ, ਸਦਕਾ, ਕੁਰਬਾਨੀ, ਸਰਵਾਰਨਾ।

فدائی ***ਫ਼ਿਦਾਈ*** : ਕੁਰਬਾਨ ਹੋਣ ਵਾਲਾ।

فدان ***ਫ਼ੱਦਾਨ*** : ਹਲ ਦਾ ਜੂਲਾ, ਬਲਦਾਂ ਦੀ ਜੋੜੀ, ਜੋਗ, ਓਹ ਆਦਮੀ ਜੋ ਜਾਣ-ਬੁਝ ਕੇ ਅਜੇਹਾ ਕੰਮ ਕਰੇ, ਜਿਸ ਵਿਚ ਜਾਨ ਜਾਣ ਦਾ ਖ਼ਤਰਾ ਹੋਵੇ, ਪਰੇਮੀ।

فدوی ***ਫ਼ਿਦਵੀ*** : ਕੁਰਬਾਨ ਹੋਣ ਵਾਲਾ, ਕਿਸੇ ਦੇ ਬਦਲੇ ਜਾਨ ਦੇਣ ਵਾਲਾ।

فدیہ ***ਫ਼ਿਦਿਯਾ*** : ਸਿਰ ਦਾ ਮੁੱਲ, ਨਕਦ ਮੁਆਵਜ਼ਾ, ਓਹ ਮਾਲ ਜੋ ਕਿਸੇ ਦੀ ਰਿਹਾਈ ਲਈ ਦਿਤਾ ਜਾਵੇ, ਸਦਕਾ।

فر ***ਫ਼ਰ*** : ਸ਼ਾਨ-ਸ਼ੌਕਤ, ਦਬਦਬਾ, ਟੀਪ-ਟਾਪ, ਉਚਾਈ, ਰੋਸ਼ਨੀ, ਨੂਰ, ਸੁੰਦਰਤਾ, ਸਜਾਵਟ; ਹੜ੍ਹ; ਪੰਛੀ, ਖੰਭ; ਨੂਰ, ਪਰਛਾਵਾਂ।

فرّ ***ਫ਼ੱਰ*** : ਭੱਜਣ ਵਾਲਾ।

فرا ***ਫ਼ਰਾ*** : ਪੈਹਲਾਂ, ਅੱਗੇ, ਨੇੜੇ, ਪਰ, ਉੱਪਰ, ਉਤੇ, ਵਿਚ, ਦੂਰ, ਉੱਚਾ, ਬਲੰਦ; ਪਾਸਾ, ਤਰਫ਼, ਕੋਣਾ, ਗੁੱਠ।

فراتر ***ਫ਼ਰਾਤਰ*** : ਬੌਹਤ ਅਗੇ, ਨੇੜੇ।

فرابرز ***ਫ਼ਰਾਬੁਰਜ਼*** : ਦਾਰਾ ਬਾਦਸ਼ਾਹ ਦੇ ਇਕ ਸੈਨਾਪਤੀ ਦਾ ਨਾਮ।

فرات ***ਫ਼ੁਰਾਤ*** : ਮਿੱਠਾ ਪਾਣੀ; ਏਸ਼ੀਆਈ ਰੂਮ ਦੀ ਇਕ ਪਰਸਿੱਧ ਨਦੀ ਦਾ ਨਾਮ, ਸਮੁੰਦਰ।

فراتان ***ਫ਼ੁਰਾਤਾਨ*** : ਫ਼ੁਰਾਤ ਤੇ ਦਜਲਾ ਦੋਵੇਂ ਨਦੀਆਂ।

فراتین ***ਫ਼ਰਾਤੀਨ*** : ਰੱਬੀ (ਕਲਾਮ)।

فراتین نواد ***ਫ਼ਰਾਤੀਨ ਨਵਾਦ*** : ਅਸਮਾਨੀ ਗੱਲਾਂ।

فراخ ***ਫ਼ਰਾਖ਼*** : ਖੁੱਲਾ, ਵਿਸ਼ਾਲ, ਚੌੜਾ, ਬੌਹਤ ਸਸਤਾ।

فراخ آستین ***ਫ਼ਰਾਖ਼-ਆਸਤੀਨ*** : ਸਖ਼ੀ, ਦਾਨੀ।

فراخ ابرو ***ਫ਼ਰਾਖ਼-ਅਬਰੂ*** : ਖੁਲ੍ਹੇ ਭਰਵੱਟਿਆਂ ਵਾਲਾ, ਹਸ-ਮੁੱਖ।

فراخ بال ***ਫ਼ਰਾਖ਼-ਬਾਲ*** : ਖ਼ੁਸ਼ਹਾਲ, ਪੈਸੇ ਪਖੋਂ, ਅਮੀਰ।

فراخ بین ***ਫ਼ਰਾਖ਼-ਬੀਨ*** : ਸਭ ਨੂੰ ਇਕੋ ਨਜ਼ਰ ਨਾਲ ਵੇਖਣ ਵਾਲਾ।

فراخ پیشانی ***ਫ਼ਰਾਖ਼-ਪੇਸ਼ਾਨੀ*** : ਹਸ-ਮੁੱਖ।

فراخ حوصلہ ***ਫ਼ਰਾਖ਼-ਹੌਸਲਾ*** : ਸੈਹਣਸ਼ੀਲ, ਗੰਭੀਰ।

فراخ دامن ***ਫ਼ਰਾਖ਼ਦਾਮਨ***, **فراخ دست** ***ਫ਼ਰਾਖ਼ਦਸਤ*** : ਸਖ਼ੀ, ਦਾਨੀ, ਖੁੱਲ੍ਹੇ ਹੱਥ ਵਾਲਾ।

فراخ دہن ***ਫ਼ਰਾਖ਼ਦਹਨ***, **فراخ سخن** ***ਫ਼ਰਾਖ਼-ਸੁਖ਼ਨ*** : ਮੂੰਹ-ਫਟ, ਬੜਬੋਲਾ, ਬਕਵਾਸੀ।

فراخ رو ***ਫ਼ਰਾਖ਼-ਰੌ*** : ਤੇਜ਼ ਚਲਣ ਵਾਲਾ, ਫ਼ਜ਼ੂਲ ਖ਼ਰਚ।

فراخ رو ***ਫ਼ਰਾਖ਼-ਰੂ*** : ਹਸਮੁਖ, ਖ਼ੁਸ਼-ਰੈਹਣਾ।

فراخ گوش ***ਫ਼ਰਾਖ਼-ਗੋਸ਼*** : ਓਹ ਆਦਮੀ

ਜੋ ਇਕ ਕੰਨ ਸੁਣੇ ਤੇ ਦੂਜੇ ਕੰਨੋਂ ਕੱਢ ਦੇਵੇ।

فراخی ***ਫ਼ਰਾਖ਼ੀ*** : ਬੌਹਲਤਾ, ਵਿਸ਼ਾਲਤਾ, ਅਮੀਰੀ।

فراخی‌گاه ***ਫ਼ਰਾਖ਼ੀਗਾਹ*** : ਜਿੱਥੇ ਖਾਣ ਪੀਣ ਦੀਆਂ ਸਾਰੀਆ ਚੀਜ਼ਾਂ ਅਸਾਨੀ ਨਾਲ ਮਿਲ ਜਾਣ।

فراخور ***ਫ਼ਰਾਖ਼ੁਰ*** : ਯੋਗ, ਲਾਇਕ।

فراخوری ***ਫ਼ਰਾਖ਼ੁਰੀ*** : ਯੋਗਤਾ।

فرادیس ***ਫ਼ਰਾਦੀਸ*** : (ਫ਼ਿਰਦੌਸ فردوس ਦਾ ਬੌਹਵਚਨ) ਬਾਗ ਬਗੀਚੇ, ਬਹਿਸ਼ਤਾਂ।

فرار ***ਫ਼ਰਾਰ*** : ਭਗੌੜਾ।

فرار ***ਫ਼ਿਰਾਰ*** : ਭੱਜਣਾ, ਨੱਸਣਾ, ਦੌੜ ਜਾਣਾ।

فراری ***ਫ਼ਿਰਾਰੀ*** : ਭਗੌੜਾ, ਭੱਜਿਆ ਹੋਇਆ।

فراز ***ਫ਼ਰਾਜ਼*** : ਖੁਲ੍ਹਾ, ਵਿਸ਼ਾਲ, ਫੈਲਿਆ ਹੋਇਆ, ਬੰਦ, ਬੰਨ੍ਹਿਆ ਹੋਇਆ, ਨੀਵਾਂ, ਉੱਪਰ, ਉਤੇ, ਹੇਠਾਂ, ਅੱਗੇ, ਪਿਛੇ, ਉਚਾਈ; ਨਿਵਾਣ, ਨੇੜੇ, ਕਰੀਬ, ਦੂਰ, ਇਸ ਪਿੱਛੋਂ; ਦੂਜੀ ਵਾਰ; ਰੋਸ਼ਨ; ਇਕੱਠਾ, ਮੇਲ, ਸੰਜੋਗ; ਬਾਗ਼ੀ, ਆਕੀ, ਮਰਦ ਦਾ ਗੁਪਤ ਅੰਗ, ਲਿੰਗ, ਜ਼ਿਆਦਾ, ਬੌਹਤ ਆਉਣਾ, ਅੱਗੇ ਜਾਣਾ; ਚੌੜਾ; ਖ਼ੂਨ; ਵਾਧੂ।

فرازآباد ***ਫ਼ਰਾਜ਼ਾਬਾਦ*** : ਉਪਰਲਾ ਲੋਕ।

فرازنده ***ਫ਼ਰਾਜ਼ੰਦਾ*** : ਉੱਚਾ ਕਰਨ ਵਾਲਾ।

فرازی ***ਫ਼ਰਾਜ਼ੀ*** : ਬਲੰਦੀ, ਉਚਾਈ।

فرازین‌پایه ***ਫ਼ਰਾਜ਼ੀਨ-ਪਾਯਾ*** : ਉੱਚ-ਪੱਧਰ ਦਾ।

فرازمان ***ਫ਼ਰਾਜ਼ਮਾਨ*** : ਹੁਕਮ, ਫ਼ਰਮਾਨ, ਸ਼ਾਹੀ ਫ਼ਰਮਾਨ।

فراست ***ਫ਼ਿਰਾਸਤ*** : ਸਿਆਣਪ, ਅਨੁਮਾਨ, ਸੂਝ-ਬੂਝ।

فراست‌شناس ***ਫ਼ਿਰਾਸਤ-ਸ਼ਿਨਾਸ*** : ਕਿਆਫ਼ਾ ਲਾਉਣ ਵਾਲਾ।

فراستوک ***ਫ਼ਰਾਸਤੂਕ*** : ਅਬਾਬੀਲ, ਇਕ ਛੋਟਾ ਜੇਹਾ ਕਾਲਾ ਪੰਛੀ ਜਿਸ ਦੀ ਛਾਤੀ ਚਿੱਟੀ ਹੁੰਦੀ ਹੈ ਅਤੇ ਏਹ ਹਨੇਰੀ ਥਾਂ ਤੇ ਰੈਂਹਦੀ ਹੈ।

فراسیاب ***ਫ਼ਰਾਸਯਾਬ*** : (ਅਫ਼ਰਾਸਿਯਾਬ افراسیاب ਦਾ ਸੰਖਿਪਤ ਰੂਪ) ਤੂਰਾਨ ਦੇ ਬਾਦਸ਼ਾਹ ਦਾ ਨਾਮ।

فراش ***ਫ਼ਿਰਾਸ਼*** : ਵਫ਼ਾਈ, ਬਿਸਤਰਾ, ਵਿਛੌਣਾ, ਦੂਰੀ, ਵਿਛਾਈ ਕਰਨਾ; ਬੀਵੀ, ਵੌਹਟੀ; ਪੰਛੀ ਦਾ ਆਲ੍ਹਣਾ।

فرّاش ***ਫ਼ੱਰਾਸ਼*** : ਫ਼ਰਸ਼ (ਦਰੀ, ਆਦਿ) ਵਿਛਾਉਣ ਵਾਲਾ, ਤੰਬੂ ਗੱਡਣ ਤੇ ਉਖੇੜਣ ਦਾ ਪਰਬੰਧਕ, ਮਕਾਨ ਦੀ ਸਫ਼ਾਈ ਕਰਨ ਵਾਲਾ, ਝਾੜੂ ਦੇਣ ਵਾਲਾ, ਜਮਾਦਾਰ।

فراش‌خانه ***ਫ਼ੱਰਾਸ਼ਖ਼ਾਨਾ*** : ਤੰਬੂ, ਦਰੀਆਂ ਆਦਿ ਰੱਖਣ ਦੀ ਥਾਂ।

فراشه ***ਫ਼ੱਰਾਸ਼ਾਹ*** : ਫ਼ਰਸ਼ ਸਾਫ਼ ਕਰਨ ਦਾ ਬੁਰਸ਼, ਝਾੜੂ।

فراغ ***ਫ਼ਿਰਾਗ਼*** : ਵੇਹਲ ਮਿਲਣੀ, ਵੇਹਲ, ਫ਼ੁਰਸਤ, ਅਰਾਮ; ਛੁੱਟੀ, ਅਵਸਰ, ਮੌਕਾ।

فراغ‌بال ***ਫ਼ਿਰਾਗ਼-ਏ-ਬਾਲ,*** فراغ‌بالی ***ਫ਼ਿਰਾਗ਼-ਏ-ਬਾਲੀ***: ਨਿਸ਼ਚਿੰਤ ਜੀਵਨ ਬਤੀਤ ਕਰਨ ਵਾਲਾ, ਬਿਨਾ ਫਿਕਰ ਦੇ ਜ਼ਿੰਦਗੀ ਬਿਤਾਉਣਾ; ਵੇਹਲ।

فراغت ***ਫ਼ਰਾਗ਼ਤ*** : ਫ਼ੁਰਸਤ, ਵੇਹਲ, ਜੰਗਲ ਪਾਣੀ ਜਾਣਾ।

فراغت‌خانه ***ਫ਼ਰਾਗ਼ਤਖ਼ਾਨਾ*** : ਏਕਾਂਤ ਥਾਂ, ਟੱਟੀਖਾਨਾ।

فراق ***ਫ਼ਿਰਾਕ਼*** : ਜੁਦਾਈ, ਵਿਜੋਗ।

فراق زده ***ਫ਼ਿਰਾਕ਼ਜ਼ਦਾ*** : ਵਿਛੜਿਆ ਹੋਇਆ, ਵਿਜੋਗੀ, ਹਿਜਰ ਦਾ ਮਾਰਿਆ ਹੋਇਆ।

فراک ***ਫ਼ੁਰਾਕ*** : ਪਿੱਠ, ਪਿੱਛਾ, ਗੰਦਾ, ਭੈੜਾ, ਕਮਜ਼ੋਰ, ਹੀਜੜਾ।

فراموش ***ਫ਼ਰਾਮੋਸ਼*** : ਭੁਲਾਉਣਾ; ਭੁਲ ਜਾਣਾ, ਭੁੱਲੀ ਹੋਈ ਗੱਲ, ਭੁਲ, ਗ਼ਲਤੀ।

فراموش‌کاری ***ਫ਼ਰਾਮੋਸ਼ਕਾਰੀ, ਫ਼ਰਾਮੋਸ਼ੀ*** : ਭੁੱਲ-ਚੁੱਕ।

فرامین ***ਫ਼ਰਾਮੀਨ*** : (ਫ਼ਰਮਾਨ **فرمان** ਦਾ ਬੌਹਵਚਨ) ਸ਼ਾਹੀ ਪਰਵਾਨੇ, ਸ਼ਾਹੀ ਹੁਕਮ।

فرانس ***ਫ਼ਰਾਂਸ*** : ਯੂਰਪ ਦੇ ਪਰਸਿੱਧ ਮੁਲਕ ਦਾ ਨਾਮ ਜਿਸ ਦੀ ਰਾਜਧਾਨੀ 'ਪੈਰਿਸ' ਹੈ, ਇੱਥੋਂ ਦੇ ਵਾਸੀਆਂ ਨੂੰ ਫਰੈਂਚ ਜਾਂ ਫਰਾਂਸੀਸੀ ਕੈਂਹਦੇ ਹਨ।

فرانسیسی ***ਫ਼ਰਾਂਸੀਸੀ*** : ਫਰਾਂਸ ਨਾਲ ਸਬੰਧਤ, ਫਰਾਂਸ ਦਾ ਰੈਹਣ ਵਾਲਾ, ਫਰਾਂਸ ਦੀ ਕੋਈ ਚੀਜ਼।

فراوان ***ਫ਼ਰਾਵਾਨ*** : ਕਾਫ਼ੀ ਮਿਕਦਾਰ ਵਿਚ, ਜ਼ਿਆਦਾ, ਬੌਹਤ।

فراویز ***ਫ਼ਰਾਵੇਜ਼*** : ਕੋਰ, ਹਾਸ਼ੀਆ।

فراهت ***ਫ਼ਰਾਹਤ*** : ਸਿਆਣਪ, ਉਸਤਾਦੀ; ਘੋੜੇ ਦੀ ਚੰਗੀ ਚਾਲ; ਸੁੰਦਰਤਾ, ਚਲਾਕ।

فراہم ***ਫ਼ਰਾਹਮ*** : ਇੱਕਠਾ, ਸੰਗਰੈਹ ਕੀਤਾ।

فراہم آمدن ***ਫ਼ਰਾਹਮ ਆਮਦਨ*** : ਇੱਕਠੇ ਹੋਣਾ।

فرائد ***ਫ਼ਰਾਇਦ*** : (ਫ਼ਰੀਦ **فرید** ਤੇ ਫ਼ਰੀਦਾ **فریدہ** ਦਾ ਬੌਹਵਚਨ) ਬੇਮਿਸਾਲ, ਵੱਡ੍ਹੇ ਮੋਤੀ; ਕੀਮਤੀ ਪੱਥਰ, ਇਕਾਈਆਂ।

فرائض ***ਫ਼ਰਾਇਜ਼*** : (ਫ਼ਰੀਜ਼ਾ **فریضہ** ਦਾ ਬੌਹਵਚ਼ਨ) ਸ਼ਰ੍ਹਾ ਅਨੁਸਾਰ ਜ਼ਰੂਰੀ ਹੁਕਮ ਜਾਂ ਨੇਮ, ਵਰਾਸਤ ਦੀ ਵੰਡ ਦਾ ਇਲਮ।

فرائضِ پنجگانہ ***ਫ਼ਰਾਇਜ਼-ਏ-ਪੰਜਗਾਨਾ*** : ਪੰਜਾਂ ਵਕਤਾਂ ਦੀ ਨਮਾਜ਼, ਇਸਲਾਮ ਦੇ ਪੰਜ ਅਰਕਾਨ (ਜ਼ਰੂਰੀ ਫ਼ਰਜ਼, ਥੰਮ) ਅਰਥਾਤ ਨਮਾਜ਼, ਰੋਜ਼ਾ, ਹੱਜ, ਜ਼ਕਾਤ ਤੇ ਕਲਮਾ-ਏ-ਸ਼ਹਾਦਤ।

فرایوش ***ਫ਼ਰਾਯੂਸ਼*** : ਜਿਸ ਦੀ ਅਕਲ ਟਿਕਾਣੇ ਨਾ ਹੋਵੇ, ਬੇਸੁਰਤ, ਬੇਮੁਹਾਰਾ।

فربارہ ***ਫ਼ਰਬਾਰਾ*** : ਸ਼ਾਨ, ਇੱਜਤ, ਵਡਿਆਈ।

فربال ***ਫ਼ਰਬਾਲ,*** **فربالا** ***ਫ਼ਰਾਬਾਲਾ,*** **فربالہ** ***ਫ਼ਰਬਾਲਹ*** : ਗਰਮੀ ਕੱਟਣ ਦਾ ਘਰ, ਹਵਾਦਾਰ ਬਾਲਾਖ਼ਾਨਾ, ਚੁਬਾਰਾ।

فربود ***ਫ਼ਰਬੂਦ*** : ਸਹੀ, ਠੀਕ, ਸੱਚਾ।

فربہ ***ਫ਼ਰਬਾ*** : ਮੋਟਾ, ਤਿਆਰ (ਜਿਸਮ), ਬੌਹਤ ਜ਼ਿਆਦਾ।

فربهی ***ਫ਼ਰਬਹੀ*** : ਮੁਟਾਪਾ।

فرت ***ਫ਼ਰਤ*** : ਤਾਣੀ, ਕੱਪੜੇ ਦੀ ਤਾਣੀ।

فرت ***ਫ਼ਿਰਤ*** : ਤੁਰਤ-ਫੁਰਤ, ਜਲਦੀ, ਝੱਟ-ਪੱਟ।

فرت‌فرت ***ਫ਼ਿਰਤ-ਫ਼ਿਰਤ*** : ਝਟਾ-ਪਟ, ਤੁਰਤ-ਫੁਰਤ, ਜਲਦੀ ਜਲਦੀ।

فرتاش ***ਫ਼ਰਤਾਸ਼*** : ਹੋਂਦ।

فرتوت ***ਫ਼ਰਤੂਤ*** : ਬੌਹਤ ਬੁੱਢਾ, ਬੌਹਤ ਕਮਜ਼ੋਰ।

فرتوت‌سال ***ਫ਼ਰਤੂਤ ਸਾਲ*** : ਵਡੇਰੀ ਉਮਰ ਦਾ।

فرتوتہ ***ਫ਼ਰਤੂਤਾ*** : ਬੁੱਢੀ (ਔਰਤ)।

فرج ***ਫ਼ਰਜ*** : ਮਰਦ ਜਾਂ ਇਸਤਰੀ ਦਾ ਗੁਪਤ ਅੰਗ, ਤੇੜ, ਦਰਜ਼, ਮੋਰੀ, ਦੋ ਚੀਜ਼ਾਂ ਦੇ ਵਿਚਕਾਰਲਾ ਪਾਟ; ਬਾਰੀ ਖੋਲ੍ਹਣਾ; ਚੀਰਨਾ, ਵੱਖ ਵੱਖ ਕਰਨਾ, ਨਿਖੇੜਣਾ, ਘੋੜੇ ਦੇ ਪਿਛਲੇ ਪੈਰਾਂ ਦੇ ਵਿਚਕਾਰਲਾ ਫ਼ਾਸਲਾ, ਖ਼ਤਰਨਾਕ ਥਾਂ।

فرجام ***ਫ਼ਰਜਾਮ*** : ਅਖ਼ੀਰ, ਅੰਤ, ਪਰਣਾਮ, ਖ਼ੁਸ਼ੀ, ਸੌਖ, ਲਾਭ, ਪਰਯੋਗ, ਯੋਗ।

فرجام‌گاہ ***ਫ਼ਰਜਾਮ-ਗਾਹ*** : ਕਬਰ, ਸਮਾਧੀ, ਮੜ੍ਹੀ।

فرجد ***ਫ਼ਰਜਦ*** : ਪਿਤਾ ਦਾ ਦਾਦਾ, ਪੜਦਾਦਾ, ਮਾਂ ਦਾ ਦਾਦਾ, ਪੜਨਾਨਾ।

فرجمند ***ਫ਼ਰਜਮੰਦ*** : ਸਤਕਾਰ ਵਾਲਾ, ਵੱਡੇ ਪਦ ਵਾਲਾ, ਸ਼ਾਨੋ- ਸ਼ੋਕਤ ਵਾਲਾ।

فرجود ***ਫ਼ਰਜੂਦ*** : ਪਰਾ-ਮਨੁੱਖੀ ਸ਼ਕਤੀ, ਕਰਾਮਾਤ।

فرجی ***ਫ਼ਰਜੀ*** : ਇਕ ਪਰਕਾਰ ਦਾ ਚੋਗਾ।

فرح ***ਫ਼ਰਹ*** : ਪਰਸੰਨਤਾ, ਅਨੰਦ, ਤਰਾਨਾ, ਗੀਤ।

فرح ***ਫ਼ਰਿਹ*** : ਖ਼ੁਸ਼, ਪਰਸੰਨ।

فرحت ***ਫ਼ਰਹਤ*** : ਖ਼ੁਸ਼ੀ, ਅਨੰਦ, ਰਾਹਤ।

فرحت آثار ***ਫ਼ਰਹਤ-ਆਸਾਰ*** : ਖ਼ੁਸ਼-ਖ਼ੁਸ਼, ਮਸ਼ਹੂਰ।

فرحت‌افزا ***ਫ਼ਰਹਤ-ਅਫ਼ਜ਼ਾ*** : ਅਨੰਦਦਾਇਕ, ਖ਼ੁਸ਼ੀ ਵਧਾਉਣ ਵਾਲਾ।

فرحت‌انجام ***ਫ਼ਰਹਤ-ਅੰਜਾਮ*** : ਖ਼ੁਸ਼ੀ ਦੇਣ ਵਾਲਾ, ਜਿਸ ਦਾ ਅੰਤ ਚੰਗਾ ਹੋਵੇ, ਅਨੰਦਮਈ, ਖ਼ੁਸ਼ਹਾਲ।

فرحت‌بخش ***ਫ਼ਰਹਤ-ਬਖ਼ਸ਼*** : ਅਨੰਦਦਾਇਕ।

فرّخ ***ਫ਼ੱਰੁਖ਼*** : ਮੁਬਾਰਕ, ਸ਼ੁਭ, ਸੁੰਦਰ, ਸੁਹਾਵਣਾ।

فرّخ‌آباد ***ਫ਼ੱਰੁਖ਼ਆਬਾਦ*** : ਈਰਾਨ ਦੀ ਇਕ ਸੈਰਗਾਹ ਦਾ ਨਾਮ, ਹਿੰਦੁਸਤਾਨ ਦੇ ਇਕ ਸ਼ੈਹਰ ਦਾ ਨਾਮ. ਜੋ ਉਤਰ-ਪਰਦੇਸ਼ ਵਿਚ ਹੈ।

فرّخ‌پای ***ਫ਼ੱਰੁਖ਼ ਪਾਯ*** : ਸ਼ੁਭ, ਮੁਬਾਰਕ, ਕਦਮ, ਚੰਗੇ ਪੈੜੇ ਵਾਲਾ।

فرخ‌تبار/نژاد ***ਫ਼ੱਰੁਖ਼ ਤਬਾਰ/ ਨਿਜ਼ਾਦ*** : ਸ਼ੁਭ ਖ਼ਾਨਦਾਨ ਵਾਲਾ, ਚੰਗੇ ਘਰਾਣੇ ਦਾ ਕੁਲੀਨ।

فرّخ‌زاد ***ਫ਼ੱਰੁਖ਼ਜ਼ਾਦ*** : ਸ਼ੁਭ ਜਨਮ ਵਾਲਾ, ਜ਼ਮੀਨ ਦਾ ਫ਼ਰਿਸ਼ਤਾ।

فرّخ‌نهاد **ਫ਼ਰੁਖ਼ ਨਿਹਾਦ** : ਚੰਗੇ ਅਸਲੇ ਵਾਲਾ, ਮੁਬਾਰਕ ਅਸਲ ਦਾ।

فرّخی ***ਫ਼ੱਰੁਖ਼ੀ*** : ਖ਼ੁਸ਼ਹਾਲੀ, ਬੌਹਲਤਾ।

فرخاد ***ਫ਼ਰਖ਼ਾਦ*** : ਵਿਜੇਤਾ।

فرخار ***ਫ਼ਰਖ਼ਾਰ*** : ਤੁਰਕਿਸਤਾਨ ਦੇ ਇਕ ਸ਼ੈਹਰ ਦਾ ਨਾਮ, ਜਿੱਥੋਂ ਦੇ ਵਸਨੀਕ ਬੌਹਤ ਚੰਗੇ ਨੈਣ-ਨਕਸ਼ ਵਾਲੇ ਹੁੰਦੇ ਹਨ; ਬੁੱਤ-ਖ਼ਾਨਾ, ਸਜਾਵਟ, ਭੂਸ਼ਣ।

فرخاش ***ਫ਼ਰਖ਼ਾਸ਼*** : (ਪਰਖ਼ਾਸਾ) ਲੜਾਈ, ਝਗੜਾ।

فرخاک ***ਫ਼ਰਖ਼ਾਕ,*** **فرخال** ***ਫ਼ਰਖ਼ਾਲ*** : ਓਹ ਵਾਲ ਜੇਹੜੇ ਘੁੰਗਰਾਲੇ ਨਾ ਹੋਣ, ਸਿੱਧੇ ਵਾਲ।

فِرُختار ***ਫ਼ਿਰੁਖ਼ਤਾਰ*** : ਵੇਚਣ ਵਾਲਾ, ਵਿਕਰੇਤਾ।

فرخسته ***ਫ਼ਰਖ਼ਸਤਾ*** : ਭੈੜੇ ਹਾਲ ਵਾਲਾ; ਖ਼ਸਤਾ-ਹਾਲ, ਜ਼ਮੀਨ ਉਤੇ ਘਿਸਰਦਾ ਹੋਇਆ ਜਾਂ ਧਰਤੀ ਤੇ ਲੰਮਾ ਪਿਆ ਹੋਇਆ, ਜ਼ਖਮੀ।

فرخنج ***ਫ਼ਰਖ਼ੰਜ*** : ਐਸ਼, ਮੌਜ ਮੇਲਾ, ਲਾਭ, ਹਿੱਸਾ, ਭਾਗ, ਨਸੀਬ, ਬੇਫ਼ਾਇਦਾ, ਨਿਸਫਲ, ਬੇਵਕੂਫ, ਖ਼ੁਸ਼ੀ।

فرخندگی ***ਫ਼ਰਖ਼ੰਦਗੀ*** : ਖ਼ੁਸ਼ੀ, ਪਰਸੰਨਤਾ।

فرخنده ***ਫ਼ਰਖ਼ੰਦਾ*** : ਮੁਬਾਰਕ, ਸ਼ੁਭ।

فرخنده‌رای ***ਫ਼ਰਖ਼ੰਦਾ-ਰਾਯ*** : ਨੇਕ ਰਾਏ ਵਾਲਾ, ਬੁੱਧੀਮਾਨ, ਸਿਆਣਾ।

فرخنده‌کیش ***ਫ਼ਰਖ਼ੰਦਾ-ਕੇਸ਼*** : ਮੁਬਾਰਕ ਵਿਧੀ ਵਾਲਾ, ਚੰਗੇ ਸੁਭਾ ਵਾਲਾ।

فرخوی ***ਫ਼ਰਖ਼ੂਯ*** : ਨੇਕ ਆਦਤ, ਚੰਗਾ ਸੁਭਾ।

فرد ***ਫ਼ਰਦ*** : ਇਕੱਲਾ, ਬੇਮਿਸਾਲ, ਜਿਸ ਦੇ ਨਾਲ ਦਾ ਕੋਈ ਨਾ ਹੋਵੇ, ਓਹ ਅੰਕ ਜੋ ਦੋ ਉਤੇ ਪੂਰਾ ਤਕਸੀਮ ਨਾ ਹੋਵੇ, ਟੌਂਕ ਦੋਹਾਂ ਵਿਚੋਂ ਇਕ, ਇਕ ਵਿਅਕਤੀ, ਕਾਗਜ਼ ਦਾ ਇਕ ਤਾ, ਸੂਚੀ, ਸਾਰਨ , ਇਕ ਤੁਕ; ਇਕ ਸ਼ੇਅਰ; ਰੱਬ।

فرداً ***ਫ਼ਰਦਨ*** : ਇਕ ਇਕ ਕਰਕੇ, ਇੱਕਲਿਆਂ।

فرداً فرداً ***ਫ਼ਰਦਨ ਫ਼ਰਦਨ*** : ਅਲੱਗ ਅਲੱਗ।

فردِجرم ***ਫ਼ਰਦ-ਏ-ਜੁਰਮ*** : ਦੋਸ਼ਾਂ ਦਾ ਵੇਰਵਾ।

فردسوال ***ਫ਼ਰਦ ਸਵਾਲ*** : ਅਰਜ਼ੀ।

فردا ***ਫ਼ਰਦਾ*** : ਆਉਣ ਵਾਲਾ ਅਗਲਾ ਦਿਨ, ਭਲਕ, ਕਿਆਮਤ (ਪਰਲੋ) ਦਾ ਦਿਨ।

فرداشب ***ਫ਼ਰਦਾਸ਼ਬ*** : ਕੱਲ ਨੂੰ ਆਉਣ ਵਾਲੀ ਰਾਤ।

فردائ‌قیامت ***ਫ਼ਰਦਾ-ਏ-ਕ਼ਿਯਾਮਤ*** : ਕਿਆਮਤ (ਪਰਲੋ) ਦਾ ਦਿਨ।

فردوس ***ਫ਼ਿਰਦੌਸ*** : ਓਹ ਬਾਗ਼ ਜਿਸ ਵਿਚ ਸਾਰੇ ਬਾਗ਼ਾਂ ਦੇ ਮੇਵੇ ਹੋਣ, ਬਹਿਸ਼ਤ, ਪਰਸੰਨਤਾਦਾਇਕ ਥਾਵਾਂ ਦਾ ਨਾਮ, ਕਜ਼ੀਵਨ ਦੀ ਇਕ ਗੜ੍ਹੀ ਦਾ ਨਾਮ।

فردوس‌مکانی ***ਫ਼ਿਰਦੌਸ-ਮਕਾਨੀ*** : ਓਹ ਪੁਰਸ਼ ਜਿਸ ਦਾ ਘਰ ਬਹਿਸ਼ਤ ਵਿੱਚ ਹੋਵੇ, ਸਵਰਗਵਾਸੀ, ਬਾਬਰ ਬਾਦਸ਼ਾਹ ਦੀ ਉਪਾਧੀ।

فردوسی ***ਫ਼ਿਰਦੌਸੀ,*** **فردوسی‌طوسی** ***ਫ਼ਿਰਦੌਸੀ ਤੂਸੀ*** : ਸੰਸਾਰ ਪਰਸਿੱਧ ਫ਼ਾਰਸੀ ਸ਼ਾਇਰ ਫ਼ਿਰਦੌਸੀ ਜਿਸ ਦੀ ਕਾਵਿ-ਰਚਨਾ ''ਸ਼ਾਹਨਾਮਾ'' ਨੂੰ ਵਿਸ਼ਵ-ਸਾਹਿਤ ਵਿਚ ਉਤਕ੍ਰਿਸ਼ਟ ਕਲਾ-ਕਿਰਤੀ ਮੰਨਿਆਂ ਜਾਂਦਾ ਹੈ।

فردین ***ਫ਼ਰਦੀਨ*** : ਈਰਾਨੀ ਸਾਲ ਦਾ ਪੈਹਲਾ ਮਹੀਨਾ।

فرز ***ਫ਼ਰਜ਼*** : ਵੱਡਾ, ਬਜ਼ੁਰਗ, ਵਿਦਵਾਨ।

فِرز ***ਫ਼ਿਰਜ਼*** : ਵਜ਼ੀਰ, ਜੋ ਸ਼ਤਰੰਜ ਦਾ ਪਰਸਿੱਧ ਮੋਹਰਾ ਹੈ।

فُرز ***ਫ਼ੁਰਜ਼*** : ਵਧੀਕੀ, ਜ਼ਿਆਦਤੀ, ਜਿੱਤ,ਵਿਜੈ, ਨਦੀ ਦਾ ਕੰਢਾ ਜਿਥੇ ਕਿਸ਼ਤੀਆਂ ਠੈਹਰਨ; ਹਰਿਆਵਲ।

فرزام ***ਫ਼ਰਜ਼ਾਮ*** : ਯੋਗ, ਲਾਇਕ।

فرزان ***ਫ਼ਰਜ਼ਾਨ*** : ਵਿੱਦਿਆ, ਗਿਆਨ, ਸਿਆਣਪ, ਅਕਲ, ਇਕਸਾਰਤਾ।

فِرزان ***ਫ਼ਿਰਜ਼ਾਨ*** : ਸ਼ਤਰੰਜ ਦਾ ਮੋਹਰਾ, ਵਜ਼ੀਰ।

فرزانگان ***ਫ਼ਰਜ਼ਾਨਗਾਨ*** : (ਫ਼ਰਜ਼ਾਨਾ **فرزانه** ਦਾ ਬੌਹਵਚਨ) ਸਿਆਣੇ ਲੋਕ।

فرزانگی ***ਫਰਜਾਨਗੀ*** : ਸਿਆਣਪ, ਦਨਾਈ।

فرزانه ***ਫ਼ਰਜ਼ਾਨਾਹ*** : ਸਿਆਣਾ, ਬੁਧੀਮਾਨ।

فرزانه‌خوی ***ਫ਼ਰਜ਼ਾਨਾ-ਖ਼ੂਯ*** : ਖ਼ੁਸ਼ ਖ਼ੁਲਕ, ਚੰਗੇ ਸੁਭਾ ਵਾਲਾ।

فرززمیار ***ਫ਼ਰਜ਼-ਜ਼ਮਯਾਰ*** : ਉੱਤਮ ਪਰਾਰਥਨਾ, ਨਮਾਜ਼।

فرزند ***ਫ਼ਰਜ਼ੰਦ*** : ਸੰਤਾਨ, ਬੇਟਾ, ਬੇਟੀ।

فرزندِ آب ***ਫ਼ਰਜ਼ੰਦ-ਏ-ਆਬ*** : ਪਾਣੀ ਦਾ ਬੁਲਬੁਲਾ, ਪਾਣੀ ਵਿਚ ਰੈਹਣ ਵਾਲਾ ਜਾਨਵਰ।

فرزندِ آفتاب ***ਫ਼ਰਜ਼ੰਦ-ਏ-ਆਫ਼ਤਾਬ*** : ਖਾਣ ਦੇ ਲਾਲ।

فرزندِ خاور ***ਫ਼ਰਜ਼ੰਦ-ਏ-ਖ਼ਾਵਰ*** : ਸੂਰਜ।

فرزندِ رشید ***ਫ਼ਰਜ਼ੰਦ-ਏ-ਰਸ਼ੀਦ*** : ਨੇਕ ਲੜਕਾ।

فرزندِ زن ***ਫ਼ਰਜ਼ੰਦ-ਏ-ਜ਼ਨ*** : ਔਰਤ ਦੇ ਪੈਹਲੇ ਖ਼ਾਵੰਦ ਤੋਂ ਪੈਦਾ ਹੋਇਆ ਪੁੱਤਰ, ਪਿਛਲਗ।

فرزندِ شاد ***ਫ਼ਰਜ਼ੰਦ ਸ਼ਾਦ*** : ਰੱਬ ਦਾ ਧਿਆਨ ਧਰਨਾ, ਭਗਤੀ, ਅਭਿਆਸ।

فرزند کجا است ***ਫ਼ਰਜ਼ੰਦ ਕੁਜਾ ਅਸਤ,*** **فرزندِ کسی در گریبان انداختن** ***ਫ਼ਰਜ਼ੰਦ-ਏ-ਕਸੇ ਦਰ ਗਰੇਬਾਨ ਅੰਦਾਖ਼ਤਨ*** : ਏਹ ਕਿਥੇ ਜੰਮਿਆ ਸੀ, ਕਿਸੇ ਪਰਾਏ ਪੁੱਤਰ ਨੂੰ ਆਪਣਾ ਪੁੱਤਰ ਬਣਾਉਣਾ, ਗੋਦ ਲੈਣਾ, ਮੁਤਬੰਨਾ ਬਣਾਉਣਾ।

فرزه ***ਫ਼ਰਜ਼ਾ*** : ਹਰੀ ਬੂਟੀ, ਹਰਿਆਵਲ ਨਾਲ ਭਰੀ ਥਾਂ।

فرزی ***ਫ਼ਰਜ਼ੀ,*** **فرزین** ***ਫ਼ਰਜ਼ੀਨ*** : ਸ਼ਤਰੰਜ ਦਾ ਸਭ ਤੋਂ ਵੱਧ ਸ਼ਕਤੀਸ਼ਾਲੀ ਮੋਹਰਾ, ਵਜ਼ੀਰ।

فرزین‌بند ***ਫ਼ਰਜ਼ੀਨਬੰਦ*** : ਓਹ ਪਿਆਦਾ ਜੋ ਵਜ਼ੀਰ ਦੇ ਜ਼ੋਰ 'ਤੇ ਬੈਠਾ ਹੋਵੇ ਤੇ ਜੇਕਰ ਮੁਕਾਬਲੇ ਦਾ ਕੋਈ ਮੋਹਰਾ ਉਸ ਨੂੰ ਮਾਰੇ ਤਾਂ ਵਜ਼ੀਰ ਮਾਰਨ ਵਾਲੇ ਨੂੰ ਮਾਰ ਲਵੇ।

فرزین‌رفتار ***ਫ਼ਰਜ਼ੀਨ-ਰਫ਼ਤਾਰ*** : ਸੁਸਤ ਲੋਕ, ਕੁਰਾਹੇ ਪਏ ਹੋਏ ਲੋਕ।

فرزین‌نهادان ***ਫ਼ਰਜ਼ੀਨ ਨਿਹਾਦਾਨ*** : ਟੇਢੇ ਲੋਕ, ਗੁਮਰਾਹ ਲੋਕ, ਟੇਢੀ ਚਾਲ ਚੱਲਣ ਵਾਲੇ।

فرزین‌نهادن ***ਫ਼ਰਜ਼ੀਨ ਨਿਹਾਦਨ*** : ਸ਼ਤਰੰਜ ਦੀ ਬਾਜ਼ੀ ਵਿਚ ਉੱਪਰਲਾ ਹੱਥ ਹੋਣਾ, ਬਾਜ਼ੀ ਜਿੱਤ ਲੈਣਾ।

فرس ***ਫ਼ਰਸ*** : ਘੋੜਾ, ਘੋੜੀ, ਸ਼ਤਰੰਜ ਦਾ ਘੋੜਾ, ਜਾਨੋਂ ਮਾਰਨਾ।

فُرس ***ਫ਼ੁਰਸ*** : ਮੁਲਕ ਫ਼ਾਰਿਸ ਦੇ ਰੈਹਣ ਵਾਲੇ, ਈਰਾਨੀ ਲੋਕ।

فرسا ***ਫ਼ਰਸਾ*, فرسای *ਫ਼ਰਸਾਯ*** : ਮਾਰੂ, ਨਾਸ਼ ਕਰਨ ਵਾਲਾ, ਘਸਣ ਵਾਲਾ, ਪਾਟਾ ਪੁਰਾਣਾ।

فرساد ***ਫ਼ਰਸਾਦ*** : ਸਿਆਣਾ, ਬੁੱਧੀਮਾਨ।

فرسب ***ਫ਼ਰਸਬ*, فرسپ *ਫ਼ਰਸਪ*** : ਸ਼ਤੀਰ, ਲਟੈਣ, ਓਹ ਕੱਪੜੇ ਜੋ ਈਦ ਜਾਂ ਕਿਸੇ ਖ਼ੁਸ਼ੀ ਦੇ ਦਿਨ ਦੁਕਾਨਾਂ ਤੇ ਮਕਾਨਾਂ 'ਤੇ ਸਜਾਵਟ ਵਜੋਂ ਲਟਕਾਏ ਜਾਂ ਲਾਏ ਜਾਂਦੇ ਹਨ।

فرستادہ ***ਫ਼ਿਰਿਸਤਾਦਾ*, فرستہ *ਫ਼ਿਰਿਸਤਾ*** : ਭੇਜਿਆ ਹੋਇਆ, ਦੂਤ, ਏਲਚੀ, ਫ਼ਰਿਸ਼ਤਾ, ਤੋਹਫ਼ਾ, ਪੇਸ਼ਕਸ਼।

فرستادگان ***ਫ਼ਿਰਿਸਤਾਦਗਾਨ*** : ਭੇਜੇ ਹੋਏ, ਦੂਤ।

فرستادہوار ***ਫ਼ਿਰਿਸਤਾਦਾ ਵਾਰ*** : ਦੂਤ ਵਾਂਗ।

فرسخ ***ਫ਼ਰਸਖ਼*, فرسنگ *ਫ਼ਰਸੰਗ*** : ਸਾਢੇ ਤਿੰਨ ਮੀਲ ਦਾ ਪੰਧ।

فرسخ‌فرسخ ***ਫ਼ਰਸਖ਼-ਫ਼ਰਸਖ਼*** : ਇਕ ਦੂਰ ਦੇ ਪੜਾ ਤੋਂ ਦੂਜੇ ਦੂਰ ਦੇ ਪੜਾ ਤਕ।

فرسِ‌طنبور ***ਫ਼ਰਸ-ਏ-ਤੰਬੂਰ*** : ਓਹ ਲੱਕੜ ਜਾਂ ਹੱਡੀ ਜੇਹੜੀ ਤੰਬੂਰੇ ਜਾਂ ਸਿਤਾਰ ਦੇ ਤੂੰਬੇ ਤੇ ਲਾ ਕੇ ਉਸ ਪੁਰ ਤਾਰਾਂ ਚੜ੍ਹਾਉਂਦੇ ਹਨ, ਖਰਜ।

فرسودن ***ਫ਼ਰਸੂਦਨ*** : ਘਸਣਾ, ਪੁਰਾਣਾ ਹੋਣਾ, ਰਗੜਨਾ, ਮਲਣਾ, ਘਟਣਾ, ਮਜਬੂਰ ਕਰਨਾ, ਦਬਾਉਣਾ, ਖਿਚੇ ਜਾਣਾ, ਥੱਕ ਟੁੱਟ ਜਾਣਾ, ਘਿਰਨਾ ਕਰਨਾ; ਪਛਤਾਉਣਾ।

فرسودہ ***ਫ਼ਰਸੂਦਾ*** : ਬੌਹਤ ਪੁਰਾਣੀ ਤੇ ਰੱਦੀ (ਚੀਜ਼), ਘਸੀ ਹੋਈ (ਸ਼ੈ), ਬੌਹਤ ਪੁਰਾਣਾ।

فرسودۂروزگار ***ਫ਼ਰਸੂਦਾ-ਏ-ਰੋਜ਼ਗਾਰ*** : ਜਿਸ ਨੇ ਸਮੇਂ ਦੇ ਉਤਰਾ ਚੜ੍ਹਾ ਵੇਖੇ ਹੋਣ, ਹੰਢਿਆ ਹੋਇਆ।

فرسودۂگردیدن ***ਫ਼ਰਸੂਦਾ ਗਰਦੀਦਨ*** : ਘੁਲ ਜਾਣਾ, ਘਟ ਜਾਣਾ, ਦੁਖੀ ਹੋਣਾ, ਮੁਰਝਾਉਣਾ, ਸ਼ੋਕਮਈ ਹੋਣਾ।

فرش ***ਫ਼ਰਸ਼*** : ਵਿਛੌਣਾ, ਦਰੀ, ਚਟਾਈ ਆਦਿ, ਵਿਛਾਈ ਕਰਨਾ, ਜ਼ਮੀਨ।

فرش‌باستان ***ਫ਼ਰਸ਼-ਏ-ਬਾਸਤਾਨ*** : ਧਰਤੀ।

فرشِ‌دورنگ ***ਫ਼ਰਸ਼-ਏ-ਦੋ ਰੰਗ*** : ਜ਼ਮਾਨਾ, ਸੰਸਾਰ।

فرشِ‌سورتی ***ਫ਼ਰਸ਼-ਏ-ਸੂਰਤੀ*** : ਚਿਤਰਾਂ ਵਾਲਾ ਗਲੀਚਾ।

فرشِ‌عاج ***ਫ਼ਰਸ਼-ਏ-ਆਜ*** : ਬਰਫ਼।

فرش‌فرنگی ***ਫ਼ਰਸ਼-ਏ-ਫ਼ਰੰਗੀ*** : ਯੂਰਪੀ ਕਲੀਨ।

فرشی ***ਫ਼ਰਸ਼ੀ*** : ਫ਼ਰਸ਼ ਨਾਲ ਸਬੰਧਤ।

فرشتہ ***ਫ਼ਿਰਿਸ਼ਤਾ*** : (ਮੂਲ ਸ਼ਬਦ ਫ਼ਿਰਿਸ਼ਤਾ ਭਾਵ ਭੇਜਿਆ ਹੋਇਆ ਹੈ) ਖ਼ੁਦਾ ਦਾ ਭੇਜਿਆ ਹੋਇਆ, ਖ਼ੁਦਾ ਦਾ ਦੂਤ, ਅਸਮਾਨੀ ਪਰਸਿਧ, ਨੂਰਾਨੀ, ਮਖ਼ਲੂਕ।

فرشتہ‌تنان ***ਫ਼ਿਰਿਸ਼ਤਾ-ਤਨਾਨ*** : ਰੂਹਾਨੀ ਲੋਕ।

فرشتۂسحاب ***ਫ਼ਿਰਿਸ਼ਤਾ-ਏ-ਸਹਾਬ*** : ਮੀਕਾਈਲ ਫਰਿਸ਼ਤਾ, ਬੱਦਲਾ ਨਾਲ ਸਬੰਧਤ।

فرشتہ‌سیرت ***ਫ਼ਿਰਿਸ਼ਤਾ ਸੀਰਤ*** : ਫ਼ਰਿਸ਼ਤੇ।

فرشتہ‌وش ***ਫ਼ਿਰਿਸ਼ਤਾ ਵਸ਼*, فرشتہ‌منش *ਫ਼ਿਰਿਸ਼ਤਾ-ਮਨਸ਼*, فرشتہ‌وش *ਫ਼ਿਰਿਸ਼ਤਾ -ਵਸ਼*** : ਫ਼ਰਿਸ਼ਤੇ ਵਰਗੇ ਸੁਭਾ ਵਾਲਾ, ਨੇਕ।

فرشی ***ਫ਼ਰਸ਼ੀ*** : ਇਕ ਪਰਕਾਰ ਦਾ ਹੁੱਕਾ ਜਿਸ ਨੂੰ ਫ਼ਰਸ਼ੀ ਹੁੱਕਾ ਕੈਂਹਦੇ ਹਨ।

فرصت ***ਫ਼ੁਰਸਤ*** : ਇਕਾਂਤ ਦਾ ਸਮਾਂ, ਮੁਹਲਤ, ਅਰਾਮ, ਵੇਹਲ, ਕਾਬੂ, ਅਵਸਰ, ਕਿਸੇ ਚੀਜ਼ ਦੀ ਵਾਰੀ, ਛੁੱਟੀ, ਛੁਟਕਾਰਾ।

فرصت‌جو ***ਫ਼ੁਰਸਤ-ਜੂ*** : ਜੋ ਅਵਸਰ ਦੀ ਤਲਾਸ਼ ਵਿਚ ਹੋਵੇ।

فرض ***ਫ਼ਰਜ਼*** : ਕਿਸੇ ਚੀਜ਼ ਦਾ ਸਮਾਂ ਨਿਸ਼ਚਤ ਕਰਨਾ, ਅਨੁਮਾਨ ਲਾਉਣਾ; ਖ਼ੁਦਾ ਦੇ ਹੁਕਮ ਦੀ ਪਾਲਣਾ ਕਰਨਾ, ਖ਼ੁਦਾ ਦਾ ਹੁਕਮ।

فرضِ خفتن ***ਫ਼ਰਜ਼-ਏ-ਖ਼ੁਫ਼ਤਨ*** : ਸੌਣ ਵੇਲੇ ਦੀ ਨਮਾਜ਼।

فرضِ عین ***ਫ਼ਰਜ਼-ਏ-ਐਨ*** : ਓਹ ਕੰਮ ਜਿਸ ਦਾ ਕਰਨਾ ਹਰ ਇਕ ਲਈ ਜ਼ਰੂਰੀ ਹੈ, ਅਤੇ ਜ਼ਰੂਰੀ ਫ਼ਰਜ਼।

فرضِ کفایا ***ਫ਼ਰਜ਼-ਏ-ਕਿਫ਼ਾਯਾ*** : ਓਹ ਫ਼ਰਜ਼ ਜੋ ਕਿਸੇ ਇਕ ਦੇ ਅਦਾ ਕਰਨ ਨਾਲ ਸਾਰਿਆਂ ਵਲੋਂ ਪੂਰਾ ਹੋਇਆ ਸਮਝਿਆ ਜਾਵੇ, ਜਿਵੇਂ ਜਹਾਦ, ਨਮਾਜ਼-ਏ- ਜਨਾਜ਼ਾ।

فرضه ***ਫ਼ਰਜ਼ਾ*** : ਬੰਦਰਗਾਹ ਦੀ ਓਹ ਥਾਂ ਜਿਥੇ ਸੌਦਾਗਰਾਂ ਤੋਂ ਮਸੂਲ ਲਿਆ ਜਾਂਦਾ ਹੈ।

فرط ***ਫ਼ਰਤ*** : ਬੌਹਲਤਾ।

فرع ***ਫ਼ਰਅ*** : ਰੁੱਖ ਦੀ ਟਾਹਣੀ; ਡਾਲੀ, ਔਰਤ ਦੀ ਚੋਟੀ।

فرعی ***ਫ਼ਰਈ*** : ਡਾਲੀ ਨਾਲ ਸਬੰਧਤ, ਜੇਹੜਾ ਅਸਲੀ ਨਾ ਹੋਵੇ।

فرعون ***ਫ਼ਿਰਔਨ*** : ਮਗਰਮੱਛ; ਸੂਰਜ; ਬਦਲਾ ਲੈਣ ਵਾਲਾ; ਪਰਾਚੀਨ ਮਿਸਰ ਦੇ ਬਾਦਸ਼ਾਹਾਂ ਦੀ ਉਪਾਧੀ ਸੀ, ਆਮ ਲੋਕ ਫ਼ਿਰਔਨ ਉਸ ਬਾਦਸ਼ਾਹ ਨੂੰ ਕੈਂਹਦੇ ਹਨ, ਜਿਸ ਦਾ ਨਾਮ 'ਸੀਤੀ ਨੀਪਤਾ' ਜਾਂ 'ਵਲੀਦ-ਬਿਨ-ਮੁਸਅਬ', :ਸੀ ਤੇ ਜੋ ਮੂਸਾ ਦਾ ਸਮਕਾਲੀ ਸੀ, ਇਸ ਨੇ ਇਸਰਾਈਲੀਆਂ 'ਤੇ ਬੌਹਤ ਜ਼ੁਲਮ ਕੀਤੇ, ਤੇ ਖ਼ੁਦਾਈ ਦਾ ਦਾਹਵਾ ਕੀਤਾ ਸੀ, ਕੈਂਹਦੇ ਹਨ ਕਿ ਜਦ ਹਜ਼ਰਤ ਮੂਸਾ ਆਪਣੀ ਕੌਮ ਬਨੀ-ਇਸਰਾਈਲ ਨੂੰ ਮਿਸਰ ਤੋਂ ਲੈ ਕੇ ਚਲ ਪਏ ਤਾਂ ਫ਼ਿਰਔਨ ਓਹਨਾਂ ਦਾ ਪਿੱਛਾ ਕਰਨ ਲਈ ਫ਼ੌਜ ਲੈ ਕੇ ਨਠਿਆ, ਪਰ ਆਪਣੀ ਫ਼ੌਜ ਸਮੇਤ ਸਾਗਰ ਵਿਚ ਗ਼ਰਕ ਹੋ ਗਿਆ।

فرغانه ***ਫ਼ਰਗ਼ਾਨਾ*** : ਤੁਰਕਿਸਤਾਨ ਵਿਚ ਇਕ ਇਲਾਕੇ ਦਾ ਨਾਮ, ਏਹ ਪਰਾਂਤ ਅੰਦਜਾਨ ਤੇ ਸਮਰਕੰਦ ਦੇ ਵਿਚਕਾਰ ਸਥਿਤ ਹੈ, ਇਹੋ ਬਾਬਰ ਬਾਦਸ਼ਾਹ ਦਾ ਵਤਨ ਸੀ।

فرغانیان ***ਫ਼ਰਗ਼ਾਨੀਯਾਨ*** : ਫ਼ਰਗ਼ਾਨਾ ਦੇ ਵਾਸੀ।

فرغر ***ਫ਼ਰਗ਼ਰ*** : ਸੁੱਕੀ ਨਦੀ ਦਾ ਥੱਲਾ, ਛੋਟੀ ਨਦੀ, ਛੋਟਾ ਤਲਾ।

فرغرده ***ਫ਼ਰਗ਼ਰਦਾ*** : ਵਲ੍ਹੇਟਿਆ ਹੋਇਆ; ਰਲਿਆ ਹੋਇਆ; ਗੁੰਨ੍ਹਿਆ ਹੋਇਆ।

فرغل ***ਫ਼ਰਗ਼ੁਲ,*** **فرغول** ***ਫ਼ਰਗ਼ੂਲ,*** **فرگل** ***ਫ਼ਰਗੁਲ*** : ਰੂੰ ਨਾਲ ਭਰਿਆ ਹੋਇਆ ਲਬਾਦਾ (ਚੋਗ਼ਾ) ਜੋ ਸਰਦੀਆਂ ਵਿਚ ਪੈਂਹਨਦੇ ਹਨ, ਰੂੰ ਵਾਲਾ ਓਵਰ ਕੋਟ।

فرغند/فرغنده ***ਫ਼ਰਗ਼ੰਦ/ਫ਼ਰਗ਼ੰਦਾ*** : ਇਸ਼ਕ ਪੇਚੇ ਦੀ ਵੇਲ, ਅਕਾਸ਼ ਵੇਲ ਜਾਂ ਅਮਰ ਵੇਲ ਜੋ ਰੁਖਾਂ ਉਤੇ ਵਧ ਫ਼ੈਲ ਕੇ ਓਹਨਾਂ ਨੂੰ ਸੁਕਾ ਦਿੰਦੀ ਹੈ।

فرغور ***ਫ਼ਰਗ਼ੂਰ*** : ਜਲ ਕੁੱਕੜ, ਤਿਤਰ, ਡੱਡੂ।

فرغوک ***ਫ਼ਰਗ਼ੋਕ*** : ਦੇਰ, ਚੁਪਚਾਪ, ਸੁਸਤੀ, ਢਿੱਲ-ਮੱਠ।

فرغول ***ਫ਼ਰਗ਼ੋਲ*** : ਦੇਰ, ਸੁਸਤੀ, ਗ਼ਫ਼ਲਤ।

فرغیش ***ਫ਼ਰਗ਼ੀਸ਼*** : ਪਾਟੀ ਪੁਰਾਣੀ ਰੂੰਦਾਰ ਫ਼ਤੂਹੀ, ਰੂੰ ਦਾਰ ਚੋਗਾ ਜੋ ਪੁਰਾਣਾ ਹੋ ਗਿਆ ਹੋਵੇ।

فرفخ ***ਫ਼ਰਫ਼ਖ਼*** : ਖ਼ਰਫ਼ਾ (ਕੁਲਫ਼ਾ) ਦਾ ਸਾਗ।

فرق ***ਫ਼ਰਕ਼*** : ਅੱਡ ਕਰਨਾ, ਵੱਖਰਾ ਕਰਨਾ, ਦੋ ਚੀਜ਼ਾਂ ਵਿਚ ਵਿਤਕਰਾ ਕਰਨਾ, ਵਿਜੋਗ, ਦੂਰੀ, ਸਿਰ ਦੀ ਮਾਂਗ, ਮਾਂਗ ਕੱਢਣਾ, ਚੀਰਨੀ ਕੱਢਣਾ, ਸਿਰ/ਖੋਪਰੀ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ; ਟੀਸੀ; ਵਿਰੋਧ।

فرق ***ਫ਼ਿਰਕ਼*** : (ਫ਼ਿਰਕਾ **فرقه** ਦਾ ਬੌਹਵਚਨ) ਆਦਮੀਆਂ ਦੇ ਟੋਲੇ, ਸੰਪਰਦਾਵਾਂ।

فُرق ***ਫ਼ੁਰਕ*** : ਜੁਦਾਈ, ਵਿਜੋਗ, ਸੱਚ ਝੂਠ ਦਾ ਨਿਸਤਾਰਾ ਕਰਨ ਵਾਲੀ ਚੀਜ਼।

فُرقان ***ਫ਼ੁਰਕਾਨ*** : ਫ਼ਰਕ ਕਰਨ ਵਾਲਾ, ਸੱਚ ਤੇ ਝੂਠ ਦਾ ਨਿਸਤਾਰਾ ਤੇ ਅੰਤਰ ਕਰਨ ਵਾਲਾ; ਕੁਰਾਨ ਸ਼ਰੀਫ਼।

فُرقت ***ਫ਼ੁਰਕਤ*** : ਜੁਦਾਈ, ਵਿਜੋਗ, ਵਿਛੋੜਾ।

فرقت زده ***ਫ਼ੁਰਕਤ-ਜ਼ਦਾ*** : ਵਿਜੋਗੀ।

فرقدان ***ਫ਼ਰਕ਼ਦਾਨ,*** **فرقدَین** ***ਫ਼ਰਕ਼ਦੈਨ*** : ਉਤਰੀ ਧਰੂ ਦੇ ਦੋ ਸਤਾਰੇ ਜੋ ਉਸ ਦੇ ਕੋਲ ਹੀ ਹਨ ਤੇ ਉਸ ਦੇ ਆਲੇ-ਦੁਆਲੇ

ਘੁੰਮਦੇ ਰੈਂਹਦੇ ਹਨ ਤੇ ਸ਼ਾਮ ਤੋਂ ਸਵੇਰ ਤਕ ਦਿਸਦੇ ਹਨ।

فرقه ***ਫ਼ਿਰਕਾ*** : ਟੋਲਾ, ਮੰਡਲੀ, ਸੰਪਰਦਾਏ।

فرکند ***ਫ਼ਰਕੰਦ*** : (ਅਸਲ ਸ਼ਬਦ ਬਰਕੰਦ ਹੈ) ਓਹ ਜ਼ਮੀਨ ਜਿਸ ਵਿਚ ਪਾਣੀ ਦੇ ਵੈਹਣ ਨਾਲ ਟੋਏ ਪੈ ਗਏ ਹੋਣ, ਨਵੀਂ ਪੁਟੀ ਹੋਈ ਨੈਹਰ ਜਿਸ ਵਿਚ ਹੁਣੇ ਹੁਣੇ ਪਾਣੀ ਛੱਡਿਆ ਗਿਆ ਹੋਵੇ।

فرکنده ***ਫ਼ਰਕੰਦਾ*** : ਘਸਿਆ ਹੋਇਆ, ਛਿਜਿਆ ਹੋਇਆ, ਪਾਟਿਆ ਪੁਰਾਣਾ, ਪੁਟਿਆ ਹੋਇਆ।

فرگاه ***ਫ਼ਰਗਾਹ*** : ਹਜ਼ਰਤ; ਹਜ਼ੂਰੀ (ਹੁਜ਼ੂਰੀ) ਪੂਜਾ।

فرمان ***ਫ਼ਰਮਾਨ*** : ਸ਼ਾਹੀ ਪਰਵਾਨਾ, ਸ਼ਾਹੀ ਹੁਕਮ।

فرمانبر ***ਫ਼ਰਮਾਨਬਰ,*** **فرمانبردار** ***ਫ਼ਰਮਾਨ-ਬਰਦਾਰ,*** **فرمانپزیر** ***ਫ਼ਰਮਾਨ-ਪਜ਼ੀਰ,*** **فرمانپرست** ***ਫ਼ਰਮਾਨ-ਪ੍ਰਸਤ*** : ਹੁਕਮ ਦੀ ਪਾਲਣਾ ਕਰਨ ਵਾਲਾ, ਆਗਿਆਕਾਰ।

فرمانبرداری ***ਫ਼ਰਮਾਨ-ਬਰਦਾਰੀ*** : ਹੁਕਮ ਦੀ ਪਾਲਣਾ ਕਰਨਾ, ਤਾਬਿਆਦਾਰੀ।

فرمانده ***ਫ਼ਰਮਾਨ-ਦਿਹ*** : ਹੁਕਮ ਦੇਣ ਵਾਲਾ, ਬਾਦਸ਼ਾਹ, ਹਾਕਮ।

فرماندهی ***ਫ਼ਰਮਾਨਦਿਹੀ*** : ਬਾਦਸ਼ਾਤ, ਹਕੂਮਤ।

فرمانروا ਫ਼ਰਮਾਂ-ਰਵਾ, **فرمانفرما** *ਫ਼ਰਮਾਨ ਫ਼ਰਮਾ,* **فرمانگذار** ***ਫ਼ਰਮਾਂਗੁਜ਼ਾਰ,*** : ਹੁਕਮ ਜਾਰੀ ਕਰਨ ਵਾਲਾ, ਹਾਕਮ ।

فرمانفرمائی ***ਫ਼ਰਮਾਨ ਫ਼ਰਮਾਈ,*** **فرمانگذاری** ***ਫ਼ਰਮਾਨ ਗੁਜ਼ਾਰੀ*** : ਸਲਤਨਤ, ਬਾਦਸ਼ਾਹਤ।

فرماینده ***ਫ਼ਰਮਾਯੰਦਾ*** : ਹੁਕਮ ਦੇਣ ਵਾਲਾ।

فرمایش ***ਫ਼ਰਮਾਯਸ਼*** : ਹੁਕਮ ਵਜੋਂ ਕੋਈ ਕੰਮ ਕਰਵਾਉਣਾ, ਹੁਕਮ ਵਜੋਂ ਕੁਝ ਮੰਗਣਾ ਜਾਂ ਸਿਫ਼ਾਰਸ਼ ਕਰਨਾ, ਮੰਗ, ਤਲਬ, ਲੋੜ।

فرمایشی ***ਫ਼ਰਮਾਯਸ਼ੀ*** : ਫ਼ਰਮਾਇਸ਼ ਨਾਲ ਸਬੰਧਤ, ਹੁਕਮ ਦਿਤਾ ਹੋਇਆ, ਸਰਵ-ਸਰੇਸ਼ਟ।

فرمودن ***ਫ਼ਰਮੂਦਨ*** : ਫ਼ਰਮਾਉਣਾ, ਹੁਕਮ ਦੇਣਾ, ਆਉਣਾ; ਜਾਣਾ।

فرموده ***ਫ਼ਰਮੂਦਾ*** : ਹੁਕਮ, ਫ਼ਰਮਾਨ, ਫ਼ਰਮਾਇਆ ਹੋਇਆ।

فرموش ***ਫ਼ਰਮੋਸ਼*** : (ਫ਼ਰਾਮੋਸ਼ **فراموش** ਦਾ ਸੰਖਿਪਤ ਰੂਪ) ਭੁੱਲ, ਗ਼ਲਤੀ।

فرناد ***ਫ਼ਰਨਾਦ*** : ਥੋੜ੍ਹਾ ਪਾਣੀ, ਜਿਸ ਵਿਚੋਂ ਲੰਘਿਆ ਜਾ ਸਕੇ, ਨਦੀ ਦਾ ਥੱਲਾ, ਸ਼ਕਤੀ।

فرناس ***ਫ਼ਰਨਾਸ*** : ਬੇਧਿਆਨ, ਅਵੇਸਲਾ, ਮੂਰਖਤਾ, ਨੀਂਦ, ਨੀਂਦਰ ਗ੍ਰਸਿਆ ਆਦਮੀ, ਗ਼ਫ਼ਲਤ, ਲਾਪਰਵਾਹੀ, ਮੂਰਖਤਾ।

فرنج ***ਫ਼ਰੰਜ,*** **فرنگ** ***ਫ਼ਰੰਗ,*** **فرنگستان** ***ਫ਼ਰੰਗਿਸਤਾਨ*** : ਯੂਰਪ, ਈਸਾਈਆਂ ਦਾ ਦੇਸ।

فرنگی ***ਫ਼ਰੰਗੀ*** : ਫ਼ਰੰਗ ਨਾਲ ਸਬੰਧਤ, ਯੂਰਪੀਨ।

فرنجه ***ਫ਼ਰੰਜਾ,*** **فرنسا** ***ਫ਼ਰੰਸਾ*** : ਫ਼ਰਾਂਸ ਇਕ ਮੁਲਕ ਦਾ ਨਾਮ।

فرنگیز ***ਫ਼ਰੰਗੀਜ਼,*** **فرنگیس** ***ਫ਼ਰੰਗੀਸ*** : ਤੂਰਾਨ ਦੇ ਬਾਦਸ਼ਾਹ ਅਫ਼ਰਾਸਿਯਾਬ ਦੀ ਪੁਤਰੀ ਦਾ ਨਾਮ, ਜੋ ਸਿਯਾਵਸ਼ ਦੀ ਬੀਵੀ ਸੀ, ਈਰਾਨ ਦਾ ਪਰਸਿੱਧ ਬਾਦਸ਼ਾਹ ਕੈਖ਼ੁਸਰੋ ਉਸੇ ਦੀ ਕੁੱਖੋਂ ਪੈਦਾ ਹੋਇਆ ਸੀ।

فرنود ***ਫ਼ਰਨੂਦ*** : ਦਲੀਲ, ਸਬੂਤ, ਪਰਮਾਣ।

فرنی ***ਫ਼ਿਰਨੀ*** : ਪੀਸੇ ਹੋਏ ਚੌਲਾਂ ਦੀ ਖੀਰ।

فرو ***ਫ਼ਰਵ*** : ਪੋਸਤੀਨ ਦਾ ਚੋਗਾ।

فرو ***ਫ਼ਰੋ,*** **فرو** ***ਫ਼ਿਰੋ,*** **فرو** ***ਫ਼ਰੋ*** : ਹੇਠਾਂ, ਹੇਠ ਵੱਲ, ਘੱਟ, ਥੋੜ੍ਹਾ, ਛੋਟੀ ਪਦਵੀ ਵਾਲਾ।

فروتن ***ਫ਼ਰੋਤਨ*** : ਨਿਮਾਣਾ, ਕਮਜ਼ੋਰ,

ਗ਼ਰੀਬ।

فروتنی ***ਫ਼ਰੋਤਨੀ*** : ਆਜਜ਼ੀ, ਨਿਮਰਤਾ, ਕਮਜ਼ੋਰੀ, ਗ਼ਰੀਬੀ।

فرودست ***ਫ਼ਰੋਦਸਤ*** : ਕਮਜ਼ੋਰ, ਨਿਰਬਲ, ਘਟ ਪਦਵੀ ਵਾਲਾ, ਅਧੀਨ।

فرورفته ***ਫ਼ਰੋ-ਰਫ਼ਤਾ*** : ਮੁਰਦਾ, ਹੇਠ ਗਿਆ ਹੋਇਆ, ਉਤਰਿਆ ਹੋਇਆ, ਡੁਬਿਆ ਹੋਇਆ, ਨਿਗਲਿਆ ਹੋਇਆ।

فروکش ***ਫ਼ਰੋ-ਕਸ਼*** : ਕਿਸੇ ਥਾਂ ਉਤਰਨ ਵਾਲਾ, ਕਿਆਮ ਕਰਨ ਵਾਲਾ।

فروگذاشت ***ਫ਼ਰੋ-ਗੁਜ਼ਾਸ਼ਤ*** : ਭੁੱਲ ਚੁੱਕ, ਗ਼ਲਤੀ, ਤਕਸੀਰ, ਜ਼ਾਇਆ ਹੋ ਜਾਣਾ।

فروماندگان ***ਫ਼ਰੋਮਾਂਦਗਾਨ*** : ਆਜਜ਼, ਲੋਕ।

فروماندگی ***ਫ਼ਰੋਮਾਂਦਗੀ*** : ਆਜਜ਼ੀ , ਨਿਮਰਤਾ, ਮਜ਼ਬੂਰੀ।

فرومانده ***ਫ਼ਰੋ-ਮਾਂਦਾ*** : ਆਜਜ਼, ਲਚਾਰ, ਥੱਕਿਆ ਹੋਇਆ, ਅਪਾਹਜ, ਹੈਰਾਨ, ਉਡੀਕਵਾਨ।

فرومایگان ***ਫ਼ਰੋਮਾਯਗਾਨ*** : (ਫ਼ਿਰੋਮਾਯਾ فرومایه ਦਾ ਬੋਹਵਚਨ) ਕਮੀਨੇ, ਨੀਚ, ਨਲਾਇਕ।

فرومایه ***ਫ਼ਰੋਮਾਯਾ*** : ਕਮੀਨਾ, ਭੈੜੇ ਅਸਲੇ ਦਾ, ਨਲਾਇਕ, ਗ਼ਰੀਬ, ਫ਼ਕੀਰ।

فروج ***ਫ਼ੁਰੂਜ*** : (ਫ਼ਰਜ فرج ਦਾ ਬੋਹਵਚਨ), ਤੇੜਾਂ; ਮਰਦ ਤੇ ਇਸਤਰੀ ਦੇ ਗੁਪਤ ਅੰਗ।

فروختن ***ਫ਼ਰੋਖ਼ਤਨ/ਫ਼ਿਰੋਖ਼ਤਨ*** : ਵੇਚਣਾ।

فروخت ***ਫ਼ਰੋਖ਼ਤ, ਫ਼ਿਰੋਖ਼ਤ*** : ਵੇਚਿਆ, ਵਿਕਰੀ।

فروختار ***ਫ਼ਰੋਖ਼ਤਾਰ*** : ਵੇਚਣ ਵਾਲਾ।

فروختگی ***ਫ਼ਰੋਖ਼ਤਗੀ*** : ਵਿਕਰੀ।

فروختنی ***ਫ਼ਰੋਖ਼ਤਨੀ*** : ਵੇਚਣ-ਯੋਗ।

فروخته ***ਫ਼ਰੋਖ਼ਤਾ*** : ਵੇਚਿਆ ਹੋਇਆ।

فرود ***ਫ਼ਿਰੋਦ*** : ਹੇਠਾਂ, ਥੱਲੇ; ਘਮੰਡੀ, ਅਭਮਾਨੀ; ਉਤਾਰਾ, ਠੈਹਰਾ, ਥੱਲਾ; ਧੋਖੇਬਾਜ਼, ਫ਼ਰੇਬੀ; ਸਿਯਾਵਸ਼ ਦੇ ਪੁੱਤਰ ਦਾ ਨਾਮ।

فرودآمدن ***ਫ਼ਿਰੋਦ ਆਮਦਨ*** : ਉਤਰਨਾ, ਠੈਹਰਨਾ।

فرودآمدنگاه ***ਫ਼ਿਰੋਦ ਆਮਦਨਗਾਹ*** : ਉਤਾਰੇ ਵਾਲੀ ਥਾਂ।

فرودداشت ***ਫ਼ਿਰੋਦਦਾਸ਼ਤ*** : ਅੰਤ, ਅਖ਼ੀਰ, ਕੰਮ ਸੰਪੂਰਨ ਕਰਨਾ, ਪੜਨਾ ਖ਼ਤਮ ਕਰਨਾ, ਹਰ ਚੀਜ਼ ਦਾ ਥੱਲੇ ਦਾ ਜਾਂ ਪਿਛਲਾ ਭਾਗ।

فرودگاه ***ਫ਼ਿਰੋਦਗਾਹ*** : ਠੈਹਰਨ ਦਾ ਸਥਾਨ।

فرور ***ਫ਼ਰਵਰ,*** فرورد ***ਫ਼ਰਵਰਦ*** : ਜੁਦਾਈ, ਵਿਜੋਗ, ਵਿਛੋੜਾ; ਸਰੇਸ਼ਟ ਬੁੱਧੀ, ਨਿਪੁੰਨਤਾ।

فروردین ***ਫ਼ਰਵਰਦੀਨ*** : ਪਾਰਸੀਆਂ ਦੇ ਸਾਲਾਂ ਦੇ ਪੈਹਲੇ ਮਹੀਨੇ ਦਾ ਨਾਮ ਜੋ ਚੇਤਰ, ਵਿਸਾਖ ਮੁਤਾਬਕ ਹੈ, ਏਹ ਇਕੱਤੀ ਦਿਨਾਂ ਦਾ ਹੁੰਦਾ ਹੈ।

فروز ***ਫ਼ੁਰੋਜ਼*** : ਰੋਸ਼ਨੀ, ਚਮਕ, ਗਰਮੀ।

فروزان ***ਫ਼ੁਰੋਜ਼ਾਨ*** : ਰੋਸ਼ਨ, ਚਮਕੀਲਾ।

فروزینه ***ਫ਼ੁਰੋਜ਼ੀਨਾ*** : ਘਾਹ-ਫੂਸ ਜਿਸ ਨਾਲ ਅੱਗ ਬਾਲੀ ਜਾਵੇ; ਚਕਮਾਕ।

فروس ***ਫ਼ੁਰੂਸ*** : (ਫ਼ਰਸ فرس ਦਾ ਬੋਹਵਚਨ) ਘੋੜੇ, ਘੋੜੀਆਂ।

فروش ***ਫ਼ੁਰੂਸ਼*** : (ਫ਼ਰਸ਼ فرش ਦਾ ਬੋਹਵਚਨ) ਚਟਾਈਆਂ, ਦਰੀਆਂ, ਗ਼ਲੀਚੇ।

فروشنده ***ਫ਼ਿਰੋਸ਼ੰਦਾ*** : ਵੇਚਣ ਵਾਲਾ, ਵਿਕਰੇਤਾ।

فروغ ***ਫ਼ੁਰੋਗ਼*** : ਰੋਸ਼ਨੀ, ਚਾਨਣ, ਕਿਰਨਾਂ, ਚਮਕ।

فروغانی ***ਫ਼ੁਰੋਗ਼ਾਨੀ*** : ਚਮਕੀਲਾ, ਰੋਸ਼ਨ।

فروغده ***ਫ਼ੁਰੋਗ਼ਦਾ*** : ਚਮਕ ਦਮਕ ਵਾਲਾ।

فرویش ***ਫ਼ਰਵੇਸ਼*** : ਭੁੱਲ ਚੁੱਕ; ਦੇਰ; ਸੁਸਤੀ, ਦਿਲ-ਮੱਠ; ਬੇਕਾਰੀ; ਵੇਹਲਾਪਣ।

فرّه ***ਫ਼ੱਰਾ*** : ਦਬਦਬਾ, ਆਨ-ਬਾਨ, ਸ਼ਾਨ-ਸ਼ੌਕਤ।

فره ***ਫ਼ਿਰਾ*** : ਜ਼ਿਆਦਾ, ਵੱਧ, ਵਾਧਾ, ਪੈਹਲ, ਪਰਾਥਮਕਤਾ, ਨੇਕ ਸੁਭਾ ਵਾਲਾ, ਖ਼ੁਸ਼, ਸੁਚੇਤ।

فرهاں ***ਫ਼ਰਹਾਦ*** : ਕੋਹਕਨ, ਈਰਾਨ ਦੇ ਇਕ ਪਰਸਿੱਧ ਆਸ਼ਕ ਦਾ ਨਾਮ, ਜੋ ਪਰਵੇਜ਼ ਦੀ ਮਲਕਾ ਸ਼ੀਰੀ ਉਪਰ ਮੋਹਤ ਸੀ।

فرهمنں ***ਫ਼ਰਹਮੰਦ*** : ਬਜ਼ੁਰਗ, ਸਿਆਣਾ, ਬੁੱਧੀਮਾਨ, ਨੇੜੇ, ਕੋਲ।

فرهنگ ***ਫ਼ਰਹੰਗ*** : ਅਕਲ, ਸਿਆਣਪ, ਇਲਮ, ਵਿੱਦਿਆ, ਗਿਆਨ, ਵਿਗਿਆਨ, ਗੰਭੀਰਤਾ, ਬਜ਼ੁਰਗੀ; ਅਨੁਮਾਨ, ਕੈਕਾਊਸ ਦੀ ਮਾਤਾ ਦਾ ਨਾਮ; ਸ਼ਬਦਾਂ ਦੇ ਅਰਥਾਂ ਦਾ ਸੰਗਰੈਹ, ਕੋਸ਼।

فرهنگسار ***ਫ਼ਰਹੰਗਸਾਰ*** : ਝੁਠਲਾਉਣਾ; ਜ਼ਾਇਲ ਕਰਨਾ, ਖੁਰਾ ਖੋਜ ਮਿਟਾਉਣਾ, ਸ਼ਕਲ ਬਦਲਨਾ, ਆਵਾਗਵਨ ਵਿਚ ਇਕ ਸ਼ਕਲ ਛੱਡ ਕੇ ਦੂਜੀ ਸ਼ਕਲ ਗਰੈਹਣ ਕਰਨਾ।

فرهنگی ***ਫ਼ਰਹੰਗੀ*** : ਉਸਤਾਦ, ਅਧਿਆਪਕ, ਕਨੂੰਨ ਵਿਚ ਨਿਪੁੰਨ, ਕਨੂੰਨ ਦਾਨ।

فرّهی ***ਫ਼ੱਰਹੀ, ਫ਼ੱਰਿਹੀ*** : ਸ਼ਾਨ-ਸ਼ੌਕਤ, ਆਨ ਬਾਨ, ਬੁਜ਼ੁਰਗੀ, ਵਡਿਆਈ, ਦਬਦਬਾ।

فریاں ***ਫ਼ਰਯਾਦ*** : (ਪੰਜਾਬੀ ਵਿਚ ਪਰਚਲਤ ਰੂਪ ''ਫਰਿਆਦ'' ਹੈ), ਮਦਦ ਲਈ ਦੁਹਾਈ ਦੇਣਾ, ਦੁਹਾਈ, ਰੋਣਾ ਪਿੱਟਣਾ।

فریاںخوان ***ਫ਼ਰਯਾਦ ਖ਼੍ਵਾਨ*** : ਫ਼ਰਿਆਦ ਕਰਨ ਵਾਲਾ।

فریاںخواه ***ਫ਼ਰਯਾਦ ਖ਼੍ਵਾਹ*** : ਫ਼ਰਿਆਦੀ।

فریاںرس ***ਫ਼ਰਯਾਦ-ਰਸ*** : ਫ਼ਰਿਆਦ ਸੁਣਨ ਵਾਲਾ, ਨਿਆਂ ਕਰਨ ਵਾਲਾ।

فریاںرسی ***ਫ਼ਰਯਾਦ-ਰਸੀ*** : ਫ਼ਰਿਆਦ ਸੁਣਨਾ, ਨਿਆਂ, ਇਨਸਾਫ਼।

فریاںی ***ਫ਼ਰਯਾਦੀ*** : ਇਨਸਾਫ਼ ਚਾਹੁਣ ਵਾਲਾ।

فریب ***ਫ਼ਰੇਬ*** : ਧੋਖਾ, ਠੱਗੀ, ਦਗ਼ਾ, ਮਕਰ, ਨਾਜ਼ੋ ਅੰਦਾਜ਼, ਨਖ਼ਰਾ।

فریبا ***ਫ਼ਰੇਬਾ,*** فریبنده ***ਫ਼ਰੇਬਿੰਦਾ,*** فریبساز ***ਫ਼ਰੇਬਸਾਜ਼,*** فریبکار ***ਫ਼ਰੇਬਕਾਰ*** : ਧੋਖੇਬਾਜ਼, ਧੋਖਾ ਦੇਣ ਵਾਲਾ।

فریبخوری ***ਫ਼ਰੇਬਖ਼ੋਰੀ*** : ਧੋਖਾ ਦੇਣਾ।

فریبندگی ***ਫ਼ਰੇਬਿੰਦਗੀ*** : ਧੋਖਾ, ਮਕਰ।

فریبی ***ਫ਼ਰੇਬੀ*** : ਧੋਖੇਬਾਜ਼।

فریں ***ਫ਼ਰੀਦ*** : ਬੇਮਿਸਲ, ਅਦੁੱਤੀ, ਲਾਸਾਨੀ, ਇਕੱਲਾ, ਸਰੇਸ਼ਟ (ਮੋਤੀ), ਮਾਲਾ ਦਾ ਸਿਰਮੋਰ ਮੋਤੀ, ਚਮਕਦਾਰ, ਇਕ ਸੂਫ਼ੀ ਸੰਤ ਦਾ ਨਾਮ ਜਿਸ ਨੂੰ ਫ਼ਰੀਦ ਸ਼ਕਰਗੰਜ ਕੈਂਹਦੇ ਹਨ।

فریدون ***ਫ਼ਰੀਦੂਨ*** : ਈਰਾਨ ਦੇ ਪਰਸਿੱਧ ਬਾਦਸ਼ਾਹ ਦਾ ਨਾਮ ਜੋ ਜਮਸ਼ੀਦ ਦੀ ਨਸਲ ਵਿਚੋਂ ਸੀ। ਜ਼ਹਾਕ ਨੇ ਜਮਸ਼ੀਦ ਤੇ ਉਸ ਦੇ ਰਿਸ਼ਤੇਦਾਰਾਂ ਦੇ ਕਤਲ ਪਿੱਛੋਂ ਜਦ ਅਤਿਆਚਾਰ ਸ਼ੁਰੂ ਕੀਤਾ ਤਾਂ ਕਾਵਾ ਲੁਹਾਰ ਨੇ ਆਪਣੀ ਧੌਂਕਣੀ ਨੂੰ ਬਾਂਸ ਤੇ ਬੰਨ੍ਹ ਕੇ ਬਗ਼ਾਵਤ ਦਾ ਝੰਡਾ ਬਲੰਦ ਕੀਤਾ, ਸਾਰੀ ਪਰਜਾ ਉਸ ਦੇ ਨਾਲ ਹੋ ਗਈ ਅਤੇ ਲੁਕੇ ਹੋਏ ਫਰੀਦੂਨ ਨੂੰ ਲੱਭ ਲਿਆ, ਜ਼ੱਹਾਕ ਨੂੰ ਫੜ ਕੇ ਉਸ ਦੇ ਹਵਾਲੇ ਕਰ ਦਿੱਤਾ ਜਿਸ ਨੂੰ ਦਮਾਵੰਦ ਪਹਾੜ ਦੀ ਖੁੰਦਰ ਵਿਚ ਕੈਦ ਕਰ ਦਿੱਤਾ ਗਿਆ, ਉਥੇ ਹੀ ਓਹ ਅੰਤ ਮਾਰਿਆ ਗਿਆ ਤੇ ਫਰੀਦੂਨ ਈਰਾਨ ਦਾ ਬਾਦਸ਼ਾਹ ਹੋ ਗਿਆ, ਕਾਵੇ ਲੁਹਾਰ ਦਾ ਏਹੀ ਝੰਡਾ ਦੁਰਫ਼ਸ਼ੇ ਕਾਵਿਯਾਨੀ ਆਖਵਾਉਂਦਾ ਹੈ ਅਤੇ ਬੜਾ ਸ਼ੁਭ ਸਮਝਿਆ ਜਾਂਦਾ ਹੈ, ਫਰੀਦੂਨ ਬੜਾ ਨਿਆਂਕਾਰੀ ਸੀ, ਸਭ ਤੋਂ ਪੈਹਲਾਂ ਏਹ ਬਾਦਸ਼ਾਹ ਹਾਥੀ 'ਤੇ ਚੜ੍ਹਿਆ ਸੀ, ਏਹ ਵਿਦਵਾਨਾਂ ਦਾ ਕਦਰਦਾਨ ਸੀ।

فریده ***ਫ਼ਰੀਦਾ*** : ਆਪ-ਹੁਦਰਾ, ਘਮੰਡੀ, ਅਭਮਾਨੀ।

فریر ***ਫ਼ਰੀਰ*** : ਇਕ ਪਰਸਿੱਧ ਬੂਟੀ, ਕਾਹਜ਼ਬਾਨ (ਗਾਉਜ਼ਬਾਨ)।

فریز ***ਫ਼ਰੀਜ਼, ਫ਼ਰੇਜ਼*** : ਸੁਗੰਧਮਈ ਘਾਹ, ਹਰਿਆਵਲ, ਸੁੱਕਾ ਮਾਸ, ਹਜਾਮਤ ਕਰਨੀ।

فریضه ***ਫ਼ਰੀਜ਼ਾ*** : ਖ਼ੁਦਾ ਦਾ ਫ਼ਰਮਾਇਆ ਹੋਇਆ, ਜ਼ਰੂਰੀ ਰੱਬੀ ਹੁਕਮ ਜੋ ਬੰਦੇ ਲਈ ਫ਼ਰਜ਼ ਹੋਵੇ ਜਿਵੇਂ 'ਨਮਾਜ਼' ਰੋਜ਼ਾ, ਆਦਿ; ਹਿੱਸਾ, ਭਾਗ, ਜਾਇਦਾਦ ਦਾ ਹਿੱਸਾ, ਜ਼ਰੂਰੀ।

فریفته ***ਫ਼ਰੇਫ਼ਤਾ*** : ਫ਼ਰੇਬ ਵਿਚ ਆਇਆ ਹੋਇਆ, ਆਸ਼ਕ, ਮੋਹਤ ਹੋਇਆ।

فریق ***ਫ਼ਰੀਕ਼*** : ਉਹ ਟੋਲਾ ਜੋ ਕਿਸੇ ਕੌਮ ਤੋਂ ਅੱਡ ਹੋ ਕੇ ਦੂਜੇ ਕਸਬੇ ਵਿਚ ਚਲਾ ਜਾਵੇ; ਟੋਲੀ, ਮੰਡਲੀ, ਜਥਾ, ਧਿਰ, ਅੱਡ ਕਰਨ ਵਾਲਾ।

فریقین ***ਫ਼ਰੀਕ਼ੈਨ*** : ਦੋਵੇ ਧਿਰਾਂ, ਦੋਵੇਂ ਟੋਲੇ।

فز ***ਫ਼ਜ਼*** : ਮਰਦ ਦਾ ਗੁਪਤ ਅੰਗ, ਮਰਦ ਦੀ ਇੰਦਰੀ।

فزا ***ਫ਼ਜ਼ਾ, ਫ਼ਿਜ਼ਾ*** : ਵੱਧ, ਵਾਧਾ, ਅੰਗੜਾਈ ਲੈਣਾ।

فزار ***ਫ਼ਜ਼ਾਰ*** : ਸੰਦ।

فزاک ***ਫ਼ਜ਼ਾਕ*** : ਸਿਰ ਦੀ ਚੋਟੀ, ਸਿਰ ਦੀ ਮਾਂਗ, ਭੈੜ, ਪਲੀਤ, ਕੋਝਾ।

فزوں ***ਫ਼ਜ਼ੂੰ*** : ਵਧਿਆ ਹੋਇਆ, ਵਾਧੂ।

فزونی ***ਫ਼ਜ਼ੂਨੀ*** : ਵਾਧਾ, ਜ਼ਿਆਦਤੀ, ਬੌਹਲਤਾ।

فِره ***ਫ਼ਿਜ਼ਿਹ*** : ਬਦਸ਼ਕਲ, ਕਰੂਪ, ਕੋਝਾ, ਪਲੀਤ, ਗੰਦਾ।

فساد ***ਫ਼ਸਾਦ*** : ਵਿਗਾੜ, ਖ਼ਰਾਬੀ, ਤਬਾਹੀ, ਬਰਬਾਦੀ, ਤਬਾਹ ਜਾਂ ਬਰਬਾਦ ਹੋਣਾ; ਬਦਮਾਸ਼ੀ, ਝਗੜਾ, ਗੜਬੜ, ਭੈ, ਡਰ, ਵਧੀਕੀ।

فسادات ***ਫ਼ਸਾਦਾਤ*** : (ਫ਼ਸਾਦ **فساد** ਦਾ ਬੌਹਵਚਨ) ਲੜਾਈ, ਝਗੜੇ।

فسادکار ***ਫ਼ਸਾਦ-ਕਾਰ,*** **فسادی** ***ਫ਼ਸਾਦੀ*** : ਫ਼ਸਾਦ ਕਰਨ ਵਾਲਾ, ਝਗੜਾ ਕਰਨ ਵਾਲਾ, ਆਕੀ, ਬਾਗ਼ੀ, ਝਗੜਾਲੂ, ਸ਼ਰਾਰਤੀ।

فسار ***ਫ਼ਸਾਰ*** : (ਅਫ਼ਸਾਰ **افسار** ਦਾ ਸੰਖਿਪਤ ਰੂਪ) ਵਾਗ ਡੋਰ।

فسان ***ਫ਼ਸਾਨ*** : ਸਾਣ ਜਿਸ ਉਤੇ ਤਲਵਾਰ, ਛੁਰੀ, ਚਾਕੂ ਆਦਿ ਦੀ ਧਾਰ ਤੇਜ਼ ਕੀਤੀ ਜਾਂਦੀ ਹੈ।

فسانه ***ਫ਼ਸਾਨਾ*** : (ਅਫ਼ਸਾਨਾ **افسانه** ਦਾ ਸੰਖਿਪਤ ਰੂਪ) ਕਿੱਸਾ, ਕਹਾਣੀ, ਕਥਾ, ਪਰਸਿੱਧ, ਮਸ਼ਹੂਰ।

فستان ***ਫ਼ਿਸਤਾਨ*** : ਖੁੱਲਾ ਚੋਗਾ, ਪੇਟੀ ਕੋਟ।

فستق ***ਫ਼ਿਸਤਕ਼*** : (ਪਿਸਤਾ ਦਾ ਅਰਬੀ ਰੂਪਾਂਤਰ) ਇਕ ਪਰਸਿੱਧ ਮੇਵਾ।

فسحت ***ਫ਼ੁਸਹਤ*** : ਵਿਸ਼ਾਲਤਾ, ਥਾਂ ਦੀ ਖੁਲ੍ਹ, ਮਕਾਨ ਦਾ ਖੁਲ੍ਹਾਪਣ, ਅਜ਼ਾਦੀ, ਲੰਮਾਈ।

فسخ ***ਫ਼ਸਖ਼*** : ਇਰਾਦਾ ਤੋੜਨਾ, ਇਰਾਦਾ ਬਦਲਨਾ, ਰਾਏ ਤੋੜ ਦੇਣਾ, ਰਾਏ ਬਦਲਨਾ, ਨਿਕਾਹ ਤੋੜਨਾ, ਖ਼ਰਾਬ ਕਰਨਾ, ਖਿਲਾਰ ਦੇਣਾ, ਕੁਰਾਨ ਭੁੱਲ ਜਾਣਾ।

فسردگی ***ਫ਼ਸੁਰਦਗੀ*** : ਜੰਮ ਜਾਣਾ, ਯਖ ਹੋ ਜਾਣਾ, ਸਰਦੀ ਨਾਲ ਜੰਮ ਜਾਣਾ, ਯਖ਼ਪੁਣਾ, ਠਿਠਰਣਾ, ਮੁਰਝਾ ਜਾਣਾ, ਰੰਜ, ਦੁੱਖ।

فسرده ***ਫ਼ਸੁਰਦਾ*** : ਜੰਮਿਆ ਹੋਇਆ, ਠਿਠਰਿਆ ਹੋਇਆ, ਬੁਝਿਆ ਹੋਇਆ, ਉਹ ਆਦਮੀ ਜਿਸ ਦਾ ਦਿਲ ਕਿਸੇ ਕੰਮ 'ਤੇ ਨਾ ਲੱਗੇ, ਦੁਖੀ, ਨਿਰਾਸ, ਸ਼ਿਕਾਰੀ।

فسرده بیان ***ਫ਼ਸੁਰਦਾ-ਬਯਾਨ*** : ਉਹ ਆਦਮੀ ਜਿਸ ਦੇ ਬਚਨ ਰੁੱਖੇ ਤੇ ਨੀਰਸ ਹੋਣ।

فسرده پستان ***ਫ਼ਸੁਰਦਾ-ਪਿਸਤਾਨ*** : ਬੁੱਢੀ ਇਸਤਰੀ।

فسرده خاطر ***ਫ਼ਸੁਰਦਾ-ਖ਼ਾਤਿਰ,*** **فسرده دل** ***ਫ਼ਸੁਰਦਾ-ਦਿਲ*** : ਉਹ ਆਦਮੀ ਜਿਸ ਦਾ ਦਿਲ ਕਿਸੇ ਕੰਮ ਤੇ ਨਾ ਲੱਗੇ, ਉਦਾਸ, ਪਿਆਰ-ਵਾਂਝਾ, ਸਖ਼ਤ ਦਿਲ, ਪੱਥਰ ਦਿਲ।

فسرده شهر ***ਫ਼ਸੁਰਦਾ-ਸ਼ਹਰ*** : ਏਹ ਸੰਸਾਰ।

فسق ***ਫ਼ਿਸਕ*** : ਖ਼ੁਦਾ ਦੀ ਨਾਫ਼ਰਮਾਨੀ, ਰੱਬ ਦੇ ਹੁਕਮ ਦੀ ਅਵੱਗਿਆ, ਸਿੱਧੇ ਤੇ ਸੱਚੇ ਮਾਰਗ ਤੋਂ ਔਝੜ ਪੈ ਜਾਣਾ, ਆਕੀਪਣ; ਅਸ਼ਲੀਲਤਾ, ਵਿਭਚਾਰ, ਬਦਕਾਰੀ, ਗੁਨਾਹ, ਜੁਰਮ, ਪਾਪ।

فسوق ***ਫ਼ੁਸੂਕ*** : ਨਾਫ਼ਰਮਾਨੀ, ਗੁਨਾਹ, ਪਾਪ, ਸ਼ਰਾਰਤ, ਵਿਭਚਾਰ, ਜ਼ੁਲਮ, ਵਧੀਕੀ, ਅਤਿਆਚਾਰ, ਔਝੜ ਪੈਣਾ, ਸਿੱਧਾ ਰਸਤਾ ਛੱਡ ਜਾਣਾ।

فسون ***ਫ਼ੁਸੂਨ*** : ਜਾਦੂ, ਟੂਣਾ, ਮੰਤਰ, ਧੋਖਾ, ਫ਼ਰੇਬ, ਮਕਰ।

فسون ساز ***ਫ਼ਸੂੰ-ਸਾਜ਼,*** **فسونگر**

ਫ਼ੁਸੂਨ-ਗਰ : ਜਾਦੂਗਰ, ਤੰਤਰੀ, ਟੂਣੇਹਾਰ।

فسون وفسانہ *ਫ਼ੁਸੂਨ-ਉ-ਫ਼ਸਾਨਾ* : ਕਲਪਿਤ ਕਹਾਣੀਆਂ; ਜਾਦੂ, ਟੂਣੇ।

فسیح *ਫ਼ਸੀਹ* : ਖੁੱਲ੍ਹਾ, ਵਿਸ਼ਾਲ, ਲੰਮਾ ਚੌੜਾ।

فسیحہ *ਫ਼ਸੀਹਾ* : ਖੁੱਲ੍ਹਾ ਤੇ ਵਿਸ਼ਾਲ।

فسیلہ *ਫ਼ਸੀਲਾ* : ਘੋੜਿਆਂ, ਖੱਚਰਾਂ, ਖੋਤਿਆਂ, ਹਰਨਾਂ, ਗਾਵਾਂ ਤੇ ਬਲਦਾਂ ਆਦਿ ਜਾਨਵਰਾਂ ਦਾ ਵੱਗ, ਇੱਜੜ, ਸ਼ਾਖ਼, ਡਾਲੀ।

فش *ਫ਼ਸ਼* : ਵਰਗਾ, ਵਾਂਗ, ਪਗੜੀ ਦਾ ਸ਼ਮਲਾ, ਪਗੜੀ ਦਾ ਪਿੱਛੇ ਛੱਡਿਆ ਲੜ, ਘੋੜੇ ਦੇ ਮੱਥੇ ਦੇ ਵਾਲ; ਕੱਪੜੇ ਲਾਹੁਣ ਦੀ ਅਵਾਜ਼, ਸਮਰੂਪਤਾ, ਹਰ ਚੀਜ਼ ਦਾ ਪਿੱਛਾ ਜਾਂ ਅੰਤ, ਖਿਲਰਿਆ ਹੋਇਆ, ਘੋੜੇ ਦੇ ਮੂੰਹ ਦੇ ਹਿੱਸੇ, ਘੋੜੇ ਦੀ ਪੂਛ।

فشار *ਫ਼ਸ਼ਾਰ/ਫ਼ਿਸ਼ਾਰ* : ਭਚੀੜਨਾ, ਨਚੋੜਨਾ, ਛਿੜਕਣਾ, ਖਿਲਾਰਨਾ, ਦਬਾਉਣਾ।

فشار *ਫ਼ਿਸ਼ਾਰ,* **فشارش** *ਫ਼ਿਸ਼ਾਰਿਸ਼* : ਨਚੋੜ।

فشار *ਫ਼ੁਸ਼ਾਰ* : ਅਸ਼ਲੀਲ ਗਾਲ੍ਹ, ਬੇਹੂਦਾ ਗੱਲ, ਬਕਵਾਸ।

فشاندن *ਫ਼ਿਸ਼ਾਨੁਦਨ* : ਝਾੜਨਾ।

فشان *ਫ਼ਿਸ਼ਾਨ* : ਝਾੜਦਾ ਹੋਇਆ, ਉਗਲਦਾ ਹੋਇਆ।

فشر *ਫ਼ਸ਼ਰ* : ਬਦ ਜ਼ਬਾਨ, ਬੇਹੂਦਾ, ਬਕਵਾਸੀ।

فشردن *ਫ਼ਸ਼ੁਰਦਨ* : ਭਚੀੜਨਾ, ਦੱਬਣਾ, ਨਚੋੜਨਾ, ਪਕੀ ਤਰ੍ਹਾਂ ਪੈਰ ਜਮਾਉਣਾ।

فشردہ قدم *ਫ਼ਸ਼ੁਰਦਾ ਕਦਮ* : ਪੱਕੇ ਪੈਰਾਂ ਵਾਲਾ, ਦ੍ਰਿੜ੍ਹ ਨਿਸ਼ਚੇ ਵਾਲਾ।

فشنگ *ਫ਼ਿਸ਼ੰਗ* : ਕਾਰਤੂਸ।

فشنگ سازی *ਫ਼ਿਸ਼ੰਗ ਸਾਜ਼ੀ* : ਕਾਰਤੂਸ ਬਣਾਉਣ ਦਾ ਕਿੱਤਾ।

فصاحت *ਫ਼ਸਾਹਤ* : ਗੱਲ ਖੋਲ੍ਹ ਕੇ ਬਿਆਨ ਕਰਨਾ, ਖ਼ੁਸ਼ ਬਿਆਨੀ, ਭਾਸ਼ਣ ਕਲਾ, ਕਲਾਮ ਵਿਚ ਮੁਹਾਵਰੇ ਦੇ ਵਿਰੁੱਧ ਸ਼ਬਦ ਨਾ ਲਿਆਉਣਾ।

فُصَحا *ਫ਼ੁਸਹਾ* : (ਫ਼ਸੀਹ **فصیح** ਦਾ ਬੌਹਵਚਨ) ਚੰਗੇ ਭਾਸ਼ਣਕਾਰ, ਖ਼ੁਸ਼ ਬਿਆਨ ਲੋਕ।

فصل *ਫ਼ਸਲ* : ਸਾਲ ਦੇ ਚਾਰ ਮੌਸਮਾਂ ਵਿਚੋਂ ਇਕ ਮੌਸਮ, ਰੁੱਤ, ਪੁਸਤਕ ਦਾ ਇਕ ਭਾਗ, ਅਧਿਆਏ, ਕਾਂਡ, ਅੱਡ ਹੋਣਾ ਜਾਂ ਕਰਨਾ, ਜੁਦਾਈ, ਦੋ ਚੀਜ਼ਾਂ ਦਾ ਵਿਚਕਾਰਲਾ ਪਰਦਾ, ਅੰਞਾਣੇ ਦਾ ਦੁੱਧ ਛਡਵਾਉਣਾ, ਸੱਚੀ ਗੱਲ, ਸੱਚਾ ਤੇ ਸਿੱਧਾ ਹੁਕਮ, ਬਾਜ਼ ਰੱਖਣਾ, ਵਰਜਣਾ, ਰੋਕਣਾ, ਕੱਟਣਾ, ਤੋੜਨਾ।

فصلی *ਫ਼ਸਲੀ* : ਫ਼ਸਲ ਨਾਲ ਸਬੰਧਤ, ਮੌਸਮੀ, ਰੁੱਤ ਦਾ।

فصول *ਫ਼ੁਸੂਲ* : (ਫ਼ਸਲ **فصل** ਦਾ ਬੌਹਵਚਨ) ਫ਼ਸਲਾਂ, ਰੁੱਤਾਂ।

فصولِ چہارگانہ *ਫ਼ੁਸੂਲ-ਏ-ਚਹਾਰ-ਗਾਨਹਾ* : ਚਾਰ ਫ਼ਸਲਾਂ ਜਾਂ ਮੌਸਮ।

فصیح *ਫ਼ਸੀਹ* : ਖ਼ੁਸ਼, ਸੁੰਦਰ ਭਾਸ਼ਣ ਦੇਣ ਵਾਲਾ, ਚੰਗਾ ਭਾਸ਼ਣਕਾਰ, ਸ਼ੁੱਧ ਤੇ ਸਪਸ਼ਟ ਭਾਸ਼ਣ ਦੇਣ ਵਾਲਾ।

فصیل *ਫ਼ਸੀਲ* : ਸ਼ੈਹਰ ਦੇ ਆਲੇ-ਦੁਆਲੇ ਦੀ ਚਾਰ ਦੀਵਾਰੀ, ਵਲਗਣ, ਕਿਲ੍ਹੇ ਦੀ ਚਾਰ ਦੀਵਾਰੀ।

فضا *ਫ਼ਜ਼ਾ* : ਖੁੱਲ੍ਹਾ ਵਾਤਾਵਰਨ, ਵਿਸ਼ਾਲਤਾ, ਘਰ ਆਦਿ ਦਾ ਖੁੱਲ੍ਹਾ ਹੋਣਾ, ਖੁੱਲ੍ਹੀ ਜਗ੍ਹਾ, ਖੁੱਲ੍ਹਾ ਵੇਹੜਾ।

فضائل *ਫ਼ਜ਼ਾਇਲ* : (ਫ਼ਜ਼ੀਲਤ **فضیلت** ਦਾ ਬੌਹਵਚਨ) ਨੇਕੀਆਂ; ਵਧੀਕੀਆਂ, ਜ਼ਿਆਦਤੀਆਂ, ਉੱਚੀਆਂ ਪਦਵੀਆਂ, ਉੱਤਮ ਗੁਣ, ਸ਼ਰੇਸ਼ਟ ਹੁਨਰ, ਖ਼ੂਬੀਆਂ, ਵਡਿਆਈਆਂ।

فضائلِ اربعہ *ਫ਼ਜ਼ਾਇਲ-ਏ-ਅਰਬਆ* : ਚਾਰੇ ਫ਼ਜ਼ੀਲਤਾਂ ਜਾਂ ਵਡਿਆਈਆਂ ਭਾਵ ਹਿਕਮਤ, ਸੁਜਾਅਤ (ਬਹਾਦਰੀ), ਇਫ਼ੱਤ (ਪਰਹੇਜ਼ਗਾਰੀ, ਭਗਤੀ, ਪਵਿੱਤਰਤਾ) ਅਤੇ ਅਦਾਲਤ (ਨਿਆਂ)।

فضل *ਫ਼ਜ਼ਲ* : ਵਡਿਆਈ, ਬਖ਼ਸ਼ਸ਼, ਮੇਹਰ, ਬਚਿਆ ਹੋਇਆ, ਵਾਧੂ, ਬਜ਼ੁਰਗੀ ਵਿਚ ਅਗ੍ਹਾਂ ਹੋ ਜਾਣਾ, ਇਕ ਸ਼ਾਇਰ ਦਾ ਉਪ-ਨਾਮ।

فضلِ الٰہی *ਫ਼ਜ਼ਲ-ਏ-ਇਲਾਹੀ,* **فضلِ مولا** *ਫ਼ਜ਼ਲ-ਏ-ਮੌਲਾ* : ਰੱਬੀ

ਬਖ਼ਸ਼ਸ਼, ਰੱਬ ਦੀ ਮੇਹਰ।

فضلا ***ਫ਼ੁਜ਼ਲਾ*** : (ਫ਼ਾਜ਼ਿਲ **فاضل** ਦਾ ਬੌਹਵਚਨ) ਸਿਆਣੇ, ਵਿਦਵਾਨ ਲੋਕ।

فضلات ***ਫ਼ਜ਼ਲਾਤ, ਫ਼ੁਜ਼ਲਾਤ*** : (ਫ਼ੁਜ਼ਲਾ **فضله** ਦਾ ਬੌਹਵਚਨ) ਚੀਜ਼ਾਂ ਦੀ ਵਾਧੂ ਰੈਂਹਦਖੂੰਦ, ਜੂਠ ਆਦਿ ਬਚੀਆਂ ਹੋਈਆਂ ਚੀਜ਼ਾਂ, ਚੀਜ਼ਾਂ ਦੇ ਫੋਕ, ਪਖ਼ਾਨੇ।

فضله ***ਫ਼ਜ਼ਲਾ, ਫ਼ੁਜ਼ਲਾ*** : ਹਰ ਚੀਜ਼ ਦਾ ਬਕਾਇਆ, ਵਾਧੂ ਹਿੱਸਾ, ਰੈਂਹਦਖੂੰਦ, ਫੋਕ, ਜੂਠ, ਬਚਿਆ- ਖੁਚਿਆ ਖਾਣਾ, ਪਲੀਦੀ, ਗੰਦ ਮੰਦ, ਪਖਾਨਾ; ਦਰਖ਼ਤ ਦੀਆਂ ਓਹ ਡਾਲੀਆਂ ਜੋ ਫਲ ਤੋੜਨ ਪਿਛੋਂ ਵਧਣੋਂ ਫੁਲਣੋਂ ਰੈਹ ਜਾਣ।

فضلۂرز ***ਫ਼ੁਜ਼ਲਾ-ਏ-ਰਜ਼*** : ਅੰਗੂਰ ਦੀਆਂ ਓਹ ਸ਼ਾਖਾਂ ਜੋ ਫਲ ਲਾਹੁਣ ਪਿਛੋਂ ਕਟਣਯੋਗ ਹੋਣ।

فضلۂزار ***ਫ਼ੁਜ਼ਲਾ-ਜ਼ਾਰ*** : ਗੰਦ ਮੰਦ ਤੇ ਕੂੜਾ ਕਰਕਟ ਸੁੱਟਣ ਦੀ ਥਾਂ, ਗੰਦ ਮੰਦ ਨਾਲ ਭਰੀ ਥਾਂ।

فضول ***ਫ਼ੁਜ਼ੂਲ*** : (ਫ਼ਜ਼ਲ **فضل** ਦਾ ਬੌਹਵਚਨ) ਵਧੀਕੀਆਂ, ਬਜ਼ੁਰਗੀਆਂ, ਵਡਿਆਈਆਂ, ਸ਼ੇਖ਼ੀਆਂ, ਬੇਕਾਰ, ਬੇਫ਼ਾਇਦਾ, ਨਿਕੰਮੀ, ਨਿਕੰਮਾ।

فضولگو ***ਫ਼ੁਜ਼ੂਲ-ਗੋ*** : ਫ਼ਜ਼ੂਲ ਗੱਲਾਂ ਕਰਨ ਵਾਲਾ, ਬਾਤੂਨੀ, ਬਕਵਾਸੀ।

فضولنفس ***ਫ਼ੁਜ਼ੂਲ ਨਫ਼ਸ*** : ਪਰਚਾਰਕ।

فضولی ***ਫ਼ੁਜ਼ੂਲੀ*** : ਬਕਵਾਸੀ, ਫ਼ਜ਼ੂਲ ਕੰਮ ਕਰਨ ਵਾਲਾ, ਬੇਹੂਦਾ, ਗੁਸਤਾਖ਼, ਘਮੰਡੀ।

فضیحت ***ਫ਼ਜ਼ੀਹਤ*** : ਬਦਨਾਮੀ, ਖ਼ੁਆਰੀ।

فضیحتی ***ਫ਼ਜ਼ੀਹਤੀ*** : ਬਦਨਾਮ, ਜ਼ਲੀਲ।

فضیل ***ਫ਼ਜ਼ੀਲ*** : ਸਰਵਸ਼੍ਰੇਸ਼ਟ, ਪਰਸ਼ੰਸਾਯੋਗ, ਇਕ ਵਲੀ ਦਾ ਨਾਮ, ਹਜ਼ਰਤ ਇਬਰਾਹੀਮ ਅਦਹਮ ਸ਼ਾਹ ਬਲਖ਼ ਓਹਨਾਂ ਦੇ ਹੀ ਮੁਰੀਦ ਸਨ।

فضیلت ***ਫ਼ਜ਼ੀਲਤ*** : ਬੌਹਤਾਤ, ਵਡਿਆਈ, ਬਜ਼ੁਰਗੀ, ਹੁਨਰ, ਸਿਆਣਪ, ਨਫ਼ਾ, ਇਨਾਮ, ਲਾਭ, ਨੇਕੀ, ਕਮਾਲ।

فطر ***ਫ਼ਿਤਰ*** : ਰੋਜ਼ਾ ਖੋਲ੍ਹਣਾ, ਰੋਜ਼ਾ ਖੋਲ੍ਹਣ ਵਾਲਾ/ਵਾਲੇ, ਨਾਸ਼ਤਾ।

فطرت ***ਫ਼ਿਤਰਤ*** : ਸ੍ਰਿਸ਼ਟੀ ਦੀ ਉਤਪਤੀ, ਪੈਦਾਇਸ਼, ਜਨਮ, ਰੁਚੀ, ਕੁਦਰਤ, ਜ਼ਮੀਰ, ਅਸਲ, ਸਿਆਣਪ, ਅਕਲਮੰਦੀ; ਚਾਲ, ਧੋਖਾ, ਫ਼ਰੇਬ, ਕਰਤਾ ਦੀ ਉਤਪੰਨ-ਸ਼ਕਤੀ; ਈਦ ਨੂੰ ਦਿੱਤੀ ਜਾਣ ਵਾਲੀ ਖ਼ੈਰਾਤ; ਨਾਸ਼ਤਾ।

فطرتِاول ***ਫ਼ਿਤਰਤ-ਏ-ਅੱਵਲ*** : ਰੂਹਾਂ ਦੀ ਪੈਦਾਇਸ਼ ਜੋ ਸਭ ਤੋਂ ਪੈਹਲਾਂ ਹੋਈ ਸੀ।

فطری ***ਫ਼ਿਤਰੀ*** : ਫ਼ਿਤਰਤ ਅਨੁਸਾਰ, ਪੈਦਾਇਸ਼ੀ।

فعال ***ਫ਼ਿਆਲ*** : (ਫ਼ਿਅਲ **فعل** ਦਾ ਬੌਹਵਚਨ) ਕੰਮ (ਬੌਹਤੇ) ।

فعل ***ਫ਼ਿਅਲ*** : ਕੰਮ, ਕਾਰ, ਅਮਲ, ਕਰਮ, ਕਿਸੇ ਦਾ ਕੰਮ ਕਰਨਾ, ਬਹਾਨਾ, ਮੰਦਾ ਕੰਮ, ਕਰਤੂਤ, ਗ਼ੈਰ-ਫਿਤਰੀ ਕੰਮ, ਵਿਭਚਾਰ, ਵਿਆਕਰਨ ਵਿਚ ਕਿਰਿਆ, ਊਠਣੀ ਤੇ ਹਰ ਮੁਦੀਨ ਦਾ ਗੁਪਤ ਅੰਗ।

فعلاً ***ਫ਼ਿਅਲਨ*** : ਵਾਸਤਵ ਵਿਚ।

فعلگی ***ਫ਼ਿਅਲਗੀ*** : ਮਜ਼ਦੂਰੀ।

فعلِمجہول ***ਫ਼ਿਅਲ-ਏ-ਮਜਹੂਲ*** : ਓਹ ਕਿਰਿਆ ਜਿਸ ਦਾ 'ਕਰਤਾ' ਮੌਜੂਦ ਨਾ ਹੋਵੇ।

فعلمعروف ***ਫ਼ਿਅਲ-ਏ-ਮਅਰੂਫ਼*** : ਓਹ ਕਿਰਿਆ ਜਿਸ ਦਾ ਕਰਤਾ ਮੌਜੂਦ ਹੋਵੇ।

فغان ***ਫ਼ੁਗ਼ਾਨ*** : ਪੁਕਾਰ, ਰੋਣਾ, ਰੌਲਾ-ਰੱਪਾ, ਅਫ਼ਸੋਸ, ਦੁਹਾਈ, ਵਾਵੇਲਾ।

فغفور ***ਫ਼ਗ਼ਫ਼ੂਰ*** : (= ਬਗ਼ਫ਼ੂਰ) ਬੁੱਤ ਦਾ ਪੁੱਤਰ, ਚੀਨ ਦੇ ਇਕ ਬਾਦਸ਼ਾਹ ਦਾ ਨਾਮ, ਜਿਸ ਨੂੰ ਉਸ ਦੇ ਮਾਪਿਆਂ ਨੇ ਇਕ ਬੁਤ/ਮੂਰਤੀ ਦੀ ਭੇਟਾ ਕਰ ਦਿੱਤਾ ਸੀ, ਪਿਛੋਂ ਚੀਨ ਦੇ ਬਾਦਸ਼ਾਹਾਂ ਦੀ ਉਪਾਧੀ ਬਣ ਗਿਆ।

فقد ***ਫ਼ਕਦ*** : ਗੁੰਮ ਹੋਣਾ, ਗੁੰਮ ਕਰਨਾ, ਗਵਾਉਣਾ।

فقدان ***ਫ਼ਿਕਦਾਨ, ਫ਼ੁਕਦਾਨ*** : ਗੁੰਮ ਹੋਣਾ, ਗੁੰਮ ਕਰਨਾ, ਨਾ ਹੋਣਾ, ਭੁੱਲ, ਕਮੀ।

فقر ***ਫ਼ਕਰ*** : ਫ਼ਕੀਰੀ, ਦਰਵੇਸ਼ੀ, ਕਲੰਦਰੀ,

ਗ਼ਰੀਬੀ, ਪੁੱਟਣਾ।

فقرا ***ਫ਼ੁਕ਼ਰਾ*** : (ਫ਼ਕ਼ੀਰ **فقیر** ਦਾ ਬੌਹਵਚਨ) ਬੌਹਤੇ ਫ਼ਕੀਰ, ਦਰਵੇਸ਼ (ਬੌਹਤੇ)।

فقرات ***ਫ਼ਿਕ਼ਰਾਤ*** : (ਫ਼ਿਕਰਾ **فقره** ਦਾ ਬੌਹਵਚਨ), ਬੌਹਤੇ ਵਾਕ।

فقره ***ਫ਼ਿਕ਼ਰਾ*** : ਰੀੜ੍ਹ ਦੀ ਹੱਡੀ ਦਾ ਇਕ ਮਣਕਾ, ਇਬਾਰਤ ਦਾ ਇਕ ਟੋਟਾ, ਵਾਕ; ਕਵਿਤਾ ਵਿਚਲੀ ਸਰਵਸਰੇਸ਼ਟ ਤੁਕ, ਉੱਤਮ ਵਾਕ।

فقط ***ਫ਼ਕ਼ਤ*** : ਬਸ; ਕੇਵਲ, ਸਿਰਫ਼, ਇਕੱਲਾ, ਤਨਹਾ।

فقه ***ਫ਼ਿਕ਼ਹ*** : ਦੀਨ ਦੀ ਵਿੱਦਿਆ, ਸ਼ਰੀਅਤ ਦੇ ਨਿਯਮਾਂ ਦੀ ਵਾਕਫ਼ੀਅਤ; ਪਤਾ ਕਰਨਾ।

فقیه ***ਫ਼ਕ਼ੀਹ*** : ਸਿਆਣਾ, ਵਿਦਵਾਨ, ਸ਼ਰੀਅਤ ਵਿਦਿਆ ਦਾ ਜਾਣਨ ਵਾਲਾ, ਮੁਫ਼ਤੀ।

فقُها ***ਫ਼ੁਕ਼ਹਾ*** : (ਫ਼ਕ਼ੀਹ **فقیه** ਦਾ ਬੌਹਵਚਨ) ਦੀਨ ਦੇ ਇਲਮ ਨੂੰ ਜਾਣਨ ਵਾਲੇ, ਦੀਨ ਦੇ ਮੁਫ਼ਤੀ।

فقید ***ਫ਼ਕ਼ੀਦ*** : ਦੁਰਲੱਭ, ਅਦੁੱਤੀ; ਗੁੰਮਿਆ ਹੋਇਆ, ਮਿਟਿਆ ਹੋਇਆ।

فقیدالمثال ***ਫ਼ਕ਼ੀਦ-ਉਲ-ਮਿਸਾਲ,*** **فقیدالمثل** ***ਫ਼ਕ਼ੀਦ-ਉਲ-ਮਿਸਲ,*** **فقیدالنظیر** ***ਫ਼ਕ਼ੀਦੁੱਨਜ਼ੀਰ*** : ਅਦੁੱਤੀ, ਬੇਮਿਸਾਲ, ਲਾਜਵਾਬ, ਬੇਨਜ਼ੀਰ, ਲਸਾਨੀ।

فقیر ***ਫ਼ਕ਼ੀਰ*** : ਦਰਵੇਸ਼, ਗਰੀਬ, ਕੰਗਾਲ ; ਗੰਭੀਰ, ਮੰਗਤਾ, ਭਿਖਾਰੀ, ਸ਼ਰੀਅਤ ਅਨੁਸਾਰ ਓਹ ਵਿਅਕਤੀ ਜਿਸ ਕੋਲ ਕੇਵਲ ਇਕ ਦਿਨ ਦਾ ਰਾਸ਼ਨ ਹੋਵੇ।

فقیرانه ***ਫ਼ਕ਼ੀਰਾਨਾ*** : ਫ਼ਕੀਰਾਂ ਵਾਂਗ, ਦਰਵੇਸ਼ਾਂ ਵਾਂਗ।

فقیری ***ਫ਼ਕ਼ੀਰੀ*** : ਦਰਵੇਸ਼ੀ, ਗ਼ਰੀਬੀ।

فک ***ਫ਼ੱਕ*** : ਪਰਸਪਰ ਮਿਲੀਆਂ ਹੋਈਆਂ ਦੋ ਵਸਤਾਂ ਨੂੰ ਅੱਡ ਕਰਨਾ, ਕੈਦੀ ਛਡਵਾਉਣਾ, ਗੁਲਾਮ ਅਜ਼ਾਦ ਕਰਨਾ, ਛੱਡ ਦੇਣਾ, ਬੰਦ ਖ਼ਲਾਸੀ ਕਰਨਾ।

فکِ اضافت ***ਫ਼ੱਕ-ਏ-ਇਜ਼ਾਫ਼ਤ*** : ਇਜ਼ਾਫ਼ਤ ਦਾ ਛੱਡ ਦੇਣਾ ਜਿਵੇਂ ਸਾਹਿਬ ਦਿਲ, ਇਸ ਵਿਚ 'ਸਾਹਿਬ' ਦੀ ਇਜ਼ਾਫ਼ਤ ਛੱਡ ਦਿੱਤੀ ਗਈ ਹੈ।

فکر ***ਫ਼ਿਕਰ,*** **فکرت** ***ਫ਼ਿਕਰਤ*** : ਸੋਚਣਾ, ਸੋਚ ਵਿਚਾਰ, ਧਿਆਨ, ਗ਼ੌਰ।

فکرمند ***ਫ਼ਿਕਰਮੰਦ*** : ਸੋਚਣ ਵਾਲਾ, ਸੋਚ ਵਿਚ ਡੁੱਬਿਆ ਹੋਇਆ, ਚਿੰਤਾ ਕਰਨ ਵਾਲਾ।

فکرمندی ***ਫ਼ਿਕਰਮੰਦੀ*** : ਸੋਚ ਵਿਚਾਰ, ਚਿੰਤਨ।

فکری ***ਫ਼ਿਕਰੀ*** : ਸੋਚ ਵਿਚਾਰ ਵਾਲਾ, ''ਫ਼ਿਕਰ'' ਨਾਲ ਸਬੰਧਤ।

فگار ***ਫ਼ਿਗਾਰ,*** **فگال** ***ਫ਼ਿਗਾਲ*** : ਜ਼ਖ਼ਮ, ਫੱਟ।

فگاری ***ਫ਼ਗਾਰੀ*** : ਜ਼ਖ਼ਮ ਲਾਉਣਾ, ਫੱਟੜ ਕਰਨਾ।

فگندن ***ਫ਼ਿਗੰਦਨ*** : ਸੁੱਟਣਾ, ਇਕ ਪਾਸੇ ਰੱਖ ਦੇਣਾ।

فگنده ***ਫ਼ਿਗੰਦਾ*** : ਸੁੱਟਿਆ ਹੋਇਆ, ਇਕ ਪਾਸੇ ਰੱਖਿਆ ਹੋਇਆ।

فگندهسر ***ਫ਼ਿਗੰਦਾ-ਸਰ*** : ਢੱਠੇ (ਝੁਕੇ ਹੋਏ) ਸਿਰ ਵਾਲਾ, ਪਰਾਰਥਨਾ ਕਰਦਾ ਹੋਇਆ; ਸ਼ਰਮਸਾਰ।

فلاح ***ਫ਼ਲਾਹ਼*** : ਸਫਲਤਾ, ਛੁਟਕਾਰਾ, ਬੰਦ-ਖਲਾਸੀ, ਜ਼ਿੰਦਗੀ, ਭਲਾਈ, ਨੇਕੀ, ਸਰਘੀ ਖਾਣਾ; ਸੌਖ, ਅਰਾਮ; ਰਾਜ਼ੀ ਖੁਸ਼ੀ, ਖ਼ੈਰ, ਖ਼ੈਰੀਅਤ, ਸਲਾਮਤੀ, ਚੰਗਿਆਈ।

فلاح ***ਫ਼ਲੱਾਹ਼*** : ਖੇਤੀ ਕਰਨ ਵਾਲਾ, ਕਿਸਾਨ।

فلاحت ***ਫ਼ਲਾਹ਼ਤ*** : ਖੇਤੀ ਕਰਨਾ, ਖੇਤੀਬਾੜੀ, ਨੇਕੀ, ਭਲਾਈ।

فلاسفه ***ਫ਼ਲਾਸਿਫ਼ਾ*** : (ਫ਼ਲਸਫ਼ੀ/ਫ਼ੈਲਸੂਫ਼ **فیلسوف/فیلسفی** ਦਾ ਬੌਹਵਚਨ) ਸਿਆਣੇ, ਚਿੰਤਕ।

فلاطون ***ਫ਼ਲਾਤੂਨ*** : (ਅਫ਼ਲਾਤੂਨ **افلاطون** ਦਾ ਸੰਖਿਪਤ ਰੂਪ) ਇਕ ਪਰਸਿੱਧ ਯੂਨਾਨੀ ਚਿੰਤਕ ਦਾ ਨਾਮ।

فلاں ***ਫ਼ੁਲਾਂ*** : (ਪੰਜਾਬੀ ਵਿਚ ਪਰਚੱਲਤ ਰੂਪ ''ਫਲਾਣਾ'' ਹੈ) ਅਣਜਾਣ ਪੁਰਸ਼, ਫਲਾਣਾ, ਗ਼ੈਰ ਮਲੂਮ ਆਦਮੀ।

فلاں ار فلاں ***ਫ਼ੁਲਾਂ ਅਜ਼ ਫ਼ੁਲਾਂ*** : ਸ਼ੇਖੀ ਮਾਰਨਾ, ਫੜਾਂ ਮਾਰਨੀਆਂ।

فلانہ ***ਫ਼ੁਲਾਨਾ,*** **فلانی** ***ਫ਼ੁਲਾਨੀ*** : ਅਗਿਆਤ।

فلخ ***ਫ਼ਲਖ਼*** : ਕਪਾਹ ਵੇਲਣਾ, ਰੂੰ ਵੜੇਵੇਂ ਅੱਡ ਕਰਨਾ।

فلس ***ਫ਼ਲਸ*** : ਪੈਸਾ, ਮੱਛੀ ਦਾ ਖ਼ਪਰਾ।

فلسفہ ***ਫ਼ਲਸਫ਼ਾ*** : ਦਰਸ਼ਨ, ਫ਼ੈਲਸੂਫ਼ ਹੋਣਾ।

فلسفی ***ਫ਼ਲਸਫ਼ੀ*** : ਫ਼ਲਸਫ਼ੇ ਦਾ ਮਾਹਰ, ਸਿਆਣਾ, ਚਿੰਤਕ।

فلفل ***ਫ਼ਿਲਫ਼ਿਲ*** : (ਪਿਲਪਿਲ **پلپل** ਦਾ ਅਰਬੀ ਰੂਪਾਂਤਰ) ਕਾਲੀ ਮਿਰਚ।

فلفل دراز ***ਫ਼ਿਲਫ਼ਿਲ-ਦਰਾਜ਼*** : ਮੱਘਾਂ।

فلفل سرخ ***ਫ਼ਿਲਫ਼ਿਲ-ਏ-ਸੁਰਖ਼*** : ਲਾਲ ਮਿਰਚ।

فلک ***ਫ਼ਲਕ*** : ਅਸਮਾਨ।

فلکِ اعظم ***ਫ਼ਲਕ-ਏ-ਅਅਜ਼ਮ,*** **فلکِ اطلس** ***ਫ਼ਲਕ-ਏ-ਅਤਲਸ*** **فلک الافلاک** ***ਫ਼ਲਕ-ਉਲ-ਅਫ਼ਲਾਕ*** : ਨੌਵਾਂ ਅਸਮਾਨ, ਅਰਸ਼।

فلک اندازہ کردن ***ਫ਼ਲਕ ਅੰਦਾਜ਼ਾ ਕਰਦਨ*** : ਉੱਚਾ ਮਰਤਬਾ ਹਾਸਲ ਕਰਨਾ, ਤਰੱਕੀ ਪਰਾਪਤ ਕਰਨਾ।

فلکِ قدر ***ਫ਼ੁਲਕ-ਕਦਰ,*** **فلک محل** ***ਫ਼ਲਕ-ਮਹਲ,*** **فلک مرتبہ** ***ਫ਼ਲਕ ਮਰਤਬਾ*** : ਉੱਚੀ ਪਦਵੀ ਵਾਲਾ, ਉੱਚੇ ਰੁਤਬੇ ਵਾਲਾ।

فلک نورد ***ਫ਼ਲਕ-ਨਵਰਦ*** : ਤੇਜ਼ ਚਾਲ ਵਾਲਾ, ਤੇਜ ਰਫਤਾਰ।

فلک نہاد ***ਫ਼ਲਕ-ਨਿਹਾਦ*** : ਓਹ ਚੀਜ਼ ਜਿਸ ਦੀ ਬੁਨਿਆਦ ਅਸਮਾਨ ਵਾਂਗ ਉੱਚੀ ਤੇ ਪੱਕੀ ਹੋਵੇ।

فلکی ***ਫ਼ਲਕੀ*** : ਅਸਮਾਨ ਨਾਲ ਸਬੰਧਤ, ਅਸਮਾਨੀ; ਅਸਮਾਨੀ ਇਲਮ ਜਾਣਨ ਵਾਲਾ।

فلوس ***ਫ਼ੁਲੂਸ*** : ('ਫ਼ਲਸ' **فلس** ਦਾ ਬੌਹਵਚਨ) ਪੈਸੇ, ਮੱਛੀ ਦੇ ਖਪਰੇ, ਮੱਛੀ ਦੇ ਛਿਲਕੇ।

فلهذا ***ਫ਼ਲਿਹਾਜ਼ਾ*** : ਤਾਂ ਤੇ, ਇਸ ਵਾਸਤੇ, ਇਸ ਲਈ, ਸੋ।

فن ***ਫ਼ੱਨ*** : ਤੌਰ ਤਰੀਕਾ, ਸਲੀਕਾ, ਪਰਕਾਰ, ਕਿਸ਼ਮ, ਦਰੱਖ਼ਤ ਦੀ ਟਾਹਣੀ, (ਫ਼ਾਰਸੀ) ਬਿਨਾਂ 'ਤਸ਼ਦੀਦ-ਏ-ਨੂਨ', ਹੁਨਰ, ਕਾਰੀਗਰੀ, ਗੁਣ, ਕੁਸ਼ਤੀ ਦੇ ਦਾਉ-ਪੇਚ, ਕਰਤੱਬ।

فنا ***ਫ਼ਨਾ*** : ਮਿਟ ਜਾਣਾ, ਨੇਸਤੀ, ਮੌਤ, ਨਾਸ਼, ਖ਼ਤਮ ਹੋਣਾ, ਮਰਨਾ, ਹਲਾਕ ਹੋਣਾ।

فنا فی الشیخ ***ਫ਼ਨਾਫ਼ਿਲ ਸ਼ੈਖ਼*** : ਫ਼ਕਰ ਦੇ ਇਕ ਪੜਾ ਦਾ ਨਾਮ ਜਿਸ ਵਿਚ ਮੁਰੀਦ ਹਰ ਵੇਲੇ ਮੁਰਸ਼ਿਦ ਦੇ ਖਿਆਲ ਵਿਚ ਰੈਂਹਦਾ ਹੈ।

فنا فی اللّٰہ ***ਫ਼ਨਾਫ਼ਿੱਲਾਹ*** : ਫ਼ਕਰ ਦੇ ਉਸ ਉਚੇ ਪੜਾ ਦਾ ਨਾਮ ਜਿਸ ਵਿਚ ਜਿਗਿਆਸੂ ਅੱਲਾਹ ਦੀ ਹਕੀਕਤ ਤੇ ਗਿਆਨ ਵਿਚ ਲੀਨ ਹੋ ਜਾਂਦਾ ਹੈ।

فندق ***ਫ਼ੁੰਦੁਕ*** : ਈਰਾਨ ਦੇ ਇਕ ਪਰਸਿੱਧ ਮੇਵੇ ਦਾ ਨਾਮ ਜੋ ਬੇਰ ਵਾਂਗ ਲਾਲ ਸੂਹਾ ਹੁੰਦਾ ਹੈ ਅਤੇ ਸ਼ਾਇਰ ਉਸ ਦੀ ਮਸ਼ੂਕ ਦੇ ਹੋਠਾਂ ਤੇ ਮੈਂਹਦੀ ਰਤੇ ਹੱਥਾਂ ਨਾਲ ਉਪਮਾ ਦਿੰਦੇ ਹਨ; ਰੀਠਾ; ਸਰਾਂ ਜੋ ਰਾਹ ਉੱਤੇ ਹੋਵੇ; ਗੇਂਦ; ਤੋਪ ਦਾ ਗੋਲਾ।

فندقِ سنجاب رنگ ***ਫ਼ੰਦੁਕ-ਏ-ਸਿੰਜਾਬ ਰੰਗ*** : ਜ਼ਮੀਨ।

فندقِ سیم ***ਫ਼ੰਦੁਕ-ਏ-ਸੀਮ*** : ਸਤਾਰੇ।

فنون ***ਫ਼ੁਨੂਨ*** : (ਫ਼ਨ **فن** ਦਾ ਬੌਹਵਚਨ) ਇਲਮ, ਹੁਨਰ, ਕਲਾਵਾਂ।

فنونِ فضائل ***ਫ਼ੁਨੂਨ-ਏ-ਫ਼ਜ਼ਾਇਲ*** : ਫ਼ਜ਼ੀਲਤਾਂ (ਵਡਿਆਈਆਂ) ਦੀਆਂ ਕਿਸਮਾਂ ਤੇ ਸ਼ਾਖਾਂ, ਹਰ ਪਰਕਾਰ ਦੇ ਇਲਮ, ਹੁਨਰ।

فوارہ ***ਫ਼ੱਵਾਰਾ*** : ਉਬਾਲ, ਜੋਸ਼, ਬੌਹਤ ਜੋਸ਼ ਮਾਰਨ ਵਾਲਾ, ਉਭਰਨ ਵਾਲਾ, ਪਿਚਕਾਰੀ।

فوائد ***ਫ਼ਵਾਇਦ*** : (ਫ਼ਾਇਦਾ **فائدہ** ਦਾ ਬੌਹਵਚਨ) ਲਾਭ, ਨਫ਼ੇ, ਖ਼ੂਬੀਆਂ।

فوت ***ਫ਼ੌਤ*** : ਕਿਸੇ ਚੀਜ਼ ਦਾ ਗੁੰਮ ਹੋਣਾ, ਮਰਨਾ, ਮੌਤ, ਅਸਫਲਤਾ, ਦੋ ਉਂਗਲੀਆਂ ਵਿਚਕਾਰਲਾ ਫ਼ਾਸਲਾ।

فوج ***ਫ਼ੌਜ*** : ਲਸ਼ਕਰ, ਸੈਨਾ, ਜੰਗੀ ਆਦਮੀਆਂ ਦਾ ਟੋਲਾ, ਟੋਲਾ, ਜਥਾ, ਭੀੜ, ਇਕੱਠ।

فوجدار ***ਫ਼ੌਜਦਾਰ*** : ਫ਼ੌਜ ਦਾ ਸਰਦਾਰ, ਝਗੜਾਲੂ, ਲੜਾਕਾ।

فوجداری ***ਫ਼ੌਜਦਾਰੀ*** : ਫ਼ੌਜਦਾਰ ਦੀ ਪਦਵੀ ਤੇ ਕਿਰਿਆ-ਖੇਤਰ, ਲੜਾਈ ਝਗੜਾ।

فوجکشی ***ਫ਼ੌਜ-ਕਸ਼ੀ*** : ਚੜ੍ਹਾਈ, ਧਾਵਾ।

فوجی ***ਫ਼ੌਜੀ*** : ਫ਼ੌਜ ਨਾਲ ਸਬੰਧਤ।

فور ***ਫ਼ੌਰ*** : ਸਮਾਂ, ਵਕਤ, ਜਲਦੀ, ਉਬਾਲ, ਦੇਗ ਜਾਂ ਚਸ਼ਮੇ ਦਾ ਜੋਸ਼ ਮਾਰਨਾ ਜਾਂ ਉਬਲਨਾ (ਬੁਲਬਲੇ ਬਣਨਾ)।

فوراً ***ਫ਼ੌਰਨ*** : ਝੱਟਪੱਟ, ਜਲਦੀ, ਇਸੇ ਸਮੇਂ।

فورک ***ਫ਼ੂਰਕ*** : ਬੈਹਰਾਮ ਗੌਰ ਦੀ ਮਲਕਾ ਜੋ ਰਾਜਾ ਕ਼ਨੂਜ ਦੀ ਪੁਤਰੀ ਸੀ।

فوطہ ***ਫ਼ੂਤਾ*** : ਕਮਰਬੰਦ, ਲੁੰਗੀ, ਨਹਾਉਣ ਦਾ ਕੱਪੜਾ ਜੋ ਸਿਉਂਤਾ ਨਾ ਹੋਵੇ, ਪਰਨਾ; ਓਹ ਰੁਪਈਏ ਜੋ ਪਰਜਾ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰੇ, ਲਗਾਨ, ਟੈਕਸ, ਮਸੂਲ, ਪਗੜੀ, ਥੈਲੀ, ਥੈਲਾ, ਰੁਮਾਲ, ਗੁਰਦੇ, ਪੈਹਲੂ, ਖ਼ਜ਼ਾਨਾ।

فوطہخانہ ***ਫ਼ੂਤਾ-ਖ਼ਾਨਾ*** : ਸਰਕਾਰੀ ਖ਼ਜ਼ਾਨਾ।

فوطہدار ***ਫ਼ੂਤਾਦਾਰ*** : ਫ਼ੋਤਾ ਪੈਹਨਣ ਵਾਲਾ, ਹਮਾਮ ਵਿਚ ਕੱਪੜਿਆਂ ਦਾ ਰਾਖਾ, ਖ਼ਜ਼ਾਨਚੀ, ਮਾਮਲਾ ਇੱਕਠਾ ਕਰਨ ਵਾਲਾ।

فوطہداری ***ਫ਼ੂਤਾਦਾਰੀ*** : ਖ਼ਜ਼ਾਨਚੀ ਦਾ ਕੰਮ ਜਾਂ ਔਹਦਾ।

فوق ***ਫ਼ੌਕ਼*** : ਉਤੇ, ਉਪਰ, ਉੱਚਾ; ਬਲੰਦੀ; ਵਡੇਰਾ; ਪਰ੍ਹਾਂ; ਪਰੇਰੇ; ਵੱਧ ਜਾਣਾ।

فوق العادت ***ਫ਼ੌਕ-ਉਲ-ਆਦਤ*** : ਅਸੁਭਾਵਕ ਆਦਤ ਤੋਂ ਵੱਧ ਕੇ, ਪਰਾਮਨੁੱਖੀ।

فوقانی ***ਫ਼ੌਕਾਨੀ*** : ਉਪਰਲਾ, ਓਹ ਅੱਖਰ ਜਿਸ ਉਤੇ ਨੁਕਤੇ ਹੋਣ।

فوقیت ***ਫ਼ੌਕੀਯਤ*** : ਉੱਪਰ ਜਾਣਾ, ਵਧ ਜਾਣਾ, ਬਰਤਰੀ, ਹਾਸਲ ਕਰਨਾ, ਬਰਤਰੀ, ਵਡਿਆਈ, ਸ਼ਾਨ।

فولاد ***ਫ਼ੂਲਾਦ*** : ('ਪੂਲਾਦ' ਦਾ ਅਰਬੀ ਰੂਪਾਂਤਰ)(ਪੰਜਾਬੀ ਵਿਚ ਪਰਚਲਤ ਰੂਪ ਫੌਲਾਦ ਹੈ) ਜ਼ੌਹਰਦਾਰ ਲੋਹਾ, ਫੌਲਾਦ, ਇਸਪਾਤ, ਅਤਿ ਸਖ਼ਤ ਤੇ ਖ਼ਾਸ ਕਿਸਮ ਦਾ ਲੋਹਾ।

فوہ ***ਫ਼ੌਹ*** : ਬੋਲਣਾ, ਉਚਾਰਨਾ, ਮੂੰਹ, ਵਾੜ।

فہام ***ਫ਼ੱਹਾਮ*** : ਵਡਾ ਸਮਝਣ ਵਾਲਾ, ਸਿਆਣਾ।

فہانہ ***ਫ਼ਹਾਨਾ*** : ਫਾਨਾ, ਪੱਚਰ, ਕਿੱਲ, ਮੇਖ, ਖੂੰਟੀ।

فہرس ***ਫ਼ਿਹਰਿਸ*** : ਫ਼ਿਹਰਿਸਤ **فہرست** (ਫ਼ਾ) ਦਾ ਅਰਬੀ ਰੂਪਾਂਤਰ।

فہرست ***ਫ਼ਿਹਰਿਸਤ*** : ਕਿਤਾਬ ਦੇ ਮਜ਼ਮੂਨਾਂ ਤੇ ਅਧਿਆਵਾਂ ਦਾ ਵੇਰਵਾ, ਵਿਸ਼ੈ-ਸੂਚੀ, ਸੂਚੀ-ਪੱਤਰ, ਸੂਚੀ, ਚੀਜ਼ਾਂ ਦਾ ਵੇਰਵਾ।

فہم ***ਫ਼ਹਮ*** : ਸਮਝ, ਬੂਝ।

فہمایش ***ਫ਼ਹਮਾ-ਇਸ਼*** : (ਪੰਜਾਬੀ ਵਿਚ ਪਰਚੱਲਤ ਰੂਪ 'ਫਹਿਮਾਇਸ਼' ਹੈ) ਨਸੀਹਤ, ਝਾੜ-ਝੰਬ, ਤਾੜਨਾ।

فہیم ***ਫ਼ਹੀਮ*** : ਸਮਝਦਾਰ, ਸਿਆਣਾ।

فہوم ***ਫ਼ਹੂਮ*** : ਫ਼ਹਮ ਦਾ ਬੌਹਵਚਨ।

فی ***ਫ਼ੀ*** : ਵਿਚ, ਅੰਦਰ, ਵਿਚਕਾਰ, ਦਰਮਿਆਨ, ਨਾਲ, ਸਾਥ, ਹਰੇਕ।

فیاض ***ਫ਼ੱਯਾਜ਼*** : ਫ਼ੈਜ਼ ਪੌਂਹਚਾਉਣ ਵਾਲਾ, ਬਖ਼ਸ਼ਸ਼ ਕਰਨ ਵਾਲਾ, ਸਖੀ, ਦਾਨੀ, ਦਰਿਆ ਦਿਲ।

فیّاضی ***ਫ਼ੱਯਾਜ਼ੀ*** : ਬਖ਼ਸ਼ਸ਼, ਸਖ਼ਾਵਤ, ਦਾਤ।

فی البدیہ ***ਫ਼ਿਲਬਦੀਹ*** : ਝੱਟ-ਪੱਟ, ਫ਼ੌਰਨ, ਮੌਕੇ ਅਨੁਸਾਰ ਉੱਤਰ ਦੇਣਾ, ਝੱਟ-ਪੱਟ।

فی الجملہ ***ਫ਼ਿਲਜੁਮਲਾ*** : ਗੱਲ ਕੀ, ਸੰਖੇਪ ਰੂਪ ਵਿਚ, ਮੁਕਦੀ ਗੱਲ, ਮਿਸਾਲ ਦੇ ਤੌਰ ਤੇ।

فی الحال ***ਫ਼ਿਲਹਾਲ*** : ਇਸੇ ਵੇਲੇ, ਹੁਣੇ, ਝਟ-ਪਟ।

فی المثل ***ਫ਼ਿਲਮਿਸਲ*** : ਕਹਾਵਤ ਦੇ ਤੌਰ ਤੇ, ਜਿਵੇਂ ਕਿ, ਮਿਸਾਲ ਦੇ ਤੌਰ ਤੇ।

فی الواقع ***ਫ਼ਿਲਵਾਕਿਅ*** : ਵਾਸਤਵ ਵਿਚ, ਅਸਲ ਵਿਚ।

فیثاغورث / فیثاغورس ***ਫ਼ੀਸਾ ਗੋਰਸ*** : (ਯੂਨਾਨੀ ਸ਼ਬਦ 'ਪੀਟਾ ਗੋਰਸ' ਦਾ ਅਰਬੀ ਰੂਪਾਂਤਰ) ਇਕ ਪਰਸਿੱਧ ਗਿਆਨੀ ਜੋ ਸ਼ੈਹਰ ਸੂਰ ਦਾ ਰੈਹਣ ਵਾਲਾ ਸੀ, ੫੦੦ ਪੂ: ਈ. ਦੇ ਲਗਭਗ ਹੋਇਆ, ਅਨਤਾਕੀਆ ਦੇ ਹਾਕਮ ਨੇ ਉਸ ਨੂੰ ਆਪਣਾ ਪੁੱਤਰ ਬਣਾ ਲਿਆ ਸੀ, ਉਸ ਨੇ ੨੮੦ ਪੁਸਤਕਾਂ ਰਚੀਆਂ ਸਨ।

فیروز ***ਫ਼ੀਰੋਜ਼*** : (ਪੀਰੋਜ਼ **پیروز** ਦਾ ਅਰਬੀ ਰੂਪਾਂਤਰ) ਸਫਲ, ਕਾਮਯਾਬ, ਵਿਜੇਤਾ।

فیروزبخت ***ਫ਼ੀਰੋਜ਼ਬਖ਼ਤ*** : ਭਾਗਾਂ ਵਾਲਾ।

فیروزگرد ***ਫ਼ੀਰੋਜ਼-ਗਿਰਦ*** : ਸ਼ੈਹਰ ਅਰਦਬੀਲ ਜਿਸ ਨੂੰ ਨੌਸ਼ੀਰਵਾਂ ਦੇ ਦਾਦਾ ਫੀਰੋਜ਼ ਨੇ ਅਬਾਦ ਕੀਤਾ ਸੀ।

فیروزگشت ***ਫ਼ੀਰੋਜ਼-ਗਸ਼ਤ*** : ਸ਼ੁਭ ਸੈਰ ਕਰਨ ਵਾਲਾ, ਸ਼ੁਭ ਸੈਲਾਨੀ।

فیروزمند ***ਫ਼ੀਰੋਜ਼ ਮੰਦ*** : ਸਫਲ, ਕਾਮਯਾਬ, ਵਿਜੇਤਾ, ਫਤੇਹਮੰਦ।

فیروزمندی ***ਫ਼ੀਰੋਜ਼ਮੰਦੀ*** : ਵਿਜੇ, ਸਫਲਤਾ, ਕਾਮਯਾਬੀ।

فیروزنین ***ਫ਼ੀਰੋਜ਼ਨੀਨ*** : ਚੰਗਾ ਕੰਮ, ਨੇਕ ਕੰਮ।

فیروزه ***ਫ਼ੀਰੋਜ਼ਾ*** : (ਪੀਰੋਜ਼ਾ **پیروزه** ਦਾ ਅਰਬੀ ਰੂਪਾਂਤਰ) ਨੀਲੇ ਫ਼ੀਰੋਜ਼ੀ ਰੰਗ ਦੇ ਪਰਸਿੱਧ ਹੀਰੇ ਜਿਸ ਦੀ ਖਾਣ ਨੀਸ਼ਾਪੁਰ ਵਿਖੇ ਹੈ।

فیروزهٔ بوسحاقی ***ਫ਼ੀਰੋਜ਼ਾ-ਏ-ਬੂਸਹਾਕੀ*** : ਫ਼ੀਰੋਜ਼ਾ ਦੀ ਇਕ ਕਿਸਮ ਜੋ ਨੀਸ਼ਾਪੁਰ ਦਾ ਮਸ਼ਹੂਰ ਹੀਰਾ ਹੈ ਇਸ ਦੀ ਖਾਣ ਅਬੂਸਹਾਕ ਦੇ ਨਾਮ ਤੇ ਹੈ।

فیروزهٔ تاج ***ਫ਼ੀਰੋਜ਼ਾ-ਤਾਜ*** : ਫ਼ੀਰੋਜ਼ੇ ਦੇ ਤਾਜ ਵਾਲਾ, ਕੈਖ਼ੁਸਰੋ ਦਾ ਤਾਜ, ਸਿੱਧੇ ਮਾਰਗ (ਸੂਫ਼ੀਆਂ ਦੇ) ਤੇ ਜੱਲਣ ਵਾਲੇ।

فیروزهٔ تخت/طارم ***ਫ਼ੀਰੋਜ਼ਾ-ਤਖ਼ਤ/ਤਾਰਮ*** : ਅਸਮਾਨ।

فیروزه حبابی ***ਫ਼ੀਰੋਜ਼ਾ-ਹਬਾਬੀ*** : ਹਬਾਬ (ਬੁਲਬੁਲ) ਦੀ ਸ਼ਕਲ ਦਾ (ਵਿਚੋਂ ਉਭਰਿਆ ਹੋਇਆ)।

فیروزه طشت ***ਫ਼ੀਰੋਜ਼ਾ-ਤਸ਼ਤ*** : ਕੈਖ਼ੁਸਰੋ ਦਾ ਤਖ਼ਤ, ਅਸਮਾਨ, ਸੱਤ ਸਤਾਰੇ।

فیروزه کاخ ***ਫ਼ੀਰੋਜ਼ਾ-ਕਾਖ਼*** : ਸੰਸਾਰ।

فیروزهٔ کهن ***ਫ਼ੀਰੋਜ਼ਾ-ਏ-ਕੁਹਨ*** : ਪੁਰਾਣਾ ਫ਼ੀਰੋਜ਼ਾ ਜੋ ਸੁੰਦਰ ਤੇ ਕੀਮਤੀ ਹੁੰਦਾ ਹੈ।

فیروزه گوں دریا ***ਫ਼ੀਰੋਜ਼ਾ-ਗੂੰ ਦਰਯਾ*** : ਅਸਮਾਨ।

فیروزه مرقد ***ਫ਼ੀਰੋਜ਼ਾ-ਮਰਕ਼ਦ*** : ਸੰਸਾਰ।

فیصل ***ਫ਼ੈਸਲ*** : ਫ਼ੈਸਲਾ ਕਰਨ ਵਾਲਾ, ਹਾਕਮ, ਝੂਠ ਸੱਚ ਦਾ ਨਿਤਾਰਾ ਕਰਨ ਵਾਲਾ, ਅੰਤਮ ਫ਼ੈਸਲਾ; ਅਲੈਹਦਗੀ, ਵੰਡ।

فیصلنامه ***ਫ਼ੈਸਲਨਾਮਾ*** : ਫ਼ੈਸਲੇ ਦਾ ਕਾਗਜ਼, ਪਰਵਾਨਾ।

فیصله ***ਫ਼ੈਸਲਾ*** : ਝਗੜਾ ਮੁਕਾਉਣਾ, ਸੱਚ ਝੂਠ ਦਾ ਨਿਤਾਰਾ ਕਰਨਾ, ਨਿਸਤਾਰਾ, ਅੰਤਮ ਹੁਕਮ, ਪਰਖ।

فیصلی ***ਫ਼ੈਸਲੀ*** : ਫੈਸਲਾ ਕਰਨ ਵਾਲਾ, ਜੱਜ, ਹਾਕਮ।

فیض ***ਫ਼ੈਜ਼***, **فیضان** ***ਫ਼ੈਜ਼ਾਨ*** : ਪਾਣੀ ਵਗਣਾ, ਨੈਹਰ ਦੇ ਪਾਣੀ ਦਾ ਕੰਢਿਆਂ ਤੋਂ ਬਾਹਰ ਚਲਿਆ ਜਾਣਾ, ਪਾਣੀ ਡੋਲ੍ਹਣਾ; ਵੱਡੀ ਬਖਸ਼ਸ਼, ਸਖਾਵਤ, ਬੈਹਤ ਜ਼ਿਆਦਾ ਲਾਭ, ਫ਼ਾਇਦਾ, ਭੇਦ ਜਾਂ ਖਬਰ ਦਾ ਪਰਗਟ ਹੋਣਾ।

فیضِ اقدس ***ਫ਼ੈਜ਼-ਏ-ਅਕ਼ਦਸ***, **فیضِ مقدس** ***ਫ਼ੈਜ਼-ਏ-ਮੁਕ਼ੱਦਸ*** : ਅੱਲਾਹ ਵੱਲੋਂ ਅਥਾਹ ਦਾਤ, ਬਖ਼ਸ਼ਸ।

فیض بخش ***ਫ਼ੈਜ਼-ਬਖਸ਼*** : ਫ਼ੈਜ਼ ਕਰਨ ਵਾਲਾ, ਲਾਭਦਾਇਕ ਬਖਸ਼ਸ਼ ਵਾਲਾ, ਸਖ਼ੀ, ਦਾਤਾ।

فیض رسانی ***ਫ਼ੈਜ਼-ਰਸਾਨੀ*** : ਬਖ਼ਸ਼ਸ਼, ਸਖ਼ਾਵਤ ਕਰਨਾ, ਫ਼ਾਇਦਾ ਪੌਂਹਚਾਉਣਾ, ਦਾਤ ਦੇਣਾ।

فیضِ عام ***ਫ਼ੈਜ਼-ਆਮ*** : ਆਮ ਜਨਤਾ ਲਈ ਦਾਤ, ਬਖ਼ਸ਼ਸ।

فیض مدار ***ਫ਼ੈਜ਼-ਮਦਾਰ*** : ਬਖ਼ਸ਼ਸ ਦਾ ਸੋਮਾ।

فیض یاب ***ਫ਼ੈਜ਼ਯਾਬ*** : ਜਿਸ ਨੂੰ ਬਖਸ਼ਸ ਮਿਲੀ ਹੋਵੇ, ਫ਼ਾਇਦਾ ਪਰਾਪਤ ਕਰਨ ਵਾਲਾ।

فیل ***ਫ਼ੀਲ*** : (ਫ਼ਾਰਸੀ **پیل** ਪੀਲ ਦਾ ਅਰਬੀ ਰੂਪਾਂਤਰ) ਹਾਥੀ; ਭਾਰੀ; ਨੀਚ, ਹੋਛਾ।

فیلبان ***ਫ਼ੀਲਬਾਨ*** : ਹਾਥੀ ਦਾ ਰਖਵਾਲਾ, ਮਹਾਵਤ।

فیل بند ***ਫ਼ੀਲਬੰਦ*** : ਸ਼ਤਰੰਜ ਦੀ ਇਕ ਚਾਲ।

فیل خانہ ***ਫ਼ੀਲਖ਼ਾਨਾ*** : ਹਾਥੀਆਂ ਦੇ ਰੱਖਣ ਦੀ ਥਾਂ, ਹਾਥੀਆਂ ਦਾ ਤਵੇਲਾ।

فیلگوش ***ਫ਼ੀਲਗੋਸ਼*** : ਗੁਲਦਸਤਾ, ਨੋਕਦਾਰ ਪੱਤੀਆਂ ਵਾਲੇ ਵੱਖ ਵੱਖ ਰੰਗਾਂ ਦੇ ਫੁੱਲ; ਇਕ ਪਰਕਾਰ ਦੀ ਮਿਠਿਆਈ।

فیلمرغ ***ਫ਼ੀਲਮੁਰਗ਼*** : ਅਮਰੀਕਨ ਕੁੱਕੜ।

فیلسوف ***ਫ਼ੈਲਸੂਫ਼*** : ਫ਼ਿਲਾਸਫ਼ਰ, ਦਾਰਸ਼ਨੀ, ਸਿਆਣਾ, ਦਾਨਾ, ਜੁਗਤੀ; ਫ਼ਰੇਬੀ, ਧੋਖੇਬਾਜ਼।

فیلسوفگی ***ਫ਼ੈਲਸੂਫ਼ਗੀ*** : ਫਲਸਫ਼ਾ, ਦਰਸ਼ਨ।

فیلسوفی ***ਫ਼ੈਲਸੂਫ਼ੀ*** : ਮਕਾਰੀ, ਫ਼ਰੇਬ, ਧੋਖਾ, ਝੂਠੀ ਦਲੀਲ ਦੇਣ ਦੀ ਕਿਰਿਆ, ਕਪਟ-ਵਿਦਿਆ, ਪਖੰਡ, ਛਲ, ਦੰਭ।

ق(ਕ਼ਾਫ਼)

ق ***ਕ਼ਾਫ*** : ਫ਼ਾਰਸੀ ਵਰਨਮਾਲਾ ਦਾ ਚਵ੍ਹੀਵਾਂ ਅਤੇ ਅਰਬੀ ਦਾ ਇਕੀਵਾਂ ਅੱਖਰ, ਅਬਜਦ ਅਨੁਸਾਰ ਇਸ ਦੀ 'ਸੌ' ਸੰਖਿਆ ਨਿਸ਼ਚਤ ਹੈ।

قاآن ***ਕ਼ਆਨ*** : ਤੁਰਕਿਸਤਾਨ ਤੇ ਚੀਨ ਦੇ ਬਾਦਸ਼ਾਹਾਂ ਦਾ ਲਕਬ (ਉਪਾਧੀ), ਹਰ ਵੱਡੇ ਬਾਦਸ਼ਾਹ ਲਈ ਵਰਤਿਆ ਜਾਂਦਾ ਹੈ; ਬੌਹਤ ਵੱਡਾ ਅਦਲੀ, ਸਖ਼ੀ ਤੇ ਬੁੱਧੀਮਾਨ ਬਾਦਸ਼ਾਹ।

قاآنی ***ਕ਼ਆਨੀ*** : ਕ਼ਆਨ ਨਾਲ ਸਬੰਧਤ; ਇਕ ਪਰਸਿੱਧ ਈਰਾਨੀ ਕਵੀ ਦਾ ਤਖ਼ਲੁੱਸ।

قاب ***ਕ਼ਾਬ*** : ਬਰਤਨ, ਭਾਂਡਾ, ਖੋਲ, ਫ਼ਰੇਮ, ਗਿਲਾਫ਼, ਥਾਲ, ਵਡੀ ਰਕਾਬੀ; ਪਾਂਸਾ, ਭਾਵ ਓਹ ਹੱਡੀ ਜਿਸ ਨਾਲ ਪਾਂਸਾ ਖੇਡ਼ਿਆ ਜਾਂਦਾ ਹੈ, ਕੂਹਣੀ ਦੀ ਹੱਡੀ।

قاب‌خانه ***ਕ਼ਾਬਖ਼ਾਨਾ*** : ਜੂਆਖ਼ਾਨਾ, ਜੂਆ ਖੇਡਣ ਦੀ ਥਾਂ, ਕਿਉਂਕਿ ਉਸੇ ਹੱਡੀ ਅਰਥਾਤ ਪਾਸੇ ਨਾਲ ਜੂਆ ਖੇਡਦੇ ਹਨ।

قاب ***ਕ਼ਾਬ*** : ਕਮਾਨ ਦੇ ਕਬਜ਼ੇ ਤੋਂ ਲੈ ਕੇ ਗੋਸ਼ੇ ਤੱਕ ਦਾ ਫ਼ਾਸਲਾ, ਇਸ ਹਿਸਾਬ ਨਾਲ ਕਮਾਨ ਦੀਆਂ ਦੋ ਕਾਬਾਂ ਹੁੰਦੀਆਂ ਹਨ, ਕਮਾਨ ਤੇ ਚਿਲ੍ਹੇ ਦਾ ਵਿਚਕਾਰਲਾ ਫ਼ਾਸਲਾ, ਬੌਹਤ ਨੇੜੇ।

قابِ‌قوسین ***ਕ਼ਾਬ-ਏ-ਕ਼ੌਸੈਨ*** : ਦੋ ਕਮਾਨਾਂ ਦਾ ਫ਼ਾਸਲਾ, ਦੋ ਹੱਥ ਦਾ ਫ਼ਾਸਲਾ; ਬੌਹਤ ਨੇੜੇ।

قابض ***ਕ਼ਾਬਿਜ਼*** : ਕਬਜ਼ਾ ਕਰਨ ਵਾਲਾ; ਪੰਜੇ ਤੋਂ ਫੜਨ ਵਾਲਾ; ਤੇਜ਼ ਚੱਲਣ ਵਾਲਾ, ਤੇਜ਼ ਚਲਾਉਣ ਵਾਲਾ; ਤੇਜ਼ ਉਡਾਨ।

قابضِ‌ارواح ***ਕ਼ਾਬਿਜ਼-ਏ-ਅਰਵਾਹ*** : ਰੂਹਾਂ ਨੂੰ ਕਬਜ਼ (ਫੜਨ) ਵਾਲਾ, ਮੌਤ ਦਾ ਫ਼ਰਿਸਤਾ, ਜਮਦੂਤ; ਇਜ਼ਰਾਈਲ ਫ਼ਰਿਸ਼ਤਾ।

قابق ***ਕ਼ਾਬਕ਼*** : ਛੋਟੀ ਕਿਸ਼ਤੀ, ਡੋਂਗਾ।

قابل ***ਕ਼ਾਬਿਲ*** : ਅੱਗੇ ਆਉਣ ਵਾਲਾ, ਕਬੂਲ ਕਰਨ ਵਾਲਾ, ਯੋਗ; ਬੁੱਧੀਮਾਨ ਤਜਰਬੇਕਾਰ; ਜ਼ਾਮਨ; ਅਗਲਾ ਸਾਲ।

قابلِ‌امانت ***ਕ਼ਾਬਿਲ-ਏ-ਅਮਾਨਤ*** : ਅਮਾਨਤਯੋਗ, ਅੱਲਾਹ ਦੀ ਖ਼ਿਲਾਫ਼ਤ (ਨਾਇਬ ਹੋਣਾ) ਨੂੰ ਕਬੂਲ ਕਰਨ ਵਾਲਾ, ਇਨਸਾਨ।

قابلِ‌عمل‌نیست ***ਕ਼ਾਬਿਲ-ਏ-ਅਮਲ-ਨੀਸਤ*** : ਧਿਆਨਯੋਗ ਨਹੀਂ, ਕਿਸੇ ਕੰਮ ਦਾ ਨਹੀਂ।

قابلِ‌یقین ***ਕ਼ਾਬਿਲ-ਏ-ਯਕ਼ੀਨ*** : ਜਿਸ ਉਤੇ ਭਰੋਸਾ ਕੀਤਾ ਜਾ ਸਕੇ।

قابله ***ਕ਼ਾਬਿਲਾ*** : (ਕ਼ਾਬਿਲ **قابل** ਦਾ ਇਸਤਰੀ ਲਿੰਗ) ਯੋਗ ਇਸਤਰੀ, ਸਭਿਅ ਇਸਤਰੀ, ਦਾਈ, ਅਗਲੀ ਰਾਤ।

قابلیت ***ਕ਼ਾਬਿਲੀਯਤ*** : ਕਾਬਲ ਹੋਣਾ, ਲਿਆਕਤ, ਯੋਗਤਾ।

قابو ***ਕ਼ਾਬੂ*** : ਮੌਕਾ, ਅਵਸਰ; ਫ਼ੁਰਸਤ, ਵੇਹਲ, ਸਮਾਂ; ਦਾਅ, ਜ਼ੋਰ, ਤਾਕਤ, ਵਸ, ਬਲਬੂਤਾ, ਹੁਕਮ, ਇਖਤਿਆਰ, ਪੌਹਚ।

قابوک ***ਕ਼ਾਬੂਕ,*** **قابول** ***ਕ਼ਾਬੂਲ,*** **قاپول** ***ਕ਼ਾਪੂਲ*** : ਪਰਨਾਲਾ, ਪਾੜਛਾ।

قاپو ***ਕ਼ਾਪੂ*** : ਦਰਵਾਜ਼ਾ।

قاپی ***ਕ਼ਾਪੀ,*** **قاپوچی** ***ਕ਼ਾਪੂਚੀ*** : ਦੁਆਰਪਾਲ

قاتل ***ਕ਼ਾਤਿਲ*** : ਕਤਲ ਕਰਨ ਵਾਲਾ, ਖ਼ੂਨੀ, ਘਾਤਕ।

قاچ ***ਕ਼ਾਚ*** : ਖੁੰਭ, ਛਤਰੀ ਵਰਗਾ ਛੋਟਾ ਜੇਹਾ ਸਫੈਦ ਪੌਦਾ ਜੋ ਬਰਸਾਤ ਵਿਚ ਆਪਣੇ ਆਪ ਉਗ ਆਉਂਦਾ ਹੈ।

قادر ***ਕ਼ਾਦਿਰ*** : ਕੁਦਰਤ (ਤਾਕਤ) ਰੱਖਣ

ਵਾਲਾ, ਸ਼ਕਤੀਸ਼ਾਲੀ, ਜ਼ੋਰਾਵਰ, ਰੱਬ ਦੇ ਨਾਵਾਂ ਵਿਚੋਂ ਇਕ ਨਾਮ।

قادرِمطلق ***ਕ਼ਾਦਿਰ-ਏ-ਮੁਤਲਕ਼*** : ਹਰ ਕੰਮ ਦੀ ਸ਼ਕਤੀ ਵਾਲਾ, ਰੱਬ, ਅੱਲਾਹ।

قادری ***ਕ਼ਾਦਿਰੀ*** : ਸੂਫ਼ੀਆਂ ਦੀ ਉਹ ਸੰਪਰਦਾਇ ਜੇਹੜੀ ਹਜ਼ਰਤ ਸ਼ੈਖ਼ ਸਯਿੱਦ ਅਬਦੁਲਕਾਦਰ ਜੀਲਾਨੀ ਦੇ ਮਾਰਗ ਉੱਪਰ ਚਲਦੀ ਹੈ।

قادسیہ ***ਕ਼ਾਦਿਸੀਯਾ*** : ਇਰਾਕ ਅਰਬ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ।

قار ***ਕ਼ਾਰ*** : ਬਰਫ਼।

قار ***ਕ਼ਾਰ*** : ਕੀਰ, ਇਕ ਕਾਲਾ ਚਿਪਕਣ ਵਾਲਾ ਤੇਲ।

قار ***ਕ਼ਾਰ*** : 'ਕਾਲੇ' ਤੇ 'ਚਿੱਟੇ' ਦੋਹਾਂ ਅਰਥਾਂ ਵਿਚ ਆਉਂਦਾ ਹੈ।

قارن ***ਕ਼ਾਰਨ*** : ਰੁਸਤਮ ਦੇ ਸਮੇਂ ਦੇ ਇਕ ਪੈਹਲਵਾਨ ਦਾ ਨਾਮ, ਅਬਦੁਰ ਰਹੀਮਖ਼ਾਨ ਖ਼ਾਨਖ਼ਾਨਾਂ ਦੇ ਪੁੱਤਰ ਦਾ ਨਾਮ।

قارورہ ***ਕ਼ਾਰੂਰਾ*** : ਬਾਰੂਦ ਦੀ ਕੁੱਪੀ ਜਿਸ ਵਿਚ ਅੱਗ ਲਾ ਕੇ ਦੁਸ਼ਮਣ ਤੇ ਸੁੱਟਦੇ ਹਨ; ਮਸਾਨੇ ਦੀ ਸ਼ਕਲ ਦੀ ਸ਼ੀਸ਼ੀ, ਜਿਸ ਵਿਚ ਵੈਦ ਹਕੀਮ ਬੀਮਾਰ ਦਾ ਪਿਸ਼ਾਬ ਭਰ ਕੇ ਵੇਖਦਾ ਹੈ; ਪਿਸ਼ਾਬ।

قارون ***ਕ਼ਾਰੂੰ*** : ਇਕ ਬੌਹਤ ਵੱਡੇ ਅਮੀਰ ਦਾ ਨਾਮ ਜਿਸ ਦੇ ਚਾਲ੍ਹੀ ਖ਼ਜ਼ਾਨੇ ਪਰਸਿੱਧ ਹਨ, ਏਹ ਹਜ਼ਰਤ ਮੂਸਾ ਦੇ ਚਾਚੇ ਦਾ ਪੁੱਤਰ ਸੀ, ਹਜ਼ਰਤ ਮੂਸਾ ਨੇ ਉਸ ਨੂੰ ਕੰਜੂਸੀ, ਲਾਲਚ ਤੇ ਜ਼ੁਲਮ ਤੋਂ ਬੌਹਤ ਵਰਜਿਆ ਤੇ ਧਨ ਦੌਲਤ ਜਮ੍ਹਾ ਕਰਨ ਤੋਂ ਰੋਕਿਆ ਤੇ ਜ਼ਕਾਤ ਦੇਣ ਲਈ ਕਿਹਾ, ਇਸ ਪੁਰ ਓਹ ਮੂਸਾ ਦਾ ਵੈਰੀ ਹੋ ਗਿਆ, ਰੱਬ ਦੀ ਕਰੋਪੀ ਉਸ ਤੇ ਹੋਈ ਤੇ ਓਹ ਸਮੇਤ ਖ਼ਜਾਨਿਆਂ ਦੇ ਧਰਤ ਵਿਚ ਧਸ ਗਿਆ।

قاری ***ਕ਼ਾਰੀ*** : ਪੜ੍ਹਨ ਵਾਲਾ, ਕੁਰਾਨ ਮਜੀਦ ਦਾ ਪਾਠ ਸੁਰੀਲੀ ਅਵਾਜ਼ ਵਿਚ ਕਰਨ ਵਾਲਾ।

قاز ***ਕ਼ਾਜ਼*** : ਰਾਜ ਹੰਸ, ਵੱਡੀ ਬੱਤਖ; ਇਕ ਪੁਰਾਣਾ ਸਿੱਕਾ; ਕਿਰਾਨ (ਸਿੱਕਾ) ਦਾ ਪੰਜਵਾਂ ਹਿੱਸਾ।

قازغان ***ਕ਼ਾਜ਼ਗ਼ਾਨ,*** **قازقان** ***ਕ਼ਾਜ਼ਕਾਨ,*** **قازکاں** ***ਕ਼ਾਜ਼ਕਾਂ*** : ਵੱਡੀ ਦੇਗ, ਤਾਂਬੇ ਦੀ ਵੱਡੀ ਦੇਗ।

قاس ***ਕ਼ਾਸ*** : ਡੱਡੂ, ਮੇਂਡਕ; ਭਰਵੱਟਾ; ਅਨੁਮਾਨ, ਅੰਦਾਜ਼ਾ।

قاسم ***ਕ਼ਾਸਿਮ*** : ਵੰਡਣ ਵਾਲਾ; ਹਜ਼ਰਤ ਇਮਾਮ ਹਸਨ ਦੇ ਸਾਹਿਬਜ਼ਾਦੇ ਦਾ ਨਾਮ ਜੋ ਕਰਬਲਾ ਦੇ ਮੈਦਾਨ ਵਿਚ ਸ਼ਹੀਦ ਹੋਇਆ।

قاش ***ਕ਼ਾਸ਼*** : ਫਾਂਕ, ਫਾੜੀ।

قاشق ***ਕ਼ਾਸ਼ਕ*** : ਚਮਚਾ।

قاشقان ***ਕ਼ਾਸ਼ਕਾਨ*** : ਤੁਰਕਾਂ ਦੇ ਇਕ ਕਬੀਲੇ ਦਾ ਨਾਮ।

قاص ***ਕ਼ਾਸ*** : ਕਿੱਸਾ ਪੜ੍ਹਨ ਵਾਲਾ; ਵਾਅਜ਼ ਕਰਨ ਵਾਲਾ, ਵਾਇਜ਼, ਖ਼ਬਰ ਦੇਣ ਵਾਲਾ, ਸੂਹੀਆ।

قاصب ***ਕ਼ਾਸਿਬ*** : ਮਾਸ ਕੱਟਣ ਵਾਲਾ, ਜ਼ਿਬ੍ਹਾ ਕਰਨ ਵਾਲਾ, ਬੁੱਚੜ; ਬੰਸਰੀ; ਬੰਸਰੀ ਵਜਾਉਣ ਵਾਲਾ।

قاصد ***ਕ਼ਾਸਿਦ*** : ਕਸਦ ਜਾਂ ਇਰਾਦਾ ਕਰਨ ਵਾਲਾ; ਸਿੱਧੇ ਰਾਹ ਤੇ ਚੱਲਣ ਵਾਲਾ; ਲੱਕੜਾਂ ਤੋੜਨ ਜਾਂ ਪਾੜਨ ਵਾਲਾ, ਨੇੜੇ, ਸੌਖਾ, ਦਰਮਿਆਨਾ; ਕਤਲ ਦਾ ਇਰਾਦਾ ਰੱਖਣ ਵਾਲਾ; ਆਮ ਅਰਥਾਂ ਵਿਚ ਸੰਦੇਸ਼ ਲੈ ਜਾਣ ਵਾਲਾ।

قاصر ***ਕ਼ਾਸਿਰ*** : ਕੋਤਾਹੀ ਕਰਨ ਵਾਲਾ, ਕਸੂਰ ਕਰਨ ਵਾਲਾ; ਦਾਗੀ; ਘਾਟ ਵਾਲਾ; ਨਿਪੁੰਸਕ; ਠੰਢਾ (ਪਾਣੀ)।

قاصِرہمت ***ਕ਼ਾਸਿਰ-ਏ-ਹਿੰਮਤ*** : ਬੇਹਿੰਮਤਾ, ਬੇ-ਹੌਸਲਾ।

قاضی ***ਕ਼ਾਜ਼ੀ*** : ਮੁਸਲਮਾਨ ਮੁਨੀਸਿਫ ਜੇਹੜਾ ਸ਼ਰਾਅ ਅਨੁਸਾਰ ਫੈਸਲਾ ਕਰੇ; ਹੁਕਮ ਕਰਨ ਵਾਲਾ; ਝਗੜਾ ਨਿਪਟਾਉਣ ਵਾਲਾ; ਮੁਕੱਦਮੇ ਦਾ ਫ਼ੈਸਲਾ ਕਰਨ ਵਾਲਾ, ਕਰਜ਼ਾ ਅਦਾ ਕਰਨ ਵਾਲਾ।

قاضی الحاجات ***ਕ਼ਾਜ਼ੀ-ਉਲ-ਹਾਜਾਤ*** : ਲੋੜਾਂ ਪੂਰੀਆਂ ਕਰਨ ਵਾਲਾ, ਰੱਬ; ਧਨ, ਦੌਲਤ।

قاضی القضات ***ਕ਼ਾਜ਼ੀ-ਉਲ-ਕਜ਼ਾਤ*** : ਮੁੱਖ ਕਾਜ਼ੀ, ਚੀਫ਼ ਜਸਟਿਸ।

قاضی چرخ ***ਕ਼ਾਜ਼ੀ-ਏ-ਚਰਖ਼,***
قاضی فلک ***ਕ਼ਾਜ਼ੀ-ਏ-ਫ਼ਲਕ*** : ਬ੍ਰਹਸਪਤੀ ਸਤਾਰਾ।

قاطر ***ਕ਼ਾਤਿਰ*** : ਖੱਚਰ; ਅਸਤਰ।

قاطع ***ਕ਼ਾਤਿਅ*** : ਕੱਟਣ ਵਾਲਾ, ਤੇਜ਼, ਤਿੱਖਾ; ਕੱਟਣ ਵਾਲੇ ਸੰਦ, ਕੈਂਚੀ ਆਦਿ।

قاطع الطریق ***ਕ਼ਾਤਿਅ-ਉੱਤਰੀਕ*** : ਰਾਹ-ਮਾਰ; ਡਾਕੂ, ਲੁਟੇਰਾ।

قاعدہ ***ਕ਼ਾਇਦਾ*** : ਬੈਠੀ ਹੋਈ ਇਸਤਰੀ, ਬੈਹਣ ਵਾਲੀ ਔਰਤ; ਕਿਸੇ ਚੀਜ਼ ਦਾ ਹੇਠਲਾ ਤਲਾ, ਪੈਂਦਾ; ਨੀਂਹ, ਦਸਤੂਰ, ਵਿਧਾਨ, ਕਨੂੰਨ ਨਿਯਮ, ਰਿਵਾਜ, ਰਾਜਧਾਨੀ, ਤਰੀਕਾ, ਸ਼ੈਲੀ, ਢੰਗ, ਵਿਆਕਰਨ ਦਾ ਨਿਯਮ।

قاعدہ دان ***ਕ਼ਾਇਦਾ-ਦਾਨ*** : ਨਿਯਮ, ਆਦਿ ਜਾਣਨ ਵਾਲਾ, ਵਿਧਾਨ ਪਰਣਾਲੀ ਦਾ ਵਿਸ਼ੇਸ਼ੱਗ।

قاف ***ਕ਼ਾਫ਼*** : ਇਕ ਪਰਸਿੱਧ ਪਹਾੜ ਦਾ ਨਾਮ।

قاف تا قاف ***ਕ਼ਾਫ਼ ਤਾ ਕਾਫ਼*** : ਇਕ ਸਿਰੇ ਤੋਂ ਦੂਜੇ ਸਿਰੇ ਤਕ, ਸਾਰਾ ਜਹਾਨ।

قاف و دال ***ਕ਼ਾਫ਼-ਉ-ਦਾਲ*** : ਕੌਲ ਤੇ ਦਲੀਲ, ਬੇਹੂਦਾ ਗੱਲ, ਫ਼ਜ਼ੂਲ ਗੱਲ, ਬਕਵਾਸ, ਸਵੈ-ਪਰਦਰਸ਼ਨੀ, ਫੋਕੀ ਸ਼ਾਨ।

قافلہ ***ਕ਼ਾਫ਼ਿਲਾ*** : ਸਫ਼ਰ ਤੋਂ ਪਰਤਣ ਵਾਲੀ ਜਮਾਤ, ਯਾਤਰੂਆਂ ਦਾ ਟੋਲਾ।

قافلہ سالار ***ਕ਼ਾਫ਼ਿਲਾ-ਸਾਲਾਰ*** : ਕਾਫ਼ਲੇ ਦਾ ਸਰਦਾਰ।

قافلہ شد ***ਕ਼ਾਫ਼ਿਲਾ-ਸ਼ੁਦ*** : ਕਾਫ਼ਲਾ-ਸਾਲਾਰ ਗਿਆ, ਹਜ਼ਰਤ ਮੁਹੰਮਦ ਸਾਹਿਬ ਦਾ ਅਕਾਲ ਚਲਾਣਾ।

قافیہ ***ਕ਼ਾਫ਼ੀਆ*** : (ਕਫ਼ੂ قفو 'ਚੋਂ ਨਿਕਲਿਆ) ਘੜੀਮੁੜੀ, ਵਾਰ ਵਾਰ ਆਉਣ ਵਾਲਾ, ਬੈਂਤ ਦੇ ਅਖੀਰ 'ਤੇ ਇਕੋ ਜੇਹੇ ਵਜ਼ਨ ਵਾਲਾ ਸ਼ਬਦ, ਜੇਹੜਾ 'ਰਦੀਫ਼' ਤੋਂ ਪੈਹਲਾਂ ਆਉਂਦਾ ਹੈ।

قافیہ تنگ شدن ***ਕ਼ਾਫ਼ੀਆ-ਤੰਗ ਸ਼ੁਦਨ*** : ਲਾਚਾਰ ਹੋਣਾ; ਗੱਲਬਾਤ ਵਿਚ ਹਾਰ ਜਾਣਾ, ਆਤਰ ਤੇ ਮਜਬੂਰ ਹੋਣਾ।

قافیہ سنجان ***ਕ਼ਾਫ਼ੀਆ-ਸੰਜਾਨ*** : ਸ਼ਾਇਰ, ਬੌਹਤੇ ਕਵੀ ਜਨ।

قاق ***ਕ਼ਾਕ਼*** : ਸੁੱਕਾ ਗੋਸ਼ਤ, ਖ਼ੁਸ਼ਕ ਮਾਸ, ਮਾੜਾ, ਕਮਜ਼ੋਰ, ਸੁਕੇ ਸਰੀਰ ਵਾਲਾ।

قاق ***ਕ਼ਾਕ*** : ਬਿਸਕੁਟ, ਕੇਕ।

قاقم ***ਕ਼ਾਕੁਮ*** : ਇਕ ਜਾਨਵਰ ਜਿਸ ਦੀ ਖੱਲ ਤੇ ਪਸ਼ਮ ਬੜੀ ਨਰਮ ਤੇ ਸਫ਼ੈਦ ਹੁੰਦੀ ਹੈ ਤੇ ਜਿਸ ਦੀ ਪੋਸਤੀਨ ਬਣਦੀ ਹੈ।

قال ***ਕ਼ਾਲ*** : ਗਲ-ਬਾਤ, ਬਾਤ-ਚੀਤ।

قال مقال ***ਕ਼ਾਲ ਮਕ਼ਾਲ*** : ਬੈਹਸ, ਤਕਰਾਰ, ਵਾਦ-ਵਿਵਾਦ।

قالب ***ਕ਼ਾਲਿਬ*** : ਸਚਾ, ਛੱਪਾ, ਠੋਕਾ, ਛਾਪਾ (ਕੱਪੜੇ ਠੇਕਣ ਵਾਲਾ); ਸਰੀਰ, ਢਾਂਚਾ।

قالب زن ***ਕ਼ਾਲਿਬਜ਼ਨ*** : ਢਾਲਣ ਵਾਲਾ, ਸੰਚੇ ਵਿਚੋਂ ਕਢਣ ਵਾਲਾ।

قالبی ***ਕ਼ਾਲਿਬੀ*** : ਸੰਚੇ ਵਿਚ ਢਾਲਿਆ ਹੋਇਆ।

قالب ***ਕ਼ਾਲਬ*** : ਉਲਟਾ ਕਰਨ ਵਾਲਾ, ਫੇਰਨ ਵਾਲਾ।

قالی ***ਕ਼ਾਲੀ*** : ਕੀਮਤੀ ਗਲੀਚਾ, ਕਲੀਨ, ਗ਼ਲੀਚਾ।

قالی باف ***ਕ਼ਾਲੀ-ਬਾਫ਼*** : ਗ਼ਲੀਚੇ ਬੁਣਨ ਵਾਲਾ।

قالی بافی ***ਕ਼ਾਲੀ-ਬਾਫ਼ੀ*** : ਗ਼ਲੀਚੇ ਬੁਣਨ ਦੀ ਕਿਰਿਆ, ਗ਼ਲੀਚੇ ਬਣਾਉਣ ਦਾ ਕਿੱਤਾ।

قالیچہ ***ਕ਼ਾਲੀਚਾ*** : (ਕਾਲੀ قالی ਦਾ ਲਘੂਵਾਚੀ) ਛੋਟਾ ਕਲੀਨ, ਛੋਟਾ ਗ਼ਲੀਚਾ।

قالیچۂ سلیمان ***ਕ਼ਾਲੀਚਾ-ਏ-ਸੁਲੇਮਾਨ*** : ਹਜ਼ਰਤ ਸੁਲੇਮਾਨ ਦਾ ਓਹ ਗ਼ਲੀਚਾ ਜਿਸ ਨੂੰ ਜਦ ਹਵਾ ਵਿਚ ਸੁੱਟਦੇ ਤਾਂ ਓਹ ਤਖ਼ਤ ਬਣ ਜਾਂਦਾ ਤੇ ਓਹ ਉਸ ਤੇ ਬੈਠ ਕੇ ਚਲੇ ਜਾਂਦੇ।

قالین ***ਕ਼ਾਲੀਨ*** : ਗ਼ਲੀਚਾ।

قالینوس ***ਕ਼ਾਲੀਨੂਸ*** : ਅੰਤਾਕੀਆ ਦੇ ਨੇੜੇ ਏਸ਼ੀਆਈ ਰੂਮ ਦੇ ਇਕ ਕਿਲ੍ਹੇ ਦਾ ਨਾਮ, ਇਕ ਸ਼ੈਹਰ ਦਾ ਨਾਮ।

قام ***ਕ਼ਾਮ*** : ਖਲੋਤਾ ਹੋਇਆ; ਓਹ ਆਦਮੀ (ਸੰਕੇਤਵਾਚੀ)।

قامت ***ਕ਼ਾਮਤ*** : ਖਲੋਣਾ, ਠੈਹਰਨਾ, ਸ਼ੁਰੂ ਕਰਨਾ, ਉਠੱਣਾ, ਕੌਮ ਤੇ ਲੱਗਣਾ; ਕੱਦ-ਕਾਠ, ਡੀਲ-ਡੌਲ, ਸ਼ਕਲ, ਸਰੀਰ, ਮਨੁੱਖ ਦੀ ਉਚਾਈ, ਛੇ ਫੁੱਟ ਦਾ ਮਾਪ।

قامچی ***ਕ਼ਾਮਚੀ*** : ਚਾਬਕ, ਕੋਰੜਾ।

قاموس ***ਕ਼ਾਮੂਸ*** : ਸਾਗਰ, ਡੂੰਘਾ ਸਾਗਰ, ਨਦੀ ਦਾ ਅੱਧ-ਵਿਚਕਾਰ, ਜੋ ਅਤਿ ਡੂੰਘਾ ਹੋਵੇ; ਭੰਵਰ; ਇਕ ਪਰਸਿੱਧ ਅਰਬੀ ਕੋਸ਼ ਜਿਸ ਦਾ ਸੰਪਾਦਕ ਸ਼ੇਖ ਮੁੱਕਦੀਨ-ਬਿਨ ਯਾਕੂਬ ਫ਼ੀਰੋਜ਼ਾਬਾਦੀ, ਜੋ ਚੌਦ੍ਹਵੀਂ ਸਦੀ ਵਿਚ ਹੋਇਆ ਸੀ।

قان ***ਕ਼ਾਨ*** : ਚੀਨ ਦੇ ਬਾਦਸ਼ਾਹਾਂ ਦੀ ਉਪਾਧੀ, ਖ਼ਾਨ।

قان ***ਕ਼ਾਨ*** : ਖ਼ੂਨ, ਲਹੂ।

قانع ***ਕਾਨਿਅ*** : ਸੰਤੋਖੀ, ਥੋੜ੍ਹੀ ਚੀਜ਼ ਤੇ ਸਬਰ ਕਰਨ ਵਾਲਾ, ਸਾਬਿਰ।

قانون ***ਕ਼ਾਨੂਨ*** : ਹਰ ਚੀਜ਼ ਦਾ ਅਸਲ, ਨਿਯਮ, ਸਿਧਾਂਤ; ਕਿਤਾਬ ਦਾ ਮਿਸਤਰ; ਅਨੁਮਾਨ ਲਾਉਣ ਦਾ ਜੰਤਰ, ਇਕ ਪਰਸਿੱਧ ਵਾਜਾ, ਪਿਆਨੇ, ਦਸਤੂਰ, ਰਸਮ, ਹਿਕਮਤ ਦੀ ਇਕ ਪਰਸਿੱਧ ਕਿਤਾਬ, ਜੋ ਬੂ-ਅਲੀ-ਸੀਨਾ ਦੀ ਰਚਨਾ ਹੈ।

قانون دان ***ਕ਼ਾਨੂਨਦਾਨ*** : ਕਨੂੰਨ ਜਾਣਨ ਵਾਲਾ, ਸਰਕਾਰੀ ਕਨੂੰਨ ਤੋਂ ਜਾਣੂ।

قانون دانی ***ਕ਼ਾਨੂਨਦਾਨੀ*** : ਕਨੂੰਨ ਦਾ ਗਿਆਨ।

قانون گو ***ਕ਼ਾਨੂਨਗੋ*** : ਕਾਨੂੰਗੋ, ਮੁੱਖ ਪਟਵਾਰੀ, ਮੈਹਕਮਾ ਮਾਲ ਦਾ ਕਰਮਚਾਰੀ, ਪਟਵਾਰੀਆਂ ਦਾ ਨਿਗਰਾਨ।

قانون گوئی ***ਕ਼ਾਨੂਨਗੋਈ*** : ਕਾਨੂੰਗੋ ਦੀ ਪਦਵੀ।

قانون نامہ ***ਕ਼ਾਨੂਨ-ਨਾਮਾ*** : ਕਨੂੰਨ ਦੀ ਕਿਤਾਬ।

قانون نویس ***ਕ਼ਾਨੂਨ-ਨਵੀਸ*** : ਕਨੂੰਨ ਲਿਖਣ ਵਾਲਾ।

قانوناً ***ਕ਼ਾਨੂਨਨ*** : ਕਨੂਨ ਨਾਲ, ਕਨੂੰਨ ਅਨੁਸਾਰ।

قاوق ***ਕ਼ਾਵਕ਼*** : ਛੋਟੀ ਬੇੜੀ, ਡੋਂਗਾ।

قاہر ***ਕ਼ਾਹਿਰ*** : ਕੈਹਰ ਕਰਨ ਵਾਲਾ, ਜਬਰ ਕਰਨ ਵਾਲਾ, ਜ਼ਬਰਦਸਤ, ਸ਼ਕਤੀਸ਼ਾਲੀ, ਅੱਲਾਹ ਦਾ ਇਕ ਸਿਫ਼ਾਤੀ ਨਾਮ।

قاہرہ ***ਕ਼ਾਹਿਰਾ*** : ਜ਼ਬਰਦਸਤ; ਅਫ਼ਰੀਕਾ ਮਹਾਂਦੀਪ ਦੇ ਪਰਸਿੱਧ ਦੇਸ ਮਿਸਰ ਦੀ ਰਾਜਧਾਨੀ, ਜੋ ਨਦੀ ਨੀਲ ਦੇ ਕੰਢੇ ਤੇ ਸਥਿਤ ਹੈ।

قاہ قاہ ***ਕ਼ਾਹ ਕ਼ਾਹ*** : ਜ਼ੋਰ ਦਾ ਹਾਸਾ, ਉੱਚੀ ਅਵਾਜ਼ ਵਿਚ ਹੱਸਣਾ, ਕੈਹਕਹਾ।

قائد ***ਕ਼ਾਇਦ*** : ਅਗੇ ਖਿੱਚਣ ਵਾਲਾ, ਅੰਨ੍ਹੇ ਦੀ ਲਾਠੀ ਫੜ ਕੇ ਟੋਰਨ ਵਾਲਾ, ਪਥ-ਪਰਦਰਸ਼ਕ, ਨੇਤਾ, ਸੈਨਾਪਤੀ।

قائد اعظم ***ਕ਼ਾਇਦ-ਏ-ਆਜ਼ਮ*** : ਪਰਧਾਨ ਨੇਤਾ, ਕੌਮ ਦਾ ਬੌਹਤ ਵੱਡਾ ਆਗੂ।

قائل ***ਕ਼ਾਇਲ*** : ਕੈਹਣ ਵਾਲਾ, ਬੋਲਣ ਵਾਲਾ, ਕਲੋਲਾਂ ਕਰਨ ਵਾਲਾ ਅਰਥਾਤ ਦੁਪੈਹਰ ਸੌਣ ਵਾਲਾ, ਆਪਣੀ ਗ਼ਲਤੀ ਮੰਨਣ ਵਾਲਾ, ਹਾਰ ਮੰਨਣ ਵਾਲਾ।

قائم ***ਕ਼ਾਇਮ*** : ਖਲੋਤਾ ਹੋਇਆ, ਖਲੋਣ ਵਾਲਾ, ਪੱਕਾ, ਸਿੱਧਾ ਸ਼ਤਰੰਜ ਖੇਡਣ ਵਾਲਿਆਂ ਦੀ ਪਰਭਾਸ਼ਾ ਵਿਚ ਬਰਾਬਰ ਦੀ ਬਾਜ਼ੀ।

قائم السیف ***ਕ਼ਾਇਮ-ਉਸ-ਸੈਫ਼*** : ਤਲਵਾਰ ਦਾ ਕਬਜ਼ਾ।

قائم انداز ***ਕ਼ਾਇਮ-ਅੰਦਾਜ਼*** : ਨਿਪੁੰਨ ਸ਼ਤਰੰਜ-ਬਾਜ਼।

قائم بالذات ***ਕ਼ਾਇਮ-ਬਿੱਜ਼ਾਤ*** : ਓਹ ਚੀਜ਼ ਜੋ ਆਪਣੀ ਜ਼ਾਤ ਸਦਕਾ ਕਾਇਮ ਹੋਵੇ, ਜੌਹਰ।

قائم بالغیر ***ਕ਼ਾਇਮ-ਬਿਲਗ਼ੈਰ*** : ਜੋ ਦੂਜੇ ਦੀ ਜ਼ਾਤ ਜਾਂ ਭਰੋਸੇ ਤੇ ਕਾਇਮ ਹੋਵੇ; ਮੁਥਾਜ।

قائم‌مقام **ਕ਼ਾਇਮ ਮਕਾਮ** : ਦੂਜੇ ਦੀ ਥਾਂ ਕੰਮ ਕਰਨ ਵਾਲਾ ਉਤਰਾਧਿਕਾਰੀ।।

قائمه **ਕ਼ਾਇਮਾ** : ਸਿੱਧਾ, ਖੜ੍ਹਾ ਹੋਇਆ; ਨੱਬੇ ਦਰਜੇ ਦਾ ਜ਼ਾਵੀਆ; ਕਿਤਾਬ ਦਾ ਵਰਕਾ; ਤਲਵਾਰ ਦਾ ਕਬਜ਼ਾ; ਘੋੜੇ ਦੀ ਟੰਗ ਜਾਂ ਉਸ ਦਾ ਪੈਰ।

قائن **ਕ਼ਾਇਨ** : ਪਤੀ ਜਾਂ ਪਤਨੀ ਦਾ ਭਰਾ, ਦੇਵਰ, ਜੇਠ, ਸਾਲਾ।

قبا **ਕ਼ਬਾ** : ਇਕ ਪਰਸਿੱਧ ਪੋਸ਼ਾਕ ਜੋ ਅਮੀਰ ਪੈਹਨਦੇ ਹਨ, ਅਚਕਨ, ਚੋਗਾ; ਕਮੀਜ਼ ਆਦਿ ਦਾ ਚਾਕ।

قباچه **ਕ਼ਬਾਚਾ** : ਛੋਟੀ ਕਬਾ, ਛੋਟਾ ਚੋਗਾ।

قباحت **ਕ਼ਬਾਹਤ** : ਬੁਰਾਈ, ਭੱਦਾਪਣ, ਖ਼ਰਾਬੀ, ਨੁਕਸ, ਖੋਟ, ਭੈੜ, ਦੁਸ਼ਵਾਰੀ, ਕਮੀਨਗੀ, ਨੁਕਸਾਨ, ਹਾਨੀ, ਕਮਜ਼ੋਰੀ।

قباد **ਕ਼ਬਾਦ** : ਕਿਯਾਨੀ ਬਾਦਸ਼ਾਹਾਂ ਵਿੱਚੋਂ ਇਕ ਦਾ ਨਾਮ, ਨੌਸ਼ੀਰਵਾਨ ਦਾ ਪਿਤਾ, ਮਿਨੂਚਿਹਰ ਦੀ ਫ਼ੌਜ ਦਾ ਇਕ ਨਾਇਕ।

قباق **ਕ਼ਬਾਕ਼** : ਇਕ ਲੰਮੀ ਲੱਕੜੀ ਜਿਸ ਉਤੇ ਸੋਨੇ ਜਾਂ ਚਾਂਦੀ ਦਾ ਛੱਲਾ ਲਾ ਕੇ ਘੋੜ-ਦੌੜ ਦੇ ਮੈਦਾਨ ਵਿਚ ਗੱਡ ਦਿੰਦੇ ਹਨ। ਘੋੜ-ਸਵਾਰ ਘੋੜਾ ਦੁੜਾਉਂਦੇ ਹੋਏ ਉਸ ਛੱਲੇ ਤੇ ਤੀਰ ਮਾਰਦੇ ਹਨ, ਜਿਸ ਦਾ ਤੀਰ ਜਾ ਲੱਗੇ, ਓਹ ਛੱਲਾ ਲੈ ਜਾਂਦਾ ਹੈ; ਤੀਰ ਦਾ ਨਿਸ਼ਾਨਾ।

قباق‌افگنی **ਕ਼ਬਾਕ਼-ਅਫ਼ਗਨੀ** : ਇਸ ਨੂੰ ਚੋਬੀ ਕਬਾਕ ਵੀ ਕੈਂਹਦੇ ਹਨ; ਤੀਰ ਮਾਰਨਾ, ਨਿਸ਼ਾਨੇਬਾਜ਼ੀ ਕਰਨਾ।

قباله **ਕ਼ਬਾਲਾ** : ਜ਼ਾਮਨ ਹੋਣਾ, ਕਬੂਲੀਅਤ, ਜ਼ਾਮਨੀ ਨਾਮਾ, ਕਨੂੰਨੀ ਲਿਖਤ, ਮਕਾਨ ਦੀ ਸਨਦ ਦਾ ਕਾਗ਼ਜ਼; ਬੈਨਾਮਾ, ਤਮੱਸਕ।

قباله‌دار **ਕ਼ਬਾਲਾਦਾਰ** : ਜਿਸ ਪਾਸ ਕਬਾਲਾ ਹੋਵੇ।

قباله‌نویس **ਕ਼ਬਾਲਾ ਨਵੀਸ** : ਕਬਾਲੇ ਲਿਖਣ ਵਾਲਾ, ਬੈਨਾਮੇ ਜਾਂ ਰਜਿਸਟਰੀਆਂ ਲਿਖਣ ਵਾਲਾ।

قبائل **ਕਬਾਇਲ** : (ਕਬੀਲਾ قبیله ਦਾ ਬੈਂਹਵਚਨ) ਕਬੀਲੇ, ਖ਼ਾਨਦਾਨ; ਘਰਾਣੇ, ਟੱਬਰ।

قبج **ਕ਼ਬਚ** : (ਕਬਕ کبک ਦਾ ਅਰਬੀ ਰੂਪਾਂਤਰ) ਚਕੋਰ।

قبچاق **ਕ਼ਬਚਾਕ** : ਤਾਤਾਰ ਦੇ ਇਕ ਜੰਗਲ ਦਾ ਨਾਮ ਜਿਥੋਂ ਦੇ ਰੈਹਣ ਵਾਲੇ ਬੜੇ ਜ਼ਾਲਮ ਤੇ ਲੋਕ-ਮਾਰ ਹੁੰਦੇ ਹਨ, ਇਥੋਂ ਦੇ ਰੈਹਣ ਵਾਲਿਆਂ ਨੂੰ ਵੀ ਕਬਚਾਕ ਹੀ ਕੈਂਹਦੇ ਹਨ; ਨਿਡਰ, ਬੇਬਾਕ, ਸ਼ੋਖ਼।

قبح **ਕ਼ੁਬਹ** : ਬੁਰਾਈ, ਭੈੜ, ਨੁਕਸ, ਐਬ।

قبر **ਕ਼ਬਰ** : ਮੁਰਦਾ ਦੱਬਣ ਦਾ ਟੋਆ, ਗੋਰ, ਮੜ੍ਹੀ।

قبرستان **ਕ਼ਬਰਿਸਤਾਨ** : ਕਬਰਾਂ ਦੀ ਥਾਂ, ਮੁਰਦੇ ਦੱਬਣ ਦਾ ਸਥਾਨ, ਜੀਰਾਣ।

قبرکن **ਕ਼ਬਰ-ਕਨ** : ਕਬਰਾਂ ਪੁੱਟਣ ਵਾਲਾ।

قبرگاه **ਕ਼ਬਰ-ਗਾਹ** : ਕਬਰਿਸਤਾਨ।

قبض **ਕ਼ਬਜ਼** : ਕਿਸੇ ਚੀਜ਼ ਨੂੰ ਪੰਜੇ ਨਾਲ ਫੜਨਾ; ਦਬੋਚਣਾ, ਪਕੜ, ਸੁਕੇੜ, ਕਾਬੂ, ਦਖ਼ਲ; ਟੱਟੀ ਨਾ ਆਉਣੀ; ਬੰਦਸ਼; ਇਲਮ-ਏ-ਅਰੂਜ਼ ਵਿਚ ਇਕ ਜ਼ਹਾਫ਼ ਦਾ ਨਾਮ।

قبض‌الوصول **ਕ਼ਬਜ਼-ਉਲ-ਵਸੂਲ** : ਵਸੂਲੀ ਦਾ ਰਜਿਸਟਰ, ਤਨਖ਼ਾਹ ਵੰਡਣ ਦਾ ਰਜਿਸਟਰ।

قبض‌بالجبر **ਕ਼ਬਜ਼-ਬਿਲ-ਜਬਰ** : ਜ਼ਬਰਦਸਤੀ ਕਬਜ਼ਾ, ਨਜਾਇਜ਼ ਢੰਗ ਨਾਲ ਮਲਕੀਅਤ।

قبضه **ਕ਼ਬਜ਼ਾ** : ਮੁੱਠੀ ਭਰ ਚੀਜ਼, ਤਲਵਾਰ ਆਦਿ ਦਾ ਦਸਤਾ, ਪਕੜ ਦੀ ਥਾਂ, ਮੁੱਠ, ਕਾਬੂ; ਦਖ਼ਲ।

قبط **ਕ਼ਿਬਤ** : ਹਜ਼ਰਤ ਨੂਹ ਦੇ ਪੋਤਰੇ ਦਾ ਨਾਮ ਜਿਸ ਦੀ ਔਲਾਦ ਮਿਸਰ ਦੇ ਵਾਸੀ ਹਨ।

قبطی **ਕ਼ਿਬਤੀ** : ਕਿਬਤ ਦੀ ਔਲਾਦ; ਮਿਸਰ ਦੇ ਅਸਲੀ ਵਸਨੀਕ, ਫ਼ਿਰਔਨ ਦੀ ਕੌਮ ਦੇ ਲੋਕ।

قبق **ਕ਼ਬਕ਼** : ਕਦੂ, ਗੋਲ ਕਦੂ, ਘੀਆ ਕਦੂ,

ਕਾਸ਼ੀ ਫਲ; ਚੱਪਣੀ।

قبقانداز ***ਕ਼ਬਕ-ਅੰਦਾਜ਼*** : ਤੀਰ ਮਾਰਨ ਵਾਲਾ, ਨਿਸ਼ਾਨਚੀ; ਪੁਰਾਣੇ ਸਮਿਆਂ ਵਿਚ ਕਦੂ ਲਟਕਾ ਕੇ ਉਸ ਉਤੇ ਤੀਰ ਮਾਰਨ ਦਾ ਅਭਿਆਸ ਕਰਦੇ ਸਨ।

قبل ***ਕ਼ਬਲ*** : ਅੱਗੇ, ਪੈਹਲੇ/ਪੈਹਲਾ।

قبله ***ਕ਼ਿਬਲਾ*** : ਜਿਸ ਪਾਸੇ ਮੂੰਹ ਕਰਕੇ ਨਮਾਜ਼ ਪੜ੍ਹਦੇ ਹਨ, ਕਾਬਾ, ਪਾਸਾ, ਤਰਫ਼, ਸਤਕਾਰ ਦਾ ਸ਼ਬਦ।

قبلهٔعالم ***ਕ਼ਿਬਲਾ-ਏ-ਆਲਮ*** : ਜਹਾਨ ਦਾ ਬਜ਼ੁਰਗ।

قبلهٔنما ***ਕ਼ਿਬਲਾ-ਨੁਮਾ*** : ਕਿਬਲਾ ਦੀ ਦਿਸ਼ਾ ਵਿਖਾਉਣ ਵਾਲਾ ਜੰਤਰ, ਜਿਸ ਦੀ ਸੂਈ ਉੱਤਰ ਦੀ ਥਾਂ ਪੱਛਮ ਦਿਸ਼ਾ ਵੱਲ ਰੈਂਹਦੀ ਹੈ, ਜਿਧਰ ਕਾਅਬਾ ਸਥਿਤ ਹੈ।

قبلهوکعبه ***ਕ਼ਿਬਲਾ-ਉ-ਕਅਬਾ*** : ਪੂਜਨੀਕ।

قبوح ***ਕ਼ਬੂਹ*** : ਭੈੜਾ, ਭੱਦਾ, ਬਦਸੂਰਤ, ਕਰੂਪ।

قبور ***ਕ਼ਬੂਰ*** : (ਕ਼ਬਰ قبر ਦਾ ਬੌਹਵਚਨ) ਕਬਰਾਂ।

قبول ***ਕ਼ਬੂਲ*** : ਮੰਨਣਾ, ਮੰਨ ਲੈਣਾ, ਪਰਵਾਨ ਕਰਨਾ, ਰਜ਼ਾਮੰਦੀ, ਮਨਜ਼ੂਰੀ, ਇਕਰਾਰ, ਹਾਂ, ਫ਼ਾਰਸੀ ਵਿਚ ਮਕਬੂਲ ਪਰਵਾਨਤ ਦੇ ਅਰਥਾਂ ਵਿਚ ਵੀ ਆਉਂਦਾ ਹੈ।

قبولیت ***ਕ਼ਬੂਲੀਯਤ*** : ਮੰਨ ਲੈਣਾ, ਕਬੂਲ ਕਰਨਾ, ਪਰਵਾਨ ਕਰਨਾ, ਰਸੀਦ; ਪਰਵਾਨਗੀ, ਲਿਖਤ ਵਿਚ ਇਕਰਾਰ।

قبّه ***ਕ਼ੁੱਬਾ*** : ਗੋਲ ਇਮਾਰਤ, ਬੁਰਜ, ਗੁੰਬਦ।

قبهِآب ***ਕ਼ੁੱਬਾ-ਏ-ਆਬ*** : ਪਾਣੀ ਦਾ ਬੁਲਬੁਲਾ।

قبّهِالاسلام ***ਕ਼ੁੱਬਾ-ਉਲ-ਇਸਲਾਮ*** : ਬਸਰਾ, ਬੁਖਾਰਾ ਨੂੰ ਵੀ ਕੈਂਹਦੇ ਹਨ।

قبهٔزربفت/مینا ***ਕ਼ੁੱਬਾ-ਏ-ਜ਼ਰਬਫ਼ਤ/ਮੀਨਾ*** : ਅਸਮਾਨ, ਅਕਾਸ਼।

قبهٔزرین ***ਕ਼ੁੱਬਾ-ਏ-ਜ਼ੱਰੀਨ*** : ਸੂਰਜ।

قبیح ***ਕ਼ਬੀਹ*** : ਬੁਰਾ, ਮੰਦਾ, ਭੈੜਾ, ਕਰੂਪ।

قبیل ***ਕ਼ਬੀਲ*** : ਕਿਸਮ, ਪਰਕਾਰ, ਜਿਨਸ, ਤਿੰਨ ਤੋਂ ਵਧੇਰੇ ਕੌਮਾਂ ਦਾ ਸਮੂਹ, ਇਕੱਠ, ਭੀੜ; ਮੰਨਣ ਵਾਲਾ, ਕਬੂਲ ਕਰਨ ਵਾਲਾ; ਕੌਮ ਦਾ ਰਈਸ ਜਾਂ ਸਰਦਾਰ; ਇਕੋ ਖ਼ਾਨਦਾਨ ਦੇ ਲੋਕ, ਕਬੀਲਾ, ਖ਼ਾਨਦਾਨ।

قبیله ***ਕ਼ਬੀਲਾ*** : ਸਮੂਹ, ਜਮਾਤ; ਖ਼ਾਨਦਾਨ, ਟੱਬਰ; ਨਸਲ, ਆਲ ਔਲਾਦ; ਵਰਗ।

قتال ***ਕ਼ੱਤਾਲ*** : (ਕਾਤਿਲ قاتل ਦਾ ਬੌਹ-ਵਚਨ) ਕਤਲ ਕਰਨ ਵਾਲੇ, ਖ਼ੂਨੀ।

قتال ***ਕ਼ਿਤਾਲ*** : ਲੜਨਾ, ਜੰਗ ਕਰਨਾ, ਜੰਗ, ਲੜਾਈ, ਭੇੜ, ਕਤਲ, ਖ਼ੂਨ।

قتر ***ਕ਼ਤਿਰ*** : ਖੱਚਰ।

قتر ***ਕ਼ਤਰ*** : ਟੱਬਰ ਤੇ ਘਰ-ਬਾਰ ਉਪਰ ਖ਼ਰਚ ਕਰਨ ਵਿਚ ਤੰਗੀ ਕਰਨਾ।

قتره/قتر ***ਕ਼ਤਰ/ਕਿਤਰਾ*** : ਗਰਦ ਗ਼ੁਬਾਰ।

قتل ***ਕਤਲ*** : ਜਾਨ ਤੋਂ ਮਾਰ ਦੇਣਾ, ਖ਼ੂਨ ਕਰਨਾ।

قتلِعام ***ਕ਼ਤਲ-ਏ-ਆਮ*** : ਸਭ ਨੂੰ ਮਾਰ ਦੇਣਾ, ਖ਼ੂਨ ਖ਼ਰਾਬਾ (ਸਭ ਦਾ)।

قتلگاه ***ਕ਼ਤਲ-ਗਾਹ*** : ਕਤਲ ਕਰਨ ਦੀ ਥਾਂ।

قتّی ***ਕ਼ੁੱਤੀ*** : ਡੱਬਾ, ਸੰਦੂਕੜੀ।

قتیِحلبی ***ਕ਼ੁੱਤੀ-ਏ-ਹਲਬੀ*** : ਟੀਨ ਦਾ ਡੱਬਾ।

قتیِکبریتِفرنگی ***ਕ਼ੁੱਤੀ-ਏ-ਕਿਬਰੀਯਤ-ਏ-ਫ਼ਰੰਗੀ*** : ਦੀਆ ਸਿਲਾਈ ਦੀ ਡੱਬੀ, ਮਾਚਸ।

قتیل ***ਕ਼ਤੀਲ*** : ਕਤਲ ਕੀਤਾ ਗਿਆ, ਪਰਸਿੱਧ ਭਾਰਤੀ ਸ਼ਾਇਰ ਮਿਰਜ਼ਾ-ਕਤੀਲ ਦਾ ਤੱਖੱਲੁਸ।

قحط ***ਕ਼ਹਤ਼*** : ਅੰਨ ਦੀ ਥੁੜ ਤੇ ਮੈਂਹਗਾਈ, ਕਾਲ, ਭੁੱਖ-ਮਰੀ।

قحطسالی ***ਕ਼ਹਤਸਾਲੀ*** : ਭੁਖ-ਮਰੀ।

قدّ ***ਕੱਦ*** : ਸਰੀਰ ਦੀ ਲੰਬਾਈ ਕੱਦ-ਕਾਠ, ਡੀਲ-ਡੌਲ।

قدّآدم **ਕ਼ੱਦ-ਏ-ਆਦਮ** : ਆਦਮੀ ਦੀ ਉਚਾਈ ਜਿੰਨਾ ਕੱਦ।

قدآور **ਕ਼ੱਦ-ਆਵਰ** : ਵੱਡੇ ਕੱਦ ਦਾ, ਪੂਰੇ ਆਦਮੀ ਦੇ ਅਕਾਰ ਦਾ।

قدوقامت **ਕ਼ੱਦ-ਉ-ਕਾਮਤ** : ਅਕਾਰ ਤੇ ਕੱਦ-ਕਾਠ, ਸਰੀਰ ਦੀ ਬਣਤਰ, ਡੀਲ-ਡੌਲ।

قداح **ਕ਼ੱਦਾਹ** : ਪਿਆਲੇ ਵੇਚਣ ਵਾਲਾ।

قدام **ਕ਼ਦਾਮ,** قدام **ਕ਼ੁਦਾਮ** : ਪੁਰਾਣਾ, ਪੈਹਲਾ, ਰਈਸ, ਬਾਦਸ਼ਾਹ, ਨੇਤਾ।

قدّام **ਕ਼ੁੱਦਾਮ** : ਸਾਮ੍ਹਣੇ, ਅੱਗੇ, ਸਫ਼ਰ ਤੋਂ ਆਉਣ ਵਾਲੇ ਲੋਕ।

قدامت **ਕ਼ਦਾਮਤ** : ਪੁਰਾਣਾ ਹੋਣਾ, ਪੈਹਲਾ, ਪਰਾਚੀਨਤਾ, ਬੌਹਤ ਪੁਰਾਣਾ, ਪੈਹਲ।

قدح **ਕ਼ਦ੍ਹ** : ਪਿਆਲਾ, ਵੱਡਾ ਪਿਆਲਾ।

قدح‌خوار **ਕ਼ਦ੍ਹ ਖ਼੍ਵਾਰ,** قدح‌کش **ਕ਼ਦ੍ਹ-ਕਸ਼** : ਸ਼ਰਾਬ ਪੀਣ ਵਾਲਾ, ਸ਼ਰਾਬੀ।

قدر **ਕ਼ਦਰ** : ਬਜ਼ੁਰਗੀ, ਵਡਿਆਈ, ਇੱਜ਼ਤ, ਸਤਕਾਰ, ਕਿਸਮਤ, ਰਿਜ਼ਕ, ਅਮੀਰੀ, ਸ਼ਕਤੀ; ਬੇਨਿਆਜ਼ੀ, ਬੇਮੁਥਾਜੀ; ਅੰਦਾਜ਼ਾ; ਅਨੁਮਾਨ, ਖ਼ੂਬੀ, ਵਿਸ਼ੇਸ਼ਤਾ; ਬਰਾਬਰ, ਸਮਾਨ।

قدردان **ਕ਼ਦਰਦਾਨ,** قدرشناس **ਕ਼ਦਰਸ਼ਿਨਾਸ** : ਕਦਰ ਜਾਣਨ ਵਾਲਾ।

قدردانی **ਕ਼ਦਰਦਾਨੀ,** قدرشناسی **ਕਦਰਸ਼ਿਨਾਸੀ** : ਕਦਰ ਜਾਣਨ ਦੀ ਕਿਰਿਆ।

قَدر **ਕ਼ਦਰ** : ਰੱਬ ਦਾ ਹੁਕਮ, ਰਜ਼ਾ, ਤਕਦੀਰ, ਅੰਤ, ਹੱਦ; ਕਿਸੇ ਚੀਜ਼ ਦਾ ਅੰਦਾਜ਼ਾ।

قدر **ਕ਼ਿਦਰ** : ਦੇਗਚਾ, ਪਤੀਲਾ, ਦੇਗਚੀ, ਹਾਂਡੀ, ਦੇਗ।

قدرپایہ **ਕ਼ਦਰ-ਪਾਯਾ** : ਥੋੜ੍ਹੀ ਮਿਕਦਾਰ ਦਾ।

قدرت **ਕ਼ੁਦਰਤ** : ਸ਼ਕਤੀ, ਸਮਰੱਥਾ, ਯੋਗਤਾ; ਸਾਹਸ, ਦਲੇਰ; ਅਮੀਰੀ, ਰੱਬ ਦੀ ਇਕ ਸਿਫ਼ਤ, ਸਰਬ-ਸ਼ਕਤੀਮਾਨਤਾ, ਸ਼੍ਰਿਸ਼ਟੀ, ਪਰਕਿਰਤੀ; ਤਕਦੀਰ।

قدری **ਕ਼ਦਰੇ** : ਥੋੜਾ, ਥੋੜਾ ਜੇਹਾ।

قدزن **ਕ਼ਦਜ਼ਨ** : ਹਾਥੀ ਦੰਦ, ਹੱਡੀ ਜਾਂ ਚਾਂਦੀ ਦੀ ਉਂਗਲ ਭਰ ਲੰਮੀ ਸਲਾਖ, ਜਿਸ ਉਤੇ ਕਲਮ ਦਾ ਕਤ ਲਗਾਉਂਦੇ ਹਨ।

قدس **ਕ਼ੁਦਸ** : ਪਾਕ, ਪਵਿੱਤਰ, ਪਾਕੀਜ਼ਗੀ, ਪਵਿੱਤਰਤਾ, ਅਜਬ ਦੇ ਇਕ ਪਹਾੜ ਦਾ ਨਾਮ, ਜੋ ਬੈਤੁਲਮੁਕੱਦਸ ਵਿਚ ਹੈ, ਯੈਰੋਸ਼ਲਮ ਜਿਸ ਨੂੰ ਕੁਦਸ-ਸ਼ਰੀਫ਼, ਜਾਂ ਮੁਬਾਰਕ ਵੀ ਕੈਂਹਦੇ ਹਨ।

قدسی **ਕ਼ੁਦਸੀ** : ਪਾਕ, ਪਾਕੀਜ਼ਾ, ਫ਼ਰਿਸ਼ਤਾ ਨੇਕ ਬੰਦਾ।

قدسیان **ਕ਼ੁਦਸੀਯਾਨ** : (ਕੁਦਸੀ قدسی ਦਾ ਬੌਹਵਚਨ) ਨੇਕ ਬੰਦੇ; ਫ਼ਰਿਸ਼ਤੇ।

قدغ **ਕ਼ਦਗ਼** : ਸਿੰਗ, ਦਾ ਬਣਿਆ ਹੋਇਆ ਪਿਆਲਾ ਜਿਸ ਵਿਚ ਸ਼ਰਾਬ ਪੀਤੀ ਜਾਂਦੀ ਹੈ।

قدغن **ਕ਼ਦਗ਼ਨ** : ਤਕੀਦ, ਪੁੱਛ-ਗਿੱਛ; ਹਿਰਾਸਤ; ਮਨਾਹੀ; ਰੋਕ-ਟੋਕ; ਅਦੇਸ਼।

قدغنچی **ਕ਼ਦਗ਼ਨਚੀ** : ਤਕੀਦ ਕਰਨ ਵਾਲਾ, ਦਰਬਾਨ, ਚੌਕੀਦਾਰ, ਰੋਕਣ ਵਾਲਾ; ਸਰਕਾਰੀ ਪਿਆਦਾ।

قدغنِ‌ضبطیہ **ਕ਼ਦਗ਼ਨ-ਏ-ਜ਼ਬਤੀਯਾ** : ਹਵਾਲਾਤ, ਪੁਲਸ ਦੀ ਹਿਰਾਸਤ।

قدم **ਕ਼ਦਮ** : ਪੈਰ; ਨਿਸ਼ਾਨ,ਅਸਰ, ਪੈੜ; ਪਗ-ਚਿੰਨ੍ਹ, ਚੱਲਣ ਲਗਿਆਂ ਦੋਹਾਂ ਪੈਰਾਂ ਦਾ ਫ਼ਾਸਲਾ, ਪਲਾਂਘ, ਚਾਲ।

قدم‌بوس **ਕ਼ਦਮਬੋਸ** : ਪੈਰ ਚੁੰਮਣ ਵਾਲਾ।

قدم‌بوسی **ਕ਼ਦਮਬੋਸੀ** : ਪੈਰ ਚੁੰਮਣਾ, ਵਿਸ਼ੇਸ਼ਤਾ ਵਾਲਾ; ਦਇਆ; ਆਗਿਆਕਾਰਤਾ।

قدمِ‌چند **ਕ਼ਦਮ-ਏ-ਚੰਦ** : ਕੁਝ ਕਦਮ, ਥੋੜ੍ਹੇ ਕਦਮ।

قدمِ‌خاک **ਕ਼ਦਮ-ਏ-ਖ਼ਾਕ** : ਧਰਤੀ।

قدمِ‌صدق **ਕ਼ਦਮ-ਏ-ਸਿਦਕ਼** : ਨੇਕ ਨਿਸ਼ਾਨ।

قدمقدم ***ਕ਼ਦਮ ਕ਼ਦਮ*** : ਹਰ ਕਦਮ ਤੇ।

قدمگاہ ***ਕ਼ਦਮ ਗਾਹ*** : ਪੂਜਣ ਦਾ ਸਥਾਨ।

قدموار ***ਕ਼ਦਮਵਾਰ*** : ਤੁਰਨਯੋਗ, ਜਿਸ ਥਾਂ ਉਤੇ ਤੁਰਿਆ ਗਿਆ ਹੋਵੇ।

قدم ***ਕ਼ਦਿਮ*** : ਕਿਸੇ ਕੰਮ ਵਿਚ ਅਗਾਂਹ ਵਧਣ ਵਾਲਾ, ਜੰਗ ਵਿਚ ਮੋਹਰੀ ਬਣਨ ਵਾਲਾ; ਦਲੇਰ, ਬਹਾਦਰ।

قدم ***ਕ਼ਿਦਮ*** : ਪੁਰਾਤਨਤਾ, ਪੁਰਾਣਾ ਸਮਾਂ।

قدما ***ਕੁਦਮਾ*** : (ਕਦੀਮ قدیم ਦਾ ਬੌਹਵਚਨ) ਪੁਰਾਣੇ ਲੋਕ, ਪੈਹਲੇ ਵਕਤਾਂ ਦੇ ਆਦਮੀ, ਸਰਬੋਤਮ (ਲੋਕ)।

قدمة ***ਕ਼ਦਮਤ*** : ਸ਼ਾਨ ਨਾਲ ਤੁਰਨਾ, ਪਲਾਂਘ, ਲੀਹ, ਲਾਂਘਾ, ਪੈੜ, ਪੈਰਾਂ ਦੇ ਨਿਸ਼ਾਨ, ਪੁਰਾਤਨਤਾ, ਸਥਿਰਤਾ।

قدور ***ਕੁਦੂਰ*** : (ਕ਼ਿਦਰ قدر ਦਾ ਬੌਹਵਚਨ) ਦੇਗਾਂ, ਹਾਂਡੀਆਂ, ਦੇਗਚੇ, ਸ਼ਕਤੀ, ਸਮਰੱਥਾ।

قدوری ***ਕੁਦੂਰੀ*** : ਫ਼ਿਕ੍ਹਾ (ਫ਼ਿਕਹ) ਦੀ ਇਕ ਪੁਸਤਕ ਦਾ ਨਾਮ।

قدوس ***ਕਦੂੱਸ, ਕੁਦੂਸ*** : ਬੌਹਤ ਪਾਕ, ਅਤਿ ਪਵਿੱਤਰ, ਅੱਲਾਹ ਦਾ ਇਕ ਨਾਮ।

قدوم ***ਕੁਦੂਮ*** : (ਕ਼ਦਮ قدم ਦਾ ਬੌਹਵਚਨ) ਅਗ੍ਹਾਂ ਵਧਣ ਵਾਲਾ, ਦਲੇਰ, ਬਹਾਦਰ, ਕਿਸੇ ਥਾਂ ਤੋਂ ਆਉਣਾ, ਸਫ਼ਰ ਤੋਂ ਪਰਤਣਾ।

قدید ***ਕ਼ਦੀਦ*** : ਸੁਕਾਇਆ ਹੋਇਆ ਗੋਸ਼ਤ; ਫਟਿਆ ਪੁਰਾਣਾ ਕੱਪੜਾ।

قدیر ***ਕ਼ਦੀਰ*** : ਸ਼ਕਤੀਸ਼ਾਲੀ, ਰੱਬ ਦੀ ਇਕ ਸਿਫ਼ਤ, ਸਰਬਸ਼ਕਤੀਮਾਨ।

قدیم ***ਕ਼ਦੀਮ*** : ਪੁਰਾਣਾ, ਚਿਰੋਕਾ, ਪੁਰਾਣਾ, ਆਦਿ ਅੰਤ ਰੈਹਤ, ਅਨੰਤ।

قدیماً ***ਕ਼ਦੀਮਨ*** : ਚਿਰ ਤੋਂ, ਚਿਰਾਂ ਤੋਂ।

قدیم الایام ***ਕ਼ਦੀਮ-ਉਲ-ਅੱਯਾਮ*** : ਪੈਹਲੇ ਸਮਿਆਂ ਤੋਂ, ਸਦਾ ਤੋਂ, ਬੌਹਤ ਪੁਰਾਣਾ ਸਮਾਂ।

قرآن ***ਕ਼ੁਰਆਨ*** : ਰੱਬੀ ਕਲਾਮ ਜੋ ਹਜ਼ਰਤ ਮੁਹੰਮਦ ਸਾਹਿਬ ਉਤੇ ਨਾਜ਼ਿਲ ਹੋਇਆ ਭਾਵ ਮੁਸਲਮਾਨਾਂ ਦਾ ਧਾਰਮਕ ਗਰੰਥ ਜਿਸ ਵਿਚ ੧੧੪ ਸੂਰਤਾਂ ਅਤੇ ੬੬੬੬ ਆਇਤਾਂ ਹਨ।

قراب ***ਕ਼ਰਾਬ*** : ਨੇੜ, ਨਜ਼ਦੀਕੀ।

قراب ***ਕ਼ਿਰਾਬ*** : ਤਲਵਾਰ ਜਾਂ ਖ਼ੰਜਰ ਦਾ ਮਿਆਨ।

قرابادین ***ਕ਼ਰਾਬਾਦੀਨ*** : ਦਵਾਈਆਂ ਦੇ ਇਕ ਕੋਸ਼ ਦਾ ਨਾਮ।

قراباغ ***ਕ਼ਰਾਬਾਗ਼*** : ਇਕ ਮੁਲਕ ਜੋ ਕਾਲਾ ਸਾਗਰ ਤੇ ਸਥਿਤ ਹੈ, ਈਰਾਨ ਦੇ ਪੂਰਬ ਵੱਲ ਦੇ ਇਕ ਸ਼ੈਹਰ ਦਾ ਨਾਮ।

قرابت ***ਕ਼ਰਾਬਤ*** : ਨੇੜੇ ਹੋਣਾ, ਕਰੀਬ ਹੋਣਾ, ਨਿਕਟਤਾ।

قرابتی ***ਕ਼ਰਾਬਤੀ*** : ਰਿਸ਼ਤੇਦਾਰੀ, ਅਪੱਣਤ।

قرابہ ***ਕ਼ਰਾਬਾ*** : ਠੰਢਾ ਪਾਣੀ; ਮਿੱਠਾ ਪਾਣੀ, ਸ਼ਰਾਬ ਦੀ ਸ਼ੀਸ਼ੀ, ਸੁਰਾਹੀ।

قرابۂ زرین ***ਕ਼ਰਾਬਾ-ਏ-ਜ਼ੱਰੀਨ*** : ਸੂਰਜ।

قرابین ***ਕ਼ਰਾਬੀਨ*** : (ਕੁਰਬਾਨ قربان ਦਾ ਬੌਹਵਚਨ) ਜਿਨ੍ਹਾਂ ਦੀ ਕੁਰਬਾਨੀ ਦਿੱਤੀ ਜਾਵੇ, ਬਾਦਸ਼ਾਹ ਦੇ ਨਿਕਟ ਵਰਤੀ।

قراۃ/قرات ***ਕ਼ਿਰਅਤ*** : ਪੜ੍ਹਨਾ; ਸ਼ਬਦਾਂ ਦੇ ਧਾਤੂ ਕੱਢਣਾ।

قراتاتار ***ਕ਼ਰਾਤਾਤਾਰ*** : ਕਾਲੇ ਤਾਤਾਰੀ।

قراچار ***ਕ਼ਰਾਚਾਰ*** : ਚੰਗੇਜ਼ਖ਼ਾਨ ਦਾ ਤਾਇਆ ਅਤੇ ਤੈਮੂਰ ਦਾ ਦਾਦਾ।

قراچور ***ਕ਼ਰਾਚੂਰ*** : ਵੱਡੀ ਲੰਮੀ ਤਲਵਾਰ।

قراچوری ***ਕ਼ਰਾਚੂਰੀ*** : ਤਲਵਾਰ ਦਾ ਧਨੀ।

قراخان ***ਕ਼ਰਾਖ਼ਾਨ*** : ਤੁਰਕਿਸਤਾਨ ਦੇ ਇਕ ਬਾਦਸ਼ਾਹ ਦਾ ਨਾਮ ਜੋ ਸਿਕੰਦਰ ਦਾ ਸਮਕਾਲੀ ਸੀ, ਅਫ਼ਰਾਸਿਯਾਬ ਦੇ ਪੈਹਲਵਾਨਾਂ ਵਿਚੋਂ ਇਕ ਦਾ ਨਾਮ।

قرار ***ਕ਼ਰਾਰ*** : ਅਰਾਮ, ਚੈਨ, ਸ਼ਾਂਤੀ, ਮਜ਼ਬੂਤੀ, ਟਿਕਾ, ਸਥਿਰਤਾ, ਅਡੋਲਤਾ, ਸੁਰਖਿਅਤ ਥਾਂ; ਪਰੌੜ੍ਹਤਾ, ਪੁਸ਼ਟੀ, ਇਕਰਾਰ, ਸੰਧੀ, ਸਚਾਈ, ਵਾਸਤਵਿਕਤਾ, ਅਸਲੀਅਤ, ਸਬਰ।

قرارداد ***ਕ਼ਰਾਰਦਾਦ*** : ਮਤਾ, ਪਰਸਤਾਵ ਜੋ ਪਾਸ ਹੋ ਜਾਵੇ, ਇਕਰਾਰ, ਸ਼ਰਤ, ਹੁਕਮ,

ਲਿਖਤੀ ਅਦੇਸ਼, ਫ਼ੈਸਲਾ; ਤਜਵੀਜ਼।

قرارگاه *ਕ਼ਰਾਰਗਾਹ*: ਠੈਹਰਨ ਦੀ ਥਾਂ, ਦਮਦਮਾ।

قراطیس *ਕ਼ਰਾਤੀਸ* : (ਕਿਰਤਾਸ قرطاس ਦਾ ਬੌਹਵਚਨ) ਕਾਗਜ਼।

قراغوش *ਕ਼ਿਰਾਗ਼ੂਸ਼*, قراقوش *ਕ਼ਿਰਾਕ਼ੂਸ਼* : ਇਕ ਸ਼ਿਕਾਰੀ ਪੰਛੀ, ਸ਼ਿਕਰਾ, ਬਾਜ਼।

قراقرم *ਕ਼ਰਾਕ਼ੁਰਮ*, قراقوم *ਕ਼ਰਾਕ਼ੂਮ* : ਮੰਗੋਲੀਆ ਵਿਚ ਚੰਗੇਜ਼ਖਾਨ ਦਾ ਜੱਦੀ ਪਿੰਡ; ਇਕ ਪਰਸਿੱਧ ਪਹਾੜ ਦਾ ਨਾਮ ਜੋ ਕਸ਼ਮੀਰ ਦੇ ਉੱਤਰ ਵੱਲ ਹੈ; ਤੁਰਕਿਸਤਾਨ ਦੇ ਇਕ ਸ਼ੈਹਰ ਦਾ ਨਾਮ।

قران *ਕ਼ਿਰਾਨ* : ਨੇੜਤਾ, ਨਜ਼ਦੀਕੀ, ਮਿਲਾਪ, ਸੰਜੋਗ, ਮੇਲ; ਇਕ ਚੀਜ਼ ਦਾ ਦੂਜੀ ਨਾਲ ਮਿਲਣਾ, ਦੋ ਵਸਤਾਂ ਦਾ ਇਕੱਠਾ ਹੋਣਾ; ਸੂਰਜ ਤੋਂ ਛੁੱਟ ਬਾਕੀ ਦੇ ਛੇ ਸਤਾਰਿਆਂ ਵਿਚੋਂ ਦੋ ਦਾ ਇਕੋ ਬੁਰਜ ਵਿਚ ਇਕੱਠਾ ਹੋਣਾ, ਜੋ ਭਾਗਸ਼ਾਲੀ ਸਮਝਿਆ ਜਾਂਦਾ ਹੈ, ਲਗਨ, ਗਰੈਹ।

قرانالسعدین *ਕ਼ਿਰਾਨੁੱਸਅਦੈਨ* : ਦੋ ਸਤਾਰਿਆਂ ਦਾ ਇਕੋ ਬੁਰਜ ਵਿਚ ਇੱਕਠਾ ਹੋਣਾ, ਦੋ ਨੇਕ ਸਤਾਰਿਆਂ ਦਾ ਸੰਜੋਗ, ਸ਼ੁਭ ਘੜੀ; ਅਮੀਰ ਖੁਸਰੋ ਦੀ ਇਕ ਕਾਵਿ-ਪੁਸਤਕ ਦਾ ਨਾਮ।

قران *ਕ਼ਿਰਾਨ* : ਤੋਮਾਨ ਸਿੱਕੇ ਦਾ ਦਸਵਾਂ ਹਿੱਸਾ, ਇਕ ਸਿੱਕਾ।

قراول *ਕ਼ਰਾਵੁਲ* : ਸ਼ਿਕਾਰੀ; ਬੰਦੂਕ ਨਾਲ ਸ਼ਿਕਾਰ ਕਰਨ ਵਾਲਾ, ਬੰਦੂਕਚੀ; ਫ਼ੌਜ ਦਾ ਹਰਾਵਲ ਦਸਤਾ ਜੇਹੜਾ ਅੱਗੇ ਵਧ ਕੇ ਦੁਸ਼ਮਣ 'ਤੇ ਨਿਗਾਹ ਰੱਖਦਾ ਹੈ, ਪੈਹਰੇਦਾਰ, ਚੌਕੀਦਾਰ।

قرائن *ਕ਼ਰਾਇਨ* : (ਕਰੀਨਾ قرینه ਦਾ ਬੌਹਵਚਨ) ਆਪਸੀ ਸਬੰਧ, ਮਿਲੇ ਹੋਏ, ਰੂ-ਬ-ਰੂ, ਬੇਗਮਾਂ, ਪਤਨੀਆਂ; ਨਿਸ਼ਾਨੀਆਂ, ਤੌਰ ਤਰੀਕੇ; ਸਜਾਵਟਾਂ; ਤਰਤੀਬਾਂ; ਅੰਦਾਜ਼ੇ।

قرب *ਕ਼ੁਰਬ* : ਨਜ਼ਦੀਕ ਹੋਣਾ, ਨੇੜੇ ਢੁੱਕਣਾ, ਨਿਕਟਤਾ।

قربِ روحانی *ਕ਼ੁਰਬ-ਏ-ਰੂਹਾਨੀ* : ਅੰਤਰੀਵੀ ਨਜ਼ਦੀਕੀ, ਦਿਲੀ ਨੇੜਤਾ।

قُربا *ਕ਼ੁਰਬਾ* : (ਕਰੀਬ قریب ਦਾ ਬੌਹਵਚਨ) ਕਰੀਬੀ ਲੋਕ, ਸਾਕ ਸਬੰਧੀ, ਰਿਸ਼ਤੇਦਾਰ।

قرباقه *ਕ਼ੁਰਬਾਕ਼ਾ*, قرباغه *ਕ਼ੁਰਬਾਗ਼ਾ* : ਡੱਡੂ, ਮੇਂਡਕ।

قربان *ਕ਼ੁਰਬਾਨ* : ਸਦਕਾ, ਖ਼ੈਰਾਤ, ਓਹ ਸ਼ੈ ਜੇਹੜੀ ਰੱਬ ਦੇ ਨਾਂ 'ਤੇ ਦਿੱਤੀ ਜਾਵੇ, ਭੇਟਾ, ਵਾਰਨਾ।

قربانگاه *ਕ਼ੁਰਬਾਨ-ਗਾਹ* : ਜਾਨਵਰਾਂ ਦੀ ਕ਼ੁਰਬਾਨੀ ਦੀ ਥਾਂ।

قربانی *ਕ਼ੁਰਬਾਨੀ* : ਓਹ ਜਾਨਵਰ ਜੋ ਖ਼ੁਦਾ ਦੇ ਨਾਮ ਤੇ ਜ਼ਿਬ੍ਹਾ ਕੀਤਾ ਜਾਵੇ, ਬਲੀ।

قربان *ਕ਼ਿਰਬਾਨ* : ਚਮੜੇ ਦਾ ਤਸਮਾ ਜਿਸ ਵਿਚ ਤਰਕਸ਼ ਸੀਤਾ ਹੁੰਦਾ ਹੈ, ਉਸੇ ਵਿਚ ਕਮਾਨ ਨੂੰ ਲਟਕਾ ਕੇ ਗਲ ਵਿਚ ਪਾ ਲੈਂਦੇ ਹਨ; ਕਮਾਨਦਾਨ।

قربه *ਕ਼ਿਰਬਾ* : ਮਸ਼ਕ।

قربی *ਕ਼ੁਰਬਾ* : ਕੁਰਬ, ਨਜ਼ਦੀਕੀ, ਨੇੜਤਾ, ਰਿਸ਼ਤਾ।

قرت *ਕ਼ਿਰਤ* : ਖੁਸ਼ਕ ਦਹੀਂ; ਪਾਣੀ ਦਾ ਘੁੱਟ।

قرحان *ਕ਼ਰਹਾਨ* : ਓਹ ਊਠ ਜਿਸ ਨੂੰ ਕਦੀ ਖ਼ਾਰਿਸ਼ ਨਾ ਹੋਈ ਹੋਵੇ, ਓਹ ਆਦਮੀ ਜੋ ਕਦੀ ਬੀਮਾਰ ਨਾ ਹੋਵੇ; ਓਹ ਆਦਮੀ ਜਿਸ ਨੂੰ ਕਦੀ ਦਰਦ ਨਾ ਹੋਇਆ ਹੋਵੇ, ਰਿਸ਼ਟ-ਪੁਸ਼ਟ ਆਦਮੀ।

قرش *ਕ਼ੁਰਸ਼* : ਇਕ ਤੁਰਕੀ ਸਿੱਕਾ ਜੋ ਪੰਦਰਾ ਪੈਸੇ ਦੇ ਬਰਾਬਰ ਹੁੰਦਾ ਹੈ।

قرشی *ਕ਼ੁਰਸ਼ੀ* : ਕੁਰੈਸ਼ ਕਬੀਲੇ ਦਾ ਆਦਮੀ, ਕੁਰੈਸ਼ੀ।

قرص *ਕ਼ੁਰਸ* : ਟਿੱਕੀ, ਰੋਟੀ, ਟਿੱਕੀ ਵਰਗੀ ਗੋਲ ਚੀਜ਼।

قرص زر *ਕ਼ੁਰਸ-ਏ-ਜ਼ਰ* : ਸੂਰਜ।

قرص سمین *ਕ਼ੁਰਸ-ਏ-ਸੀਮੀਨ* : ਚੰਦ।

قرض **ਕਰਜ਼** : ਉਧਾਰ, ਮੰਗਿਆ ਹੋਇਆ।

قرض‌خواه **ਕਰਜ਼ਖ਼੍ਵਾਹ** : ਉਧਾਰ ਦੇਣ ਵਾਲਾ, ਲੈਣਦਾਰ।

قرض‌دار **ਕਰਜ਼ਦਾਰ** : ਕਰਜ਼ ਲੈਣ ਵਾਲਾ, ਜਿਸ ਨੇ ਕਰਜ਼ਾ ਦੇਣਾ ਹੋਵੇ, ਦੇਣਦਾਰ।

قرضه **ਕਰਜ਼ਾ** : ਉਧਾਰ।

قرط **ਕੁਰਤ਼** : ਕੰਨਾਂ ਦੀ ਵਾਲੀ, ਅੱਗ ਦੀ ਲਾਟ।

قرطین **ਕੁਰਤੈਨ** : ਦੋ ਵਾਲੀਆਂ, ਦੋ, ਹਜ਼ਰਤ ਇਮਾਮ ਹਸਨ 'ਤੇ ਇਮਾਮ ਹੁਸੈਨ।

قرطاس **ਕਿਰਤ਼ਾਸ** : ਕਾਗ਼ਜ਼।

قرطق **ਕੁਰਤ਼ਕ਼** : (ਕੁਰਤਾ کرته ਦਾ ਅਰਬੀ ਰੂਪਾਂਤਰ) ਕੁੜਤਾ।

قرعه **ਕੁਰਆ** : ਤਾਂਬੇ, ਪਿੱਤਲ ਜਾਂ ਜਿਸਤ ਆਦਿ ਦਾ ਪਾਂਸਾ ਜਿਸ ਨੂੰ ਸੁੱਟ ਕੇ ਰਮਲੀ ਫ਼ਾਲ ਜਾਂ ਰਮਲ ਕੱਢਦੇ ਹਨ।

قرعه‌انداز **ਕੁਰਆ-ਅੰਦਾਜ਼,** قرعه‌باز **ਕੁਰਆ-ਬਾਜ਼,** قرعه‌زن **ਕੁਰਆ-ਜ਼ਨ** : ਪਾਸਾ ਸੁੱਟਣ ਵਾਲਾ, ਰਮਲੀਆ।

قرعه‌بازی **ਕੁਰਆ ਬਾਜ਼ੀ** : ਪਾਂਸਾ ਖੇਡਣ ਦੀ ਕਿਰਿਆ।

قرغو **ਕਰਗ਼ੂ** : ਬਾਜ਼, ਸ਼ਿਕਾਰੀ ਪੰਛੀ।

قرق **ਕ਼ਰਕ਼** : ਮੁਰਗੀ ਦੀ ਅਵਾਜ਼, ਕੁਕੜੀ ਦੀ 'ਕੁੜ ਕੁੜ'।

قرق **ਕਿਰਕ਼** : ਦੂੰਬਾ।

قرق **ਕੁਰਕ਼** : ਰੋਕਣਾ, ਜ਼ਬਤੀ, ਕੁਰਕੀ, ਰੋਕ, ਮਨਾਹੀ।

قرقی **ਕੁਰਕ਼ੀ** : ਅਦਾਲਤ ਵੱਲੋਂ ਮਾਲ ਦੀ ਜ਼ਬਤੀ; ਮਾਲ-ਅਸਬਾਬ ਆਦਿ ਨੂੰ ਕੁਰਕ ਕਰਨ ਦੀ ਕਿਰਿਆ ਜਾਂ ਹੁਕਮ।

قرقاول **ਕ਼ਰਕ਼ਾਵਲ** : ਇਕ ਕਾਲਾ ਪੰਛੀ, ਜਿਸ ਦਾ ਖੰਭ ਈਰਾਨ ਦੇ ਬਾਦਸ਼ਾਹ ਆਪਣੇ ਤਾਜ ਵਿਚ ਰਖਦੇ ਸਨ; ਚੀਨ ਦੀ ਮੁਰਗ਼ੀ; ਤਿੱਤਰ।

قرقف **ਕ਼ਰਕ਼ਫ਼** : ਸ਼ਰਾਬ, ਅਗ-ਪੂਜ ਪਾਰਸੀਆਂ ਦੀਆਂ ਤਿੰਨ ਧਾਰਮਕ ਪੁਸਤਕਾਂ।

قرمز **ਕ਼ਿਰਮਿਜ਼** : ਲਾਲ ਰੰਗ ਜਿਸ ਨਾਲ ਰੇਸ਼ਮ ਨੂੰ ਰੰਗਦੇ ਹਨ, ਲਾਲ ਰੰਗ ਜੋ ਇਕ ਕੀੜੇ ਤੋਂ ਪਰਾਪਤ ਹੁੰਦਾ ਹੈ ਤੇ ਜਿਸ ਨੂੰ ਫ਼ਾਰਸੀ ਵਿਚ ਕਿਰਮ-ਕਿਜ਼ ਵੀ ਕੈਂਹਦੇ ਹਨ।

قرمزی **ਕਿਰਮਿਜ਼ੀ** : ਕਿਰਮਿਜ਼ ਨਾਲ ਸਬੰਧਤ, ਲਾਲ ਰੰਗ ਦਾ।

قرن **ਕ਼ਰਨ** : ਜੁੱਗ; ਤੀਹ, ਅੱਸੀ ਜਾਂ ਸੌ ਸਾਲ ਦਾ ਸਮਾਂ, ਲੰਮਾ ਸਮਾਂ; ਪਹਾੜ; ਦੋ ਸਤਾਰਿਆਂ ਦਾ ਮਿਲਾਪ; ਸਿੰਗ; ਜ਼ੁਲਫ਼।

قرن **ਕ਼ਰਨ** : ਯਮਨ ਦੇ ਇਕ ਕਬੀਲੇ ਦਾ ਨਾਮ, ਇਕ ਸਥਾਨ ਦਾ ਨਾਮ।

قرنی **ਕ਼ਰਨੀ** : ਸ਼ੈਹਰ ਕਰਨ ਦਾ ਰੈਹਣ ਵਾਲਾ; ਕਬੀਲਾ ਕਰਨ ਦਾ ਆਦਮੀ, ਹਜ਼ਰਤ ਅਵੈਸ ਕਰਨੀ।

قرن **ਕਿਰਨ** : ਇਕੋ ਜੇਹਾ, ਇਕੋ ਤਰ੍ਹਾਂ ਦਾ, ਹਮਸਰ।

قرنا **ਕ਼ਰਨਾ** : ਸਿੰਗ ਦਾ ਬਿਗਲ, ਤੁਰੀ।

قرنفل **ਕ਼ਰਨਫ਼ੂਲ** : ਲੌਂਗ, ਇਕ ਪਰਸਿੱਧ ਮਸਾਲਾ।

قرنیه **ਕ਼ਰਨੀਯਾ** : ਅੱਖ ਦੇ ਸੱਤਾਂ ਪਰਦਿਆਂ ਵਿਚੋਂ ਇਕ ਪਰਦਾ।

قروت **ਕ਼ੁਰੂਤ** : ਖ਼ੁਸ਼ਕ ਦਹੀ, ਪਨੀਰ।

قروتی **ਕ਼ੁਰੂਤੀ** : ਇਕ ਪਰਕਾਰ ਦਾ ਖਾਣਾ ਜੋ ਪਨੀਰ ਤੋਂ ਬਣਾਇਆ ਜਾਂਦਾ ਹੈ।

قرون **ਕ਼ੁਰੂਨ** : (ਕ਼ਰਨ قرن ਦਾ ਬੌਹਵਚਨ) ਸਿੰਗ, ਮੁੱਦਤਾਂ।

قُرّه **ਕ਼ੁੱਰਾ** : ਠੰਢ; ਅੱਖ ਦੀ ਠੰਢਕ; ਅੱਖ ਦੀ ਰੋਸ਼ਨੀ, ਚੈਨ।

قرة‌العین **ਕੁਰਤੁੱਲਐਨ** : ਅੱਖ ਦੀ ਠੰਢਕ, ਓਹ ਸ਼ੈ ਜਿਸ ਨਾਲ ਅੱਖਾਂ ਵਿਚ ਠੰਢਕ ਪਵੇ, ਬੇਟਾ, ਬੇਟੀ।

قری **ਕ਼ੁਰਾ,** قریات **ਕ਼ਰਯਾਤ** : (ਕਰਯਾ قریه ਦਾ ਬੌਹਵਚਨ) ਪਿੰਡ।

قریب **ਕ਼ਰੀਬ** : ਨੇੜੇ।

قریبا **ਕਰੀਬਨ,** قریب‌قریب **ਕ਼ਰੀਬ ਕ਼ਰੀਬ** : ਨੇੜੇ-ਤੇੜੇ, ਲਗਭਗ।

قریش **ਕ਼ੁਰੈਸ਼** : ਅਰਬ ਦੇ ਇਕ ਸਰੇਸ਼ਟ

ਕਬੀਲੇ ਦਾ ਨਾਮ।

قریشی ***ਕੁਰੈਸ਼ੀ*** : ਕੁਰੈਸ਼ ਕਬੀਲੇ ਦਾ ਆਦਮੀ, ਕੁਰੈਸ਼ੀ।

قرین ***ਕਰੀਨ*** : ਸਾਥੀ, ਜੋਟੀਦਾਰ, ਯਾਰ, ਮਿਤਰ, ਸੰਗੀ; ਮਿਲਿਆ ਹੋਇਆ, ਨੇੜੇ, ਨਾਲ ਵਾਲਾ; ਵਰਗਾ, ਜੇਹਾ, ਇਕ ਸਮਾਨ।

قرینہ ***ਕਰੀਨਾ*** : ਮਿਲੀ ਹੋਈ, ਜੁੜੀ ਹੋਈ, ਦੋ ਵਸਤਾਂ ਵਿਚ ਪਰਤੱਖ ਸਮਾਨਤਾ ਤੇ ਸਬੰਧ, ਦੋ ਵਸਤਾਂ ਦਾ ਪਰਸਪਰ ਜੁੜਿਆ ਹੋਣਾ, ਮਿਸਲ, ਬੇਗ਼ਮ, ਬੀਵੀ, ਵੌਹਟੀ; ਨਿਸ਼ਾਨੀ; ਢੰਗ; ਸੂਰਤ; ਤੌਰ ਤਰੀਕਾ; ਸਜਾਵਟ, ਤਰਤੀਬ, ਅੰਦਾਜ਼ਾ।

قریہ ***ਕ਼ਰਯਾ*** : ਪਿੰਡ, ਗਰਾਂ।

قزاق ***ਕ਼ੱਜ਼ਾਕ*** : ਲੁਟੇਰਾ, ਡਾਕੂ, ਰੂਸ ਦੀ ਇਕ ਕੌਮ ਦਾ ਆਦਮੀ, ਕੱਜ਼ਾਕਿਸਤਾਨ ਦਾ ਵਾਸੀ।

قزاقاجل ***ਕ਼ੱਜ਼ਾਕ-ਏ-ਅਜਲ*** : ਮੌਤ ਦਾ ਫਰਿਸ਼ਤਾ, ਜਮਦੂਤ।

قزاگند ***ਕ਼ੱਜ਼ਾਗੰਦ,*** **قزاگنگ** ***ਕਜ਼ਾਗੰਗ*** : ਇਕ ਕਿਸਮ ਦਾ ਲਿਬਾਸ ਜੋ ਰੇਸ਼ਮ ਨਾਲ ਭਰਿਆ ਹੁੰਦਾ ਹੈ ਤੇ ਚੋਗੇ ਵਾਂਗ ਪੈਹਨਿਆ ਜਾਂਦਾ ਹੈ ਤੇ ਜਿਸ ਨੂੰ ਜੰਗ ਵਿਚ ਸੰਜੋਅ ਦੇ ਵਾਂਗ ਪਾਉਂਦੇ ਹਨ, ਗੁਦਗੁਦਾ ਹੋਣ ਕਰਕੇ ਇਸ ਤੇ ਤਲਵਾਰ ਅਸਰ ਨਹੀਂ ਕਰਦੀ; ਤੋਸ਼ਕ, ਰਜ਼ਾਈ, ਬਿਸਤਰਾ।

قزاوہ ***ਕੁਜ਼ਾਵਾ*** : ਕਜਾਵਾ।

قزح ***ਕੁਜ਼ਹ*** : ਓਹ ਚੀਜ਼ ਜਿਸ ਤੇ ਰੰਗ ਬਰੰਗੀਆਂ ਲਕੀਰਾਂ ਹੋਣ, ਰੰਗਾਂ ਦੀ ਮਿਲਾਵਟ; ਬੱਦਲਾਂ ਦਾ ਫ਼ਰਿਸ਼ਤਾ; ਸ਼ਤਾਨ।

قزقان ***ਕ਼ਜ਼ਕਾਨ,*** **قزعان** ***ਕ਼ਜ਼ਆਨ*** : ਕੜਾਹੀ, ਦੇਗ, ਵੱਡਾ ਦੇਗਚਾ।

قزل ***ਕ਼ਜ਼ਲ*** : ਵੱਡਾ ਪਤੀਲਾ, ਦੇਗ।

قزل ***ਕਿਜ਼ਲ*** : ਲੰਗੜਾ।

قزل ***ਕ਼ਜ਼ਲ*** : ਲੰਗੜਾਪਣ।

قزل ***ਕਿਜ਼ਿਲ*** : ਲਾਲ, ਸੁਰਖ਼, ਰੱਤਾ।

قزلارسلان ***ਕਿਜ਼ਿਲ ਅਰਸਲਾਨ*** : ਲਾਲ ਸ਼ੇਰ, ਸਲਜੂਕੀਆ ਖ਼ਾਨਦਾਨ ਦੇ ਇਕ ਬਾਦਸ਼ਾਹ ਦਾ ਨਾਮ।

قزلباش ***ਕਿਜ਼ਿਲ ਬਾਸ਼*** : (ਕਿਜ਼ਿਲ= ਲਾਲ, ਬਾਸ਼= ਸਿਰ) ਲਾਲ ਸਿਰ ਵਾਲਾ; ਸ਼ਾਹ ਇਸਮਾਈਲ ਸਫਵੀ ਨੇ ਆਪਣੀ ਫ਼ੌਜ ਲਈ ਬਾਰਾਂ ਕੋਨਿਆਂ ਵਾਲੀ ਲਾਲ ਟੋਪੀ ਨਿਸ਼ਚਤ ਕੀਤੀ ਸੀ, ਇਸ ਲਈ ਉਸ ਦੇ ਸਿਪਾਹੀਆਂ ਨੂੰ ਕਿਜ਼ਿਲਬਾਸ਼ ਕੈਂਹਦੇ ਸਨ, ਪਿਛੋਂ ਉਸ ਦੀ ਔਲਾਦ ਨੂੰ ਕਿਜ਼ਿਲਬਾਸ਼ ਕੈਹਣ ਲੱਗ ਪਏ, ਫਿਰ ਏਹ ਇਕ ਕਬੀਲੇ ਦਾ ਨਾਮ ਬਣ ਗਿਆ।

قزوین ***ਕਜ਼ਵੀਨ*** : ਈਰਾਨ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ।

قزوینی ***ਕਜ਼ਵੀਨੀ*** : ਕਜ਼ਵੀਨ ਸ਼ੈਹਰ ਦਾ ਰੈਹਣ ਵਾਲਾ; ਗ਼ੰਵਾਰ, ਪੇਂਡੂ।

قساس ***ਕੁਸਾਸ*** : ਯਮਨ ਦੇ ਇਕ ਪਹਾੜ ਦਾ ਨਾਮ, ਜਿਸ ਨੂੰ ਅਕੀਕ ਕੈਂਹਦੇ ਹਨ, ਆਰਮੀਨੀਆ ਦੇ ਇਕ ਕਸਬੇ ਦਾ ਨਾਮ ਜਿੱਥੇ ਲੋਹੇ ਦੀ ਖਾਣ ਹੈ।

قسّام ***ਕੱਸਾਮ*** : ਵੰਡਣ ਵਾਲਾ, ਹਿੱਸਾ ਦੇਣ ਵਾਲਾ, ਬੈਂਹਤ ਕਸਮਾਂ ਖਾਣ ਵਾਲਾ।

قساوت ***ਕਸਾਵਤ*** : ਬੇਹਿੱਸੀ, ਕਠੋਰਤਾ।

قسط ***ਕਿਸਤ਼*** : ਅਦਲ, ਇਨਸਾਫ਼, ਦਾਦ, ਹਿੱਸਾ, ਭਾਗ, ਟੋਟਾ; ਵਜ਼ੀਫ਼ਾ, ਤਨਖ਼ਾਹ, ਪੈਨਸ਼ਨ, ਅਨੁਮਾਨ, ਤੱਕੜੀ; ਤਰਾਜ਼ੂ, ਓਹ ਰਕਮ ਜੇਹੜੀ ਇਕਰਾਰ ਮੁਤਾਬਕ ਥੋੜ੍ਹੀ ਥੋੜ੍ਹੀ ਅਦਾ ਕੀਤੀ ਜਾਵੇ।

قسطبندی ***ਕਿਸਤ-ਬੰਦੀ*** : ਰੁਪਈਏ ਦੀ ਅਦਾਇਗੀ ਨੂੰ ਕੁਝ ਮਿਆਦਾਂ ਵਿਚ ਤਕਸੀਮ ਕਰਨਾ, ਕਿਸ਼ਤਾਂ ਬੰਨ੍ਹਣਾ।

قسطا ***ਕ਼ਿਸਤਾ*** : ਲੂਕਾ ਦੇ ਪੁੱਤਰ ਦਾ ਨਾਮ, ਓਹ ਤੇ ਉਸ ਦਾ ਪਿਤਾ ਦੋਵੇਂ ਉਘੇ ਤਬੀਬ ਸਨ; ਅਗ-ਪੂਜਕਾਂ ਦੇ ਨਿਯਮਾਂ ਤੇ ਅਦੇਸ਼ਾਂ ਸਬੰਧੀ ਇਕ ਪੁਸਤਕ ਦਾ ਨਾਮ।

قسطاط ***ਕੁਸਤਾਤ*** : ਰੂਮ ਦੀਆਂ ਹੱਦਾਂ ਤੇ ਸਥਿਤ ਇਕ ਸ਼ੈਹਰ ਦਾ ਨਾਮ।

قسطلان ***ਕ਼ਸਤਲਾਨ,*** **قسطلا** ***ਕਸਤਲਾ*** : ਇਕ ਸ਼ੈਹਰ ਜੇਹੜਾ ਬੈਤੁਲਮੁਕੱਦਸ ਦੇ ਨੇੜੇ ਹੈ, ਬੈਤੁਲਮੁਕੱਦਸ ਮੁਲਕ ਸ਼ਾਮ ਵਿਚ ਇਕ ਮਸਜਦ ਦਾ ਨਾਮ ਹੈ ਜਿਸ ਦੀ ਨੀਂਹ ਹਜ਼ਰਤ ਦਾਊਦ ਨੇ ਰੱਖੀ ਸੀ ਤੇ ਜਿਸ ਨੂੰ ਉਸ ਦੇ ਪੁੱਤਰ ਸੁਲੇਮਾਨ ਨੇ ਪੂਰਾ ਕੀਤਾ ਸੀ।

قسطنطنیه ***ਕੁਸਤਨਤਿਨਿਆ/ ਕੁਸਤਨਤੀਨਾ*** : ਤੁਰਕੀ ਦੇ ਇਕ ਖ਼ੂਬਸੂਰਤ ਸ਼ੈਹਰ ਦਾ ਨਾਮ ਜੋ ਆਪਣੇ ਬਾਨੀ ਸ਼ਾਹ ਕੁਸ਼ਤੁਨਤੀਨ ਦੇ ਨਾਮ ਤੇ ਮਸ਼ਹੂਰ ਹੈ।

قسطنطین ***ਕੁਸਤਨਤੀਨ*** : ਇਕ ਪਰਸਿੱਧ ਬਾਦਸ਼ਾਹ ਦਾ ਨਾਮ, ਜਿਸ ਨੂੰ ਕਾਨਸਟੈਨਟੀਨ ਵੀ ਕੈਂਹਦੇ ਹਨ। ਏਹ ਪੈਹਲਾ ਸ਼ੈਹਨਸ਼ਾਹ ਸੀ, ਜਿਸ ਨੇ ਈਸਾਈ ਧਰਮ ਗਰੈਹਣ ਕੀਤਾ ਸੀ ਤੇ ਯਰੋਸ਼ਲਮ ਵਿਚ ਈਸਾਈ ਰਾਜ ਸਥਾਪਤ ਕੀਤਾ ਸੀ, ਏਹ 306 ਈ. ਵਿਚ ਤਖ਼ਤ ਤੇ ਬੈਠਾ ਅਤੇ ਉਸ ਨੇ ਰੋਮ (ਇਟਲੀ) ਦੀ ਥਾਂ ਕੁਸਤੁਨਤੀਨੀਆ ਨੂੰ ਆਪਣੀ ਰਾਜਧਾਨੀ ਬਣਾ ਲਿਆ।

قسم ***ਕ਼ਸਮ*** : ਸਹੁੰ।

قسم باللّٰه ***ਕ਼ਸਮ-ਬਿਲ੍ਹਾ*** : ਰੱਬ ਨੂੰ ਗਵਾਹ ਜਾਣ ਕੇ ਕਸਮ ਖਾਣਾ।

قسمیه ***ਕ਼ਸਮੀਆ*** : ਕਸਮ ਨਾਲ, ਸਹੁੰ ਖਾ ਕੇ।

قسم ***ਕ਼ਿਸਮ*** : ਹਿੱਸਾ, ਭਾਗ, ਵੰਡ, ਟੁਕੜਾ, ਪਰਕਾਰ, ਭਾਂਤ, ਤਰੀਕਾ, ਢੰਗ।

قسمت ***ਕ਼ਿਸਮਤ*** : ਹਿੱਸਾ, ਭਾਗ; ਵਿਰਾਸਤ ਦਾ ਹਿੱਸਾ, ਭਾਗ, ਨਸੀਬ, ਤਕਦੀਰ ਹੋਣੀ, ਤਕਸੀਮ ਦੀ ਬਾਕੀ।

قسمت آزمائی ***ਕ਼ਿਸਮਤ-ਆਜ਼ਮਾਈ,*** **قسمت بازی** ***ਕਿਸਮਤ-ਬਾਜ਼ੀ*** : ਤਕਦੀਰ ਅਜ਼ਮਾਉਣਾ।

قسمت خور ***ਕ਼ਿਸਮਤ-ਖ਼ੋਰ*** : ਰਾਜ ਭਾਗ ਦਾ ਹਿੱਸੇਦਾਰ, ਨਾਇਬ।

قسمت نامه ***ਕ਼ਿਸਮਤ-ਨਾਮਾ*** : ਬਟਵਾਰੇ ਦਾ ਕਾਗ਼ਜ਼।

قسیس ***ਕ਼ਸੀਸ*** : ਈਸਾਈ ਮਤ ਦਾ ਵਿਦਵਾਨ, ਲਾਟ, ਪਾਦਰੀ।

قسیم ***ਕ਼ਸੀਮ*** : ਵੰਡਣ ਵਾਲਾ, ਹਿੱਸੇਦਾਰ, ਭਾਈਵਾਲ; ਸੁੰਦਰ, ਸੋਹਣਾ।

قسیمه/قسیمه ***ਕ਼ਸੀਮਤ/ਕਸੀਮਾ*** : ਕਸਤੂਰੀ, ਇਤਰਦਾਨ, ਰਸੀਦ ਦਾ ਓਹ ਹਿੱਸਾ ਜੋ ਰਸੀਦ ਬੁੱਕ 'ਚੋਂ ਪਾੜ ਕੇ ਕਿਸੇ ਨੂੰ ਦਿੱਤਾ ਜਾਂਦਾ ਹੈ।

قشر ***ਕ਼ਿਸ਼ਰ*** : ਛਿਲਕਾ, ਛਿਲੱੜ।

قشقه ***ਕਸ਼ਕਾ*** : ਸੰਦਲ/ਚੰਦਨ ਦਾ ਟਿੱਕਾ ਜੋ ਹਿੰਦੂ ਮੱਥੇ ਤੇ ਲਾਉਂਦੇ ਹਨ, ਤਿਲਕ, ਟਿੱਕਾ।

قشلا/قشلاق/قشلق ***ਕ਼ਿਸ਼ਲਾ/ ਕ਼ਿਸ਼ਲਾਕ/ ਕ਼ਿਸ਼ਲਕ*** : ਗਰਮ ਸਥਾਨ ਜਿੱਥੇ ਸਰਦੀ ਕੱਟੀ ਜਾਂਵੇ, ਬਾਦਸ਼ਾਹ ਦਾ ਸਰਦੀ ਵਿਚ ਠੈਹਰਨ ਦਾ ਸਥਾਨ।

قشنگ ***ਕਸ਼ੰਗ*** : ਸੁੰਦਰ, ਸੋਹਣਾ, ਸਜਿਆ ਹੋਇਆ, ਸਰੇਸ਼ਟ, ਉੱਤਮ।

قشنگی ***ਕਸ਼ੰਗੀ*** : ਸੁੰਦਰਤਾ, ਸੁਹੱਪਣ।

قشون ***ਕੁਸ਼ੂਨ*** : ਫ਼ੌਜ ਦਾ ਦਸਤਾ, ਲਸ਼ਕਰ, ਫ਼ੌਜ, ਸੈਨਾ।

قص ***ਕੱਸ*** : ਕਿਸੇ ਦੇ ਪਗ-ਚਿੰਨ੍ਹਾਂ ਤੇ ਤੁਰਨਾ, ਪਿੱਛਾ ਕਰਨਾ, ਕੱਟਣਾ, ਕਤਰਨਾ, ਵਾਲ ਕੱਟਣਾ, ਮੁੰਨਣਾ, ਨਹੁੰ ਲਾਹੁਣਾ, ਪੰਛੀ ਦੇ ਖੰਭ ਕੱਟਣਾ, ਵਿਸ਼ਲੇਸ਼ਣ ਕਰਨਾ, ਸੂਚਨਾ ਦੇਣੀ, ਸੀਨੇ ਦੀ ਹੱਡੀ।

قصاب ***ਕੱਸਾਬ*** : ਕੱਟਣ ਵਾਲਾ, ਮਾਸ ਕੱਟਣ ਤੇ ਵੇਚਣ ਵਾਲਾ, ਕਸਾਈ।

قصاب خانه ***ਕੱਸਾਬਖ਼ਾਨਾ*** : ਬੁੱਚੜਖ਼ਾਨਾ।

قصابی ***ਕੱਸਾਬੀ*** : ਕਸਾਈ ਦਾ ਕਿੱਤਾ।

قصابت ***ਕੱਸਾਬਤ*** : ਕਸਾਈਪੁਣਾ।

قصار ***ਕੱਸਾਰ*** : ਧੋਬੀ।

قصاص ***ਕਿਸਾਸ*** : ਖ਼ੂਨ ਦਾ ਇਵਜ਼ ਖ਼ੂਨ, ਖ਼ੂਨ ਦਾ ਮੁੱਲ ਲੈਣਾ, ਕਤਲ ਦਾ ਬਦਲਾ ਲੈਣਾ, ਬਦਲਾ, ਇਵਜ਼।

قصاص ***ਕੁੱਸਾਸ*** : ਕਿੱਸੇ ਕੈਹਣ ਵਾਲੇ, ਕਿੱਸਾ ਪੜ੍ਹਨ ਵਾਲੇ; ਦਾਸਤਾਨਗੋ, ਪਰਸੰਗ ਸੁਣਾਉਣ ਵਾਲੇ।

قصائد ***ਕਸਾਇਦ*** : (ਕਸੀਦਾ **قصیده** ਦਾ ਬੌਹਵਚਨ) ਕਸੀਦੇ, ਪਰਸ਼ੰਸਾ ਵਿਚ ਕਹੀਆਂ ਹੋਈਆਂ ਕਵਿਤਾਵਾਂ, ਜਸ-ਕਾਵਿ।

قصبات ***ਕਸਬਾਤ*** : (ਕਸਬਾ **قصبه** ਦਾ ਬੌਹਵਚਨ) ਕਸਬੇ, ਪਿੰਡ, ਨਗਰ।

قصباتی ***ਕਸਬਾਤੀ*** : ਕਸਬੇ ਦਾ ਰੈਹਣ ਵਾਲਾ, ਪੇਂਡੂ।

قصبه **ਕ਼ਸਬਾ** : ਵੱਡਾ ਪਿੰਡ, ਕਿਲਕ, ਪੋਰੀ; ਮਗਜ਼ ਵਾਲੀ ਹੱਡੀ; ਨੇਚਾ, ਹੁੱਕਾ।

قصد **ਕ਼ਸਦ** : ਇਰਾਦਾ, ਮਰਜ਼ੀ, ਮਨਸ਼ਾ, ਸਿੱਧੇ ਰਾਹ ਤੇ ਚੱਲਣਾ, ਰਸਤੇ ਦੀ ਸੇਧ, ਸਚਾਈ, ਨੇਕੀ ਕਰਨਾ, ਨੇਕੀ।

قصداً **ਕ਼ਸਦਨ** : ਇਰਾਦੇ ਨਾਲ, ਜਾਣ ਬੁੱਝ ਕੇ।

قصر **ਕਸਰ** : ਚੰਗਾ ਮਕਾਨ, ਹਵੇਲੀ; ਘਾਟਾ, ਕੋਤਾਹੀ, ਊਣਤਾਈ; ਕੱਪੜੇ ਧੋਣਾ।

قصرِدوازدہ/دہی **ਕ਼ਸਰ-ਏ-ਦਵਾਜ਼ਦਹ/ਦਹੀ** : ਅੱਠਵਾਂ ਅਸਮਾਨ ਜਿਸ ਉੱਤੇ ਬਾਰਾਂ ਬੁਰਜ ਹਨ।

قصرِہزارستون **ਕ਼ਸਰ-ਏ-ਹਜ਼ਾਰ ਸਤੂਨ** : ਮੁਹੰਮਦ ਆਦਿਲ ਸ਼ਾਹ ਤੁਗਲਕ ਨੇ ੧੩੨੭ ਈ. ਵਿਚ ਦਿੱਲੀ ਤੋਂ ਕੁਝ ਮੀਲ ਦੂਰ ਇਕ ਬੌਹਤ ਸੁੰਦਰ ਤੇ ਆਲੀਸ਼ਾਨ ਮੈਹਲ ਬਣਵਾਇਆ ਸੀ ਜਿਸ ਦੇ ਹਜ਼ਾਰ ਥੰਮ ਸਨ।

قصص **ਕ਼ਸਸ** : (ਕਿੱਸਾ ਦਾ ਬੌਹਵਚਨ) ਕਿੱਸੇ, ਕਹਾਣੀਆਂ; ਇਤਹਾਸਕ ਰਚਨਾਵਾਂ, ਕਲਪਤ ਵਾਰਤਾਵਾਂ।

قصور **ਕੁਸੂਰ** : ਦੂਰ ਹੋਣਾ, ਘੱਟ ਹੋਣਾ, ਥੋੜਾ ਰੈਹ ਜਾਣਾ, ਨਾਕਿਸ ਹੋਣਾ, ਕੀਮਤ ਦਾ ਡਿਗ ਪੈਣਾ; ਆਤੁਰ ਹੋਣਾ, ਕੋਤਾਹੀ; ਕੰਮੀ, ਘਾਟ, ਘਾਟਾ; ਗ਼ਲਤੀ, ਭੁੱਲ ਚੁੱਕ।

قصورمند **ਕੁਸੂਰ-ਮੰਦ,** قصوروار **ਕੁਸੂਰਵਾਰ** : ਜਿਸ ਨੇ ਗ਼ਲਤੀ ਕੀਤੀ ਹੋਵੇ, ਕਸੂਰ ਕਰਨ ਵਾਲਾ।

قصور **ਕੁਸੂਰ** : (ਕ਼ਸਰ قصر ਦਾ ਬੌਹਵਚਨ) ਮੈਹਲ, ਭਵਨ।

قِصه **ਕਿੱਸਾ** : ਕਿਸੇ ਚੀਜ਼ ਦਾ ਵਰਣਨ, ਹਾਲ, ਖ਼ਬਰ, ਕਹਾਣੀ, ਕਥਾ, ਵਾਰਤਾ, ਦਾਸਤਾਨ, ਅਫ਼ਸਾਨਾ।

قِصہ‌خواں **ਕਿੱਸਾ-ਖ਼ਾਂ,** قِصہ‌گو **ਕਿੱਸਾ-ਗੋ,** قصہ‌گذار **ਕਿੱਸਾ-ਗੁਜ਼ਾਰ** : ਕਿੱਸਾ ਕੈਹਣ ਵਾਲਾ, ਕਹਾਣੀ ਸੁਣਾਉਣ ਵਾਲਾ।

قصہ‌خوانی **ਕਿੱਸਾ-ਖ਼ਾਨੀ,** قصہ‌گوئی **ਕਿੱਸਾ-ਗੋਈ** : ਕਹਾਣੀ ਕੈਹਣ ਦੀ ਕਿਰਿਆ।

قصہ‌درازکردن **ਕਿੱਸਾ ਦਰਾਜ਼ ਕਰਦਨ** : ਗਲ ਨੂੰ ਲਮਕਾਉਣਾ।

قصہ‌کوتاہ **ਕਿੱਸਾ ਕੋਤਾਹ** : ਮੁਕਦੀ ਗੱਲ, ਸੰਖੇਪ ਵਿਚ।

قصیدہ **ਕ਼ਸੀਦਾ** : ਇਲਮ-ਏ-ਅਰੂਜ਼ (ਪਿੰਗਲ), ਓਹ ਕਾਵਿ-ਕ੍ਰਿਤੀ ਜਿਸ ਵਿਚ ਕਿਸੇ ਵਿਅਕਤੀ ਦੀ ਪਰਸ਼ੰਸਾ ਕੀਤੀ ਗਈ ਹੋਵੇ, ਇਸ ਦੇ ਘਟੋ ਘਟ ਪੰਦਰਾਂ ਸ਼ਿਅਰ ਹੋਣੇ ਚਾਹੀਦੇ ਹਨ, ਇਸ ਦੇ ਚਾਰ ਭਾਗ ਹਨ- ਤਸ਼ਬੀਬ: ਪੈਹਲੇ ਕੁਝ ਸ਼ਿਅਰ ਜਿਨ੍ਹਾਂ ਵਿਚ ਸਮੇਂ ਜਾਂ ਰੁੱਤ ਦਾ ਜ਼ਿਕਰ ਹੁੰਦਾ ਹੈ, ਗੁਰੇਜ਼- ਤਸ਼ਬੀਬ ਪਿਛੋਂ ਇਕ ਅਧ ਸ਼ਿਅਰ, ਜੋ ਮੋੜ ਵਾਂਗ ਆਪਣੇ ਅਸਲ ਮੰਤਵ ਵੱਲ ਸੰਕੇਤ ਕਰਦਾ ਹੈ, ਮਦਹ : ਜਸ ਜਾਂ ਕੀਰਤੀ ਦੇ ਸ਼ਿਅਰ, ਦੁਆ: ਅੰਤਲੇ ਸ਼ਿਅਰ ਜਿਨ੍ਹਾਂ ਵਿਚ ਪਰਸ਼ੰਸਕ ਵਿਅਕਤੀ ਲਈ ਦੁਆ ਕੀਤੀ ਜਾਂਦੀ ਹੈ।

قصیدہ **ਕ਼ਸੀਦਾ** : ਲਾਠੀ, ਸੋਟਾ; ਸੋਟੀ, ਡੰਡਾ; ਮੋਟੀ ਊਠਣੀ।

قصیر **ਕ਼ਸੀਰ** : ਛੋਟਾ, ਬੌਣਾ, ਊਣਤਾਈ ਕਰਨ ਵਾਲਾ, ਇਕ ਪਰਸਿੱਧ ਵਫ਼ਾਦਾਰ ਗ਼ੁਲਾਮ ਦਾ ਨਾਮ।

قضا **ਕ਼ਜ਼ਾ** : ਅਦੇਸ਼, ਹੁਕਮ ਕਰਨਾ, ਅਦੇਸ਼ ਦੇਣਾ, ਖ਼ਤਮ ਕਰਨਾ, ਪੂਰਾ ਕਰਨਾ, ਮੁਕਾਉਣਾ, ਓਹ ਪਰਾਰਥਨਾ ਜਿਸ ਦਾ ਸਮਾਂ ਬੀਤ ਚੁਕਾ ਹੋਵੇ, ਤਕਦੀਰ, ਹੋਣੀ, ਕਿਸਮਤ, ਖ਼ੁਦਾ ਦਾ ਹੁਕਮ, ਪੈਹਲੇ ਦਿਨ ਜੋ ਕਿਸੇ ਦੀ ਕਿਸਮਤ ਵਿਚ ਲਿਖਿਆ ਗਿਆ ਹੋਵੇ, ਭਾਗ, ਮੌਤ, ਮਰਗ।

قضات **ਕੁਜ਼ਾਤ** : (ਕਾਜ਼ੀ قاضی ਦਾ ਬੌਹਵਚਨ) ਮੁਕਦਮਿਆਂ ਦੇ ਫ਼ੈਸਲੇ ਕਰਨ ਵਾਲੇ, ਹੁਕਮ ਕਰਨ ਵਾਲੇ।

قضارا **ਕਜ਼ਾਰਾ** : ਅਚਾਨਕ।

قضاوقدر **ਕਜ਼ਾ-ਉ-ਕਦਰ** : ਰੱਬੀ ਹੁਕਮ, ਓਹ ਹੁਕਮ ਜੇਹੜੇ ਖ਼ੁਦਾ ਨੇ ਸ੍ਰਿਸ਼ਟੀ ਸਬੰਧੀ ਆਦਿ ਤੋਂ ਹੀ ਲਾ ਦਿੱਤੇ ਹਨ, ਰੱਬ ਦੀ ਮਰਜ਼ੀ, ਤਕਦੀਰ।

قضایا **ਕਜ਼ਾਯਾ** : (ਕਜ਼ੀਯਾ قضیہ ਦਾ ਬੌਹਵਚਨ) ਖਬਰਾਂ; ਮਤਲਬ, ਅਰਥ, ਫ਼ਰਮਾਨ,

ਹੁਕਮ; ਝਗੜੇ, ਮੁੱਕਦਮੇ, ਫ਼ਸਾਦ; ਵਾਕ, ਬੈਹਸਾਂ।

قضایِ حاجت ***ਕ਼ਜ਼ਾ-ਏ-ਹਾਜਤ*** : ਹਾਜਤ ਰਫ਼ਾ ਕਰਨਾ, ਟੱਟੀ ਪਿਸ਼ਾਬ ਕਰਨਾ, ਪਖ਼ਾਨਾ ਜਾਣਾ।

قضیہ ***ਕ਼ਜ਼ੀਯਾ*** : ਮੰਤਵ, ਮਨੋਰਥ; ਖ਼ਬਰ; ਹੁਕਮ, ਮੁਕੱਦਮਾ, ਝਗੜਾ, 'ਮਨਤਕ' ਵਿੱਦਿਆ ਵਿਚ ਅਜੇਹਾ ਬਚਨ ਜੋ ਝੂਠ ਤੇ ਸੱਚ ਦੋਵਾਂ ਦੇ ਅਰਥਾਂ ਦਾ ਧਾਰਨੀ ਹੋਵੇ, ਬੈਹਸ।

قط ***ਕ਼ੱਤ*** : ਕੱਟਣਾ, ਕਾਟ, ਕਟਾਈ, ਸਿੱਧੇ ਰੁੱਖ ਕੱਟਣਾ, ਟੱਕ ਲਾਉਣਾ, ਕਲਮ ਘੜਨਾ।

قطرن ***ਕ਼ੱਤਜ਼ਨ*** : ਕਲਮ ਦੀ ਨੋਕ, ਕੱਟਣ ਵਾਲਾ, ਟੱਕ ਲਾਉਣ ਵਾਲਾ।

قطگیر ***ਕ਼ੱਤਗੀਰ*** : ਓਹ ਹੱਡੀ ਜਾਂ ਲੱਕੜ ਜਿਸ ਉਤੇ ਕਿਲਕ ਜਾਂ ਕਲਮ ਨੂੰ ਰੱਖ ਕੇ ਟੱਕ ਲਾਉਂਦੇ ਹਨ।

قطار ***ਕ਼ਿਤਾਰ*** : ਅੱਗੇ ਪਿੱਛੇ ਚੱਲਣ ਵਾਲੇ ਊਠਾਂ ਦਾ ਸਿਲਸਿਲਾ, ਜੋ ਘੱਟ ਤੋਂ ਘੱਟ ਦਸ ਹੋਣ, ਡਾਰ, ਰੇਖਾ, ਸਿਲਸਿਲਾ, ਤਰਤੀਬ।

قطاع ***ਕ਼ੁੱਤਾਅ*** : (ਕਾਤਿਆ ਦਾ ਬੌਹਵਚਨ) ਕੱਟਣ ਵਾਲੇ।

قطاع الطریق ***ਕ਼ੁਤਾਅ-ਉੱਤਰੀਕ*** : ਰਸਤਾ ਕੱਟਣ ਵਾਲੇ ਅਰਥਾਤ ਰਾਹ-ਮਾਰ, ਲੁਟੇਰੇ, ਡਾਕੂ।

قطب ***ਕ਼ੁਤਬ*** : ਚੱਕੀ ਦਾ ਕਿੱਲ ਜਾਂ ਧੁਰਾ, ਓਹ ਖ਼ਿਆਲੀ ਸਿੱਧੀ ਲੀਕ ਜਾਂ ਧੁਰਾ ਜਿਸ 'ਤੇ ਧਰਤੀ ਘੁੰਮਦੀ ਹੈ, ਧਰਤੀ ਦੇ ਖ਼ਿਆਲੀ ਧੁਰੇ ਦੇ ਦੋਵੇਂ ਸਿਰੇ, ਕੌਮ ਦਾ ਸਰਦਾਰ, ਇਕ ਅਹਿੱਲ ਭਾਗ ਜੇਹੜਾ ਉੱਤਰ ਵੱਲ ਨਿਕਲਦਾ ਹੈ ਜਿਸ ਨੂੰ ਧਰੂ ਤਾਰਾ ਭੀ ਆਖਦੇ ਹਨ, ਕੰਪਾਸ ਦੀ ਸੂਈ ਨੂੰ ਉਸੇ ਤਾਰੇ ਵੱਲ ਰੈਹਣ ਦੇ ਕਾਰਨ 'ਕੁਤਬ ਨੁਮਾ' ਅਰਥਾਤ 'ਕੁਤਬ' ਵਿਖਾਉਣ ਵਾਲੀ ਕੈਂਹਦੇ ਹਨ; ਵਲੀ (ਜਿਸ ਦੇ ਸਪੁਰਦ ਰੱਬ ਵਲੋਂ ਕਿਸੇ ਮੁਲਕ ਦਾ ਪਰਬੰਧ ਹੋਵੇ)।

قطبِ جنوبی ***ਕ਼ੁਤਬ-ਏ-ਜਨੂਬੀ*** : ਧਰਤੀ ਦੇ ਧੁਰੇ ਦਾ ਦੱਖਣੀ ਸਿਰਾ ਜੋ ਧਰਤੀ ਦੇ ਨਾਲ ਚੱਕਰ ਨਹੀਂ ਕੱਟਦਾ, ਧਰਤੀ ਦੇ ਧੁਰ ਦੱਖਣ ਤੇ ਓਹ ਸਥਾਨ, ਜਿੱਥੇ ਧਰਤੀ ਖ਼ਤਮ ਹੁੰਦੀ ਹੈ, ਅਤਿ ਦੀ ਸਰਦੀ ਹੋਣ ਕਾਰਨ ਇਥੇ ਸਮੁੰਦਰ ਵੀ ਜੰਮੇ ਰੈਂਹਦੇ ਹਨ।

قطبِ شمالی ***ਕ਼ੁਤਬ-ਏ-ਸ਼ਮਾਲੀ*** : ਧਰਤੀ ਦੇ ਧੁਰੇ ਦਾ ਉੱਤਰੀ ਸਿਰਾ ਜੋ ਧਰਤ ਦੇ ਨਾਲ ਚੱਕਰ ਨਹੀਂ ਕੱਟਦਾ, ਓਹ ਸਥਾਨ ਜਿੱਥੇ ਧਰਤੀ ਦਾ ਅੰਤਲਾ ਉਤਰੀ ਭਾਗ ਖ਼ਤਮ ਹੁੰਦਾ ਹੈ, ਸਖ਼ਤ ਸਰਦੀ ਦੇ ਕਾਰਨ ਇਥੇ ਸਮੁੰਦਰ ਜੰਮੇ ਰੈਂਹਦੇ ਹਨ।

قطب نما ***ਕ਼ੁਤਬ ਨੁਮਾ*** : ਉਤਰੀ ਦਿਸ਼ਾ ਲੱਭਣ ਵਾਲਾ ਜੰਤਰ, ਕੰਪਾਸ।

قطبین ***ਕ਼ੁਤਬੈਨ*** : ਦੋਵੇਂ ਕੁਤਬ-ਕੁਤਬ-ਏ-ਸ਼ਮਾਲੀ (ਉੱਤਰੀ ਕੁਤਬ) ਤੇ ਕੁਤਬ-ਏ-ਜਨੂਬੀ (ਦੱਖਣੀ ਕੁਤਬ)।

قطر ***ਕ਼ਤਰ*** : ਵਰਖਾ, ਮੀਂਹ।

قطر ***ਕ਼ੁਤਰ*** : ਪਾਸਾ, ਤਰਫ਼, ਕਿਸੇ ਚੀਜ਼ ਦਾ ਕੰਢਾ, ਓਹ ਸਿੱਧੀ ਲਕੀਰ ਜੇਹੜੀ ਦਾਇਰੇ ਦੇ ਕੇਂਦਰ ਤੋਂ ਲੰਘ ਕੇ ਉਸ ਦੇ ਦੋ ਹਿੱਸੇ ਜਾਂ ਟੁੱਕੜੇ ਕਰ ਦੇਵੇ, ਤਾਂਬਾ, ਅਗਰਬੱਤੀ।

قطرات ***ਕ਼ਤਰਾਤ*** : (ਕ਼ਤਰਾ **قطره** ਦਾ ਬੌਹਵਚਨ) ਬੂੰਦਾਂ।

قطره ***ਕ਼ਤਰਾ*** : ਬੂੰਦ।

قطرهٔ آب ***ਕ਼ਤਰਾ-ਏ-ਆਬ*** : ਪਾਣੀ ਦਾ ਕਤਰਾ, ਬੂੰਦ, ਸਿਕਲ ਕੀਤੇ ਹੋਏ ਹਥਿਆਰ, ਤਲਵਾਰ, ਤੀਰ, ਤੀਰ ਦੀ ਨੋਕ।

قطرهٔ زن ***ਕ਼ਤਰਾ-ਏ-ਦੂਜ਼ਦ*** : ਮੀਂਹ, ਬੱਦਲ।

قطع ***ਕ਼ਤਅ*** : ਤਰਾਸ਼, ਕਾਟ, ਟੁਕੜਾ; ਗਲਾ ਘੁੱਟਣਾ; ਤਰੀਕਾ, ਢੰਗ।

قطع نظر کردن از چیزی ***ਕ਼ਤਅ ਨਜ਼ਰ ਕਰਦਨ ਅਜ਼ ਚੀਜ਼ੇ*** : ਵਿਸਥਾਰ ਦੇ ਡਰ ਤੋਂ ਕਿਸੇ ਗੱਲ ਦਾ ਜ਼ਿਕਰ ਨਾ ਕਰਨਾ, ਕਿਸੇ ਚੀਜ਼ ਨੂੰ ਛੱਡ ਦੇਣਾ।

قطعاً ***ਕ਼ਤਅਨ*** : ਹਰਗਿਜ਼, ਬਿਨਾ ਸੰਕੋਚ, ਨਿਰਸੰਦੇਹ, ਜ਼ਰਾ ਭੀ, ਬਿਲਕੁਲ।

قطعه ***ਕ਼ਿਤਆ*** : ਟੁਕੜਾ, ਖੰਡ, ਹਰ ਚੀਜ਼ ਦਾ

ਟੋਟਾ, ਜ਼ਮੀਨ ਦਾ ਟੋਟਾ, ਖਿੱਤਾ।

قطمیر ***ਕਿਤਮੀਰ*** : ਤੁੱਛ ਵਸਤੂ, ਨਿੱਕੀ ਜੇਹੀ ਚੀਜ਼; ਛਿਲਕਾ, ਖ਼ਜੂਰ ਦੀ ਗੁਠਲੀ ਦਾ ਛੇਕ, ਅਸਹਾਬ-ਏ-ਕਹਫ਼ ਦੇ ਕੁੱਤੇ ਦਾ ਨਾਮ।

قطن ***ਕੁਤਨ*** : ਰੂੰ, ਕਪਾਹ।

قطنی ***ਕੁਤਨੀ*** : ਰੂੰ ਦਾ ਕੱਪੜਾ, ਸੂਤੀ ਕੱਪੜਾ, 'ਮਸ਼ਰੂ' ਕੱਪੜਾ ਜਿਸ ਦਾ ਤਾਣਾ ਸੂਰਤ ਦਾ ਅਤੇ 'ਬਾਣਾ' ਰੇਸ਼ਮ ਦਾ ਹੁੰਦਾ ਹੈ।

قطیفه ***ਕਤੀਫ਼ਾ*** : ਪੇਚ ਦਰ ਪੇਚ ਲਪੇਟੀ ਹੋਈ ਚਾਦਰ, ਚਾਦਰ, ਮਖਮਲ ਦਾ ਕੱਪੜਾ; ਖੇਸ।

قعر ***ਕ਼ਅਰ*** : ਖੂਹ ਜਾਂ ਨਦੀ ਦੀ ਤੈਹ, ਡੂੰਘਾਈ, ਥੱਲਾ, ਅੰਤ।

قعلچی ***ਕ਼ਅਲਚੀ*** : ਮੀਰ ਸ਼ਿਕਾਰ, ਸ਼ਿਕਾਰੀ ਵਿਭਾਗ ਦਾ ਮੁਖੀ।

قفا ***ਕਫ਼ਾ*** : ਧੌਣ ਦਾ ਪਿਛਲਾ ਹਿੱਸਾ, ਗੁੱਦੀ, ਪਿੱਠ ਪਿਛੇ, ਧੌਣ, ਧੌਣ ਤੇ ਮਾਰਿਆਂ ਮੁੱਕਾ।

قفانمودن ***ਕ਼ਫ਼ਾ ਨਮੂਦਨ*** : ਪਿੱਠ ਵਿਖਾ ਜਾਣਾ, ਨੱਠ ਜਾਣਾ।

قفس ***ਕਫ਼ਸ*** : ਪਿੰਜਰਾ, ਜਾਲ, ਫੰਦਾ।

قفقاں ***ਕ਼ਫ਼ਕਾਦ,*** **قفقاز** ***ਕ਼ਫ਼ਕਾਜ਼*** : ਕੋਹ ਕਾਫ਼; ਇਕ ਪਰਸਿੱਧ ਮੁਲਕ ਦਾ ਨਾਮ, ਦੱਖਣੀ ਯੂਰਪੀ ਰੂਸ ਜਿਸ ਦੀ ਰਾਜਧਾਨੀ ਤਿਫ਼ਲਿਸ ਹੈ।

قفل ***ਕੁਫ਼ਲ*** : ਤਾਲਾ, ਜੰਦਰਾ।

قفلِ ابجد ***ਕੁਫ਼ਲ-ਏ-ਅਬਜਦ*** : ਇਕ ਕਿਸਮ ਦਾ ਤਾਲਾ ਜਿਸ ਉਤੇ ਅੱਖਰ ਬਣੇ ਹੁੰਦੇ ਹਨ, ਅਤੇ ਅੱਖਰਾਂ ਦੀ ਖ਼ਾਸ ਤਰਤੀਬ ਕਰਨ ਨਾਲ ਹੀ ਤਾਲਾ ਖੁਲ੍ਹਦਾ ਹੈ।

قفل بر دہانِ کسی زدن
ਕੁਫ਼ਲ ਬਰ ਦਹਾਨ-ਏ-ਕਸੇ ਜ਼ਦਨ,
قفل بر دہنِ کسی زدن
ਕੁਫ਼ਲ ਬਰ ਦਹਨ-ਏ-ਕਸੇ ਜ਼ਦਨ,
قفل بر دہانِ کسی انداختن
ਕੁਫ਼ਲ ਬਰ ਜ਼ਬਾਨ-ਏ-ਕਸੇ ਅੰਦਾਖ਼ਤਨ : ਚੁੱਪ ਕਰਾ ਦੇਣਾ, ਵੱਢੀ ਦੇਣਾ, ਖ਼ਮੋਸ਼ ਹੋ ਜਾਣਾ, ਚੁੱਪ ਹੋ ਜਾਣਾ।

قفلِ رومی ***ਕੁਫ਼ਲ-ਏ-ਰੂਮੀ*** : ਇਕ ਪਰਕਾਰ ਦਾ ਪੱਕਾ ਤਾਲਾ, ਬਾਰਬਦ ਗਵੱਈਏ ਦੀਆਂ ਸੁਰਾਂ ਵਿਚੋਂ ਇਕ ਸੁਰ ਦਾ ਨਾਮ।

ققنس ***ਕੁਕਨੁਸ*** : ਇਕ ਗਾਉਣ ਵਾਲਾ ਪੰਛੀ, ਇਕ ਪਰਸਿੱਧ ਪੰਛੀ ਜਿਸ ਦੀਆਂ ਭਿੰਨ ਭਿੰਨ ਅਵਾਜ਼ਾਂ ਤੋਂ ਸੰਗੀਤਕਾਰਾਂ ਨੇ ਸੰਗੀਤ ਵਿੱਦਿਆ ਕੱਢੀ, ਕੈਂਹਦੇ ਹਨ ਕਿ ਇਸ ਦੀ ਚੁੰਝ ਵਿਚ ਬੈਹਤ ਮੋਰੀਆਂ ਹੁੰਦੀਆਂ ਹਨ, ਜਿਨ੍ਹਾਂ ਦੀ ਸੰਖਿਆ ਤਿੰਨ ਸੌ ਸੱਠ ਤੇ ਕਈਆਂ ਨੇ ਨੌਂ ਸੌ ਲਿਖੀ ਹੈ, ਇਸ ਦੀ ਆਯੂ ਇਕ ਹਜ਼ਾਰ ਸਾਲ ਹੁੰਦੀ ਹੈ, ਇਸ ਦਾ ਜੋੜਾ ਨਹੀਂ ਹੁੰਦਾ, ਇਸ ਦੀ ਪੈਦਾਇਸ਼ ਅਜੀਬ ਢੰਗ ਨਾਲ ਦਸੀ ਹੈ, ਜਦ ਏਹ ਹਜ਼ਾਰ ਸਾਲ ਦਾ ਹੋ ਜਾਂਦਾ ਹੈ ਤਾਂ ਸੁੱਕੀਆਂ ਟਾਹਣੀਆਂ ਆਦਿ ਜਮ੍ਹਾਂ ਕਰਕੇ ਓਹਨਾਂ ਵਿਚ ਬੈਠ ਜਾਂਦਾ ਹੈ ਅਤੇ ਆਪਣੀ ਚੁੰਝ ਦੇ ਹਰ ਛੇਕ ਵਿਚੋਂ ਅੱਡ ਅੱਡ ਰਾਗ ਕੱਢਦਾ ਹੈ, ਏਹਨਾਂ ਵਿਚੋਂ ਹੀ ਇਕ ਮੋਰੀ ਵਿਚੋਂ ਦੀਪਕ ਰਾਗ, ਨਿਕਲਦਾ ਹੈ, ਇਸ ਛੇਕ ਉਤੇ ਓਹ ਬੈਹਤ ਜ਼ੋਰ ਦਿੰਦਾ ਹੈ ਤੇ ਪਰਾਂ ਨਾਲ ਹਵਾ ਦਿੰਦਾ ਹੈ ਜਿਸ ਨਾਲ ਸੁੱਕੀਆ ਟਾਹਣੀਆਂ ਨੂੰ ਅੱਗ ਲਗ ਜਾਂਦੀ ਹੈ ਤੇ ਕੁਕਨੁਸ ਉਸ ਅੱਗ ਵਿਚ ਸੜ ਕੇ ਸਵਾਹ ਹੋ ਜਾਂਦਾ ਹੈ, ਪਰ ਜਦੋਂ ਮੀਂਹ ਪੈਂਦਾ ਹੈ ਤਾਂ ਉਸੇ ਸਵਾਹ ਵਿਚੋਂ ਇਕ ਆਂਡਾ ਪੈਦਾ ਹੁੰਦਾ ਹੈ ਜਿਸ ਵਿਚੋਂ ਇਕ ਹੋਰ ਕੁਕਨੁਸ ਜਨਮ ਲੈਂਦਾ ਹੈ।

قل ***ਕੁਲ*** : ਕੈਹ, ਆਖ, ਕੈਂਹਦੇ, ਆਖੋ।

قل ***ਕੁਲ*** : ਗੁਲਾਮ, ਨੌਕਰ, ਚਾਕਰ, ਸੇਵਾਦਾਰ।

قل ***ਕੁੱਲ,*** **قل** ***ਕ਼ਿੱਲ*** : ਘੱਟ ਹੋਣਾ, ਥੋੜ੍ਹੀ ਮਾਤਰਾ ਵਿੱਚ, ਤੁੱਛ।

قلا ***ਕਲਾ*** : ਗੋਪੀਆ, ਗੁਲੇਲ।

قلاب ***ਕ਼ੱਲਾਬ*** : ਖੋਟਾ ਸਿੱਕਾ ਬਣਾਉਣ ਵਾਲਾ, ਖ਼ਾਲਸ ਚੀਜ਼ ਨੂੰ ਖੋਟੀ ਵਿਚ ਬਦਲਣ ਵਾਲਾ, ਦਗਾਬਾਜ਼, ਧੋਖੇਬਾਜ਼, ਮੱਕਾਰ।

قلاب ***ਕੁੱਲਾਬ*** : ਕੁੰਡਾ, ਮੱਛੀ ਫੜਨ ਦੀ ਕੁੰਡੀ, ਕੰਡਾ, ਘੇਰਾ, ਚੱਕਰ।

قلابه ***ਕੁੱਲਾਬਾ*** : ਸ਼ਿਕਾਰੀ ਪੰਛੀ ਦੀ ਟੋਪੀ।

قلات ***ਕ਼ੱਲਾਤ*** : ਇਕ ਸ਼ੈਹਰ ਦਾ ਨਾਮ ਜੋ ਬਲੋਚਿਸਤਾਨ ਦੀ ਰਾਜਧਾਨੀ ਹੈ ਅਤੇ ਤਿਜਾਰਤੀ ਕਾਫ਼ਲਿਆਂ ਦਾ ਕੇਂਦਰ ਹੈ।

قلات‌گاوراں ***ਕ਼ੱਲਾਤ ਗਾਊਰਾਂ*** : ਸ਼ੀਰਾਜ਼ (ਈਰਾਨ) ਦੇ ਨੇੜੇ ਇਕ ਸਥਾਨ, ਜਿੱਥੇ ਪਰਸਿੱਧ

ਫ਼ਾਰਸੀ ਸ਼ਾਇਰ ਸਾਅਦੀ ਸ਼ੀਰਾਜ਼ੀ ਦਾ ਮਕਬਰਾ ਹੈ।

قلاچ ***ਕੱਲਾਚ,*** **قلاش** ***ਕੱਲਾਸ਼*** : ਬੇਇੱਜ਼ਤਾ, ਬਦਮਾਸ਼, ਲੁੱਚਾ, ਲਫੰਗਾ, ਗਰੀਬ, ਭੁੱਖਾ ਨੰਗਾ, ਛੜਾ, ਠੱਗ, ਧੋਖੇਬਾਜ਼, ਚਾਲਬਾਜ਼।

قلاشیره ***ਕ਼ਲਾਸ਼ੀਰਾ*** : ਸੱਜੀ।

قلاع ***ਕਿਲਾਅ*** : (ਕਲਆ **قلعه** ਦਾ ਬੌਹਵਚਨ) ਕਿਲ੍ਹੇ, ਗੜ੍ਹੀਆਂ, ਸੰਗੀਨਾ, ਸੁਰੱਖਿਆ ਦੀਆਂ ਇਮਾਰਤਾਂ।

قلاق ***ਕ਼ਲਾਕ਼*** : ਤੁਰਕਿਸਤਾਨ ਦੇ ਇਕ ਸ਼ੈਹਰ ਤੇ ਇਕ ਕੌਮ ਦਾ ਨਾਮ।

قلاوز ***ਕ਼ਲਾਵੁਜ਼*** : ਰਾਹ ਵਿਖਾਉਣ ਵਾਲਾ, ਆਗੂ, ਸਾਥੀ, ਫ਼ੌਜ ਦੀ ਸੁਰੱਖਿਆ ਲਈ ਲਸ਼ਕਰ ਦੇ ਅੱਗੇ ਅੱਗੇ ਚੱਲਣ ਵਾਲਾ ਸਵਾਰ।

قلاوزی ***ਕ਼ਲਾਵੁਜ਼ੀ*** : ਪਥ-ਪਰਦਰਸ਼ਨ, ਪੇਸ਼ਵਾਈ।

قلاوه ***ਕਿਲਾਵਾ*** : ਗਲ ਦਾ ਪਟਾ, ਗੁਲੂਬੰਦ; ਗਲ ਦਾ ਹਾਰ, ਹਮੇਲ।

قلب ***ਕ਼ਲਬ*** : ਦਿਲ, ਵਿਚ, ਵਿਚਕਾਰ, ਚੰਦ ਦਾ ਅਠਾਰ੍ਹਵਾਂ ਘਰ; ਉਲਟ, ਮੂਧਾ, ਸ਼ੁੱਧ, ਅਕਲ, ਸਿਆਣਪ, ਖੋਟਾ ਸੋਨਾ, ਖੋਟੀ ਚਾਂਦੀ, ਖੋਟਾ ਸਿੱਕਾ, ਲਸ਼ਕਰ ਦਾ ਦਰਮਿਆਨੀ ਭਾਗ, ਜਿਸ ਵਿਚ ਸਰਦਾਰ ਜਾਂ ਬਾਦਸ਼ਾਹ ਹੁੰਦਾ ਹੈ।

قلب ***ਕੁਲਬ*** : ਕੰਗਣ, ਸੱਪ।

قلب ***ਕੁਲੱਬ*** : ਦਗਾਬਾਜ਼, ਚਾਲਬਾਜ਼।

قلبه ***ਕੁਲਬਾ*** : ਜ਼ਮੀਨ ਵਾਹੁਣ ਵਾਲਾ ਹਲ।

قلبه‌ران ***ਕੁਲਬਾਰਾਨ*** : ਹਾਲੀ, ਹਲ ਚਲਾਉਣ ਵਾਲਾ।

قلبه‌رانی ***ਕੁਲਬਾਰਾਨੀ*** : ਹਲ ਜੋਤਣ ਦੀ ਕਿਰਿਆ, ਖੇਤੀ ਦਾ ਕੰਮ, ਵਾਹੀ।

قلپاق ***ਕ਼ਲਪਾਕ*** : ਟੋਪੀ, ਭੇਡ ਦੀ ਖਲ ਦੀ ਬਣੀ ਹੋਈ ਟੋਪੀ।

قلت ***ਕ਼ਿੱਲਤ*** : ਘਾਟ, ਕਮੀ, ਥੁੜ।

قلچاق ***ਕੁਲਚਾਕ*** : ਲੋਹੇ ਦਾ ਦਸਤਾਨਾ ਜੋ ਜੰਗ ਵੇਲੇ ਹੱਥ 'ਤੇ ਪਾ ਲੈਂਦੇ ਹਨ।

قلزم ***ਕੁਲਜ਼ਮ*** : ਇਕ ਸ਼ੈਹਰ ਦਾ ਨਾਮ ਜੋ ਕੋਹਤੂਰ ਦੇ ਨੇੜੇ ਹੈ, ਇਕ ਸਾਗਰ ਦਾ ਨਾਮ, ਜੋ ਮਿਸਰ ਤੇ ਅਰਬ ਦੇ ਵਿਚਕਾਰ ਹੈ; ਸਮੁੰਦਰ, ਡੂੰਘਾ ਦਰਿਆ ਜਾਂ ਖੂਹ।

قلع ***ਕ਼ਲਅ*** : ਪੁੱਟ ਸੁੱਟਣਾ, ਉਖੇੜਨਾ, ਢਾਹਣਾ, ਇਕ ਖਾਣ ਜਿਸ ਵਿਚੋਂ ਖ਼ਾਲਸ ਰਾਂਗ ਨਿਕਲਦੀ ਹੈ, ਕਲੀ ਦੀ ਖਾਣ, ਇਸ ਲਈ ਰਾਂਗ ਨੂੰ ਕਲਈ ਕੈਂਹਦੇ ਹਨ।

قلع‌قمع ***ਕ਼ਲਅ ਕ਼ਮਅ*** : ਤੋੜ ਫੋੜ, ਨਾਸ, ਮਲੀਆ ਮੇਟ, ਮਿਟਾ ਦੇਣਾ।

قلعه ***ਕ਼ਲਆ*** : ਗੜ੍ਹੀ, ਗੜ੍ਹ, ਕੋਟ, ਕਿਲ੍ਹਾ, ਪੱਥਰ ਦੀ ਮਜ਼ਬੂਤ ਇਮਾਰਤ ਜਿਸ ਵਿਚ ਬਾਦਸ਼ਾਹ ਜਾਂ ਫ਼ੌਜ ਰਹੇ।

قلعی ***ਕ਼ਲਅਈ*** : ਕਲਅ **قلع** ਨਾਲ ਸਬੰਧਤ ਰਾਂਗ, ਰਾਂਗਾ, ਕਲਈ।

قلق ***ਕ਼ਲਕ਼*** : ਬੇਚੈਨੀ, ਬੇਕਰਾਰੀ, ਪਰੇਸ਼ਾਨੀ, ਘਬਰਾਹਟ।

قلقه ***ਕ਼ਲਕ਼ਾ*** : ਜੋਸ਼, ਬੇਕਰਾਰੀ, ਬੇਚੈਨੀ, ਅਵਾਜ਼ ਪੈਦਾ ਕਰਨਾ, ਹਿਲਾਉਣਾ।

قلم ***ਕ਼ਲਮ*** : ਤਰਾਸ਼ਣਾ, ਛਿੱਲਣਾ, ਕੱਟਣਾ, ਨਹੁੰ ਲਾਹੁਣਾ।

قلم ***ਕ਼ਲਮ*** : ਕਿਲਕ, ਕਾਨੀ ਜਿਸ ਨਾਲ ਲਿਖਿਆ ਜਾਵੇ, ਚਾਕੂ, ਛੁਰੀ, ਕੈਂਚੀ, ਤਲਵਾਰ, ਮੈਹਕਮਾ, ਵਿਭਾਗ, ਕਟੀ ਹੋਈ ਚੀਜ਼।

قلمبندی ***ਕ਼ਲਮਬੰਦੀ*** : ਹਸਤਾਖਰ, ਦਸਖਤ, ਇਕਰਾਰਨਾਮਾ, ਦਾਖ਼ਲਾ।

قلم‌پاککن ***ਕ਼ਲਮਪਾਕ-ਕੁਨ*** : ਕਲਮ ਸਾਫ਼ ਕਰਨ ਵਾਲਾ ਕੱਪੜਾ।

قلمتراش ***ਕ਼ਲਮ-ਤਰਾਸ਼*** : ਕਲਮ ਘੜਨ ਵਾਲਾ ਚਾਕੂ।

قلمخورده ***ਕ਼ਲਮ-ਖ਼ੁਰਦਾ*** : ਕਟਿਆ ਹੋਇਆ, ਕਲਮ ਨਾਲ ਮਿਟਾਇਆ ਹੋਇਆ; ਰੱਦ ਕੀਤਾ, ਗਲਤ ਕੀਤਾ।

قلمدرکشیدن ***ਕ਼ਲਮ ਦਰ ਕਸ਼ੀਦਨ*** : ਮਿਟਾ ਦੇਣਾ, ਮੇਟ ਦੇਣਾ, ਕਲਮ ਫੇਰ ਦੇਣਾ, ਕੱਟ ਦੇਣਾ, ਮਾਫ਼ ਕਰ ਦੇਣਾ।

قلمدست ***ਕ਼ਲਮ-ਦਸਤ*** : ਮੁਨਸ਼ੀ, ਕਲਰਕ।

قلمدوات *ਕ਼ਲਮ ਦਵਾਤ* : ਕਲਮ ਤੇ ਦਵਾਤ।

قلمرفتن *ਕ਼ਲਮ ਰਫ਼ਤਨ* : ਤਕਦੀਰ ਵਿਚ ਲਿਖਿਆ ਹੋਣਾ, ਕਿਸਮਤ ਵਿਚ ਹੋਣਾ, ਕਾਤਬ, ਮੁਨਸ਼ੀ, ਲਿਖਾਰੀ, ਚਿਤਰਕਾਰ, ਨਕਾਸ਼।

قلمکار *ਕ਼ਲਮਕਾਰ* : ਓਹ ਕੱਪੜਾ ਜਿਸ ਉਤੇ ਕਲਮ ਨਾਲ ਭਾਂਤ ਭਾਂਤ ਦੇ ਵੇਲ ਬੂਟੇ ਬਣੇ ਹੋਏ ਹੋਣ; ਰੰਗ ਭਰਨ ਵਾਲਾ, ਚਿਤਰਕਾਰ।

قلمکاری *ਕ਼ਲਮਕਾਰੀ* : ਰੰਗ ਭਰਨਾ, ਕਿਸੇ ਚੀਜ਼ ਉਤੇ ਕਲਮ ਨਾਲ ਵੇਲ ਬੂਟੇ ਪਾਉਣਾ, ਨੱਕਾਸ਼ੀ ਕਰਨਾ।

قلمی *ਕ਼ਲਮੀ* : ਲਿਖੀ ਹੋਈ ਚੀਜ਼, ਹੱਥ-ਲਿਖ਼ਤ, ਇਕ ਪਰਕਾਰ ਦੀ ਚਾਦਰ ਜਿਸ ਉਤੇ ਸਿੱਧੀਆਂ ਲਕੀਰਾਂ ਹੁੰਦੀਆਂ ਹਨ, ਫਾਟਾਂ ਵਾਲੀ ਚਾਦਰ।

قلمرو *ਕ਼ਲਮਰੌ* : ਸਲਤਨੱਤ, ਮੁਲਕ।

قلندر *ਕ਼ਲੰਦਰ* : ਰੱਬ ਦਾ ਬੰਦਾ, ਅਜ਼ਾਦ ਮਨੁੱਖ; ਇਕ ਪਰਕਾਰ ਦਾ ਮੁਸਲਮਾਨ ਦਰਵੇਸ਼ ਜਿਸ ਦਾ ਸਿਰ ਮੂੰਹ ਤੇ ਦਾੜ੍ਹੀ ਮੁੰਨੀ ਹੁੰਦੀ ਹੈ ਤੇ ਉਸ ਨੇ ਘਰ ਬਾਰ ਸਭ ਕੁਝ ਤਿਆਗ ਰੱਖਿਆ ਹੁੰਦਾ ਹੈ, ਇਕ ਸਿਲਸਿਲੇ ਦਾ ਬਾਨੀ; ਸ਼ਰਾਬ ਪੀਣ ਵਾਲਾ, ਰਿੰਦ, ਮਸਤ, ਫਕੀਰ; ਨਿਡਰ, ਸ਼ਰ੍ਹਾ ਦੇ ਵਿਰੁੱਧ ਵਿਚਰਨ ਵਾਲਾ ਦਰਵੇਸ਼, ਨਾ ਸਿਧਾਇਆ ਹੋਇਆ।

قلندرخانه *ਕ਼ਲੰਦਰ-ਖ਼ਾਨਾ* : ਕਲੰਦਰਾਂ ਦਾ ਨਿਵਾਸ ਸਥਾਨ; ਸਰਾਂ।

قلندریه *ਕ਼ਲੰਦਰੀਆ* : ਮੁਸਲਮਾਨ ਦਰਵੇਸ਼ਾਂ ਦਾ ਇਕ ਸਿਲਸਿਲਾ ਜੋ ਹਮੇਸ਼ਾ ਘੁੰਮਦੇ ਫਿਰਦੇ ਰੈਂਹਦੇ ਹਨ।

قلندرا *ਕ਼ਲੰਦਰਾ* : ਇਕ ਪਰਕਾਰ ਦਾ ਸਿਲਕ ਦਾ ਕੱਪੜਾ, ਤੰਬੂ ਦੇ ਦਰਵਾਜ਼ੇ ਦਾ ਪਰਦਾ।

قلندری *ਕ਼ਲੰਦਰੀ* : ਇਕ ਪਰਕਾਰ ਦੀ ਛੋਲਦਾਰੀ, ਕਲੰਦਰ ਦਾ ਪੇਸ਼ਾ, ਕਲੰਦਰ ਨਾਲ ਸਬੰਧਤ।

قلنسوه *ਕ਼ਲਨਸ਼ਵਤ,* قلنسة *ਕਲਨਸਤ* : ਉਚੀ ਟੋਪੀ।

قلوب *ਕ਼ੁਲੂਬ* : (ਕਲਬ قلب ਦਾ ਬੌਹਵਚਨ) ਦਿਲ, ਹਿਰਦੇ, ਫ਼ੌਜਾਂ ਦੇ ਵਿਚਕਾਰ ਦੇ ਹਿੱਸੇ, ਖੋਟੇ ਸਿੱਕੇ।

قله *ਕ਼ੁਲਾ* : ਘੋੜੇ ਦਾ ਓਹ ਰੰਗ ਜੋ ਜ਼ਰਦੀ ਮਾਇਲ ਜਾਂ ਬਦਾਮੀ ਹੁੰਦਾ ਹੈ; ਘੋੜੇ ਦੀ ਧੌਣ ਦੇ ਵਾਲਾਂ ਤੋਂ ਲੈ ਕੇ ਪੂਛ ਤਕ ਦੀ ਕਾਲੀ ਧਾਰੀ, ਅਜੇਹੇ ਰੰਗ ਤੇ ਅਜੇਹੀ ਧਾਰੀ ਵਾਲਾ ਘੋੜਾ, ਬਦਾਮੀ ਰੰਗ ਦਾ ਘੋੜਾ, ਚੂਹੇ-ਰੰਗਾ ਘੋੜਾ।

قله *ਕ਼ੁੱਲਾ* : ਪਹਾੜ ਦੀ ਟੀਸੀ, ਚੋਟੀ, ਚੌਕੀ, ਹਰ ਚੀਜ਼ ਦੇ ਸਿਰੇ ਦੀ ਨੌਂਕ, ਵੱਡਾ ਮਟਕਾ ਜਿਸ ਵਿਚ ਤਿੰਨ ਸੌ ਸੇਰ ਪਾਣੀ ਆ ਜਾਵੇ, ਸੁਰਾਹੀ।

قلی *ਕ਼ਿਲਾ* : ਸੱਜੀ, ਇਕ ਪਰਕਾਰ ਦਾ ਕੱਪੜੇ ਧੋਣ ਵਾਲਾ ਖਾਰ, ਕਿਸੇ ਚੀਜ਼ ਨੂੰ ਤਵੇ ਤੇ ਭੁੰਨਣਾ, ਸਿਰ 'ਤੇ ਮਾਰਨਾ।

قلی *ਕ਼ੁਲੀ* : ਗੁਲਾਮ, ਨੌਕਰ।

قلیان *ਕ਼ਲੀਯਾਨ* : ਹੁੱਕਾ, ਹੁੱਕੇ ਦਾ ਨੇਚਾ, ਕਲੀ, ਗੁੜਗੁੜੀ।

قلیچ *ਕ਼ਲੀਚ/ਕ਼ਿਲੀਚ* : ਤਲਵਾਰ, ਸ਼ਮਸ਼ੀਰ, ਕਿਲਚ।

قلیدس *ਕ਼ਲੀਦਸ* : (ਅਕ਼ਲੀਦਸ اقلیدس ਦਾ ਸੰਖਿਪਤ ਰੂਪ) ਯੂਨਾਨ ਦਾ ਇਕ ਵਿਦਵਾਨ ਜੋ ਅਕਲੀਦਸ ਵਿੱਦਿਆ ਦਾ ਮੋਢੀ ਸੀ; ਯੂਕਲਿਡ, ਜੁਮੈਟਰੀ।

قلیل *ਕ਼ਲੀਲ* : ਘੱਟ, ਥੋੜਾ, ਛੋਟਾ, ਕਮਜ਼ੋਰ, ਮਾੜਾ, ਕਾਮਯਾਬ, ਦੁਰਲਭ।

قلیل الاعداد *ਕ਼ਲੀਲ-ਉਲ-ਆਅਦਾਦ* : ਘੱਟ ਗਿਣਤੀ ਵਿਚ।

قلیل وکثیر *ਕਲੀਲ-ਉ-ਕਸੀਰ* : ਛੋਟੇ ਤੇ ਵੱਡੇ, ਥੋੜੇ ਤੇ ਬੌਹਤੇ, ਘੱਟ ਵੱਧ।

قلیه *ਕ਼ਲੀਯਾ* : ਤਵੇ ਤੇ ਭੁੰਨਿਆ ਹੋਇਆ ਗੋਸ਼ਤ, ਭੁੱਜਾ ਹੋਇਆ ਮਾਸ, ਚੰਗੇ ਸ਼ੋਰਬੇ ਵਾਲਾ ਗੋਸ਼ਤ, ਛੱਲੇਦਾਰ ਸ਼ੋਰਬੇ ਦਾ ਗੋਸ਼ਤ।

قلیه خوار *ਕ਼ਲੀਯਾ-ਖ਼ੁਾਰ* : ਭੜੂਆ, ਦੱਲਾ।

قم *ਕ਼ੁਮ* : ਇਕ ਸ਼ੈਹਰ ਦਾ ਨਾਮ ਜੋ ਇਸਫ਼ਹਾਨ

ਦੇ ਨੇੜੇ ਹੈ।

قم **ਕੁੱਮ** : ਉੱਠ ਪੈ, ਖਲੋ ਜਾ, ਉੱਠ।

قم باذن الله **ਕੁੱਮ-ਬਿ-ਇਜ਼ਨਿੱਲਾਹ** : ਜ਼ਿੰਦਾ ਹੋ ਜਾ, ਹਜ਼ਰਤ ਈਸਾ ਇਸ ਵਾਕ ਨਾਲ ਮੁਰਦੇ ਨੂੰ ਜਿਉਂਦਾ ਕਰ ਦਿੰਦੇ ਸਨ, ਓਹਨਾਂ ਨੂੰ ਕੁੱਮ ਈਸਾ ਭੀ ਕੈਂਹਦੇ ਹਨ।

قم باذنی **ਕੁੱਮ-ਬਿ-ਇਜ਼ਨੀ** : ਮੇਰੇ ਹੁਕਮ ਨਾਲ ਜਿਉ ਉੱਠ, ਸ਼ਮਸ ਤਬਰੇਜ਼ੀ ਬਾਰੇ ਕਿਹਾ ਜਾਂਦਾ ਹੈ ਕਿ ਓਹਨਾਂ ਨੇ ਏਹ ਵਾਕ ਕੈਹਕੇ ਮੁਰਦੇ ਨੂੰ ਜਿਉਂਦਾ ਕਰ ਦਿੱਤਾ ਸੀ, ਇਸ ਲਈ ਓਹਨਾਂ ਨੂੰ ਸ਼ਰਅ ਦੇ ਹੁਕਮ ਨਾਲ ਕਤਲ ਕਰ ਦਿੱਤਾ ਗਿਆ।

قما **ਕੁੱਮਾ** : ਲੌਂਡੀ, ਬਾਂਦੀ, ਕਨੀਜ਼, ਰਖੇਲ।

قماج/کماج/کماچ **ਕੁਮਾਜ/ਕੁਮਾਜ਼/ਕੁਮਾਚ** : ਓਹ ਰੋਟੀ ਜੇਹੜੀ ਕਿਤੋਂ ਪਤਲੀ ਤੇ ਕਿਤੋਂ ਮੋਟੀ ਹੋਵੇ।

قمار **ਕ਼ਿਮਾਰ** : ਜੂਆ, ਹਰ ਓਹ ਖੇਡ ਜਿਸ ਵਿਚ ਰੁਪਈਏ ਦੀ ਲੈਣ ਦੇਣ ਦੀ ਸ਼ਰਤ ਹੋਵੇ।

قمارباز **ਕ਼ਿਮਾਰ-ਬਾਜ਼** : ਜੂਆਬਾਜ਼, ਜੁਆਰੀਆ।

قماربازی **ਕ਼ਿਮਾਰਬਾਜ਼ੀ** : ਜੂਏਬਾਜ਼ੀ, ਜੂਆ ਖੇਡਣਾ।

قمارخانه **ਕ਼ਿਮਾਰ-ਖ਼ਾਨਾ** : ਜੂਆ-ਘਰ, ਜੂਏ-ਬਾਜ਼ੀ ਦਾ ਅੱਡਾ।

قمار **ਕੁਮਾਰ** : (ਕੁਮਾਰ کمار ਦਾ ਅਰਬੀ ਰੂਪਾਂਤਰ) ਭਾਰਤ ਦਾ ਇਕ ਪਰਸਿੱਧ ਸ਼ੈਹਰ ਜਿਸ ਨਾਲ ਰਾਸ ਕੁਮਾਰੀ ਸਬੰਧਤ ਹੈ, ਇਥੋਂ ਦਾ ਚੰਦਨ ਜਾਂ ਸੰਦਲ ਬੌਹਤ ਪਰਸਿੱਧ ਹੈ।

قماش **ਕੁਮਾਸ਼** : ਰੇਸ਼ਮੀ ਕੱਪੜੇ, ਅਸਬਾਬ, ਘਰ ਦਾ ਸਮਾਨ, ਮਮੂਲੀ ਚੀਜ਼ਾਂ ਜਿਨ੍ਹਾਂ ਦੀ ਕੋਈ ਕੀਮਤ ਨਾ ਹੋਵੇ, ਕਮੀਨ; ਹੁਨਰ।

قماش **ਕ਼ੱਮਾਸ਼** : ਬਜਾਜ, ਕੱਪੜਾ ਵੇਚਣ ਵਾਲਾ।

قماط **ਕ਼ਿਮਾਤ** : ਓਹ ਕੱਪੜਾ ਜਿਸ ਵਿਚ ਨਵੇਂ-ਜੰਮੇ ਬੱਚੇ ਨੂੰ ਵਲ੍ਹੇਟਿਆ ਜਾਂਦਾ ਹੈ, ਪੋਤੜਾ।

قمبرچی **ਕ਼ਿਮਬਰਚੀ** : ਤੋਪ ਚਲਾਉਣ ਵਾਲਾ, ਤੋਪਚੀ।

قمبره **ਕਿਮਬਰਾ** : ਇਕ ਕਿਸਮ ਦੀ ਤੋਪ।

قمچی **ਕਮਚੀ** : ਕੋਰੜਾ, ਚਾਬਕ, ਹੰਟਰ।

قمر **ਕ਼ਮਰ** : ਚੰਦ, ਵਿਸ਼ੇਸ਼ ਕਰਕੇ ਚੌਥੀ ਰਾਤ ਤੋਂ ਆਖ਼ਰ ਮਹੀਨੇ ਤੱਕ ਦਾ ਚੰਦ, ਪੈਹਲੀ ਤੋਂ ਤੀਜੀ ਰਾਤ ਦੇ ਚੰਦ ਨੂੰ ਹਲਾਲ ਕੈਂਹਦੇ ਹਨ।

قمرچهره **ਕ਼ਮਰ-ਚਿਹਰਾ** : ਚੰਦ ਵਰਗੇ ਚੇਹਰੇ ਵਾਲਾ, ਰਸਾਇਣ ਵਿਗਿਆਨੀਆਂ ਦੀ ਪਰਭਾਸ਼ਾ ਵਿਚ ਚਾਂਦੀ।

قمری **ਕ਼ਮਰੀ** : ਚੰਦ ਨਾਲ ਸਬੰਧਤ, ਚੰਦ ਦਾ ਮਹੀਨਾ ਜਾਂ ਸਾਲ।

قمر **ਕ਼ਮਰ** : ਜੂਏ ਵਿਚ ਜਿਤਣਾ; ਜੂਆ ਖੇਡਣਾ।

قمرا **ਕ਼ਮਰਾ** : ਚੰਦ ਦੀ ਰੋਸ਼ਨੀ, ਚੰਦ-ਚਾਨਣੀ, ਚਾਨਣੀ ਰਾਤ।

قمران, قمرین **ਕ਼ਮਰਾਨ, ਕ਼ਮਰੈਨ** : ਚੰਦ ਤੇ ਸੂਰਜ (ਦੋਵੇਂ)।

قمع **ਕ਼ਮਅ** : ਕਿਸੇ ਚੀਜ਼ 'ਤੇ ਗੁਰਜ਼ ਨਾਲ ਸੱਟ ਮਾਰਨਾ, ਗੁਰਜ਼ ਮਾਰਨਾ, ਤੋੜਨਾ, ਭੰਨ ਤੋੜ ਦੇਣਾ, ਖ਼ਰਾਬ ਕਰਨਾ; ਵਿਗਾੜਨਾ; ਗੁੱਸਾ ਕਰਨਾ।

قمقمه **ਕੁਮਕੁਮਾ** : ਲੋਟਾ, ਕੇਤਲੀ, ਗੋਲ ਮੋਲ ਚੀਜ਼।

قمه **ਕ਼ਮਾ** : ਖ਼ੰਜਰ, ਲੱਕ ਨੂੰ ਬੰਨ੍ਹਣ ਵਾਲਾ ਹਥਿਆਰ।

قمیص **ਕ਼ਮੀਸ** : ਕੁਰਤਾ, ਝੱਗਾ।

قنات **ਕ਼ਨਾਤ** : ਤੰਬੂ ਦੇ ਆਲੇ-ਦੁਆਲੇ ਦਾ ਪਰਦਾ, ਮੋਟਾ ਕੱਪੜਾ ਜੋ ਕੰਧ ਦਾ ਕੰਮ ਦਿੰਦਾ ਹੈ।

قنادیل **ਕ਼ਨਾਦੀਲ** : (ਕਿੰਦੀਲ قندیل ਦਾ ਬੌਹਵਚਨ) ਕੰਦੀਲਾਂ, ਫ਼ਾਨੂਸ, ਲਾਲਟੈਨੀ।

قناعت **ਕ਼ਨਾਅਤ** : ਥੋੜੀ ਚੀਜ਼ 'ਤੇ ਰਾਜ਼ੀ ਹੋ ਜਾਣਾ, ਸੰਤੋਖ।

قناعت‌گزین **ਕ਼ਨਾਅਤ-ਗੁਜ਼ੀਨ** : ਸੰਤੋਖ ਕਰਨ ਵਾਲਾ।

قنبر **ਕ਼ੰਬਰ** : ਹਜ਼ਰਤ ਅਲੀ ਦੇ ਇਕ ਗ਼ੁਲਾਮ ਦਾ ਨਾਮ।

قنبنه ***ਕੁੰਬਨਾ*** : ਬੰਬ ਦਾ ਗੋਲਾ, ਤੋਪ ਦਾ ਗੋਲਾ।

قند ***ਕੰਦ*** : ਖੰਡ, ਬੂਰਾ, ਮਿਸਰੀ।

قندِپارسی ***ਕੰਦ-ਏ-ਪਾਰਸੀ,*** **قندِدوباره** ***ਕੰਦੇ-ਏ-ਦੋ ਬਾਰਾ*** : ਇਕ ਅਤਿ ਸੁਆਦੀ ਖੰਡ।

قندِمصری ***ਕੰਦ-ਏ-ਮਿਸਰੀ,*** **قندِمکرر** ***ਕੰਦ-ਏ-ਮੁਕਰਰ*** : ਦੋ ਵਾਰ ਸਾਫ਼ ਕੀਤੀ ਹੋਈ ਖੰਡ।

قنداق ***ਕੁੰਦਾਕ*** : ਬੰਦੂਕ ਦੇ ਪਿੱਛੇ ਦੀ ਲੱਕੜ ਜਿਸ ਵਿਚ ਨਾਲੀ ਗੱਡੀ ਹੁੰਦੀ ਹੈ, ਕੁੰਦਾ (ਕੁੰਦਾ ਇਸੇ ਸ਼ਬਦ ਦਾ ਵਿਗੜਿਆ ਜਾਂ ਸੰਖੇਪ ਰੂਪ ਹੈ) ਬੰਦੂਕ ਦਾ ਕੁੰਦਾ।

قندھار ***ਕੰਦਹਾਰ*** : ਅਫ਼ਗਾਨਿਸਤਾਨ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ।

قندیل ***ਕ਼ਿੰਦੀਲ*** : ਫ਼ਾਨੂਸ, ਸ਼ਮ੍ਹਾ ਬਾਲਣ ਦਾ ਸੀਸ਼ੇ ਜਾਂ ਗਲੋਬ ਦਾ ਗਲੋਬ; ਇਕ ਪਰਕਾਰ ਦਾ ਤਰਕਸ਼, ਲਾਲਟੈਣ।

قندیلِ آب ***ਕ਼ਿੰਦੀਲ-ਏ-ਆਬ*** : ਓਹ ਬਲੌਰੀ ਫ਼ਾਨੂਸ ਜਿਸ ਵਿਚ ਪਾਣੀ ਭਰ ਕੇ ਤੇ ਤੇਲ ਪਾ ਕੇ ਅੰਦਰ ਬੱਤੀ ਬਾਲਦੇ ਹਨ।

قندیلِ چرخ ***ਕ਼ਿੰਦੀਲ-ਏ-ਚਰਖ਼*** : ਸੂਰਜ ਤੇ ਚੰਦ।

قندیلِ عیسیٰ ***ਕ਼ਿੰਦੀਲ-ਏ-ਈਸਾ*** : ਸੂਰਜ।

قواد ***ਕ਼ੱਵਾਦ*** : ਦੱਲਾ, ਭੜੂਆ।

قوادکا/قواده ***ਕ਼ੱਵਾਦਕਾ/ ਕ਼ੱਵਾਦਾ*** : ਦੱਲੀ।

قوادگی ***ਕ਼ੱਵਾਦਗੀ*** : ਦੱਲਾਪੁਣਾ, ਭੜੂਆਗੀਰੀ।

قواس ***ਕ਼ੱਵਾਸ*** : ਕੌਸ (ਕਮਾਨ) ਬਣਾਉਣ ਵਾਲਾ, ਕਮਾਨਗਰ।

قواسی ***ਕ਼ੱਵਾਸੀ*** : ਕਮਾਨ ਬਣਾਉਣ ਦਾ ਹੁਨਰ ਜਾਂ ਕਿੱਤਾ, ਕਮਾਨਗਰੀ।

قواعد ***ਕ਼ਵਾਇਦ*** : (ਕਾਇਦਾ **قاعده** ਦਾ ਬੌਹਵਚਨ) ਕਾਇਦੇ, ਨਿਯਮ, ਸਿੱਧਾਂਤ, ਥੰਮ, ਮੂਲਾਧਾਰ, ਡਰਿਲ, ਕਸਰਤ।

قوافل ***ਕ਼ਵਾਫ਼ਿਲ*** : (ਕਾਫ਼ਿਲਾ **قافله** ਦਾ ਬੌਹਵਚਨ) ਕਾਫ਼ਲੇ, ਯਾਤਰੀਆਂ ਦੇ ਜੱਥੇ ਜਾਂ ਟੋਲੇ।

قوال ***ਕ਼ੱਵਾਲ*** : ਵੱਡਾ ਗਵੱਈਆ, ਕੱਵਾਲੀ ਗਾਉਣ ਵਾਲਾ, ਡੂਮ, ਭਟ; ਬੌਹਤ ਬੋਲਣ ਵਾਲਾ, ਗਾ ਕੇ ਕਥਾ ਵਾਰਤਾ ਕੈਹਣ ਵਾਲਾ।

قوالی ***ਕ਼ੱਵਾਲੀ*** : ਸੂਫ਼ੀਆਂ ਦੀ ਗਾਉਣ ਵਜਾਉਣ ਦੀ ਮੈਹਫ਼ਿਲ, ਰੱਬ ਦੀ ਸਿਫ਼ਤ ਵਿਚ ਗਾਇਣ, ਓਹ ਗਾਉਣਾ ਵਜਾਉਣਾ ਜੇਹੜਾ ਸੂਫ਼ੀਆਂ ਦੇ ਮਜ਼ਾਰਾਂ 'ਤੇ ਕੀਤਾ ਜਾਂਦਾ ਹੈ।

قوانین ***ਕ਼ਵਾਨੀਨ*** : (ਕਾਨੂਨ **قانون** ਦਾ ਬੌਹਵਚਨ) ਨਿਯਮ, ਨਿਆਂ ਦੇ ਨਿਯਮ।

قوائم ***ਕ਼ਵਾਇਮ*** : (ਕਾਇਮਾ **قائمه** ਦਾ ਬੌਹਵਚਨ) ਜਾਨਵਰਾਂ ਦੇ ਹੱਥ ਪੈਰ; ਕਿਸੇ ਚੀਜ਼ ਦੇ ਪੈਰ ਜਿਸ ਨਾਲ ਓਹ ਖਲੋਤੀ ਰਹੇ।

قوت ***ਕੂਤ*** : ਖਾਣਾ, ਖ਼ੁਰਾਕ, ਭੋਜਨ।

قوتِ لایموت ***ਕੂਤ-ਏ-ਲਾ-ਯਮੂਤ*** : ਇੰਨੀ ਕੁ ਖ਼ੁਰਾਕ ਜਿਸ ਨਾਲ ਮਨੁੱਖ ਜਿਊਂਦਾ ਰੈਹ ਸਕੇ।

قوتِ مسیح ***ਕੂਤ-ਏ-ਮਸੀਹ*** : ਇਕ ਰਾਤ ਦੀ ਸ਼ਰਾਬ।

قوت ***ਕੁਵੱਤ*** : ਸ਼ਕਤੀ, ਪਕਿਆਈ, ਦ੍ਰਿੜ੍ਹਤਾ, ਖ਼ੂਬੀ, ਗੁਣ, ਅਧਕਾਰ।

قوتِ باصره ***ਕੁਵੱਤ-ਏ-ਬਾਸਿਰਾ*** : ਵੇਖਣ ਦੀ ਸ਼ਕਤੀ।

قوتِ باه ***ਕੁਵੱਤ-ਏ-ਬਾਹ*** : ਭੋਗ ਦੀ ਸ਼ਕਤੀ।

قوتِ جاذبه ***ਕੁਵੱਤ-ਏ-ਜਾਜ਼ਿਬਾ*** : ਜਜ਼ਬ ਕਰਨ ਜਾਂ ਖਿੱਚਣ ਦੀ ਸ਼ਕਤੀ, ਆਕਰਸ਼ਣ।

قوتحافظه ***ਕੁਵੱਤ-ਏ-ਹਾਫ਼ਿਜ਼ਾ*** : ਯਾਦ ਰੱਖਣ ਦੀ ਸ਼ਕਤੀ।

قوتذائقه ***ਕੁਵੱਤ-ਜ਼ਾਇਕਾ*** : ਚੱਖਣ ਦੀ ਸ਼ਕਤੀ।

قوتسامعه ***ਕੁਵੱਤ-ਏ-ਸਮਿਆ*** . ਸੁਣਨ ਦੀ ਸ਼ਕਤੀ।

قوتشامه ***ਕੁਵੱਤ-ਏ-ਸ਼ਾਮਾ*** : ਸੁੰਘਣ

ਦੀ ਸ਼ਕਤੀ।

قوتلامسه ***ਕੁੱਵਤ-ਏ-ਲਾਮਿਸਾ*** : ਸਪਰਸ਼ ਕਰਨ ਦੀ ਸ਼ਕਤੀ।

قوچ ***ਕੂਚ*** : ਲੜਨ ਵਾਲਾ ਝੋਟਾ।

قورچی ***ਕੂਰਚੀ*** : ਹਥਿਆਰਬੰਦ ਸਿਪਾਹੀ; ਲੁਹਾਰ, ਸ਼ਾਹੀ ਦਰਬਾਰ ਦਾ ਪਰਬੰਧਕ।

قورچیباشی ***ਕੂਰਚੀ ਬਾਸ਼ੀ*** : ਹਥਿਆਰ-ਘਰ ਦਾ ਦਰੋਗਾ; ਸਿਪਾਹੀਆਂ ਦਾ ਸਰਦਾਰ, ਸੈਨਾਪਤੀ।

قورخانه ***ਕੂਰ ਖ਼ਾਨਾ*** : ਹਥਿਆਰ-ਘਰ।

قورق ***ਕੂਰਕ਼*** : ਮਨ੍ਹਾ ਕੀਤੀ ਹੋਈ, ਵਿਵਰਜਿਤ, ਸੁਰੱਖਿਆ; ਵਲਗਣ; ਸ਼ਿਕਾਰਗਾਹ।

قورمه ***ਕ਼ੋਰਮਾ*** : ਘਿਓ ਵਿੱਚ ਭੁੰਨਿਆ ਹੋਇਆ ਗੋਸ਼ਤ, ਭੁੰਨਿਆ ਹੋਇਆ ਮਾਸ, ਭੁੰਨੀ ਹੋਈ ਚੀਜ਼।

قوری ***ਕੂਰੀ*** : ਚਾਹਦਾਨੀ, ਕ਼ੇਤਲੀ।

قوز ***ਕੂਜ਼*** : ਮੀਢਾ।

قوس ***ਕ਼ੌਸ*** : ਕਮਾਨ, ਦਾਇਰੇ ਦਾ ਇਕ ਭਾਗ, ਨੌਵੇਂ ਅਸਮਾਨੀ ਬੁਰਜ ਦਾ ਨਾਮ ਜੇਹੜਾ ਕਮਾਨ ਦੀ ਸ਼ਕਲ ਦਾ ਵਿਖਾਈ ਦਿੰਦਾ ਹੈ।

قوسِقزح ***ਕ਼ੌਸ-ਏ-ਕੁਜ਼ਹ*** : ਧਨੁਖ, ਸਤਰੰਗੀ ਪੀਂਘ, ਮਾਈ-ਬੁੱਢੀ ਦੀ ਪੀਂਘ।

قوسنما ***ਕੌਸਨੁਮਾ*** : ਕਮਾਨ ਵਰਗਾ, ਕੁੱਬਾ।

قوسی ***ਕੌਸੀ*** : ਟੇਢਾ, ਕਮਾਨ ਵਾਲਾ, ਸਤਰੰਗੀ ਪੀਂਘ ਦੇ ਰੰਗ ਵਰਗਾ।

قوسه ***ਕ਼ੌਸਾ*** : ਕੌਸ-ਏ-ਕਜ਼ਹ, ਸਤਰੰਗੀ ਪੀਂਘ।

قوش ***ਕੌਸ਼*** : ਇਕ ਸ਼ਿਕਾਰੀ ਪੰਛੀ, ਸ਼ਾਹੀਨ।

قوشچی ***ਕੌਸ਼ਚੀ*** : ਮੀਰ ਸ਼ਿਕਾਰ।

قوقو/قوقه ***ਕ਼ੋਕੂ/ਕੋਕਾ*** : ਚੋਗੇ ਦਾ ਤਸਮਾ।

قول ***ਕੂਲ*** : ਲਸ਼ਕਰ, ਸੈਨਾ; ਫ਼ੌਜ ਦਾ ਵਿਚਲਾ ਭਾਗ।

قول ***ਕ਼ੌਲ*** : ਗੱਲਬਾਤ, ਸੰਗੀਤ ਵਿੱਦਿਆ ਵਿਚ ਓਹ ਗੀਤ ਜਿਸ ਵਿਚ ਅਰਬੀ ਸ਼ਬਦਾਵਲੀ ਸ਼ਾਮਲ ਹੋਵੇ, ਬਚਨ, ਇਕਰਾਰ, ਵਾਦਾ, ਸੌਦਾ; ਪਟਾ, ਸਨਦ।

قولدادن ***ਕ਼ੌਲ ਦਾਦਨ*** : ਇਕਰਾਰ ਕਰਨਾ, ਬਚਨ ਦੇਣਾ।

قولنامه ***ਕ਼ੌਲ-ਨਾਮਾ*** : ਇਕਰਾਰਨਾਮਾ, ਸੰਧੀ।

قولوقرار ***ਕ਼ੌਲ-ਉ-ਕਰਾਰ***

قولقرار ***ਕ਼ੌਲ ਕਰਾਰ*** : ਇਕਰਾਰ, ਬਚਨ।

قولی ***ਕ਼ੌਲੀ*** : ਜ਼ਬਾਨੀ; ਮੂੰਹ ਜ਼ਬਾਨੀ।

قولچی ***ਕੂਲਚੀ*** : ਨੌਕਰ, ਸੇਵਕ।

قولنج ***ਕ਼ੌਲੰਜ/ ਕ਼ੌਲਿੰਜ/ ਕੂਲਿੰਜ*** : ਓਹ ਸਖ਼ਤ ਦਰਦ ਜੋ ਕੌਲਨ ਭਾਵ ਅੰਤੜੀਆਂ ਵਿਚ ਪੈਦਾ ਹੁੰਦਾ ਹੈ।

قولون ***ਕੂਲੂਨ*** : ਅੰਤੜੀ, ਆਂਦਰ।

قوم ***ਕ਼ੌਮ*** : ਆਦਮੀਆਂ ਦਾ ਟੋਲਾ; ਕਬੀਲਾ, ਟੱਬਰ, ਖ਼ਾਨਦਾਨ, ਜੱਥਾ, ਟੋਲਾ, ਸੰਪਰਦਾਏ।

قومدار ***ਕ਼ੌਮਦਾਰ*** : ਚੰਗੇ ਖ਼ਾਨਦਾਨ ਦਾ, ਉੱਤਮ ਨਸਲ ਦਾ।

قومِلوط ***ਕ਼ੌਮ-ਏ-ਲੂਤ*** : ਹਜ਼ਰਤ ਲੂਤ ਦੇ ਪੈਰੋਕਾਰ; ਸਾਡਮ ਦੇ ਵਸਨੀਕ।

قومِموسیٰ ***ਕ਼ੌਮ-ਏ-ਮੂਸਾ*** : ਹਜ਼ਰਤ ਮੂਸਾ ਦੇ ਪੈਰੋਕਾਰ, ਇਸਰਾਈਲੀ।

قومی ***ਕ਼ੌਮੀ*** : ਕੌਮ ਜਾਂ ਲੋਕਾਂ ਨਾਲ ਸਬੰਧਤ, ਕੌਮ ਵਾਲਾ।

قوی ***ਕ਼ਵੀ*** : ਸ਼ਕਤੀਸ਼ਾਲੀ, ਸਮਰਥਾਵਾਨ, ਤਕੜਾ।

قویبازو ***ਕ਼ਵੀ-ਬਾਜ਼ੂ,*** **قویبال** ***ਕ਼ਵੀ-ਬਾਲ,*** **قویپشت** ***ਕ਼ਵੀ-ਪੁਸ਼ਤ,*** **قویپنجه** ***ਕ਼ਵੀ-ਪੰਜਾ,*** **قویدست** ***ਕ਼ਵੀ-ਦਸਤ*** : ਸ਼ਕਤੀਮਾਨ, ਦਲੇਰ, ਬਹਾਦਰ; ਪੈਸੇ ਵਾਲਾ।

قویجثه ***ਕ਼ਵੀ-ਜੁੱਸਾ*** : ਤਕੜੇ ਸਰੀਰ ਵਾਲਾ, ਹੱਟਾ-ਕੱਟਾ, ਮਜ਼ਬੂਤ।

قویحال ***ਕ਼ਵੀ-ਹਾਲ*** : ਖ਼ੁਸ਼ਹਾਲ, ਪੈਸੇ ਵਾਲਾ।

قوی‌رای *ਕ਼ਵੀ-ਰਾਯ* : ਪੱਕੇ ਨਿਸ਼ਚੇ ਜਾਂ ਫ਼ੈਸਲੇ ਵਾਲਾ।

قوی‌مایه *ਕ਼ਵੀ-ਮਾਯਾ* : ਕਾਫ਼ੀ ਸਰਮਾਏ ਵਾਲਾ।

قوی *ਕ਼ੁਵਾ* : (ਕੁਵੱਤ قوت *ਦਾ ਬੌਹਵਚਨ) ਸ਼ਕਤੀਆਂ।*

قویم *ਕ਼ਵੀਮ* : ਸਿੱਧਾ, ਖੜ੍ਹਵਾਂ, ਠੀਕ, ਦਰੁਸਤ, ਉਚੇ ਲੰਮੇ ਕਦ ਵਾਲਾ, ਦ੍ਰਿੜ ਵਿਸ਼ਵਾਸੀ।

قویمه *ਕ਼ਵੀਮਾ* : ਹਰ ਸਿੱਧੀ ਚੀਜ਼, ਹਰ ਮਜ਼ਬੂਤ ਚੀਜ਼।

قهار *ਕ਼ੱਹਾਰ* : ਬੌਹਤ ਸ਼ਕਤੀਸ਼ਾਲੀ, ਬੌਹਤ ਕੈਹਰ ਕਰਨ ਵਾਲਾ; ਰੱਬ ਦਾ ਇਕ ਗੁਣਵਾਚੀ ਨਾਮ।

قهاری *ਕ਼ੱਹਾਰੀ* : ਖ਼ੁਦਾ ਦਾ, ਕਹਾਰ ਨਾਲ ਸਬੰਧਤ।

قهر *ਕ਼ਹਰ* : ਜ਼ਬਰਦਸਤੀ, ਜ਼ੋਰਾਵਰੀ, ਜ਼ੋਰ ਕਰਨਾ, ਸ਼ਕਤੀ; ਬਦਲਾ, ਸਖ਼ਤੀ, ਗੁੱਸਾ, ਬਲਾ, ਆਫ਼ਤ, ਸ਼ਾਮਤ।

قهرِ درویش بجانِ خویش *ਕਹਰ-ਏ-ਦਰਵੇਸ਼-ਬਜਾਨ-ਏ-ਖ਼ੇਸ਼* : ਗ਼ਰੀਬ ਦਾ ਗੁੱਸਾ ਆਪਣੇ ਉੱਤੇ ਹੀ ਚਲਦਾ ਹੈ।

قهراً *ਕਹਰਨ* : ਜਬਰੀ।

قهرانه *ਕਹਰਾਨਾ* : ਕਹਿਰ ਨਾਲ।

قهرِ قیامت *ਕਹਰ-ਏ-ਕਿਯਾਮਤ* : ਪਰਲੋ ਦਾ ਸ਼ੋਰ ਸ਼ਰਾਬਾ।

قهرمان *ਕਹਰਮਾਨ* : ਸੂਰਮਾ; ਇਕ ਈਰਾਨੀ ਨਾਇਕ; ਵਕੀਲ, ਸਰਪਰਸਤ, ਗਲਬੇ ਵਾਲਾ, ਸ਼ਾਸਕ, ਬਾਦਸ਼ਾਹ; ਜਿਸ ਕੋਲ ਆਮਦਨ-ਖ਼ਰਚ ਦਾ ਹਿਸਾਬ ਹੋਵੇ, ਖ਼ਜ਼ਾਨਚੀ।

قهرمانی *ਕ਼ਹਰਮਾਨੀ* : ਕੈਹਰ ਤੇ ਗ਼ਜ਼ਬ ਨਾਲ ਸਬੰਧਤ।

قهستان *ਕੁਹਿਸਤਾਨ* : (ਕੁਹਿਸਤਾਨ کهستان ਦਾ ਅਰਬੀ ਰੂਪਾਂਤਰ) ਕੋਹਿਸਤਾਨ ਦਾ ਇਕ ਇਲਾਕਾ ਜੋ ਖ਼ੁਰਾਸਾਨ ਵਿਚ ਹੈ।

قهقهه *ਕ਼ਹਕ਼ਹਾ* : ਜ਼ੋਰ ਦੀ ਹਾਸੀ, ਖਿੜ-ਖਿੜ ਹੱਸਣਾ।

قهوه *ਕਹਵਾ* : ਪੁਰਾਣੀ ਸ਼ਰਾਬ; ਕਾਫ਼ੀ, ਬੁੰਨ-ਬੇਰ ਦਾ ਰਸ।

قهوچی *ਕਹਵਚੀ* : ਕਾਹਵਾ ਪਿਆਉਣ ਵਾਲਾ।

قهوه‌خانه *ਕਹਵਾ-ਖ਼ਾਨਾ* : ਕਾਹਵਾ ਪੀਣ ਦੀ ਥਾਂ।

قهوه‌دان *ਕ਼ਹਵਾ ਦਾਨ* : ਕਾਹਵਾ-ਦਾਨੀ।

قهوه‌رنگی *ਕ਼ਹਵਾ ਰੰਗੀ* : ਕਾਹਵਾ ਦੇ ਰੰਗ ਦੀ।

قی *ਕ਼ੈ* : ਉਬਕਾਈ ਨਾਲ ਖਾਧਾ ਪੀਤਾ ਉਲਟ ਦੇਣਾ; ਉਲਟੀ।

قیادت *ਕ਼ਿਯਾਦਤ* : ਰਾਹ ਦੱਸਣਾ, ਪਥ-ਪਰਦਰਸ਼ਨ, ਅਗਵਾਈ, ਲਸ਼ਕਰ ਦੀ ਸਰਦਾਰੀ; ਦੱਲਾਲੀ, ਸਰਦਾਰੀ, ਸਰਕਰਦਗੀ।

قیاس *ਕ਼ਿਯਾਸ* : (ਪੰਜਾਬੀ ਵਿਚ ਪਰਚਲਤ ਰੂਪ ''ਕਿਆਸ'' ਹੈ,) ਅੰਦਾਜ਼ਾ, ਅਟਕਲ, ਦੋ ਚੀਜ਼ਾਂ ਵਿਚ ਸਮਾਨਤਾ ਲੱਭ ਕੇ ਇਕ ਉਤੇ ਦੂਜੀ ਦਾ ਅਨੁਮਾਨ ਲਾਉਣਾ, ਅਨੁਮਾਨ, ਰਾਏ, ਫ਼ੈਸਲਾ।

قیاساً *ਕ਼ਿਯਾਸਨ* : ਕਿਆਸ ਨਾਲ, ਅਨੁਮਾਨ ਨਾਲ।

قیاسی *ਕਿਯਾਸੀ* : ਕਿਆਸ ਅਨੁਸਾਰ।

قیاصره *ਕ਼ਯਾਸਿਰਾ* : (ਕ਼ੈਸਰ قیصر ਦਾ ਬੌਹਵਚਨ) ਰੂਮੀ ਬਾਦਸ਼ਾਹਾਂ ਦੀ ਉਪਾਧੀ, ਰੂਮ ਦੇ ਬਾਦਸ਼ਾਹ, ਸ਼ੈਹਨਸ਼ਾਹ, ਬਾਦਸ਼ਾਹ।

قیافه *ਕ਼ਿਯਾਫ਼ਾ* : ਸੂਰਤ ਸ਼ਕਲ ਤੋਂ ਤਾੜ ਲੈਣ ਦਾ ਗਿਆਨ, ਅੰਦਾਜ਼ਾ, ਸਮਝ, ਸ਼ਕਲ ਸੂਰਤ, ਸਮਾਨਤਾ, ਬਰਾਬਰੀ।

قیافه‌شناس *ਕ਼ਿਯਾਫ਼ਾ ਸ਼ਿਨਾਸ* : ਕਿਆਫ਼ਾ ਲਾਉਣ ਵਾਲਾ।

قیام *ਕ਼ਿਯਾਮ* : ਖੜ੍ਹਾ ਹੋਣਾ, ਉੱਠਣਾ,

ਠੈਹਰਨਾ, ਖਲੋਣਾ, ਨਮਾਜ਼ ਦਾ ਓਹ ਹਿੱਸਾ, ਜਿਸ ਵਿਚ ਨਮਾਜ਼ੀ ਖਲੋਂਦਾ ਹੈ, ਬਸੇਰਾ।

قیامت ***ਕ਼ਿਯਾਮਤ*** : ਖੜ੍ਹਾ ਹੋਣਾ, ਮੁਰਦਿਆਂ ਦਾ ਕਬਰਾਂ ਵਿਚੋਂ ਉਠਣਾ; ਓਹ ਦਿਨ ਜਦੋਂ ਸੰਸਾਰ ਦੇ ਖ਼ਾਤਮੇ ਮਗਰੋਂ ਮੁਰਦੇ ਜਿਉਂਦੇ ਹੋ ਕੇ ਖੜ੍ਹੇ ਹੋ ਜਾਣਗੇ, ਸੰਸਾਰ ਦੇ ਖਤਮ ਹੋਣ ਦਾ ਦਿਨ, ਪਰਲੋ; ਬੌਹਤ; ਅਜੀਬ; ਅਤਿਅੰਤ।

قیامت‌پیشه ***ਕ਼ਿਯਾਮਤ-ਪੇਸ਼ਾ*** : ਸੰਸਾਰ।

قیامت‌پیکر ***ਕ਼ਿਯਾਮਤ-ਪੈਕਰ*** : ਮਸ਼ੂਕ।

قیامت‌جلوه ***ਕ਼ਿਯਾਮਤ-ਜਲਵਹ,*** **قیامت‌خرام** ***ਕ਼ਿਯਾਮਤ-ਖ਼ਿਰਾਮ*** : ਮੇਹਬੂਬ।

قیان ***ਕ਼ਿਯਾਨ*** : ਵੱਡੀ ਤੱਕੜੀ, ਤੱਕੜ।

قیان ***ਕ਼ਿਯਾਨ*** : (ਕ਼ੈਨ **قین** ਦਾ ਬੌਹਵਚਨ) ਗ਼ੁਲਾਮ, ਨੌਕਰ ਚਾਕਰ।

قیان ***ਕ਼ਿਯਾਨ*** : (ਕ਼ੈਨਤ **قینه** ਜਾਂ ਕੈਨਾ **قینه** ਦਾ ਬੌਹਵਚਨ) ਕੁੜੀਆਂ, ਲੌਂਡੀਆਂ, ਨਾਚੀਆਂ, ਗਾਉਣ ਵਜਾਉਣ ਵਾਲੀਆਂ।

قیچی ***ਕ਼ੈਚੀ*** : ਕੱਪੜਾ ਕੱਟਣ ਦਾ ਸੰਦ।

قید ***ਕ਼ੈਦ*** : ਬੰਦ, ਰੋਕ, ਰੁਕਾਵਟ, ਨਿਯੰਤਰਣ, ਬੇੜੀ, ਤਸਮੇ, ਕਿਤਾਬ ਦਬਾਉਣ ਦਾ ਸ਼ਿਕੰਜਾ।

قیدبند ***ਕ਼ੈਦ ਬੰਦ*** : ਕਿਲ੍ਹਾ, ਗੜ੍ਹੀ।

قیدخانه ***ਕ਼ੈਦ-ਖ਼ਾਨਾ*** : ਬੰਦੀਖ਼ਾਨਾ।

قیدی ***ਕ਼ੈਦੀ*** : ਕੈਦੀ, ਬੰਦੀ।

قیدار ***ਕ਼ੈਦਾਰ*** : ਇਸਮਾਈਲ ਦਾ ਪੁੱਤਰ, ਅਰਬਾਂ ਦਾ ਵੱਡਾ ਵਡੇਰਾ।

قیر ***ਕੀਰ*** : ਇਕ ਕਾਲਾ ਤੇਲ ਜੋ ਖ਼ੁਰਕ ਖਾਧੇ ਊਠਾਂ 'ਤੇ ਮਲਦੇ ਹਨ, ਜਹਾਜ਼ਾਂ ਤੇ ਬੇੜੀਆਂ ਦੀਆਂ ਵਿਰਲਾਂ ਤੇ ਝੀਥਾਂ ਨੂੰ ਉਸ ਨਾਲ ਬੰਦ ਕਰਦੇ ਹਨ, ਗੰਦਾ ਬਰੋਜ਼ਾ, ਰਾਲ, ਲੁੱਕ।

قیراط ***ਕੀਰਾਤ*** : ਇਕ ਵਜ਼ਨ ਜਾਂ ਵੱਟਾ ਜੋ ਅੱਧੇ ਦਾਂਗ ਅਰਥਾਤ ਚਾਰ ਜਵਾਂ ਦੇ ਬਰਾਬਰ ਹੁੰਦਾ ਹੈ, ਚਾਰ ਗ੍ਰੇਨ, ਅੱਧੀ ਰੱਤੀ, ਔਸ ਦਾ ਚਵ੍ਹੀਵਾਂ ਹਿੱਸਾ, ਦਿਰਹਮ ਦੇ ਬਾਰ੍ਹਵੇਂ ਹਿੱਸੇ ਦੇ ਬਰਾਬਰ ਦਾ ਵਜ਼ਨ।

قیروتی ***ਕ਼ੈਰੋਤੀ*** : ਤੇਲ।

قیروطی ***ਕ਼ੈਰੋਤੀ*** : ਮੋਮ।

قیزه ***ਕੈਜ਼ਾ/ਕੀਜ਼ਾ*** : ਲੱਕ ਦਾ ਕੱਪੜਾ, ਲੰਗੋਟ।

قیزه‌بند ***ਕੀਜ਼ਾ-ਬੰਦ*** : ਤੰਗ (ਘੋੜੇ ਦਾ)।

قیزکردن ***ਕੈਜ਼ਾ ਕਰਦਨ*** : ਘੋੜੇ ਦਾ ਮੂੰਹ ਬੰਨ੍ਹਣਾ, ਘੋੜੇ ਦੇ ਮੂੰਹ ਕੰਡਿਆਲਾ ਪਾਉਣਾ, ਲੰਗੋਟ ਪਾਉਣਾ।

قیس ***ਕੈਸ*** : ਅਰਬ ਦੇ ਪਰਸਿੱਧ ਪਰੇਮੀ ਮਜਨੂੰ ਦਾ ਨਾਮ ਜੋ ਲੈਲਾ ਦਾ ਪਰੇਮੀ ਸੀ, ਅਤੇ ਕਬੀਲਾ ਬਨੀ ਆਮਿਰ ਦਾ ਸੀ, ਓਹ ੭੦ ਹਿਜਰੀ ਵਿਚ ਕਾਲਵਸ ਹੋਇਆ; ਅਰਬ ਦੇ ਇਕ ਕਬੀਲੇ ਤੇ ਉਸ ਕਬੀਲੇ ਦੇ ਮੋਢੀ ਦਾ ਨਾਮ।

قیس عامری ***ਕੈਸ-ਏ-ਆਮਿਰੀ*** : ਕੈਸ ਅਰਥਾਤ ਮਜਨੂੰ ਜੋ ਆਮਿਰ ਕਬੀਲੇ ਦਾ ਸੀ।

قیسی ***ਕ਼ੈਸੀ*** : ਕੈਸ ਦੇ ਕਬੀਲੇ ਦਾ।

قیصر ***ਕ਼ੈਸਰ*** : ਓਹ ਬੱਚਾ ਜਿਸ ਨੂੰ ਮਾਂ ਦਾ ਪੇਟ ਚਾਕ ਕਰਕੇ ਜਮਾਇਆ ਜਾਏ, ਰੋਮ ਦਾ ਪੈਹਲਾ ਬਾਦਸ਼ਾਹ ਅਗਸਤੁਸ, ਜੋ ਇਸੇ ਤਰ੍ਹਾਂ ਜੰਮਿਆ ਸੀ, ਜੂਲੀਅਸ ਸੀਜ਼ਰ, ਪਿੱਛੋਂ ਰੋਮ ਦੇ ਹਰ ਬਾਦਸ਼ਾਹ ਦੀ ਉਪਾਧੀ 'ਕੈਸਰ' ਹੋ ਗਈ।

قیصری ***ਕ਼ੈਸਰੀ*** : ਕੈਸਰ ਨਾਲ ਸਬੰਧਤ, ਸ਼ਾਹੀ।

قیصریه ***ਕ਼ੈਸਰੀਯਾ*** : ਇਕ ਸ਼ੈਹਰ ਦਾ ਨਾਮ; ਇਸਫਹਾਨ ਦੇ ਇਕ ਬਜ਼ਾਰ ਦਾ ਨਾਮ, ਸ਼ਾਹੀ ਸ਼ਾਨੋ-ਸ਼ੌਕਤ।

قیصور ***ਕ਼ੈਸੂਰ*** : ਇਕ ਸ਼ੈਹਰ ਦਾ ਨਾਮ ਜਿਥੋਂ ਦਾ ਕਾਫੂਰ ਪਰਸਿੱਧ ਹੈ, ਇਕ ਪਹਾੜ ਦਾ ਨਾਮ।

قیطون ***ਕ਼ੈਤੂਨ*** : ਕਲਾਬਤੂਨ ਦੀ ਡੋਰੀ, ਕੱਚੇ ਰੇਸ਼ਮ ਤੇ ਜ਼ਰੀ ਦੀ ਬੁਣੀ ਹੋਈ ਡੋਰੀ, ਸਿਲਕੀ ਬਾਰਡਰ, ਸੋਨੇ ਚਾਂਦੀ ਦੀਆਂ ਤਾਰਾਂ ਦੀ ਝਾਲਰ।

قیف ***ਕ਼ੀਫ਼*** : ਪੀਪ ਜਿਸ ਨਾਲ ਪੀਪੇ ਵਿਚੋਂ ਤੇਲ ਆਦਿ ਕੱਢ ਕੇ ਬੋਤਲਾਂ ਵਿਚ ਭਰਦੇ ਹਨ, ਇਸ ਨੂੰ ਪੀਪ ਭੀ ਕੈਂਹਦੇ ਹਨ।

قیقاوس ***ਕ਼ੈਕ਼ਾਊਸ*** : (ਕੈਕਾਉਸ **کیکاوس** ਦਾ ਅਰਬੀ ਰੂਪਾਂਤਰ) ਈਰਾਨ ਦਾ ਇਕ ਮਸ਼ਹੂਰ ਬਾਦਸ਼ਾਹ।

قیل ***ਕ਼ੀਲ*** : ਕਹੀ ਗਈ ਗੱਲ, ਸੁਖ਼ਨ, ਗੱਲ-ਬਾਤ, ਬਾਤ-ਚੀਤ, ਸ਼ਬਦ, ਬੋਲ।

قیل وقال ***ਕ਼ੀਲ-ਉ-ਕ਼ਾਲ*** : ਗੱਲ-ਬਾਤ, ਪਰਸਪਰ ਬਾਤ-ਚੀਤ, ਬੈਹਸ, ਵਾਰਤਾਲਾਪ, ਦੁਪੈਹਰ ਦਾ ਭੋਜਨ ਖਾਣ ਮਗਰੋਂ ਥੋੜਾ ਅਰਾਮ ਕਰਨਾ।

قیلوله ***ਕ਼ੈਲੂਲਾ*** : ਦੁਪੈਹਰ ਵੇਲੇ ਦਾ ਸੌਣਾ।

قیماق ***ਕ਼ੀਮਾਕ਼***, **قیماغ** ***ਕ਼ੀਮਾਗ਼*** : ਦੁੱਧ ਦੀ ਮਲਾਈ।

قیمت ***ਕ਼ੀਮਤ*** : ਮੁੱਲ, ਦਾਮ; ਕਦਰ, ਕੱਦ-ਕਾਠ।

قیمتِ آخر ***ਕ਼ੀਮਤ-ਏ-ਆਖ਼ਿਰ*** : ਘੱਟ ਤੋਂ ਘੱਟ ਕੀਮਤ।

قیمت است ***ਕ਼ੀਮਤ ਅਸਤ*** : ਵਧੀਆ ਹੈ, ਕੀਮਤੀ ਹੈ।

قیمت مندی ***ਕ਼ੀਮਤ ਮੰਦੀ*** : ਕੀਮਤ, ਮੁੱਲ।

قیمتی ***ਕ਼ੀਮਤੀ*** : ਮੁੱਲ ਵਾਲਾ, ਬੌਹਮੁੱਲਾ।

قیمه ***ਕ਼ੀਮਾ*** : ਜ਼ਰਾ ਜ਼ਰਾ ਕੀਤਾ ਹੋਇਆ ਗੋਸ਼ਤ, ਕੱਟਿਆ ਹੋਇਆ ਮਾਸ।

قیمه پلاؤ ***ਕ਼ੀਮਾ-ਪਲਾਉ*** : ਗੋਸ਼ਤ ਤੇ ਕੀਮੇ ਵਾਲਾ ਪਲਾ।

قیمه شوربه ***ਕ਼ੀਮਾ ਸ਼ੋਰਬਾ*** : ਇਕ ਪਰਕਾਰ ਦਾ ਸ਼ੋਰਬਾ ਜਾਂ ਤਰੀ।

قین ***ਕ਼ੈਨ*** : ਬੀਵੀ, ਵੌਹਟੀ, ਤਲਵਾਰ ਜਾਂ ਛੁਰੀ ਦਾ ਮਿਆਨ।

قین ***ਕ਼ੈਨ*** : ਲੁਹਾਰ, ਗੁਲਾਮ, ਨੌਕਰ, ਖ਼ਾਦਮ।

قینه ***ਕ਼ੈਨਾ*** : ਗਾਉਣ ਵਾਲੀ ਲੌਂਡੀ।

قیود ***ਕੁਯੂੱਦ*** : (ਕੈਦ **قید** ਦਾ ਬੌਹਵਚਨ) ਕੈਦਾਂ, ਰੋਕਾਂ, ਰੁਕਾਵਟਾਂ, ਸ਼ਰਤਾਂ, ਪਾਬੰਦੀਆਂ।

قیوم ***ਕਯੂੱਮ*** : ਸਥਿਰ ਰੈਹਣ ਵਾਲਾ, ਥੰਮ੍ਹਣ ਵਾਲਾ, ਸ਼ਕਤੀਸ਼ਾਲੀ, ਅਦੁੱਤੀ, ਬੇਨਜ਼ੀਰ, ਰੱਖਿਅਕ, ਰੱਬ ਦਾ ਇਕ ਗੁਣਾਵਾਚੀ ਨਾਮ।

قیون ***ਕੁਯੂੱਨ*** : (ਕ਼ੈਨ **قین** ਦਾ ਬੌਹਵਚਨ) ਲੁਹਾਰ(ਬੌਹਤੇ)।

ک(ਕਾਫ਼)

ک ***ਕ*** : (ਛੋਟਾ ਕਾਫ਼) ਫ਼ਾਰਸੀ ਵਰਨਮਾਲਾ ਦਾ ਪੰਝੀਵਾਂ ਅਤੇ ਅਰਬੀ ਲਿੱਪੀ ਦਾ ਬਾਈਵਾਂ ਅੱਖਰ, ਇਸ ਦੀ ਸੰਖਿਆ ਵੀਹ (੨੦) ਨਿਸ਼ਚਤ ਹੈ। ਇਸ ਨੂੰ ਕਾਫ਼-ਏ-ਤਾਜ਼ੀ ਕੈਂਹਦੇ ਹਨ।

کابغ ***ਕਾਬੁਖ਼*** : ਰੋਟੀ ਨਾਲ ਖਾਣ ਵਾਲੀ ਚਟਣੀ।

کابک ***ਕਾਬੁਕ*** : ਪੰਛੀਆਂ ਦਾ ਆਲ੍ਹਣਾ; ਪਾਲਤੂ ਕਬੂਤਰਾਂ ਦਾ ਡਰਬਾ, ਕਬੂਤਰਖ਼ਾਨਾ; ਤੰਦੂਰ ਵਿਚ ਰੋਟੀ ਲਾਉਣ ਵਾਲਾ ਪੋਣਾ।

کابل ***ਕਾਬੁਲ*** : ਇਕ ਸ਼ੈਹਰ ਦਾ ਨਾਮ ਜੋ ਅਫ਼ਗਾਨਿਸਤਾਨ ਦੀ ਰਾਜਧਾਨੀ ਹੈ; ਇਕ ਦਰਿਆ ਦਾ ਨਾਮ ਜਿਸ ਦੇ ਕੰਢੇ ਤੇ ਸ਼ੈਹਰ ਕਾਬੁਲ ਅਬਾਦ ਜਾਂ ਸਥਿਤ ਹੈ।

کابلی ***ਕਾਬੁਲੀ*** : ਕਾਬੁਲ ਨਾਲ ਸਬੰਧਤ, ਕਾਬੁਲ ਦਾ ਵਸਨੀਕ।

کابوس ***ਕਾਬੂਸ*** : ਇਕ ਪਰਸਿੱਧ ਬੀਮਾਰੀ ਜਿਸ ਵਿਚ ਮਨੁੱਖ ਨੂੰ ਸੁਤੇ ਪਿਆਂ ਇਉਂ ਭਾਸਦਾ ਹੈ ਕਿ ਉਸ ਨੂੰ ਕਿਸੇ ਨੇ ਦਬਾ ਲਿਆ ਹੈ ਤੇ ਓਹ ਸੌਣ-ਅਵਸਥਾ ਵਿਚ ਰੌਲਾ ਪਾਉਂਦਾ ਹੈ ਤੇ ਹੱਥ ਪੈਰ ਮਾਰਦਾ ਹੈ ਪਰ ਨਾ ਤਾਂ ਕੋਈ ਅਵਾਜ਼ ਨਿਕਲਦੀ ਹੈ ਤੇ ਨਾ ਕੋਈ ਅੰਗ ਹਿਲਦੇ ਹਨ।

کابیشه ***ਕਾਬੀਸ਼ਾ*** : ਕੁਸੂ; ਕਸੁੰਭੜੇ ਦਾ ਫੁੱਲ; ਫੁੱਲ ਵਿਚਲੀ ਜ਼ਰਦੀ।

کابین ***ਕਾਬੀਨ*** : ਹੱਕ ਮੇਹਰ, ਓਹ ਰੁਪਈਆ ਜਿਸ ਦੇ ਬੀਵੀ ਨੂੰ ਦੇਣ ਦਾ ਇਕਰਾਰ ਦੂਲ੍ਹਾ ਨਿਕਾਹ ਸਮੇਂ ਕਰਦਾ ਹੈ।

کابین‌نامه ***ਕਾਬੀਨ-ਨਾਮਾ*** : ਓਹ ਇਕਰਾਰ-ਨਾਮਾ ਜੇਹੜਾ ਖ਼ਾਵੰਦ ਨਿਕਾਹ ਸਮੇਂ ਬੀਵੀ ਨੂੰ ਨਕਦ ਅਦਾ ਨਾ ਕਰਨ ਦੀ ਸੂਰਤ ਵਿਚ ਆਪਣੀ ਬੀਵੀ ਨੂੰ ਹੱਕ-ਮੇਹਰ ਵਜੋਂ ਦੇਣ ਬਾਰੇ ਲਿਖਦਾ ਹੈ, ਮੇਹਰ ਦੀ ਰਕਮ ਦਾ ਦਸਤਾਵੇਜ਼।

کابینه ***ਕਾਬੀਨਾ*** : ਕੈਬਨਿਟ, ਮੰਤਰੀ-ਮੰਡਲ. ਦੀਵਾਨ-ਖ਼ਾਸ।

کات ***ਕਾਤ*** : ਖ਼ੁਰਾਸਾਨ ਦੇ ਇਕ ਸ਼ੈਹਰ ਦਾ ਨਾਮ; ਈਰਾਨ ਦੇ ਪਰਾਂਤ ਸੁਸਤਰ ਵਿਚ ਇਕ ਪਰਕਾਰ ਦਾ ਚਾਵਲ, ਜੋ ਇਕ ਵਾਰ ਬੀਜਣ ਨਾਲ ਸਤ ਸਾਲ ਫੱਲ ਦਿੰਦਾ ਰੈਂਹਦਾ ਹੈ; ਕੱਥਾ ਜੋ ਚੂਨੇ ਨਾਲ ਮਿਲਾ ਕੇ ਪਾਨ ਵਿਚ ਲਾ ਕੇ ਖਾਧਾ ਜਾਂਦਾ ਹੈ।

کاتب ***ਕਾਤਿਬ*** : ਲਿਖਣ ਵਾਲਾ; ਲਿਪੀਕਾਰ; ਮੁਨਸ਼ੀ।

کاتبی ***ਕਾਤਿਬੀ*** : ਇਕ ਪਰਕਾਰ ਦੀ ਪੋਸ਼ਾਕ, ਲੰਮਾ ਕੋਟ, ਚੋਗਾ; ਇਕ ਫ਼ਾਰਸੀ ਸ਼ਾਇਰ ਦਾ ਉਪ-ਨਾਮ (ਤਖ਼ੱਲਸ)।

کاج ***ਕਾਜ*** : ਕਾਸ਼! ਇੱਛਾ ਜਾਂ ਹਸਰਤ ਦਾ ਸ਼ਬਦ; ਟੇਢੀ ਨਜ਼ਰ ਨਾਲ ਵੇਖਣ ਵਾਲਾ; ਭੈਂਗਾ; ਟੀਰਾ; ਸਨੋਬਰ ਦਾ ਰੁੱਖ, ਧੌਲ-ਧਫਾ।

کاجکی ***ਕਾਜਕੇ*** : ਕਾਸ਼ ਕਿ, ਵਾਸਤਵ ਵਿਚ ਏਹ ਸ਼ਬਦ ''ਕਾਸ਼ ਕਿ'' ਹੈ।

کاجیره ***ਕਾਜੀਰਾ*** : ਕੁਸਮ, ਕੁਸੂ; ਕਸੁੰਭੜਾ।

کاخ ***ਕਾਖ਼*** : ਭਵਨ, ਉਚੀ ਇਮਾਰਤ, ਮਾੜੀ, ਗੜ੍ਹੀ।

کاذب ***ਕਾਜ਼ਿਬ*** : ਝੂਠ ਬੋਲਣ ਵਾਲਾ, ਝੂਠਾ।

کار ***ਕਾਰ*** : ਕੰਮ, ਧੰਦਾ, ਪੇਸ਼ਾ, ਕਿਰਤ, ਹੁਨਰ; ਖੇਤੀਬਾੜੀ, ਜ਼ਮੀਂਦਾਰਾ; ਲੜਾਈ, ਜੰਗ।

کارآفرین ***ਕਾਰ-ਆਫ਼ਰੀਨ*** : ਰੱਬ; ਅੱਲਾਹ, ਕੰਮ ਨੂੰ ਪੈਦਾ ਕਰਨ ਵਾਲਾ।

کارآگاه ***ਕਾਰ-ਆਗਾਹ*** : ਹੁਸ਼ਿਆਰ,

ਕੰਮ ਤੋਂ ਜਾਣੂ; ਸਿਆਣਾ, ਖ਼ਬਰਦਾਰ; ਜਸੂਸ।

کارآمد ***ਕਾਰ-ਆਮਦ*** : ਲਾਭਦਾਇਕ, ਕੰਮ ਆਉਣ ਵਾਲਾ ਆਦਮੀ; ਕੰਮ ਆਉਣ ਵਾਲੀ ਚੀਜ਼; ਵਿਸ਼ੇਸ਼ੱਗ।

کارانجام‌دادن ***ਕਾਰ ਅੰਜਾਮ ਦਾਦਨ*** : ਕੰਮ ਬਣਾ ਲੈਣਾ; ਕੰਮ ਨੂੰ ਨੇਪਰੇ ਚਾੜ੍ਹਨਾ।

کاربجان‌رسیدن ***ਕਾਰ ਬ-ਜਾਂ ਰਸੀਦਨ*** : ਮੌਤ ਦੇ ਨੇੜੇ ਪੁੱਜਣਾ, ਮੌਤ ਕਿਨਾਰੇ ਹੋਣਾ।

کاربرسرافتادن ***ਕਾਰ ਬਰ ਸਰ ਉਫ਼ਤਾਦਨ*** : ਕੰਮ ਸਿਰ ਤੇ ਆ ਪੈਣਾ।

کاربرهم‌زدن ***ਕਾਰ ਬਰਹਮ ਜ਼ਦਨ*** : ਕੰਮ ਵਿਗਾੜ ਦੇਣਾ।

کاربستن ***ਕਾਰ ਬਸਤਨ*** : ਅਮਲ ਕਰਨਾ; ਅਮਲ ਵਿਚ ਲਿਆਉਣਾ।

کاربند ***ਕਾਰ ਬੰਦ*** : ਕੰਮ ਕਰਨ ਵਾਲਾ, ਤਾਮੀਲ ਕਰਨ ਵਾਲਾ।

کارخیر ***ਕਾਰ-ਏ-ਖ਼ੈਰ*** : ਨੇਕੀ ਦਾ ਕੰਮ।

کاردان ***ਕਾਰਦਾਨ,*** **کاردیده** ***ਕਾਰਦੀਦਾ,*** **کارسنج** ***ਕਾਰ ਸੰਜ,*** **کارشناس** ***ਕਾਰ-ਸ਼ਿਨਾਸ*** : ਕੰਮ ਜਾਣਨ ਵਾਲਾ, ਵਾਕਫ਼ਕਾਰ, ਤਜਰਬੇਕਾਰ, ਮਾਮਲਾ ਸਮਝਣ ਵਾਲਾ, ਵਜ਼ੀਰ, ਸਿਆਣਾ।

کارراز ***ਕਾਰਜ਼ਾਰ*** : ਜੰਗ, ਲੜਾਈ, ਟਾਕਰਾ।

کارزاری ***ਕਾਰਜ਼ਾਰੀ*** : ਜੰਗੀ ਆਦਮੀ; ਫ਼ੌਜੀ, ਲਸ਼ਕਰੀ।

کارساز ***ਕਾਰ ਸਾਜ਼*** : ਕੰਮ ਬਣਾਉਣ ਵਾਲਾ, ਕੰਮ ਸੰਵਾਰਨ ਵਾਲਾ; ਰੱਬ, ਅੱਲਾਹ, ਪਰਮੇਸ਼ਵਰ।

کاروبار ***ਕਾਰ-ਉ-ਬਾਰ*** : ਵਪਾਰ, ਪੇਸ਼ਾ।

کاروکسب ***ਕਾਰ-ਉ-ਕਸਬ*** : ਕੰਮ ਕਾਜ, ਧੰਦਾ, ਕਿੱਤਾ, ਪੇਸ਼ਾ।

کارد ***ਕਾਰਦ*** : ਛੁਰੀ, ਚਾਕੂ, ਕਰਦ।

کارستان ***ਕਾਰਿਸਤਾਨ*** : ਕਾਰਖ਼ਾਨਾ, ਕੰਮ ਕਾਜ ਕਰਨ ਦੀ ਥਾਂ।

کارطلب ***ਕਾਰ-ਤਲਬ*** : ਦਲੇਰ, ਬਹਾਦਰ, ਜੋਧਾ।

کارطلبی ***ਕਾਰ-ਤਲਬੀ*** : ਬਹਾਦਰੀ, ਦਲੇਰੀ, ਸੂਰਮਤਾਈ।

کارفرما ***ਕਾਰ-ਫ਼ਰਮਾ*** : ਕੰਮ ਦੱਸਣ ਵਾਲਾ; ਹੁਕਮ ਦੇਣ ਵਾਲਾ, ਹੁਕਮ ਚਲਾਉਣ ਵਾਲਾ, ਕਮਾਂਡਰ, ਸਵਾਮੀ; ਬਾਦਸ਼ਾਹ, ਉਸਤਾਦ।

کارکرد ***ਕਾਰ ਕਰਦ*** : ਕੰਮ, ਅਮਲ।

کارکرده ***ਕਾਰ ਕਰਦਾ*** : ਵਾਕਫ਼ਕਾਰ, ਅਜ਼ਮਾਇਆ ਹੋਇਆ।

کارکن ***ਕਾਰਕੁਨ,*** **کارگزار** ***ਕਾਰਗੁਜ਼ਾਰ,*** **کارگر** ***ਕਾਰਗਰ,*** **کارمند** ***ਕਾਰਮੰਦ*** : ਕੰਮ ਕਰਨ ਵਾਲਾ, ਕਾਰਿੰਦਾ, ਮੁਖ਼ਤਾਰ; ਹਾਜਤ ਪੂਰੀ ਕਰਨ ਵਾਲਾ; ਨੌਕਰ, ਚਾਕਰ, ਸੇਵਾਦਾਰ।

کارگاه ***ਕਾਰਗਾਹ*** : ਕਾਰਖ਼ਾਨਾ, ਕੰਮ ਕਰਨ ਦੀ ਥਾਂ; ਸੰਸਾਰ; ਕੱਪੜਾ ਬੁਣਨ ਦੀ ਖੱਡੀ, ਕਰਗਾਹ।

کارگاه‌فلک ***ਕਾਰਗਾਹ-ਏ-ਫ਼ਲਕ*** : ਜਹਾਨ।

کارنامه ***ਕਾਰਨਾਮਾ*** : ਵਿਸ਼ੇਸ਼ ਕੰਮ, ਵੱਡਾ ਕਾਰਜ, ਤਾਰੀਖ਼ (ਇਤਹਾਸ) ਦੀ ਕਿਤਾਬ; ਵਿਧਾਨ, ਵਿਧਾਨ ਪੁਸਤਕ; ਲਿਖਣਯੋਗ ਕੰਮ; ਚਿਤਰਾਂ ਦੀ ਐਲਬਮ।

کارِنمایان ***ਕਾਰ-ਏ-ਨੁਮਾਯਾਨ*** : ਵੱਡਾ ਜਾਂ ਵਿਸ਼ੇਸ਼ ਕੰਮ; ਐਹਮ ਕੰਮ।

کاروان ***ਕਾਰਵਾਨ*** : ਕਾਫ਼ਲਾ, ਪਾਂਧੀਆਂ ਦਾ ਟੋਲਾ।

کاروان‌سالار ***ਕਾਰਵਾਨ-ਸਾਲਾਰ*** : ਕਾਫ਼ਲੇ ਦਾ ਸਰਦਾਰ।

کاروان‌سرای ***ਕਾਰਵਾਨ ਸਰਾਯ*** : ਓਹ ਸਰਾਂ ਜਿਥੇ ਕਾਫਲਾ ਰਾਤ ਨੂੰ ਠੈਹਰੇ,

ਕਾਫ਼ਲਿਆਂ ਦੇ ਉਤਰਨ ਦੀ ਥਾਂ।

کاره ***ਕਾਰਾ*** : ਪਿੱਠ 'ਤੇ ਚੁੱਕਣ ਵਾਲਾ ਬੋਝ, ਬੋਝਾ, ਭਾਰ।

کاری ***ਕਾਰੀ*** : ਮਾਰੂ, ਘਾਤਕ, ਕੰਮ ਕਰਨ ਵਾਲਾ, ਕਾਮਾ, ਲੜਾਕਾ. ਜੋਧਾ; ਭਾਰ ਢੋਣ ਵਾਲਾ ਗੱਡਾ; ਤ੍ਰਭਾਵਸ਼ਾਲੀ, ਅਸਰ ਕਰਨ ਵਾਲਾ; ਪੇਸ਼ਾਵਰ ਆਦਮੀ, ਕਾਰੀਗਰ।

کاریگر ***ਕਾਰੀਗਰ*** : ਕੰਮ ਕਰਨ ਵਾਲਾ, ਹੁਨਰਮੰਦ, ਪੇਸ਼ੇ ਵਾਲਾ; ਹਾਜਤਮੰਦ, ਲੋੜ ਵਾਲਾ; ਉਸਤਾਦੀ।

کاز ***ਕਾਜ਼*** : ਮਿੱਟੀ ਦਾ ਤੇਲ।

کازه ***ਕਾਜ਼ਾ*** : ਵੱਡੀ ਕੈਂਚੀ, ਜਿਸ ਨਾਲ ਰੁੱਖਾਂ ਦੀਆਂ ਸ਼ਾਖਾਂ ਕੱਟਦੇ ਹਨ; ਖੇਤ ਵਿਚ ਕਿਸਾਨਾਂ ਦੀ ਛੰਨ; ਜੰਗਲ ਵਿਚ ਬੱਕਰੀਆਂ ਦਾ ਵਾੜਾ; ਕੱਖ ਕਾਨਿਆਂ ਨਾਲ ਢਕਿਆ ਹੋਇਆ ਟੋਆ, ਜਿਸ ਵਿਚ ਸ਼ਿਕਾਰੀ ਆਪਣੇ ਸ਼ਿਕਾਰ ਦੀ ਉਡੀਕ ਵਿਚ ਲੁਕ ਕੇ ਬੈਠਦਾ ਹੈ; ਸਨੋਬਰ ਦਾ ਰੁੱਖ; ਝੂਲੇ ਦੀ ਰੱਸੀ, ਝੂਲਾ; ਸਾਇਬਾਨ ਪਹਾੜੀ ਸ਼ਿਵਾਲਾ।

کاژ ***ਕਾਯ਼*** : ਭੈਂਗਾ, ਟੀਰਾ; ਇਕ ਪਰਕਾਰ ਦਾ ਸਨੋਬਰ ਦਾ ਰੁੱਖ; ਸ਼ੀਸ਼ਾ।

کازیره ***ਕਾਜ਼ੀਰਾ*** : '' ਕਾਜ਼ੀਰਾ'' , ਕੁਸਮ; ਕਸੁੰਭਾ, ਕੁਸੁ।

کاس ***ਕਾਸ*** : ਪਿਆਲਾ, ਸ਼ਰਾਬ ਦਾ ਪਿਆਲਾ, ਸ਼ਰਾਬ।

کاس ***ਕਾਸ*** : ਨਗਾਰਾ, ਸੂਰ।

کاس موی ***ਕਾਸ ਮੂਯ*** : ਮੂਯ-ਏ-ਕਾਸ, ਸੂਰ ਦੇ ਵਾਲ; ਸੂਰ ਦੀ ਮੁੱਛ ਦੇ ਵਾਲ; ਓਹ ਬਰੀਕ ਧਾਗਾ ਜੋ ਮੋਚੀ ਦੀ ਸੂਈ ਵਿਚ ਹੁੰਦਾ ਹੈ ਤੇ ਜਿਸ ਨਾਲ ਮੋਟਾ ਧਾਗਾ ਜੋੜ ਕੇ ਓਹ ਜੁੱਤੀਆਂ ਸਿਊਂਦਾ ਹੈ।

کاسب ***ਕਾਸਿਬ*** : ਕਸਬ ਕਰਨ ਵਾਲਾ, ਕਸਬੀ, ਕਾਮਾ, ਕਾਰੀਗਰ।

کاست ***ਕਾਸਤ*** : ਘਟ ਗਿਆ, ਥੋੜਾ ਰੈਹ ਗਿਆ; ਘਾਟਾ; ਥੁੜ; ਝੂਠ।

کاسته ***ਕਾਸਤਾ*** : ਘਟਿਆ ਹੋਇਆ।

کاسک ***ਕਾਸਕ*** : (ਕਾਸਾ کاسه ਦਾ ਲਘੂਵਾਚੀ) ਛੋਟਾ ਪਿਆਲਾ।

کاسنی ***ਕਾਸਨੀ*** : ਕਾਸਨ ਨਾਲ ਸਬੰਧਤ, ਕਾਸਨ ਦਾ ਰੈਹਣ ਵਾਲਾ; ਇਕ ਪਰਸਿੱਧ ਦਵਾਈ ਦਾ ਨਾਮ।

کاسه ***ਕਾਸਾ*** : ਪਿਆਲਾ, ਠੂਠਾ; ਨਗਾਰਾ; ਧਰਤੀ; ਅਕਾਸ਼।

کاسه‌باز ***ਕਾਸਾ-ਬਾਜ਼*** : ਜਾਦੂਗਰ, ਮਦਾਰੀ; ਧੋਖੇਬਾਜ਼।

کاسه‌بازی ***ਕਾਸਾ-ਬਾਜ਼ੀ*** : ਬਾਜ਼ੀਗਰਾਂ ਦਾ ਇਕ ਪਰਕਾਰ ਦਾ ਤਮਾਸ਼ਾ, ਧੋਖੇਬਾਜ਼ੀ, ਮੱਕਾਰੀ।

کاسه‌بردار ***ਕਾਸਾ-ਬਰਦਾਰ*** : ਬੌਹਤ ਖਾਣ ਵਾਲਾ, ਪੇਟੂ।

کاسه‌برسرکسی‌شکستن ***ਕਾਸਾ ਬਰ ਸਰ-ਏ-ਕਸੇ ਸ਼ਿਕਸਤਨ*** : ਕਿਸੇ ਦੇ ਸਿਰ ਠੂਠਾ ਭੰਨਣਾ; ਕਿਸੇ ਦੇ ਐਬ ਨੰਗੇ ਕਰਨਾ, ਕਿਸੇ ਨੂੰ ਜ਼ਲੀਲ ਕਰਨਾ, ਭੰਡਣਾ।

کاسه‌پشت ***ਕਾਸਾ ਪੁਸ਼ਤ*** : ਝਾੜ ਚੂਹਾ; ਕਛੂ ਕੁੰਮਾ; ਬੌਹਤ ਬੁੱਢਾ ਵਿਅਕਤੀ ਜਿਸ ਦੀ ਕਮਰ ਝੁਕ ਗਈ ਹੋਵੇ, ਅਸਮਾਨ।

کاسهٔ‌پنیر ***ਕਾਸਾ-ਏ-ਪਨੀਰ*** : ਚੌਦਵੀਂ ਦਾ ਚੰਦ।

کاسهٔ‌جغرات ***ਕਾਸਾ-ਏ-ਜੁਗਰਾਤ*** : ਪੂਰਨਮਾਸ਼ੀ ਦਾ ਚੰਦਰਮਾ।

کاسهٔ‌چینی ***ਕਾਸਾ-ਏ-ਚੀਨੀ*** : ਚੀਨੀ ਦਾ ਪਿਆਲਾ।

کاسهٔ‌فغفور ***ਕਾਸਾ-ਏ-ਫ਼ਗਫ਼ੂਰ*** : ਮੂਧਾ ਠੂਠਾ, ਅਸਮਾਨ; ਦਾਨੀ, ਹਿੰਮਤ ਵਾਲਾ; ਫ਼ਜ਼ੂਲ ਖ਼ਰਚੀ ਕਰਕੇ ਬਣਿਆ ਮੁਥਾਜ, ਆਤਰ।

کاسه‌زدن **ਕਾਸਾ ਜ਼ਦਨ**, **کاسه‌کشیدن** **ਕਾਸਾ ਕਸ਼ੀਦਨ**, **کاسه‌نوشیدن** **ਕਾਸਾ ਨੋਸ਼ੀਦਨ** : ਸ਼ਰਾਬ ਪੀਣਾ।

کاسهٔ‌سیاه ***ਕਾਸਾ-ਏ-ਸਿਯਾਹ*** : ਕੰਜੂਸ।

کاسه‌گر *ਕਾਸਾ-ਗਰ* : ਪਿਆਲੇ ਬਣਾਉਣ ਵਾਲਾ, ਕੁਮ੍ਹਿਆਰ।

کاسه‌گردان *ਕਾਸਾ-ਗਰਦਾਨ* : ਪਿਆਲਾ ਘੁਮਾਉਣ ਵਾਲਾ, ਸਾਕੀ, ਸ਼ਰਾਬ ਪਿਲਾਉਣ ਵਾਲਾ; ਫ਼ਕੀਰ, ਮੰਗਤਾ।

کاسهٔ‌گردان *ਕਾਸਾ-ਏ-ਗਰਦਾਂ*, **کاسهٔ‌مینا** *ਕਾਸਾ-ਏ-ਮੀਨਾ*, **کاسهٔ‌نگون** *ਕਾਸਾ-ਏ-ਨਿਗੂਨ* : ਅਸਮਾਨ।

کاسه‌گری *ਕਾਸਾ-ਗਰੀ* : ਪਿਆਲੇ ਬਣਾਉਣ ਦਾ ਕਿੱਤਾ; ਇਕ ਗੱਵਈਏ ਦਾ ਨਾਮ; ਇਕ ਸੁਰ ਦਾ ਨਾਮ।

کاسه‌لیس *ਕਾਸਾ-ਲੀਸ* : ਪਿਆਲੇ ਜਾਂ ਜੂਠੇ ਭਾਂਡੇ ਚਟਣ ਵਾਲਾ; ਖ਼ੁਸ਼ਾਮਦੀ, ਚਾਪਲੂਸ; ਮੰਗਤਾ; ਲਾਲਚੀ, ਲੋਭੀ।

کاسه‌وکوزه *ਕਾਸਾ-ਉ-ਕੂਜ਼ਾ* : ਘਰ ਦਾ ਲਟਰ ਪਟਰ, ਘਰ ਦਾ ਮਮੂਲੀ ਸਮਾਨ।

کاش *ਕਾਸ਼* : ਇੱਛਾ ਦਾ ਵਾਕ, ਰੱਬ ਕਰੇ; ਆਸ ਹੈ; ਅਫ਼ਸੋਸ ਦਾ ਵਾਕ; ਹਾਏ, ਏਹ ਕੀ ਹੋਇਆ; ਸ਼ੀਸ਼ਾ; ਕਾਸ਼ਾਨ ਸ਼ੈਹਰ ਦਾ ਸੰਖਿਪਤ ਰੂਪ।

کاشان *ਕਾਸ਼ਾਨ* : ਇਰਾਕ ਅਜਮ ਦਾ ਇਕ ਸ਼ੈਹਰ; ਸਰਦੀਆਂ ਵਿਚ ਰੈਹਣ ਦਾ ਸਥਾਨ।

کاشانه *ਕਾਸ਼ਾਨਾ* : ਝੌਂਪੜੀ; ਕੁੱਲੀ, ਛਪਰ; ਛੋਟਾ ਜੇਹਾ ਘਰ; ਜਾਨਵਰਾਂ/ਪੰਛੀਆਂ ਦਾ ਮਕਾਨ ਜਿਸ ਦੇ ਚਵ੍ਹਾਂ ਪਾਸੇ ਸ਼ੀਸ਼ੇ ਲੱਗੇ ਹੋਣ; ਆਲ੍ਹਣਾ, ਝਰੋਖਾ; ਸਰਦੀਆਂ ਵਿਚ ਰੈਹਣ ਦਾ ਘਰ।

کاشت *ਕਾਸ਼ਤ* : ਖੇਤੀਬਾੜੀ; ਬੀਜਣਾ, ਬੀਜਿਆ, ਬਿਜਾਈ।

کاشتکار *ਕਾਸ਼ਤਕਾਰ* : ਖੇਤੀ ਕਰਨ ਵਾਲਾ, ਕਿਸਾਨ।

کاشغر *ਕਾਸ਼ਗ਼ਰ* : ਤੁਰਕਿਸਤਾਨ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ।

کاشف *ਕਾਸ਼ਿਫ਼* : ਖੋਲ੍ਹਣ ਵਾਲਾ; ਪਰਗਟ ਕਰਨ ਵਾਲਾ, ਦੂਰ ਕਰਨ ਵਾਲਾ, ਨੰਗਾ ਕਰਨ ਵਾਲਾ।

کاشکی *ਕਾਸ਼ਕੇ* : 'ਵੇਖੋ ਕਾਸ਼ **کاش**'।

کاشمر *ਕਾਸ਼ਮਿਰ* : ਤੁਰਕਿਸਤਾਨ ਵਿਚ 'ਤੁਰਸ਼ੀਜ਼' ਦੇ ਨੇੜੇ ਇਕ ਪਿੰਡ ਜਿਥੇ ਜ਼ਰਤੁਸ਼ਤ ਨੇ ਇਕ ਸਰੂ ਦਾ ਬੂਟਾ ਲਾਇਆ ਸੀ; ਖ਼ੁਰਾਸਾਨ ਦੇ ਇਕ ਸ਼ੈਹਰ ਦਾ ਨਾਮ।

کاشی *ਕਾਸ਼ੀ* : ਸ਼ੈਹਰ ਕਾਸ਼ਾਨ ਨਾਲ ਸਬੰਧਤ; ਕਾਸ਼ਾਨ ਦਾ ਰੈਹਣ ਵਾਲਾ; ਇਕ ਪਰਕਾਰ ਦੀ ਇੱਟ ਜਾਂ ਠੀਕਰੀ ਜਿਸ ਉੱਤੇ ਚਿਤਰਕਾਰੀ ਕੀਤੀ ਹੁੰਦੀ ਹੈ, ਉਸ ਵਿਚ ਕੱਚ ਦੇ ਟੁਕੜੇ ਕੁੱਟ ਕੇ ਰਲਾਏ ਜਾਂਦੇ ਹਨ ਜਿਸ ਨਾਲ ਓਹ ਚੀਨੀ ਦੇ ਬਰਤਨਾਂ ਵਾਂਗ ਦਿੱਸਣ ਲੱਗ ਜਾਂਦੀ ਹੈ।

کاشی *ਕਾਸ਼ੇ* : ਕਾਸ਼ ਕਿ।

کاظم *ਕਾਜ਼ਿਮ* : ਗੁੱਸੇ ਨੂੰ ਪੀ ਜਾਣ ਵਾਲਾ; ਹਜ਼ਰਤ ਇਮਾਮ ਜਾਅਫ਼ਰ ਸਾਦਿਕ ਦੀ ਉਪਾਧੀ (ਲਕਬ)।

کاعب *ਕਾਇ਼ਬ* : ਕੰਵਾਰੀ ਇਸਤਰੀ, ਕੰਜਕ; ਇਸਤਰੀ।

کاغ *ਕਾਗ਼* : ਕਾਗ; ਇਕ ਕਾਲੇ ਪੰਛੀ ਦਾ ਨਾਮ, ਕਾਂ, ਕਾਂ ਦੀ ਅਵਾਜ਼; ਕਾਂ-ਕਾਂ; ਨਾਜ਼, ਨਖ਼ਰਾ; ਅੱਗ, ਚੋਪਾਇਆਂ ਦੀ ਜੁਗਾਲੀ।

کاغ‌کاغ *ਕਾਗ਼-ਕਾਗ਼* : ਕਾਂ ਦੀ ਅਵਾਜ਼, ਕਾਂ-ਕਾਂ।

کاغاله *ਕਾਗ਼ਾਲਾ* : ਕੁਸਮ ਕਸੁੰਭੜਾ, ਕਸੂ।

کاغد *ਕਾਗ਼ਦ* : ਕਾਗਜ਼ ਜਿਸ ਉਤੇ ਲਿਖਿਆ ਜਾਵੇ।

کاغذ *ਕਾਗ਼ਜ਼* : (ਕਾਗਦ **کاغد** ਦਾ ਅਰਬੀ ਰੂਪਾਂਤਰ), ਜਿਸ ਉਤੇ ਲਿਖਿਆ ਜਾਂਦਾ ਹੈ ਨਾਮਾ, ਖ਼ਤ, ਪੱਤਰ; ਕਿਬਾਲਾ, ਤਮੱਸਕ, ਟੋਂਬੂ; ਹੁੱਜਤ, ਦਲੀਲ, ਪਰਚਾ, ਪੁਰਜ਼ਾ।

کاغذِ‌اطفال *ਕਾਗ਼ਜ਼-ਏ-ਅਤਫ਼ਾਲ*, **کاغذِ‌باد** *ਕਾਗ਼ਜ਼-ਏ-ਬਾਦ*, **کاغذِ‌هوا** *ਕਾਗ਼ਜ਼-ਏ-ਹਵਾ* : ਪਤੰਗ, ਗੁੱਡੀ।

کاغذِ‌زر *ਕਾਗ਼ਜ਼-ਏ-ਜ਼ਰ* : ਤਮੱਸਕ, ਟੋਂਬੂ, ਹੁੰਡੀ, ਨੋਟ, ਸੋਨੇ ਦਾ ਪਤਰਾ।

کاغذی‌پیرهن *ਕਾਗ਼ਜ਼ੀ-ਪੈਰਹਨ*, **کاغذی‌جامه** *ਕਾਗ਼ਜ਼ੀ-ਜਾਮਾ* : ਕਾਗਜ਼ ਦਾ ਲਿਬਾਸ ਜੋ ਪੁਰਾਤਨ ਸਮਿਆਂ

ਵਿਚ ਫਰਿਆਦੀ ਦਾਦਖਾਹੀ ਲਈ ਪੈਂਹਨਦੇ ਸਨ; ਆਜਜ਼ੀ, ਬੇਚਾਰਗੀ।

کاغک ***ਕਾਗਕ*** : ਪਰਸੰਨਤਾ।

کاف ***ਕਾਫ਼*** : ਤੇੜ, ਪਾੜ; ਪਾੜਾ ਪਾਉਣ ਵਾਲਾ।

کاف ***ਕਾਫ਼*** : ਬਾਜ਼ ਰੱਖਣ ਵਾਲਾ; ਬਾਜ਼ ਰੈਹਣ ਵਾਲਾ; ਬੁੱਢਾ ਉਠ ਜਾਂ ਉਠਣੀ ਜਿਸ ਦੇ ਦੰਦ ਘਸ ਗਏ ਹੋਣ।

کافر ***ਕਾਫ਼ਿਰ*** : ਛੁਪਾਉਣ ਵਾਲਾ, ਦੀਨ-ਏ-ਹੱਕ ਨੂੰ ਛਪਾਉਣ ਵਾਲਾ, ਆਪਣੇ ਸਵਾਮੀ ਦੀ ਨਿਆਮਤ ਤੋਂ ਇਨਕਾਰ ਕਰਨ ਵਾਲਾ, ਮੁਨਕਰ,ਬੇਦੀਨ; ਨਾਸ਼ੁਕਰਾ; ਕਿਸਾਨ; ਵੱਡਾ ਦਰਿਆ ਜਾਂ ਵੱਡੀ ਨੈਹਰ; ਜ਼ਾਲਮ, ਬੇਰੈਹਮ, ਢੀਠ; ਹਨੇਰੀ ਰਾਤ।

کافرِکتابی ***ਕਾਫ਼ਿਰ-ਏ-ਕਿਤਾਬੀ*** : ਅਹਲ-ਏ-ਕਿਤਾਬ ਵਿਚ ਦੀਨ-ਏ-ਮੁਹੰਮਦੀ ਦਾ ਮੁਨਕਰ; ਈਸਾਈ, ਯਹੂਦੀ ਆਦਿ।

کافور ***ਕਾਫ਼ੂਰ*** : ਪਰਸਿੱਧ ਚਿੱਟੀ ਚੀਜ਼; ਕਪੂਰ; ਮੁਸ਼ਕ ਕਾਫ਼ੂਰ; ਦੂਰ, ਗਾਇਬ।

کافونون ***ਕਾਫ਼-ਉ-ਨੂਨ*** : (ਸ਼ਬਦ ਕੁਨ 'کن ਵੱਲ ਸੰਕੇਤ ਹੈ) ਓਹ ਸ਼ਬਦ ਜੋ ਸਾਰੀ ਸਰਿਸ਼ਟੀ ਤੋਂ ਪੈਹਲਾਂ ਰੱਬ ਵਲੋਂ ਬੋਲਿਆ ਗਿਆ, ਇਸ ਦੇ ਕੈਹਣ ਤੇ ਸਾਰੀ ਸ੍ਰਿਸ਼ਟੀ ਹੋਂਦ ਵਿਚ ਆ ਗਈ।

کافہ ***ਕਾਫ਼ਾ*** : ਸਾਰੇ, ਸਭ।

کافۂانام ***ਕਾਫ਼ਾ-ਏ-ਅਨਾਮ*** : ਸਾਰੇ ਲੋਕ, ਸਭ ਆਦਮੀ, ਜਨ-ਸਮੂਹ।

کافی ***ਕਾਫ਼ੀ*** : ਬੱਸ ਕਰਨ ਵਾਲਾ, ਜ਼ਾਮਨ, ਰੱਬ ਦਾ ਇਕ ਨਾਮ; ਸਿਆਣਾ, ਕਰਿੰਦਾ; ਵਿਆਕਰਨ ਦੀ ਇਕ ਪੁਸਤਕ; ਫ਼ਿਕ੍ਹਾ ਦੀ ਇਕ ਕਿਤਾਬ; ਚੋਖਾ, ਢੇਰ ਸਾਰਾ, ਸਾਰਾ।

کافیہ ***ਕਾਫ਼ੀਆ*** : ਵਿਆਕਰਨ (ਇਲਮ-ਏ-ਨਹਵ) ਦੀ ਇਕ ਪੁਸਤਕ; ਕਾਫ਼ੀ ਦਾ ਇਸਤਰੀ-ਲਿੰਗ।

کاک ***ਕਾਕ*** : ਖ਼ੁਸ਼ਕ ਰੋਟੀ, ਟਿੱਕੀ, ਰੋਗਨੀ ਕੁਲਚਾ, ਬਿਸਕੁਟ, ਚੌਦ੍ਹਵੀਂ ਦਾ ਚੰਦ, ਮਾੜਾ ਤੇ ਕੰਮਜ਼ੋਰ ਆਦਮੀ ਜਾਂ ਜਾਨਵਰ; ਆਦਮੀ, ਅੱਖ ਦੀ ਪੁਤਲੀ; ਆਜ਼ਰਬਾਈਜਾਨ ਦੇ ਇਕ ਕਿਲ੍ਹੇ ਦਾ ਨਾਮ।

کاکا ***ਕਾਕਾ*** : ਵੱਡਾ ਭਰਾ, ਚਾਚਾ, ਪੁਰਾਣਾ ਨੌਕਰ ਜੋ ਘਰ ਵਿਚ ਰੈਂਹਦਾ-ਰੈਂਹਦਾ ਬੁੱਢਾ ਹੋ ਗਿਆ ਹੋਵੇ; ਖ਼ੁਸ਼ਕ ਮੇਵਾ; ਬਸਤਾ।

کاکل ***ਕਾਕਿਲ*** : ਪਾਣੀ ਵਿਚ ਉਗੇ ਹੋਏ ਫੁੱਲ।

کاکل ***ਕਾਕੁਲ*** : ਮੱਥੇ ਤੇ ਲਮਕਦੇ ਸਿਰ ਦੇ ਵਾਲ, ਲਿਟਾਂ, ਜ਼ੁਲਫ਼ਾਂ।

کاکلِشمع ***ਕਾਕੁਲ-ਏ-ਸ਼ਮਅ*** : ਦੀਵੇ ਦਾ ਧੂੰਆਂ।

کاکلِصبح ***ਕਾਕੁਲ-ਏ-ਸੁਬਹ*** : ਸਵੇਰ।

کاکو ***ਕਾਕੂ*** : ਮਾਮਾ; ਜ਼ੁੱਹਾਕ ਦਾ ਪੋਤਰਾ, ਜਿਸ ਨੂੰ ਮਿਨੂਚਿਹਰ ਨੇ ਮਾਰਿਆ ਸੀ।

کاکوش ***ਕਾਕੋਸ਼*** : ਬਨਫ਼ਸ਼ਾ।

کاگل ***ਕਾਗਲ*** : ਕਾਨੀ, ਕਲਮ।

کالا/کالہ ***ਕਾਲਾ*** : ਮਾਲ-ਮਤਾਅ; ਅਸਬਾਬ, ਰਾਸ ਪੂੰਜੀ; ਸ਼ਤਰੰਜ ਦੇ ਮੋਹਰੇ, ਰੂੰ ਦਾ ਗੋਹੜਾ।

کالادان ***ਕਾਲਾਦਾਨ*** : ਕੱਤਣੀ, ਪੱਛੀ, ਗੋਹੜੇ ਰੱਖਣ ਦੀ ਟੋਕਰੀ।

کالبد ***ਕਾਲਬੁਦ*** : ਤਨ, ਸਰੀਰ; ਸੱਚਾ, ਢਾਂਚਾ।

کالسکہ ***ਕਾਲਸਕਾ*** : ਬੱਘੀ; ਗੱਡੀ।

کام ***ਕਾਮ*** : ਮੰਤਵ, ਪਰਯੋਜਨ, ਮਨੋਰਥ; ਮੂੰਹ, ਤਾਲੂ।

کامبخش ***ਕਾਮਬਖ਼ਸ਼*** : ਮਨ ਦੀ ਇੱਛਾਪੂਰਨ ਕਰਨ ਵਾਲਾ, ਇੱਛਾਪੂਰਕ; ਔਰੰਗਜ਼ੇਬ ਦੇ ਸਭ ਤੋਂ ਛੋਟੇ ਪੁੱਤਰ ਦਾ ਨਾਮ।

کامدل ***ਕਾਮ ਦਿਲ*** : ਮਸ਼ੂਕ, ਪਿਆਰਾ, ਮੈਹਬੂਬ।

کامران ***ਕਾਮਰਾਨ*** : ਕਾਮਯਾਬ, ਵੱਡੇ ਇਕਬਾਲ ਵਾਲਾ; ਬਖ਼ਤਾਵਰ; ਅਕਬਰ ਦੇ ਚਾਚੇ ਦਾ ਨਾਮ; ਕਿਸਮਤ ਵਾਲਾ, ਸੁਭਾਗਾ।

کامرانی ***ਕਾਮਰਾਨੀ*** : ਕਾਮਯਾਬੀ, ਸਫਲਤਾ; ਪਰਸੰਨਤਾ, ਖ਼ੁਸ਼ਹਾਲੀ, ਚੰਗੀ

ਕਿਸਮਤ; ਸ਼ਾਹੀ, ਪਾਤਸ਼ਾਹੀ।

كامروا ***ਕਾਮਰਵਾ*** : ਕਾਮਯਾਬ, ਸਫਲ।

كامكار ***ਕਾਮਕਾਰ*** : ਲਾਲ ਸੂਹਾ ਗੁਲਾਬ।

كامكر ***ਕਾਮਕਰ,*** **كامگار** ***ਕਾਮਗਾਰ*** : ਕਾਮਯਾਬ, ਸਫਲ, ਬਾਮੁਰਾਦ; ਵੱਡੇ ਇਕਬਾਲ ਵਾਲਾ; ਸ਼ਕਤੀਸ਼ਾਲੀ; ਪਰਸੰਨ।

كامگارى ***ਕਾਮਗਾਰੀ*** : ਸਫਲਤਾ; ਪਰਸੰਨਤਾ।

كامل ***ਕਾਮਿਲ*** : ਪੂਰਾ ਸੂਰਾ (ਆਦਮੀ), ਪੂਰਨ, ਸਾਰਾ, ਕੁਲ; ਮਾਹਰ, ਕਾਰੀਗਰ, ਪੌਂਹਚਿਆ ਹੋਇਆ।

كاملالتواريخ ***ਕਾਮਿਲੁੱਤਵਾਰੀਖ਼*** : ਇਕ ਪਰਸਿੱਧ ਇਤਹਾਸਕ ਪੁਸਤਕ ਦਾ ਨਾਮ।

كاملعيار ***ਕਾਮਿਲ ਅਯਾਰ*** : ਖਰਾ, ਖਾਲਸ, ਅਤਿਅੰਤ ਵਧੀਆ ਚਾਲ ਚਲਣ, ਮਿਆਰ ਦੇ ਮੁਤਾਬਕ।

كامناكام ***ਕਾਮ-ਨਾਕਾਮ*** : ਬੇਸ਼ਕ; ਕਿਵੇਂ ਨਾ ਕਿਵੇਂ।

كامياب ***ਕਾਮਯਾਬ*** : ਜਿਸ ਦਾ ਮਤਲਬ ਪੂਰਾ ਹੋ ਗਿਆ ਹੋਵੇ, ਜਿਸ ਦੀ ਮੁਰਾਦ ਪੂਰੀ ਹੋ ਗਈ ਹੋਵੇ, ਫਤੇਹਮੰਦ।

كاميابى ***ਕਾਮਯਾਬੀ*** : ਸਫਲਤਾ, ਮੰਤਵ-ਪੂਰਤੀ; ਖ਼ੁਸ਼ਹਾਲੀ।

كان ***ਕਾਨ*** : ਖਾਣ; ਸਰੋਤ, ਖੁਦਾਈ, ਪੁਟਾਈ।

كانى ***ਕਾਨੀ*** : ਖਾਣ ਨਾਲ ਸਬੰਧਤ।

كانون ***ਕਾਨੂੰਨ*** : ਅੰਗੀਠੀ, ਚੁੱਲ੍ਹਾ, ਭੱਠੀ; ਆਤਸ਼ਦਾਨ, ਅੱਗ ਪਾਉਣ ਵਾਲਾ ਪਿਆਲਾ; ਰੂਮੀ ਸਾਲ ਦੇ ਦੋ ਮਹੀਨਿਆਂ ਦੇ ਨਾਮ।

كاو ***ਕਾਵ*** : ਖੋਦਣ ਜਾਂ ਪੁੱਟਣ ਦੀ ਕਿਰਿਆ, ਤਫ਼ਤੀਸ਼, ਨਿਰੀਖਣ, ਖੋਜ , ਢੂੰਡ, ਤਲਾਸ਼।

كاوكاو ***ਕਾਵ ਕਾਵ*** : ਤਲਾਸ਼, ਭਾਲ; ਤਫ਼ਤੀਸ਼; ਤਕਲੀਫ਼।

كاوانىدرفش ***ਕਾਵਾਨੀ ਦਿਰਫ਼ਸ਼,*** **كاوياندرفش** ***ਕਾਵਯਾਨ ਦਿਰਫ਼ਸ਼,*** **كاويانىدرفش** ***ਕਾਵਯਾਨੀ ਦਿਰਫ਼ਸ਼*** : ਓਹ ਝੰਡਾ ਜੋ ਕਾਵਾ-ਲੁਹਾਰ ਨੇ ਜ਼ਾਲਮ ਜ਼ੌਹਾਕ ਦੇ ਵਿਰੁੱਧ ਬਗ਼ਾਵਤ ਵਜੋਂ ਬੁਲੰਦ ਕੀਤਾ ਸੀ।

كاورس ***ਕਾਵਰਸ*** : (= ਗਾਵਰਸ **گاورس**) ਇਕ ਪਰਸਿੱਧ ਅਨਾਜ।

كاورسه ***ਕਾਵਰਸਾ*** : ਚੀਣੇ ਵਰਗੀ ਛੋਟੀ ਚੀਜ਼।

كاورسهكارى ***ਕਾਵਰਸਾਕਾਰੀ*** : ਮੀਨਾਕਾਰੀ।

كاوس ***ਕਾਊਸ*** : ਈਰਾਨ ਦੇ ਪਰਸਿੱਧ ਬਾਦਸ਼ਾਹ ਦਾ ਨਾਮ।

كاوش ***ਕਾਵਿਸ਼*** : ਤਾਲਾਸ਼, ਖੋਜ, ਢੂੰਡ, ਪੁੱਟਣਾ, ਕੁਰੇਦਣਾ, ਤਫ਼ਤੀਸ਼; ਨਿਰੀਖਣ।

كاوه ***ਕਾਵਾ*** : ਈਰਾਨ ਦੇ ਉਸ ਲੁਹਾਰ ਦਾ ਨਾਮ, ਜਿਸ ਨੇ ਜ਼ੌਹਾਕ ਦੇ ਜ਼ੁਲਮ ਦੇ ਖ਼ਿਲਾਫ਼ ਬਗ਼ਾਵਤ ਕਰਕੇ ਉਸ ਨੂੰ ਮਾਰ ਦਿੱਤਾ ਸੀ ਤੇ ਉਸ ਦੀ ਥਾਂ ਫ਼ਰੀਦੂਨ ਨੂੰ ਬਾਦਸ਼ਾਹ ਬਣਾ ਦਿੱਤਾ ਸੀ।

كاه ***ਕਾਹ*** : ਘਾਹ, ਸੁੱਕਾ ਘਾਹ, ਕਾਹੀ; ਘਾਟਾ।

كاهدردهانگرفتن ***ਕਾਹ ਦਰ ਦਹਾਨ ਗਰਿਫ਼ਤਨ*** : ਮੂੰਹ ਵਿਚ ਘਾਹ ਲੈਣਾ; ਆਜਜ਼ੀ ਕਰਨਾ, ਅਮਾਨ ਮੰਗਣਾ; ਜਾਨ ਬਖ਼ਸ਼ੀ ਲਈ ਮਿੰਨਤ ਕਰਨਾ।

كاهربا ***ਕਾਹਰੁਬਾ,*** **كهربا** ***ਕਹਰੁਬਾ*** : ਅਕੀਕ; ਅਖਰੋਟ ਦੀ ਗੂੰਦ, ਇਕ ਪਰਕਾਰ ਦੀ ਪੀਲੀ ਗੂੰਦ ਜਿਸ ਦੀ ਏਹ ਖ਼ਾਸੀਅਤ ਹੈ ਕਿ ਜੇ ਉਸ ਨੂੰ ਕੱਪੜੇ ਜਾਂ ਚਮੜੇ 'ਤੇ ਰਗੜ ਕੇ ਘਾਹ ਦੇ ਤੀਲੇ ਦੇ ਸਾਮ੍ਹਣੇ ਲਿਆਈਏ ਤਾਂ ਓਹ ਚੁੰਬਕ ਪੱਥਰ ਵਾਂਗ ਉਸ ਨੂੰ ਚੁੱਕ ਲੈਂਦੀ ਹੈ।

كاهكشان ***ਕਾਹਕਸ਼ਾਂ,*** **كهكشان** ***ਕਹਕਸ਼ਾਂ*** : =ਕਾਹ+ਕਸ਼ਾਂ ਭਾਵ ਘਾਹ ਖਿੱਚਣਾ ਜਾਂ ਘਸੀਟਣਾ; ਅਸਮਾਨ ਉਤੇ ਰਾਤ ਵੇਲੇ ਚਿੱਟੀ ਲੰਮੀ ਲੀਕ ਜੋ ਇਸ ਤਰ੍ਹਾਂ ਦਿਸਦੀ ਹੈ, ਜਿਵੇਂ ਧਰਤ ਉਤੇ ਘਾਹ ਘਸੀਟਣ ਨਾਲ ਪੈ ਗਈ ਹੋਵੇ, ਵਾਸਤਵ ਵਿਚ ਏਹ ਬੌਹਤ ਸਾਰੇ ਤਾਰਿਆਂ ਦਾ ਸਮੂਹ ਹੈ ਜੋ ਇਸ ਤਰ੍ਹਾਂ ਨਜ਼ਰ ਆਉਂਦਾ ਹੈ, ਭਾਵ ਬੌਹਤ ਸਾਰੇ ਛੋਟੇ-ਛੋਟੇ ਤਾਰਿਆਂ ਦੀ ਕਤਾਰ ਜੇਹੜੀ ਹਨੇਰੀ ਰਾਤ ਵਿਚ ਅਕਾਸ਼ ਤੇ ਸੜਕ ਵਾਂਗ ਵਿਖਾਈ ਦਿੰਦੀ ਹੈ।

کاہگل ***ਕਾਹ-ਗਿਲ, کھگل ਕਹਗਿਲ*** : ਮਿੱਟੀ ਤੇ ਤੂੜੀ ਰਲਾ ਕੇ ਕੰਧਾਂ ਜਾਂ ਛੱਤਾਂ ਲਿਪਣ ਲਈ ਬਣਾਇਆ ਗਾਰਾ।

کاہل ***ਕਾਹਿਲ*** : ਸੁਸਤ, ਢਿੱਲਾ, ਨਿਕੰਮਾ; ਕੰਮਚੋਰ, ਬੀਮਾਰ, ਅੱਧਖੜ।

کاہلی ***ਕਾਹਿਲੀ*** : ਸੁੱਸਤੀ; ਢਿੱਲ; ਨਿਕੰਮਾਪਣ; ਬੀਮਾਰੀ।

کاہن ***ਕਾਹਿਨ*** : ਫਾਲ ਦੱਸਣ ਵਾਲਾ, ਜਿੰਨਾਂ ਭੂਤਾਂ ਨੂੰ ਹਾਜ਼ਰ ਕਰਨ ਵਾਲਾ; ਰੱਮਾਲ; ਸਿਆਣਾ, ਓਹ ਆਦਮੀ ਜਿਸ ਦੇ ਅਧੀਨ ਜਿੰਨ ਭੂਤ ਹੋਣ।

کاہو ***ਕਾਹੂ*** : ਇਕ ਪਰਸਿੱਧ ਦਵਾ ਦਾ ਨਾਮ, ਸਲਾਦ; ਇਕ ਪਰਕਾਰ ਦਾ ਸਾਗ ਤੇ ਉਸ ਦਾ ਬੀਜ।

کائنات ***ਕਾਇਨਾਤ*** : ਸ੍ਰਿਸ਼ਟੀ, ਸੰਸਾਰ, ਜਾਇਦਾਦ, ਰਾਸ, ਪੂੰਜੀ, ਕੀਮਤ, ਮੁੱਲ; ਹਕੀਕਤ, ਰੱਬ ਦੀ ਖ਼ਲਕਤ।

کائن وماکان ***ਕਾਇਨ-ਉ-ਮਾਕਾਨ*** : ਮਖ਼ਲੂਕਾਤ, ਭੂਤ ਤੇ ਭਵਿਖ ਦੀ ਮਖ਼ਲੂਕ।

کباب ***ਕਬਾਬ*** : ਸੀਖਾਂ ਤੇ ਚੜ੍ਹਾ ਕੇ ਕੋਲਿਆਂ 'ਤੇ ਭੁੰਨੇ ਹੋਏ ਕੀਮੇ ਜਾਂ ਗੋਸ਼ਤ ਦੇ ਟੁਕੜੇ; ਭੁਨਿੰਆ ਹੋਇਆ ਮਾਸ; ਘਿਓ ਵਿਚ ਤਲੀਆਂ ਹੋਈਆਂ ਕੀਮੇ ਦੀਆਂ ਟਿੱਕੀਆਂ।

کبابِ شامی ***ਕਬਾਬ-ਏ-ਸ਼ਾਮੀ*** : ਕਬਾਬ ਦੀ ਇਕ ਕਿਸਮ, ਮੁਲਕ ਸ਼ਾਮ ਦਾ ਇਕ ਪਰਸਿੱਧ ਕਬਾਬ।

کبابِ ہندی ***ਕਬਾਬ-ਏ-ਹਿੰਦੀ*** : ਇਕ ਪਰਕਾਰ ਦਾ ਕਬਾਬ ਜਿਸ ਦਾ ਰੰਗ ਕਾਲਾ ਹੁੰਦਾ ਹੈ।

کبابی ***ਕਬਾਬੀ*** : ਭੁੰਨਣਯੋਗ; ਕਬਾਬ ਭੁੰਨਣ ਵਾਲਾ, ਕਬਾਬ ਬਣਾ ਕੇ ਵੇਚਣ ਵਾਲਾ, ਕਬਾਬ ਨਾਲ ਸਬੰਧਤ।

کبار ***ਕਿਬਾਰ*** : (ਕਬੀਰ کبیر ਦਾ ਬੌਹਵਚਨ) ਵੱਡੇ ਵਿਅਕਤੀ; ਬਜ਼ੁਰਗ।

کبار/کباز ***ਕੁਬਾਰ/ਕੁਬਾਜ਼*** : ਬੌਹਤ ਵੱਡਾ, ਬਜ਼ੁਰਗ ਆਦਮੀ।

کبتر ***ਕਬਤਰ*** : ਕਬੂਤਰ।

کبر ***ਕਿਬਰ*** : ਵੱਡਾ ਹੋਣਾ, ਬਜ਼ੁਰਗ ਹੋਣਾ, ਬੁੱਢਾ ਹੋਣਾ, ਬੁਢਾਪਾ, ਬਜ਼ੁਰਗੀ, ਘਮੰਡ।

کبرا ***ਕੁਬਰਾ*** : (ਕਬੀਰ کبیر ਦਾ ਬੌਹਵਚਨ) ਬਜ਼ੁਰਗ ਲੋਕ; ਵੱਡੇ ਆਦਮੀ।

کبریا ***ਕਿਬਰੀਯਾ*** : ਅਜ਼ਮਤ, ਬਜ਼ੁਰਗੀ; ਵਡਿਆਈ; ਘਮੰਡ, ਅੱਲਾਹ ਦਾ ਇਕ ਨਾਮ।

کبک ***ਕਬਕ*** : ਚਕੋਰ, ਇਕ ਪਰਕਾਰ ਦਾ ਤਿੱਤਰ ਜਿਸ ਦਾ ਸਿਰ ਅਤੇ ਪੰਜੇ ਲਾਲ ਹੁੰਦੇ ਹਨ, ਇਸ ਦੀ ਚਾਲ ਨੂੰ ਮਸ਼ੂਕ ਦੀ ਚਾਲ ਨਾਲ ਤੁਲਨਾ ਦਿੱਤੀ ਜਾਂਦੀ ਹੈ; ਹਥੇਲੀ, ਤਲੀ।

کبوب ***ਕਬੂਬ*** : ਚੀਚਕ, ਮਾਤਾ।

کبوتر ***ਕਬੂਤਰ*** : ਇਕ ਪਰਸਿੱਧ ਪੰਛੀ।

کبوترباز ***ਕਬੂਤਰਬਾਜ਼*** : ਕਬੂਤਰ ਰੱਖਣ ਵਾਲਾ, ਮੱਕਾਰ।

کبود ***ਕਬੂਦ*** : ਨੀਲਾ, ਅਸਮਾਨੀ ਰੰਗ।

کبودی ***ਕਬੂਦੀ*** : ਨੀਲਤਣ, ਕਬੂਦ ਨਾਲ ਸਬੰਧਤ।

کبیدہ ***ਕਬੀਦਾ*** : ਦੋਹਰਾ ਕੀਤਾ ਹੋਇਆ; ਟੁਕੜੇ ਕੀਤਾ ਹੋਇਆ, ਤੋੜਿਆ ਹੋਇਆ, ਫ਼ਿਕਰਮੰਦ; ਉਦਾਸ-ਚਿੱਤ।

کبیر ***ਕਬੀਰ*** : ਵੱਡਾ, ਬਜ਼ੁਰਗ।

کبیرہ ***ਕਬੀਰਾ*** : ਵੱਡੀ ਚੀਜ਼।

کپان ***ਕੱਪਾਨ*** : ਤੱਕੜ, ਵੱਡੀ ਤੱਕੜੀ, ਜਿਸ ਨਾਲ ਲੱਕੜਾਂ ਜਾਂ ਬੋਰੀਆਂ ਤੋਲੀਆਂ ਜਾਂਦੀਆਂ ਹਨ।

کپر ***ਕੱਪਰ*** : ਛੱਪਰ।

کپری ***ਕੱਪਰੀ*** : ਛੱਪਰੀ, ਛੰਨ, ਝੁੱਗੀ।

کپی ***ਕਪੀ, کپی ਕੱਪੀ*** : ਕਾਲਾ ਬਾਂਦਰ।

کت ***ਕਤ*** : ਕਮਜ਼ੋਰੀ ਦੀਆਂ ਨਿਸ਼ਾਨੀਆਂ, ਗਸ਼ੀ ਪੈਣ ਦੀ ਹਾਲਤ, ਸ਼ਾਹੀ ਤਖ਼ਤ, ਹਿੰਦੁਸਤਾਨ ਦੇ ਬਾਦਸ਼ਾਹਾਂ ਦਾ ਤਖ਼ਤ, ਤਖ਼ਤਾ; ਮੰਜੀ, ਨਾਲੀ, ਸੂਆ।

کتاب ***ਕਿਤਾਬ*** : ਲਿਖਣਾ; ਲਿਖਿਆ ਹੋਇਆ; ਖਤ, ਪੱਤਰ, ਹੁਕਮ, ਹੁਕਮਨਾਮਾ, ਅਨੁਮਾਨ, ਪੋਥੀ; ਪੁਸਤਕ।

کتاب‌مجید ***ਕਿਤਾਬ-ਏ-ਮਜੀਦ,*** **کتابِ‌مقدس** ***ਕਿਤਾਬ-ਏ-ਮੁਕੱਦਸ*** : ਕੁਰਾਨ ਸ਼ਰੀਫ਼।

کتابی ***ਕਿਤਾਬੀ*** : ਕਿਤਾਬ ਨਾਲ ਸਬੰਧਤ, ਕਿਤਾਬ ਵਾਲਾ; ਪੁਸਤਕ (ਕਿਤਾਬ) ਨਾਲ ਸਬੰਧਤ।

کتاب ***ਕੁਤਾਬ*** : (ਕਾਤਿਬ ਦਾ ਬੌਹਵਦਨ) ਲਿਖਣ ਵਾਲੇ, ਲਿਪੀਕਾਰ।

کتاب ***ਕੁੱਤਾਬ*** : ਮਦਰਸਾ, ਪਾਠਸ਼ਾਲਾ।

کتابت ***ਕਿਤਾਬਤ*** : ਲਿਖਤ, ਲਿਖਾਈ; ਖ਼ਤ, ਚਿੱਠੀ, ਪੱਤਰ; ਨਕਲ ਨਵੀਸੀ।

کتابہ ***ਕਿਤਾਬਾ*** : ਓਹ ਇਬਾਰਤ ਜੇਹੜੀ ਮਸਜਦ, ਮਕਬਰੇ ਜਾਂ ਕਿਸੇ ਇਮਾਰਤ ਉਤੇ ਲਿਖੀ ਜਾਂਦੀ ਹੈ ਜਾਂ ਪਥਰ ਉਤੇ ਉਕਰੀ ਜਾਂਦੀ ਹੈ, ਕਤਬਾ।

کتارہ ***ਕਤਾਰਾ*** : ਕਟਾਰ, ਕਟਾਰੀ; ਤਲਵਾਰ ਦੀ ਸ਼ਕਲ ਦਾ ਖ਼ੰਜਰ।

کتان ***ਕਤਾਨ,*** **کتان** ***ਕੱਤਾਨ*** : ਅਲਸੀ; ਇਕ ਪਰਕਾਰ ਦਾ ਬਰੀਕ ਕਪੜਾ ਜਿਸ ਬਾਰੇ ਕੈਂਹਦੇ ਹਨ ਕਿ ਜੇਕਰ ਓਹ ਚੰਦ ਸਾਮ੍ਹਣੇ ਰਖਿਆ ਜਾਵੇ ਤਾਂ ਓਹ ਪਾਟ ਜਾਂਦਾ ਹੈ।

کتب ***ਕੁਤਬ*** : (ਕਿਤਾਬ کتاب ਦਾ ਬੌਹਵਚਨ) ਕਿਤਾਬਾਂ, ਪੁਸਤਕਾਂ।

کتبہ ***ਕਤਬਾ*** : (ਕਾਤਿਬ کاتب ਦਾ ਬੌਹਵਚਨ) ਲਿਖਣ ਵਾਲੇ, ਲਿਖਾਰੀ।

کتخدا ***ਕਤਖ਼ੁਦਾ*** : ਅਸਲ ਵਿਚ 'ਕਦਾਖ਼ੁਦਾ' کداخدا ਭਾਵ ਘਰ ਦਾ ਮਾਲਕ ਹੈ, ਘਰ ਵਾਲਾ; ਵਿਆਹਿਆ ਹੋਇਆ, ਬੀਵੀ ਵਾਲਾ, ਲਾਇਕ, ਸਤਕਾਰਯੋਗ।

کتخدائی ***ਕਤਖ਼ੁਦਾਈ*** : ਵਿਆਹ, ਸ਼ਾਦੀ, ਨਿਕਾਹ।

کترہ ***ਕਤਰਾ*** : ਰੇਜ਼ਾ-ਰੇਜ਼ਾ, ਪਾਰਾ-ਪਾਰਾ; ਫ਼ਜ਼ੂਲ ਗੱਲਾਂ; ਗਾਲ੍ਹਾਂ; ਮੰਦਾ ਚੰਗਾ ਬੋਲ ਬੁਲਾਰਾ।

کتف ***ਕਤਫ,*** **کتف** ***ਕਿਤਫ਼*** : ਕੰਧਾ, ਮੋਢਾ।

کتک ***ਕੁਤਕ*** : ਮੋਟਾ ਡੰਡਾ, ਸਲੋਤਰ, ਸੋਟਾ, ਕਲੰਦਰਾਂ ਦਾ ਡੰਡਾ, ਗਤਕਾ।

کتکہ ***ਕੁਤਕਾ*** : ਭੰਗ ਘੋਟਣ ਵਾਲਾ ਸੋਟਾ, ਮੂਸਲ।

کتگار ***ਕਤਗਾਰ,*** **کتگر** ***ਕਤਗਰ*** : ਤਰਖਾਣ।

کتیب ***ਕਿਤੇਬ*** : (ਕਿਤਾਬ کتاب ਦਾ ਰੂਪਾਂਤਰ) ਪੁਸਤਕ; ਸਾਮੀ ਧਰਮ ਗਰੰਥ।

کتیرا ***ਕਿਤੀਰਾ*** : ਇਕ ਪਰਕਾਰ ਦੀ ਪਰਸਿੱਧ ਚਿੱਟੀ ਗੂੰਦ, ਕਤੀਰਾ ਗੂੰਦ।

کثافت ***ਕਸਾਫ਼ਤ*** : ਇੱਕਠਾ ਹੋਣਾ; ਗਾੜ੍ਹਾ ਹੋਣਾ; ਗਾੜ੍ਹਾਪਣ, ਮੁਟਾਈ, ਸੰਘਣਾਪਣ, ਮੈਲ।

کثرت ***ਕਸਰਤ*** : ਜ਼ਿਆਦਾ ਹੋਣਾ; ਬੌਹਲਤਾ; ਭੀੜ, ਇੱਕਠ।

کثف ***ਕਸਫ਼*** : ਭੀੜ, ਇੱਕਠ।

کثیر ***ਕਸੀਰ*** : ਜ਼ਿਆਦਾ, ਬੌਹਤ, ਵਧੇਰੇ।

کثیف ***ਕਸੀਫ਼*** : ਗੰਦਾ; ਮੈਲਾ, ਨਾਪਾਕ, ਮੋਟਾ, ਗਾੜ੍ਹਾ।

کج ***ਕਜ*** : ਟੇਢਾ, ਵਿੰਗਾ, ਤਿਰਛਾ, ਆਡਾ; ਕੁੱਬਾ, ਝੁਕਿਆ ਹੋਇਆ।

کج‌چشم ***ਕਜ-ਚਸ਼ਮ*** : ਭੈਂਗਾ, ਟੀਰਾ।

کج‌رفتار ***ਕਜ-ਰਫ਼ਤਾਰ*** : ਟੇਢਾ ਤੁਰਨ ਵਾਲਾ।

کج‌رو ***ਕਜ-ਰੌ*** : ਬੇਗੁਰਾ; ਮੱਕਾਰ।

کج‌روی ***ਕਜ-ਰਵੀ*** : ਟੇਢੀ ਚਾਲ ਚੱਲਣਾ; ਉਲਟੇ ਰਸਤੇ ਚੱਲਣਾ; ਮੱਕਾਰੀ, ਫਰੇਬ।

کج‌کلاہ ***ਕਜ-ਕੁਲਾਹ*** : ਟੇਢੀ ਟੋਪੀ ਵਾਲਾ; ਮਸ਼ੂਕ, ਮੈਹਬੂਬ।

کج‌مج ***ਕਜ ਮਜ*** : ਨਿਰਾਰਥਕ ਸ਼ਬਦ ਬੋਲਣ ਵਾਲਾ; ਊਲ ਜਲੂਲ ਬਕਣ ਵਾਲਾ; ਜਿਸ ਨੂੰ ਗੱਲ ਕਰਨ ਦਾ ਚੱਜ ਨਾ ਹੋਵੇ, ਤੋਤਲਾ।

کجی ***ਕਜੀ*** : ਟੇਢਾਪਣ।

کج ***ਕੁਜ*** : ਇਕ ਪਰਕਾਰ ਦੀ ਜੜੀ ਬੂਟੀ (ਘਾਹ) ਜਿਸ ਨੂੰ ਟੁੱਟੀ ਹੋਈ ਬਾਂਹ 'ਤੇ ਬੰਨ੍ਹਣ ਨਾਲ ਅਰਾਮ ਆ ਜਾਂਦਾ ਹੈ; ਚਿੱਟਾ ਮੋਹਰਾ।

کج ***ਕਿਜ*** : ਇਕ ਪਰਕਾਰ ਦਾ ਕੀਮਤੀ ਰੇਸ਼ਮ, ਆਂਕੜਾ, ਦੁਸ਼ਮਣ ਦੀ ਬੇੜੀ ਨੂੰ ਆਪਣੇ ਵੱਲ ਖਿੱਚ ਲੈਣ ਵਾਲਾ ਆਂਕੜਾ।

کجا **ਕੁਜਾ** : ਕਿਥੇ, ਕਿਸ ਥਾਂ; ਹਰ ਥਾਂ, ਜਿਥੇ ਕਿਥੇ; ਕੀ; ਕਦੋਂ, ਕਦ।

کجاوه **ਕਜਾਵਾ** : ਉਠ ਦੀ ਕਾਠੀ, ਹੌਦਾ।

کجک **ਕਜਕ** : ਹਾਥੀ ਨੂੰ ਚਲਾਉਣ ਵਾਲਾ ਅੰਕਸ; ਨਗਾਰਾ ਵਜਾਉਣ ਦੀ ਚੋਬ (ਛਟੀ)।

کجکول **ਕਜਕੌਲ,** کجکول **ਕਜਕੂਲ** : ਕਸ਼ਕੋਲ, ਕਚਕੂਲ; ਭਿਖਿਆ ਮੰਗਣ ਦਾ ਠੂਠਾ।

کجیم **ਕਜੀਮ,** کجین **ਕਜੀਨ** : ਪਾਖਰ, ਘੋੜੇ ਦੀ ਜ਼ਿਰਾ ਜੋ ਜੰਗ ਵੇਲੇ ਉਸ ਦੇ ਸਰੀਰ ਨੂੰ ਸੁਰੱਖਿਅਤ ਰੱਖਣ ਲਈ ਪਾਈ ਜਾਂਦੀ ਹੈ।

کچری **ਕਿਚਰੀ** : (ਖਿਚੜੀ ਦਾ ਫ਼ਾਰਸੀ ਰੂਪਾਂਤਰ) ਖਿਚੜੀ।

کچک **ਕੁਚਕ** : ਪਿੱਸੂ।

کچکول **ਕਚਕੂਲ** : ਭਿਖਾਰੀਆਂ ਦਾ ਮੰਗਣ ਵਾਲਾ ਠੂਠਾ।

کچل **ਕਚਲ** : ਗੰਜਾ; ਟੇਢਾ, ਕੁੱਬਾ, ਕੁਰਸੀਨੁਮਾ (ਟੇਢੀਆਂ) ਲੱਤਾਂ ਵਾਲਾ।

کچه **ਕਚਾ** : ਛੱਲਾ, ਡੋਈ, ਮਾਸ ਟੰਗਣ ਵਾਲੀ ਖੂੰਟੀ।

کچه بازی **ਕਚਾਬਾਜ਼ੀ** : ਮੁੰਦਰੀ ਛੱਲੇ ਦੀ ਖੇਡ।

کچه گل کردن **ਕਚਾ ਗੁਲ ਕਰਦਨ** : ਭੇਦ ਖੁਲ੍ਹ ਜਾਣਾ।

کچیر/کچیرده **ਕਚੀਰ/ਕਚੀਰਦਾ** : ਮੁਖੀ, ਨੇਤਾ।

کحل **ਕੁਹਲ** : ਸੁਰਮਾ, ਕੱਜਲ।

کحلی **ਕੁਹਲੀ** : ਕੁਹਲ (ਸੁਰਮਾ) ਨਾਲ ਸਬੰਧਤ, ਸੁਰਮਈ ਰੰਗ; ਕਾਲਾ ਰੰਗ, ਇਕ ਅਤਿ ਬਰੀਕ ਕਾਲਾ ਕੱਪੜਾ।

کحلی چرخ **ਕੁਹਲੀ ਚਰਖ਼** : ਪੈਹਲਾ ਅਸਮਾਨ; ਅਸਮਾਨ ਦੀ ਸਿਆਹੀ; ਰਾਤ ਦੀ ਹਨੇਰੀ।

کحیله **ਕੁਹੀਲਾ** : ਕਾਹਜ਼ਬਾਨ; ਗਾਉਜ਼ਬਾਨ ਜੋ ਇਕ ਪਰਸਿੱਧ ਦਵਾ ਹੈ।

کخ **ਕੁਖ਼** : ਘਾਹ, ਕੱਖ ਕੰਡਾ, ਬੋਰੀਆਂ ਬਣਾਉਣ ਵਾਲਾ ਘਾਹ; ਫੁੱਲਾਂ ਨੂੰ ਲਗਣ ਵਾਲਾ ਕੀੜਾ; ਡਰਾਉਣੀ ਸ਼ਕਲ ਜਿਸ ਨਾਲ ਬੱਚਿਆਂ ਨੂੰ ਡਰਾਇਆ ਜਾਂਦਾ ਹੈ, ਡਰਨਾ; ਮਖੌਟਾ।

کخته **ਕੁਖ਼ਤਾ** : ਅੱਗ ਦੀ ਲਾਟ; ਭੰਬੂਕਾ।

کخج/کخچ **ਕੁਖ਼ਜ/ਕੁਖ਼ਚ** : ਇਕ ਪਰਕਾਰ ਦੀ ਘਾਹ ਜਿਸ ਨਾਲ ਝਾੜੂ ਬਣਾਏ ਜਾਂਦੇ ਹਨ ਅਤੇ ਅੱਗ ਬਾਲੀ ਜਾਂਦੀ ਹੈ, ਬੱਬੜ, ਬਗੜ।

کد **ਕਦ** : (ਕਦਾ کده ਦਾ ਸੰਖਿਪਤ ਰੂਪ) ਘਰ, ਮਕਾਨ, ਮਹੱਲਾ।

کدبانو **ਕਦ-ਬਾਨੋ** : ਘਰ ਦੀ ਮਾਲਕਣ, ਬੇਗਮ, ਬੀਵੀ।

کدخدا **ਕਦ-ਖ਼ੁਦਾ** : ਘਰ ਦਾ ਮਾਲਕ, ਵਿਆਹਿਆ ਹੋਇਆ, ਘਰ-ਗਰੈਹਸਥੀ, ਬਾਦਸ਼ਾਹ; ਪਿੰਡ ਦਾ ਚੌਧਰੀ।

کدخدائی **ਕਦ-ਖ਼ੁਦਾਈ** : ਵਿਆਹ, ਸ਼ਾਦੀ, ਨਿਕਾਹ।

کدام **ਕੁਦਾਮ** : ਕੋਣ; ਕੇਹੜਾ ; ਕੀ ਚੀਜ਼।

کدامی **ਕੁਦਾਮੀ** : ਕੌਣ, ਕੇਹੜੀ; ਕੇਹੜੀ ਚੀਜ਼।

کدنگ **ਕਦੰਗ** : ਹਥੌੜਾ; ਧੋਬੀ ਦਾ ਪਟੜਾ।

کدو **ਕਦੂ** : ਘੀਆ ਕੱਦੂ , ਪਰਸਿੱਧ ਤਰਕਾਰੀ, ਲੌਕੀ, ਸਿਰ ਦੀ ਖੋਪਰੀ; ਸ਼ਰਾਬ ਦਾ ਪਿਆਲਾ; ਕੁੱਜਾ।

کدوکش **ਕਦੂ-ਕਸ਼** : ਕੱਦੂ ਨੂੰ ਛਿਲਣ ਵਾਲਾ ਸੰਦ ਜਿਸ ਨਾਲ ਕੱਦੂ ਨੂੰ ਰਗੜ ਕੇ ਬਰੀਕ ਕੀਤਾ ਜਾਂਦਾ ਹੈ।

کدوخ **ਕਦੂਖ਼** : ਹਮਾਮ।

کدورت **ਕਦੂਰਤ** : ਮੈਲਾਪਣ, ਮੈਲਾ; ਗੰਦਗੀ, ਹਨੇਰਾ, ਮਨ ਦੀ ਮੈਲ, ਘਿਰਨਾ।

کده **ਕਦਾ** : ਘਰ, ਮਕਾਨ; ਪਿੰਡ, ਤਾਲੂ, ਸੰਘ।

کدیر **ਕਦੀਰ** : ਗੰਧਲਾ, ਮੈਲਾ; ਗੰਦਾ; ਲੁਕਿਆ ਹੋਇਆ।

کدین **ਕੁਦੀਨ,** کدینه **ਕੁਦੀਨਾ** : ਧੋਬੀਆਂ ਦਾ ਪਟੜਾ; ਗੱਦੀ, ਗੱਦਾ, ਛੋਟੀ ਤਲਾਈ ਜਾਂ ਰਜ਼ਾਈ।

کدیور **ਕਦੇਵਰ** : ਖੇਤੀ ਕਰਨ ਵਾਲਾ ਕਿਸਾਨ; ਘਰ ਦਾ ਮਾਲਕ; ਪਿੰਡ ਦਾ ਰਈਸ,

ਚੌਧਰੀ, ਬਾਗ਼ਬਾਨ; ਸਮਾਂ, ਵਕਤ; ਜ਼ਮਾਨਾ, ਭਾਗ, ਕਿਸਮਤ; ਉੱਜਡ, ਗੰਵਾਰ।

كذاب ***ਕੱਜ਼ਾਬ*** : ਬੌਹਤ ਝੂਠ ਬੋਲਣ ਵਾਲਾ, ਅਤਿਅੰਤ ਝੂਠਾ, ਮੱਕਾਰ, ਫਰੇਬੀ।

كذب ***ਕਿਜ਼ਬ*** : ਝੂਠ।

كر ***ਕਰ*** : (ਕਾਰ **كار** ਦਾ ਸੰਖਿਪਤ ਰੂਪ) ਕੰਮ, ਕਾਜ, ਕਾਰ।

كر ***ਕਰ*** : ਬੋਲਾ; ਇਕ ਪਰਕਾਰ ਦਾ ਸੱਪ ਜਿਸ 'ਤੇ ਮੰਤਰ ਦਾ ਅਸਰ ਨਹੀਂ ਹੁੰਦਾ; ਸ਼ਕਤੀ, ਮੁਰਾਦ, ਮਨੋਰਥ।

كر ***ਕੁਰ*** : ਈਰਾਨ ਦੇ ਇਕ ਨੈਹਰ ਦਾ ਨਾਮ।

كر ***ਕੱਰ***, **كر** ***ਕੁੱਰ*** : ਪਲਾਣੇ ਦੀ ਰੱਸੀ; ਰੁੱਖ ਉਤੇ ਚੜ੍ਹਨ ਵਾਲੀ ਰੱਸੀ; ਫਿਰਨਾ, ਫਿਰਾਉਣਾ; ਹਮਲਾ ਕਰਨਾ; ਨਮਾਜ਼ ਦੀ ਜਗ੍ਹਾ; ਰੁਮਾਲ।

كر ***ਕਿਰਾ*** : (ਕਿਹ+ਰਾ) ਜਿਸ ਨੂੰ ; ਜਿਸ ਕਿਸੇ ਨੂੰ।

كراخ ***ਕਰਾਖ਼*** : ਮੁਰਗੀ ਦੀ ਆਂਡੇ ਦੇਣ ਵੇਲੇ ਦੀ ਅਵਾਜ਼; ਕੁੜਕੁੜ।

كراخان ***ਕਰਾਖ਼ਾਨ*** : ਅਫ਼ਰਾਸਿਯਾਬ ਦੇ ਪੁੱਤਰ ਦਾ ਨਾਮ।

كراد ***ਕੁਰਾਦ***, **كراد** ***ਕਰਾਦ***, **كراده** ***ਕਰਾਦਾ*** : ਪਾਟਾ ਪੁਰਾਣਾ ਕੱਪੜਾ, ਲੀਰਾਂ।

كراد ***ਕਰਾਦ*** : ਦਰਵਾਜ਼ੇ ਦੀ ਚੌਖਟ ਹੇਠਲੀ ਲੱਕੜ; ਬੀਜ ਬੀਜਣ ਲਈ ਤਿਆਰ ਕੀਤੀ ਜ਼ਮੀਨ।

كرار ***ਕਰੱਰ*** : ਹਟਣ ਵਾਲਾ, ਹਟਾਉਣ ਵਾਲਾ; ਦੁਸ਼ਮਣ ਉਤੇ ਤਾਬੜ ਤੋੜ ਹਮਲੇ ਕਰਨ ਵਾਲਾ; ਨਚਾਉਣ ਵਾਲਾ; ਹਜ਼ਰਤ ਅਲੀ ਦੀ ਉਪਾਧੀ; 'ਹੈਦਰ-ਏ-ਕੱਰਾਰ'।

كراريس ***ਕਰਾਰੀਸ*** : (ਕੁਰਾਸਾ **كراسه** ਦਾ ਬੌਹਵਚਨ) ਕਿਤਾਬ ਦੇ ਜੁਜ਼; ਕੁਰਾਨ ਸ਼ਰੀਫ਼ ਦੇ ਪਾਰੇ (ਖੰਡ)।

كراسه ***ਕੁਰਾਸਾ*** : ਕਿਤਾਬ ਦਾ ਜੁਜ਼, ਅਸਮਾਨੀ ਕਿਤਾਬ, ਕੁਰਾਨ ਸ਼ਰੀਫ਼।

كراسيه ***ਕੁਰਾਸੀਯਾ*** : ਕਿਤਾਬ ਦਾ ਇਕ ਜੁਜ਼; ਕੁਰਾਨ ਮਜੀਦ ਦਾ ਇਕ ਪਾਰਾ (ਖੰਡ)।

كراك ***ਕਰਾਕ***, **كراكا** ***ਕਰਾਕਾ*** : ਇਕ ਪਰਸਿੱਧ ਪੰਛੀ, ਮਮੋਲਾ।

كراكر ***ਕਰਾਕਰ*** : ਕਾਂ।

كرام ***ਕਿਰਾਮ*** : (ਕਰੀਮ **كريم** ਦਾ ਬੌਹਵਚਨ) ਦਾਨੀ ਲੋਕ, ਬਜ਼ੁਰਗ ਲੋਕ।

كرامى ***ਕਿਰਾਮੀ*** : ਬੌਹਤ ਨੇਕ; ਬੌਹਤ ਮਾਣ ਸਤਕਾਰ ਵਾਲਾ।

كراما كاتبين ***ਕਿਰਾਮਨ- ਕਾਤਿਬੀਨ*** : ਕਰਮ ਲਿਖਣ ਵਾਲੇ ਫ਼ਰਿਸ਼ਤੇ।

كرامات ***ਕਰਾਮਾਤ*** : (ਕਰਾਮਤ **كرامت** ਦਾ ਬੌਹਵਚਨ) ਬਜ਼ੁਰਗੀਆਂ, ਵਡਿਆਈਆਂ, ਮੁਅਜਜ਼ੇ; ਕਰਾਮਾਤਾਂ, ਪਰਾਮਨੁੱਖੀ ਸ਼ਕਤੀਆਂ।

كراماتى ***ਕਰਾਮਾਤੀ*** : ਕਰਾਮਾਤ ਨਾਲ ਸਬੰਧਤ, ਪੀਰ ਪੈਗ਼ੰਬਰ; ਅਸਧਾਰਨ, ਵਚਿਤਰ।

كرامت ***ਕਰਾਮਤ*** : ਇੱਜ਼ਤ, ਮਾਣ, ਵਡਿਆਈ, ਬਜ਼ੁਰਗੀ, ਸਖ਼ਾਵਤ।

كران/كرانه ***ਕਰਾਨ/ਕਰਾਨਾ*** : ਕਿਨਾਰਾ, ਕੰਢਾ, ਹੱਦ।

كراه ***ਕਰਾਹ*** : ਅੰਤ, ਸਿਰਾ; ਹੱਦ, ਕੰਢਾ, ਕਿਨਾਰਾ।

كراهت/كراهيت ***ਕਰਾਹਤ/ ਕਰਾਹੀਯਤ*** : ਪਸੰਦ ਨਾ ਕਰਨਾ, ਖੁਸ਼ ਨਾ ਹੋਣਾ; ਨਾ-ਪਸੰਦੀ; ਨਾ-ਖੁਸ਼ੀ, ਘਿਰਨਾ, ਨਫ਼ਰਤ।

كرب ***ਕਰਬ*** : ਰੰਜ, ਗ਼ਮ, ਦੁਖ, ਦਰਦ, ਤਕਲੀਫ਼।

كرباس ***ਕਿਰਬਾਸ*** : (ਕਰਪਾਸ **كرپاس** ਦਾ ਅਰਬੀ ਰੂਪਾਂਤਰ) ਕਪਾਹ, ਸੂਤੀ ਮੋਟਾ ਕੱਪੜਾ, ਖੱਦਰ।

كربت ***ਕੁਰਬਤ*** : ਮੁਸੀਬਤ, ਰੰਜ, ਦੁੱਖ, ਮਾਨਸਕ ਪੀੜਾ।

كربلا ***ਕਰਬਲਾ*** : ਫ਼ਰਾਤ ਦਰਿਆ ਦੇ ਪੱਛਮੀ ਕੰਢੇ ਦਾ ਮੈਦਾਨ, ਜਿਥੇ ਸ਼ਹੀਦਾਂ ਦੇ ਸਰਦਾਰ ਹਜ਼ਰਤ ਇਮਾਮ ਹੁਸੈਨ ਆਪਣੇ ਸਾਕਾਂ ਸਬੰਧੀਆਂ ਤੇ ਸਾਥੀਆਂ ਸਮੇਤ 61 ਹਿਜਰੀ ਵਿਚ ਸ਼ਹੀਦ ਹੋਏ, ਆਪ ਦਾ ਮਜ਼ਾਰ ਵੀ ਉਥੇ ਹੀ ਹੈ।

کربلائی ***ਕਰਬਲਾਈ*** : ਕਰਬਲਾ ਨਾਲ ਸਬੰਧਤ, ਇਕ ਪਰਕਾਰ ਦਾ ਦੋ-ਰੰਗਾ ਕੱਪੜਾ ਜਾਂ ਲਿਬਾਸ।

کرپاس ***ਕਿਰਪਾਸ*** : ਰੂੰ ਦਾ ਕਪੜਾ; ਬਰੀਕ ਮਲਮਲ।

کرت ***ਕਰੱਤ*** : ਵਾਰ, ਵਾਰੀ।

کرہ ***ਕਰੱਤਨ*** : ਕਈ ਵਾਰੀ।

کرتہ ***ਕੁਰਤਾ*** : ਗਲ ਵਿਚ ਪਾਉਣ ਵਾਲਾ ਪਰਸਿੱਧ ਕੱਪੜਾ, ਕਮੀਜ਼, ਝੱਗਾ, ਕੁੜਤਾ।

کرتی ***ਕੁਰਤੀ*** : ਛੋਟੀ ਕਮੀਜ਼; ਵਾਸਕਟ।

کرخ ***ਕਰਖ਼*** : ਬਗ਼ਦਾਦ ਦੇ ਇਕ ਮਹੱਲੇ ਦਾ ਨਾਮ; ਬਗਦਾਦ ਦੇ ਨੇੜੇ ਇਕ ਕਸਬੇ ਦਾ ਨਾਮ; ਮਹੱਲ, ਬਸਤੀ, ਅਬਾਦੀ।

کرخی ***ਕਰਖ਼ੀ*** : ਕਰਖ਼ ਦਾ ਰੈਹਣ ਵਾਲਾ, ਕਰਖ਼ ਨਾਲ ਸਬੰਧਤ, ਹਜ਼ਰਤ ਕਰਖ਼ੀ ਜੋ ਇਕ ਪਰਸਿੱਧ ਵਲੀ ਹੋਏ ਹਨ।

کرخت ***ਕਰਖ਼ਤ*** : ਓਹ ਅੰਗ ਜੋ ਸੌਂ ਗਿਆ ਹੋਵੇ, ਬੇਹਿੱਸ ਅੰਗ; ਬੇਖ਼ਬਰ, ਸਖ਼ਤ, ਤਲਖ਼, ਕਰੜਾ।

کرختگی ***ਕਰਖ਼ਤਗੀ,*** کرختی ***ਕਰਖ਼ਤੀ*** : ਸੁੱਕਾਪਣ; ਸਖ਼ਤੀ ਖਰ੍ਹਵਾਪਣ, ਕਰੜਾਪਣ।

کرد/کرد ***ਕਰਦ/ਕਿਰਦ*** : ਕੰਮ , ਕਾਰਜ, ਕਿਰਤ, ਨੌਕਰੀ।

کرد ***ਕੁਰਦ*** : ਚਰਵਾਹਾ, ਆਜੜੀ; ਹੌਜ਼, ਬੀਜਿਆ ਹੋਇਆ ਖੇਤ, ਸਬਜ਼ੀ ਦੀ ਪੈਲੀ; ਬੀਜਣ ਲਈ ਤਿਆਰ ਕੀਤੀ ਧਰਤੀ।

کردک ***ਕੁਰਦਕ*** : ਭੇਡ ਬਕਰੀਆਂ ਚਰਾਉਣ ਵਾਲੀ ਇਕ ਜੰਗਲੀ ਜਾਤੀ ਜਿਸ ਦੇ ਨਾਮ ਤੇ 'ਕੁਰਦਿਸਤਾਨ' ਦਾ ਪਰਸਿੱਧ ਦੇਸ਼ ਹੈ, ਏਹ ਲੋਕ ਬੜੇ ਬਹਾਦਰ ਤੇ ਜੋਧੇ ਹੁੰਦੇ ਹਨ; ਤਕੜਾ, ਪੈਹਲਵਾਨ।

کردار ***ਕਿਰਦਾਰ*** : ਤਰਜ਼, ਢੰਗ; ਚਾਲ, ਕੰਮ; ਸ਼ੁਗਲ, ਚੰਗਾ ਕੰਮ, ਆਚਰਣ, ਅਖ਼ਲਾਕ।

کردارگزار ***ਕਿਰਦਾਰ-ਗੁਜ਼ਾਰ*** : ਇਤਹਾਸਕਾਰ।

کردارگزاری ***ਕਿਰਦਾਰ-ਗੁਜ਼ਾਰੀ*** : ਇਤਹਾਸ ਰਚਨਾ।

کردستان ***ਕੁਰਦਿਸਤਾਨ*** : ਈਰਾਨ ਦੀ ਪੱਛਮੀ ਹੱਦ ਉੱਤੇ ਇਕ ਮੁਲਕ ਜਿਥੇ ਕੁਰਦ ਜਾਤੀ ਦੇ ਲੋਕ ਅਬਾਦ ਹਨ, ਜੋ ਬੜੇ ਬਹਾਦਰ ਤੇ ਜੋਧੇ ਮੰਨੇ ਜਾਂਦੇ ਹਨ।

کردگار ***ਕਿਰਦਗਾਰ,*** کردگار ***ਕਿਰਦਗਾਰ*** : ਰੱਬ, ਸਰਬ ਸ਼ਕਤੀਮਾਨ ਪਰਮਾਤਮਾ।

کردمند ***ਕਰਦਮੰਦ*** : ਬੌਹਤ ਤੇਜ਼, ਤਿੱਖਾ।

کردن ***ਕਰਦਨ*** : ਕਰਨਾ।

کردہ ***ਕਰਦਾ*** : ਕੀਤਾ ਹੋਇਆ।

کردہکار ***ਕਰਦਾਕਾਰ*** : ਤਜਰਬਾਕਾਰ, ਵਾਕਫ਼ਕਾਰ।

کردنگ ***ਕਰਦੰਗ,*** کردنگل ***ਕਰਦੰਗਲ*** : ਬੇਗ਼ੈਰਤ, ਬੇਵਕੂਫ਼, ਮੂਰਖ।

کردیومردی ***ਕਰਦੀ-ਉ-ਮੁਰਦੀ*** : ਏਹ ਕੰਮ ਕੀਤਾ ਨਹੀਂ ਤੇ ਤੂੰ ਮਰਿਆ ਨਹੀਂ, ਜਿਸ ਕੰਮ ਕਰਨ ਨਾਲ ਨੁਕਸਾਨ ਪੁੱਜੇ, ਸਾਵਧਾਨੀ।

کرز/کرزہ ***ਕੁਰਜ਼, ਕੁਰਜ਼ਾ*** : ਬੀਜਣ ਲਈ ਤਿਆਰ ਕੀਤਾ ਖੇਤ ਤੇ ਉਸ ਦੀਆਂ ਕਿਆਰੀਆਂ।

کرزمان ***ਕਰਜ਼ਮਾਨ*** : ਅਸਮਾਨ; ਨੌਂਵਾਂ ਅਸਮਾਨ।

کرس ***ਕੁਰਸ,*** کرش ***ਕਰਸ਼*** : ਮੈਲ, ਕੱਪੜੇ ਦੀ ਮੈਲ; ਘੁੰਗਰਾਲੇ ਵਾਲ।

کرس طوس ***ਕਰਸ-ਤੂਸ*** : ਹਜ਼ਰਤ ਈਸਾ ਦਾ ਨਾਮ; ਅੰਜੀਲ ਅਨੁਸਾਰ ਖ਼ੁਦਾ ਦਾ ਨਾਮ।

کرسنہ ***ਕਰਸਨਾ*** : ਮਟਰ।

کرسی ***ਕੁਰਸੀ*** : ਚੌਕੀ, ਮਕਾਨ ਦੇ ਫਰਸ਼ ਦੀ ਉਚਾਈ; ਅਠਵਾਂ ਅਸਮਾਨ, ਪੀੜ੍ਹੀ, ਖ਼ਾਨਦਾਨ।

کرسیدار ***ਕੁਰਸੀਦਾਰ*** : ਤਖ਼ਤ ਜਾਂ ਗੱਦੀ ਤੇ ਬੈਠਾ ਹੋਇਆ।

کرسیٔ زر ***ਕੁਰਸੀ-ਏ-ਜ਼ਰ*** : ਸੂਰਜ।

کرسیٔ ششگونہ ***ਕੁਰਸੀ-ਏ-ਸ਼ਸ਼ਗੂਨਾ*** : ਸੰਸਾਰ, ਜ਼ਮਾਨਾ।

کرسی‌نامہ ***ਕੁਰਸੀ-ਨਾਮਾ*** : ਸ਼ਜਰਾ-ਨਸਬ; ਬੰਸਾਵਲੀ।

کرسی‌نشین ***ਕੁਰਸੀ-ਨਿਸ਼ੀਨ*** : ਕੁਰਸੀ ਦਾ ਹੱਕਦਾਰ।

کرشف ***ਕਰਸ਼ਫ*** : ਰੂੰ, ਫੰਬਾ।

کرشم ***ਕਿਰਿਸ਼ਮ,*** کرشمہ ***ਕਿਰਿਸ਼ਮਾ*** : ਅੱਖਾਂ ਜਾਂ ਭਰਵੱਟਿਆਂ ਦਾ ਇਸ਼ਾਰਾ, ਅੱਖ ਦੀ ਝਪਕੀ, ਨਾਜ਼, ਨਖ਼ਰਾ; ਅੱਧ ਮੀਟੀ ਅੱਖ ਨਾਲ ਵੇਖਣਾ; ਮੁਅਜਜ਼ਾ, ਅਸਧਾਰਨ ਗੱਲ; ਜਾਦੂ।

کرشیوز ***ਕਰਸ਼ਿਊਜ਼*** : ਅਫ਼ਰਾਸਿਯਾਬ ਦੇ ਜੁਆਈ ਦਾ ਨਾਮ।

کرک ***ਕਰਕ*** : ਪਾਲਤੂ ਮੁਰਗਾ, ਕੁਕੜੀ, ਕੇਕੜਾ; ਬਟੇਰਾ;ਅੱਖ ਦੀ ਪੁਤਲੀ; ਛੱਤ; ਯਰੋਸ਼ਲਮ ਦੇ ਨੇੜੇ ਇਕ ਸ਼ੈਹਰ ਦਾ ਨਾਮ।

کرکام ***ਕਰਕਾਮ*** : ਸ਼ਕਤੀ, ਮੰਤਵ।

کرکر ***ਕਰਕਰ*** : ਰੱਬ, ਅੱਲਾਹ, ਬਾਦਸ਼ਾਹ; ਮਾਨ ਮਰਤਬੇ ਵਾਲਾ।

کرکفیر ***ਕਰਕਫ਼ੀਰ*** : ਚਮਚਾ; ਡੋਈ, ਕੜਛੀ।

کرکم ***ਕਰਕਮ*** : ਕੇਸਰ, ਕਮਾਨ, ਧਨੁੱਖ; ਸਤਰੰਗੀ ਪੀਂਘ।

کرگ ***ਕਰਗ*** : ਜਿਸ ਦੇ ਸਿਰ ਤੇ ਵਾਲ ਨਾ ਹੋਣ, ਗੰਜਾ।

کرگ ***ਕਰਗ,*** کرگدن ***ਕਰਗਦਨ*** : ਗੈਂਡਾ।

کرگس ***ਕਰਗਸ*** : ਗਿੱਰਝ, ਤਿੱਤਰ।

کرگسانِ چرخ ***ਕਰਗਸਾਨ-ਏ-ਚਰਖ਼,*** کرگسانِ فلک ***ਕਰਗਸਾਨ-ਏ-ਫ਼ਲਕ,*** کرگسانِ گردون ***ਕਰਗਸਾਨ-ਏ-ਗਰਦੂਨ*** : ਗਿਰਝ ਵਰਗੇ ਦੋ ਸਤਾਰੇ ਜੋ ਉੱਤਰੀ ਅਕਾਸ਼ 'ਤੇ ਉਡਦੀਆਂ ਹੋਈਆਂ ਗਿਰਝਾਂ ਵਾਂਗ ਦਿਸਦੇ ਹਨ।

کرگسِ ترکش ***ਕਰਗਸ-ਏ-ਤਰਕਸ਼*** : ਤੀਰ।

کرگسِ فلک ***ਕਰਗਸ-ਏ-ਫ਼ਲਕ*** : ਗਿਰਝ ਦੀ ਸ਼ਕਲ ਦਾ ਇਕ ਸਤਾਰਾ।

کرگہ ***ਕਰਗਹ*** : (=ਕਰਗਾਹ کارگاہ) ਜੁਲਾਹੇ ਦੀ ਖੱਡੀ; ਖੱਡੀ ਵਿਚਲਾ ਟੋਆ ਜਿਸ ਵਿਚ ਪੈਰ ਲਮਕਾ ਕੇ ਜੁਲਾਹਾ ਖੱਡੀ ਚਲਾਉਂਦਾ ਹੈ।

کرم ***ਕਰਮ*** : ਮਰਦਊਪੁਣਾ; ਸੂਰਮਤਾਈ, ਸਖਾਵਤ, ਬਜ਼ੁਰਗਵਾਰੀ; ਮੇਹਰਰਬਾਨੀ, ਦਇਆ।

کرم ***ਕਿਰਮ*** : ਕੀੜਾ-ਮਕੌੜਾ।

کرمان ***ਕਿਰਮਾਨ*** : (ਕਿਰਮ کرم ਦਾ ਬੈਹੁਵਚਨ) ਕੀੜੇ-ਮਕੌੜੇ।

کرمان ***ਕਿਰਮਾਨ*** : ਈਰਾਨ ਦੇ ਦੱਖਣ ਉੱਤਰੀ ਪਰਾਂਤ ਦਾ ਨਾਮ ਜਿਥੇ ਇਸੇ ਨਾਮ ਦਾ ਇਕ ਸ਼ੈਹਰ ਵੀ ਹੈ।

کرمانشاہ/کرمانشاہاں ***ਕਿਰਮਾਨ ਸ਼ਾਹ/ਕਿਰਮਾਨ ਸ਼ਾਹਾਂ*** : ਇਰਾਕ ਅਜਮ ਦਾ ਇਕ ਪਰਸਿੱਧ ਸ਼ੈਹਰ।

کرم‌بادامہ ***ਕਿਰਮ-ਬਾਦਾਮਾ,*** کرم‌پیلہ ***ਕਿਰਮ-ਪੀਲਾ*** : ਰੇਸ਼ਮ ਦਾ ਕੀੜਾ।

کرم‌شب‌افروز ***ਕਰਮ-ਏ-ਸ਼ਬ ਅਫ਼ਰੋਜ਼,*** کرم‌شب‌تاب ***ਕਿਰਮ-ਏ-ਸ਼ਬ ਤਾਬ,*** کرم‌شب‌چراغ ***ਕਿਰਮ-ਏ-ਸ਼ਬ ਚਿਰਾਗ*** : ਜੁਗਨੂੰ, ਟਟੈਹਣਾ।

کرنا ***ਕਰਨਾ,*** کرنا ***ਕਰੱਨਾ,*** کرنای ***ਕਰਨਨਾਯ*** : ਸ਼ੈਹਨਾਈ, ਬਿਗਲ; ਤੁਰਮ; ਨਰਸਿੰਘਾ।

کرنب ***ਕਰਨਬ,*** کرنبا ***ਕਰਨਬਾ,*** کرم‌کلہ ***ਕਰਮ-ਕੱਲਾ*** : ਗੋਭੀ, ਗੋਭੀ ਦਾ ਫੁੱਲ, ਗੋਭੀ ਦੀ ਇਕ ਕਿਸਮ।

کرند ***ਕੁਰੰਦ,*** کرندہ ***ਕੁਰੰਦਾ,*** کرنگہ ***ਕੁਰੰਗਾ*** : ਘੋੜ-ਦੌੜ ਦਾ ਮੈਦਾਨ, ਨਖ਼ਾਸ; ਲੋਕਾਂ ਦਾ ਪਿੜ; ਘੋੜੇ ਦਾ ਇਕ ਖਾਸ ਰੰਗ, ਲਲਾਰੀਆਂ ਦੀ ਦੇਗ।

کرندہ ***ਕਰੰਦਾ*** : ਜੁਲਾਹੇ ਦਾ ਕੂੱਚ।

کرنگ ***ਕੁਰੰਗ*** : ਲਾਲ ਰੰਗ ਦਾ ਘੋੜਾ।

کرو ***ਕੁਰੂ*** : ਅਫ਼ਰਾਸਿਯਾਬ ਦੇ ਜਵਾਈ ਦਾ ਨਾਮ ਜੋ ਸਿਯਾਵਸ਼ ਦਾ ਸਾਢੂ ਸੀ ਅਤੇ ਉਸ ਦੇ ਕਤਲ ਕਰਵਾਉਣ ਦਾ ਭਾਗੀ ਸੀ।

کروبی ***ਕਰੂੱਬੀ*** : ਫਰਿਸ਼ਤਾ, ਫ਼ਰਿਸ਼ਤਿਆਂ ਦਾ ਮੁਖੀ।

کروبیان ***ਕਰੂਬਿਯਾਨ*** : ਫਰਿਸ਼ਤੇ।

کروخان ***ਕੁਰੂਖ਼ਾਨ*** : ਪੀਰਾਨ ਦਾ ਭਰਾ, ਵੀਸਾ ਦਾ ਪੁੱਤਰ।

کروفر ***ਕੱਰ-ਉ-ਫ਼ਰ*** : ਸ਼ਾਨ-ਸ਼ੌਕਤ, ਧੂਮ-ਧਾਮ, ਠਾਠ-ਬਾਠ।

کروہ ***ਕੁਰੋਹ*** : ਕੋਹ, ਚਾਰ ਹਜ਼ਾਰ ਗ਼ਜ਼ ਦਾ ਫ਼ਾਸਲਾ।

کرہ ***ਕਰਾ*** : ਕੰਮ ਕਰਨ ਕਰਕੇ ਹਥਾਂ ਪੈਰਾਂ ਦਾ ਸਖ਼ਤ ਹੋ ਗਿਆ ਚਮੜਾ; ਮੈਲ, ਗੰਦ, ਮੱਕੜੀ ਦਾ ਜਾਲਾ; ਹੁਜਰਾ, ਮੁਸਾਫਰਾਂ ਦੇ ਅਰਾਮ ਕਰਨ ਦੀ ਕੋਠੜੀ, ਇਕ ਪਰਕਾਰ ਦਾ ਕੰਡਾ।

کرہدان ***ਕਰਾਦਾਨ*** : ਗੰਦ ਸੁਟਣ ਵਾਲਾ ਢੋਲ।

کرہ ***ਕੁਰਾ*** : ਗੋਲਾ, ਗੇਂਦ, ਹਰ ਗੋਲ ਚੀਜ਼, ਭੱਠੀ; ਧਰਤੀ, ਖ਼ਿੱਤਾ।

کرۂآب ***ਕੁਰਾ-ਏ-ਆਬ*** : ਧਰਤੀ ਉਦਾਲੇ ਪਾਣੀ, ਪਾਣੀ ਦੀ ਲੈਹਰ।

کرۂارض ***ਕੁਰਾ-ਏ-ਅਰਜ਼*** : ਧਰਤੀ, ਗੇਂਦ ਵਰਗੀ ਗੋਲ ਜ਼ਮੀਨ।

کرۂلاجورد ***ਕੁਰਾ-ਏ-ਲਾਜਵਰਦ*** : ਅਕਾਸ਼।

کُرہ ***ਕੁਰਾ*** : ਤਾਜ਼ਾ ਘਿਓ, ਮੱਖਣ।

کُرُہ ***ਕੁਰੁਹ*** : ਨਾਮੁਲਾਇਮੀ, ਨਾਖ਼ੁਸ਼ੀ।

کُرّہ ***ਕੁੱਰਾ*** : ਖੋਤੇ ਦਾ ਬੱਚਾ, ਉਠ ਜਾਂ ਘੋੜੇ ਦਾ ਬੱਚਾ, ਵਛੇਰਾ; ਕੋਰੜਾ, ਕੋਟਲਾ।

کری ***ਕਰੀ*** : ਬੋਲਾਪਣ; ਮੱਕੜੀ ਦਾ ਜਾਲਾ।

کریبکوری ***ਕਰੀ-ਬ-ਕੋਰੀ*** : ਡੋਰਾਪਣ ਤੇ ਅੰਨ੍ਹਾਪਣ।

کریم ***ਕਰੀਮ*** : ਬਖ਼ਸ਼ਣ ਵਾਲਾ, ਸਖੀ, ਬਜ਼ੁਰਗ, ਮੇਹਰਬਾਨ, ਅੱਲਾਹ ਦੇ ਸਿਫਾਤੀ ਨਾਮ।

کریمہ ***ਕਰੀਮਾ*** : ਹੇ ਕਰੀਮ! ਹੇ ਸਖੀ! ਐ ਖ਼ੁਦਾ! ਇਕ ਪਰਸਿੱਧ ਰਚਨਾ ਜੋ ਸ਼ੇਖ ਸਾਅਦੀ ਦੀ ਲਿਖੀ ਹੋਈ ਹੈ ਤੇ ਜਿਸ ਨੂੰ 'ਪੰਦ-ਨਾਮਾ-ਏ-ਸਾਅਦੀ' ਵੀ ਕੈਂਹਦੇ ਹਨ।

کریمان ***ਕਰੀਮਾਨ*** : ਸ਼ੈਹਰ ਕਿਰਮਾਨ ਦਾ ਦੂਜਾ ਨਾਮ।

کریمہ ***ਕਰੀਮਾ*** : ਸਖੀ ਇਸਤਰੀ, ਬਜ਼ੁਰਗ ਔਰਤ।

کریوہ ***ਕਰੇਵਾ*** : ਟਿੱਲਾ, ਘਾਟੀ।

کریہ ***ਕਰੀਹ*** : ਭੱਦਾ, ਭੈੜਾ, ਘਿਰਨਾਯੋਗ।

کریہالشّکل ***ਕਰੀਹ-ਉਸ਼-ਸ਼ਕਲ*** : ਭੈੜੀ ਸ਼ਕਲ ਸੂਰਤ ਵਾਲਾ, ਕਰੂਪ; ਬਦਸੂਰਤ।

کریہالصّوت ***ਕਰੀਹ-ਉਸ-ਸੌਤ*** : ਭੈੜੀ ਅਵਾਜ਼ ਵਾਲਾ।

کریہالمنظر ***ਕਰੀਹ-ਉਲ-ਮਨਜ਼ਰ*** : ਬਦਸ਼ਕਲ, ਬਦਸੂਰਤ।

کز ***ਕਜ਼,*** **قزٓ** ***ਕੁਜ਼,*** **کز** ***ਕਜ਼,*** **کج** ***ਕਜ*** : ਘੱਟ ਕੀਮਤ ਦਾ ਰੇਸ਼ਮ, ਕੱਚਾ ਰੇਸ਼ਮ; ਟੇਢ, ਵਿੰਗ।

کزابرو ***ਕਜ਼ ਅਬਰੂ*** : ਟੇਡੀਆਂ ਭਵਾਂ ਵਾਲਾ; ਮਸ਼ੂਕ।

کزباختن ***ਕਜ਼ ਬਾਖ਼ਤਨ/ਕੱਜ ਬਾਖ਼ਤਨ*** : ਖੇਡ ਵਿਚ ਹੇਰਾ-ਫੇਰੀ ਕਰਨਾ।

کز ***ਕਜ਼*** : (=ਕਿ+ਅਜ਼ ਦਾ ਸੰਖਿਪਤ ਰੂਪ) ਜਿਸ ਕਰਕੇ।

کزابہ ***ਕਜ਼ਾਬਾ,*** **کزادہ** ***ਕਾਜ਼ਾਦਾ,*** **کرابہ** ***ਕਜ਼ਾਬਾ*** : ਕਜਾਵਾ।

کزاد ***ਕਜ਼ਾਦ, ਕਿਜ਼ਾਦ*** : ਪੁਰਾਣਾ ਕੱਪੜਾ, ਫਟਿਆ ਪੁਰਾਣਾ ਲੀੜਾ।

کزار ***ਕੁਜ਼ਾਰ*** : ਹੱਜਾਮ ਦਾ ਨਸ਼ਤਰ, ਪੱਛਣ ਲਾਉਣ ਵਾਲਾ ਨਸ਼ਤਰ।

کزبرہ ***ਕੁਜ਼ਬੁਰਾ*** : ਹਰਾ ਧਨੀਆ।

کزبود ***ਕਜ਼ਬੂਦ*** : ਟੱਬਰ ਦਾ ਮੁਖੀਆ, ਘਰ ਵਾਲਾ; ਰਈਸ, ਚੋਧਰੀ।

کزبہ ***ਕਜ਼ਬਾ*** : ਤੋਲ ਦਾ ਫੋਕ, ਖਲ।

کزلِک ***ਕਿਜ਼ਲਿਕ*** : ਤੇਜ਼ ਛੁਰੀ, ਛੋਟਾ ਚਾਕੂ, ਛੁਰੀ, ਕਰਦ, ਤਲਵਾਰ ਦਾ ਪੀਪਲਾ, ਖ਼ੰਜਰ ਦਾ ਮੁੜਿਆ ਹੋਇਆ ਸਿਰਾ।

کزن ***ਕਜ਼ਨ*** : ਹੀਜੜਾ, ਖ਼ੁਸਰਾ, ਆਸ਼ੂਰਾ,

ਮੁਹੱਰਮ ਮਹੀਨੇ ਦੇ ਦਸਵੇਂ ਦਿਨ ਦੇ ਅਵਸਰ 'ਤੇ ਲੋਕਾਂ ਦਾ ਪਿੰਡ ਵਿਚ ਇਕਠ; ਪਿੰਡ।

کرین/کز ***ਕਜ਼ੀਨ/ ਕਜ਼*** : ਕੱਚਾ ਰੇਸ਼ਮ।

کرین‌فروش ***ਕਜ਼ੀਨ-ਫ਼ਰੋਸ਼*** : ਕੱਚਾ ਰੇਸ਼ਮ ਵੇਚਣ ਵਾਲਾ।

کز ***ਕਜ਼*** : ਟੇਢਾ।

کزابرو ***ਕਜ਼-ਅਬਰੂ*** : ਟੇਢੀਆਂ ਭਵਾਂ ਵਾਲਾ, ਮਸ਼ੂਕ।

کزبین ***ਕਜ਼-ਬੀਨ,*** **کزچشم** ***ਕਜ਼-ਚਸ਼ਮ*** : ਟੇਢਾ ਵੇਖਣ ਵਾਲਾ, ਭੈਂਗਾ।

کزترازو ***ਕਜ਼-ਤਰਾਜ਼ੂ*** : ਘੱਟ ਤੋਲਣ ਵਾਲਾ, ਡੰਡੀ ਮਾਰ।

کزدم ***ਕਜ਼ਦੁਮ*** : ਟੇਢੀ ਪੂਛ ਵਾਲਾ, ਬਿਛੂ, ਠੂਹਾਂ।

کزغان ***ਕਜ਼ਗ਼ਾਨ*** : ਕੜਾਹੀ, ਕੜਾਹਾ।

کزک ***ਕਜ਼ਕ*** : ਅੰਕਸ, ਜਿਸ ਨਾਲ ਹਾਥੀਬਾਨ ਹਾਥੀ ਨੂੰ ਚਲਾਉਂਦਾ ਹੈ; ਆਂਕੜਾ; ਨਗਾਰੇ ਦੀ ਚੋਟ।

کزی ***ਕਜ਼ੀ*** : ਟੇਢਾਪਣ; ਝੂਠ, ਕੁਸੱਤ।

کزیم ***ਕਜ਼ੀਮ,*** **کرین** ***ਕਜ਼ੀਨ*** : ਸੰਜੋਅ; ਜ਼ਿਰਾ ਬਕਤਰ।

کس ***ਕਸ*** : ਆਦਮੀ, ਵਿਅਕਤੀ, ਯੋਗ, ਲਾਇਕ, ਸਿਆਣਾ, ਸ਼ਰੀਫ਼, ਭਲਾਮਾਣਸ, ਸਾਊ।

کسِ خانہ ***ਕਸ-ਏ-ਖ਼ਾਨਾ*** : ਘਰ ਦਾ ਮਾਲਕ ਜਾਂ ਮਾਲਕਣ।

کس وناکس ***ਕਸ-ਓ-ਨਾਕਸ*** : ਹਰ ਕੋਈ; ਜਣਾਖਣਾ।

کسا ***ਕਿਸਾ*** : ਗੋਦੜੀ, ਕੰਬਲੀ, ਖਿੰਥਾ।

کساد ***ਕਸਾਦ,*** **کسادی** ***ਕਸਾਦੀ*** : ਬੇਰਿਵਾਜੀ, ਮਾਲ ਦੀ ਨਾਰਿਵਾਜੀ; ਬਜ਼ਾਰ ਦਾ ਮੰਦਾ, ਚੀਜ਼ਾਂ ਦੇ ਭਾ ਵਿਚ ਮੰਦਾ ਆਉਣਾ, ਖ਼ਰੀਦਾਰੀ ਦੀ ਅਣਹੋਂਦ।

کسافت ***ਕਸਾਫ਼ਤ*** : ਸੂਰਜ ਗਰੈਹਣ; ਗੁਮਨਾਮੀ।

کسالت ***ਕਸਾਲਤ*** : ਸੁਸਤੀ, ਗੰਭੀਰਤਾ, ਰੰਜ, ਦੁੱਖ, ਪੀੜਾ, ਪਰੇਸ਼ਾਨੀ।

کساں ***ਕਸਾਂ*** : (ਕਸ **کس** ਦਾ ਬੌਹਵਚਨ) ਲੋਕ; ਆਮ ਜਨਤਾ; ਵਿਸ਼ੇਸ਼ ਆਦਮੀ; ਨੌਕਰ, ਚਾਕਰ।

کسانِ دگر ***ਕਸਾਨ-ਏ-ਦਿਗਰ*** : ਹੋਰ ਲੋਕ, ਦੂਜੇ ਲੋਕ।

کسائی ***ਕਿਸਾਈ*** : ਕੁਰਾਨ ਮਜੀਦ ਦੇ ਸੱਤ ਪਰਸਿੱਧ ਪਾਠੀਆਂ ਵਿਚੋਂ ਇਕ; ਇਕ ਅਰਬੀ ਵਿਆਕਰਨ ਲੇਖਕ ਦਾ ਨਾਮ।

کسب ***ਕਸਬ*** : ਪਰਾਪਤ ਕਰਨਾ, ਪੈਦਾ ਕਰਨਾ, ਕਮਾਉਣਾ, ਪੇਸ਼ਾ, ਧੰਦਾ, ਕੰਮ , ਹੁਨਰ, ਬਦਕਾਰੀ ਦੀ ਕਮਾਈ।

کسبِ خیر ***ਕਸਬ-ਏ-ਖ਼ੈਰ*** : ਸਵਾਬ ਕਮਾਉਣਾ, ਨੇਕ ਕੰਮ ਕਰਨਾ, ਨੇਕੀ ਲੈਣਾ।

کسبی ***ਕਸਬੀ*** : ਹੁਨਰਮੰਦ, ਪੇਸ਼ਾਵਰ, ਦਸਤਕਾਰ, ਕਾਰੀਗਰ, ਹੁਨਰ ਵਾਲਾ; ਬਜ਼ਾਰੀ ਔਰਤ, ਵੇਸਵਾ, ਬਦਕਾਰ ਇਸਤਰੀ।

کسبی باز ***ਕਸਬੀ-ਬਾਜ਼*** : ਰੰਡੀਬਾਜ਼।

کسبی بازی ***ਕਸਬੀ-ਬਾਜ਼ੀ*** : ਰੰਡੀਬਾਜ਼ੀ।

کسبی خانہ ***ਕਸਬੀ-ਖ਼ਾਨਾ*** : ਚਕਲਾ, ਬਦਨਾਮ ਘਰ।

کستی ***ਕੁਸਤੀ*** : ਕੁਸ਼ਤੀ, ਘੋਲ; ਪੇਟੀ ਜਾਂ ਪਟਕਾ ਜੋ ਪਾਰਸੀ ਜਾਂ ਬਾਹਮਣ ਲੋਕ ਉਦਾਲੇ ਬੰਨ੍ਹਦੇ ਹਨ।

کستین ***ਕੁਸਤੀਨ*** : ਪੇਟੀ।

کسر ***ਕਸਰ*** : ਤੋੜਨਾ, ਤੋੜ ਫੋੜ, ਟੁਕੜਾ, ਹਿੱਸਾ; ਖੰਡ ਮੀਟਣਾ; ਪਾੜ, ਕਿਸੇ ਅਖਰ ਹੇਠ 'ਜ਼ੇਰ' (ਕਸਰ) ਦਾ ਚਿੰਨ੍ਹ ਲਾਉਣਾ; ਇਕਾਈ ਦੇ ਇਕੋ ਜੇਹੇ ਭਾਗਾਂ ਵਿਚੋਂ ਇਕ ਜਾਂ ਕਈ ਭਾਗ, ਹਿਸਾਬ ਦਾ ਇਕ ਕਾਇਦਾ, ਨੁਕਸਾਨ, ਹਾਨੀ; ਦੁਖ, ਪੀੜ।

کسرِ حالت ***ਕਸਰ-ਏ-ਹਾਲਤ*** : ਭੈੜੀ ਤੇ ਮੰਦੀ ਹਾਲਤ; ਮੰਦਹਾਲੀ, ਗ਼ਰੀਬੀ।

کسرِ شان ***ਕਸਰ-ਏ-ਸ਼ਾਨ*** : ਕਿਸੇ ਦੀ ਹਾਲਤ ਵਿਚ ਖ਼ਰਾਬੀ ਆਉਣਾ।

کسروزیادہ ***ਕਸਰ-ੳ-ਜ਼ਿਯਾਦਾ*** : ਵੱਧ-ਘੱਟ, ਘੱਟ-ਵੱਧ।

کسرہ ***ਕਸਰਾ*** : 'ਜ਼ੇਰ' **زیر** ਦਾ ਚਿੰਨ੍ਹ, ਜੋ ਅੱਖਰ ਦੇ ਹੇਠ ਲਾਉਂਦੇ ਹਨ, ਜਿਵੇਂ ਦਿਲ ਦੇ ਅਖਰ ਦਾਲ (ਦ) ਹੇਠ।

کسریٰ ***ਕਿਸਰਾ*** : (ਫ਼ਾਰਸੀ ਖ਼ੁਸਰੋ **خسرو** ਦਾ ਅਰਬੀ ਰੁਪਾਂਤਰ) ਬਾਦਸ਼ਾਹ, ਈਰਾਨ ਦੇ ਬਾਦਸ਼ਾਹਾਂ ਦਾ ਲਕਬ, ਖ਼ਾਸ ਕਰਕੇ ਨੌਸ਼ੀਰਵਾਨ ਦੀ ਉਪਾਧੀ।

کسروی ***ਕਿਸਰਵੀ*** : ਸ਼ਾਹੀ।

کسف ***ਕਸਫ਼, ਕੁਸਫ਼*** : (ਕਿਸਫ਼ਾ **کسفہ** ਦਾ ਬੌਹਵਚਨ) ਟੋਟੇ; ਹਿੱਸੇ।

کسفہ ***ਕਿਸਫ਼ਾ*** : ਕਿਸੇ ਚੀਜ਼ ਦਾ ਟੁਕੜਾ, ਟੋਟਾ।

کس کش ***ਕੁਸਕਸ਼*** : ਦੱਲਾ, ਭੜੂਆ।

کسل ***ਕਸਲ*** : ਸੁਸਤੀ, ਥਕਾਵਟ।

کسل ***ਕਸਿਲ,*** **کسلان** ***ਕਸਲਾਨ*** **کسلمند** ***ਕਸਲਮੰਦ,*** **کسلناک** ***ਕਸਲਨਾਕ*** : ਸੁਸਤ, ਬੀਮਾਰ, ਰੋਗੀ, ਕਾਇਰ।

کسمہ ***ਕਸਮਾ*** : ਓਹ ਵਾਲ ਜੋ ਔਰਤਾਂ ਜ਼ੁਲਫਾਂ ਤੋਂ ਕੱਟ ਕੇ ਤੇ ਮੋੜ ਕੇ ਗੱਲ੍ਹਾਂ ਉਤੇ ਰੱਖਦੀਆਂ ਹਨ, ਲਿਟ।

کسنی ***ਕਸਨੀ*** : ਕਾਸਨੀ ਦਾ ਸੰਖਿਪਤ ਰੂਪ।

کسوت ***ਕਿਸਵਤ*** : ਪੋਸ਼ਾਕ, ਲਿਬਾਸ।

کسوتِ خام ***ਕਿਸਵਤ-ਏ-ਖ਼ਾਮ*** : ਕੱਚੇ ਚਮੜੇ ਦੀ ਲਿਬਾਸ।

کسوتِ کافوری ***ਕਿਸਵਤ-ਏ-ਕਾਫ਼ੂਰੀ*** : ਬਰਫ਼।

کسوف ***ਕੁਸੂਫ਼*** : ਗੁਮਨਾਮੀ ਵਿਚ ਹੋਣਾ; ਬਦਹਾਲ ਹੋਣਾ; ਸੂਰਜ ਦਾ ਗਰੈਹਣ ਆਮ ਤੌਰ ਤੇ ਸੂਰਜ ਗਰੈਹਣ ਨੂੰ ਹੀ 'ਕੁਸੂਫ਼' ਕੈਂਹਦੇ ਹਨ; ਚੰਦ-ਗਰੈਹਣ ਲਈ ਖ਼ਸੂਫ਼ ਸ਼ਬਦ ਵਰਤਿਆ ਜਾਂਦਾ ਹੈ।

کس وکو ***ਕਸ-ੳ-ਕੂ,*** **کس وکوی** ***ਕਸ-ੳ-ਕੂਯ*** ; ਸਾਕ-ਅੰਗ, ਸਬੰਧੀ, ਟੱਬਰ-ਟੀਹਰ, ਯ਼ਾਰ-ਦੋਸਤ।

کسی ***ਕਸੇ*** : ਕੋਈ ਆਦਮੀ।

کسیر ***ਕਸੀਰ*** : ਟੁਟਿਆ ਹੋਇਆ।

کسیف ***ਕਸੀਫ਼*** : ਛੁਪਿਆ ਹੋਇਆ, ਲੁਪਤ; ਭੈੜੇ ਹਾਲ ਵਾਲਾ; ਚਿੜਚਿੜਾ।

کش ***ਕਸ਼*** : ਤੂੰ ਖਿੱਚ; ਹੁੱਕੇ ਜਾਂ ਸਿਗਰਟ ਦਾ ਦਮ ਜਾਂ ਕਸ਼, ਸੂਟਾ,ਬਗ਼ਲ, ਕੱਛ, ਕਛੇ ਹੱਥ ਰੱਖਣਾ, ਛਾਤੀ, ਸੀਨਾ; ਕਮਰ, ਲੱਕ, ਕੁੱਖ;ਨੁੱਕਰ ਗੁੱਠ।

کشاد ***ਕੁਸ਼ਾਦ*** : (ਕੁਸ਼ਾਦਾ **کشادہ** ਦਾ ਸੰਖਿਪਤ ਰੂਪ ਹੈ, ਉਸ ਨੇ ਖੋਲ੍ਹਿਆ, ਖੁਲ੍ਹਾ, ਵਿਸ਼ਾਲ, ਚੌੜਾ; ਵਿਜੈ, ਖੁਸ਼ੀ, ਅਨੰਦ; ਤੀਰ ਛੁਟਣਾ।

کشادکار ***ਕੁਸ਼ਾਦਕਾਰ*** : ਮੰਤਵ ਪੂਰਾ ਹੋਣਾ, ਮਨੋਰਥ ਦਾ ਦਰ ਖੋਲ੍ਹ ਦੇਣਾ।

کشادگی ***ਕੁਸ਼ਾਦਗੀ*** : ਫੈਲਾ; ਵਿਸ਼ਾਲਤਾ, ਚੁੜਾਈ।

کشادنامہ ***ਕੁਸ਼ਾਦ-ਨਾਮਾ*** : ਸ਼ਾਹੀ ਫਰਮਾਨ; ਮਾਫ਼ੀ ਦਾ ਪਰਵਾਨਾ; ਰਿਹਾਈ ਪੱਤਰ; ਤਲਾਕ-ਨਾਮਾ।

کشادن ***ਕੁਸ਼ਾਦਨ*** : ਖੁਲ੍ਹਣਾ, ਖੋਲ੍ਹਣਾ।

کشادہ ***ਕੁਸ਼ਾਦਾ*** : ਖੁਲ੍ਹਾ; ਵਿਸ਼ਾਲ, ਲੰਮਾ ਚੌੜਾ, ਫੈਲਿਆ ਹੋਇਆ।

کشادہ جبین ***ਕੁਸ਼ਾਦਾ-ਜਬੀਨ,*** **کشادہ رو** ***ਕੁਸ਼ਾਦਾ-ਰੂ*** : ਹਸਮੁਖ ਆਦਮੀ।

کشادہ دل ***ਕੁਸ਼ਾਦਾ-ਦਿਲ*** : ਸਖ਼ੀ, ਦਾਨੀ।

کشادہ روئی ***ਕੁਸ਼ਾਦਾ-ਰੂਈ*** : ਖੁਸ਼ੀ, ਹਸ-ਮੁਖੀ।

کشادہ کف ***ਕੁਸ਼ਾਦਾ-ਕਫ਼*** : ਖੁਲ੍ਹੇ ਹੱਥਾਂ ਵਾਲਾ, ਸ਼ਾਹ-ਖਰਚ/ਦਾਨੀ।

کشاف ***ਕੱਸ਼ਾਫ਼*** : ਬੌਹਤ ਖੋਲ੍ਹਣ ਵਾਲਾ; ਪੂਰਾ ਪਰਦਾ ਚੁੱਕਣ ਵਾਲਾ; ਪਰਗਟ ਕਰਨ ਵਾਲਾ; ਕੁਰਾਨ ਮਜੀਦ ਦੇ ਇਕ ਟੀਕੇ ਦਾ ਨਾਮ।

کشاکش ***ਕਸ਼ਾਕਸ਼*** : ਖਿੱਚ, ਆਕਰਸ਼ਣ; ਖਿੱਚੋਤਾਣੀ, ਪਰੇਸ਼ਨੀ।

کشاں ***ਕਸ਼ਾਂ*** : ਖਿੱਚਦਿਆਂ ਹੋਇਆਂ।

کشاں کشاں ***ਕਸ਼ਾਂ ਕਸ਼ਾਂ*** : ਖਿਚਦੇ ਹੋਏ; ਜਲਦੀ-ਜਲਦੀ।

کشاں ਕਸ਼ਾਂ : ਇਕ ਚੋਬ ਵਾਲਾ ਤੰਬੂ।

کشاورز ***ਕਸ਼ਾਵਰਜ਼*** : ਕਿਸਾਨ, ਖੇਤੀਬਾੜੀ ਕਰਨ ਵਾਲਾ, ਵਾਹਕ; ਵਾਹਿਆ ਹੋਇਆ ਖੇਤ, ਗੰਵਾਰ।

کشاورزی ***ਕਸ਼ਾਵਰਜ਼ੀ*** : ਖੇਤੀਬਾੜੀ, ਵਾਹੁਣਾ, ਬੀਜਣਾ, ਕਿਰਸਾਣੀ।

کشائش ***ਕੁਸ਼ਾਇਸ਼*** : ਖੁਲ੍ਹ-ਦਿਲੀ; ਸਪਸ਼ਟਤਾ, ਖ਼ੁਸ਼ੀ, ਖ਼ੁਸ਼ਹਾਲੀ; ਚਾਲ।

کِشتن ***ਕਿਸ਼ਤਨ*** : ਬੀਜਣਾ।

کِشت ***ਕਿਸ਼ਤ*** : ਬੀਜ; ਬੀਜਿਆ ਹੋਇਆ ਖੇਤ; ਖੇਤੀ, ਮਾਤ, ਸ਼ਤਰੰਜ ਵਿਚ ਬਾਦਸ਼ਾਹ ਦਾ ਅਜੇਹੇ ਘਰ ਵਿਚ ਹੋਣਾ ਕਿ ਜਿਥੇ ਉਸ ਤੋਂ ਬਿਨਾ ਕੋਈ ਹੋਰ ਮੋਹਰਾ ਹੁੰਦਾ ਤਾਂ ਮਾਰਿਆ ਜਾਂਦਾ।

کشتِزار ***ਕਿਸ਼ਤ-ਜ਼ਾਰ*** : ਖੇਤੀ, ਹਰਿਆ ਭਰਿਆ ਖੇਤ; ਤਿਆਰ ਖੇਤੀ।

کِشتکار ***ਕਿਸ਼ਤਕਾਰ,*** **کِشتبان,** ***ਕਿਸ਼ਤਬਾਨ,*** **کِشتکاری** ***ਕਿਸ਼ਤਕਾਰੀ*** : ਖੇਤ ਬੀਜਣ ਵਾਲਾ, ਕਾਸ਼ਤਕਾਰ, ਕਿਰਸਾਣ; ਖੇਤੀ, ਕਿਰਸਾਣੀ।

کِشتورز ***ਕਿਸ਼ਤਵਰਜ਼,*** **کِشتورزی,** ***ਕਿਸ਼ਤਵਰਜ਼ੀ*** : ਕਿਰਸਾਣ, ਵਾਹਕ; ਵਾਹੀ; ਖੇਤੀ, ਕਿਰਸਾਣੀ।

کِشته, ***ਕਿਸ਼ਤਾ*** : ਬੀਜੀਆ ਹੋਇਆ।

کُشتن ***ਕੁਸ਼ਤਨ*** : ਮਾਰ ਦੇਣਾ, ਕਤਲ ਕਰਨਾ।

کشته ***ਕੁਸ਼ਤਾ*** **کشتار** ***ਕੁਸ਼ਤਾਰ,*** : ਮਾਰਿਆ ਹੋਇਆ; ਜ਼ਿਬ੍ਹਾ ਕੀਤਾ ਹੋਇਆ; ਕਸਾਈ ਦੇ ਬੱਕਰਾ ਨੂੰ ਜ਼ਿਬ੍ਹਾ ਕਰਨਾ।

کشتگان ***ਕੁਸ਼ਤਗਾਨ*** : ਕਤਲ ਕੀਤੇ ਹੋਏ, ਮਾਰੇ ਗਏ।

کشتگانزنده ***ਕੁਸ਼ਤਗਾਨ-ਏ-ਜ਼ਿੰਦਾ*** : ਸ਼ਹੀਦ।

کشتنی ***ਕੁਸ਼ਤਨੀ*** : ਮਾਰਨ-ਯੋਗ, ਕੁਰਬਾਨੀ-ਯੋਗ।

کشتوخون ***ਕੁਸ਼ਤ-ਓ-ਖ਼ੂਨ*** : ਖ਼ੂਨ ਖ਼ਰਾਬਾ, ਮਾਰਕੁੱਟ, ਮਾਰ ਧਾੜ।

کشته ***ਕੁਸ਼ਤਾ*** : ਮਾਰਿਆ ਹੋਇਆ, ਜ਼ਿਬ੍ਹਾ ਕੀਤਾ ਹੋਇਆ; ਕਤਲ ਕੀਤਾ ਹੋਇਆ; ਧਾਤ ਜੋ ਭਸਮ ਕੀਤੀ ਹੋਈ।

کشتی ***ਕਸ਼ਤੀ/ਕਿਸ਼ਤੀ*** : (ਪੰਜਾਬੀ ਵਿਚ ਪਰਚਲਤ ਰੂਪ "ਕਿਸ਼ਤੀ" ਹੈ) ਬੇੜੀ, ਡੋਂਗਾ; ਪਿਆਲਾ, ਰਕਾਬੀ।

کشتیبان ***ਕਸ਼ਤੀਬਾਨ*** : ਕਿਸ਼ਤੀ ਚਲਾਉਣ ਵਾਲਾ ਮੱਲਾਹ, ਖੇਵਾ।

کشتیبانی ***ਕਸ਼ਤੀਬਾਨੀ*** : ਕਿਸ਼ਤੀ ਚਲਾਉਣ ਦਾ ਕੰਮ।

کشتیبخار ***ਕਸ਼ਤੀ-ਏ-ਬੁਖ਼ਾਰ*** : ਸਟੀਮ ਬੋਟ, ਅਗਨ ਬੋਟ।

کشتیِزر ***ਕਸ਼ਤੀ-ਏ-ਜ਼ਰ*** : ਏਕਮ ਦਾ ਚੰਦ; ਸੂਰਜ।

کشتیِغم ***ਕਸ਼ਤੀ-ਏ-ਗ਼ਮ*** : ਸੰਸਾਰ।

کشتیکش ***ਕਸ਼ਤੀ-ਕਸ਼*** : ਮੱਲਾਹ।

کشتیگاه ***ਕਸ਼ਤੀ-ਗਾਹ*** : ਪਿਆਕ, ਸ਼ਰਾਬੀ, ਬੰਦਰਗਾਹ, ਤਟ, ਪੱਤਣ।

کشش ***ਕਸ਼ਿਸ਼*** : ਖਿੱਚਣਾ, ਸਮੋਣਾ, ਜਜ਼ਬ ਕਰਨਾ, ਖਿੱਚ, ਆਕਰਸ਼ਣ; ਮੇਲ, ਰੁਝਾਨ।

کششِزمین ***ਕਸ਼ਿਸ਼-ਏ-ਜ਼ਮੀਨ*** : ਧਰਤੀ ਦੀ ਓਹ ਖਿੱਚ ਜੋ ਹਰ ਸ਼ੈ ਨੂੰ ਆਪਣੇ ਧੁਰੇ/ਕੇਂਦਰ ਵੱਲ ਖਿੱਚਦੀ ਹੈ।

کشف ***ਕਸ਼ਫ਼*** : ਕਿਸੇ ਚੀਜ਼ ਤੋਂ ਪਰਦਾ ਲਾਹੁਣਾ; ਨੰਗਾ ਕਰਨਾ, ਪਰਗਟ ਕਰਨਾ; ਖੋਲ੍ਹਣਾ, ਓਹ ਦਰਜਾ ਜਿਸ ਵਿਚ ਗ਼ੈਬ ਦੇ ਸਾਰੇ ਭੇਦ ਖੁਲ੍ਹ ਜਾਂਦੇ ਹਨ; ਕਪਾਟ ਖੁੱਲ੍ਹਣਾ।

کشک ***ਕਿਸ਼ਕ*** : ਚੌਕੀਦਾਰੀ, ਦਰਬਾਨੀ।

کشکچی ***ਕਿਸ਼ਕਚੀ,*** **کشکچیباشی** ***ਕਿਸ਼ਕਚੀਬਾਸ਼ੀ,*** **کشکدار** ***ਕਿਸ਼ਕਦਾਰ*** : ਪਾਸਬਾਨ, ਚੌਕੀਦਾਰ, ਦਰਬਾਨ।

کشکلہ **ਕਸ਼ਕਲਾ,** کشکہ **ਕਸ਼ਕਾ** : ਇਕ ਕਿਸਮ ਦੀ ਜੁੱਤੀ।

کشکنجیر **ਕੁਸ਼ਕੰਜੀਰ** : ਕਿਲ੍ਹੇ ਦੀ ਦੀਵਾਰ ਤੋੜਨ ਵਾਲਾ ਸੰਦ, ਮੈਹਲ ਵਿਚ ਪਾੜ ਲਾਉਣ ਵਾਲਾ ਜੰਤਰ, ਵੱਡੀ ਤੋਪ, ਤੋਪ ਦਾ ਗੋਲਾ।

کشکنہ **ਕਸ਼ਕਿਨਾ,** کشکین **ਕਸ਼ਕੀਨ,** کشکینہ **ਕਸ਼ਕੀਨਾ** : ਜੌਆਂ ਦੀ ਰੋਟੀ, ਕਈ ਅੰਨ ਮਿਲਾ ਕੇ ਬਣਾਈ ਰੋਟੀ।

کشکول **ਕਸ਼ਕੂਲ** : ਭਿੱਖਿਆ ਮੰਗਣ ਵਾਲਾ ਠੂਠਾ, ਕਾਸਾ, ਫ਼ਕੀਰਾਂ ਦੀ ਕਿਸ਼ਤੀ।

کشمر **ਕਿਸ਼ਮਰ** : ਖ਼ੁਰਾਸਾਨ ਵਿਚ ਇਕ ਪਿੰਡ ਦਾ ਨਾਮ; ਤੁਰਕਿਸਤਾਨ ਦੇ ਇਕ ਸ਼ੈਹਰ ਦਾ ਨਾਮ।

کشمش **ਕਿਸ਼ਮਿਸ਼** : ਇਕ ਪਰਕਾਰ ਦੇ ਛੋਟੇ ਸੁੱਕੇ ਹੋਏ ਅੰਗੂਰ, ਦਾਖਾਂ, ਸੌਗੀ।

کشمکش **ਕਸ਼ਮਕਸ਼** : ਖਿੱਚੋਤਾਣ, ਫ਼ਸਾਦ, ਝਗੜਾ, ਰੰਜ, ਗ਼ਮ, ਝੁੜ, ਘਾਟ।

کشمور **ਕਸ਼ਮੂਰ** : ਮਾਰੂਥਲ ਵਿਚ ਇਕ ਜਗ੍ਹਾ ਦਾ ਨਾਮ।

کشن **ਕਸ਼ਨ** : ਭੀੜ, ਇੱਕਠ, ਬੌਹਤ ਜ਼ਿਆਦਾ।

کشنیج/کشنیر **ਕਸ਼ਨੀਜ/ਕਸ਼ਨੀਚ** : ਧਨੀਆ।

کشواد **ਕਿਸ਼ਵਾਦ** : ਕੈਕਾਊਸ ਦੇ ਇਕ ਪੈਹਲਵਾਨ ਦਾ ਨਾਮ।

کشودن **ਕਸ਼ੂਦਨ** : ਖੁਲ੍ਹਣਾ, ਖੋਲ੍ਹਣਾ।

کشور **ਕਿਸ਼ਵਰ** : ਮੁਲਕ, ਦੇਸ਼।

کشورخدا **ਕਿਸ਼ਵਰ–ਖ਼ੁਦਾ,** کشورخدیو **ਕਿਸ਼ਵਰ–ਖ਼ਿਦੀਵ,** کشورکشا **ਕਿਸ਼ਵਰ–ਕੁਸ਼ਾ,** کشورگیر **ਕਿਸ਼ਵਰ–ਗੀਰ** : ਬਾਦਸ਼ਾਹ, ਸ਼ਾਸਕ, ਸਮਰਾਟ।

کشورر **ਕਿਸ਼ਵਰਚ** : ਬਜ਼ੁਰਗ, ਵੱਡਾ ਆਦਮੀ।

کشہ **ਕਸ਼ਾ** : ਫ਼ਕੀਰ, ਮੰਗਤਾ; ਜਾਨਵਰ ਦਾ ਤੰਗ, ਅਸਾਨੀ, ਸੌਖ, ਉਂਗਲ ਜਾਂ ਕਲਮ ਨਾਲ ਖਿੱਚੀ ਲੀਕ।

کشیدن **ਕਸ਼ੀਦਨ** : ਖਿੱਚਣਾ, ਸੈਹਣਾ।

کشیدگی **ਕਸ਼ੀਦਗੀ** : ਖਿੱਚੋਤਾਣ, ਰੰਜਸ਼ , ਬਰਦਾਸ਼ਤ ਕਰਨਾ।

کشیدہ **ਕਸ਼ੀਦਾ** : ਖਿਚਿਆ ਹੋਇਆ, ਕੱਢਿਆ ਹੋਇਆ, ਯੋਗ, ਸਜਾਇਆ ਹੋਇਆ, ਲੰਮਾ, ਉੱਚਾ, ਕੱਪੜੇ ਉਤੇ ਕਢਾਈ ਦਾ ਕੰਮ।

کشیدہخاطر **ਕਸ਼ੀਦਾ–ਖ਼ਾਤਿਰ** : ਨਰਾਜ਼, ਦੁਖੀ ਦਿਲ, ਸਤਿਆ ਹੋਇਆ।

کشیش **ਕਸ਼ੀਸ਼** : ਲਾਟ ਪਾਦਰੀ, ਈਸਾਈਆਂ ਦਾ ਧਾਰਮਕ ਨੇਤਾ, ਪੁਜਾਰੀ।

کشیک **ਕਿਸ਼ੀਕ** : ਪੈਹਰਾ, ਚੌਕੀ, ਪੈਹਰੇਦਾਰ।

کشیکچی **ਕਿਸ਼ੀਕਚੀ** : ਸੰਤਰੀ, ਚੌਕੀਦਾਰ।

کشیکخانہ **ਕਿਸ਼ੀਕਖ਼ਾਨਾ** : ਚੌਕੀ, ਥਾਣਾ।

کعب **ਕਅਬ** : ਗਿੱਟਾ; ਜੂਆ ਖੇਡਣ ਵਾਲਾ ਚਕੋਰ ਪਾਸਾ, ਨਰਦ, ਬਾਂਸ ਦੀ ਪੋਰੀ ਵਿਚਲੀ ਗੰਢ, ਉੱਚੀ ਸ਼ੈ; ਬਜ਼ੁਰਗੀ, ਸਤਕਾਰ, ਮਾਣ, ਕਿਸੇ ਸੰਖਿਆ ਦਾ ਤੀਜਾ-ਭਾਗ।

کعبتین **ਕਅਬਤੈਨ** : ਜੂਏ ਲਈ ਦੋ ਪਾਸੇ (ਜੋ ਚਕੋਰ ਹੱਡੀ ਦੇ ਛੇ ਰੁਖ ਦੇ ਹੁੰਦੇ ਹਨ ਤੇ ਹਰ ਪੱਖ ਉਤੇ ਇਕ ਤੋਂ ਛੇ ਤਕ ਦੇ ਅੰਕੜੇ ਉਕਰੇ ਹੁੰਦੇ ਹਨ) ਪਾਸਿਆਂ ਦੀ ਜੋੜੀ, ਦੋਵੇਂ ਗਿੱਟੇ।

کعبہ **ਕਅਬਾ** : ਉੱਚਾ, ਹਰੇਕ ਮੁਰੱਬਾ ਇਮਾਰਤ, ਰੱਬ ਦਾ ਘਰ, ਮੱਕਾ ਸ਼ਰੀਫ਼, ਕਿਬਲਾ; ਪਾਂਸਾ।

کف **ਕਫ਼** : ਹਥੇਲੀ, ਪੰਜਾ, ਮੁੱਠੀ; ਪੈਰ ਦਾ ਤਲਾ, ਝੱਗ, ਜੁੱਤੀ ਦਾ ਪਤਾਵਾ, ਪੈਰ ਦਾ ਤਲਾ।

کفِبیضا **ਕਫ਼–ਏ–ਬੈਜ਼ਾ** : ਚਿੱਟਾ ਹੱਥ, ਹਜ਼ਰਤ ਮੂਸਾ ਦਾ ਹੱਥ ਜੋ ਆਂਡੇ ਵਾਂਗ ਚਿੱਟਾ ਸੀ।

کفِپا **ਕਫ਼–ਏ–ਪਾ** : ਪੈਰ ਦਾ ਤਲਾ।

کفا **ਕਿਫ਼ਾ** : ਰੰਜ, ਤੰਗੀ, ਮੇਹਨਤ।

کفّار **ਕੁੱਫ਼ਾਰ** : (ਕਾਫ਼ਿਰ کافر ਦਾ

ਬੌਹਵਚਨ) ਰੱਬ. ਤੋਂ ਮੁਨਕਰ ਲੋਕ, ਨਾਸ਼ੁਕਰੇ ਲੋਕ, ਇਨਕਾਰ ਕਰਨ ਵਾਲੇ।

کفّارہ/کفّارۃ ***ਕੱਫ਼ਾਰਤ/ਕੱਫ਼ਾਰਾ*** : ਓਹ ਖ਼ੈਰਾਤ ਜੋ ਗੁਨਾਹਾਂ ਨੂੰ ਮਿਟਾ ਦੇਵੇ, ਗੁਨਾਹ ਦੇ ਬਦਲੇ ਦੀ ਚੀਜ਼, ਗੁਨਾਹ, ਭੁੱਲ ਤੇ ਪਾਪ ਨਾਸ਼ ਕਰਨ ਲਈ ਕੀਤਾ ਦਾਨ-ਪੁੰਨ, ਗੁਨਾਹ ਦਾ ਬਦਲਾ, ਭੁੱਲ ਤੇ ਕਸੂਰ ਦਾ ਡੰਡ ਜੇਹੜਾ ਰੱਬ ਵੱਲੋਂ ਮੁਕੱਰਰ ਹੈ।

کفالت ***ਕਫ਼ਾਲਤ*** : ਕਫ਼ੀਲ ਹੋਣਾ, ਜ਼ਮਾਨਤ, ਜ਼ੁੰਮੇਵਾਰੀ, ਆਪਣੇ ਜ਼ੁੰਮੇ ਕੋਈ ਕੰਮ ਲੈਣਾ।

کفالت‌نامہ ***ਕਫ਼ਾਲਤਨਾਮਾ*** : ਜ਼ਮਾਨਤ ਨਾਮਾ, ਜ਼ਮਾਨਤ ਦਾ ਦਸਤਾਵੇਜ਼।

کفایت ***ਕਿਫ਼ਾਯਤ*** : ਕਾਫ਼ੀ ਹੋਣਾ, ਬਸ ਹੋਣਾ, ਲੋੜ ਅਨੁਸਾਰ ਨਫ਼ਾ ਲੈਣਾ, ਲਾਭ; ਯੋਗਤਾ, ਬੱਚਤ, ਸਰਫ਼ਾ, ਕਮੀ।

کفایت‌شعار ***ਕਿਫ਼ਾਯਤ-ਸ਼ਿਆਰ*** : ਬੱਚਤ ਕਰਨ ਵਾਲਾ, ਘਟ ਖ਼ਰਚ ਕਰਨ ਵਾਲਾ, ਸੰਜਮੀ।

کفایت‌شعاری ***ਕਿਫ਼ਾਯਤ-ਸ਼ਿਆਰੀ*** : ਬੱਚਤ, ਸਰਫ਼ਾ।

کفتار ***ਕਫ਼ਤਾਰ*** : ਬਿੱਜੂ, ਲਗੜ ਬਗੜ, ਜਾਦੂਗਰਨੀ, ਕਫ਼ਨ ਚੋਰ।

کفتر ***ਕਫ਼ਤਰ,*** کفتہ ***ਕਫ਼ਤਾ*** : ਕਬੂਤਰ।

کفچہ ***ਕਫ਼ਚਾ*** : ਚਮਚਾ, ਕੜਛੀ, ਡੋਈ; ਕੁੰਡਲ, ਸੱਪ ਦਾ ਫ਼ਣ।

کفر ***ਕੁਫ਼ਰ*** : ਖ਼ੁਦਾ ਦੀ ਜ਼ਾਤ ਤੋਂ ਮੁਨਕਰ ਹੋਣਾ।

کفران ***ਕੁਫ਼ਰਾਨ*** : ਇਕ ਰੱਬ ਨੂੰ ਨਾ ਮੰਨਣਾ, ਬੇਦੀਨੀ, ਨਾਸ਼ੁਕਰਗੁਜ਼ਾਰੀ।

کفرہ ***ਕੁਫ਼ਰਾ*** : ਕਾਫ਼ਿਰ ਦਾ ਬੌਹਵਚਨ।

کفری ***ਕੁਫ਼ਰੀ*** : ਬੌਹਤੇ ਕਾਫ਼ਿਰ, ਬੇਦੀਨ।

کفش ***ਕਫ਼ਸ਼*** : ਜੁੱਤੀ।

کفش‌دوز ***ਕਫ਼ਸ਼ ਦੋਜ਼*** : ਜੁੱਤੀਆਂ ਸਿਊਣ ਵਾਲਾ, ਮੋਚੀ, ਚਮਾਰ।

کفش‌ربا ***ਕਫ਼ਸ਼ ਰੁਬਾ*** : ਜੁੱਤੀ-ਚੋਰ।

کفشگر ***ਕਫ਼ਸ਼ਗਰ*** : ਜੁੱਤੀਆਂ ਦਾ ਵਪਾਰੀ; ਜੁਤੀਆਂ ਬਣਾਉਣ ਵਾਲਾ।

کفشیر ***ਕਫ਼ਸ਼ੀਰ*** : ਕਲਈ, ਸੁਹਾਗਾ।

کفگیر ***ਕਫ਼ਗੀਰ*** : ਝੱਗ ਤੇ ਮੈਲ ਲਾਹੁਣ ਵਾਲਾ, ਝਰਨਾ; ਚਮਚਾ, ਡੋਈ, ਕੜਛੀ।

کفن ***ਕਫ਼ਨ*** : ਓਹ ਕੱਪੜਾ ਜਿਸ ਵਿਚ ਮੁਰਦੇ ਨੂੰ ਲਪੇਟਦੇ ਹਨ, ਖੱਫਣ।

کفنی ***ਕਫ਼ਨੀ*** : ਓਹ ਕੱਪੜਾ ਜੋ ਮੁਰਦੇ ਦੇ ਗਲ ਵਿਚ ਪਾਉਂਦੇ ਹਨ, ਕਫਨ ਦਾ ਇਕ ਹਿੱਸਾ, ਫ਼ਕੀਰਾਂ ਦਾ ਚੋਗਾ ਜੋ ਓਹ ਬਿਨਾ ਸੀਊਂਤੇ ਪਾਉਂਦੇ ਹਨ।

کفور ***ਕਫ਼ੂਰ*** : ਕੁਫ਼ਰ ਕਰਨ ਵਾਲਾ, ਨਾਸ਼ੁਕਰਾ।

کفور ***ਕੁਫ਼ੂਰ*** : ਕੁਫ਼ਰ।

کفہ ***ਕਫ਼ਾ*** : ਅਨਾਜ ਦੀ ਬੱਲੀ, ਮੱਕੀ ਦੀ ਛੱਲੀ, ਛੱਲੀਆਂ ਆਦਿ ਭਾਵ ਹਰ ਓਹ ਸਿੱਟਾ ਜਿਸ ਵਿਚ ਅੰਨ ਦੇ ਦਾਣੇ ਹੋਣ, ਡਫ, ਡਫਲੀ, ਗੋਲ ਚੱਕਰ, ਅੱਧ - ਪੱਕੇ ਦਾਣਿਆਂ ਦੀ ਬੱਲੀ।

کفہ ***ਕੁਫ਼ਾ*** : ਝੱਗੇ ਜਾਂ ਚੋਲੇ ਦਾ ਹਾਸ਼ੀਆ, ਸੰਜਾਫ਼।

کفہ ***ਕਿਫ਼ਾ*** : ਤੱਕੜੀ ਦਾ ਪੱਲਾ, ਪੱਲੇ ਵਰਗੀ ਗੋਲ ਚੀਜ਼, ਮਸੂੜਾ।

کفیل ***ਕਫ਼ੀਲ*** : ਜ਼ਮਾਨਤੀ, ਜ਼ੁੰਮੇਵਾਰ, ਦੂਜੇ ਦੇ ਕੰਮ ਨੂੰ ਖ਼ੁਸ਼ੀ ਨਾਲ ਆਪਣੇ ਜ਼ੁੰਮੇ ਲੈਣਾ, ਪਰਾਏ ਕੰਮ ਨੂੰ ਖ਼ੁਦ ਸੰਭਾਲਣ ਵਾਲਾ।

کک ***ਕਕ*** : ਕਾਕ, ਕੇਕ, ਰੋਗ਼ਨੀ ਰੋਟੀ, ਇਕ ਕਿਸਮ ਦਾ ਘਾਹ।

کک ***ਕੁਕ*** : ਕੁੜਕ ਹੋ ਗਈ ਕੁਕੜੀ, ਆਂਡੇ ਦੇਣ ਪਿਛੋਂ ਕੁਕੜੀ ਦਾ ਬੈਠੇ ਰੈਹਣਾ; ਘਾਹ ਦੀ ਜੜ।

ککچہ ***ਕੁਕਚਾ*** : ਵਡੇਵਾਂ।

کل ***ਕਲ*** : ਗੰਜਾ ਝੋਟਾ, ਹੈਵਾਨ ਦਾ ਸਿਰ।

کل ***ਕਲ*** : ਜਿਸ ਦੇ ਸਿਰ ਤੇ ਵਾਲ ਨਾ ਹੋਣ, ਗੰਜਾ, ਗੰਜ।

کل ***ਕੱਲ*** : ਗੂੰਗਾ, ਟੱਬਰ, ਬਾਲ-ਬੱਚੇ; ਭਾਰ, ਬੋਝ, ਯਤੀਮ ਹੋਣਾ, ਆਜਜ਼ ਹੋਣਾ, ਥੱਕ ਜਾਣਾ। ਨਿਕੰਮਾ।

کل ***ਕੁਲ*** : ਕੁੱਬਾ, ਬੌਹਤ ਛੋਟਾ, ਬੌਹਤ ਨਿਕੰਮਾ; ਪਿੰਡ।

کل ***ਕੁੱਲ*** : ਸਾਰੇ, ਪੂਰਾ, ਸੰਪੂਰਨ; ਫ਼ਾਰਸੀ ਵਿਚ ਬਿਨਾ ਤਸ਼ਦੀਦ (ਸ਼ੱਦ) ਦੇ ਪਰਯੋਗ ਹੁੰਦਾ ਹੈ;

ਸੂਫ਼ੀਆਂ ਦੀ ਪਰਭਾਸ਼ਾ ਵਿਚ ਸਰਬ ਸ਼ਕਤੀਮਾਨ ਅੱਲਾਹ ਨੂੰ 'ਕੁੱਲ' ਕੈਂਹਦੇ ਹਨ।

کلا ***ਕਲਾ*** : ਹਰਾ।

کلاب ***ਕਿਲਾਬ*** : (ਕਲਬ **کلب** ਦਾ ਬੌਹਵਚਨ) ਕੁੱਤੇ।

کلابہ ***ਕਲਾਬਾ,*** **کلافہ** ***ਕਲਾਫ਼ਾ,*** **کلاوہ** ***ਕਲਾਵਾ*** : ਅੱਟੀ, ਚਰਖੇ ਦੀ ਮਾਲ੍ਹ।

کلات ***ਕਲਾਤ*** : ਓਹ ਸ਼ੈਹਰ ਜਾਂ ਕਿਲ੍ਹਾ ਜੋ ਪਹਾੜ ਦੇ ਉੱਤੇ ਸਥਿੱਤ ਹੋਵੇ; ਤੁਰਕਿਸਤਾਨ ਦੇ ਇਕ ਪਿੰਡ ਦਾ ਨਾਮ, ਜਿਥੇ ਕੈਖੁਸਰੋ ਆਪਣੇ ਪਿਤਾ ਸਿਯਾਵਸ਼ ਦੇ ਮਾਰੇ ਜਾਣ ਪਿਛੋਂ ਆਪਣੀ ਮਾਂ ਫ਼ਰੰਗੀਜ਼ ਪਾਸ ਰੈਂਹਦਾ ਸੀ; ਬ਼ਲੋਚਿਸਤਾਨ ਦੀ ਇਕ ਰਿਆਸਤ ਦੀ ਰਾਜਧਾਨੀ; ਪਿੰਡ; ਕੁਸ਼ਤੀ ਦੇ ਇਕ ਦਾਅ ਦਾ ਨਾਮ।

کلاتہ ***ਕਲਾਤਾ*** : ਪਹਾੜੀ ਉੱਤੇ ਸਥਿੱਤ ਛੋਟਾ ਕਿਲ੍ਹਾ ਜਾਂ ਬਸਤੀ, ਖੇਤ।

کلاجو ***ਕਲਾਜੂ*** :ਪਿਆਲਾ।

کلاسنگ ***ਕਲਾਸੰਗ*** : ਘੁਮਾਣੀ, ਗੋਪੀਆ, ਗੁਲੇਲ।

کلاش ***ਕਲਾਸ਼*** : ਮੱਕੜੀ।

کلاش خانہ ***ਕਲਾਸ਼ਖ਼ਾਨਾ*** : ਮੱਕੜੀ ਦਾ ਜਾਲਾ।

کلاغ ***ਕਲਾਗ਼/ਕੁਲਾਗ਼*** : ਕਾਂ, ਪਹਾੜੀ ਕਾਂ।

کلاغِ ابلق ***ਕੁਲਾਗ਼-ਏ-ਅਬਲਕ਼*** : ਇਕ ਪਰਸਿੱਧ ਪੰਛੀ, ਮੈਨਾ।

کلال ***ਕੁਲਾਲ*** : ਮਿੱਟੀ ਦੇ ਭਾਂਡੇ ਬਣਾਉਣ ਵਾਲਾ, ਕੁਮ੍ਹਿਆਰ।

کلال/کلال خانہ ***ਕੁਲਾਲ/ਕਲਾਲ ਖ਼ਾਨਾ*** : ਸ਼ਰਾਬਖ਼ਾਨਾ।

کلالہ ***ਕੁਲਾਲਾ*** : ਟੇਢੀ ਲਿਟ, ਘੁੰਘਰਾਲੀ ਜ਼ੁਲਫ਼।

کلام ***ਕਲਾਮ*** : ਗੱਲ ਬਾਤ, ਵਾਰਤਾਲਾਪ, ਗੱਲ ਕਰਨਾ, ਓਹ ਇਬਾਰਤ ਜੋ ਦੋ ਜਾਂ ਦੋ ਤੋਂ ਵੱਧ ਵਾਕਾਂ ਦੀ ਬਣੀ ਹੋਈ ਹੋਵੇ, ਕਵਿਤਾ।

کلان ***ਕਲਾਨ*** : ਵੱਡਾ, ਬਜ਼ੁਰਗ, ਉੱਚਾ, ਲੰਮਾਂ, ਖੁਲ੍ਹਾ-ਡੁੱਲ੍ਹਾ, ਚੰਗੇਰਾ, ਸਰੇਸ਼ਟ, ਵਡੇਰਾ।

کلان تر ***ਕਲਾਨਤਰ*** : ਬੌਹਤ ਵੱਡਾ, ਉੱਚੀ ਪਦਵੀ ਵਾਲਾ ਚੌਧਰੀ।

کلان روضہ ***ਕਲਾਨ ਰੌਜ਼ਾ*** : ਹਜ਼ਰਤ ਰਸੂਲ ਦਾ ਰੌਜ਼ਾ (ਸਮਾਧ)।

کلان سال ***ਕਲਾਨਸਾਲ*** : ਵੱਡੀ ਉਮਰ ਦਾ।

کلان سالی ***ਕਲਾਨ-ਸਾਲੀ*** : ਵਡੇਰੀ ਉਮਰ; ਬਿਰਧ ਅਵੱਸਥਾ।

کلان کار ***ਕਲਾਨਕਾਰ*** : ਜਿਸ ਨੇ ਵੱਡੇ ਮਾਅਰਕੇ ਮਾਰੇ ਹੋਣਾ; ਤਜਰਬੇਕਾਰ।

کلانی ***ਕਲਾਨੀ*** : ਵਡਿਆਈ, ਲੰਮਾਈ।

کلاوہ ***ਕਲਾਵਾ*** : ਅੱਟੀ, ਸੂਤ ਦੀ ਅੱਟੀ, ਕੱਚਾ ਸੂਤ ਜੋ ਤੱਕਲੇ ਤੇ ਲੱਗਾ ਹੋਵੇ।

کلاہ ***ਕੁਲਾਹ*** : ਟੋਪੀ, ਕਾਲੀ ਭੇਡ ਦੇ ਚੰਮ ਦੀ ਟੋਪੀ ਜੋ ਮੁਸਲਮਾਨ ਫ਼ਕੀਰ ਪੈਹਨਦੇ ਹਨ, ਤਾਜ।

کلاہ چرخ ***ਕੁਲਹਾ-ਏ-ਚਰਖ਼*** : ਸੂਰਜ।

کلاہداری ***ਕੁਲਾਹਦਾਰੀ*** : ਬਾਦਸ਼ਾਹੀ, ਸਲਤਨਤ।

کلاہِ زمین ***ਕੁਲਾਹ-ਏ-ਜ਼ਮੀਨ*** : ਸੂਰਜ, ਚੰਦ, ਅਸਮਾਨ।

کلاہِ سلیمانی ***ਕੁਲਾਹ-ਏ-ਸੁਲੇਮਾਨੀ*** : ਉਮਰ ਅਯਾਰ ਦੀ ਟੋਪੀ, ਜਿਸ ਨੂੰ ਪੈਹਨ ਕੇ ਓਹ ਲੋਕਾਂ ਦੀਆਂ ਨਜ਼ਰਾਂ ਤੋਂ ਛੁਪ ਜਾਂਦਾ ਸੀ।

کلاہ کج کردن ***ਕੁਲਾਹ ਕਜ ਕਰਦਨ*** : ਫ਼ਖ਼ਰ ਕਰਨਾ, ਨਾਜ਼ ਕਰਨਾ, ਘਮੰਡ ਕਰਨਾ।

کلاہِ ملک ***ਕੁਲਾਹ-ਏ-ਮੁਲਕ*** : ਬਾਦਸ਼ਾਹ।

کَلَب ***ਕਲਬ*** : ਚੂੰਝ।

کَلْب ***ਕਲਬ*** : ਕੁੱਤਾ।

کُلِب ***ਕੁਲਿਬ*** : ਹਲਕਿਆ ਹੋਇਆ ਕੁੱਤਾ; ਓਹ ਆਦਮੀ ਜੋ ਹਲਕੇ ਕੁੱਤੇ ਦੇ ਕੱਟਣ ਕਰਕੇ ਪਾਗਲ ਹੋ ਗਿਆ ਹੋਵੇ।

کلبہ ***ਕੁਲਬਾ*** : ਨੁੱਕਰ, ਖੂੰਜਾ, ਤੰਗ ਤੇ ਹਨੇਰਾ ਝੌਂਪੜਾ, ਹੁਜਰਾ, ਦੂਕਾਨ, ਛੋਟਾ ਜੇਹਾ ਘਰ,

ਗਰੀਬਾਂ ਦੀ ਝੌਂਪੜੀ।

کلته ***ਕਲਤਾ*** : ਕੱਟਿਆ ਹੋਇਆ, ਹਰ ਨਾਕਸ ਚੀਜ਼, ਸੋਟਾ, ਕੁਤਕਾ, ਗਤਕਾ, ਲੰਡੂ, ਤੋਤਲਾ।

کلته‌چوب ***ਕਲਤਾ ਚੋਬ*** : ਦਰਵੇਸ਼ ਦਾ ਡੰਡਾ।

کلجان ***ਕਲਜਾਨ/ਕਿਲਜਾਨ*** : ਗੰਦਗੀ ਸੁੱਟਣ ਵਾਲਾ ਟੋਕਰਾ।

کلجه ***ਕਲਜਾ*** : ਵੱਡਾ ਕੋਟ, ਫਰਾਕ।

کلچ ***ਕਲਚ*** : ਮੈਲ, ਗੰਦ, ਕੂੜਾ ਕਰਕਟ; ਗ਼ਰੂਰ, ਅਹੰਕਾਰ।

کلچه ***ਕੁਲਚਾ*** : ਛੋਟੀ ਰੋਟੀ।

کلس ***ਕਲਸ*** : ਗੁਬੰਦ।

کلفت ***ਕੁਲਫ਼ਤ*** : ਰੰਜ, ਦੁੱਖ, ਤਕਲੀਫ਼, ਸਖ਼ਤੀ, ਕਦੂਰਤ, ਮਨ ਦੀ ਮੈਲ।

کُلُفت ***ਕੁਲੁਫ਼ਤ*** : ਖਰ੍ਹਵਾ, ਭੱਦਾ, ਗੰਦਾ, ਮੋਟਾ, ਜੋ ਪੱਧਰਾ ਨਾ ਹੋਵੇ, ਉਘੜ-ਦੁਘੜਾ।

کِلک ***ਕਿਲਕ*** : ਕਲਮ, ਕਾਨੀ, ਕਲਮ ਦਾ ਨੇਜ਼ਾ, ਸਰਕੰਡਾ, ਸਰਕੜਾ, ਖੋਖਲੀ ਨਰਕਲ(ਨਰਸਲ), ਖੋਖਲਾ ਨੜੋਆ(ਨੜਾ)।

کلَک ***ਕਲਕ*** : ਭੀੜ, ਇੱਕਠ, ਰਾਖ, ਸਵਾਹ, ਭੱਠੀ, ਅਸ਼ੁਭ, ਮਨਹੂਸ, ਉੱਲੂ, ਫ਼ਸਦ ਖੋਲ੍ਹਣ ਦਾ ਨਸ਼ਤਰ, ਸ਼ਖ਼ਤੀ; ਜਵਾਨ ਝੋਟਾ, ਸਿਰਦਰਦ।

کلکل ***ਕਲ ਕਲ*** : ਬੇਹੂਦਾ ਬਕਵਾਸ, ਬਕਵਾਸ ਮਾਰਨਾ, ਫ਼ਜ਼ੂਲ ਗੱਲਾਂ, ਸ਼ੋਰ ਸ਼ਰਾਬਾ, ਖੱਪ-ਖੇਡ, ਰੌਲਾ-ਗ਼ੌਲਾ।

کلکی ***ਕਲਕੀ*** : ਕਲਗੀ।

کلگل ***ਕਲਗਲ***, کلل ***ਕਲਲ*** : ਖੰਭਾਂ ਦੀ ਕਲਗੀ।

کلمه ***ਕਲਿਮਾ*** : ਵਾਕ, ਗੱਲ, ਸ਼ਬਦ, ਕਵਿਤਾ, ਕਿੱਸਾ, ਵਿਆਕਰਨ ਵਿਚ ਸਾਰਥਕ ਸ਼ਬਦ।

کلمات ***ਕਲਿਮਾਤ*** : (ਕਲਮਾ کلمه ਦਾ ਬੌਹਵਚਨ) ਬੌਹਤੇ ਵਾਕ।

کلمةالله ***ਕਲਿਮਤ-ਉਲ-ਲਾਹ*** : ਹਜ਼ਰਤ ਈਸਾ।

کلند ***ਕਲੰਦ***, کلنگ ***ਕਲੰਗ*** : ਕਹੀ, ਕੁਦਾਲ।

کلندر ***ਕਲੰਦਰ*** : ਨਾਮਾਕੂਲ ਆਦਮੀ, ਦਰਵਾਜ਼ੇ ਦਾ ਹੋੜਾ, ਕੁੰਦਾ।

کلندره ***ਕਲੰਦਰਾ*** : ਲਕੜ ਦਾ ਕੁੰਦਾ।

کلنگ ***ਕੁਲੰਗ*** : ਇਕ ਪਰਸਿੱਧ ਪੰਛੀ ਜਿਸ ਨੂੰ ਕੂੰਜ ਆਖਦੇ ਹਨ।

کلوب ***ਕੱਲੂਬ*** : ਗਰਮ ਲੋਹਾ ਫੜਨ ਵਾਲੀ ਸੰਨ੍ਹੀ।

کلوته ***ਕੁਲੋਤਾ*** : ਰੂੰਦਾਰ ਨੁਕੀਲੀ ਟੋਪੀ ਜਿਸ ਨਾਲ ਸਰਦੀ ਵਿਚ ਕੰਨ ਢਕੇ ਰੈਂਹਦੇ ਹਨ, ਇਹ ਬੱਚਿਆਂ ਨੂੰ ਪਾਈ ਜਾਂਦੀ ਹੈ, ਫਕੀਰ ਵੀ ਪੈਹਨਦੇ ਹਨ; ਈਰਾਨੀ ਔਰਤਾਂ ਦਾ ਮੂੰਹ ਢੱਕਣ ਵਾਲਾ ਜਾਲੀਦਾਰ ਘੁੰਡ।

کلوخ ***ਕੁਲੂਖ਼*** : ਮਿੱਟੀ ਦਾ ਡਲਾ, ਕੱਚੀ ਇੱਟ, ਪੱਥਰ; ਰੋੜੇ, ਮੂਰਖ, ਬੁੱਧੂ।

کلوخ‌انداز ***ਕੁਲੂਖ਼-ਅੰਦਾਜ਼*** : ਢੇਲੇ ਮਾਰਨ ਵਾਲਾ, ਗੋਪੀਏ ਨਾਲ ਪੱਥਰ ਸੁਟਣ ਵਾਲਾ, ਕਿਲ੍ਹੇ ਦੀ ਫ਼ਸੀਲ ਦੀ ਮੋਰੀ ਵਿਚੋਂ ਦੁਸ਼ਮਣ ਤੇ ਪੱਥਰ ਜਾਂ ਅੱਗ ਸੁੱਟਣ ਵਾਲਾ।

کلوخِ‌راه ***ਕੁਲੂਖ਼-ਏ-ਰਾਹ*** : ਰਸਤੇ ਦਾ ਰੋੜਾ, ਰੁਕਾਵਟ।

کلوز ***ਕੁਲੂਜ਼***, کلوزه ***ਕੁਲੂਜ਼ਾ*** : ਕਪਾਹ ਦਾ ਖੁਲ੍ਹਾ ਟੀਂਡਾ।

کلوک/کلوکی ***ਕੁਲੂਕ/ਕੁਲੋਕੀ*** : ਬੇਅਦਬ, ਬੇਅਕਲ, ਮੂਰਖ, ਬੇਸ਼ਰਮ, ਪਾਗਲ, ਨਿਡਰ, ਗੁਸਤਾਖ਼।

کلوده ***ਕਲੌਦਾ*** : ਤਰ, ਕਕੜੀ।

کله ***ਕਲਾ*** : ਮੂੰਹ, ਗਲ੍ਹ, ਗੱਲ੍ਹ ਦਾ ਟੋਆ; ਗੁਰਜ਼; ਕਮਾਨ, ਚੁਲ੍ਹਾਂ; ਬਖੀਆ, ਚੁੱਲ੍ਹਾ, ਟਾਪੂ ਵਿਚਲਾ ਸ਼ੈਹਰ।

کله ***ਕੱਲਾ*** : ਸਿਰ, ਚੋਟੀ, ਟੀਸੀ, ਮਾਂਗ, ਹਰ੍ਹਜਾਈ, ਬੇਵਫ਼ਾ।

کله ***ਕੁਲਾ*** : (ਕੁਲਾਹ کلاه ਦਾ ਸੰਖਿਪਤ ਰੂਪ) ਟੋਪੀ, ਮਰਦ ਦਾ ਗੁਪਤ ਅੰਗ।

کلهدار ***ਕੁਲਾਦਾਰ*** : ਬਾਦਸ਼ਾਹ, ਘਮੰਡੀ, ਅੰਹਕਾਰੀ।

کلہداری ***ਕੁਲਾਦਾਰੀ*** : ਬਾਦਸ਼ਾਹੀ, ਬਗਾਵਤ।

کلہری ***ਕਲਹਰੀ*** : ਗਾਲੜ੍ਹ, ਕਾਟੋ।

کلہقند ***ਕੱਲਾ-ਕੰਦ*** : ਕਲਾਕੰਦ ਨਾਮੀ ਮਿਠਿਆਈ।

کلی ***ਕੁੱਲੀ*** : ਕੁੱਲ کل ਨਾਲ ਸਬੰਧਤ, ਸਮੁੱਚਾ, ਬੌਹਤ ਸਾਰਿਆਂ ਦਾ ਸਮੂਹ, ਪੂਰਾ।

کلیات ***ਕੁੱਲੀਜਾਤ*** : (ਕੁਲੀਯਾ کلیہ ਦਾ ਬੌਹਵਚਨ) ਇਕੋ ਕਵੀ ਦੇ ਕਲਾਮ ਦਾ ਸੰਗਰੈਹ, ਬੌਹਤ ਸਾਰੇ ਸੰਗਰੈਹ।

کلیہ ***ਕੁਲੀਜਾ*** : ਟੋਲਾ, ਜਥਾ, ਸਾਰੇ, ਸਮੂਹ।

کلیا ***ਕਲੀਯਾ*** : ਖਾਰ, ਸੱਜੀ।

کلیچ ***ਕੁਲੀਜ*** : ਤੰਦੂਰ ਵਿਚ ਡਿਗੀ ਹੋਈ ਰੋਟੀ ਜੋ ਸਵਾਹ ਜਾਂ ਕੋਲਿਆਂ ਵਿਚ ਪੱਕੀ ਹੋਵੇ, ਵੱਡੀ ਰੋਗ਼ਨੀ ਰੋਟੀ।

کلیچہ ***ਕੁਲੀਚਾ*** : ਮੈਦੇ ਦੀ ਖਮੀਰੀ ਰੋਟੀ, ਕੁਲਚਾ।

کلیچۂسیم ***ਕੁਲੀਚਾ-ਏ-ਸੀਮ*** : ਚੰਦ, ਚੋਦ੍ਹਵੀਂ ਦਾ ਚੰਦ।

کلید ***ਕਲੀਦ*** : ਕੁੰਜੀ, ਚਾਬੀ।

کلیدان ***ਕਿਲੀਦਾਨ*** : ਤਾਲਾ, ਜੰਦਰਾ, ਮੁਜਰਮਾਂ ਦੇ ਪੈਰਾਂ ਵਿਚ ਪਾਉਣ ਵਾਲੀ ਬੇੜੀ, ਕੁੰਦਾ, ਮੋਟੀ, ਲੱਕੜੀ, ਕਾਠ।

کلیزہ ***ਕਲੀਜ਼ਾ*** : ਮੱਟ, ਘੜਾ, ਪਿਆਲਾ।

کلیسا/کلیسہ ***ਕਲੀਸਾ***, کلیسیا ***ਕਲੀਸਿਯਾ*** : ਈਸਾਈਆਂ ਦਾ ਪੂਜਾ ਘਰ, ਗਿਰਜਾ, ਗ਼ੈਰ ਇਸਲਾਮੀ ਪੂਜਾ ਘਰ।

کلیلہودمنہ ***ਕਲੀਲਾ-ਉ-ਦਮਨਾ*** : ਦੋ ਗਿੱਦੜਾਂ ਦੇ ਨਾਮ ਜੋ ਪਰਸਿੱਧ ਕਹਾਣੀ ਅਨਵਾਰ-ਏ-ਸੁਹੇਲੀ ਵਿਚ ਆਉਂਦੇ ਹਨ, ਏਹ ਪੁਸਤਕ ਹਿਤੋਪਦੇਸ਼ਾਂ ਦੇ ਅਧਾਰ ਤੇ ਫ਼ਾਰਸੀ ਵਿਚ ਰਚੀ ਗਈ।

کلیم ***ਕਲੀਮ*** : ਕਲਾਮ ਕਰਨ ਵਾਲਾ, ਹਜ਼ਰਤ ਮੂਸਾ ਦੀ ਉਪਾਧੀ, ਕਵੀ, ਫੱਟੜ, ਜ਼ਖ਼ਮੀ।

کلیم‌الله ***ਕਲੀਮ-ਉੱਲਾਹ*** : ਰੱਬ ਨਾਲ ਕਲਾਮ ਕਰਨ ਵਾਲਾ, ਹਜ਼ਰਤ ਮੂਸਾ।

کلیم‌دست ***ਕਲੀਮ-ਦਸਤ*** : ਮੁਬਾਰਕ ਹੱਥ ਵਾਲਾ ਮੂਸਾ।

کلیواج ***ਕਲੀਵਾਜ*** : ਇੱਲ੍ਹ।

کلیون ***ਕੁਲਯੂਨ*** : ਸੱਤ-ਰੰਗਾ ਕੱਪੜਾ।

کم ***ਕਮ*** : ਕੁਝ ਕੁ, ਕਿਸ ਕਦਰ, ਓਹ ਚੀਜ਼ ਜੋ ਵੰਡੀ ਜਾ ਸਕੇ।

کم ***ਕਮ*** : ਥੋੜਾ, ਘੱਟ, ਜ਼ਰਾ ਜਿੰਨਾ; ਨਹੀਂ, ਬਿਲਕੁਲ ਨਹੀਂ, ਨੁਕਸਾਨ, ਛੱਡ ਦੇਣਾ; ਅਜੀਬ; ਘਟੀਆ, ਛੋਟਾ।

کم‌بخت ***ਕਮਬਖ਼ਤ*** : ਬਦਨਸੀਬ, ਅਭਾਗਾ।

کم‌بودگی ***ਕਮਬੂਦਗੀ*** : ਗ਼ਰੀਬੀ, ਕੰਗਾਲੀ।

کم‌بین ***ਕਮਬੀਨ*** : ਈਰਾਖਾਲੂ, ਘੱਟ ਹੌਸਲੇ ਵਾਲਾ, ਅੰਨ੍ਹਾ।

کمتر ***ਕਮਤਰ*** : ਬੌਹਤ ਘੱਟ, ਬੌਹਤ ਥੋੜਾ।

کمترروزگار ***ਕਮਤਰ ਰੋਜ਼ਗਾਰ*** : ਥੋੜਾ ਸਮਾਂ।

کمترکس ***ਕਮਤਰ ਕਸ*** : ਘਟੀਆ ਆਦਮੀ, ਅਦਨਾ।

کمترین ***ਕਮਤਰੀਨ*** : ਬੌਹਤ ਹੀ ਛੋਟਾ, ਪਰਾਰਥਕ।

کم‌جثہ ***ਕਮ-ਜੁੱਸਾ*** : ਮਾੜਾ, ਦੁਬਲਾ-ਪਤਲਾ।

کم‌نصیب ***ਕਮ-ਨਸੀਬ*** : ਅਭਾਗਾ।

کم‌نظر ***ਕਮ-ਨਜ਼ਰ***, کم‌نگاہ ***ਕਮ-ਨਿਗਾਹ***, کم‌نور ***ਕਮ-ਨੂਰ*** : ਘਟ ਨਜ਼ਰ ਵਾਲਾ।

کم ***ਕੁਮ*** : ਕਤੀਰਾ ਗੂੰਦ ਦਾ ਪੇੜ।

کم ***ਕੁਮ*** : (ਅਰਬੀ ਕੁਮ قم) ਇਰਾਕ ਦੇ ਇਕ ਇਲਾਕੇ ਦਾ ਨਾਮ।

کما ***ਕਮਾ*** : ਜੇਹਾ, ਜੇਹਾ ਕਿ।

کما ***ਕਮਾ***, کمایوک ***ਕਮਾਯੂਕ*** : ਤੰਦੂਰ ਵਿਚ ਰੋਟੀ ਲਾਉਣ ਲਈ ਨਾਨਬਾਈ ਦੀ ਗੱਦੀ।

کمابیش ***ਕਮਾਬੇਸ਼*** : ਘੱਟ-ਵੱਧ, ਥੋੜਾ-ਬੌਹਤ।

کماج ***ਕੁਮਾਜ,*** **کماچ** ***ਕੁਮਾਚ*** : ਕੋਲਿਆਂ ਤੇ ਪੱਕੀ ਹੋਈ ਰੋਟੀ, ਓਹ ਰੋਟੀ ਜੇਹੜੀ ਕਿਤੋਂ ਪਤਲੀ ਤੇ ਕਿਤੋਂ ਮੋਟੀ ਹੋਵੇ, ਇਕ ਖ਼ਾਸ ਕਿਸਮ ਦੀ ਰੋਟੀ, ਓਹ ਨਿਕੀ ਜੇਹੀ ਫੱਟੀ ਜੋ ਤੰਬੂ ਦੀ ਚੋਬ ਤੇ ਹੁੰਦੀ ਹੈ, ਮੋਟੀ ਤੇ ਗੋਲ ਸ਼ੈ।

کماحقهٗ ***ਕਮਾਹੱਕੁਹੂ*** : ਜਿਹੋ ਜੇਹਾ ਉਸ ਦਾ ਹੱਕ ਹੈ, ਜਿਵੇਂ ਚਾਹੀਦਾ ਹੈ, ਜਿਵੇਂ ਕਿ ਯੋਗ ਹੈ, ਬੌਹਤ ਠੀਕ, ਸਹੀ।

کماس ***ਕਮਾਸ,*** **کماش** ***ਕਮਾਸ਼*** : ਲੱਕੜ ਦਾ ਪਿਆਲਾ, ਕਾਸਾ, ਫ਼ਕੀਰਾਂ ਦੀ ਚਿੱਪੀ, ਘੱਟ, ਥੋੜਾ।

کمال ***ਕਮਾਲ*** : ਪੂਰਾ, ਤਮਾਮ, ਪੂਰਾ ਹੋਣਾ, ਖ਼ੂਬੀ, ਗੁਣ।

کمالات ***ਕਮਾਲਾਤ*** : (ਕਮਾਲ **کمال** ਦਾ ਬੌਹਵਚਨ) ਖ਼ੂਬੀਆਂ।

کمال اصفهانی ***ਕਮਾਲ ਇਸਫ਼ਹਾਨੀ*** : ਈਰਾਨ ਦਾ ਪਰਸਿੱਧ ਸੂਫ਼ੀ ਸ਼ਾਇਰ ਜੋ ਹਰ ਵੇਲੇ ਭਜਨ ਬੰਦਗੀ ਵਿਚ ਲੀਨ ਰੈਂਹਦਾ ਸੀ, ਓਹ ੬੯੩ ਹਿਜਰੀ ਵਿਚ ਕਾਲਵਾਸ ਹੋਇਆ, ਉਸ ਦਾ ਮਜ਼ਾਰ ਤਬਰੇਜ਼ ਵਿਚ ਹੈ।

کماله ***ਕੁਮਾਲਾ*** : ਇਕ ਪਰਕਾਰ ਦਾ ਘਟ ਕੀਮਤ ਵਾਲਾ ਰੇਸ਼ਮ।

کمالیت ***ਕਮਾਲੀਯਤ*** : ਨਿਪੁੰਨਤਾ, ਪੂਰਨਤਾ।

کمام ***ਕਿਮਾਮ*** : ਉਠ ਦੇ ਮੂੰਹ ਦਾ ਛਿੱਕਾ।

کمان ***ਕਮਾਨ*** : ਤੀਰ ਚਲਾਉਣ ਦਾ ਪਰਸਿੱਧ ਸੰਦ, ਮੂਲ ਵਿਚ 'ਖ਼ਮਾਨ' ਭਾਵ ਝੁਕਣ ਵਾਲਾ ਸੀ, ਦਾਇਰੇ ਦਾ ਕੋਈ ਹਿੱਸਾ।

کمان پشت ***ਕਮਾਨ-ਪੁਸ਼ਤ*** : ਕੁੱਬਾ।

کمان جوله ***ਕਮਾਨ-ਜੂਲਾ*** : ਕਮਾਨ ਰੱਖਣ ਵਾਲਾ ਸਿਪਾਹੀ।

کمان دار ***ਕਮਾਨਦਾਰ*** : ਕਮਾਨ ਰਖਣ ਦੀ ਥਾਂ।

کمانِ رستم/کمانِ بهمن ***ਕਮਾਨ-ਏ-ਰੁਸਤਮ/ਕਮਾਨ-ਏ-ਬਹਮਨ*** : ਸਤਰੰਗੀ ਪੀਂਘ।

کمانِ قروهه ***ਕਮਾਨ-ਏ-ਕ਼ਰੂਹਾ,*** **کمانِ مُهره** ***ਕਮਾਨ-ਏ-ਮੁਹਰਾ*** : ਗੁਲੇਲ, ਗੋਪੀਆ।

کمانچه ***ਕਮਾਨਚਾ*** : ਛੋਟੀ ਕਮਾਨ, ਇਕ ਪਰਸਿੱਧ ਸਾਜ਼ ਦਾ ਨਾਮ, ਗਜ਼ (ਸਾਰੰਗੀ ਦਾ), ਇਸਤਰੀਆਂ ਦਾ ਰੂੰ ਪਿੰਜਣ ਵਾਲਾ ਸੰਦ; ਪਿੰਜਾਈ।

کمانَه ***ਕਮਾਨ਼ਾ*** : ਕਮਾਨੀ, ਵਰਮੇ ਦੀ ਕਮਾਨੀ, ਜਿਸ ਨਾਲ ਤਰਖਾਣ ਵਰਮਾ ਚਲਾਉਂਦਾ ਹੈ, ਸ਼ਰਾਬ ਪੀਣ ਵਾਲਾ ਪਿਆਲਾ।

کماهه ***ਕੁਮਾਹਾ*** : ਤਾਵੀਜ਼, ਤਵੀਤ, ਬਾਜ਼ੂਬੰਦ।

کماینبغی ***ਕਮਾਯਨਬਗ਼ੀ*** : ਜਿਵੇਂ ਕਿ ਚਾਹੀਦਾ ਹੈ, ਜਿਵੇਂ ਯੋਗ ਹੋਵੇ।

کمخاب ***ਕਮਖ਼ਾਬ*** : ਸੁਨੈਹਰੀ ਤਾਰਾਂ ਦਾ ਬੁਣਿਆ ਹੋਇਆ ਜ਼ਰੀ ਦਾ ਕੱਪੜਾ।

کمد ***ਕਮਦ*** : ਛੱਪਰ, ਝੌਂਪੜਾ, ਕੁੱਲੀ।

کمر ***ਕਮਰ*** : ਲੱਕ, ਜਿਸਮ ਦਾ ਵਿਚਕਾਰਲਾ ਭਾਗ, ਪੇਟ ਦਾ ਪਿਛਲਾ ਭਾਗ, ਪਿੱਠ, ਪਿੱਠ ਤੋਂ ਹੇਠਲਾ ਹਿੱਸਾ, ਕਮਰ ਤੇ ਬੰਨ੍ਹਣ ਦਾ ਪਟਕਾ, ਜਾਂ ਪੇਟੀ, ਕਮਰਬੰਦ, ਹਰ ਚੀਜ਼ ਦਾ ਦਰਮਿਆਨੀ ਹਿੱਸਾ, ਉਚਾਈ, ਪਹਾੜ ਦੀ ਉਚਾਈ।

کمربستن ***ਕਮਰ ਬਸਤਨ*** : ਲੱਕ ਬੰਨ੍ਹਣਾ, ਤਿਆਰ ਹੋਣਾ।

کمربسته ***ਕਮਰ ਬਸਤਾ*** : ਤਿਆਰ ਬਰ ਤਿਆਰ, ਨੌਕਰ।

کمربند ***ਕਮਰਬੰਦ*** : ਪਟਕਾ, ਪੇਟੀ, ਅਜ਼ਾਰ-ਬੰਦ, ਨਾਲਾ, ਨੌਕਰ, ਮੈਹਬੂਬ।

کمردار ***ਕਮਰਦਾਰ*** : ਨੌਕਰ, ਬਦਾਸ਼ਾਹ ਦਾ ਗੁਲਾਮ।

کمرسار ***ਕਮਰਸਾਰ,*** **کمرسار** ***ਕਮਰਸਾਜ਼*** : ਘੋੜੇ ਦਾ ਤੰਗ।

کمرکش ***ਕਮਰਕਸ਼*** : ਬਹਾਦਰ, ਦਲੇਰ, ਪੈਹਲਵਾਨ।

کمرا ***ਕਮਰਾ*** : ਰਾਤ ਨੂੰ ਚੌਪਾਏ ਬੰਨ੍ਹਣ ਦੀ ਥਾਂ,

ਵਾੜ; ਮੈਹਲ ਦਾ ਮੈਹਰਬਦਾਰ ਤਾਕ, ਉੱਚੀ ਕੰਧ, ਜੰਭੂ, ਅੰਗਰੇਜ਼ੀ ਢੰਗ ਨਾਲ ਬਣਿਆ ਕੋਠਾ, ਹੁਜਰਾ, ਕੋਠੜੀ, ਕੋਠੀ ਦਾ ਹਰੇਕ ਕਮਰਾ, ਰੇਲ ਜਾਂ ਜਹਾਜ਼ ਦਾ ਡੱਬਾ।

کمرک ***ਕਮਰਕ*** : ਚੁੰਗੀ, ਮਸੂਲ।

کمرکخانہ ***ਕਮਰਕ ਖ਼ਾਨਾ*** : ਮਸੂਲ ਲੈਣ ਦੀ ਥਾਂ, ਚੁੰਗੀ ਖ਼ਾਨਾ।

کمک ***ਕੁਮਕ*** : (ਤੁਰਕੀ ਸ਼ਬਦ 'ਕੂਮੁਕ' **کومک** ਦਾ ਫ਼ਾਰਸੀ ਰੂਪ) ਓਹ ਫ਼ੌਜ ਜੋ ਜੰਗ ਵਿਚ ਮੱਦਦ ਲਈ ਨਿਸ਼ਚਤ ਕੀਤੀ ਜਾਂ ਭੇਜੀ ਜਾਂਦੀ ਹੈ, ਇਮਦਾਦੀ ਫ਼ੌਜ, ਇਮਦਾਦ, ਸਹਾਇਤਾ, ਦੋਸਤੀ।

کمکم ***ਕੁਮਕੁਮ*** : ਮਕਾਨ ਵਿਚ ਸੰਨ੍ਹ ਲਾਉਣ ਦੀ ਅਵਾਜ਼, ਰੁਪਈਏ ਗਿਣਨ ਦੀ ਅਵਾਜ਼, ਕੇਸਰ, ਰੇਤ।

کملول ***ਕੁਮਲੂਲ*** : ਚੁੰਗੀਖ਼ਾਨਾ।

کمند ***ਕਮੰਦ*** : (ਮੂਲ ਰੂਪ ਖ਼ਮੰਦ **خمند**) 'ਖ਼ਮ ' ਤੇ ਪੇਚ ਵਾਲਾ ਫੰਦਾ ਭਾਵ ਇਕ ਪਰਕਾਰ ਦੀ ਚਮੜੇ ਦੀ ਰੱਸੀ ਜੇਹੜੀ ਕਿਸੇ ਦੀ ਗਰਦਨ ਜਾਂ ਬਨੇਰੇ ਤੇ ਸੁੱਟ ਦਿੰਦੇ ਹਨ 'ਤੇ ਉਸ ਰਾਹੀਂ ਗਲ ਘੁੱਟਣ ਜਾਂ ਕੰਧ, ਤੇ ਚੜ੍ਹਨ 'ਚ ਮੱਦਦ ਲੈਂਦੇ ਹਨ, ਰੱਸੀ ਦੀ ਪੌੜੀ ਜਿਸ ਰਾਹੀਂ ਚੋਰ ਮਕਾਨ ਉੱਤੇ ਚੜ੍ਹਦੇ ਹਨ।

کمی ***ਕਮੀ*** : ਥੋੜਾ ਹੋਣਾ, ਘਾਟ, ਥੁੜ, ਕਿੱਲਤ, ਹਾਣ, ਨੁਕਸਾਨ, ਖਸਾਰਾ, ਕੁਤਾਹੀ, ਕਸਰ।

کمی‌بیشی ***ਕਮੀ ਬੇਸ਼ੀ*** : ਵਾਧ-ਘਾਟ।

کمیاب ***ਕਮਯਾਬ*** : ਜੋ ਬੌਹਤ ਘੱਟ ਮਿਲ ਸਕੇ, ਦੁਰਲੱਭ।

کمیت ***ਕੁਮੈਤ*** : ਗੂਹੜੇ ਸੁਰਖ ਰੰਗ ਦਾ ਘੋੜਾ, ਲਾਲੀ ਦੀ ਭਾ ਮਾਰਦਾ ਕਾਲੇ ਰੰਗ ਜਾਂ ਕਾਲੀ ਭਾ ਮਾਰਦਾ ਲਾਲ ਰੰਗ ਦਾ ਘੋੜਾ, ਘੋੜਾ ਜਿਸ ਦੀ ਧੌਣ ਦੇ ਵਾਲ ਤੇ ਪੂਛ ਕਾਲੇ ਹੋਣ; ਅੰਗੂਰੀ ਲਾਲ ਸੁਰਖ਼ ਸ਼ਰਾਬ।

کمیچہ ***ਕਮੇਚਾ*** : ਇਕ ਪਰਸਿੱਧ ਸਾਜ਼, ਛੋਟੀ ਕਮਾਨ, ਕਮਾਨਚਾ।

کمین ***ਕਮੀਨ*** : ਹੋਛਾ, ਨਲਾਇਕ, ਥੋੜਾ, ਘਟ, ਤੁੱਛ, ਨੌਕਰ, ਕਮੀਂ, ਕਮੀਨਾ, ਨੀਚ, ਛੋਟੀ ਉਂਗਲ, ਚੀਚੀ।

کمین‌ذات ***ਕਮੀਨ-ਜ਼ਾਤ*** : ਨੀਵੀਆਂ ਜ਼ਾਤਾਂ।

کمینگی ***ਕਮੀਨਗੀ*** : ਕਮੀਨਾਪਣ, ਨੀਚਤਾ।

کمینہ ***ਕਮੀਨਾ*** : ਨੀਚ; ਤੁੱਛ, ਹੋਛਾ, ਗ਼ੁਲਾਮ, ਨੀਚ ਜ਼ਾਤ ਦਾ।

کمین ***ਕਮੀਨ*** : ਸ਼ਿਕਾਰ ਜਾਂ ਦੁਸ਼ਮਣ ਲਈ ਛੁਪ ਕੇ ਬੈਹਣਾ, ਘਾਤ ਲਾ ਕੇ ਬੈਠਣਾ, ਘਾਤ ਵਿਚ ਬੈਠਣ ਵਾਲਾ।

کمین‌آور ***ਕਮੀਨ-ਆਵਰ,***
کمین‌ساز ***ਕਮੀਨ-ਸਾਜ਼,***
کمین‌گر ***ਕਮੀਨਗਰ*** : ਘਾਤ ਲਾਉਣ ਵਾਲਾ।

کمین‌گاہ ***ਕਮੀਨਗਾਹ*** : ਘਾਤ ਲਾਉਣ ਦੀ ਥਾਂ।

کن ***ਕੁਨ*** : 'ਹੋ ਜਾ' ਅੱਲਾਹ ਦੇ ਉਸ ਹੁਕਮ ਦਾ ਸੰਕੇਤ ਜੋ ਸ਼ਰਿਸ਼ਟੀ ਰਚਨ ਵੇਲੇ ਪੈਹਲੇ ਦਿਨ ਹੋਇਆ ਸੀ।

کناد ***ਕੁਨਾਦ*** : ਕਰੇ! ਰੱਬ ਕਰੇ! ਦੁਆ ਲਈ ਆਉਂਦਾ ਹੈ।

کنار ***ਕਨਾਰ*** : ਕਿਨਾਰਾ, ਕੰਢਾ, ਗੁੱਠ, ਗੋਸ਼ਾ, ਨੁੱਕਰ, ਕੋਰ, ਸੰਜਾਫ਼, ਤਰਫ਼।

کنار ***ਕਿਨਾਰ*** : ਬਗ਼ਲ, ਗੋਦ, ਸੀਨਾ, ਛਾਤੀ, ਬੰਦਗੀ।

کنارہ ***ਕਨਾਰਾ*** : ਪਾਸਾ, ਤਰਫ਼, ਗੋਸ਼ਾ, ਲੋਹੇ ਦਾ ਕੁੰਡਾ, ਖੂੰਟੀ।

کنارہ‌کردن ***ਕਨਾਰਾ ਕਰਦਨ*** : ਅੱਡ ਹੋਣ ਜਾਣਾ, ਇਕ ਪਾਸੇ ਹੋ ਜਾਣਾ, ਛੱਡ ਦੇਣਾ।

کنارہ‌کش ***ਕਨਾਰਾ-ਕਸ਼*** : ਜੋ ਇਕ ਪਾਸੇ ਹੋ ਜਾਵੇ, ਅੱਡ ਹੋਣ ਵਾਲਾ।

کنارہ‌کشی ***ਕਨਾਰਾ-ਕਸ਼ੀ*** : ਇਕ ਪਾਸੇ ਹੋ ਜਾਣ ਦੀ ਕਿਰਿਆ, ਅੱਡਰਾਪਣ, ਤੋੜ ਦੇਣਾ।

کناری ***ਕਿਨਾਰੀ*** : ਸੋਨੇ ਜਾਂ ਚਾਂਦੀ ਦਾ ਧਾਗਾ, ਦੁੱਪਟਿਆਂ ਦੇ ਕਿਨਾਰਿਆਂ ਤੇ ਲਾਉਣ ਵਾਲਾ ਗੋਟਾ।

کناری‌باف ***ਕਿਨਾਰੀ-ਬਾਫ਼*** : ਕਿਨਾਰੀ ਬੁਣਨ ਵਾਲਾ, ਕਿਨਾਰੀ ਬਣਾਉਣ ਵਾਲਾ।

کناری‌فروش ***ਕਿਨਾਰੀ-ਫ਼ਰੋਸ਼*** : ਕਿਨਾਰੀ ਵੇਚਣ ਵਾਲਾ।

کناس ***ਕੱਨਾਸ*** : ਕੂੜਾ ਸਾਫ਼ ਕਰਨ ਵਾਲਾ, ਭੰਗੀ।

کناسه ***ਕੁਨਾਸਾ*** : ਕੂੜਾ-ਕਰਕਟ, ਗੰਦ-ਮੰਦ।

کناسی ***ਕੁੱਨਾਸੀ*** : ਜਮਾਦਾਰ ਦੀ ਪਦਵੀ, ਮੇਹਤਰੀ।

کنام ***ਕੁਨਾਮ*** : ਚੌਪਾਇਆਂ ਦੇ ਘਾਹ ਚਰਨ ਦਾ ਸਥਾਨ, ਚਰਾਂਦ, ਦਰਿੰਦਿਆਂ ਦੀ ਖੁੰਦਰ, ਆਲ੍ਹਣਾ, ਆਸ਼ਿਆਨਾ, ਮਕਾਨ, ਮੈਹਲ।

کنانه ***ਕਨਾਨਾ*** : ਪੁਰਾਣਾ, ਪਾਟਾ ਪੁਰਾਣਾ।

کنانه ***ਕਿਨਾਨਾ,*** **کنانۃ** ***ਕਿਨਾਨਤ*** : ਤਰਕਸ਼, ਭੱਥਾ, ਤੀਰਦਾਨ।

کنایه ***ਕਿਨਾਯਾ,*** **کنایۃ** ***ਕਿਨਾਯਤ*** : ਲੁਕੀ ਹੋਈ ਗੱਲ, ਸੰਕੇਤ ਭਰੀ ਗੱਲ, ਸੰਕੇਤ, ਰਮਜ਼, ਮਨਸ਼ਾ, ਮਨੋਰਥ।

کنایازدن ***ਕਿਨਾਯਾ ਜ਼ਦਨ*** : ਸੰਕੇਤ ਕਰਨਾ।

کنج ***ਕੁੰਜ*** : ਨੁੱਕਰ, ਖੂੰਜਾ, ਗੋਸ਼ਾ, ਤੰਗ ਗਲੀ, ਕੱਪੜੇ ਦੀ ਭੰਨ, ਸ਼ਿਕਨ, ਸੁਰੰਗ।

کنجِ‌خلوت ***ਕੁੰਜ-ਏ-ਖ਼ਲਵਤ*** : ਏਕਾਂਤ ਵਾਲੀ ਨੁੱਕਰ।

کنج‌کنج ***ਕੁੰਜ ਕੁੰਜ*** : ਭੰਨਾਂ (ਸ਼ਿਕਨਾਂ) ਨਾਲ ਭਰਿਆ ਹੋਇਆ।

کنج ***ਕੁੰਜ*** : ਹੈਂਕੜਬਾਜ਼, ਹੰਕਾਰੀ, ਮੂਰਖ, ਬੇਵਕੂਫ਼, ਪਨੀਰ, ਬਾਹਰ ਕੱਢਿਆ ਹੋਇਆ।

کنج ***ਕਿੰਜ,*** **کنجر** ***ਕਿੰਜਰ*** : ਸ਼ਕਤੀਸ਼ਾਲੀ, ਤਾਕਤਵਰ, ਤਕੜਾ, ਵੱਡੇ ਜੁੱਸੇ ਵਾਲਾ, ਜੰਗਲੀ ਹਾਥੀ।

کنجار ***ਕੁੰਜਾਰ,*** **کنجاره** ***ਕੁੰਜਾਰਾ,*** **کنجال** ***ਕੁੰਜਾਲ,*** **کنجاله** ***ਕੁੰਜਾਲਾ*** : ਸਹੋਂ ਦਾ ਫ਼ੋਕ, ਖਲ।

کنجد ***ਕੁੰਜਦ*** : ਤਿਲ।

کنجشک ***ਕੁੰਜਸ਼ਕ*** : ਚਿੜੀ।

کنجلک ***ਕੁੰਜਲਕ*** : ਗੁੰਝਲ, ਭੰਨ, ਸਿਲਵਟ।

کند ***ਕੰਦ*** : ਖੰਡ, ਪਿੰਡ, ਜ਼ਖ਼ਮ।

کند ***ਕੁੰਦ*** : ਖੁੰਡਾ, ਮੱਧਮ, ਸੁਸਤ।

کندپیر ***ਕੁੰਦ ਪੀਰ*** : ਬੌਹਤ ਬੁੱਢੀ ਔਰਤ ਜਾਂ ਬੌਹਤ ਬੁੱਢਾ ਮਰਦ।

کندذهن ***ਕੁੰਦ-ਜ਼ਹਨ,*** **کندفهم** ***ਕੁੰਦ-ਫ਼ਹਮ*** : ਜਿਸ ਦੀ ਬੁੱਧੀ ਤਿਖੀ ਨਾ ਹੋਵੇ, ਉਜੱਡ।

کند ***ਕੁੰਦ*** : ਸਿਆਣਾ, ਬੁਧੀਮਾਨ, ਬਹਾਦਰ, ਦਲੇਰ, ਪੈਹਲਵਾਨ, ਪਤਾਲੂ, ਮਰਦ ਦਾ ਗੁਪਤ ਅੰਗ।

کندآوری ***ਕੁੰਦਾਵਰੀ*** : ਸਿਆਣਪ, ਦਲੇਰੀ, ਬਹਾਦਰੀ, ਪੈਹਲਵਾਨੀ।

کندا ***ਕੰਦਾ*** : ਇਕ ਪਰਸਿੱਧ ਚਿਤਰਕਾਰ ਦਾ ਨਾਮ।

کندا ***ਕੁੰਦਾ*** : ਜੋਤਸ਼ੀ, ਨਜੂਮੀ, ਸਿਆਣਾ, ਬੁਧੀਮਾਨ, ਬਹਾਦਰ, ਦਲੇਰ, ਪੈਹਲਵਾਨ।

کندر ***ਕੁੰਦਰ*** : ਜਮਸ਼ੈਦ ਦਾ ਅਬਾਦ ਕੀਤਾ ਹੋਇਆ ਸ਼ੈਹਰ ਜੋ ਫ਼ਰੀਦੂਨ ਦੀ ਰਾਜਧਾਨੀ ਸੀ, ਇਕ ਗੂੰਦ।

کندز ***ਕੁੰਦਿਜ਼*** : ਤੂਰਾਨ ਵਿਚ ਫ਼ਰੀਦੂਨ ਦੇ ਅਬਾਦ ਕੀਤੇ ਹੋਏ ਸ਼ੈਹਰ ਦਾ ਨਾਮ, ਜਿਸ ਨੂੰ ਪਿਛੋਂ ਸਿਕੰਦਾ ਕੈਂਹਦੇ ਸਨ।

کندمند ***ਕੰਦ ਮੰਦ*** : ਉਜਾੜ।

کندن ***ਕੰਦਨ*** : ਖੋਦਣਾ, ਪੁੱਟਣਾ।

کنند ***ਕਨੰਦ*** : ਕੁਮ੍ਹਿਆਰ ਤੇ ਖੂਹ ਪੁੱਟਣ ਵਾਲਿਆਂ ਦਾ ਜ਼ਮੀਨ ਪੁੱਟਣ ਵਾਲਾ ਸੰਦ।

کندو ***ਕੰਦੂ*** : ਦਾਣੇ ਪਾਉਣ ਲਈ ਮਿੱਟੀ ਦਾ ਭੜੋਲਾ, ਉਜਾੜ ਦਾ ਭੂਤ।

کندوکوب ***ਕੰਦ-ਉ-ਕੋਬ*** : ਪਰੇਸ਼ਾਨੀ, ਘਬਰਾਹਟ।

کنده ***ਕੰਦਾ*** : ਉੱਕਰਿਆ ਹੋਇਆ, ਪੱਥਰ ਜਾਂ ਲੱਕੜ ਉਤੇ ਖੋਦ ਕੇ ਬਣਾਏ ਵੇਲ-ਬੂਟੇ, ਖਾਈ, ਖ਼ੰਦਕ।

کنده‌کار ***ਕੰਦਾ ਕਾਰ*** : ਕੰਦਾਗਰ, ਲੱਕੜ, ਪੱਥਰ, ਸੋਨੇ ਚਾਂਦੀ ਤੇ ਵੇਲ-ਬੂਟੇ

ਪਾਉਣ ਵਾਲਾ ਕਾਰੀਗਰ।

کندہکاری ***ਕੰਦਾਕਾਰੀ*** : ਵੇਲ-ਬੂਟੇ ਦਾ ਕੰਮ ਜੋ ਪੱਥਰ, ਲੱਕੜ ਆਦਿ 'ਤੇ ਹੋਵੇ।

کندہ ***ਕੁੰਦਾ*** : ਬੌਹਤ ਮੋਟੀ ਤੇ ਵੱਡੀ ਲੱਕੜ, ਕਾਠ, ਓਹ ਮੋਰੀਆਂ ਵਾਲੀ ਲੱਕੜ ਜਿਸ ਵਿਚ ਦੋਸ਼ੀ ਨੂੰ ਕਾਠ ਮਾਰਿਆ ਜ ਦਾ ਸੀ, ਉਜਾੜ ਦੇ ਭੂਤ ਪਰੇਤ, ਮੋਟਾ ਪਰ ਅਲੂੰਆਂ ਮੁੰਡਾ।

کندہشدن ***ਕੁੰਦਾ ਸ਼ੁਦਨ***: ਕਾਠ ਮਾਰੇ ਜਾਣਾ, ਕੈਦ ਹੋਣਾ।

کندی ***ਕੰਦੀ*** : ਕਿਓੜੇ ਦਾ ਫੁੱਲ।

کنز ***ਕਨਜ਼*** : ਖ਼ਜ਼ਾਨਾ, ਭੰਡਾਰ, ਕੋਸ਼।

کنر ***ਕਨਜ਼*** : ਫ਼ਿਕਾ ਦੀ ਪਰਸਿੱਧ ਕਿਤਾਬ।

کنست ***ਕੁਨਿਸਤ,*** کنشت ***ਕੁਨਿਸ਼ਤ*** : ਪਾਰਸੀਆਂ ਦਾ ਪੂਜਾ ਘਰ, ਅਗਨੀ-ਮੰਦਰ।

کنعان ***ਕਿਨਆਨ, ਕਨਆਨ*** : ਹਜ਼ਰਤ ਨੂਹ ਦੇ ਪੁੱਤਰ ਦਾ ਨਾਮ, ਜੋ ਕਾਫ਼ਰ ਹੋ ਗਿਆ ਸੀ, ਹਜ਼ਰਤ ਯੂਸਫ਼ ਦੇ ਜਨਮ-ਸਥਾਨ ਦਾ ਨਾਮ, ਨਮਰੂਦ ਦੇ ਪਿਤਾ ਦਾ ਨਾਮ।

کنف ***ਕਨਫ਼*** : ਪਾਸਾ, ਤਰਫ਼, ਕਿਨਾਰਾ, ਕੰਢਾ, ਸ਼ਰਨ, ਪੰਛੀ ਦਾ ਬਾਜ਼ੂ।

کنفکان ***ਕੁਨ ਫ਼ਕਾਨ,*** کنفیکون ***ਕੁਨ ਫਯਕੂਨ*** : ਸ਼ਰਿਸ਼ਟੀ ਦੇ ਰਚਨ ਸਮੇਂ ਅੱਲਾਹ ਨੇ ਜੋ ਜੋ ਚੀਜ਼ ਪੈਦਾ ਕਰਨੀ ਸੀ, ਉਸ ਨੇ ਫ਼ਰਮਾਇਆ 'ਕੁਨ' ਅਰਥਾਤ 'ਹੋ ਜਾ' ਅਤੇ 'ਫ਼ਕਾਂ' ਜਾਂ 'ਫ਼ੈਕੂਨ' ਅਰਥਾਤ 'ਹੋ ਗਈ', ਭਾਵ ਹੋਂਦ ਵਿਚ ਆ ਗਈ, ਸਾਰੀ ਸ੍ਰਿਸ਼ਟੀ ਰਚਨਾ।

کنگاج ***ਕਿੰਗਾਜ,*** کنگاش ***ਕਿੰਗਾਸ਼*** : ਪਰਸਪਰ ਸਲਾਹ ਮਸ਼ਵਰਾ, ਨਸੀਹਤ।

کنگر ***ਕਿੰਗਰ,*** کنگرہ ***ਕਿੰਗਰਾ*** : ਸੰਗੀਤ ਦਾ ਇਕ ਸਾਜ਼, ਦੋ-ਤਾਰਾ।

کنگر ***ਕੁੰਗਰ,*** کنگرہ ***ਕੁੰਗਰਾ*** : ਹਰ ਇਮਾਰਤ ਦੀ ਉਚਾਈ, ਕੰਧ ਦਾ ਕਿੰਗਰਾ, ਮਮਟੀ, ਟੀਸੀ।

کنمکن ***ਕੁਨ-ਮਕੁਨ*** : ਤੂੰ ਕਰ, ਤੂੰ ਨਾ ਕਰ, ਹੁਕਮ, ਬਾਦਸ਼ਾਹ ਦਾ ਹੁਕਮ।

کنندہ ***ਕੁਨੰਦਾ*** : ਕਰਨ ਵਾਲਾ, ਕਰਿੰਦਾ।

کنو ***ਕਨਵ,*** کَنَب ***ਕਨਬ*** : ਭੰਗ ਦਾ ਬੀਜ ਜਾਂ ਪੱਤਾ, ਭੰਗ, ਸਣ ਦੀ ਰੱਸੀ, ਕਕੜੀ ਦੀ ਇਕ ਕਿਸਮ; ਹੱਥ ਪੈਰ ਦੀ ਮੈਲ।

کنوانہ ***ਕਨਵਦਾਨਾ*** : ਭੰਗ ਦਾ ਬੀਜ।

کنورہ ***ਕਨੂਜ਼ਾ*** : ਪਿੰਜੀ ਹੋਈ ਰੂੰ।

کنوں ***ਕਨੂੰ*** : (ਅਕਨੂੰ اکنوں) ਹੁਣ, ਇਸ ਵੇਲੇ।

کنیت ***ਕਿਨਯਤ,*** کنیت ***ਕੁਨਯਤ*** : ਓਹ ਨਾਮ ਜੇਹੜਾ ਮਾਂ, ਬਾਪ, ਬੇਟਾ ਜਾਂ ਬੇਟੀ ਆਦਿ ਦੇ ਤਅੱਲੁਕ ਨਾਲ ਸਦਿਆ ਜਾਵੇ, ਓਹ ਨਾਮ ਜਿਸ ਤੋਂ ਪੈਹਲਾਂ ਲਫ਼ਜ਼ ਉੱਮ ਜਾਂ ਇਬਨ ਆਦਿ (ਮਾਂ ਦੇ ਅਰਥਾਂ ਵਿਚ) ਹੋਵੇ।

کنیز ***ਕਨੀਜ਼*** : ਬਾਂਦੀ, ਲੌਂਡੀ, ਲੜਕੀ।

کنیزک ***ਕਨੀਜ਼ਕ*** : ਛੋਟੀ ਬਾਂਦੀ ਜਾਂ ਲੌਂਡੀ, ਕੰਜਕ, ਛੋਕਰੀ।

کنیسہ ***ਕਨੀਸਾ*** : ਯਹੂਦੀਆਂ ਤੇ ਈਸਾਈਆਂ ਦਾ ਪੂਜਾ-ਸਥਾਨ।

کو ***ਕੋ*** : ਸਿਆਣਾ।

کو ***ਕੂ*** : (ਕੂਚਾ کوچہ) ਗਲੀ।

کو ***ਕੂ*** : ਕੋਈ, ਜੇਹੜਾ, ਕਿਸ ਨੇ, ਕੀ ਹੋਇਆ, ਕਦੋਂ।

کوادہ ***ਕਵਾਦਾ*** : ਬੂਹੇ ਦੀ ਹਠੇਲੀ ਲੱਕੜ, ਸਰਦਲ।

کوازہ ***ਕਵਾਜ਼ਾ*** : ਮੁਸਾਫਰਾਂ ਦਾ ਤੰਗ ਮੂੰਹ ਵਾਲਾ ਲੋਟਾ।

کواسہ ***ਕੁਵਾਸਾ,*** کواشہ ***ਕੁਵਾਸ਼ਾ*** : ਪੜਪੋਤਾ।

کواکب ***ਕਵਾਕਿਬ*** : (ਕੌਕਬ کوکب ਦਾ ਬੌਹਵਚਨ) ਸਤਾਰੇ।

کوب ***ਕੂਬ*** : ਗੜਵਾ, ਕੁੱਜਾ, ਜਿਸ ਦਾ ਨਾ ਦਸਤਾ ਹੋਵੇ ਨਾ ਟੂਟੀ।

کوب ***ਕੂਬ*** : (ਕੋਫ਼ਤਨ کوفتن ਕੁੱਟਣਾ ਤੋਂ) ਚੋਟ, ਸੱਟ, ਸਦਮਾ, ਨਰਮ ਪੱਠੇ ਵਾਲੀ ਬੋਰੀ।

کوبہ ***ਕੂਬਾ*** : ਮੋਗਰੀ, ਥਾਪੀ, ਮੂਸਲ; ਕੂਬ ਲੈਹਰ; ਢੋਲ, ਦਹੀਂ ਵਾਲੀ ਮਸ਼ਕ; ਕੋਰੜਾ।

کوبلہ ***ਕੋਬਲਾ*** : ਸਿਰ ਦੇ ਵਾਲ, ਖੋਪੜੀ।

کوپال ***ਕੋਪਾਲ*** : ਲੋਹੇ ਦਾ ਗੁਰਜ।

کوپل ***ਕੋਪਲ***, **کوپلہ** ***ਕੋਪਲਾ*** : ਕਲੀ, ਕਰੂੰਬਲ, ਖੋਪਰੀ, ਬੁਲਬੁਲਾ, ਸਿਰ ਦੇ ਵਾਲ, ਟੋਪੀ, ਜਿੰਦਰਾ।

کوتاہ ***ਕੋਤਾਹ*** : ਛੋਟਾ, ਹੋਛਾ, ਘੱਟ, ਥੋੜਾ, ਸੰਖੇਪ, ਤੰਗ, ਸੁੰਗੜਿਆ ਹੋਇਆ।

کوتاہبین ***ਕੋਤਾਹ-ਬੀਨ*** : ਜੋ ਅਗਾਂਹ ਦੀ ਨਾ ਸੋਚੇ।

کوتاہدست ***ਕੋਤਾਹ-ਦਸਤ*** : ਬੇ-ਹੌਸਲਾ;ਕਮਜ਼ੋਰ, ਜਿਸ ਦੀ ਕੋਈ ਪੌਹਚ ਨਾ ਹੋਵੇ।

کوتاہقد ***ਕੋਤਾਹ-ਕਦ*** : ਛੋਟੇ ਕਦ ਵਾਲਾ, ਠਿਗਣਾ, ਬੋਣਾ।

کوتاہی ***ਕੋਤਾਹੀ*** : ਛੁਟਾਈ; ਘਾਟ, ਥੁੜ, ਦੋਸ਼, ਭੁੱਲ।

کوتل ਕੁਤਲ **کتل** ਕੋਤਲ, : ਅਮੀਰਾਂ ਦੀ ਸਵਾਰੀ ਦਾ ਖ਼ਾਸ ਘੋੜਾ; ਓਹ ਘੋੜਾ ਜੋ ਅਮੀਰਾਂ ਦੀ ਸਵਾਰੀ ਦੇ ਨਾਲ ਸਜਾਵਟ ਲਈ ਚਲੇ, ਜਲੌ ਦਾ ਘੋੜਾ।

کوتنگ ***ਕੋਤੰਗ*** : ਧੋਬੀਆਂ ਦੀ ਕੱਪੜੇ ਕੁੱਟਣ ਵਾਲੀ ਮੋਗਰੀ, ਥਾਪੀ।

کوتوال ***ਕੋਤਵਾਲ*** : ('ਕੋਟਵਾਲ' ਦਾ ਫ਼ਾਰਸੀ ਰੂਪਾਂਤਰ) ਕੋਟ ਅਰਥਾਤ ਕਿਲ੍ਹੇ ਦਾ ਮਾਲਕ, ਕਿਲ੍ਹੇ ਜਾਂ ਸ਼ੈਹਰ ਦਾ ਸੁਰੱਖਿਅਕ, ਸ਼ੈਹਰ ਦੀ ਪੁਲਿਸ ਦਾ ਮੁਖੀ।

کوتہ ***ਕੋਤਾ*** : ਵੇਖੋ ਕੋਤਾਹ।

کوثر ***ਕੌਸਰ*** : ਬੌਹਤ ਜ਼ਿਆਦਾ; ਬੜਾ ਸਖੀ, ਦਾਨੀ; ਬਹਿਸ਼ਤ ਦੀ ਇਕ ਨੈਹਰ ਦਾ ਨਾਮ।

کوج ***ਕੂਜ*** : ਭੈਂਗਾ, ਟੀਰਾ।

کوچ ***ਕੂਚ*** : ਕਿਸੇ ਥਾਂ ਤੋਂ ਤੁਰਨਾ।

کوچ بہ کوچ ***ਕੂਚ-ਬ-ਕੂਚ*** : ਲਗਾਤਾਰ ਤੁਰਦੇ ਜਾਣਾ।

کوچک ***ਕੂਚਕ*** : ਛੋਟਾ, ਛੋਟੀ ਉਮਰ ਦਾ, ਸੰਗੀਤ ਵਿਚ ਬਾਰਾਂ ਘਰਾਂ ਵਿਚੋ ਇਕ ਘਰ ਦਾ ਨਾਮ।

کوچک ابدال ***ਕੂਚਕ ਅਬਦਾਲ*** : ਕਲੰਦਰਾਂ ਦੀ ਪਰਭਾਸ਼ਾ ਵਿਚ ਨਵਾਂ ਰਲਿਆ ਮੁਰੀਦ।

کوچکدل ***ਕੂਚਕ-ਦਿਲ*** : ਨਰਮ ਦਿਲ, ਖ਼ੁਸ਼-ਖ਼ੁਲਕ।

کوچہ ***ਕੂਚਾ*** : ਗਲੀ, ਤੰਗ ਗਲੀ ਮਹੱਲਾ, ਫੁਲਵਾੜੀ, ਵਾੜੀ।

کوچہ بند ***ਕੂਚਾ-ਬੰਦ*** : ਓਹ ਗਲੀ ਜਿਸ ਦੇ ਦੋਹਾਂ ਸਿਰਿਆਂ ਤੇ ਦਰਵਾਜ਼ੇ ਲੱਗੇ ਹੋਣ ਤੇ ਵੇਲੇ ਕੁਵੇਲੇ ਬੰਦ ਕਰ ਲਏ ਜਾਣ।

کوچہ نو ***ਕੂਚਾ-ਏ-ਨੌ*** : ਕਸਬੀ ਔਰਤਾਂ ਦਾ ਮਹਲਾ, ਚਕਲਾ।

کود ***ਕੂਦ*** : ਅੰਨ ਦਾ ਢੇਰ, ਬੋਹਲ, ਖਾਦ।

کودک ***ਕੋਦਕ, ਕੂਦਕ*** : ਬੱਚਾ, ਬਾਲਕ, ਛੋਟੀ ਉਮਰ ਦਾ ਗ਼ੁਲਾਮ।

کودکمزاج ***ਕੋਦਕ-ਮਿਜ਼ਾਜ***, **کودکمنش** ***ਕੋਦਕ-ਮਨਸ਼*** : ਬੱਚਿਆਂ ਦੇ ਸੁਭਾ ਵਾਲਾ।

کور ***ਕਵਰ*** : ਕੁਮਾਰਗੰਦਲ; ਦਸਤਾਰ ਦਾ ਪੇਚ, ਜ਼ਿਆਦਤੀ, ਬੜੌਤਰੀ।

کور ***ਕੋਰ*** : ਅੰਨ੍ਹਾ।

کورباطن ***ਕੋਰ-ਬਾਤਿਨ***, **کوردل** ***ਕੋਰ-ਦਿਲ*** : ਕੁੰਦ-ਜ਼ਹਨ; ਮੋਟੀ ਬੁੱਧੀ ਵਾਲਾ।

کوربخت ***ਕੋਰ-ਬਖ਼ਤ*** : ਅਭਾਗਾ।

کورچشم ***ਕੋਰ-ਚਸ਼ਮ*** : ਅੰਨ੍ਹਾ, ਇਕ ਪਰਕਾਰ ਦਾ ਕੱਪੜਾ।

کورفہم ***ਕੋਰ-ਫ਼ਹਮ*** : ਕੋਰ ਬਾਤਿਨ; ਕੁੰਦ ਜ਼ਹਨ।

کورنمک ***ਕੋਰ-ਨਮਕ*** : ਲੂਣ ਹਰਾਮੀ।

کوردی ***ਕੋਰਦੀ***, **کوردین** ***ਕੋਰਦੀਨ*** : ਗੋਦੜੀ, ਕੰਬਲੀ।

کورکہ ***ਕੋਰਕਾ*** : ਨਗਾਰਾ।

کورموش ***ਕੋਰ ਮੂਸ਼*** : ਛਛੂੰਦਰ।

کورنش ***ਕੁਰਨੁਸ਼*** : ਅਦਬ ਸਤਿਕਾਰ ਨਾਲ ਝੁਕ ਕੇ ਸਲਾਮ ਕਰਨਾ, ਝੁਕਣਾ।

کورہ ***ਕੂਰਾ*** : ਸ਼ੈਹਰ, ਕਸਬਾ, ਅਬਾਦੀ, ਅੰਗੀਠੀ, ਭੱਠੀ; ਇੱਟਾਂ ਪਕਾਉਣ ਦਾ ਆਵਾ, ਭੱਠਾ।

کوره **ਕੋਰਾ** : ਓਹ ਕੱਪੜਾ ਜਾਂ ਭਾਂਡਾ ਜੋ ਪੈਹਲੀ ਵਾਰ ਵੀ ਨਾ ਧੋਤਾ ਗਿਆ ਹੋਵੇ, ਕੋਰਾ।

کوز **ਕੂਜ਼** : ਝੁਕਿਆ ਹੋਇਆ, ਕੁੱਬਾ, ਅਸਮਾਨ, ਪਾਣੀ ਦਾ ਲੋਟਾ ਜਾਂ ਕੁੱਜਾ।

کوزپشت **ਕੂਜ਼-ਪੁਸ਼ਤ,** کوزہپشت **ਕੂਜ਼ਾ ਪੁਸ਼ਤ** : ਝੁਕੀ ਹੋਈ ਕਮਰ ਵਾਲਾ ਕੁੱਬਾ; ਅਸਮਾਨ।

کوزه **ਕੂਜ਼ਾ** : ਦਸਤੇ ਵਾਲਾ ਭਾਂਡਾ, ਡੌਂਗਾ, ਪਾਣੀ ਦਾ ਭਾਂਡਾ, ਕੁੱਜਾ; ਕੁਲਫੀ; ਮਿਸਰੀ ਦੇ ਗੋਲ-ਗੋਲ ਡਲੇ।

کوزهٔقمار **ਕੂਜ਼ਾ-ਏ-ਕਿਮਾਰ** : ਜੂਏਬਾਜ਼ਾਂ ਨੂੰ ਉਧਾਰ ਦੇਣ ਵਾਲਾ ਕੁੱਜਾ, ਜਿਸ ਵਿਚ ਓਹ ਉਧਾਰ ਲੈ ਕੇ ਵਾਪਸ ਰਕਮ ਪਾਉਂਦੇ ਹਨ, ਜੂਏਖ਼ਾਨੇ ਦੇ ਨੌਕਰ ਦਾ ਕੁੱਜਾ ਜਿਸ ਵਿਚ ਉਸ ਲਈ ਪੈਸੇ ਪਾਏ ਜਾਂਦੇ ਹਨ।

کوزهگر **ਕੂਜ਼ਾਗਰ** : ਕੁਮ੍ਹਿਆਰ।

کوزی **ਕੂਜ਼ੀ** : ਹੌਜ਼।

کوس **ਕੂਸ** : ਵੱਡਾ ਨਗਾਰਾ, ਧੌਂਸਾ; ਲਸ਼ਕਰ ਦੀ ਸਫ ਜਾਂ ਕਤਾਰ; ਸ਼ਤਰੰਜ ਵਰਗੀ ਇਕ ਖੇਡ, ਚੋਟ; ਇਸ਼ਾਰਾ।

کوس بر پیل بستن **ਕੂਸ ਬਰ ਪੀਲ ਬਸਤਨ,** کوس برکشیدن **ਕੂਸ ਬਰ ਕਸ਼ੀਦਨ** : ਜੰਗ ਲਈ ਤਿਆਰ ਹੋਣਾ, ਜੰਗ ਲਈ ਨਗਾਰਾ ਵਜਾਉਣਾ।

کوشش **ਕੋਸ਼ਿਸ਼** : ਜਤਨ, ਦੌੜ-ਭੱਜ, ਉਪਰਾਲਾ।

کوشک **ਕੂਸ਼ਕ, ਕੁਸ਼ਕ** : ਮੈਹਲ, ਉੱਚਾ ਮਕਾਨ, ਮਾੜੀ; ਗਰਮੀ ਕੱਟਣ ਲਈ ਬਣਾਇਆ ਮਕਾਨ ਜਾਂ ਮੈਹਲ।

کوشیدن **ਕੋਸ਼ੀਦਨ** : ਕੋਸ਼ਸ਼ ਕਰਨਾ, ਜਤਨ ਕਰਨਾ।

کوف **ਕੂਫ਼** : ਉੱਲੂ।

کوفتن **ਕੋਫ਼ਤਨ** : ਕੁੱਟਣਾ, ਸਦਮਾ ਪੌਹਚਾਉਣਾ।

کوفت **ਕੋਫ਼ਤ** : ਚੋਟ, ਸੱਟ; ਦੁੱਖ, ਤਕਲੀਫ਼, ਸਦਮਾ।

کوفته **ਕੋਫ਼ਤਾ** : ਕੁੱਟਿਆ ਹੋਇਆ; ਥੱਕਿਆ ਹੋਇਆ; ਜਿਸ ਨੂੰ ਸਦਮਾ ਪੁੱਜਿਆ ਹੋਵੇ; ਕੀਮੇਂ ਦਾ ਗਲੋਲਾ ਬਣਾ ਕੇ ਪਕਾਇਆ ਹੋਇਆ ਮਾਸ।

کوفجان **ਕੋਫ਼ਜਾਨ** : ਪਿੰਜਰਾ।

کوفه **ਕੂਫ਼ਾ** : ਇਰਾਕ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ, ਜੋ ਕਿਸੇ ਵੇਲੇ ਬੌਹਤ ਅਬਾਦ ਸੀ।

کوفی **ਕੂਫ਼ੀ** : ਕੂਫ਼ਾ ਨਾਲ ਸਬੰਧਤ, ਕੂਫ਼ਾ ਦਾ ਰੈਹਣ ਵਾਲਾ।

کوک **ਕੂਕ** : ਉਚੀ ਅਵਾਜ਼, ਹਾਕ, ਕੂਕ, ਚੀਕ।

کوکا **ਕੂਕਾ** : ਰੌਲਾ-ਰੱਪਾ, ਚੰਦ।

کوکان **ਕੂਕਾਨ** : ਸਾਜ਼ਗਾਰ, ਮਾਫ਼ਕ, ਮੁਨਾਸਬ, ਲਾਇਕ, ਧੋਬੀਆਂ ਦਾ ਸਾਜ਼ੋ-ਸਾਮਾਨ।

کوکب **ਕੌਕਬ** : ਚਮਕਦਾਰ, ਰੋਸ਼ਨ, ਸਤਾਰਾ, ਵੱਡਾ ਤਾਰਾ।

کوکبه **ਕੌਕਬਾ** : ਤਾਰਾਂ; ਭੀੜ, ਇੱਕਠ, ਸ਼ਾਨ, ਠਾਠਬਾਠ; ਬਾਦਸ਼ਾਹਾਂ ਦੀ ਸਵਾਰੀ ਦੇ ਅੱਗੇ ਚੱਲਣ ਵਾਲਾ ਜਲੂਸ, ਸ਼ਾਹੀ ਜਲੂਸ, ਉੱਚੀ ਖਮਦਾਰ ਲੱਕੜ ਜਿਸ ਦੇ ਸਿਰੇ 'ਤੇ ਲੋਹੇ ਦਾ ਸਿਕਲ ਕੀਤਾ ਹੋਇਆ ਲਾਟੂ ਲੱਗਾ ਹੁੰਦਾ ਹੈ।

کوکلتاش **ਕੂਕਲਤਾਸ਼,** کوکه **ਕੂਕਾ** : ਦੁੱਧ-ਸ਼ਰੀਕ ਭਰਾ; ਓਹ ਬੱਚਾ ਜਿਸ ਨੇ ਦੂਜੇ ਬੱਚੇ ਨਾਲ ਇਕੋ ਦਾਈ ਦਾ ਦੁੱਧ ਪੀਤਾ ਹੋਵੇ।

کوکله **ਕੋਕਿਲਾ** : ਸੁਲੇਮਾਨ ਦਾ ਪੰਛੀ, ਹੁੱਦ-ਹੁੱਦ।

کوکنار **ਕੋਕਨਾਰ** : ਪੋਸਤ ਦਾ ਡੋਡਾ; ਖ਼ਸਖ਼ਸ ਦਾ ਖੋਲ।

کوکو **ਕੂ ਕੂ** : ਘੁੱਗੀ ਦੀ ਅਵਾਜ਼, ਮੁਰਗੀ ਦੇ ਆਂਡਿਆਂ ਦਾ ਪਲਾ।

کول **ਕਵਲ** : ਬੱਕਰੀ ਜਾਂ ਭੇਡ ਦੀ ਖੱਲ ਦੀ ਪੋਸਤੀਨ (ਕੋਟ); ਪੁਰਾਣੀ ਕੰਬਲੀ।

کول **ਕੂਲ,** کولاب **ਕੂਲਾਬ** : ਤਾਲਾਬ; ਚੁੱਬਚਾ; ਹੌਜ਼।

کول **ਕੂਲ,** کوله **ਕੂਲਾ** : ਮੋਢਾ, ਕੰਧਾ।

کولنج **ਕੁਲੰਜ** : ਇਕ ਪਰਸਿੱਧ ਬੀਮਾਰੀ; ਆਤਸ਼ਦਾਨ, ਅੰਗੀਠੀ।

کولنگ ***ਕੋਲੰਗ*** : ਹੀਜੜਾ, ਖੁਸਰਾ।

کولی ***ਕੋਲੀ*** : ਕੰਚੀ, ਵੇਸਵਾ।

کومہ ***ਕੂਮਾ*** : ਤੋਦਾ, ਢੇਰ, ਉਭਾਰ, ਮੋਢਾ।

کون ***ਕੌਨ*** : ਹੋਣਾ, ਹੋ ਜਾਣਾ, ਮੌਜੂਦ ਹੋਣਾ, ਹੋਂਦ, ਨਵੀਂ ਪੈਦਾ ਹੋਈ ਚੀਜ਼ ਭਾਵ ਦੁਨੀਆ।

کونین ***ਕੌਨੈਨ*** : ਦੋਵੇਂ ਜਹਾਨ, ਲੋਕ-ਪਰਲੋਕ।

کوہ ***ਕੋਹ*** : ਪਹਾੜ।

کوہِ‌بی‌ستون ***ਕੋਹ-ਏ-ਬੇਸਤੂਨ*** : ਓਹ ਪਹਾੜ ਜਿਸ ਨੂੰ ਕੱਟ ਕੇ ਫਰਹਾਦ ਨੇ ਸ਼ੀਰੀਂ ਲਈ ਦੁੱਧ ਦੀ ਨਦੀ ਲਿਆਂਦੀ ਸੀ।

کوہپارا ***ਕੋਹ-ਪਾਰਾ*** : ਪਹਾੜ ਦਾ ਟੁਕੜਾ; ਘੋੜਾ।

کوہپشت ***ਕੋਹ-ਪੁਸ਼ਤ*** : ਕੁੱਬਾ।

کوہپیکیر ***ਕੋਹ-ਪੈਕਰ*** : ਭਾਰੀ ਹਾਥੀ ਜਾਂ ਘੋੜਾ, ਪਹਾੜ-ਕੱਦ।

کوہ ***ਕੂਵਾ*** : ਕਪਾਹ ਦਾ ਡੋਡਾ, ਟੀਂਡਾ; ਖ਼ਸਖ਼ਸ ਦਾ ਡੋਡਾ।

کوَہان ***ਕੋਹਾਨ*** : ਘੋੜੇ ਦੀ ਜ਼ੀਨ, ਕਾਠੀ; ਬੈਲ ਦੇ ਮੋਢੇ ਦੀ ਉਚਾਈ; ਊਠ ਦਾ ਕੁਬੱੜ।

کوہسار ***ਕੋਹਸਾਰ*** : ਪਹਾੜੀ ਥਾਂ।

کوہستان ***ਕੋਹਿਸਤਾਨ*** : ਪਹਾੜੀ ਮੁਲਕ, ਪਹਾੜਾਂ ਦੀ ਪੱਟੀ।

کوہسلیمان ***ਕੋਹ-ਏ-ਸੁਲੇਮਾਨ*** : ਪੰਜਾਬ ਤੇ ਅਫ਼ਗਾਨਿਸਤਾਨ ਦੇ ਵਿਚਾਕਰਲੇ ਪਹਾੜ ਦਾ ਨਾਮ।

کوہِ‌سینا ***ਕੋਹ-ਏ-ਸੀਨਾ,*** **کوہطور** ***ਕੋਹ-ਏ-ਤੂਰ*** : ਇਕ ਪਰਸਿੱਧ ਪਹਾੜ ਦਾ ਨਾਮ ਜੋ ਅਰਬ ਦੇ ਉੱਤਰ ਪੱਛਮ ਵਿਖੇ ਸਥਿੱਤ ਹੈ, ਇਸ ਪਹਾੜ ਉੱਤੇ ਹਜ਼ਰਤ ਮੂਸਾ ਅੱਲਾਹ ਨਾਲ ਹਮ-ਕਲਾਮ ਹੋਏ ਸਨ।

کوہکن ***ਕੋਹ ਕਨ,*** **کوہکوب** ***ਕੋਹ ਕੋਬ*** : ਪਹਾੜ ਪੁੱਟਣ ਵਾਲਾ; ਸ਼ੀਰੀਂ ਦੇ ਈਰਾਨੀ ਪਰੇਮੀ ਫ਼ਰਹਾਦ ਦਾ ਲਕਬ ਜਿਸ ਨੇ ਸ਼ੀਰੀਂ ਪਰਾਪਤ ਕਰਨ ਲਈ ਦੁੱਧ ਦੀ ਨਦੀ ਕੋਹ-ਏ-ਬੇਸਤੂਨ ਕੱਟ ਕੇ ਲਿਆਂਦੀ ਸੀ।

کوہِ‌نور ***ਕੋਹ-ਏ-ਨੂਰ*** : ਰੋਸ਼ਨੀ ਦਾ ਪਹਾੜ ਹਿੰਦੁਸਤਾਨ ਦੇ ਇਕ ਪਰਸਿੱਧ ਹੀਰੇ ਦਾ ਨਾਮ।

کوہہ ***ਕੋਹਾ*** : ਉਭਾਰ, ਉਚਾਈ; ਪਾਣੀ ਦੀ ਲੈਹਰ; ਪਹਾੜ ਦੀ ਉਚਾਈ; ਊਠ ਦੀ ਪਿੱਠ ਦਾ ਉਭਾਰ; ਘੋੜੇ ਦੀ ਕਾਠੀ; ਬੈਲ ਦੇ ਮੋਢੇ ਦੀ ਬੁਲੰਦੀ; ਮਨੁੱਖ ਦਾ ਮੋਢਾ; ਹਮਲਾ।

کوہِ‌ہمالہ ***ਕੋਹ-ਏ-ਹਿਮਾਲਾ,*** **کوہِ‌ہمالیہ** ***ਕੋਹ-ਏ-ਹਿਮਾਲੀਆ*** : ਹਿਮਾਲੀਆ ਪਰਬਤ, ਦੁਨੀਆ ਦੇ ਉੱਚੇ ਸ਼ਾਨਦਾਰ ਪਹਾੜ ਦਾ ਨਾਮ ਜੋ ਹਿੰਦੁਸਤਾਨ ਦੇ ਉੱਤਰ ਵੱਲ ਸਥਿਤ ਹੈ।

کوہِ‌ہندوکش ***ਕੋਹ-ਏ-ਹਿੰਦੂਕੁਸ਼*** : ਅਫ਼ਗਾਨਿਸਤਾਨ ਤੇ ਤੁਰਕਿਸਤਾਨ ਦੇ ਵਿਚਕਾਰਲੇ ਪਹਾੜ ਦਾ ਨਾਮ।

کوی ***ਕੂਯ*** : ਗਲੀ, ਕੂਚਾ; ਖੁਲ੍ਹਾ ਰਸਤਾ; ਮੁਹੱਲਾ।

کویچہ ***ਕੂਇਚਾ*** : (ਕੂਯ **کوی** ਦਾ ਲਘੂਵਾਚੀ) ਛੋਟੀ ਗਲੀ, ਛੋਟਾ ਰਸਤਾ, ਕੂਚਾ।

کہ ***ਕਹ*** : (ਕਾਹ **کاہ** ਦਾ ਸੰਖਿਪਤ) ਸੁੱਕਾ ਘਾਹ, ਘਾਸ ਫੂਸ।

گہ ***ਕਹ*** : (ਗਾਹ **گاہ**) ਬੰਦਰਗਾਹ, ਸਟੇਸ਼ਨ।

کِہ ***ਕਿਹ*** : ਕੌਣ; ਜੋ; ਜੋ ਕਿ; ਕਿਉਂਕਿ, ਕਿਉਂ ਜੋ; ਹੋਰ, ਅਤੇ।

کِہ ***ਕਿਹ*** : ਛੋਟਾ, ਘੱਟ ਰੁਤਬੇ ਵਾਲਾ।

کُہ ***ਕੁਹ*** : (ਕੋਹ **کوہ** ਦਾ ਸੰਖਿਪਤ ਰੂਪ) ਪਹਾੜ, ਪਰਬਤ।

کھبل ***ਕੁਹਬਲ,*** **کھبلہ** ***ਕੁਹਬਲਾ*** : ਬੇਵਕੂਫ਼, ਮੂਰਖ।

کھتر ***ਕਿਹਤਰ*** : ਬੌਹਤ ਛੋਟਾ; ਤੁੱਛ।

کھر ***ਕਹਰ*** : ਕਮੈਤ ਘੋੜੇ ਤੇ ਖ਼ੱਚਰ ਦਾ ਖ਼ਾਸ ਰੰਗ।

کھربا ***ਕਹਰੁਬਾ*** : ਘਾਹ ਨੂੰ ਲੈ ਜਾਣ ਵਾਲਾ, ਇਕ ਪੀਲੇ ਰੰਗ ਦਾ ਮੋਹਰਾ ਜੋ ਘਾਹ ਦੇ ਤੀਲੇ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ।

کھربارنگ ***ਕਹਰੁਬਾ-ਰੰਗ*** : ਪੀ ਰੰਗ; ਕਹਰੁਬਾ ਦੇ ਖ਼ਾਸੇ ਵਾਲਾ; ਫੁਰਤੀ ਨਾਲ ਕੰਮ ਕਰਨ ਵਾਲਾ।

کهسار ***ਕੁਹਸਾਰ*** : (ਕੋਹਸਾਰ **کوهسار** ਦਾ ਸੰਖਿਪਤ ਰੂਪ) ਪਹਾੜੀ ਇਲਾਕਾ, ਪਹਾੜੀ ਥਾਂ।

کهستان ***ਕੁਹਸਤਾਨ*** : (ਕੋਹਸਤਾਨ **کوهستان** ਦਾ ਸੰਖਿਪਤ ਰੂਪ) ਇਕ ਇਲਾਕਾ ਜੋ ਖ਼ੁਰਾਸਾਨ ਵਿਚ ਹੈ।

کهف ***ਕਹਫ਼*** : ਖੱਡ, ਟੋਆ, ਖੱਡਾ; ਪਨਾਹ।

کهگل ***ਕਹਗਿਲ*** : ਘਾਹ ਤੂੜੀ ਆਦਿ ਨਾਲ ਮਿਲੀ ਹੋਈ ਮਿੱਟੀ, ਛੱਤਾਂ 'ਤੇ ਪਾਉਣ ਲਈ ਤੂੜੀ ਤੇ ਮਿੱਟੀ ਦੀ ਘਾਣੀ ।

کهن ***ਕੁਹਨ,*** **کهنه** ***ਕੁਹਨਾ*** : ਪੁਰਾਣਾ, ਫਟਿਆ ਪੁਰਾਣਾ, ਕਦੀਮ।

کهن‌خرابات ***ਕੁਹਨ ਖ਼ਰਾਬਾਤ*** : ਸੰਸਾਰ।

کهن‌دیر ***ਕੁਹਨ ਦੈਰ,*** **کهن‌گرگ** ***ਕੁਹਨ ਗੁਰਗ*** : ਅਸਮਾਨ; ਦੁਨੀਆ।

کهن‌سال ***ਕੁਹਨ ਸਾਲ*** : ਬੁੱਢਾ, ਬਿਰਧ, ਪੁਰਾਣਾ।

کهن‌کیسا ***ਕੁਹਨ ਕੀਸਾ*** : ਜੱਦੀ ਅਮੀਰ, ਕਦੀਮੀ ਧਨੀ।

کهنه‌خر ***ਕੁਹਨਾ-ਖ਼ੁਰ*** : ਪੁਰਾਣੀਆਂ ਚੀਜ਼ਾਂ ਖ਼ਰੀਦਣ ਵਾਲਾ, ਕਬਾੜੀਆ।

کهی ***ਕਹੀ*** : ਫ਼ੌਜ ਦਾ ਓਹ ਦਸਤਾ ਜੋ ਲਸ਼ਕਰ ਦੇ ਅੱਗੇ ਜਾ ਕੇ ਥਾਂ ਟਿਕਾਣੇ 'ਤੇ ਘਾਹ ਬਾਲਣ ਆਦਿ ਦਾ ਪਰਬੰਧ ਕਰਦਾ ਹੈ ਤੇ ਦੁਸ਼ਮਣ ਦੀ ਖ਼ਬਰਗੀਰੀ ਕਰਦਾ ਹੈ।

کهین ***ਕਿਹੀਨ,*** **کهینه** ***ਕਿਹੀਨਾ*** : ਬੌਹਤ ਛੋਟਾ, ਅਸਲੋਂ ਤੁੱਛ।

کی ***ਕੈ*** : ਕਦ, ਕਦੋਂ,ਕਿਸ ਵੇਲੇ; ਕਿਉਂ; ਕੀ ਕਾਰਨ; ਸ਼ਾਨ ਵਾਲਾ ਬਾਦਸ਼ਾਹ, ਓਹ ਬਾਦਸ਼ਾਹ ਜੋ ਸਮਕਾਲੀ ਬਾਦਸ਼ਾਹਾਂ ਤੋਂ ਸਰਵ-ਸਰੇਸ਼ਠ ਹੋਵੇ, ਕਯਾਨੀ ਖ਼ਾਨਦਾਨ ਦਾ ਬਾਦਸ਼ਾਹ, ਚਾਰ ਤੱਤਾਂ ਵਿਚੋਂ ਇਕ ਤੱਤ; ਪਾਕ, ਪਵਿੱਤਰ, ਸੂਖਮ; ਕੁਲੀਨ।

کیا ***ਕਯਾ,*** **کیا** ***ਕਿਯਾ*** : ਖ਼ੁਦਾਵੰਦ, ਬਾਦਸ਼ਾਹ, ਵੱਡਾ ਹਾਕਮ; ਪਾਕ, ਸੂਖਮ; ਪੈਹਲਵਾਨ; ਜ਼ਿਮੀਂਦਾਰ, ਪੇਂਡੂ, ਚੌਹ ਤੱਤਾਂ ਵਿਚੋਂ ਕੋਈ ਇਕ ਤੱਤ।

کیاد ***ਕੱਯਾਦ*** : ਵੱਡਾ ਮੱਕਾਰ, ਵੱਡਾ ਹੀਲਾਗਰ, ਫ਼ਰੇਬੀ।

کیاست ***ਕਿਯਾਸਤ*** : ਸਿਆਣਪ, ਚਤੁਰਾਈ।

کیال ***ਕੁਯਾਲ*** : ਗੋਲ ਤੰਬੂ ਜੋ ਇਕੋ ਚੋਬ ਉਤੇ ਖਲੋਤਾ ਹੁੰਦਾ ਹੈ; ਸਤਾਰਾ; ਗੋਲ ਦਾਇਰੇ ਦਾ ਕੇਂਦਰ-ਬਿੰਦੂ।

کیاں ***ਕਯਾਨ*** : (ਕੈ **کی** ਦਾ ਬੋਹਵਚਨ) ਵੱਡੀ ਸ਼ਾਨ ਵਾਲੇ ਬਾਦਸ਼ਾਹ।

کیانی ***ਕਯਾਨੀ*** : ਕਯਾਨ ਬਾਦਸ਼ਾਹਾਂ ਨਾਲ ਸਬੰਧਤ; ਬਾਦਸ਼ਾਹਾਂ ਦੇ ਯੋਗ ਚੀਜ਼।

کیپا ***ਕੈਪਾ*** : ਚਾਂਦੀ।

کیچ ***ਕੀਚ*** : ਸੀਸਤਾਨ ਦੇ ਇਕ ਸ਼ੈਹਰ ਦਾ ਨਾਮ।

کیچ ***ਕੀਚ*** : ਥੋੜਾ, ਛੋਟਾ, ਪਰੇਸ਼ਾਨ, ਹੌਲੀ; ਇਕ ਪਰਕਾਰ ਦਾ ਰੇਸ਼ਮੀ ਕੱਪੜਾ।

کیخسرو ***ਕੈਖ਼ੁਸਰੋ*** : ਈਰਾਨ ਦੇ ਇਕ ਪਰਸਿੱਧ ਬਾਦਸ਼ਾਹ ਦਾ ਨਾਮ ਜੋ ਕਯਾਨੀ ਬਾਦਸ਼ਾਹਾਂ ਵਿਚੋਂ ਸਭ ਤੋਂ ਵੱਡਾ ਸੀ, ਏਹ ਸਿਯਾਵਸ਼ ਦਾ ਪੁਤਰ ਸੀ, ਜਦੋਂ ਅਫ਼ਰਾਸਿਯਾਬ ਨੇ ਆਪਣੇ ਦਾਮਾਦ ਸਿਯਾਵਸ਼ ਨੂੰ ਮਰਵਾ ਦਿਤਾ ਤਾਂ ਉਸ ਦੀ ਮਾਂ ਫਰੰਗੀਜ਼ ਉਸ ਦੀ ਪਾਲਣਾ ਕਰਦੀ ਰਹੀ, ਉਸ ਦੇ ਦਾਦਾ ਕੈਕਾਉਸ ਨੇ ਕੈਖ਼ੁਸਰੋ ਨੂੰ ਆਪਣੇ ਕੋਲ ਬੁਲਾ ਲਿਆ ਤੇ ਆਪਣਾ ਉਤਰਾਧਿਕਾਰੀ ਨਿਯੁਕਤ ਕਰ ਦਿਤਾ, ਕੈਖ਼ੁਸਰੋ ਨੇ ਅਫਰਾਸਿਯਾਬ ਨੂੰ ਮਾਰ ਕੇ ਜਿਤ ਪਰਾਪਤ ਕੀਤੀ।

کیر ***ਕੀਰ*** : ਲੁਹਾਰ ਦੀ ਧੌਂਕਣੀ।

کیر ***ਕੈਰ, ਕੀਰ*** : ਮਰਦ ਦਾ ਗੁਪਤ ਅੰਗ।

کیرخ ***ਕੀਰਖ਼,*** **کیرغ** ***ਕੀਰਗ਼*** : ਡੈਸਕ ਵਰਗੀ ਲੱਕੜ ਜਿਸ ਉਪਰ ਕੁਰਾਨ ਸ਼ਰੀਫ਼ ਰੱਖ ਕੇ ਪੜ੍ਹਦੇ ਹਨ, ਰਿਹਲ।

کیز ***ਕੀਜ਼*** : ਨਮਦਾ, ਤਾਹਰੂ।

کیس ***ਕੀਸ,*** **کیسه** ***ਕੀਸਾ*** : (ਪੰਜਾਬੀ ਵਿਚ ਪਰਚਲਤ ਰੂਪ ''ਖੀਸਾ'' ਹੈ), ਥੈਲੀ।

کیسه‌بر ***ਕੀਸਾ-ਬੁਰ*** : ਜੇਬ ਕੁਤਰਾ, ਗੰਢ

کیکاوس ***ਕੈਕਾਊਸ*** : ਈਰਾਨ ਦੇ ਇਕ ਪਰਸਿੱਧ ਬਾਦਸ਼ਾਹ ਦਾ ਨਾਮ।

کیل ***ਕੀਲ*** : ਟੇਢਾ, ਵਿੰਗਾ।

کیلوس ***ਕੈਲੂਸ*** : ਪੱਕਿਆ ਹੋਇਆ।

کیٔ لہراسپ ***ਕੈਲਹਰਾਸਪ*** : ਈਰਾਨ ਦੇ ਇਕ ਪਰਸਿੱਧ ਕਯਾਨੀ ਬਾਦਸ਼ਾਹ ਦਾ ਨਾਮ ਜੋ ਕੈਖ਼ੁਸਰੋ ਪਿੱਛੋਂ ਤਖ਼ਤ 'ਤੇ ਬੈਠਾ।

کیمیا ***ਕੀਮਿਯਾ*** : (ਪੰਜਾਬੀ ਵਿਚ ਪਰਚਲਤ ਰੂਪ ''ਕੀਮੀਆ'' ਹੈ) ਮਕਰ, ਫ਼ਰੇਬ, ਨਾਕਸ ਚੀਜ਼ਾਂ ਵਿਚ ਰੂਹ ਸ਼ਾਮਲ ਕਰਕੇ ਓਹਨਾਂ ਨੂੰ ਕਮਾਲ ਦਾ ਬਣਾ ਦੇਣਾ, ਜਿਵੇਂ ਤਾਂਬੇ ਨੂੰ ਸੋਨਾ; ਇਕ ਇਲਮ; ਫ਼ਾਰਸੀ ਵਿਚ ਇਸ਼ਕ ਦੇ ਅਰਥਾਂ ਵਿਚ ਆਉਂਦਾ ਹੈ, ਪੀਰ ਮੁਰਸ਼ਦ ਦੀ ਕਾਮਲ ਨਜ਼ਰ; ਕਲੀ (ਕਲਈ)।

کیمیاۓ جان ***ਕੀਮਿਯਾ-ਏ-ਜਾਨ*** : ਸ਼ਰਾਬ।

کین ***ਕੀਨ,*** **کینہ** ***ਕੀਨਾ*** : ਦੁਸ਼ਮਣੀ, ਬੁਗ਼ਜ਼, ਈਰਖਾ, ਕਪਟ।

کینہ خواہ ***ਕੀਨਾ-ਖ਼੍ਵਾਹ,*** **کینہ وار** ***ਕੀਨਾ-ਵਾਰ,*** **کینہ ور** ***ਕੀਨਾ-ਵਰ*** : ਬਦਲਾ ਲੈਣ ਵਾਲਾ; ਦਿਲ ਵਿਚ ਦੁਸ਼ਮਣੀ ਰੱਖਣ ਵਾਲਾ, ਕਪਟੀ।

کیو ***ਕਿਯੋ,*** **کیود** ***ਕਿਯੂਦ*** : ਕਾਹੂ; ਸਬੱਬ, ਕਾਰਨ।

کیوان ***ਕੈਵਾਨ*** : ਮੰਗਲ ਨਛੱਤਰ, ਸਤਵਾਂ ਅਸਮਾਨ।

کیوس ***ਕਿਯੋਸ*** : ਟੇਢਾ, ਵਿੰਗਾ।

کیوم ***ਕਯੂਮ*** : ਬਾਦਸ਼ਾਹ।

کیومرت ***ਕਯੂਮਰਤ,*** **کیومرث** ***ਕਯੂਮਰਸ*** : (ਕਯੂ = ਧਰਤ + ਮਰਤ = ਸਰਦਾਰ) ਜਹਾਨ ਦਾ ਬਾਦਸ਼ਾਹ; ਈਰਾਨ ਦੇ ਸਭ ਤੋਂ ਪੈਹਲੇ ਬਾਦਸ਼ਾਹ ਦਾ ਨਾਮ, ਜਿਸ ਨੂੰ ਦੁਨੀਆ ਦਾ ਪੈਹਲਾ ਬਾਦਸ਼ਾਹ ਮਨਿਆ ਜਾਂਦਾ ਹੈ।

کیہان ***ਕੈਹਾਨ*** : (= ਗੈਹਾਨ گیہان) ਦੁਨੀਆ, ਜਹਾਨ; ਜ਼ਮਾਨਾ।

کیہان خدیو ***ਕੈਹਾਨ ਖ਼ਿਦੀਵ*** : ਜਹਾਨ ਦਾ ਬਾਦਸ਼ਾਹ।

ਕਤਰਾ।

کیس ***ਕੀਸ*** : ਸਿਲਵਟ, ਵੱਟ, ਭੰਨ।

کیست ***ਕੀਸਤ*** : ਕੌਣ ਹੈ।

کیش ***ਕੇਸ਼*** : ਆਦਤ, ਸੁਭਾ, ਮਜ਼ਹਬ, ਧਰਮ, ਤਰਕਸ਼, ਭੱਥਾ, ਇਕ ਜਾਨਵਰ ਜਿਸ ਦੀ ਖੱਲ ਦੀ ਪੋਸਤੀਨ ਬਣਦੀ ਹੈ; ਸ਼ਤਰੰਜ ਵਿਚ ਸ਼ਾਹ ਨੂੰ ਸ਼ੈਹ ਦੇਣਾ; ਪੰਛੀਆਂ ਨੂੰ ਉਡਾਉਣ ਦੀ ਅਵਾਜ਼, ਪੰਛੀ ਦਾ ਖੰਭ; ਫਾਰਸ ਖਾੜੀ ਦੇ ਇਕ ਟਾਪੂ ਦਾ ਨਾਮ।

کیف ***ਕੈਫ਼*** : ਕਿਵੇਂ, ਕਿਉਂਕਰ, ਹਾਲਤ, ਮਸਤੀ, ਨਸ਼ਾ।

کیف وکم ***ਕੈਫ਼-ਉ-ਕਮ*** : ਕੇਹੋ ਜੇਹਾ, ਕਿਤਨਾ, ਕਿਵੇਂ, ਕਿੰਨਾ।

کیف ***ਕੀਫ਼*** : ਚਮੜੇ ਦਾ ਬੈਗ।

کیفدان ***ਕੈਫ਼ਦਾਨ*** : ਨਸ਼ੇ ਦੀ ਮਾਜੂਨ ਰੱਖਣ ਵਾਲਾ ਡੱਬਾ, ਨਸ਼ੀਲੀ ਚੀਜ਼ ਰੱਖਣ ਦਾ ਡੱਬਾ।

کیفِ دلاکی ***ਕੈਫ਼-ਏ-ਦੱਲਾਕੀ*** : ਕਈ ਖਾਨਿਆਂ ਵਾਲਾ ਚਮੜੇ ਦਾ ਝੋਲਾ, ਨਾਈਆਂ ਦੀ ਗੁਥਲੀ।

کیفر ***ਕੈਫ਼ਰ*** : ਬਦੀ ਦਾ ਬਦਲਾ, ਬੁਰੇ ਕੰਮ ਦੀ ਸਜ਼ਾ, ਦਹੀਂ ਰੱਖਣ ਦਾ ਪਾਤਰ; ਇਕ ਕਿਲ੍ਹੇ ਦਾ ਨਾਮ; ਸ਼ਰਮਿੰਦਗੀ, ਨਦੀ, ਮੇਹਨਤ।

کیفرِ کردار ***ਕੈਫ਼ਰ-ਏ-ਕਿਰਦਾਰ*** : ਬਦੀ ਦਾ ਬਦਲਾ, ਕੀਤੇ ਦਾ ਫਲ।

کیفیت ***ਕੈਫ਼ੀਯਤ*** : ਹਾਲਤ, ਮਸਤੀ ਦੀ ਹਾਲਤ, ਮਾਹੌਲ, ਰੰਗ-ਢੰਗ।

کیقباد ***ਕੈਕ਼ਬਾਦ*** : ਈਰਾਨ ਦਾ ਪਰਸਿੱਧ ਪੈਹਲਾ ਕਯਾਨ ਬਾਦਸ਼ਾਹ ਜਿਸ ਨੂੰ ਜ਼ਾਲ ਨੇ ਤਖਤਨਸ਼ੀਨ ਕੀਤਾ ਸੀ, ਏਹ ਸੌ ਸਾਲ ਤੱਕ ਰਾਜ ਕਰਦਾ ਰਿਹਾ; ਹਿੰਦੁਸਤਾਨ ਦੇ ਖ਼ਾਨਦਾਨ ਗ਼ੁਲਾਮਾਂ ਦੇ ਆਖ਼ੀਰੀ ਬਾਦਸ਼ਾਹ ਦਾ ਨਾਮ ਜੋ ਬਲਬਨ ਦਾ ਪੋਤਾ ਸੀ ਤੇ ਅਮੀਰ ਖ਼ੁਸਰੋ ਉਸ ਦਾ ਪਰਸ਼ੰਸਕ ਸੀ; ਨਿਆਂਕਾਰ, ਅਦਲੀ।

کیک ***ਕੈਕ*** : ਪਿੱਸੂ।

کیک ***ਕੀਕ*** : ਆਦਮੀ; ਅੱਖ ਦੀ ਪੁਤਲੀ।

کیُک, ***ਕਿਯਕ*** : ਇਕ ਪਰਕਾਰ ਦਾ ਫਲ; ਬਿੱਲੀ; ਆਬੀ ਰੰਗ ਦਾ ਘੋੜਾ।

ਗਾਫ਼ (گ)

گ ***ਗ (ਗਾਫ਼)*** : ਫ਼ਾਰਸੀ ਵਰਨਮਾਲਾ ਦਾ ਛੱਬੀਵਾਂ (੨੬ ਵਾਂ) ਅੱਖਰ, ਅਬਜਦ ਅਨੁਸਾਰ ਇਸ ਦੇ ਅੰਕ ਵੀ ਕ (ਕਾਫ਼) ک ਦੇ ਬਰਾਬਰ ਅਰਥਾਤ ਵੀਹ (੨੦) ਨਿਸ਼ਚਤ ਹਨ।

گابازه ***ਗਾਬਾਜ਼ਾ*** : ਪਹਾੜ ਦੀ ਖੋਹ; ਕੁੰਦਰ।

گاخواره ***ਗਾਖ਼੍ਵਾਰਾ, ਗਾਖ਼ਵਾਰਾ*** : ਪੰਘੂੜਾ, ਝੂਲਣਾ।

گاری ***ਗਾਰੀ*** : ਨਾਸ਼ਵਾਨ ਚੀਜ਼, ਅਸਥਿਰ ਸ਼ੈ, ਗੱਡੀ।

گازر ***ਗਾਜ਼ੁਰ,*** **گازرک** ***ਗਾਜ਼ਰਕ*** : ਧੋਬੀ।

گازرگاه ***ਗਾਜ਼ਰਗਾਹ*** : ਸ਼ੀਰਾਜ਼ ਵਿਚ ਓਹ ਥਾਂ ਜਿਥੇ ਹਜ਼ਰਤ ਸ਼ੇਖ਼ ਸਾਅਦੀ ਦਾ ਮਜ਼ਾਰ ਹੈ; ਹਰਾਤ ਵਿਖੇ ਓਹ ਸਥਾਨ ਜਿਥੇ ਖ਼੍ਵਾਜਾ ਅਬਦੁੱਲਾ ਅਨਸਾਰੀ ਦੀ ਕਬਰ ਹੈ।

گازه ***ਗਾਜ਼ਾ*** : ਝੂਲਾ, ਪੀਂਘ, ਖੇਤ ਵਿਚ ਬਣਾਇਆ ਹੋਇਆ ਮਚਾਣ, ਪਹਾੜ ਉਤੇ ਬਣਿਆ ਹੋਇਆ ਪੂਜਾ-ਸਥਾਨ; ਸ਼ਿਕਾਰੀ ਦੀ ਘਾਤ ਦੀ ਥਾਂ।

گازی ***ਗਾਜ਼ੀ*** : ਕਿਓੜੇ ਦਾ ਫੁੱਲ, ਕਿਓੜਾ।

گاف ***ਗਾਫ਼*** : (ਸ਼ਿਗਾਫ਼ **شگاف** ਦਾ ਸੰਖਿਪਤ ਰੂਪ) ਤੇੜ, ਫ਼ਜ਼ੂਲ ਗੱਲਾਂ।

گافوگراف ***ਗਾਫ਼-ਉ-ਗਜ਼ਾਫ਼*** : ਬੇਹੂਦਾ ਗੱਲਾਂ, ਫੜ੍ਹਾਂ।

گال ***ਗਾਲ*** : ਫ਼ਰੇਬ, ਮਕਰ, ਹੀਲਾ; ਧੋਖਾ, ਫ਼ਰਿਆਦ, ਉਚੀ ਅਵਾਜ਼, ਬਾਜਰਾ, ਕੰਗਣੀ, ਦੂਰ ਹੋ, ਦਫ਼ਾ ਹੋ; ਗਿੱਦੜ, ਕੁੱਕੜ, ਇਕ ਪਰਕਾਰ ਦੀ ਮੱਕੜੀ, ਰੁਝੇਵਾਂ।

گالهدان ***ਗਾਲਾਦਾਨ*** : ਗੋਲੇ ਜਾਂ ਗੋੜ੍ਹੇ ਰੱਖਣ ਦੀ ਪੱਛੀ, ਕੱਤਣੀ।

گام ***ਗਾਮ*** : ਪੈਰ, ਪਲਾਂਘ; ਓਹ ਪੈਂਡਾ ਜਾਂ ਫ਼ਾਸਲਾ ਜੋ ਦੋਵਾਂ ਪੈਰਾਂ ਵਿਚਕਾਰ ਦਾ ਹੋਵੇ, ਵਾਗ, ਸੁਸਤ ਚਾਲ ਚੱਲਣ ਵਾਲਾ ਘੋੜਾ; ਪਿੰਡ।

گامبرگرفتن ***ਗਾਮ ਬਰ ਗਰਿਫ਼ਤਨ,*** **گامزدن** ***ਗਾਮ ਜ਼ਦਨ,*** **گامنهادن** ***ਗਾਮਨਿਹਾਦਨ*** : ਕਦਮ ਪੁੱਟਣਾ, ਤੁਰਨਾ, ਰਸਤੇ ਚੱਲਣਾ।

گامزن ***ਗਾਮਜ਼ਨ*** : ਤੇਜ਼ ਰਫ਼ਤਾਰ, ਫੁਰਤੀ ਨਾਲ ਟੁਰਨ ਵਾਲਾ।

گامیش ***ਗਾਮੇਸ਼*** : ਵੇਖੋ **گاومیش** ਗਾਉਮੇਸ਼।

گان ***ਗਾਨ*** : ਜ਼ਾਲਮ ਬਾਦਸ਼ਾਹ, ਯੋਗ, ਲਾਇਕ।

گاو ***ਗਾਓ, ਗਾਊ, ਗਾਵ*** : ਗਾਂ, ਬਲਦ, ਬਲਦ ਦੀ ਸ਼ਕਲ ਵਰਗਾ, ਪੀਣ ਲਈ ਇਕ ਭਾਂਡਾ, ਸੁਰਾਹੀ, ਪੈਹਲਵਾਨ, ਬਹਾਦਰ, ਦਲੇਰ; ਤਿੰਨ ਕੋਹ ਦਾ ਫ਼ਾਸਲਾ, ਇਕ ਬੁਰਜ ਦਾ ਨਾਮ।

گاوآهن ***ਗਾਵ-ਏ-ਆਹਨ*** : ਹਲ ਦਾ ਲੋਹੇ ਦਾ ਫਲ, ਫਾਲਾ, ਚੌ।

گاواره ***ਗਾਵਾਰਾ*** : (ਗਹਵਾਰਾ/ਗਾਹਵਾਰਾ **گاهواره/گهواره** ਦਾ ਸੰਖਿਪਤ ਰੂਪ) ਝੂਲਾ, ਪੰਘੂੜਾ।

گاواره ***ਗਾਵਾਰਾ*** : ਗਊਆਂ ਦਾ ਚੌਣਾ।

گاوبیشه ***ਗਾਵ-ਏ-ਬੇਸ਼ਾ*** : ਸੰਸਾਰ, ਜ਼ਮਾਨਾ।

گاوپشت ***ਗਾਵਪੁਸ਼ਤ*** : ਗਾਂ ਦੀ ਪਿੱਠ ਵਰਗਾ; ਅਸਮਾਨ।

گاوپیکر ***ਗਾਵ-ਪੈਕਰ,*** **گاوچهر** ***ਗਾਵ-ਚਿਹਰ,*** **گاورنگ** ***ਗਾਵ-ਰੰਗ,*** **گاوسار** ***ਗਾਵਸਾਰ,*** **گاوسر** ***ਗਾਵਸਰ*** : ਈਰਾਨ ਦੇ ਫਰੀਦੂਨ ਬਾਦਸ਼ਾਹ ਦੇ ਗੁਰਜ਼ ਦਾ ਨਾਮ ਜੋ ਗਾਂ ਦੀ ਸ਼ਕਲ ਦਾ ਸੀ।

گاوتازی ***ਗਾਵ-ਤਾਜ਼ੀ*** : ਦੁਸ਼ਮਣ ਨੂੰ ਡਰਾਉਣ ਧਮਕਾਉਣ ਲਈ ਆਪਣਾ ਦਬਦਬਾ ਜਤਾਉਣਾ ਤਾਂ ਜੋ ਉਸ ਨੂੰ ਡਰ ਹੋਵੇ, ਧੌਂਸ ਪੱਟੀ।

گاوتکیه ***ਗਾਵ-ਤਕਯਾ*** : (''ਤਕਯਾ'' ਦਾ ਪੰਜਾਬੀ ਵਿਚ ਪਰਚਲਤ ਰੂਪ ''ਤਕੀਆ'' ਹੈ) ਵੱਡਾ ਤਕੀਆ ਜਿਸ ਨਾਲ ਪਿੱਠ ਲਾ ਕੇ ਫ਼ਰਸ਼ ਉਤੇ ਬੈਠਦੇ ਹਨ।

گاوثری ***ਗਾਵ-ਸਰਾ*** : ਉਹ ਬਲਦ ਜਿਸ ਦੇ ਸਿੰਗ 'ਤੇ ਧਰਤ ਖਲੋਤੀ ਹੈ, ਧਰਤ ਹੇਠਲਾ ਬਲਦ।

گاوچشم ***ਗਾਵ-ਚਸ਼ਮ*** : ਚੌੜੀਆਂ ਤੇ ਮੋਟੀਆਂ ਅੱਖਾਂ ਵਾਲਾ; ਇਕ ਫੁੱਲ, ਗੁਲ-ਸੁੱਬੂ।

گاودل ***ਗਾਵ-ਦਿਲ*** : ਬੁਜ਼ਦਿਲ, ਡਰਪੋਕ, ਮੂਰਖ, ਐਹਮਕ।

گاودم ***ਗਾਵ-ਦੁਮ,*** **گاودنبال** ***ਗਾਵ-ਦੁੰਬਾਲ*** : ਬਿਗਲ, ਨਫ਼ੀਰੀ, ਲੰਬੂਤਰੀ ਸ਼ਕਲ ਦੀ ਚੀਜ਼ ਜੋ ਗਾਂ ਦੀ ਪੂਛ ਵਾਂਗ ਇਕ ਪਾਸਿਓਂ ਮੋਟੀ ਤੇ ਦੂਜੇ ਪਾਸਿਓਂ ਗਾਜਰ ਵਾਂਗ ਪਤਲੀ ਹੁੰਦੀ ਹੈ।

گاودوش ***ਗਾਵ-ਦੋਸ਼,*** **گاودوشه** ***ਗਾਵ-ਦੋਸ਼ਾ*** : ਗਾਂ ਆਦਿ ਦਾ ਦੁੱਧ ਚੋਣ ਦਾ ਭਾਂਡਾ, ਦੋਹਣਾ।

گاودی ***ਗਾਵਦੀ*** : ਜਿਸ ਨੂੰ ਸ਼ਊਰ ਨਾ ਹੋਵੇ, ਬੇਵਕੂਫ਼, ਐਹਮਕ।

گاورس ***ਗਾਵਰਸ*** : ਬਾਜਰਾ, ਚੀਨਾ।

گاوریش ***ਗਾਵ-ਰੀਸ਼*** : ਮੂਰਖ, ਐਹਮਕ; ਲਾਲਚੀ, ਲੋਭੀ, ਮਸਖ਼ਰਾ, ਭੰਡ।

گاوزبان ***ਗਾਵ-ਜ਼ਬਾਨ*** : ਗਾਂ ਦੀ ਜੀਭ ਵਰਗੀ ਇਕ ਬੂਟੀ, ਕਾਹਜ਼ਬਾਨ, ਇਕ ਪਰਕਾਰ ਦਾ ਲੰਮੂਤਰਾ ਪਰੌਠਾ ਜੇਹੜਾ ਤੰਦੂਰ 'ਚ ਪਕਾਇਆ ਜਾਂਦਾ ਹੈ।

گاوزر ***ਗਾਵ-ਜ਼ਰ,*** **گاوزرین** ***ਗਾਵ-ਜ਼ੱਰੀਨ*** : ਗਾਂ ਦੀ ਸ਼ਕਲ ਦਾ ਸੋਨੇ ਦਾ ਪਿਆਲਾ ਜਿਸ ਵਿਚ ਸ਼ਰਾਬ ਪੀਂਦੇ ਹਨ, ਸੁਰਾਹੀ, ਹਰੇ ਰੰਗ ਦਾ ਇਕ ਜਾਨਵਰ।

گاوزمین ***ਗਾਵ-ਜ਼ਮੀਨ*** : ਧਰਤ ਹੇਠ ਉਹ ਬਲਦ ਜੋ ਆਪਣੇ ਸਿੰਗਾਂ ਉਤੇ ਧਰਤੀ ਚੁੱਕੀ ਬੈਠਾ ਹੈ।

گاوزور ***ਗਾਵ ਜ਼ੋਰ*** : ਉਹ ਆਦਮੀ ਜੋ ਘੋਲ ਦੇ ਦਾਅ ਪੇਚ ਸਿੱਖਣ 'ਤੇ ਕਸਰਤ ਤੋਂ ਬਿਨਾਂ ਹੀ ਬੌਹਤ ਤਕੜਾ ਤੇ ਸ਼ਕਤੀਸ਼ਾਲੀ ਹੋਵੇ; ਡੰਗਰ ਜਿੰਨੀ ਤਾਕਤ ਵਾਲਾ; ਅੱਖੜ, ਮੂੰਹ-ਜ਼ੋਰ।

گاوزوری ***ਗਾਵ-ਜ਼ੋਰੀ*** : ਸ਼ਕਤੀ, ਮੂੰਹ-ਜ਼ੋਰੀ, ਹਿੰਸਾ।

گاوزهره ***ਗਾਵ ਜ਼ੁਹਰਾ*** : ਇਕ ਪਥਰੀ ਜੋ ਬੈਲ ਦੇ ਪਿੱਤੇ ਵਿਚ ਹੁੰਦੀ ਹੈ, ਮੂਰਖ, ਬੇਵਕੂਫ਼, ਬੁਜ਼ਦਿਲ, ਡਰਾਕਲ।

گاوسامری ***ਗਾਵ ਸਾਮਰੀ*** : ਸਾਮਰੀ ਜਾਦੂਗਰ ਦਾ ਸੋਨੇ ਦਾ ਬਣਾਇਆ ਹੋਇਆ ਵੱਛਾ ਜਿਸ ਨੂੰ ਹਜ਼ਰਤ ਮੂਸਾ ਦਾ ਅਸਾ (ਡੰਡਾ) ਅਜਦਹਾ ਬਣ ਕੇ ਨਿਗਲ ਗਿਆ ਸੀ।

گاوفلک ***ਗਾਵ-ਏ-ਫ਼ਲਕ*** : ਸੌਰ ਨਾਮੀ ਬੁਰਜ, ਅਸਮਾਨ।

گاوکوهی ***ਗਾਵ-ਏ-ਕੋਹੀ*** : ਬਾਰਾ ਸਿੰਗਾ।

گاوگرد ***ਗਾਵ-ਏ-ਗਰਦ*** : ਖੂਹ ਦਾ ਰੈਹਟ।

گاوگون ***ਗਾਵ-ਗੂਨ*** : ਮੂਰਖ, ਜਾਹਲ, ਬੇਵਕੂਫ਼।

گاومیش ***ਗਾਵ-ਮੇਸ਼*** : ਮੱਝ।

گاهیدن ***ਗਾਹੀਦਨ,*** **گاییدن** ***ਗਾਈਦਨ*** : ਸੰਭੋਗ ਕਰਨਾ।

گاه ***ਗਾਹ*** : ਸਮਾਂ, ਵਕਤ; ਜਲਦੀ, ਛੇਤੀ, ਕਦੀ ਕਦੀ; ਥਾਂ, ਪਦਵੀ, ਰੁਤਬਾ; ਤੰਬੂ, ਖ਼ੈਮਾ; ਸ਼ਾਹੀ ਤਖਤ, ਸੁਨੈਹਰੀ ਕੁਰਸੀ; ਸਵੇਰ ਸਾਰ; ਸੋਨਾ ਚਾਂਦੀ ਰੱਖਣ ਦੀ ਥੈਲੀ, ਇਕ ਪਰਸਿੱਧ ਸਤਾਰਾ, ਠੋਡੀ ਦਾ ਡੂੰਘ।

گاه‌باشد ***ਗਾਹ ਬਾਸ਼ਦ*** : ਸ਼ਾਇਦ, ਸੰਭਵ ਹੈ, ਹੋ ਸਕਦਾ ਹੈ।

گاه‌بگاه ***ਗਾਹ-ਬ-ਗਾਹ,*** **گاه‌بیگاه** ***ਗਾਹ-ਬੇਗਾਹ*** : ਵਕਤ ਬੇਵਕਤ, ਕਦੀ ਕਦਾਈਂ।

گاه‌گاه ***ਗਾਹ ਗਾਹ*** : ਕਦੀ ਕਦੀ।

گاهی‌گاهی ***ਗਾਹੇ-ਗਾਹੇ*** : ਸਵੇਰ ਸ਼ਾਮ, ਕਦੀ ਕਦਾਈਂ।

گاهواره ***ਗਾਹਵਾਰਾ,*** **گهواره** ***ਗਹਵਾਰਾ*** : ਪੰਘੂੜਾ, ਝੂਲਾ।

گبر ***ਗਬਰ*** : ਅੱਗ-ਪੂਜ, ਜ਼ਰਤੁਸ਼ਤੀ, ਧਰਮ ਦਾ ਅਨੁਯਾਈ; ਪਰਾਚੀਨ ਈਰਾਨੀ, ਪਾਰਸੀ।

گبرگی ***ਗਬਰਗੀ*** : 'ਗਬਰ' ਨਾਲ ਸਬੰਧਤ, ਅੱਗ-ਪੂਜਾ ਦੀ ਕਿਰਿਆ; ਸ਼ਰਾਬ ਦਾ ਭਾਂਡਾ, ਸੁਰਾਹੀ।

گبر ***ਗਬਰ*** : ਹੱਟਾ ਕੱਟਾ, ਮੋਟਾ ਤਾਜ਼ਾ, ਤਾਕਤਵਰ, ਮਾਲਦਾਰ, ਧਨਾਢ।

گپ ***ਗਪ*** : ਬਕਵਾਸ, ਸ਼ੇਖੀ, ਵਾਧੂ ਗੱਲ, ਝੂਠੀ ਗੱਲ, ਡੀਂਗ-ਮਸਖਰਿਆਂ ਦੀਆਂ ਸੁਆਦਲੀਆਂ ਗੱਲਾਂ, ਅਫ਼ਵਾਹਾਂ; ਮੋਟਾ; ਬਜ਼ੁਰਗ।

گپ‌شپ ***ਗਪਸ਼ਪ*** : ਵਾਧੂ ਗੱਲਾਂ, ਗੱਪਾਂ।

گپی ***ਗੱਪੀ*** : ਸ਼ੇਖ਼ੀ ਮਾਰਨ ਵਾਲਾ, ਵਾਧੂ ਗੱਲਾਂ ਮਾਰਨ ਵਾਲਾ, ਝੂਠੀਆਂ ਗੱਲਾਂ ਕਰਨ ਵਾਲਾ।

گپ ***ਗਪ*** : ਮੇਲ-ਜੋਲ, ਸੰਗਤ, ਮੇਲ ਮਿਲਾਪ।

گج ***ਗਜ,*** **گچ** ***ਗਚ*** : ਗੱਚ, ਚੂਨਾ ਗੱਚ, ਚੂਨਾ, ਚੂਨੇ ਜਾਂ ਸੀਮਿੰਟ ਦਾ ਮਸਾਲਾ, ਪੱਕਾ ਫ਼ਰਸ਼ ਜਾਂ ਪੱਕੀ ਛੱਤ।

گچ‌گر ***ਗਚ-ਗਰ*** : ਪਲਸਤਰ ਕਰਨ ਵਾਲਾ।

گچ‌گری ***ਗਚਗਰੀ*** : ਪਲਸਤਰ ਕਰਨ ਦੀ ਕਿਰਿਆ।

گجیل ***ਗੁਜੀਲ*** : ਤਬਰੇਜ਼ ਦੇ ਇਕ ਮਹੱਲੇ ਤੇ ਕਬਰਿਸਤਾਨ ਦਾ ਨਾਮ।

گد ***ਗਦ*** : ਗਦਾਈ, ਗਦਾਗਰੀ, ਭਿਖਾਰੀਪਣ, ਭਿੱਖ ਮੰਗਣਾ, ਫ਼ਕੀਰੀ।

گدا ***ਗਦਾ*** : ਮੰਗਤਾ, ਭਿੱਖ-ਮੰਗਾ, ਭਿਖਾਰੀ, ਫ਼ਕੀਰ, ਦਰਵੇਸ਼।

گداگری ***ਗਦਾਗਰੀ,*** **گدائی** ***ਗਦਾਈ*** : ਭਿੱਖ ਮੰਗਣ ਦੀ ਕਿਰਿਆ, ਫ਼ਕੀਰੀ, ਦਰਵੇਸ਼ੀ।

گدر/گدرک ***ਗਦਰ/ਗਦਰਕ*** : ਜੰਗ ਦਾ ਹਥਿਆਰ।

گدگدی ***ਗੁਦਗੁਦੀ*** : ਬੱਕਰੀ ਨੂੰ ਬੁਲਾਉਣ ਦੀ ਅਵਾਜ਼; ਕੁਤਕੁਤਾਰੀ ਕੱਢਣਾ, ਕੁਤਕਤਾਰੀ।

گدیہ ***ਗਦਯਾ/ਗਿਦਯਾ*** : ਗਦਾਈ, ਭਿੱਖ ਮੰਗਣਾ।

گدیور ***ਗਦੀਵਰ*** : ਭਿਖ ਮੰਗਣ ਵਾਲਾ, ਮੰਗਤਾ।

گزار ***ਗੁਜ਼ਾਰ*** : ਰਾਹਗੁਜ਼ਰ, ਰਾਹ, ਰਸਤਾ, ਲਾਂਘਾ, ਪੱਤਣ, ਛੱਡ ਦੇ।

گزاره ***ਗੁਜ਼ਾਰਾ*** : ਹੱਦੋਂ ਲੰਘਣ ਵਾਲੀ ਸ਼ੈ; ਬੇਹੱਦ, ਬੇਹਿਸਾਬ, ਪੱਤਣ, ਪੱਤਣ ਦੀ ਬੇੜੀ, ਠੈਹਰਨ ਦੀ ਥਾਂ, ਨਿਰਬਾਹ, ਗੁਜ਼ਰ, ਪੌਹਚ।

گذر ***ਗੁਜ਼ਰ*** : (ਗੁਜ਼ਸ਼ਤਨ **گذشتن** ਤੂੰ ਗੁਜ਼ਰ, ਤੂੰ ਲੰਘ, ਰਾਹ, ਰਸਤਾ, ਲਾਂਘਾ।

گذربان ***ਗੁਜ਼ਰਬਾਨ*** : ਰਾਹ ਦਾ ਰਾਖਾ।

گذرگاه ***ਗੁਜ਼ਰ ਗਾਹ*** : ਰਾਹ, ਲਾਂਘਾ।

گذرگاهی ***ਗੁਜ਼ਰਗਾਹੀ*** : ਪਤਣ, ਸੜਕ।

گذرنامه ***ਗੁਜ਼ਰਨਾਮਾ*** : ਪਰਵਾਨਾ, ਰਾਹਦਾਰੀ।

گذران ***ਗੁਜ਼ਰਾਨ*** : ਲੰਘਦੇ ਹੋਏ, ਖਰਚ ਕਰਦੇ ਹੋਏ।

گذشت ***ਗੁਜ਼ਸ਼ਤ*** : ਗੁਜ਼ਰ, ਲਾਂਘਾ, ਰਾਹ, ਰਸਤਾ, ਪਿਛੇ, ਪੈਹਲਾਂ; ਬਾਅਦ; ਪਾਸਾ।

گذشته ***ਗੁਜ਼ਸ਼ਤਾ*** : ਗੁਜ਼ਰਿਆ ਹੋਇਆ, ਲੰਘ ਚੁਕਾ, ਬੀਤਿਆ ਸਮਾਂ, ਪੁਰਾਣਾ, ਦੇਰ ਦਾ, ਬੇਹੀ, ਜਿਸ ਦਾ ਸੁਆਦ ਭੈੜਾ ਹੋਵੇ।

گر ***ਗਰ*** : (ਅਗਰ **اگر** ਦਾ ਸੰਖਿਪਤ ਰੂਪ) ਜੇਕਰ, ਜੇ।

گر ***ਗਰ*** : ਇਕ ਰੋਗ ਦਾ ਨਾਮ ਜਿਸਨੂੰ ਅਰਬੀ ਵਿਚ 'ਜਰਬ' ਕੈਂਹਦੇ ਹਨ, ਖ਼ੁਰਕ।

گر ***ਗਰ*** : ਮੁਰਾਦ, ਮਨੋਰਥ, ਸ਼ਕਤੀ।

گرا ***ਗੱਰਾ*** : ਬੱਧਾ ਹੋਇਆ, ਗ਼ੁਲਾਮ, ਕਮੀਨਾ, ਨਾਈ, ਪੱਛਣੇ ਲਾਉਣ ਵਾਲਾ, ਜ਼ਮੀਨ ਪੱਧਰ ਕਰਨ ਦਾ ਜੰਤਰ, ਕਰਾਹ।

گراد ***ਗਿਰਾਦ*** : ਪੁਰਾਣਾ ਕੱਪੜਾ, ਚੀਥੜਾ।

گراز ***ਗੁਰਾਜ਼*** : ਸੂਰ; ਜੰਗ ਸਮੇਂ ਆਕੜ ਕੇ ਚੱਲਣਾ, ਮਸਤਾਨੀ ਚਾਲ, ਬੇਚੈਨੀ, ਪਰੇਸ਼ਾਨੀ, ਬੱਚਾ ਪੈਦਾ ਹੋਣ ਸਮੇਂ, ਇਸਤਰੀ ਦੀ ਤਕਲੀਫ਼, ਜਣੇਪਾ-ਦਰਦਾਂ, ਪਸ਼ੂ ਹੱਕਣ ਦਾ ਡੰਡਾ, ਲਾਠੀ; ਬੇਦਰਦ; ਬਹਾਦਰ, ਦਲੇਰ, ਸਰਹਾਣਾ, ਬੇਲਚਾ,

ਫੌੜਾ।

گزاره ***ਗੁਰਾਜ਼ਾ*** : ਨਰ ਸੂਰ, ਜੰਗਲੀ ਸੂਰ, ਇਕ ਈਰਾਨੀ ਪੈਹਲਵਾਨ ਦਾ ਨਾਮ।

گُرازی ***ਗੁਰਾਜ਼ੀ*** : ਦਲੇਰੀ, ਬਹਾਦਰੀ, ਹੀਆ, ਹੌਸਲਾ।

گراس ***ਗੁਰਾਸ*** : ਗਰਾਹੀ, ਬੁਰਜੀ।

گرامی ***ਗਿਰਾਮੀ*** : ਬਜ਼ੁਰਗ, ਸਤਕਾਰਯੋਗ, ਸਿਰੀਮਾਨ, ਅਜ਼ੀਜ਼, ਮੈਹਬੂਬ।

گِران ***ਗਿਰਾਂ/ਗਿਰਾਨ*** : ਬੋਝਲ, ਭਾਰੀ, ਮੈਂਹਗਾ, ਕੀਮਤੀ, ਬੌਹ-ਮੁੱਲਾ, ਔਖਾ, ਸੁਭਾ ਦੇ ਉਲਟ, ਨਾਪਸੰਦ, ਦੁਖਦਾਇਕ, ਓਹ ਵਿਅਕਤੀ ਜਿਸ ਦੀ ਮੌਜੂਦਗੀ ਚੰਗੀ ਨਾ ਲੱਗੇ, ਵੱਡਾ, ਮਹੱਤਵਪੂਰਨ, ਸਖ਼ਤ, ਕਰੜਾ, ਭੱਦਾ।

گرانارزش ***ਗਿਰਾਨ-ਅਰਜ਼ਸ਼*** : ਬੌਹ-ਕੀਮਤਾ, ਵਡਮੁੱਲਾ।

گرانبار ***ਗਿਰਾਨ-ਬਾਰ*** : ਫਲਦਾਰ ਰੁੱਖ, ਭਾਰੀ, ਬੋਝ ਲੱਦਿਆ ਹੋਇਆ, ਗਰਭਵਤੀ, ਮਾਲਦਾਰ।

گرانباری ***ਗਿਰਾਨ-ਬਾਰੀ*** : ਬੋਝ, ਭਾਰੀਪਣ।

گرانبها ***ਗਿਰਾਨ-ਬਹਾ*** : ਕੀਮਤੀ, ਵਡਮੁੱਲਾ, ਬੌਹਤੇ ਮੁੱਲ ਵਾਲਾ।

گرانپایه ***ਗਿਰਾਨ-ਪਾਯਾ*** : ਉੱਚੇ ਰੁਤਬੇ ਵਾਲਾ, ਵੱਡੀ ਪਦਵੀ ਵਾਲਾ।

گرانپشت ***ਗਿਰਾਂ-ਪੁਸ਼ਤ*** : ਤਕੜੀ ਪਿੱਠ ਵਾਲਾ, ਤਾਕਤਵਰ, ਭਾਰ ਚੁੱਕਣ ਵਾਲਾ, ਮਜ਼ਦੂਰ।

گرانجان ***ਗਿਰਾਂ-ਜਾਨ*** : ਸਖ਼ਤ ਜਾਨ, ਸਖ਼ਤ ਜੇਰੇ ਵਾਲਾ, ਜਿਸ ਦੇ ਹੱਥ ਪੈਰ ਕੰਬਦੇ ਹੋਣ, ਸੁਸਤ, ਆਲਸੀ, ਬੌਹਤ ਬੁੱਢਾ, ਜਾਨ ਤੋਂ ਤੰਗ ਆਇਆ ਹੋਇਆ, ਬੀਮਾਰ ਜਾਂ ਫ਼ਕੀਰ।

گرانجانی ***ਗਿਰਾਂ-ਜਾਨੀ*** : ਸਖ਼ਤ ਜਾਨੀ, ਸੁਸਤੀ, ਆਲਸ।

گرانخواب ***ਗਿਰਾਂ-ਖ਼੍ਵਾਬ*** : ਦੇਰ ਨਾਲ ਸੌਣ ਤੇ ਦੇਰ ਨਾਲ ਉੱਠਣ ਵਾਲਾ।

گرانخوار ***ਗਿਰਾਂ-ਖ਼੍ਵਾਰ*** : ਬੌਹਤ ਖਾਣ ਵਾਲਾ, ਪੇਟੂ।

گراندست ***ਗਿਰਾਂ-ਦਸਤ*** : ਸੁਸਤ, ਆਲਸੀ।

گرانرکاب ***ਗਿਰਾਂ-ਰਿਕਾਬ*** : ਰੋਹਬ-ਦਾਬ ਵਾਲਾ, ਜੰਗ ਵਿਚ ਡਟ ਕੇ ਲੜਨ ਵਾਲਾ, ਸੂਰਮਾ, ਜੋਧਾ।

گرانسر ***ਗਿਰਾਂ-ਸਰ*** : ਸਿਰ ਫਿਰਿਆ ਹੋਇਆ, ਅਭਮਾਨੀ, ਅਹੰਕਾਰੀ, ਸੈਨਾਪਤੀ।

گرانسنج ***ਗਿਰਾਂ-ਸੰਜ*** : ਬੌਹ-ਮੁੱਲਾ, ਕੀਮਤੀ, ਭਾਰਾ।

گرانسنگ ***ਗਿਰਾਂ-ਸੰਗ*** : ਰੋਹਬਦਾਬ ਵਾਲਾ; ਸਿਦਕੀ, ਸੰਤੋਖੀ, ਭਾਰਾ, ਬੋਝਲ।

گرانکیسه ***ਗਿਰਾਂ-ਕੀਸਾ*** : ਕੰਜੂਸ।

گرانگوش ***ਗਿਰਾਂ-ਗੋਸ਼*** : ਉੱਚਾ ਸੁਣਨ ਵਾਲਾ, ਬੋਲਾ।

گرانگوشی ***ਗਿਰਾਂ-ਗੋਸ਼ੀ*** : ਬੋਲਾਪਣ, ਬੈਹਰਾਪਣ।

گرانگیر ***ਗਿਰਾਂ-ਗੀਰ*** : ਪੱਕੇ ਨਿਸ਼ਚੇ ਵਾਲਾ; ਜਾਨ-ਮਾਰੂ।

گرانگیری ***ਗਿਰਾਂ-ਗੀਰੀ*** : ਸਾਬਤ ਕਦਮੀ, ਜਾਨਮਾਰੀ।

گرانمایه ***ਗਿਰਾਂ-ਮਾਯਾ*** : ਉਮਦਾ, ਬੌਹ-ਮੁਲਾ, ਕੀਮਤੀ, ਸਤਕਾਰਯੋਗ, ਮਾਲਦਾਰ।

گرانمغز ***ਗਿਰਾਂ-ਮਗ਼ਜ਼*** : ਸ਼ਰਾਬੀ, ਮੂਰਖ, ਅਭਮਾਨੀ।

گرانمند ***ਗਿਰਾਂਮੰਦ*** : ਬੌਹਤ ਭਾਰੀ ਸੰਖਿਆ ਵਿਚ, ਵਡਮੁੱਲਾ, ਕੀਮਤੀ।

گرانی ***ਗਿਰਾਨੀ*** : ਬੋਝ, ਭਾਰ; ਮੈਂਹਗਾਈ, ਭਾ ਵਿਚ ਤੇਜ਼ੀ, ਬਦਹਜ਼ਮੀ, ਬੀਮਾਰੀ।

گراه ***ਗਿਰਾਹ,*** **گرای** ***ਗਿਰਾਯ*** : ਰੁਚੀ, ਇੱਛਾ, ਮਰਜ਼ੀ, ਮਿਲਦੀ-ਜੁਲਦੀ ਸ਼ਕਲ, ਸ਼ਬੀਹ, ਬੋਝਲ।

گرایش ***ਗਿਰਾਯਿਸ਼*** : ਇੱਛਾ, ਰੁਚੀ; ਮਰਜ਼ੀ; ਬਗਾਵਤ, ਨਾਫ਼ਰਮਾਨੀ।

گرباک ***ਗਰਬਾਕ*** : ਚੌੜੀ ਤਸ਼ਤਰੀ, ਥਾਲ।

گربال ***ਗਿਰਬਾਲ, ਗਰਬਾਲ*** : (= **گربال** ਗ਼ਰਬਾਲ) ਛਾਣਨੀ।

گربز ***ਗੁਰਬੁਜ਼*** : (ਗੁਰਗ+ਬੁਜ਼ ਦਾ ਸੰਖਿਪਤ ਰੂਪ) ਉਤੋਂ ਬੱਕਰੀ ਵਰਗਾ ਪਰ ਅੰਦਰੋਂ ਬਘਿਆੜ ਜੇਹਾ, ਧੋਖੇਬਾਜ਼, ਮੱਕਾਰ, ਹਿੰਸਕ।

گربزی ***ਗੁਰਬੁਜ਼ੀ*** : ਮੱਕਾਰੀ, ਧੋਖਾ, ਫ਼ਰੇਬ।

گربہ ***ਗੁਰਬਾ*** : ਬਿੱਲੀ।

گربۂ آبی ***ਗੁਰਬਾ-ਏ-ਆਬੀ*** : ਦਰਿਆਈ ਬਿੱਲੀ।

گربۂ بُراق ***ਗੁਰਬਾ-ਏ-ਬੁੱਰਾਕ*** : ਸਫ਼ੈਦ ਰੰਗ ਦੀ ਬਿੱਲੀ ਜਿਸ ਦੇ ਵਾਲ ਲੰਮੇ ਤੇ ਨਰਮ ਹੁੰਦੇ ਹਨ; ਹਲਬ ਦੇ ਨੇੜੇ ਇਕ ਸਥਾਨ ਬੁੱਰਾਕ ਹੈ ਜਿਥੇ ਅਜੇਹੀ ਬਿੱਲੀ ਆਮ ਹੁੰਦੀ ਹੈ ਇਸੇ ਲਈ ਉਸ ਨੂੰ ਗੁਰਬਾ-ਏ-ਬੁੱਰਾਕ ਕੈਂਹਦੇ ਹਨ।

گربہ چشم ***ਗੁਰਬਾ-ਚਸ਼ਮ*** : ਨੀਲੀਆਂ ਅੱਖਾਂ ਵਾਲਾ।

گربہ گوں ***ਗੁਰਬਾ-ਗੂੰ*** : ਫ਼ਰੇਬੀ, ਮੱਕਾਰ।

گربۂ مُسکین ***ਗੁਰਬਾ-ਏ-ਮਸਕੀਨ*** : ਦਗ਼ਾਬਾਜ਼, ਧੋਖੇਬਾਜ਼।

گربۂ مُشکین ***ਗੁਰਬਾ-ਏ-ਮੁਸ਼ਕੀਨ*** : ਮੁਸ਼ਕ ਬਲਾਈ।

گرج ***ਗੁਰਜ,*** **گرجستان** ***ਗੁਰਜਿਸਤਾਨ*** : ਈਰਾਨ ਦੀ ਹੱਦ ਤੇ ਇਕ ਪਰਸਿੱਧ ਮੁਲਕ ਦਾ ਨਾਮ।

گرجی ***ਗੁਰਜੀ*** : ਗੁਰਜ ਨਾਲ ਸਬੰਧਤ, ਗੁਰਜ ਦਾ, ਗੁਰਜਿਸਤਾਨ ਦਾ ਵਸਨੀਕ, ਮੁਲਾਜ਼ਮ, ਛੋਕਰਾ, ਝੌਂਪੜੀ, ਕੁੱਤੇ ਦੀ ਇਕ ਕਿਸਮ।

گرجی ***ਗੁਰਜੀ,*** **گرچی** ***ਗੁਰਚੀ*** : ਨਿੱਕੀ ਬੇੜੀ, ਡੋਂਗਾ, ਭਾਰ ਢੋਣ ਵਾਲੀ ਬੇੜੀ।

گرچ ***ਗਿਰਚ*** : ਚੂਨਾ, ਗਚ, ਸਫ਼ੈਦੀ, ਕਲੀ।

گرچہ ***ਗਰਚਿਹ*** : (ਅਗਰਚਿਹ **اگرچہ** ਦਾ ਸੰਖਿਪਤ ਰੂਪ) ਭਾਵੇਂ।

گرچہ ***ਗੁਰਚਾ*** : ਛੋਟਾ ਜੇਹਾ ਮਕਾਨ, ਕੁਟੀਆ, ਲੱਕੜ ਦਾ ਨਿੱਕਾ ਜੇਹਾ ਘਰ, ਬੰਦੀਖ਼ਾਨਾ, ਖੂਹ, ਸੰਨ੍ਹ, ਪਾੜ।

گرد ***ਗਰਦ*** : ਧੂੜ, ਘੱਟਾ, ਮਿੱਟੀ, ਅਸਮਾਨ, ਸੂਰਜ, ਖ਼ੁਸ਼ੀ, ਫ਼ਿਕਰ, ਰੰਜ, ਸੁਗੰਧ, ਨਫ਼ਾ, ਲਾਭ, ਬਿਜਲੀ, ਪ੍ਰਤੀਬਿੰਬ, ਇਕ ਪਰਕਾਰ ਦਾ ਚੰਗਾ ਰੇਸ਼ਮੀ ਕੱਪੜਾ, ਦਵਾਈ ਦਾ ਸਫ਼ੂਫ।

گردآلود ***ਗਰਦ-ਆਲੂਦ,*** **گردآلودہ** ***ਗਰਦ-ਆਲੂਦਾ*** : ਮਿੱਟੀ ਘੱਟੇ ਨਾਲ ਭਰਿਆ ਹੋਇਆ, ਜਿਸ 'ਤੇ ਧੂੜ ਪਈ ਹੋਵੇ, ਦੁਨੀਆਦਾਰ, ਸੰਸਾਰੀ।

گردباد ***ਗਰਦਬਾਦ,*** **گردبادہ** ***ਗਰਦਬਾਦਾ*** : ਝੱਖੜ, ਹਨੇਰੀ, ਵਾਵਰੋਲਾ।

گرد ***ਗੁਰਦ,*** **گردن** ***ਗੁਰਦਨ*** : ਪੈਹਲਵਾਨ, ਦਲੇਰ, ਬਹਾਦਰ, ਜੋਧਾ।

گردگیر ***ਗੁਰਦਗੀਰ*** : ਪੈਹਲਵਾਨਾਂ ਨੂੰ ਫੜਨ ਵਾਲਾ, ਅਫ਼ਰਾਸਿਯਾਬ ਦੇ ਇਕ ਪੁੱਤਰ ਦਾ ਨਾਮ।

گرد ***ਗਿਰਦ*** : ਗੋਲ, ਦਾਇਰਾ, ਘੇਰਾ, ਚਾਰੇ ਪਾਸੇ, ਆਲਾ-ਦੁਆਲਾ; ਜਮ੍ਹਾ ਹੋਣਾ; ਪਿੱਛੇ; ਸ਼ੈਹਰ, ਬਸਤੀ; ਦਵਾਈ ਦੀ ਗੋਲੀ।

گردآمدن ***ਗਿਰਦ ਆਮਦਨ*** : ਇਕੱਤਰ ਹੋਣਾ।

گرداب ***ਗਿਰਦਾਬ,*** **گردابہ** ***ਗਿਰਦਾਬਾ*** : ਭੰਵਰ, ਪਾਣੀ ਦਾ ਚੱਕਰ।

گرداگرد ***ਗਿਰਦਾ-ਗਿਰਦ*** : ਚਾਰੇ ਪਾਸੇ, ਹਰ ਤਰਫ਼, ਆਲੇ-ਦੁਆਲੇ।

گردباد ***ਗਿਰਦ-ਬਾਦ,*** **گرداباد** ***ਗਿਰਦਾ-ਬਾਦ*** : ਮਦਾਇਨ ਦਾ ਸ਼ੈਹਰ ਜਿਸ ਦੀ ਨੀਂਹ ਤਹਿਮੂਰਸ ਨੇ ਰੱਖੀ ਸੀ ਤੇ ਜਿਸ ਨੂੰ ਜਮਸ਼ੀਦ ਨੇ ਪੂਰਾ ਕੀਤਾ ਸੀ।

گردپیش ***ਗਿਰਦ ਪੇਸ਼,*** **گردوپیش** ***ਗਿਰਦ-ਉ-ਪੇਸ਼*** : ਆਲੇ-ਦੁਆਲੇ, ਸਭ ਪਾਸੇ।

گردِشہر ***ਗਿਰਦ-ਏ-ਸ਼ਹਰ*** : ਸ਼ੈਹਰ ਦਾ ਆਲਾ-ਦੁਆਲਾ, ਸ਼ੈਹਰ ਨਾਲ ਲਗਦੀਆਂ ਬਸਤੀਆਂ।

گردنواحی ***ਗਿਰਦ-ਨਵਾਹੀ,*** **گردونواح** ***ਗਿਰਦ-ਉ-ਨਵਾਹ*** : ਆਲਾ-ਦੁਆਲਾ, ਚੌਗਿਰਦਾ।

گردآور ***ਗਿਰਦਾਵਰ*** : ਹਾਕਮ, ਖੇਤਾਂ ਦਾ ਅਨੁਮਾਨ ਲਾਉਣ ਵਾਲਾ, ਚੌਹੀਂ ਪਾਸੀ ਫਿਰਨ ਵਾਲਾ।

گردآوری ***ਗਿਰਦਾਵਰੀ*** : ਘੁੰਮਣ ਦੀ ਪਦਵੀ, ਖੇਤਾਂ ਦਾ ਜਾਇਜ਼ਾ ਲੈਣਾ, ਹਕੂਮਤ, ਗਿਰਦਾਵਰ ਦਾ ਔਹੁਦਾ, ਦੌਰਾ, ਫੇਰੀ, ਨਿਗਰਾਨੀ, ਗਸ਼ਤ ਕਰਨ ਦਾ ਹਲਕਾ ਜਾਂ ਇਲਾਕਾ, ਫ਼ਸਲਾਂ ਦੇ ਇੰਦਰਾਜ ਲਈ ਗਸ਼ਤ।

گردش ***ਗਰਦਿਸ਼*** : ਦੌਰਾ, ਚੱਕਰ, ਪਰੀਵਰਤਨ, ਤਬਦੀਲੀ; ਬਦਨਸੀਬੀ; ਹਰਕਤ, ਸਖ਼ਤੀ, ਫਿਰਨਾ, ਚੈਹਲ ਕਦਮੀ, ਅਵਾਰਾਗਰਦੀ; ਚੋਰੀ।

گردشِ آسمان ***ਗਰਦਿਸ਼-ਏ-ਆਸਮਾਂਨ*** : ਜ਼ਮਾਨੇ ਦਾ ਚੱਕਰ।

گردش گاہ ***ਗਰਦਿਸ਼ਗਾਹ*** : ਸੈਰ ਦਾ ਸਥਾਨ, ਬਾਗ਼।

گردن ***ਗਰਦਨ*** : ਧੌਣ, ਸੁਰਾਹੀ ਦਾ ਉਪਰਲਾ ਹਿੱਸਾ, ਜਿਥੋਂ ਮੋੜ ਸ਼ੁਰੂ ਹੁੰਦਾ ਹੈ।

گردن افراختن ***ਗਰਦਨ-ਅਫਰਾਖ਼ਤਨ*** : ਸਿਰ ਚੁੱਕਣਾ, ਫ਼ਖ਼ਰ ਕਰਨਾ, ਘਮੰਡ ਕਰਨਾ।

گردن زدن ***ਗਰਦਨ ਜ਼ਦਨ*** : ਗਰਦਨ ਮਾਰਨਾ, ਸਿਰ ਲਾਹ ਦੇਣਾ।

گردن فراز ***ਗਰਦਨ-ਫ਼ਰਾਜ਼*** : ਹੈਂਕੜਬਾਜ਼, ਅਭਮਾਨੀ, ਬਾਗ਼ੀ, ਸੋਹਣਾ, ਸੁੰਦਰ, ਮਰਤਬੇ ਵਾਲਾ।

گردن کش ***ਗਰਦਨ-ਕਸ਼*** : ਬਾਗ਼ੀ, ਨਾਫ਼ਰਮਾਨ, ਮਗ਼ਰੂਰ, ਹੈਂਕੜਬਾਜ਼, ਬਹਾਦਰ, ਦਲੇਰ, ਤਾਕਤਵਰ, ਸ਼ਕਤੀਸ਼ਾਲੀ, ਤਕੜਾ।

گردن کشی ***ਗਰਦਨ-ਕਸ਼ੀ*** : ਸਰਕਸ਼ੀ, ਬਗ਼ਾਵਤ, ਗ਼ਰੂਰ, ਹੰਕਾਰ, ਘਮੰਡ।

گردنی ***ਗਰਦਨੀ*** : ਘੋੜੇ ਦਾ ਕੱਪੜਾ, ਧੌਣ ਉਤੇ ਸੱਟ ਮਾਰਨਾ, ਥੱਪੜ, ਬਹਾਦਰੀ; ਘੋਲ ਦਾ ਦਾਅ।

گردنای ***ਗਰਦਨਾਯ, ਗਿਰਦਨਾਯ*** : ਲਾਟੂ, ਗਡੀਰਾ।

گردنای چرخ ***ਗਿਰਦਨਾਯ-ਚਰਖ*** : ਅਸਮਾਨ।

گردو ***ਗਿਰਦੂ*** : ਅਖ਼ਰੋਟ।

گردوں ***ਗਰਦੂੰ,*** **گردون** ***ਗਰਦੂਨ*** : ਅਸਮਾਨ, ਚਰਖ਼ੀ, ਗੱਡੀ, ਗੱਡਾ, ਰਥ, ਗਡੀਰਾ, ਘੁੰਮਣ ਵਾਲਾ।

گردون مینا ***ਗਰਦੂਨ-ਏ-ਮੀਨਾ*** : ਨੀਲਾ ਅਸਮਾਨ।

گردون ہمت ***ਗਰਦੂਨ-ਹਿੰਮਤ*** : ਵੱਡੀ ਹਿੰਮਤ ਵਾਲਾ, ਵੱਡੇ ਹੌਸਲੇ ਵਾਲਾ, ਆਸ਼ਾਵਾਦੀ।

گردنہ ***ਗਰਦਨਾ*** : ਵੇਲਣਾ; ਘਾਟੀ, ਪਹਾੜ ਦੀ ਉਚਾਈ ਦਾ ਤੰਗ ਰਸਤਾ; ਇਕ ਜੜੀ ਬੂਟੀ ਦਾ ਨਾਮ।

گردہ ***ਗਰਦਾ*** : ਚਿਤਰਕਾਰਾਂ ਦਾ ਸਕੂਫ਼; ਨੱਕਾਸ਼ਾਂ ਦਾ ਖ਼ਾਕਾ, ਸੂਈ ਨਾਲ ਛੇਦ ਕੀਤਾ ਹੋਇਆ ਕਾਗ਼ਜ਼ ਜਿਸ ਦੁਆਰਾ ਖ਼ਾਕਾ ਉਲੀਕਿਆ ਜਾਵੇ।

گردہ ***ਗੁਰਦਾ*** : ਢਿੱਡ ਅੰਦਰਲਾ ਪਰਸਿੱਧ ਅੰਗ ਜਿਸ ਵਿਚੋਂ ਪਿਸ਼ਾਬ ਛਣਦਾ ਹੈ; ਹੌਸਲਾ; ਇਕ ਪਰਕਾਰ ਦੀ ਛੋਟੀ ਤੋਪ।

گردہ ***ਗਿਰਦਾ*** : ਛੋਟੀ ਤੇ ਮੋਟੀ ਟਿੱਕੀ, ਹਰ ਗੋਲ ਚੀਜ਼; ਸਭ, ਸਾਰੇ; ਨਿਗਾਹ; ਸਰਹਾਣਾ; ਯਹੂਦੀਆਂ ਦਾ ਗੋਲ ਪੀਲਾ ਪਟਕਾ ਜੇਹੜਾ ਓਹ ਆਪਣੇ ਮੋਢਿਆਂ ਤੇ ਨਿਆਰਾਪੁਣਾ ਵਿਖਾਉਣ ਲਈ ਬੰਨ੍ਹਦੇ ਹਨ।

گردہ بان ***ਗਿਰਦਾਬਾਨ*** : ਨਿਗਾਹਬਾਨ, ਰਾਖਾ।

گردۂ چرخ ***ਗਿਰਦਾ-ਏ-ਚਰਖ,*** **گردۂ گردوں** ***ਗਿਰਦਾ-ਏ-ਗਰਦੂੰ,*** **گردۂ نان** ***ਗਿਰਦਾ-ਏ-ਨਾਨ*** : ਸੂਰਜ, ਚੰਦ, ਟਿੱਕੀ।

گرز ***ਗੁਰਜ਼*** : ਪਰਸਿੱਧ ਸੰਦ ਜੋ ਉਪਰੋਂ ਗੋਲ, ਮੋਟਾ ਅਤੇ ਹੇਠੋਂ ਪਤਲਾ ਹੁੰਦਾ ਹੈ, ਪੈਹਲਵਾਨਾਂ ਦਾ ਪਰਸਿੱਧ ਹਥਿਆਰ, ਚੱਟੂ ਵੱਟਾ।

گرزہ ***ਗੁਰਜ਼ਾ*** : ਗੁਰਜ, ਭਿਆਨਕ, ਡਰਾਉਣਾ, ਸੱਪ ਦਾ ਵੱਡਾ ਫਣ।

گرزۀگاوپیکر *ਗੁਰਜ਼ਾ-ਏ-ਗਾਉ-ਪੈਕਰ,* **گرزۀگاوچهره** *ਗੁਰਜ਼ਾ-ਏ-ਗਾਉ-ਚਿਹਰਹ,* **گرزۀگاوسار** *ਗੁਰਜ਼ਾ-ਏ-ਗਾਉਸਾਰ,* **گرزۀگاوسر** *ਗੁਰਜ਼ਾ-ਏ-ਗਾਉ ਸਰ,*
گرزۀ گاو میش *ਗੁਰਜ਼ਾ-ਏ-ਮੇਸ਼* : ਗਾਂ ਦੀ ਪੂਛ ਵਰਗਾ ਗੁਰਜ, ਫਰੀਦੂਨ ਦੇ ਗੁਰਜ ਦਾ ਨਾਮ।

گرسنگی *ਗੁਰਸਨਗੀ* : ਭੁੱਖ।

گرسنه *ਗੁਰਸਨਾ, ਗੁਰਿਸਨਾ* : ਭੁੱਖਾ।
گرسنه‌چشم *ਗੁਰਸਨਾ-ਚਸ਼ਮ* : ਲਾਲਚੀ, ਲੋਭੀ, ਕੰਜੂਸ, ਬਖ਼ੀਲ, ਫ਼ਕੀਰ, ਗ਼ਰੀਬ।
گرسنه‌چشمی *ਗੁਰਸਨਾ ਚਸ਼ਮੀ* : ਲਾਲਚ, ਹਿਰਸ।

گرشاسپ *ਗਰਸ਼ਾਸਪ* : ਰੁਸਤਮ ਦੇ ਵੱਡੇ ਵਡੇਰਿਆਂ ਵਿਚੋਂ ਇਕ ਦਾ ਨਾਮ, ਈਰਾਨ ਦੇ ਇਕ ਬਾਦਸ਼ਾਹ ਦਾ ਨਾਮ।

گرفت *ਗਿਰਿਫ਼ਤ* : ਪਕੜ, ਫੜਿਆ, ਫੜਿਆ ਗਿਆ, ਲਿਆ ਗਿਆ, ਚੰਦ ਜਾਂ ਸੂਰਜ ਨੂੰ ਗਰੈਹਣ ਲੱਗਣਾ, ਇਤਰਾਜ਼।

گرفتار *ਗਿਰਿਫ਼ਤਾਰ* : ਫੜਿਆ ਹੋਇਆ, ਕੈਦੀ, ਫਸਿਆ ਹੋਇਆ।
گرفتاری *ਗਿਰਿਫ਼ਤਾਰੀ* : ਫੜਨਾ, ਗਰਿਫ਼ਤਾਰ ਕਰਨ ਦੀ ਕਿਰਿਆ, ਪਕੜ, ਕੈਦ, ਨਜ਼ਰਬੰਦ; ਉਲਝਣ, ਜੰਜਾਲ, ਰੁਝੇਵਾਂ।

گرفتن *ਗਿਰਿਫ਼ਤਨ* : ਫੜਨਾ; ਲੈਣਾ ਫ਼ਰਜ਼ ਕਰਨਾ; ਕੱਟਣਾ; ਅੱਡ ਕਰਨਾ; ਰੋਕਣਾ, ਬੰਦ ਕਰਨਾ, ਪੁੱਛਣਾ; ਇਤਰਾਜ਼ ਕਰਨਾ, ਮੰਨਣਾ; ਉਖੇੜਨਾ; ਸਿਖਣਾ; ਬਰਦਾਸ਼ਤ ਕਰਨਾ; ਸ਼ੁਰੂ ਕਰਨਾ; ਅਸਰ ਕਰਨਾ; ਮਾਰ ਲੈਣਾ, ਪਾਉਣਾ, ਪਰਾਪਤ ਕਰਨਾ; ਚੁੱਕਣਾ, ਰੱਖਣਾ; ਕਰਨਾ; ਚੰਦ ਜਾਂ ਸੂਰਜ ਨੂੰ ਗਰੈਹਣ ਲੱਗਣਾ।

گرفته *ਗਿਰਿਫ਼ਤਾ* : ਫੜਿਆ ਹੋਇਆ, ਕੈਦੀ, ਬੰਦੀ, ਲਿਆ ਹੋਇਆ, ਅਫ਼ਸੋਸਨਾਕ, ਇਤਰਾਜ਼, ਗੱਪ, ਡੀਂਗ, ਪੇਸ਼ਗੀ ਮੁਲ, ਤਾੜਨਾ, ਮੰਨਿਆ ਹੋਇਆ, ਫਰਜ਼ ਕੀਤਾ ਹੋਇਆ।

گرفته‌لب *ਗਿਰਿਫ਼ਤਾ ਲਬ* : ਚੁੱਪ, ਹੈਰਾਨੀ ਸਦਕਾ ਚੁੱਪ-ਚਾਪ।

گرگ *ਗੁਰਗ* : ਬਘਿਆੜ।
گرگبند *ਗੁਰਗਬੰਦ* : ਬਘਿਆੜਾਂ ਵਿਚ ਘਿਰਿਆ ਹੋਇਆ ਜੋ ਬਚ ਕੇ ਨਾ ਜਾ ਸਕੇ, ਕੈਦੀ, ਬੱਝਾ ਹੋਇਆ, ਕਮਜ਼ੋਰ, ਲਚਾਰ।
گرگ‌باران‌دیده *ਗੁਰਗ-ਏ-ਬਾਰਾਂ ਦੀਦਾ* : ਤਜਰਬੇਕਾਰ, ਅਜ਼ਮਾਇਆ ਹੋਇਆ, ਜਿਸ ਨੇ ਜ਼ਮਾਨੇ ਦੇ ਉਤਰਾਅ-ਚੜ੍ਹਾਅ ਵੇਖੇ ਹੋਣ।
گرگِ‌پیر *ਗੁਰਗ-ਏ-ਪੀਰ* : ਤਜਰਬੇ-ਕਾਰ; ਸਿਆਣਾ, ਹੰਢਿਆ ਹੋਇਆ।
گرگِ‌کهن *ਗੁਰਗ-ਏ-ਕੁਹਨ* : ਖਰਾਂਟ, ਮੱਕਾਰ, ਚਲਾਕ।
گرگِ‌مست *ਗੁਰਗ-ਏ-ਮਸਤ* : ਮਸਤ ਬਘਿਆੜ; ਜ਼ਾਲਮ; ਮਸ਼ੂਕ।

گرگابی *ਗੁਰਗਾਬੀ,* **گرگاو** *ਗੁਰਗਾਵ,* **گرگاوه** *ਗੁਰਗਾਵਾ* : ਇਕ ਪਰਕਾਰ ਦੀ ਜੁੱਤੀ, ਗੁਰਗਾਬੀ।

گرگان *ਗੁਰਗਾਨ* : ਈਰਾਨ ਦੇ ਇਕ ਸ਼ੈਹਰ ਦਾ ਨਾਮ ਜਿਸ ਨੂੰ ਅਰਬੀ ਵਿਚ ਜੁਰਜਾਨ ਕੈਂਹਦੇ ਹਨ; ਬੀਆਬਾਨ, ਉਜਾੜ।

گرگن *ਗਰਗਿਨ,* **گرگین** *ਗਰਗੀਨ* : ਖੁਰਕ ਦਾ ਰੋਗ; ਖੁਜਲੀ ਦੀ ਬੀਮਾਰੀ ਵਾਲਾ।

گرگین *ਗੁਰਗੀਨ* : ਇਕ ਈਰਾਨੀ ਪੈਹਲਵਾਨ ਦਾ ਨਾਮ।

گرگینه *ਗੁਰਗੀਨਾ* : ਪੋਸਤੀਨ, ਖੱਲ ਦਾ ਕੋਟ, ਚਮੜੇ ਦਾ ਚੋਗਾ।

گرم *ਗਰਮ* : ਤੱਤਾ, ਤੇਜ; ਜਲਦੀ, ਸ਼ਿਤਾਬੀ, ਬੌਹਤ ਜ਼ਿਆਦਾ ਨਰਾਜ਼, ਖ਼ਫ਼ਾ, ਗੁੱਸੇ; ਬੌਹਤ ਮਿਲਣ-ਜੁਲਣ ਵਾਲਾ।
گرم‌بازاری *ਗਰਮਬਾਜ਼ਾਰੀ* : ਬੜੀ ਗਾਹਕੀ, ਬੌਹਤੀ ਵੇਚ-ਵੱਟ, ਰੌਣਕ।
گرم‌جوش *ਗਰਮ-ਜੋਸ਼* : ਬੜੇ ਤਪਾਕ ਵਾਲਾ, ਮਿਲਾਪੜਾ।
گرم‌جوشی *ਗਰਮਜੋਸ਼ੀ* : ਤਪਾਕ, ਮੇਲ

ਮਿਲਾਪ।

گرم‌خانہ ***ਗਰਮ-ਖ਼ਾਨਾ*** : ਢਕਿਆ ਹੋਇਆ ਬਾਗ਼।

گرم‌خو ***ਗਰਮ-ਖ਼ੂ*** : ਤੇਜ਼ ਮਿਜ਼ਾਜ ਵਾਲਾ।

گرم‌دلاں ***ਗਰਮ-ਦਿਲਾਂ*** : ਆਸ਼ਕ ਲੋਕ।

گرم‌دماغ ***ਗਰਮ-ਦਿਮਾਗ*** : ਮਗਰੂਰ, ਘਮੰਡੀ।

گرم‌دماغی ***ਗਰਮ-ਦਿਮਾਗੀ*** : ਘਮੰਡ।

گرم‌گاہ ***ਗਰਮਗਾਹ*** : ਦੁਪੈਹਰ ਦਾ ਵੇਲਾ, ਸਿਖਰ ਦੁਪੈਹਰਾ।

گرم‌گو ***ਗਰਮਗੋ*** : ਪਰਭਾਵਸ਼ਾਲੀ ਵਕਤਾ।

گرم‌وسرد ***ਗਰਮ-ਉ-ਸਰਦ*** : ਜ਼ਮਾਨੇ ਦੀਆਂ ਘਟਨਾਵਾਂ, ਉਤਰਾਅ-ਚੜ੍ਹਾਅ, ਨਰਮੀ ਸਖ਼ਤੀ, ਬੁਰਾਈ ਭਲਾਈ, ਖ਼ੁਸ਼ੀ ਗ਼ਮੀ।

گرم‌وسردآزمودہ ***ਗਰਮ-ਉ-ਸਰਦ ਆਜ਼ਮੂਦਾ,*** **گرم‌وسردچشیدہ** ***ਗਰਮ-ਉ-ਸਰਦ ਚਸ਼ੀਦਾ*** : ਤਜਰਬੇਕਾਰ।

گرما ***ਗਰਮਾ*** : ਗਰਮੀ ਦਾ ਮੌਸਮ, ਹੁਨਾਲ, ਗਰਮੀ।

گرماباں ***ਗਰਮਾਬਾਂ,*** **گرمابہ** ***ਗਰਮਾਬਾ,*** **گرماوہ** ***ਗਰਮਾਵਾ*** : ਗਰਮ ਗੁਸਲਖ਼ਾਨਾ।

گرمائیل ***ਗਰਮਾਈਲ*** : ਜ਼ਾਲਮ ਜ਼ੁੱਹਾਕ ਦੇ ਬਾਵਰਚੀ ਦਾ ਨਾਮ।

گرمک ***ਗਰਮਕ*** : (ਗਰਮ **گرم** ਦਾ ਲਘੂਵਾਚੀ) ਥੋੜਾ ਗਰਮ, ਇਕ ਪਰਕਾਰ ਦਾ ਖ਼ੁਸ਼ਬੂਦਾਰ ਮਿੱਠਾ ਖ਼ਰਬੂਜ਼ਾ, ਪਾਣੀ ਵਿਚ ਉਬਾਲਿਆ ਹੋਇਆ ਲੋਬੀਆ।

گرمی ***ਗਰਮੀ*** : ਤਪਸ਼, ਹਰਾਰਤ, ਤੱਤਾਪਣ, ਤੇਜ਼ੀ, ਕਾਹਲ, ਗੁੱਸਾ, ਪਸੀਨਾ, ਮੁਹੱਬਤ ਦਾ ਜੋਸ਼।

گرمئِ‌بازار ***ਗਰਮੀ-ਏ-ਬਾਜ਼ਾਰ*** : ਰੌਣਕ, ਚੈਹਲ-ਪੈਹਲ।

گرمئِ‌بازارِحسن ***ਗਰਮੀ-ਏ-ਬਾਜ਼ਾਰ-ਏ-ਹੁਸਨ*** : ਬੌਹਤਾ ਰੂਪ ਜਾਂ ਹੁਸਨ ਹੋਣਾ, ਸੁੰਦਰਤਾ ਦੀ ਸ਼ੌਹਰਤ।

گرمئِ‌خونابہ ***ਗਰਮੀ-ਏ-ਖ਼ੂਨਾਬਾ*** : ਬੌਹਤ ਰੋਣਾ, ਜ਼ਾਰ ਜ਼ਾਰ ਰੋਣਾ, ਖ਼ੂਨ ਦੇ ਅੱਥਰੂ ਵਹਾਉਣਾ।

گرمیخ ***ਗਰਮੇਖ਼*** : ਲੱਕੜ ਜਾਂ ਲੋਹੇ ਦੀ ਵੱਡੀ ਕਿੱਲੀ ਜਾਂ ਮੇਖ਼ ਜਿਸ ਨੂੰ ਤਬੇਲੇ ਦੇ ਦੋਹਾਂ ਪਾਸੇ ਗੱਡ ਕੇ ਉਸ ਨਾਲ ਲੰਮੀ ਰੱਸੀ ਨਾਲ ਘੋੜੇ ਬੰਨ੍ਹਦੇ ਹਨ।

گرنج ***ਗੁਰਿੰਜ*** : ਗੁੱਠ, ਕੋਨਾ, ਭੰਨ, ਸ਼ਿਕਨ, ਸਿਲਵਟ, ਚੌਲ।

گرنجار ***ਗੁਰਿੰਜਾਰ*** : ਧਾਨ ਦਾ ਖੇਤ।

گرنج‌بہ‌شیر ***ਗੁਰਿੰਜ-ਬ-ਸ਼ੀਰ*** : ਦੁੱਧ ਚੌਲ, ਖੀਰ।

گرندہ ***ਗੁਰਿੰਦਾ*** : ਜੁਲਾਹਿਆਂ ਦਾ ਕੁੱਚ।

گرنگ ***ਗਰੰਗ*** : ਰਣ-ਭੂਮੀ, ਜੰਗ ਦਾ ਮੈਦਾਨ, ਛੌਣੀ।

گرو ***ਗਿਰਵ*** : ਗਿਰਵੀ, ਗੈਹਣੇ ਪਿਆ, ਗੁਲਾਮ, ਕੈਦੀ, ਕੈਦ, ਸ਼ਰਤ, ਦਾਅ, ਬਾਜ਼ੀ।

گروبستن ***ਗਿਰੌ ਬਸਤਨ*** : ਦਾਅ ਲਾਉਣਾ, ਸ਼ਰਤ ਲਾਉਣਾ।

گروِمعتبر ***ਗਿਰਵ-ਏ-ਮੁਅਤਬਰ*** : ਪੱਕੀ ਸ਼ਰਤ, ਜਿੱਤਣਯੋਗ ਦਾਅ।

گرور ***ਗਿਰਵਰ*** : ਯੋਗ, ਜ਼ਰੂਰੀ, ਆਵੱਸ਼ਕ, ਜਿਸ ਦਾ ਵਜੂਦ ਜ਼ਰੂਰੀ ਹੋਵੇ।

گرورہ ***ਗੁਰੂਜ਼ਾ*** : ਟੋਲਾ, ਝੁੰਡ, ਮੰਡਲੀ।

گروغ ***ਗੁਰੋਗ਼*** : (= ਦਰੋਗ਼ **دروغ**) ਝੂਠ।

گروگان ***ਗਿਰਵਗਾਨ*** : ਗਿਰਵੀ, ਗੁਲਾਮ, ਕੈਦੀ, ਸ਼ਰਤ।

گروگان ***ਗੁਰੂਗਾਨ*** : ਮਰਦ ਦਾ ਗੁਪਤ ਅੰਗ।

گروہ ***ਗੁਰੋਹ*** : ਝੁੰਡ, ਟੋਲਾ, ਆਦਮੀਆਂ ਦਾ ਜੱਥਾ, ਮੰਡਲੀ, ਕੌਮ, ਸਿਲਸਿਲਾ, ਸੰਪਰਦਾਏ, ਜਿਰਗਾ, ਸੰਗ।

گروہ‌گروہ ***ਗੁਰੋਹ ਗੁਰੋਹ*** : ਝੁੰਡਾਂ ਦੇ ਝੁੰਡ।

گروہاگروہ ***ਗੁਰੋਹਾ-ਗੁਰੋਹ*** : , ਫ਼ੌਜਾਂ

ਦੇ ਦਸਤੇ।

گروهه *ਗੁਰੋਹਾ* : ਗੋਲਾ, ਬੰਦੂਕ ਦੀ ਗੋਲੀ, ਗੁਲੇਲ ਦਾ ਗੋਲਾ, ਸੂਤਰ ਦਾ ਪਿੰਨਾ; ਟੋਟਣ; ਝੁੰਡ, ਟੋਲਾ।

گروی *ਗਿਰਵੀ* : ਰੈਹਣ ਰੱਖਿਆ ਹੋਇਆ, ਗੈਹਣੇ ਪਾਇਆ ਹੋਇਆ; ਇਕ ਪਰਕਾਰ ਦਾ ਫ਼ਸਲਾਂ ਦਾ ਕੀੜਾ।

گروی *ਗੁਰਵੀ,* گروی‌زره *ਗੁਰਵੀ–ਏ–ਜ਼ਿਰਾ* : ਅਫਰਾਸਿਯਾਬ ਦੇ ਸਬੰਧੀਆਂ ਵਿਚੋਂ ਇਕ ਦਾ ਨਾਮ ਜਿਸ ਨੇ ਸਿਯਾਵੂਸ਼ ਨੂੰ ਮਰਵਾਉਣ ਵਿਚ ਬੜੀ ਕੋਸ਼ਸ਼ ਕੀਤੀ ਸੀ।

گرویدگی *ਗਿਰਵੀਦਗੀ* : ਪਿਆਰ, ਉਨਸ; ਸ਼ਲਾਘਾ, ਸ਼ਰਧਾ, ਇੱਛਾ।

گرویده *ਗਿਰਵੀਦਾ* : ਮੋਹਤ, ਪਰੇਮੀ, ਵਿਸ਼ਵਾਸੀ, ਸ਼ਰਧਾਲੂ, ਪਰਸ਼ੰਸਕ।

گره *ਗਰਾ* : ਘੜਾ, ਮਟਕਾ।

گره *ਗਿਰਾ* : ਗੰਢ, ਵਲਾਵਾਂ, ਗਜ ਦਾ ੧/੧੬ ਹਿੱਸਾ, ਤਿੰਨ-ਉਂਗਲ ਭਰ ਮਾਪ; ਔਖ; ਤਸਮਾ; ਬੋਝਾ, ਜੇਬ; ਦਿਲ।

گره‌بر *ਗਿਰਾ–ਬੁਰ* : ਗੰਢ-ਕਤਰਾ, ਜੇਬ-ਕਤਰਾ, ਗੰਢ-ਚੋਰ।

گره‌برباد *ਗਿਰਾਬਰਬਾਦ* : ਦੁਨੀਆ ਦੀ ਬੇਇਤਬਾਰੀ।

گره‌بند *ਗਿਰਾਬੰਦ* : ਤਸਮਾ, ਬਟਨ, ਗੰਢ ਮਾਰਨ ਵਾਲਾ।

گره‌بندان *ਗਿਰਾ–ਬੰਦਾਨ* : ਜਨਮ ਦਿਵਸ।

گره‌دار *ਗਿਰਾਦਾਰ* : ਗੰਢਾਂ ਵਾਲਾ, ਗੰਢੀਲਾ।

گره‌زدن *ਗਿਰਾ ਜ਼ਦਨ* : ਗੰਢ ਮਾਰਨਾ।

گره‌نهادن *ਗਿਰਾ ਨਿਹਾਦਨ* : ਦੁਨੀਆ ਦਾ ਧਨ ਜਮ੍ਹਾ ਕਰਨਾ।

گری *ਗਿਰੀ,* گریا *ਗਿਰਿਯਾ* : (ਗਿਰਯਾ (گریه) ਰੋਣਾ, ਆਹਾਂ ਭਰਨੀਆਂ।

گریان *ਗਿਰਯਾਨ* : ਰੋਣ ਵਾਲਾ, ਰੌਂਦਾ ਹੋਇਆ, ਰੋਣ-ਪਿੱਟਣ।

گری *ਗਿਰੇ* : ਗਰਦਨ, ਧੌਣ।

گریال *ਗਰਯਾਲ* : ਘੜਿਆਲ, ਘੰਟਾ।

گریب *ਗਿਰੀਬ* : (ਜਰੀਬ جریب) ਜ਼ਮੀਨ ਨਾਪਣ ਦਾ ਇਕ ਖ਼ਾਸ ਨਾਪ, ਲੋਹੇ ਦੀ ਜ਼ੰਜੀਰ ਜਿਸ ਨਾਲ ਜ਼ਮੀਨ ਨਾਪੀ ਜਾਂਦੀ ਹੈ।

گریبان *ਗਿਰੀਬਾਨ* : (ਗਰੇ+ਬਾਨ) ਗਲਮਾ, ਗਲਮੇ ਦੀ ਪੱਟੀ ਜਾਂ ਚਾਕ, ਜੇਬ, ਕਾਲਰ, ਕੰਨੀ।

گریبانی *ਗਿਰੀਬਾਨੀ* : ਕੁਰਤਾ, ਝੱਗਾ, ਚੋਗਾ।

گریچ *ਗੁਰੀਚ,* گریچه *ਗੁਰੀਚਾ* : ਛੋਟਾ ਜੇਹਾ ਘਰ, ਕੁਟੀਆ, ਕੈਦ ਦਾ ਖੂਹ, ਕੈਦਖ਼ਾਨਾ।

گریختن *ਗੁਰੇਖ਼ਤਨ* : ਭੱਜਣਾ।

گریخته *ਗੁਰੇਖ਼ਤਾ* : ਭੱਜਿਆ ਹੋਇਆ, ਭਗੌੜਾ, ਭੱਜਣ ਵਾਲਾ।

گریز *ਗੁਰੇਜ਼* : ਭੱਜਣਾ, ਭਾਂਜ; ਮੋੜ; ਪਲਟਾ; ਸ਼ਾਇਰਾਂ ਦੀ ਪਰਭਾਸ਼ਾ ਵਿਚ ਇਕ ਵਿਸ਼ੇ ਤੋਂ ਦੂਜੇ ਵਿਸ਼ੇ ਵੱਲ ਆਉਣਾ।

گریزپا *ਗੁਰੇਜ਼ਪਾ* : ਭਗੌੜਾ, ਗੁਲਾਮ ਜਾਂ ਲੌਂਡੀ, ਓਹ ਗੁਲਾਮ, ਨੌਕਰ, ਜਾਂ ਸ਼ਗਿਰਦ ਜੋ ਘਰੋਂ ਨੱਸ ਜਾਣ ਵਾਲਾ ਹੋਵੇ, ਨਾਪਾਇਦਾਰ।

گریزگاه *ਗੁਰੇਜ਼ਗਾਹ* : ਭੱਜ ਕੇ ਪਨਾਹ ਲੈਣ ਦੀ ਥਾਂ।

گریزنده *ਗੁਰੇਜ਼ੰਦਾ* : ਭੱਜਣ ਵਾਲਾ, ਭਗੌੜਾ।

گریس *ਗਿਰੀਸ* : ਖ਼ੁਸ਼ਾਮਦ, ਚਾਪਲੂਸੀ, ਮਕਰ, ਫਰੇਬ, ਹੀਲਾ।

گریستن *ਗਿਰੀਸਤਨ* : ਰੋਣਾ।

گریوه *ਗਿਰੀਵਾ* : ਟਿੱਲਾ, ਔਖੀ ਘਾਟੀ।

گریه *ਗਿਰਯਾ* : ਰੋਣਾ, ਪਿੱਟਣਾ, ਚੀਕ ਪੁਕਾਰ।

گریه‌رو *ਗਿਰਯਾ–ਰੂ* : ਰੋਣੀ ਸ਼ਕਲ, ਰੋਣ-ਹਾਕਾ।

گریه‌کردن *ਗਿਰਯਾ ਕਰਦਨ* : ਰੋਣਾ, ਅੱਥਰੂ ਵਹਾਉਣਾ।

گز *ਗਜ਼* : ਕੱਪੜਾ, ਜ਼ਮੀਨ, ਆਦਿ ਮਿਣਨ ਦਾ

ਸੰਦ, ਜਿਸ ਦੀ ਲੰਮਾਈ ਤਿੰਨ ਫੁਟ, ਸੋਲਾਂ ਗਿਰੇ, ਦੋ ਹੱਥ, ਚਾਰ ਗਿੱਠ ਜਾਂ 248 ਉਂਗਲ ਜਾਂ 36 ਇੰਚ ਹੁੰਦੀ ਹੈ; ਬਿਨਾ ਨੋਕ ਤੇ ਖੰਭਾਂ ਦੇ ਤੀਰ; ਬੰਦੂਕ ਦੀ ਨਾਲ ਸਾਫ਼ ਕਰਨ ਜਾਂ ਬਰੂਦ ਭਰਨ ਦੀ ਗੋਲ ਛੜ; ਸਾਰੰਗੀ ਵਜਾਉਣ ਵਾਲਾ ਸੰਦ; ਸਾਈਕਲ ਦੇ ਪਹੀਏ ਦੀ ਤਾਰ।

گزار ***ਗੁਜ਼ਾਰ*** : ਲਾਂਘਾ, ਰਾਹ, ਰਸਤਾ; ਤਸਵੀਰ ਦਾ ਖ਼ਾਕਾ, ਰਕਮ ਦੀ ਅਦਾਇਗੀ, ਨਮਾਜ਼ ਅਦਾ ਕਰਨ ਦੀ ਕਿਰਿਆ, ਨੀਂਦ, ਤੂੰ ਛੱਡ ਦੇ, ਅਦਾ ਕਰ।

گزارش ***ਗੁਜ਼ਾਰਿਸ਼*** : ਅਰਜ਼, ਬੇਨਤੀ, ਅਰਜ਼ੀ, ਦਰਖ਼ਾਸਤ, ਵਿਸ਼ਲੇਸ਼ਣ, ਤਸ਼ਰੀਹ, ਟੀਕਾ, ਖ਼ਵਾਬ ਦੀ ਤਾਬੀਰ।

گزارش‌گر ***ਗੁਜ਼ਾਰਿਸ਼ਗਰ*** : ਅਰਜ਼ ਕਰਨ ਵਾਲਾ, ਪਰਾਰਥਕ, ਬਿਨੈ ਕਰਤਾ, ਅਦਾ ਕਰਨ ਵਾਲਾ, ਪਰਵਾਨ ਕਰਨ ਵਾਲਾ, ਲਾਉਣ ਵਾਲਾ, ਲੈ ਜਾਣ ਵਾਲਾ।

گزارش‌گری ***ਗੁਜ਼ਾਰਿਸ਼ਗਰੀ*** : ਵਿਸ਼ਲੇਸ਼ਣ, ਤਸ਼ਰੀਹ, ਬਿਆਨ।

گزارش‌نامه ***ਗੁਜ਼ਾਰਿਸ਼ਨਾਮਾ*** : ਤਾਬੀਰਨਾਮਾ

گزارشی‌نامه ***ਗੁਜ਼ਾਰਿਸ਼ੀਨਾਮਾ*** : ਖ਼ਵਾਬ ਦੀ ਤਾਬੀਰ ਵੇਖਣ ਵਾਲੀ ਪੁਸਤਕ, ਤਸ਼ਰੀਹ, ਵਿਸ਼ਲੇਸ਼ਣ, ਟੀਕਾ।

گزاره ***ਗਜ਼ਾਰਾ*** : ਕਿੱਸਾ, ਤਾਰੀਖ।

گزاره ***ਗੁਜ਼ਾਰਾ*** : ਗੁਜ਼ਾਰਿਸ਼ **گرارش** ਦਾ ਸਮਾਨਾਰਥਕ।

گزاره‌نامه ***ਗੁਜ਼ਾਰਾ ਨਾਮਾ*** : ਗੁਜ਼ਾਰਿਸ਼ਨਾਮਾ।

گزاشتن ***ਗੁਜ਼ਾਸ਼ਤਨ*** : ਛੱਡਣਾ, ਅਦਾ ਕਰਨਾ, ਲੰਘਣਾ।

گزاف ***ਗਿਜ਼ਾਫ਼***, **گزافه** ***ਗਿਜ਼ਾਫ਼ਾ*** : ਫੜ੍ਹ, ਸ਼ੇਖ਼ੀ, ਡੀਂਗ, ਗੱਪ, ਫ਼ਜ਼ੂਲ ਗੱਲ, ਝੂਠ, ਬਕਵਾਸ, ਬੇਹਿਸਾਬ, ਬੇਹੱਦ।

گزاوه ***ਗਜ਼ਾਵਾ*** : ਹੌਦਾ।

گزر ***ਗਜ਼ਰ*** : ਗਾਜਰ।

ਗੁਜ਼ਰ : ਰਸਤਾ, ਲਾਂਘਾ, ਚਾਰਾ, ਹੀਲਾ; ਪਾਲੀਆਂ ਦਾ ਥੈਲਾ; ਘਾਟ; ਰਸਾਈ, ਪੌਹਚ, ਪਾਰ ਕਰਨਾ।

گزستن ***ਗੁਜ਼ਸਤਨ*** : ਲੰਘਣਾ, ਗੁਜ਼ਰਨਾ, ਖ਼ਤਮ ਹੋਣਾ, ਹਾਰ ਚੁੱਕਣਾ, ਡਿਗ ਪੈਣਾ।

گزمار ***ਗਜ਼ਮਾਰ*** : ਵਿਸ਼ੈਲਾ ਸੱਪ, ਸਖ਼ਤ ਕੱਟਣ ਵਾਲਾ ਸੱਪ।

گزند ***ਗਜ਼ੰਦ*** : ਸਦਮਾ, ਆਫ਼ਤ, ਮੁਸੀਬਤ, ਦੁੱਖ, ਰੰਜ, ਤਕਲੀਫ਼, ਭੈੜੀ ਨਜ਼ਰ; ਭੂਤ ਪਰੇਤ ਦਾ ਸਾਇਆ, ਨੁਕਸਾਨ।

گزندرسان ***ਗਜ਼ੰਦ-ਰਸਾਨ*** : ਤਕਲੀਫ਼ ਪੌਹਚਾਉਣ ਵਾਲਾ, ਕੱਟਣ ਜਾਂ ਵੱਢਣ ਵਾਲਾ।

گزندرسانی ***ਗਜ਼ੰਦ-ਰਸਾਨੀ*** : ਤਕਲੀਫ਼, ਨੁਕਸਾਨ ਪੌਹਚਾਉਣ ਤੇ ਦੁੱਖ ਦੇਣ ਦੀ ਕਿਰਿਆ।

گزندگی ***ਗਜ਼ੰਦਗੀ***: ਡੰਗ, ਕਾਟ; ਦੁਖ, ਨੁਕਸਾਨ।

گزنده ***ਗਜ਼ੰਦਾ*** : ਕੱਟਣ ਵਾਲਾ, ਦੁਖਦਾਈ, ਜ਼ੈਹਰ ਭਰਿਆ, ਜ਼ੈਹਰੀਲਾ (ਸੱਪ)।

گزنند ***ਗਜ਼ਨੰਦ*** : ਘਾਹ ਦੀ ਭਰੀ ਹੋਈ ਬੋਰੀ।

گزه ***ਗਜ਼ਾ*** : ਨਗਾਰਾ ਵਜਾਉਣ ਵਾਲੀ ਲੱਕੜੀ, ਚੋਬ, ਡੱਗਾ, ਇਕ ਪਰਕਾਰ ਦਾ ਤੀਰ।

گزی ***ਗਜ਼ੀ*** : ਮੋਟਾ ਕੱਪੜਾ, ਖੱਦਰ ਆਦਿ।

گزیدین ***ਗਜ਼ੀਦੀਨ*** : ਦੰਦਾਂ ਨਾਲ ਕੱਟਣਾ, ਵੱਢ ਖਾਣਾ, ਡੰਗ ਮਾਰਨਾ, ਕੱਟਣਾ; ਡਰਨਾ।

گزیده ***ਗਜ਼ੀਦਾ*** : ਕੱਟਿਆ ਹੋਇਆ, ਸੱਪ ਦਾ ਡਸਿਆ ਹੋਇਆ, ਦੁਖੀ, ਸੋਗਵਾਰ।

گزینش ***ਗੁਜ਼ੀਨਿਸ਼***, **گزینه** ***ਗੁਜ਼ੀਨਾ***: ਚੁਣਿਆ ਹੋਇਆ, ਉੱਤਮ, ਉਮਦਾ, ਪਸੰਦ, ਚੋਣ।

گزینی ***ਗੁਜ਼ੀਨੀ*** : ਵਿਸ਼ੇਸ਼ਤਾ, ਆਦਤ।

گزینه ***ਗਜ਼ੀਨਾ*** : ਠਠੇਰਿਆਂ ਦਾ ਲੰਮਾ ਹਥੋੜਾ ਜਿਸ ਨਾਲ ਭਾਂਡਿਆਂ ਨੂੰ ਡੂੰਘਾ ਕਰਦੇ ਹਨ; ਤੰਬੂ ਬਣਾਉਣ ਦਾ ਮੋਟਾ ਕੱਪੜਾ, ਖ਼ਜਾਨਾ।

گزیه ***ਗਜ਼ੀਯਾ*** : (ਜਜ਼ੀਯਾ **جزیه** ਇਸ ਦਾ ਅਰਬੀ ਰੁਪਾਂਤਰ ਹੈ) ਟੈਕਸ, ਕਰ, ਖ਼ਰਾਜ, ਬਾਜ,

ਇਸਲਾਮੀ ਹਕੂਮਤ ਵਿਚ ਗ਼ੈਰ ਮੁਸਲਮਾਨਾਂ 'ਤੇ ਸਲਾਨਾ ਟੈਕਸ।

گزاز ***ਗੁਜ਼ਾਜ਼*** : ਪੰਛੀਆਂ ਦਾ ਪੋਟਾ, ਪੋਟ।

گزاف ***ਗਜ਼ਾਫ਼*** : ਲੁੱਕ, ਕਾਲੀ ਗੂੰਦ।

گستاخ ***ਗੁਸਤਾਖ਼*** : ਸ਼ੋਖ਼, ਚਲਾਕ, ਆਕੜਬਾਜ਼, ਬੇਅਦਬ, ਨਿਡਰ।

گستاخانہ ***ਗੁਸਤਾਖ਼ਾਨਾ*** : ਬੇਅਦਬੀ ਨਾਲ, ਹੈਂਕੜ ਨਾਲ, ਸ਼ੋਖੀ ਸੈਹਤ।

گستاخچشم ***ਗੁਸਤਾਖ਼-ਚਸ਼ਮ*** : ਓਹ ਆਦਮੀ ਜਿਸ ਦੀ ਨਜ਼ਰ ਤੋਂ ਗੁੱਸਾ ਤੇ ਨਰਾਜ਼ਗੀ ਪਰਗਟ ਹੋਵੇ ਤੇ ਵੇਖਣ ਵਾਲਾ ਡਰ ਜਾਵੇ, ਨਿਡਰ, ਦਲੇਰ।

گستاخدست ***ਗੁਸਤਾਖ਼ਦਸਤ*** : ਨਿਡਰ, ਦਲੇਰ, ਹੱਥ ਚਲਾਕੀ ਕਰਨ ਵਾਲਾ, ਜਲਦਬਾਜ਼, ਛੂਹਲਾ।

گستاخرو ***ਗੁਸਤਾਖ਼ਰੂ*** : ਬੇਸਰਮ, ਬੇਅਦਬ।

گستاخجبان ***ਗੁਸਤਾਖ਼-ਜ਼ਬਾਨ*** : ਬੋਲ-ਵਿਗਾੜ।

گستاخی ***ਗੁਸਤਾਖ਼ੀ*** : ਸ਼ੋਖੀ, ਹੈਂਕੜ, ਬੇਅਦਬੀ।

گستردن ***ਗੁਸਤਰਦਨ*** : ਵਿਛਾਉਣਾ।

گستردنی ***ਗੁਸਤਰਦਨੀ*** : ਵਿਛਾਉਣਯੋਗ, ਬਿਸਤਰਾ, ਵਿਛਾਉਣਾ।

گسترده ***ਗੁਸਤਰਦਾ*** : ਵਿਛਾਇਆ ਹੋਇਆ, ਫੈਲਾਇਆ ਹੋਇਆ।

گستردهکام ***ਗੁਸਤਰਦਾ-ਕਾਮ*** : ਹਰ ਕੰਮ ਵਿਚ ਸਫਲ, ਭਾਗਸ਼ਾਲੀ।

گستهم ***ਗੁਸਤਹਮ*** : ਮਨੂਚਿਹਰ ਦੇ ਪੋਤਰੇ ਦਾ ਨਾਮ, ਇਕ ਈਰਾਨੀ ਪੈਹਲਵਾਨ ਕਜ਼ਦਹਮ ਦੇ ਪੁੱਤਰ ਦਾ ਨਾਮ।

گستوان ***ਗੁਸਤੁਵਾਨ*** : ਘੋੜੇ ਦਾ ਸਾਜ਼।

گسستن ***ਗੁਸਿਸਤਨ*** : ਤੋੜਨਾ, ਟੁੱਟਣਾ।

گسسته ***ਗੁਸਸਤਾ, ਗੁਸਿਸਤਾ*** : ਟੁੱਟਿਆ ਹੋਇਆ, ਟੁੱਟਿਆ ਭੱਜਿਆ।

گسستهخاطر ***ਗੁਸਿਸਤਾ ਖ਼ਾਤਿਰ,*** **گسستهدل** ***ਗੁਸਿਸਤਾ ਦਿਲ*** : ਚਿੰਤਾਤੁਰ, ਟੁੱਟੇ ਦਿਲ ਵਾਲਾ, ਰੰਜੀਦਾ ਦਿਲ।

گسستهعنان ***ਗਸਿਸਤਾ-ਇਨਾਨ,*** **گسستانلجام** ***ਗੁਸਿਸਤਾ-ਲਿਜਾਮ,*** **گسستهمهار** ***ਗੁਸਿਸਤਾ-ਮਹਾਰ*** : ਬੇਮੁਹਾਰਾ ਊਠ; ਅਜ਼ਾਦ ਆਦਮੀ, ਮਲੰਗ, ਸਰਕਸ਼, ਝਗੜਾਲੂ।

گسن ***ਗੁਸਨ*** : ਭੁੱਖ।

گسنه ***ਗੁਸਨਾ,*** **گرسنه** ***ਗੁਰੁਸਨਾ*** : ਭੁੱਖਾ।

گسنهمار ***ਗੁਸਨਾ ਮਾਰ*** : ਬੌਹਤ ਭੁਖ।

گش ***ਗਸ਼*** : ਖ਼ੁਸ਼, ਸੋਹਣਾ, ਮਟਕ ਚਾਲ ਵਾਲਾ, ਨਖ਼ਰਾ, ਨਾਜ਼, ਉਕਸਾਹਟ, ਰੋਕ।

گش ***ਗਿਸ਼*** : ਦਿਲ।

گشاد ***ਗੁਸ਼ਾਦ*** : (ਕੁਸ਼ਾਦ **کشاد**) ਖੁਲ੍ਹਾ, ਚੌੜਾ, ਵਿਸ਼ਾਲ, ਖ਼ੁਸ਼ੀ, ਖ਼ੂਬੀ, ਫਤੇਹ, ਵਿਜੈ, ਕਮਾਨ ਨੂੰ ਜ਼ੋਰ ਨਾਲ ਖਿੱਚ ਕੇ ਚੁਟਕੀ ਨਾਲ ਤੀਰ ਛੱਡਣਾ।

گشادنامه ***ਗੁਸ਼ਾਦ-ਨਾਮਾ*** : ਸ਼ੀਰਸ਼ਕ, ਸ਼ਾਹੀ ਫ਼ਰਮਾਨ।

گشاده ***ਗੁਸ਼ਾਦਾ*** : ਖੁਲ੍ਹਾ, ਵਿਸ਼ਾਲ।

گشادهابرو ***ਗੁਸ਼ਾਦਾ ਅਬਰੂ*** : ਖੁਲ੍ਹੇ ਮੱਥੇ ਤੇ ਦਿਲ ਵਾਲਾ।

گشادهپیشانی ***ਗੁਸ਼ਾਦਾ-ਪੇਸ਼ਾਨੀ,*** **گشادهجبین** ***ਗੁਸ਼ਾਦਾ-ਜਬੀਨ*** : ਹਸ-ਮੁੱਖ।

گشادهدل ***ਗੁਸ਼ਾਦਾਦਿਲ*** : ਖ਼ੁਸ਼ਦਿਲ, ਖੁਲ੍ਹੇ ਦਿਲ ਵਾਲਾ, ਸਖੀ, ਦਾਤਾ, ਸਿਫ਼ਤ-ਸਨਾ ਕਰਨ ਵਾਲਾ; ਕਵੀ; ਖ਼ੁਸ਼ਹਾਲ।

گشادهرو ***ਗੁਸ਼ਾਦਾ-ਰੂ*** : ਸੋਹਣਾ, ਸੁੰਦਰ।

گشادهزبان ***ਗੁਸ਼ਾਦਾ-ਜ਼ਬਾਨ*** : ਭਾਸ਼ਣਕਾਰ, ਕਵੀ, ਚੰਗਾ ਬੁਲਾਰਾ; ਖ਼ੁਸ਼ਹਾਲ।

گشادهزلف ***ਗੁਸ਼ਾਦਾ-ਜ਼ੁਲਫ਼*** : ਮਸਤ, ਲੀਨ।

گشاده‌کف ***ਗੁਸ਼ਾਦਾ-ਕਫ਼*** : ਸਖ਼ੀ, ਦਾਨੀ।

گشاده‌هنگامان ***ਗੁਸ਼ਾਦਾ-ਹੰਗਾਮਾ*** : ਚਾਰੇ ਰੁੱਤਾਂ ਸਰਦੀ ਗਰਮੀ, ਬਹਾਰ ਤੇ ਪੱਤਝੜ।

گشادی ***ਗੁਸ਼ਾਦੀ*** : ਖ਼ੁਲ੍ਹਦਿਲੀ, ਉਦਾਰਤਾ।

گشاسب ***ਗੁਸ਼ਾਸਬ,*** گشتاسب ***ਗੁਸ਼ਤਾਸਬ*** : ਈਰਾਨ ਦੇ ਇਕ ਪਰਸਿੱਧ ਬਾਦਸ਼ਾਹ ਦਾ ਨਾਮ ਜੋ ਅਸਫੰਦਯਾਰ ਦਾ ਪਿਤਾ ਸੀ; ਉਸ ਨੇ ੧੬੦ ਸਾਲ ਰਾਜ ਕੀਤਾ, ਇਸੇ ਦੇ ਰਾਜ ਸਮੇਂ ਜ਼ਰਤੁਸ਼ਤ ਹੋਇਆ, ਬਾਦਸ਼ਾਹ ਨੇ ਉਸ ਦਾ ਧਰਮ ਗਰੈਹਣ ਕਰ ਲਿਆ।

گشب ***ਗੁਸ਼ਬ*** : ਟੱਪਣਾ, ਉਛੱਲਣਾ, ਭੁੜਕਣਾ।

گشب‌بانو ***ਗੁਸ਼ਬ-ਬਾਨੋ*** : ਰੁਸਤਮ ਦੀ ਲੜਕੀ ਦਾ ਨਾਮ।

گشت ***ਗਸ਼ਤ*** : ਸੈਰ, ਫਿਰਨ ਘੁੰਮਣਾ, ਵੇਖਣਾ, ਮਿਟਾ ਦੇਣਾ, ਹਾਲਤ, ਖ਼ਰਬੂਜ਼ਾ, ਇੰਦਰਾਇਣ।

گشتا ***ਗੁਸ਼ਤਾ*** : ਸਵੱਰਗ।

گشتر ***ਗੁਸ਼ਤਰ*** : ਚੰਗੇਰਾ, ਸੁੰਦਰ।

گشتن ***ਗਸ਼ਤਨ*** : ਫਿਰਨਾ, ਸੈਰ ਕਰਨਾ; ਫਿਰ ਜਾਣਾ; ਹੋਣਾ; ਗੁਜ਼ਰਨਾ, ਲੰਘਣਾ।

گشته ***ਗਸ਼ਤਾ*** : ਹੋਇਆ; ਭੈਂਗਾ, ਟੀਰਾ, ਉਲਟਾ, ਪੁੱਠਾ, ਫਿਰਿਆ ਹੋਇਆ, ਉਲਟਿਆ ਹੋਇਆ, ਬਦਲਿਆ ਹੋਇਆ।

گشن ***ਗਸ਼ਨ*** : ਬੌਹਤਾਤ, ਕਿਸੇ ਚੀਜ਼ ਦਾ ਬੌਹਤ ਤੇ ਸੰਘਣਾ ਹੋਣਾ।

گشن ***ਗੁਸ਼ਨ*** : ਨਰ; ਮਦੀਨ ਦੀ ਨਰ ਲਈ ਇੱਛਾ, ਮਦੀਨ ਦਾ ਗਰਭਵਤੀ ਹੋਣਾ, ਖ਼ਜੂਰ ਨੂੰ ਫਲ ਲੱਗਣਾ।

گشن ناک ***ਗੁਸ਼ਨ ਨਾਕ*** : ਗਰਭਵਤੀ ਹੋਣਾ।

گشنی ***ਗੁਸ਼ਨੀ*** : ਨਰ ਦਾ ਮਦੀਨ ਨਾਲ ਸੰਭੋਗ ਕਰਨਾ।

گشنیز ***ਗਸ਼ਨੀਜ਼*** : ਮਟਕ ਕੇ ਚਲਣਾ, ਖ਼ੁਸ਼ੀ ਵਿਚ ਹੋਣਾ, ਖ਼ੁਸ਼ੀ, ਅਨੰਦ।

گشنیز ***ਗਿਸ਼ਨੀਜ਼*** : ਧਨੀਆ।

گشودن ***ਗਸ਼ੂਦਨ*** : (ਕਸ਼ੂਦਨ کشودن) ਖੋਲ੍ਹਣਾ।

گشی ***ਗਸ਼ੀ*** : ਖ਼ੁਸ਼ੀ, ਅਨੰਦ, ਖ਼ੁਸ਼ਹਾਲੀ, ਤੰਦਰੁਸਤੀ, ਟੈਹਲਣਾ, ਮਟਕ ਕੇ ਚੱਲਣਾ, ਦਰਸ਼ਨ ਦੇਣਾ।

گفتار ***ਗੁਫ਼ਤਾਰ*** : ਗੱਲ-ਬਾਤ, ਬੋਲਚਾਲ, ਬਾਤ-ਚੀਤ,ਕਲਾਮ, ਤਕਰੀਰ, ਭਾਸ਼ਣ, ਵਚਨ।

گفتگو ***ਗੁਫ਼ਤਗੂ*** : ਬਾਤ-ਚੀਤ, ਬੋਲਚਾਲ, ਗੱਲ-ਬਾਤ, ਵਾਰਤਾਲਾਪ।

گفتن ***ਗੁਫ਼ਤਨ*** : ਕੈਹਣਾ, ਬੋਲਣਾ, ਗਾਉਣਾ।

گفته ***ਗੁਫ਼ਤਾ*** : ਕਿਹਾ ਹੋਇਆ, ਕੌਲ, ਵਚਨ।

گل ***ਗੁਲ*** : ਗ਼ੁਲਾਬ ਦਾ ਫੁੱਲ, ਲਾਲ ਰੰਗ, ਦਗਦਾ ਕੋਇਲਾ, ਚੰਗਿਆੜੀ, ਜਿਸਮ ਨੂੰ ਦਾਗਣ ਦਾ ਨਿਸ਼ਾਨ; ਦੀਵੇ ਦਾ ਗੁਲ, ਬੱਤੀ ਦਾ ਸੜਿਆ ਹੋਇਆ ਸਿਰਾ, ਲਾਭ, ਨਤੀਜਾ, ਹਰ ਚੀਜ਼ ਵਿਚੋਂ ਥੋੜਾ ਜੇਹਾ ਹਿੱਸਾ, ਅੰਸ਼, ਅੱਖ ਦੀ ਸਫੈਦੀ, ਫੋਲਾ।

گلِ آتشین ***ਗੁਲ-ਏ-ਆਤਿਸ਼ੀਨ*** : ਸਦਾਬ਼ਹਾਰੀ ਸੁਰਖ਼ ਗੁਲਾਬ।

گلِ آخر ***ਗੁਲ-ਏ-ਆਖ਼ਿਰ*** : ਬਹਾਰ ਦੇ ਅਖ਼ੀਰ ਵਿਚ ਖਿੜਨ ਵਾਲਾ ਫੁੱਲ।

گلِ آسمان ***ਗੁਲ-ਏ-ਆਸਮਾਨ*** : ਆਫ਼ਤਾਬ, ਸੂਰਜ।

گلِ ابر ***ਗੁਲ-ਏ-ਅਬਰ*** : ਬੱਦਲ ਦਾ ਟੋਟਾ, ਬੱਦਲੀ।

گلِ احمر ***ਗੁਲ-ਏ-ਅਹਮਰ*** : ਲਾਲ ਗੁਲਾਬ।

گلِ اشرفی ***ਗੁਲ-ਏ-ਅਸ਼ਰਫ਼ੀ*** : ਇਕ ਫੁੱਲ ਦਾ ਨਾਮ।

گلِ افشان ***ਗੁਲ-ਏ-ਅਫ਼ਸ਼ਾਨ*** : ਫੁੱਲਾਂ ਦੀ ਵਰਖਾ ਕਰਨ ਵਾਲਾ, ਫੁਲਝੜੀ; ਮਿੱਠ ਬੋਲਾ।

گل‌افشاندن ***ਗੁਲ ਅਫ਼ਸ਼ਾਨਦਨ,*** گل‌انداختن ***ਗੁਲ ਅੰਦਾਖ਼ਤਨ,*** گل‌پاشیدن ***ਗੁਲ ਪਾਸ਼ੀਦਨ,*** گل‌زدن ***ਗੁਲ ਜ਼ਦਨ*** : ਗੁਲਾਬ

ਛਿੜਕਣਾ।

گلِ انار ***ਗੁਲ–ਏ–ਅਨਾਰ*** : ਅਨਾਰ ਦਾ ਫੁੱਲ, ਲਾਲ ਰੰਗ, ਅਰਗ਼ਵਾਨੀ।

گلاندام ***ਗੁਲ–ਅੰਦਾਮ,*** **گلبدن** ***ਗੁਲ–ਬਦਨ*** : ਕੋਮਲ ਸਰੀਰ ਵਾਲਾ/ਵਾਲੀ, ਮਸ਼ੂਕ, ਮੈਹਬੂਬ, ਸੁੰਦਰ ਤੇ ਤੇਜ਼ ਚਾਲ ਘੋੜਾ, ਇਕ ਮਸ਼ਹੂਰ ਕੱਪੜੇ ਦਾ ਨਾਮ।

گل بار ***ਗੁਲਬਾਰ,*** **گلباری** ***ਗੁਲਬਾਰੀ,*** **گلپاشی** ***ਗੁਲਪਾਸ਼ੀ*** : ਫੁੱਲ ਸੁੱਟਣ ਵਾਲਾ, ਫੁੱਲ ਵਰਸਾਉਣ ਵਾਲਾ, ਫੁੱਲਾਂ ਦੀ ਬਰਖਾ।

گلبام ***ਗੁਲਬਾਮ,*** **گلبانگ** ***ਗੁਲਬਾਂਗ*** : ਚੰਗੀ ਸੁਰੀਲੀ ਅਵਾਜ਼, ਬੁਲਬੁਲ ਦੀ ਚੈਹਕ, ਨਗਾਰਚੀਆਂ ਅਤੇ ਕਲੰਦਰਾਂ ਦੀ ਅਵਾਜ਼, ਵਿਆਹ ਸਮੇਂ ਕਾਂ-ਰੌਲੀ।

گلبرگ ***ਗੁਲਬਰਗ*** : ਗੁਲਾਬ ਦੇ ਫੁੱਲ ਦੀ ਪੰਖੜੀ, ਪੱਤੀ, ਮਸ਼ੂਕ ਦੇ ਹੋਠ।

گلبن ***ਗੁਲਬਨ*** : ਗੁਲਾਬ ਦਾ ਪੇੜ।

گلبند ***ਗੁਲਬੰਦ*** : ਇਕ ਪਰਕਾਰ ਦਾ ਰੰਗੀਨ ਕੱਪੜਾ, ਬਾਗਬਾਨ।

گلبوتا ***ਗੁਲਬੂਤਾ*** : ਫੁੱਲ ਬੂਟਾ।

گلِ پارسی ***ਗੁਲ–ਏ–ਪਾਰਸੀ*** : ਸਦ ਬਰਗ, ਗੁਲਨਾਰ।

گلِ تسبیح ***ਗੁਲ–ਏ–ਤਸਬੀਹ*** : ਮਾਲਾ ਦਾ (ਮੋਟਾ ਮਣਕਾ), ਜੰਗਲੀ ਫੁੱਲ।

گلِ جعفری ***ਗੁਲ–ਏ–ਜਅਫ਼ਰੀ*** : ਇਕ ਪੀਲੇ ਰੰਗ ਦੇ ਫੁੱਲ ਦਾ ਨਾਮ ਜੇਹੜਾ ਗੇਂਦੇ ਵਰਗਾ ਹੁੰਦਾ ਹੈ।

گلِ چشم ***ਗੁਲ–ਏ–ਚਸ਼ਮ*** : ਅੱਖ ਦਾ ਫੋਲਾ।

گلچہر (چہرہ) ***ਗੁਲਚਿਹਰ (ਚਿਹਰਾ)*** : ਫੁੱਲ ਵਰਗੇ ਚੇਹਰੇ ਵਾਲਾ, ਮਸ਼ੂਕ, ਮੈਹਬੂਬ।

گلچیدن ***ਗੁਲਚੀਦਨ*** : ਫੁੱਲ ਚੁਣਨਾ ਫੁਲ ਤੋੜਨਾ, ਸੈਰ ਕਰਨਾ, ਤਮਾਸ਼ਾ ਵੇਖਣਾ।

گلچین ***ਗੁਲਚੀਨ*** : ਫੁੱਲ ਤੋੜਨ ਜਾਂ ਚੁਣਨ ਵਾਲਾ, ਮਾਲੀ; ਲਾਭ ਲੈਣ ਵਾਲਾ, ਤਮਾਸ਼ਾ ਵੇਖਣ ਵਾਲਾ।

گلِ حجر ***ਗੁਲ–ਏ–ਹਜਰ*** : ਅੱਗ, ਅਗਨੀ।

گلِ حلوا ***ਗੁਲ–ਏ–ਹਲਵਾ*** : ਇਕ ਕਿਸਮ ਦਾ ਫੁੱਲ ਜਿਸ ਤੋਂ ਹਲਵਾ ਬਣਾਉਂਦੇ ਹਨ।

گلِ حمرا ***ਗੁਲ–ਏ–ਹਮਰਾ*** : ਗੁਲਾਬ ਦਾ ਫੁੱਲ।

گلخن ***ਗੁਲਖ਼ਨ*** : ਅੰਗੀਠੀ, ਤੰਦੂਰ, ਚੁੱਲ੍ਹਾ, ਕੂੜਾ ਕਰਕਟ ਸੁੱਟਣ ਦੀ ਜਗ੍ਹਾ।

گلِ خودرو ***ਗੁਲ–ਏ–ਖ਼ੁਦ ਰੌ*** : ਜੰਗਲੀ ਫੁੱਲ, ਆਪਣੇ ਆਪ ਉਗਿਆ ਹੋਇਆ ਫੁੱਲ।

گلِ خیر ***ਗੁਲ–ਏ–ਖ਼ੈਰ*** : ਕਿਸੇ ਕੰਮ ਦਾ ਭੈੜਾ ਨਤੀਜਾ।

گلِ داؤدی ***ਗੁਲ–ਏ–ਦਾਊਦੀ*** : ਸਦਬਰਗੇ ਦਾ ਫੁੱਲ, ਜਿਸ ਵਿਚ ਪੀਲਾ ਤੇ ਚਿੱਟਾ ਦੋਵੇਂ ਰੰਗ ਹੁੰਦੇ ਹਨ।

گلدستہ ***ਗੁਲਦਸਤਾ*** : ਫੁੱਲਾਂ ਦਾ ਬੰਨ੍ਹਿਆ ਹੋਇਆ ਮੁੱਠਾ, ਹਰ ਮੀਨਾਰ ਤੇ ਵਿਸ਼ੇਸ ਕਰਕੇ ਮਸਜਦ ਦੇ ਮੁਨਾਰੇ ਨੂੰ ਗੁਲਦਸਤਹ ਕੈਂਹਦੇ ਹਨ।

گلدم ***ਗੁਲਦੁਮ*** : ਬੁਲਬੁਲ ਵਰਗਾ ਇੱਕ ਪੰਛੀ ਜਿਸ ਦੀ ਪੂਛ ਹੇਠ ਸੁਰਖ ਨਿਸ਼ਾਨ ਹੁੰਦਾ ਹੈ।

گلِ دوروی ***ਗੁਲ–ਏ–ਦੋ ਰੂਯ,*** **گلِ رعنا** ***ਗੁਲ–ਏ–ਰਅਨਾ,*** **گلِ زیبا** ***ਗੁਲ–ਏ–ਜ਼ੇਬਾ*** : ਦੋ-ਰੰਗਾ ਫੁੱਲ ਜੋ ਅੰਦਰੋਂ ਲਾਲ ਤੇ ਬਾਹਰੋਂ ਪੀਲਾ ਹੁੰਦਾ ਹੈ।

گلدوزی ***ਗੁਲਦੋਜ਼ੀ*** : ਫੁੱਲਦਾਰ ਕੱਪੜਾ।

گلرخ ***ਗੁਲ–ਰੁਖ਼*** : ਗੁਲਾਬ ਦੇ ਫੁੱਲਾਂ ਵਰਗੀਆਂ ਗੱਲ੍ਹਾਂ ਵਾਲਾ, ਮਸ਼ੂਕ, ਸੋਹਣਾ।

گلرنگ ***ਗੁਲਰੰਗ*** : ਗੁਲਾਬ ਦੇ ਫੁੱਲ ਵਰਗੀ ਰੰਗੀਨ ਸ਼ੈ।

گلریز ***ਗੁਲਰੇਜ਼*** : ਫੁਲਵਾੜੀ, ਲਾਲ ਫੁੱਲਾਂ

ਵਾਲਾ ਕੱਪੜਾ, ਪਤਝੜ ਦਾ ਮੌਸਮ।

گلزمیں ***ਗੁਲਜ਼ਮੀਂ*** : ਚੰਗੀ ਧਰਤ ਦਾ ਟੁਕੜਾ, ਹਰਿਆਵਲੀ ਧਰਤੀ।

گلِ سرخ ***ਗੁਲ–ਏ–ਸੁਰਖ਼*** : ਗੁਲਾਬ ਦਾ ਫੁੱਲ, ਸੂਰਜ।

گلِ سر سبد ***ਗੁਲ–ਏ–ਸਰ ਸਬਦ*** : ਚੋਟੀ ਦਾ ਫੁੱਲ, ਫੁੱਲਾਂ ਦੀ ਟੋਕਰੀ ਉਪਰਲਾ ਸੁੰਦਰ ਫੁੱਲ।

گلِ شبو ***ਗੁਲ–ਏ–ਸ਼ੱਬੂ*** : ਇਕ ਪਰਕਾਰ ਦਾ ਫੁੱਲ ਜੋ ਰਾਤ ਨੂੰ ਸੁਗੰਧੀ ਦਿੰਦਾ ਹੈ, ਰਾਤ ਦੀ ਰਾਣੀ, ਰਜਨੀ ਗੰਧਾ।

گل شکر ***ਗੁਲ–ਸ਼ਕਰ*** : ਗੁਲਕੰਦ।

گل شگفتن ***ਗੁਲ–ਸ਼ਿਗੁਫ਼ਤਨ*** : ਫੁੱਲ ਖਿੜਨਾ, ਕੋਈ ਨਵੀਂ ਤੇ ਵਚਿੱਤਰ ਗੱਲ ਜ਼ਾਹਰ ਹੋਣੀ।

گلِ شگفتہ ***ਗੁਲ–ਏ–ਸ਼ਿਗੁਫ਼ਤਾ*** : ਖਿੜਿਆ ਹੋਇਆ ਫੁੱਲ, ਅੰਗਿਆਰਾ।

گلِ صد برگ ***ਗੁਲ–ਏ–ਸਦ ਬਰਗ*** : ਗੁਲਾਬ ਦਾ ਫੁੱਲ, ਗੇਂਦੇ ਦਾ ਫੁੱਲ।

گلغر ***ਗੁਲਗ਼ਰ*** : ਇਕ ਪਰਕਾਰ ਦਾ ਨਰਮ ਤੇ ਮੁਲਾਇਮ ਪਸ਼ਮ ਜਿਸ ਦੇ ਸ਼ਾਲ ਬਣਦੇ ਹਨ।

گل غنچہ ***ਗੁਲ–ਗ਼ੁੰਚਾ*** : ਵੱਟਣਾ, ਪਾਊਡਰ।

گل غندہ ***ਗੁਲ–ਗ਼ੰਦਾ*** : ਰੂੰ ਦਾ ਗਾਲਾ।

گل غودہ ***ਗੁਲ–ਗ਼ੋਦਾ*** : ਮੋਟਾ ਤੇ ਸੁਸਤ ਆਦਮੀ।

گلفام ***ਗੁਲਫ਼ਾਮ*** : ਫੁੱਲ ਦੇ ਰੰਗ ਵਾਲ਼ਾ, ਗੁਲਾਬ ਵਰਗੇ ਰੰਗ ਦਾ।

گلکار ***ਗੁਲਕਾਰ*** : ਫੁੱਲ ਬੂਟੇ ਬਣਾਉਣ ਵਾਲਾ, ਰਾਜ, ਮਿਸਤਰੀ, ਮਿਅਮਾਰ।

گلکاری ***ਗੁਲਕਾਰੀ*** : ਨੱਕਾਸ਼ੀ, ਫੁੱਲ ਵਗ੍ਹਾਉਣਾ।

گلِ کاغذی ***ਗੁਲ–ਏ–ਕਾਗਜ਼ੀ*** : ਕਾਗਜ਼ ਦੇ ਬਣਾਏ ਹੋਏ ਫੁੱਲ।

گل کردن ***ਗੁਲ ਕਰਦਨ*** : ਗੁੱਲ ਕਰਨਾ, ਦੀਵਾ ਬੁਝਾਉਣਾ, ਪਰਗਟ ਹੋਣਾ, ਪਰਗਟ ਕਰਨਾ।

گل کردنِ چراغ ***ਗੁਲ ਕਰਦਨ–ਏ–ਚਿਰਾਗ਼*** : ਦੀਵਾ ਬੁਝਾਉਣਾ।

گل کردنِ شمع ***ਗੁਲ ਕਰਦਨ–ਏ–ਸ਼ਮਾਅ*** : ਦੀਵਾ ਬਾਲਣਾ, ਰੋਸ਼ਨ ਕਰਨਾ।

گلکوبی ***ਗੁਲ–ਕੋਬੀ*** : ਬਹਾਰ ਦੇ ਸ਼ੁਰੂ ਵਿਚ ਬਾਗ਼ ਦੀ ਸੈਰ।

گلِ کوزہ ***ਗੁਲ–ਏ–ਕੂਜ਼ਾ*** : ਗੁਲਦਸਤਾ, ਜੋ ਗੁਲਦਾਨ ਵਿਚ ਰੱਖ ਕੇ ਮਜਲਸ ਜਾਂ ਕਮਰੇ ਵਿਚ ਰੱਖਦੇ ਹਨ, ਨਰਗਿਸ ਨਸਰੀਨ।

گلگشت ***ਗੁਲਗਸ਼ਤ*** : ਫੁੱਲਾਂ ਦੀ ਸੈਰ, ਸੈਰ ਸਪਾਟਾ।

گل گفتن ***ਗੁਲ ਗੁਫ਼ਤਨ*** : ਚੰਗੀ ਗੱਲ ਕੈਹਣਾ।

گلِ گلاب ***ਗੁਲ–ਏ–ਗੁਲਾਬ*** : ਗੁਲਾਬ ਦਾ ਫੁੱਲ।

گلگون ***ਗੁਲ ਗੂਨ*** : ਫੁੱਲ ਦੇ ਰੰਗ ਵਰਗਾ, ਗੁਲਾਬ ਜੇਹਾ ਲਾਲ ਰੰਗ, ਸ਼ੀਰੀਂ ਦੇ ਘੋੜੇ ਦਾ ਨਾਮ ਜੋ ਬੌਹਤ ਸੁੰਦਰ ਤੇ ਉੱਚੇ ਲੰਮੇ ਕੱਦ ਦਾ ਸੀ, ਕਈ ਇਸ ਨੂੰ ਖ਼ੁਸਰੋ ਦਾ ਘੋੜਾ ਕੈਂਹਦੇ ਹਨ, ਚੰਗਾ ਸੁੰਦਰ ਘੋੜਾ।

گلگونِ چرخ ***ਗੁਲਗੂਨ–ਏ–ਚਰਖ਼*** : ਅਸਮਾਨ, ਅਕਾਸ਼।

گلگونہ ***ਗੁਲਗੂਨਾ*** : ਵਟਣਾ, ਗਲ੍ਹਾਂ 'ਤੇ ਮਲਣ ਵਾਲੀ ਸੁਰਖ਼ੀ, ਗੁਲਗੂੰ-ਸ਼ੀਰੀਂ ਦਾ ਘੋੜਾ।

گلِ گیتی ***ਗੁਲ–ਏ–ਗੀਤੀ*** : ਗੁਲ ਪਿਆਦਾ, ਇਕ ਫੁੱਲ।

گلگیر ***ਗੁਲਗੀਰ*** : ਦੀਵੇ ਦਾ ਗੁਲ ਕਤਰਨ ਵਾਲੀ ਕੈਂਚੀ।

گلِ لالہ ***ਗੁਲ–ਏ–ਲਾਲਾ*** : ਲਾਲ ਫੁੱਲ, ਪੋਸਤ ਦਾ ਫੁੱਲ।

گلِمخمل *ਗੁਲ-ਏ-ਮਖ਼ਮਲ* : ਇਕ ਲਾਲ ਰੰਗ ਦਾ ਫੂਲ।

گلِمشکی *ਗੁਲ-ਏ-ਮੁਸ਼ਕੀ* : ਇਕ ਕਾਲੇ ਰੰਗ ਦਾ ਸੁਗੰਧਮਈ ਫੁੱਲ।

گلِمهتاب *ਗੁਲ-ਏ-ਮਹਤਾਬ* : ਇਕ ਕਿਸਮ ਦਾ ਫੁੱਲ, ਚਾਣਨੀ ਦਾ ਫੁੱਲ , ਚੰਦ ਚਾਣਨੀ ਜੋ ਪਤਿਆਂ ਵਿੱਚੋਂ ਛਣ ਕੇ ਧਰਤ ਤੇ ਪੈਂਦੀ ਹੈ।

گلنار *ਗੁਲਨਾਰ* : ਇਕ ਪਰਕਾਰ ਦਾ ਅਨਾਰ ਦਾ ਰੁੱਖ ਜਿਸ ਨੂੰ ਫੁੱਲ ਨਹੀਂ ਲਗਦਾ, ਕੇਵਲ ਫੁੱਲ ਹੀ ਲਗਦੇ ਹਨ। ਇਸ ਦੀਆਂ ਸੌ ਪੱਤੀਆਂ ਹੁੰਦੀਆਂ ਹਨ ਤੇ ਗੁਲਾਬ ਵਰਗਾ ਹੁੰਦਾ ਹੈ।

گلِناشگفته

ਗੁਲ-ਏ-ਨਾ-ਸ਼ਿਗੁਫ਼ਤਾ : ਕਲੀ, ਅਣਖਿੜਿਆ ਫੁੱਲ, ਕੁਆਰੀ ਕੁੜੀ, ਅਣਵਿਆਹੀ ਇਸਤਰੀ।

گلِنشاط *ਗੁਲ-ਏ-ਨਿਸ਼ਾਤ* : ਸ਼ਰਾਬ।

گلِنفسی *ਗੁਲ-ਏ-ਨਫਸੀ* : ਸੁਗੰਧ, ਮਿਠੇ ਬਚਨ।

گلوبوته *ਗੁਲ-ਉ-ਬੂਤਾ* : ਫੁੱਲ ਤੇ ਬੂਟਾ।

گلِهاشم *ਗੁਲ-ਏ-ਹਾਸ਼ਮ* : ਚੰਬੇਲੀ ਦਾ ਫੁੱਲ।

گِل *ਗਿਲ* : ਮਿਟੀ, ਚਿੱਕੜ, ਪਾਣੀ ਵਿਚ ਮਿਲੀ ਹੋਈ, ਮਿਟੀ ਗਾਰਾ।

گلِپارسی *ਗਿਲ-ਏ-ਪਾਰਸੀ* : ਇਕ ਪਰਕਾਰ ਦੀ ਮਿਟੀ ਜਿਸ ਨਾਲ ਔਰਤਾਂ ਸਿਰ ਧੋਂਦੀਆਂ ਹਨ, ਗਾਚਨੀ, ਮਿੱਟੀ ਅਤੇ ਕੱਪੜੇ ਨਾਲ ਭਾਂਡੇ ਦਾ ਮੂੰਹ ਬੰਦ ਕਰਨ ਦਾ ਅਮਲ ਤਾਂ ਜੋ ਭਾਫ਼ ਬਾਹਰ ਨਾ ਨਿਕਲ ਸਕੇ।

گلِحکمت *ਗਿਲ-ਏ-ਹਿਕਮਤ* : ਕੱਪੜੇ ਨੂੰ ਪਤਲੀ ਤੇ ਚੀਕਣੀ ਮਿੱਟੀ ਵਿਚ ਲਥਪਥ ਕਰਕੇ ਸ਼ੀਸ਼ੀ ਜਾਂ ਦਵਾ 'ਤੇ ਲਪੇਟਣਾ ਤਾਂ ਜੋ ਅੱਗ ਦੇਣ ਸਮੇ ਫਟੇ ਜਾਂ ਟੁੱਟੇ ਨਾ।

گلماله *ਗਿਲਮਾਲਾ* : ਰਾਜਾਂ ਦੀ ਕਰਨੀ, ਜਾਂ ਗਰਮਾਲਾ ਜਿਸ ਨਾਲ ਪਲਸਤਰ ਕਰਦੇ ਹਨ।

گلِمختوم *ਗਿਲ-ਏ-ਮਖ਼ਤੂਮ* : ਇਕ ਕਿਸਮ ਦੀ ਲਾਲ ਮਿੱਟੀ ਜੋ ਜ਼ੈਹਰ ਨੂੰ ਦੂਰ ਕਰਦੀ ਹੈ।

گلناک *ਗਿਲਨਾਕ* : ਕਿਲ੍ਹੇ ਦੀ ਚਾਰਦੀਵਾਰੀ।

گلی *ਗਿਲੀ* : ਮਿੱਟੀ ਨਾਲ ਸਬੰਧਤ, ਮਿੱਟੀ ਦੀ ਚੀਜ਼, ਮਿੱਟੀ ਦਾ ਭਾਂਡਾ।

گلابی *ਗੁਲਾਬੀ* : ਫੁੱਲਾਂ ਨਾਲ ਸਬੰਧਤ, ਗੁਲਾਬ ਨਾਲ ਸਬੰਧਤ, ਫੁੱਲ ਵੇਚਣ ਵਾਲਾ, ਮਾਲੀ।

گلابی *ਗੁਲਾਬੀ* : ਗੁਲਾਬ ਜਾਂ ਸ਼ਰਾਬ ਰੱਖਣ ਦੀ ਸ਼ੀਸ਼ੇ ਦੀ ਛੋਟੀ ਸੁਰਾਹੀ, ਗੁਲਾਬ ਵਰਗਾ ਰੰਗ, ਅਮਰੂਦ ਦੀ ਇਕ ਕਿਸਮ।

گلزار *ਗੁਲਜ਼ਾਰ* : ਫੁੱਲਾਂ ਦਾ ਅਸਥਾਨ, ਫੁਲਵਾੜੀ, ਬਾਗ਼, ਖ਼ੁਸ਼ ਖ਼ੁਸ਼, ਰੌਣਕ।

گلزارابراهیم *ਗੁਲਜ਼ਾਰ-ਏ-ਇਬਰਾਹੀਮ* : ਨਮਰੂਦ ਨੇ ਜਦ ਹਜ਼ਰਤ ਇਬਰਾਹੀਮ ਨੂੰ ਅੱਗ ਵਿਚ ਸੁੱਟਿਆ ਤਾਂ ਰੱਬ ਦੇ ਹੁਕਮ ਨਾਲ ਓਹ ਅੱਗ ਫੁੱਲ ਬਣ ਗਈ, ਉਸ ਨੂੰ ਗੁਲਜ਼ਾਰ-ਏ-ਇਬਰਾਹੀਮ ਕੈਂਹਦੇ ਹਨ।

گلشن *ਗੁਲਸ਼ਨ* : ਫੁੱਲਾਂ ਦੀ ਥਾਂ, ਬਾਗ਼।

گلقند *ਗੁਲਕੰਦ* : ਇਕ ਪਰਸਿੱਧ ਦਵਾਈ ਜੋ ਗੁਲਾਬ ਦੇ ਫੁੱਲਾਂ ਤੇ ਚੀਨੀ ਨੂੰ ਮਿਲਾਉਣ ਨਾਲ ਬਣਦੀ ਹੈ, ਮਸ਼ੂਕ ਦੇ ਹੋਂਠ।

گلو *ਗੁਲੂ* : ਸੰਘ, ਗਲਾ, ਗਰਦਨ।

گلوبسته *ਗੁਲੂਬਸਤਾ* : ਚੁੱਪ, ਜਿਸ ਦਾ ਗਲਾ ਬੰਦ ਹੋਵੇ।

گلوبند *ਗੁਲੂ-ਬੰਦ* : ਗਲ ਵਿਚ ਪਾਇਆ ਜਾਣ ਵਾਲਾ ਰੁਮਾਲ ਜਾਂ ਕੱਪੜਾ, ਮਫ਼ਲਰ।

گلوسوز *ਗੁਲੂਸੋਜ਼* : ਮਿੱਠਾ,(ਕਿਉਂਕਿ ਮਿਠਾਸ ਗਲੇ ਵਿਚ ਇਕ ਪਰਕਾਰ ਦੀ ਸੋਜ਼ਸ਼ ਪੈਦਾ ਕਰਦੀ ਹੈ) ਅਤੀ ਮਿਠੀ ਚੀਜ਼, ਸੋਹਣਾ,

ਗੋਰਾ ਰੰਗ।

گلوگیر ***ਗੁਲੂਗੀਰ*** : ਗਲ ਘੋਟੂ, ਗਲ ਫੜਨ ਵਾਲਾ, ਕੌੜੀ ਤੇ ਸੰਘ ਵਿਚ ਫਸ ਜਾਣ ਵਾਲੀ ਖ਼ੁਰਾਕ, ਕੁਸੈਲੀ ਚੀਜ਼ ਜੇਹੜੀ ਸੰਘ ਨੂੰ ਫੜ ਲਵੇ; ਇਲਜ਼ਾਮ ਲਾਉਣ ਵਾਲਾ; ਲਾਲਚੀ।

گلوله ***ਗੁਲੂਲਾ*** : ਗੋਲਾ, ਗੋਲੀ।

گلولهباری ***ਗੁਲੂਲਾਬਾਜ਼ੀ*** : ਇਕ ਖੇਡ ਜੋ ਫ਼ਰੰਗੀ ਖੇਡਦੇ ਹਨ।

گلولهریزی ***ਗੁਲੂਲਾ-ਰੇਜ਼ੀ*** : ਗੋਲੀਆਂ ਬਣਾਉਣਾ।

گلوه ***ਗੁਲਵਾ*** : ਤੰਦੂਰ ਦੀ ਮੋਰੀ।

گلوهٔ آسیا ***ਗੁਲਵਾ-ਏ-ਆਸੀਯਾ*** : ਚੱਕੀ ਵਿਚ ਅਨਾਜ ਪਾਉਣ ਦੀ ਮੋਰੀ।

گله ***ਗੱਲਾ*** : ਇੱਜੜ, ਚੌਣਾ, ਭੀੜ, ਢੇਰ।

گلهبان ***ਗੱਲਾ-ਬਾਨ*** : ਆਜੜੀ, ਪਾਲੀ, ਵਾਗੀ, ਚਰਵਾਹਾ।

گلهبانی ***ਗੱਲਾ-ਬਾਨੀ*** : ਇੱਜੜ ਦੀ ਰਖਵਾਲੀ।

گله ***ਗਿਲਾ*** : ਸ਼ਿਕਵਾ, ਤਾੜਨਾ, ਝਾੜ ਝੰਬ; ਦੋ ਪਹਾੜੀਆਂ ਦੇ ਵਿਚਕਾਰ ਰਸਤਾ, ਦੱਰਾ, ਉਲਾਮ੍ਹਾ।

گلهشکوه ***ਗਿਲਾ ਸ਼ਿਕਵਾ,***
گلهگزاری ***ਗਿਲਾ ਗੁਜ਼ਾਰੀ,***
گلهمندی ***ਗਿਲਾ-ਮੰਦੀ*** : ਸ਼ਿਕਵਾ-ਸ਼ਿਕਾਇਤ।

گلیچه ***ਗੁਲੀਚਾ*** : ਹਿਚਕੀ, ਟਿੱਕੀ, ਸੂਰਜ ਜਾਂ ਚੰਦ ਦੀ ਟਿੱਕੀ।

گلیز ***ਗਲੀਜ਼,*** **گلیز** ***ਗਿਲੀਜ਼*** : ਮੂੰਹ 'ਚੋਂ ਵਗਦਾ ਪਾਣੀ, ਰਾਲ਼।

گلیگر ***ਗਿਲੀਗਰ*** : ਰਾਜ, ਮਿਸਤਰੀ।

گلیم ***ਗਿਲੀਮ*** : ਕੰਬਲ, ਕੰਬਲੀ; ਊਨੀ ਕੱਪੜਾ।

گلیمپوش ***ਗਿਲੀਮ-ਪੋਸ਼*** : ਕੰਬਲ ਪੈਹਨਣ ਵਾਲਾ, ਅਤਿ ਗ਼ਰੀਬ, ਫ਼ਕੀਰ।

گلیمشوی ***ਗਿਲੀਮ-ਸ਼ੂਯ*** : ਗੋਦੜੀ ਧੋਣ ਵਾਲਾ; ਕੇਸਰ ਦੀ ਜੜ੍ਹ।

گم ***ਗੁਮ*** : ਗੁਆਚਾ ਹੋਇਆ, ਖੋ ਜਣਾ, ਭਟਕ ਜਾਣਾ, ਛੁਪਿਆ ਹੋਇਆ, ਪਰੇਸ਼ਾਨ।

گمراه ***ਗੁਮਰਾਹ*** : ਰਾਹੋਂ ਭੁਲਿਆ ਹੋਇਆ, ਭਟਕਿਆ ਹੋਇਆ, ਔਝੜ ਪਿਆ ਹੋਇਆ, ਕੁਰਾਹੀਆ।

گمراهی ***ਗੁਮਰਾਹੀ*** : ਰਾਹ ਭੁੱਲਣਾ, ਪੁੱਠੇ ਪਾਸੇ ਪੈਣਾ।

گمزن ***ਗੁਮਜ਼ਨ*** : ਖ਼ਰਾਬ ਕਰਨ ਵਾਲਾ, ਖੁਰਾ-ਖੋਜ ਮਿਟਾਉਣ ਵਾਲਾ।

گمشده ***ਗੁਮਸ਼ੁਦਾ*** : ਗੁਆਚਿਆ ਹੋਇਆ।

گمکرده ***ਗੁਮਕਰਦਾ*** : ਗੁਮ ਕਰ ਦਿੱਤਾ ਗਿਆ।

گمنام ***ਗੁਮਨਾਮ*** : ਜੋ ਆਮ ਮਸ਼ਹੂਰ ਨਾ ਹੋਵੇ, ਅਪਰਸਿੱਧ, ਲੁਕਿਆ ਹੋਇਆ, ਲੁਪਤ, ਜਿਸ ਦੀ ਕੋਈ ਖ਼ਬਰ ਨਾ ਮਿਲੇ।

گمنامی ***ਗੁਮਨਾਮੀ*** : ਅਪਰਸਿੱਧੀ, ਲੁਕਾ-ਛੁਪਾ, ਖ਼ਬਰ ਨਾ ਮਿਲਣਾ।

گمار ***ਗੁਮਾਰ*** : ਪੈਰਾਂ ਦੀ ਆਹਟ।

گماشته ***ਗੁਮਾਸ਼ਤਾ*** : ਨਿਸ਼ਚਤ ਕੀਤਾ ਹੋਇਆ, ਓਹ ਵਿਅਕਤੀ ਜੋ ਕਿਸੇ ਵੱਲੋਂ ਖ਼ਾਸ ਕੰਮ ਲਈ ਨਿਸਚਤ ਜਾਂ ਨਿਯੁੱਕਤ ਕੀਤਾ ਗਿਆ ਹੋਵੇ, ਮੁਨਸ਼ੀ, ਨਿਗਰਾਨ, ਮੁਨੀਮ, ਨੁਮਾਇੰਦਾ।

گماشتهگری ***ਗੁਮਾਸ਼ਤਾਗਰੀ*** : ਗੁਮਾਸ਼ਤੇ ਦੀ ਪਦਵੀ।

گمان ***ਗੁਮਾਨ*** : ਸ਼ੱਕ, ਵੈਹਮ, ਅੰਦਾਜ਼ਾ, ਕਲਪਨਾ, ਸੰਸਾਰ, ਘਮੰਡ, ਗ਼ਰੂਰ।

گمانه ***ਗੁਮਾਨਾ*** : ਗੁਮਾਨ, ਸ਼ੱਕ, ਵੈਹਮ, ਭਰਮ, ਪਾਣੀ ਦੀ ਡੂੰਘਾਈ ਪਤਾ ਕਰਨ ਲਈ ਪੁੱਟਿਆ ਗਿਆ ਖੂਹ।

گمرک ***ਗੁਮਰਕ*** : ਚੁੰਗੀ ਮਸੂਲ, ਜ਼ਕਾਤ।

گمرکچی ***ਗੁਮਰਕਚੀ*** : ਚੁੰਗੀ ਦਾ ਅਧਕਾਰੀ।

گمروکخانه ***ਗੁਮਰੂਕ ਖ਼ਾਨਾ*** : ਚੁੰਗੀ

ਘਰ, ਮੈਹਕਮਾ ਚੁੰਗੀ।

گمیز ***ਗਿਮੀਜ਼, ਗਮੀਜ਼*** : ਮੂਤਰ।

گناه ***ਗੁਨਾਹ*** : ਖ਼ਤਾ, ਜੁਰਮ, ਕਸੂਰ, ਦੋਸ਼, ਪਾਪ, ਨਾਫ਼ਰਮਾਨੀ, ਮਜ਼੍ਹਬੀ ਅਸੂਲਾਂ ਦੇ ਵਿਰੁਧ ਅਮਲ।

گناه بخش ***ਗੁਨਾਹਬਖ਼ਸ਼*** : ਗੁਨਾਹ ਬਖ਼ਸ਼ਣ ਵਾਲਾ, ਪ੍ਰਭੂ, ਅਲਾਹ।

گناه بخشی ***ਗੁਨਾਹਬਖ਼ਸ਼ੀ*** : ਗੁਨਾਹਾਂ ਦੀ ਮਾਫ਼ੀ।

گناهِ بی لذت ***ਗੁਨਾਹ-ਏ-ਬੇ-ਲੱਜ਼ਤ*** : ਓਹ ਗੁਨਾਹ ਜਿਸ ਦੇ ਕਰਨ ਵਿਚ ਕੋਈ ਫ਼ਾਇਦਾ ਨਾ ਹੋਵੇ।

گناه گار ***ਗੁਨਾਹਗਾਰ*** : ਗੁਨਾਹ ਕਰਨ ਵਾਲਾ, ਦੋਸ਼ੀ, ਕਸੂਰਵਾਰ, ਪਾਪੀ, ਮੁਜਰਮ।

گناه گاری ***ਗੁਨਾਹਗਾਰੀ*** : ਗੁਨਾਹ-ਕਿਰਿਆ, ਕਸੂਰਵਾਰੀ।

گنبد ***ਗੁੰਬਦ*** : ਗੋਲ ਇਮਾਰਤ, ਗੋਲ ਛੱਤ, ਪਿਆਲਾ, ਬੁਲਬੁਲਾ, ਕਲੀ, ਗੁੰਚਾ, ਕਲਾਬਾਜ਼ੀ।

گنبدِ آب ***ਗੁੰਬਦ-ਏ-ਆਬ*** : ਪਾਣੀ ਦਾ ਬੁਲਬੁਲਾ।

گنبدِ آفت پذیر ***ਗੁੰਬਦ-ਏ-ਆਫ਼ਤਪਜ਼ੀਰ***, گنبدِ رو(گشت) ***ਗੁੰਬਦ-ਏ-ਰੌ(ਗਸ਼ਤ)*** : ਅਕਾਸ਼।

گنبدِ اعظم ***ਗੁੰਬਦ-ਏ-ਆਅਜ਼ਮ*** : ਸਤਵਾਂ ਅਸਮਾਨ।

گنبدِ خضرا ***ਗੁੰਬਦ-ਏ-ਖ਼ਜ਼ਰਾ***, گنبدِ دوگشت ***ਗੁੰਬਦ-ਦੂਦਗਸ਼ਤ***, گنبدِ دولاب رنگ ***ਗੁੰਬਦ-ਏ-ਦੋਲਾਬ ਰੰਗ***, گنبدِ دولابی ***ਗੁੰਬਦ-ਏ-ਦੋਲਾਬੀ***, گنبدِ شگرف ***ਗੁੰਬਦ-ਏ-ਸ਼ਿਗਰਫ਼***, گنبدِ صوفی لباس ***ਗੁੰਬਦ-ਏ-ਸੂਫ਼ੀ-ਲਿਬਾਸ***, گنبدِ گردان ***ਗੁੰਬਦ-ਏ-ਗਰਦਾਨ***, گنبدِ لاجورد ***ਗੁੰਬਦ-ਏ-ਲਾਜਵਰਦ***,

گنبدِ نیل گوں ***ਗੁੰਬਦ-ਏ-ਨੀਲ-ਗੂੰ*** : ਅਸਮਾਨ, ਅਕਾਸ਼।

گنبدی ***ਗੁੰਬਦੀ*** : ਇਕ ਥੰਮ੍ਹ ਵਾਲਾ ਤੰਬੂ, ਗੋਲ ਤੰਬੂ।

گنج ***ਗੰਜ*** : ਭੰਡਾਰ, ਗੋਦਾਮ, ਕੋਸ਼, ਮੰਡੀ, ਬਜ਼ਾਰ, ਢੇਰ।

گنج افراسیاب ***ਗੰਜ-ਏ-ਅਫ਼ਰਾਸਿਯਾਬ*** : ਖ਼ੁਸਰੋ ਪਰਵੇਜ਼ ਦੇ ਚੌਥੇ ਖ਼ਜ਼ਾਨੇ ਦਾ ਨਾਮ, ਏਹ ਅਫ਼ਰਾਸਿਯਾਬ ਦਾ ਖ਼ਜ਼ਾਨਾ ਸੀ ਜੋ ਖ਼ੁਸਰੋ ਦੇ ਹੱਥ ਆ ਗਿਆ ਸੀ।

گنجِ الٰہی ***ਗੰਜ-ਇਲਾਹੀ*** : ਕੁਰਾਨ ਸ਼ਰੀਫ਼, ਸੰਤੋਖ।

گنجِ باازدہا ***ਗੰਜ ਬਾ-ਅਜ਼ਦਹਾ*** : ਓਹ ਮਾਲ ਜਿਸ ਤੋਂ ਕਿਸੇ ਨੂੰ ਲਾਭ ਨਾ ਪੌਹਚੇ।

گنجِ باد ***ਗੰਜ-ਏ-ਬਾਦ***, گنجِ بادآورد ***ਗੰਜ-ਏ-ਬਾਦਆਵਰਦ*** : ਖ਼ੁਸਰੋ ਪਰਵੇਜ਼ ਦੇ ਦੂਜੇ ਖ਼ਜ਼ਾਨੇ ਦਾ ਨਾਮ, (ਕੈਂਹਦੇ ਹਨ ਕਿ ਰੋਮ ਦੇ ਕੈਸਰ ਨੇ ਪਰਵੇਜ਼ ਦੇ ਡਰ ਤੋਂ ਸੋਨੇ ਦੇ ਕਈ ਜਹਾਜ਼ ਭਰਾ ਕੇ ਛੁਪਾਉਣ ਲਈ ਕਿਧਰੇ ਭੇਜੇ, ਪਰ ਓਹ ਉਲਟ ਹਵਾ ਵਗਣ ਕਰਕੇ ਪਰਵੇਜ਼ ਦੇ ਇਲਾਕੇ ਵਿਚ ਆ ਗਏ ਜਿਨ੍ਹਾਂ ਉਤੇ ਉਸ ਦਾ ਕਬਜ਼ਾ ਹੋਇਆ) ਮੁਫ਼ਤ ਦਾ ਮਾਲ।

گنجِ بار ***ਗੰਜ-ਏ-ਬਾਰ*** : ਪਰਵੇਜ਼ ਦੇ ਅਠਵੇਂ ਖ਼ਜ਼ਾਨੇ ਦਾ ਨਾਮ।

گنج بخش ***ਗੰਜ-ਬਖ਼ਸ਼*** : ਖ਼ਜ਼ਾਨੇ ਬਖ਼ਸ਼ਣ ਵਾਲਾ, ਦਾਤਾ, ਦਾਨੀ।

گنجِ حکیم ***ਗੰਜ-ਏ-ਹਕੀਮ*** : ਕੁਰਾਨ ਸ਼ਰੀਫ਼ ਦੀ ਪੈਹਲੀ ਸੂਰਤ, ਸੂਰਾ-ਏ-ਫ਼ਾਤਿਹਾ।

گنجِ خاکی ***ਗੰਜ-ਏ-ਖ਼ਾਕੀ*** : ਮਿੱਟੀ ਦਾ ਪੁਤਲਾ, ਆਦਮੀ।

گنج خانہ ***ਗੰਜ-ਖ਼ਾਨਾ***, گنجدان ***ਗੰਜ-ਦਾਨ*** : ਖ਼ਜ਼ਾਨਾ ਰੱਖਣ ਦੀ ਜਗ੍ਹਾ।

گنجِ خضر ***ਗੰਜ-ਏ-ਖ਼ਿਜ਼ਰ*** : ਖ਼ੁਸਰੋ ਪਰਵੇਜ਼ ਦੇ ਛੇਵੇਂ ਖ਼ਜ਼ਾਨੇ ਦਾ ਨਾਮ।

گنجدار ***ਗੰਜਦਾਰ*, گنجبان *ਗੰਜਬਾਨ*** : ਖ਼ਜ਼ਾਨਚੀ।

گنجِ دیبہ ***ਗੰਜ-ਏ-ਦੀਬਾ*,**
گنجِ رواں ***ਗੰਜ-ਏ-ਰਵਾਂ*** : ਪਰਵੇਜ਼ ਦੇ ਤੀਜੇ ਖ਼ਜ਼ਾਨੇ ਦਾ ਨਾਮ, ਕਾਰੂੰ ਦਾ ਖ਼ਜ਼ਾਨਾ, ਜਿਸ ਦੀ ਬਾਬਤ ਕਿਹਾ ਜਾਂਦਾ ਹੈ ਕਿ ਓਹ ਪਰਲੋ ਤਕ ਧਰਤੀ ਦੇ ਹੇਠਾਂ ਧਸਦਾ ਚਲਾ ਜਾਵੇਗਾ।

گنجِ سوختہ ***ਗੰਜ-ਏ-ਸੋਖ਼ਤਾ*** : ਪਰਵੇਜ਼ ਦੇ ਪੰਜਵੇਂ ਖ਼ਜ਼ਾਨੇ ਦਾ ਨਾਮ।

گنجِ شاداورد ***ਗੰਜ-ਏ-ਸ਼ਾਦਾਵਰਦ*** : ਪਰਵੇਜ਼ ਦੇ ਸਤਵੇਂ ਖ਼ਜ਼ਾਨੇ ਦਾ ਨਾਮ।

گنجِ شائگاں ***ਗੰਜ-ਏ-ਸ਼ਾਇਗਾਂ*** : ਗੰਜ-ਏ-ਬਾਦ ਆਵਰਦ ਦਾ ਦੂਜਾ ਨਾਮ ਹੈ ਸ਼ਬਦ, 'ਸ਼ਾਇਗਾਂ' ਅਸਲ ਵਿਚ ਸ਼ਾਹਗਾਨ ਅਰਥਾਤ ਬਾਦਸ਼ਾਹ ਦੇ ਯੋਗ ਸੀ, ਏਹ ਬੌਹਤ ਵੱਡਾ ਸੀ, ਇਸ ਕਰਕੇ ਏਹ ਨਾਮ ਪਿਆ।

گنجِ شہید ***ਗੰਜ-ਏ-ਸ਼ਹੀਦ*** : ਓਹ ਟੋਆ ਜਾਂ ਖੱਡਾ ਜਿਸ ਵਿਚ ਸ਼ਹੀਦਾਂ ਨੂੰ ਉਪਰ ਹੇਠ ਸੁੱਟ ਕੇ ਭਰ ਦਿਤਾ ਜਾਵੇ, ਸ਼ਹੀਦ ਗੰਜ।

گنجِ عروس ***ਗੰਜ-ਏ-ਉਰੂਸ*** : ਪਰਵੇਜ਼ ਦੇ ਪੈਹਲੇ ਖ਼ਜ਼ਾਨੇ ਦਾ ਨਾਮ।

گنجِ فریدون ***ਗੰਜ-ਏ-ਫ਼ਰੀਦੂਨ*** : ਸੰਗੀਤ ਵਿਚ ਇਕ ਰਾਗ ਦਾ ਨਾਮ।

گنجِ قارون ***ਗੰਜ-ਏ-ਕਾਰੂਨ*** : ਕਾਰੂੰ ਦਾ ਖ਼ਜ਼ਾਨਾ ਜੋ ਬੇਸ਼ੁਮਾਰ ਸੀ, ਇਸ ਦੀਆਂ ਚਾਬੀਆਂ ਚਾਲੀ ਆਦਮੀਆਂ ਦੇ ਭਾਰ ਬਰਾਬਰ ਸਨ ਤੇ ਚਾਲੀ ਊਠਾਂ 'ਤੇ ਲੱਦੀਆਂ ਜਾਂਦੀਆਂ ਸਨ।

گنجِ گاو ***ਗੰਜ-ਏ-ਗਾਵ*,**
گنجِ گاواں ***ਗੰਜ-ਏ-ਗਾਵਾਂ*,**
گنجِ گاومیش ***ਗੰਜ-ਏ-ਗਾਊਮੇਸ਼*** : ਜਮਸ਼ੀਦ ਦੇ ਇਕ ਖ਼ਜ਼ਾਨੇ ਦਾ ਨਾਮ, ਜੋ ਬਹਿਰਾਮ ਗੋਰ ਦੇ ਸਮੇਂ ਜ਼ਾਹਰ ਹੋਇਆ, ਓਹ ਇਸ ਤਰ੍ਹਾਂ ਕਿ ਇਕ ਕਿਸਾਨ ਆਪਣੇ ਖੇਤ ਨੂੰ ਪਾਣੀ ਦੇ ਰਿਹਾ ਸੀ, ਅਚਾਨਕ ਇਕ ਮੋਰੀ ਪਰਗਟ ਹੋਈ, ਸਾਰਾ ਪਾਣੀ ਉਸ ਵਿਚ ਸਮਾ ਗਿਆ, ਤੇ ਅੰਦਰੋਂ ਇਕ ਅਜੀਬ ਅਵਾਜ਼ ਪੈਦਾ ਹੋਈ, ਕਿਸਾਨ ਨੇ ਬਹਿਰਾਮ ਨੂੰ ਏਹ ਗੱਲ ਜਾ ਦਸੀ, ਉਸ ਨੇ ਖੇਤ ਨੂੰ ਪੁਟਵਾਇਆ, ਹੇਠੋਂ ਇਕ ਇਮਾਰਤ ਨਿਕਲੀ। ਬਹਿਰਮ ਉਸ ਦੇ ਅੰਦਰ ਗਿਆ, ਵੇਖਿਆ ਜੋ ਮੱਝਾਂ ਸੋਨੇ ਦੀਆਂ ਢਲੀਆ ਹੋਈਆਂ ਹਨ, ਓਹਨਾਂ ਦੀਆਂ ਅੱਖਾਂ ਵਿਚ ਹੀਰੇ ਜਵਾਹਰਾਤ ਅਤੇ ਢਿੱਡਾਂ ਵਿਚ ਸੋਨੇ ਦੇ ਮੇਵੇ, ਅਨਾਰ, ਅਮਰੂਦ, ਆਦਿ ਸਨ, ਏਹਨਾਂ ਫਲਾਂ ਵਿਚ ਕੀਮਤੀ ਮੋਤੀ ਸਨ, ਮੱਝਾਂ ਦੇ ਅਗੇ ਸੋਨੇ ਦੀ ਖੁਰਲੀ ਸੀ ਜੋ ਬੌਹ-ਮੁਲੇ ਲਾਲਾਂ ਯਾਕੂਤਾਂ ਨਾਲ ਭਰੀ ਪਈ ਸੀ, ਮੱਝਾਂ ਦੇ ਚਾਰੇ ਪਾਸੇ ਸੋਨੇ ਦੇ ਸ਼ੇਰ, ਚੀਤੇ, ਬਘਿਆੜ, ਮੋਰ ਚਕੋਰ ਆਦਿ ਸਨ, ਜਿਨ੍ਹਾਂ ਦੇ ਪਿੰਡੇ ਜਵਾਹਰਾਂ ਨਾਲ ਜੜੇ ਹੋਏ ਸਨ, ਜਦ ਏਹ ਬੌਹ-ਮੁਲਾ ਖ਼ਜ਼ਾਨਾ ਬਹਿਰਾਮ ਦੇ ਹਿੱਸੇ ਆਇਆ ਉਸ ਨੇ ਦਰਿਆ-ਦਿਲੀ ਨਾਲ ਇਸ ਨੂੰ ਫ਼ਕੀਰਾਂ, ਲੋੜਮੰਦਾਂ ਤੇ ਦਰਵੇਸ਼ਾਂ ਵਿਚ ਵੰਡ ਦਿਤਾ।

گنجور ***ਗੰਜਵਰ/ਗੰਜ਼ੂਰ*** : ਖ਼ਜ਼ਾਨਾ ਰੱਖਣ ਵਾਲਾ, ਖ਼ਜ਼ਾਨਚੀ।

گنجویر ***ਗੰਜਵੇਰ*** : ਅਮੀਰ ਆਦਮੀ।

گنجوی ***ਗੰਜਵੀ*** : ਸ਼ੈਹਰ ਗੰਜਾ ਦਾ ਰੈਹਣ ਵਾਲਾ।

گنجہ ***ਗੰਜਾ*** : ਪਰਸਿੱਧ ਸ਼ੈਹਰ ਜਿਥੇ ਫ਼ਾਰਸੀ ਦੇ ਮਸ਼ਹੂਰ ਕਿੱਸਾ-ਕਵੀ ਨਿਜ਼ਾਮੀ ਗੰਜਵੀ ਦਾ ਜਨਮ ਹੋਇਆ ਸੀ, ਏਹ ਸ਼ੈਹਰ ਗੁਰਜਿਸਤਾਨ, ਤਬਰੇਜ਼ ਤੇ ਸ਼ਰਵਾਨ ਦੇ ਵਿਚਕਾਰ ਹੈ, ਲੰਡਾ ਗੱਧਾ, ਘੋੜੇ ਦੀਆਂ ਛਟਾਂ।

گنجیفہ ***ਗੰਜੀਫ਼ਾ*, گنجفہ *ਗੰਜਫ਼ਾ*** : ਤਾਸ਼ ਦੇ ਪੱਤੇ, ਤਾਸ਼ ਦੀ ਖੇਡ।

گنجیفہ باز ***ਗੰਜੀਫ਼ਾ-ਬਾਜ਼*** : ਤਾਸ਼ ਦਾ ਖਿਡਾਰੀ, ਧੋਖੇਬਾਜ਼, ਚਲਾਕ, ਪੱਤੇਬਾਜ਼।

گنجینہ ***ਗੰਜੀਨਾ*** : ਭੰਡਾਰ, ਮਾਲ ਗੋਦਾਮ।

گنجینہ دار ***ਗੰਜੀਨਾਦਾਰ*** : ਖ਼ਜ਼ਾਨਚੀ।

گند ***ਗੰਦ*** : ਦੁਰਗੰਧ, ਗੰਦਮੀ, ਪਲੀਦੀ, ਕੂੜਾ ਕਰਕਟ, ਖ਼ਰਾਬ ਤੇ ਨਿਕੰਮੀ ਚੀਜ਼।

گندا/گندہ *ਗੰਦਾ* : ਬਦਬੂ ਵਾਲਾ, ਗੰਦੀ ਸ਼ੈ, ਨਾਪਾਕ ਗੰਦੀ ਸ਼ੈ, ਨਾਪਾਕ,ਮੈਲਾ।

گنداب *ਗੰਦਾਬ* : ਗੰਦਾ ਪਾਣੀ।

گندگی *ਗੰਦਗੀ* : ਗੰਦ-ਮੰਦ, ਮਲਮੂਤਰ, ਨਾਪਾਕੀ।

گندز *ਗੰਦਿਜ਼* : ਇਕ ਕਿਲ੍ਹੇ ਦਾ ਨਾਮ ਜੋ ਬਾਬੁਲ ਜ਼ੁੱਹਾਕ ਨੇ ਬਣਵਾਇਆ ਸੀ ਤੇ ਜਿਸ ਵਿਚ ਬੌਹਤ ਸਾਰੇ ਜਾਦੂਗਰ ਰੈਂਹਦੇ ਸਨ।

گندش/گندک *ਗੰਦਸ਼/ਗੰਦਕ* : ਗੰਧਕ, ਬਰੂਦ।

گندم *ਗੰਦੁਮ* : ਕਣਕ ਗੇਹੂੰ।

گندم گوں *ਗੰਦਮਗੂੰ* : ਕਣਕ ਰੰਗਾ, ਸਾਂਵਲਾ।

گندم نما جو فروش *ਗੰਦੁਮ ਨੁਮਾ ਜੌ ਫ਼ਰੋਸ਼* : ਜੋ ਕਣਕ ਵਿਖਾਵੇ ਪਰ ਵੇਚੇ ਜੌਂ, ਧੋਖੇਬਾਜ਼, ਦਗ਼ਾਬਾਜ਼।

گندمی *ਗੰਦੁਮੀ* : ਕਣਕ ਨਾਲ ਸਬੰਧਤ, ਕਣਕਵੰਨਾ।

گندہ پیر *ਗੰਦਾ ਪੀਰ* : ਬੌਹਤ ਬੁਢੀ ਔਰਤ।

گندہ پیر کابلی *ਗੰਦਾ ਪੀਰ ਕਾਬੁਲੀ* : ਕਾਬਲ ਦੀ ਇਕ ਜਾਦੂਗਰਨੀ, ਔਰਤ।

گندہ دزد *ਗੰਦਾ ਦੁਜ਼ਦ* : ਮਮੂਲੀ ਚੀਜ਼ਾਂ ਚੁੱਕਣ ਵਾਲਾ ਚੋਰ, ਉਚੱਕਾ।

گندہ دماغ *ਗੰਦਾ-ਦਿਮਾਗ,*

گندہ مغز *ਗੰਦਾ-ਮਗ਼ਜ਼* : ਮਗ਼ਰੂਰ, ਹੈਂਕੜਬਾਜ਼, ਘਮੰਡੀ, ਸ਼ੇਖੀ-ਖੋਰਾ, ਬੜਬੋਲਾ।

گندہ مغزی *ਗੰਦਾ-ਮਗ਼ਜ਼ੀ* : ਗਰੂਰ, ਹੈਂਕੜ, ਸ਼ੇਖੀਬਾਜ਼ੀ।

گنگ *ਗੰਗ* : ਟੇਢਾ, ਵਿੰਗਾ, ਕੁੱਬਾ।

گنگ *ਗੁੰਗ* : ਗੂੰਗਾ, ਸੈਨਤਾਂ ਨਾਲ ਸਮਝਾਉਣ ਵਾਲਾ।

گنگار *ਗੁੰਗਾਰ* : ਓਹ ਸੱਪ ਜਿਸ ਨੇ ਹੁਣੇ ਹੁਣੇ ਕੁੰਜ ਝਾੜੀ ਹੋਵੇ।

گنہ *ਗੁਨਹ* : (ਗੁਨਾਹ گناہ ਦਾ ਸੰਖਿਪਤ ਰੂਪ) ਪਾਪ, ਦੋਸ਼।

گنہگار *ਗੁਨਹਗਾਰ* : ਗੁਨਾਹ ਕਰਨ ਵਾਲਾ, ਪਾਪੀ, ਦੋਸ਼ੀ।

گنہگاری *ਗੁਨਹਗਾਰੀ* : ਗੁਨਾਹ, ਕਸੂਰ, ਦੋਸ਼।

گو *ਗੋ* : (ਗਾਉ گاو ਦਾ ਸੰਖਿਪਤ ਰੂਪ) ਗਾਂ, ਬੈਲ।

گوبارہ *ਗੋਬਾਰਾ* : ਗਾਵਾਂ-ਮਹੀਆਂ ਦਾ ਵੱਗ।

گوبان *ਗੋਬਾਨ*, گاوبان *ਗਾਉਬਾਨ* : ਚਰਵਾਹਾ, ਪਾਲੀ।

گو *ਗਵ* : ਟੋਆ, ਨੀਂਵੀਂ ਧਰਤ; ਦਲੇਰ, ਬਹਾਦਰ, ਸੂਰਮਾ; ਮਾਨਯੋਗ, ਸਿਆਣਾ; ਪੈਹਲਵਾਨ, ਤਕੜਾ।

گواں *ਗਵਾਂ* : (ਗਵ گو ਦਾ ਬੌਹਵਚਨ) ਪੈਹਲਵਾਨ, ਤਕੜੇ।

گو *ਗੂ* : ਘੁੰਡੀ, ਬਟਨ, ਗਲਮਾ, ਮੈਲਾ; ਗੋਹਾ; ਕੈਹਣ ਵਾਲਾ।

گوا *ਗੁਵਾ* : (ਗਵਾਹ گواہ ਦਾ ਸੰਖੇਪ ਰੂਪ) ਗਵਾਹੀ ਦੇਣ ਵਾਲਾ, ਗਵਾਹ।

گواچہ/گواچو *ਗੁਵਾਚਾ/ਗੁਵਾਚੂ* : ਪੀਂਘ, ਝੂਲਾ, ਪੰਘੂੜਾ।

گوار *ਗੁਵਾਰ*, گوارا *ਗੁਵਾਰਾ*, گواراں *ਗੁਵਾਰਾਂ* : ਸੁਆਦੀ, ਸੁਭਾ ਦੇ ਅਨੁਕੂਲ, ਮਨਭਾਉਂਦਾ, ਛੇਤੀ ਹਜ਼ਮ ਹੋ ਜਾਣ ਵਾਲਾ।

گوارندہ *ਗੁਵਾਰਿੰਦਾ* : ਚੰਗੇ ਸੁਆਦ ਵਾਲਾ, ਛੇਤੀ ਹਜ਼ਮ ਹੋ ਜਾਣ ਵਾਲਾ।

گوارہ *ਗੁਵਾਰਾ* : (ਗਹਵਾਰਾ گھوارہ) ਪੰਘੂੜਾ, ਡੇਮੂੰਆਂ ਦਾ ਛੱਤਾ, ਖੱਖਰ, ਗਾਵਾਂ ਮੱਝਾਂ ਦਾ ਵਗ, ਰਾਮ ਚੌਣਾ।

گواش *ਗੁਵਾਸ਼* : ਰੰਗ, ਸਿਫ਼ਤ; ਗੁਣਾ; ਖ਼ਾਸਾ।

گوال ਗੁਵਾਲ ਵਧਣ ਫੁੱਲਣ ਵਾਲਾ; ਬੋਰੀ, ਥੈਲਾ; ਗੂਣ।

گواہ *ਗੁਵਾਹ* : ਗਵਾਹੀ ਦੇਣ ਵਾਲਾ, ਸ਼ਹਾਦਤੀ, ਸਬੂਤ ਪੌਂਹਚਾਉਣ ਵਾਲਾ।

گواہی *ਗੁਵਾਹੀ* : ਸ਼ਹਾਦਤ, ਸਾਖੀ।

گورس ***ਗੁਰਸ*** : ਭੁੱਖ।

گورک ***ਗੁਰਕ*** : ਧੋਬੀਆਂ ਦਾ ਕੱਪੜੇ ਧੋਣ ਵਾਲਾ ਪੱਥਰ।

گورکان ***ਗੋਰਕਾਨ*** : (ਗੋਰ ਦੇ ਅਰਥ ਹਨ 'ਐਸ਼ੋ ਇਸ਼ਰਤਾਂ ਅਤੇ 'ਕਾਨ ਜਾਂ ਗਾਨ' ਦੇ ਅਰਥ ਹਨ 'ਯੋਗ' ਭਾਵ ਐਸ਼ ਦੇ ਯੋਗ) ਤੈਮੂਰ ਬਾਦਸ਼ਾਹ ਦੀ ਉਪਾਧੀ, ਹਰ ਵੱਡਾ ਬਾਦਸ਼ਾਹ, ਮੰਗੋਲ ਭਾਸ਼ਾ ਵਿਚ ਗੋਰਕਾਨ ਦੇ ਅਰਥ ਹਨ ਜਵਾਈ, ਦਾਮਾਦ, ਅਮੀਰ ਤੈਮੂਰ ਬੌਹਤ ਸਾਰੇ ਬਾਦਸ਼ਾਹਾਂ ਦਾ ਦਾਮਾਦ ਸੀ, ਇਸ ਲਈ ਏਹ ਉਪਾਧੀ ਉਸ ਨੂੰ ਮਿਲੀ।

گورکانی ***ਗੋਰਕਾਨੀ*** : ਗੋਰਕਾਨ ਨਾਲ ਸਬੰਧਤ, ਤੈਮੂਰੀ।

گور کن ***ਗੋਰ-ਕਨ*** : ਕਬਰ-ਪੁੱਟ, ਬਿਜੂ।

گوز ***ਗੋਜ਼*** : (ਗਵਜ਼ਨ **گوزن** ਦਾ ਸੰਖਿਪਤ ਰੂਪ) ਬਾਰਾਸਿੰਗਾ।

گوز ***ਗੂਜ਼*** : ਸਰਕਣ ਵਾਲੀ ਹਵਾ, ਪੱਦ।

گوز بر گنبد افشاندن ***ਗੂਜ਼ ਬਰ ਗੁੰਬਦ ਅਫਸ਼ਾਨਦਨ*** : ਫ਼ਜ਼ੂਲ ਕੰਮ ਕਰਨਾ।

گوز شتر ***ਗੂਜ਼-ਸ਼ੁਤਰ*** : ਬੇਹੂਦਾ, ਫ਼ਜ਼ੂਲ।

گوزه ***ਗੋਜ਼ਾ,*** **گوزغه** ***ਗੋਜ਼ਗਾ*** : ਪੋਸਤ ਦਾ ਡੋਡਾ, ਕਪਾਹ ਦਾ ਡੋਡਾ, ਰੇਸ਼ਮ ਦਾ ਕੋਯਾ।

گوساله ***ਗੋਸਾਲਾ*** : ਗਾਂ ਦਾ ਇਕ ਸਾਲ ਦਾ ਵੱਛਾ, ਵੱਛਾ।

گوسپند ***ਗੋਸਪੰਦ,*** **گوسفند** ***ਗੋਸਫ਼ੰਦ*** : ਭੇਡ, ਬੱਕਰੀ, ਬੱਕਰਾ, ਮੀਢਾ, ਦੁੰਬਾ।

گوش ***ਗੋਸ਼*** : ਕੰਨ, ਸਰਵਣ; (ਗੋਸ਼ਾ ਦਾ ਸੰਖਿਪਤ ਰੂਪ) ਕੋਣਾ; ਉਡੀਕ; ਸੁਰੱਖਿਆ; ਪਰਬੰਧ, ਹਰ ਸੂਰਜੀ ਮਹੀਨੇ ਦੀ ਚੌਦ੍ਹਵੀਂ ਮਿਤੀ।

گوش بر آوار ***ਗੋਸ਼-ਬਰ-ਆਵਾਜ਼,*** **گوش براه** ***ਗੋਸ਼-ਬਰਾਹ,*** **گوش بدر** ***ਗੋਸ਼-ਬ-ਦਰ*** : ਉਡੀਕ ਕਰਨ ਵਾਲਾ।

گوش تاگوش ***ਗੋਸ਼ ਤਾ ਗੋਸ਼*** : ਇਕ ਸਿਰੇ ਤੋਂ ਦੂਜੇ ਸਿਰੇ ਤਕ।

گوش داشتن ***ਗੋਸ਼ ਦਾਸ਼ਤਨ*** : ਧਿਆਨ ਦੇਣਾ।

گوپال ***ਗੁਪਾਲ*** : ਤਖ਼ਤ, ਗੁਰਜ; ਰੂਸ ਦੇ ਬਾਦਸ਼ਾਹ ਦਾ ਇਕ ਸਬੰਧੀ।

گوچاه ***ਗੋਚਾਹ,*** **گوچی** ***ਗੋਚੀ,*** **گود** ***ਗੂਦ*** : ਟੋਆ, ਖੁੱਤੀ।

گودر ***ਗੋਦਰ*** : ਇਕ ਪਰਕਾਰ ਦੀ ਮੁਰਗਾਬੀ; ਬਾਰਾ ਸਿੰਗਾ ਦਾ ਬੱਚਾ; ਵੱਛਾ।

گودر ***ਗੋਦਰ,*** **گودرز** ***ਗੋਦਰਜ਼*** : ਸ਼ਾਪੂਰ ਦੇ ਪੁੱਤਰ ਦਾ ਨਾਮ, ਇਕ ਈਰਾਨੀ ਪੈਲਵਾਨ ਦਾ ਨਾਮ, ਈਰਾਨ ਸ਼ਾਹ ਦੇ ਬੇਟੇ ਦਾ ਨਾਮ, ਕਾਵਾ ਲੋਹਾਰ ਦੇ ਪੋਤਰੇ ਦਾ ਨਾਮ; ਕਿਸ਼ਵਾਦ ਪੈਹਲਵਾਨ ਦੇ ਬੇਟੇ ਦਾ ਨਾਮ।

گوده ***ਗੋਦਾ*** : ਸਰੀਰ, ਜਿਸਮ, ਛੋਟਾ ਟੋਆ, ਖੱਡ, ਰੰਗ।

گودا ***ਗੂਦਾ*** : ਗੁੱਦਾ, ਗਿਰੀ।

گودی ***ਗੋਦੀ*** : ਬੰਦਰਗਾਹ, ਨੀਵੀਂ ਥਾਂ, ਢਲਾਣ।

گور ***ਗੋਰ*** : ਜੰਗਲੀ ਗਧਾ, ਜੰਗਲ, ਉਜਾੜ, ਕਬਰ, ਮਜ਼ਾਰ, ਮਕਬਰਾ, ਸ਼ਰਾਬ, ਅਰਾਮ, ਬਹਿਰਾਮ ਗੋਰ ਦਾ ਸੰਖਿਪਤ ਰੂਪ।

گورِ غریباں ***ਗੋਰ-ਏ-ਗ਼ਰੀਬਾਂ*** : ਪਰਦੇਸੀਆਂ ਦਾ ਕਬਰਿਸਤਾਨ।

گورابه ***ਗੋਰਾਬਾ*** : ਇਕ ਪਿੰਡ ਦਾ ਨਾਮ ਜਿਥੇ ਰੁਸਤਮ ਦੇ ਬਜ਼ੁਰਗਾਂ ਦੀਆਂ ਕਬਰਾਂ ਹਨ, ਕਬਰ ਦਾ ਗੁੰਬਦ।

گور اسپ (اسب) ***ਗੋਰ ਅਸਪ (ਅਸਬ)*** : ਖੱਚਰ, ਅਸਤਰ।

گوراگور ***ਗੋਰਾਗੋਰ*** : ਜਲਦੀ ਜਲਦੀ, ਬੌਹਤ ਛੇਤੀ।

گورچشم ***ਗੋਰਚਸ਼ਮ*** : ਇਕ ਪਰਕਾਰ ਦਾ ਰੇਸ਼ਮੀ ਕੱਪੜਾ, ਜਿਸ ਦੀ ਬਣਾਵਟ ਵਿਚ ਗੋਰਖਰ ਦੀ ਅੱਖ ਵਰਗੇ ਨਿਸ਼ਾਨ ਹੁੰਦੇ ਹਨ, ਜਿਵੇਂ ਹਿੰਦੁਸਤਾਨ ਵਿਚ ਬੁਲਬੁਲ-ਚਸ਼ਮ ਕੱਪੜਾ ਹੁੰਦਾ ਹੈ।

گورخانه ***ਗੋਰਖ਼ਾਨਾ,*** **گورستان** ***ਗੋਰਿਸਤਾਨ*** : ਕਬਰਿਸਤਾਨ।

گورخر ***ਗੋਰਖ਼ਰ*** : ਜੰਗਲੀ ਗਧਾ।

گوردین ***ਗੋਰਦੀਨ*** : ਕੰਬਲ, ਭੂਰਾ, ਗੋਦੜੀ।

گوش کردن ***ਗੋਸ਼ ਕਰਦਨ*** : ਸੁਣਨਾ।

گوش گذار ***ਗੋਸ਼-ਗੁਜ਼ਾਰ*** : ਸੁਣਾਉਣਾ, ਕੰਨ।

گوش گزاری ***ਗੋਸ਼-ਗੁਜ਼ਾਰੀ*** : ਸੂਚਨਾ।

گوشمال ***ਗੋਸ਼ਮਾਲ,*** **گوشمالی** ***ਗੋਸ਼ਮਾਲੀ*** : ਕੰਨ ਮਲਣਾ, ਸਜ਼ਾ।

گوش بستر ***ਗੋਸ਼-ਬਿਸਤਰ*** : ਇਕ ਰਿਵਾਇਤ ਅਨੁਸਾਰ ਸਿਕੰਦਰ ਨੂੰ ਬਾਬਰ ਦੇ ਰਾਹ ਵਿਚ ਇਕ ਅਜੇਹਾ ਆਦਮੀ ਮਿਲਿਆ ਜਿਸ ਦੇ ਇਨੇ ਵੱਡੇ ਵੱਡੇ ਕੰਨ ਸਨ ਕਿ ਓਹ ਇਕ ਕੰਨ ਹੇਠਾਂ ਵਿਛਾਉਂਦਾ ਤੇ ਦੂਜਾ ਉਤੇ ਲੈਂਦਾ, ਉਸ ਨੂੰ ਗੋਸ਼ ਬਿਸਤਰ ਕੈਂਹਦੇ ਹਨ।

گوشت ***ਗੋਸ਼ਤ*** : ਮਾਸ।

گوشواره ***ਗੋਸ਼ਵਾਰਾ*** : ਕੰਨ ਦੀ ਵਾਲੀ, ਕੰਨ ਦਾ ਮੋਤੀ, ਦਫ਼ਤਰਾਂ ਵਿਚ ਪੰਨਾ ਜਿਸ ਉਤੇ ਜੋੜ ਲਿਖਿਆ ਜਾਂਦਾ ਹੈ, ਵੇਰਵਾ ਪੱਤਰ, ਸਾਰਨੀ।

گوشوارهٔ فلک ***ਗੋਸ਼ਵਾਰਾ-ਏ-ਫ਼ਲਕ*** : ਏਕਮ ਦਾ ਚੰਦ, ਈਦ ਦਾ ਚੰਦ।

گوشه ***ਗੋਸ਼ਾ*** : ਨੁੱਕਰ, ਗੁੱਠ, ਏਕਾਂਤ, ਬਟਨ-ਚਾਕ, ਖੁੰਡੀ, ਕੁੰਡੀ, ਕੁੱਖ, ਹੱਥੀ, ਰੁਖ, ਤਰਫ਼।

گوشی ***ਗੋਸ਼ੀ*** : ਇਕ ਪਰਕਾਰ ਦਾ ਮਸੂਲ ਜੋ ਜਾਨਵਰਾਂ ਦੀ ਸੰਖਿਆ ਤੇ ਲਿਆ ਜਾਂਦਾ ਸੀ।

گوشیار ***ਗੋਸ਼ਿਯਾਰ*** : ਪਰਸਿੱਧ ਈਰਾਨੀ ਹਕੀਮ ਅਬੁਲਹਸਨ ਦੀ ਉਪਾਧੀ ਜੋ ਬੂਅਲੀਸੀਨਾ ਦਾ ਉਸਤਾਦ ਸੀ।

گوک ***ਗੋਕ*** : ਛੋਟੀ ਖਾਈ, ਟੋਆ, ਖੱਡ।

گوگ ***ਗੋਗ*** : ਬਟਨ, ਘੁੰਡੀ, ਕੋਕਾ, ਵੱਛਾ।

گوگرد ***ਗੂਗਿਰਦ*** : ਗੰਧਕ।

گوگرد سرخ ***ਗੂਗਿਰਦ-ਏ-ਸੁਰਖ਼*** : ਲਾਲ ਗੰਧਕ, ਅਕਸੀਰ, ਦੁਰਲਭ ਚੀਜ਼।

گول ***ਗੌਲ*** : ਗੋਦੜੀ, ਖਿੰਥਾ।

گول ***ਗੂਲ*** : ਮੂਰਖ, ਪਾਗਲ, ਮੂੜ੍ਹ, ਬੇਵਕੂਫ਼, ਫ਼ਰੇਬ, ਮਕਰ, ਹੀਲਾ, ਧੋਖਾ, ਥੋੜੇ ਪਾਣੀ ਵਾਲਾ ਤਲਾ।

گولاج ***ਗੋਲਾਜ਼,*** **گولانج** ***ਗੋਲਾਂਜ*** : ਇਕ ਪਰਕਾਰ ਦੀ ਮਿਠਿਆਈ।

گولاز ***ਗੋਲਾਜ਼*** : ਇਕ ਈਰਾਨੀ ਪੈਹਲਵਾਨ ਦਾ ਨਾਮ।

گولخ ***ਗੋਲਖ਼,*** **گولخن** ***ਗੋਲਖ਼ਨ*** : ਭੱਠੀ, ਅੰਗੀਠੀ, ਹਮਾਮ ਦੀ ਭੱਠੀ।

گولنداز ***ਗੋਲੰਦਾਜ਼*** : ਗੋਲਾ ਸੁੱਟਣ ਵਾਲਾ, ਤੋਪ ਚਲਾਉਣ ਵਾਲਾ, ਤੋਪਚੀ।

گولندازی ***ਗੋਲੰਦਾਜ਼ੀ*** : ਤੋਪਕਲਾ, ਗੋਲਾਬਾਰੀ।

گوله ***ਗੋਲਾ*** : ਗੋਲਲਾ, ਗੋਲ ਚੀਜ਼. ਤੋਪ ਦਾ ਗੋਲਾ, ਬੰਦੂਕ ਦੀ ਗੋਲੀ, ਗੇਂਦ, ਕਪਾਹ ਦਾ ਟੀਂਡਾ, ਪੋਸਤ ਦਾ ਡੋਡਾ।

گومست ***ਗੋਮਿਸਤ*** : ਅੱਗ-ਪੂਜ ਪੈਗ਼ੰਬਰ ਦੀ ਰੱਬੀ ਕਿਤਾਬ ਦਾ ਨਾਮ, ਜਿਸ ਨੂੰ ੭੦ ਊਠ ਚੁੱਕਦੇ ਸਨ।

گون ***ਗੂਨ,*** **گو** ***ਗੂੰ*** : ਰੰਗ, ਰੰਗਤ, ਵੰਨ, ਰਵਸ਼, ਚਾਲ, ਤਰਜ਼, ਸਿਫ਼ਤ, ਗੁਣ।

گونا ***ਗੂਨਾ*** : ਰੰਗ, ਗਾਜ਼ਾ, ਵਟਣਾ, ਕਾਇਦਾ, ਕਨੂੰਨ, ਤਰਜ਼।

گوناب ***ਗੂਨਾਬ,*** : ਸੁਰਖੀ, ਪਾਊਡਰ।

گوناگون ***ਗੂਨਾਗੂੰ*** : ਰੰਗਾ-ਰੰਗ, ਭਾਂਤ ਭਾਂਤ, ਰੰਗ ਬਰੰਗਾ।

گونه ***ਗੂਨਾ*** : ਤੌਰ, ਢੰਗ, ਰੰਗ, ਗਲ੍ਹ, ਕਿਸਮ, ਪਰਕਾਰ, ਜਿਨਸ, ਕਿਸ ਕਦਰ।

گونیا ***ਗੂਨਿਯਾ*** : ਰਾਜ ਮਿਸਤਰੀਆਂ ਦਾ ਇਕ ਸੰਦ, ਗੁਣੀਆ।

گوهر ***ਗੌਹਰ*** : ਮੋਤੀ, ਜੌਹਰ, ਲਾਲ, ਆਦਿ, ਕੀਮਤੀ ਪੱਥਰ, ਤਲਵਾਰ ਦਾ ਜੌਹਰ; ਅਕਲ, ਗੁਣ, ਸਿਫ਼ਤ, ਅਸਲ, ਅੰਸ਼, ਗੁਪਤ, ਭੇਦ, ਛੁੱਪਿਆ ਹੋਇਆ ਗੁਣ।

گوهر آدم ***ਗੌਹਰ-ਏ-ਆਦਮ*** : ਆਦਮੀ ਦਾ ਅਸਲਾ, ਮਿੱਟੀ, ਆਦਮ ਦਾ ਪੁੱਤਰ।

گوهر آگین ***ਗੌਹਰ-ਆਗੀਨ*** : ਜੜਾਊ, ਓਹ ਚੀਜ਼ ਜਿਸ ਵਿਚ ਮੋਤੀ ਜੜੇ ਹੋਣ; ਪੈਹਲਵਾਨ, ਬਹਾਦਰ।

گوهر افشانی ***ਗੌਹਰ-ਅਫ਼ਸ਼ਾਨੀ*** :

ਮੋਤੀਆਂ ਦੀ ਵਰਖਾਂ, ਚੰਗੇ ਸ਼ਬਦ ਕੈਹਣਾ।

گوهربار ***ਗੌਹਰ ਬਾਰ*** : ਮੋਤੀ ਵਰਸਾਉਣ ਵਾਲਾ, ਸਖੀ, ਦਾਨੀ, ਨਸੀਹਤ ਕਰਨ ਵਾਲਾ, ਉਪਦੇਸ਼ਕ।

گوهرباری ***ਗੌਹਰ ਬਾਰੀ*** : ਮੋਤੀਆਂ ਦੀ ਸੋਟ, ਉਦਾਰਤਾ, ਚੰਗੇ ਸ਼ਬਦ ਕੈਹਣਾ।

گوهر پسند ***ਗੌਹਰ-ਪਸੰਦ*** : ਕਦਰਦਾਨ।

گوهری ***ਗੌਹਰੀ*** : ਜੌਹਰੀ, ਜ਼ਾਤੀ, ਜ਼ਾਤ ਸਬੰਧੀ, ਚਮਕੀਲੀ ਤੇ ਸਾਫ਼ ਚੀਜ਼।

گویا ***ਗੋਯਾ*** : ਬੋਲਣ ਵਾਲਾ, ਕੈਹਣ ਵਾਲਾ, ਵਕਤਾ, ਜ਼ਬਾਨ, ਜੀਭ; ਸੰਭਵ ਹੈ।

گویائی ***ਗੋਯਾਈ*** : ਬੋਲਣ ਦੀ ਸ਼ਕਤੀ।

گوی ***ਗੂਯ*** : ਗੇਂਦ, ਗੋਲੀ, ਹਰ ਗੋਲ ਸ਼ੈ, ਘੁੰਡੀ।

گوی‌باز ***ਗੂਯਬਾਜ਼*** : ਗੇਂਦ ਖੇਡਣ ਵਾਲਾ, ਬੱਲੇਬਾਜ਼, ਬਾਜ਼ੀਗਰ ਜੋ ਕਈ ਗੇਂਦਾਂ ਨੂੰ ਹਵਾ ਵਿਚ ਉਛਾਲ ਕੇ ਓਹਨਾਂ ਨੂੰ ਵਾਰੀ ਵਾਰੀ ਫੜਦਾ ਹੈ।

گوی‌بردن ***ਗੂਯ ਬੁਰਦਨ*** : ਬਾਜ਼ੀ ਲੈ ਜਾਣਾ।

گویِ‌زار ***ਗੂਯ-ਏ-ਜ਼ਾਰ,*** **گویِ‌زرین** ***ਗੂਯ-ਏ-ਜ਼ਰੀਨ*** : ਸੂਰਜ।

گویِ‌سیم/سیمین ***ਗੂਯ-ਏ-ਸੀਮ/ਸੀਮੀਨ*** : ਚੰਦ।

گویسه ***ਗਵੀਸਾ*** : ਦੁੱਧ ਦਹੀਂ ਦਾ ਬਰਤਨ, ਬੱਲ੍ਹਣਾ, ਦੋਹਣਾ।

گوینده ***ਗੋਇੰਦਾ, ਗੋਯੰਦਾ*** : ਕੈਹਣ ਵਾਲਾ, ਬੋਲਣ ਵਾਲਾ, ਵਕਤਾ, ਕਵਾਲ, ਰਾਗੀ; ਜ਼ਬਾਨ, ਜੀਭ, ਪੁੱਛਣ ਵਾਲਾ, ਸਵਾਲੀ।

گه ***ਗਹ*** : (ਗਾਹ **گاه** ਦਾ ਸੰਖਿਪਤ ਰੂਪ) ਸਥਾਨ, ਵਕਤ, ਸ਼ਤਾਬੀ, ਛੋਟਾ, ਸਵੇਰ ਵੇਲਾ, ਸੁਨਿਆਰਾਂ ਦੀ ਕੁਠਾਲੀ।

گهان ***ਗਿਹਾਨ,*** **گیهان** ***ਗੈਹਾਨ*** : ਸੰਸਾਰ।

گهر ***ਗੁਹਰ*** : (ਗੌਹਰ **گوهر** ਦਾ ਸੰਖਿਪਤ ਰੂਪ) ਮੋਤੀ, ਜੌਹਰ।

گهربار ***ਗੁਹਰ-ਬਾਰ*** : ਵੇਖੋ ਗੌਹਰ ਬਾਰ।

گهرباری ***ਗੁਹਰਬਾਰੀ*** : ਵੇਖੋ ਗੌਹਰਬਾਰੀ।

گهگیر ***ਗਹਗੀਰ*** : ਤੇਜ਼ ਘੋੜਾ, ਅੱਖੜ ਘੋੜਾ।

گهواره ***ਗਹਵਾਰਾ*** : ਹੰਡੋਲਾ, ਝੂਲਾ।

گهوارهٔ‌فنا ***ਗਹਵਾਰਾ-ਏ-ਫ਼ਨਾ*** : ਜਹਾਨ।

گهی ***ਗਹੇ*** : (ਗਾਹੇ **گاهی** ਦਾ ਸੰਖਿਪਤ ਰੂਪ) ਕਦੀ, ਕਦੀ ਕਦਾਈਂ।

گیاه ***ਗਿਯਾਹ*** : ਹਰਾ ਘਾਹ, ਘਾਹ।

گیتی ***ਗੀਤੀ*** : ਸੰਸਾਰ; ਧਰਤੀ; ਇਕ ਫੁੱਲ ਦਾ ਨਾਮ।

گیتی‌آفرین ***ਗੀਤੀ-ਆਫ਼ਰੀਨ*** : ਦੁਨੀਆ ਦਾ ਰਚਣ ਵਾਲਾ, ਮਾਲਕ, ਪ੍ਰਭੂ।

گیتی‌بان ***ਗੀਤੀ-ਬਾਨ*** : ਦੁਨੀਆ ਦਾ ਰਾਖਾ।

گیتی‌پرور ***ਗੀਤੀ-ਪਰਵਰ*** : ਦੁਨੀਆ ਦਾ ਪਰਤਪਾਲਕ।

گیتی‌خرام ***ਗੀਤੀ-ਖ਼ਿਰਾਮ*** : ਸੈਲਾਨੀ; ਸੂਰਜ; ਸਿੰਕਦਰ ਮਹਾਨ; ਘੋੜਾ।

گیتی‌فروز ***ਗੀਤੀ-ਫ਼ਰੋਜ਼*** : ਦੁਨੀਆ ਨੂੰ ਰੋਸ਼ਨ ਕਰਨ ਵਾਲਾ, ਸੂਰਜ।

گیتی‌نورد ***ਗੀਤੀ-ਨਵਰਦ*** : ਦੁਨੀਆ ਕੱਛਣ ਵਾਲਾ।

گیدی ***ਗੀਦੀ*** : ਮੂਰਖ, ਬੇਵਕੂਫ਼, ਕਾਇਰ, ਬੇਸ਼ਰਮ, ਬੇਗੈਰਤ, ਨਿਪੁੰਸਕ।

گیرا ***ਗੀਰਾ*** : ਫੜਨ ਵਾਲਾ, ਫ਼ਰਜ਼ ਕਰਨ ਵਾਲਾ।

گیروبدار ***ਗੀਰ-ਉ-ਬ-ਦਾਰ*** : ਜੰਗ, ਲੜਾਈ, ਪਕੜ ਧਕੜ।

گیرودار ***ਗੀਰ-ਉ-ਦਾਰ*** : ਹਕੂਮਤ, ਰਾਜ।

گیره ***ਗੀਰਾ*** : ਫਲ ਰਖਣ ਦੀ ਟੋਕਰੀ, ਲੋਹੇ ਦਾ ਸ਼ਿਕੰਜਾ।

گیس ***ਗੀਸ/ਗੇਸ*** : ਕੇਸ, ਸਿਰ ਦੇ ਦੋਹਾਂ ਪਾਸੇ ਲੰਮਕੇ ਹੋਏ ਵਾਲ, ਲਿਟਾਂ।

گیس بند ***ਗੇਸ ਬੰਦ*** : ਸਿਰ ਦਾ ਪਟਕਾ।

گیسو ***ਗੇਸੂ/ਗੀਸੂ*** : ਸਿਰ ਦੇ ਦੋਹਾਂ ਪਾਸੇ ਲਮਕਦੇ ਵਾਲ, ਲਿਟ, ਜ਼ੁਲਫ਼।

گیسوان ***ਗੇਸੂਵਾਨ*** : (ਗੇਸੂ **گیسو** ਦਾ ਬੌਹਵਚਨ) ਜ਼ੁਲਫ਼ਾਂ।

گیسوبریده ***ਗੇਸੂ ਬੁਰੀਦਾ*** : ਜਿਸ ਦੇ ਵਾਲ ਕੱਟੇ ਹੋਏ ਹੋਣ, ਬੇਸ਼ਰਮ ਔਰਤ, ਫ਼ਾਹਸ਼ਾ।

گیسودار ***ਗੇਸੂਦਾਰ*** : ਲੜਕਾ, ਲੌਂਡਾ, ਗੁਲਾਮ, ਸ਼ੈਹਜ਼ਾਦਾ, ਪੀਰਜ਼ਾਦੀ, ਦੁਮਦਾਰ ਤਾਰਾ, ਬੋਦੀ ਵਾਲਾ ਤਾਰਾ।

گیسودراز ***ਗੇਸੂ-ਦਰਾਜ਼*** : ਇਕ ਸੂਫ਼ੀ ਫ਼ਕੀਰ ਦਾ ਨਾਮ, ਜਟਾਧਾਰੀ, ਲੰਮੇ ਵਾਲਾਂ ਵਾਲਾ।

گیلاس ***ਗੀਲਾਸ*** : ਕਸ਼ਮੀਰ ਦਾ ਪਰਸਿੱਧ ਮੇਵਾ, ਕੂਜ਼ਾ, ਗਲਾਸ।

گیل/گیلان ***ਗੀਲ/ਗੀਲਾਨ*** : ਜੀਲਾਨ, ਈਰਾਨ ਦੇ ਇਕ ਸੂਬੇ ਦਾ ਨਾਮ, ਬਗਦਾਦ ਦੇ ਨੇੜੇ ਇਕ ਪਿੰਡ ਦਾ ਨਾਮ।

گیلانی ***ਗੀਲਾਨੀ*** : ਗੀਲਾਨ ਦਾ ਰੈਹਣ ਵਾਲਾ।

گیلی ***ਗੀਲੀ*** : ਗੀਲ ਨਾਲ ਸਬੰਧਤ, ਚੰਗਾ ਘੋੜਾ; ਤੁਰਕਾਂ ਦੀ ਇਕ ਕੌਮ।

گینه ***ਗੀਨਾ*** : (ਆਬਗੀਨਾ **آبگینه** ਦਾ ਸੰਖਿਪਤ ਰੂਪ) ਸ਼ੀਸ਼ਾ।

گیو ***ਗਿਊ*** : ਜੰਗੀ ਬਹਾਦਰ, ਈਰਾਨੀ ਪੈਹਲਵਾਨ ਗੌਦਰਜ਼ ਦੇ ਪੁਤਰ ਦਾ ਨਾਮ।

گیو ***ਗਯੂ*** : ਬੋਲਣ ਵਾਲਾ, ਜ਼ਬਾਨ, ਜੀਭ।

گیور ***ਗੀਵਰ*** : ਕਿੱਸਾ ਕੈਹਣ ਵਾਲਾ, ਇਤਹਾਸਕਾਰ।

گیوگان ***ਗੇਵਗਾਨ*** : ਇਕ ਈਰਾਨੀ ਪੈਹਲਵਾਨ ਦਾ ਨਾਮ ਜੋ ਕਰਾਜ਼ਾਹ ਦਾ ਪਿਤਾ ਸੀ।

گیومرث ***ਗਯੂਮਰਸ*** : ਕਯੂਮਰਸ, ਈਰਾਨ ਦਾ ਪੈਹਲਾ ਬਾਦਸ਼ਾਹ, ਖ਼ਾਵਰਾਂ ਬਾਦਸ਼ਾਹ ਦਾ ਨਾਮ ਜੋ ਕੈਖੁਸਰੋ ਨਾਲ ਲੜਿਆ ਸੀ।

گیو ***ਗੇਵਾ*** : ਇਕ ਪਰਕਾਰ ਦੀ ਊਨੀ ਜਾਂ ਸੂਤੀ ਜੁੱਤੀ ਜੋ ਦੌੜ ਜਿਤਣ ਵਾਲੇ ਪੈਹਨਦੇ ਹਨ।

گیه ***ਗਿਯਹ*** : (ਗਿਯਾਹ **گیاه** ਦਾ ਸੰਖਿਪਤ ਰੂਪ) ਘਾਹ, ਘਾਸ।

گیهان ***ਗੈਹਾਨ*** : ਜਹਾਨ, ਸੰਸਾਰ।

گیهان خدیو ***ਗੈਹਾਨ-ਖ਼ਿਦੇਵ*** : ਵਿਸ਼ਵ-ਸਮਰਾਟ।

گیهان منش ***ਗੈਹਾਨ-ਮਨਿਸ਼*** : ਜਹਾਨ ਦੀ ਬੁੱਧੀ ਤੇ ਸਿਆਣਪ ਵਾਲਾ, ਪ੍ਰਭੂ।

ل(ਲਾਮ)

ل ਲਾਮ : ਫ਼ਾਰਸੀ ਵਰਨਮਾਲਾ ਦਾ ਸਤਾਈਵਾਂ ਅਤੇ ਅਰਬੀ ਲਿਪੀ ਦਾ ਤੇਈਵਾਂ ਅੱਖਰ, ਅਬਜਦ ਅਨੁਸਾਰ ਇਸ ਦੇ ਤੀਹ (੩੦) ਅੰਕ ਨਿਸ਼ਚਤ ਹਨ।

لا ਲਾ : ਫੜ੍ਹ, ਸ਼ੇਖ਼ੀ, ਕੈਂਚੀ, ਪਰਦਾ, ਤੈਹ, ਬੇਹੂਦਾ ਬਕਣ ਵਾਲਾ, ਬਕਵਾਸੀ।

لابرلا ਲਾ-ਬਰ-ਲਾ : ਤੈਹ ਉਤੇ ਤੈਹ, ਇਕ ਪਰਕਾਰ ਦਾ ਹਲਵਾ।

لا ਲਾ : ਨਾਂਹਵਾਚੀ ਸ਼ਬਦ, ਨਹੀਂ, ਬਿਨਾ, ਬਗ਼ੈਰ, ਵਰਜਣਾ।

لاابالی ਲਾਉਬਾਲੀ : ਬੇਪਰਵਾਹ, ਨਿਡਰ, ਨਿੱਝਕ।

لابد ਲਾਬੁਦ, لابدی ਲਾਬੁਦੀ : ਬੇਸ਼ੱਕ, ਯਕੀਨੀ ਤੋਰ 'ਤੇ, ਜ਼ਰੂਰੀ, ਯਕੀਨੀ।

لاجرم ਲਾਜਰਮ : ਬੇਸ਼ੱਕ, ਯਕੀਨੀ ਤੋਰ 'ਤੇ, ਲਾ ਇਲਾਜ, ਜਰੂਰੀ, ਅੱਵਸ਼ਕ।

لاحول ਲਾਹੌਲ : ਨਹੀਂ ਹੈ ਤਾਕਤ, ਬੇਜ਼ਾਰੀ ਤੇ ਘਿਰਨਾ ਦਾ ਸ਼ਬਦ।

لاحول ولاقوۃالاباللّٰه ਲਾਹੌਲ ਵੱਲਾ ਕੁੱਵਤ ਇੱਲਾ ਬਿੱਲਾ : ਕਿਸੇ ਨੂੰ ਕੋਈ ਤਾਕਤ ਨਹੀਂ ਪਰ ਅੱਲਾਹ ਨੂੰ ਤਾਕਤ ਹਾਸਲ ਹੈ।

لادوا ਲਾਦਵਾ : ਲਾਇਲਾਜ।

لاریب ਲਾਰੇਬ : ਬੇਸ਼ਕ, ਸ਼ਕ-ਰੈਹਤ, ਬੇਸੁਬ੍ਹਾ, ਯਕੀਨੀ ਤੌਰ 'ਤੇ।

لاریب فیه ਲਾ ਰੇਬ ਫ਼ੀਹ : ਇਸ ਵਿਚ ਕੋਈ ਸ਼ੱਕ ਨਹੀਂ।

لاشئ ਲਾ-ਸ਼ੈ : ਕੁਝ ਨਹੀਂ, ਨੇਸਤ।

لاونعم ਲਾ-ਉ-ਨਅਮ : ਨਹੀਂ ਤੇ ਹਾਂ।

لایزال ਲਾ-ਯਜ਼ਾਲ : ਜਿਸ ਨੂੰ ਜ਼ਵਾਲ ਨਹੀਂ ਹੋਵੇਗਾ, ਲਾਜ਼ਵਾਲ, ਸਦੀਵੀ, ਅਮਿਟ, ਅਟੱਲ।

لایعنی ਲਾ-ਯਅਨੀ : ਲਗਵ, ਬੇਹੂਦਾ, ਬੇਫ਼ਾਇਦਾ।

لایموت ਲਾ ਯਮੂਤ : ਜਿਸ ਨੂੰ ਮੌਤ ਨਾ ਹੋਵੇ, ਅਮਰ, ਇਤਨਾ ਖਾਣਾ ਜੋ ਜ਼ਿੰਦਗੀ ਰੱਖਣ ਲਈ ਕਾਫ਼ੀ ਹੋਵੇ।

لاب ਲਾਬ : ਸੂਰਜ।

لاب ਲਾਬ : ਹਜ਼ਰਤ ਇਦਰੀਸ ਦੇ ਪਿਤਾ ਦਾ ਨਾਮ।

لاب ਲਾਬ : ਅਸਤਰਲਾਬ ਦੇ ਮੂਜਦ (ਈਜਾਦ ਕਰਨ ਵਾਲਾ) ਦਾ ਨਾਮ।

لاب ਲਾਬ : (ਲਾਬਾ لابه ਦਾ ਬੌਹਵਚਨ) ਚਾਪਲੂਸੀ, ਖ਼ੁਸ਼ਾਮਦ, ਨਿਮਰਤਾ, ਫ਼ਰੇਬ, ਕਾਲਾ ਪਹਾੜ।

لابه ਲਾਬਾ : ਖ਼ੁਸ਼ਾਮਦ, ਚਾਪਲੂਸੀ, ਨਿਮਰਤਾ; ਇੱਛਾ; ਦਸ਼ਾ; ਫ਼ਰੇਬ; ਕਾਲਾ ਪਹਾੜ।

لات ਲਾਤ : ਇਕ ਬੁੱਤ ਦਾ ਨਾਮ ਜਿਸ ਨੂੰ ਹਜ਼ਰਤ ਸ਼ੁਐਬ ਦੀ ਕੌਮ ਪੂਜਦੀ ਸੀ।

لاتو ਲਾਤੂ : ਲਾਟੂ ਜਿਸ ਨੂੰ ਬੱਚੇ ਘੁਮਾਉਂਦੇ ਹਨ, ਪੌੜੀ।

لاج ਲਾਜ : ਨੰਗਾ; ਵੱਢੀ; ਕੁੱਤੀ।

لاجورد ਲਾਜਵਰਦ : ਨੀਲੇ ਰੰਗ ਦਾ ਇਕ ਪੱਥਰ ਜਿਸ ਦੇ ਨਗੀਨੇ ਬਣਦੇ ਹਨ।

لاجوردی ਲਾਜਵਰਦੀ : ਨੀਲਾ, ਨੀਲਾ ਰੰਗ।

لاجورں ی بساط ***ਲਾਜਵਰਦੀ ਖ਼ਿਸਾਤ*** : ਅਕਾਸ਼।

لاچ ***ਲਾਚ*** : ਠੱਠਾ, ਮਖੌਲ।

لاچی ***ਲਾਚੀ*** : ਇਲਾਚੀ।

لاچین ***ਲਾਚੀਨ*** : ਸ਼ਿਕਾਰੀ ਲਿਬਾਸ, ਤੁਰਕਾਂ ਦੇ ਇਕ ਕਬੀਲੇ ਦਾ ਨਾਮ ਜਿਸ ਵਿਚੋ ਹਜ਼ਰਤ ਅਮੀਰ ਖ਼ੁਸਰੋ ਸੀ।

لاحق ***ਲਾਹਕ,*** لاحقہ ***ਲਾਹਕਾ*** : ਪਿੱਛੋਂ ਆ ਕੇ ਮਿਲਣ ਵਾਲਾ, ਚੰਬੜਿਆ ਹੋਇਆ, ਕਿਸੇ ਦੇ ਪਿੱਛੇ ਲੱਗਿਆ ਹੋਇਆ।

لاد ***ਲਾਦ*** : ਕੰਧ, ਕੰਧ ਦਾ ਰਦਾ, ਕੰਧ ਦੀ ਨੀਂਹ; ਇਕ ਪਰਕਾਰ ਦਾ ਜ਼ਰੀਦਾਰ ਕੱਪੜਾ; ਇਕ ਪਰਕਾਰ ਦਾ ਇਤਰ; ਫੁੱਲ; ਅਬਾਦੀ; ਹਰ ਚੀਜ਼ ਦੀ ਅਸਲ; ਸਬੱਬ, ਕਾਰਨ।

لادن ***ਲਾਦਨ*** : ਇਕ ਖ਼ੁਸ਼ਬੂ, ਅੰਬੀਰ।

لادنہ ***ਲਾਦਨਾ*** : ਰੱਸੀ ਵੱਟਣ ਵਾਲਾ, ਵਾਣ, ਸਣ।

لادہ ***ਲਾਦਾ*** : ਬੇਵਕੂਫ਼।

لارجان ***ਲਾਰਜਾਨ*** : ਤਬਰਿਸਤਾਨ ਦੇ ਇਕ ਪਹਾੜ ਦਾ ਨਾਮ।

لارستان ***ਲਾਰਿਸਤਾਨ*** : ਈਰਾਨ ਦੇ ਇਕ ਪਰਾਂਤ ਦਾ ਨਾਮ।

لازم ***ਲਾਜ਼ਿਮ*** : ਨਾਲ ਲੱਗਿਆ ਹੋਇਆ, ਚੰਬੜਿਆ ਹੋਇਆ; ਜ਼ਰੂਰ, ਓਹ ਕਿਰਿਆ ਜੋ ਕੇਵਲ ਕਰਤਾ ਨੂੰ ਚਾਹੇ, ਕਰਮ ਨੂੰ ਨਾ ਚਾਹੇ।

لازم ملزوم ***ਲਾਜ਼ਿਮ ਮਲਜ਼ੂਮ*** : ਇਕ ਦੂਜੇ ਸਬੰਧੀ, ਇਕ ਦੂਜੇ ਨਾਲ ਸਬੰਧਤ; ਜ਼ਰੂਰ।

لازمہ ***ਲਾਜ਼ਿਮਾ*** : ਜ਼ਰੂਰੀ ਸਮਾਨ, ਲੋੜੀਂਦਾ ਅਸਬਾਬ, ਜ਼ਰੂਰਤ।

لازمی ***ਲਾਜ਼ਿਮੀ*** : ਲਾਜ਼ਿਮ ਨਾਲ ਸਬੰਧਤ; ਜ਼ਰੂਰੀ।

لاس ***ਲਾਸ*** : ਸਾਫ਼ ਨਾ ਕੀਤਾ ਹੋਇਆ ਰੇਸ਼ਮ, ਖ਼ਰਾਬ ਰੇਸ਼ਮ, ਕੁੱਤੀ, ਗੁੱਦੜ।

لاش ***ਲਾਸ਼*** : ਲਾਸ਼, ਮੁਰਦਾ।

لاش ***ਲਾਸ਼*** : ਲੁੱਟ, ਲੁੱਟਮਾਰ, ਤੁੱਛ ਸ਼ੈ, ਥੋੜਾ, ਥੋੜਾ ਕੁ।

لاشہ ***ਲਾਸ਼ਾ*** : ਕਮਜ਼ੋਰ ਖੋਤਾ, ਮਰੀਅਲ ਘੋੜਾ, ਮਾੜਾ, ਲਾਸ਼।

لاطن ***ਲਾਤਿਨ,*** لاطینی ***ਲਾਤੀਨੀ*** : ਇਕ ਪਰਾਚੀਨ ਕਲਾਸਕੀ ਰੂਮੀ ਜ਼ਬਾਨ।

لاغر ***ਲਾਗ਼ਰ*** : ਕਮਜ਼ੋਰ, ਦੁਬਲਾ ਪਤਲਾ, ਬਰੀਕ।

لاغری ***ਲਾਗ਼ਰੀ*** : ਕਮਜ਼ੋਰੀ, ਦੁਬਲਾਪਣ।

لاف ***ਲਾਫ਼*** : ਡੀਂਗ, ਸ਼ੇਖੀ, ਫੜ੍ਹ।

لاف زن ***ਲਾਫ਼ਜ਼ਦਨ*** : ਡੀਂਗਾਂ ਮਾਰਨਾ, ਫੜ੍ਹਾਂ ਮਾਰਨ ਵਾਲਾ।

لاف زن ***ਲਾਫ਼-ਜ਼ਨ*** : ਡੀਂਗਾਂ ਮਾਰਨ ਵਾਲਾ, ਸੇਖ਼ੀਖੋਰਾ।

لاف زنی ***ਲਾਫ਼-ਜ਼ਨੀ*** : ਸ਼ੇਖ਼ੀ ਮਾਰਨਾ, ਫੜ੍ਹ, ਮਾਰਨਾ।

لاف وگزاف ***ਲਾਫ਼-ਓ-ਗਜ਼ਾਫ਼*** : ਸ਼ੇਖ਼ੀ, ਫੜ੍ਹ, ਡੀਂਗ, ਗੱਪ।

لاک ***ਲਾਕ*** : ਲੱਕੜ ਦਾ ਪਿਆਲਾ, ਮੋਹਰ ਲਾਉਣ ਵਾਲੀ ਲਾਖ।

لاکپشت ***ਲਾਕ ਪੁਸ਼ਤ*** : ਕੱਛੂ ਕੁੰਮਾ।

لاکن ***ਲਾਕਿਨ*** : ਲੇਕਨ, ਪਰ, ਮਗਰ।

لال ***ਲਾਲ*** : ਗੁੰਗਾ।

لال ***ਲਾਲ*** : (ਅਰਬੀ ਲਅਲ لعل) ਇਕ ਕੀਮਤੀ ਪੱਥਰ, ਲਾਲ ਰੰਗ।

لآلی ***ਲਆਲੀ*** : (ਲੂਲੂ لولو ਦਾ ਬੋਹਵਚਨ) ਬੋਹਤ ਸਾਰੇ ਮੋਤੀ।

لالا ***ਲਾਲਾ*** : ਨੌਕਰ, ਸੇਵਕ, ਗ਼ੁਲਾਮ; ਚਮਕਦਾਰ, ਰੋਸ਼ਨ; ਇਕ ਪਰਕਾਰ ਦਾ ਘਾਹ; ਲੋਰੀ।

لالاسرای ***ਲਾਲਾ ਸਰਾਯ*** : ਵੇਖੋ ਖ਼੍ਵਾਜਾ ਸਰਾਂ।

لالایان ***ਲਾਲਾਯਾਨ*** : (ਲਾਲਾ لالا ਦਾ ਬੋਹਵਚਨ) ਨੌਕਰ, ਸੇਵਕ, ਗ਼ੁਲਾਮ।

لائس ***ਲਾਇਸ*** : ਇਕ ਪਰਕਾਰ ਦਾ ਲਾਲ ਰੇਸ਼ਮੀ ਕਪੜਾ।

لالک ***ਲਾਲਿਕ,*** **لالکا** ***ਲਾਲਿਕਾ*** : ਤਾਜ, ਮੁਕਟ; ਮੁਰਗੇ ਦੀ ਕਲਗ਼ੀ; ਜੁੱਤੀ।

لالنگ ***ਲਾਲੰਗ*** : ਬਚਿਆ ਖੁਚਿਆ ਖਾਣਾ, ਜੂਠ; ਰੋਟੀ ਦਾ ਟੁਕੜਾ, ਭਿਖਿਆ ਦੀ ਰੋਟੀ ਦਾ ਚੱਪਾ।

لالہ ***ਲਾਲਾ*** : ਇਕ ਪਰਕਾਰ ਦਾ ਲਾਲ ਰੰਗ ਦਾ ਫੁੱਲ ਜੋ ਅੰਦਰੋਂ ਕਾਲਾ ਹੁੰਦਾ ਹੈ; ਪੋਸਤ ਦਾ ਫੁੱਲ; ਫ਼ਾਨੂਸ, ਲਾਲਟੈਣ; ਬੱਚਿਆਂ ਦਾ ਉਸਤਾਦ।

لالہ برگ ***ਲਾਲਾ-ਬਰਗ*** : ਪੋਸਤ ਦੇ ਫੁੱਲ ਦੀ ਪੱਤੀ; ਮਸ਼ੂਕ ਦੀ ਗੱਲ੍ਹ।

لالہ رخ ***ਲਾਲਾ-ਰੁਖ਼,*** **لالہ رخسار** ***ਲਾਲਾਰੁਖ਼ਸਾਰ,*** **لالہ عذار** ***ਲਾਲਾ-ਇਜ਼ਾਰ,*** **لالہ لب** ***ਲਾਲਾ-ਲਬ*** : ਮਸ਼ੂਕ, ਮੈਹਬੂਬ।

لالۂ طور ***ਲਾਲਾ-ਏ-ਤੂਰ*** : ਅੱਗ, ਤੂਰ ਪਹਾੜ ਦੀ ਅੱਗ।

لالۂ فرشی ***ਲਾਲਾ-ਏ-ਫ਼ਰਸ਼ੀ*** : ਫ਼ਰਸ਼ੀ ਫ਼ਾਨੂਸ ਜਾਂ ਲਾਲਟੈਣ।

لالہ سار ***ਲਾਲਾ ਸਾਰ*** : ਇਕ ਸੁਰੀਲੀ ਅਵਾਜ਼ ਵਾਲਾ ਪੰਛੀ।

لام ***ਲਾਮ*** : ਫ਼ਕੀਰਾਂ ਦੀ ਗੋਦੜੀ; ਫ਼ਕੀਰਾਂ ਦੀ ਨਮਦੇ ਦੀ ਟੋਪੀ, ਸਜਾਵਟ; ਗੈਹਣੇ; ਡੀਂਗ, ਫੜ੍ਹ; ਫਲਦਾਰ ਰੁਖ; ਪੀਲੇ ਰੰਗ ਦਾ ਊਠ; ਸਰੀਰ, ਝੁਕਿਆ ਹੋਇਆ, ਟੇਢਾ, ਜ਼ੁਲਫ਼, ਕੋਈ ਭੀ ਵਲਦਾਰ ਸ਼ੈ, ਲੋਹੇ ਦੀਆਂ ਜ਼ੰਜੀਰਾਂ ਦਾ ਸੰਜੋਅ; ਮੁਲਾਮਤ ਦਾ ਕੰਮ।

لاما ***ਲਾਮਾ*** : ਇਕ ਜੰਗਲੀ ਪਸ਼ੂ ਦਾ ਨਾਮ, ਜੋ ਮੱਝ ਤੇ ਊਠ ਦੇ ਮੇਲ ਨਾਲ ਹੁੰਦਾ ਹੈ; ਧਾਰਮਕ ਆਗੂ; ਚੀਨੀ (ਚੀਨ ਮੁਲਕ ਦਾ)।

لامان ***ਲਾਮਾਨ*** : ਬੌਹਤਾਤ, ਫ਼ਰੇਬ, ਝੂਠ, ਟੋਆ, ਖੱਡਾ, ਰੋਟੀ।

لامانی ***ਲਾਮਾਨੀ*** : ਬਕਵਾਸੀ, ਗੱਪੀ; ਝੂਠਾ, ਫ਼ਰੇਬੀ; ਚਾਪਲੂਸ, ਸ਼ੇਖ਼ੀਖੋਰਾ।

لامخ ***ਲਾਮਿਖ਼*** : ਹਜ਼ਰਤ ਨੂਹ ਦੇ ਬਾਪ ਦਾ ਨਾਮ।

لامس ***ਲਾਮਿਸ*** : ਛੂਹਣ ਵਾਲਾ।

لامسہ ***ਲਾਮਿਸਾ*** : ਸਪਰਸ਼ ਦੀ ਸ਼ਕਤੀ।

لامع ***ਲਾਮਿਅ,*** **لامعہ** ***ਲਾਮਿਆ*** : ਚਮਕਦਾਰ, ਰੋਸ਼ਨ।

لان ***ਲਾਨ*** : ਬੇਵਫ਼ਾਈ; ਥਾਂ, ਟੋਆ, ਖੱਡਾ; ਪਹਾੜੀਆਂ ਵਾਲੀ ਥਾਂ, ਇਕ ਪਹਾੜ ਦਾ ਨਾਮ।

لانہ ***ਲਾਨਾ*** : ਪੰਛੀਆਂ ਦਾ ਆਲ੍ਹਣਾ, ਧਮੂੜੀਆਂ ਦਾ ਛੱਤਾ; ਜੰਗਲੀ ਜਾਨਵਰਾਂ ਦਾ ਘੁਰਨਾ; ਮੁਰਗੀਆਂ ਦਾ ਦੜਬਾ; ਪਿੰਜਰਾ; ਬੇਗ਼ੈਰਤ; ਸੁਸਤ; ਨਕਾਰਾ; ਪਾਟਾ ਪੁਰਾਣਾ।

لاو ***ਲਾਵ*** : ਚਿੱਟੀ ਮਿੱਟੀ ਜਿਸ ਨੂੰ ਘਰ ਦੀਆਂ ਕੰਧਾਂ 'ਤੇ ਫੇਰਦੇ ਹਨ।

لاوہ ***ਲਾਵਾ*** : ਗੁੱਲੀ ਡੰਡਾ; ਧੋਖਾ, ਫ਼ਰੇਬ; ਖ਼ੁਸ਼ਾਮਦ।

لاہوت ***ਲਾਹੂਤ*** : 'ਸਲੂਕ' ਦਾ ਓਹ ਸਥਾਨ ਜਿਥੇ ਸੂਫ਼ੀ ਸਾਧਕ 'ਫ਼ਨਾ ਫ਼ਿੱਲਾ ਦਾ ਦਰਜਾ' ਪਰਾਪਤ ਕਰਦਾ ਹੈ।

لاہور ***ਲਾਹੌਰ*** : ਪੰਜਾਬ ਪਰਾਂਤ ਦੀ ਰਾਜਧਾਨੀ ਜੋ ਪਾਕਿਸਤਾਨ ਵਿਚ ਹੈ; ਏਹ ਬੌਹਤ ਪੁਰਾਣਾ ਤੇ ਪਰਸਿਧ ਸ਼ੈਹਰ ਹੈ ਅਤੇ ਰਾਵੀ ਨਦੀ ਦੇ ਕੰਢੇ ਤੇ ਸਥਿਤ ਹੈ।

لاہورہ ***ਲਾਹੂਰਾ*** : ਫ਼ਾੜੀ, ਖ਼ਰਬੂਜ਼ੇ ਜਾਂ ਤਰਬੂਜ਼ ਦੀ ਫਾਕ।

لای ***ਲਾਯ*** : ਕਾਗ਼ਜ਼ ਦਾ ਤਾ; ਕੱਪੜੇ ਦਾ ਥਾਨ; ਕਾਲੀ ਮਿੱਟੀ, ਚਿੱਕੜ; ਮੀਂਹ; ਪਹਾੜ ਦਾ ਦੱਰਾ; ਇਕ ਪਰਕਾਰ ਦਾ ਰੇਸ਼ਮੀ ਕੱਪੜਾ, ਤਲਛੱਟ; ਕਾਗ਼ਜ਼ ਜਾਂ ਕੱਪੜੇ ਦੀ ਤੈਹ, ਗੱਲ ਬਾਤ, ਰੱਸੀ।

لائح ***ਲਾਇਹ*** : ਚਮਕਣ ਵਾਲਾ, ਚਮਕੀਲਾ; ਪਰਤੱਖ।

لائحہ ***ਲਾਇਹਾ*** : ਸੂਚੀ, ਪਰੋਗਰਾਮ, ਕਾਰਜਕਰਮ।

لائق ***ਲਾਇਕ਼*** : ਯੋਗ।

لایہ ***ਲਾਯਾ*** : ਕਾਗ਼ਜ਼ ਦਾ ਤਾ, ਕੱਪੜੇ ਦਾ ਥਾਨ ਆਦਿ, ਚਿਣਾਈ ਦਾ ਰਦਾ।

لب ***ਲਬ*** : ਹੋਠ, ਬੁਲ੍ਹ; ਤਰਫ਼, ਵਲ, ਪਾਸਾ, ਕੰਢਾ, ਕੰਨੀ, ਥੱਪੜ।

لب آفتاب ***ਲਬ-ਏ-ਆਫ਼ਤਾਬ*** : ਸੂਰਜ ਦੀ ਓਹ ਕਿਰਨ ਜੇਹੜੀ ਛਾਂ ਦੇ ਨਾਲ ਲਗਵੀਂ ਹੋਵੇ।

لبالب ***ਲਬਾਲਬ*** : ਨਕੋ ਨੱਕ ਭਰਿਆ ਹੋਇਆ।

لب بستن ***ਲਬ ਬਸਤਨ*** : ਚੁੱਪ ਰੈਹਣਾ।

لب چش ***ਲਬ-ਚਸ਼*** : ਚੱਖੀ ਹੋਈ ਥੋੜੀ ਜੇਹੀ ਸ਼ੈ; ਚਾਸ਼ਨੀ।

لب خند ***ਲਬ-ਖ਼ੰਦ,*** لب خنده ***ਲਬ-ਖ਼ੰਦਾ*** : ਮੁਸਕਰਾਉਣਾ; ਮੁਸਕਰਾਹਟ।

لب ریز ***ਲਬਰੇਜ਼*** : ਕੰਢਿਆਂ ਤਕ ਭਰਿਆ ਹੋਇਆ, ਉਛਲਦਾ।

لب شور ***ਲਬ-ਸ਼ੋਰ*** : ਖਾਰਾਪਣ।

لب نان ***ਲਬ-ਏ-ਨਾਨ*** : ਰੋਟੀ ਦਾ ਟੁਕੜਾ, ਬੁਰਕੀ।

لب ولهجه ***ਲਬ-ਓ-ਲਹਜਾ*** : ਬੋਲਣ ਦਾ ਢੰਗ, ਉਚਾਰਣ; ਗੱਲਬਾਤ।

لب ***ਲੁੱਬ*** : ਹਰ ਚੀਜ਼ ਦਾ ਖ਼ੁਲਾਸਾ, ਤੱਤ, ਦਿਮਾਗ਼, ਅਕਲ, ਸਮਝ।

لباب ***ਲੁਬਾਬ*** : ਰੁੱਖ ਦਾ ਤਣਾ, ਗੇਲੀ, ਗੁੱਦਾ, ਮਗ਼ਜ਼।

لبِ لباب ***ਲੁਬ-ਏ-ਲੁਬਾਬ*** : ਖ਼ੁਲਾਸੇ ਦਾ ਖ਼ੁਲਾਸਾ; ਅਤ ਖ਼ਾਲਸ।

لباجه ***ਲਬਾਜਾ*** : ਚੋਲਾ, ਚੋਗ਼ਾ, ਪੁਸ਼ਾਕ, ਅੱਗੋਂ ਪਾਟਿਆ ਹੋਇਆ ਜਾਮਾ।

لباد ***ਲਿਬਾਦ,*** لباده ***ਲਿਬਾਦਾ,*** لباده ***ਲੁਬਾਦਾ*** : ਊਨੀ ਕੱਪੜਾ, ਊਨੀ ਪੋਸ਼ਾਕ, ਪਸ਼ਮੀਨੇ ਦਾ ਲਿਬਾਸ, ਮੀਂਹ ਤੋਂ ਬਚਣ ਦਾ ਕੱਪੜਾ, ਬਰਸਾਤੀ।

لباس ***ਲਿਬਾਸ*** : ਪੋਸ਼ਾਕ, ਬਸਤਰ, ਕੱਪੜੇ।

لباسِ راهب ***ਲਿਬਾਸ-ਏ-ਰਾਹਿਬ*** : ਕਾਲੇ ਕੱਪੜੇ, ਕਾਲੀ ਪੋਸ਼ਾਕ।

لباسِ رسمی ***ਲਿਬਾਸ-ਏ-ਰਸਮੀ*** : ਦਰਬਾਰੀ ਪੋਸ਼ਾਕ।

لبان ***ਲਬਾਨ*** : ਛਾਤੀ।

لبد ***ਲਬਦ*** : ਨਮਦਾ, ਤਾਹਰੂ, ਪਸ਼ਮ, ਉੱਨ।

لبده ***ਲੁਬਦਾ*** : ਜੰਮੇ ਹੋਏ ਵਾਲ ਜਾਂ ਪਸ਼ਮ; ਸ਼ੇਰ ਦੇ ਮੋਢਿਆਂ ਦਾ ਵਾਲ।

لبس ***ਲਿਬਸ*** : ਲਿਬਾਸ, ਪੋਸ਼ਾਕ।

لپّه ***ਲੱਪਾ*** : ਪਾਣੀ ਦੀ ਲੈਹਰ।

لت ***ਲਤ*** : ਮਾਰਨਾ, ਕੁੱਟਣਾ; ਟੋਟੇ-ਟੋਟੇ, ਟੁਕੜੇ-ਟੁਕੜੇ ਕਰਨਾ, ਢਿੱਡ, ਪੇਟ; ਲੱਤ; ਗੁਰਜ਼; ਸੱਤੂਆਂ ਨੂੰ ਸ਼ਰਬਤ ਵਿਚ ਘੋਲਣਾ।

لت ***ਲੁਤ*** : ਸੁਆਦੀ ਖਾਣਾ।

لتره ***ਲਤਰਾ*** : ਬੌਹਤ ਮੋਟਾ, ਸੁਸਤ ਤੇ ਆਲਸੀ ਆਦਮੀ; ਪਾਟਾ ਪੁਰਾਣਾ।

لتره ***ਲੁਤਰਾ*** : ਦੋ ਆਦਮੀਆਂ ਦੀ ਰਲ ਕੇ ਬਣਾਈ ਹੋਈ ਸੰਕੇਤਕ ਜ਼ਬਾਨ ਜਿਸ ਨੂੰ ਤੀਜਾ ਨਾ ਸਮਝ ਸਕੇ; ਓਹ ਆਦਮੀ ਜੇਹੜਾ ਗੱਲ ਜਾਂ ਭੇਤ ਨੂੰ ਛੁਪਾ ਨਾ ਸਕੇ ਤੇ ਥਾਂ ਪਰ ਥਾਂ ਕੈਂਹਦਾ ਫਿਰੇ; ਲਾਈ ਬੁਝਾਈ ਕਰਨ ਵਾਲਾ, ਕਢਿਆ ਹੋਇਆ।

لتکه ***ਲੁਤਕਾ*** : ਛੋਟੀ ਬੇੜੀ, ਡੋਂਗਾ।

لتّه ***ਲੱਤਾ*** : ਪਾਟੇ ਪੁਰਾਣੇ ਕੱਪੜੇ ਦੀ ਲੀਰ।

لتین ***ਲਿਤੀਨ*** : (ਲੈਟਨ Latin ਦਾ ਫ਼ਾਰਸੀ ਰੂਪਾਂਤਰ) ਲਾਤੀਨੀ ਜ਼ਬਾਨ।

لج ***ਲਜ*** : ਲੱਤ ਮਾਰਨਾ, ਝਗੜਾ, ਅਭਾਗਾ।

لجاج ਲਜਾਜ, لجاجت ਲਜਾਜਤ : ਝਗੜਨਾ, ਲੜਨਾ; ਲੜਾਈ ਝਗੜਾ; ਗਿੜਗਿੜਾਉਣਾ, ਬੇਹੱਦ ਵਧਾ ਕੇ ਗੱਲ ਕਰਨਾ।

لجام ***ਲਿਜਾਮ*** : 'ਲਗਾਮ' ਦਾ ਅਰਬੀ ਰੁਪਾਂਤਰ, ਲਗਾਮ, ਵਾਗਡੋਰ।

لجلاج ***ਲਜਲਾਜ*** : ਥਥਿਆ ਕੇ ਗੱਲਾਂ ਕਰਨ ਵਾਲਾ, ਥੱਥਾ।

لجم ***ਲਜਮ*** : ਕੱਚਾ ਅੰਗੂਰ।

لجّه ***ਲੱਜਾ*** : ਸ਼ੋਰ ਸ਼ਰਾਬਾ, ਰੌਲਾ-ਗੌਲਾ।

لجّه ***ਲੁੱਜਾ*** : ਡੂੰਘਾ ਪਾਣੀ, ਨਦੀ, ਘੁੰਮਣ ਘੇਰੀ, ਭੰਵਰ, ਮੰਝਦਾਰ, ਮੱਧ-ਦਰਿਆ।

لچ ***ਲੁਚ,*** لُچّه ***ਲੁੱਚਾ*** : ਨੰਗਾ, ਬਦਚਲਨ , ਬਦਮਾਸ਼, ਗੁੰਡਾ।

لچک ***ਲਚਕ*** : ਕਢਿਆ ਹੋਇਆ ਦੁੱਪਟਾ; ਚੁੰਨੀ।

لچن ***ਲਚਨ*** : ਬਦਕਾਰ (ਔਰਤ), ਵਿਭਚਾਰਨ; ਨੰਗੀ।

لحاظ ***ਲਿਹਾਜ਼*** : ਕਿਸੇ ਚੀਜ਼ ਦਾ ਅੱਖ ਨਾਲ ਖ਼ਿਆਲ ਰੱਖਣਾ ਤੇ ਵੇਖਦੇ ਰੈਹਣਾ, ਰਿਆਇਤ, ਪਾਸ।

لحاف ***ਲਿਹਾਫ਼*** : ਰੂੰਦਾਰ, ਉਤੇ ਲੈਣ ਦਾ ਕੱਪੜਾ, ਰਜ਼ਾਈ, ਲੇਫ਼।

لحد ***ਲਹਦ*** : ਕਬਰ , ਗੋਰ; ਮੋਰੀ, ਦਰਜ; ਕਬਰ ਦੇ ਅੰਦਰਲਾ ਖੱਡਾ ਜਿਸ ਵਿਚ ਲਾਸ਼ ਰਖੀ ਜਾਂਦੀ ਹੈ।

لحق ***ਲਹਕ*** : ਓਹ ਚੀਜ਼ ਜੇਹੜੀ ਕਿਸੇ ਦੂਜੀ ਚੀਜ਼ ਨਾਲ ਮਿਲਾਈ ਜਾਵੇ; ਪੈਹਲੇ ਰਫਲ ਤੋ ਪਿਛੋਂ ਲੱਗਣ ਵਾਲਾ ਫਲ।

لحم ***ਲਹਮ*** : ਗੋਸ਼ਤ, ਮਾਸ।

لحمان ***ਲੁਹਮਾਨ*** : ਉਪਰੋਕਤ ਦਾ ਬੌਹਵਚਨ।

لحمہ ***ਲਹਮਾ*** : ਬਾਜ਼ ਦੀ ਖ਼ੁਰਾਕ ਜੇਹੜੀ ਉਸ ਦੇ ਸ਼ਿਕਾਰ ਕੀਤੇ ਹੋਏ ਪੰਛੀ ਦੇ ਮਾਸ ਦੀ ਬੋਟੀ ਹੁੰਦੀ ਹੈ, ਬੋਟੀ ਦਾ ਟੁਕੜਾ, ਰਿਸ਼ਤੇਦਾਰੀ, ਸਾਕਾਗੀਰ, ਅਪਣੱਤ, ਬੱਚਾ।

لحن ***ਲਹਨ*** : ਅਨੁਕੂਲ ਅਵਾਜ਼, ਮਧੁਰ ਸੁਰ, ਸੁਰੀਲੀ ਅਵਾਜ਼; ਕੁਰਾਨ ਸ਼ਰੀਫ਼ ਨੂੰ ਮਧੁਰ ਅਵਾਜ਼ ਵਿਚ ਪੜ੍ਹਨਾ, ਸੁਰੀਲੀ ਤਲਾਵਤ।

لحیم ***ਲਹੀਮ*** : ਮੋਟਾ, ਮੋਟਾ ਤਾਜ਼ਾ, ਹੱਟਾ ਕੱਟਾ।

لخا ***ਲਖ਼ਾ*** : ਜੁੱਤੀ।

لخت ***ਲਖ਼ਤ*** : ਟੁਕੜਾ, ਟੋਟਾ, ਕੋਈ, ਥੋੜਾ, ਲੋਹੇ ਦਾ ਗੁਰਜ਼, ਲੋਹੇ ਦਾ ਟੋਪ, ਖ਼ੁਦ; ਕਸਾਈ ਦੀ ਵੱਡੀ ਛੁਰੀ, ਜੁੱਤੀ।

لختِ جگر ***ਲਖ਼ਤ-ਏ-ਜਿਗਰ,***
لختِ دل ***ਲਖ਼ਤ-ਏ-ਦਿਲ*** : ਜਿਗਰ ਦਾ ਟੋਟਾ, ਬੇਟਾ, ਪੁੱਤਰ।

لختِ در ***ਲਖ਼ਤ-ਏ-ਦਰ*** : ਕਿਵਾੜ, ਭਿਤ, ਪਟ।

لخت لخت ***ਲਖ਼ਤ ਲਖ਼ਤ*** : ਟੋਟੇ- ਟੋਟੇ।

لختہ ***ਲਖ਼ਤਾ*** : ਟੋਟਾ।

لختی ***ਲਖ਼ਤੇ*** : ਥੋੜਾ ਕੁ।

لخج ***ਲਖ਼ਜ*** : ਖਾਰ, ਸੱਜੀ।

لخچہ ***ਲਖ਼ਚਾ*** : ਚੰਗਿਆੜੀ; ਅੰਗਿਆਰ।

لذات ***ਲੱਜ਼ਾਤ,*** **لذائز** ***ਲਜ਼ਾਇਜ਼*** : (ਲੱਜ਼ਤ لذت ਦਾ ਬੌਹਵਚਨ), ਜ਼ਾਇਕੇ, ਮਜ਼ੇ, ਸੁਆਦ।

لذت ***ਲੱਜ਼ਤ*** : ਮਜ਼ਾ, ਸੁਆਦ, ਅਨੰਦ।

لذیذ ***ਲਜ਼ੀਜ਼*** : ਸੁਆਦੀ, ਸੁਆਦਲਾ।

لر ***ਲੁਰ*** : ਇਕ ਜੰਗਲੀ ਕੌਮ ਦਾ ਨਾਮ ਜੋ ਚਲਾਕੀ ਜਾਂ ਠੱਗੀ ਲਈ ਮਸ਼ਹੂਰ ਹੈ; ਪੇਂਡੂ; ਬੇਵਕੂਫ਼, ਮੂੜ੍ਹ।

لرستان ***ਲੁਰਿਸਤਾਨ*** : ਈਰਾਨ ਦੇ ਦੱਖਣ ਵੱਲ ਇਕ ਦੇਸ਼, ਜਿਥੇ ਲੁਰ ਕੌਮ ਦਾ ਵਾਸਾ ਹੈ।

لر ***ਲਰ*** : ਨੈਹਰ, ਨਦੀ, ਖਾਲਾ, ਖਾਲ, ਕਮਜ਼ੋਰ, ਮਾੜਾ; ਕੱਛ।

لرد ***ਲਰਦ*** : ਜੰਗਲ, ਮੈਦਾਨ, ਘੋੜ-ਦੌੜ ਦਾ ਮੈਦਾਨ, ਰੇਸ ਕੋਰਸ, ਲਾਰਡ, ਨਵਾਬ।

لرزیدن ***ਲਰਜ਼ੀਦਨ*** : ਕੰਬਣਾ।

لرزش ***ਲਰਜ਼ਿਸ਼*** : ਕੰਬਣੀ, ਕਾਂਬਾ, ਥਰਥਰਾਹਟ।

لرزہ ***ਲਰਜ਼ਾ*** : ਕਾਂਬਾ, ਓਹ ਕਪਕਪੀ ਜੇਹੜੀ ਭੈ ਜਾਂ ਬੀਮਾਰੀ ਦੀ ਹਾਲਤ ਵਿਚ ਹੁੰਦੀ ਹੈ; ਭੁਚਾਲ।

لزوم ***ਲੁਜ਼ੂਮ*** : ਲਾਜ਼ਮ ਹੋਣਾ।

لزوم ***ਲੁਜ਼ੂਮ*** : ਲਬਾਦਾ; ਮਸ਼ਕ ਕਰਨ ਦੀ ਨਰਮ ਕਮਾਨ।

لزیر ***ਲਜ਼ੀਰ*** : ਪਾਰਸਾ, ਪਰਹੇਜ਼-ਗਾਰ, ਨੇਕ; ਸਿਆਣਾ।

لسان ***ਲਿਸਾਨ*** : ਜ਼ਬਾਨ, ਜੀਭ, ਭਾਸ਼ਾ।

لش ***ਲਸ਼*** : ਤਲਛਟ, ਰੈਂਹਦਖੂੰਦ; ਗਾਰ, ਗਾਦ, ਚਿੱਕੜ, ਚੁੱਲ੍ਹਾ।

لشکر ***ਲਸ਼ਕਰ*** : ਫ਼ੌਜ, ਸੈਨਾ।

لشکرکش ***ਲਸ਼ਕਰ-ਕਸ਼*** : ਸੈਨਾਪਤੀ; ਹਮਲਾਆਵਰ, ਆਕਰਮਣਕਾਰੀ।

لشکرکشی ***ਲਸ਼ਕਰ-ਕਸ਼ੀ*** : ਹਮਲਾ।

لشکرگاہ ***ਲਸ਼ਕਰ-ਗਾਹ*** : ਫ਼ੌਜ ਦਾ ਡੇਰਾ; ਤੰਬੂ, ਛਾਉਣੀ।

لشکری ***ਲਸ਼ਕਰੀ*** : ਲਸ਼ਕਰ ਨਾਲ ਸਬੰਧਤ, ਸਿਪਾਹੀ।

لطافت ***ਲਤਾਫ਼ਤ*** : ਬਰੀਕ ਹੋਣਾ, ਬਰੀਕੀ; ਫ਼ਾਰਸੀ ਵਿਚ ਪਵਿੱਤਰਤਾ, ਪਾਕੀਜ਼ਗੀ ਦੇ ਅਰਥਾਂ ਵਿਚ; ਤਾਜ਼ਗੀ, ਨਰਮੀ; ਮੇਹਰਬਾਨੀ।

لطائف ***ਲਤਾਇਫ਼*** : (ਲਤੀਫ਼ਾ **لطیفه** ਦਾ ਬੌਹਵਚਨ) ਲਤੀਫ਼ੇ, ਮਜ਼ੇਦਾਰ ਗੱਲਾਂ, ਨੇਕੀਆਂ, ਬਰੀਕੀਆਂ।

لطف ***ਲੁਤਫ਼*** : ਤਾਜ਼ਗੀ, ਨਰਮੀ, ਮੱਦ, ਸਹਾਇਤਾ; ਮੇਹਰਬਾਨੀ; ਖ਼ੂਬੀ, ਪਾਕੀਜ਼ਗੀ।

لطیف ***ਲਤੀਫ਼*** : ਪੁਤਲਾ, ਬਰੀਕ; ਨਰਮ, ਸੁਥਰਾ, ਸਵੱਛ, ਪਾਕ; ਅਤਿ ਨਾਜ਼ੁਕ; ਨੇਕੀ ਕਰਨ ਵਾਲਾ, ਨੇਕ (ਬੰਦਾ); ਸਹਾਇਕ, ਅੱਲਾਹ ਦਾ ਨਾਮ।

لطیفه ***ਲਤੀਫ਼ਾ*** : ਖ਼ੂਬੀ, ਨੇਕੀ; ਦਿਲ ਨੂੰ ਚੰਗੀ ਲੱਗਣ ਵਾਲੀ ਗੱਲ; ਟੋਟਕਾ, ਚੁਟਕਲਾ; ਅਤਿ ਚੰਗੀ ਨਾਜ਼ੁਕ ਚੀਜ਼; ਅਨੋਖਾ, ਅਜੀਬ।

لعاب ***ਲੁਆਬ*** : ਥੁੱਕ, ਲਾਲ, ਹਰ ਚੀਜ਼ ਦਾ ਗਾੜ੍ਹਾ ਤੇ ਲੇਸਦਾਰ ਰਸ।

لعّاب ***ਲੱਆਬ*** : ਖੇਡਣ ਵਾਲਾ; ਬਾਜ਼ੀਗਰ।

لعب ***ਲਅਬ*** : ਬਾਜ਼ੀ, ਖੇਡ।

لعبت ***ਲਅਬਤ*** : ਖੇਡਣ ਦੀ ਚੀਜ਼, ਖਿਡੌਣਾ; ਖੇਡ, ਗੁੱਡੀ, ਗੁੱਡਾ; ਪੁਤਲੀ, ਮੂਰਤੀ, ਬੁੱਤ; ਸ਼ਤਰੰਜ ਆਦਿ ਦੀ ਖੇਡ।

لعبت باز ***ਲਅਬਤ-ਬਾਜ਼*** : ਪੁਤਲੀਆਂ ਦਾ ਤਮਾਸ਼ਾ ਵਿਖਾਉਣ ਵਾਲਾ।

لعل ***ਲਅਲ*** : (ਲਾਲ **لال** ਦਾ ਅਰਬੀ ਰੂਪਾਂਤਰ)ਹਰ ਸੁਰਖ਼ ਲਾਲ ਚੀਜ਼, ਮਸ਼ੂਕ ਦੇ ਹੋਠ, ਸੁਰਖ਼ ਰੰਗ ਦਾ ਕੀਮਤੀ ਪਥਰ,ਯਾਕੂਤ।

لعلِ بدخشان ***ਲਅਲ-ਏ-ਬਦਖ਼ਸ਼ਾਨ,*** **لعلِ بدخشانی**
ਲਾਅਲ-ਏ-ਬਦਖ਼ਸ਼ਾਨੀ : ਬਦਖ਼ਸ਼ਾਂ ਦਾ ਪਰਸਿੱਧ ਲਾਲ।

لعل لب ***ਲਅਲ-ਲਬ*** : ਮਸ਼ੂਕ ਦੇ ਸੁਰਖ਼ ਬੁੱਲ੍ਹ।

لعلی ***ਲਅਲੀ*** : ਇਕ ਪਰਕਾਰ ਦਾ ਲਾਲ ਰੰਗ ਜੋ ਚਿਤਰਕਾਰਾਂ ਦੇ ਕੰਮ ਆਉਂਦਾ ਹੈ।

لعن ***ਲਅਨ*** : ਰੈਹਮਤ ਤੇ ਨੇਕੀ ਤੋਂ ਦੂਰ ਹੋਣਾ; ਫਿਟਕਾਰ, ਬੁਰਾ ਭਲਾ ਕੈਹਣਾ।

لعین ***ਲਈਨ*** : ਮਰਦੂਦ, ਮਲਊਨ, ਲਾਹਨਤ ਕੀਤਾ ਗਿਆ।

لغات ***ਲੁਗ਼ਾਤ*** : (ਲੁਗ਼ਤ **لغت** ਦਾ ਬੌਹਵਚਨ) ਲਫ਼ਜ਼, ਸ਼ਬਦ; ਜ਼ਬਾਨਾਂ, ਬੋਲੀਆਂ, ਭਾਸ਼ਾਵਾਂ; ਫ਼ਰਹੰਗ, ਕੋਸ਼।

لغام ***ਲਗ਼ਾਮ*** : ਲਗਾਮ, ਵਾਗਡੋਰ।

لغایت ***ਲਗ਼ਾਯਤ*** : ਅਖ਼ੀਰ ਤਕ; ਅੰਤ ਤਕ; ਮਿਲਿਆ ਹੋਇਆ, ਸ਼ਾਮਲ।

لغت ***ਲੁਗ਼ਤ*** : ਕਿਸੇ ਕੌਮ ਦੀ ਜ਼ਬਾਨ, ਭਾਸ਼ਾ, ਲਫ਼ਜ਼, ਸ਼ਬਦ; ਕੋਸ਼।

لغزش ***ਲਗ਼ਜ਼ਿਸ਼*** : ਫਿਸਲਣਾ, ਤਿਲਕਣਾ; ਗਲਤੀ, ਭੁੱਲ ਚੁੱਕ, ਫਿਸਲਣ, ਤਿਲਕਣ।

لغو ***ਲਗ਼ਵ*** : ਬੇਹੂਦਾ; ਫ਼ਜ਼ੂਲ, ਬਕਵਾਸ, ਕੁੱਤੇ ਦਾ ਚੀਕਣਾ; ਨਿਕੰਮੀ ਚੀਜ਼; ਗੁਨਾਹ; ਦਿਲੋਂ ਨਾ ਖਾਧੀ ਗਈ ਕਸਮ।

لغویات ***ਲਗ਼ਵਿਯਾਤ*** : ਉਪਰੋਕਤ ਦਾ ਬੌਹਵਚਨ।

لفاظ ***ਲੱਫ਼ਾਜ਼*** : ਚੰਗਾ ਬੁਲਾਰਾ; ਮਿੱਠੇ ਬਚਨ, ਨਿਰੇ ਸ਼ਬਦਾਂ ਨਾਲ ਖ਼ੁਸ਼ ਕਰ ਦੇਣ ਵਾਲਾ, ਲਫ਼ਾਫ਼ੇਬਾਜ਼।

لفاظی ***ਲੱਫ਼ਾਜ਼ੀ*** : ਅਲੰਕਾਰਮਈ ਬੋਲ, ਬਕਵਾਸ, ਸ਼ੇਖ਼ੀ, ਡੀਂਗ, ਫੜ੍ਹ।

لفاف ***ਲਿਫ਼ਾਫ਼,*** **لفافه** ***ਲਿਫ਼ਾਫ਼ਾ*** : ਕਿਸੇ ਚੀਜ਼ ਉੱਪਰ ਲਪੇਟੀ ਗਈ ਚੀਜ਼; ਉਪਰ ਦਾ ਖ਼ੋਲ; ਮੁਰਦੇ ਦਾ ਬਾਹਰਲਾ ਕਫ਼ਨ, ਕਾਗ਼ਜ਼ ਦਾ ਥੈਲਾ, ਬਨਾਵਟ, ਵਿਖਾਵਾ।

لفچه ***ਲਫ਼ਚਾ*** : ਹੱਡੀ-ਰੈਹਤ ਮਾਸ ਦੀ ਬੋਟੀ, ਬੁਰਕੀ, ਬੱਚਾ।

لفظ ***ਲਫ਼ਜ਼*** : ਮੂੰਹੋਂ ਕੱਢਣਾ, ਬੋਲਣਾ, ਮੂੰਹੋਂ ਨਿਕਲੀ ਅਰਥ ਭਰਪੂਰ ਗੱਲ; ਬੋਲ, ਸ਼ਬਦ।

لفظ به لفظ ***ਲਫ਼ਜ਼-ਬ-ਲਫ਼ਜ਼*** : ਇਕ-ਇਕ ਸ਼ਬਦ, ਸਾਫ਼-ਸਾਫ਼, ਵਿਸਤਾਰ-ਸੈਹਤ, ਹੂ-ਬ-ਹੂ।

لفظی ***ਲਫ਼ਜ਼ੀ*** : ਲਫ਼ਜ਼ ਨਾਲ ਸਬੰਧਤ, ਗੱਲਾਂ ਦੀ, ਅਸਲੀ, ਸ਼ਾਬਦਕ।

لفیف ***ਲਫ਼ੀਫ਼*** : ਵਲ੍ਹੇਟੀ ਹੋਈ; ਤੈਹ ਕੀਤੀ ਹੋਈ; ਗੁੰਝਲਦਾਰ, ਦੋਸਤ, ਮਿਤਰ।

لق ***ਲਕ*** : ਜਿਸ ਉਪਰ ਵਾਲ ਨਾ ਹੋਣ; ਸਾਫ਼, ਪੱਧਰਾ।

لق و دق ***ਲਕ-ਓ-ਦਕ*** : ਪੱਧਰੀ ਤੇ ਸਖ਼ਤ ਧਰਤੀ, ਜਿਸ ਉਪਰ ਘਾਹ ਤੇ ਰੁੱਖ ਨਾ ਹੋਣ।

لقا ***ਲਿਕ਼ਾ*** : ਵੇਖਣਾ; ਮਿਲਣਾ; ਪੌਹਚਣਾ; ਚੇਹਰਾ, ਸ਼ਕਲ; ਦੀਦਾਰ, ਮੁਲਾਕਾਤ।

لقب ***ਲਕਬ*** : ਓਹ ਨਾਮ ਜਿਸ 'ਚੋਂ ਤਾਰੀਫ਼ ਜਾਂ ਨਿੰਦਾ ਦੇ ਅਰਥ ਨਿਕਲਣ, ਓਹ ਨਾਮ ਜੋ ਕਿਸੇ ਭਲੀ ਜਾਂ ਬੁਰੀ ਸਿਫ਼ਤ ਕਾਰਨ ਮਸ਼ਹੂਰ ਹੋ ਗਿਆ ਹੋਵੇ।

لقمان ***ਲੁਕਮਾਨ*** : ਇਕ ਪਰਸਿੱਧ ਹਕੀਮ ਲੁਕਮਾਨ-ਬਿਨ-ਬਾਔਰ ਨਾਮ ਵਾਲਾ, ਜੋ ਮੁਲਕ ਨੋਬਾ (ਹਬਸ਼) ਦਾ ਰੈਹਣ ਵਾਲਾ ਸੀ, ਮੌਤ ਪਿੱਛੋਂ ਫ਼ਲਸਤੀਨ ਵਿਖੇ ਦਫ਼ਨ ਹੋਇਆ; ਕੁਰਾਨ ਮਜੀਦ ਦੀ ਇਕ ਸੂਰਤ ਦਾ ਨਾਮ।

لقمہ ***ਲੁਕਮਾ*** : ਗਰਾਹੀ, ਬੁਰਕੀ।

لقوہ ***ਲਕਵਾ*** : ਇਕ ਬੀਮਾਰੀ ਦਾ ਨਾਮ, ਜਿਸ ਕਰਕੇ ਮੂੰਹ ਵਿੰਗਾ ਹੋ ਜਾਂਦਾ ਹੈ ਤੇ ਚੇਹਰਾ ਫਿਰ ਜਾਂਦਾ ਹੈ।

لک ***ਲਕ*** : ਬੇਵਕੂਫ਼, ਮੂਰਖ; ਲਾਖ (ਹਰਿਆਲੀ ਦੇ ਕੀੜਿਆਂ ਦਾ ਉਗਾਲ), ਲੱਖ (ਸੌ ਹਜ਼ਾਰ); ਬਕਵਾਸ, ਬੇਹੂਦਾ ਗੱਲਬਾਤ; ਕੱਪੜੇ ਦਾ ਦਾਗ਼; ਪਾਟਾ ਪੁਰਾਣਾ ਕੱਪੜਾ; ਪੇਂਡੂਆਂ ਦੀ ਪੁਸ਼ਾਕ; ਸਿਰ ਦਾ ਗੰਜ; ਗੰਜਾ ਸਿਰ, ਸਫ਼ਾ ਚੱਟ।

لک ***ਲਕ*** : ਕੁਰਦਾਂ ਦੀ ਇਕ ਕੌਮ ਦਾ ਨਾਮ।

لک ***ਲੁਕ*** : ਅਣਘੜੀ ਚੀਜ਼; ਬੇਡੌਲ, ਵਲਦਾਰ, ਮੋਟਾ, ਗੋਡਾ, ਲਾਖ (ਲਾਲ ਰੰਗ ਦੀ ਮੋਹਰਾਂ ਲਾਉਣ ਦੇ ਕੰਮ ਆਉਣ ਵਾਲੀ), ਵਾਰਨਸ਼, ਰੋਗਨ।

لکا ***ਲਕਾ*** : ਜੁੱਤੀ, ਮੌਜੇ; ਕੱਚਾ ਚਮੜਾ ਜੋ ਮੁਸਾਫ਼ਰ ਪੈਰਾਂ ਹੇਠ ਬੰਨ੍ਹ ਲੈਂਦੇ ਹਨ, ਧੌੜੀ; ਲਾਲ ਫੁੱਲ।

لکا ***ਲੁਕਾ*** : ਮੁਲਕ, ਇਲਾਕਾ; ਧਰਤੀ; ਲਾਖ; ਖਿੜਕੀ।

لکام ***ਲਕਾਮ*** : ਬੇਅਦਬ, ਬੇਸ਼ਰਮ, ਤਾਕਤਵਰ (ਆਦਮੀ); ਮੁਲਕ ਸ਼ਾਮ ਦੇ ਇਕ ਪਹਾੜ ਦਾ ਨਾਮ।

لکد ***ਲਕਦ*** : ਲੱਤ, ਠੋਕਰ।

لکد زدن ***ਲਕਦ ਜ਼ਦਨ*** : ਲੱਤਾਂ ਮਾਰਨਾ।

لکد زن ***ਲਕਦ-ਜ਼ਨ*** : ਲੱਤਾਂ ਮਾਰਨ ਵਾਲਾ।

لکد کوب ***ਲਕਦ-ਕੋਬ,*** لکد کوبہ ***ਲਕਦ-ਕੋਬਾ*** : ਦੁਲੱਤੀ ਮਾਰਨਾ; ਲੱਤ ਦੀ ਸਟ; ਸੱਟ, ਚੋਟ।

لکلک ***ਲਕਲਕ*** : ਇਕ ਪਰਸਿੱਧ ਪਾਣੀ ਦਾ ਪੰਛੀ; ਬੇਹੂਦਾ ਗੱਲਾਂ, ਬਕਵਾਸ।

لکلکہ ***ਲਕਲਕਾ*** : ਬੇਹੂਦਾ ਗੱਲਬਾਤ, ਬਕਵਾਸ।

لکن ***ਲਕਿਨ*** : ਥਥਲਾ, ਹਕਲਾ।

لکن ***ਲਕਨ,*** لکنت ***ਲੁਕਨਤ*** : ਥਥਲਾਪਣ, ਹਕਲਾਪਣ।

لکنہ ***ਲਕਨਾ*** : ਲਤ, ਟੰਗ; ਪੈਰ।

لکوک ***ਲੁਕੂਕ*** : (ਲਕ لک ਦਾ ਬੌਹਵਚਨ) ਲੱਖਾਂ।

لک و پک ***ਲਕ-ਓ-ਪਕ*** : ਘਰ ਦਾ ਸਮਾਨ, ਲਟਾ-ਪਟਾ।

لکہ ***ਲੱਕਾ*** : ਟੁਕੜਾ, ਟੋਟਾ; ਧੱਬਾ।

لکین ***ਲੁਕੀਨ*** : ਨਮਦਾ।

لگ ***ਲਗ*** : (= ਲਕ لک) ਬਕਵਾਸ, ਬੇਹੂਦਾ ਗੱਲਾਂ।

لگام ***ਲਗਾਮ*** : (= ਲਗ਼ਾਮ لغام ਤੇ لجام ਲਜਾਮ) ਵਾਗ ਡੋਰ, ਖਬ੍ਹੀ।

لگن ***ਲਗਨ*** : ਹੱਥ ਧੋਣ ਦੀ ਤਸ਼ਤਰੀ, ਚਿਲਮਚੀ; ਸ਼ਮ੍ਹਾਦਾਨ, ਅੰਗੀਠੀ।

للہ ***ਲਲਾ*** : ਅਮੀਰਾਂ ਦੇ ਬੱਚਿਆਂ ਨੂੰ ਅਦਬ ਸਤਕਾਰ ਸਿਖਾਉਣ ਵਾਲਾ।

للہ ***ਲਿੱਲਾਹ*** : ਖ਼ੁਦਾ ਦੇ ਵਾਸਤੇ, ਰੱਬ ਦਾ ਵਾਸਤਾ ਈ।

للہ الحمد ***ਲਿੱਲਾਹਿਲਹ਼ਮਦ*** : ਖ਼ੁਦ ਦੀ ਬੌਹਤ ਤਾਰੀਫ਼ ਹੈ, ਸਭ ਤਾਰੀਫ਼ ਖ਼ੁਦਾ ਦੇ ਲਾਇਕ ਹੈ, ਖ਼ੁਦਾ ਦਾ ਸ਼ੁਕਰ ਹੈ।

للهالحمد والمنته *ਲਿੱਲਾਹਿਲ ਹ਼ਮਦ ਵਲ ਮਿੰਨਤਹੁ* : ਖ਼ੁਦਾ ਦਾ ਸ਼ੁਕਰ ਤੇ ਇਹਸਾਨ ਹੈ; ਰੱਬ ਦਾ ਸ਼ੁਕਰ ਤੇ ਮੇਹਰ ਹੈ।

لم *ਲਮ* : ਨਾਂਹ ਦਾ ਸ਼ਬਦ, ਨਹੀਂ; ਨਾ।

لم *ਲਿਮ* : ਕਿਉਂ? ਕਿਸ ਵਾਸਤੇ? ਸਬੱਬ, ਕਾਰਨ, ਇਤਰਾਜ਼, ਦਲੀਲ।

لمالم *ਲਮਾਲਮ* : ਨਕੋ ਨੱਕ ਭਰਿਆ ਹੋਇਆ, ਮਾਲਾਮਾਲ, ਰੱਜਿਆ-ਪੁੱਜਿਆ।

لمتر *ਲਮਤੁਰ* : ਮੋਟਾ; ਹੱਟਾ-ਕੱਟਾ, ਸੁਸਤ, ਆਲਸੀ; ਤਾਕਤਵਰ, ਖੁਰਦਰਾ।

لمح *ਲਮਹ* : ਬਿਜਲੀ ਦਾ ਚਮਕਣਾ।

لمحه *ਲਮਹਾ* : ਬਿਜਲੀ ਦੀ ਚਮਕ; ਕਿਸੇ ਚੀਜ਼ ਨੂੰ ਇਕ ਵਾਰੀ ਥੋੜਾ ਕੁ ਵੇਖ ਲੈਣਾ, ਬੌਹਤ ਥੋੜਾ ਸਮਾਂ, ਝਟ-ਪਲ, ਛਿਣ ਮਾਤਰ, ਅੱਖ ਦੇ ਪਲਕਾਰੇ ਜਿੰਨਾਂ ਸਮਾਂ।

لمس *ਲਮਸ* : ਛੋਹਣਾ; ਸੰਭੋਗ; ਲੋੜ।

لمع *ਲਮਅ*, لمعه *ਲਮਆ* : ਚਮਕਣਾ, ਰੋਸ਼ਨ ਹੋਣਾ, ਚਮਕ, ਰੋਸ਼ਨੀ, ਨੂਰ, ਕਿਰਨ।

لمعات *ਲਮਆਤ* : (ਲਮਆ لمعه ਦਾ ਬੌਹਵਚਨ) ਰੋਸ਼ਨੀਆਂ।

لمعان *ਲਮਆਨ* : ਰੋਸ਼ਨ ਹੋਣਾ, ਚਮਕਣਾ।

لم یزل *ਲਮਯਜ਼ਲ* : ਜਿਸ ਨੂੰ ਜ਼ਵਾਲ ਨਾ ਹੋਵੇ, ਲਾਜ਼ਵਾਲ, ਗ਼ੈਰ-ਫ਼ਾਨੀ, ਸਦੀਵੀ, ਅਮਰ, ਰੱਬ।

لم یزلی *ਲਮਯਜ਼ਲੀ* : ਸਦੀਵੀ, ਅਮਰ।

لن *ਲਨ* : 'ਨਾਂਹ' ਦਾ ਸ਼ਬਦ, ਬਿਲਕੁਲ ਨਹੀਂ।

لن ترانی *ਲਨਤਰਾਨੀ* : ਤੂੰ ਮੈਨੂੰ ਬਿਲਕੁਲ ਨਹੀਂ ਵੇਖ ਸਕੇਂਗਾ, ਰੱਬ ਦੇ ਓਹ ਸ਼ਬਦ ਜੋ ਉਸ ਨੂੰ ਹਜ਼ਰਤ ਮੂਸਾ ਦੇ ਏਹਨਾਂ ਸ਼ਬਦਾਂ 'ਰੱਬ ਅਰਨੀ' ਭਾਵ 'ਐ ਰੱਬ, ਮੈਨੂੰ ਆਪਣਾ ਦੀਦਾਰ ਵਿਖਾ' ਦੇ ਉਤਰ ਵਿਚ ਕਹੇ ਸਨ; ਅਪਣੀ ਵਡਿਆਈ ਉਪਮਾ ਦੇ ਅਰਥਾਂ ਵਿਚ ਵੀ ਆਉਂਦੇ ਹਨ; ਸ਼ੇਖ਼ੀ ਮਾਰਨਾ।

لنبان *ਲੁੰਬਾਨ* : ਇਸਫ਼ਹਾਨ ਲਾਗੇ ਇਕ ਪਿੰਡ ਦਾ ਨਾਮ।

لنبان *ਲੰਬਾਨ* : ਓਹ ਬਦਕਾਰ ਔਰਤ ਜੋ ਬਦਕਾਰੀ ਤੋਂ ਤੋਬਾ ਕਰਕੇ ਰੱਬ ਦੀ ਪੂਜਾ ਵੱਲ ਰੁਚਿਤ ਹੋ ਗਈ ਹੋਵੇ।

لنبر *ਲੁੰਬਰ*, لنبه *ਲੁੰਬਾ* : ਮੋਟਾ, ਚਿਤੜ, ਕਮਰ, ਪੁੱਠ; ਕੱਦਾਵਰ।

لنج *ਲੰਜ*, لنجه *ਲੰਜਾ* : ਮਟਕ ਨਾਲ ਚੱਲਣਾ, ਮਟਕ ਦੀ ਚਾਲ।

لنج *ਲੁੰਜ* : ਹੋਠ; ਗਲ੍ਹਾਂ ਦੇ ਅੰਦਰ ਵੱਲ ਦਾ ਮੂੰਹ; ਚੇਹਰੇ ਦਾ ਭਰਵਾਂ ਹਿੱਸਾ, ਲੁੰਜਾ, ਲੰਗੜਾ ਲੂਲ੍ਹਾ, ਅਪਾਹਜ।

لنگ *ਲੰਗ* : ਲੰਗਾ, ਲੰਗੜਾਹਟ, ਲੰਗ, ਮਰਦ ਦਾ ਗੁਪਤ ਅੰਗ।

لنگاں لنگاں *ਲੰਗਾਂ ਲੰਗਾਂ* : ਲੰਗੜਾਉਂਦੇ ਹੋਏ।

لنگ *ਲਿੰਗ* : ਗਿੱਟਾ, ਪੈਰ ਸਮੇਤ ਪੂਰੀ ਟੰਗ।

لنگ *ਲੁੰਗ* : ਲੁੰਗੀ, ਧੋਤੀ, ਲਗੋਟ; ਪਤਾਲੂ।

لنگر *ਲੰਗਰ* : ਬੌਹਤ ਭਾਰੀ ਲੋਹਾ ਜਿਸ ਨੂੰ ਪਾਣੀ ਵਿਚ ਸੁੱਟ ਕੇ ਜਹਾਜ਼ ਨੂੰ ਚੱਲਣੋਂ ਰੋਕ ਲੈਂਦੇ ਹਨ; ਓਹ ਥਾਂ ਜਿਥੇ ਫ਼ਕੀਰਾਂ ਗਰੀਬਾਂ ਤੇ ਮੁਥਾਜਾਂ ਨੂੰ ਖਾਣਾ ਵੰਡਿਆ ਜਾਂਦਾ ਹੈ; ਗਰੀਬਾਂ ਮੁਥਾਜਾਂ ਵਿਚ ਵੰਡਣ ਵਾਲਾ ਖਾਣਾ।

لنگر انداختن *ਲੰਗਰ ਅੰਦਾਖ਼ਤਨ* : ਲੰਗਰ ਸੁੱਟਣਾ; ਜਹਾਜ਼ ਨੂੰ ਰੋਕਣਾ; ਮਕਾਮ ਕਰਨਾ, ਪੜਾ ਕਰਨਾ।

لنگر انداز *ਲੰਗਰ-ਅੰਦਾਜ਼* : ਠੈਹਰਿਆ ਹੋਇਆ ਜਹਾਜ਼; ਠੈਹਰਨ ਵਾਲਾ।

لنگری *ਲੰਗਰੀ* : ਲੰਗਰ ਨਾਲ ਸਬੰਧਤ, ਬੌਹਤ ਵੱਡੀ ਤਸ਼ਤਰੀ।

لنگه *ਲਿੰਗਾ* : ਭਿਤ, ਕਿਵਾੜ, ਪਟ; ਬਦਕਾਰ ਔਰਤ; ਬੋਰੀ; ਗੰਢ, ਗਠੜੀ।।

لو *ਲਵ* : ਇਕ ਪਰਕਾਰ ਦਾ ਹਲਵਾ; ਹੋਠ, ਟਿੱਲਾ, ਟਿੱਬਾ; ਉਚਾਈ, ਬੁਲੰਦੀ; ਪਿੱਤ, ਸੁਫ਼ਰਾ।

لوا *ਲਵਾਯ* : ਝੰਡਾ, ਨਿਸ਼ਾਨ।

لواحق *ਲਵਾਹਿਕ* : (ਲਾਹਿਕਾ لاحقه ਦਾ ਬੌਹਵਚਨ) ਸਾਕ ਸਬੰਧੀ, ਰਿਸ਼ਤੇਦਾਰ।

لوازم ***ਲਵਾਜ਼ਿਮ,*** **لوازمات** ***ਲਵਾਜ਼ਿਮਾਤ,*** **لوازمہ** ***ਲਵਾਜ਼ਿਮਾ*** : ('ਲਾਜ਼ਿਮਾ' ਦਾ ਬੌਹਵਚਨ) ਜ਼ਰੂਰਤਾਂ, ਲੋੜਾਂ, ਜ਼ਰੂਰਤ ਦਾ ਸਮਾਨ।

لواش ***ਲਵਾਸ਼*** : ਨਰਮ ਰੋਟੀ, ਫੁਲਕਾ।

لوامع ***ਲਵਾਮਿਅ*** : (ਲਾਮਿਅ **لامع** ਦਾ ਬੌਹਵਚਨ) ਚਮਕੀਲੀਆਂ ਚੀਜ਼ਾਂ, ਰੋਸ਼ਨੀਆਂ।

لوب ***ਲੂਬ*** : ਪਥਰੀਲੀ ਤੇ ਬਰਾਨੀ ਧਰਤੀ, ਬੰਜਰ ਧਰਤੀ।

لوبا ***ਲੂਬਾ,*** **لوبی** ***ਲੂਬੀ*** : ਰੌਂਗੀ, ਰੌਂਗ।

لوپ ***ਲੂਪ*** : ਗੱਲ੍ਹ।

لوت ***ਲੂਤ*** : ਨੰਗਾ।

لوت ***ਲੋਤ*** : ਭਾਂਤ-ਭਾਂਤ ਦੇ ਮਜ਼ੇਦਾਰ ਖਾਣੇ; ਅਣਦਾੜ੍ਹੀਆ ਮੁੰਡਾ।

لوت‌پوت ***ਲੋਤ ਪੋਤ*** : ਭਾਂਤ-ਭਾਂਤ ਦੇ ਸੁਆਦਲੇ ਪਦਾਰਥ।

لوث ***ਲੌਸ*** : ਲਗ-ਲਿਬੇੜ, ਰਲਾ, ਮਿਲਾਵਟ, ਲਿਬੇੜ ਦੇਣਾ; ਪਨਾਹ ਲੈਣਾ, ਸ਼ਰਨ ਵਿਚ ਆਉਣਾ; ਦੋਸ਼।

لوچ ***ਲੌਚ*** : ਭੈਂਗਾ, ਟੀਰਾ।

لوچ ***ਲੂਚ,*** **لچ** ***ਲੁਚ*** : ਨੰਗਾ।

لوح ***ਲੌਹ*** : ਲਿਖਣ ਦੀ ਤਖ਼ਤੀ, ਫੱਟੀ, ਕਬਰ ਦੇ ਸਿਰਹਾਣੇ ਦੀ ਤਖਤੀ ਜਾਂ ਪੱਥਰ; ਮੋਢਾ, ਹਰ ਚੌੜੀ ਚੀਜ਼; ਪਿਆਸਾ ਹੋਣਾ; ਬਿਜਲੀ ਦਾ ਚਮਕਣਾ।

لوح‌تربت ***ਲੌਹ-ਏ-ਤੁਰਬਤ,*** **لوحِ‌مرقد** ***ਲੌਹ-ਏ-ਮਰਕਦ,*** **لوحِ‌مزار** ***ਲੌਹ-ਏ-ਮਜ਼ਾਰ*** : ਕਬਰ ਤੇ ਲੱਗਾ ਪੱਥਰ ਜਿਸ ਉਤੇ ਮਿਰਤਕ ਦਾ ਨਾਮ ਆਦਿ ਲਿਖੇ ਹੁੰਦੇ ਹਨ।

لوحِ‌سادہ ***ਲੌਹ-ਏ-ਸਾਦਾ*** : ਕੋਰੀ ਪੱਟੀ, ਕੋਰੀ ਤਖ਼ਤੀ।

لوح‌سیمین ***ਲੌਹ-ਏ-ਸੀਮੀਨ*** : ਚਾਂਦੀ ਦੀ ਤਖ਼ਤੀ, ਮਸ਼ੂਕ ਦਾ ਮੱਥਾ ਜਾਂ ਪੇਟ।

لوحِ‌طلسم ***ਲੌਹ-ਏ-ਤਲਿਸਮ*** : ਜਾਦੂ ਦੀ ਤਖ਼ਤੀ।

لوحِ‌محفوظ ***ਲੌਹ-ਏ-ਮਹਫ਼ੂਜ਼*** : ਅੱਲਾਹ ਦੀ ਤਖ਼ਤੀ ਜਿਸ ਉਪਰ ਵਾਪਰਨ ਵਾਲਾ ਹਰ ਹਾਲ ਲਿਖਿਆ ਹੋਇਆ ਹੈ, ਭਾਗਾਂ ਦੀ ਤਖ਼ਤੀ।

لوح‌وقلم ***ਲੌਹ-ਓ-ਕਲਮ*** : ਤਖ਼ਤੀ ਤੇ ਕਲਮ, ਖ਼ੁਦਾ ਦੇ ਹੁਕਮਾਂ ਦੀ ਤਖ਼ਤੀ ਅਤੇ ਉਸ ਦੇ ਲਿਖਣ ਦੀ ਕਲਮ।

لودہ ***ਲੋਦਾ*** : ਟੋਕਰਾ, ਟੋਕਰੀ।

لور ***ਲੋਰ*** : ਸੈਲਾਬੀ ਜ਼ਮੀਨ; ਪੇਂਜੇ ਦੀ ਰੂੰ ਪਿੰਜਣ ਵਾਲੀ ਧੁੰਣਕੀ; ਮੱਖਣ, ਘਿਓ, ਪਨੀਰ।

لورادر ***ਲੋਰਾਦਰ,*** **لورانک** ***ਲੋਰਾਨਕ,*** **لوراور** ***ਲੋਰਾਵਰ*** : ਘਿਓ ਮੱਖਣ ਰੱਖਣ ਵਾਲਾ ਮਿੱਟੀ ਜਾਂ ਚਮੜੇ ਦਾ ਭਾਂਡਾ।

لوری ***ਲੋਰੀ*** : ਭਿਖਾਰੀ, ਮੰਗਤਾ; ਬਾਜ਼ੀਗਰ, ਨਟ; ਮਸਖ਼ਰਾ; ਗਵੱਈਆ; ਨਾਚਾ; ਟੱਪਰੀਵਾਸ, ਇਕ ਜੰਗਲੀ ਕੌਮ; ਬੇਸ਼ਰਮ।

لوری ***ਲੂਰੀ*** : ਕੋੜ੍ਹ।

لوز ***ਲੌਜ਼,*** **لوزہ** ***ਲੌਜ਼ਾ*** : ਬਦਨਾਮ।

لوزی ***ਲੌਜ਼ੀ*** : ਬਦਾਮ ਵਰਗਾ, ਬਦਾਮ ਦਾ।

لوزینہ ***ਲੌਜ਼ੀਨਾ*** : ਪਿਸਤੇ , ਬਦਾਮ ਤੇ ਗਿਰੀ ਮੇਵੇ ਵਾਲਾ ਹਲਵਾ।

لوس ***ਲੂਸ*** : ਖ਼ੁਸ਼ਾਮਦ, ਚਾਪਲੂਸੀ; ਕਾਫ਼ੂਰ ਵਿਚ ਮਿਲਾਉਣ ਵਾਲਾ ਖੋਟ, ਚਿੱਕੜ।

لوش ***ਲੂਸ਼*** : ਬੇਹੋਸ਼, ਕੋੜ੍ਹੀ, ਲਕਵਾ-ਮਾਰਿਆ; ਖੂਹ ਆਦਿ ਦੀ ਗਾਰ।

لوط ***ਲੂਤ*** : ਇਕ ਪਰਸਿੱਧ ਪੈਗ਼ੰਬਰ, ਜੋ ਹਜ਼ਰਤ ਇਬਰਾਹੀਮ ਦੇ ਭਤੀਜੇ ਸਨ, ਓਹਨਾਂ ਦੀ ਕੌਮ ਨੂੰ ਇਗਲਾਮ ਦੀ ਭੈੜੀ ਆਦਤ ਸੀ ਤੇ ਓਹਨਾਂ ਦੇ ਕੈਹਣ 'ਤੇ ਵੀ ਬਾਜ਼ ਨਾ ਆਈ, ਜਿਸ ਕਰਕੇ ਉਸ ਕੌਮ ਉਤੇ ਖ਼ੁਦਾ ਦਾ ਕੈਹਰ ਹੋਇਆ ਤੇ ਅੱਗ ਦਾ ਤੂਫ਼ਾਨ ਆਇਆ ਜਿਸ ਨਾਲ ਓਹ ਸਾਰੀ ਕੌਮ ਤਬਾਹ ਹੋ ਗਈ।

لوطی ***ਲੂਤੀ*** : ਲੂਤ ਕੌਮ ਦਾ, ਲੌਂਡੇਬਾਜ਼; ਭੰਡ; ਬਾਂਦਰ ਤੇ ਰਿਛ ਵਾਲਾ ਮਦਾਰੀ।

لوقا ***ਲੂਕਾ*** : ਹਜ਼ਰਤ ਈਸਾ ਦਾ ਇਕ ਪਰਸਿੱਧ ਸਾਥੀ ਜੋ ਸ਼ੈਹਰ ਅਨਤਾਕੀਆ ਦਾ ਰੈਹਣ ਵਾਲਾ ਸੀ, ਇੰਜੀਲ-ਲੂਕਾ ਤੀਜੀ ਇੰਜੀਲ ਹੈ, ਜੋ ਉਸ ਨੇ ੬੩ਈ. ਵਿਚ ਰਚੀ।

لوكه ***ਲੋਕਾ*** : ਸੱਤੂ'; ਆਟਾ; ਰੋਣ ਦੀ ਅਵਾਜ਼; ਪਿੰਜੀ ਹੋਈ ਰੂੰ, ਬਿੱਲੀ ਕੁੱਤੇ ਦੀ ਅਵਾਜ।

لول ***ਲੂਲ*** : ਬੇਸ਼ਰਮ, ਅਣਪਿੰਜੀ ਰੂੰ; ਬੇਸ਼ਰਮੀ; ਟੂਟੀ।

لولاك ***ਲੌਲਾਕ*** : ਇਸ ਹਦੀਸ-ਪਾਕ ਵਲ ਇਸ਼ਾਰਾ, 'ਲੌਲਾਕ ਲਮਾ ਖ਼ਲਕਤੁਲ ਅਫ਼ਲਾਕ' ਭਾਵ 'ਐ ਮੁਹੰਮਦ! ਜੇਕਰ ਤੂੰ ਨਾ ਹੁੰਦਾ, ਤਾਂ ਮੈਂ (ਰੱਬ) ਅਸਮਾਨਾਂ ਨੂੰ ਪੈਦਾ ਨਾ ਕਰਦਾ।

لولو ***ਲੂਲੂ*** : ਮੋਤੀ।

لوله ***ਲੂਲਾ*** : ਟੂਟੀ, ਲੋਟੇ ਦੀ ਨਾਲੀ, ਨਾਲ।

لولى ***ਲੂਲੀ*** : ਲੂਲ ਨਾਲ ਸਬੰਧਤ, ਬੇਸ਼ਰਮ, ਵਿਭਚਾਰਨ, ਬਜ਼ਾਰੀ ਔਰਤ, ਗਲੀਆਂ ਵਿਚ ਫਿਰਨ ਵਾਲਾ ਫਕੀਰ; ਮਸਖ਼ਰਾ।

لون ***ਲੌਨ*** : ਰੰਗ ।

لوند ***ਲੌਂਦ*** :ਸੁਸਤ, ਰਿੰਦ; ਬਦਮਾਸ਼; ਵਿਭਾਚਾਰਨ; ਵੇਸਵਾ; ਬਦਕਾਰ ਲੜਕਾ; ਰੱਬ ਤੋਂ ਨਾ ਡਰਨ ਵਾਲਾ; ਕੋਤਵਾਲ, ਸਿਪਾਹੀ; ਨੌਕਰ, ਸੇਵਕ; ਮਜ਼ਦੂਰ।

لويد ***ਲਵੀਦ*** : ਵੱਡਾ ਪਤੀਲਾ; ਖੁਲ੍ਹੇ ਮੂੰਹ ਦੀ ਦੇਗ।

لويشه ***ਲਵੀਸ਼ਾ*** : ਰੱਸੀ ਜੋ ਘੋੜੇ ਨੂੰ ਨਾਅਲਬੰਦੀ ਕਰਨ ਵੇਲੇ ਬੰਨ੍ਹੀ ਜਾਂਦੀ ਹੈ।

لهاب ***ਲੁਹਾਬ*** : ਅੱਗ ਭੜਕਣਾ, ਅੱਗ ਦੀਆਂ ਲਾਟਾਂ ਨਿਕਲਣੀਆਂ ।

لهب ***ਲਹਬ*** : ਅੱਗ ਦੀ ਲਾਟ।

لهجه ***ਲਹਜਾ*** : ਜ਼ਬਾਨ, ਬੋਲੀ, ਉਚਾਰਨ; ਮਧੁਰ, ਗੱਲ ਕਰਨ ਦਾ ਢੰਗ।

لهذا ***ਲਿਹਾਜ਼ਾ*** : ਇਸੇ ਲਈ, ਇਸੇ ਕਰਕੇ, ਮੁਕਦੀ ਗੱਲ।

لهراسب ***ਲੁਹਰਾਸਬ*** : ਈਰਾਨ ਦੇ ਇਕ ਪਰਸਿੱਧ ਬਾਦਸ਼ਾਹ ਦਾ ਨਾਮ, ਜਿਸ ਨੂੰ ਕੈਖ਼ੁਸਰੋ ਨੇ ਰਾਜ ਛੱਡਣ ਮਗਰੋਂ ਤਖ਼ਤ-ਤਾਜ ਸਪੁਰਦ ਕੀਤਾ ਸੀ।

لهفت ***ਲੁਹਫ਼ਤ*** : (=ਲਅਬਤ لعبت) ਗੁੱਡੀ; ਖਿਡੌਣਾ; ਮੂਰਤੀ।

لهنگر ***ਲਹਨਗਰ*** : ਕਸੇਰਾ, ਠਠੇਰਾ।

لهنگرى ***ਲਹਨਗਰੀ*** : ਤਾਂਬੇ ਕਾਂਸੀ ਦੇ ਭਾਂਡੇ ਬਣਾਉਣ ਦਾ ਕਿੱਤਾ।

لهنه ***ਲਹਨਾ*** : ਸਵੇਰ ਦਾ ਨਾਸ਼ਤਾ, ਛਾਹ-ਵੇਲਾ; ਨਹਾਰੀ।

لهو ***ਲਹਵ*** : ਖੇੜਣਾ; ਖੇਡਣਾ ਮੱਲ੍ਹਣਾ; ਖੇਡ-ਕੁੱਦ, ਖੇਡਮਲ੍ਹ; ਸੰਭੋਗ, ਨੇਕੀ ਤੋਂ ਦੂਰ ਰੱਖਣ ਵਾਲਾ ਕਾਰਜ।

لهوولعب ***ਲਹਵ-ਉ-ਲਅਬ*** : ਖੇਡ-ਕੁੱਦ, ਐਸ਼, ਮਨੋਰੰਜਨ।

لياقت ***ਲਿਯਾਕਤ*** : ਯੋਗਤਾ, ਹੌਸਲਾ, ਵਿੱਤ।

ليام ***ਲਿਯਾਮ*** : (ਲਈਮ لئيم ਦਾ ਬੌਹਵਚਨ) ਓਹ ਕੰਜੂਸ ਜੇਹੜਾ ਨਾ ਆਪ ਖਾਵੇ ਅਤੇ ਨਾ ਦੂਜਿਆਂ ਨੂੰ ਖਾਣ ਦੇਵੇ।

ليت ولعل ***ਲੈਤ-ਉ-ਲਅਲ*** : ਟਾਲ ਮਟੋਲ, ਢਿੱਲ-ਮੱਠ, ਅੱਜ-ਕੱਲ ਕਰੀ ਜਾਣਾ; ਬਹਾਨਾ।

ليره ***ਲੀਰਾ*** : ਤੁਰਕੀ ਪੌਂਡ ਜੋ ਸਾਢੇ ਤੇਰਾ ਰੁਪਈਏ ਦੇ ਬਰਾਬਰ ਹੁੰਦਾ ਹੈ।

ليشه ***ਲੀਸ਼ਾ*** : ਟੂਟੀ।

ليك ***ਲੇਕ*** : (ਲੇਕਨ ليكن ਦਾ ਸੰਖਿਪਤ ਰੂਪ) ਪਰ।

ليكن ***ਲੇਕਿਨ*** : ਪਰ, ਮਗਰ।

ليل ***ਲੈਲ,*** ليلة ***ਲੈਲਤ*** : ਰਾਤ।

ليلةالاسرىٰ ***ਲੈਲਤਲਅਸਰਾ*** : ਮਿਅਰਾਜ ਦੀ ਰਾਤ ਜਦ ਹਜ਼ਰਤ ਮੁਹੰਮਦ ਸਾਹਿਬ ਨੇ ਚੰਦ ਦੇ ਦੋ ਟੁਕੜੇ ਕੀਤੇ ਸਨ।

ليلةالبدر ***ਲੈਲਤੁਲਬਦਰ*** : ਚੰਦ ਦੀ ਚੌਦ੍ਹਵੀਂ ਰਾਤ; ਪੂਰਨਮਾਸ਼ੀ।

ليلةالقدر ***ਲੈਲਤੁਲਕਦਰ*** : ਰਮਜ਼ਾਨ

ਮਹੀਨੇ ਦੀ ਸਤਾਈਵੀਂ ਰਾਤ ਜਿਸ ਦੀ ਇਬਾਦਤ ਹਜ਼ਾਰ ਰਾਤਾਂ ਦੇ ਬਰਾਬਰ ਸਮਝੀ ਜਾਂਦੀ ਹੈ।

ليلج ***ਲੀਲਜ***, **ليلخ** ***ਲੀਲਖ***, **ليلنگ** ***ਲੀਲੰਗ*** : ਨੀਲ ਜਿਸ ਨਾਲ ਕੱਪੜੇ ਰੰਗੇ ਜਾਂਦੇ ਹਨ।

ليلوپر ***ਲੀਲੂਪਰ***, **ليلوپل** ***ਲੀਲੂਪਲ***, ***ਲੀਲੂਫਰ***, **ليلوفر** ***ਲੀਲੂਫ਼ਰ*** : ਨੀਲੋਫਰ, ਕੰਵਲ।

ليل و نہار ***ਲੈਲ-ਉ-ਨਹਾਰ*** : ਰਾਤ ਦਿਨ।

ليلى ***ਲੈਲੀ***, **ليلىٰ** ***ਲੈਲਾ*** : ਅਰਬ ਦੀ ਮਸ਼ਹੂਰ ਪਰੇਮਕਾ ਦਾ ਨਾਮ ਜੋ ਕੈਸ ਅਰਥਾਤ ਮਜਨੂੰ ਦੀ ਮੈਹਬੂਬਾ ਸੀ।

ليمو ***ਲੀਮੂ***, **ليمون** ***ਲੀਮੂਨ*** : ਨਿੰਬੂ।

لئيم ***ਲਈਮ*** : ਘਟੀਆ, ਕਮੀਨਾ; ਕੰਜੂਸ, ਓਹ ਕੰਜੂਸ ਜੋਹੜਾ ਨਾ ਆਪ ਖਾਵੇ ਨਾ ਦੂਜਿਆਂ ਨੂੰ ਖਾਣ ਦੇਵੇ।

م (ਮੀਮ)

م ***ਮੀਮ (ਮ)*** : ਫ਼ਾਰਸੀ ਵਰਨਮਾਲਾ ਦਾ ਅਠਾਈਵਾਂ ਤੇ ਅਰਬੀ ਦਾ ਚੌਵੀਵਾਂ ਅੱਖਰ, 'ਅਬਜਦ' ਅਨੁਸਾਰ ਇਸ ਦੇ ਚਾਲੀ (੪੦) ਅੰਕ ਨਿਸ਼ਚਤ ਹਨ। ਆਗਿਆਵਾਚੀ ਸ਼ਬਦ ਦੇ ਪੈਹਲਾਂ ਆ ਕੇ 'ਨਾਂਹ' ਦੇ ਅਰਥ ਦਿੰਦਾ ਹੈ, ਜਿਵੇਂ ਕੁਨ ਤੋਂ ਮਕੁਨ ਅਰਥਾਤ 'ਨਾ ਕਰ'।

ما ***ਮਾ*** : ਜੋ ਕੁਝ ਵੀ, ਕੀ ਚੀਜ਼ ਹੈ, ਕੀ, ਥੋੜਾ ਬੌਹਤ, ਕਿਓਂ ਜੋ; ਜਿਥੋਂ ਤੱਕ ਹੋ ਸਕੇ; ਪਾਣੀ।

ماالحیوٰۃ ***ਮਾ-ਉਲ-ਹਯਾਤ*** : ਅੰਮ੍ਰਿਤ, ਪੌਸ਼ਟਕ ਦਵਾ।

ما ***ਮਾ*** : ਅਸੀਂ, ਸਾਡਾ।

مآب ***ਮਆਬ*** : ਪਰਤਣ ਦੀ ਜਗ੍ਹਾ, ਟਿਕਾਣਾ, ਅੱਡਾ, ਅਰਾਮ ਕਰਨ ਦੀ ਥਾਂ, ਪਰਤਵੀਂ ਅਵਾਜ਼।

ماباقی ***ਮਾਬਾਕੀ,*** مابقیٰ ***ਮਾਬਕਾ,*** مابقیہ ***ਮਾਬਕੀਯਾ*** : ਬਾਕੀ ਦਾ; ਰੈਂਹਦਾ, ਬਕਾਇਆ।

مابعد ***ਮਾਬਅਦ*** : ਪਿਛਲਾ; ਪਿੱਛੋਂ ਆਉਣ ਵਾਲਾ।

مابعدالذکر ***ਮਾਬਅਦ-ਉੱਜ਼-ਜ਼ਿਕਰ*** : ਓਹ ਜਿਸ ਦਾ ਅੱਗੇ ਵਰਣਨ ਕੀਤਾ ਜਾਵੇਗਾ।

مابین ***ਮਾਬੈਨ*** : ਦਰਮਿਆਨ; ਵਿਚਕਾਰ।

مأت ***ਮਿਅਤ*** : ਸੌ; (੧੦੦)।

مأتین ***ਮਿਅਤੈਨ*** : ਦੋ ਸੌ; (੨੦੦)।

مآت ***ਮਿਆਤ*** : (ਮਿਆਤ ਦਾ ਬੌਹਵਚਨ), ਕਈ ਸੌ।

مات ***ਮਾਤ*** : ਓਹ ਮਰ ਗਿਆ; ਹਾਰ ਗਿਆ, ਸ਼ਤਰੰਜ ਵਿਚ ਸ਼ਾਹ ਦਾ ਕੈਦ ਹੋ ਜਾਣਾ, ਬਾਜ਼ੀ ਦੀ ਹਾਰ।

ماتحت ***ਮਾਤਹਤ*** : ਅਧੀਨ; ਨਾਇਬ; ਨੀਵੇਂ ਦਰਜੇ ਦਾ; ਸਾਥੀ, ਸਹਾਇਕ।

ماتقدم ***ਮਾਤਕੱਦਮ*** : ਪੈਹਲਾਂ ਲੰਘ ਚੁਕਾ, ਓਹ ਚੀਜ਼ ਜੋ ਪੈਹਲਾਂ ਲੰਘ ਚੁੱਕੀ ਹੋਵੇ।

ماتم ***ਮਾਤਮ*** : ਰੋਣਾ ਪਿੱਟਣਾ, ਸੋਗ; ਮੁਰਦੇ 'ਤੇ ਰੋਣਾ, ਇਸਤਰੀਆਂ ਦਾ ਇਕੱਠ।

ماتم پرسی ***ਮਾਤਮ ਪੁਰਸੀ*** : ਮਾਤਮ ਕਰਨਾ, ਸ਼ੋਕ ਵਿਚ ਸ਼ਰੀਕ ਹੋਣਾ।

ماتم خانہ ***ਮਾਤਮ-ਖ਼ਾਨਾ,*** ماتم سرا ***ਮਾਤਮ-ਸਰਾ,*** ماتم کدہ ***ਮਾਤਮ-ਕਦਾ*** : ਸੋਗ ਵਾਲਾ ਘਰ, ਜਿਸ ਘਰ ਵਿਚ ਕੋਈ ਮਰ ਗਿਆ ਹੋਵੇ।

ماتم دیدہ ***ਮਾਤਮ-ਦੀਦਾ,*** ماتم زدہ ***ਮਾਤਮ-ਜ਼ਦਾ*** : ਮਾਤਮੀ, ਸੋਗਵਾਰ।

ماتن ***ਮਾਤਿਨ*** : ਕਿਤਾਬ ਦਾ ਮਤਨ (ਪਾਠ) ਲਿਖਣ ਵਾਲਾ।

مآثر ***ਮਆਸਿਰ*** : (ਮਆਸਰਹ/ਮਆਸਰਤ مآثرہ/مآثرت ਦਾ ਬੌਹਵਚਨ) ਨੇਕ ਕੰਮ, ਚੰਗੀਆਂ ਨਿਸ਼ਾਨੀਆਂ, ਉੱਤਮ ਯਾਦਗਾਰਾਂ ਜੋ ਮਰਨ ਪਿੱਛੋਂ ਮਨੁੱਖ ਛੱਡ ਜਾਂਦੇ ਹਨ; ਅਸਰ; ਖੰਡਰਾਤ।

مآثرہ/مآثرت ***ਮਆਸਰਾ/ਮਆਸਰਤ*** : ਨੇਕ ਕੰਮ; ਚੰਗੀ ਨਿਸ਼ਾਨੀ, ਉਤਮ ਯਾਦਗਾਰ, ਖੰਡਰ।

ماثور ***ਮਾਸੂਰ,*** ماثورہ ***ਮਾਸੂਰਾ*** : ਨਕਲ ਕੀਤਾ ਗਿਆ, ਲਿਖਿਆ ਗਿਆ, ਪਰਭਾਵਤ, ਰਿਵਾਇਤੀ ਆ ਰਿਹਾ; ਯਾਦਗਾਰੀ; ਇਤਹਾਸ।

ماج ***ਮਾਜ*** : ਚੰਦ, ਚੰਦਰਮਾ, ਇਤਹਾਸਕਾਰ,

ਰਿਵਾਇਤ ਕੈਹਣ ਵਾਲਾ, ਪਰਸਿੱਧ ਫ਼ਾਰਸੀ ਸ਼ਾਇਰ ਰੂਦਕੀ ਬਾਰੇ ਲਿਖਣ ਵਾਲਾ; ਖਾਰਾ ਪਾਣੀ।

ماجد ***ਮਾਜਿਦ*** : ਸਤਕਾਰਯੋਗ, ਵਡਿਆਈ ਵਾਲਾ, ਸ਼ਰੀਫ਼।

ماجده ***ਮਾਜਿਦਾ*** : ਬਜ਼ੁਰਗ ਇਸਤਰੀ, ਸ਼ਰੀਫ਼ ਔਰਤ।

ماجرا/ماجرئ ***ਮਾਜਰਾ*** : ਵਾਪਰੀ ਹੋਈ ਘਟਨਾ, ਬੀਤੇ ਦਾ ਹਾਲ, ਵਾਰਦਾਤ, ਵਿਥਿਆ, ਝਗੜਾ, ਜੰਜਾਲ।

ماجراکردن ***ਮਾਜਰਾ ਕਰਦਨ*** : ਘਟਨਾ ਬਿਆਨ ਕਰਨਾ।

ماجریات ***ਮਾਜਰੀਯਾਤ*** : ਮਾਜਰੇ, ਘਟਨਾਵਾਂ।

ماجو ***ਮਾਜੂ*** : = **مازو**ਮਾਜ਼ੂ, ਇਕ ਪਰਸਿੱਧ ਫਲ ਜੋ ਦਵਾਈ ਦੇ ਤੌਰ ਤੇ ਵਰਤਿਆ ਜਾਂਦਾ ਹੈ।

ماجوج ***ਮਾਜੂਜ*** : ਹਜ਼ਰਤ ਨੂਹ ਦੇ ਪੁੱਤਰ ਦੀ ਔਲਾਦ, ਪੂਰਬੀ ਤਾਤਾਰੀ ਲੋਕ।

ماچ ***ਮਾਚ*** : ਚੁੰਮਣ।

ماچکردن ***ਮਾਚ ਕਰਦਨ*** : ਚੁੰਮਣਾ।

ماچوموچ ***ਮਾਚ-ਓ-ਮੂਚ*** : ਚੁੰਮਣਾ-ਚੱਟਣਾ।

ماچين ***ਮਾਚੀਨ*** : ਚੁੰਮੀ ਹੋਈ ਚੀਜ਼।

ماچه ***ਮਾਚਾ*** : ਇਸਤਰੀ ਲਿੰਗ; ਇਸਤਰੀ, ਬਾਂਝ ਔਰਤ; ਖੱਚਰ ਲਈ ਵੀ ਪਰਯੋਗ ਹੁੰਦਾ ਹੈ।

ماچين ***ਮਾਚੀਨ*** : ਚੀਨ ਦਾ ਰਾਜ, ਹਿੰਦੁਸਤਾਨ ਦੇ ਪੂਰਬ ਅਤੇ ਚੀਨ ਦੇ ਦੱਖਣ ਵੱਲ ਸਥਿਤ ਇਕ ਮੁਲਕ ਦਾ ਨਾਮ।

ماحاصل ***ਮਾਹਾਸਿਲ,*** **ماحصل** ***ਮਾਹਸਲ*** : ਇਕੱਤਰ ਕੀਤਾ ਗਿਆ, ਖ਼ੁਲਾਸਾ, ਸਾਰੰਸ਼, ਤਤਸਾਰ, ਸਿੱਟਾ, ਫਲ; ਲਾਭ।

ماحضر ***ਮਾਹਜ਼ਰ*** : ਓਹ ਸ਼ੈ ਜੋ ਸਮੇਂ 'ਤੇ ਮੌਜੂਦ ਹੋਵੇ; ਘਰ ਵਿਚ, ਖਾਣਾ, ਮੌਕੇ 'ਤੇ ਉਪਲਭਧ ਭੋਜਨ।

ماخ ***ਮਾਖ਼*** : ਖੋਟਾ ਸਿੱਕਾ, ਸੋਨਾ ਜਾਂ ਚਾਂਦੀ, ਘਟੀਆ, ਕਮੀਨਾ, ਖ਼ਸੀਸ, ਹੋਛਾ, ਕਾਇਰ, ਬੁਜ਼ਦਿਲ, ਬੁੱਢਾ।

ماخچی ***ਮਾਖ਼ਚੀ,*** **ماخچين** ***ਮਾਖ਼ਚੀਨ*** : ਈਰਾਨੀ ਨਸਲ ਦਾ ਘੋੜਾ ਜੋ ਇਕ ਪਾਸਿਓਂ ਤੁਰਕੀ ਤੇ ਦੂਜੇ ਪਾਸਿਓਂ ਅਰਬੀ ਹੋਵੇ; ਦੋਗਲਾ ਘੋੜਾ।

ماخذ ***ਮਾਖ਼ਜ਼/ਮਾ'ਖ਼ਜ਼*** : ਲੈਣ ਦੀ ਥਾਂ, ਸੋਮਾ, ਸਰੋਤ।

ماخوذ ***ਮਾ-ਖ਼ੂਜ਼*** : ਲਿਆ ਗਿਆ; ਫੜਿਆ ਗਿਆ; ਲਈ ਗਈ (ਰਾਏ ਆਦਿ)।

ماخول ***ਮਾਖ਼ੂਲ,*** **ماخوليا** ***ਮਾਖ਼ੂਲੀਯਾ*** : (ਮਾਲੀਖ਼ੂਲੀਯਾ **ماليخوليا** ਦਾ ਸੰਖਿਪਤ ਰੂਪ) ਇਕ ਦਿਮਾਗ਼ੀ ਬੀਮਾਰੀ, ਇਕ ਪਰਕਾਰ ਦਾ ਜਨੂਨ, ਪਾਗਲਪਣ।

ماد ***ਮਾਦ*** : (ਮਾਦਰ **مادر** ਦਾ ਸੰਖਿਪਤ ਰੂਪ) ਮਾਂ।

مادام ***ਮਾਦਾਮ*** : ਜਦ ਤਕ, ਉਸ ਸਮੇਂ ਤਕ; ਹਮੇਸ਼ਾ, ਸਦਾ।

مادامالحيوة ***ਮਾਦਾਮੁਲਹਯਾਤ,*** **مادامالعمر** ***ਮਾਦਾਮੁਲ ਉਮਰ*** : ਜ਼ਿੰਦਗੀ ਭਰ, ਜਿਉਂਦੇ ਜੀ।

مادبه ***ਮਾਦੁਬਾ*** : ਮੈਹਮਾਨੀ, ਖਾਣਾ, ਦਾਵਤ।

مادح ***ਮਾਦਿਹ*** : ਮਦਹ ਕਰਨ ਵਾਲਾ, ਪਰਸ਼ੰਸਾ ਕਰਨ ਵਾਲਾ, ਜਸ ਗਾਇਨ ਕਰਨ ਵਾਲਾ।

مادر ***ਮਾਦਰ*** : ਮਾਂ, ਮਾਤਾ, ਅੰਮਾਂ, ਬੇਬੇ।

مادرآبوآتش ***ਮਾਦਰ-ਏ-ਆਬ-ਓ-ਆਤਿਸ਼*** : ਬੌਹਤ ਰੋਣ ਵਾਲਾ।

مادرباغ ***ਮਾਦਰ-ਏ-ਬਾਗ਼*** : ਬਾਗ਼, ਜ਼ਮੀਨ।

مادربخطا ***ਮਾਦਰ ਬਖ਼ਤਾ*** : ਇਕ ਗਾਲ੍ਹ ਹੈ, ਜਿਸ ਦਾ ਭਾਵ ਹੈ ਤੇਰੀ ਮਾਂ ਨੇ ਤੈਨੂੰ ਜੰਮਣ ਵਿਚ ਖ਼ਤਾ (ਗਲਤੀ) ਕੀਤੀ ਹੈ, ਅਰਥਾਤ ਤੂੰ ਹਰਾਮੀ ਹੈਂ ਜਾਂ ਤੇਰੀ ਮਾਂ ਹਰਾਮਕਾਰ ਸੀ।

مادرروزگار ***ਮਾਦਰ-ਏ-ਰੋਜ਼ਗਾਰ*** :

ਕੁਦਰਤ, ਪਰਕਿਰਤੀ।

مادرزاد ***ਮਾਦਰਜ਼ਾਦ*** : ਓਹ ਗੁਣ ਔਗੁਣ ਜੋ ਜੰਮਣ ਤੋਂ ਹੀ ਹੋਵੇ, ਪੈਦਾਇਸ਼ੀ, ਜਨਮ ਦਾ।

مادرِ کوه ***ਮਾਦਰ-ਏ-ਕੋਹ*** : ਗੂੰਜ, ਪਰਤਵੀਂ ਅਵਾਜ਼।

مادرِ مادر ***ਮਾਦਰ-ਏ-ਮਾਦਰ*** : ਨਾਨੀ।

مادری ***ਮਾਦਰੀ*** : ਮਾਂ ਦਾ, ਮਾਂ ਨਾਲ ਸਬੰਧਤ।

مادراندر ***ਮਾਦਰੰਦਰ***, **مادندر** ***ਮਾਦੰਦਰ*** : ਮਤੇਈ ਮਾਂ।

مادگی ***ਮਾਦਗੀ*** : ਘਮੰਡੀ; ਹੈਂਕੜਬਾਜ਼, ਸ਼ੋਖ਼; ਫੜ੍ਹੀ, ਮਾਦਰੀ; ਮਾਦਾ (ਇਸਤਰੀ) ਨਾਲ ਸਬੰਧਤ।

ماده ***ਮਾਦਾ*** : ਮਦੀਨ, ਏਹ ਸ਼ਬਦ ਗ਼ੈਰ-ਮਨੁੱਖ ਲਈ ਵਰਤਿਆ ਜਾਂਦਾ ਹੈ, ਔਰਤ ਨੂੰ ਮਾਦਾ ਕੈਹਣਾ ਯੋਗ ਨਹੀਂ।

مادّه ***ਮੱਦਾ*** : ਹਰ ਚੀਜ਼ ਦਾ ਅਸਲ, ਮੂਲ, ਤੱਤ, ਹਰ ਚੀਜ਼ ਦੇ ਬਣਾਉਣ ਦਾ ਮਸਾਲਾ ਜਾਂ ਸਮਗਰੀ, ਯੋਗਤਾ, ਦਲੀਲ, ਭੂਮਿਕਾ।

مادّی ***ਮੱਦੀ*** : ਮੱਦਹ ਨਾਲ ਸਬੰਧਤ।

مادّیت ***ਮਾਦੀਯੱਤ*** : ਸਰੀਰਕਤਾ।

مادیان ***ਮਾਦਿਯਾਨ*** : ਘੋੜੀ; ਏਹ ਸ਼ਬਦ ਇਕ ਵਚਨ ਹੈ, ਬੌਹਵਚਨ ਨਹੀਂ।

مار ***ਮਾਰ*** : ਸੱਪ।

مار اژدر ***ਮਾਰ ਅਜ਼ਦਰ*** : ਵੱਡਾ ਸੱਪ, ਅਜ਼ਗਰ।

مارافسا ***ਮਾਰ-ਅਫ਼ਸਾ*** : ਸੱਪਾਂ ਦਾ ਮੰਤਰ ਜਾਣਨ ਵਾਲਾ, ਮਾਂਦਰੀ, ਸਪੇਰਾ।

مارپیچ ***ਮਾਰ ਪੇਚ*** : ਕੁੰਡਲਦਾਰ, ਝੰਡੇ ਦਾ ਫਰੇਰਾ; ਕੁੰਡਲਦਾਰ ਸੱਪਾਂ ਵਰਗੀ ਬਣੀ ਹੋਈ ਚੀਜ਼।

مارپیچده ***ਮਾਰ-ਪੇਚੀਦਾ*** : ਜ਼ੰਜੀਰ, ਸੰਗਲੀ।

مارچوبه ***ਮਾਰ-ਚੋਬਾ*** : ਇਕ ਪਰਕਾਰ ਦਾ ਘਾਹ, ਇਕ ਦਵਾ ਜੋ ਸੱਪ ਜਾਂ ਚੂਹੇ ਦੇ ਡੰਗ ਨੂੰ ਦੂਰ ਕਰਦੀ ਹੈ।

مارخوار ***ਮਾਰ ਖ਼ਾਰ*** : ਇਕ ਪਰਕਾਰ ਦਾ ਪਹਾੜੀ ਬੱਕਰਾ ਜੋ ਸੱਪ ਖਾ ਜਾਂਦਾ ਹੈ।

مارسار ***ਮਾਰ-ਸਾਰ***, **مارفش** ***ਮਾਰਫ਼ਸ਼*** : ਜ਼ੁੱਹਾਕ ਦਾ ਨਾਮ।

مارِ ضحاک ***ਮਾਰ-ਏ-ਜ਼ੁੱਹਾਕ***, **مارِ ضحاکی** ***ਮਾਰ-ਏ-ਜ਼ੱਹਾਕੀ*** : ਜ਼ੰਜੀਰ, ਬੇੜੀ, ਓਹ ਸੱਪ ਜੋ ਜ਼ੱਹਾਕ ਦੇ ਮੋਢਿਆਂ ਤੇ ਸਨ।

مارگزره ***ਮਾਰ-ਗਰਜ਼ਾ*** : ਫਨੀਅਰ ਸੱਪ, ਕਾਲਾ ਨਾਗ।

مارگزیده ***ਮਾਰ ਗਜ਼ੀਦਾ*** : ਜਿਸ ਨੂੰ ਸੱਪ ਨੇ ਡੱਸਿਆ ਹੋਵੇ।

مارگیر ***ਮਾਰਗੀਰ*** : ਸੱਪ ਫੜਨ ਵਾਲਾ, ਫ਼ਰੇਬੀ; ਠੱਗ।

مارگیری ***ਮਾਰਗੀਰੀ*** : ਸੱਪ ਫੜਨ ਦਾ ਕੰਮ, ਫ਼ਰੇਬ, ਠੱਗੀ।

مارماهی ***ਮਾਰ ਮਾਹੀ*** : ਸੱਪ ਦੀ ਸ਼ਕਲ ਦੀ ਮੱਛੀ; ਦੋ ਚਿੱਤਾ।

مارمهره ***ਮਾਰ ਮੁਹਰਾ*** : ਪੁਰਾਣੇ ਸੱਪ ਦੇ ਸਿਰ ਵਿਚ ਮੋਹਰਾ ਜੋ ਜ਼ੈਹਰ ਨੂੰ ਦੂਰ ਕਰਦਾ ਹੈ।

مارِ نه‌سر ***ਮਾਰ-ਏ-ਨੁਹ-ਸਰ*** : ਅਸਮਾਨ ਜਿਸ ਦੇ ਨੌਂ ਤਬਕ ਹਨ।

مارستان ***ਮਾਰਿਸਤਾਨ*** : ਹਸਪਤਾਲ।

ماروت ***ਮਾਰੂਤ*** : ਇਕ ਫ਼ਰਿਸ਼ਤੇ ਦਾ ਨਾਮ ਜੋ ਹਾਰੂਤ ਦੇ ਨਾਲ ਬਾਬਲ ਦੇ ਖੂਹ ਵਿਚ ਰੈਂਹਦਾ ਹੈ, ਏਹ ਦੋਵੇਂ ਫ਼ਰਿਸ਼ਤੇ ਬਾਬਲ ਦੇ ਖੂਹ ਵਿਚ ਪੁਠੇ ਲਟਕ ਰਹੇ ਜਾਦੂਗਰੀ ਦੀ ਸਜ਼ਾ ਭੋਗ ਰਹੇ ਹਨ।

مارون ***ਮਾਰੂਨ*** : ਇਕ ਪੱਥਰ ਜੋ ਸੁਰਮੇ ਨਾਲ ਪੀਹ ਕੇ ਤੇ ਮਿਲਾ ਕੇ ਅੱਖਾਂ ਵਿਚ ਪਾਉਂਦੇ ਹਨ, ਜਿਸ ਨਾਲ ਅੱਖ ਦਾ ਫੋਲਾ ਦੂਰ ਹੋ ਜਾਂਦਾ ਹੈ।

ماری ***ਮਾਰੀ*** : ਮੌਤ, ਹਲਾਕਤ।

ماری ***ਮਾਰੀ*** : ਮਾਰਿਆ ਗਿਆ; ਹਲਾਕ ਹੋਇਆ।

ماریره ***ਮਾਰੀਰਾ*** : ਮਤੇਈ ਮਾਂ, ਸੱਸ, ਨਰਸ।

ماریعقوب ***ਮਾਰ ਯਾਅਕੂਬ*** : ਯੂਹਦੀਆਂ ਦੇ ਇਕ ਬਜ਼ੁਰਗ ਦਾ ਨਾਮ, ਇਥੇ 'ਮਾਰ' ਅਰਬੀ ਦਾ ਸ਼ਬਦ ਹੈ, ਜਿਸ ਦੇ ਅਰਥ ਹਨ ਵੱਡਾ, ਬਜ਼ੁਰਗ।

مار ***ਮਾਜ਼*** : ਭੰਨ, ਤੈਹ, ਤੇੜ, ਦਰਜ਼, ਮਾਜੂ ਫਲ।

مازنب ***ਮਾਜ਼ੰਦ,*** **مازندر** ***ਮਾਜ਼ੰਦਰ,*** **مازندران** ***ਮਾਜ਼ੰਦਰਾਨ***

مازندران ***ਮਾਜ਼ੰਦਰਾਨ*** : ਇਕ ਮੁਲਕ ਦਾ ਨਾਮ।

مازو ***ਮਾਜ਼ੂ,*** **مازون** ***ਮਾਜ਼ੂਨ*** : ਇਕ ਪਰਸਿੱਧ ਫਲ ਦਾ ਨਾਮ ਜੋ ਦਵਾ ਦੇ ਤੌਰ ਤੇ ਵਰਤਿਆ ਜਾਂਦਾ ਹੈ, ਮਾਜੂ।

مازه ***ਮਾਜ਼ਾ*** : ਰੀੜ੍ਹ ਦੀ ਹੱਡੀ।

ماژدر ***ਮਾਜ਼ਦਰ*** : ਅਜਗਰ, ਵੱਡਾ ਸੱਪ, ਨਾਗ।

ماس ***ਮਾਸ*** : (ਅਮਾਸ **اماس** ਦਾ ਸੰਖਿਪਤ ਰੂਪ) ਸੋਜ, ਵਰਮ; ਹੀਰਾ, ਅਲਮਾਸ, ਫੁਰਤੀਲਾ ਆਦਮੀ।

ماسبق ***ਮਾਸਬਕ*** : ਪਿਛਲਾ, ਬੀਤਿਆ ਹੋਇਆ; ਉਪਰੋਕਤ, ਜਿਸ ਦਾ ਜ਼ਿਕਰ ਪੈਹਲਾਂ ਆ ਚੁਕਾ ਹੋਵੇ।

ماست ***ਮਾਸਤ*** : ਦਹੀਂ; ਲੱਸੀ।

ماست بستن ***ਮਾਸਤ ਬਸਤਨ*** : ਦਹੀਂ ਜਮਾਉਣਾ।

ماست بند ***ਮਾਸਤ ਬੰਦ*** : ਪਨੀਰ ਬਣਾਉਣ ਵਾਲਾ।

ماست شدن ***ਮਾਸਤ ਸ਼ੁਦਨ*** : ਦਹੀਂ ਜੰਮਣਾ।

ماسلف ***ਮਾਸਲਫ਼*** : ਬੀਤ ਚੁੱਕਾ, ਪੈਹਲਾ; ਜਿਸ ਦਾ ਪੈਹਲਾਂ ਜ਼ਿਕਰ ਆਇਆ ਹੋਵੇ।

ماسوا ***ਮਾਸਿਵਾ*** : ਸਿਵਾ, ਇਲਾਵਾ, ਅੱਲਾਹ ਤੋਂ ਬਿਨਾ ਹੋਰ ਸਭ ਕੁਝ।

ماسی ***ਮਾਸੀ*** : ਨਿਡਰ, ਬੇਪਰਵਾਹ।

ماش ***ਮਾਸ਼*** : ਮਾਂਹ, ਉੜਦ, ਘਰ ਦਾ ਸਮਾਨ।

ماشاالله ***ਮਾਸ਼ਾਅੱਲਾਹ*** : ਰੱਬ ਨੇ ਚਾਹਿਆ ਤਾਂ; ਰੱਬ ਕਰੇ; ਜੇ ਰੱਬ ਨੂੰ ਮਨਜ਼ੂਰ ਹੋਇਆ।

ماشطه ***ਮਾਸ਼ਿਤਾ*** : ਇਸਤਰੀਆਂ ਦੀ ਕੰਘੀ ਪੱਟੀ ਕਰਨ ਵਾਲੀ, ਵੌਹਟੀ ਨੂੰ ਸਜਾਉਣ ਵਾਲੀ।

ماشو ***ਮਾਸ਼ੂ,*** **ماشوه** ***ਮਾਸ਼ੂਹ*** : ਛਾਣਨੀ; ਕੜਛੀ; ਡੋਈ, ਗੋਦੜੀ।

ماشوب ***ਮਾਸ਼ੂਬ*** : ਚਿੰਤਾ ਨਾ ਕਰ, ਦੁਖੀ ਨਾ ਹੋ।

ماشوره ***ਮਾਸ਼ੂਰਾ*** : ਜੁਲਾਹੇ ਦੀ ਨਲੀ, ਲੋਟੇ ਦੀ ਟੂਟੀ;, ਸੂਤ ਦੀ ਅੱਟੀ।

ماشورۂعاج ***ਮਾਸ਼ੂਰਾ-ਏ-ਆਜ*** : ਮਸ਼ੂਕ ਦੀ ਗਰਦਨ।

ماشه ***ਮਾਸ਼ਾ*** : ਲੁਹਾਰਾਂ ਦੀ ਸੰਨ੍ਹੀ; ਬੰਦੂਕ ਦਾ ਘੋੜਾ ਜਿਸ ਦੇ ਦਬਾਉਣ ਨਾਲ ਬੰਦੂਕ ਚਲ ਜਾਂਦੀ ਹੈ; ਅੱਠ ਰੱਤੀ ਦਾ ਵਜ਼ਨ, ਤੋਲੇ ਦਾ ਬਾਰ੍ਹਵਾਂ ਭਾਗ।

ماضی ***ਮਾਜ਼ੀ*** : ਬੀਤਿਆ ਹੋਇਆ ਸਮਾਂ, ਭੂਤ ਕਾਲ; ਵਿਆਕਰਨ ਵਿਚ ਓਹ ਕਿਰਿਆ ਜਿਸ ਵਿਚ ਬੀਤਿਆ ਹੋਇਆ ਸਮਾਂ ਮਿਲੇ, ਜਿਵੇਂ, ਓਹ ਗਿਆ।

ماضیه ***ਮਾਜ਼ੀਯਾ*** : ਬੀਤਿਆ ਹੋਇਆ।

مافات ***ਮਾਫ਼ਾਤ*** : ਓਹ ਜੋ ਮਰ ਗਿਆ; ਜੋ ਬੀਤ ਗਿਆ; ਚੀਜ਼ ਜਿਸ ਦੇ ਕਰਨ ਦਾ ਸਮਾਂ ਲੰਘ ਗਿਆ ਹੋਵੇ।

مافوق ***ਮਾਫ਼ੌਕ*** : ਉਤਾਂਹ, ਪਰ੍ਹਾਂ, ਉੱਚਾ, ਸਰੇਸ਼ਟ, ਮਾਣ ਸਤਕਾਰ।

مافوق العادت ***ਮਾਫ਼ੌਕ-ਉਲ-ਆਦਤ*** : ਆਦਤ ਤੋਂ ਪਰ੍ਹਾਂ, ਸੁਭਾ ਤੋਂ ਉੱਪਰ।

مافی الضمیر ***ਮਾ-ਫ਼ਿੱਜ਼ਮੀਰ*** : ਦਿਲ ਦੀ ਗੱਲ, ਮੰਤਵ, ਮਨੋਰਥ।

ماقبل ***ਮਾਕਿਬਲ*** : ਪੈਹਲਾਂ ਪੈਹਲਾਂ ਦਾ।

ماقوت ***ਮਾਕੂਤ*** : ਇਕ ਪਰਕਾਰ ਦਾ ਹਲਵਾ।

ماقه ***ਮਾਕਾ*** : ਦਰਵਾਜ਼ਾ ਬੰਦ ਕਰਨ ਦੀ ਲੱਕੜ, ਹੋੜਾ।

ماکان ***ਮਾਕਾਨ*** : ਇਕ ਦੇਸ ਦਾ ਨਾਮ, ਇਕ ਹਾਕਮ ਦਾ ਨਾਮ।

ماکانی ***ਮਾਕਾਨੀ*** : ਮਾਕਾਨ ਨਾਲ ਸਬੰਧਤ, ਮਾਕਾਨ ਦਾ ਰੈਹਣ ਵਾਲਾ, ਮਾਕਾਨ

ਦੀ ਕੋਈ ਸ਼ੈ।

ماکر *ਮਾਕਿਰ* : ਪਰਸੋਂ (ਆਉਣ ਵਾਲਾ)।

ماکر *ਮਾਕਿਰ* : ਧੋਖੇਬਾਜ਼, ਦਗਾਬਾਜ਼।

ماکو *ਮਾਕੂ*, **ماکوک** *ਮਾਕੂਕ* : ਜੁਲਾਹਿਆਂ ਦੀ ਨਲੀ।

ماکول *ਮਾਕੂਲ* : ਗਲ ਵਿਚ ਬੰਨ੍ਹਣ ਵਾਲੀ ਰੱਸੀ, ਬੌਹਤ ਖਾਣ ਵਾਲਾ, ਪੇਟੂ; ਓਹ ਗ਼ੁਲਾਮ ਜਿਸ ਨੇ ਵਡਿਆਈ ਪਰਾਪਤ ਕਰ ਲਈ ਹੋਵੇ।

ماکول *ਮਾਕੂਲ* : ਖਾਣ ਦੀ ਚੀਜ਼; ਖ਼ੁਰਾਕ, ਭੋਜਨ, ਖਾਧੀ ਹੋਈ ਚੀਜ਼।

ماکولات *ਮਾਕੂਲਾਤ* : (ਮਾਕੂਲ **ماکول** ਦਾ ਬੌਹਵਚਨ) ਖਾਣ ਦੀਆਂ ਚੀਜ਼ਾਂ।

ماکولات‌ومشروبات *ਮਾਕੂਲਾਤ-ਉ-ਮਸ਼ਰੂਬਾਤ* : ਖਾਣ ਪੀਣ ਦੀਆਂ ਚੀਜ਼ਾਂ।

ماکیان *ਮਾਕਿਯਾਨ* : ਮੁਰਗ਼ੀ, ਕੁਕੜੀ, (ਇਕ ਵਚਨ ਹੈ, ਬੌਹਵਚਨ ਨਹੀਂ)।

ماکیانِ‌زاغ‌رنگ *ਮਾਕਿਯਾਨ-ਏ-ਜ਼ਾਗ਼ ਰੰਗ* : ਰਾਤ।

مآل *ਮਆਲ* : ਪਰਤਣ ਦੀ ਥਾਂ; ਨਤੀਜਾ, ਅੰਤ, ਅੰਜਾਮ।

مآل‌اندیش *ਮਆਲ-ਅੰਦੇਸ਼* : ਨਤੀਜਾ ਸੋਚਣ ਵਾਲਾ; ਦੂਰ ਅੰਦੇਸ਼।

مآل‌اندیشی *ਮਆਲ-ਅੰਦੇਸ਼ੀ* : ਦੂਰ ਅੰਦੇਸ਼ੀ।

مآل‌کار *ਮਆਲਕਾਰ* : ਆਖਰਕਾਰ; ਅੰਤ ਨੂੰ।

مال *ਮਾਲ* : ਧਨ, ਦੌਲਤ, ਰੁਪਈਏ, ਪੈਸਾ, ਜ਼ਮੀਨ ਦਾ ਮਾਲੀਆ, ਮਾਮਲਾ, ਸਾਜ਼-ਸਮਾਨ, ਮਾਲ ਅਸਬਾਬ, ਮਾਲ ਡੰਗਰ।

مالامال *ਮਾਲਾ ਮਾਲ* : ਬੌਹਤ ਭਰਿਆ ਹੋਇਆ, ਨਕੋ ਨੱਕ।

مال‌پرست *ਮਾਲ-ਪ੍ਰਸਤ* : ਲੋਭੀ, ਲਾਲਚੀ।

مال‌خانہ *ਮਾਲਖ਼ਾਨਾ* : ਖ਼ਜ਼ਾਨਾ, ਸਟੋਰ, ਗੁਦਾਮ, ਭੰਡਾਰ।

مال‌خاوند *ਮਾਲਖ਼ਾਵੰਦ* : ਮਾਲ ਧਨ ਦਾ ਮਾਲਕ, ਅਮੀਰ ਆਦਮੀ।

مال‌دادہ *ਮਾਲ ਦਾਦਾ* : ਕੀਮਤਨ ਖ਼ਰੀਦੀ ਹੋਈ ਚੀਜ਼, ਗ਼ੁਲਾਮ।

مال‌دار *ਮਾਲਦਾਰ* : ਅਮੀਰ; ਧਨੀ।

مال‌داری *ਮਾਲਦਾਰੀ* : ਅਮੀਰੀ।

مال‌زادہ *ਮਾਲਜ਼ਾਦਾ* : ਹਰਾਮ ਦਾ ਪੁੱਤਰ।

مال‌زمین *ਮਾਲ ਜ਼ਮੀਨ* : ਪੈਸੇ ਲਈ ਜ਼ਮੀਨ ਦੀ ਜ਼ਮਾਨਤ।

مال‌سنج *ਮਾਲ-ਸੰਜ* : ਮਾਲ ਤੋਲਣ ਵਾਲਾ, ਪੈਸੇ ਦੀ ਭਾਲ ਕਰਨ ਵਾਲਾ।

مالِ‌شراکت *ਮਾਲ-ਏ-ਸ਼ਿਰਾਕਤ* : ਹਿੱਸੇਦਾਰੀ ਦਾ ਮਾਲ; ਸਾਂਝੀ ਪੂੰਜੀ।

مالِ‌صامت *ਮਾਲ-ਏ-ਸਾਮਤ* : ਸੋਨਾ, ਚਾਂਦੀ ਆਦਿ।

مالِ‌ضامن *ਮਾਲ-ਜ਼ਾਮਿਨ* : ਮਾਲ ਜਾਂ ਪੈਸਿਆਂ ਦੀ ਜ਼ਮਾਨਤ ਦੇਣ ਵਾਲਾ।

مالِ‌ضامنی *ਮਾਲ-ਜ਼ਾਮਿਨੀ* : ਮਾਲ ਦੀ ਜ਼ਮਾਨਤ।

مالِ‌ضبطی *ਮਾਲ ਜ਼ਬਤੀ* : ਕੁਰਕ ਕੀਤਾ ਹੋਇਆ ਮਾਲ।

مالِ‌غنیمت *ਮਾਲ-ਏ-ਗ਼ਨੀਮਤ* : ਲੁੱਟ ਦਾ ਮਾਲ, ਜੰਗ ਵਿਚ ਹੱਥ ਆਇਆ ਮਾਲ।

مالِ‌کاسب *ਮਾਲ-ਏ-ਕਾਸਿਬ* : ਸਸਤਾ ਮਾਲ।

مال‌مست *ਮਾਲ-ਮਸਤ* : ਸ਼ੇਖੀਖ਼ੋਰਾ, ਧਨ ਦਾ ਮਾਣ ਕਰਨ ਵਾਲਾ।

مالِ‌ناطق *ਮਾਲ-ਏ-ਨਾਤਿਕ* : ਮੌਜੂਦ ਸਟਾਕ, ਸੋਨੇ ਚਾਂਦੀ ਦੇ ਸਿੱਕੇ; ਹੈਵਾਨ, ਜਾਨਵਰ।

مالواجب *ਮਾਲ ਵਾਜਿਬ* : ਮਾਮਲਾ ਕਿਰਾਇਆ।

مالوجهات ***ਮਾਲ ਵਜਹਾਤ*** : ਤਨਖ਼ਾਹ, ਪੈਨਸ਼ਨ, ਵਜ਼ੀਫ਼ਾ; ਨਕਦ ਤੇ ਜਿਨਸ; ਸਾਜ਼-ਸਮਾਨ।

مال‌ومتاع ***ਮਾਲ-ਉ-ਮਤਾਅ,***
مال‌ومنال ***ਮਾਲ-ਉ-ਮਨਾਲ*** : ਮਾਲ ਦੌਲਤ।

مالیت ***ਮਾਲੀਯਤ*** : ਕੀਮਤ, ਦੌਲਤ, ਧਨ।

مالیه ***ਮਾਲੀਯਾ*** : (ਪੰਜਾਬੀ ਵਿਚ ਪਰਚਲਤ ਰੂਪ ''ਮਾਲੀਆ'' ਹੈ) ਮਾਮਲਾ; ਢਾਲ।

ماالکلام ***ਮਾ-ਲਾ ਕਲਾਮ*** : ਓਹ ਬਾਤ ਜਿਸ ਵਿਚ ਕਿਸੇ ਨੂੰ ਉਜ਼ਰ ਨਾ ਹੋਵੇ।

ماالنهایت ***ਮਾ-ਲਾ-ਨਿਹਾਯਤ*** : ਅਨੰਤ।

ماالیطاق ***ਮਾ-ਲਾਯੁਤ਼ਾਕ*** : ਓਹ ਕੰਮ ਜਿਸ ਦੇ ਕਰਨ ਦੀ ਤਾਕਤ ਨਾ ਹੋਵੇ, ਵਿਤੋਂ ਬਾਹਰਾ ਕੰਮ।

ماالیعنی ***ਮਾ-ਲਾਯਅਨੀ*** : ਫ਼ਜ਼ੂਲ, ਬੇਕਾਰ, ਨਿਰਾਰਥਕ।

ماالینحل ***ਮਾਲਾਯਨਹਲ*** : ਓਹ ਚੀਜ਼ ਜੋ ਹੱਲ ਨਾ ਹੋ ਸਕੇ, ਔਖਾ, ਕਠਨ।

مالخ ***ਮਾਲਿਖ਼*** : ਦਿਮਾਗ ਦਾ ਖ਼ਲਲ, ਫ਼ਤੂਰ, ਸ਼ੁਦਾ।

مالیخولیا ***ਮਾਲੀਖ਼ੂਲੀਯਾ*** : ਸ਼ੁਦਾ, ਪਾਗ਼ਲਪਣ, ਉਦਾਸੀਨਤਾ।

مالش ***ਮਾਲਿਸ਼*** : ਮਲਣਾ, ਰਗੜਨਾ, ਗੁੰਨ੍ਹਣਾ, ਤਬੀਅਤ ਦਾ ਕੈ ਕਰਨ ਤੇ ਆਉਣਾ, ਜੀ ਮਤਲਾਉਣਾ, ਜੀ ਕੱਚਾ ਹੋਣਾ, ਥਕਾਵਟ, ਸਜ਼ਾ, (ਕੰਨ ਮਰੋੜਨਾ)।

مالشگر ***ਮਾਲਿਸ਼ਗਰ*** : ਮਾਲਸ਼ ਕਰਨ ਵਾਲਾ।

مالشگری ***ਮਾਲਿਸ਼ਗਰੀ*** : ਔਰਤਾਂ ਨਾਲ ਚੋਹਲ ਕਰਨਾ।

مالک ***ਮਾਲਿਕ*** : ਸੁਆਮੀ, ਸਾਹਿਬ, ਹਾਕਮ, ਸ਼ਾਸਕ, ਦੋਜ਼ਖ ਦਾ ਦਰਬਾਨ, ਉਸ ਸੌਦਾਗਰ ਦਾ ਨਾਮ ਜਿਸ ਨੇ ਹਜ਼ਰਤ ਯੂਸਫ਼ ਨੂੰ ਉਸ ਦੇ ਭਰਾਵਾਂ ਤੋਂ ਮੁੱਲ ਖ਼ਰੀਦਿਆ ਸੀ।

مالکالملک ***ਮਾਲਿਕ-ਉਲ-ਮੁਲਕ*** : ਮੁਲਕ ਦਾ ਮਾਲਕ, ਰੱਬ।

مالکانه ***ਮਾਲਿਕਾਨਾ*** : ਮਾਲਕ ਵਰਗਾ, ਮਾਲਕ ਦੇ ਤੌਰ 'ਤੇ।

مالکِ دینار ***ਮਾਲਿਕ-ਏ-ਦੀਨਾਰ*** : ਇਕ ਬਜ਼ੁਰਗ ਵਲੀ ਦਾ ਨਾਮ ਜਿਸ ਦੀ ਮੌਤ ੧੩੭ ਹਿਜਰੀ ਵਿਚ ਹੋਈ।

مالکیت ***ਮਾਲਿਕੀਯਤ*** : ਮਾਲਕ ਹੋਣਾ; ਮਾਲਕਪਣ।

مالیده ***ਮਾਲੀਦਾ*** : ਮਲਿਆ ਹੋਇਆ, ਮਲੀਦਾ।

مالیده‌گوش ***ਮਾਲੀਦਾ-ਗੋਸ਼*** : ਹੁਸ਼ਿਆਰ, ਚੌਕੰਨਾ, ਚੁਸਤ; ਚੇਤੰਨ; ਸਾਵਧਾਨ।

مام ***ਮਾਮ*** : ਮਾਂ।

مامک ***ਮਾਮਕ*** : (ਮਾਮ **مام** ਦਾ ਲਘੂਵਾਚੀ) ਪਿਆਰ ਨਾਲ 'ਮਾਂ' ਨੂੰ ਬੁਲਾਉਣਾ, ਪਿਆਰੀ ਮਾਂ।

ماما ***ਮਾਮਾ*** : ਬੁੱਢੀ ਔਰਤ।

ماماچه ***ਮਾਮਾਚਾ,*** **مامچه** ***ਮਾਮਚਾ*** : ਦਾਈ।

مامائی ***ਮਾਮਾਈ*** : ਦਾਈਪੁਣਾ, ਦਾਈ ਦਾ ਕਿੱਤਾ।

مامناف ***ਮਾਮਨਾਫ਼*** : ਦਾਈ।

مامنافی ***ਮਾਮਨਾਫ਼ੀ*** : ਦਾਈ ਪੁਣਾ।

مامضیٰ ***ਮਾ-ਮਜ਼ਾ*** : ਬੀਤ ਚੁਕਾ, ਪੈਹਲਾਂ ਜੋ ਗੁਜ਼ਰਿਆ।

مامن‌رضا ***ਮਾ'ਮਨ ਰਜ਼ਾ*** : ਪਵਿੱਤਰ, ਮਸ਼ਹੱਦ, ਜਿਥੇ ਅਠਵੇਂ ਇਮਾਮ ਹਜ਼ਰਤ ਅਲੀ ਦਾ ਮਜ਼ਾਰ ਹੈ; ਸ਼ੀਆ ਸੰਪਰਦਾਏ ਦੇ ਲੋਕ ਇਸ ਸਥਾਨ ਨੂੰ ਰੱਬ ਦੇ ਕੈਹਰ ਤੋਂ ਬਚਣ ਦੀ ਜਗ੍ਹਾ ਸਮਝਦੇ ਹਨ, ਅਮਨ ਦੀ ਥਾਂ।

مامور ***ਮਾ'ਮੂਰ*** : ਮੁਕਰਰ, ਨਿਯੁਕਤ, ਓਹ ਵਿਅਕਤੀ ਜਿਸ ਨੂੰ ਹੁਕਮ ਦਿੱਤਾ ਗਿਆ ਹੋਵੇ।

ماموریت ***ਮਾਮੂਰੀਯਤ*** : ਕਿਸੇ ਪਦਵੀ ਤੇ ਨਿਯੁਕਤ ਹੋਣਾ।

مامون ***ਮਾਮੂਨ*** : ਅਮਨ ਅਮਾਨ ਵਿਚ, ਬਿਨਾ ਡਰ ਭੈ ਦੇ, ਸੁਰਖਿਅਤ, ਅੱਬਾਸੀ ਖ਼ਲੀਫ਼ਿਆਂ ਵਿਚੋਂ ਸਤਵਾਂ ਖ਼ਲੀਫ਼ਾ ਜੋ ਹਾਰੂਨ ਰਸ਼ੀਦ ਦਾ ਪੁੱਤਰ ਸੀ, ਓਹ ਬਹਾਦਰੀ ਤੇ ਦਾਨ ਪੁੰਨ ਲਈ ਪਰਸਿੱਧ ਸੀ।

مامیران ***ਮਾਮੀਰਾਨ*** : ਮਮੀਰਾ ਜੋ ਅੱਖ ਦੀ ਰੋਸ਼ਨੀ ਲਈ ਬੜਾ ਲਾਭਦਾਇਕ ਹੈ।

مان ***ਮਾਨ*** : ਘਰ, ਮਾਲ-ਅਸਬਾਬ, ਘਰ ਦੀਆਂ ਜ਼ਰੂਰੀ ਵਸਤਾਂ; ਪੂੰਜੀ; ਵਾਂਗ, ਵਰਗਾ; ਹਮੇਸ਼ਾ; ਇੱਜ਼ਤ।

مانا ***ਮਾਨਾ*** : ਵਰਗਾ, ਵਾਂਗੂ, ਸ਼ਾਇਦ; ਤੈਹਕੀਕ; ਖ਼ਿਆਲ।

مانستہ ***ਮਾਨਿਸਤਾ*** : ਵਰਗਾ, ਵਾਂਗੂ।

ماندگی ***ਮਾਂਦਗੀ*** : ਥਕਾਵਟ, ਲਚਾਰੀ; ਰੈਹ ਜਾਣਾ।

ماندہ ***ਮਾਂਦਾ*** : ਥੱਕਿਆ ਟੁੱਟਾ; ਰੈਹ ਚੁਕਿਆ, ਪਿਛੇ ਰਿਹਾ ਹੋਇਆ, ਬਚਿਆ ਹੋਇਆ।

مانک ***ਮਾਂਕ,*** **مانگ** ***ਮਾਂਗ*** : ਚੰਦ।

مانند ***ਮਾਨੰਦ*** : ਮਿਲਦਾ-ਜੁਲਦਾ, ਵਰਗਾ; ਨਜ਼ੀਰ।

مانندآباد ***ਮਾਨੰਦ ਆਬਾਦ*** : ਬਹਿਸ਼ਤ ਤੇ ਦੋਜ਼ਖ਼ ਦੇ ਵਿਚਕਾਰਲਾ ਸਥਾਨ।

مانندآب ***ਮਾਨੰਦਾਬ*** : ਸਤਰੰਗੀ ਪੀਂਘ, ਮਨ-ਪਸੰਦ, ਪਸੰਦੀਦਾ।

مانوس ***ਮਾਨੂਸ*** : ਓਹ ਚੀਜ਼ ਜਿਸ ਨਾਲ ਮੁਹੱਬਤ ਹੋਵੇ, ਚੰਗੀ ਜਾਣ-ਪਛਾਣ ਵਾਲਾ, ਸਾਥੀ; ਦੋਸਤ।

مانوسار ***ਮਾਨੂਸਾਰ*** : ਦਾਰਾ ਦੇ ਕਾਤਲਾਂ ਵਿਚੋਂ ਇਕ ਦਾ ਨਾਮ।

مانی ***ਮਾਨੀ*** : ਇਕ ਪਰਸਿੱਧ ਚਿਤਰਕਾਰ ਦਾ ਨਾਮ ਜਿਸ ਨੇ ਨਬੀ ਹੋਣ ਦਾ ਦਾਵਾ ਕੀਤਾ ਅਤੇ ਆਪਣੀ ਚਿਤਰਕਾਰੀ ਨੂੰ ਮੁਅਜਜ਼ਾ ਦੱਸਿਆ, 'ਅਰਜ਼ੰਗ' ਉਸ ਦੇ ਪਰਸਿੱਧ ਚਿਤਰਾਂ ਦਾ ਸੰਗਰੈਹ ਹੈ।

ماوا ***ਮਾ'ਵਾ*** : ਟਿਕਾਣਾ, ਘਰ, ਪਨਾਹ ਦੀ ਥਾਂ।

ماورا ***ਮਾਵਰਾ*** : ਓਹ ਜੋ ਪਿੱਛੇ ਜਾਂ ਅੱਗੇ ਹੈ, ਪਰ੍ਹਾਂ ਪਰੇਰੇ, ਸਿਵਾਏ, ਇਸ ਤੋਂ ਇਲਾਵਾ।

ماوراالنہر ***ਮਾਵਰਾ-ਉਨ-ਨਹਰ*** : ਜੋ ਦਰਿਆ ਦੇ ਪਾਰ ਹੋਵੇ; ਤੂਰਾਨ ਦੇਸ਼ ਜੋ ਦਰਿਆ ਜੇਹੂੰ ਦੇ ਪਾਰ ਸਥਿਤ ਹੈ।

ماؤف ***ਮਾ'ਊਫ਼*** : ਜਿਸ 'ਤੇ ਬਿਪਤਾ ਪਈ ਹੋਵੇ, ਦੁਖੀਆ।

ماہ ***ਮਾਹ*** : ਚੰਦ, ਮਹੀਨਾ।

ماہآفرید ***ਮਾਹ ਆਫ਼ਰੀਦ*** : ਈਰਾਨ ਦੇ ਬਾਦਸ਼ਾਹ, ਮਿਨੂਚਿਹਰ ਦੀ ਮਾਂ ਦਾ ਨਾਮ।

ماہِابنِعطا ***ਮਾਹ-ਏ-ਇਬਨ-ਏ-ਅੱਤਾ*** : ਵੇਖੋ **ماہِنخشب** ਮਾਹ-ਏ-ਨਖ਼ਸ਼ਬ।

ماہانہ ***ਮਾਹਾਨਾ*** : ਮਾਹਵਾਰੀ, ਮਹੀਨੇ ਪਰਤੀ।

ماہبماہ ***ਮਾਹ-ਬ-ਮਾਹ*** : ਹਰ ਮਹੀਨੇ, ਮਹੀਨੇ ਦੇ ਮਹੀਨੇ।

ماہپارہ ***ਮਾਹ-ਪਾਰਾ*** : ਚੰਦ ਦਾ ਟੁਕੜਾ, ਅਤਿ ਸੁੰਦਰ, ਸੁੰਦਰੀ।

ماہپروار ***ਮਾਹ-ਪਰਵਾਰ,*** **ماہپروین** ***ਮਾਹ-ਪਰਵੀਨ*** : ਇਕ ਚੀਨੀ ਬੂਟੀ (ਅਦਰਕ ਵਰਗੀ)।

ماہپیکر ***ਮਾਹ-ਪੈਕਰ*** : ਚੰਦ ਵਰਗੇ ਸਰੀਰ ਵਾਲਾ ਮਸ਼ੂਕ, ਸੋਹਣਾ।

ماہپیکرِرفش ***ਮਾਹ ਪੈਕਰ-ਏ-ਦਿਰਫ਼ਸ਼*** : ਰਾਤ।

ماہجبین ***ਮਾਹ-ਜਬੀਨ*** : ਚੰਦ-ਮੱਥੇ ਵਰਗਾ, ਮਸ਼ੂਕ।

ماہچہ ***ਮਾਹਚਾ*** : ਛੋਟਾ ਚੰਦਰਮਾ।

ماہِچہارہفتہ ***ਮਾਹ-ਏ-ਚਹਾਰ ਹਫ਼ਤਾ*** : ਜਿਸ ਚੀਜ਼ ਦੀ ਕੋਈ ਹੋਂਦ ਨਾ ਹੋਵੇ।

ماہچہر ***ਮਾਹ-ਚਿਹਰ,*** **ماہرخ** ***ਮਾਹ-ਰੁਖ਼,*** **ماہرو** ***ਮਾਹ-ਰੂ*** : ਚੰਦ ਦੇ ਮੁਖੜੇ ਵਰਗਾ, ਮਸ਼ੂਕ, ਸੋਹਣਾ।

ماهِخانگی *ਮਾਹ-ਏ-ਖ਼ਾਨਗੀ* : ਘਰ ਦੀ ਔਰਤ, ਬੀਵੀ, ਪਿਆਰੀ।

ماهِخرگهی *ਮਾਹ-ਏ-ਖ਼ਰਗਹੀ* : ਓਹ ਚੰਦ ਜਿਸ ਦੇ ਦੁਆਲੇ ਪਰਵਾਰ ਹੋਵੇ, ਮਸ਼ੂਕ, ਸੋਹਣਾ।

ماهِسی‌روزه *ਮਾਹ-ਏ-ਸੀ ਰੋਜ਼ਾ* : ਪੈਹਲੀ ਰਾਤ ਦਾ ਚੰਦਰਮਾ, ਬੌਹਤ ਪਤਲਾ ਚੰਦ, ਬੀਮਾਰ ਤੇ ਕਮਜ਼ੋਰ ਮਸ਼ੂਕ।

ماهسیما *ਮਾਹ-ਸੀਮਾ*, **ماهطلعت** *ਮਾਹ-ਤਲਅਤ* : ਚੰਦ ਵਰਗੇ ਮੁਖੜੇ ਵਾਲਾ, ਮਸ਼ੂਕ।

ماهِکاشغر *ਮਾਹ-ਏ-ਕਾਸ਼ਗਰ*, **ماهکش** *ਮਾਹ-ਕਸ਼* : ਤੁਰਕਿਸਤਾਨ ਦਾ ਮਸ਼ੂਕ, ਵੇਖੋ ਮਾਹ-ਏ-ਨਖ਼ਸ਼ਾ।

ماهِکنعان *ਮਾਹ-ਏ-ਕਨਆਨ*, **ماهِمصر** *ਮਾਹ-ਏ-ਮਿਸਰ* : ਹਜ਼ਰਤ ਯੂਸੁਫ਼ ਜੋ ਕਨਆਨ ਦਾ ਸੀ।

ماهگرفت *ਮਾਹ-ਗਿਰਿਫ਼ਤ*, **ماهگیر** *ਮਾਹ-ਗੀਰ* : ਗਰੈਹਣ ਲੱਗਾ ਚੰਦ।

ماهِماتم *ਮਾਹ-ਏ-ਮਾਤਮ* : ਮੁਹੱਰਮ ਦਾ ਮਹੀਨਾ।

ماهِنخشب *ਮਾਹ-ਏ-ਨਖ਼ਸ਼ਬ*, **ماهمقنع** *ਮਾਹ-ਏ-ਮੁਕ਼ਨਅ* : ਨਖ਼ਸ਼ਬ (ਤੁਰਕਿਸਤਾਨ) ਵਿਖੇ ਹਕੀਮ ਇਬਨ-ਏ-ਅਤਾ (ਇਬਨ-ਏ-ਮੁਕ਼ਨਅ) ਨੇ ਪਾਰੇ ਆਦਿ ਨਾਲ ਇਕ ਚੰਦ ਬਣਾਇਆ ਸੀ ਜੋ ਸਯਾਮ ਪਹਾੜ ਦੇ ਪਿਛਲੇ ਪਾਸਿਓਂ ਚੜ੍ਹਦਾ ਦਿਸਦਾ ਸੀ ਤੇ ਬਾਰਾਂ ਮੀਲ ਤੱਕ ਉਸ ਦੀ ਰੋਸ਼ਨੀ ਜਾਂਦੀ ਸੀ ਤੇ ਇਕ ਖੂਹ ਵਿਚ ਡੁੱਬ ਕੇ ਅਗਲੇ ਭਲਕ ਫਿਰ ਆਪਣੇ ਅਸਲੀ ਥਾਂ ਤੇ ਆ ਜਾਂਦਾ ਸੀ, ਏਹ ਲਗਾਤਾਰ ਚਾਰ ਮਹੀਨੇ ਲੈਂਹਦਾ ਚੜ੍ਹਦਾ ਸੀ, ਇਸੇ ਚੰਦ ਸਦਕਾ ਉਸ ਨੇ ਨਬੀ ਹੋਣ ਦਾ ਦਾਵਾ ਕੀਤਾ ਸੀ, ਅਖ਼ੀਰ ਓਹ ਮਾਰਿਆ ਗਿਆ।

ماهِنو *ਮਾਹ-ਏ-ਨੌ* : ਨਵਾਂ ਚੰਦ, ਏਕਮ ਦਾ ਚੰਦਰਮਾ।

ماهوار *ਮਾਹਵਾਰ* : ਹਰ ਮਹੀਨੇ।

ماهورق *ਮਾਹ ਵਰਕ* : ਅਸਮਾਨ।

ماهوسال *ਮਾਹ-ਉ-ਸਾਲ* : ਹਮੇਸ਼ਾ, ਸਦਾ।

ماهیانه *ਮਾਹੀਯਾਨਾ* : ਮਾਹਵਾਰੀ ਤਨਖ਼ਾਹ।

ماهتاب *ਮਾਹਤਾਬ* : ਚੰਦ, ਚੰਦ ਦੀ ਰੋਸ਼ਨੀ।

ماهتابی *ਮਾਹਤਾਬੀ* : ਮਕਾਨ ਜਾਂ ਬਾਗ ਦੇ ਵੇਹੜੇ ਵਿਚ ਬਣਾਇਆ ਹੋਇਆ ਚੌਤਰਾ ਜਿਸ 'ਤੇ ਬੈਠ ਕੇ ਚੰਦ ਚਾਨਣੀ ਦਾ ਅਨੰਦ ਮਾਣਦੇ ਹਨ।

ماهتابیِ‌آتشین *ਮਾਹਤਾਬੀ-ਏ-ਆਤਸ਼ੀਨ* : ਮਤਾਬੀ; ਇਕ ਕਿਸਮ ਦੀ ਆਤਸ਼ਬਾਜ਼ੀ।

ماهرمه *ਮਾਹ ਰਮਾ*, **ماهه** *ਮਾਹਾ* : ਵਰਮਾ, ਓਹ ਸੰਦ ਜਿਸ ਨਾਲ ਲੱਕੜ ਆਦਿ ਵਿਚ ਛੇਕ ਕਰਦੇ ਹਨ।

ماهویا *ਮਾਹੂਯਾ* : ਇਕ ਆਦਮੀ ਦਾ ਨਾਮ ਜੋ ਯਜ਼ਦਗਰਦ ਵਲੋਂ ਸੀਸਤਾਨ ਦਾ ਹਾਕਮ ਨਿਯੁਕਤ ਸੀ, ਯਜ਼ਦਗਰਦ ਜਦ ਮੁਸਲਮਾਨਾਂ ਤੋਂ ਹਾਰ ਖਾ ਕੇ ਉਸ ਦੇ ਕੋਲ ਗਿਆ ਤਾਂ ਉਸ ਨਮਕ ਹਰਾਮ ਨੇ ਉਸ ਨੂੰ ਮਰਵਾ ਦਿਤਾ।

ماهه *ਮਾਹਾ* : ਮਾਸ਼ਾ।

ماهی *ਮਾਹੀ* : ਮੱਛੀ; 'ਮਾਹ' ਨਾਲ ਸਬੰਧਤ।

ماهیان *ਮਾਹੀਯਾਨ* : ('ਮਾਹੀ' **ماهی** ਦਾ ਬੌਹਵਚਨ) ਮੱਛੀਆਂ।

ماهیِبلورین *ਮਾਹੀ-ਏ-ਬਲੌਰੀਨ* : ਮਸ਼ੂਕ ਦੀ ਉਂਗਲ।

ماهیپشت *ਮਾਹੀ-ਪੁਸ਼ਤ* : ਓਹ ਚੀਜ਼ ਜੋ ਦਰਮਿਆਨ ਵਿੱਚੋਂ ਉੱਚੀ ਹੋਵੇ ਤੇ ਆਲੇ ਦੁਆਲਿਓਂ ਨੀਵੀਂ; ਟਿੱਲਾ, ਟਿਬਾ।

ماهیخوار *ਮਾਹੀਖ਼ਾਰ* : ਇਕ ਪੰਛੀ ਜੋ ਪਾਣੀ 'ਚੋਂ ਮੱਛੀਆਂ ਫੜ ਕੇ ਖਾਂਦਾ ਹੈ।

ماهیدان *ਮਾਹੀਦਾਨ* : ਹੌਜ਼, ਚਬੱਚਾ।

ماهیِزرین *ਮਾਹੀ-ਏ-ਜ਼ੱਰੀਨ* : ਰੇਤ

ਦੀ ਮੱਛੀ।

ماهیفروش *ਮਾਹੀ-ਫ਼ਰੋਸ਼* : ਮੱਛੀਆਂ ਵੇਚਣ ਵਾਲਾ।

ماهیگیر *ਮਾਹੀਗੀਰ* : ਮੱਛੀਆਂ ਫੜਨ ਵਾਲਾ, ਮਛੇਰਾ।

ماهیمار *ਮਾਹੀ ਮਾਰ* : ਪਾਣੀ ਦਾ ਸੱਪ, ਮੱਛੀ-ਸੱਪ।

مائده *ਮਾਇਦਾ* : ਕਬਾਬਾਂ ਨਾਲ ਭਰਿਆ ਹੋਇਆ ਦਸਤਰਖ਼ਾਨ, ਖਾਣਿਆਂ ਨਾਲ ਭਰਿਆ ਦਸਤਰਖ਼ਾਨ।

مائدهخرگهی *ਮਾਇਦਾ-ਏ-ਖ਼ਰਗਹੀ* : ਅਸਮਾਨੀ ਬਰਕਤਾਂ।

مائدهسالار *ਮਾਇਦਾ-ਸਾਲਾਰ,* مائدهنه *ਮਾਇਦਾ-ਨਿਹ* : ਦਸਤਰਖ਼ਾਨ ਦਾ ਪਰਬੰਧਕ, ਚਾਸ਼ਨੀ-ਗੀਰ।

مائل *ਮਾਇਲ* : ਝੁਕਾ ਕਰਨ ਵਾਲਾ, ਕਿਸੇ ਵਲ ਰੁਚੀ ਵਿਖਾਉਣ ਵਾਲਾ, ਝੁਕਿਆ ਹੋਇਆ, ਰੁਚਿਤ, ਇਛੱਕ।

مایندر *ਮਾਯੰਦਰ* : ਮਤੇਈ ਮਾਂ।

مایوس *ਮਾਯੂਸ* : ਨਿਰਾਸ਼, ਅਸਫਲ।

مایوسی *ਮਾਯੂਸੀ* : ਨਿਰਾਸਤਾ, ਹਸਰਤ।

مایه *ਮਾਯਾ* : ਪੂੰਜੀ, ਸਰਮਾਇਆ, ਮਿਕਦਾਰ, ਅਸਲ, ਮੂਲ, ਮਦੀਨ, ਸੰਗੀਤ ਵਿਚ ਇਕ ਰਾਗ ਦਾ ਨਾਮ।

مایهدار *ਮਾਯਾ-ਦਾਰ* : ਮੋਟੀ ਚੀਜ਼, ਫ਼ੌਜ ਦਾ ਪਿਛਲਾ ਹਿੱਸਾ।

مایهدرست *ਮਾਯਾ-ਦਰੁਸਤ* : ਨੇਕ ਸੁਭਾ ਤੇ ਖ਼ੁਸ਼ ਦਿਲ ਆਦਮੀ।

مایهشب *ਮਾਯਾ ਸ਼ਬ* : ਹਨੇਰਾ, ਰਾਤ ਦਾ ਹਨੇਰਾ।

مایهگاو *ਮਾਯਾ-ਗਾਵ* : ਗਾਂ।

مایهور *ਮਾਯਾ ਵਰ* : ਅਮੀਰ, ਧਨਾਢ।

مایهوسود *ਮਾਯਾ-ਉ-ਸੂਦ* : ਅਸਲ ਮੂਲ ਤੇ ਵਿਆਜ।

مبا *ਮੁਬਾ* : (ਮਬਾਦਾ مبادا ਦਾ ਸੰਖਿਪਤ ਰੂਪ) ਨਾ ਹੋਵੇ, ਅਜੇਹਾ ਨਾ ਹੋਵੇ, ਖ਼ੁਦਾ ਨਾ ਕਰੇ ਕਿ ਅਜੇਹਾ ਹੋਵੇ।

مباح *ਮੁਬਾਹ* : ਜਾਇਜ਼, ਯੋਗ, ਹਲਾਲ, ਪਾਕ, ਜਿਸ ਦੀ ਆਗਿਆ ਦਿੱਤੀ ਗਈ ਹਵੇ, ਕਨੂੰਨ, ਠੀਕ, ਸਾਂਝੀ ਮਲਕੀਅਤ।

مباحات *ਮੁਬਾਹਾਤ* : ਯੋਗ ਤੇ ਜਾਇਜ਼ ਗੱਲਾਂ।

مباحثه *ਮੁਬਾਹਸਾ* : ਪਰਸਪਰ ਬੈਹਸ ਕਰਨਾ; ਗੋਸ਼ਟੀ, ਨਿਰੀਖਣ, ਵਿਸ਼ਲੇਸ਼ਣ।

مباد *ਮਬਾਦ,* مبادا *ਮਬਾਦਾ* : ਦੁਆ ਦਾ ਵਾਕ, ਖ਼ੁਦਾ ਕਰੇ, ਅਜੇਹਾ ਨਾ ਹੋਵੇ, ਰੱਬ ਨਾ ਕਰੇ ਕਿ ਅਜੇਹਾ ਹੋਵੇ।

مبادله *ਮੁਬਾਦਲਾ* : ਪਰਸਪਰ ਬਦਲਨਾ, ਅਦਲਾ-ਬਦਲੀ, ਬਦਲਾ, ਇਵਜ਼ਾਨਾ।

مبادی *ਮਬਾਦੀ* : ਮੁੱਢਲੀਆਂ ਗੱਲਾਂ, ਅਰੰਭਕ ਸ਼ਬਦ।

مبادیالعلوم *ਮਬਾਦੀ-ਉਲ-ਉਲੂਮ* : ਮੁੱਢਲੀਆਂ ਗੱਲਾਂ ਜਿਨ੍ਹਾਂ ਦਾ ਵਿੱਦਿਆ ਸਿੱਖਣ ਲਈ ਜਾਣਨਾ ਜ਼ਰੂਰੀ ਹੁੰਦਾ ਹੈ।

مبار *ਮਬਾਰ,* مبار *ਮੁਬਾਰ* : ਕੀਮੇਂ ਤੇ ਚਾਵਲਾਂ ਦਾ ਪਕਵਾਨ, ਗੁਲਗੁਲੇ, ਪੂੜੇ।

مبارا *ਮੁਬਾਰਾ,* مبارات *ਮੁਬਾਰਾਤ* : ਮੀਆਂ ਬੀਵੀ ਦਾ ਪਰਸਪਰ ਅੱਡ ਹੋ ਜਾਣਾ, ਪਰਸਪਰ ਝਗੜਾ।

مبارز *ਮੁਬਾਰਿਜ਼* : ਜੰਗ ਲਈ ਤਿਆਰ, ਰਣ ਤੱਤੇ ਵਿਚ ਨਿਤਰਨ ਵਾਲਾ, ਲੜਾਕਾ, ਸਿਪਾਹੀ, ਜੋਧਾ।

مبارزت *ਮੁਬਾਰਜ਼ਤ* : ਜੰਗ; ਲੜਾਈ, ਯੁਧ, ਲੜਾਈ ਲਈ ਬਾਹਰ ਨਿਕਲਣਾ।

مبارک *ਮੁਬਾਰਕ* : ਸ਼ੁਭ, ਨੇਕ ਸ਼ਗਨ ਵਾਲਾ, ਬਰਕਤ ਵਾਲਾ, ਪਵਿੱਤਰ, ਭਗਵਾਨ।

مبارکباد *ਮੁਬਾਰਕ ਬਾਦ* : ਮੁਬਾਰਕ ਹੋਵੇ, ਅਸ਼ੀਰਵਾਦ, ਖ਼ੁਦਾ ਬਰਕਤ ਦੇਵੇ।

مبارکبادی *ਮੁਬਾਰਕ ਬਾਦੀ* : ਖ਼ੁਸ਼ਖਬਰੀ, ਵਧਾਈ।

مبارکحضور ***ਮੁਬਾਰਕ ਹਜ਼ੂਰ,***

مبارکقدم ***ਮੁਬਾਰਕ-ਕਦਮ*** : ਜਿਸ ਦਾ ਆਉਣਾ ਨੇਕ ਤੇ ਸ਼ੁਭ ਹੋਵੇ।

مبارکدوا ***ਮੁਬਾਰਕ ਦਵਾ*** : ਹਕੀਮ ਹਾਜ਼ਿਕ, ਜਿਸ ਦੇ ਇਲਾਜ ਨਾਲ ਮਰੀਜ਼ ਰਾਜ਼ੀ ਹੋ ਜਾਵੇ।

مبارکفال ***ਮੁਬਾਰਕ-ਫ਼ਾਲ*** : ਜਿਸ ਤੋਂ ਨੇਕ ਸ਼ਗਨ ਪਰਗਟ ਹੋਵੇ, ਸ਼ੁਭ, ਸ਼ਗਨ।

مبارکنہاد ***ਮੁਬਾਰਕ-ਨਿਹਾਦ*** : ਸ਼ੁਭ-ਸੁਭਾ ਵਾਲਾ।

مباسطت ***ਮੁਬਾਸਤਤ*** : ਵਧਾਉਣਾ, ਫੈਲਾਉਣਾ, ਵਿਸਤਰਿਤ ਕਰਨਾ, ਕਿਸੇ ਨਾਲ ਖੁਲ੍ਹ-ਦਿਲੀ ਨਾਲ ਪੇਸ਼ ਆਉਣਾ, ਦੋਸਤੀ, ਮਿਤਰਤਾ।

مباش ***ਮਬਾਸ਼*** : ਅਜੇਹਾ ਨਾ ਹੋਵੇ, ਨਾ ਰਹੁ, ਵੇਖੀਂ ਕਿਧਰੇ; ਸ਼ਾਇਦ।

مباشر ***ਮੁਬਾਸ਼ਿਰ*** : ਨਿਗਰਾਨ, ਪਰਬੰਧਕ, ਕੋਈ ਕਾਰਜ ਕਰਨ ਵਾਲਾ, ਭੋਗ ਕਰਨ ਵਾਲਾ।

مباشرت ***ਮੁਬਾਸ਼ਰਤ*** : ਕੋਈ ਕੰਮ ਕਰਨਾ, ਕਿਸੇ ਕੰਮ ਵਿਚ ਪੈ ਜਾਣਾ, ਖ਼ੂਬ ਮਿਲਣਾ-ਜੁਲਣਾ; ਸੰਭੋਗ।

مبالغہ ***ਮੁਬਾਲਗ਼ਾ*** : ਕਿਸੇ ਕੰਮ ਵਿਚ ਸਖ਼ਤ ਕੋਸ਼ਸ਼ ਕਰਨਾ, ਜ਼ਿਆਦਤੀ ਕਰਨਾ, ਹੱਦ ਤੋਂ ਵਧ ਜਾਣਾ, ਬਾਤ ਦਾ ਬਤੰਗੜ ਬਣਾਉਣਾ, ਅਤਿਕਥਨੀ, ਵਧਾ ਚੜ੍ਹਾ ਕੇ ਗੱਲ ਕਰਨਾ।

مباہات ***ਮੁਬਾਹਾਤ*** : ਸ਼ੇਖੀ ਮਾਰਨਾ, ਘਮੰਡ ਕਰਨਾ, ਨਾਜ਼ ਕਰਨਾ, ਫੜ੍ਹ, ਸ਼ੇਖੀ।

مبتدا ***ਮੁਬਤਦਾ*** : ਆਦਿ, ਅਰੰਭ, ਵਾਕ ਦਾ ਅਰੰਭਕ ਭਾਗ।

مبتدی ***ਮੁਬਤਦੀ*** : ਸ਼ੁਰੂ ਕਰਨ ਵਾਲਾ, ਨਵਾਂ ਸਿਖਾਂਦਰੂ।

مبتلا ***ਮੁਬਤਲਾ*** : ਅਜ਼ਮਾਇਆ ਗਿਆ, ਫਸਿਆ ਹੋਇਆ, ਉਲਝਿਆ ਹੋਇਆ।

مبدا ***ਮਬਦਾ*** : ਸ਼ੁਰੂ, ਆਦਿ ਅਰੰਭ, ਸੋਮਾ, ਨਿਕਲਣ ਦੀ ਥਾਂ, ਸਰੋਤ।

مبدل ***ਮੁਬਦਲ/ਮੁੱਬਦਲ*** : ਬਦਲਿਆ ਹੋਇਆ, ਬਦਲੇ ਵਿਚ ਲਿਆ ਹੋਇਆ, ਕਾਇਆ ਕਲਪਤ।

مبدی ***ਮੁਬਦੀ*** : ਸ਼ੁਰੂ ਕਰਨ ਵਾਲਾ, ਸਿਖਾਂਦਰੂ, ਕਾਢ ਕੱਢਣ ਵਾਲਾ, ਆਦਿ ਕਰਨ ਵਾਲਾ, ਰੱਬ ਦਾ ਇਕ ਗੁਣਵਾਚੀ ਨਾਮ।

مبرا ***ਮੁਬੱਰਾ*** : ਬਰੀ, ਮੁਕਤ, ਪਾਕ, ਸ਼ੁੱਧ ਕੀਤਾ ਗਿਆ, ਬੇਗੁਨਾਹ।

مبرد ***ਮਿਬਰਦ*** : ਰੇਤੀ।

مبرز ***ਮਬਰਜ਼*** : ਪਖ਼ਾਨਾ, ਟੱਟੀ, ਪਖ਼ਾਨਾ ਨਿਕਲਣ ਦੀ ਥਾਂ, ਦੁਬਰ।

مبرز ***ਮੁਬਰਿਜ਼*** : ਵਡਾ, ਬਜ਼ੁਰਗ, ਰੋਸ਼ਨ।

مبسوط ***ਮਬਸੂਤ*** : ਫੈਲਿਆ ਹੋਇਆ, ਖੁਲ੍ਹਾ, ਵਿਸ਼ਾਲ, ਪਰਸੰਨ।

مبسوطہ ***ਮਬਸੂਤਾ*** : ਫੈਲੀ ਹੋਈ ਚੀਜ਼, ਖੁਲ੍ਹੀ ਥਾਂ।

مبشر ***ਮੁਬੱਸ਼ਰ*** : ਜਿਸ ਨੂੰ ਖ਼ੁਸ਼ ਖ਼ਬਰੀ ਮਿਲੀ ਹੋਵੇ।

مبشر ***ਮੁਬੱਸ਼ਿਰ*** : ਖ਼ੁਸ਼ਖ਼ਬਰੀ ਦੇਣ ਜਾਂ ਲਿਆਉਣ ਵਾਲਾ।

مبشربنام ***ਮੁਬੱਸ਼ਿਰ-ਬ-ਨਾਮ*** : ਹਜ਼ਰਤ ਈਸਾ ਜਿਸ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਆਉਣ ਦੀ ਖ਼ੁਸ਼ਖ਼ਬਰੀ ਨਾਮ (ਅਹਮਦ) ਲੈ ਕੇ ਦਿਤੀ ਸੀ।

مبصّر ***ਮੁਬੱਸਿਰ*** : ਵੇਖਣ ਵਾਲਾ ਸੁਜਾਖਾ, ਪਛਾਣਨ ਵਾਲਾ, ਪਾਰਖੂ, ਸੂਝਵਾਨ।

مبلغ ***ਮੁਬੱਲਿਗ*** : ਪੌਹਚਾਉਣ ਵਾਲਾ, ਤਬਲੀਗ਼ ਕਰਨ ਵਾਲਾ, ਪਰਚਾਰਕ।

مبلغ ***ਮਬਲਗ*** : ਅੰਤ, ਹੱਦ, ਓਹ ਥਾਂ ਜਿਥੋਂ ਤਕ ਕਿਸੇ ਦੀ ਰਸਾਈ ਜਾਂ ਪੌਹਚ ਨਾ ਹਵੇ; ਮਿਕਦਾਰ, ਮਾਤਰਾ, ਥੋੜਾ ਬੋਹਤ, ਪੁਖ਼ਤਾ, ਨਕਦੀ ਲਈ ਆਉਂਦਾ ਸ਼ਬਦ ਜਿਵੇਂ ਮਬਲਗ਼ ਦਸ ਰੁਪਈਏ ਨਕਦੀ।

مبنیٰ ***ਮਬਨਾ,*** **مبنی** ***ਮਬਨੀ*** : ਬੁਨਿਆਦ ਦੀ ਥਾਂ, ਬੁਨਿਆਦ, ਇਮਾਰਤ, ਬਣਾਇਆ ਗਿਆ, ਬੁਨਿਆਦ ਰੱਖੀ ਹੋਈ, ਜਿਸ ਉੱਤੇ ਕਿਸੇ ਚੀਜ਼ ਦੀ ਬੁਨਿਆਦ ਹੋਵੇ, ਬੁਨਿਆਦ ਰੱਖਣ ਵਾਲਾ, ਬਾਨੀ।

مُبهم ***ਮੁਬਹਮ*** : ਛੁਪੀ ਹੋਈ ਗੱਲ, ਮੁਹਮਲ ਬਾਤ, ਜੇਹੜੀ ਸਾਫ਼ ਸਪਸ਼ਟ ਨਾ ਹੋਵੇ, ਗੋਲ ਮੋਲ ਗੱਲ, ਲੁਪਤ; ਸ਼ੱਕ ਵਾਲੀ, ਮਸ਼ਕੂਕ।

مبھوت ***ਮਬਹੂਤ*** : ਹੈਰਾਨ, ਪਰੇਸ਼ਾਨ, ਚਰਿਤ, ਹੱਕਾ-ਬੱਕਾ।

مبین ***ਮੁਬੀਨ*** : ਪਰਗਟ, ਪਰਤੱਖ; ਰੋਸ਼ਨ, ਪਰਗਟ ਹੋਣ ਵਾਲਾ।

مبیّن ***ਮੁਬੱਯਨ*** : ਬਿਆਨ ਕਰਨ ਵਾਲਾ।

متابع ***ਮੁਤਾਬਿਅ*** : ਪੈਰਵੀ ਕਰਨ ਵਾਲਾ, ਪੈਰੋਕਾਰ, ਆਗਿਆਕਾਰ, ਅਨੁਯਾਈ।

متابعت ***ਮੁਤਾਬਅਤ*** : ਪੈਰਵੀ; ਅਧੀਨਗੀ, ਤਾਬੇਦਾਰੀ।

متاثر ***ਮੁਤਅੱਸਿਰ*** : ਅਸਰ ਕਬੂਲ ਕਰਨ ਵਾਲਾ।

متاجرت ***ਮੁਤਾਜਰਤ*** : ਪਰਸਪਰ ਤਿਜਾਰਤ ਕਰਨਾ, ਆਪਸ ਵਿਚ ਵਪਾਰ ਕਰਨਾ।

متاخر ***ਮੁਤਅੱਖ਼ਿਰ*** : ਪਿੱਛੋਂ ਆਉਣ ਵਾਲਾ, ਪਿਛਲਾ, ਜੋ ਪਿਛੇ ਰੈਹ ਗਿਆ ਹੋਵੇ, ਅਖ਼ੀਰਲਾ, ਅੱਜ-ਕਲ੍ਹ ਦਾ।

متاخرین ***ਮੁਤੱਅਖ਼ਿਰੀਨ*** : (ਉਪਰੋਕਤ ਦਾ ਬੌਹਵਚਨ) ਪਿੱਛੋਂ ਆਉਣ ਵਾਲੇ, ਪਿਛਲੇਰੇ ਲੋਕ, ਅੱਜ-ਕਲ੍ਹ ਦੇ ਵਰਤਮਾਨ ਲੋਕ।

متارہ ***ਮਤਾਰਾ, ਮੁਤਾਰਾ*** : ਚਮੜੇ ਦਾ ਬਣਿਆ ਹੋਇਆ ਲੋਟਾ।

متاسف ***ਮੁੱਤਅੱਸਿਫ਼*** : ਅਫ਼ਸੋਸ ਜਾਂ ਪਛਤਾਵਾਂ ਕਰਨ ਵਾਲਾ।

متاع ***ਮਤਾਅ*** : ਸਰਮਾਇਆ, ਪੂੰਜੀ, ਰਾਸ, ਸੁਦਾਗਰੀ ਦਾ ਅਸਬਾਬ, ਅਸਲ ਰਕਮ, ਘਰ ਦਾ ਸਮਾਨ।

متاعغرور ***ਮਤਾਅ ਗ਼ਰੂਰ*** : ਧੋਖੇ ਦੀ ਪੂੰਜੀ, ਧੋਖੇ ਦੀ ਟੱਟੀ; ਸੰਸਾਰ, ਮਾਹਵਾਰੀ ਦੀ ਲੀਰ।

متاعکسمخر ***ਮਤਾਅ-ਏ-ਕਸ-ਮਖ਼ਰ*** : ਫ਼ਜ਼ੂਲ ਜਾਂ ਘਟੀਆ ਚੀਜ਼ ਜਿਸ ਦਾ ਕੋਈ ਖ਼ਰੀਦਾਰ ਨਾ ਹੋਵੇ।

متاعکمارز ***ਮਤਾਅ-ਏ-ਕਮ-ਅਰਜ਼*** : ਘੱਟ ਕੀਮਤ ਵਾਲੀ ਚੀਜ਼, ਤੁੱਛ ਵਸਤੂ।

متالف ***ਮੁੱਤਅੱਲਫ਼*** : ਸੰਕਲਿਤ ਕੀਤਾ ਗਿਆ, ਤਰਤੀਬ ਦਿੱਤਾ ਗਿਆ, ਮਿਲਾਇਆ ਗਿਆ, ਜੋੜਿਆ ਗਿਆ।

متامل ***ਮੁਤਅੱਮਿਲ*** : ਸੋਚ ਵਿਚਾਰ ਕਰਨ ਵਾਲਾ, ਗੰਭੀਰ।

متانت ***ਮਤਾਨਤ*** : ਪਕਿਆਈ, ਦ੍ਰਿੜਤਾ, ਗੰਭੀਰਤਾ; ਭਾਰੀਪਣ, ਸ਼ਕਤੀ।

متاهل ***ਮੁੱਤਅੱਹਿਲ*** : ਵਿਆਹਿਆ ਹੋਇਆ, ਬਾਲ ਬੱਚੇਦਾਰ, ਟੱਬਰਦਾਰ।

متبادله ***ਮੁਤਬਾਦਿਲਾ*** : ਜਿਸ ਨਾਲ ਬਦਲਿਆ ਜਾਏ।

متبادی ***ਮੁਤਬਾਦੀ*** : ਅਨਾੜੀ, ਗੰਵਾਰ।

متبارز ***ਮੁਤਬਾਰਿਜ਼*** : ਜੰਗ ਵਿਚ ਨਿਤਰਨ ਵਾਲਾ ਜੋਧਾ।

متبارک ***ਮੁਤਬਾਰਿਕ***, متبّرک ***ਮੁਤਬੱਰਕ*** : ਬਰਕਤ ਵਾਲਾ, ਮੁਬਾਰਕ, ਪਵਿੱਤਰ; ਪਾਕ, ਸ਼ੁਭ।

متبسّم ***ਮੁਤਬੱਸਿਮ*** : ਮੁਸਕਰਾਉਣ ਵਾਲਾ, ਹੱਸਣ ਵਾਲਾ, ਖਿੜਿਆ ਹੋਇਆ।

متبنّیٰ ***ਮੁਤਬੰਨਾ*** : ਗੋਦ ਲਿਆ ਬਾਲਕ, ਲੈ ਪਾਲਕ, ਇਬਨ (ਪੁੱਤਰ) ਬਣਾਇਆ ਹੋਇਆ।

متجاوز ***ਮੁਤਜਾਵਿਜ਼*** : ਆਪਣੀ ਹੱਦੋਂ ਪਰ੍ਹਾਂ ਚਲਾ ਜਾਣ ਵਾਲਾ, ਵਧੀਕੀ ਕਰਨ ਵਾਲਾ।

متجسّس ***ਮੁਤਜੱਸਿਸ*** : ਢੂੰਡਣ ਵਾਲਾ, ਖੋਜੀ, ਸੂਹੀਆ।

متجلّی ***ਮੁਤਜੱਲੀ*** : ਪਰਗਟ, ਰੋਸ਼ਨ, ਸਾਫ਼, ਪਰਤੱਖ, ਚਮਕਦਾਰ।

متّحد ***ਮੁੱਤਹਿਦ*** : ਜੁੜਿਆ ਹੋਇਆ ਏਕਤਾ ਵਾਲਾ, ਮਿਲਿਆ ਹੋਇਆ, ਇਕੱਠਾ।

متحرّک ***ਮੁਤਹੱਰਿਕ*** : ਹਰਕਤ ਕਰਨ ਵਾਲਾ, ਹਿੱਲਣ ਜੁੱਲਣ ਵਾਲਾ।

متحلی ***ਮੁਤਹੱਲੀ***, متحلیٰ ***ਮੁਤਹੱਲਾ*** : ਗੈਹਣੇ ਪਾਉਣ ਵਾਲਾ, ਗੈਹਣੇ ਪਾਈ, ਸੁਸੱਜਿਤ; ਗੈਹਣਿਆਂ ਨਾਲ ਸਜਾਇਆ ਹੋਇਆ।

متحمّل ***ਮੁਤਹੱਮਿਲ*** : ਬਰਦਾਸ਼ਤ ਕਰਨ ਵਾਲਾ, ਸ਼ੈਹਣਸ਼ੀਲ, ਭਾਰ ਚੁੱਕਣ ਯੋਗ।

متحیر ***ਮੁਤਹੱਯਿਰ*** : ਹੈਰਾਨ, ਹੱਕਾ ਬੱਕਾ, ਚਕਿਤ, ਡੌਰ ਭੌਰ।

متخلص ***ਮੁਤਖ਼ੱਲਿਸ*** : ਜਿਸ ਦਾ ਤਖ਼ਲੁਸ (ਉਪਨਾਮ) ਰੱਖਿਆ ਗਿਆ ਹੋਵੇ, ਤਖਲੁੱਸ ਰੱਖਣ ਵਾਲਾ।

متدارکہ ***ਮੁਤਦਾਰਿਕਾ***, **متدارک** ***ਮੁਤਦਾਰਿਕ*** : ਗਵਾਚੀ ਹੋਈ ਚੀਜ਼ ਨੂੰ ਲਭ ਲੈਣ ਵਾਲਾ।

متداول ***ਮੁਤਦਾਵਿਲ***, **متداولہ** ***ਮੁਤਦਾਵਿਲਾ*** : ਹੱਥੋਂ ਹੱਥ ਫਿਰਨ ਵਾਲੀ ਸ਼ੈ, ਹੱਥੋਂ ਹੱਥ ਫਿਰੀ ਹੋਈ ਚੀਜ਼, ਪਰਚਲਤ ਹੋ ਚੁਕੀ ਸ਼ੈ ਜਿਸ ਦਾ ਆਮ ਰਿਵਾਜ ਹੋ ਜਾਵੇ।

متذکر/متذکرہ ***ਮੁਤਜ਼ੱਕਿਰ/ ਮੁਤਜ਼ੱਕਿਰਾ*** : ਜਿਸ ਦਾ ਜ਼ਿਕਰ ਕ਼ੀਤਾ ਗਿਆ ਹੋਵੇ।

متذکرہ بالا ***ਮੁਤਜ਼ੱਕਿਰਾ ਬਾਲਾ*** : ਜਿਸ ਦਾ ਜ਼ਿਕਰ ਉਪਰ ਕੀਤਾ ਗਿਆ ਹੋਵੇ, ਉਪਰੋਕਤ।

مترادف ***ਮੁਤਰਾਦਿਫ਼*** : ਇਕ ਦੂਜੇ ਦੇ ਪਿੱਛੇ ਸਵਾਰ ਹੋਣ ਵਾਲਾ; ਓਹ ਦੋ ਤਿੰਨ ਸ਼ਬਦ ਜਿਨ੍ਹਾਂ ਦਾ ਅਰਥ ਇਕੋ ਹੋਵੇ, ਮੁਤਰਾਦਿਫ਼ ਅਖਵਾਉਂਦੇ ਹਨ, ਸਮਾਨਾਂਰਥਕ।

مترتب ***ਮੁਤਰੱਤਿਬ*** : ਤਰਤੀਬ ਦੇਣ ਵਾਲਾ।

مترتب ***ਮੁਤਰੱਤਬ*** : ਤਰਤੀਬ ਦਿੱਤਾ ਗਿਆ, ਸ਼ਰੇਣੀਬੱਧ ਕੀਤਾ ਗਿਆ।

مترجم ***ਮੁਤਰੱਜਮ*** : ਤਰਜਮਾ ਕੀਤਾ ਗਿਆ, ਅਨੁਵਾਦਤ।

مترجم ***ਮੁਤਰੱਜਿਮ*** : ਤਰਜਮਾ ਕਰਨ ਵਾਲਾ, ਅਨੁਵਾਦਕ।

مترسل ***ਮੁਤਰੱਸਿਲ*** : ਖ਼ਤ ਭੇਜਣ ਵਾਲਾ।

مترنم ***ਮੁਤਰੱਨਿਮ*** : ਗਵੱਈਆ; ਰਾਗੀ।

متروک ***ਮਤਰੂਕ*** : ਤਰਕ ਕੀਤਾ ਗਿਆ, ਛੱਡਿਆ ਹੋਇਆ, ਜਿਸ ਦਾ ਰਿਵਾਜ ਜਾਂਦਾ ਰਿਹਾ ਹੋਵੇ।

متروکات ***ਮਤਰੂਕਾਤ*** : (ਉਪਰੋਕਤ ਦਾ ਬੌਹਵਚਨ) ਛੱਡੀਆਂ ਹੋਈਆਂ ਚੀਜ਼ਾਂ।

متزلزل ***ਮੁਤਜ਼ਲਜ਼ਲ*** : ਹਿੱਲਿਆ ਹੋਇਆ, ਭੁਚਾਲ ਨਾਲ ਹਿੱਲਿਆ ਹੋਇਆ।

متزلزل ***ਮੁਤਜ਼ੱਲਜ਼ਿਲ*** : ਹਿੱਲਣ ਵਾਲਾ, ਕੰਬਣ ਵਾਲਾ, ਡਗਮਗਾਉਣ ਵਾਲਾ।

متساوی ***ਮੁਤਸਾਵੀ*** : ਪਰਸਪਰ, ਇਕੋ ਜੇਹਾ ਹੋਣ ਵਾਲਾ, ਬਰਾਬਰ।

متسلّط ***ਮੁਤਸੱਲਿਤ*** : ਗ਼ਲਬਾ ਪਾਉਣ ਵਾਲਾ, ਆਕਰਮਣਕਾਰੀ।

متشابِہ ***ਮੁਤਸ਼ਾਬਿਹ*** : ਇਕੋ ਜੇਹੀ ਸ਼ਕਲ ਵਾਲੇ, ਹਮ-ਸ਼ਕਲ।

متشابَہ ***ਮੁਤਸ਼ਾਬਾ*** : ਇਕੋ ਜੇਹਾ ਕੀਤਾ ਹੋਇਆ, ਹਮਸ਼ਕਲ ਬਣਾਇਆ ਹੋਇਆ।

متصدّی ***ਮੁਤਸੱਦੀ*** : ਪੇਸ਼ ਆਉਣ ਵਾਲਾ, ਦਫ਼ਤਰ ਵਿਚ ਕੰਮ ਕਰਨ ਵਾਲਾ, ਮੁਨਸ਼ੀ, ਕਲਰਕ, ਐਹਲਕਾਰ, ਸਰਕਾਰੀ ਕਰਮਚਾਰੀ।

متصرِّف ***ਮੁਤਸੱਰਿਫ਼*** : ਜ਼ਿਆਦਤੀ ਕਰਨ ਵਾਲਾ, ਕਬਜ਼ਾ ਕਰਨ ਵਾਲਾ, ਉੱਚ ਅਧਕਾਰੀ।

متصل ***ਮੁੱਤਸਿਲ*** : ਨਾਲ ਲਗਦਾ, ਮਿਲਿਆ ਹੋਇਆ, ਨੇੜੇ, ਨਜ਼ਦੀਕ ਦਾ।

متصور ***ਮੁਤਸਵੱਰ*** : ਸੰਕਲਪ ਕੀਤਾ ਗਿਆ, ਕਲਪਿਤ, ਸੋਚਿਆ ਹੋਇਆ।

متصور ***ਮੁਤਸੱਵਿਰ*** : ਕਲਪਨਾ ਵਿਚ ਲਿਆਉਣ ਵਾਲਾ, ਸੋਚਣ ਵਾਲਾ।

متضاد ***ਮੁਤਜ਼ਾਦ*** : ਇਕ ਦੂਜੇ ਦੇ ਉਲਟ; ਪਰਸਪਰ ਵਿਰੋਧਮਈ, ਵਿਪਰੀਤ।

متضرر ***ਮੁਤਜ਼ੱਰਿਰ*** : ਨੁਕਸਾਨ ਪੌਹਚਾਉਣ ਵਾਲਾ, ਹਾਨੀਕਾਰਕ।

متضمن ***ਮੁਤਜ਼ੱਮਿਨ*** : ਮਿਲਿਆ ਹੋਇਆ, ਨਾਲ ਨੱਥੀ, ਕਬੂਲ ਕਰਨ ਵਾਲਾ।

متعارف ***ਮੁਤਆਰਿਫ਼*** : ਜਾਣਿਆ ਪਛਾਣਿਆ, ਪਰਸਿੱਧ, ਮਸ਼ਹੂਰ, ਰਿਵਾਜ ਅਨੁਸਾਰ, ਪਰਚਲਤ।

متعاقب ***ਮੁਤਆਕਿਬ*** : ਪਿੱਛੇ ਆਉਣ ਵਾਲਾ, ਪਿਛਾ ਕਰਨ ਵਾਲਾ।

متعالی ***ਮੁਤਆਲੀ*** : ਉੱਚਾ, ਉੱਚਾ ਹੋਣ ਵਾਲਾ, ਉੱਚੀ ਸ਼ਾਨ ਵਾਲਾ, ਖ਼ੁਦਾ ਦਾ ਨਾਮ।

متعدد ***ਮੁਤਅੱਦਿਦ*** : ਗਿਣਨ ਵਾਲੇ, ਕਈ,

ਬੌਹਤ ਸਾਰੇ, ਦਸ ਹਜ਼ਾਰ ਤੋਂ ਉਪਰ, ਗਿਣੇ ਹੋਏ, ਗਿਣੇ ਮਿਣੇ, ਗਿਣੇ ਚੁਣੇ, ਗਿਣਤੀ ਦੇ, ਵੱਖ ਵੱਖ।

متعدّی ***ਮੁਤਅੱਦੀ*** : ਹੱਦ ਤੋਂ ਵਧਣ ਵਾਲਾ, ਵਧੀਕੀ ਕਰਨ ਵਾਲਾ, ਜਾਬਰ।

متعرض ***ਮੁਤਅੱਰਿਜ਼*** : ਸਾਮ੍ਹਣੇ ਆਉਣ ਵਾਲਾ, ਪੇਸ਼ ਆਉਣ ਵਾਲਾ, ਰੋਕਣ ਵਾਲਾ।

متعصّب ***ਮੁਤਅੱਸਿਬ*** : ਤਅੱਸੁਬ ਕਰਨ ਵਾਲਾ, ਫ਼ਿਰਕਾਪਰਸਤ, ਕੱਟੜ-ਪੰਥੀ, ਧੜੇਬਾਜ਼।

متعلّق ***ਮੁਤਅੱਲਿਕ*** : ਤਅਲੁੱਕ ਰੱਖਣ ਵਾਲਾ, ਸਬੰਧ ਰੱਖਣ ਵਾਲਾ, ਸਬੰਧਤ, ਰਿਸ਼ਤੇਦਾਰ।

متعلّقین ***ਮੁਤਅੱਲਕੀਨ*** : (ਉਪਰੋਕਤ ਦਾ ਬੌਹਵਚਨ) ਸਬੰਧ ਰੱਖਣ ਵਾਲੇ, ਰਿਸ਼ਤੇਦਾਰ, ਸਾਕ ਸਬੰਧੀ।

متعلّم ***ਮੁਤਅੱਲਿਮ*** : ਤਾਲੀਮ ਲੈਣ ਵਾਲਾ, ਇਲਮ ਸਿੱਖਣ ਵਾਲਾ, ਵਿਦਿਆਰਥੀ, ਸ਼ਗਿਰਦ।

متعهّد ***ਮੁਤਅੱਹਿਦ*** : ਕਸਮ ਖਾਣ ਵਾਲਾ, ਨਿਸ਼ਚਾ ਕਰਨ ਵਾਲਾ, ਕੰਮ ਵਿਚ ਰੁਝਿਆ ਹੋਇਆ, ਜ਼ੁੰਮੇਵਾਰ, ਬੀਮਾਰ ਦੀ ਟੈਹਲ ਕਰਨ ਵਾਲਾ।

متعيّن ***ਮੁਤਅਈਯਿਨ*** : ਮੁਕੱਰਰ ਕੀਤਾ ਹੋਇਆ, ਨਿਯੁਕਤ ਕੀਤਾ ਹੋਇਆ, ਨਿਸ਼ਚਤ ਕੀਤਾ ਗਿਆ, ਪੱਕਾ, ਨਿਸ਼ਚਤ।

متغيّر ***ਮੁਤਗ਼ਈਯਿਰ*** : ਬਦਲਿਆ ਹੋਇਆ, ਸੋਧਿਆ ਹੋਇਆ, ਜਿਸ ਵਿਚ ਅਦਲਾ ਬਦਲੀ ਕੀਤੀ ਗਈ ਹੋਵੇ।

متقدّم ***ਮੁਤਕੱਦਿਮ*** : ਅਗਾਂਹ ਵਧਣ ਵਾਲਾ, ਅਗਲਾ, ਪੈਹਲਾ, ਪੈਹਲੇ ਸਮੇਂ ਦਾ, ਮੁੱਖੀ, ਸਰਵੋਤਮ।

متقدّمين ***ਮੁਤਕੱਦਿਮੀਨ*** : (ਉਪਰੋਕਤ ਦਾ ਬੌਹਵਚਨ) ਪੈਹਲੇ ਲੋਕ, ਪੁਰਾਣੇ ਲੋਕ।

متقّی ***ਮੁੱਤਕੀ*** : ਪਰਹੇਜ਼ਗਾਰ, ਨੇਕ, ਰੱਬ ਤੋਂ ਡਰਨ ਵਾਲਾ, ਬਗ਼ਦਾਦ ਦੇ ਖ਼ਲੀਫ਼ਿਆਂ ਵਿਚੋਂ ਇਕ ਦਾ ਨਾਮ ਜੋ ਬੜਾ ਵਿਦਵਾਨ ਤੇ ਨੇਕ ਸੀ ਜੋ ੩੨੯ ਤੋਂ ੩੩੩ ਹਿਜਰੀ ਤਕ ਖ਼ਲੀਫ਼ਾ ਰਿਹਾ।

متّکی ***ਮੁੱਤਕੀ*** : ਤਕੀਆ ਕਰਨ ਵਾਲਾ, ਭਰੋਸਾ ਕਰਨ ਵਾਲਾ।

متلاشی ***ਮੁਤਲਾਸ਼ੀ*** : ਖ਼ਰਾਬ, ਪਰੇਸ਼ਾਨ, ਏਹ ਸ਼ਬਦ 'ਸ਼ੈ' 'ਚੋਂ ਨਿਕਲਿਆ ਹੈ, ਕਈ ਇਸ ਨੂੰ ਤਲਾਸ਼ 'ਚੋਂ ਨਿਕਲਿਆ ਦਸ ਕੇ ਇਸ ਦੇ ਅਰਥ ਤਲਾਸ਼ ਕਰਨ ਵਾਲਾ ਜਾਂ ਢੂੰਡਣ ਵਾਲਾ ਕਰਦੇ ਹਨ, ਪਰ ਏਹ ਗ਼ਲਤ ਹੈ, ਤਲਾਸ਼ ਤੁਰਕੀ ਸ਼ਬਦ ਹੈ ਤੇ ਉਸ ਦਾ ਕਰਤਾਵਾਚੀ ਤਲਾਸ਼ੀ ਬਣੇਗਾ, ਫ਼ਾਰਸੀ ਵਿਚ ਇਸ ਦੇ ਅਰਥ 'ਢੂੰਡਣ ਵਾਲਾ' ਕੀਤੇ ਜਾਂਦੇ ਹਨ।

متلاطم ***ਮੁਤਲਾਤਿਮ*** : ਲੈਹਰਾਂ ਮਾਰਨ ਵਾਲਾ, ਥਪੜ ਮਾਰਨ ਵਾਲਾ, ਜੋਸ਼ ਮਾਰਨ ਵਾਲਾ, ਠਾਠਾਂ ਮਾਰਨ ਵਾਲਾ, ਤੂਫ਼ਾਨੀ।

متلوّن ***ਮੁਤਲੱਵਿਨ*** : ਰੰਗ ਬਰੰਗ ਹੋਣ ਵਾਲਾ, ਰੰਗ ਬਦਲਣ ਵਾਲਾ, ਰੰਗੀਲਾ, ਓਹ ਆਦਮੀ ਜੋ ਸਥਿਰ ਨਾ ਰਹੇ ਤੇ ਅਕਸਰ ਬਦਲਦਾ ਰਹੇ, ਜਿਸ ਦੇ ਸੁਭਾ ਵਿਚ ਦ੍ਰਿੜਤਾ ਜਾਂ ਪਕਿਆਈ ਨਾ ਹੋਵੇ।

متلون‌مزاج ***ਮੁਤਲੱਵਿਨ ਮਿਜ਼ਾਜ*** : ਜਿਸ ਦਾ ਸੁਭਾ ਹਰ ਸਮੇਂ ਬਦਲਦਾ ਰਹੇ।

متماثل ***ਮੁਤਮਾਸਿਲ*** : ਇਕ ਦੂਜੇ ਦੀ ਮਿਸਲ ਹੋਣ ਵਾਲਾ, ਇਕੋ ਜੇਹਾ, ਸਮਾਨ ਰੂਪ।

متمرّد ***ਮੁਤਮੱਰਿਦ*** : ਆਕੀ, ਸਰਕਸ਼, ਬਾਗ਼ੀ।

متمکّن ***ਮੁਤਮੱਕਿਨ*** : ਥਾਂ ਸਿਰ ਟਿਕਣ ਵਾਲਾ, ਬਰਕਰਾਰ, ਸ਼ਕਤੀਸ਼ਾਲੀ, ਇਕ ਥਾਂ ਰੈਹਣ ਵਾਲਾ, ਵਾਸੀ।

متمکّنان ***ਮੁਤਮੱਕਿਨਾਨ*** : (ਉਪਰੋਕਤ ਦਾ ਬੌਹਵਚਨ) ਵਸਨੀਕ।

متمنّی ***ਮੁਤਮੰਨੀ*** : ਤਮੰਨਾ ਕਰਨ ਵਾਲਾ, ਖ਼ਾਹਸ਼ ਕਰਨ ਵਾਲਾ, ਇੱਛਕ, ਖ਼ਾਹਸ਼ਮੰਦ।

متمنّٰی ***ਮੁਤਮੰਨਾ*** : ਇੱਛਾ ਕੀਤਾ ਹੋਇਆ, ਜਿਸ ਦੀ ਇੱਛਾ ਕੀਤੀ ਗਈ ਹੋਵੇ।

متموّل ***ਮੁਤਮੱਵਿਲ*** : ਮਾਲ ਦੌਲਤ ਵਾਲਾ, ਧਨਾਢ, ਮਾਲਦਾਰ, ਅਮੀਰ, ਦੌਲਤਮੰਦ।

متنازع ***ਮੁਤਨਾਜ਼ਅ*** : ਝਗੜਾ ਕੀਤਾ ਗਿਆ, ਓਹ ਚੀਜ਼ ਜਿਸ 'ਤੇ ਝਗੜਾ ਹੋਵੇ।

متناسب ***ਮੁਤਨਾਸਿਬ*** : ਸਬੰਧ ਤੇ ਸਮਾਨਤਾ ਰੱਖਣ ਵਾਲਾ, ਇਕ ਸਮਾਨ, ਇਕੋ ਜੇਹਾ।

متناقص ***ਮੁਤਨਾਕ਼ਿਸ*** : ਨੁਕਸ ਵਾਲਾ, ਅਸੰਪੂਰਨ।

متناهی ***ਮੁਤਨਾਹੀ*** : ਹੱਦ ਨੂੰ ਪੌਹਚਣ ਵਾਲਾ।

متنعّم ***ਮੁਤਨੱਇਮ*** : ਨਾਜ਼ ਨਿਆਮਤ ਵਿਚ ਜੀਵਨ ਬਤੀਤ ਕਰਨ ਵਾਲਾ, ਸੁਖ ਅਰਾਮ ਦੀ ਜ਼ਿੰਦਗੀ ਬਤੀਤ ਕਰਨ ਵਾਲਾ।

متنوّر ***ਮੁਤਨੱਵਿਰ*** : ਰੋਸ਼ਨ-ਖ਼ਿਆਲ, ਰੋਸ਼ਨੀ ਵੇਖਣ ਵਾਲਾ।

متواتر ***ਮੁਤਵਾਤਿਰ*** : ਲਗਾਤਾਰ, ਅੱਗੇ ਪਿੱਛੇ ਆਉਣ ਵਾਲਾ, ਨਿਰੰਤਰ।

متوافر ***ਮੁਤਵਾਫ਼ਿਰ*** : ਬੌਹਤ ਅਧਿਕ, ਜ਼ਿਆਦਾ, ਜ਼ਿਆਦਾ ਹੋਣ ਵਾਲਾ, ਜ਼ਿਆਦਤੀ ਇਖ਼ਤਿਆਰ ਕਰਨ ਵਾਲਾ।

متوجّه ***ਮੁਤਵੱਜਿਹ*** : ਧਿਆਨ ਦੇਣ ਵਾਲਾ; ਗੌਹ ਕਰਨ ਵਾਲਾ, ਸਾਵਧਾਨ।

متوسّط ***ਮੁਤਵੱਸਿਤ਼*** : ਦਰਮਿਆਨਾ, ਵਿਚਲਾ, ਰਿਵਾਜੀ, ਰਸਮੀ, ਸਧਾਰਨ, ਮਾਮੂਲੀ।

متوفّی ***ਮੁਤਵੱਫ਼ੀ*** : ਫ਼ੌਤ ਹੋ ਚੁੱਕਾ, ਰਬ ਨੂੰ ਪਿਆਰਾ ਹੋ ਗਿਆ ਹੋਇਆ, ਮਰ ਚੁੱਕਾ ਹੋਇਆ, ਸੁਰਗਵਾਸੀ।

متوقّع ***ਮੁਤਵਕ਼ਿਅ*** : ਆਸ ਕਰਨ ਵਾਲਾ; ਉਮੀਦਵਾਰ, ਆਸਵੰਦ।

متوكّل ***ਮੁਤਵੱਕਿਲ*** : ਰੱਬ 'ਤੇ ਭਰੋਸਾ ਕਰਨ ਵਾਲਾ, ਭਾਣਾ ਮੰਨਣ ਵਾਲਾ, ਸੰਤੋਖੀ।

متولّد ***ਮੁਤਵੱਲਿਦ*** : ਪੈਦਾ ਹੋਣ ਵਾਲਾ, ਜਨਮ ਲੈਣ ਵਾਲਾ।

متولّی ***ਮੁਤਵੱਲੀ*** : ਕੰਮ ਤੇ ਰੈਹਣ ਵਾਲਾ; ਦੋਸਤੀ ਰੱਖਣ ਵਾਲਾ, ਕਿਸੇ ਮਸਜਦ ਜਾਂ ਮਕਬਰੇ ਦਾ ਪਰਬੰਧਕ, ਨਿਗਰਾਨ, ਸਰਪਰਸਤ।

متہ ***ਮਤਾ*** : ਤਰਖਾਣ ਦਾ ਵਰਮਾ, ਲੱਕੜ ਵਿਚ ਮੋਰੀ ਕਰਨ ਵਾਲਾ ਸੰਦ।

متّہم ***ਮੁੱਤਹਿਮ*** : ਓਹ ਆਦਮੀ ਜਿਸ 'ਤੇ ਤੋਹਮਤ ਲਾਈ ਗਈ ਹੋਵੇ, ਜਿਸ 'ਤੇ ਸ਼ੱਕ ਕੀਤਾ ਜਾਵੇ।

متیٰ ***ਮਤਾ*** : ਹਜ਼ਰਤ ਯੂਨੁਸ ਦੇ ਪਿਤਾ ਦਾ ਨਾਮ, ਹਜ਼ਰਤ ਈਸਾ ਦੇ ਇਕ ਭਗਤ ਦਾ ਨਾਮ ਜਿਸ ਦੀ ਪੈਹਲੀ ਅੰਜੀਲ 'ਮਤਾ' ਹੈ, ਮੇਥਿਊ; ਕਦੋਂ।

متین ***ਮਤੀਨ*** : ਪੱਕਾ; ਪੁਸਤਕ ਦਾ ਪਾਠ।

متین ***ਮਿਤੀਨ*** : ਕਹੀ।

مثابت ***ਮਸਾਬਤ,*** **مثابہ** ***ਮਸਾਬਾ*** : ਗੁੰਬਦ ਦੀ ਅਵਾਜ਼, ਬਾਜ਼-ਗੂੰਜ, ਹੱਦ ਦਰਜਾ, ਇਕ-ਸਮਾਨ ਹੋਣਾ, ਲੋਕਾਂ ਦੇ ਇਕੱਠੇ ਹੋਣ ਦੀ ਥਾਂ।

مثال ***ਮਿਸਾਲ*** : ਨਜ਼ੀਰ, ਮਿਸਲ, ਵਰਗਾਂ, ਤਸਵੀਰ, ਮੂਰਤ, ਹੁਕਮ, ਪਰਵਾਨਾ, ਸ਼ਾਹੀ ਫ਼ਰਮਾਨ, ਜਿਸਮ, ਬਿਸਤਰਾ, ਉਦਾਹਰਨ।

مثانہ ***ਮਸਾਨਾ*** : ਓਹ ਥੈਲੀ ਜਿਸ ਵਿਚ ਸਰੀਰ ਅੰਦਰ ਪਿਸ਼ਾਬ ਇਕੱਠਾ ਹੁੰਦਾ ਹੈ।

مثبَت ***ਮੁਸਬਤ*** : ਸਾਬਤ ਕੀਤਾ ਗਿਆ, ਸਹੀ ਕੀਤਾ ਗਿਆ, ਲਿਖਿਆ ਹੋਇਆ, ਜਮ੍ਹਾ ਕੀਤਾ ਗਿਆ, ਸਥਿਰ ਰੱਖਿਆ ਗਿਆ।

مثبِت ***ਮੁਸਬਿਤ*** : ਸਾਬਤ ਕਰਨ ਵਾਲਾ।

مثبَّت ***ਮੁਸੱਬਤ*** : ਬਰਕਰਾਰ ਰੱਖਿਆ ਹੋਇਆ।

مثبِّت ***ਮੁਸੱਬਿਤ*** : ਬਰਕਰਾਰ ਰੱਖਣ ਵਾਲਾ।

مثل ***ਮਸਲ*** : ਕਹਾਵਤ, ਅਖੌਤ, ਕਿੱਸਾ।

مثل زن ***ਮਸਲਜ਼ਨ*** : ਕਹਾਵਤ, ਕੈਹਣ ਵਾਲਾ, ਕਿੱਸਾ ਗੋ।

مثل ***ਮਿਸਲ*** : ਵਰਗਾ, ਇਕ ਸਮਾਨ, ਸਾਰੇ ਗੁਣਾਂ ਵਿਚ ਸਮਾਨ।

مثلاً *ਮਸਲਨ* : ਉਦਾਹਰਨ ਦੇ ਤੌਰ 'ਤੇ, ਭਾਵ, ਜਿਸ ਤਰ੍ਹਾਂ, ਜਿਵੇਂ ਕਿ।

مثلّث *ਮੁਸੱਲਸ* : ਤਿਕੋਣ, ਤਿੰਨਾਂ ਨੁਕਰਾਂ ਵਾਲੀ।

مثمِر *ਮੁਸਮਿਰ* : ਫਲ ਲਿਆਉਣ ਵਾਲਾ, ਨਤੀਜਾ ਦੇਣ ਵਾਲਾ।

مثمَر *ਮੁਸਮਰ* : ਫਲ ਲਾਇਆ ਹੋਇਆ, ਫਲਦਾਰ (ਦਰੱਖਤ)।

مثمّن *ਮੁਸੱਮਨ* : ਅੱਠ ਦੇ ਅੰਕੜੇ ਨਾਲ ਸਬੰਧਤ, ਅੱਠ ਨੁਕਰਾਂ ਵਾਲਾ।

مثمّن روضه *ਮੁਸੱਮਨ ਰੌਜ਼ਾ* : ਅੱਠਾਂ ਦਿਸ਼ਾਂ ਵਾਲਾ ਬਾਗ਼, ਅੱਠ ਬਹਿਸ਼ਤਾਂ।

مثنوی *ਮਸਨਵੀ* : ਦੋ ਦੋ ਨਾਲ ਸਬੰਧਤ, ਓਹ ਨਜ਼ਮ ਜਿਸ ਦੇ ਹਰ ਬੈਂਤ ਦਾ ਕਾਫ਼ੀਆ ਅੱਡ ਪਰ ਹਰ ਸ਼ਿਅਰ ਦੇ ਦੋਵੇਂ ਮਿਸਰੇ ਹਮ ਕਾਫ਼ੀਆ ਹੁੰਦੇ ਹਨ।

مثنوی‌خوان *ਮਸਨਵੀ-ਖ਼੍ਵਾਨ* : ਮਸਨਵੀ ਪੜ੍ਹਨ ਵਾਲਾ।

مثنیٰ *ਮਸਨਾ* : ਦੋ ਦੋ, ਸਤਾਰ ਦੀ ਦੂਜੀ ਤਾਰ।

مثنّیٰ *ਮੁਸੰਨਾ* : ਸਾਨੀ, ਦੂਸਰਾ, ਦੂਣਾ, ਦੂਹਰਾ, ਦੋ ਨਾਲ ਸਬੰਧ ਰੱਖਣ ਵਾਲਾ, ਜੋੜ, ਜੁੱਟ, ਨਕਲ ਮੁਤਾਬਕ ਅਸਲ।

مثیل *ਮਸੀਲ* : ਵਰਗਾ, ਇਕ ਸਮਾਨ, ਸਰਵੋਤਮ; ਹਮਸ਼ਕਲ, ਵਿਦਵਾਨ ਪੁਰਸ਼।

مج *ਮਜ* : (ਮਾਜ ਦਾ ਸੰਖਿਪਤ ਰੂਪ) ਰਿਵਾਇਤ ਕੈਹਣ ਵਾਲਾ, ਇਤਹਾਸਕਾਰ।

مجادل *ਮੁਜਾਦਿਲ* : ਜੰਗ ਜੂ, ਝਗੜਾਲੂ, ਲੜਾਕਾ।

مجادلات *ਮੁਜਾਦਲਾਤ* : (ਮੁਜਾਦਲਾ/ਮੁਜਾਦਲਤ / **مجادله** **مجادلت** ਦਾ ਬੌਹਵਚਨ) ਲੜਾਈਆਂ, ਝਗੜੇ।

مجادلت *ਮੁਜਾਦਲਤ*, **مجادله** *ਮੁਜਾਦਲਾ* : ਲੜਨਾ, ਜੰਗ ਕਰਨਾ, ਲੜਾਈ, ਜੰਗ; ਝਗੜਾ।

مجاری *ਮਜਾਰੀ* : ਜਾਰੀ ਹੋਣ ਦੀ ਥਾਂ, ਰਵਾਨੀ ਦੇ ਸਥਾਨ, ਨਦੀਆਂ ਨਾਲੇ।

مجاری بدن *ਮਜਾਰੀ ਬਦਨ* : ਸਰੀਰ ਦੀਆਂ ਰਗਾਂ।

مجاز *ਮਜਾਜ਼* : ਲੰਘਣ ਦੀ ਥਾਂ, ਲਾਂਘਾ, ਰਸਤਾ, ਕਿਸੇ ਸ਼ਬਦ ਦੇ ਓਹ ਅਰਥ ਜੋ ਉਸ ਦੇ ਅਸਲੀ ਨਾ ਹੋਣ ਜਿਵੇਂ ਉਸ ਸ਼ੇਰ ਨੇ ਖ਼ੂਬ ਤਲਵਾਰ ਚਲਾਈ, ਇਥੇ ਸ਼ੇਰ ਦਰਿੰਦੇ ਦੇ ਅਰਥਾਂ ਵਿਚ ਨਹੀਂ ਸਗੋਂ ਬਹਾਦਰ ਸੂਰਮੇ ਦੇ ਅਰਥਾਂ ਵਿਚ ਲਿਆ ਗਿਆ ਹੈ।

مجازاً *ਮਜਾਜ਼ਨ* : ਰੂਪਕ ਦੇ ਤੌਰ ਤੇ, ਸ਼ਰ੍ਹਾ ਦੇ ਮੁਤਾਬਕ।

مجازی *ਮਜਾਜ਼ੀ* : ਹਕੀਕੀ ਦੇ ਉਲਟ, ਗ਼ੈਰ-ਅਸਲੀ।

مجال *ਮਜਾਲ* : ਦੌੜਨ ਦੀ ਥਾਂ, ਮੈਦਾਨ, ਸ਼ਕਤੀ, ਸੰਭਾਵਨਾ, ਹੌਸਲਾ, ਮੌਕਾ, ਵੇਹਲ।

مجالس *ਮਜਾਲਿਸ* : (ਮਜਲਸ **مجلس** ਦਾ ਬੌਹਵਚਨ) ਮਜਲਸਾਂ, ਜਲਸੇ, ਸਭਾਵਾਂ।

مجالست *ਮੁਜਾਲਸਤ* : ਕੁਝ ਆਦਮੀਆਂ ਦਾ ਇਕੱਠੇ ਰਲ ਕੇ ਬੈਠਣਾ, ਪਰਸਪਰ ਮਿਲ ਕੇ ਬੈਠਣਾ।

مجامعت *ਮੁਜਾਮਅਤ* : ਇਸਤਰੀ ਨਾਲ ਹਮ ਬਿਸਤਰੀ ਕਰਨਾ, ਸੰਭੋਗ।

مجاور *ਮੁਜਾਵਿਰ* : ਨੇੜੇ ਦਾ, ਗੁਆਂਢੀ, ਦਰਗਾਹਾਂ ਤੇ ਧਾਰਮਕ ਸਥਾਨਾਂ ਦਾ ਸੇਵਾਦਾਰ, ਵਿਦਿਆਰਥੀ।

مجاوران فلک *ਮੁਜਾਵਰਾਨ-ਏ-ਫ਼ਲਕ* : ਸੱਤ ਸਤਾਰੇ।

مجاوری *ਮੁਜਾਵਰੀ* : ਮੁਜਾਵਰ ਦੀ ਪਦਵੀ, ਮੁਜਾਵਰ ਦਾ ਹੱਕ।

مجاورت *ਮੁਜਾਵਰਤ* : ਨੇੜ, ਗੁਆਂਢ, ਹਮਸਾਇਗੀ, ਕਿਸੇ ਦਰਗਾਹ ਜਾਂ ਮਸੀਤ 'ਤੇ ਮੁਜਾਵਿਰ (ਮਜੌਰ) ਵਜੋਂ ਰੈਹਣਾ।

مجاہد ***ਮੁਜਾਹਿਦ*** : ਕੋਸ਼ਸ਼ ਕਰਨ ਵਾਲਾ, ਜਹਾਦ ਕਰਨ ਵਾਲਾ, ਰੱਬ ਦੇ ਨਾਮ 'ਤੇ ਲੜਨ ਵਾਲਾ, ਧਰਮ ਲਈ ਯੁੱਧ ਕਰਨ ਵਾਲਾ।

مجاہدت ***ਮੁਜਾਹਦਤ,*** **مجاہدہ** ***ਮੁਜਾਹਦਾ*** : ਯਤਨ, ਮੇਹਨਤ, ਮੁਸ਼ੱਕਤ, ਰੱਬ ਦੇ ਰਾਹ 'ਤੇ ਲੜਨਾ।

مجاہدین ***ਮੁਜਾਹਿਦੀਨ*** : ਮੁਜਾਹਿਦ ਦਾ ਬੌਹਵਚਨ।

مجبور ***ਮਜਬੂਰ*** : ਜਿਸ 'ਤੇ ਜਬਰ ਕੀਤਾ ਗਿਆ ਹੋਵੇ, ਬੇਬਸ, ਲਚਾਰ, ਜ਼ਬਰਦਸਤੀ ਕੰਮ ਤੇ ਲਾਇਆ ਗਿਆ।

مجبوراً ***ਮਜਬੂਰਨ*** : ਥੱਕ ਕੇ, ਬੇਬਸੀ ਦੀ ਹਾਲਤ ਵਿਚ।

مجبوری ***ਮਜਬੂਰੀ*** : ਬੇਬਸੀ, ਲਚਾਰੀ, ਜਬਰ ਦੀ ਹਾਲਤ।

مجتبیٰ ***ਮੁਜਤਬਾ*** : ਚੁਣਿਆ ਹੋਇਆ, ਸਰਵਸ਼ਰੇਸ਼ਟ।

مجتمِع ***ਮੁਜਤਮਿਅ*** : ਇਕੱਠਾ ਹੋਣ ਵਾਲਾ।

مجتمَع ***ਮੁਜਤਮਅ*** : ਇਕੱਠਾ ਕੀਤਾ ਗਿਆ।

مجتنِب ***ਮੁਜਤਨਿਬ*** : ਪਰਹੇਜ਼ ਕਰਨ ਵਾਲਾ, ਕਿਨਾਰਾ ਕਰ ਜਾਣ ਵਾਲਾ, ਇਕ ਪਾਸੇ ਹੋ ਜਾਣ ਵਾਲਾ, ਤਿਆਗੀ।

مجتہّد ***ਮੁਜਤਹਿੱਦ*** : ਕੋਸ਼ਸ਼ ਕਰਨ ਵਾਲਾ, ਫਿਕ੍ਹਾ ਦੇ ਮਸਲੇ ਕਢਣ ਵਾਲਾ।

مجد ***ਮਜਦ*** : ਵਡਿਆਈ, ਬਜ਼ੁਰਗੀ, ਸ਼ਰਾਫ਼ਤ, ਮਾਣ-ਸਤਕਾਰ।

مجدِّد ***ਮੁਜੱਦਿਦ*** : ਕਿਸੇ ਗੱਲ ਨੂੰ ਨਵੇਂ ਸਿਰਿਓਂ ਕੱਢਣ ਵਾਲਾ, ਦੀਨ ਧਰਮ ਦੇ ਫਰਮਾਨਾਂ ਨੂੰ ਰਿਵਾਜ ਦੇਣ ਵਾਲਾ, ਦੀਨ ਦੀਆਂ ਬੁਰਿਆਈਆਂ ਨੂੰ ਦੂਰ ਕਰਨ ਵਾਲਾ।

مجدّداً ***ਮੁਜੱਦਿਦਨ*** : ਨਵੇਂ ਸਿਰੇ ਤੋਂ।

مجدِّدالفِ ثانی ***ਮੁਜੱਦਿਦ ਅਲਫ਼-ਏ-ਸਾਨੀ*** : ਦੂਜੇ ਹਜਾਰਵੇਂ ਸਾਲ ਦਾ ਮੁਜੱਦਿਦ, ਹਿੰਦੁਸਤਾਨ ਦੇ ਪਰਸਿੱਧ ਵਲੀ ਸ਼ੈਖ ਅਹਿਮਦ ਸਰਹੰਦੀ ਦੀ ਉਪਾਧੀ ਜੋ ੯੮੧ ਹਿਜਰੀ ਵਿਚ ਸਰਹੰਦ ਵਿਖੇ ਪੈਦਾ ਹੋਏ ਅਤੇ ੧੦੩੪ ਹਿਜਰੀ ਵਿਚ ਫ਼ੌਤ ਹੋਏ।

مجددِ وقت ***ਮੁਜੱਦਿਦ-ਏ-ਵਕਤ*** : ਹਰ ਸੌ ਵਰ੍ਹੇ ਪਿੱਛੋਂ ਸਦੀ ਦੇ ਸ਼ੁਰੂ ਵਿਚ ਪੈਦਾ ਹੋਣ ਵਾਲਾ ਮਜੁੱਦਿਦ।

مجذوب ***ਮਜਜ਼ੂਬ*** : ਖਿੱਚਿਆ ਗਿਆ, ਜਜ਼ਬ ਕੀਤਾ ਗਿਆ, ਰੱਬ ਦੇ ਪਿਆਰ ਵਿਚ ਖਚਿਤ, ਆਪੇ ਤੋਂ ਬਾਹਰ, ਮਸਤ ਮਲੰਗ।

مجذوم ***ਮਜਜ਼ੂਮ*** : ਕੋੜ੍ਹੀ, ਪਿੰਗਲਾ।

مجرا ***ਮੁਜਰਾ*** : ਰਵਾਂ ਕੀਤਾ ਗਿਆ, ਜਾਰੀ ਕੀਤਾ ਗਿਆ।

مجرا ***ਮੁਜਰਾ*** : ਅਮੀਰਾਂ ਦੀ ਮੁਲਾਕਾਤ ਲਈ ਵੀ ਆਉਂਦਾ ਹੈ, ਝੁਕ ਕੇ ਸਲਾਮ ਕਰਨਾ, ਤਸਲੀਮਾਤ।

مجرَّب ***ਮੁਜੱਰਬ*** : ਤਜਰਬਾ ਕੀਤਾ ਗਿਆ, ਵਰਤ ਕੇ ਠੀਕ ਸਿੱਧ ਕੀਤਾ ਗਿਆ।

مجرِّب ***ਮੁਜੱਰਿਬ*** : ਤਜਰਬਾ ਕਰਨ ਵਾਲਾ, ਸਿੱਧ, ਮਾਹਰ।

مجرد ***ਮੁਜੱਰਦ*** : ਇਕੱਲਾ, ਤਿਆਗੀ, ਨੰਗਾ, ਪਦਾਰਥ-ਰੈਹਤ, ਪਾਕ ਰੂਹ।

مجرداً ***ਮੁਜੱਰਦਨ*** : ਇਕੱਲਿਆਂ, ਕੇਵਲ, ਸਿਰਫ਼।

مجرم ***ਮੁਜਰਿਮ*** : ਜੁਰਮ ਕਰਨ ਵਾਲਾ, ਕਸੂਰਵਾਰ, ਦੋਸ਼ੀ।

مجروح ***ਮਜਰੂਹ*** : ਘਾਇਲ, ਜ਼ਖਮੀ, ਫੱਟੜ।

مجری ***ਮਿਜਰੀ*** : ਦਵਾਈਆਂ ਵੇਚਣ ਵਾਲੇ ਜਾਂ ਅਤੱਾਰ ਦਾ ਓਹ ਡੱਬਾ ਜਿਸ ਵਿਚ ਓਹ ਦਵਾਈਆਂ ਜਾਂ ਸ਼ੀਸ਼ੀਆਂ ਰਖਦਾ ਹੋਵੇ।

مجری ***ਮੁਜਰੀ*** : ਜਾਰੀ ਕਰਨ ਵਾਲਾ, ਰਵਾਂ ਕਰਨ ਵਾਲਾ।

مجریٰ ***ਮੁਜਰਾ*** : ਓਹ ਜਗ੍ਹਾ ਜਿਥੇ ਕੋਈ ਚੀਜ਼ ਜਾਰੀ ਹੁੰਦੀ ਹੋਵੇ।

مجسطی ***ਮਿਜਸਤੀ*** : ਹਕੀਮ ਬਤਲੀਮੂਸ ਦੀ ਪਰਸਿੱਧ ਕਿਤਾਬ ਦਾ ਨਾਮ, ਇਸ ਦਾ ਅਨੁਵਾਦ ਮਹਾਨ ਵਿਦਵਾਨ ਨਸੀਰ-ਉਦ-ਦੀਨ ਤੂਸੀ ਨੇ ਕੀਤਾ ਸੀ।

مجسّم ***ਮੁਜੱਸਮ*** : ਜਿਸਮ ਵਾਲਾ, ਜਿਸ ਦਾ ਸਰੀਰ ਹੋਵੇ, ਠੋਸ, ਚੰਗੇ ਜੁੱਸੇ ਵਾਲਾ, ਓਹ ਚੀਜ਼ ਜਿਸ ਦੀ ਲੰਮਾਈ ਚੁੜਾਈ ਤੇ ਡੂੰਘਾਈ ਹੋਵੇ।

مجسّمه ***ਮੁਜੱਸਮਾ*** : ਪੱਥਰ ਜਾਂ ਧਾਤ ਦੀ ਮੂਰਤੀ, ਬੁੱਤ।

مجسّمه‌ساز ***ਮੁਜੱਸਮਾ-ਸਾਜ਼*** : ਬੁੱਤ-ਘਾੜਾ, ਮੂਰਤੀਆਂ ਬਣਾਉਣ ਵਾਲਾ।

مجلا ***ਮੁਜੱਲਾ*** : ਚਮਕੀਲਾ ਬਣਾਇਆ ਹੋਇਆ, ਚਮਕਾਇਆ ਹੋਇਆ, ਸਚਿਤਰ, ਲਿਸ਼ਕਾਇਆ ਹੋਇਆ।

مجلّد ***ਮੁਜੱਲਦ*** : ਜਿਲਦਬੰਦੀ ਕੀਤਾ ਹੋਇਆ।

مجلِّد ***ਮੁਜੱਲਿਦ*** : ਜਿਲਦਸਾਜ਼।

مجلس ***ਮਜਲਿਸ*** : ਬੈਠਣ ਦੀ ਥਾਂ, ਓਹ ਜਗ੍ਹਾ ਜਿਥੇ ਲੋਕ ਜਮ੍ਹਾ ਹੋਣ, ਇਕੱਤਰਤਾ ਦੀ ਥਾਂ, ਮਜਲਸ ਨੂੰ ਸਜਾਉਣ ਵਾਲਾ।

مجلس‌آرا ***ਮਜਲਿਸ-ਆਰਾ,*** **مجلس‌افروز** ***ਮਜਲਿਸ-ਅਫਰੋਜ਼*** : ਮੋਮ ਬਤੀਆਂ, ਸ਼ਮ੍ਹਾਂ, ਅੰਗੂਰੀ ਸ਼ਰਾਬ ਆਦਿ, ਇਕ ਨਗ਼ਮੇ ਦਾ ਨਾਮ।

مجلس‌نویس ***ਮਜਲਿਸ-ਨਵੀਸ*** : ਅਖ਼ਬਾਰ ਨਵੀਸ।

مجلّیٰ ***ਮੁਜੱਲਾ*** : ਚਮਕੀਲਾ, ਸੁੰਦਰ, ਪਰਗਟ, ਸਾਫ਼, ਨਿਕਲ ਕਰਕੇ ਲਿਸ਼ਕਾਇਆ ਹੋਇਆ।

مجمّد ***ਮੁਜੱਮਦ*** : ਜੰਮੀ ਹੋਈ (ਚੀਜ਼), ਸਰਦੀ ਨਾਲ ਜੰਮੀ ਹੋਈ (ਚੀਜ਼)।

مِجمَر ***ਮਿਜਮਰ,*** **مِجمَرت** ***ਮਿਜਮਰਤ,*** **مِجمَره** ***ਮਿਜਮਰਾ*** : ਅੰਗੀਠੀ।

مِجمرآتش ***ਮਿਜਮਰ-ਏ-ਆਤਿਸ਼*** : ਸੂਰਜ; ਅੰਗੀਠੀ।

مجمع ***ਮਜਮਅ*** : ਲੋਕਾਂ ਦੇ ਜਮ੍ਹਾ ਹੋਣ ਦੀ ਥਾਂ, ਇਕੱਠ, ਭੀੜ।

مجمع‌البحرین ***ਮਜਮਅ-ਉਲ-ਬਹ੍ਰੈਨ*** : ਦੋ ਦਾ ਸੰਗਮ।

مجمل ***ਮੁਜਮਲ*** : ਕੀਤਾ ਗਿਆ ਖ਼ਲਾਸਾ, ਸਾਰ।

مجملاً ***ਮੁਜਮਲਨ*** : ਖ਼ਲਾਸੇ ਦੇ ਤੌਰ 'ਤੇ, ਸੰਖਿਪਤ ਰੂਪ ਵਿਚ।

مجموع ***ਮਜਮੂਅ*** : ਜਮ੍ਹਾ ਕੀਤਾ ਗਿਆ, ਪੂਰਾ; ਸੰਪੂਰਨ ਸਮੂਹ; ਸਾਰਾ।

مجموعاً ***ਮਜਮੂਅਨ*** : ਪੂਰੇ ਤੌਰ ਤੇ।

مجموعه ***ਮਜਮੂਆ*** : ਇਕੱਠਾ ਕੀਤਾ ਹੋਇਆ, ਜਮ੍ਹਾ ਕੀਤਾ ਹੋਇਆ, ਜੋੜ, ਭੰਡਾਰ, ਸਾਦਾ ਵਰਕਿਆਂ ਦੀ ਕਿਤਾਬ ਜਾਂ ਜਿਲਦ ਜਿਸ ਵਿਚ ਹਰ ਪਰਕਾਰ ਦੇ ਕਾਗ਼ਜ਼ ਪੱਤਰ ਰੱਖਦੇ ਹਨ।

مجموعی ***ਮਜਮੂਈ*** : ਸਾਰੇ ਦਾ ਸਾਰਾ, ਕੁੱਲ, ਮੁਕੰਮਲ ਤੌਰ 'ਤੇ।

مجنون ***ਮਜਨੂਨ*** : ਜਨੂਨੀ, ਪਾਗਲ, ਦੀਵਾਨਾ, ਸ਼ੁਦਾਈ, ਲੈਲਾ ਦੇ ਪਰੇਮੀ ਦਾ ਗੁਣਵਾਚੀ ਨਾਮ।

مجوسی ***ਮਜੂਸੀ*** : ਮਜੂਸ ਕੌਮ ਦਾ ਇਕ ਵਿਅਕਤੀ, ਅੱਗ-ਪੂਜ, ਜ਼ਰਤੁਸ਼ਤੀ, ਪਾਰਸੀ।

مجوس ***ਮਜੂਸ*** : ਉਪਰੋਕਤ ਦਾ ਬੌਹਵਚਨ।

مجوسیه ***ਮਜੂਸੀਯਾ*** : ਮਜੂਸੀਆਂ ਦਾ ਧਰਮ, ਅੱਗ-ਪੂਜ ਔਰਤ।

مجهول ***ਮਜਹੂਲ*** : ਨਾ-ਮਲੂਮ, ਗੁਮਨਾਮ, ਅਣਜਾਣਿਆ, ਓਹ ਕਿਰਿਆ ਜਿਸ ਦੇ ਕਰਤਾ ਦਾ ਪਤਾ ਨਾ ਹੋਵੇ, ਸੁਸਤ, ਨਿਕੰਮਾ, ਨਖੱਟੂ।

مجیب ***ਮੁਜੀਬ*** : ਪਰਵਾਨ ਕਰਨ ਵਾਲਾ, ਜਵਾਬ ਦੇਣ ਵਾਲਾ, ਆਗਿਆਕਾਰ।

مجید ***ਮਜੀਦ*** : ਵੱਡਾ, ਬਜ਼ੁਰਗ, ਮਾਣ-ਸਤਕਾਰ ਵਾਲਾ, ਰੱਬ ਦਾ ਇਕ ਨਾਮ।

مچ ***ਮੁਚ*** : ਕਲਾਈ, ਵੀਣੀ, ਚੁੰਮਣ ਲੈਣ ਦੀ

ਅਵਾਜ਼।

مچمچ *ਮੁਚਮੁਚ* : ਲਗਾਤਾਰ ਚੁੰਮਣ ਲੈਣ ਦੀ ਅਵਾਜ਼।

مچلکا/مچلکہ *ਮੁਚਲਕਾ* : ਓਹ ਇਕਰਾਰਨਾਮਾ ਜੇਹੜਾ ਦੋਸ਼ੀਆਂ ਜਾਂ ਮੁਜਰਮਾਂ ਪਾਸੋਂ ਲਿਖਵਾਇਆ ਜਾਂਦਾ ਹੈ, ਸ਼ਰਤੀਆ ਇਕਰਾਰਨਾਮਾ।

محابا *ਮੁਹ਼ਾਬਾ* : ਅਰਬੀ ਦਾ ਅਸਲ ਸ਼ਬਦ 'ਮੁਹਾਬਾਤ' ਹੈ, ਫ਼ਾਰਸੀ ਵਿਚ ਅੰਤਲਾ ਅੱਖਰ ਡਿਗ ਗਿਆ ਹੈ; ਛੱਡ ਦੇਣਾ; ਦੋਹਾ ਧਿਰਾਂ ਦੀ ਰਜ਼ਾਮੰਦੀ ਨਾਲ ਮਾਲ ਸਸਤਾ ਵੇਚਣਾ; ਸਹਾਇਤਾ, ਲਿਹਾਜ਼, ਰਿਆਇਤ।

محاذ *ਮੁਹ਼ਾਜ਼* : ਮੁਕਾਬਲੇ ਦੀ ਥਾਂ।

محاذا *ਮੁਹ਼ਾਜ਼ਾ*, **محاذات** *ਮੁਹ਼ਾਜ਼ਾਤ* : ਆਮ੍ਹਣੇ-ਸਾਮ੍ਹਣੇ ਹੋਣਾ, ਰੂ-ਬ-ਰੂ ਹੋਣਾ, ਮੁਕਾਬਲਾ ਕਰਨਾ, ਟਾਕਰਾ ਕਰਨਾ।

محاذی *ਮੁਹ਼ਾਜ਼ੀ* : ਟਾਕਰਾ ਕਰਨ ਵਾਲਾ ਆਮ੍ਹਣੇ -ਸਾਮ੍ਹਣੇ ਆਉਣ ਵਾਲਾ।

محارب *ਮੁਹ਼ਾਰਿਬ* : ਜੰਗ ਕਰਨ ਵਾਲਾ, ਲੜਨ ਵਾਲਾ।

محاربہ *ਮੁਹ਼ਾਰਬਾ* : ਜੰਗ, ਲੜਾਈ, ਜੁਧ, ਟਾਕਰਾ।

محاربات *ਮੁਹ਼ਾਰਬਾਤ* : ਉਪਰੋਕਤ ਦਾ ਬੌਹਵਚਨ।

محاسب *ਮੁਹ਼ਾਸਿਬ* : ਹਿਸਾਬ ਜਾਣਨ ਵਾਲਾ, ਹਿਸਾਬ ਲੈਣ ਵਾਲਾ, ਜਮ੍ਹਾ ਜੋੜ ਕਰਨ ਵਾਲਾ, ਹਿਸਾਬ ਕਿਤਾਬ ਦਾ ਨਿਰੀਖਕ।

محاسبان *ਮੁਹ਼ਾਸਿਬਾਨ* : ਉਪਰੋਕਤ ਦਾ ਫ਼ਾਰਸੀ ਬੌਹਵਚਨ।

محاسبہ *ਮੁਹ਼ਾਸਬਾ* : ਹਿਸਾਬ-ਕਿਤਾਬ, ਹਿਸਾਬ ਕਰਨਾ, ਪੜਤਾਲ।

محاسن *ਮਹ਼ਾਸਿਨ* : (ਹੁਸਨ **حسن** ਦਾ ਬੌਹਵਚਨ) ਖ਼ੂਬੀਆਂ, ਨੇਕੀਆਂ, ਵਸਫ਼, ਗੁਣ, ਸੁੰਦਰਤਾਵਾਂ; ਦਾੜ੍ਹੀਆਂ।

محاصر *ਮੁਹ਼ਾਸਿਰ* : ਘੇਰਾ ਪਾਉਣ ਵਾਲਾ, ਘੇਰੂ।

محاصرہ *ਮੁਹ਼ਾਸਰਾ* : ਘੇਰਾ ਘੱਤਣਾ, ਚਵ੍ਹਾ ਪਾਸਿਆਂ ਤੋਂ ਰਾਹ ਬੰਦ ਕਰ ਦੇਣਾ, ਰਾਹ-ਬੰਦੀ, ਕਿਲ੍ਹਾ-ਬੰਦੀ।

محاضرات *ਮੁਹ਼ਾਜ਼ਿਰਾਤ* : ਯਾਦ ਰੱਖੇ ਹੋਏ ਮਾਮਲੇ, ਜਾਣਕਾਰੀਆਂ, ਸਥਿਤੀ ਤੇ ਸਥਾਨ ਅਨੁਸਾਰ ਪਿਛਲੇ ਲੋਕਾਂ ਦੇ ਹਾਲ ਤੇ ਬਚਨ, ਕਿੱਸੇ ਕਹਾਣੀਆਂ, ਨਕਲਾਂ, ਇਤਹਾਸ।

محافظ *ਮੁਹ਼ਾਫ਼ਿਜ਼* : ਹਿਫ਼ਾਜ਼ਤ ਕਰਨ ਵਾਲਾ, ਨਿਗਹਬਾਨ, ਰਾਖਾ।

محافظت *ਮੁਹ਼ਾਫ਼ਜ਼ਤ* : ਹਿਫਾਜ਼ਤ, ਸੁਰੱਖਿਆ, ਰਾਖੀ, ਨਿਗਰਾਨੀ।

محافہ *ਮੁਹ਼ਾਫ਼ਾ* : ਪਾਲਕੀ, ਡੋਲੀ।

محاق *ਮੁਹ਼ਾਕ਼* : ਚੰਦ ਦਾ ਘਟਣਾ, ਚੰਦ ਦੀਆਂ ਆਖ਼ਰੀ ਤਿੰਨ ਰਾਤਾਂ ਜਿਹਨਾਂ ਵਿਚ ਚੰਦ ਨਜ਼ਰ ਨਹੀਂ ਆਉਂਦਾ।

محاکات *ਮੁਹ਼ਾਕਾਤ* : ਕਹਾਣੀਆਂ ਪਾਉਣਾ, ਕਿੱਸੇ ਕਹਾਣੀਆਂ ਕੈਹਣਾ, ਪਰਸਪਰ ਗੱਲ-ਬਾਤ ਕਰਨਾ।

محاکہ *ਮੁਹ਼ਾਕਾ* : ਉਪਰੋਕਤ ਦਾ ਸੰਖਿਪਤ ਰੂਪ।

محاکمہ *ਮੁਹ਼ਾਕਮਾ* : ਫੈਸਲਾ, ਮੁਕੱਦਮਾ, ਝਗੜਾ ਨਿਪਟਾਉਣ ਲਈ ਨਿਆਂਕਾਰ ਬਣ ਕੇ ਝਗੜਾ ਨਿਪਟਾਉਣਾ।

محاکمات *ਮੁਹ਼ਾਕਮਾਤ* : ਉਪਰੋਕਤ ਦਾ ਬੌਹਵਚਨ।

محال *ਮਹ਼ਾਲ* : (ਮਹ਼ਲ **محل** ਦਾ ਬੌਹਵਚਨ) ਮੁਹੱਲੇ, ਮਹੱਲ, ਸਥਾਨ, ਜਗ੍ਹਾਂ; ਜ਼ਿਲ੍ਹੇ; ਪਰਗੇਜ਼, ਪੜਾ।

محال *ਮੁਹ਼ਾਲ* : ਅਣਹੋਣੀ ਗੱਲ, ਅਸੰਭਵ, ਮੁਸ਼ਕਲ, ਕਠਨ।

محالات *ਮੁਹ਼ਾਲਾਤ* : ਮੁਹ਼ਾਲ **محال** ਦਾ ਬੌਹਵਚਨ।

محالہ *ਮਹ਼ਾਲਾ* : ਚਾਰਾ, ਇਲਾਜ।

محال *ਮਿਹ਼ਾਲ* : ਮਕਰ, ਹੀਲਾ, ਫ਼ਰੇਬ, ਧੋਖਾ।

محامد ***ਮਹ਼ਾਮਿਦ*** : (ਮਹ਼ਮਿਦਤ **محمدت** ਦਾ ਬੌਹਵਚਨ) ਸਿਫ਼ਤਾਂ, ਗੁਣ, ਖ਼ੂਬੀਆਂ, ਚੰਗੀਆਂ ਖ਼ਸਲਤਾਂ।

محاورات ***ਮੁਹ਼ਾਵਰਾਤ*** : (ਮੁਹ਼ਾਵਰਾ **محاوره** ਦਾ ਬੌਹਵਚਨ) ਪਰਸਪਰ ਗੱਲਾਂ-ਬਾਤਾਂ, ਗੋਸ਼ਟੀਆਂ।

محاوره ***ਮੁਹ਼ਾਵਰਾ*** : ਪਰਸਪਰ ਗੱਲ ਬਾਤ; ਗੋਸ਼ਟੀ; ਓਹ ਕਲਾਮ ਜਿਸ ਨੂੰ ਭਾਸ਼ਾ ਵਿਗਿਆਨੀਆਂ ਨੇ ਸ਼ਬਦਾਰਥ ਨਿਸ਼ਚਤ ਜਾਂ ਗ਼ੈਰ ਮੁਨਾਸਬਤ ਨਾਲ ਕਿਸੇ ਖ਼ਾਸ ਅਰਥਾਂ ਵਾਸਤੇ ਮੁਕੱਰਰ ਕਰ ਲਿਆ ਹੋਵੇ।

محبّ ***ਮੁਹ਼ਿੱਬ*** : ਮੁਹੱਬਤ ਕਰਨ ਵਾਲਾ, ਦੋਸਤੀ ਕਰਨ ਵਾਲਾ, ਪਰੇਮੀ।

محبّ‌الوطن ***ਮੁਹ਼ਿੱਬ-ਉਲ ਵਤ਼ਨ*** : ਦੇਸ਼ ਨਾਲ ਪਿਆਰ ਕਰਨ ਵਾਲਾ, ਦੇਸ਼-ਭਗਤ।

محبت ***ਮਹ਼ੱਬਤ*** : ਪਿਆਰ, ਦੋਸਤੀ, ਉਲਫ਼ਤ, ਪਰੇਮੀ।

محبتِ‌کل ***ਮਹ਼ੱਬਤ-ਏ-ਕੁਲ*** : ਸਭ ਨਾਲ ਪਿਆਰ, ਸੂਫ਼ੀਆਂ ਦੀ ਪਰਭਾਸ਼ਾ ਵਿਚ ਸੁਲ੍ਹਾਕੁਨ ਹੋਣਾ।

محبره ***ਮਿਹ਼ਬਰਾ*** : ਦਵਾਤ।

محبس ***ਮਹ਼ਬਸ*** : ਬੰਦੀਖ਼ਾਨਾ, ਜੇਲ੍ਹ।

محبوب ***ਮਹ਼ਬੂਬ*** : ਪਰੇਮ-ਪਾਤਰ, ਦੋਸਤ, ਯਾਰ, ਮਸ਼ੂਕ, ਦਿਲਦਾਰ।

محبوبِ‌الٰهی ***ਮਹ਼ਬੂਬ-ਏ-ਇਲਾਹੀ*** : ਖ਼ੁਦਾ ਦਾ ਪਿਆਰਾ, ਹਜ਼ਰਤ ਨਿਜ਼ਾਮੁੱਦੀਨ ਔਲੀਆ ਦੀ ਉਪਾਧੀ।

محبوبه ***ਮਹ਼ਬੂਬਾ*** : ਪਿਆਰੀ, ਪਰੇਮਕਾ।

محبوس ***ਮਹ਼ਬੂਸ*** : ਕੈਦੀ; ਬੰਦੀ।

محبوس‌خانه ***ਮਹ਼ਬੂਸਖ਼ਾਨਾ*** : ਕੈਦਖ਼ਾਨਾ, ਬੰਦੀਖ਼ਾਨਾ।

محتاج ***ਮੁਹ਼ਤਾਜ*** : ਮੁਥਾਜ, ਗ਼ਰੀਬ, ਲੋੜਵੰਦ, ਫ਼ਕੀਰ।

محتاج‌خانه ***ਮਹ਼ਤਾਜਖ਼ਾਨਾ*** : ਗ਼ਰੀਬ ਖ਼ਾਨਾ।

محتاجی ***ਮੁਹ਼ਤਾਜੀ*** : ਮੁਥਾਜੀ, ਥੁੜ, ਗ਼ਰੀਬੀ।

محتجب ***ਮੁਹ਼ਤਜਿਬ*** : ਪਰਦੇ ਵਿਚ ਹੋਣ ਵਾਲਾ, ਪਰਦਾਨਸ਼ੀਨ, ਛੁਪਿਆ ਹੋਇਆ, ਲੁਪਤ।

محترز ***ਮੁਹ਼ਤਰਿਜ਼*** : ਪਰਹੇਜ਼ ਕਰਨ ਵਾਲਾ, ਆਪਣੇ ਆਪ ਨੂੰ ਬਚਾਉਣ ਵਾਲਾ।

محترم ***ਮੁਹ਼ਤਰਮ*** : ਜਿਸ ਦੀ ਇਜ਼ੱਤ ਕੀਤੀ ਗਈ ਹੋਵੇ, ਮਾਣ-ਸਤਕਾਰਯੋਗ।

محتسب ***ਮੁਹ਼ਤਸਿਬ*** : ਹਿਸਾਬ ਲੈਣ ਵਾਲਾ, ਸ਼ਰ੍ਹਾ ਵਿਰੁੱਧ ਗੱਲਾਂ ਦੀ ਮਨਾਹੀ ਕਰਨ ਵਾਲਾ, ਸ਼ਰਈ, ਹਾਕਮ, ਕੋਤਵਾਲ।

محتشم ***ਮੁਹ਼ਤਸ਼ਿਮ*** : ਸ਼ਾਨ ਸੌਕਤ ਵਾਲਾ, ਨੌਕਰ ਚਾਕਰ ਤੇ ਧਨ ਦੌਲਤ ਵਾਲਾ, ਮਾਣ ਸਤਕਾਰ ਵਾਲਾ।

محجوب ***ਮਹ਼ਜੂਬ*** : ਪਰਦੇ ਵਿਚ ਲੁਕਿਆ ਹੋਇਆ, ਲੁਪਤ, ਸ਼ਰਮਿੰਦਾ।

محدِث ***ਮੁਹ਼ੱਦਿਸ*** : ਨਵੀਂ ਗੱਲ ਕੱਢਣ ਵਾਲਾ।

محدث ***ਮੁਹ਼ਦਸ*** : ਟੁਟਿਆ ਹੋਇਆ, ਵੂਜ਼ੂ ਟੁਟਿਆ ਹੋਇਆ, ਨਾਪਾਕ, ਪਲੀਤ, ਨਵਾਂ ਪੈਦਾ ਕੀਤਾ ਹੋਇਆ।

محدِّث ***ਮੁਹ਼ੱਦਿਸ*** : ਇਲਮ ਹਦੀਸ ਦਾ ਵਿਦਵਾਨ।

محدود ***ਮਹ਼ਦੂਦ*** : ਘਿਰਿਆ ਹੋਇਆ, ਜੋ ਕਿਸੇ ਹੱਦ ਵਿਚ ਹੋਵੇ।

محذوف ***ਮਹ਼ਜ਼ੂਫ਼*** : ਹਜ਼ਫ਼ ਕੀਤਾ ਗਿਆ, ਦੂਰ ਕੀਤਾ ਗਿਆ, ਓਹ ਅੱਖਰ ਜਿਸ ਨੂੰ ਸ਼ਬਦ ਵਿਚੋਂ ਡੇਗ ਦਿਤਾ ਗਿਆ ਹੋਵੇ।

محراب ***ਮਿਹ਼ਰਾਬ*** : ਮਸਜਦ ਵਿਚ ਕਮਾਨ ਦੀ ਸ਼ਕਲ ਦਾ ਓਹ ਤਾਕ ਜੋ ਇਮਾਮ ਦੇ ਖਲੋਣ ਲਈ ਬਣਾਇਆ ਜਾਂਦਾ ਹੈ; ਡਾਟ, ਗੋਲ ਦਰਵਾਜ਼ਾ।

محرابِ‌جمشید ***ਮਿਹ਼ਰਾਬ-ਏ-***

ਜਮਸ਼ੈਦ : ਜਮਸ਼ੈਦ ਦਾ ਪਿਆਲਾ; ਸੂਰਜ; ਅੱਗ।

محراب‌گاه *ਮਿਹਰਾਬਗਾਹ* : ਮਸਜਦ, ਮਸਜਦ ਵਿਚ ਸਿਜਦਾ ਕਰਨ ਦੀ ਥਾਂ।

محرّر *ਮੁਹੱਰਿਰ* : ਲਿਖਣ ਵਾਲਾ, ਮੁਨਸ਼ੀ, ਗ਼ੁਲਾਮ ਨੂੰ ਅਜ਼ਾਦ ਕਰਨ ਵਾਲਾ।

محرّران‌فلک *ਮੁਹਰਿਰਾਨ-ਏ-ਫ਼ਲਕ* : ਸੱਤ ਸਤਾਰੇ।

محرق *ਮੁਹਰਿਕ* : ਸਾੜਨ ਵਾਲਾ, ਅੱਗ ਲਾਉਣ ਵਾਲਾ।

محرّقه *ਮੁਹੱਰਿਕਾ* : ਅੱਗ ਲਾਉਣ ਵਾਲੀ, ਇਕ ਤਾਪ ਦਾ ਨਾਮ, ਟਾਈਫਾਈਡ ਬੁਖ਼ਾਰ।

محرّک *ਮੁਹੱਰਿਕ* : ਹਰਕਤ ਦੇਣ ਵਾਲਾ, ਹਿਲਾਉਣ ਵਾਲਾ, ਉਕਸਾਉਣ ਵਾਲਾ, ਉਤੇਜਤ ਕਰਨ ਵਾਲਾ।

محرّم *ਮਹਰਮ* : ਇਸਤਰੀ ਦਾ ਓਹ ਨਜ਼ਦੀਕੀ ਰਿਸ਼ਤੇਦਾਰ ਜਿਸ ਨਾਲ ਉਸ ਦਾ ਨਿਕਾਹ ਹਰਾਮ ਹੋਵੇ, ਓਹ ਵਿਅਕਤੀ ਜਿਸ ਤੋਂ ਪਰਦਾ ਜ਼ਰੂਰੀ ਨਾ ਹੋਵੇ, ਵਾਕਫ਼ਕਾਰ, ਰਾਜ਼ਦਾਰ।

محرم‌راز *ਮਹਰਮ-ਏ-ਰਾਜ਼* : ਭੇਤ ਜਾਣਨ ਵਾਲਾ, ਭੇਤੀ, ਰਾਜ਼ਦਾਨ।

محرّم *ਮੁਹੱਰਮ* : ਹਰਾਮ ਕੀਤਾ ਗਿਆ, ਇੱਜ਼ਤ ਕੀਤਾ ਗਿਆ, ਇਸਲਾਮੀ ਸਾਲ/ਹਿਜਰੀ ਸਾਲ ਦੇ ਪੈਹਲੇ ਮਹੀਨੇ ਦਾ ਨਾਮ।

محروم *ਮਹਰੂਮ* : ਰੋਕਿਆ ਗਿਆ, ਅਭਾਗਾ, ਨਾਮੁਰਾਦ, ਵਾਂਝਾ।

محرومی *ਮਹਰੂਮੀ,* محرومیت *ਮਹਰੂਮੀਯਤ* : ਨਿਰਾਸ਼ਾ, ਨਾਕਾਮੀ, ਮਾਯੂਸੀ।

محسن *ਮੁਹਸਿਨ* : ਇਹਸਾਨ ਕਰਨ ਵਾਲਾ, ਨੇਕੀ ਕਰਨ ਵਾਲਾ, ਨੇਕ ਆਦਮੀ, ਸਖ਼ੀ, ਮਦਦਗਾਰ।

محسنه *ਮੁਹਸਿਨਾ* : ਉਪਰੋਕਤ ਦਾ ਇਸਤਰੀ ਲਿੰਗ, ਨੇਕੀ ਕਰਨ ਵਾਲੀ ਇਸਤਰੀ।

محسنین *ਮੁਹਸਿਨੀਨ* : ਨੇਕ ਔਰਤ, ਮੁਹਸਿਨ ਦਾ ਬੌਹਵਚਨ, ਨੇਕੀਆਂ ਕਰਨ ਵਾਲੇ, ਨੇਕ ਮਰਦ।

محسنی *ਮੁਹਸਿਨੀ* : ਮੁਹਸਿਨ ਨਾਲ ਸਬੰਧਤ।

محسوب *ਮਹਸੂਬ* : ਹਿਸਾਬ ਕੀਤਾ ਗਿਆ, ਗਿਣਿਆ ਗਿਆ, ਹਿਸਾਬ ਵਿਚ ਲਾਇਆ ਹੋਇਆ।

محسوس *ਮਹਸੂਸ* : ਹਿੱਸ ਕੀਤਾ ਗਿਆ, ਜੇਹੜੀ ਚੀਜ਼ ਅਨੁਭਵ ਕੀਤੀ ਜਾ ਸਕੇ ਅਰਥਾਤ ਪੰਜਾਂ ਗਿਆਨ ਇੰਦਰਿਆਂ ਵਿਚੋਂ ਇਕ ਦੁਆਰਾ ਮਲੂਮ ਕੀਤੀ ਜਾ ਸਕੇ, ਮਲੂਮ ਕੀਤੀ ਹੋਈ ਚੀਜ਼, ਪਰਗਟ।

محسوسات *ਮਹਸੂਸਾਤ* : ਉਪਰੋਕਤ ਦਾ ਬੌਹਵਚਨ।

محشر *ਮਹਸ਼ਰ* : ਕਿਆਮਤ (ਕਿਯਾਮਤ) ਦਾ ਮੈਦਾਨ, ਕਿਆਮਤ ਦੇ ਦਿਨ ਲੋਕਾਂ ਦੇ ਇਕੱਠੇ ਹੋਣ ਦੀ ਥਾਂ।

محشرخرام *ਮਹਸ਼ਰ-ਖ਼ਿਰਾਮ,* محشرقد *ਮਹਸ਼ਰ-ਕਦ* : ਮਸ਼ੂਕ।

محشور *ਮਹਸ਼ੂਰ* : ਕਿਆਮਤ ਦੇ ਦਿਨ ਚੁੱਕਿਆ ਗਿਆ।

محشّه *ਮੁਹੱਸ਼ਾ* : ਜਿਸ 'ਤੇ ਹਾਸ਼ੀਆ ਚੜ੍ਹਾਇਆ ਗਿਆ ਹੋਵੇ, ਹਾਸ਼ੀਏ 'ਚ ਕੁਝ ਲਿਖਿਆ ਜਾਂ ਬਣਾਇਆ ਗਿਆ ਹੋਵੇ, ਹਾਸ਼ੀਆਦਾਰ, ਵੇਰਵੇ ਨਾਲ ਲਿਖਿਆ ਹੋਵੇ।

محشّی *ਮੁਹੱਸ਼ੀ* : ਹਾਸ਼ੀਆ ਚੜ੍ਹਾਉਣ ਵਾਲਾ, ਪੁਸਤਕ ਜਾਂ ਕਿਸੇ ਚੀਜ਼ ਨੂੰ ਹਾਸ਼ੀਏ ਜਾਂ ਬਾਰਡਰ ਨਾਲ ਸਜਾਉਣ ਵਾਲਾ।

محصّل *ਮੁਹੱਸਿਲ* : ਹਾਸਲ ਕਰਨ ਵਾਲਾ, ਮਾਮਲਾ ਉਗਰਾਹੁਣ ਵਾਲਾ, ਕਰ ਲੈਣ ਵਾਲਾ।

محصور *ਮਹਸੂਰ* : ਘਿਰਿਆ ਹੋਇਆ, ਕਿਲ੍ਹਾ-ਬੰਦ।

محصول *ਮਹਸੂਲ* : ਹਾਸਲ ਕੀਤਾ ਗਿਆ, ਕਰ, ਚੁੰਗੀ, ਖ਼ਰਾਜ, ਲਗਾਨ, ਉਜਰਤ।

محض *ਮਹਜ਼* : ਨਿਰਾ, ਕੇਵਲ, ਸਿਰਫ਼,

ਬਿਲਕੁਲ, ਸਾਰਾ।

محض غلط ***ਮਹਜ਼ ਗ਼ਲਤ*** : ਬਿਲਕੁਲ ਗ਼ਲਤ।

محض قید ***ਮਹਜ਼ ਕੈਦ*** : ਸਾਦਾ ਕੈਦ (ਜੋ ਬਾ-ਮੁਸ਼ੱਕਤ ਨਾ ਹੋਵੇ)।

محض ناچیز ***ਮਹਜ਼ ਨਾ ਚੀਜ਼*** : ਅਸਲੋਂ ਤੁੱਛ ਵਸਤੂ।

محضر ***ਮਹਜ਼ਰ*** : ਕਿਸੇ ਹਾਕਮ ਦਾ ਤਸਦੀਕ ਕੀਤਾ ਹੋਇਆ ਕਾਗ਼ਜ਼, ਵਸੀਲਾ, ਹਾਜ਼ਰ ਹੋਣ ਦਾ ਸਥਾਨ ਜਾਂ ਸਮਾਂ, ਹਾਜ਼ਰ ਹੋਣਾ, ਸਾਮ੍ਹਣਾ।

محضر خانہ ***ਮਹਜ਼ਰ ਖ਼ਾਨਾ*** : ਹਾਜ਼ਰ ਹੋਣ ਦੀ ਥਾਂ, ਅਦਾਲਤ, ਕਚੈਹਰੀ।

محضر نامہ ***ਮਹਜ਼ਰਨਾਮਾ*** : ਕਚੈਹਰੀ ਵਿਚ ਹਾਜ਼ਰ ਹੋਣ ਦੇ ਸੰਮਣ, ਲੋਕਾਂ ਦਾ ਯਾਦ-ਪੱਤਰ, ਹਾਜ਼ਰ-ਲੋਕਾਂ ਦੀ ਸੂਚੀ।

محفل ***ਮਹਫ਼ਿਲ*** : ਮਜਲਸ, ਆਦਮੀਆਂ ਦੇ ਇਕੱਤਰ ਹੋਣ ਦਾ ਸਥਾਨ ਜਾਂ ਸਮਾਂ, ਇਕੱਠ, ਇਕੱਤਰਤਾ, ਸਭਾ, ਸੁਸਾਇਟੀ।

محفلِ نام و ننگ ***ਮਹਫ਼ਿਲ-ਏ-ਨਾਮ-ਉ-ਨੰਗ*** : ਕਿਆਮਤ (ਕਿਯਾਮਤ)।

محفلِ ہستی ***ਮਹਫ਼ਿਲ-ਏ-ਹਸਤੀ*** : ਸੰਸਾਰ।

محفوظ ***ਮਹਫ਼ੂਜ਼*** : ਹਿਫ਼ਾਜ਼ਤ ਵਿਚ ਰਖਿਆ ਗਿਆ, ਸੁਰੱਖਿਅਤ, ਸਹੀ ਸਲਾਮਤ, ਯਾਦ ਕੀਤਾ ਗਿਆ, ਯਾਦ ਵਿਚ ਸੁਰੱਖਿਅਤ।

محفہ ***ਮਹਫ਼ਾ*** : ਡੋਲੀ, ਪਾਲਕੀ।

محقّر ***ਮੁਹੱਕਰ*** : ਹਕੀਰ ਸਮਝਿਆ ਗਿਆ, ਜ਼ਲੀਲ, ਹਕੀਰ, ਕਮੀਨਾ।

محقّق ***ਮੁਹੱਕਿਕ*** : ਤੈਹਕੀਕ ਕਰਨ ਵਾਲਾ, ਹਕੀਕਤ ਦੀ ਭਾਲ ਕਰਨ ਵਾਲਾ, ਅਸਲੀਅਤ ਲੱਭਣ ਦਾ ਚਾਹਵਾਨ, ਦਲੀਲ ਨਾਲ ਗੱਲ ਸਿੱਧ ਕਰਨ ਵਾਲਾ, ਫ਼ਲਸਫ਼ੀ।

محقّقین ***ਮੁਹੱਕਿਕੀਨ*** : ਉਪਰੋਕਤ ਦਾ ਬੈਂਹਵਚਨ।

محک ***ਮਿਹਕ*** : ਸੋਨੇ ਚਾਂਦੀ ਨੂੰ ਪਰਖਣ ਵਾਲਾ ਕਾਲਾ ਪੱਥਰ, ਕਸਵੱਟੀ, ਕਸੌਟੀ।

محکِ زرِ ایمان ***ਮਿਹਕ-ਏ-ਜ਼ਰ-ਏ-ਈਮਾਨ*** : ਈਮਾਨ ਦੀ ਕਸਵੱਟੀ, ਕਾਅਬੇ ਅੰਦਰਲਾ ਪਵਿੱਤਰ ਕਾਲਾ ਪੱਥਰ।

محکِ زرین ***ਮਿਹਕ-ਏ-ਜ਼ੱਰੀਨ*** : ਘਸਵੱਟੀ, ਕਾਅਬੇ ਦਾ ਕਾਲਾ ਪੱਥਰ।

محکم ***ਮੁਹਕਮ*** : ਮਜ਼ਬੂਤ, ਪੱਕਾ।

محکمات ***ਮੁਹਕਮਾਤ*** : ਕੁਰਾਨ ਸ਼ਰੀਫ਼ ਦੀਆਂ ਉਹ ਆਇਤਾਂ ਜਿਨ੍ਹਾਂ ਦੇ ਅਰਥ ਸਾਫ਼ ਤੇ ਸਪਸ਼ਟ ਹਨ।

محکمہ ***ਮਹਕਮਾ*** : ਹੁਕਮ ਕਰਨ ਦੀ ਥਾਂ, ਅਦਾਲਤ, ਕਚੈਹਰੀ, ਦਰਬਾਰ, ਵਿਭਾਗ, ਦਫ਼ਤਰ।

محکوم ***ਮਹਕੂਮ*** : ਹੁਕਮ ਕੀਤਾ ਗਿਆ, ਅਧੀਨ, ਆਗਿਆਕਾਰ।

محل ***ਮਹਲ*** : ਮਕਾਨ, ਘਰ, ਜਗ੍ਹਾ, ਸਥਾਨ, ਮੌਕਾ, ਸਮਾਂ, ਬਾਦਸ਼ਾਹ ਦੇ ਮਕਾਨ ਦੇ ਰਥਾਂ ਵਿਚ ਵੀ ਆਉਂਦਾ ਹੈ।

محل سرای ***ਮਹਲਸਰਾਯ*** : ਬਾਦਸ਼ਾਹ ਤੇ ਅਮੀਰ ਦਾ ਜਨਾਨਖ਼ਾਨਾ, ਹਰਮਸਰਾ।

محلِ نظر ***ਮਹਲ-ਏ-ਨਜ਼ਰ*** : ਇਤਰਾਜ਼ ਦੀ ਜਗ੍ਹਾਂ।

محلّات ***ਮਹੱਲਾਤ*** : ਮਹੱਲਾ **محلہ** ਦਾ ਬੈਂਹਵਚਨ।

محلّہ ***ਮਹੱਲਾ*** : ਮਕਾਮ, ਸਥਾਨ, ਮਕਾਨ, ਉਤਰਨ ਦੀ ਥਾਂ, ਸ਼ੈਹਰ ਦਾ ਹਿੱਸਾ, ਗਲੀ ਆਦਿ।

مُحمّد ***ਮੁਹੰਮਦ*** : ਬੌਹਤ ਸਲਾਹਿਆ ਗਿਆ; ਹਜ਼ਰਤ ਮੁਹੰਮਦ ਸਾਹਿਬ ਇਸਲਾਮ ਦਾ ਬਾਨੀ; ਆਪ ਅਰਬ ਦੇ ਸ਼ਰੀਫ਼ ਕਬੀਲੇ ਕੁਰੈਸ਼ ਵਿੱਚੋ ਸਨ, ਪਿਤਾ ਦਾ ਨਾਮ ਅਬਦੁੱਲਾਹ ਅਤੇ ਮਾਤਾ ਦਾ ਨਾਮ ਆਮਨਾ ਸੀ, ਆਪ ਦਾ ਸਿਲਸਿਲਾ ਹਜ਼ਰਤ ਇਸਮਾਈਲ ਬਿਨ ਇਬਰਾਹੀਮ ਨਾਲ ਮਿਲਦਾ ਹੈ, ਆਪ ਮੱਕਾ ਸ਼ਰੀਫ਼ ਵਿਖੇ ੨੨ ਅਪ੍ਰੈਲ ੫੭੧ ਈ. ਨੂੰ ਪੈਦਾ ਹੋਏ, ਚਾਲੀ ਸਾਲ ਦੀ ਆਯੂ ਵਿਚ ਨਬੀ ਹੋਣ ਦਾ ਦਾਅਵਾ ਕੀਤਾ ੬੩ ਸਾਲ ਦੀ ਉਮਰ ਭੋਗ ਕੇ ੮

ਜੂਨ ੬੩੩ ਈ. ਨੂੰ ਮਦੀਨਾ ਵਿਖੇ ਵਫ਼ਾਤ ਪਾਈ।

محمّدی ***ਮੁਹੰਮਦੀ*** : ਹਜ਼ਰਤ ਮੁਹੰਮਦ ਸਾਹਿਬ ਨਾਲ ਸਬੰਧਤ, ਮੁਸਲਮਾਨ ।

محمّدپسریحیٰ ***ਮੁਹੰਮਦ ਪਿਸਰ-ਏ-ਯਹਯਾ*** : ਇਮਾਮ ਮੁਹੰਮਦ ਗ਼ਜ਼ਾਲੀ।

محمل ***ਮਹਮਿਲ*** : ਊਠ ਦਾ ਕਜਵਾ।

محمود ***ਮਹਮੂਦ*** : ਤਰੀਫ਼ ਕੀਤਾ ਗਿਆ।

محمودغزنوی ***ਮਹਮੂਦ ਗ਼ਜ਼ਨਵੀ*** : ਗ਼ਜ਼ਨੀ ਦੇ ਪਰਸਿੱਧ ਬਾਦਸ਼ਾਹ ਸਬੁਕਤਗੀਨ ਦੇ ਪੁੱਤਰ ਦਾ ਨਾਮ ਜਿਸ ਨੇ ੯੯੭ ਤੋਂ ੧੦੩੦ ਈ. ਤੱਕ ਰਾਜ ਕੀਤਾ, ਉਸ ਨੇ ਹਿੰਦੁਸਤਾਨ ਉਤੇ ਸਤਾਰ੍ਹਾਂ ਹਮਲੇ ਕੀਤੇ।

محموده ***ਮਹਮੂਦਾ*** : ਓਹ ਇਸਤਰੀ ਜਿਸ ਦੀ ਤਰੀਫ਼ ਕੀਤੀ ਗਈ ਹੋਵੇ।

محمودی ***ਮਹਮੂਦੀ*** : ਅਰਬ ਦੇ ਇਕ ਚਾਂਦੀ ਦੇ ਸਿੱਕੇ ਦਾ ਨਾਮ ਜੋ ਢਾਈ ਆਨੇ ਦੇ ਬਰਾਬਰ ਹੁੰਦਾ ਹੈ, ਇਕ ਪਰਕਾਰ ਦੀ ਬਰੀਕ ਮਲਮਲ।

محمول ***ਮਹਮੂਲ*** : ਲੱਦਿਆ ਗਿਆ, ਜਿਸ ਤੇ ਭਾਰ ਪਾਇਆ ਜਾਵੇ, ਗੁਮਾਨ ਕੀਤਾ ਗਿਆ।

محن ***ਮਹਨ*** : ਬਖ਼ਸ਼ਣਾ, ਅਜ਼ਮਾਉਣਾ, ਮਾਰਨਾ।

محن ***ਮਿਹਨ*** : (ਮਿਹਨਤ محنت ਦਾ ਬੌਹਵਚਨ) ਮੇਹਨਤਾਂ, ਤਕਲੀਫ਼ਾਂ।

محنت ***ਮਿਹਨਤ*** : ਇਮਤਿਹਾਨ, ਅਜਮਾਇਸ਼, ਸਖ਼ਤੀ, ਤਕਲੀਫ਼।

محنتانه ***ਮਿਹਨਤਾਨਾ*** : ਕੰਮ ਦੀ ਮਜ਼ਦੂਰੀ, ਸੇਵਾ ਦਾ ਹੱਕ, ਮੇਹਨਤ ਦੀ ਉਜਰਤ।

محنتسرای ***ਮਿਹਨਤ ਸਰਾਯ*** : ਮੇਹਨਤ ਦਾ ਘਰ, ਸੰਸਾਰ।

محنتِشاقه ***ਮਿਹਨਤ-ਏ-ਸ਼ਾਕਾ*** : ਸਖ਼ਤ ਮੇਹਨਤ।

محنتی ***ਮਿਹਨਤੀ*** : ਮੇਹਨਤ ਕਰਨ ਵਾਲਾ, ਉੱਦਮੀ।

محو ***ਮਹਵ*** : ਮਿਟਾਣਾ, ਦੂਰ ਕਰਨਾ, ਫ਼ਨਾ ਹੋਣਾ, ਗੁੰਮ ਹੋਣਾ; ਮਿਟਿਆ ਹੋਇਆ, ਫ਼ਨਾ; ਲੀਨ ਹੋਣਾ; ਦੂਰ ਹੋਣਾ।

محور ***ਮਿਹਵਰ*** : ਓਹ ਸ਼ੈ ਜਿਸ ਉਪਰ ਕੋਈ ਚੀਜ਼ ਘੁੰਮੇ ਜਿਵੇਂ ਗੱਡ ਦਾ ਧੁਰਾ, ਓਹ ਫਰਜ਼ੀ ਲੀਕ ਜਿਸ ਦਾ ਇਕ ਸਿਰਾ ਉੱਤਰੀ ਧਰੂ ਨਾਲ ਤੇ ਦੂਜਾ ਦੱਖਣੀ ਧਰੂ ਨਾਲ ਜੁੜਿਆ ਹੋਇਆ ਹੈ ਤੇ ਜਿਸ ਦੇ ਗਿਰਦ ਧਰਤੀ ਘੁੰਮਦੀ ਹੈ।

محی الدّین ***ਮੁਹੀ-ਉਦ-ਦੀਨ*** : ਦੀਨ ਨੂੰ ਜ਼ਿੰਦਾ ਕਰਨ ਵਾਲਾ, ਹਜ਼ਰਤ ਸ਼ੈਖ਼ ਅਬਦੁਲ ਕਾਦਿਰ ਜੀਲਾਨੀ ਦੀ ਉਪਾਧੀ।

محیط ***ਮੁਹੀਤ*** : ਘੇਰਨ ਵਾਲਾ, ਦਾਇਰੇ ਦੀ ਗੋਲ ਲੀਕ, ਸਮੁੰਦਰ ਜੋ ਸਾਰੀ ਧਰਤੀ ਨੂੰ ਘੇਰੀ ਬੈਠਾ ਹੈ, ਫ਼ਿੱਕਾ ਦੀ ਇਕ ਕਿਤਾਬ ਦਾ ਨਾਮ ਜਿਸ ਦਾ ਕਰਤਾ ਇਮਾਮ ਮੁਹੰਮਦ ਹੈ, ਇਕ ਅਰਬੀ ਕੋਸ਼ ਦਾ ਨਾਮ।

مخادیم ***ਮਖ਼ਾਦੀਮ*** : (ਮਖ਼ਦੂਮ مخدوم ਦਾ ਬੌਹਵਚਨ) ਖ਼ਿਦਮਤਯੋਗ ਲੋਕ, ਬਜ਼ੁਰਗ ਮੁਖੀਏ।

مخارج ***ਮਖ਼ਾਰਿਜ*** : (ਮਖ਼ਰਜ مخرج ਦਾ ਬੌਹਵਚਨ) ਬਾਹਰ ਨਿਕਲਣ ਦੀਆਂ ਥਾਵਾਂ, ਸੋਮੇਂ, ਸਰੋਤ।

مخاصمه/مخاصمت ***ਮੁਖ਼ਾਸਮਾ/ਮੁਖ਼ਾਸਮਤ*** : ਪਰਸਪਰ ਦੁਸ਼ਮਣੀ, ਵੈਰ, ਲੜਾਈ, ਝਗੜਾ, ਲਾਗ ਡਾਟ।

مخاطب ***ਮੁਖ਼ਾਤਬ*** : ਜਿਸ ਨਾਲ ਗੱਲ ਕੀਤੀ ਜਾਵੇ, ਜਿਸ ਨੂੰ ਸੰਬੋਧਨ ਕੀਤਾ ਜਾਵੇ।

مخاطب ***ਮੁਖ਼ਾਤਿਬ*** : ਸੰਬੋਧਨ ਕਰਨ ਵਾਲਾ, ਸਾਮ੍ਹਣੇ ਬੋਲਣ ਵਾਲਾ, ਗੁੱਸੇ ਹੋਣ ਵਾਲਾ।

مخاطبات ***ਮੁਖ਼ਾਤਬਾਤ*** : ਮੁਖ਼ਾਤਬਤ ਦਾ ਬੌਹਵਚਨ।

مخاطبت ***ਮੁਖ਼ਾਤਬਤ,*** مخاطبه ***ਮੁਖ਼ਾਤਬਾ*** : ਆਪਸ ਦੀ ਗੱਲ, ਖ਼ਤ, ਪੱਤਰ।

مخاطره ***ਮੁਖ਼ਾਤਰਾ*** : ਖਤਰਾ; ਡਰ; ਫ਼ਿਕਰ, ਦਿਲ ਵਿਚ ਆਉਣ ਵਾਲੀ ਗੱਲ।

مخالف ***ਮੁਖ਼ਾਲਿਫ਼*** : ਵਿਰੋਧ ਕਰਨ ਵਾਲਾ,

ਵੈਰੀ।

مخالفت ***ਮੁਖ਼ਾਲਿਫ਼ਤ*** : ਪਰਸਪਰ ਖ਼ਿਲਾਫ਼ ਹੋਣਾ, ਪਰਸਪਰ ਭੇਦ ਭਾਵ ਹੋਣਾ, ਦੁਸ਼ਮਣੀ, ਵੈਰ।

مخبر ***ਮੁਖ਼ਬਿਰ*** : ਖ਼ਬਰ ਦੇਣ ਵਾਲਾ, ਜਸੂਸ, ਸੂਹੀਆ।

مخبرِصادق ***ਮੁਖ਼ਬਿਰ-ਏ-ਸਾਦਿਕ*** : ਸੱਚੀ ਖ਼ਬਰ ਦੇਣ ਵਾਲਾ, ਹਜ਼ਰਤ ਮੁਹੰਮਦ ਸਾਹਿਬ ਤੋਂ ਭਾਵ ਹੈ।

مخبوط ***ਮਖ਼ਬੂਤ*** : ਖ਼ਬਤੀ, ਕਨੂੰਨੀ, ਬਦਹਵਾਸ।

مخبوطالحواس ***ਮਖ਼ਬੂਤ-ਉਲ-ਹਵਾਸ*** : ਜਿਸ ਦੇ ਹੋਸ਼ ਹਵਾਸ ਜਾਂਦੇ ਰਹੇ ਹੋਣ, ਪਾਗਲ, ਸੁਦਾਈ।

مختار ***ਮੁਖ਼ਤਾਰ*** : ਜਿਸ ਨੂੰ ਇਖ਼ਤਿਆਰ ਦਿੱਤਾ ਗਿਆ ਹੋਵੇ, ਇਖ਼ਤਿਆਰ ਕਰਨ ਵਾਲਾ, ਅਧਕਾਰ ਵਾਲਾ, ਚੁਣਿਆ ਹੋਇਆ, ਪਸੰਦ ਕੀਤਾ ਗਿਆ।

مختارِحق ***ਮੁਖ਼ਤਾਰ-ਏ-ਹੱਕ*** : ਰੱਬ ਦਾ ਚੁਣਿਆ ਹੋਇਆ, ਹਜ਼ਰਤ ਮੁਹੰਮਦ ਸਾਹਿਬ ਤੋਂ ਭਾਵ ਹੈ।

مختارِعام ***ਮੁਖਤਾਰ-ਏ-ਆਮ,*** **مختارِکل** ***ਮੁਖਤਾਰ-ਏ-ਕੁਲ,*** **مختارِمطلق** ***ਮੁਖਤਰ-ਏ-ਮੁਤਲਕ*** : ਜਿਸ ਨੂੰ ਹਰ ਗੱਲ ਦਾ ਪੂਰਾ ਅਧਕਾਰ ਹੋਵੇ, ਮੁੱਖ ਪਰਬੰਧਕ।

مختارنامه ***ਮੁਖ਼ਤਾਰਨਾਮਾ*** : ਅਧਕਾਰ ਪਤਰ।

مختصر ***ਮੁਖ਼ਤਸਰ*** : ਛੋਟਾ; ਨਿੱਕਾ, ਸੰਖਿਪਤ, ਖ਼ੁਲਾਸਾ, ਸਾਰ, ਮਮੂਲੀ, ਇਸਲਾਮੀ ਕਨੂੰਨ ਦੀ ਇਕ ਕਿਤਾਬ ਦਾ ਨਾਮ।

مختصراً ***ਮੁਖ਼ਤਸਰਨ*** : ਸੰਖੇਪ ਵਿਚ, ਖ਼ੁਲਾਸੇ ਦੇ ਤੌਰ ਤੇ, ਸਾਰ ਦੇ ਤੌਰ 'ਤੇ।

مختلف ***ਮੁਖ਼ਤਲਫ*** : ਭਿੰਨ ਭੇਦ ਵਾਲਾ, ਵਿਰੋਧਮਈ।

مختلف ***ਮੁਖ਼ਤਲਿਫ਼*** : ਵਖਰਾ, ਅੱਡਰਾ, ਭਾਂਤ ਭਾਂਤ ਦਾ, ਅਲੱਗ ਅਲੱਗ।

مختلففیه ***ਮੁਖ਼ਤਲਿਫ਼-ਫੀਹ*** : ਓਹ ਗੱਲ ਜਿਸ ਵਿਚ ਇਖ਼ਤਲਾਫ਼ ਹੋਵੇ।

مخدوش ***ਮਖ਼ਦੂਸ਼*** : ਛਿੱਲਿਆ ਹੋਇਆ, ਓਹ ਗੱਲ ਜਿਸ ਵਿਚ ਖ਼ਦਸ਼ਾ (ਡਰ) ਹੋਵੇ, ਸ਼ੱਕ ਕੀਤਾ ਗਿਆ।

مخدوم ***ਮਖ਼ਦੂਮ*** : ਖ਼ਿਦਮਤ ਕੀਤਾ ਗਿਆ, ਸੇਵਾਯੋਗ, ਸਰਕਾਰ, ਮੁਖੀ, ਮਾਲਕ, ਸੁਆਮੀ।

مخدومی ***ਮਖ਼ਦੂਮੀ*** : ਵੱਡਾ ਮਾਲਕ।

مخرج ***ਮਖ਼ਰਜ*** : ਨਿਕਲਣ ਦੀ ਥਾਂ, ਸੋਮਾਂ, ਸਰੋਤ।

مخروط ***ਮਖ਼ਰੂਤ*** : ਖਰਾਦ ਤੇ ਚੜ੍ਹਾਇਆ ਗਿਆ, ਤਰਾਸ਼ਿਆ/ਛਿੱਲਿਆ ਹੋਇਆ, ਗਾਜਰ ਦੀ ਸ਼ਕਲ ਦਾ, ਗਾਂ ਦੀ ਪੂਛ ਵਰਗੀ ਨੁਕੀਲੀ।

مخروطی ***ਮਖ਼ਰੂਤੀ*** : ਗਾਜਰ ਦੀ ਸ਼ਕਲ ਵਰਗਾ, ਗਾਂ ਦੀ ਪੂਛ ਵਰਗਾ ਨੁਕੀਲਾ।

مخزن ***ਮਖ਼ਜ਼ਨ*** : (ਖ਼ਜ਼ਾਨਾ **خزانه** ਦਾ ਬੌਹਵਚਨ) ਜਮ੍ਹਾ ਕਰਨ ਦੀ ਜਗ੍ਹਾ, ਗੁਦਾਮ, ਭੰਡਾਰ, ਖ਼ਜ਼ਾਨੇ।

مخصوص ***ਮਖ਼ਸੂਸ*** : ਖ਼ਾਸ ਕੀਤਾ ਗਿਆ, ਨਿਸ਼ਚਤ ਕੀਤਾ ਗਿਆ।

مخلَص ***ਮੁਖ਼ਲਸ*** : ਖ਼ਾਲਸ ਕੀਤਾ ਗਿਆ, ਸ਼ੁੱਧ ਕੀਤਾ ਗਿਆ, ਮੁਕਤ ਕੀਤਾ ਗਿਆ।

مخلِص ***ਮੁਖ਼ਲਿਸ*** : ਖ਼ਾਲਸ, ਸੱਚਾ, ਵਫ਼ਾਦਾਰ (ਦੋਸਤ), ਖ਼ਲਾਸੀ ਕਰਵਾਉਣ ਵਾਲਾ, ਮੁਕਤ ਕਰਨ ਵਾਲਾ।

مخلِصی ***ਮੁਖ਼ਲਿਸੀ*** : ਖ਼ਲਾਸੀ, ਛੁਟਕਾਰਾ।

مخلوط ***ਮੁਖ਼ਲੂਤ*** : ਖ਼ਲਤ ਮਲਤ, ਮਿਲਿਆ ਹੋਇਆ, ਮਿਲਿਆ ਜੁਲਿਆ, ਮਿਸ਼ਰਤ, ਗੱਡ-ਮੱਡ।

مخلوطالنسل ***ਮਖ਼ਲੂਤੁੰਨਸਲ*** : ਦੋਹਰੀ ਨਸਲ ਦਾ, ਦੋਗਲਾ।

مخلوق ***ਮਖ਼ਲੂਕ*** : ਪੈਦਾ ਕੀਤਾ ਹੋਇਆ, ਸ੍ਰਿਸਟੀ ਦੀ ਹਰ ਰਚਨਾ, ਸੰਸਾਰ।

مخلوقات ***ਮਖ਼ਲੂਕਾਤ*** : (ਮਖ਼ਲੂਕ **مخلوق** ਦਾ ਬੌਹਵਚਨ) ਖ਼ੁਦਾ ਤੋਂ ਬਿਨਾ ਬਾਕੀ ਸਾਰੀਆਂ ਚੀਜ਼ਾਂ, ਸੰਸਾਰ, ਦੁਨੀਆ ਦੇ ਲੋਕ।

مخمل ***ਮਖ਼ਮਲ*** : ਪਰਸਿੱਧ ਰੇਸ਼ਮੀ ਕੱਪੜਾ ਜੋ ਬੜਾ ਨਰਮ ਹੁੰਦਾ ਹੈ।

مخمل‌باف ***ਮਖ਼ਮਲ-ਬਾਫ਼*** : ਮਖ਼ਮਲ ਬਣਾਉਣ ਵਾਲਾ।

مخملی ***ਮਖ਼ਮਲੀ*** : ਮਖ਼ਮਲ ਨਾਲ ਸਬੰਧਤ, ਮਖ਼ਮਲ ਦਾ।

مخنّث ***ਮੁਖ਼ੱਨਸ*** : ਹੀਜੜਾ, ਨਪੁੰਸਿਕ।

مدّ ***ਮੱਦ*** : ਕਸ਼ਸ; ਖਿੱਚ, ਖਿਚਾ; ਲੰਮਾਈ; ਚੜ੍ਹਾ, ਖਿੱਚਣਾ, ਲੰਮਾ ਕਰਨਾ, ਵਾਧਾ; ਓਹ ਲੀਕ ਜੋ ਅਲਿਫ਼ ਉਤੇ ਖਿਚੀ ਜਾਂਦੀ ਹੈ ਜਾਂ ਹਿਸਾਬ ਦੀ ਕਿਸੇ ਰਕਮ ਉਤੇ ਖਿੱਚੀ ਜਾਂਦੀ ਹੈ ਸਮੁੰਦਰ ਦੇ ਪਾਣੀ ਦਾ ਚੜ੍ਹਨਾ, ਜਵਾਰਭਾਟਾ ਸਿਆਹੀ ਲੈਣਾ।

مدِبلبل ***ਮਦ-ਏ-ਬੁਲਬੁਲ*** : ਬੁਲਬੁਲਾਂ ਦਾ ਗੀਤ।

مدِسرمہ ***ਮਦ-ਏ-ਸੁਰਮਾ*** : ਸੁਰਮੇ ਦੀ ਧਾਰੀ।

مدِنظر ***ਮਦ-ਏ-ਨਜ਼ਰ*** : ਜਿਥੋਂ ਤੱਕ ਵਿਖਾਈ ਦੇਵੇ, ਨਜ਼ਰ ਦੇ ਸਾਹਮਣੇ।

مدوجزر ***ਮੱਦ-ਉ-ਜਜ਼ਰ*** : ਉਤਰਾ-ਚੜ੍ਹਾ।

مدّاح ***ਮੱਦਾਹ*** : ਸਿਫ਼ਤ ਕਰਨ ਵਾਲਾ, ਜੱਸ ਗਾਇਨ ਕਰਨ ਵਾਲਾ, ਪਰਸ਼ੰਸਕ।

مداخل ***ਮਦਾਖ਼ਿਲ*** : (ਮਦਖ਼ਲ **مدخل** ਦਾ ਬੌਹਵਚਨ) ਦਾਖ਼ਲ ਹੋਣ ਦੀ ਜਗ੍ਹਾ, ਆਮਦਨੀਆਂ, ਘਰ, ਮਕਾਨ, ਮੈਂਹਦੀ, ਦੋ ਚੀਜ਼ਾਂ ਨੂੰ ਪਰਸਪਰ ਮਿਲਾਉਣਾ।

مداخلت ***ਮੁਦਾਖ਼ਲਤ*** : ਦਖ਼ਲ ਦੇਣਾ; ਪੌਹਚ।

مداد ***ਮਿਦਾਦ*** : ਸਿਆਹੀ, ਪੈਨਸਲ।

مدار ***ਮਦਾਰ*** : ਘੁੰਮਣ ਦੀ ਜਗ੍ਹਾ, ਚੱਕਰ ਕੱਟਣ ਦੀ ਥਾਂ, ਗਰੈਹ/ਨਛੱਤਰ ਦੇ ਗਰਦਿਸ਼ ਕਰਨ ਦੀ ਥਾਂ, ਧੁਰਾ, ਧਰਤੀ ਦਾ ਕੇਂਦਰ, ਚੱਕੀ।

مدارالمهام ***ਮਦਾਰ-ਉਲ-ਮਹਾਮ*** : ਜਿਸ 'ਤੇ ਰਾਜ ਦਾ ਸਾਰਾ ਕੰਮਕਾਜ ਨਿਰਭਰ ਹੋਵੇ; ਮੰਤਰੀ, ਵਜ਼ੀਰ।

مدارا ***ਮੁਦਾਰਾ***, **مدارات** ***ਮੁਦਾਰਾਤ*** : ਆਉ-ਭਗਤ; ਸੇਵਾ; ਨਰਮੀ ਦਾ ਸਲੂਕ, ਖ਼ੁਸ਼ਾਮਦ, ਚਾਪਲੂਸੀ।

مدارج ***ਮਦਾਰਿਜ*** : (ਮੱਦਰਜਾ **مدرجه** ਦਾ ਬੌਹਵਚਨ) ਪੌੜੀਆਂ; ਦਰਜੇ; ਰਸਤੇ।

مدارس ***ਮਦਾਰਿਸ*** : (ਮਦਰਸਾ **مدرسه** ਦਾ ਬੌਹਵਚਨ)ਮਦਰਸੇ, ਪਾਠਸ਼ਾਲਾਵਾਂ, ਸਕੂਲ।

مدافعت ***ਮਦਾਫ਼ਅਤ*** : ਇਕ ਦੂਜੇ ਨੂੰ ਦਫ਼ਾ ਕਰਨਾ, ਦੂਰ ਕਰਨਾ, ਮੁਕਾਬਲਾ ਕਰਨਾ, ਮਨ੍ਹਾ ਕਰਨਾ, ਰੋਕਣਾ।

مدام ***ਮੁਦਾਮ*** : ਹਮੇਸ਼ਾ, ਸਦਾ, ਨਿੱਤ, ਹਮੇਸ਼ਾ ਰੱਖਿਆ ਗਿਆ, ਨਿਰੰਤਰ, ਦਿਨ ਨੂੰ ਪੀਤੀ ਹੋਈ ਸ਼ਰਾਬ।

مداوا ***ਮੁਦਾਵਾ***, **مداوات** ***ਮੁਦਾਵਾਤ*** : ਇਲਾਜ, ਦਵਾਦਾਰੂ, ਚਾਰਾ, ਤਦਬੀਰ।

مداومت ***ਮੁਦਾਵਮਤ*** : ਹਮੇਸ਼ਗੀ; ਸਦੀਵੀਪਣ।

مدائن ***ਮਦਾਇਨ*** : (ਮਦੀਨਾ **مدينه** ਦਾ ਬੌਹਵਚਨ) ਸ਼ੈਹਰ,, ਇਰਾਕਅਜਮ ਦੇ ਇਕ ਬੌਹਤ ਪੁਰਾਣੇ ਸ਼ੈਹਰ ਦਾ ਨਾਮ ਜਿਸ ਨੂੰ ਨੌਸ਼ੀਰਵਾਨ ਨੇ ਬਗ਼ਦਾਦ ਦੇ ਨੇੜੇ ਵਸਾਇਆ ਸੀ ਤੇ ਉਸ ਦੇ ਪਿਛੋਂ ਉਸ ਦੇ ਅੰਤਲੇ ਉਤਰਾਧਿਕਾਰੀ ਤੱਕ ਈਰਾਨ ਦੀ ਰਾਜਧਾਨੀ ਰਿਹਾ ਸੀ।

مُدبّر ***ਮੁਦੱਬਿਰ*** : ਤਦਬੀਰ ਕਰਨ ਵਾਲਾ, ਸਿਆਣਾ, ਪਰਬੰਧਕ, ਲਿਖਾਰੀ।

مُدبِر ***ਮੁਦਬਿਰ*** : ਬਦ-ਨਸੀਬ, ਅਭਾਗਾ, ਓਹ ਜੇਹੜਾ ਪਿੱਠ ਫੇਰੇ, ਵਾਪਸ ਆਉਣ ਜਾਂ ਜਾਣ ਵਾਲਾ।

مدّت ***ਮੁੱਦਤ*** : ਸਮਾਂ, ਵਕਤ, ਅਰਸਾ, ਮਿਆਦ, ਮੋਹਲਤ, ਅੰਤ, ਹੱਦ, ਰੁੱਤ; ਦੇਰ,

ਚਿਰ।

مدّت‌العمر ***ਮੁੱਦਤ-ਉਲ-ਉਮਰ*** : ਸਾਰੀ ਉਮਰ, ਜਿਉਂਦੇ ਜੀ।

مدّتِ‌مدید ***ਮੁੱਦਤ-ਏ-ਮਦੀਦ*** : ਬੌਹਤ ਲੰਮਾ ਸਮਾਂ।

مدّتہا ***ਮੁੱਦਤਹਾ*** : ਬੌਹਤ ਚਿਰ।

مدح ***ਮਦਹ਼*** : ਪਰਸ਼ੰਸਾ, ਸ਼ਲਾਘਾ।

مدد ***ਮਦਦ*** : ਸਹਾਰਾ, ਕੁਮਕ।

مددگار ***ਮਦਦਗਾਰ*** : ਮਦਦ ਕਰਨ ਵਾਲਾ, ਸਹਾਇਕ।

مدرس ***ਮੁੱਦਰਿਸ*** : ਦਰਸ (ਸਬਕ) ਦੇਣ ਵਾਲਾ, ਪੜ੍ਹਾਉਣ ਵਾਲਾ, ਉਸਤਾਦ।

مدرسہ ***ਮਦਰਿਸਾ*** : ਦਰਸ (ਸਬਕ) ਦੇਣ ਦੀ ਥਾਂ, ਪੜ੍ਹਾਉਣ ਦੀ ਥਾਂ, ਪਾਠਸ਼ਾਲਾ।

مدّعا ***ਮੁੱਦਆ*** : ਮਨੋਰਥ, ਗ਼ਰਜ਼, ਮਲਕੀਅਤ।

مدّعی ***ਮੁੱਦਈ*** : ਦਾਵਾ ਕਰਨ ਵਾਲਾ, ਹੱਕ ਜਤਾਉਣ ਵਾਲਾ, ਦਾਵੇਦਾਰ।

مدینہ ***ਮਦੀਨਾ*** : ਸ਼ੈਹਰ, ਨਗਰ।

مذاق ***ਮਜ਼ਾਕ਼*** : ਚੱਖਣਾ, ਚਾਟ, ਸੁਆਦ, ਚਸਕਾ, ਜ਼ਾਇਕੇ ਦੀ ਸ਼ਕਤੀ, ਪਰਸਪਰ ਚੋਹਲ, ਹਸੀ, ਦਿਲਲਗੀ, ਠੱਠਾ, ਖਿੱਲੀ।

مذکور ***ਮਜ਼ਕੂਰ*** : ਜ਼ਿਕਰ ਕੀਤਾ ਗਿਆ, ਜ਼ਿਕਰ, ਗੱਲਬਾਤ।

مذمّت ***ਮਜ਼ੱਮਤ*** : ਬੁਰਿਆਈ, ਨਿੰਦਾ।

مذہب ***ਮਜ਼ਹਬ*** : ਰਸਤਾ, ਈਮਾਨ, ਧਰਮ, ਅਕੀਦਾ।

مراجعت ***ਮੁਰਾਜਅਤ*** : ਵਾਪਸੀ, ਵਾਪਸ ਹੋਣਾ।

مراد ***ਮੁਰਾਦ*** : ਇਰਾਦਾ, ਮਨੋਰਥ, ਮਤਲਬ, ਮਨਸ਼ਾ, ਖ਼ਾਹਸ਼।

مرادف ***ਮੁਰਾਦਿਫ਼*** : ਕਿਸੇ ਦੇ ਪਿਛੇ ਬੈਠਣ ਜਾਂ ਸਵਾਰ ਹੋਣ ਵਾਲਾ; ਪਰਿਆਇ, ਸਮਾਨ-ਅਰਥੀ (ਸ਼ਬਦ)।

مرتبہ ***ਮਰਤਬਾ*** : ਦਰਜਾ, ਔਹਦਾ, ਮਨਸਬ, ਵਾਰ, ਦਫ਼ਾ।

مرتکب ***ਮੁਰਤਕਿਬ*** : ਗੁਨਾਹ ਕਰਨ ਵਾਲਾ, ਕੰਮ 'ਚ ਹੱਥ ਪਾਉਣ ਵਾਲਾ, ਕਸੂਰਵਾਰ, ਮੁਜਰਮ।

مرثیہ ***ਮਰਸੀਯਾ*** : (ਪੰਜਾਬੀ ਵਿਚ ਪਰਚਲਤ ਰੂਪ ''ਮਰਸੀਆ'' ਹੈ।) ਓਹ ਕਵਿਤਾ ਜਿਸ ਰਾਹੀਂ ਮੁਰਦੇ ਦੇ ਵਸਫ਼ ਬਿਆਨ ਕੀਤੇ ਜਾਣ।

مرحلہ ***ਮਰਹ਼ਲਾ*** : ਕੂਚ ਦੀ ਥਾਂ, ਸਫ਼ਰ ਦੀ ਮੰਜ਼ਲ, ਦਰਜਾ, ਰੁਤਬਾ।

مرخّص ***ਮੁਰੱਖ਼ਸ*** : ਰੁਖ਼ਸਤ ਕੀਤਾ ਗਿਆ, ਰਵਾਨਾ ਕੀਤਾ ਗਿਆ।

مرد ***ਮਰਦ*** : ਸ਼ਖ਼ਸ, ਮਾਨਸ, ਬਹਾਦਰ,ਦਲੇਰ।

مردم ***ਮਰਦੁਮ*** : ਇਨਸਾਨ, ਲੋਕ।

مردمک ***ਮਰਦੁਮਕ*** : ਅੱਖ ਦੀ ਪੁਤਲੀ।

مردہ ***ਮੁਰਦਾ*** : ਮਰਿਆ ਹੋਇਆ।

مرزا ***ਮਿਰਜ਼ਾ*** : ਅਮੀਰਜ਼ਾਦਾ, ਸ਼ੈਹਜ਼ਾਦਾ।

مرشد ***ਮੁਰਸ਼ਿਦ*** : ਇਰਸ਼ਾਦ (ਹੁਕਮ) ਕਰਨ ਵਾਲਾ, ਹਦਾਇਤ ਕਰਨ ਵਾਲਾ, ਸਿੱਧਾ ਰਾਹ ਵਿਖਾਉਣ ਵਾਲਾ।

مرصّع ***ਮੁਰੱਸਅ*** : ਜੜਾਊ, ਮੋਤੀਆ ਨਾਲ ਜੜਿਆ ਹੋਇਆ।

مرض ***ਮਰਜ਼*** : ਬੀਮਾਰੀ, ਦੁੱਖ, ਰੋਗ।

مرضی ***ਮਰਜ਼ੀ*** : ਪਸੰਦ, ਖ਼ੁਸ਼ਨੂਦੀ, ਰਜ਼ਾ।

مرغ ***ਮੁਰਗ਼*** : ਪੰਛੀ।

مرغزار ***ਮਰਗ਼ਜ਼ਾਰ*** : ਘਾਹ ਨਾਲ ਭਰਿਆ ਮੈਦਾਨ।

مرغوب ***ਮਰਗ਼ੂਬ*** : ਮਨ-ਪਸੰਦ, ਮਨਭਾਉਂਦਾ।

مرفّہ‌الحال ***ਮੁਰੱਫ਼ਾ-ਉਲ-ਹ਼ਾਲ*** : ਖ਼ੁਸ਼ਹਾਲ, ਪੈਸੇ ਵੱਲੋਂ ਸੁਖਾਲਾ।

مرکز ***ਮਰਕਜ਼*** : ਕੇਂਦਰ, ਰਾਜਧਾਨੀ।

مرگ ***ਮਰਗ*** : ਮੌਤ।

مرمّت ***ਮਰੱਮਤ*** : ਦਰੁਸਤੀ, ਟੁੱਟੀ ਹੋਈ ਚੀਜ਼ ਨੂੰ ਠੀਕ ਕਰਨਾ, ਤਰਮੀਮ।

مروارید ***ਮਰਵਾਰੀਦ*** : ਮੋਤੀ।

مروّت ***ਮੁਰੱਵਤ*** : ਲਿਹਾਜ਼, ਰਿਆਇਤ, ਮਰਦਾਨਗੀ, ਇਨਸਾਨੀਅਤ।

مروّج ***ਮੁਰੱਵਜ*** : ਰਿਵਾਜ ਦਿੱਤਾ ਗਿਆ, ਜਾਰੀ ਕੀਤਾ ਗਿਆ, ਚਲਾਇਆ ਗਿਆ, ਜਾਰੀ।

مرهم ***ਮਰਹਮ*** : ਮੱਲ੍ਹਮ।

مرید ***ਮੁਰੀਦ*** : ਸ਼ਰਧਾ ਰੱਖਣ ਵਾਲਾ, ਖ਼ਾਹਸ਼ਮੰਦ, ਇੱਛਕ, ਚੇਲਾ ਬਾਲਕਾ।

مریض ***ਮਰੀਜ਼*** : ਬੀਮਾਰ, ਰੋਗੀ, ਮਰਜ਼ (ਰੋਗ) ਵਾਲਾ।

مزاج ***ਮਿਜ਼ਾਜ*** : ਤਬੀਅਤ, ਖ਼ਸਲਤ, ਸੁਭਾ।

مزاحم ***ਮੁਜ਼ਾਹਿਮ*** : ਰੋਕਣ ਵਾਲਾ।

مزار ***ਮਜ਼ਾਰ*** : ਜ਼ਿਆਰਤ ਕਰਨ ਦੀ ਥਾਂ, ਤੀਰਥ, ਕਬਰ, ਮਕਬਰਾ, ਦਰਗਾਹ।

مزارع ***ਮੁਜ਼ਾਰਿਅ*** : ਖੇਤੀ ਕਰਨ ਵਾਲਾ, ਕਾਸ਼ਤਕਾਰ।

مزرعه ***ਮਜ਼ਰਆ*** : ਖੇਤ, ਖੇਤੀ ਦੀ ਥਾਂ, ਚੱਕ (ਮਾਜਰਾ)।

مزه ***ਮਜ਼ਾ*** : ਸੁਆਦ, ਲੱਜ਼ਤ, ਖ਼ੁਸ਼ੀ, ਐਸ਼।

مزید ***ਮਜ਼ੀਦ*** : ਜ਼ਿਆਦਤੀ, ਵਾਧਾ।

مزیّن ***ਮੁਜ਼ਈਯਨ*** : ਸਜਾਇਆ ਹੋਇਆ।

مس ***ਮਿਸ*** : ਤਾਂਬਾ।

مسافر ***ਮੁਸਾਫ਼ਿਰ*** : ਸਫ਼ਰ ਕਰਨ ਵਾਲਾ।

مسام ***ਮਸਾਮ*** : ਸਰੀਰ ਦੇ ਓਹ ਸੁਰਾਖ ਜਿਨ੍ਹਾਂ ਰਾਹੀਂ ਪਸੀਨਾ ਨਿਕਲਦਾ ਹੈ।

مساوات ***ਮੁਸਾਵਾਤ*** : ਬਰਾਬਰੀ, ਪਰਸਪਰ ਬਰਾਬਰ ਕਰਨਾ।

مست ***ਮਸਤ*** : ਮਤਵਾਲਾ, ਨਸ਼ਈ, ਖ਼ੁਸ਼, ਮਗਨ, ਅਨੰਦ।

مستاجر ***ਮੁਸਤਾਜਿਰ*** : ਠੇਕੇਦਾਰ।

مستحق ***ਮੁਸਤਹਿਕ*** : ਹਕਦਾਰ, ਦਾਵੇਦਾਰ।

مستحکم ***ਮੁਸਤਹਕਮ*** : ਪੱਕਾ, ਮਜ਼ਬੂਤ, ਸਖ਼ਤ, ਅਟੱਲ।

مستفید ***ਮੁਸਤਫ਼ੀਦ*** : ਫ਼ਾਇਦੇਮੰਦ, ਲਾਭਦਾਇਕ।

مستقل ***ਮੁਸਤਕਿਲ*** : ਪੱਕਾ, ਮਜ਼ਬੂਤ, ਪਾਏਦਾਰ, ਕਾਇਮ, ਹਮੇਸ਼ਾ।

مستی ***ਮਸਤੀ*** : ਮਦਹੋਸ਼ੀ, ਨਸ਼ੇ ਦੀ ਹਾਲਤ, ਮਤਵਾਲਾਪਣ, ਸ਼ੈਹਵਤ ਦਾ ਜ਼ੋਸ਼।

مسجد ***ਮਸਜਿਦ*** : ਸਿਜਦਾ ਕਰਨ ਦੀ ਥਾਂ, ਮੁਸਲਮਾਨਾਂ ਦਾ ਪੂਜਾ-ਘਰ।

مسخره ***ਮਸਖ਼ਰਾ*** : ਮਖੌਲੀਆ, ਠੱਠਾ ਮਖੌਲ ਕਰਨ ਵਾਲਾ।

مسعود ***ਮਸਊਦ*** : ਮੁਬਾਰਕ, ਨੇਕ, ਬਖ਼ਤਾਵਰ।

مسکر ***ਮੁਸਕਿਰ*** : ਨਸ਼ੇ ਵਾਲੀ ਚੀਜ਼ (ਅਫ਼ੀਮ ਆਦਿ)।

مسکن ***ਮਸਕਨ*** : ਘਰ, ਮਕਾਨ, ਟਿਕਾਣਾ, ਰੈਹਣ ਦੀ ਥਾਂ।

مسکین ***ਮਿਸਕੀਨ*** : ਕੰਗਾਲ, ਵਿਚਾਰਾ।

مسلّح ***ਮੁਸੱਲਹ*** : ਹਥਿਆਰਬੰਦ।

مسلک ***ਮਸਲਕ*** : ਪੱਥ, ਮਾਰਗ, ਕਾਇਦਾ, ਦਸਤੂਰ, ਤਰੀਕਾ।

مسلم ***ਮੁਸਲਿਮ*** : ਜੋ ਵਿਅਕਤੀ ਦੀਨ ਇਸਲਾਮ ਵਿਚ ਹੋਵੇ, ਮੁਸਲਮਾਨ।

مسلّم ***ਮੁਸੱਲਮ*** : ਯਕੀਨ ਕੀਤਾ ਗਿਆ, ਮੰਨਿਆ ਹੋਇਆ, ਕਿਸੇ ਦੇ ਸਪੁਰਦ ਕੀਤਾ ਗਿਆ, ਸਲਾਮਤ ਰੱਖਿਆ ਗਿਆ, ਪੂਰਾ, ਸਾਰੇ ਦਾ ਸਾਰਾ, ਸਾਬਤ।

مسلمان ***ਮੁਸਲਮਾਨ*** : (ਮੁਸਲਿਮ ਦਾ ਬੌਹਵਚਨ) ਦੀਨ ਇਸਲਾਮ ਰੱਖਣ ਵਾਲਾ, ਮੋਮਨ।

مسلمانی ***ਮੁਸਲਮਾਨੀ*** : ਮੁਸਲਮਾਨ ਨਾਲ ਸਬੰਧਤ।

مسلمانان ***ਮੁਸਲਮਾਨਾਨ*** : ਮੁਸਲਮਾਨ ਦਾ ਬੌਹਵਚਨ।

مسلمين ***ਮੁਸਲਿਮੀਨ*** : (ਮੁਸਲਿਮ ਦਾ ਬੌਹਵਚਨ) ਦੀਨ ਇਸਲਾਮ, ਮੁਸਲਮਾਨ ਦਾ ਮਜ਼ਹਬ।

مسلوب ***ਮਸਲੂਬ*** : ਮਿਟਾਇਆ ਹੋਇਆ, ਖੋਹਿਆ ਹੋਇਆ, ਲੁੱਟਿਆ ਹੋਇਆ।

مسلوب الحواس ***ਮਸਲੂਬ-ਉਲ-ਹ਼ਵਾਸ,*** **مسلوب العقل** ***ਮਸਲੂਬ-ਉਲ-ਅ਼ਕ਼ਲ*** : ਜਿਨ੍ਹਾਂ ਦੇ ਹੋਸ਼ ਹਵਾਸ ਮਾਰੇ ਗਏ ਹੋਣ, ਪਾਗ਼ਲ।

مسلوب الحواسی ***ਮਸਲੂਬ-ਉਲ-ਹ਼ਵਾਸੀ*** : ਪਾਗਲਪਣ।

مسله ***ਮਸਲਾ,*** **مسئله** ***ਮਸਅਲਾ*** : ਸਵਾਲ, ਪੁੱਛਣ ਤੇ ਸਮਝਣਯੋਗ ਗੱਲ, ਓਹ ਗੱਲ ਜੋ ਲੋਕਾਂ ਵਿਚ ਪੁੱਛੀ ਜਾਵੇ, ਹਲ ਤਲਬ ਸਵਾਲ, ਸ਼ਰਈ ਸਵਾਲ, ਤਜਵੀਜ਼।

مسمار ***ਮਿਸਮਾਰ*** : ਕਿੱਲ, ਮੇਖ; ਖੂੰਟੀ, ਢਾਹਿਆ ਹੋਇਆ।

مسموم ***ਮਸਮੂਮ*** : ਜ਼ੈਹਰ ਦਿੱਤਾ ਗਿਆ, ਜਿਸ ਨੇ ਜ਼ੈਹਰ ਖਾ ਲਿਆ ਹੋਵੇ, ਜ਼ੈਹਰੀਲਾ।

مسِنّ ***ਮੁਸਿੱਨ*** : ਵੱਡੀ ਉਮਰ ਵਾਲਾ, ਬੌਹਤ ਬੁੱਢਾ, ਪੁਰਾਣਾ ਤਜਰਬੇਕਾਰ।

مسند ***ਮਸਨਦ*** : ਵੱਡਾ ਤਕੀਆ, ਤਕੀਆ ਲਾਉਣ ਦੀ ਥਾਂ, ਗੱਦੀ, ਤਖ਼ਤ।

مسند آرا ***ਮਸਨਦ-ਆਰਾ*** : ਤਖ਼ਤ ਨੂੰ ਸਜਾਉਣ ਵਾਲਾ।

مسند آرائی ***ਮਸਨਦ-ਆਰਾਈ,*** **مسند نشینی** ***ਮਸਨਦ-ਨਸ਼ੀਨੀ*** : ਗੱਦੀ ਨਸ਼ੀਨੀ।

مسند نشین ***ਮਸਨਦ-ਨਸ਼ੀਨ*** : ਬਾਦਸ਼ਾਹ, ਗੱਦੀ-ਨਸ਼ੀਨ।

مسواک ***ਮਿਸਵਾਕ*** : ਦਾਤਣ ਜਿਸ ਨਾਲ ਦੰਦ ਸਾਫ਼ ਕੀਤੇ ਜਾਂਦੇ ਹਨ।

مسوّده ***ਮੁਸੱਵਦਾ*** : ਕਾਲਾ ਸਿਆਹ ਭਾਵ ਲਿਖਿਆ ਹੋਇਆ, ਕਾਲਾ ਕੀਤਾ ਖਰੜਾ।

مسهل ***ਮੁਸਹਿਲ*** : ਦਸਤ ਲਿਆਉਣ ਵਾਲੀ (ਦਵਾ), ਪੇਟ ਨਰਮ ਤੇ ਸਾਫ਼ ਕਰਨ ਦੀ ਦਵਾ, ਜੁਲਾਬ।

مسيح ***ਮਸੀਹ*** : ਜੇਹੜਾ ਬੌਹਤਾ ਫਿਰੇ ਤੇ ਸੈਰ ਕਰੇ।

مسيحا ***ਮਸੀਹਾ*** : ਸੱਚਾ ਦੋਸਤ, ਧਰਤ ਕੱਛਣ ਵਾਲਾ; ਹਜ਼ਰਤ ਈਸਾ ਦੀ ਉਪਾਧੀ ਕਿਉਂਕਿ ਓਹ ਸੱਚੇ ਦੋਸਤ (ਰੱਬ ਦੇ ਦੋਸਤ) ਵੀ ਸਨ ਅਤੇ ਇੱਕਲੇ ਹੋਣ ਕਰਕੇ ਘੁੰਮਦੇ ਫਿਰਦੇ ਵੀ ਬੌਹਤ ਸਨ; ਝੂਠਾ, ਘਸਿਆ ਹੋਇਆ ਰੁਪਈਆ।

مسيحائی ***ਮਸੀਹਾਈ*** : ਮਸੀਹ ਦੀ ਕਰਾਮਾਤੀ ਸ਼ਕਤੀ।

مسيحی ***ਮਸੀਹੀ*** : ਈਸਾਈ।

مشابه ***ਮੁਸ਼ਾਬਿਹ*** : (ਸ਼ਬਹ ਦਾ ਬੌਹਵਚਨ) ਮਿਸਲਾਂ, ਇਕ ਸਮਾਨ ਸ਼ਕਲਾਂ, ਤਸਵੀਰਾਂ।

مشابهت ***ਮੁਸ਼ਾਬਹਤ*** : ਇਕੋ ਜੇਹਾ, ਸਮਾਨਤਾ, ਸਮਾਨ ਚੀਜ਼ਾਂ ਦਾ ਮੁਕਾਬਲਾ।

مشار ***ਮੁਸ਼ਾਰ*** : ਇਸ਼ਾਰਾ ਕੀਤਾ ਗਿਆ, ਦੱਸਿਆ ਗਿਆ, ਜਤਾਇਆ ਗਿਆ।

مشارٌالیه ***ਮਸ਼ਾਰੁਨਇਲੈਹ*** : ਉਪਰੋਕਤ, ਜਿਸ ਵੱਲ ਇਸ਼ਾਰਾ ਕੀਤਾ ਗਿਆ ਹੋਵੇ, ਮਾਣ ਸਤਕਾਰ ਵਾਲਾ, ਇਤਬਾਰ ਵਾਲਾ।

مشارب ***ਮਸ਼ਾਰਿਬ*** : (ਮਸ਼ਰਬ **مشرب** ਦਾ ਬੌਹਵਚਨ) ਪਾਣੀ ਪੀਣ ਦੀਆਂ ਥਾਂਵਾਂ, ਘਾਟ, ਪੱਤਣ, ਮਿਜ਼ਾਜ, ਤਰੀਕੇ।

مشارک ***ਮੁਸ਼ਾਰਿਕ*** : ਸ਼ਰੀਕ ਹੋਣ ਵਾਲਾ, ਸਾਂਝੀ, ਭਾਈਵਾਲ।

مشارکت ***ਮੁਸ਼ਾਰਕਤ*** : ਪਰਸਪਰ ਸ਼ਰੀਕ ਹੋਣਾ, ਭਾਈਵਾਲ, ਹਿੱਸੇਦਾਰੀ।

مشاط ***ਮਿਸ਼ਾਤ*** : (ਮੁਸ਼ਤ **مشط** ਦਾ ਬੌਹਵਚਨ) ਕੰਘੀਆਂ, ਕੰਘੇ।

مشّاطه ***ਮੱਸ਼ਾਤਾ*** : ਕੰਘੀ ਕਰਨ ਵਾਲੀ, ਨਾਇਣ।

مشاعره ***ਮੁਸ਼ਾਅਰਾ*** : ਇਕਠਿਆਂ ਹੋ ਕੇ ਤੇ ਮਿਲ ਕੇ ਸ਼ੇਅਰ ਪੜ੍ਹਨਾ, ਆਪਸ ਵਿਚ ਸ਼ਿਅਰਖ਼੍ਵਾਨੀ ਕਰਨਾ, ਕਵੀ ਦਰਬਾਰ।

مشاغل ***ਮਸ਼ਾਗ਼ਿਲ*** : (ਮਸ਼ਗ਼ਲਾ **مشغله** ਦਾ ਬੌਹਵਚਨ) ਬੌਹਤੇ ਸ਼ੁਗਲ, ਬੌਹਤ ਸਾਰੇ ਕੰਮ ਕਾਜ।

مشّاق ***ਮੱਸ਼ਾਕ*** : ਬੌਹਤ ਅਭਿਆਸ ਕਰਨ ਵਾਲਾ, ਮੇਹਨਤੀ, ਮਾਹਰ।

مشام ***ਮਸ਼ਾਮ*** : ਦਿਮਾਗ਼ ਵਿਚ ਸੁੰਘਣ ਦੀ ਸ਼ਕਤੀ ਦੀ ਥਾਂ।

مشاورت ***ਮੁਸ਼ਾਵਰਤ*** : ਪਰਸਪਰ ਮਸ਼ਵਰਾ ਕਰਨਾ; ਆਪਸ ਵਿਚ ਸਲ੍ਹਾਹ ਮਸ਼ਵਰਾ ਕਰਨਾ।

مشاهد ***ਮੁਸ਼ਾਹਿਦ*** : ਵੇਖਣ ਵਾਲਾ।

مشاهده ***ਮੁਸ਼ਾਹਦਾ*** : ਵੇਖਣਾ, ਕਿਸੇ ਦੇ ਨਾਲ ਹਾਜ਼ਰ ਹੋਣਾ, ਸੂਫ਼ੀਆਂ ਦੀ ਪਰਭਾਸ਼ਾ ਵਿਚ ਨੂਰੇ ਇਲਾਹੀ ਵੇਖਣਾ।

مشاهره ***ਮੁਸ਼ਾਹਰਾ*** : ਮਾਹਵਾਰ ਤਨਖ਼ਾਹ, ਵਜ਼ੀਫ਼ਾ, ਮਹੀਨਾ ਮੁਕਰੱਰ ਕਰਨਾ, ਮਹੀਨੇ ਦੀ ਉਜਰਤ।

مشاهير ***ਮਸ਼ਾਹੀਰ*** : (ਮਸ਼ਹੂਰ **مشهور** ਦਾ ਬੌਹਵਚਨ) ਪਰਸਿੱਧ ਵਿਅਕਤੀ।

مشائخ ***ਮਸ਼ਾਇਖ਼*** : (ਸ਼ੈਖ਼ **شيخ** ਦਾ ਬੌਹਵਚਨ) ਵੱਡੀ ਉਮਰ ਵਾਲੇ, ਬਜ਼ੁਰਗ ਲੋਕ, ਦੀਨੀ, ਚੌਧਰੀ, ਵਿਦਵਾਨ; ਸੂਫ਼ੀ ਲੋਕ, ਦਰਵੇਸ਼।

مشبّه ***ਮੁਸ਼ੱਬਾ*** : ਉਪਮਾ ਦਿੱਤਾ ਗਿਆ, ਟਾਕਰਾ ਕੀਤਾ ਗਿਆ।

مشبّه بِهِ ***ਮੁਸ਼ੱਬਾ ਬਿਹੀ*** : ਓਹ ਚੀਜ਼ ਜਿਸ ਨਾਲ ਉਪਮਾ ਦਿੱਤੀ ਜਾਵੇ।

مشت ***ਮੁਸ਼ਤ*** : ਮੁੱਠੀ, ਮੁੱਕਾ, ਘਸੁੰਨ, ਮਿਲਿਆ ਹੋਇਆ, ਮੁੱਠੀ ਭਰ, ਥੋੜ੍ਹੇ ਜੇਹੇ ਆਦਮੀ।

مشتِ خاک ***ਮੁਸ਼ਤ-ਏ-ਖ਼ਾਕ*** : ਮੁੱਠੀ ਭਰ ਮਿੱਟੀ, ਧਰਤੀ, ਮਨੁੱਖ।

مشت زن ***ਮੁਸ਼ਤ-ਜ਼ਨ*** : ਮੁੱਕੇਬਾਜ਼, ਪੈਹਲਵਾਨ, ਹੱਥ ਰਸੀ ਕਰਨ ਵਾਲਾ।

مشت زنی ***ਮੁਸ਼ਤ-ਜ਼ਨੀ*** : ਮੁੱਕੇਬਾਜ਼ੀ ਪੈਹਲਵਾਨੀ, ਹੱਥ ਰਸੀ।

مشتی نمونه از خرواری ***ਮੁਸ਼ਤੇ-ਨਮੂਨਾ ਅਜ਼ ਖ਼ਰਵਾਰੇ*** : ਥੋੜੀ ਜੇਹੀ ਚੀਜ਼ ਨਾਲ ਹੀ ਸਾਰੀ ਦਾ ਪਤਾ ਲਗ ਜਾਂਦਾ ਹੈ, ਦੇਗ ਵਿਚੋਂ ਇਕ ਚਾਵਲ ਹੀ ਟੋਹੀਦਾ ਹੈ।

مشتاق ***ਮੁਸ਼ਤਾਕ*** : ਸ਼ੌਕ ਰਖਣ ਵਾਲਾ, ਚਾਹਵਾਨ, ਇੱਛਕ।

مشتاقانه ***ਮੁਸ਼ਤਾਕਾਨਾ*** : ਸ਼ੌਕ ਨਾਲ।

مشتبه ***ਮੁਸ਼ਤਬਹ*** : ਸ਼ੁਬ੍ਹਾ ਕੀਤਾ ਗਿਆ, ਜਿਸ ਉਤੇ ਸ਼ੱਕ ਹੋਵੇ, ਸੰਦਿਗਧ।

مشترک ***ਮੁਸ਼ਤਰਕ,*** **مشترکه** ***ਮੁਸ਼ਤਰਕਾ*** : ਸਾਂਝੀ ਚੀਜ਼ ਜਿਸ ਵਿਚ ਕਈ ਹਿੱਸੇਦਾਰ (ਸ਼ਰੀਕ) ਹੋਣ, ਓਹ ਸ਼ਬਦ ਜੋ ਕਈ ਅਰਥਾਂ ਵਿਚ ਆਏ ਜਿਵੇਂ ਜਾਰੀਯਾਹ ਦੇ ਅਰਥ ਸੂਰਜ, ਕਨੀਜ਼ ਤੇ ਕਿਸ਼ਤੀ ਹਨ।

مشتعل ***ਮੁਸ਼ਤਅਲ*** : ਬਾਲਿਆ ਹੋਇਆ, ਜਗਾਇਆ ਹੋਇਆ, ਜਿਸ ਨੂੰ ਅੱਗ ਲਾਈ ਹੋਵੇ, ਭੜਕਿਆ ਹੋਇਆ, ਲਾਟਾਂ ਮਾਰਦਾ ਹੋਇਆ।

مشتغل ***ਮੁਸ਼ਤਗ਼ਿਲ*** : ਮਸ਼ਗ਼ੂਲ ਹੋਣ ਵਾਲਾ, ਕੰਮਕਾਰ ਵਿਚ ਰੁਝਿਆ, ਅਵਾਜ਼ਾਰ, ਮੂੰਹ ਫੇਰ ਲੈਣ ਵਾਲਾ।

مشتقّ ***ਮੁਸ਼ਤੱਕ*** : ਨਿਕਲਿਆ ਹੋਇਆ, ਪਾੜਿਆ ਗਿਆ, ਬਣਾਇਆ ਗਿਆ, ਓਹ ਸ਼ਬਦ ਜੋ ਦੂਜੇ ਵਿਚੋਂ ਕੱਢਿਆ ਜਾਂ ਬਣਾਇਆ ਗਿਆ ਹੋਵੇ।

مشتمل ***ਮੁਸ਼ਤਮਿਲ*** : ਸ਼ਾਮਲ ਹੋਣ ਵਾਲਾ, ਸ਼ਰੀਕ, ਉੱਪਰ ਛਾ ਜਾਣ ਵਾਲਾ।

مشتواره ***ਮੁਸ਼ਤਵਾਰਾ*** : ਮੁੱਠੀ ਭਰ ਚੀਜ਼, ਤਰਖਾਣ ਦਾ ਰੰਦਾ।

مشتهر ***ਮੁਸ਼ਤਹਰ*** : ਮਸ਼ਹੂਰ ਕੀਤਾ ਗਿਆ।

مشتهر ***ਮੁਸ਼ਤਹਿਰ*** : ਮਸ਼ਹੂਰ ਕਰਨ ਵਾਲਾ।

مشتی *ਮੁਸ਼ਤੀ* : ਇਕ ਪਰਕਾਰ ਦਾ ਬਰੀਕ ਤੇ ਨਰਮ ਰੇਸ਼ਮੀ ਕੱਪੜਾ।

مشتے *ਮੁਸ਼ਤੇ* : ਥੋੜੇ ਜੇਹੇ ਆਦਮੀਆਂ ਦਾ ਟੋਲਾ, ਦੁਨੀਆਂ, ਮੁੱਠੀ ਭਰ (ਚੀਜ਼)।

مشتے زباں *ਮੁਸ਼ਤੇ-ਜ਼-ਬਾਦ* : ਥੋੜਾ, ਮਮੂਲੀ, ਤੁੱਛ, ਵਿਰੋਧੀ ਧੜਾ।

مشتِ غبار *ਮੁਸ਼ਤੀ-ਏ-ਗ਼ੁਬਾਰ* : ਆਦਮੀਆਂ ਦਾ ਟੋਲਾ, ਜ਼ਮੀਨ।

مشجّر *ਮੁਸ਼ੱਜਰ* : ਓਹ ਕਪੜਾ ਜਿਸ ਉਤੇ ਰੁੱਖਾਂ ਦੀਆਂ ਸ਼ਕਲਾਂ ਬਣੀਆਂ ਹੋਣ।

مشخّص *ਮੁਸ਼ੱਖ਼ਸ* : ਤਜਵੀਜ਼ ਕੀਤਾ ਗਿਆ, ਵਿਸ਼ੇਸ਼ ਕੀਤਾ ਗਿਆ, ਮਲੂਮ, ਪਰਖਿਆ ਗਿਆ, ਜਾਚਿਆ ਗਿਆ।

مشدّد *ਮੁੱਸ਼ਦਦ* : ਖ਼ੂਬ ਕੱਸ ਕੇ ਬੰਨ੍ਹਿਆ ਗਿਆ; ਓਹ ਹਰਫ਼ ਜਿਸ ਉੱਤੇ ਤਸ਼ਦੀਦ (ਅਧਿਕ) ਹੋਵੇ, ਸਖ਼ਤ ਕੀਤਾ ਗਿਆ; ਮਜ਼ਬੂਤ ਕੀਤਾ ਗਿਆ।

مشرب *ਮਸ਼ਰਬ* : ਪੀਣਾ; ਪੀਣ ਦੀ ਥਾਂ, ਘਾਟ, ਸੋਮਾ, ਚਸ਼ਮਾਂ; ਤੌਰ ਤਰੀਕਾ, ਦੀਨ, ਮਜ਼੍ਹਬ, ਮਾਰਗ, ਪੰਥ।

مشرب *ਮਿਸ਼ਰਬ* : ਪੀਣ ਦਾ ਪਿਆਲਾ।

مشربہ *ਮਿਸ਼ਰਬਾ* : ਕੁੱਜਾ, ਗਲਾਸ।

مشروب *ਮਸ਼ਰੂਬ* : ਪੀਣ ਵਾਲੀ ਚੀਜ਼।

مشرّح *ਮੁਸ਼ੱਰਹ* : ਖੋਲ੍ਹ ਕੇ ਬਿਆਨ ਹੋਇਆ ਕੀਤਾ।

مشرع *ਮਸ਼ਰਅ* : ਰਾਹ, ਰਸਤਾ।

مشرف *ਮੁਸ਼ਰਿਫ਼* : ਉੱਚਾ, ਉੱਚਾ ਹੋਣ ਵਾਲਾ, ਉਚਾਈ, ਸਾਮ੍ਹਣੇ; ਨੇੜੇ, ਉੱਚੇ ਥਾਂ ਤੋਂ ਵੇਖਣ ਵਾਲਾ, ਉੱਚੇ ਥਾਂ ਚੜ੍ਹਨ ਵਾਲਾ; ਮੀਰ ਮੁਹਰਰ, ਮੁਨਸ਼ੀ; ਨੇੜੇ ਹੋਣ ਵਾਲਾ; ਗੱਲ ਜੋ ਪਰਗਟ ਹੋਣ ਹੀ ਵਾਲੀ ਹੋਵੇ; ਨਿਗਰਾਨ।

مشرق *ਮਸ਼ਰਿਕ਼* : ਸੂਰਜ ਨਿਕਲਣ ਦੀ ਥਾਂ, ਚੜ੍ਹਦਾ ਪਾਸਾ, ਪੂਰਬ।

مشرقِ بعید *ਮਸ਼ਰਿਕ਼-ਏ-ਬਈਦ* : ਦੂਰ ਪੂਰਬ।

مشرقِ قریب *ਮਸ਼ਰਿਕ਼-ਏ-ਕ਼ਰੀਬ* : ਨੇੜੇ ਪੂਰਬ।

مشرقی *ਮਸ਼ਰਿਕ਼ੀ* : ਪੂਰਬ ਨਾਲ ਸਬੰਧਤ, ਪੂਰਬ ਦੀ ਕੋਈ ਚੀਜ਼।

مشرقین *ਮਸ਼ਰਿਕ਼ੈਨ* : ਪੂਰਬ ਤੇ ਪੱਛਮ।

مشرک *ਮੁਸ਼ਰਿਕ* : ਸ਼ਰੀਕ ਕਰਨ ਵਾਲਾ, ਖ਼ੁਦਾ ਦੀ ਜ਼ਾਤ ਵਿਚ ਕਿਸੇ ਦੂਜੇ ਨੂੰ ਸ਼ਰੀਕ ਕਰਨ ਵਾਲਾ, ਇਕ ਤੋਂ ਵੱਧ ਨੂੰ ਰੱਬ ਮੰਨਣ ਵਾਲਾ।

مشروح *ਮਸ਼ਰੂਹ* : ਖੋਲ੍ਹ ਕੇ ਬਿਆਨ ਕੀਤਾ ਗਿਆ।

مشط *ਮਸ਼ਤ਼*, مشط *ਮਿਸ਼ਤ਼* : ਕੰਘੀ, ਕੰਘਾ।

مشعل *ਮਸ਼ਅਲ* : ਮਸ਼ਾਲ; ਸ਼ਮ੍ਹਾ, ਰੋਸ਼ਨੀ ਕਰਨ ਵਾਲੀ ਚੀਜ਼।

مشعلچی *ਮਸ਼ਅਲਚੀ* : ਮਸ਼ਾਲਚੀ, ਮਸ਼ਾਲ ਜਗਾਉਣ ਵਾਲਾ।

مشعلِ وادیِ کلیم *ਮਸ਼ਅਲ-ਏ-ਵਾਦੀ-ਏ-ਕਲੀਮ* : ਓਹ ਨੂਰ ਜੋ ਮੂਸਾ ਨੂੰ ਏਮਨ ਦੀ ਵਾਦੀ ਵਿਚ ਦਿਸਿਆ।

مشعلہ *ਮਸ਼ਅਲਾ* : ਮਸ਼ਾਲ।

مشعلۂ خاوری *ਮਸ਼ਅਲਾ-ਏ-ਖ਼ਾਵਰੀ*, مشعلۂ روز *ਮਸ਼ਅਲਾ-ਏ-ਰੋਜ਼*, مشعلۂ صبح *ਮਸ਼ਅਲਾ-ਏ-ਸੁਬਹ*, مشعلۂ گیتی فروز *ਮਸ਼ਅਲਾ-ਏ-ਗੀਤੀ-ਫ਼ਰੋਜ਼* : ਸੂਰਜ, ਹਜ਼ਰਤ ਮੁਹੱਮਦ ਸਾਹਿਬ।

مشغلہ *ਮੁਸ਼ਗ਼ਲਾ* : ਸ਼ੁਗਲ, ਕੰਮ ਕਾਜ, ਸ਼ੋਰ, ਰੌਲਾ-ਗੌਲਾ, ਖੇਡ, ਤਮਾਸ਼ਾ, ਮਖੌਲ, ਠੱਠਾ।

مشغول *ਮਸ਼ਗ਼ੂਲ* : ਕੰਮ ਵਿਚ ਲੱਗਾ ਹੋਇਆ, ਰੁੱਝਿਆ ਹੋਇਆ, ਕੰਮ ਵਿਚ ਲੀਨ।

مشفق *ਮੁਸ਼ਫ਼ਿਕ਼* : ਡਰਨ ਵਾਲਾ, ਮੇਹਰਬਾਨੀ ਕਰਨ ਵਾਲਾ, ਮੇਹਰਬਾਨ, ਹਮਦਰਦ, ਮਿੱਤਰ, ਦੋਸਤ, ਅਦਬ ਲਿਹਾਜ਼ ਕਰਨ ਵਾਲਾ।

مشفقانہ *ਮੁਸ਼ਫ਼ਿਕ਼ਾਨਾ* : ਮੇਹਰਬਾਨੀ

ਦੇ ਤੌਰ ਤੇ, ਕਿਰਪਾ ਕਰਕੇ।

مشفقِمهربان ***ਮੁਸ਼ਫ਼ਿਕ-ਏ-ਮਿਹਰਬਾਨ*** : ਨੇਕ ਤੇ ਕਿਰਪਾਲੂ ਮਿੱਤਰ, ਮੇਰੇ ਮਿੱਤਰ ਪਿਆਰੇ।

مشق ***ਮਸ਼ਕ*** : ਨੇਜ਼ਾ ਮਾਰਨਾ ਜਾਂ ਵਿੰਨ੍ਹਣਾ, ਕਿਸੇ 'ਤੇ ਹਮਲਾ ਕਰਨਾ, ਫ਼ਾਰਸੀ ਵਿਚ ਕਿਸੇ ਕੰਮ ਨੂੰ ਰੋਜ਼ ਕਰਨ ਦੇ ਅਰਥਾਂ ਵਿਚ ਆਉਂਦਾ ਹੈ, ਅਭਿਆਸ; ਅੱਖਰਾਂ, ਸ਼ਬਦਾਂ ਤੇ ਚਿਤਰਾਂ ਦਾ ਅਭਿਆਸ ਕਰਨਾ।

مشقِجنگ ***ਮਸ਼ਕ-ਏ-ਜੰਗ*** : ਲੜਾਈ ਦੀ ਮਸ਼ਕ ਕਰਨਾ।

مشقِجنون ***ਮਸ਼ਕ-ਏ-ਜਨੂੰਨ*** : ਫ਼ਜ਼ੂਲ ਕੰਮ ਕਰਨਾ।

مشقی ***ਮਸ਼ਕੀ*** : ਲਿਖਾਈ ਦੀ ਮਸ਼ਕ ਕਰਨ ਦਾ ਕਾਗਜ਼ ਜਾਂ ਤਖ਼ਤੀ, ਲਿਖਣ ਦੀ ਤਖ਼ਤੀ, ਪੱਟੀ, ਫੱਟੀ।

مشقاب ***ਮੁਸ਼ਕਾਬ*** : ਵੱਡਾ ਥਾਲ ਜਿਸ ਵਿਚ ਚਾਵਲ ਖਾਣ ਲਈ ਦਿੱਤੇ ਜਾਂਦੇ ਹਨ, ਜਿਸ ਵਿਚ ਆਟਾ ਗੁੰਨ੍ਹਿਆ ਜਾਂਦਾ ਹੈ, ਪਰਾਤ।

مشقّت ***ਮਸ਼ੱਕਤ,*** مُشقّت ***ਮੁਸ਼ੱਕਤ*** : ਮੇਹਨਤ, ਮਜ਼ਦੂਰੀ;ਤਕਲੀਫ਼, ਦੁੱਖ, ਦਰਦ, ਰੰਜ, ਔਖ, ਜਣੇਪੇ ਦੀ ਪੀੜ।

مشک ***ਮਸ਼ਕ*** : ਚੰਮ ਜਾਂ ਖੱਲ੍ਹ ਜਿਸ ਵਿਚ ਪਾਣੀ ਭਰਦੇ ਹਨ ਜਾਂ ਘਿਓ ਮੱਖਣ ਵੀ ਰੱਖਦੇ ਹਨ, ਈਰਾਨ ਵਿਚ ਇਕ ਜਗ੍ਹਾ ਦਾ ਨਾਮ।

مشکچه ***ਮਸ਼ਕਚਾ*** : ਛੋਟੀ ਮਸ਼ਕ।

مشکو ***ਮਸ਼ਕੂ*** : ਛੋਟੀ ਮਸ਼ਕ।

مشکول ***ਮਸ਼ਕੂਲ,*** مشکوله ***ਮਸ਼ਕੂਲਾ*** : ਛੋਟੀ ਬੋਤਲ ਜਾਂ ਛੋਟਾ ਥੈਲਾ।

مشکیجه ***ਮਸ਼ਕੀਜਾ,*** مشکیزه ***ਮਸ਼ਕੀਜ਼ਾ*** : ਛੋਟੀ ਮਸ਼ਕ।

مشک ***ਮੁਸ਼ਕ,*** مشک ***ਮਿਸ਼ਕ*** : ਕਸਤੂਰੀ, ਸਿਆਹੀ, ਕਾਲਖ।

مشکبرزخم(داغ)افشاندن ***ਮੁਸ਼ਕ ਬਰ ਜ਼ਖ਼ਮ (ਦਾਗ਼) ਅਫ਼ਸ਼ਾਂਦਨ*** : ਜ਼ਖ਼ਮ ਨੂੰ ਤਾਜ਼ਾ ਕਰਨਾ, ਤਕਲੀਫ਼ ਦੇਣਾ, ਜਲਦੇ ਨੂੰ ਹੋਰ ਜਲਾਉਣਾ।

مشکبو ***ਮੁਸ਼ਕਬੂ*** : ਕਸਤੂਰੀ ਦੀ ਸੁਗੰਧੀ, ਕਸਤੂਰੀ ਵਰਗੀ ਖ਼ੁਸ਼ਬੋ ਵਾਲਾ।

مشکبید ***ਮੁਸ਼ਕਬੇਦ*** : ਇਕ ਕਿਸਮ ਦਾ ਬੈਂਤ ਦਾ ਦਰਖ਼ਤ ਜਿਸ ਦਾ ਫ਼ਲ ਖ਼ੁਸਬੋਦਾਰ ਹੁੰਦਾ ਹੈ, ਜਿਸ ਦਾ ਅਰਕ ਵੀ ਕੱਢਦੇ ਹਨ।

مشکِپخته ***ਮੁਸ਼ਕ-ਏ-ਪੁਖ਼ਤਾ*** : ਖ਼ਾਸ ਕਸਤੂਰੀ।

مشکِتاتاری ***ਮੁਸ਼ਕ-ਏ-ਤਾਤਾਰੀ,*** مشکِتبتی ***ਮੁਸ਼ਕ-ਏ-ਤਿੱਬਤੀ*** : ਤਾਤਾਰੀ ਕਸਤੂਰੀ ਜੋ ਬੌਹਤ ਸੁਗੰਧਮਈ ਹੁੰਦੀ ਹੈ।

مشکِتر ***ਮੁਸ਼ਕ-ਏ-ਤਰ*** : ਕਸਤੂਰੀ।

مشکدانه ***ਮੁਸ਼ਕਦਾਨਾ*** : ਖ਼ੁਸ਼ਬੂਦਾਰ ਦਾਣਾ ਜਿਸ ਨੂੰ ਇਸਤਰੀਆਂ ਵਿੰਨ੍ਹ ਕੇ ਗਲ ਦਾ ਹਾਰ ਬਣਾਉਂਦੀਆਂ ਹਨ; ਇਕ ਰਾਗ ਦਾ ਨਾਮ।

مشکدر ***ਮੁਸ਼ਕਦਰ*** : ਝੀਂਗਰ।

مشکدرشرابکردن ***ਮੁਸ਼ਕ ਦਰ ਸ਼ਰਾਬ ਕਰਦਨ*** : ਕਿਸੇ ਨੂੰ ਬੇਹੋਸ਼ ਕਰਨਾ।

مشکراکافورکردن ***ਮੁਸ਼ਕ ਰਾ ਕਾਫ਼ੂਰ ਕਰਦਨ*** : ਕਾਲੇ ਨੂੰ ਚਿੱਟਾ ਕਰਨਾ, ਬੁੱਢਾ ਹੋ ਜਾਣਾ।

مشکرنگ ***ਮੁਸ਼ਕ ਰੰਗ*** : ਇਕ ਕਾਲੇ ਰੰਗ ਦਾ ਸੁਰੀਲੀ ਅਵਾਜ਼ ਦਾ ਪੰਛੀ।

مشکِزمین ***ਮੁਸ਼ਕ-ਏ-ਜ਼ਮੀਨ,*** مشکک ***ਮੁਸ਼ਕਕ*** : ਇਕ ਪਰਕਾਰ ਦਾ ਖ਼ੁਸ਼ਬੂਦਾਰ ਘਾਹ।

مشکفشان ***ਮੁਸ਼ਕ-ਫ਼ਿਸ਼ਾਨ*** : ਓਹ ਆਦਮੀ, ਜਿਸ ਦੇ ਮੂੰਹ ਵਿਚੋਂ ਗੱਲ ਕਰਦਿਆਂ ਸੁਗੰਧੀ ਆਏ, ਖ਼ੁਸ਼ ਤਬੀਅਤ।

مشکِمالی ***ਮੁਸ਼ਕ-ਏ-ਮਾਲੀ,*** مشکناب ***ਮੁਸ਼ਕਨਾਬ,*** مشکناف، مشکِنافه ***ਮੁਸ਼ਕ-ਏ-ਨਾਫ਼,***

ਮੁਸ਼ਕ-ਏ-ਨਾਫ਼ਾ : ਖ਼ਾਲਸ ਕਸਤੂਰੀ, ਸਿਆਹੀ।

مشکمالی ***ਮੁਸ਼ਕ-ਮਾਲੀ*** : ਬਾਰਬੁਦ ਦੀ ਕੱਢੀ ਹੋਈ ਇਕ ਸੁਰ ਦਾ ਨਾਮ (24 ਵੀਂ ਸੁਰ)।

مشکمو ***ਮੁਸ਼ਕ-ਮੂ*** : ਕਾਲੇ ਵਾਲਾਂ ਵਾਲਾ।

مشکوحریر ***ਮੁਸ਼ਕ-ਉ-ਹਰੀਰ*** : ਸਿਆਹੀ ਤੇ ਕਾਗ਼ਜ਼।

مشکی ***ਮੁਸ਼ਕੀ*** : ਕਾਲੇ ਰੰਗ ਦਾ।

مشکین ***ਮੁਸ਼ਕੀਨ*** : ਮੁਸ਼ਕ ਰੰਗ।

مشکین‌سنان ***ਮੁਸ਼ਕੀਨ ਸਿਨਾਨ*** : ਮਸ਼ੂਕ ਦੀਆਂ ਪਲਕਾਂ।

مشکین‌فام ***ਮੁਸ਼ਕੀਨ ਫ਼ਾਮ*** : ਮੁਸ਼ਕ-ਭਰਿਆ, ਕਾਲਾ ਸਿਆਹ।

مشکین‌کلاه ***ਮੁਸ਼ਕੀਨ-ਕੁਲਾਹ*** : ਮਸ਼ੂਕ ਦੀਆਂ ਕਾਲੀਆਂ ਜ਼ੁਲਫ਼ਾਂ।

مشکک ***ਮੁਸ਼ੱਕਕ*** : ਸ਼ਕ ਸ਼ੁਬੇ ਵਾਲਾ।

مشکل ***ਮੁਸ਼ਕਿਲ*** : ਕਠਨ, ਔਖਾ, ਸਖ਼ਤ, ਦੁਖਦਾਈ, ਸ਼ੱਕੀ; ਅਸਪਸ਼ਟ।

مشکلات ***ਮੁਸ਼ਕਿਲਾਤ*** : ਉਪਰੋਕਤ ਦਾ ਬੌਹਵਚਨ।

مشکل‌پسند ***ਮੁਸ਼ਕਿਲ ਪਸੰਦ*** : ਕਠਨਾਈਆਂ ਨੂੰ ਪਸੰਦ ਕਰਨ ਵਾਲਾ, ਜਾਨ-ਮਾਰੂ।

مشکل‌کشا ***ਮੁਸ਼ਕਿਲ-ਕੁਸ਼ਾ*** : ਕਠਨਾਈਆਂ ਦੂਰ ਕਰਨ ਵਾਲਾ, ਹਜ਼ਰਤ ਅਲੀ ਦੀ ਉਪਾਧੀ।

مشکور ***ਮਸ਼ਕੂਰ*** : ਜਿਸ ਦਾ ਸ਼ੁਕਰ ਕੀਤਾ ਗਿਆ ਹੋਵੇ, ਜਿਸ ਦੀ ਉਪਮਾ ਕੀਤੀ ਜਾਵੇ, ਇਸ ਸ਼ਬਦ ਨੂੰ ਸ਼ਾਕਿਰ ਜਾਂ ਸ਼ੁਕਰ-ਗੁਜ਼ਾਰ (ਸ਼ੁਕਰੀਆ ਅਦਾ ਕਰਨ ਵਾਲਾ) ਦੇ ਅਰਥਾਂ ਵਿਚ ਪਰਤਣਾ ਗ਼ਲਤ ਹੈ।

مشکوک ***ਮਸ਼ਕੂਕ*** : ਸ਼ੱਕ ਕੀਤਾ ਗਿਆ, ਸੰਦਿਗਧ।

مشکوی ***ਮੁਸ਼ਕੂਏ,*** **مشکویه** ***ਮੁਸ਼ਕੂਯਾ*** : ਬੁੱਤ-ਖ਼ਾਨਾ, ਮੂਰਤੀ-ਘਰ; ਬਾਦਸ਼ਾਹਾਂ ਜਾਂ ਅਮੀਰਾਂ ਦਾ ਘਰ।

مشکوئ معلیٰ ***ਮੁਸ਼ਕੂ-ਏ-ਮੁਅੱਲਾ*** : ਬਾਦਸ਼ਾਹਾਂ ਦਾ ਭਵਨ।

مشلول ***ਮਸ਼ਲੂਲ*** : ਜਿਸ ਦੇ ਹੱਥ ਪੈਰ ਸ਼ਲ (ਬੇਹਿਸ) ਹੋ ਗਏ ਹੋਣ, ਅਪਾਹਜ।

مشمول ***ਮਸ਼ਮੂਲ*** : ਸਭ ਪਾਸਿਓਂ ਘੇਰਿਆ ਗਿਆ, ਸ਼ਾਮਲ ਕੀਤਾ ਗਿਆ, ਮਿਲਾਇਆ ਗਿਆ।

مشموله ***ਮਸ਼ਮੂਲਾ*** : ਜੋ ਚੀਜ਼ ਸ਼ਾਮਲ ਕੀਤੀ ਗਈ ਹੋਵੇ;ਸ਼ਰੀਕ ਮਿਲਾਇਆ ਹੋਇਆ।

مشموم ***ਮਸ਼ਮੂਮ*** : ਸੁੰਘੀ ਹੋਈ (ਚੀਜ਼), ਓਹ ਚੀਜ਼ ਜੋ ਸੁੰਘੀ ਜਾਏ, ਸੁਗੰਧਮਈ (ਚੀਜ਼)।

مشمومات ***ਮਸ਼ਮੂਮਾਤ*** : ਓਪਰੋਕਤ ਦਾ ਬੌਹਵਚਨ, ਖ਼ਸ਼ਬੂਦਾਰ ਚੀਜ਼ਾਂ।

مشمومه ***ਮਸ਼ਮੂਮਾ*** : ਸੁੰਘਣਯੋਗ (ਚੀਜ਼)।

مشنگ ***ਮੁਸ਼ੰਗ*** : ਲੁਟੇਰਾ, ਡਾਕੂ, ਚੋਰ, ਮੋਥਾ ਘਾਹ, ਇਕ ਪਰਕਾਰ ਦਾ ਅਨਾਜ।

مشواز ***ਮਿਸ਼ਵਾਜ਼*** : ਪਗੜੀ, ਦਸਤਾਰ।

مشورت ***ਮਸ਼ਵਰਤ,*** **مشوره** ***ਮਸ਼ਵਰਾ*** : ਕਿਸੇ ਗੱਲ ਦੇ ਸਿੱਟੇ ਬਾਰੇ ਪੁੱਛਣਾ, ਪਰਸਪਰ ਸਲਾਹ।

مشوم ***ਮਸ਼ੂਮ*** : ਮਨਹੂਸ, ਅਸ਼ੁਭ।

مشهد ***ਮਸ਼ਹਦ*** : ਹਾਜ਼ਰ ਹੋਣ ਦੀ ਜਗ੍ਹਾ, ਸ਼ਹਾਦਤ ਦੀ ਜਗ੍ਹਾ, ਸ਼ਹਾਦਤਗਾਹ, ਸ਼ਹੀਦਾਂ ਦਾ ਕਬਰਸਤਾਨ, ਈਰਾਨ ਦਾ ਇਕ ਪਰਸਿੱਧ ਸ਼ੈਹਰ ਜੋ ਖ਼ੁਰਾਸਾਨ ਦੇ ਇਲਾਕੇ ਵਿਚ ਹੈ ਜਿਸ ਦਾ ਪੁਰਾਣਾ ਨਾਮ ਤੂਸ ਹੈ, ਇਥੇ ਹਜ਼ਰਤ ਇਮਾਮ ਮੂਸਾ ਸ਼ਹੀਦ ਹੋਏ ਸਨ ਤੇ ਇਥੇ ਹੀ ਓਹਨਾਂ ਦਾ ਮਜ਼ਾਰ ਹੈ।

مشهدی ***ਮਸ਼ਹਦੀ*** : ਮਸ਼ਹਦ ਨਾਲ ਸਬੰਧਤ, ਮਸ਼ਹਦ ਦਾ ਰੈਹਣ ਵਾਲਾ।

مشهود ***ਮਸ਼ਹੂਦ*** : ਹਾਜ਼ਰ ਕੀਤਾ ਗਿਆ, ਮੌਜੂਦ, ਸਾਬਤ ਕੀਤਾ ਗਿਆ।

مشهور ***ਮਸ਼ਹੂਰ*** : ਸ਼ੌਹਰਤ ਕੀਤਾ ਗਿਆ,

ਪਰਸਿੱਧ।

مشیت ***ਮਸ਼ੀਯਤ*** : ਇੱਛਾ ਕਰਨਾ, ਇੱਛਾ; ਨਿਸਚਾ, ਇਰਾਦਾ, ਕਿਸਮਤ, ਤਕਦੀਰ।

مشیتِ ایزدی ***ਮਸ਼ੀਯਤ-ਏ-ਏਜ਼ਦੀ*** : ਅੱਲਾਹ ਦੀ ਮਰਜ਼ੀ।

مشیخت ***ਮਸ਼ੀਖ਼ਤ*** : ਬਜ਼ੁਰਗੀ; ਸ਼ੇਖ਼ੀ, ਘਮੰਡ।

مشیر ***ਮੁਸ਼ੀਰ*** : ਇਸ਼ਾਰਾ ਕਰਨ ਵਾਲਾ, ਮਸ਼ਵਰਾ ਦੇਣ ਵਾਲਾ, ਸਲਾਹਕਾਰ।

مشیرالدولہ ***ਮੁਸ਼ੀਰ-ਉਦ-ਦੌਲਾ*** : ਰਾਜ ਦਾ ਸਲਾਹਕਾਰ, ਅਮੀਰ, ਵਜ਼ੀਰ।

مشیرِخاص ***ਮੁਸ਼ੀਰ-ਏ-ਖ਼ਾਸ*** : ਨਿੱਜੀ ਵਜ਼ੀਰ।

مشیرِمال ***ਮੁਸ਼ੀਰ-ਏ-ਮਾਲ*** : ਵਜ਼ੀਰ ਮਾਲ।

مشیران ***ਮੁਸ਼ੀਰਾਨ*** : ਮੁਸ਼ੀਰ مشیر ਦਾ ਬੌਹਵਚਨ।

مشیرانِ سلطنت ***ਮੁਸ਼ੀਰਾਨ-ਏ-ਸਲਤਨਤ*** : ਰਾਜ ਦੇ ਅਮੀਰ ਵਜ਼ੀਰ।

مشیمہ ***ਮਸ਼ੀਮਾ*** : ਬੱਚੇਦਾਨੀ।

مصاحب ***ਮੁਸਾਹਿਬ*** : ਸਾਥੀ, ਪਾਸ ਬੈਠਣ ਵਾਲਾ, ਦੋਸਤ, ਮਿੱਤਰ, ਸ਼ੈਹਜ਼ਾਦੇ ਦਾ ਖ਼ਾਸ ਸਾਥੀ।

مصاحبت ***ਮੁਸਾਹਬਤ*** : ਸੰਗ ਸਾਥ।

مصادر ***ਮਸਾਦਿਰ*** : ਮਸਦਰ مصدر ਦਾ ਬੌਹਵਚਨ; ਨਿਕਲਣ ਦੀਆਂ ਥਾਵਾਂ, ਸੋਮੇਂ।

مصادرت ***ਮੁਸਾਦਰਤ*** : ਜੁਰਮਾਨਾ, ਤਵਾਨ, ਤਵਾਨ ਲੈਣਾ ਜਾਂ ਦੇਣਾ।

مصادقت ***ਮੁਸਾਦਕਤ*** : ਸੱਚੀ ਦੋਸਤੀ, ਦਿਲ ਦੀ ਮੁਹੱਬਤ, ਸਚਾਈ।

مصارف ***ਮਸਾਰਿਫ਼*** : (ਮਸਰਿਫ਼ مصرف ਦਾ ਬੌਹਵਚਨ) ਖ਼ਰਚ ਕਰਨ ਦੀਆਂ ਥਾਵਾਂ, ਖ਼ਰਚੇ।

مصائب ***ਮਸਾਇਬ*** : ਸਖ਼ਤੀਆਂ, ਤਕਲੀਫ਼ਾਂ।

مصاف ***ਮਸਾਫ਼*** : (ਮਸਫ਼ مصف ਦਾ ਬੌਹਵਚਨ) ਸਫ਼ ਬੰਨ੍ਹਣ ਦੀਆਂ ਥਾਵਾਂ, ਰਣ-ਭੂਮੀਆਂ, ਜੰਗ, ਲੜਾਈ।

مصافگاہ ***ਮੁਸਾਫ਼ਗਾਹ*** : ਰਣ-ਭੂਮੀ।

مصافحہ ***ਮੁਸਾਫ਼ਹਾ*** : ਮੁਲਾਕਾਤ ਵੇਲੇ ਹੱਥ ਮਿਲਾਉਣਾ।

مصالح ***ਮਸਾਲਿਹ*** : (ਮਸਲਹਤ مصلحت ਦਾ ਬੌਹਵਚਨ) ਭਲਾਈਆਂ, ਨੇਕੀਆਂ, ਕਿਸੇ ਚੀਜ਼ ਦੀ ਭਲਾਈ ਦਾ ਸਮਾਨ, ਨੇਕ ਤਜਵੀਜ਼ਾਂ, ਚੰਗੀਆਂ ਸਲਾਹਾਂ।

مصالحت ***ਮੁਸਾਲਹਤ*** : ਪਰਸਪਰ ਸੁਲ੍ਹਾ ਸਫ਼ਾਈ ਕਰਨਾ, ਸੁਲ੍ਹਾ, ਮੇਲ-ਮਿਲਾਪ।

مصالحہ ***ਮਸਾਲਿਹਾ*** : ਦਰੁਸਤੀ ਦੀ ਚੀਜ਼।

مصائب ***ਮਸਾਇਬ*** : (ਮੁਸੀਬਤ مصیبت ਦਾ ਬੌਹਵਚਨ) ਮੁਸੀਬਤਾਂ, ਔਕੜਾਂ, ਦੁਖ, ਤਕਲੀਫ਼ਾਂ।

مصباح ***ਮਿਸਬਾਹ*** : ਚਿਰਾਗ਼, ਦੀਵਾ ਸ਼ਮ੍ਹਾ, ਵਿਆਕਰਨ ਦੀ ਇਕ ਪੁਸਤਕ ਦਾ ਨਾਮ।

مصحف ***ਮੁਸਹਫ਼*** : ਓਹ ਕਿਤਾਬ ਜਿਸ ਵਿਚ ਸਹੀਫ਼ੇ ਤੇ ਰਸਾਲੇ ਹੋਣ, ਪੁਸਤਕ, ਲਿਖਿਆ ਹੋਇਆ ਵਰਕਾ, ਕੁਰਾਨ ਮਜੀਦ।

مصحفِ بغلی ***ਮੁਸਹਫ਼-ਏ-ਬਗਲੀ*** : ਕੁਰਾਨ ਸ਼ਰੀਫ਼ ਦੀ ਛੋਟੀ ਸੈਂਚੀ ਜੋ ਗਲ ਵਿਚ ਲਟਕਾਈ ਜਾ ਸਕੇ।

مصحفِ غبار ***ਮੁਸਹਫ਼-ਏ-ਗ਼ੁਬਾਰ*** : ਕੁਰਆਨ ਮਜੀਦ ਜੋ ਗੁਬਾਰ ਲਿਪੀ ਵਿਚ ਲਿਖਿਆ ਹੋਵੇ; ਮਸ਼ੂਕ ਦਾ ਚੇਹਰਾ।

مصحفِ مجید ***ਮੁਸਹਫ਼-ਏ-ਮਜੀਦ***, مصحفِ مقدس ***ਮੁਸਹਫ਼-ਏ-ਮੁਕੱਦਸ*** : ਕੁਰਾਨ ਮਜੀਦ।

مصحفِ یاقوت ***ਮੁਸਹਫ਼-ਏ-ਯਾਕੂਤ*** : ਓਹ ਕੁਰਾਨ ਸ਼ਰੀਫ਼ ਜੋ ਯਾਕੂਤੀ ਲਿੱਪੀ ਵਿਚ

ਲਿਖਿਆ ਹੋਵੇ।

مصداق ***ਮਿਸਦਾਕ*** : ਓਹ ਚੀਜ਼ ਜਿਸ ਉਤੇ ਕੋਈ ਅਰਥ ਪੂਰੇ ਉੱਤਰ ਸਕਣ, ਓਹ ਚੀਜ਼ ਜੇਹੜੀ ਕਿਸੇ ਦੀ ਸਫ਼ਾਈ ਸਾਬਤ ਕਰੇ,ਤਸਦੀਕ ਦਾ ਸਬੂਤ, ਤਸਦੀਕ ਕਰਨ ਵਾਲਾ, ਗਵਾਹ, ਗਵਾਹੀ।

مصدر ***ਮਸਦਰ*** : ਨਿਕਲਣ ਦੀ ਥਾਂ, ਸੋਮਾ, ਬਾਹਰ ਆਉਣ ਦੀ ਥਾਂ, ਪਰਤਣ ਦੀ ਜਗ੍ਹਾ, ਓਹ ਸ਼ਬਦ ਜਿਸ ਵਿਚੋਂ ਕਿਰਿਆਵਾਂ ਤੇ ਵਿਸ਼ੇਸ਼ਣ ਬਣਾਏ ਜਾਣ।

مصدَّق ***ਮੁਸੱਦਕ,*** **مصدقه** ***ਮੁਸਦੱਕਾ*** : ਤਸਦੀਕ ਕੀਤਾ ਗਿਆ, ਯਕੀਨ ਕੀਤਾ ਗਿਆ, ਸੱਚ ਸਾਬਤ ਕੀਤਾ ਗਿਆ।

مصدِّق ***ਮੁੱਸਦਿਕ*** : ਤਸਦੀਕ ਕਰਨ ਵਾਲਾ, ਸਚਾਈ ਦੀ ਗਵਾਹੀ ਦੇਣ ਵਾਲਾ।

مصر ***ਮਿਸਰ*** : ਸ਼ੈਹਰ, ਨਗਰ, ਤਲਵਾਰ, ਦੋ ਚੀਜ਼ਾਂ ਦੇ ਵਿਚਕਾਰਲੀ ਹੱਦ, ਇਕ ਪਰਸਿੱਧ ਮੁਲਕ ਦਾ ਨਾਮ ਜੋ ਅਫ਼ਰੀਕਾ ਦੇ ਉੱਤਰ ਪੂਰਬ ਵਿਚ ਸਥਿਤ ਹੈ, ਇਸ ਮੁਲਕ ਦੀ ਰਾਜਧਾਨੀ ਦਾ ਵੀ ਏਹੀ ਨਾਮ ਹੈ ਜਿਸ ਨੂੰ ਹੁਣ ਕਾਹਿਰਾ ਕੈਂਹਦੇ ਹਨ।

مصران ***ਮਿਸਰਾਨ*** : ਦੋ ਮਿਸਰ, ਸ਼ੈਹਰ ਕੂਫ਼ਾ ਤੇ ਬਸਰਾ ਤੋਂ ਭਾਵ ਹੈ।

مصرِزلیخاپناه ***ਮਿਸਰ-ਏ-ਜ਼ੁਲੈਖ਼ਾ ਪਨਾਹ*** : ਆਦਮੀ ਦਾ ਸਰੀਰ।

مصرِسعید ***ਮਿਸਰ-ਏ-ਸਈਦ*** : ਉਤਰੀ ਮਿਸਰ।

مصر ***ਮੁਸਿਰ*** : ਇਸਰਾਰ (ਜ਼ਿੱਦ-ਹੱਠ) ਕਰਨ ਵਾਲਾ, ਕਿਸੇ ਗੱਲ ਤੇ ਅੜ ਜਾਣ ਵਾਲਾ, ਜ਼ਿੱਦੀ, ਹਠੀ।

مصراع ***ਮਿਸਰਾਅ,*** **مصرع** ***ਮਿਸਰਅ*** : ਬੂਹੇ ਦਾ ਇਕ ਭਿਤ, ਇਕ ਕਿਵਾੜ, ਇਕ ਕਿਵਾੜ, ਦਰਵਾਜ਼ੇ ਦਾ ਇਕ ਪਟ, ਅੱਧਾ ਸ਼ੇਅਰ ਜਾਂ ਬੈਂਤ।

مصروف ***ਮਸਰੂਫ਼*** : ਸਰਫ਼ (ਖ਼ਰਚ) ਕੀਤਾ ਗਿਆ, ਕੰਮ ਵਿਚ ਰੁਝਿਆ ਹੋਇਆ।

مصری ***ਮਿਸਰੀ*** : ਮਿਸਰ ਨਾਲ ਸਬੰਧਤ, ਮਿਸਰ ਦਾ ਵਸਨੀਕ, ਸ਼ੈਹਰੀ, ਮਿਸਰ ਦੀ ਕਲਮ, ਮਿਸਰ ਦੀ ਬਨਾਤ; ਮਿਸਰ ਦਾ ਨੇਜ਼ਾ ਜਾਂ ਭਾਲਾ, ਬਰਛਾ, ਜਮਾਈ ਹੋਈ ਖੰਡ।

مصریمار ***ਮਿਸਰੀ-ਮਾਰ*** : ਨੇਜ਼ਾ, ਬਰਛਾ।

مصطفیٰ ***ਮੁਸਤਫ਼ਾ*** : ਚੁਣਿਆ ਹੋਇਆ, ਕਬੂਲ ਕੀਤਾ ਗਿਆ, ਪਰਵਾਨਤ, ਸ਼ੁੱਧ ਕੀਤਾ ਗਿਆ, ਹਜ਼ਰਤ ਮੁਹੰਮਦ ਸਾਹਿਬ ਦੀ ਉਪਾਧੀ।

مصطفوی ***ਮੁਸਤਫ਼ਵੀ*** : ਹਜ਼ਰਤ ਮੁਹੰਮਦ ਸਾਹਿਬ ਨਾਲ ਸਬੰਧਤ।

مصطفیٰکمالپاشا ***ਮੁਸਤਫ਼ਾ ਕਮਾਲ ਪਾਸ਼ਾ*** : ਤੁਰਕੀ ਦੇ ਪਰਸਿੱਧ ਸੈਨਾਪਤੀ ਦਾ ਨਾਮ, ੧੯੧੪ ਈ. ਵਾਲੀ ਪੈਹਲੀ ਵਿਸ਼ਵ ਜੰਗ ਵਿਚ ਜਦੋਂ ਅੰਗਰੇਜ਼ ਤੇ ਦੂਜੀਆਂ ਵਿਰੋਧੀ ਤਾਕਤਾਂ ਤੁਰਕੀ ਨੂੰ ਬਿਲਕੁਲ ਤਬਾਹ/ ਬਰਬਾਦ ਕਰ ਚੁਕੀਆਂ ਸਨ ਤਾਂ ਇਸ ਆਦਮੀ ਨੇ ਛੋਟੇ ਏਸ਼ੀਆ ਵਿਚ ਅਜ਼ਾਦੀ ਦਾ ਝੰਡਾ ਬਲੰਦ ਕੀਤਾ ਅਤੇ ਯੂਨਾਨ ਨੂੰ ਲਗਾਤਾਰ ਹਾਰਾਂ ਦੇ ਕੇ ਤੁਰਕੀ ਦਾ ਲੋਹਾ ਮਨਵਾਇਆ ਤੇ ਤੁਰਕੀ ਵਿਚ ਲੋਕਤੰਤਰ ਰਾਜ ਸਥਾਪਤ ਕੀਤਾ, ਓਹ ਉਸ ਦਾ ਪੈਹਲਾ ਪਰਧਾਨ ਚੁਣਿਆ ਗਿਆ, ਉਸ ਨੇ ਕੁਸਤਨਤੁਨੀਆ ਦੀ ਥਾਂ ਅਨਕੋਰਾ ਨੂੰ ਰਾਜਧਾਨੀ ਬਣਾਇਆ।

مصطکی ***ਮਸਤਕਾ, ਮਸਤਕੀ*** : ਇਕ ਪੀਲੇ ਰੰਗ ਦੀ ਗੂੰਦ ਜੋ ਦਵਾਈ ਦੇ ਤੌਰ ਤੇ ਵਰਤੀ ਜਾਂਦੀ ਹੈ ਅਤੇ ਇਹ ਗੂੰਦ ਪਿਸਤੇ ਦੇ ਦਰਖ਼ਤਾਂ 'ਚੋਂ ਨਿਕਲਦੀ ਹੈ।

مصفّ ***ਮੁਸੱਫ਼*** : ਸਫ਼ਾਂ ਜੋੜਨ ਦੀ ਥਾਂ; ਜੰਗ ਦਾ ਮੈਦਾਨ; ਜੰਗ।

مصقّل ***ਮੁਸੱਕਲ*** : ਸਾਫ਼, ਰੋਸ਼ਨ, ਪਾਲਸ਼ ਕੀਤਾ ਹੋਇਆ ਜ਼ੰਗਾਲ ਦੂਰ ਕੀਤਾ ਗਿਆ।

مصقل ***ਮਿਸਕਲ,*** **مصقله** ***ਮਿਸਕਲਾ*** : ਸਿਕਲ (ਪਾਲਸ਼) ਕਰਨ ਦਾ ਸੰਦ, ਜ਼ੰਗਾਲ ਦੂਰ ਕਰਨ ਦਾ ਸੰਦ।

مصقول *ਮਸਕੂਲ* : ਸਿਕਲ ਕੀਤਾ ਗਿਆ, ਪਾਲਸ਼ ਕੀਤਾ ਗਿਆ, ਚਮਕਾਇਆ ਹੋਇਆ।

مصلّا *ਮੁਸੱਲਾ* : ਨਮਾਜ਼ ਪੜ੍ਹਨ ਦੀ ਥਾਂ, ਈਦਗਾਹ, ਮਸੀਤ, ਨਮਾਜ਼ ਪੜ੍ਹਨ ਦਾ ਕੱਪੜਾ ਜਾਂ ਚਟਾਈ।

مصلّایِ شیراز *ਮੁਸੱਲਾ-ਏ-ਸ਼ੀਰਾਜ਼* : ਸ਼ੀਰਾਜ਼ ਦੀ ਈਦਗਾਹ।

مصلحت *ਮਸਲਹਤ* : ਨੇਕ ਸਲਾਹ, ਨੇਕ ਤਜਵੀਜ਼, ਭਲਾਈ, ਬੇਹਤਰੀ, ਵਸਫ਼, ਗੁਣ।

مصلحتِ وقت *ਮਸਲਹਤ-ਏ-ਵਕਤ* : ਸਮੇਂ ਲਈ ਯੋਗ ਤਜਵੀਜ਼, ਸਮੇਂ ਦੇ ਅਨਕੂਲ।

مصلیٰ *ਮੁਸੱਲਾ* : (ਵੇਖੋ ਮੁਸੱਲਾ) ਈਰਾਨ ਵਿਚ ਇਕ ਪਰਸਿੱਧ ਜਗ੍ਹਾ।

مصلی *ਮੁਸੱਲੀ* : ਨਮਾਜ਼ ਪੜ੍ਹਨ ਵਾਲਾ, ਨਮਾਜ਼ੀ, ਹਜ਼ਰਤ ਮੁਹੰਮਦ ਸਾਹਿਬ ਲਈ ਦੁਆ ਕਰਨ ਵਾਲਾ, ਨੇਕ ਧਰਮੀ ਬੰਦਾ।

مصنِف *ਮੁਸਨਿਫ਼* : ਕਿਤਾਬ ਤਸਨੀਫ਼ (ਲਿਖਣ) ਕਰਨ ਵਾਲਾ, ਲੇਖਕ।

مصنَف *ਮੁਸੱਨਫ਼*, **مصنفه** *ਮੁਸਨਫ਼ਾ* : ਤਸਨੀਫ਼ ਕੀਤਾ ਗਿਆ, ਲਿਖੀ ਗਈ ਕਿਤਾਬ, ਰਚਨਾ।

مصنفات *ਮੁਸੱਨਫ਼ਾਤ* : ਲਿਖੀਆਂ ਹੋਈਆਂ ਕਿਤਾਬਾਂ, ਰਚਨਾਵਾਂ।

مصنوع *ਮਸਨੂਅ* : ਬਣਾਈ ਹੋਈ (ਚੀਜ਼), ਘੜੀ ਗਈ।

مصنوعات *ਮਸਨੂਆਤ* : (ਉਪਰੋਕਤ ਦਾ ਬੌਹਵਚਨ) ਬਣਾਈਆਂ ਹੋਈਆਂ ਚੀਜ਼ਾਂ।

مصنوعی *ਮਸਨੂਈ* : ਕੁਦਰਤ ਦੇ ਵਿਰੁਧ, ਕਿਸੇ ਕਾਰੀਗਰ ਦੀ ਬਣਾਈ ਹੋਈ ਚੀਜ਼; ਬਣਾਉਟੀ, ਨਕਲੀ।

مصوَّر *ਮੁਸੱਵਰ* : ਬਣਾਈ ਗਈ, ਚਿਤਰੀ ਗਈ, ਤਸਵੀਰ, ਚਿੱਤਰ।

مصوِّر *ਮੁਸੱਵਿਰ* : ਤਸਵੀਰ ਬਣਾਉਣ ਵਾਲਾ, ਚਿੱਤਰਕਾਰ, ਬੁੱਤ ਘਾੜਾ, ਮੂਰਤੀਕਾਰ।

مصیبت *ਮੁਸੀਬਤ* : ਤਕਲੀਫ਼, ਰੰਜ, ਦੁੱਖ, ਆਫ਼ਤ, ਹਾਦਸਾ, ਘਟਨਾ।

مصیبت‌خانه *ਮੁਸੀਬਤ-ਖ਼ਾਨਾ* : ਮਾਤਮ-ਖ਼ਾਨਾ, ਸੰਸਾਰ।

مصیبت‌زده *ਮੁਸੀਬਤ-ਜ਼ਦਾ* : ਆਫ਼ਤ ਦਾ ਮਾਰਿਆ, ਅਭਾਗਾ।

مصیقل *ਮੁਸੈਕਲ* : ਸਿਕਲ ਕੀਤਾ ਗਿਆ, ਚਮਕਾਇਆ ਗਿਆ, ਰੰਗ ਫੇਰਿਆ ਗਿਆ।

مصیقل *ਮੁਸੈਕਿਲ* : ਸਿਕਲ ਕਰਨ ਵਾਲਾ, ਚਮਕਾਉਣ ਵਾਲਾ, ਸਿਕਲੀਗਰ।

مضاعف *ਮੁਜ਼ਾਅਫ਼* : ਦੂਣਾ, ਦੁੱਗਣਾ, ਓਹ ਸ਼ਬਦ ਜਾਂ ਵਾਕੰਸ਼ ਜਿਸ ਦੇ ਅੰਤ ਉਤੇ ਇਕੋ ਮੂਲ ਦੇ ਦੋ ਅੱਖਰ ਆਉਣ।

مضاعفت *ਮੁਜ਼ਾਅਫ਼ਤ* : ਦੂਣਾ ਕਰਨਾ।

مضاف *ਮੁਜ਼ਾਫ਼* : ਸਬੰਧਤ, ਮਿਲਿਆ ਹੋਇਆ, ਜੁੜਿਆ ਹੋਇਆ, ਮਿਲਾਇਆ ਗਿਆ, ਨਥੀ ਕੀਤਾ ਗਿਆ, ਓਹ ਨਾਂਵ ਜੋ ਕਿਸੇ ਦੂਜੇ ਨਾਂਵ ਨਾਲ ਸਬੰਧਤ ਕੀਤਾ ਜਾਵੇ ਜਿਵੇਂ 'ਕਿਤਾਬ-ਏ-ਨਾਂਵ ਜ਼ੈਦ' ਵਿਚ ਕਿਤਾਬ ਮਜ਼ਾਫ਼ ਹੈ।

مضافات *ਮੁਜ਼ਾਫ਼ਾਤ* : ਸਬੰਧ ਵਾਲੇ, ਸ਼ੈਹਰ ਦੇ ਆਲੇ-ਦੁਆਲੇ ਦੇ ਪਿੰਡ ਜੋ ਉਸ ਨਾਲ ਸਬੰਧਤ ਹੋਣ।

مضامین *ਮਜ਼ਾਮੀਨ* : (ਮਜ਼ਮੂਨ **مضمون** ਦਾ ਬੌਹਵਚਨ) ਮਤਲਬ, ਮਨੋਰਥ, ਮਕਸਦ, ਲੇਖ।

مضائقه *ਮੁਜ਼ਾਇਕਾ* : ਤੰਗੀ, ਔਖ, ਇਕ ਦੂਜੇ ਨੂੰ ਤੰਗ ਕਰਨਾ, ਹਰਜ, ਭੈੜਾ, ਪਰਵਾਹ, ਡਰ।

مضائقه کردن *ਮੁਜ਼ਾਇਕਾ ਕਰਦਨ* : ਵਿਰੋਧ ਕਰਨਾ, ਇਨਕਾਰ ਕਰਨਾ, ਨਾਂਹ ਨੁੱਕਰ ਕਰਨਾ।

مضبوط *ਮਜ਼ਬੂਤ* : ਜ਼ਬਤ ਕੀਤਾ ਗਿਆ, ਕਬਜ਼ਾ ਕੀਤਾ ਗਿਆ, ਪੱਕਾ, ਪਾਏਦਾਰ।

مضحک *ਮਜ਼ਹਕ* : ਹੱਸਣ ਦੀ ਥਾਂ, ਓਹ ਚੀਜ਼ ਜਾਂ ਵਿਅਕਤੀ ਜਿਸ 'ਤੇ ਹੱਸਿਆ ਜਾਵੇ।

مضحک ***ਮੁਜ਼ਹਿਕ*** : ਹਸਾਉਣ ਵਾਲਾ।

مضحکات ***ਮੁਜ਼ਹਿਕਾਤ*** : (ਮੁਜ਼ਹਿਕ **مضحک** ਦਾ ਬੋਹਵਚਨ) ਹਸਾਉਣ ਵਾਲੀਆਂ ਗੱਲਾਂ, ਲਤੀਫ਼ੇ, ਚੁਟਕਲੇ।

مضحکہ ***ਮਜ਼ਹਕਾ*** : ਚੋਹਲ, ਠੱਠਾ, ਮਜ਼ਾਕ, ਮਖ਼ੌਲ, ਓਹ ਵਿਅਕਤੀ ਜਿਸ ਦਾ ਮਖ਼ੌਲ ਉਡਾਇਆ ਜਾਵੇ।

مضرّ ***ਮੁਜ਼ੱਰ*** : ਨੁਕਸਾਨ ਪੌਹਚਾਉਣ ਵਾਲੀ, ਹਾਨੀਕਾਰਕ।

مضراب ***ਮਿਜ਼ਰਾਬ*** : ਓਹ ਸੰਦ ਜਿਸ ਨਾਲ ਸੱਟ ਲਾਈ ਜਾਵੇ, ਮਾਰਨ ਵਾਲਾ, ਸਤਾਰ ਵਜਾਉਣ ਦਾ ਛੱਲਾ।

مضرّت ***ਮਜ਼ੱਰਤ*** : ਹਾਨੀ, ਨੁਕਸਾਨ, ਦੁੱਖ।

مضرور ***ਮਜ਼ਰੂਰ*** : ਜਿਸ ਨੂੰ ਨੁਕਸਾਨ ਪੌਹਚਿਆ ਹੋਵੇ; ਦੁਖੀ।

مضطرب ***ਮੁਜ਼ਤ਼ਰਿਬ*** : ਬੇਚੈਨ, ਬੇਕਰਾਰ, ਪਰੇਸ਼ਾਨ।

مضمحل ***ਮੁਜ਼ਮਹਿਲ*** : ਲੀਨ ਹੋਣ ਵਾਲਾ, ਗੁੰਮ ਹੋਣ ਵਾਲਾ, ਨਾਸ਼ ਹੋਣ ਵਾਲਾ, ਮਿਟ ਜਾਣਾ ਵਾਲਾ, ਰੱਦ ਹੋਇਆ, ਤੁੱਛ; ਸੁਸਤ, ਢਿੱਲਾ।

مضمر ***ਮੁਜ਼ਮਰ*** : ਲੁਕਿਆ ਹੋਇਆ, ਛੁੱਪਿਆ ਹੋਇਆ, ਗੁਪਤ, ਲੁਪਤ, ਦਿਲ ਵਿਚ ਛੁਪਾਈ ਹੋਈ (ਗੱਲ)।

مضمون ***ਮਜ਼ਮੂਨ*** : ਜ਼ਿਮਨ ਵਿਚ ਕੀਤਾ ਹੋਇਆ, ਵਿਚਕਾਰ ਲਿਆਂਦਾ ਗਿਆ; ਮਤਲਬ, ਮੰਤਵ, ਲੇਖ।

مضمون‌نگار ***ਮਜ਼ਮੂਨ-ਨਿਗਾਰ*** : ਲੇਖ ਲਿਖਣ ਵਾਲਾ।

مضمون‌نویس ***ਮਜ਼ਮੂਨ-ਨਵੀਸ*** : ਲਿਖਾਰੀ, ਲੇਖਕ, ਨਿਬੰਧਕਾਰ।

مضمون‌نویسی ***ਮਜ਼ਮੂਨ-ਨਵੀਸੀ*** : ਨਿਬੰਧਕਾਰੀ।

مضیق ***ਮਜ਼ੀਕ਼*** : ਤੰਗ (ਜਗ੍ਹਾ), ਗਲੀ।

مطابع ***ਮਤ਼ਾਬਿਅ*** : (ਮਤਬਅ **مطبع** ਦਾ ਬੌਹਵਚਨ) ਛਾਪੇਖ਼ਾਨੇ।

مطابق ***ਮੁਤ਼ਾਬਿਕ਼*** : ਬਰਾਬਰ, ਸਮਾਨ, ਅਨੁਕੂਲ, ਅਨੁਸਾਰ।

مطابقت ***ਮੁਤ਼ਾਬਕ਼ਤ*** : ਬਰਾਬਰੀ, ਅਨੁਕੂਲਤਾ, ਸਮਾਨਤਾ।

مطالب ***ਮਤ਼ਾਲਿਬ*** : (ਮਤ਼ਲਬ **مطلب** ਦਾ ਬੌਹਵਚਨ) ਮੰਤਵ, ਮਨੋਰਥ, ਮੁਰਾਦਾਂ, ਭਾਵ।

مطالبہ ***ਮੁਤ਼ਾਲਬਾ*** : ਤਲਬ ਕਰਨਾ, ਮੰਗਣਾ, ਆਪਣਾ ਹੱਕ ਮੰਗਣਾ, ਸਰਕਾਰੀ ਰੁਪਈਆ, ਤਲਬ ਕਰਨਾ।

مطالعہ ***ਮੁਤ਼ਾਲਆ*** : ਵੇਖਣਾ, ਧਿਆਨ, ਗੌਰ, ਕਿਸੇ ਚੀਜ਼ ਤੋਂ ਜਾਣਕਾਰੀ ਪਰਾਪਤ ਕਰਨ ਲਈ ਉਸ ਨੂੰ ਵੇਖਣਾ, ਅਧਿਐਨ।

مطاوعت ***ਮੁਤ਼ਾਵਅਤ*** : ਅਧੀਨਗੀ ਕਰਨਾ, ਆਗਿਆਕਾਰਤਾ।

مطب ***ਮਤ਼ਬ*** : ਓਹ ਸਥਾਨ ਜਿਥੇ ਤਬੀਬ (ਵੈਦ) ਬੈਠ ਕੇ ਬੀਮਾਰਾਂ ਨੂੰ ਵੇਖੇ ਤੇ ਇਲਾਜ ਕਰੇ।

مطبخ ***ਮਤ਼ਬਖ*** : ਖਾਣਾ ਪਕਾਉਣ ਦੀ ਥਾਂ, ਰਸੋਈ।

مُطبِخ ***ਮੁਤ਼ਬਿਖ਼,*** **مطبخی** ***ਮਤ਼ਬਖ਼ੀ*** : ਖਾਣਾ ਪਕਾਉਣ ਵਾਲਾ, ਰਸੋਈਆ, ਬਾਵਰਚੀ।

مطبع ***ਮਤ਼ਬਅ*** : ਛਾਪਾਖ਼ਾਨਾ।

مطبوخ ***ਮਤ਼ਬੂਖ਼*** : ਪਕਾਈ ਗਈ (ਚੀਜ਼)।

مطبوع ***ਮਤ਼ਬੂਅ*** : ਮਨ-ਪਸੰਦ, ਪਸੰਦ ਕੀਤੀ ਗਈ, ਛਾਪੀ ਗਈ, ਛਪੀ ਹੋਈ।

مطبوعہ ***ਮਤ਼ਬੂਆ*** : ਛਪੀ ਹੋਈ ਜਾਂ ਛਾਪੀ ਹੋਈ।

مطرب ***ਮੁਤ਼ਰਿਬ*** : ਖ਼ੁਸ਼ ਕਰਨ ਵਾਲਾ, ਗਾਉਣ ਵਾਲਾ, ਗਵੱਈਆ, ਰਾਗੀ।

مطربہ ***ਮੁਤ਼ਰਿਬਾ*** : ਗਾਉਣ ਵਾਲੀ।

مطلّا ***ਮੁਤ਼ੱਲਾ*** : ਸੋਨੇ ਦਾ ਮੁਲੰਮਾ ਕੀਤਾ ਹੋਇਆ, ਸਨੈਹਰੀ।

مطلب ***ਮਤ਼ਲਬ*** : ਭਾਲਣ ਦੀ ਥਾਂ, ਤਲਬ ਦੀ ਜਗ੍ਹਾ ; ਮਨੋਰਥ, ਗ਼ਰਜ਼, ਮਨਸ਼ਾ,

ਅਰਥ, ਭਾਵ।

مطلب برآری ***ਮਤ਼ਲਬ ਬਰ-ਆਰੀ*** : ਕੰਮ ਕੱਢਣਾ, ਮਤਲਬ ਪੂਰਾ ਕਰਨਾ।

مطلبی نیست ***ਮਤ਼ਲਬੇ-ਨੀਸਤ*** : ਕੋਈ ਪਰਵਾਹ ਨਹੀਂ, ਕੋਈ ਗੱਲ ਹੀ ਨਹੀਂ।

مطلع ***ਮਤ਼ਲਅ*** : ਸੂਰਜ ਚੜ੍ਹਨ ਦੀ ਥਾਂ, ਚੜ੍ਹਦਾ, ਪੂਰਬ, ਗ਼ਜ਼ਲ ਜਾਂ ਕੱਸੀਦੇ ਦਾ ਪੈਹਲਾ ਸ਼ਿਅਰ ਜਿਸ ਦੇ ਦੋਵਾਂ ਮਿਸਰਿਆਂ ਵਿਚ ਕਾਫ਼ੀਏ ਦੀ ਪਾਬੰਦੀ ਕੀਤੀ ਜਾਂਦੀ ਹੈ।

مطلق ***ਮੁਤ਼ਲਕ਼*** : ਅਜ਼ਾਦ, ਕੈਦ ਤੋਂ ਮੁਕਤ ਕੀਤਾ ਗਿਆ ਜਿਸ 'ਤੇ ਕੋਈ ਸ਼ਰਤ ਨਾ ਲਾਈ ਗਈ ਹੋਵੇ।

مطلقاً ***ਮੁਤ਼ਲਕ਼ਨ*** : ਬਿਲਕੁਲ, ਅਸਲੋਂ।

مطلق العنان ***ਮੁਤਲਕ਼-ਉਲ-ਇਨਾਨ*** : ਬੇਲਗਾਮ, ਬਿਲਕੁਲ ਅਜ਼ਾਦ।

مطلقه ***ਮੁਤ਼ੱਲਕ਼ਾ*** : ਅਜ਼ਾਦ ਕੀਤੀ ਹੋਈ, ਤਲਾਕ ਦਿਤੀ ਹੋਈ (ਔਰਤ)।

مطلوب ***ਮਤ਼ਲੂਬ*** : ਤਲਬ ਕੀਤਾ ਗਿਆ, ਜਿਸ ਚੀਜ਼ ਦੀ ਖ਼ਾਹਸ਼ ਹੋਵੇ, ਮਕਸਦ, ਮਨੋਰਥ, ਮਸ਼ੂਕ।

مطلوبه ***ਮਤ਼ਲੂਬਾ*** : ਇੱਛਤ (ਚੀਜ਼),ਓਹ ਚੀਜ਼ ਜੋ ਮੰਗੀ ਗਈ ਹੋਵੇ।

مطمئن ***ਮੁਤ਼ਮਇਨ*** : ਤਸੱਲੀ ਰੱਖਣ ਵਾਲਾ, ਦਿਲ ਜਮਈ ਵਾਲਾ, ਨਿਸ਼ਚਤ, ਬੇਫ਼ਿਕਰ।

مطّهر ***ਮੁੱਤ਼ਹਰ*** : ਪਾਕ ਹੋਣ ਵਾਲਾ।

مُطهر ***ਮੁਤਹਰ*** : ਪਾਕ, ਸਾਫ਼।

مطهِر ***ਮੁਤਹਿਰ*** : ਪਾਕ ਕਰਨ ਵਾਲਾ, ਭੰਗੀ।

مِطهره ***ਮਿਤਹਰਾ*** : ਪਾਕ ਹੋਂਣ ਦਾ ਸੰਦ, ਵਜ਼ੂ ਕਰਨ ਦਾ ਲੋਟਾ; ਗੁਸਲਖ਼ਾਨਾ।

مطیع ***ਮੁਤ਼ੀਅ*** : ਆਗਿਆਕਾਰ, ਫ਼ਰਮਾਂ-ਬਰਦਾਰ, ਅਧੀਨ।

مظالم ***ਮਜ਼ਾਲਿਮ*** : (ਮਜ਼ਲਿਮਾ **مظلمه** ਦਾ ਬੌਹਵਚਨ) ਜ਼ੁਲਮ, ਬੇਇਨਸਾਫ਼ੀਆਂ, ਵਧੀਕੀਆਂ, ਅਤਿਆਚਾਰ।

مظفّر ***ਮੁਜ਼ੱਫ਼ਰ*** : ਵਿਜੇਤਾ, ਜਿੱਤਣ ਵਾਲਾ।

مظلمه ***ਮਜ਼ਲਿਮਾ*** : ਜ਼ੁਲਮ, ਅਤਿਆਚਾਰ, ਵਧੀਕੀ।

مظلوم ***ਮਜ਼ਲੂਮ*** : ਜਿਸ 'ਤੇ ਜ਼ੁਲਮ ਹੋਇਆ ਹੋਵੇ, ਜਿਸ ਨਾਲ ਵਧੀਕੀ ਹੋਈ ਹੋਵੇ, ਸਤਾਇਆ ਹੋਇਆ।

مظهر ***ਮਜ਼ਹਰ*** : ਜ਼ਾਹਰ ਹੋਣ ਦੀ ਥਾਂ, ਪਰਗਟ ਹੋਣ ਦੀ ਜਗ੍ਹਾ।

مُظهِر ***ਮੁਜ਼ਹਿਰ*** : ਜ਼ਾਹਰ ਕਰਨ ਵਾਲਾ, ਪਰਗਟ ਕਰਨ ਵਾਲਾ, ਮੁਖ਼ਬਰ, ਜਸੂਸ।

مُظهَر ***ਮੁਜ਼ਹਰ*** : ਪਰਗਟ ਕੀਤਾ ਗਿਆ।

مع ***ਮਅ*** : ਸਾਥ, ਨਾਲ।

معاً ***ਮਅਨ*** : ਇਸੇ ਵੇਲੇ, ਝਟ-ਪਟ, ਹੁਣੇ ਹੀ, ਨਾਲ ਹੀ, ਨਾਲ ਮਿਲ ਕੇ।

معابد ***ਮਆਬਿਦ*** : (ਮਅਬਦ **معبد** ਦਾ ਬੌਹਵਚਨ) ਇਬਾਦਤ ਦੀਆਂ ਥਾਂਵਾਂ, ਪੂਜਾ-ਘਰ, ਪਵਿਤਰ ਸਥਾਨ।

معابر ***ਮਆਬਿਰ*** : (ਮਅਬਰ **معبر** ਦਾ ਬੌਹਵਚਨ) ਲੰਘਣ ਦੀਆਂ ਥਾਂਵਾਂ, ਪੁਲ, ਪੱਤਣ, ਘਾਟ, ਕਿਸ਼ਤੀਆਂ, ਬੇੜੀਆਂ।

معاد ***ਮਆਦ*** : ਪਰਤਣ ਦੀ ਥਾਂ, ਵਾਪਸ ਜਾਣ ਦੀ ਜਗ੍ਹਾ, ਕਿਆਮਤ, ਆਖ਼ਰਤ, ਹਸ਼ਰ।

معاداۃ ***ਮੁਆਦਾ***, **معادات** ***ਮੁਆਦਾਤ*** : ਪਰਸਪਰ ਵੈਰ ਕਰਨਾ, ਇਕ ਦੂਜੇ ਦਾ ਦੁਸ਼ਮਣ ਹੋਣਾ, ਪਰਸਪਰ ਦੁਸ਼ਮਣੀ।

معادلت ***ਮੁਆਦਲਤ***, **معادله** ***ਮੁਆਦਲਾ*** : ਬਰਾਬਰੀ, ਸਮਾਨਤਾ, ਨਿਆਂ।

معادن ***ਮਆਦਿਨ*** : (ਮਅਦਨ **معدن** ਦਾ ਬੌਹਵਚਨ) ਖਾਣਾਂ।

معاذ ***ਮਆਜ਼*** : ਪਨਾਹ ਦੀ ਥਾਂ, ਪਨਾਹ ਦੇਣਾ, ਸ਼ਰਨ ਦੇਣਾ।

معاذالله ***ਮਆਜ਼ਅੱਲਾਹ*** : ਰੱਬ ਪਨਾਹ ਦੇਵੇ! ਰੱਬ ਦੀ ਸ਼ਰਨ! ਮੈਂ ਰੱਬ ਤੋਂ ਪਨਾਹ ਚਾਹੁੰਦਾ ਹਾਂ।

معارج ***ਮਆਰਿਜ*** : (ਮਿਅਰਾਜ **معراج** ਦਾ ਬੌਹਵਚਨ) ਪੌੜੀਆਂ।

معارف ***ਮਆਰਿਫ਼*** : (ਮਅਰਫ਼ਾ **معرفه** ਜਾਂ ਮਅਰਫ਼ਤ ਦਾ ਬੌਹਵਚਨ) ਜਾਣ ਪਛਾਣ, ਜਾਣ-ਪਛਾਣ ਦੇ ਸਥਾਨ, ਜਾਣ-ਪਛਾਣ ਵਾਲੇ ਲੋਕ, ਮਸ਼ਹੂਰ ਲੋਕ, ਵਿਦਵਾਨ ਲੋਕ।

معاش ***ਮਆਸ਼*** : ਜੀਵਨ ਬਤੀਤ ਕਰਨਾ, ਜ਼ਿੰਦਗੀ ਬਸਰ ਕਰਨਾ, ਓਹ ਚੀਜ਼ ਜਿਸ ਨਾਲ ਜ਼ਿੰਦਗੀ ਬਤੀਤ ਹੋਵੇ, ਰੋਟੀ ਰੋਜ਼ੀ, ਜ਼ਿੰਦਗੀ ਦੀ ਥਾਂ, ਦੁਨੀਆਂ, ਆਧੁਨਿਕ ਫ਼ਾਰਸੀ ਵਿਚ ਪੈਨਸ਼ਨ।

معاشرت ***ਮੁਆਸ਼ਰਤ*** : ਪਰਸਪਰ ਜ਼ਿੰਦਗੀ ਬਤੀਤ ਕਰਨਾ, ਕਿਸੇ ਨਾਲ ਐਸ਼ ਕਰਨਾ, ਮੇਲ ਜੋਲ, ਪਰਸਪਰ ਖਾਣ ਪੀਣ।

معاصر ***ਮੁਆਸਿਰ*** : ਇਕੋ ਸਮੇਂ ਹੋਣ ਵਾਲਾ, ਸਮਕਾਲੀ, ਹਮ-ਅਸਰ।

معاصرین ***ਮੁਆਸਿਰੀਨ*** : (ਮਆਸਿਰ **معاصر** ਦਾ ਬੌਹਵਚਨ) ਸਮਕਾਲੀ ਲੋਕ।

معاصی ***ਮਆਸੀ*** : (ਮਅਸੀਜਤ **معصیت** ਦਾ ਬੌਹਵਚਨ) ਜੁਰਮ, ਪਾਪ, ਗੁਨਾਹ, ਭੁੱਲਾਂ, ਗ਼ਲਤੀਆਂ।

معاطفت ***ਮੁਆਤ਼ਫ਼ਤ*** : ਮੇਹਰਬਾਨੀ, ਇਕ ਦੂਜੇ ਨਾਲ ਪਿਆਰ ਕਰਨਾ।

معاف ***ਮੁਆਫ਼*** : ਬਖ਼ਸ਼ਿਆ ਗਿਆ, ਦਰਗੁਜ਼ਰ ਕੀਤਾ ਗਿਆ, ਛੱਡਿਆ ਗਿਆ, ਬਰੀ, ਅਜ਼ਾਦ।

معافات ***ਮੁਆਫ਼ਾਤ*** : ਮਾਫ਼ ਕਰਨਾ, ਬਖ਼ਸ਼ਣਾ, ਦਰਗੁਜ਼ਰ ਕਰਨਾ।

معافی ***ਮੁਆਫ਼ੀ*** : ਛੋਟ, ਬਖ਼ਸ਼ਸ਼, ਖ਼ਲਾਸੀ।

معافی‌نامه ***ਮੁਆਫ਼ੀਨਾਮਾ*** : ਛੋਟ ਜਾਂ ਰਿਆਇਤ ਦੀ ਲਿਖਤ।

معالج ***ਮੁਆਲਿਜ*** : ਇਲਾਜ ਕਰਨ ਵਾਲਾ, ਤਬੀਬ, ਵੈਦ, ਹਕੀਮ, ਡਾਕਟਰ।

معالجت ***ਮੁਆਲਜਤ,*** **معالجه** ***ਮੁਆਲਜਾ*** : ਇਲਾਜ, ਦਵਾ ਦਾਰੂ।

معامله ***ਮੁਆਮਲਾ,*** **معاملت** ***ਮੁਆਮਲਤ*** : ਅਮਲ ਕਰਨਾ, ਕੰਮ ਕਰਨਾ, ਪਰਸਪਰ ਮਿਲ ਕੇ ਕੰਮ ਕਰਨਾ, ਸੌਦਾ ਕਰਨਾ, ਵਣਜ ਵਪਾਰ, ਲੈਣ ਦੇਣ, ਗੱਲਬਾਤ, ਖਤ-ਪੱਤਰ, ਇਕਰਾਰ, ਘਟਨਾ, ਓਹ ਗੱਲ ਜੇਹੜੀ ਅਮਲ ਵਿਚ ਆਵੇ, ਝਗੜਾ, ਲਗਾਨ।

معامله‌کردن ***ਮੁਆਮਲਾ ਕਰਦਨ*** : ਪਰਸਪਰ ਲੈਣ ਦੇਣ ਕਰਨਾ।

معانی ***ਮਆਨੀ*** : (ਮਅਨਾ **معنٰی** ਮਅਨੀ **معنی** ਦਾ ਬੌਹਵਚਨ) ਮਤਲਬ, ਮਕਸਦ, ਮੁਰਾਦਾਂ, ਅਰਥ, ਓਹ ਵਿਦਿਆ ਜਿਸ ਨਾਲ ਸ਼ਬਦਾਂ ਦੀ ਮੌਕੇ ਸਿਰ ਸਹੀ ਵਰਤੋਂ ਅਤੇ ਅਰਥਾਂ ਦੇ ਠੀਕ ਹੋਣ ਦਾ ਪਤਾ ਲਗਦਾ ਹੈ।

معاودت ***ਮੁਆਵਦਤ*** : ਪਰਤਣਾ, ਵਾਪਸ ਆਉਣਾ, ਵਾਪਸੀ, ਆਪਣੀ ਪੈਹਲੀ ਆਦਤ ਵੱਲ ਰੁਚਿਤ ਹੋਣਾ।

معاون ***ਮੁਆਵਿਨ*** : ਮੱਦਦ ਦੇਣ ਵਾਲਾ, ਸਹਾਇਕ, ਮੱਦਦਗਾਰ; ਹਮੈਤੀ।

معاونت ***ਮੁਆਵਨਤ*** : ਪਰਸਪਰ ਮੱਦਦ ਕਰਨਾ, ਇਕ ਦੂਜੇ ਦੀ ਸਹਾਇਤਾ ਕਰਨਾ, ਸਹਾਰਾ।

معاویه ***ਮੁਆਵੀਜਾ*** : ਹਜ਼ਰਤ ਮੁਹੰਮਦ ਸਾਹਿਬ ਦੇ ਇਕ ਸਹਾਈ (ਸਾਥੀ) ਦਾ ਨਾਮ; ਏਹ ਵਹੀ ਦੇ ਲਿਖਣ ਵਾਲੇ ਵੀ ਸਨ, ਓਹਨਾਂ ਦੇ ਪੋਤਰੇ ਅਰਥਾਤ ਯਜ਼ੀਦ ਦੇ ਬੇਟੇ ਦਾ ਨਾਮ ਵੀ ਮੁਆਵੀਯਾ ਸੀ।

معاهده ***ਮੁਆਹਦਾ*** : ਪਰਸਪਰ ਇਕਰਾਰ ਕਰਨਾ, ਅਹਿਦਨਾਮਾ।

معاینه ***ਮੁਆਯਨਾ*** : ਰੂ-ਬ-ਰੂ ਵੇਖਣਾ; ਕਿਸੇ ਨਾਲ ਨਕਦ ਮਾਮਲਾ ਕਰਨਾ, ਨਿਰੀਖਣ, ਮੁਆਇਨਾ, ਜਾਂਚ-ਪੜਤਾਲ।

معبد ***ਮਅਬਦ*** : ਇਬਾਦਤ ਦੀ ਜਗ੍ਹਾ, ਪੂਜਾ-ਸਥਾਨ, ਈਸਾਈਆਂ ਦਾ ਇਬਾਤਦਖ਼ਾਨਾ, ਗਿਰਜਾ।

معبر ***ਮਅਬਰ*** : ਦਰਿਆ ਪਾਰ ਕਰਨ ਦੀ ਜਗ੍ਹਾ, ਲੰਘਣ ਦੀ ਥਾਂ, ਘਾਟ, ਪੁਲ।

معبرِعام ***ਮਅਬਰ-ਏ-ਆਮ*** : ਹਰ ਕਿਸੇ ਲਈ ਲੰਘਣ ਦਾ ਰਾਹ।

مِعبر ***ਮਿਅਬਰ*** : ਪਾਰ ਲੰਘਣ ਦਾ ਵਸੀਲਾ ਜਾਂ ਸਵਾਰੀ ਜਿਵੇਂ ਕਿਸ਼ਤੀ ਘੋੜਾ ਆਦਿ।

معبود ***ਮਅਬੂਦ*** : ਇਬਾਦਤ ਕੀਤਾ ਗਿਆ, ਪੂਜਾ ਕੀਤਾ ਗਿਆ, ਜਿਸ ਦੀ ਪੂਜਾ ਕੀਤੀ ਜਾਵੇ, ਇਸ਼ਟ।

معبودِحقیقی
ਮਅਬੂਦ-ਏ-ਹਕ਼ੀਕ਼ੀ : ਅਸਲੀ ਇਸ਼ਟ, ਅੱਲਾਹ।

معتبر ***ਮੁਅਤਬਰ*** : ਇਤਬਾਰ ਕੀਤਾ ਗਿਆ, ਭਰੋਸੇਯੋਗ, ਇਜ਼ੱਤ ਸਤਕਾਰ ਵਾਲਾ;ਪਰਮਾਣਕ, ਠੀਕ, ਸੱਚਾ।

معتدل ***ਮੁਅਤਦਿਲ*** : ਇਕ ਸਮਾਨ, ਇਕੋ ਜੇਹਾ, ਬਰਾਬਰ;ਜਿਸ ਵਿਚ ਵਾਧ ਘਾਟ ਨਾ ਆਵੇ, ਦਰਮਿਆਨਾ; ਨਰਮ, ਖ਼ੁਸ਼ਗਵਾਰ।

معتدلالمزاج ***ਮੁਅਤਦਿਲ-ਉਲ-ਮਿਜ਼ਾਜ*** : ਇਕ ਸਮਾਨ ਸੁਭਾਉ ਵਾਲਾ।

معترض ***ਮੁਅਤਰਿਜ਼*** : ਇਤਰਾਜ਼ ਕਰਨ ਵਾਲਾ,ਪੇਸ਼ ਆਉਣ ਵਾਲਾ, ਰੋਕਣ ਵਾਲਾ, ਰਾਹ ਵਿਚ ਅਟਕਾ ਪਾਉਣ ਵਾਲਾ; ਰੋਕ ਟੋਕ ਕਰਨ ਵਾਲਾ।

معترف ***ਮੁਅਤਰਿਫ਼*** : ਇਕਰਾਰ ਕਰਨ ਵਾਲਾ, ਮੰਨ ਜਾਣ ਵਾਲਾ, ਇਕਬਾਲੀ, ਪਛਾਣਨ ਵਾਲਾ, ਸਬਰ ਕਰਨ ਵਾਲਾ।

معتزله ***ਮੁਅਤਜ਼ਿਲਾ*** : ਮੁਸਲਮਾਨਾਂ ਦੇ ਇਕ ਪਰਸਿੱਧ ਫ਼ਿਰਕੇ ਦਾ ਨਾਮ ਜੋ ਹੱਕ ਦੇ ਰਾਹ ਨੂੰ ਛੱਡ ਕੇ ਕੁਰਾਹੇ ਪੈ ਗਿਆ, ਇਸ ਦੇ ਲੋਕ ਨੇਕੀ ਨੂੰ ਰੱਬ ਵੱਲੋਂ ਅਤੇ ਬਦੀ ਨੂੰ ਆਪਣੇ ਵੱਲੋਂ ਹੋਈ ਸਮਝਦੇ ਹਨ, ਇਸ ਫ਼ਿਰਕੇ ਅਨੁਸਾਰ ਕੁਰਾਨ ''ਮਖ਼ਲੂਕ'' ਹੈ, ਏਹਨਾਂ ਦਾ ਵਿਸ਼ਵਾਸ ਹੈ ਕਿ ਅੱਲਾਹ ਦੀ ''ਤੌਹੀਦ'' ਦਾ ਅਕਲ ਨਾਲ ਪਤਾ ਲੱਗ ਸਕਦਾ ਹੈ ਇਸ ਲਈ ''ਵਹੀ'' (ਇਲਹਾਮ) ਤੋਂ ਬਗ਼ੈਰ ਹੀ ਅਕਲਮੰਦ ਲੋਕ ਅੱਲਾਹ ਦੀ ਤੌਹੀਂਦ ਤੇ ਈਮਾਨ ਲਿਆ ਸਕਦੇ ਹਨ, ਇਸ ਫ਼ਿਰਕੇ ਵਾਲਿਆਂ ਦਾ ਵਿਚਾਰ ਹੈ ਕਿ ਅੱਲਾਹ ਵਿਚ ਵਿਰੋਧਮਈ ਗੁਣ ਨਹੀਂ ਹੋ ਸਕਦੇ। ਮਾਮੂਨ-ਉਰ-ਰਸ਼ੀਦ ਦੇ ਸਮੇਂ ਏਹ ਸਰਕਾਰੀ ਮਜ਼ਹਬ ਬਣ ਗਿਆ ਸੀ।

معتصم ***ਮੁਅਤਸਿਮ*** : ਪਨਾਹ ਲੈਣ ਵਾਲਾ, ਮੱਦਦ ਮੰਗਣ ਵਾਲਾ, ਸਹਾਰਾ ਲੈਣ ਵਾਲਾ, ਗੁਨਾਹਾਂ ਤੋਂ ਬਾਜ਼ ਰੈਹਣ ਵਾਲਾ; ਸਬਰ ਸੰਤੋਖ ਵਾਲਾ।

معتصمبالله ***ਮੁਅਤਸਿਮ ਬਿੱਲਾਹ*** : ਇਕ ਪਰਸਿੱਧ ਅੱਬਾਸੀ ਖ਼ਲੀਫ਼ੇ ਦੀ ਉਪਾਧੀ ਜਿਸ ਦਾ ਨਾਮ ਅਬੂਇਸਹਾਕ ਮੁਹੰਮਦ-ਬਿਨ ਹਾਰੂਨ-ਉਰ-ਰਸ਼ੀਦ ਸੀ, ਇਸ ਨੇ ੨੧੭ ਹਿਜਰੀ ਤੱਕ ਰਾਜ ਕੀਤਾ, ਇਸ ਨੇ ਰੂਮ ਦੇ ਕੈਸਰ ਤੇ ਜਿਤ ਪਰਾਪਤ ਕੀਤੀ।

معتقد ***ਮੁਅਤਕ਼ਿਦ*** : ਦਿਲੋਂ ਯਕੀਨ ਰਖਣ ਵਾਲਾ, ਭਰੋਸਾ ਰੱਖਣ ਵਾਲਾ, ਸੱਚਾ ਦੋਸਤ।

معتمَد ***ਮੁਅਤਮਦ*** : ਜਿਸ 'ਤੇ ਇਤਬਾਰ ਕੀਤਾ ਗਿਆ ਹੋਵੇ, ਭਰੋਸਾ ਕੀਤਾ ਗਿਆ, ਭਰੋਸੇ-ਯੋਗ।

معتمِد ***ਮੁਅਤਮਿਦ*** : ਭਰੋਸਾ ਕਰਨ ਵਾਲਾ, ਯਕੀਨ ਕਰਨ ਵਾਲਾ।

معجزات ***ਮੁਅਜਿਜ਼ਾਤ*** : ਮੁਅਜਿਜ਼ਾ **معجزه** ਦਾ ਬੌਹਵਚਨ।

معجزه ***ਮੁਅਜਿਜ਼ਾ*** : ਆਜਜ਼ ਕਰਨ ਵਾਲੀ, ਓਹ ਜੇਹੜਾ ਇਨਸਾਨੀ ਸ਼ਕਤੀ ਤੋਂ ਬਾਹਰ ਹੋਵੇ, ਜੋ ਕਿਸੇ ਵਲੀ ਜਾਂ ਨਬੀ ਤੋਂ ਵਾਪਰੇ, ਕਰਾਮਾਤ।

معجزۂمسیح
ਮੁਅਜਿਜ਼ਾ-ਏ-ਮਸੀਹ : ਈਸਾ ਦੀ ਕਰਾਮਾਤ, ਓਹ ਖਾਣਾ ਜੋ ਈਸਾ ਨੂੰ ਰੱਬ ਵੱਲੋਂ ਉਤਰਿਆ, ਈਸਾ ਦੀ ਮੁਰਦੇ ਨੂੰ ਜ਼ਿੰਦਾ ਕਰਨ ਦੀ ਕਰਾਮਾਤ।

معجم ***ਮੁਅਜਮ,*** **معجمه** ***ਮੁਅਜਮਾ*** : ਅਜੇਹੇ ਸ਼ਬਦ ਜੇਹੜੇ ਵਾਸਤਵ ਵਿਚ ਅਰਬੀ ਹੋਣ ਪਰ ਈਰਾਨੀ ਲੋਕ ਓਹਨਾਂ ਨੂੰ ਵਧੇਰੇ ਵਰਤਣ ਕਰਕੇ ਆਪਣੀ ਜ਼ਬਾਨ ਦੇ ਸਮਝਣ, ਓਹ ਅੱਖਰ ਜਿਸ ਉਤੇ ਨੁਕਤੇ ਹੋਣ।

معجون ***ਮਅਜੂਨ*** : ਗੁੰਨ੍ਹਿਆ ਹੋਇਆ, ਖ਼ਮੀਰ ਕੀਤਾ ਹੋਇਆ, ਤਬੀਬਾਂ ਦੀ ਪਰਭਾਸ਼ਾ

ਵਿਚ ਅਜੇਹੀ ਮਿਸ਼ਰਤ ਚੀਜ਼ ਜੋ ਸ਼ੈਹਦ ਜਾਂ ਖੰਡ ਵਿਚ ਗੁੰਨ੍ਹੀ ਹੋਵੇ ਤੇ ਸੁਆਦੀ ਹੋਵੇ, ਕਈ ਚੀਜ਼ਾਂ ਨੂੰ ਮਿਲਾ ਕੇ ਤੇ ਆਟੇ ਵਾਂਗ ਗੁੰਨ੍ਹ ਕੇ ਬਣਾਈ ਗਈ ਦਵਾ।

معدلت ***ਮਅ਼ਦਲਤ*** : ਅਦਲ, ਨਿਆਂ, ਅਦਲ ਕਰਨਾ, ਨਿਆਂ ਕਰਨਾ।

معدن ***ਮਅ਼ਦਿਨ*** : ਖਾਣ ਜਿਸ ਵਿਚੋਂ ਧਾਤਾਂ ਕੱਢੀਆਂ ਜਾਂਦੀਆਂ ਹਨ।

معدنی ***ਮਅ਼ਦਨੀ*** : ਖਾਣ ਵਿਚੋਂ ਨਿਕਲੀ ਹੋਈ ਚੀਜ਼।

معدنیات ***ਮਅ਼ਦਨੀਯਾਤ*** : (ਉਪਰੋਕਤ ਦਾ ਬੌਹਵਚਨ) ਖਣਿਜ ਪਦਾਰਥ।

معدود ***ਮਅ਼ਦੂਦ*** : ਗਿਣਿਆ ਗਿਆ, ਸ਼ੁਮਾਰ ਕੀਤਾ ਗਿਆ, ਥੋੜਾ, ਮਮੂਲੀ।

معدودےچند ***ਮਅ਼ਦੂਦ-ਚੰਦ*** : ਗਿਣਤੀ, ਥੋੜੇ, ਚੰਦ ਇਕ।

معده ***ਮਿਅ਼ਦਾ*** : ਪੇਟ ਦੇ ਉਸ ਹਿਸੇ ਦਾ ਨਾਮ ਜਿਸ ਵਿਚ ਖ਼ੁਰਾਕ ਜਾ ਕੇ ਠੈਹਰਦੀ ਹੈ ਤੇ ਹਜ਼ਮ ਹੁੰਦੀ ਹੈ।

معده‌تنگ(پر)کردن ***ਮਿਅ਼ਦਾ ਤੰਗ (ਪੁਰ) ਕਰਦਨ*** : ਪੇਟ ਭਰ ਕੇ ਖਾਣਾ, ਰੱਜ ਕੇ ਖਾਣਾ।

معذرت ***ਮਅ਼ਜ਼ਿਰਤ*** : ਉਜ਼ਰ, ਬਹਾਨਾ, ਹੀਲਾ, ਉਜ਼ਰ ਕਰਨਾ, ਬਹਾਨਾ ਬਣਾਉਣਾ, ਮਾਫ਼ੀ ਚਾਹੁਣਾ।

معذرت‌خواه ***ਮਅ਼ਜ਼ਿਰਤ-ਖ਼੍ਵਾਹ*** : ਮਾਫ਼ੀ ਚਾਹੁਣ ਵਾਲਾ।

معذرت‌خواهی ***ਮਅ਼ਜ਼ਿਰਤ ਖ਼੍ਵਾਹੀ*** : ਮਾਫ਼ੀ ਮੰਗਣਾ।

معذور ***ਮਅ਼ਜ਼ੂਰ*** : ਉਜ਼ਰ ਕੀਤਾ ਗਿਆ, ਜਿਸ ਨੂੰ ਕਿਸੇ ਗੱਲ ਵਿਚ ਉਜ਼ਰ ਜਾਂ ਬਹਾਨਾ ਨਾ ਹੋਵੇ, ਨਿਰਾਸ, ਮਜਬੂਰ,ਅਪਾਹਜ।

معذوری ***ਮਅ਼ਜ਼ੂਰੀ*** : ਮਜਬੂਰੀ, ਨਾਕਾਮ।

معراج ***ਮਿਅ਼ਰਾਜ*** : ਉਪਰ ਚੜ੍ਹਨ ਦਾ ਸਾਧਨ, ਪੌੜੀ, ਸੀੜ੍ਹੀ, ਪੌੜੀ ਦਾ ਡੰਡਾ, ਮਰਤਬਾ, ਉਚਾਈ, ਖ਼ੁਦਾ ਦੀ ਨੇੜਤਾ, ਹਜ਼ਰਤ ਮੁਹੰਮਦ ਸਾਹਿਬ ਨੂੰ ਰੱਬ ਦੀ ਨੇੜਤਾ ਪਰਾਪਤ ਹੋਈ ਜਦੋਂ ਆਪ ਦੀ ਨਬੁੱਵਤ ਦਾ ਬਾਰ੍ਹਵਾਂ ਸਾਲ ਸੀ।

معرب ***ਮੁਅ਼ੱਰਬ*** : ਓਹ ਸ਼ਬਦ ਜੋ ਕਿਸੇ ਹੋਰ ਜ਼ਬਾਨ ਦਾ ਹੋਵੇ ਪਰ ਉਸ ਨੂੰ ਅਰਬੀ ਰੂਪ ਦੇ ਦਿਤਾ ਹੋਵੇ, ਅਰਬੀ ਰੂਪਾਂਤਰ, ਓਹ ਹਰਫ਼ ਜਿਸ ਉਤੇ ਕੋਈ ਲਗ ਮਾਤਰ ਦਿਤੀ ਹੋਵੇ।

مَعرج ***ਮਅ਼ਰਜ,*** **مِعرج** ***ਮਿਅ਼ਰਜ*** : ਸੀੜ੍ਹੀ, ਪੌੜੀ, ਉਪਰ ਚੜ੍ਹਨ ਦੀ ਜਗ੍ਹਾ।

معرس ***ਮਅ਼ਰਸ*** : ਰਾਤ ਨੂੰ ਉਤਰਨ ਦੀ ਜਗ੍ਹਾ।

معرفت ***ਮਅ਼ਰਿਫ਼ਤ*** : ਸ਼ਨਾਖ਼ਤ, ਪਛਾਣ, ਸ਼ਨਾਖ਼ਤ ਕਰਨਾ, ਪਛਾਣਨਾ; ਵਸੀਲਾ, ਸਬੱਬ; ਬ੍ਰਹਮ ਗਿਆਨ, ਕੁਦਰਤ ਦੇ ਕਨੂੰਨਾਂ ਜਾਂ ਕੁਦਰਤੀ ਚੀਜ਼ਾਂ ਦੀ ਵਾਕਫ਼ੀਅਤ।

معرفه ***ਮਅ਼ਰਿਫ਼ਾ*** : ਓਹ ਨਾਂਵ ਜੇਹੜਾ ਕਿਸੇ ਨਿਸ਼ਚਤ ਸ਼ੈ ਲਈ ਬੋਲਿਆ ਜਾਵੇ, ਖ਼ਾਸ ਨਾਂਵ।

معرکه ***ਮਅ਼ਰਕਾ*** : ਲੜਾਈ ਦੀ ਜਗ੍ਹਾ, ਰਣ-ਭੂਮੀ, ਲਸ਼ਕਰ ਦੇ ਇੱਕਠਾ ਹੋਣ ਦੀ ਥਾਂ, ਜੰਗ, ਜੁੱਧ, ਝਗੜਾ, ਹੰਗਾਮਾ।

معرکه‌آرا ***ਮਅ਼ਰਕਾ-ਆਰਾ*** : ਜੰਗ ਲਈ ਕਤਾਰ ਵਿਚ ਖਲੋਣ ਵਾਲਾ, ਜੰਗਜੂ।

معرکه‌آرائی ***ਮਅ਼ਰਕਾ-ਆਰਾਈ*** : ਫ਼ੌਜ ਦੀ ਤਰਤੀਬ, ਜੰਗ ਕਰਨ ਲਈ ਇਕ ਦੂਜੇ ਦੇ ਸਾਮ੍ਹਣੇ ਸਫ਼ਬੰਦੀ ਕਰਨਾ।

معروض ***ਮਅ਼ਰੂਜ਼*** : ਅਰਜ਼ ਕੀਤਾ ਗਿਆ, ਪੇਸ਼ ਕੀਤਾ ਗਿਆ, ਅਰਜ਼, ਬੇਨਤੀ , ਦਰਖ਼ਾਸਤ, ਪਰਾਰਥਨਾ।

معروضات ***ਮਅ਼ਰੂਜ਼ਾਤ*** : ਅਰਜ਼ੀਆਂ, ਦਰਖ਼ਾਸਤਾਂ।

معروضه ***ਮਅ਼ਰੂਜ਼ਾ*** : ਅਰਜ਼ੀ, ਦਰਖ਼ਾਸਤ ਲਿਖਣ ਦੀ ਤਰੀਕ, ਜਿਸ ਮਿਤੀ ਨੂੰ ਅਰਜ਼ੀ ਲਿਖੀ ਗਈ ਹੋਵੇ।

معروف ***ਮਅ਼ਰੂਫ਼*** : ਜਾਣਿਆ ਪਛਾਣਿਆ ਹੋਇਆ, ਮਸ਼ਹੂਰ, ਪਰਸਿੱਧ; ਨੇਕੀ; ਓਹ

ਕਿਰਿਆ ਜਿਸ ਦੇ ਕਰਤਾ ਦਾ ਪਤਾ ਹੋਵੇ।

معزّز ***ਮੁਅਜ਼ੱਜ਼*** : ਇੱਜ਼ਤ ਦਿਤਾ ਗਿਆ, ਮਾਣ-ਸਤਕਾਰ ਵਾਲਾ, ਬਜ਼ੁਰਗ, ਵੱਡਾ।

معزِّم ***ਮੁਅਜ਼ਿੱਮ*** : ਮੰਤਰ ਪੜ੍ਹਨ ਵਾਲਾ, ਮਾਂਦਰੀ, ਜਾਦੂਗਰ।

معزول ***ਮਅਜ਼ੂਲ*** : ਨੌਕਰੀ ਤੋਂ ਬਰਖ਼ਾਸਤ ਕੀਤਾ ਗਿਆ, ਬੇਕਾਰ ਕੀਤਾ ਗਿਆ, ਤਖ਼ਤ ਜਾਂ ਗੱਦੀ ਤੋਂ ਲਾਹਿਆ ਗਿਆ।

معزولی ***ਮਅਜ਼ੂਲੀ*** : ਬਰਖ਼ਾਸਤਗੀ, ਬੇਕਾਰੀ।

معسکر ***ਮਅਸਕਰ*** : ਲਸ਼ਕਰ ਦੇ ਉਤਰਨ ਦੀ ਜਗ੍ਹਾ, ਲਸ਼ਕਰਗਾਹ, ਛਾਉਣੀ, ਫੌਜੀ ਕੈਂਪ।

معشوق ***ਮਅਸ਼ੂਕ*** : ਇਸ਼ਕ ਕੀਤਾ ਗਿਆ, ਓਹ ਵਿਅਕਤੀ ਜਿਸ ਉਤੇ ਕੋਈ ਦੂਜਾ ਆਸ਼ਕ (ਮੋਹਤ) ਹੋਵੇ; ਮੈਹਬੂਬ, ਪਿਆਰਾ, ਦਿਲਦਾਰ, ਦਿਲਬਰ।

معشوقِ تنگدل ***ਮਅਸ਼ੂਕ-ਏ-ਤੰਗਦਿਲ***, **معشوقِ سنگدل** ***ਮਅਸ਼ੂਕ-ਏ-ਸੰਗਦਿਲ*** : ਪੱਥਰ ਦਿਲ ਮਸ਼ੂਕ, ਜਹਾਨ।

معشوقه ***ਮਅਸ਼ੂਕਾ*** : ਓਹ ਔਰਤ ਜਿਸ ਉਤੇ ਕੋਈ ਦੂਜਾ ਆਸ਼ਕ ਹੋਵੇ।

معشوقیت ***ਮਅਸ਼ੂਕੀਯਤ*** : ਮਸ਼ੂਕਪਣ, ਦਿਲਬਰੀ, ਦਿਲਦਾਰੀ।

مُعصفر ***ਮੁਅਸਫ਼ਰ***, **مَعصفر** ***ਮਅਸਫ਼ਰ*** : ਕੁਸਮ ਦਾ ਫੁੱਲ, ਕਸੁੰਭੜਾ; ਕੁਸਮ ਦੇ ਰੰਗ ਵਿਚ ਰੰਗਿਆ ਹੋਇਆ।

معصوم ***ਮਅਸੂਮ*** : ਗੁਨਾਹ ਤੋਂ ਬਚਿਆ ਹੋਇਆ, ਬੇਗੁਨਾਹ, ਨਿਰਦੋਸ਼, ਪਾਕਦਾਮਨ, ਬੇਕਸੂਰ, ਭੋਲਾ।

معصومی ***ਮਅਸੂਮੀ*** : ਪਵਿਤਰਤਾ।

معصومیت ***ਮਅਸੂਮੀਯਤ*** : ਪਾਕਦਾਮਨੀ, ਬੇਗੁਨਾਹੀ, ਭੋਲਾਪਣ, ਬਚਪਨ, ਸਾਦਗੀ।

معصیت ***ਮਅਸੀਯਤ*** : ਗੁਨਾਹ, ਆਕੀਪੁਣਾ, ਬਗ਼ਾਵਤ, ਨਾਫ਼ਰਮਾਨੀ, ਪਾਪ, ਭੁੱਲ, ਕਸੂਰ।

معطّل ***ਮੁਅੱਤਲ*** : ਕੰਮ ਤੋਂ ਅੱਡ ਕੀਤਾ ਗਿਆ, ਬੇਕਾਰ, ਸੇਵਾ-ਮੁਕਤ, ਉਡੀਕ ਵਿਚ ਰੱਖਿਆ ਗਿਆ।

معطّلی کردن ***ਮੁਅੱਤਲੀ ਕਰਦਨ*** : ਦੇਰ ਲਾਉਣਾ।

معطوف ***ਮਅਤੂਫ਼*** : ਵਲ੍ਹੇਟਿਆ ਹੋਇਆ, ਫੇਰਿਆ ਗਿਆ, ਮੋੜਿਆ ਤੇ ਮਰੋੜਿਆ ਗਿਆ, ਲਪੇਟਿਆ ਹੋਇਆ; ਲਿਪਟਿਆ ਹੋਇਆ।

معظّم ***ਮੁਅੱਜ਼ਮ*** : ਅਜ਼ਮਤ ਦਿਤਾ ਗਿਆ, ਵਡਿਆਇਆ ਗਿਆ, ਜਿਸ ਨੂੰ ਬਜ਼ੁਰਗੀ ਦਿਤੀ ਜਾਵੇ, ਮਾਣ ਸਤਕਾਰ ਪਰਾਪਤ।

معظّمه ***ਮੁਅੱਜ਼ਮਾ*** : ਵਡਿਆਈ ਪਰਾਪਤ ਇਸਤਰੀ।

معظّمات ***ਮੁਅੱਜ਼ਮਾਤ*** : (ਮੁਅੱਜ਼ਮ **معظّم** ਦਾ ਬੌਹਵਚਨ) ਵੱਡੀਆਂ ਵੱਡੀਆਂ ਵਸਤਾਂ।

معقول ***ਮਅਕੂਲ*** : ਬੰਨ੍ਹਿਆ ਹੋਇਆ, ਅਕਲ ਵਿਚ ਲਿਆ ਗਿਆ, ਜੋ ਸਮਝ ਵਿਚ ਆ ਜਾਵੇ, ਅਕਲ ਅਨੁਸਾਰ ਬੱਝਾ ਹੋਇਆ।

معلّق ***ਮੁਅੱਲਕ*** : ਲਟਕਾਇਆ ਹੋਇਆ, ਲਟਕਿਆ ਹੋਇਆ, ਟੰਗਿਆ ਹੋਇਆ।

معلّق‌زن ***ਮੁਅੱਲਕਜ਼ਨ*** : ਘੁੰਮਾਟੀਆਂ ਖਾਣ ਵਾਲਾ, ਬਾਜ਼ੀਆਂ ਮਾਰਨ ਵਾਲਾ, ਬਾਜ਼ੀਗਰ; ਨਚਾਰ।

معلّقه ***ਮੁਅੱਲਕਾ*** : ਲਟਕੀ ਹੋਈ (ਚੀਜ਼), ਓਹ ਇਸਤਰੀ ਜਿਸ ਨੂੰ ਪਤੀ ਨਾ ਤਲਾਕ ਦੇਵੇ ਅਤੇ ਨਾ ਉਸ ਨਾਲ ਸਬੰਧ ਕਾਇਮ ਰੱਖੇ।

معلّم ***ਮੁਅੱਲਮ*** : ਸਿੱਖਿਆ ਹੋਇਆ, ਸਿਖਾਇਆ ਹੋਇਆ, ਇਲਮ ਦਿਤਾ ਹੋਇਆ।

معلِّم ***ਮੁਅੱਲਿਮ*** : ਸਿਖਿਆ ਦੇਣ ਵਾਲਾ, ਉਸਤਾਦ, ਅਧਿਆਪਕ, ਮਲਾਹ, ਕਿਸ਼ਤੀ ਚਲਾਉਣ ਵਾਲਾ।

معلِّم اوّل ***ਮੁਅੱਲਿਮ-ਏ-ਅੱਵਲ*** :

ਹਕੀਮ ਅਰਸਤੂ ਦੀ ਉਪਾਧੀ, ਸ਼ੈਤਾਨ ਦੇ ਅਰਥਾਂ ਵਿਚ ਵੀ ਆਉਂਦਾ ਹੈ, ਪੈਹਲਾ ਉਸਤਾਦ।

معلّمِ ثالث ***ਮੁਅੱਲਿਮ-ਏ-ਸਾਲਿਸ*** : ਤੀਜਾ ਅਧਿਆਪਕ, ਹਕੀਮ ਬੂ ਅਲੀ ਸੀਨਾ ਦੀ ਉਪਾਧੀ।

معلّمِ ثانی ***ਮੁਅੱਲਿਮ-ਏ-ਸਾਨੀ*** : ਦੂਜਾ ਅਧਿਆਪਕ, ਹਕੀਮ ਅਬੂ ਨਸਰ ਫ਼ਾਰਾਬੀ ਤੋਂ ਮੁਰਾਦ ਹੈ।

معلّمِ کتّابی ***ਮੁਅੱਲਿਮ-ਏ-ਕੁੱਤਾਬੀ*** : ਮੁਕਤਬ ਦਾ ਅਧਿਆਪਕ।

معلّمہ ***ਮੁਅੱਲਿਮਾ*** : ਉਸਤਾਨੀ, ਮਾਸਟਰਨੀ।

معلول ***ਮਅਲੂਲ*** : ਇੱਲਤ (ਸਬੱਬ) ਕੀਤਾ ਗਿਆ, ਓਹ ਸ਼ੈ ਜਿਸ ਦਾ ਕੋਈ ਸਬੱਬ ਹੋਵੇ, ਓਹ ਚੀਜ਼ ਜਿਸ ਨੂੰ ਕਾਰਨਾਂ ਨਾਲ ਸਾਬਤ ਕੀਤਾ ਜਾਵੇ; ਬੀਮਾਰ ਕੀਤਾ ਗਿਆ, ਕਮਜ਼ੋਰ ਕੀਤਾ ਗਿਆ।

معلوم ***ਮਅਲੂਮ*** : ਇਲਮ (ਗਿਆਨ) ਵਿਚ ਆਇਆ ਹੋਇਆ, ਜਾਣਿਆ ਹੋਇਆ, ਪੁੱਛਿਆ ਗਿਆ, ਪਰਸਿੱਧ, ਮਸ਼ਹੂਰ, ਮਾਲ; ਸੋਨਾ,ਚਾਂਦੀ (ਕਿਉਂਕਿ ਏਹ ਇੰਨੇ ਮਸ਼ਹੂਰ ਹਨ ਕਿ ਏਹਨਾਂ ਦੇ ਨਾਮ ਲੈਣ ਦੀ ਵੀ ਲੋੜ ਨਹੀਂ, ਪਰੱਤਖ, ਸਪਸ਼ਟ।

معلومات ***ਮਅਲੂਮਾਤ*** : ਜਾਣੀਆਂ ਪਛਾਣੀਆਂ ਚੀਜ਼ਾਂ, ਗਿਆਨ ਵਿਗਿਆਨ।

معلٰی ***ਮੁਅੱਲਾ*** : ਉੱਚਾ ਕੀਤਾ ਗਿਆ, ਸਰਵੋਤਮ।

معمّا/معمّہ/معمّٰی ***ਮੁਅੱਮਾ*** : ਛੁਪੀ ਹੋਈ ਚੀਜ਼, ਛੁਪਿਆ ਹੋਇਆ, ਲੁਪਤ, ਬੁਝਾਰਤ; ਪਹੇਲੀ, ਉਲਝਿਆ ਹੋਇਆ ਮਾਮਲਾ; ਅੰਨ੍ਹਾ ਕੀਤਾ ਹੋਇਆ।

معمار ***ਮਿਅਮਾਰ*** : ਇਮਾਰਤ ਬਣਾਉਣ ਵਾਲਾ; ਉਸਾਰੀ ਕਰਨ ਵਾਲ਼ਾ, ਰਾਜ, ਮਿਸਤਰੀ, ਉਸਰੱਈਆ।

معماری ***ਮਿਅਮਾਰੀ*** : ਰਾਜਗੀਰੀ, ਇਮਾਰਤ ਉਸਾਰਨ ਦਾ ਪੇਸ਼ਾ।

معمر ***ਮੁਅੱਮਰ*** : ਅਬਾਦ ਕੀਤਾ ਹੋਇਆ, ਵੱਡੀ ਉਮਰ ਦਾ, ਬਿਰਧ, ਬੁੱਢਾ।

معمور ***ਮਅਮੂਰ*** : ਭਰਿਆ ਹੋਇਆ, ਅਬਾਦ, ਵਸਿਆ ਹੋਇਆ।

معمورہ ***ਮਅਮੂਰਾ*** : ਅਬਾਦੀ, ਬਸਤੀ, ਸ਼ੈਹਰ, ਕਾਸ਼ਤ ਕੀਤੀ ਜ਼ਮੀਨ।

معمورۂعمرلیث ***ਮਅਮੂਰਾ-ਏ-ਅਮਰ ਲੈਸ*** : ਈਰਾਨ ਦਾ ਪਰਸਿੱਧ ਸ਼ੈਹਰ, ਸ਼ੀਰਾਜ਼ ਜਿਸ ਨੂੰ ਅਮਰ ਲੈਸ ਨੇ ਅਬਾਦ ਕੀਤਾ ਸੀ।

معمول ***ਮਅਮੂਲ*** : ਅਮਲ ਕੀਤਾ ਗਿਆ, ਦਸਤੂਰ ਅਨੁਸਾਰ, ਨਿਤਾਪਰਤੀ ਦੀ ਗੱਲ, ਬਣਾਇਆ ਗਿਆ, ਤਿਆਰ ਕੀਤਾ ਗਿਆ, ਨਿਸ਼ਚਤ ਕੀਤਾ ਵਜ਼ੀਫ਼ਾ, ਬੱਝਾ ਹੋਇਆ ਨੇਮ ਜਾਂ ਰਿਵਾਜ।

معمولی ***ਮਅਮੂਲੀ*** : ਨਿਸ਼ਚਤ ਆਦਤ ਅਨੁਸਾਰ, ਰਸਮੀ; ਸਧਾਰਨ।

معنبر ***ਮੁਅੰਬਰ*** : ਅੰਬਰ ਦੀ ਖ਼ੁਸ਼ਬੂ ਨਾਲ ਭਰਪੂਰ ਕੀਤਾ ਗਿਆ, ਓਹ ਚੀਜ਼ ਜਿਸ ਵਿਚ ਅੰਬਰ ਮਿਲਾਇਆ ਗਿਆ ਹੋਵੇ; ਖ਼ੁਸ਼ਬੂਦਾਰ; ਕਾਲ਼ਾ।

معن بن زائدہ ***ਮਅਨ-ਬਿਨ-ਜ਼ਾਇਦਾ*** : ਅਰਬ ਦਾ ਇਕ ਪਰਸਿੱਧ ਸਖ਼ੀ ਤੇ ਹਿੰਮਤੀ ਵਿਅਕਤੀ ਜੋ ਜ਼ਾਇਦਾ ਦਾ ਪੁੱਤਰ ਸੀ।

معنوی ***ਮਅਨਵੀ*** : ਮਾਅਨਾ ਨਾਲ ਸਬੰਧਤ, ਅੰਤ੍ਰੀਵ; ਨਿੱਜੀ; ਅਸਲੀ; ਅੰਦਰੂਨੀ।

معنٰی ***ਮਅਨਾ,*** **معنی** ***ਮਅਨੀ*** : ਮੁਰਾਦ, ਮੰਤਵ, ਮਨੋਰਥ, ਮਤਲਬ; ਮਜ਼ਮੂਨ, ਗੁਣ, ਅਰਥ, ਸਬੱਬ, ਕਾਰਨ, ਅਸਲੀਅਤ, ਹਕੀਕਤ।

معنی از معنی خیزد ***ਮਅਨੀ ਅਜ਼ ਮਅਨੀ ਖ਼ੇਜ਼ਦ*** : ਗੱਲ ਵਿਚੋਂ ਗੱਲ ਨਿਕਲਦੀ ਹੈ।

معنیِ بیگانہ ***ਮਅਨੀ-ਏ-ਬੇਗਾਨਾ*** : ਅਛੂਤਾ ਖ਼ਿਆਲ।

معهود ***ਮਅਹੂਦ*** : ਇਕਰਾਰ ਕੀਤਾ ਗਿਆ, ਪੁਰਾਣਾ, ਪਰਾਚੀਨ; ਮਸ਼ਹੂਰ, ਨਾਮੀ।

معیار ***ਮਿਅਯਾਰ*** : ਕਸੌਟੀ, ਖਰਾ ਖੋਟਾ ਜਾਚਣ ਦਾ ਪੱਥਰ, ਸੋਨਾ ਚਾਂਦੀ ਤੋਲਣ ਦਾ ਕੰਡਾ; ਪੱਧਰ, ਸਤਹ।

معیش ***ਮਈਸ਼,*** **معیشت** ***ਮਈਸ਼ਤ*** : ਜ਼ਿੰਦਗੀ, ਜੀਵਨ ਬਤੀਤ ਕਰਨਾ, ਓਹ ਚੀਜ਼ ਜਿਸ ਨਾਲ ਜੀਵਨ ਬਤੀਤ ਕੀਤਾ ਜਾਵੇ, ਜੀਵਨ-ਨਿਰਬਾਹ; ਰੋਜ਼ਗਾਰ, ਰੋਜ਼ੀ।

معین ***ਮੁਈਨ*** : ਮਦੱਦਗਾਰ, ਸਹਾਇਕ।

معیّن ***ਮੁਅਈਯਨ*** : ਨਿਸ਼ਚਤ, ਵਿਸ਼ੇਸ਼ ਕੀਤਾ ਗਿਆ।

معیوب ***ਮਅਯੂਬ*** : ਐਬ ਵਾਲਾ, ਐਬਦਾਰ, ਜਿਸ ਵਿਚ ਦੋਸ਼ ਹੋਵੇ, ਬੁਰਾ, ਨਿਕੰਮਾ।

مغ ***ਮੁਗ਼*** : ਅੱਗ-ਪੂਜ, ਜ਼ਰਤੁ.ਤੀ, ਪਾਰਸੀ, ਸ਼ਰਾਬ ਬਣਾਉਣ ਤੇ ਵੇਚਣ ਵਾਲਾ।

مغان ***ਮੁਗ਼ਾਨ*** : (ਉਪਰੋਕਤ ਦਾ ਬੌਹਵਚਨ) ਅੱਗ ਪੂਜਣ ਵਾਲੇ, ਸ਼ਰਾਬਖ਼ਾਨੇ ਵਾਲੇ।

مغبچه ***ਮੁਗ਼-ਬਚਾ*** : ਅੱਗ-ਪੂਜ ਲੜਕਾ, ਸੋਹਣਾ; ਬਾਲਕ ਜੋ ਸ਼ਰਾਬਖ਼ਾਨੇ ਵਿਚ ਸ਼ਰਾਬ ਪਿਲਾਉਣ ਦਾ ਕੰਮ ਕਰਦਾ ਹੈ, ਮਸ਼ੂਕ।

مغکده ***ਮੁਗ਼ਕਦਾ*** : ਅੱਗ-ਪੂਜਾ ਦਾ ਮਕਾਨ, ਸ਼ਰਾਬਖ਼ਾਨਾ।

مغار ***ਮਗ਼ਾਰ*** : ਪਹਾੜੀ ਖੁੰਦਰ, ਓਹ ਘੁਰਨਾ (ਗ਼ਾਰ) ਜੇਹੜੀ ਪਹਾੜ ਵਿਚ ਹੋਵੇ, ਪਹਾੜੀ-ਖੋਹ।

مغازلت ***ਮੁਗ਼ਾਜ਼ਲਤ,*** **مغازله** ***ਮੁਗ਼ਾਜ਼ਲਾ*** : ਪਰਸਪਰ ਗ਼ਜ਼ਲ ਕੈਹਣਾ, ਮਸ਼ੂਕ ਨਾਲ ਦਿਲ-ਲਗੀ ਕਰਨਾ, ਔਰਤਾਂ ਨਾਲ ਗੱਲਬਾਤ ਕਰਨਾ, ਇਸ਼ਕਬਾਜ਼ੀ ਵਿਚ ਪਰਸਪਰ ਮੁਕਾਬਲਾ ਕਰਨਾ।

مغاک ***ਮਗ਼ਾਕ*** : ਡੂੰਘਾਈ, ਟੋਆ, ਖੱਡਾ, ਪਹਾੜ ਦੀ (ਗ਼ਾਰ) ਖੁੰਦਰ; ਦੋਜ਼ਕ, ਨਰਕ।

مغاکِ ظلمت ***ਮਗ਼ਾਕ-ਏ-ਜ਼ੁਲਮਤ*** : ਆਦਮੀ ਦਾ ਸਰੀਰ, ਧਰਤੀ, ਜ਼ਮੀਨ।

مغاکِ غار ***ਮਗਾਕ-ਏ-ਗ਼ਾਰ*** : ਕਬਰ।

مغالطه ***ਮੁਗ਼ਾਲਤਾ*** : ਗਲਤੀ ਵਿਚ ਪਾਉਣਾ, ਪਰਸਪਰ ਗ਼ਲਤੀ ਲਗ ਜਾਣਾ, ਕਿਸੇ ਨੂੰ ਭੁਲੇਖੇ ਵਿਚ ਪਾਉਣਾ, ਭੁੱਲ-ਚੁੱਕ, ਧੋਖਾ, ਦਗ਼ਾ।

مغایرت ***ਮੁਗ਼ਾਯਿਰਤ*** : ਆਪਸ ਵਿਚ ਗ਼ੈਰ ਹੋਣਾ, ਵਿਰੋਧੀ, ਬੇਗਾਨਗੀ, ਓਪਰਾਪਣ।

مغرب ***ਮਗ਼ਰਿਬ*** : ਸੂਰਜ ਦੇ ਡੁੱਬਣ ਦੀ ਥਾਂ, ਪੱਛਮ।

مغربی ***ਮਗ਼ਰਿਬੀ*** : ਪੱਛਮ ਨਾਲ ਸਬੰਧਤ, ਪੱਛਮੀ, ਮਰਾਕਿਸ਼ ਦਾ ਰੈਹਣ ਵਾਲਾ, ਮਰਾਕਿਸ਼ੀ, (ਫ਼ਾਰਸੀ ਵਿਚ) ਇਕ ਸੋਨੇ ਦਾ ਸਿੱਕਾ।

مغرور ***ਮਗ਼ਰੂਰ*** : ਅਭਮਾਨੀ, ਅਹੰਕਾਰੀ, ਘਮੰਡੀ, ਸ਼ੇਖੀਖੋਰਾ।

مغرورسرندارد ***ਮਗ਼ਰੂਰ ਸਰ ਨਦਾਰਦ*** : ਬੇਅਕਲ ਆਦਮੀ, ਮੂਰਖ।

مغروری ***ਮਗ਼ਰੂਰੀ*** : ਘਮੰਡ, ਅਹੰਕਾਰ. ਸ਼ੇਖੀ, ਅਭਮਾਨ।

مغروق ***ਮਗ਼ਰੂਕ*** : ਗਰਕ ਹੋਇਆ ਹੋਇਆ, ਡੁੱਬਾ ਹੋਇਆ।

مغز ***ਮਗ਼ਜ਼*** : ਗੁੱਦਾ, ਗਿਰੀ, ਦਿਮਾਗ਼, ਭੇਜਾ, ਕਿਸੇ ਚੀਜ਼ ਦਾ ਅੰਦਰੂਨੀ ਹਿੱਸਾ, ਅਕਲ, ਸਮਝ।

مغزاستخوان ***ਮਗ਼ਜ਼-ਏ-ਉਸਤਖ਼ਾਨ*** : ਹੱਡੀ ਦਾ ਗੁੱਦਾ, ਮਿੱਝ।

مغزِبادام ***ਮਗ਼ਜ਼-ਏ-ਬਾਦਾਮ*** : ਬਦਾਮ ਦੀ ਗਿਰੀ।

مغزبردن ***ਮਗ਼ਜ਼-ਬੁਰਦਨ*** : ਬਕਵਾਸ ਕਰ ਕਰ ਕੇ ਦਿਮਾਗ਼ ਖਾ ਜਾਣਾ।

مغزترکردن ***ਮਗ਼ਜ਼-ਤਰ-ਕਰਦਨ*** : ਗੱਲਬਾਤ ਕਰਨਾ, ਬੋਲਣਾ।

مغزِخرخوردن ***ਮਗ਼ਜ਼-ਏ-ਖ਼ਰ ਖ਼ੁਰਦਨ*** : ਬੇਅਕਲ ਹੋਣਾ, ਮੂਰਖ ਬਣਨਾ,

(ਕੈਂਹਦੇ ਹਨ ਖੋਤੇ ਦਾ ਭੇਜਾ ਖਾਣ ਨਾਲ ਅਕਲ ਜਾਂਦੀ ਰੈਂਹਦੀ ਹੈ)।

مغزدرسرکردن ***ਮਗ਼ਜ਼-ਦਰ-ਸਰ-ਕਰਦਨ*** : ਚੁੱਪ ਹੋਣਾ।

مغزدرسرندارد ***ਮਗ਼ਜ਼-ਦਰ ਸਰ ਨਦਾਰਦ*** : ਬੇਅਕਲ ਆਦਮੀ, ਮੂਰਖ।

مغزروشن‌کردن ***ਮਗ਼ਜ਼-ਰੋਸ਼ਨ ਕਰਦਨ*** : ਦਿਮਾਗ਼ ਤਾਜ਼ਾ ਕਰਨਾ।

مغزی ***ਮਗ਼ਜ਼ੀ*** : ਇਕ ਪਰਕਾਰ ਦਾ ਸਫੈਦ ਹਲਵਾ ਜਿਸ ਵਿਚ ਪਿਸਤਾ ਬਦਾਮ ਪਾਉਂਦੇ ਹਨ; ਗੋਟਾ ਕਿਨਾਰੀ।

مغزینه ***ਮਗ਼ਜ਼ੀਨਾ*** : ਦਿਮਾਗ਼।

مغشوش ***ਮਗ਼ਸ਼ੂਸ਼*** : ਖੋਟ ਮਿਲਾਇਆ ਹੋਇਆ, ਮਿਲਾਵਟ ਵਾਲਾ, ਖੋਟਾ, ਧੋਖੇਬਾਜ਼, ਬੇਵਫ਼ਾ, ਪਖੰਡੀ।

مغفر ***ਮਿਗ਼ਫ਼ਰ*** : ਲੋਹੇ ਦੀ ਟੋਪੀ।

مغفرت ***ਮਗ਼ਫ਼ਿਰਤ*** : ਗੁਨਾਹ ਬਖ਼ਸ਼ਣਾ, ਬਖ਼ਸ਼ਸ਼, ਰਿਹਾਈ, ਨਜਾਤ, ਛੁਟਕਾਰਾ, ਖ਼ਲਾਸੀ।

مغفور ***ਮਗ਼ਫ਼ੂਰ*** : ਜਿਸ ਦੇ ਗੁਨਾਹ ਬਖਸ਼ੇ ਗਏ ਹੋਣ, ਸਵਰਗਵਾਸੀ।

مغل ***ਮੁਗ਼ਲ*** : ਤੁਰਕਿਸਤਾਨ ਦੀ ਇਕ ਉਚ ਕੌਮ ਦਾ ਨਾਮ, ਹਿੰਦੁਸਤਾਨ ਦੇ ਮੁਗ਼ਲ ਬਾਦਸ਼ਾਹ ਇਸੇ ਕੌਮ ਦੇ ਸਨ, ਤਾਤਾਰੀ, ਸਾਦਾ ਦਿਲ।

مغل‌اعظم ***ਮੁਗ਼ਲ-ਏ-ਅਅਜ਼ਮ*** : 'ਦਰਿਆ-ਏ-ਨੂਰ' ਹੀਰੇ ਦਾ ਨਾਮ, ਮਹਾਨ ਮੁਗ਼ਲ।

مغلیه ***ਮੁਗ਼ਲੀਯਾ*** : (ਪੰਜਾਬੀ ਵਿਚ ਪਰਚਲਤ ਰੂਪ ''ਮੁਗ਼ਲੀਆ'' ਹੈ) ਮੁਗ਼ਲ ਕੌਮ ਨਾਲ ਸਬੰਧਤ, ਮੁਗ਼ਲ ਕੌਮ ਦੀ ਕੋਈ ਚੀਜ਼।

مغلّظ ***ਮੁਗ਼ੱਲਜ਼*** : ਗ਼ਲੀਜ਼ ਕੀਤਾ ਗਿਆ, ਗੰਦਾ, ਮੋਟਾ, ਗਾੜ੍ਹਾ, ਸਖ਼ਤ, ਬੌਹਤ ਮਜ਼ਬੂਤ, ਖਰਵਾ, ਨਪਾਕ, ਅਪਵਿੱਤਰ, ਕੰਜੂਸ।

مغلّظات ***ਮੁਗ਼ੱਲਜ਼ਾਤ*** : (ਮੁਗ਼ੱਲਜ਼ **مغلّظ** ਦਾ ਬੌਹਵਚਨ) ਮੋਟੀਆਂ ਮੋਟੀਆਂ ਗਾਲ੍ਹਾਂ, ਗੰਦੀਆਂ ਗਾਲ੍ਹਾਂ, ਗੰਦੇ ਬੋਲ।

مغلوب ***ਮਗ਼ਲੂਬ*** : ਗ਼ਲਬਾ ਪਾਇਆ ਗਿਆ, ਪਰਾਜਿਤ, ਪਛਾੜਿਆ ਗਿਆ, ਹਰਾਇਆ ਗਿਆ, ਆਜਜ਼, ਮਜਬੂਰ।

مغلوب‌الغضب ***ਮਗ਼ਲੂਬ-ਉਲ-ਗ਼ਜ਼ਬ*** : ਝੱਟ ਗੁੱਸੇ ਵਿਚ ਆ ਜਾਣ ਵਾਲਾ।

مغلوبیت ***ਮਗ਼ਲੂਬੀਯਤ*** : ਅਧੀਨਤਾ, ਦਬਾ, ਵਸੀਕਰਨ।

مغموم ***ਮਗ਼ਮੂਮ*** : ਗ਼ਮਗੀਨ, ਉਦਾਸ, ਰੰਜੀਦਾ, ਗ਼ਮ ਵਿਚ ਡੁੱਬਾ।

مغنّی ***ਮੁਗ਼ੱਨੀ*** : ਗਾਉਣ ਵਾਲਾ, ਗਵੱਈਆ, ਰਾਗੀ, ਗਾਇਕ।

مغنّیه ***ਮੁਗ਼ੱਨੀਯਾ*** : ਗਾਉਣ ਵਾਲੀ, ਗਾਇਕਾ।

مغول ***ਮੁਗ਼ੋਲ*** : ਵੇਖੋ ਮੁਗ਼ਲ।

مغیل ***ਮੁਗ਼ੀਲ*** : ਬਬੂਲ ਦਾ ਦਰਖ਼ਤ, ਕਿੱਕਰ।

مغیلان ***ਮੁਗ਼ੀਲਾਨ*** : ਵਾਸਤਵ ਵਿਚ ਏਹ ਸ਼ਬਦ ਉਮ+ਗ਼ਲੀਨ=ਉਮ+ਮਾਂ+ਗ਼ੀਲਾਨ ਜੋ ਗ਼ੌਲ ਦਾ ਬੌਹਵਚਨ ਹੈ ਭਾਵ ਭੂਤਾਂ ਦੀ ਮਾਂ; ਲੋਕਾਂ ਦਾ ਖ਼ਿਆਲ ਸੀ ਕਿ ਭੂਤ ਕਿੱਕਰ ਹੇਠ ਰੈਂਹਦੇ ਹਨ ਕਿਉਂਕਿ ਕਿੱਕਰਾਂ ਉਜਾੜ ਬੀਆਬਾਨ ਵਿਚ ਹੀ ਉਗਦੀਆਂ ਹਨ।

مغیلان‌باستان ***ਮੁਗ਼ੀਲਾਨ-ਬਾਸਤਾਨ,*** **مغیلان‌گاه** ***ਮੁਗ਼ੀਲਾਨ-ਗਾਹ*** : ਦੁਨੀਆ, ਸੰਸਾਰ; ਵਕਤ; ਕਿਸਮਤ।

مفاجا ***ਮੁਫ਼ਾਜਾ,*** **مفاجات** ***ਮੁਫ਼ਾਜਾਤ*** : ਅਚਾਨਕ, ਝੱਟ-ਪੱਟ, ਅਚਾਨਕ ਕੁਝ ਵਾਪਰਨਾ।

مفاخرت ***ਮੁਫ਼ਾਖ਼ਰਤ*** : ਪਰਸਪਰ ਫ਼ਖ਼ਰ ਕਰਨਾ, ਸ਼ੇਖੀਆਂ ਮਾਰਨਾ, ਵਡਿਆਈ ਕਰਨਾ, ਹੁਨਰ ਤੇ ਵਡਿਆਈ ਵਿਚ ਕਿਸੇ ਨਾਲ ਬਿਦਣਾ, ਡੀਂਗ, ਫ਼ਖ਼ਰ, ਸ਼ੇਖ਼ੀ,ਘਮੰਡ।

مفاخر ***ਮੁਫ਼ਾਖ਼ਿਰ*** : ਫ਼ਖ਼ਰ ਕਰਨ ਵਾਲਾ।

مفاخره ***ਮੁਫ਼ਾਖ਼ਿਰਾ*** : ਫ਼ਖ਼ਰ ਕਰਨ ਵਾਲੀ ਇਸਤਰੀ।

مفاد ***ਮਫ਼ਾਦ*** : ਫ਼ਾਇਦੇ ਦੀ ਥਾਂ, 'ਫ਼ਾਇਦਾ' ਦੇ ਅਰਥਾਂ ਵਿਚ ਭੀ ਪਰਯੋਗ ਹੁੰਦਾ ਹੈ।

مفارقت ***ਮੁਫ਼ਾਰਕ਼ਤ*** : ਜੁਦਾਈ, ਫ਼ਿਰਾਕ, ਵਿਯੋਗ, ਅਲੈਹਦਗੀ।

مفاسد ***ਮਫ਼ਾਸਿਦ*** : (ਮੁਫ਼ਸਦਾ مفسده ਦਾ ਬੌਹਵਚਨ) ਬੁਰਾਈਆਂ, ਬਦੀਆਂ, ਖ਼ਰਾਬੀਆਂ, ਭੈੜ।

مفت ***ਮੁਫ਼ਤ*** : ਬਿਨਾ ਕੀਮਤ ਤੇ ਬਿਨਾ ਮੇਹਨਤ ਦੇ ਮਿਲੀ ਹੋਈ (ਚੀਜ਼), ਫ਼ਜ਼ੂਲ, ਜ਼ਾਇਆ, ਅੰਞਾਈ।

مفت‌بر ***ਮੁਫ਼ਤ-ਬਰ*** : ਮੁਫ਼ਤ ਲੈ ਜਾਣ ਵਾਲਾ।

مفت‌راچه‌گفت ***ਮੁਫ਼ਤ ਰਾ ਚਿ ਗੁਫ਼ਤ*** : ਮੁਫ਼ਤ ਦੀ ਚੀਜ਼ ਬਾਰੇ ਕੀ ਪੁੱਛਣਾ, ਝੱਟ ਲੈ ਲੈਣੀ ਚਾਹੀਦੀ ਹੈ।

مفتاح ***ਮਿਫ਼ਤਾਹ਼*** : ਚਾਬੀ, ਕੁੰਜੀ।

مفتاح‌العرض ***ਮਿਫ਼ਤਾਹ਼-ਉਲ-ਅ਼ਰਜ਼*** : ਜ਼ਮੀਨ ਦੀ ਕੁੰਜੀ, ਭੂਗੋਲ ਦੀ ਇਕ ਪੁਸਤਕ ਦਾ ਨਾਮ।

مفتتن ***ਮੁਫ਼ਤਤਿਨ*** : ਮੋਹਤ ਹੋ ਜਾਣ ਵਾਲਾ, ਪਰੇਮੀ , ਆਸ਼ਕ।

مفتح ***ਮਿਫ਼ਤਹ਼*** .: (ਮਿਫ਼ਤਾਹ਼ مفتاح ਦਾ ਸੰਖਿਪਤ ਰੂਪ) ਚਾਬੀ, ਕੁੰਜੀ।

مفتوح ***ਮਫ਼ਤੂਹ਼*** : ਖੋਲ੍ਹਿਆ ਗਿਆ, ਜਿੱਤਿਆ ਗਿਆ।

مفتوحه ***ਮਫ਼ਤੂਹ਼ਾ*** : ਜਿੱਤਿਆ ਗਿਆ, ਪਰਾਜਤ।

مفتون ***ਮਫ਼ਤੂਨ*** : ਫ਼ਿਤਨਾ فتنه ਵਿਚ ਪਾਇਆ ਹੋਇਆ, ਪਰੇਮੀ, ਸ਼ਦਾਈ, ਮੋਹਤ।

مفتی ***ਮੁਫ਼ਤੀ*** : ਫ਼ਤਵਾ ਦੇਣ ਵਾਲਾ; ਸ਼ਰ੍ਹਾ, (ਇਸਲਾਮੀ ਧਾਰਮਕ ਵਿਧੀ ਵਿਧਾਨ) ਅਨੁਸਾਰ।

مفرح ***ਮੁਫ਼ਰਿਹ਼, ਮੁਫ਼ੱਰਿਹ਼*** : ਖ਼ੁਸ਼ੀ ਦੇਣ ਵਾਲਾ, ਰਾਹਤ ਦੇਣ ਵਾਲਾ, ਓਹ ਦਵਾ ਜੋ ਮਿੱਠੀ, ਸਵਾਦੀ ਤੇ ਦਿਲ ਨੂੰ ਖ਼ੁਸ਼ੀ ਤੇ ਤਾਕਤ ਦੇਣ ਵਾਲੀ ਹੋਵੇ।

مفرحات ***ਮੁਫ਼ੱਰਿਹਾਤ*** : (ਉਪਰੋਕਤ ਦਾ ਬੌਹਵਚਨ) ਦਿਲ ਨੂੰ ਖ਼ੁਸ਼ੀ ਦੇਣ ਵਾਲੀਆਂ ਚੀਜ਼ਾਂ।

مفرد ***ਮੁਫ਼ਰਦ*** : ਇਕ ,ਅਲੈਹਦਾ, ਇੱਕਲਾ, ਫ਼ਾਰਸੀ ਵਿਚ ਆਗਿਆਕਾਰ ਲਈ ਵੀ ਆਉਂਦਾ ਹੈ।

مفردسوار ***ਮੁਫ਼ਰਦ-ਸਵਾਰ*** : ਸ਼ਾਹਸਵਾਰ, ਸੂਰਮਾ, ਬਹਾਦਰ, ਜੋ ਇੱਕਲਾ ਮੈਦਾਨ ਵਿਚ ਜੰਗ ਲੜੇ।

مفرده ***ਮੁਫ਼ਰਦਾ*** : ਇੱਕਲੀ।

مفردات ***ਮੁਫ਼ਰਦਾਤ*** : (ਮੁਫ਼ਰਦ مفرد ਦਾ ਬੌਹਵਚਨ) ਇੱਕਲੇ, ਵਰਨਮਾਲਾ ਦੇ ਅੱਖਰ ਜਦੋਂ ਅੱਡ ਅੱਡ ਲਿਖੇ ਜਾਣ, ਇਕ ਤੋਂ ਦਸ ਤਕ ਦੀ ਗਿਣਤੀ।

مفرّس ***ਮੁਫ਼ੱਰਸ*** : ਦੂਜੀ ਭਾਸ਼ਾ ਦਾ ਸ਼ਬਦ ਜੋ ਫ਼ਾਰਸੀ ਵਿਚ ਅਪਣਾ ਲਿਆ ਗਿਆ ਹੋਵੇ, ਫ਼ਾਰਸੀ ਰੂਪਾਂਤਰ।

مفرش ***ਮਫ਼ਰਸ਼*** : ਬਿਸਤਰਬੰਦ, ਚਮੜੇ ਦਾ ਸੰਦੂਕ, ਅਟੈਚੀਕੇਸ।

مُفرّش ***ਮੁਫ਼ੱਰਸ਼*** : ਫ਼ਰਸ਼ ਵਿਛਾਇਆ ਹੋਇਆ, ਵਿਛੌਣਾ, ਚਟਾਈ।

مفرق ***ਮਫ਼ਰਿਕ਼*** : ਸਿਰ ਦੇ ਵਾਲਾਂ ਨੂੰ ਦੋ ਭਾਗਾਂ ਵਿਚ ਕਰਨ ਵਾਲੀ ਲੀਕ, ਮਾਂਗ, ਚੀਰਮੀ।

مفرور ***ਮਫ਼ਰੂਰ*** : ਫ਼ਰਾਰ ਹੋਇਆ ਹੋਇਆ, ਭੱਜਿਆ ਹੋਇਆ, ਭਗੌੜਾ।

مفروش ***ਮਫ਼ਰੂਸ਼*** : ਵਿਛਾਇਆ ਹੋਇਆ, ਫ਼ਰਸ਼, ਵਿਛੌਣਾ।

مفروض ***ਮਫ਼ਰੂਜ਼*** : ਫ਼ਰਜ਼ ਕੀਤਾ ਗਿਆ, ਮੰਨਿਆ ਗਿਆ, ਫ਼ਰਜ਼ੀ, ਖ਼ਿਆਲੀ, ਕਿਆਸੀ, ਵਾਜਬ ਕੀਤਾ ਗਿਆ।

مفروضه ***ਮਫ਼ਰੂਜ਼ਾ*** : ਫ਼ਰਜ਼ ਕੀਤੀ ਹੋਈ (ਗੱਲ)।

مفسد ***ਮੁਫ਼ਸਿਦ*** : ਫ਼ਸਾਦ ਕਰਨ ਵਾਲਾ, ਝਗੜਾਲੂ, ਸ਼ਰਾਰਤੀ।

مفسده ***ਮੁਫ਼ਸਿਦਾ*** : ਫ਼ਸਾਦ, ਖ਼ਰਾਬੀ, ਦੰਗਾ, ਲੜਾਈ।

مفسده‌پرداز ***ਮੁਫ਼ਸਿਦਾ-ਪਰਦਾਜ਼*** : ਫ਼ਸਾਦੀ, ਫ਼ਸਾਦ ਕਰਨ ਵਾਲਾ।

مفسده‌پردازی ***ਮੁਫ਼ਸਿਦਾ-ਪਰਦਾਜ਼ੀ*** : ਫ਼ਸਾਦ ਕਰਨਾ; ਸ਼ਰਾਰਤ ਕਰਨਾ।

مفسّر ***ਮੁੱਫ਼ਸਿਰ*** : ਤਫ਼ਸੀਰ ਕਰਨ ਵਾਲਾ, ਖੋਲ੍ਹ ਕੇ ਬਿਆਨ ਕਰਨ ਵਾਲਾ, ਵਿਸਤਾਰਪੂਰਵਕ ਵਿਆਖਿਆ ਕਰਨ ਵਾਲਾ।

مفسوخ ***ਮਫ਼ਸੂਖ਼*** : ਫ਼ਸਖ਼ ਕੀਤਾ ਗਿਆ, ਓਹ ਬਚਨ ਜਾਂ ਇਕਰਾਰ ਜੋ ਤੋੜ ਦਿੱਤਾ ਗਿਆ ਹੋਵੇ, ਕੌਲ ਕਰਾਰ ਜੋ ਤੋੜ ਦਿੱਤਾ ਹੋਵੇ।

مفصّل ***ਮੁਫ਼ੱਸਿਲ*** : ਵਿਸਤਾਰ ਨਾਲ ਦਸਿਆ ਗਿਆ, ਖੋਲ੍ਹ ਕੇ ਬਿਆਨ ਕੀਤਾ ਗਿਆ, ਅੱਡ ਕੀਤਾ ਗਿਆ।

مفعول ***ਮਫ਼ਊਲ*** : ਫ਼ਿਅਲ (ਕੰਮ) ਕੀਤਾ ਹੋਇਆ, ਜਿਸ ਉੱਤੇ ਫ਼ਾਇਲ (ਕਰਤਾ) ਦਾ ਫ਼ਿਅਲ (ਕਿਰਿਆ) ਵਾਕਿਆ ਹੋਵੇ, ਕਰਮ, ਬਦਫ਼ਿਅਲੀ ਕਰਵਾਉਣ ਵਾਲਾ।

مفقود ***ਮਫ਼ਕੂਦ*** : ਗੁਆਚਾ ਹੋਇਆ, ਗੁੰਮਸ਼ੁਦਾ, ਗ਼ਾਇਬ, ਅਲੋਪ, ਜਿਸ ਦੀ ਹੋਂਦ ਨਾ ਹੋਵੇ।

مفقودالخبر ***ਮਫ਼ਕੂਦ-ਉਲ-ਖ਼ਬਰ*** : ਜਿਸ ਦੀ ਕੋਈ ਖ਼ਬਰ ਨਾ ਹੋਵੇ, ਲਾਪਤਾ।

مفكّر ***ਮੁਫ਼ੱਕਿਰ*** : ਫ਼ਿਕਰ (ਸੋਚ) ਕਰਨ ਵਾਲਾ; ਸੋਚ ਵਿਚਾਰ ਕਰਨ ਵਾਲਾ, ਚਿੰਤਕ, ਵਿਚਾਰਵਾਨ।

مفلس ***ਮੁਫ਼ਲਿਸ*** : ਜਿਸ ਕੋਲ ਕੁਝ ਨਾ ਹੋਵੇ; ਗ਼ਰੀਬ, ਮੁਥਾਜ, ਕੰਗਾਲ, ਆਧੁਨਿਕ ਫ਼ਾਰਸੀ ਵਿਚ ਇਸ ਦੇ ਅਰਥ ਹਨ, ਛੜਾ, ਕੁਆਰਾ।

مفلوج ***ਮਫ਼ਲੂਜ*** : ਫ਼ਾਲਿਜ ਦਾ ਮਰੀਜ਼, ਅਧਰੰਗ ਦਾ ਮਾਰਿਆ ਹੋਇਆ।

مفلوک ***ਮਫ਼ਲੂਕ*** : ਮੁਸੀਬਤਾਂ ਦਾ ਮਾਰਿਆ ਹੋਇਆ, ਗ਼ਰੀਬ, ਮੁਥਾਜ।

مفلوک‌الحال ***ਮਫ਼ਲੂਕ-ਉਲ-ਹਾਲ*** : ਤਬਾਹ-ਹਾਲ, ਖ਼ਸਤਾ-ਹਾਲ।

مفهوم ***ਮਫ਼ਹੂਮ*** : ਸਮਝ ਵਿਚ ਆਇਆ ਹੋਇਆ, ਜੋ ਸਮਝ ਵਿਚ ਆਵੇ।

مفید ***ਮੁਫ਼ੀਦ*** : ਫ਼ਾਇਦਾ ਦੇਣ ਵਾਲਾ, ਲਾਭਦਾਇਕ, ਫ਼ਾਇਦਾਮੰਦ।

مقابل ***ਮੁਕ਼ਾਬਿਲ*** : ਮੁਕਾਬਲੇ 'ਤੇ ਆਉਣ ਵਾਲਾ, ਸਾਮ੍ਹਣੇ ਵਾਲਾ, ਰੂਬਰੂ; ਸਾਮ੍ਹਣੇ, ਦੁਸ਼ਮਣ, ਵੈਰੀ।

مقابله ***ਮੁਕ਼ਾਬਲਾ*** : ਮੁਠਭੇੜ, ਟਾਕਰਾ, ਰੂ-ਬਰੂ ਹੋਣਾ; ਪਰਸਪਰ ਬਰਾਬਰੀ ਕਰਨਾ, ਸੰਘਰਸ਼, ਵਿਰੋਧਤਾ।

مقاتله ***ਮੁਕ਼ਾਤਲਾ*** : ਪਰਸਪਰ ਕਤਲ ਕਰਨਾ, ਜੰਗ, ਲੜਾਈ, ਮਾਰਧਾੜ, ਕਤਲ, ਖ਼ੂਨ, ਖ਼ੂੰਰੇਜ਼ੀ, ਖ਼ੂਨ ਬਹਾਉਣਾ।

مقادیر ***ਮਕ਼ਾਦੀਰ*** : (ਮਿਕ਼ਦਾਰ مقدار ਦਾ ਬੌਹਵਚਨ) ਮਿਕਦਾਰਾਂ, ਅੰਦਾਜ਼ੇ, ਅਨੁਮਾਨ, ਗਿਣਤੀਆਂ, ਮਿਣਤੀਆਂ।

مقاربت ***ਮੁਕ਼ਾਰਬਤ*** : ਕਿਸੇ ਚੀਜ਼ ਦੇ ਨੇੜੇ ਹੋਣਾ, ਨੇੜਤਾ, ਨਜ਼ਦੀਕੀ।

مقارن ***ਮਕ਼ਾਰਿਨ*** : ਨਜ਼ਦੀਕ, ਨੇੜੇ, ਕਰੀਬ, ਦਰਮਿਆਨ, ਵਿਚਕਾਰ, ਦੌਰਾਨ।

مقارنت ***ਮਕ਼ਾਰਨਤ*** : ਨਜ਼ਦੀਕ ਹੋਣਾ, ਦਰਮਿਆਨ ਹੋਣਾ, ਵਿਚਕਾਰ ਹੋਣਾ, ਇੱਕਠਾ ਹੋਣਾ, ਦੋ ਸਤਾਰਿਆਂ ਦਾ ਇਕੋ ਬੁਰਜ ਵਿਚ ਹੋਣਾ।

مقاصد ***ਮਕ਼ਾਸਿਦ*** : (ਮਕਸਿਦ مقصد ਦਾ ਬੌਹਵਚਨ) ਮਤਲਬ, ਮਨੋਰਥ, ਮੁਰਾਦਾਂ, ਖਾਹਸ਼ਾਂ, ਇਰਾਦੇ।

مقال ***ਮਕ਼ਾਲ*** : ਬਾਤ-ਚੀਤ, ਗੱਲਬਾਤ, ਗੁਫ਼ਤਗੂ, ਕਲਾਮ।

مقالات ***ਮਕ਼ਾਲਾਤ*** : ਮਕਾਲਾ مقاله ਦਾ ਬੌਹਵਚਨ।

مقالت ***ਮਕ਼ਾਲਤ***, مقاله ***ਮਕ਼ਾਲਾ*** :

ਕਹੀ ਹੋਈ ਗੱਲ, ਕਲਾਮ, ਖੋਜ ਪੱਤਰ, ਲਿਖਤ।

مقام ***ਮਕ਼ਾਮ, مُقام ਮੁਕ਼ਾਮ*** : ਠੈਹਰਨਾ, ਕਿਆਮ ਕਰਨਾ, ਠੈਹਰਣ ਦੀ ਥਾਂ, ਟਿਕਾਣਾ, ਮਕਾਨ, ਘਰ, ਮਰਤਬਾ, ਦਰਜਾ, ਰੁਤਬਾ, ਮੌਕਾ, ਵਕਤ, ਇਕ ਧੁਨੀ ਦਾ ਨਾਮ।

مقامِمصلّٰی ***ਮਕਾਮ-ਏ-ਮੁਸੱਲਾ*** : ਕਾਅਬਾ ਸ਼ਰੀਫ਼ ਵਿਚ ਓਹ ਥਾਂ ਜਿਥੇ ਹਜ਼ਰਤ ਇਬਰਾਹੀਮ ਨੇ ਨਮਾਜ਼ ਪੜ੍ਹੀ ਸੀ।

مقامی ***ਮਕ਼ਾਮੀ*** : ਠੈਹਰਾਇਆ ਹੋਇਆ, ਮਕਾਮ ਨਾਲ ਸਬੰਧਤ, ਲੋਕਲ, ਕਿਸੇ ਖ਼ਾਸ ਥਾਂ ਦਾ।

مقامات ***ਮਕ਼ਾਮਾਤ*** : ਮਕਾਮ ਦਾ ਬੌਹਵਚਨ।

مقاماتِحریری ***ਮਕ਼ਾਮਾਤ-ਏ-ਹਰੀਰੀ*** : ਅਰਬੀ ਇਲਮ-ਏ-ਅਦਬ ਦੀ ਇਕ ਕਿਤਾਬ ਜੋ ਅਬੂ ਮੁਹੰਮਦ ਕਾਸਿਮ ਹਰੀਰੀ (੪੨੬-੫੧੬ ਹਿ) ਦੀ ਰਚਨਾ ਹੈ।

مقاماتِرضوان ***ਮਕ਼ਾਮਾਤ-ਏ-ਰਿਜ਼ਵਾਨ*** : ਬਹਿਸ਼ਤ।

مقامت ***ਮਕ਼ਾਮਤ*** : ਮਜਲਸ, ਸਭਾ, ਜਮਾਤ, ਰਵਾਇਤ, ਵਅਜ਼, ਭਾਸ਼ਣ।

مقاومت ***ਮੁਕ਼ਾਵਮਤ*** : ਬਰਾਬਰੀ ਕਰਨਾ, ਮੁਕਾਬਲਾ, ਟਾਕਰਾ, ਬਰਾਬਰੀ।

مقبره ***ਮਕ਼ਬਰਾ*** : ਓਹ ਭਵਨ ਜੇਹੜਾ ਕਬਰ 'ਤੇ ਉਸਾਰਿਆ ਜਾਵੇ, ਕਬਰ ਦੀ ਜਗ੍ਹਾ, ਕਬਰ, ਗੋਰ; ਤੁਰਬਤ, ਸਮਾਧ, ਦਰਗਾਹ।

مقبرهچی ***ਮਕ਼ਬਰਾਚੀ*** : ਕਬਰਾਂ ਪੁੱਟਣ ਵਾਲਾ, ਕਬਰ-ਪੁੱਟ।

مقبل ***ਮੁਕ਼ਬਲ*** : ਕਬੂਲ ਕੀਤਾ ਗਿਆ, ਮਕਬੂਲ, ਪਰਵਾਨਤ, ਇਜ਼ੱਤਦਾਰ; ਮੂੰਹ ਚੜ੍ਹਿਆ, ਜਿਸ ਦੀ ਗੱਲ ਹਾਕਮ ਮੰਨੇ।

مقبِل ***ਮੁਕ਼ਬਿਲ*** : ਅੱਲਾਹ ਦਾ ਹੁਕਮ ਕਬੂਲ ਕਰਨ ਵਾਲਾ, ਸਾਮ੍ਹਣੇ ਹੋਣ ਵਾਲਾ, ਕਿਸੇ ਵੱਲ ਮੂੰਹ ਕਰਨ ਵਾਲਾ, ਦੌਲਤਮੰਦ, ਇਕਬਾਲ ਵਾਲਾ, ਭਾਗਵਾਨ।

مقبوض ***ਮਕ਼ਬੂਜ਼*** : ਜਿਸ 'ਤੇ ਕਬਜ਼ਾ ਕੀਤਾ ਗਿਆ ਹੋਵੇ; ਫੜਿਆ ਗਿਆ।

مقبوضه ***ਮਕ਼ਬੂਜ਼ਾ*** : ਕਬਜ਼ਾ ਕੀਤੀ ਹੋਈ ਚੀਜ਼।

مقبول ***ਮਕ਼ਬੂਲ*** : ਕਬੂਲ ਕੀਤਾ ਗਿਆ, ਮਨਜ਼ੂਰ, ਪਰਵਾਨ, ਮੰਨਿਆ ਗਿਆ, ਲੋਕ-ਪਿਰਯ।

مقبولیت ***ਮਕ਼ਬੂਲੀਯਤ*** : ਮਨਜ਼ੂਰੀ, ਪਰਵਾਨਗੀ, ਆਗਿਆ, ਲੋਕ-ਪਿਰਯਤਾ।

مقتدر ***ਮੁਕ਼ਤਦਿਰ*** : ਕੁਦਰਤ (ਸ਼ਕਤੀ) ਵਾਲਾ, ਤਾਕਤਵਰ, ਜ਼ੋਰਾਵਰ, ਯੋਗਤਾ ਵਾਲਾ।

مقتدربالله ***ਮੁਕ਼ਤਦਿਰ ਬਿੱਲਾਹ*** : ਇਕ ਅੱਬਾਸੀ ਖ਼ਲੀਫ਼ਾ ਦਾ ਨਾਮ ਜਿਸ ਨੇ 295 ਤੋਂ ੩੨੦ ਹਿਜਰੀ ਤਕ ਰਾਜ ਕੀਤਾ, ਇਸੇ ਦੇ ਰਾਜ ਸਮੇਂ ਹੁਸੈਨ ਬਿਨ-ਮਨਸੂਰ ਜਿਸ ਨੂੰ ਮਨਸੂਰ ਜਾਂ ਮਨਸੂਰ ਹੱਲਾਜ ਕੈਂਹਦੇ ਹਨ, ਨੂੰ ਅਨਲਹਕ ਕੈਹਣ 'ਤੇ ਸੂਲੀ ਚਾੜ੍ਹ ਦਿੱਤਾ ਗਿਆ ਸੀ।

مقتدی ***ਮੁਕ਼ਤਦੀ*** : ਪੈਰਵੀ ਕਰਨ ਵਾਲਾ, ਅਨੁਆਈ; ਪੈਰੋਕਾਰ; ਇਮਾਮ ਦੇ ਪਿੱਛੇ ਖੜ੍ਹਾ ਹੋਣ ਵਾਲਾ।

مقتضا ***ਮੁਕ਼ਤਜ਼ਾ*** : ਤਕਾਜ਼ਾ ਕੀਤਾ ਗਿਆ, ਚਾਹਿਆ ਗਿਆ, ਜਿਸ ਦੀ ਖ਼ਾਹਸ਼ ਕੀਤੀ ਜਾਵੇ, ਮੁਰਾਦ, ਮਤਲਬ।

مقتل ***ਮਕ਼ਤਲ*** : ਕਤਲ ਕਰਨ ਦੀ ਜਗ੍ਹਾ, ਕਤਲਗਾਹ।

مقتول ***ਮਕ਼ਤੂਲ*** : ਕਤਲ ਕੀਤਾ ਗਿਆ, ਜੋ ਮਾਰਿਆ ਗਿਆ ਹੋਵੇ।

مقدار ***ਮਿਕ਼ਦਾਰ*** : ਅੰਦਾਜ਼ਾ, ਅਨੁਮਾਨ, ਮਾਤਰਾ, ਗਿਣਤੀ ਮਿਣਤੀ, ਵਜ਼ਨ।

مقدّر ***ਮੁਕ਼ੱਦਰ*** : ਪੈਹਲਾਂ ਤੋਂ ਲਿਖਿਆ ਗਿਆ, ਅੰਦਾਜ਼ਾ ਕੀਤਾ ਗਿਆ, ਮਿਕਦਾਰ ਜੋ ਮੁੱਕਰਰ ਕੀਤੀ ਗਈ ਹੋਵੇ; ਤਕਦੀਰ ਵਿਚ ਜੋ ਹੋਵੇ; ਨਸੀਬ, ਭਾਗ।

مقدس ***ਮਕ਼ਦਿਸ*** : ਪਾਕ ਜਗ੍ਹਾ ਜਿਵੇਂ ਬੈਤੁੱਲ ਮਕਦਿਸ।

مقدّس ***ਮੁਕ਼ੱਦਸ*** : ਪਾਕ ਕੀਤਾ ਗਿਆ, ਪਾਕ, ਪਵਿੱਤਰ, ਬੇਗੁਨਾਹ, ਭਗਤ।

مقدّسه ***ਮੁਕ਼ੱਦਸਾ*** : ਪਾਕ ਔਰਤ, ਪਵਿੱਤਰ ਇਸਤਰੀ।

مقدم ***ਮਕ਼ਦਮ*** : ਆਉਣਾ, ਸਫ਼ਰ ਤੋਂ ਆਉਣਾ, ਆਮਦ, ਓਹ ਜਗ੍ਹਾ ਜਿਥੋਂ ਕੋਈ ਆਇਆ ਹੋਵੇ, ਪੈਰ ਧਰਨ ਦੀ ਥਾਂ।

مقدمِسعادتمدار ***ਮਕ਼ਦਮ-ਏ-ਸਆਦਤਮਦਾਰ*** : ਸ਼ੁਭ ਆਮਦ।

مقدِم ***ਮੁਕ਼ਦਿਮ*** : ਅੱਗੇ ਜਾਣ ਵਾਲਾ, ਲੜਾਈ ਵਿਚ ਅਗਾਂਹ ਵਧਣ ਵਾਲਾ, ਬਹਾਦਰ, ਸੂਰਮਾ, ਦਲੇਰ, ਅੱਖ ਦਾ ਕੋਇਆ।

مقدّم ***ਮੁਕ਼ੱਦਮ*** : ਪੇਸ਼ ਕੀਤਾ ਗਿਆ, ਅਗੇ ਵਧਿਆ ਹੋਇਆ, ਚੌਧਰੀ, ਨੰਬਰਦਾਰ, ਸਰਕਾਰੀ ਅਧਿਕਾਰੀ।

مقدّماً ***ਮੁਕ਼ੱਦਮਨ*** : ਸਭ ਤੋਂ ਪੈਹਲਾਂ, ਪੈਹਲਾਂ ਪੈਹਲ, ਬੌਹਤ ਚਿਰ ਪੈਹਲਾਂ।

مقدِّم ***ਮੁਕ਼ੱਦਿਮ*** : ਪੇਸ਼ ਕਰਨ ਵਾਲਾ।

مقدّمات ***ਮੁਕ਼ੱਦਮਾਤ*** : (ਮੁਕੱਦਮਾ **مقدّمه** ਦਾ ਬੌਹਵਚਨ) ਮਾਮਲੇ, ਮੁੱਕਦਮੇ।

مقدِّمه ***ਮਕ਼ੱਦਿਮਾ*** : ਅੱਗੇ ਚਲਣ ਵਾਲਾ, ਅੱਗੇ ਜਾਣ ਵਾਲਾ, ਪੇਸ਼ ਕਰਨ ਵਾਲਾ, ਓਹ ਥੋੜੀ ਜੇਹੀ ਫ਼ੌਜ ਜੋ ਲਸ਼ਕਰ ਦੇ ਅੱਗੇ ਅੱਗੇ ਚਲਦੀ ਹੈ, ਭੂਮਿਕਾ, ਮੁੱਖ ਬੰਧ; ਹਰ ਕੰਮ ਦਾ ਅਰੰਭ।

مُقدّمه ***ਮੁਕ਼ੱਦਮਾ*** : ਅੱਗੇ ਕੀਤਾ ਹੋਇਆ, ਵਾਰਦਾਤ, ਘਟਨਾ, ਅਦਾਲਤੀ ਕਾਰਵਾਈ।

مقدور ***ਮਕ਼ਦੂਰ*** : ਕਿਸਮਤ ਵਿਚ ਨਿਸ਼ਚਤ ਕੀਤਾ ਗਿਆ, ਭਾਗ, ਕਿਸਮਤ, ਤਕਦੀਰ, ਜੋ ਕੋਈ ਕਰਨਯੋਗ ਹੋਵੇ, ਤਾਕਤ, ਜ਼ੋਰ, ਬਲ, ਸ਼ਕਤੀ, ਹੌਸਲਾ, ਮਜਾਲ; ਗੁੰਜਾਇਸ਼, ਰਸਾਈ, ਪੌਹਚ।

مقدونیه ***ਮਕ਼ਦੂਨੀਯਾ*** : ਰੋਮ ਦੇ ਦੱਖਣ ਵੱਲ ਇਕ ਸੂਬਾ, ਜਿਸ ਦਾ ਬਾਦਸ਼ਾਹ ਸਿੰਕਦਰ ਆਜ਼ਮ ਸੀ।

مقرّ ***ਮਕ਼ੱਰ*** : ਟਿਕਣ ਦੀ ਥਾਂ, ਟਿਕਾਣਾ।

مقرِّخلافت ***ਮਕ਼ੱਰ-ਏ-ਖ਼ਿਲਾਫ਼ਤ*** : ਰਾਜਧਾਨੀ।

مقراض ***ਮਿਕ਼ਰਾਜ਼*** : ਕੱਟਣ ਦਾ ਸੰਦ, ਕੈਂਚੀ।

مقراض زدن ***ਮਿਕ਼ਰਾਜ਼ ਜ਼ਦਨ*** : ਕੈਂਚੀ ਨਾਲ ਕਤਰਨਾ।

مقراضِشترگردن
ਮਿਕ਼ਰਾਜ਼-ਏ-ਸ਼ਤਰਗਰਦਨ : ਇਕ ਪਰਕਾਰ ਦੀ ਕੈਂਚੀ।

مقراضِهندی
ਮਿਕ਼ਰਾਜ਼-ਏ-ਹਿੰਦੀ : ਹਿੰਦ ਦੀ ਵਧੀਆ ਕੈਂਚੀ, ਸੁਪਾਰੀ ਕੱਟਣ ਦਾ ਸਰੋਤਾ।

مقراضه ***ਮਿਕ਼ਰਾਜ਼ਾ*** : ਇਕ ਪਰਕਾਰ ਦਾ ਤੀਰ ਜਿਸ ਦਾ ਫਲ ਕੈਂਚੀ ਵਰਗਾ ਦੋ-ਸ਼ਾਖ਼ਾ ਹੁੰਦਾ ਹੈ; ਇਕ ਪਰਕਾਰ ਦਾ ਹਲਵਾ।

مقراضی ***ਮਿਕ਼ਰਾਜ਼ੀ*** : ਇਕ ਪਰਕਾਰ ਦਾ ਹਲਵਾ।

مقرّب ***ਮੁਕ਼ੱਰਬ*** : ਨੇੜੇ ਕੀਤਾ ਗਿਆ, ਪਾਸ ਵਾਲਾ, ਨੇੜੇ ਦਾ, ਕੋਲ ਬੈਹਣ ਵਾਲਾ, ਨਜ਼ਦੀਕੀ।

مقرّبه ***ਮੁਕ਼ੱਰਬਾ*** : ਨੇੜਤਾ, ਨੇੜੇ ਦਾ ਸਬੰਧ, ਰਿਸ਼ਤੇਦਾਰ।

مقرّبین ***ਮੁਕ਼ੱਰਬੀਨ*** : ਮੁੱਕਰਬ ਦਾ ਬੌਹਵਚਨ।

مقرّر ***ਮੁਕ਼ੱਰਰ*** : ਠੈਹਰਾਇਆ ਗਿਆ, ਨਿਸ਼ਚਤ ਕੀਤਾ ਗਿਆ, ਇਕਰਾਰ ਕੀਤਾ ਗਿਆ, ਨਿਯੁਕਤ।

مقرّره ***ਮਕ਼ੱਰਰਾ*** : ਨਿਸ਼ਚਤ, ਪਰਚਲਤ, ਦਸਤੂਰ ਅਨੁਸਾਰ।

مقرّری ***ਮਕ਼ੱਰਰੀ*** : ਨਿਯੁਕਤੀ, ਲਗਾਨ, ਤਨਖ਼ਾਹ।

مقرِّر ***ਮੁਕ਼ੱਰਿਰ*** : ਪੁਸ਼ਟੀ ਕਰਨ ਵਾਲਾ, ਇਕਰਾਰ ਦੇਣ ਵਾਲਾ, ਵਕਤਾ।

مقروض ***ਮਕ਼ਰੂਜ਼*** : ਕਰਜ਼ ਦਿੱਤਾ ਗਿਆ, ਕਰਜ਼ਦਾਰ, ਓਹ ਸ਼ਖ਼ਸ ਜਿਸ ਉਤੇ ਕਿਸੇ ਦਾ ਕਰਜ਼ ਹੋਵੇ, ਦੇਣਦਾਰ।

مقسوم ***ਮਕ਼ਸੂਮ*** : ਤਕਸੀਮ ਕੀਤਾ ਗਿਆ, ਵੰਡਿਆ ਗਿਆ, ਕਿਸਮਤ ਦਾ ਲਿਖਿਆ ਹੋਇਆ, ਓਹ ਅੰਕ ਜਿਸ ਨੂੰ ਤਕਸੀਮ ਕੀਤਾ ਜਾਵੇ।

مقصد ***ਮਕ਼ਸਦ*** : ਮੁਰਾਦ, ਮਤਲਬ, ਇਰਾਦਾ, ਨਿਸਚਾ, ਮਨੋਰਥ, ਮੰਤਵ, ਜਿਸ ਥਾਂ ਜਾਣ ਦਾ ਇਰਾਦਾ ਹੋਵੇ।

مقصود ***ਮਕ਼ਸੂਦ*** : ਕਸਦ ਕੀਤਾ ਗਿਆ, ਇਰਾਦਾ ਕੀਤਾ ਗਿਆ; ਜਿਸ ਦੀ ਇੱਛਾ ਜਾਂ ਖ਼ਾਹਸ਼ ਹੋਵੇ; ਮੰਤਵ, ਇਰਾਦਾ, ਨਜ਼ਰੀਆ।

مقطع ***ਮਕ਼ਤ਼ਅ*** : ਕੱਟਣ ਦੀ ਥਾਂ, ਅੰਤ ਦਾ ਸਥਾਨ, ਗਜਲ ਜਾਂ ਕਸੀਦੇ ਦਾ ਅੰਤਲਾ ਸ਼ਿਅਰ।

مقفّل ***ਮੁਕ਼ੱਫ਼ਲ*** : ਜਿਸ ਨੂੰ ਤਾਲਾ ਲਾਇਆ ਹੋਵੇ, ਬੰਦ, ਤਾਲਾਬੰਦ।

مقفّٰی ***ਮੁਕ਼ੱਫ਼ਾ*** : ਕਾਫ਼ੀਏ ਵਾਲਾ, ਜਿਸ ਦਾ ਕਾਫ਼ੀਆ ਮਿਲਦਾ ਹੋਵੇ, ਸਮਾਨ-ਤੁਕਾਂਤ।

مقلّب ***ਮੁਕ਼ੱਲਿਬ*** : ਬਦਲਣ ਵਾਲਾ, ਫੇਰਨ ਵਾਲਾ, ਪਲਟਣ ਵਾਲਾ।

مقلّب‌القلوب ***ਮੁਕ਼ੱਲਿਬ-ਉਲ-ਕ਼ਲੂਬ*** : ਦਿਲਾਂ ਨੂੰ ਬਦਲਣ ਵਾਲਾ, ਨਿਸਚਾ ਫ਼ੇਰ ਦੇਣ ਵਾਲਾ ਭਾਵ ਰਬ, ਅੱਲਾਹ।

مقلِّد ***ਮੁਕ਼ੱਲਿਦ*** : ਤਕਲੀਦ ਕਰਨ ਵਾਲਾ, ਬਿਨਾ ਦਲੀਲ ਦੇ ਕਿਸੇ ਗੱਲ 'ਤੇ ਅਮਲ ਕਰਨ ਵਾਲਾ, ਨਕਲ ਕਰਨ ਵਾਲਾ; ਭੰਡ, ਪੈਰਵੀ ਕਰਨ ਵਾਲਾ, ਪੈਰੋਕਾਰ, ਅਨੁਯਾਈ।

مقلِّدپیشه ***ਮੁਕ਼ੱਲਿਦ-ਪੇਸ਼ਾ*** : ਨੱਕਾਲ, ਨਕਲਚੀ, ਨਚਾਰ, ਰਾਗੀ।

مقلّد ***ਮੁਕ਼ੱਲਦ*** : ਓਹ ਵਿਅਕਤੀ ਜਿਸ ਦੀ ਪੈਰਵੀ ਕੀਤੀ ਜਾਵੇ।

مقلوب ***ਮਕ਼ਲੂਬ*** : ਉਲਟਾ ਕੀਤਾ ਗਿਆ, ਪਲਟਿਆ ਗਿਆ, ਇਕ ਸ਼ਬਦ ਅਲੰਕਾਰ ਦਾ ਨਾਮ।

مقلوبی ***ਮਕ਼ਲੂਬੀ*** : ਉਲਟੀ ਹੋਈ, ਉਲਟਾ ਸੰਯੋਜਕ।

مقناطیس ***ਮਿਕ਼ਨਾਤ਼ੀਸ*** : ਓਹ ਪੱਥਰ ਜੋ ਲੋਹੇ ਨੂੰ ਆਪਣੇ ਵੱਲ ਖਿਚ ਲੈਂਦਾ ਹੈ, (ਚੁੰਬਕ)।

مقوله ***ਮਕ਼ੂਲਾ*** : ਬਾਤ, ਗੱਲ, ਬਚਨ, ਸੁਖ਼ਨ, ਕਹਾਵਤ।

مقولات ***ਮਕ਼ੂਲਾਤ*** : ਮਕ਼ੂਲਾ **مقوله** ਦਾ ਬਹੁਵਚਨ।

مقوّی ***ਮੁਕ਼ੱਵੀ*** : ਤਾਕਤ ਦੇਣ ਵਾਲਾ।

مقوّیِ باه ***ਮੁਕ਼ੱਵੀ-ਏ-ਬ਼ਾਹ*** : ਮਰਦਾਨਗੀ ਸ਼ਕਤੀ ਨੂੰ ਵਧਾਉਣ ਵਾਲੀ ਦਵਾ।

مقوّیِ بدن ***ਮੁਕ਼ੱਵੀ-ਏ-ਬਦਨ*** : ਸਰੀਰ ਲਈ ਪੌਸ਼ਟਕ ਦਵਾ।

مقوّیِ دل ***ਮੁਕ਼ੱਵੀ-ਏ-ਦਿਲ*** : ਦਿਲ ਲਈ ਪੌਸ਼ਟਕ ਦਵਾ।

مقوّیِ معده ***ਮੁਕ਼ੱਵੀ-ਏ-ਮਿਅਦਾ*** : ਮਿਅਦੇ ਦੀ ਪਾਚਨ ਸ਼ਕਤੀ ਵਧਾਉਣ ਵਾਲੀ ਦਵਾ।

مقهور ***ਮਕ਼ਹੂਰ*** : ਕੈਹਰ ਕੀਤਾ ਗਿਆ, ਓਹ ਵਿਅਕਤੀ ਜਿਸ ਉਤੇ ਰੱਬ ਜਾਂ ਬਾਦਸ਼ਾਹ ਦਾ ਗੁੱਸਾ ਹੋਵੇ।

مقیاس ***ਮਿਕ਼ਯਾਸ*** : ਅੰਦਾਜ਼ਾ, ਅਨੁਮਾਨ, ਓਹ ਚੀਜ਼ ਜਿਸ ਨਾਲ ਅਨੁਮਾਨ ਲਾਇਆ ਜਾਵੇ, ਪੈਮਾਨਾ।

مقیاس‌الحرارت ***ਮਿਕ਼ਯਾਸ-ਉਲ- ਹ਼ਰਾਰਤ*** : ਗਰਮੀ ਜਾਂ ਬੁਖ਼ਾਰ ਦਾ ਅਨੁਮਾਨ ਲਾਉਣ ਵਾਲਾ ਜੰਤਰ, ਥਰਮਾਮੀਟਰ।

مقیّد ***ਮੁਕ਼ੱਈਯਦ*** : ਕੈਦ ਕੀਤਾ ਗਿਆ, ਕੈਦੀ, ਬੰਦੀ।

مقیم ***ਮੁਕ਼ੀਮ*** : ਕਿਆਮ ਕਰਨ ਵਾਲਾ, ਠੈਹਰਨ ਵਾਲਾ, ਰੈਹਣ ਵਾਲਾ, ਕਾਇਮ।

مکاتب ***ਮਕਾਤਿਬ*** : (ਮਕਤਬ **مکتب** ਦਾ ਬੌਹਵਚਨ) ਮਦਰਸੇ, ਸਕੂਲ।

مکاتبت ***ਮੁਕਾਤਬਤ*** : (ਮੁਕਾਤਬਤ **مکاتبت** ਦਾ ਬੌਹਵਚਨ) ਚਿਠੀਆਂ, ਖ਼ਤ।

مکاتبت ***ਮੁਕਾਤਬਤ*** : ਪਰਸਪਰ ਚਿਠੀ

ਪੱਤਰ ਕਰਨਾ।

مکاتبہ ***ਮੁਕਾਤਬਾ*** : ਖ਼ਤ, ਪੱਤਰ, ਚਿੱਠੀ, ਗੁਲਾਮ ਨੂੰ ਉਸ ਦੇ ਜ਼ਾਤ ਮਾਲ ਬਦਲੇ ਅਜ਼ਾਦ ਕਰ ਦੇਣਾ।

مکاتیب ***ਮਕਾਤੀਬ*** : (ਮਕਤੂਬ **مکتوب** ਦਾ ਬੌਹਵਚਨ) ਲਿਖੇ ਹੋਏ ਖ਼ਤ, ਪੱਤਰ।

مکّار ***ਮੱਕਾਰ*** : ਮਕਰ ਕਰਨ ਵਾਲਾ, ਫ਼ਰੇਬੀ; ਠੱਗ, ਧੋਖੇਬਾਜ਼।

مکّارہ ***ਮੱਕਾਰਾ*** : ਫ਼ਰੇਬੀ (ਔਰਤ) ਧੋਖੇਬਾਜ਼ (ਇਸਤਰੀ)।

مکّاری ***ਮੱਕਾਰੀ*** : ਮਕਰ, ਠੱਗੀ, ਫ਼ਰੇਬ; ਧੋਖਾ।

مکارم ***ਮਕਾਰਿਮ*** : ਮਕਰਮਤ **مکرمت** ਦਾ ਬੌਹਵਚਨ।

مکافات ***ਮੁਕਾਫ਼ਾਤ*** : ਬਦਲਾ, ਇਵਜ਼, ਬਦੀ ਦੀ ਸਜ਼ਾ।

مکافحہ ***ਮੁਕਾਫ਼ਹਾ*** : ਸਾਮ੍ਹਣੇ ਹੋਣਾ, ਰੂ-ਬ-ਰੂ ਹੋਣਾ; ਰੂ-ਬ-ਰੂ ਜੰਗ ਕਰਨਾ, ਪਰਸਪਰ ਗੱਲਬਾਤ ਕਰਨਾ ; ਇਕ ਦੂਜੇ ਨਾਲ ਬੋਲਣਾ, ਚੁੰਮੀ ਲੈਣਾ।

مکافی ***ਮੁਕਾਫ਼ੀ*** : ਬਰਾਬਰ, ਮੁਸਾਵੀ, ਇਕ ਸਮਾਨ।

مکالمہ ***ਮੁਕਾਲਮਾ*** : ਗੱਲਬਾਤ, ਆਪਸ ਵਿਚ ਬਾਤਚੀਤ ਕਰਨਾ; ਜ਼ਬਾਨੀ ਸਵਾਲ ਜਵਾਬ ਕਰਨਾ; ਵਾਰਤਾਲਾਪ, ਗੁਫ਼ਤਗੂ।

مکان ***ਮਕਾਨ*** : ਜਗ੍ਹਾ, ਥਾਂ, ਰੈਹਣ ਦਾ ਸਥਾਨ, ਨਿਵਾਸ-ਸਥਾਨ, ਘਰ।

مکانات ***ਮਕਾਨਾਤ*** : ਮਕਾਨ **مکان** ਦਾ ਬੌਹਵਚਨ।

مکانت ***ਮਕਾਨਤ*** : ਇੱਜ਼ਤ, ਸਤਕਾਰ, ਮਾਣ, ਮਰਤਬਾ, ਰੁਤਬਾ।

مکتب ***ਮਕਤਬ*** : ਲਿਖਣ ਦੀ ਜਗ੍ਹਾ, ਮਦਰਸਾ, ਪਾਠਸ਼ਾਲਾ, ਸਕੂਲ।

مکتفی ***ਮੁਕਤਫ਼ੀ*** : ਕਾਫ਼ੀ, ਪੂਰਾ; ਕਫ਼ਾਇਤ ਕਰਨ ਵਾਲਾ, ਸੰਜਮੀ; ਇਕ ਅੱਬਾਸੀ ਖ਼ਲੀਫ਼ੇ ਦਾ ਨਾਮ ਜਿਸ ਨੇ ੨੮੯ ਤੋਂ ੨੯੫ ਹਿਜਰੀ ਤੱਕ ਰਾਜ ਕੀਤਾ।

مکتوب ***ਮਕਤੂਬ*** : ਲਿਖਿਆ ਹੋਇਆ, ਖ਼ਤ, ਪੱਤਰ, ਲਿਖਤ।

مکتوبات ***ਮਕਤੂਬਾਤ*** : (ਮਕਤੂਬ **مکتوب** ਦਾ ਬੌਹਵਚਨ) ਲਿਖੇ ਹੋਏ, ਖ਼ਤ, ਪੱਤਰ।

مکدّر ***ਮੁਕੱਦਰ*** : ਕਦੂਰਤ ਨਾਲ ਭਰਿਆ ਹੋਇਆ, ਗੰਦਾ, ਮੈਲਾ; ਗ਼ਮਗੀਨ, ਚਿੰਤਾਤਰ, ਦੁਖੀ, ਨਰਾਜ਼।

مکر ***ਮਕਰ*** : ਦਗ਼ਾ, ਫ਼ਰੇਬ, ਠੱਗੀ, ਧੋਖਾ, ਛਲ।

مکرآمیز ***ਮਕਰ-ਆਮੇਜ਼*** : ਫ਼ਰੇਬ ਨਾਲ ਭਰਿਆ ਹੋਇਆ, ਧੋਖੇ ਵਾਲਾ।

مکران ***ਮਕਰਾਨ*** : ਈਰਾਨ ਦੇ ਦੱਖਣ ਵਿਚ ਇਕ ਇਲਾਕੇ ਤੇ ਇਕ ਸ਼ੈਹਰ ਦਾ ਨਾਮ।

مکرّر ***ਮੁਕੱਰਰ*** : ਦੋਬਾਰਾ, ਫੇਰ, ਦੂਜੀ ਵਾਰ।

مکرّم ***ਮੁਕੱਰਮ*** : ਮਾਣ-ਸਤਕਾਰ ਦਿੱਤਾ ਗਿਆ, ਵਡਿਆਇਆ ਗਿਆ, ਸਤਕਾਰਯੋਗ, ਮਾਨਯੋਗ।

مُکرِم ***ਮੁਕਰਿਮ*** : ਬਖ਼ਸ਼ਸ਼ ਕਰਨ ਵਾਲਾ, ਮੇਹਰਬਾਨੀ ਕਰਨਾ ਵਾਲਾ, ਮੇਹਰਬਾਨ।

مُکرَم ***ਮੁਕਰਮ*** : ਬਖ਼ਸ਼ਸ਼ ਕੀਤਾ ਹੋਇਆ, ਵੱਡਾ ਕੀਤਾ ਹੋਇਆ।

مکرِّم ***ਮਕੱਰਿਮ*** : ਵੱਡਾ ਕਰਨ ਵਾਲਾ, ਮਾਣ-ਸਤਕਾਰ ਦੇਣ ਵਾਲਾ।

مکرمت ***ਮਕਰਮਤ*** : ਵਡਿਆਈ, ਬਜ਼ੁਰਗੀ, ਮਾਣ-ਸਤਕਾਰ, ਨਵਾਜ਼ਸ਼, ਮੇਹਰ, ਬਖ਼ਸ਼ਸ਼,ਕਿਰਪਾ, ਏਹਸਾਨ, ਸਖ਼ਾਵਤ।

مکروہ ***ਮਕਰੂਹ*** : ਕਰਾਹਤ (ਘਿਰਨਾ) ਕੀਤਾ ਗਿਆ, ਘਿਰਨਾ, ਭੱਦਾ, ਭੂੰਡਾ, ਗੰਦਾ, ਕਰੂਪ, ਕੋਝਾ।

مکروہات ***ਮਕਰੂਹਾਤ*** : (ਮਕਰੂਹ **مکروہ** ਦਾ ਬੌਹਵਚਨ) ਭੈੜੀਆਂ, ਮੰਦੀਆਂ

ਚੀਜ਼ਾਂ।

مکسور ***ਮਕਸੂਰ***, **مکسورہ** ***ਮਕਸੂਰਾ*** : ਟੁੱਟਾ ਹੋਇਆ।

مکسوف ***ਮਕਸੂਫ਼*** : ਖੋਲ੍ਹਿਆ ਗਿਆ, ਪਰਗਟ ਕੀਤਾ ਗਿਆ, ਪਰਤੱਖ।

مکعّب ***ਮੁੱਕਅਬ*** : ਚਾਰ ਕੋਨਿਆਂ ਵਾਲਾ, ਬਣਾਇਆ ਗਿਆ, ਓਹ ਸ਼ਕਲ ਜਿਸ ਦੀ ਲੰਮਾਈ, ਚੁੜਾਈ ਤੇ ਡੂੰਘਾਈ ਬਰਾਬਰ ਹੋਵੇ।

مکفوف ***ਮਕਫ਼ੂਫ਼*** : ਵਲ੍ਹੇਟਿਆ ਹੋਇਆ, ਚੋਗਾ, ਪੈਹਨਿਆ ਹੋਇਆ, ਅੰਨ੍ਹਾ, ਵਰਜਿਆ ਗਿਆ।

مکمل ***ਮੁਕੰਮਲ*** : ਪੂਰਾ ਕੀਤਾ ਗਿਆ, ਸੰਪੂਰਨ, ਪੂਰਾ, ਕਾਮਲ।

مکنون ***ਮਕਨੂਨ*** : ਛੁਪਾ ਕੇ ਰੱਖਿਆ ਗਿਆ, ਲੁਕਾਇਆ ਹੋਇਆ, ਛੁਪਿਆ ਹੋਇਆ, ਲੁਪਤ, ਗੁਪਤ।

مکنونِ خاطر ***ਮਕਨੂਨ-ਏ-ਖ਼ਾਤਿਰ*** : ਦਿਲ ਦਾ ਭੇਦ, ਗੁਪਤ ਗੱਲ, ਦਿਲੀ ਰਾਜ਼।

مکنونات ***ਮਕਨੂਨਾਤ*** : (ਮਕਨੂਨ **مکنون** ਦਾ ਬੈਹਵਚਨ) ਲੁਕਾਈਆਂ ਹੋਈਆਂ ਵਸਤਾਂ।

مکّہ ***ਮੱਕਾ***, **مکہ معظمہ** ***ਮੱਕਾ-ਏ-ਮੁਅਜ਼ਮਾ*** : ਅਰਬ ਦੀ ਰਾਜਧਾਨੀ ਜੋ ਹਜਾਜ਼ ਦੇ ਇਲਾਕੇ ਵਿਚ ਹੈ, ਮੁਸਲਮਾਨਾਂ ਦਾ ਪਵਿਤਰ ਸਥਾਨ 'ਕਾਅਬਾ' ਇਥੇ ਹੀ ਹੈ, ਏਹ ਸ਼ੈਹਰ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਸਥਾਨ ਹੈ, ਸਤਕਾਰ ਵਜੋਂ ਇਸ ਨੂੰ ਮੱਕਾ-ਇ-ਮੁਅਜ਼ਮਾ ਕੈਂਹਦੇ ਹਨ।

مکّی ***ਮੱਕੀ*** : ਮੱਕੇ ਦਾ ਰੈਹਣ ਵਾਲਾ

مکیا ***ਮਕੀਯਾ*** : ਮੱਕੇ ਨਾਲ ਸਬੰਧਤ ਕੁਰਾਨ ਮਜੀਦ ਦੀਆਂ ਓਹ ਆਇਤਾਂ ਜੋ ਮੱਕੇ ਵਿਖੇ ਉਤਰੀਆਂ।

مکیال ***ਮਿਕਯਾਲ*** : ਮਿਣਨ ਦਾ ਸੰਦ, ਟੋਪਾ, ਅਨਾਜ ਹਾੜਨ ਦਾ ਪਾਤਰ, ਪੈਮਾਨਾ।

مکین ***ਮਕੀਨ*** : ਮਕਾਨ ਦਾ ਮਾਲਕ, ਮਕਾਨ ਵਿਚ ਰੈਹਣ ਵਾਲਾ, ਮਾਣ-ਸਤਕਾਰ ਵਾਲਾ, ਇੱਜ਼ਤਦਾਰ।

مگر ***ਮਗਰ*** : ਪਰ, ਪਰੰਤੂ, ਲੇਕਨ, ਸ਼ਾਇਦ, ਸਿਵਾਏ, ਜੇਕਰ।

مگس ***ਮਗਸ*** : ਮੱਖੀ।

مگسِ انبین ***ਮਗਸ-ਏ-ਅੰਬੀਨ*** : ਸ਼ੈਹਦ ਦੀ ਮੱਖੀ।

مگس پراں ***ਮਗਸ-ਪੱਰਾਂ*** : ਚਮੜੇ ਦਾ ਮਖਨਾ, ਜੇਹੜਾ ਘੋੜੇ ਆਦਿ ਦੀਆਂ ਅੱਖਾਂ ਤੇ ਮੱਖੀਆਂ ਤੋਂ ਬਚਣ ਲਈ ਬੰਨ੍ਹਿਆ ਜਾਂਦਾ ਹੈ।

مگس ران ***ਮਗਸਰਾਨ*** : ਮੱਖੀਆਂ ਝੱਲਣ ਵਾਲਾ, ਚੌਰ, ਪੱਖਾ।

مگس رانی ***ਮਗਸਰਾਨੀ*** : ਚੌਰ ਕਰਨਾ, ਪੱਖਾ ਝਲਣਾ।

مگسک ***ਮਗਸਕ*** : ਛੋਟੀ ਮੱਖੀ, ਬੰਦੂਕ ਦੀ ਮੱਖੀ, ਜਿਸ ਦੀ ਸੇਧ ਤੇ ਨਿਸ਼ਾਨਾ ਬੰਨ੍ਹਦੇ ਹਨ।

مگس گیر ***ਮਗਸ-ਗੀਰ*** : ਮੱਕੜੀ, ਮੱਖੀਆਂ ਫੜਨ ਵਾਲਾ।

مگسناک ***ਮਗਸਨਾਕ*** : ਮੱਖੀਆਂ ਨਾਲ ਭਰਿਆ ਹੋਇਆ।

مگسوار ***ਮਗਸਵਾਰ*** : ਮੱਖੀ ਵਾਂਗ।

مگل ***ਮਗਲ*** : ਡੱਡੂ।

مگل ***ਮਗਿਲ*** : ਜੋਕ।

مگو ***ਮਗੋ*** : ਤੂੰ ਨਾ-ਕਹਿ, ਤੂੰ ਨਾ-ਬੋਲ।

مل ***ਮੁਲ*** : ਸ਼ਰਾਬ, ਅੰਗੂਰੀ ਸ਼ਰਾਬ, ਅਮਰੂਦ।

مل ***ਮਿਲ*** : ਵਾਲ।

ملّا ***ਮੁੱਲਾ*** : ਬੌਹਤ ਭਰਿਆ ਹੋਇਆ, ਅਰਥਾਤ ਗਿਆਨ-ਭਰਪੂਰ, ਗਿਆਨਵਾਨ, ਵਿਦਵਾਨ, ਮੌਲਵੀ।

ملاح ***ਮੱਲਾਹ*** : ਕਿਸ਼ਤੀ ਚਲਾਉਣ ਵਾਲਾ, ਮਾਂਝੀ, ਏਹ ਸ਼ਬਦ 'ਮਲਹ' ਤੋਂ ਬਣਿਆ ਹੈ, ਜਿਸ ਦੇ ਅਰਥ ਹਨ ਪੰਛੀ ਦਾ ਦੋਹਾਂ ਪਰਾਂ ਨੂੰ ਫੜਫੜਾਉਣਾ, 'ਮੱਲਾਹ' ਵੀ ਦੋਵੇਂ ਚੱਪੂ ਜਦ ਚਲਾਉਂਦਾ ਹੈ, ਤਾਂ ਜਾਪਦਾ ਹੈ ਕਿ ਕੋਈ ਪੰਛੀ

ਆਪਣੇ ਦੋਵੇਂ ਪਰ ਫੜਫੜਾ ਰਿਹਾ ਹੈ।

ملاحت ***ਮਲਾਹਤ*** : ਨਮਕੀਨੀ, ਹੁਸਨ ਦੀ ਨਮਕੀਨੀ, ਸਾਂਵਲੇ ਰੰਗ ਦੀ ਸੁੰਦਰਤਾ, ਸਾਂਵਲਾ ਰੰਗ ਜਿਸ ਦੇ ਨਾਲ ਸਰੀਰ ਦੇ ਅੰਗ ਵੀ ਸੁਚੱਜੇ ਹੋਣ।

ملاحد ***ਮਲਾਹਿਦ,*** **ملاحدہ** ***ਮਲਾਹਿਦਾ*** : (ਮੁਲਹਿਦ **ملحد** ਦਾ ਬੌਹੋਵਚਨ) ਬੇਦੀਨ ਲੋਕ, ਨਾਸਤਿਕ।

ملاحظہ ***ਮੁਲਾਹਜ਼ਾ*** : ਵੇਖਣਾ, ਗੌਹ ਨਾਲ ਵੇਖਣਾ, ਮੁਆਇਨਾ, ਨਿਰੀਖਣ।

ملاحظہمند ***ਮਲਾਹਜ਼ਾਮੰਦ*** : ਲਿਹਾਜ਼ ਵਾਲਾ।

ملاذ ***ਮਲਾਜ਼*** : ਪਨਾਹ ਦੀ ਜਗ੍ਹਾ, ਸ਼ਰਨ ਲੈਣ ਦੀ ਥਾ।

ملاذالفقرا، ***ਮਲਾਜ਼-ਉਲ-ਫ਼ੁਕਰਾ*** : ਗਰੀਬਾਂ ਦੀ ਪਨਾਹ।

ملازم ***ਮੁਲਾਜ਼ਿਮ*** : ਕਿਸੇ ਥਾਂ ਜਾਂ ਕਿਸੇ ਦੇ ਕੋਲ ਹਮੇਸ਼ਾ ਰੈਹਣ ਵਾਲਾ, ਇਸੇ ਲਈ ਨੌਕਰ ਦੇ ਅਰਥਾਂ ਵਿਚ ਪਰਯੋਗ ਹੁੰਦਾ ਹੈ, ਨੌਕਰ, ਸੇਵਾਦਾਰ।

ملازمِدرگاہ ***ਮੁਲਾਜ਼ਿਮ-ਏ-ਦਰਗਾਹ*** : ਬਾਦਸ਼ਾਹ ਦੇ ਦਰਬਾਰ ਦਾ ਨੌਕਰ ।

ملازمان ***ਮੁਲਾਜ਼ਿਮਾਨ*** : ਮੁਲਾਜ਼ਮ ਦਾ ਬੌਹਵਚਨ।

ملازمت ***ਮੁਲਾਜ਼ਮਤ*** : ਕਿਸੇ ਜਗ੍ਹਾ ਹਮੇਸ਼ਾ ਰੈਹਣਾ, ਨੌਕਰੀ, ਮੌਜੂਦਗੀ।

ملاطفت ***ਮੁਲਾਤਫ਼ਤ*** : ਕਿਸੇ ਨਾਲ ਨੇਕੀ ਕਰਨਾ; ਮੇਹਰਬਾਨੀ ਕਰਨਾ, ਨੇਕੀ, ਮੇਹਰਬਾਨੀ, ਨਰਮ ਵਰਤਾ, ਭਲਾਈ।

ملاقات ***ਮੁਲਾਕਾਤ*** : ਮੇਲ ਮਿਲਾਪ, ਪਰਿਚਯ, ਪਰਸਪਰ ਗੱਲਬਾਤ।

ملاقاتِبازدید ***ਮੁਲਾਕਾਤ-ਏ-ਬਾਜ਼ਦੀਦ*** : ਪਰਤਵੀਂ, ਮੁਲਾਕਾਤ।

ملاقاتی ***ਮੁਲਾਕਾਤੀ*** : ਮਿਲਣ ਵਾਲਾ, ਮੁਲਾਕਾਤ ਵਾਲਾ, ਯਾਰ, ਬੇਲੀ।

ملاقی ***ਮੁਲਾਕੀ*** : ਵਾਕਫ਼ਕਾਰ, ਮੁਲਾਕਾਤ ਕਰਨ ਵਾਲਾ, ਮਿਲਣ ਵਾਲਾ।

ملال ***ਮਲਾਲ,*** **ملالت** ***ਮਲਾਲਤ*** : ਤਬੀਅਤ ਦਾ ਉਕਤਾ ਜਾਣਾ, ਗ਼ਮਗ਼ੀਨ ਤੇ ਉਦਾਸ ਹੋ ਜਾਣਾ, ਉਦਾਸੀ, ਗ਼ਮ, ਰੰਜ, ਨਫ਼ਰਤ, ਘਿਰਨਾ, ਉਦਾਸੀ; ਗ਼ਮੀ।

ملامت ***ਮਲਾਮਤ*** : ਡਾਂਟਣਾ, ਝਿੜਕਣਾ, ਬੁਰਾ ਭਲਾ ਕੈਹਣਾ, ਨੁਕਤਾਚੀਨੀ, ਲਾਹਨਤ, ਤਾਹਨਾ।

ملائک ***ਮਲਾਇਕ,*** **ملائکہ** ***ਮਲਾਇਕਾ*** : (ਮਲਕ **ملک** ਦਾ ਬੌਹਵਚਨ) ਫ਼ਰਿਸ਼ਤੇ।

ملائم ***ਮੁਲਾਇਮ*** : ਯੋਗ, ਨਰਮ।

ملائمت ***ਮੁਲਾਇਮਤ*** : ਨਰਮੀ, ਅਨੁਕੂਲਤਾ, ਸਾਜ਼ਗਾਰੀ, ਦੋ ਚੀਜ਼ਾਂ ਨੂੰ ਇਕੱਠਾ ਕਰਨਾ।

ملبّس ***ਮੁਲੱਬਸ*** : ਲਿਬਾਸ ਪੈਹਨਾਇਆ ਗਿਆ, ਜਿਸ ਨੇ ਕੱਪੜੇ ਪਾਏ ਹੋਣ, ਐਬ ਛੁਪਾਇਆ ਹੋਇਆ।

ملبوس ***ਮਲਬੂਸ,*** **ملبوسہ** ***ਮਲਬੂਸਾ,*** **ملبس** ***ਮਿੱਲਬਸ*** : ਪੁਸ਼ਾਕ, ਲਿਬਾਸ, ਕੱਪੜੇ, ਪੈਹਨਣ ਦੇ ਕੱਪੜੇ।

ملبوسات ***ਮਲਬੂਸਾਤ*** : (ਮਲਬੂਸ **ملبوس** ਦਾ ਬੌਹਵਚਨ), ਕੱਪੜੇ, ਪੁਸ਼ਾਕਾਂ, ਜੋੜੇ।

ملّت ***ਮਿੱਲਤ*** : ਧਰਮ, ਦੀਨ, ਸ਼ਰੀਅਤ, ਇਕ ਕੌਮ ਦੇ ਲੋਕ, ਜਮਾਤ।

ملّتِبیضا ***ਮਿੱਲਤ-ਏ-ਬੈਜ਼ਾ*** : ਦੀਨ-ਮੁਹੰਮਦੀ, ਮੁਸਲਮਾਨੀ ਕੌਮ।

ملّی ***ਮਿੱਲੀ*** : ਮਿੱਲਤ ਨਾਲ ਸਬੰਧਤ।

ملتان ***ਮੁਲਤਾਨ*** : ਪੰਜਾਬ ਦਾ ਇਕ ਪੁਰਾਣਾ ਸ਼ੈਹਰ ਜੋ ਦਰਿਆ ਰਾਵੀ ਦੇ ਕੰਢੇ ਤੇ ਸਥਿਤ ਹੈ।

ملتانی ***ਮੁਲਤਾਨੀ*** : ਮੁਲਤਾਨ ਦਾ; ਈਰਾਨ ਵਾਲੇ ਹਿੰਦੂ ਲਈ ਵਰਤਦੇ ਹਨ, ਹਿੰਦੁਸਤਾਨੀ, ਹਿੰਦੀ।

ملتجا ***ਮੁਲਤਜਾ*** : ਪਨਾਹ ਲੈਣ ਦੀ ਥਾਂ, ਪਨਾਹ ਲੈਣਾ, ਸ਼ਰਨ ਆਉਣਾ।

ملتجی ***ਮੁਲਤਜੀ*** : ਪਨਾਹ ਲੈਣ ਵਾਲਾ, ਸ਼ਰਨਾਰਥੀ, ਬੇਨਤੀ ਕਰਨ ਵਾਲਾ, ਮਿੰਨਤਾਂ ਕਰਨ ਵਾਲਾ, ਪਰਾਰਥੀ।

ملتفت ***ਮੁਲਤਫ਼ਤ*** : ਜੋ ਸਤਕਾਰ ਨਾਲ ਵੇਖਿਆ ਜਾਵੇ, ਇੱਜ਼ਤਯੋਗ, ਜਿਸ ਵੱਲ ਧਿਆਨ ਦਿਤਾ ਜਾਵੇ।

ملتفت ***ਮੁਲਤਫ਼ਿਤ*** : ਧਿਆਨ ਦੇਣ ਵਾਲਾ, ਸਤਕਾਰ ਦੇਣ ਵਾਲਾ।

ملتمس ***ਮੁਲਤਮਿਸ*** : ਇਲਤਮਾਸ (ਅਰਜ਼) ਕਰਨ ਵਾਲਾ, ਬੇਨਤੀ ਕਰਨ ਵਾਲਾ, ਪਰਾਰਥੀ।

ملتوی ***ਮੁਲਤਵੀ*** : ਪੇਚ ਦਰ ਪੇਚ ਹੋਣ ਵਾਲਾ, ਦੇਰ ਕਰਨ ਵਾਲਾ, ਟਲਣ ਵਾਲਾ, ਠੈਹਰਨ ਵਾਲਾ, ਲਪੇਟਣ ਵਾਲਾ।

ملجا ***ਮਲਜਾ*** : ਪਨਾਹ ਲੈਣ ਦੀ ਜਗ੍ਹਾ।

ملجائےنوح ***ਮਲਜਾ-ਏ-ਨੂਹ*** : ਜੂਦੀ ਪਹਾੜ ਜਿਥੇ ਤੂਫ਼ਾਨ ਤੋਂ ਪਿਛੋਂ ਹਜ਼ਰਤ ਨੂਹ ਦਾ ਬੇੜਾ ਜਾ ਕੇ ਠੈਹਰਿਆ ਸੀ।

ملحد ***ਮੁਲਹਿਦ*** : ਬੇਦੀਨ, ਹੱਕ (ਸੱਚ) ਤੋਂ ਫਿਰਿਆ ਹੋਇਆ, ਨਾਸਤਕ, ਰੱਬ ਨੂੰ ਨਾ ਮੰਨਣ ਵਾਲਾ।

ملحق ***ਮੁਲਹਕ*** : ਨਾਲ ਮਿਲਿਆ ਹੋਇਆ, ਜੁੜਿਆ ਹੋਇਆ।

ملحق ***ਮੁਲਹਿਕ*** : ਨਾਲ ਮਿਲਣ ਵਾਲਾ, ਪਿਛੇ ਤੋਂ ਮਿਲਣ ਵਾਲਾ,ਓਹ ਚੀਜ਼ ਜੋ ਅਖ਼ੀਰ 'ਤੇ ਆ ਮਿਲੇ।

ملحقہ ***ਮੁਲਹਕਾ*** : ਮੁਲਹਿਕ ਦਾ ਇਸਤਰੀ ਲਿੰਗ, ਨਾਲ ਮਿਲੀ ਹੋਈ, ਜੁੜੀ ਹੋਈ।

ملحوظ ***ਮਲਹੂਜ਼*** : ਲਿਹਾਜ਼ ਕੀਤਾ ਗਿਆ, ਵੇਖਿਆ ਗਿਆ, ਜਿਸ ਨੂੰ ਕਣੱਖਣੀਆਂ ਤੋਂ ਵੇਖਿਆ ਗਿਆ ਹੋਵੇ, ਸੋਚਿਆ ਗਿਆ।

ملحوظِخاطر ***ਮਲਹੂਜ਼-ਏ-ਖ਼ਾਤਿਰ*** : ਦਿਲੀ ਤਵੱਜੁਹ, ਦਿਲੋਂ ਖ਼ਿਆਲ ਰਖਿਆ ਗਿਆ।

ملزَم ***ਮੁਲਜ਼ਮ*** : ਜਿਸ 'ਤੇ ਇਲਜ਼ਾਮ ਲਾਇਆ ਗਿਆ ਹੋਵੇ, ਕਸੂਰਵਾਰ, ਦੋਸ਼ੀ।

ملزِم ***ਮੁਲਜ਼ਿਮ*** : ਇਲਜ਼ਾਮ ਲਾਉਣ ਵਾਲਾ, ਕਿਸੇ ਦੇ ਜ਼ੁੰਮੇ ਕੋਈ ਕੰਮ ਲਾਉਣ ਵਾਲਾ।

ملزوم ***ਮਲਜ਼ੂਮ*** : ਲਾਜ਼ਮ ਕੀਤਾ ਗਿਆ, ਜਿਸ ਉਤੇ ਕੋਈ ਚੀਜ਼ ਲਾਜ਼ਮ ਹੋਵੇ, ਜੇਹੜਾ ਜੁਦਾ ਨਾ ਹੋ ਸਕੇ, ਸਬੰਧਤ।

ملعون ***ਮਲਊਨ*** : ਜਿਸ 'ਤੇ ਲਾਹਨਤ ਪਾਈ ਜਾਵੇ, ਮਰਦੂਦ, ਘਿਰਨਾਯੋਗ।

ملفوظ ***ਮਲਫ਼ੂਜ਼*** : ਮੂੰਹ ਤੋਂ ਨਿਕਲੀ ਹੋਈ ਗੱਲ, ਬੋਲਿਆ ਹੋਇਆ, ਵਲੀਆਂ ਦਾ ਕਲਾਮ, ਬਜ਼ੁਰਗਾਂ ਦਾ ਕਲਾਮ, ਓਹ ਕਿਤਾਬ ਜਿਸ ਵਿਚ ਬਜ਼ੁਰਗ ਦਾ ਹਾਲ ਉਸ ਦੀ ਆਪਣੀ ਜ਼ਬਾਨੀ ਲਿਖਿਆ ਹੋਵੇ, ਖਰੜਾ।

ملفوظات ***ਮਲਫ਼ੂਜ਼ਾਤ*** : (ਮਲਫ਼ੂਜ਼ **ملفوظ** ਦਾ ਬੌਹਵਚਨ) ਵਲੀਆਂ, ਬਜ਼ੁਰਗਾਂ ਦੇ ਆਪਣੇ ਹਾਲ ਦੀਆਂ ਲਿਖਤਾਂ, ਖਰੜੇ।

ملفوف ***ਮਲਫ਼ੂਫ਼*** : ਲਿਪੇਟਿਆ ਹੋਇਆ, ਵਲ੍ਹੇਟਿਆ ਹੋਇਆ, ਲਿਫ਼ਾਫ਼ਾ ਬਣਾਇਆ ਹੋਇਆ, ਤੈਹ-ਦਰ-ਤੈਹ ਕੀਤਾ ਹੋਇਆ।

ملقّب ***ਮੁੱਲਕਬ*** : ਲਕਬ ਦਿੱਤਾ ਗਿਆ, ਜਿਸ ਦੀ ਕੋਈ ਉਪਾਧੀ ਰੱਖੀ ਗਈ ਹੋਵੇ।

ملک ***ਮਲਕ*** : ਫ਼ਰਿਸ਼ਤਾ, ਜਮਦੂਤ, (ਇਸ ਦਾ ਬੌਹਵਚਨ ਮਲਾਇਕ ਹੈ)।

ملکالموت ***ਮਲਕ-ਉਲ-ਮੌਤ*** : ਮੌਤ ਦਾ ਫ਼ਰਿਸ਼ਤਾ, ਜਮਦੂਤ, ਇਜ਼ਰਾਈਲ।

ملکِسیرت ***ਮਲਕ-ਸੀਰਤ*** : ਫ਼ਰਿਸ਼ਤੇ ਵਰਗਾ ਸੁਭਾ ਵਾਲਾ, ਨੇਕ ਸੀਰਤ।

ملکی ***ਮਲਕੀ*** : ਮਲਕ ਨਾਲ ਸਬੰਧਤ, ਫ਼ਰਿਸ਼ਤੇ ਜੇਹੀ।

ملک ***ਮਲਿਕ*** : ਬਾਦਸ਼ਾਹ, ਮਿਸਰ ਦੇ ਬਾਦਸ਼ਾਹ ਏਹ ਉਪਾਧੀ ਆਪਣੇ ਪਰਧਾਨ ਮੰਤਰੀ ਨੂੰ ਦਿੰਦੇ ਸਨ, ਇਸ ਦਾ ਬੌਹਵਚਨ 'ਮੁਲੂਕ' ਹੈ।

ملکالشّعرا ***ਮਲਿਕ-ਉਸ਼-ਸ਼ਅਰਾ*** : ਸ਼ਾਇਰਾਂ ਦਾ ਬਾਦਸ਼ਾਹ, ਰਾਜ ਦਰਬਾਰ ਦਾ ਪਰਧਾਨ ਕਵੀ।

ملکالعرش ***ਮਲਿਕ-ਉਲ-ਅਰਸ਼*** : ਅਸਮਾਨਾਂ ਦਾ ਬਾਦਸ਼ਾਹ, ਅੱਲਾਹ ਤਆਲਾ, ਰੱਬ।

ملکہ ***ਮਲਿਕਾ*** : ਮਹਾਰਾਣੀ, ਬਾਦਸ਼ਾਹ ਦੀ ਬੀਵੀ, ਬੇਗਮ।

ملک ***ਮੁਲਕ*** : ਪਾਤਸ਼ਾਹੀ, ਸਲਤਨਤ, ਇਕ ਦੇਸ਼ ਜੋ ਇਕ ਬਾਦਸ਼ਾਹ ਦੇ ਅਧੀਨ ਹੋਵੇ, ਵਲਾਇਤ, ਕਿਸ਼ਵਰ, ਇਲਾਕਾ, ਮੁਲਕ (ਇਸ ਦਾ ਬੌਹਵਚਨ ''ਮੁਮਾਲਿਕ'' **ممالک** ਹੈ।)

ملکِبقا ***ਮੁਲਕ-ਏ-ਬਕਾ*** : ਦੂਜਾ ਜਹਾਨ, ਪਰਲੋਕ, ਸਦੀਵੀ ਮੰਡਲ।

ملکرانی ***ਮੁਲਕਰਾਨੀ*** : ਹਕੂਮਤ ਚਲਾਉਣਾ, ਮੁਲਕ ਦਾ ਪਰਬੰਧ ਕਰਨਾ।

مِلک ***ਮਿਲਕ*** : ਮਾਲ, ਜਗੀਰ, ਕਬਜ਼ਾ, ਕਬਜ਼ੇ ਦਾ ਮਾਲ, ਜਿਸ ਚੀਜ਼ ਉਤੇ ਕਿਸੇ ਦਾ ਹੱਕ ਹੋਵੇ, ਜਾਇਦਾਦ (ਇਸ ਦਾ ਬੌਹਵਚਨ ਇੰਮਲਾਕ **املاک** ਹੈ)।

مُلک ***ਮੁਲਕ*** : ਇਕ ਕਾਲੇ ਰੰਗ ਦਾ ਅਨਾਜ ਜੋ ਬਲਦਾਂ ਨੂੰ ਪਾਉਂਦੇ ਹਨ, ਮਮਨੀ।

مِلک ***ਮਿਲਕ*** : ਓਹ ਸ਼ਫ਼ੈਦੀ ਜੋ ਨਹੁੰਆਂ ਦੇ ਸਿਰਿਆਂ ਤੇ ਪੈਦਾ ਹੋ ਜਾਂਦੀ ਹੈ।

مَلکا ***ਮਲਕਾ*** : ਯਹੂਦੀਆਂ ਦੇ ਇਕ ਮਹਾਨ ਪੁਰਸ਼ ਦਾ ਨਾਮ।

ملکات ***ਮਲਕਾਤ*** : (ਮਲਕਾ **ملکا** ਦਾ ਬੌਹਵਚਨ) ਆਦਤਾਂ, ਗੁਣ, ਸਿੱਧਾਂਤ, ਯੋਗਤਾਵਾਂ।

ملکاتِردیہ ***ਮਲਾਕਾਤ-ਏ-ਰੱਦੀਯਾ*** : ਭੈੜੀਆਂ ਆਦਤਾਂ।

ملکاتِفاضلہ ***ਮਲਕਾਤ-ਏ-ਫ਼ਾਜ਼ਿਲਾ*** : ਨੇਕ ਆਦਤਾਂ।

ملکہ ***ਮਲਕਾ*** : ਯੋਗਤਾ, ਮਹਾਰਤ, ਇਲਮ, ਹੁਨਰ ਦੁਆਰਾ ਪਰਾਪਤ ਕੀਤੀ ਸ਼ਕਤੀ, ਆਦਤ, ਤਜਰਬਾ, ਸੂਝ-ਬੂਝ ਦੀ ਸ਼ਕਤੀ।

ملمّع ***ਮੁਲੱਮਅ*** : ਚਮਕਾਇਆ ਗਿਆ, ਰੋਸ਼ਨ, ਚਮਕਦਾ, ਓਹ ਚੀਜ਼ ਜਿਸ ਉਤੇ ਸੋਨੇ ਜਾਂ ਚਾਂਦੀ ਦਾ ਪਾਣੀ ਚੜ੍ਹਿਆਂ ਹੋਵੇ, ਅਜੇਹੇ ਸ਼ਿਅਰ ਜਿਨ੍ਹਾਂ ਵਿਚ ਇਕ ਸ਼ਿਅਰ ਅਰਬੀ ਦਾ ਤੇ ਇਕ ਫ਼ਾਰਸੀ ਦਾ ਹੋਵੇ।

ملمّعساز ***ਮੁਲੱਮਅ-ਸਾਜ਼*** : ਮੁਲੰਮਾ ਕਰਨ ਵਾਲਾ।

ملمّعگر، ملمّعکار ***ਮੁਲੱਮਅਕਾਰ, ਮੁਲੱਮਅਗਰ*** : ਸੋਨੇ ਚਾਂਦੀ ਦਾ ਪਾਣੀ ਚਾੜ੍ਹਣ ਵਾਲਾ, ਝੂਠਾ, ਦੋ ਰੁਖਾ, ਜੇਹੜਾ ਅੰਦਰੋਂ ਕੁਝ ਤੇ ਬਾਹਰੋਂ ਕੁਝ ਹੋਰ ਹੋਵੇ।

ملمّعساری ***ਮੁਲੱਮਅਸਾਜ਼ੀ,*** **ملمّعکاری** ***ਮੁਲੱਮਅਕਾਰੀ,*** **ملمّعگری** ***ਮੁਲੱਮਅਗਰੀ*** : ਮੁਲੰਮੇ ਦਾ ਕੰਮ; ਦੁਸ਼ਮਣੀ, ਜਾਲ੍ਹਸਾਜ਼ੀ।

ملمّعکارشیطانی ***ਮੁਲੱਮਅ ਕਾਰ-ਏ-ਸ਼ੈਤਾਨੀ*** : ਝੂਠ ਨੂੰ ਸੱਚ ਕਰ ਵਿਖਾਉਣ ਵਾਲਾ।

ملنگ ***ਮਲੰਗ*** : ਨੰਗੇ ਸਿਰ ਤੇ ਨੰਗੇ ਪੈਰਾਂ ਵਾਲਾ, ਮਸਤ, ਮੌਜੀ, ਮਸਤ, ਫ਼ਕੀਰ (ਆਧੁਨਿਕ ਫ਼ਾਰਸੀ ਵਿਚ ਇਸ ਦੇ ਅਰਥ ਹਨ ਖ਼ੂਬਸੂਰਤ)।

ملوّث ***ਮੁਲੱਵਸ*** : ਲਿਬੜਿਆ ਹੋਇਆ, ਲੱਥ-ਪੱਥ, ਗੰਦਾ, ਪਲੀਤ, ਨਾਪਾਕ, ਕਸੂਰਵਾਰ।

ملوک ***ਮੁਲੂਕ,*** **ملکان** ***ਮੁਲੂਕਾਨ*** : (ਮਲਿਕ **ملک** ਦਾ ਬੌਹਵਚਨ) ਬਾਦਸ਼ਾਹ, ਸਮਰਾਟ।

ملوکانہ ***ਮੁਲੂਕਾਨਾ*** : ਬਾਦਸ਼ਾਹਾਂ ਵਾਂਗ।

ملول ***ਮਲੂਲ*** : ਗ਼ਮਗੀਨ, ਉਦਾਸ।

ملوّن ***ਮੁਲੱਵਨ*** : ਰੰਗਿਆ ਗਿਆ, ਵਿਭਿੰਨ, ਰੰਗਬਰੰਗਾ।

ملی ***ਮੁਲੀ*** : ਭਰਿਆ ਹੋਇਆ, ਦੌਲਤਮੰਦ, ਧਨਾਢ, ਧਨੀ, ਅਮੀਰ, ਮਾਲ ਦੌਲਤ ਵਾਲਾ।

ملیح ***ਮਲੀਹ*** : ਲੂਣ ਵਾਲਾ, ਨਮਕੀਨ, ਸਲੂਣਾ, ਸਾਂਵਲੀ ਸਲੋਨੀ ਰੰਗਤ, ਖ਼ੂਬਸੂਰਤ।

ممات ***ਮਮਾਤ*** : ਮੌਤ ਦਾ ਸਮਾਂ ਜਾਂ ਸਥਾਨ, ਮਰਨਾ, ਮਿਰਤੂ, ਮੌਤ।

مماثل ***ਮੁਮਾਸਿਲ*** : ਹਮ-ਮਿਸਲ ਹੋਣਾ, ਇਕੋ ਜੇਹਾ ਹੋਣਾ, ਸਮਾਨ, ਵਰਗਾ, ਨਜ਼ੀਰ।

ممالک ***ਮਮਾਲਿਕ*** : (ਮਮਲਕਤ **مملکت** ਦਾ ਬੌਹਵਚਨ) ਰਿਆਸਤਾਂ, ਬਾਦਸ਼ਾਹੀਆਂ, ਸਲਤਨਤਾਂ, ਹਕੂਮਤਾਂ, ਰਾਜ, ਬਾਦਸ਼ਾਹਤਾਂ।

ممالکِمحروسه ***ਮਮਾਲਿਕ-ਏ-ਮਹਰੂਸਾ*** : ਓਹ ਇਲਾਕੇ ਜੋ ਕਿਸੇ ਬਾਦਸ਼ਾਹ ਦੇ ਕਬਜ਼ੇ ਵਿਚ ਹੋਣ, ਨਿਗਰਾਨੀ ਹੇਠਲੇ ਇਲਾਕੇ।

ممالیک ***ਮਮਾਲੀਕ*** : (ਮਮਲੂਕ **مملوک** ਦਾ ਬੌਹਵਚਨ) ਗੁਲਾਮ, ਬੰਦੇ, ਨੌਕਰ, ਲੌਂਡੀਆਂ ਤੇ ਜ਼ਰਖ਼ਰੀਦ ਗੁਲਾਮ।

ممنعت ***ਮੁਮਾਨਅਤ*** : ਮਨ੍ਹਾ ਕਰਨਾ, ਰੋਕਣਾ, ਵਰਜਣਾ, ਮਨਾਹੀ , ਰੋਕ, ਬੰਦਸ਼।

ممتاز ***ਮੁਮਤਾਜ਼*** : ਵਿਸ਼ੇਸ਼ਤਾ-ਪਰਾਪਤ, ਚੋਣਵਾਂ, ਮਾਣ-ਸਤਕਾਰਯੋਗ।

ممتحَن ***ਮੁਮਤਹਨ*** : ਜਿਸ ਦਾ ਇਮਤਿਹਾਨ ਲਿਆ ਗਿਆ ਹੋਵੇ, ਅਜ਼ਮਾਇਆ ਗਿਆ।

ممتحِن ***ਮੁਮਤਹਿਨ*** : ਇਮਤਿਹਾਨ ਲੈਣ ਵਾਲਾ, ਨਿਰੀਖਕ, ਅਜ਼ਮਾਉਣ ਵਾਲਾ, ਪਰਖਣ ਵਾਲਾ, ਜਾਚਣ ਵਾਲਾ, ਪੜਤਾਲ ਕਰਨ ਵਾਲਾ।

ممدوح ***ਮਮਦੂਹ*** : ਜਿਸ ਦੀ ਮਦਹ (ਪਰੰਸ਼ਸਾ) ਕੀਤੀ ਗਈ ਹੋਵੇ।

ممر ***ਮਮੱਰ*** : ਰਸਤਾ, ਲਾਂਘਾ, ਸਬੱਬ।

ممزوج ***ਮਮਜ਼ੂਜ*** : ਮਿਲਾਇਆ ਹੋਇਆ, ਮਿਲਿਆ ਹੋਇਆ, ਮਿਲਾਵਟ ਵਾਲਾ, ਮਿਸ਼ਰਿਤ, ਓਹ ਸ਼ਰਾਬ ਜਿਸ ਵਿਚ ਪਾਣੀ ਆਦਿ ਮਿਲਾਇਆ ਗਿਆ ਹੋਵੇ।

ممسک ***ਮੁਮਸਿਕ*** : ਮੁੱਠ ਮੀਟਣ ਵਾਲਾ, ਰੋਕਣ ਵਾਲਾ, ਓਹ ਦਵਾ ਜੋ ਭੋਗ ਨੂੰ ਲੰਮੇਰਾ ਕਰਨ ਵਿਚ ਸਹਾਇਤਾ ਕਰੇ।

ممکن ***ਮੁਮਕਿਨ*** : ਹੋ ਸਕਣ ਵਾਲਾ, ਸੰਭਵ, ਮਖ਼ਲੂਕ, ਇਨਸਾਨ।

ممکن الوجود ***ਮੁਮਕਿਨ-ਉਲ-ਵੁਜੂਦ*** : ਜਿਸ ਦਾ ਵਜੂਦ ਸੰਭਵ ਹੋਵੇ, ਮਖ਼ਲੂਕਾਤ।

ممکنات ***ਮੁਮਕਿਨਾਤ*** : (ਮੁਮਕਿਨ **ممکن** ਦਾ ਬੌਹਵਚਨ) ਸੰਭਵ ਗੱਲਾਂ।

مملکت ***ਮਮਲਕਤ*** : ਮੁਲਕ, ਪਾਤਸ਼ਾਹੀ, ਹਕੂਮਤ, ਰਾਜ।

مملو ***ਮਮਲੂ*** : ਭਰਿਆ ਹੋਇਆ।

مملوک ***ਮਮਲੂਕ*** : ਜਿਸ ਉਤੇ ਕਬਜ਼ਾ ਹੋਵੇ, ਗੁਲਾਮ, ਜ਼ਰਖ਼ਰੀਦ ਗੁਲਾਮ, ਲੌਂਡੀ।

مملوکهومقبوضه ***ਮਮਲੂਕਾ-ਓ-ਮਕਬੂਜ਼ਾ*** : ਖ਼ਰੀਦਿਆ ਤੇ ਕਬਜ਼ਾ ਕੀਤਾ ਹੋਇਆ।

ممنوع ***ਮਮਨੂਅ*** : ਮਨ੍ਹਾ ਕੀਤਾ ਗਿਆ, ਵਿਵਰਜਤ, ਰੋਕਿਆ ਗਿਆ, ਵਰਜਿਆ ਗਿਆ, ਨਜਾਇਜ਼, ਕਨੂੰਨ ਦੇ ਖ਼ਿਲਾਫ਼।

ممنون ***ਮਮਨੂਨ*** : ਜਿਸ 'ਤੇ ਏਹਸਾਨ ਕੀਤਾ ਗਿਆ ਹੋਵੇ, ਸ਼ੁਕਰਗੁਜ਼ਾਰ, ਏਹਸਾਨਮੰਦ।

ممیّز ***ਮੁਮਈਯਿਜ਼*** : ਤਮੀਜ਼ ਕੀਤਾ ਹੋਇਆ, ਵਿਸ਼ੇਸ਼ਤਾ ਵਾਲਾ, ਮੁਮਤਾਜ਼, ਚੁਣਿਆ ਹੋਇਆ।

من ***ਮਨ*** : ਉੱਤਮ ਪੁਰਖ, ਇਕ ਵਚਨ, ਮੈਂ, ਢੇਰ, ਤੱਕੜੀ ਦੀ ਡੰਡੀ ਦੀ ਮੋਰੀ, ਦਿਲ, ਹਿਰਦਾ, ਆਤਮਾ, ਦੋ ਰੁਤਲ ਦਾ ਵਜ਼ਨ(ਇਕ ਸੇਰ)।

من ***ਮਨ*** : ਓਹ ਜੋ, ਕੌਣ, ਕੋਈ, ਕੇਹੜਾ, ਜੋ ਕੋਈ ਵੀ, ਹਰ ਕੋਈ, ਜੋ ਕੁਝ ਵੀ।

منّ ***ਮੱਨ*** : ਨਿਆਮਤ ਦੇਣਾ, ਏਹਸਾਨ ਕਰਨਾ, ਨੁਕਸਾਨ ਕਰਨਾ, ਦਰਖ਼ਤ ਵਿਚ ਜੰਮੀ ਹੋਈ ਮਿੱਠੀ ਤਰੀ, ਮਿੱਠਾ ਰਸ, ਓਹ ਮਿੱਠੀ ਤਰੇਲ ਜੋ ਹਜ਼ਰਤ ਮੂਸਾ ਦੀ ਕੌਮ ਉਤੇ ਵਰ੍ਹੀ ਸੀ।

منّوسلویٰ ***ਮਨ-ਓ-ਸਲਵਾ*** : ਮੱਨ ਇਕ ਪਰਕਾਰ ਦੀ ਅੰਮ੍ਰਿਤ ਬੂੰਦ ਜੋ ਹਜ਼ਰਤ ਮੂਸਾ ਦੀ ਕੌਮ ਉਤੇ ਵਰ੍ਹਦੀ ਸੀ ਅਤੇ ਸਲਵਾ ਇਕ ਜਾਨਵਰ ਦਾ ਨਾਮ, ਜਿਸ ਨੂੰ ਹਿੰਦੀ ਵਿਚ ਨਵਾ (ਬਟੇਰਾ) ਕੈਂਹਦੇ ਹਨ, ਏਹ ਵੀ ਹਜ਼ਰਤ ਮੂਸਾ ਦੇ ਆਲੇ-ਦੁਆਲੇ ਬੜੇ ਜਮ੍ਹਾਂ ਹੋ ਜਾਂਦੇ ਸਨ, ਹਨੇਰਾ ਪੈਣ ਤੇ ਓਹਨਾਂ ਦੀ ਕੌਮ,ਓਹਨਾਂ

ਨੂੰ ਫੜਕੇ ਤੇ ਕਬਾਬ ਬਣਾ ਕੇ ਖਾ ਲੈਂਦੀ ਸੀ।

مِن *ਮਿਨ* : ਤੋਂ, ਵਿਚੋਂ ਉਤੇ, ਉੱਪਰ।

مِن بعد *ਮਿਨਬਆਦ* : ਇਸ ਪਿਛੋਂ।

مِن جملہ *ਮਿਨਜੁਮਲਾ* : ਸਾਰਿਆਂ ਵਿਚੋ, ਸਮੁਚੇ ਵਿਚੋ।

مِنٰی/منا *ਮਿਨਾ* : ਕੁਰਬਾਨੀ ਦੀ ਜਗ੍ਹਾ, ਮੱਕਾ ਸ਼ਰੀਫ਼ ਦੇ ਨੇੜੇ ਇਕ ਸਥਾਨ ਜਿਥੇ ਹਾਜੀ ਲੋਕ ਕੁਰਬਾਨੀ ਦਿੰਦੇ ਹਨ।

منابر *ਮਨਾਬਿਰ* : (ਮਿੰਬਰ **منبر** ਦਾ ਬੌਹਵਚਨ) ਓਹ ਉਚੇ ਥੜੇ ਜਿਥੇ ਜੁਮੇਂ ਤੇ ਈਦ ਦੇ ਦਿਨ ਇਮਾਮ ਖਲੋ ਕੇ ਖ਼ੁਤਬਾ ਪੜ੍ਹਦੇ ਹਨ।

منابع *ਮਨਾਬਿਅ* : (ਮੰਬਅ **منبع** ਦਾ ਬੌਹਵਚਨ) ਚਸ਼ਮੇ, ਸੋਮੇਂ, ਸਰੋਤ।

منات *ਮਨਾਤ* : ਇਸਲਾਮ ਦੇ ਪਰਾਰੰਭ ਤੋਂ ਪੈਹਲਾਂ ਦੇ ਸਮੇਂ ਵਿਚ ਮੱਕੇ ਵਿਚ ਇਕ ਬੁੱਤ ਦਾ ਨਾਮ ਜਿਸ ਦੀ ਪੂਜਾ ਕੀਤੀ ਜਾਂਦੀ ਸੀ।

منات *ਮੁਨਾਤ* : ਰੋਬਲ, ਰੂਸ ਦਾ ਚਾਂਦੀ ਦਾ ਸਿੱਕਾ ਜੋ ਢਾਈ ਰੁਪਈਏ ਦੇ ਬਰਾਬਰ ਹੁੰਦਾ ਹੈ।

مناجات *ਮੁਨਾਜਾਤ* : ਕਾਨਾਫੂਸੀ ਕਰਨਾ, ਕੰਨ ਵਿਚ ਗੱਲ ਕੈਹਣਾ, ਗੁਪਤ ਗੱਲ ਦੱਸਣਾ, ਭਾਵ ਖ਼ੁਦਾ ਦੀ ਦਰਗਾਹ ਵਿਚ ਇਸ ਤਰ੍ਹਾਂ ਦੁਆ ਕਰਨਾ, ਜਿਵੇਂ ਕਿਸੇ ਨੂੰ ਹਾਜ਼ਰ ਜਾਣ ਕੇ ਗੱਲਾਂ ਕੀਤੀਆਂ ਜਾਂਦੀਆ ਹਨ, ਚੁਪ ਚੁਪੀਤੇ ਕੀਤੀ ਦੁਆ, ਪਰਾਰਥਨਾ, ਅਰਦਾਸ, ਓਹ ਕਵਿਤਾ ਜਿਸ ਵਿਚ ਰੱਬ ਦੀ ਪਰਸ਼ੰਸਾ ਅਤੇ ਆਪਣੀ ਲਾਚਾਰੀ ਦਾ ਪਰਗਟਾਵਾ ਕਰਕੇ ਦੁਆ ਮੰਗੀ ਜਾਵੇ।

منادیٰ *ਮੁਨਾਦਾ* : ਬੁਲਾਇਆ ਗਿਆ, ਅਵਾਜ਼ ਦਿੱਤਾ ਗਿਆ, ਢੰਡੋਰਾ, ਅਵਾਜ਼।

منادی *ਮੁਨਾਦੀ* : ਅਵਾਜ਼ ਦੇਣ ਵਾਲਾ, ਢੰਡੋਰਾ ਦੇਣ ਵਾਲਾ, ਢੌਂਡੀ ਪਿੱਟਣ ਵਾਲਾ, ਢੋਲ ਜਿਸ ਨਾਲ ਮੁਨਾਦੀ ਕੀਤੀ ਜਾਵੇ।

منادیِ اسلام *ਮੁਨਾਦੀ-ਏ-ਇਸਲਾਮ* : ਬਾਂਗ ਦੇਣ ਵਾਲਾ, ਮੁਸਲਮਾਨਾਂ ਨੂੰ ਨਮਾਜ਼ ਪੜ੍ਹਨ ਲਈ ਬੁਲਾਉਣ ਵਾਲਾ, ਮੁਅੱਜ਼ਿਨ।

منادی زن *ਮੁਨਾਦੀ-ਜ਼ਨ*, **منادی گر** *ਮੁਨਾਦੀਗਰ* : ਢੰਡੋਰਚੀ।

منادی گاہ *ਮੁਨਾਦੀ-ਗਾਹ* : ਮੁਨਾਦੀ ਕਰਨ ਦੀ ਥਾਂ।

منار *ਮਨਾਰ*, **منارہ** *ਮਨਾਰਾ* : ਨੂਰ ਦੀ ਥਾਂ, ਓਹ ਉਚਾ ਸਥਾਨ ਜਾਂ ਥੰਮ ਜਿਸ ਉਤੇ ਪਾਂਧੀਆਂ ਲਈ ਰਾਤ ਨੂੰ ਰੋਸ਼ਨੀ ਕੀਤੀ ਜਾਵੇ, ਬਾਂਗ ਦੇਣ ਦਾ ਉੱਚਾ ਸਥਾਨ, ਮੁਨਾਰਾ, ਹਰ ਉਚਾ ਥੰਮ ਜਿਸ ਨੂੰ ਮਨਾਰਾ ਮੀਨਾਰ ਜਾਂ ਮੁਨਾਰਾ ਵੀ ਕੈਂਹਦੇ ਹਨ।

منار کلہ *ਮਨਾਰ-ਏ-ਕੱਲਾ* : ਓਹ ਮੁਨਾਰਾ, ਜਿਸ ਉਤੇ ਚੋਰਾਂ, ਡਾਕੂਆਂ ਦੇ ਸਿਰ ਵੱਢ ਕੇ ਚਿਣ ਦਿਤੇ ਜਾਂਦੇ ਹਨ ਤਾਂ ਜੋ ਵੇਖ ਕੇ ਦੂਜਿਆਂ ਨੂੰ ਕੰਨ ਹੋਣ।

منازع *ਮੁਨਾਜ਼ਿਅ* : ਝਗੜਾਲੂ, ਲੜਨ ਝਗੜਨ ਵਾਲਾ।

منازعت *ਮੁਨਾਜ਼ਅਤ* : ਪਰਸਪਰ ਝਗੜਾ ਕਰਨਾ, ਕਿਸੇ ਕੋਲੋਂ ਆਪਣਾ ਹੱਕ ਹਾਸਲ ਕਰਨ ਦੀ ਕੋਸ਼ਸ਼ ਕਰਨਾ, ਟੰਟਾ, ਤਕਰਾਰ, ਬੈਹਸ।

منازل *ਮਨਾਜ਼ਿਲ* : (ਮਨਜ਼ਿਲ **منزل** ਦਾ ਬੌਹਵਚਨ) ਉਤਰਨ ਦੀਆਂ ਥਾਵਾਂ, ਮਕਾਨ, ਸਰਾਵਾਂ।

مناسب *ਮੁਨਾਸਿਬ* : ਸਬੰਧ ਰੱਖਣ ਵਾਲਾ, ਰਿਸ਼ਤਾ ਰੱਖਣ ਵਾਲਾ, ਲਗਾਉ ਰੱਖਣ ਵਾਲਾ, ਯੋਗ, ਅਨੁਕੂਲ, ਮਾਫ਼ਕ, ਢੁਕਵਾਂ।

مناسبت *ਮੁਨਾਸਬਤ* : ਪਰਸਪਰ ਰਿਸ਼ਤਾ ਜਾਂ ਸਬੰਧ ਰੱਖਣਾ, ਆਪਸੀ ਲਗਾਉ।

مناظر *ਮਨਾਜ਼ਿਰ* : (ਮਨਜ਼ਰ **منظر** ਦਾ ਬੌਹਵਚਨ) ਤਮਾਸ਼ੇ ਦੀਆਂ ਥਾਵਾਂ, ਵੇਖਣਯੋਗ ਸਥਾਨ, ਦ੍ਰਿਸ਼, ਨਜ਼ਾਰੇ, ਬਾਰੀਆਂ, ਝਰੋਖੇ।

مناظرات *ਮੁਨਾਜ਼ਰਾਤ* : ਮੁਨਾਜ਼ਰਾ **مناظرہ** ਦਾ ਬੌਹਵਚਨ, ਬੈਹਸਾਂ, ਮੁਬੈਹਸੇ ਗੋਸ਼ਟੀਆਂ।

مناظرہ *ਮੁਨਾਜ਼ਰਾ* : ਪਰਸਪਰ ਬੈਹਸ ਕਰਨਾ, ਪਰਸਪਰ ਨਜ਼ਰ ਕਰਨਾ, ਕਿਸੇ ਚੀਜ਼ ਦੀ ਅਸਲੀਅਤ ਬਾਰੇ ਆਪਸ ਵਿਚ ਸੋਚਣਾ, ਠੀਕ

ਸਾਬਤ ਕਰਨ ਲਈ ਬੈਹਸ ਕਰਨਾ, ਬੈਹਸ ਕਰਨ ਦਾ ਗਿਆਨ।

منافرت ***ਮੁਨਾਫ਼ਤ***: ਪਰਸਪਰ ਨਫ਼ਰਤ ਕਰਨਾ, ਇਕ ਦੂਜੇ ਨਾਲ ਘਿਰਨਾ ਕਰਨਾ, ਕਿਸੇ ਵਿਅਕਤੀ ਨਾਲ ਹਾਕਮ ਦੇ ਕੋਲ ਹਸਬ ਨਸਫ ਸਾਬਤ ਕਰਨ ਲਈ ਜਾਣਾ।

منافع ***ਮਨਾਫ਼ਿਅ*** : ਫ਼ਾਇਦੇ, ਲਾਭ, ਫਲ, ਲਾਭਦਾਇਕ ਮੰਤਵ।

منان ***ਮੰਨਾਨ*** : ਬੌਹੁਤ ਨਿਅਮਤਾਂ ਵਾਲਾ, ਬੌਹੁਤ ਉਦਾਰਤਾ ਕਰਨ ਵਾਲਾ, ਰੱਬ ਦਾ ਇਕ ਗੁਣਵਾਚੀ ਨਾਮ।

منبر ***ਮਿੰਬਰ*** : ਇਕ ਪਰਕਾਰ ਦੀ ਲੱਕੜ ਜਾਂ ਇੱਟਾਂ ਆਦਿ ਦੀ ਬਣਾਈ ਹੋਈ ਮਸਜਦ ਵਿਚ ਉੱਚੀ ਜਗ੍ਹਾ, ਜਿਸ ਵਿਚ ਦੋ ਤਿੰਨ ਪੌੜੀਆਂ ਹੁੰਦੀਆਂ ਹਨ ਅਤੇ ਜਿਸ ਉਤੇ ਚੜ੍ਹ ਕੇ ਵਿਦਵਾਨ ਜਾਂ ਇਮਾਮ ਸਰੋਤਿਆਂ ਨੂੰ ਨਸੀਹਤ ਕਰਦੇ ਜਾਂ ਖੁਤਬਾ ਪੜ੍ਹਦੇ ਹਨ।

منبرِ آلودگان ***ਮਿੰਬਰ-ਏ-ਆਲੂਦਗਾਨ*** : ਨਾਸਤਕਾਂ ਦਾ ਸਰੀਰ।

منبرِ نُہ پایہ ***ਮਿੰਬਰ-ਏ-ਨੁਹ ਪਾਯਾ*** : ਸਭ ਤੋਂ ਉਚਾ ਅਸਮਾਨ, ਨੌਵਾਂ ਅਸਮਾਨ, ਰੱਬ ਦਾ ਤਖ਼ਤ।

منّت ***ਮਿੰਨਤ*** : ਏਹਸਾਨ, ਨੇਕੀ, ਕਿਸੇ ਨਾਲ ਨੇਕੀ ਕਰਨਾ, ਕੀਤੇ ਹੋਏ ਏਹਸਾਨ ਨੂੰ ਜਿਤਾਉਣਾ।

منتخب ***ਮੁੰਤਖ਼ਬ*** : ਚੁਣਿਆ ਗਿਆ, ਛਾਂਟਿਆ ਹੋਇਆ, ਖ਼ਲਾਸਾ ਕੀਤਾ ਗਿਆ. ਮਕਬੂਲ ,ਪਿਆਰਾ, ਸਰੇਸ਼ਟ।

منتشِر ***ਮੁੰਤਸ਼ਿਰ*** : ਖਿਲਾਰਨ ਵਾਲਾ, ਫੈਲਣ ਵਾਲਾ।

منتشَر ***ਮੁੰਤਸ਼ਰ*** : ਪਰੇਸ਼ਾਨ, ਖਿਲਰਿਆ ਹੋਇਆ, ਤਿੱਤਰ-ਬਿੱਤਰ।

منتظر ***ਮੁੰਤਜ਼ਿਰ*** : ਉਡੀਕਣ ਵਾਲਾ, ਉਡੀਕਵਾਨ, ਆਸ ਰੱਖਣ ਵਾਲਾ, ਆਸ਼ਾਵੰਦ।

منتظم ***ਮੁੰਤਜ਼ਿਮ*** : ਪਰਬੰਧ ਕਰਨ ਵਾਲਾ, ਪਰਬੰਧਕ, ਠੀਕ ਕਰਨ ਵਾਲਾ , ਬੰਦੋਬਸਤ ਕਰਨ ਵਾਲਾ, ਤਰਤੀਬ ਦੇਣ ਵਾਲਾ।

منتقل ***ਮੁੰਤਕਿਲ*** : ਇਕ ਥਾਂ ਤੋਂ ਦੂਜੀ ਥਾਂ ਜਾਣ ਵਾਲਾ।

منتہٰی/منتہا ***ਮੁੰਤਹਾ*** : ਅੰਤ ਦੀ ਜਗ੍ਹਾ, ਹਰ ਚੀਜ਼ ਦਾ ਅਖ਼ੀਰ, ਇੰਤਹਾ (ਹੱਦ) ਨੂੰ ਪੁਜਿਆ ਹੋਇਆ, ਲੱਗਿਆ ਹੋਇਆ, ਹੱਦ ਨੂੰ ਅੱਪੜਿਆ ਹੋਇਆ, ਪੂਰਾ, ਕਾਮਲ।

منجّم ***ਮੁਨੱਜਿਮ*** : ਤਾਰਿਆਂ ਦਾ ਗਿਆਨੀ, ਨਜੂਮ ਜਾਣਨ ਵਾਲਾ, ਨਜੂਮੀ, ਜੋਤਸ਼ੀ।

منجمد ***ਮੁੰਜਮਿਦ***: ਸਰਦੀ ਨਾਲ ਜੰਮਿਆ ਹੋਇਆ, ਯਖ-ਹੋਇਆ, ਠਰਿਆ ਹੋਇਆ, ਠੋਸ।

منجنیق ***ਮੰਜਨੀਕ*** : ਪੱਥਰ ਸੁਟਣ ਦੀ ਦਸਤੀ ਮਸ਼ੀਨ, ਇਸ ਨਾਲ ਵੱਡੇ ਵੱਡੇ ਪੱਥਰ ਕਿਲੇ ਦੀ ਕੰਧ 'ਤੇ ਸੁੱਟੇ ਜਾਂਦੇ ਸਨ।

منجوش ***ਮੰਨਜੂਸ਼,*** **منجوق** ***ਮੂੰਜਕ*** : ਝੰਡੇ ਉਪਰਲਾ ਬਣਾਉਟੀ ਚੰਦ, ਸੋਨੇ ਜਾਂ ਚਾਂਦੀ ਦਾ ਇਕ ਚਮਕੀਲਾ ਤੇ ਬਣਾਉਟੀ ਚੰਦ ਜੋ ਫ਼ੌਜ ਦੇ ਝੰਡੇ ਉਤੇ ਲਾਇਆ ਜਾਂਦਾ ਹੈ।

منحرف ***ਮੁਨਹਰਫ਼*** : ਪਰਤ ਜਾਣ ਵਾਲਾ, ਮੂੰਹ ਮੋੜ ਜਾਣ ਵਾਲਾ, ਟੇਢਾ, ਵਿੰਗਾ, ਉਲਟਾ, ਬਾਗ਼ੀ, ਆਕੀ।

مندرج ***ਮੁੰਦਰਿਜ*** : ਦਰਜ ਕੀਤਾ ਗਿਆ, ਦਾਖ਼ਲ ਕੀਤਾ ਗਿਆ, ਅੰਕਿਤ ਕੀਤਾ ਗਿਆ।

مندمل ***ਮੁੰਦਮਿਲ*** : ਜ਼ਖ਼ਮ ਜੇਹੜਾ ਭਰ ਗਿਆ ਹੋਵੇ, ਓਹ ਘਾਉ ਜਿਸ ਤੇ ਅੰਗੂਰ ਆ ਗਿਆ ਹੋਵੇ।

منزل ***ਮਨਜ਼ਿਲ*** : ਉੱਤਰਨ ਦੀ ਜਗ੍ਹਾ, ਓਹ ਜਗ੍ਹਾ ਜਿਥੇ ਮੁਸਾਫ਼ਰ ਅਰਾਮ ਕਰਨ ਲਈ ਉਤਰਦੇ ਹਨ, ਸਰਾਂ, ਘਰ, ਮਕਾਨ, ਮਕਾਨ ਦਾ ਇਕ ਦਰਜਾ, (ਛੱਤ)।

منزلجان ***ਮਨਜ਼ਿਲ-ਏ-ਜਾਨ*** : ਮਨੁੱਖ ਦਾ ਸਰੀਰ।

منزلِ حزن/خاکی ***ਮਨਜ਼ਿਲ-ਏ-ਹੁਜ਼ਨ/ਖ਼ਾਕੀ*** : ਸੰਸਾਰ।

منزلِ گاہ ***ਮਨਜ਼ਿਲ-ਏ-ਗਾਹ*** : ਉਤਰਨ

ਦੀ ਜਗ੍ਹਾ।

منزلِمقصود *ਮਨਜ਼ਿਲ-ਏ-ਮਕਸੂਦ* : ਓਹ ਜਗ੍ਹਾ ਜਿਥੇ ਪੌਹਚਣ ਦਾ ਇਰਾਦਾ ਹੋਵੇ, ਮਤਲਬ, ਮਕਸਦ, ਮੁਰਾਦ, ਮੰਤਵ।

منزّہ *ਮੁਨੱਜ਼ਾ* : ਪਾਕ, ਸਾਫ਼, ਸ਼ੁੱਧ, ਪਵਿੱਤਰ, ਐਬਾਂ ਤੋਂ ਬਰੀ।

منسلک *ਮੁਨਸਲਿਕ* : ਲੜੀ ਵਿਚ ਪਰੋਇਆ ਹੋਇਆ , ਜੁੜਿਆ ਹੋਇਆ, ਨਾਲ ਨੱਥੀ, ਸ਼ਾਮਲ ਕੀਤਾ ਗਿਆ।

منسوب *ਮਨਸੂਬ* : ਸਬੰਧਤ ਕੀਤਾ ਹੋਇਆ, ਰਿਸ਼ਤੇ ਕਰਕੇ ਜੁੜਿਆ ਹੋਇਆ।

منسوج *ਮਨਸੂਜ* : ਬੁਣਿਆ ਹੋਇਆ, ਜ਼ਰਬਫ਼ਤ, ਇਕ ਪਰਕਾਰ ਦਾ ਰੇਸ਼ਮੀ ਕੱਪੜਾ ਜਿਸ ਉਤੇ ਕਢਾਈ ਕੀਤੀ ਹੋਵੇ।

منسوجباف *ਮਨਸੂਜ-ਬਾਫ਼* : ਜ਼ਰਬਫ਼ਤ ਬੁਣਨ ਵਾਲਾ, ਕਾਸਬੀ।

منسوخ *ਮਨਸੂਖ* : ਮਿਟਾਇਆ ਗਿਆ,. ਰੱਦ ਕੀਤਾ ਗਿਆ, ਦੂਰ ਕੀਤਾ ਗਿਆ, ਛੱਡਿਆ ਗਿਆ।

منشا *ਮਨਸ਼ਾ* : ਪੈਦਾ ਹੋਣ ਦੀ ਜਗ੍ਹਾ, ਵਤਨ, ਸੋਮਾਂ, ਸਰੋਤ ਆਦਿ, ਮੰਤਵ, ਇਰਾਦਾ, ਸਬੱਬ, ਦਲੀਲ।

منشور *ਮਨਸ਼ੂਰ* : ਫੈਲਿਆ ਹੋਇਆ, ਖਿਲਰਿਆ ਹੋਇਆ, ਸ਼ਾਹੀ ਫ਼ਰਮਾਨ ਨਸ਼ਰ ਕੀਤਾ ਗਿਆ, ਮਸ਼ਹੂਰ, ਪਰਕਾਸ਼ਤ, ਯੋਗਤਾ ਦਾ ਪਰਵਾਨਾ, ਪਰਮਾਣ ਪੱਤਰ।

منشی *ਮੁਨਸ਼ੀ* : ਲਿਖਣ ਵਾਲਾ, ਲਿਖਾਰੀ, ਅਰੰਭ ਕਰਨ ਵਾਲਾ, ਕਿਸੇ ਗੱਲ ਨੂੰ ਆਪਣੇ ਦਿਲੋਂ ਸ਼ੁਰੂ ਕਰਨ ਵਾਲਾ, ਉਸਤਾਦ, ਅਧਿਆਪਕ।

منشیخانہ *ਮੁਨਸ਼ੀਖ਼ਾਨਾ* : ਮੁਨਸ਼ੀਆਂ ਦੀ ਬੈਠਕ।

منشیِفلک *ਮੁਨਸ਼ੀ-ਏ-ਫ਼ਲਕ* : ਅਤਾਰਦ, ਸਤਾਰਾ, ਸ਼ੁੱਕਰ ਸਤਾਰਾ।

منشیگری *ਮੁਨਸ਼ੀਗਰੀ* : ਮੁਨਸ਼ੀ ਦਾ ਕਿੱਤਾ।

منصب *ਮਨਸਬ*, منصب *ਮਨਸਿਬ* : ਕਾਇਮ ਹੋਣ ਦੀ ਥਾਂ, ਨਸਬ ਹੋਣ ਦਾ ਜਗ੍ਹਾਂ, ਮਰਤਬਾ, ਰੁਤਬਾ, ਦਰਜਾ,. ਔਹਦਾ, ਪਦਵੀ, ਉੱਚੀ ਪਦਵੀ।

منصبداری *ਮਨਸਿਬਦਾਰੀ* : ਔਹਦੇਦਾਰ, ਹਾਕਮ, ਅਧਕਾਰੀ।

منصوب *ਮਨਸੂਬ* : ਕਾਇਮ ਕੀਤਾ ਗਿਆ, ਖੜ੍ਹਾ ਕੀਤਾ ਗਿਆ, ਓਹ ਅੱਖਰ ਜਿਸ ਉਤੇ ਜ਼ਬਰ ਹੋਵੇ।

منصوبہ *ਮਨਸੂਬਾ* : ਕਿਸੇ ਕੰਮ ਦੀ ਤਦਬੀਰ, ਵਿਓਂਤ, ਯੋਜਨਾ, ਸ਼ਤਰੰਜ ਦੀ ਖੇਡ, ਖੜ੍ਹੀ ਕੀਤੀ ਹੋਈ ਚੀਜ਼।

منصف *ਮੁਨਸਿਫ਼* : ਇਨਸਾਫ਼ ਕਰਨ ਵਾਲਾ, ਨਿਆਂਕਾਰ।

منصور *ਮਨਸੂਰ* : ਜਿਸ ਨੂੰ ਮੱਦਦ ਦਿਤੀ ਗਈ ਹੋਵੇ, ਜਿਸ ਨੂੰ ਰੱਬ ਦੀ ਸਹਾਇਤਾ ਹੋਵੇ, ਜੇਤੂ, ਇਕ ਪ੍ਰਸਿੱਧ ਵਲੀ ਦਾ ਨਾਮ ਜਿਸ ਨੂੰ ਮਨਸੂਰ ਹੱਲਾਜ ਕੈਂਹਦੇ ਹਨ, ਉਸ ਨੂੰ ੨੦੯ ਹਿਜਰੀ ਵਿਚ 'ਅਨਲਹੱਕ' ਕੈਹਣ ਪੁਰ ਸੂਲੀ ਚੜ੍ਹਾ ਦਿਤਾ ਗਿਆ ਤੇ ਉਸ ਦੀ ਲਾਸ਼ ਨੂੰ ਸਾੜ ਕੇ ਦਰਿਆ ਦਜਲਾ ਵਿਚ ਰੋੜ੍ਹ ਦਿਤਾ ਗਿਆ।

منطق *ਮਨਤਿਕ* : ਬੋਲਣਾ, ਉਚਾਰਣਾ, ਗੱਲ ਬਾਤ, ਸਰੇਸ਼ਟ ਭਾਸ਼ਣ, ਦਲੀਲ-ਬਾਜ਼ੀ ਦੇ ਗਿਆਨ ਦਾ ਨਾਮ।

منطقی *ਮਨਤਿਕੀ* : ਮਨਤਿਕ ਦਾ ਇਲਮ ਜਾਣਨ ਵਾਲਾ।

منظر *ਮਨਜ਼ਰ* : ਵੇਖਣ ਦੀ ਥਾਂ, ਅੱਖ, ਸੂਰਤ, ਸ਼ਕਲ. ਚੇਹਰਾ, ਬਾਰੀ, ਝਰੋਖਾ, ਦ੍ਰਿਸ਼, ਨਜ਼ਾਰਾ।

منظرِچشم *ਮਨਜ਼ਰ-ਏ-ਚਸ਼ਮ* : ਅੱਖ ਦੀ ਪੁਤਲੀ।

منظرِعام *ਮਨਜ਼ਰ-ਏ-ਆਮ* : ਵਿਸ਼ੇਸ਼ ਦ੍ਰਿਸ਼, ਖੁੱਲੀ ਥਾਂ, ਆਮ ਲੋਕਾਂ ਦੇ ਤੱਕਣ ਦੀ ਥਾਂ।

منظور *ਮਨਜ਼ੂਰ* : ਨਜ਼ਰ ਕੀਤਾ ਗਿਆ, ਵੇਖਿਆ ਗਿਆ, ਪਸੰਦ, ਮਕਬੂਲ, ਜਿਸ ਦੀ ਪਰਸੰਸਾ ਕੀਤੀ ਜਾਵੇ, ਪਰਵਾਨਿਤ।

منظورِخدا *ਮਨਜ਼ੂਰ-ਏ-ਖ਼ੁਦਾ* : ਰੱਬ ਦੀ ਮਰਜ਼ੀ।

منظورِنظر *ਮਨਜ਼ੂਰ-ਏ-ਨਜ਼ਰ* : ਦਿਲਪਸੰਦ, ਮਨ-ਭਾਉਂਦਾ, ਪਿਆਰਾ, ਮੈਹਬੂਬ, ਜਿਸ ਉੱਤੇ ਕਿਰਪਾ ਦ੍ਰਿਸ਼ਟੀ ਹੋਵੇ।

منظوری *ਮਨਜ਼ੂਰੀ* : ਪਰਵਾਨਗੀ, ਆਗਿਆ।

منظوم *ਮਨਜ਼ੂਮ* : ਪਰੋਤਾ ਗਿਆ, ਨਜ਼ਮ ਕੀਤਾ ਗਿਆ, ਕਾਵਿ-ਬੱਧ, ਜੋੜਿਆ ਗਿਆ।

منظومہ *ਮਨਜ਼ੂਮਾ* : ਨਜ਼ਮ ਕੀਤੀ ਹੋਈ ਕਿਤਾਬ, ਕਵਿਤਾ।

منعدم *ਮੁਨਅਦਿਮ* : ਮਿਟ ਜਾਣ ਵਾਲਾ, ਨੇਸਤ ਨਾਬੂਦ ਹੋ ਜਾਣ ਵਾਲਾ; ਤਬਾਹ, ਬਰਬਾਦ, ਜਿਸ ਦੀ ਹੋਂਦ ਮਿਟ ਗਈ ਹੋਵੇ।

منعقد *ਮੁਨਅਕਿਦ* : ਜੰਮਣ ਵਾਲਾ, ਬੱਝਣ ਵਾਲਾ, ਠੈਹਰਨ ਵਾਲਾ, ਮੁਕੱਰਰ ਹੋਣ ਵਾਲਾ।

منعکس *ਮੁਨਅਕਿਸ* : ਅਕਸ ਕਬੂਲ ਕਰਨ ਵਾਲਾ, ਉਲਟਾ ਪਰਛਾਵਾਂ (ਜਿਵੇਂ ਪਾਣੀ ਜਾਂ ਸ਼ੀਸ਼ੇ ਵਿਚ)।

منعم *ਮੁਨਇਮ* : ਨਿਆਮਤ ਦੇਣ ਵਾਲਾ, ਮਾਲਦਾਰ, ਦੌਲਤਮੰਦ, ਅਮੀਰ, ਧਨਾਢ।

منفرد *ਮੁਨਫ਼ਰਿਦ* : ਇੱਕਲਾ, ਬੇਨਜ਼ੀਰ।

منفعل *ਮੁਨਫ਼ਇਲ* : ਅਸਰ ਕਬੂਲ ਕਰਨ ਵਾਲਾ, ਸ਼ਰਮਿੰਦਾ, ਸ਼ਰਮਸਾਰ, ਪਰਭਾਵਤ।

منفی *ਮਨਫ਼ੀ* : ਨਫ਼ੀ ਕੀਤਾ ਗਿਆ, ਘਟਾਇਆ ਗਿਆ, ਕੱਢਿਆ ਗਿਆ, ਰੱਦ ਕੀਤਾ ਗਿਆ।

منقار *ਮਿਨਕਾਰ* : ਚੁੰਝ, ਸੰਨ੍ਹੀ, ਰੇਤੀ।

منقارِکار *ਮਿਨਕਾਰ-ਏ-ਕਾਰ* : ਕਲਮ ਦੀ ਚੁੰਝ, ਨਿੱਬ।

منقارِگل *ਮਿਨਕਾਰ-ਏ-ਗਿਲ* : ਜੀਭ, ਜ਼ਬਾਨ।

منقّش *ਮੁਨੱਕਸ਼* : ਜਿਸ ਉੱਤੇ ਵੇਲ ਬੂਟੇ ਬਣੇ ਹੋਣ, ਕਢਾਈ ਵਾਲਾ, ਛਾਪੇ ਵਾਲਾ, ਨਕਸ਼ ਕੀਤਾ ਗਿਆ, ਖੁਦਿਆ ਹੋਇਆ।

منکر *ਮੁਨਕਰ* : ਓਹ ਗੱਲ ਜਿਸ ਤੋਂ ਇਨਕਾਰ ਹੋਵੇ, ਭੈੜਾ, ਬਦ, ਅਯੋਗ, ਸ਼ਰੀਅਤ ਦੇ ਵਿਰੁੱਧ ਗੱਲ, ਇਕ ਫ਼ਰਿਸ਼ਤੇ ਦਾ ਨਾਮ ਜੋ ਦੂਜੇ ਫ਼ਰਿਸ਼ਤੇ 'ਨਕੀਰ' ਨਾਲ ਹੁੰਦਾ ਹੈ, ਦੋਵੇਂ ਕਬਰ ਵਿਚ ਪਏ ਮੁਰਦੇ ਨੂੰ ਸਜੇ ਖੱਬੇ ਸਵਾਲ ਕਰਦੇ ਹਨ।

منکرونکیر *ਮੁਨਕਰ-ਉ-ਨਕੀਰ* : ਦੋ ਫ਼ਰਿਸ਼ਤੇ ਜੋ ਕਬਰ ਵਿਚ ਆ ਕੇ ਮੁਰਦੇ ਨੂੰ ਸਵਾਲ ਕਰਦੇ ਹਨ।

منکر *ਮੁਨਕਿਰ* : ਇਨਕਾਰ ਕਰਨ ਵਾਲਾ, ਨਾਸਤਕ, ਖ਼ੁਦਾ ਤੋਂ ਇਨਕਾਰੀ, ਮੁੱਕਰ ਜਾਣ ਵਾਲਾ, ਬੇਦੀਨ।

منکسر *ਮੁਨਕਸਿਰ* : ਟੁੱਟਾ ਭੱਜਾ, ਭੈੜੇ ਹਾਲ, ਹਾਰਿਆ ਹੋਇਆ, ਜਿਸ ਦਾ ਦਿਲ ਟੁੱਟ ਗਿਆ ਹੋਵੇ।

منکسرالحال *ਮੁਨਕਸਿਰ-ਉਲ-ਹਾਲ* : ਭੈੜੇ ਹਾਲ, ਪਰੇਸ਼ਾਨ।

منکسرالمزاج *ਮੁਨਕਸਿਰ-ਉਲ-ਮਿਜ਼ਾਜ* : ਗ਼ਰੀਬ, ਮਸਕੀਨ, ਜਿਸ ਦੀ ਸੇਹਤ ਜਾਂਦੀ ਰਹੀ ਹੋਵੇ।

منکسردلان *ਮੁਨਕਸਿਰ ਦਿਲਾਨ* : ਟੁੱਟੇ ਹੋਏ ਦਿਲਾਂ ਵਾਲੇ, ਨਿਰਾਸ਼।

منکوحہ *ਮਨਕੂਹਾ* : ਨਿਕਾਹ ਵਿਚ ਲਿਆਂਦੀ ਹੋਈ ਔਰਤ, ਵਿਆਹੁਤਾ ਇਸਤਰੀ, ਬੀਵੀ।

منگ *ਮੰਗ* : ਕਾਇਦਾ, ਰਸਮ, ਰਿਵਾਜ, ਜੂਆ, ਜੂਏਬਾਜ, ਜੁਆਰੀਆ, ਜੁਆਖ਼ਾਨਾ, ਸ਼ੇਖ਼ੀ, ਘਮੰਡ, ਚੋਰ, ਡਾਕੂ, ਦਗਾ ਦੇਣਾ, ਇਕ ਪਰਕਾਰ ਦਾ ਘਾਹ।

منگیا *ਮੰਗੀਯਾ* : ਨਰਦ, ਜੂਆ, ਜੂਆ ਖ਼ਾਨਾ।

منگیاگر *ਮੰਗੀਯਾਗਰ* : ਜੂਏਬਾਜ਼।

منگل *ਮਨਗਲ* : ਚੋਰ, ਡਾਕੂ।

منگولہ *ਮੰਗੂਲਾ* : ਟੋਪੀ ਦਾ ਫੁੰਦਣਾ, ਪਗੜੀ ਦਾ ਸ਼ਮਲਾ, ਤੁਰਾ।

منن *ਮਿਨਨ* : ਮਿੰਨਤ منت ਦਾ ਬੌਹਵਚਨ।

منهاج ***ਮਿਨਹਾਜ*** : ਰਾਹ, ਰਸਤਾ, ਸੜਕ, ਖੁਲ੍ਹਾ ਰਸਤਾ।

منهاج العابدین ***ਮਿਨਹਾਜ-ਉਲ-ਆਬਿਦੀਨ*** : ਇਮਾਮ ਗ਼ਜ਼ਾਲੀ ਦੀ ਇਕ ਰਚਨਾ ਦਾ ਨਾਮ।

منهزم ***ਮੁਨਹਜ਼ਿਮ*** : ਹਾਰਿਆ ਹੋਇਆ, ਲੜਾਈ ਤੋਂ ਭੱਜਿਆ ਹੋਇਆ, ਭਗੌੜਾ, ਪਿਠ ਵਿਖਾਉਣ ਵਾਲਾ।

منهمک ***ਮੁਨਹਮਿਕ*** : ਕੰਮ ਵਿਚ ਰੁਝਿਆ ਹੋਇਆ, ਬੌਹਤ ਕੰਮ ਕਰਨ ਵਾਲਾ, ਲੀਨ।

منهی ***ਮਨਹੀ*** : ਵਿਵਰਜਤ, ਅਯੋਗ ਕੰਮ, ਭੈੜਾ ਕੰਮ, ਸ਼ਰੀਅਤ ਦੇ ਵਿਰੁਧ ਕੀਤਾ ਕੰਮ।

منهیات ***ਮਨਹੀਯਾਤ*** : ਉਪਰੋਕਤ ਦਾ ਬੌਹਵਚਨ।

منی ***ਮਨੀ*** : ਮਰਦ ਦੀ ਧਾਤੰ, ਨੁਤਫ਼ਾ, ਵੀਰਜ।

منی ***ਮਨੀ*** : ਹਉਮੈ, ਖ਼ੁਦੀ, ਅਹੰਕਾਰ, ਗ਼ਰੂਰ।

منیزه/منیژه ***ਮਨੀਜ਼ਾ*** : ਅਫ਼ਰਾਸਿਯਾਬ ਦੀ ਬੇਟੀ ਦਾ ਨਾਮ ਜੋ ਗੈਯੂ ਦੇ ਪੁੱਤਰ ਬੇਜ਼ਨ 'ਤੇ ਮੋਹਤ ਹੋ ਗਈ ਸੀ। ਅਫ਼ਰਾਸਿਯਾਬ ਨੇ ਬੇਜ਼ਨ ਨੂੰ ਖੂਹ ਵਿਚ ਕੈਦ ਕਰ ਰਖਿਆ ਸੀ ਤੇ ਬੇਟੀ ਨੂੰ ਉਥੇ ਛੱਡਿਆ ਹੋਇਆ ਸੀ, ਰੁਸਤਮ ਨੇ ਆ ਕੇ ਬੇਜ਼ਨ ਨੂੰ ਛੁਡਾਇਆ ਤੇ ਮੁਨੀਜ਼ਹ ਦੇ ਨਾਲ ਈਰਾਨ ਲੈ ਆਇਆ ਸੀ।

منیع ***ਮਨੀਅ*** : ਮਨ੍ਹਾ ਕਰਨ ਵਾਲਾ, ਵਰਜਣ ਵਾਲਾ, ਮਜ਼ਬੂਤ, ਪੱਕਾ , ਓਹ ਪੱਕੀ ਇਮਾਰਤ ਜਿਥੋਂ ਤਕ ਦੁਸ਼ਮਣ ਨਾ ਪੌਹਚ ਸਕੇ।

مو ***ਮੋ*** : ਬਿੱਲੀ ਦੀ ਅਵਾਜ਼, ਮਿਆਉਂ, ਮਿਆਉਂ।

مو ***ਮੂ*** : ਵਾਲ, ਪਿਆਲੇ ਵਿਚ ਤੇੜ।

موتراش ***ਮੂ-ਤਰਾਸ਼*** : ਵਾਲ ਮੁੰਨਣ ਦਾ ਸੰਦ, ਉਸਤਰਾ।

موتراشی ***ਮੂ-ਤਰਾਸ਼ੀ*** : ਵਾਲ ਮੁੰਨਣਾ, ਹਜਾਮਤ।

موشگاف ***ਮੂਸ਼ਿਗਾਫ਼*** : ਬਰੀਕ ਵਾਲ ਦੀ ਖੱਲ ਲਾਹੁਣ ਵਾਲਾ, ਬਰੀਕਬੀਨ।

موشگافی ***ਮੂਸ਼ਿਗਾਫ਼ੀ***: ਬਰੀਕਬੀਨੀ, ਛਾਣਬੀਣ, ਨੁਕਤਾਚੀਨੀ।

موات ***ਮਵਾਤ*** : ਬੇਜਾਨ ਲਾਸ਼, ਲੋਥ, ਮਿਰਤਕ, ਖ਼ੁਸ਼ਕ ਤੇ ਬੰਜਰ ਧਰਤੀ, ਓਹ ਚੀਜ਼ ਜਿਸ ਦਾ ਕੋਈ ਮਾਲਕ ਨਾ ਹੋਵੇ।

موات ***ਮੁਵਾਤ*** : ਮੌਤ, ਮਿਰਤੂ, ਮਰਗ।

مواجب ***ਮੁਵਾਜਿਬ*** : (ਮੂਜਬ **موجب** ਦਾ ਬੌਹਵਚਨ) ਵਾਜਬ ਤੇ ਲਾਜ਼ਮ ਕੀਤਾ ਗਿਆ, ਹੱਕ, ਤਨਖ਼ਾਹਾਂ, ਵਜ਼ੀਫ਼ੇ।

موازنه ***ਮੁਵਾਜ਼ਨਾ*** : ਦੋ ਚੀਜ਼ਾਂ ਦਾ ਪਰਸਪਰ ਇਕੋ ਜੇਹਾ ਵਜ਼ਨ ਹੋਣਾ, ਹਮ-ਵਜ਼ਨ, ਬਰਾਬਰੀ, ਅੰਦਾਜ਼ਾ ਲਾਉਣਾ।

موازی ***ਮੁਵਾਜ਼ੀ*** : ਬਰਾਬਰ, ਹਮ-ਕੀਮਤ, ਇਕ ਸਮਾਨ, ਜੋੜੇ ਜੋੜੇ, ਜੁੱਟ, ਏਹ ਸ਼ਬਦ ਟਕਿਆਂ, ਆਨਿਆਂ ਅਤੇ ਵਿਘਿਆਂ ਆਦਿ ਨਾਲ ਗਿਣਤੀ ਜ਼ਾਹਰ ਕਰਨ ਲਈ ਆਉਂਦਾ ਹੈ ਜਿਵੇਂ ਮੁਵਾਜ਼ੀ ਚਾਰ ਆਨੇ, ਮੁਵਾਜੀ ਦੋ ਵਿਘੇ।

موافق ***ਮੁਵਾਫ਼ਿਕ*** : (ਪੰਜਾਬੀ ਵਿਚ ਪਰਚਲਤ ਰੂਪ 'ਮੁਆਫ਼ਕ' ਹੈ,) ਬਰਾਬਰ, ਹਮਸ਼ਕਲ, ਠੀਕ, ਲਾਇਕ, ਯੋਗ।

موافقت ***ਮੁਵਾਫ਼ਕਤ*** : ਰਬਤ ਜ਼ਬਤ, ਸਾਥ, ਮੇਲ, ਜੋਲ, ਦੋਸਤੀ, ਮਿਤਰਤਾ, ਇਤਫ਼ਾਕ, ਸੰਮਤੀ, ਮਰਜ਼ੀ, ਬਰਾਬਰੀ।

مواقع ***ਮਵਾਕਿਅ*** : (ਮੌਕਅ **موقع** ਦਾ ਬੌਹਵਚਨ) ਮੌਕੇ, ਮਕਾਮ, ਘਟਨਾਵਾਂ।

موالی ***ਮਵਾਲੀ*** : (ਮੌਲਾ **مولیٰ** ਦਾ ਬੌਹਵਚਨ) ਗ਼ੁਲਾਮ, ਨੌਕਰ, ਚਾਕਰ।

موالی ***ਮੁਵਾਲੀ*** : ਮੇਲ ਜੋਲ ਰੱਖਣ ਵਾਲਾ, ਲਗਾਤਾਰ ਕੰਮ ਕਰਨ ਵਾਲਾ, ਮਦਦਗਾਰ, ਸਹਾਇਕ, ਦੋਸਤ, ਮਾਲਕ, ਸਰਦਾਰ, ਗੁਆਂਢੀ।

موالید ***ਮਵਾਲੀਦ*** : (ਮੌਲੂਦ **مولود** ਦਾ ਬੌਹਵਚਨ) ਪੈਦਾ ਕੀਤੀਆਂ ਹੋਈਆਂ ਚੀਜਾਂ, ਨਵੇਂ ਪੈਦਾ ਕੀਤੇ ਹੋਏ ਬੱਚੇ, ਲੜਕੇ।

موالیدِثلاثه ***ਮਵਾਲੀਦ-ਏ-ਸਲਾਸਾ,*** **موالیدِسه‌گانه**

ਮਵਾਲੀਦ-ਏ-ਸਿਹਗਾਨਾ : ਤਿੰਨ ਖਾਣੀਆਂ (ਅਰਥਾਤ ਹੋਂਦ-ਸੋਮੇ) ਹੈਵਾਨ, ਬਨਸਪਤੀ ਤੇ ਖਫ਼ਜੀ ਪਦਾਰਥ।

موبد *ਮੂਬਦ*, **موبد** *ਮੂਬਿਦ* : ਜ਼ਰਤੁਸ਼ਤੀਆਂ (ਅੱਗ-ਪੂਜਕਾਂ) ਦਾ ਸ਼ਰੇਸ਼ਟ ਨੇਤਾ, ਸਿਆਣਾ, ਵਿਦਵਾਨ; ਸ਼ਰਾਬ ਵੇਚਣ ਵਾਲਾ; ਫ਼ਲਸਫ਼ੀ।

موت *ਮੌਤ* : ਮਰ ਜਾਣਾ, ਮਿਰਤੂ, ਅਜਲ, ਮੌਤ।

موتِ احمر *ਮੌਤ-ਏ-ਅਹਮਰ* : ਲਾਲ ਮੌਤ, ਸਖਤ ਮੌਤ।

مؤثر *ਮੁਅਸਿਰ* : ਅਸਰ ਕਰਨ ਵਾਲਾ, ਤਾਸੀਰ ਕਰਨ ਵਾਲਾ, ਕਾਰਗਰ।

موج *ਮੌਜ* : ਪਾਣੀ ਦੀ ਲੈਹਰ, ਤਰੰਗ, ਉਮੰਗ, ਜੋਸ਼, ਵਲਵਲਾ।

موج خیز *ਮੌਜ-ਖ਼ੇਜ਼* : ਦਰਿਆ ਜਿੱਥੋਂ ਲੈਹਰਾਂ ਉਠਦੀਆਂ ਹਨ।

موج زن *ਮੌਜਜ਼ਨ* : ਲੈਹਰਾਂ ਮਾਰਨ ਵਾਲਾ।

موج موج *ਮੌਜ ਮੌਜ* : ਲੈਹਰ-ਦਰ-ਲੈਹਰ।

موجب *ਮੂਜਬ* : ਲਾਜ਼ਮ ਕਰਨ ਵਾਲਾ, ਵਾਜਬ ਕਰਨ ਵਾਲਾ, ਸੱਬਬ, ਕਾਰਣ।

موجود *ਮੌਜੂਦ* : ਜਿਸ ਦਾ ਵਜੂਦ ਹੋਵੇ, ਹਾਜ਼ਰ, ਪੈਦਾ ਕੀਤਾ ਗਿਆ, ਜ਼ਾਹਰ, ਪਰਤੱਖ।

موجودات *ਮੌਜੂਦਾਤ* : ਮਖ਼ਲੂਕਾਤ, ਪੈਦਾ ਕੀਤੀਆਂ ਹੋਈਆਂ ਚੀਜ਼ਾਂ।

مؤدِّب *ਮੁਅੱਦਿਬ* : ਅਦਬ ਦੇਣ ਵਾਲਾ, ਉਸਤਾਦ, ਅਧਿਆਪਕ, ਅਦੀਬ, ਸਾਹਿਤਕਾਰ।

مؤدَّب *ਮੁਅੱਦਬ* : ਸਿਖਾਇਆ ਗਿਆ, ਸਿਆਣਾ, ਸ਼ਰੀਫ਼, ਸਾਊ।

مؤذّن *ਮੁੱਅਜ਼ਿਨ* : ਅਜ਼ਾਨ ਦੇਣ ਵਾਲਾ, ਬਾਂਗ ਦੇਣ ਵਾਲਾ, ਬਾਂਗੀ, ਨਮਾਜ਼ ਲਈ ਸਾਵਧਾਨ ਕਰਨ ਵਾਲਾ।

موذی *ਮੂਜ਼ੀ* : ਦੁਖ ਦੇਣ ਵਾਲਾ, ਦੁਖਦਾਇਕ, ਤਕਲੀਫ਼ ਦੇਣ ਵਾਲਾ।

مورچال *ਮੂਰਚਾਲ*, **مورچل** *ਮੂਰਛਲ* : ਓਹ ਟੋਆ ਜੋ ਕਿਲ੍ਹੇ ਦੇ ਦੁਆਲੇ ਪੁਟਿਆ ਜਾਂਦਾ ਹੈ, ਖਾਈ, ਮੋਰਚਾ।

مورچانہ *ਮੂਰਚਾਨਾ*, **مورچہ** *ਮੂਰਚਾ* : ਫ਼ੌਜੀ ਖਾਈ, ਮੋਰਚਾ, ਛੋਟੀ ਕੀੜੀ, ਤੁੱਛ, ਕਮਜ਼ੋਰ।

مورچہ پی *ਮੂਰਾਚਾ-ਪੈ* : ਖ਼ਸਖਸੀ ਦਾੜ੍ਹੀ।

مورچہ پی زدن *ਮੂਰਚਾ-ਪੈ-ਜ਼ਦਨ* : ਦਾੜ੍ਹੀ ਦੇ ਵਾਲ ਜੜਾਂ ਤੋਂ ਪੁਟਣਾ।

مورچۂ عنبرین *ਮੂਰਚਾ-ਏ-ਅੰਬਰੀਨ* : ਫੁਟਦੀਆਂ ਮੁੱਛਾਂ।

مؤرّخ *ਮੁਅੱਰਿਖ਼, ਮੁਵੱਰਿਖ਼* : ਤਾਰੀਖ਼ ਲਿਖਣ ਵਾਲਾ, ਇਤਹਾਸਕਾਰ।

مؤرّخین *ਮੁਵੱਰਿਖ਼ੀਨ* : ਉਪਰੋਕਤ ਦਾ ਬੌਹਵਚਨ।

موروث *ਮੌਰੂਸ* : ਵਾਰਸ ਬਣਾਇਆ ਗਿਆ, ਹਾਸਲ ਕੀਤੀ ਜਾਇਦਾਦ, ਵਿਰਾਸਤ।

موروثی *ਮੌਰੂਸੀ* : ਬਾਪ ਦਾਦੇ ਦੀ, ਵਿਰਸੇ ਦੀ, ਜੱਦੀ।

موز *ਮੌਜ਼, ਮੂਜ਼* : ਕੇਲਾ।

موزون *ਮੌਜ਼ੂਨ* : ਮੁਨਾਸਬ, ਪਸੰਦੀਦਾ, ਚੰਗਾ, ਯੋਗ; ਤੋਲਿਆ ਹੋਇਆ, ਵਜ਼ਨ ਕੀਤਾ ਗਿਆ।

موزونیت *ਮੌਜ਼ੂਨੀਯਤ* : ਫ਼ਬਨ, ਸਜਾਵਟ।

موزہ *ਮੂਜ਼ਾ* : ਜ਼ੁਰਾਬ, ਜੁੱਤੀ।

موسم *ਮੌਸਿਮ* : ਵਕਤ, ਸਮਾਂ, ਮੇਲਾ।

موسوم *ਮੌਸੂਮ* : ਨਾਮ ਰਖਿਆ ਗਿਆ, ਨਿਸ਼ਾਨ ਕੀਤਾ ਗਿਆ, ਦਾਗ਼ਦਾਰ।

موسومہ *ਮੌਸੂਮਾ* : ਨਾਮ ਰੱਖੀ ਗਈ ਵਸਤ, ਨਿਸ਼ਾਨ ਕੀਤੀ ਚੀਜ਼।

موسیٰ *ਮੂਸਾ* : ਇਕ ਪਰਸਿੱਧ ਪੈਗ਼ੰਬਰ ਜਿਸ ਪੁਰ 'ਤੌਰਾਤ' ਨਾਜ਼ਲ ਹੋਈ, ਉਸ ਦੀ ਕੌਮ ਨੂੰ ਯਹੂਦੀ ਕੈਂਹਦੇ ਹਨ, ਮੂਸਾ ੧੫੭੧ ਪੂ.ਈ. ਵਿਚ ਮਿਸਰ ਸ਼ੈਹਰ ਵਿਖੇ ਪੈਦਾ ਹੋਇਆ ਤੇ ਉਸ ਨੇ ਇਕ ਸੌ ਵੀਹ ਸਾਲ ਆਯੂ ਭੋਗੀ; ਇਬਰਾਨੀ

ਜ਼ਬਾਨ ਵਿਚ ਮੂ ਦੇ ਅਰਥ ਹਨ 'ਤਾਬੂਤ' ਅਤੇ ਸਾ ਦੇ ਅਰਥ ਹਨ 'ਪਾਣੀ', ਮੂਸਾ ਨੂੰ ਜੰਮਦਿਆ ਹੀ ਉਸ ਦੀ ਮਾਂ ਨੇ ਸੰਦੂਕ ਵਿਚ ਬੰਦ ਕਰਕੇ ਪਾਣੀ ਵਿਚ ਰੋੜ੍ਹ ਦਿਤਾ ਸੀ, ਇਸ ਲਈ ਮੂਸਾ ਨਾਮ ਪੈ ਗਿਆ।

موسیقار ***ਮੂਸੀਕਾਰ*** : ਇਕ ਵਾਜੇ ਦਾ ਨਾਮ, ਇਕ ਖਿਆਲੀ ਪੰਛੀ ਦਾ ਨਾਮ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਦੀ ਚੁੰਝ ਵਿਚ ਬੌਹਤ ਸਾਰੇ ਸੁਰਾਖ਼ ਹੁੰਦੇ ਹਨ, ਜਿਨ੍ਹਾਂ ਵਿਚੋਂ ਭਾਂਤ ਭਾਂਤ ਦੀਆਂ ਰਾਗਨੀਆਂ ਨਿਕਲਦੀਆਂ ਹਨ, ਗਵੱਈਆ, ਗਾਉਣ ਵਾਲਾ।

موسیقی ***ਮੂਸੀਕੀ*** : ਗਾਉਣ ਵਜਾਉਣ ਦੀ ਵਿੱਦਿਆ।

موش ***ਮੂਸ*** : ਚੂਹਾ।

موشکا ***ਮੂਸ਼ਕਾ*** : ਯਹੂਦੀਆਂ ਦੇ ਇਕ ਵਿਦਵਾਨ ਦਾ ਨਾਮ।

موصل ***ਮੂਸਲ*** : ਵਸਲ ਦੀ ਥਾਂ, ਮਿਲਣ ਦੀ ਜਗ੍ਹਾ, ਇਰਾਕ ਵਿਚ ਦਰਿਆ ਦਜਲਾ ਕੰਢੇ ਇਕ ਪਰਸਿੱਧ ਸ਼ੈਹਰ।

موصوف ***ਮੌਸੂਫ਼*** : ਵਸਫ਼ ਕੀਤਾ ਗਿਆ, ਜਿਸ ਦੀ ਉਪਮਾ ਕੀਤੀ ਗਈ ਹੋਵੇ।

موصول ***ਮੌਸੂਲ*** : ਵਸਲ ਕੀਤਾ ਗਿਆ, ਮਿਲਿਆ ਹੋਇਆ, ਪੌਹਚਿਆ ਹੋਇਆ।

موضوع ***ਮੌਜ਼ੂਅ*** : ਰਖਿਆ ਗਿਆ, ਕੀਤਾ ਗਿਆ, ਮੁੱਦਾ, ਮਜ਼ਮੂਨ, ਓਹ ਚੀਜ਼ ਜਾਂ ਵਸਤ ਜਿਸ ਦਾ ਜ਼ਿਕਰ ਕਿਸੇ ਇਲਮ ਵਿਚ ਹੋਵੇ।

موفّر ***ਮੁਵੱਫ਼ਰ*** : ਜ਼ਿਆਦਾ ਕੀਤਾ ਗਿਆ।

موقع ***ਮੌਕਅ*** : ਵਾਕਿਆ ਹੋਣ ਦੀ ਜਗ੍ਹਾ, ਡਿਗਣ ਦੀ ਥਾਂ, ਖ਼ਾਸ ਸਮਾਂ, ਖ਼ਾਸ ਥਾਂ, ਮੁਨਾਸਬ ਵੇਲਾ।

موکب ***ਮੌਕਿਬ*** : ਅਰਦਲ ਦੇ ਆਦਮੀ ਜਾਂ ਸਵਾਰ, ਲਸ਼ਕਰ, ਫ਼ੌਜ।

موکِّل ***ਮਵੱਕਿਲ*** : ਕੰਮ ਸਪੁਰਦ ਕਰਨ ਵਾਲਾ, ਵਕੀਲ ਕਰਨ ਵਾਲਾ।

موکّل ***ਮੁਵੱਕਲ*** : ਜਿਸ ਦੇ ਸਪੁਰਦ ਕੋਈ ਕੰਮ ਕੀਤਾ ਜਾਵੇ।

مولا ***ਮੌਲਾ*** : ਮੱਦਦਗਾਰ, ਅਜ਼ਾਦ ਕਰਨ ਵਾਲਾ, ਆਕਾ, ਸਰਦਾਰ, ਦੋਸਤ, ਯਾਰ, ਗਵਾਂਢੀ, ਗ਼ੁਲਾਮ, ਨੌਕਰ।

مولد ***ਮੌਲਿਦ*** : ਪੈਦਾ ਹੋਣ ਦੀ ਥਾਂ, ਜਨਮ-ਭੂਮੀ, ਵਤਨ, ਪੈਦਾ ਹੋਣ ਦਾ ਸਮਾਂ।

مؤلّف ***ਮੁਅਲਿਫ਼*** : ਤਾਲੀਫ਼ ਕਰਨ ਵਾਲਾ, ਸੰਕਲਨਕਾਰ, ਇੱਕਠਾ ਕਰਨ ਵਾਲਾ।

مولود ***ਮੌਲੂਦ*** : ਜੰਮਿਆ ਹੋਇਆ, ਨਵਾਂ ਜਨਮਿਆ ਬੱਚਾ, ਪੁੱਤਰ, ਬੇਟਾ।

مولوی ***ਮੌਲਵੀ*** : ਮੌਲਾ ਨਾਲ ਸਬੰਧਤ, ਅਲਾਹ ਵਾਲਾ, ਸਰਦਾਰ, ਦੀਨ ਦਾ ਵਿਦਵਾਨ, ਸ਼ਰੀਅਤ ਤੋਂ ਜਾਣੂ, ਸ਼ਰੀਅਤ ਦਾ ਪਾਬੰਦ।

موم ***ਮੋਮ*** : ਚਿੱਟਾ ਤੇ ਚੀਕਣਾ ਪਦਾਰਥ ਜਿਸ ਨੂੰ ਸ਼ੈਹਦ ਦੀਆਂ ਮੱਖੀਆਂ ਛੱਤੇ ਵਿਚ ਜਮ੍ਹਾਂ ਕਰਦੀਆਂ ਹਨ, ਸ਼ਮਾਂ, ਮੋਮਬਤੀ।

مومیا ***ਮੋਮੀਆ,*** **مومیائی** ***ਮੂਮੀਯਾਈ*** : ਸਲਾਜੀਤ, ਇਕ ਦਵਾ ਜੇਹੜੀ ਮੋਮ ਵਾਂਗ ਨਰਮ ਹੁੰਦੀ ਹੈ ਅਤੇ ਸੱਟਾਂ ਤੇ ਜ਼ਖ਼ਮਾਂ ਲਈ ਅਤਿਅੰਤ ਲਾਭਦਾਇੱਕ ਹੈ, ਲਾਸ਼ ਨੂੰ ਸੁਰਖਿਅਤ ਰੱਖਣ ਲਈ ਲਾਇਆ ਜਾਣ ਵਾਲਾ ਮਸਾਲਾ, ਮਿਸਰ ਦੀ ਪੁਰਾਣੀ ਸੁਰੱਖਿਅਤ ਲਾਸ਼।

مؤنّث ***ਮੁਅੱਨਸ*** : ਮਾਦਾ, ਮਦੀਨ, ਇਸਤਰੀ ਲਿੰਗ।

مونس ***ਮੂਨਿਸ*** : ਪਿਆਰ ਕਰਨ ਵਾਲਾ, ਦੁੱਖ ਵੰਡਣ ਵਾਲਾ, ਦੋਸਤ,ਯਾਰ, ਹਮਦਮ।

موی ***ਮੂਯ*** : ਵਾਲ, ਕੇਸ਼।

مویہ ***ਮੋਯਾ***: ਰੋਣਾ ਧੋਣਾ, ਸਿਆਪਾ, ਵੈਣ।

مہ ***ਮਹ*** : (ਮਾਹ ماہ ਦਾ ਸੰਖਿਪਤ ਰੂਪ) ਚੰਦ, ਮਹੀਨਾ।

مِہ ***ਮਿਹ,*** **مِہا** ***ਮਿਹਾ*** : ਵਡਾ, ਬਜ਼ੁਰਗ, ਸਰਦਾਰ, ਧੁੰਦ, ਕੁਹਰ।

مہابت ***ਮਹਾਬਤ*** : ਡਰ, ਖੌਫ਼, ਗੁੱਸਾ, ਬਜ਼ੁਰਗੀ।

مہاجر ***ਮੁਹਾਜਿਰ*** : ਹਿਜਰਤ ਕਰਨ ਵਾਲਾ,

ਵਤਨ ਛੱਡ ਦੇਣ ਵਾਲਾ, ਸ਼ਰਨਾਰਥੀ।

مهاجرين ***ਮੁਹਾਜਿਰੀਨ*** : (ਮੁਹਾਜਿਰ **مهاجر** ਦਾ ਬੌਹਵਚਨ,) ਮੱਕੇ ਤੋਂ ਮਦੀਨੇ ਹਿਜਰਤ ਕਰਨ ਵਾਲੇ ਮੁਸਲਮਾਨ।

مهار ***ਮਹਾਰ,*** **مهار** ***ਮਿਹਾਰ*** : (ਪੰਜਾਬੀ ਵਿਚ ਪਰਚਲਤ ਰੂਪ 'ਮੁਹਾਰ' ਹੈ) ਊਠ ਦੀ ਨੁਕੇਲ।

مهارت ***ਮਹਾਰਤ*** : ਯੋਗਤਾ, ਉਸਤਾਦੀ, ਪਰਵੀਣਤਾ।

مهتاب ***ਮਹਤਾਬ*** : ਚੰਦ, ਚਾਂਦਨੀ, ਰੋਸ਼ਨੀ, ਚੰਦਰਮਾ।

مهتابى ***ਮਹਤਾਬੀ*** : ਹੌਜ਼ ਦੇ ਕੰਢੇ ਬਣਾਈ ਹੋਈ ਛੋਟੀ ਜੇਹੀ ਇਮਾਰਤ ਜੋ ਚਾਣਨੀ ਦੇ ਨਜ਼ਾਰੇ ਲਈ ਹੁੰਦੀ ਹੈ, ਇਕ ਪਰਕਾਰ ਦੀ ਆਤਸ਼ਬਾਜ਼ੀ।

مهتر ***ਮਿਹਤਰ*** : ਵਡੇਰਾ, ਬਜ਼ੁਰਗ, ਸਰਦਾਰ, ਸਾਈਸ।

مهترى ***ਮਿਹਤਰੀ*** : ਸਰਦਾਰੀ, ਬਜ਼ੁਰਗੀ।

مهجور ***ਮਹਜੂਰ*** : ਵਿਛੜਿਆ ਹੋਇਆ, ਵਿਯੋਗੀ।

مهد ***ਮਹਦ*** : ਪੰਘੂੜਾ, ਪਾਲਨਾ, ਬਿਸਤਰਾ, ਵਿਛੌਣਾ।

مهدى ***ਮਹਦੀ*** : ਹਦਾਇਤ ਕੀਤਾ ਗਿਆ, ਤੀਜੇ ਅੱਬਾਸੀ ਖ਼ਲੀਫ਼ੇ ਦਾ ਨਾਮ ਜੋ ੧੫੮ ਹਿਜਰੀ ਤੋਂ ੧੬੯ ਹਿਜਰੀ ਤੱਕ ਰਾਜ ਕਰਦਾ ਰਿਹਾ, ਬਾਰ੍ਹਵੇਂ ਇਮਾਮ ਦਾ ਨਾਮ, ਇਮਾਮ ਮਹਦੀ।

مهذّب ***ਮੁਹੱਜ਼ਬ*** : ਤੈਹਜ਼ੀਬ ਕੀਤਾ ਗਿਆ, ਸਜਾਇਆ ਗਿਆ, ਐਬਾਂ ਤੋਂ ਪਾਕ, ਨੇਕ, ਇਕ ਅਰਬੀ ਕੋਸ਼ ਦਾ ਨਾਮ।

مَهر ***ਮਹਰ*** : ਓਹ ਰਕਮ ਜੋ ਖ਼ਾਵੰਦ ਨਿਕਾਹ ਦੇ ਬਦਲੇ ਔਰਤ ਨੂੰ ਅਦਾ ਕਰਦਾ ਹੈ, "ਹੱਕੇ ਮਹਰ"।

مِهر ***ਮਿਹਰ*** : ਸੂਰਜ, ਮੁਹੱਬਤ, ਉਲਫ਼ਤ, ਪਿਆਰ, ਸਤਵੇਂ ਸੂਰਜੀ ਮਹੀਨੇ ਦਾ ਨਾਮ, ਹਰ ਸੂਰਜੀ ਮਹੀਨੇ ਦੀ ਸੋਲ੍ਹਵੀਂ ਤਾਰੀਖ।

مهربان ***ਮਿਹਰਬਾਨ*** : ਮੁਹੱਬਤ ਕਰਨ ਵਾਲਾ, ਕਿਰਪਾਲੂ।

مهربانى ***ਮਿਹਰਬਾਨੀ*** : ਪਿਆਰ, ਦਇਆ, ਕਿਰਪਾ।

مُهر ***ਮੁਹਰ*** : ਅਸ਼ਰਫ਼ੀ, ਕਾਗਜ਼ ਅਤੇ ਦਸਤਾਵੇਜ਼ 'ਤੇ ਲਾਉਣ ਵਾਲੀ ਸੀਲ, ਛਾਪ, ਹੁਕਮ, ਫ਼ਰਮਾਨ।

مهرى ***ਮੁਹਰੀ*** : ਮੋਹਰ ਲਾਈ ਹੋਈ, ਜਿਸ ਉਤੇ ਮੋਹਰ ਲੱਗੀ ਹੋਵੇ; ਸੀਲਬੰਦ, ਰੁਪਈਆਂ ਦੀ ਥੈਲੀ ਜਿਸ ਉਤੇ ਮੋਹਰ ਲੱਗੀ ਹੋਵੇ, ਮੋਹਰਬੰਦ ਥੈਲੀ।

مهراس ***ਮਿਹਰਾਸ*** : ਚੱਟੂ, ਉਖਲੀ।

مهرگان ***ਮਿਹਰਗਾਨ*** : ਮਿਹਰ ਮਹੀਨੇ ਦੀ ਸੋਲ੍ਹਵੀਂ ਮਿਤੀ ਜਿਸ ਦਿਨ ਬੜਾ ਭਾਰੀ ਜਸ਼ਨ ਹੁੰਦਾ ਸੀ।

مهرگيا ***ਮਿਹਰਗਯਾ*** : ਇਕ ਪਰਕਾਰ ਦਾ ਘਾਹ, ਸੂਰਜਮੁਖੀ।

مهره ***ਮੁਹਰਾ*** : ਕੌਡੀ, ਸੰਖ, ਘੋਗਾ, ਪਿੱਠ ਦੀ ਹੱਡੀ ਦਾ ਮਣਕਾ, ਪਥਰ ਜਾਂ ਕੱਚ ਦਾ ਮਣਕਾ, ਮਾਲਾ ਦਾ ਦਾਣਾ; ਲੁਹਾਰਾਂ, ਸੁਨਿਆਰਾਂ ਦਾ ਹਥੋੜਾ, ਸ਼ਤਰੰਜ ਦਾ ਮੋਹਰਾ, ਗੋਟ, ਸੱਪ ਦੀ ਮਣੀ, ਵਛੇਰਾ।

مهلت ***ਮੁਹਲਤ*** : ਫ਼ੁਰਸਤ, ਵੇਹਲ, ਦੇਰੀ।

مهلَك ***ਮੁਹਲਕ,*** **مهلكه** ***ਮੁਹਲਕਾ*** : ਹਲਾਕ ਹੋਣ ਦੀ ਥਾਂ, ਡਰਾਉਣੀ ਜਗ੍ਹਾ, ਬਿਖੜੀ ਥਾਂ।

مهلِك ***ਮੁਹਲਿਕ*** : ਹਲਾਕ ਕਰਨ ਵਾਲਾ, ਮਾਰੂ।

مهمان ***ਮਿਹਮਾਨ*** : ਪਰਾਹੁਣਾ।

مهمانخانه ***ਮਿਹਮਾਨ-ਖ਼ਾਨਾ,*** **مهمانسراى** ***ਮਿਹਮਾਨ ਸਰਾਯ*** : ਸਰਾਂ,ਮੇਹਮਾਨ ਘਰ, ਲੰਗਰ; ਦੁਨੀਆ।

مهمانى ***ਮਿਹਮਾਨੀ*** : ਪਰੀਤੀ ਭੋਜਨ।

مہمل *ਮੁਹਮਲ* : ਛੱਡਿਆ ਹੋਇਆ, ਬੇਕਾਰ, ਨਕਾਰਾ, ਨਿਰਾਰਥਕ, ਬੇਹੂਦਾ ਲਫ਼ਜ਼।

مہمیز *ਮਿਹਮੀਜ਼*, مہماز *ਮਿਹਮਾਜ਼* : ਓਹ ਲੋਹੇ ਦਾ ਕੰਡਾ ਜੋ ਸਵਾਰਾਂ ਦੇ ਬੂਟ ਦੀ ਪਿਛਲੀ ਤਰਫ਼ ਲੱਗਾ ਹੁੰਦਾ ਹੈ, ਤੇ ਜੇਹੜਾ ਘੋੜੇ ਨੂੰ ਅੱਡੀ ਲਾਉਣ ਲਈ ਹੁੰਦਾ ਹੈ ਤਾਂ ਜੋ ਘੋੜਾ ਤੇਜ਼ ਚੱਲੇ।

مہندس *ਮਹੰਦਿਸ* : ਅੰਕੜਾ ਵਿਗਿਆਨੀ, ਅੰਦਾਜ਼ਾ ਲਾਉਣ ਵਾਲਾ, ਇੰਜੀਨੀਅਰ।

مہیّا *ਮੁਹਈਯਾ* : (ਪੰਜਾਬੀ ਵਿਚ ਪਰਚਲਤ ਰੂਪ ਮੁੱਹਈਆ ਹੈ,) ਮੌਜੂਦ, ਤਿਆਰ।

مَہین *ਮਹੀਨ* : ਸੁਸਤ, ਆਲਸੀ, ਕਮਜ਼ੋਰ, ਜ਼ਲੀਲ, ਕਮੀਨਾ, ਤੁੱਛ।

مِہین *ਮਿਹੀਨ*, مہینہ *ਮਿਹੀਨਾ* : ਵੱਡਾ, ਬਜ਼ੁਰਗ, ਬੌਹੁਤ ਵੱਡਾ।

مَے *ਮੈ* : ਸ਼ਰਾਬ, ਅੰਗੂਰੀ ਸ਼ਰਾਬ, ਪਿਆਲਾ।

مَےپرست *ਮੈ ਪ੍ਰਸਤ* : ਸ਼ਰਾਬ ਪੀਣ ਵਾਲਾ, ਹਰ ਵੇਲੇ ਸ਼ਰਾਬ ਵਿਚ ਗੁੱਟ ਰੈਹਣ ਵਾਲਾ।

مَےپرستی *ਮੈ-ਪ੍ਰਸਤੀ* : ਸ਼ਰਾਬ ਨੋਸ਼ੀ।

مَےخوار *ਮੈ-ਖ਼੍ਵਾਰ* : ਮੈ ਪ੍ਰਸਤ, ਸ਼ਰਾਬੀ।

مَےکدہ(مَےخانہ) *ਮੈ-ਕਦਾ* (*ਮੈ ਖ਼ਾਨਾ*) : ਸ਼ਰਾਬਖ਼ਾਨਾ।

میان *ਮਿਯਾਨ* : ਵਿਚਕਾਰ, ਕਮਰ, ਲੱਕ; ਤਲਵਾਰ ਦਾ ਗਿਲਾਫ਼; ਪਟਕਾ।

میان‌بستن *ਮਿਯਾਨ ਬਸਤਨ* : ਕਮਰ-ਕੱਸਾ ਕਰਨਾ, ਤਿਆਰ ਹੋਣਾ।

میانجی *ਮਿਯਾਨਜੀ* : ਏਲਚੀ, ਦੂਤ, ਦੂਤਗਰੀ, ਏਲਚੀ-ਗਰੀ।

میانداری *ਮਿਯਾਨਦਾਰੀ* : ਦਲਾਲੀ ਕਰਨਾ, ਵਿਚੋਲਗੀਰੀ ਕਰਨਾ।

میانوی *ਮਿਯਾਨਵੀ* : ਵਿਚਕਾਰ ਹੋਣਾ।

میانہ *ਮਿਯਾਨਾ* : ਦਰਮਿਆਨਾ, ਵਿਚਕਾਰਲਾ, ਮੰਝਲਾ।

میانہروی *ਮਯਾਨਾਰਵੀ* : ਵੱਧ ਘੱਟ ਹੋਣ ਤੋਂ ਪਰਹੇਜ਼ ਕਰਨਾ, ਦਰਮਿਆਨਾ ਰਸਤਾ ਅਪਣਾਉਣਾ।

میّت *ਮੱਯਿਤ, ਮੈਤ* : ਲਾਸ਼, ਜਨਾਜ਼ਾ।

میثاق *ਮੀਸਾਕ* : ਇਕਰਾਰ, ਸੰਧੀ, ਪਕਿਆਈ।

میخ *ਮੇਖ਼* : ਕਿੱਲ, ਖ਼ੂੰਟੀ।

میدان *ਮੈਦਾਨ* : ਖੁਲ੍ਹੀ ਜ਼ਮੀਨ, ਪੱਧਰ ਧਰਤੀ।

میدہ *ਮੈਦਾ* : ਬਰੀਕ ਆਟਾ ਜੋ ਕਪੜ-ਛਾਣ ਕੀਤਾ ਹੋਵੇ।

میر *ਮੀਰ* : (ਅਮੀਰ امیر ਦਾ ਸਖਿੰਪਤ ਰੂਪ) ਸਰਦਾਰ, ਚੌਧਰੀ।

میرآب *ਮੀਰ-ਆਬ* : ਖੇਤਾਂ ਤੇ ਬਾਗ਼ਾਂ ਨੂੰ ਪਾਣੀ ਦੇਣ ਦਾ ਦਰੋਗਾ, ਜ਼ੁੰਮੇਵਾਰ।

میرآتش *ਮੀਰ-ਆਤਿਸ਼* : ਤੋਪਖ਼ਾਨੇ ਦਾ ਦਰੋਗਾ।

میرآخر *ਮੀਰ-ਆਖ਼ੁਰ* : ਸ਼ਾਹੀ ਅਸਤਬਲ ਦਾ ਦਰੋਗਾ।

میربحر *ਮੀਰ-ਬਹਰ* : ਜਹਾਜ਼ਾਂ ਦਾ ਨਿਗਰਾਨ।

میربخشی *ਮੀਰ-ਬਖ਼ਸ਼ੀ* : ਤਨਖਾਹਾਂ ਵੰਡਣ ਵਾਲਾ ਮੁਖੀ।

میرحاج *ਮੀਰ-ਹਾਜ* : ਹਾਜੀਆਂ ਦਾ ਆਗੂ।

میرسامان *ਮੀਰ-ਸਾਮਾਨ* : ਖ਼ਾਨਸਾਮਾ।

میرشکار *ਮੀਰ-ਸ਼ਿਕਾਰ* : ਸ਼ਿਕਾਰੀਆਂ ਦਾ ਮੁਖੀ।

میرمجلس *ਮੀਰ-ਮਜਲਿਸ* : ਪਰਧਾਨ।

میرزا *ਮੀਰਜ਼ਾ* : (ਅਮੀਰਜ਼ਾਦਾ امیرزادہ ਦਾ ਸੰਖਿਪਤ ਰੂਪ) ਅਮੀਰ ਦਾ ਬੇਟਾ, ਮੁਨਸ਼ੀ।

میز *ਮੇਜ਼/ਮੀਜ਼* : ਖਾਣਾ ਖਾਣ ਵਾਲੀ ਚੌਕੀ,

میلاد ***ਮੀਲਾਦ*** : ਪੈਦਾ ਹੋਣ ਦਾ ਵਕਤ, ਪੈਦਾ ਹੋਣ ਦੀ ਥਾਂ, ਪੈਦਾਇਸ਼।

میلان ***ਮੈਲਾਨ*** : ਮਾਇਲ ਹੋਣਾ, ਰੁਚਿਤ ਹੋਣਾ, ਝੁਕਾਉ, ਰੁਚੀ।

میمنہ ***ਮੈਮਨਾ*** : ਸੱਜਾ ਪਾਸਾ, ਸੱਜੇ ਪਾਸੇ ਦੀ ਫ਼ੌਜ।

میمون ***ਮੈਮੂਨ*** : ਬਰਕਤ ਵਾਲਾ, ਮੁਬਾਰਕ, ਸ਼ੁਭ।

میمن ***ਮੈਮੁਨ*** : ਬਾਂਦਰ।

مین ***ਮੀਨ*** : (**من** ਮਨ) ਮੈਂ।

مینا ***ਮੀਨਾ*** : ਸ਼ੀਸ਼ਾ, ਕੱਚ, ਰੰਗ ਬਰੰਗਾ ਕੱਚ; ਸ਼ਰਾਬ ਦੀ ਬੋਤਲ ਜਾਂ ਸੁਰਾਹੀ; ਓਹ ਵੇਲ ਬੂਟੇ ਜੇਹੜੇ ਸ਼ੀਸ਼ੇ ਚਾਂਦੀ ਜਾਂ ਸੋਨੇ ਦੇ ਗੈਹਣਿਆਂ ਅਤੇ ਭਾਂਡਿਆ 'ਤੇ ਕੱਢਦੇ ਹਨ।

میناکاری ***ਮੀਨਾ-ਕਾਰੀ*** : ਸੋਨੇ ਚਾਂਦੀ 'ਤੇ ਬੂਟੇ ਪਾਉਣ ਦਾ ਕੰਮ; ਨੁਕਤਾਚੀਨੀ।

میوہ ***ਮੇਵਾ*** : ਫਲ।

میہمان ***ਮੀਹਮਾਨ*** : ਵੇਖੋ **مہمان** ਮਿਹਮਾਨ।

ਕਿਤਾਬਾਂ ਆਦਿ ਰੱਖਣ ਦੀ ਚੌਕੀ ਜਾਂ ਤਖ਼ਤ, ਜ਼ਿਆਫ਼ਤ।

میزان ***ਮੀਜ਼ਾਨ*** : ਤੱਕੜੀ, ਕੰਡਾ; ਇਕ ਬੁਰਜ ਦਾ ਨਾਮ; ਤੁਲਾ ਰਾਸ਼ੀ; ਟੋਟਲ, ਜੋੜ।

میزبان ***ਮੇਜ਼ਬਾਨ/ਮੀਜ਼ਬਾਨ*** : (ਮੇਜ਼ + ਬਾਨ) ਜਿਆਫ਼ਤ ਕਰਨ ਵਾਲਾ, ਜਿਸ ਦੇ ਘਰ ਮੈਹਮਾਨ ਆਵੇ।

میسّر ***ਮੁਯੱਸਰ*** : ਅਸਾਨ ਕੀਤਾ ਗਿਆ, ਜੋ ਚੀਜ਼ ਸੌਖੇ ਹੀ ਮਿਲ ਜਾਵੇ, ਉਪਲਬਧ।

میعاد ***ਮੈਆਦ*** : ਪਰਸਪਰ ਇਕਰਾਰ ਕਰਨਾ, ਇਕਰਾਰ, ਵਾਅਦਾ ਕਰਨ ਦੀ ਜਗ੍ਹਾ, ਵਾਅਦੇ ਦਾ ਵਕਤ, ਨਿਸ਼ਚਤ ਵਕਤ।

میقات ***ਮੀਕਾਤ*** : ਵਕਤ, ਸਮਾਂ, ਨਿਸ਼ਚਤ ਸਮਾਂ, ਵਾਅਦੇ ਦੀ ਜਗ੍ਹਾ, ਇਕ ਥਾਂ ਇੱਕਠੇ ਹੋਣ ਦਾ ਸਮਾਂ, ਹਜ ਦਾ ਅਹਰਾਮ ਬੰਨ੍ਹਣ ਦੀ ਥਾਂ, ਕੁਰਾਨ ਸ਼ਰੀਫ਼।

میکال ***ਮੀਕਾਲ,*** **میکائیل** ***ਮੀਕਾਈਲ,*** **میکائین** ***ਮੀਕਾਈਨ*** : ਇਕ ਫ਼ਰਿਸ਼ਤੇ ਦਾ ਨਾਮ ਜੋ ਰੋਜ਼ੀ ਪੌਹਚਾਉਂਦਾ ਹੈ।

میل ***ਮੈਲ*** : ਹਿਲਣਾ, ਝੁਕਣਾ, ਝਕਾਉ, ਇੱਛਾ, ਧਿਆਨ, ਰੁਚੀ, ਟੇਢਾਪਣ।

ن (ਨੂਨ)

ن ***ਨ (ਨੂਨ)*** : ਫ਼ਾਰਸੀ ਵਰਨਮਾਲਾ ਦਾ ਉਨੱਤੀਵਾਂ ਅਤੇ ਅਰਬੀ ਦਾ ਪੰਝੀਵਾਂ ਅੱਖਰ, ਅਬਜਦ ਅਨੁਸਾਰ ਇਸ ਦੇ ਪੰਜਾਹ (੫੦) ਅੰਕ ਨਿਸ਼ਚਤ ਹਨ।

نا ***ਨਾ*** : (=ਨੈ) ਬੰਸਰੀ, ਵੰਝਲੀ, ਬਾਂਸ ਦੀ ਨਲੀ;ਪਾਣੀ, ਗਲ, ਸੰਘ; ਨਾਂਹਵਾਚੀ ਅਗੇਤਰ।

ناآزموده ***ਨਾ-ਆਜ਼ਮੂਦਾ*** : ਬਿਨਾ ਅਜ਼ਮਾਇਸ਼, ਬਿਨਾ ਦੇਖੇ ਭਾਲੇ, ਬਿਨਾ ਤਜਰਬੇ ਦੇ, ਨਵ-ਸਿਖਾਂਦਰੂ; ਅਨਾੜੀ, ਨਦਾਨ।

ناآشنا ***ਨਾ-ਆਸ਼ਨਾ*** : ਨਾਵਾਕਫ਼ ਪਰਾਇਆ, ਅਜਨਬੀ, ਅਣਜਾਣ, ਜਿਸ ਨਾਲ ਜਾਣ-ਪਛਾਣ ਨਾ ਹੋਵੇ; ਬੇ-ਲਿਹਾਜ਼ਾ, ਬੇਵਫ਼ਾ, ਖ਼ੁਸ਼ਕ, ਰੁੱਖਾ; ਤਿੱਖਾ, ਭੈੜੇ ਵਿਵਹਾਰ ਵਾਲਾ; ਜੋ ਤਰਨਾ ਨਾ ਜਾਣਦਾ ਹੋਵੇ।

ناآمیزگار ***ਨਾ-ਆਮੇਜ਼ਗਾਰ*** : ਜੋ ਮਿਲਣਾ-ਜੁਲਣਾ ਪਸੰਦ ਨਾ ਕਰੇ, ਨਾਮਿਲਣਸਾਰ।

ناآهار ***ਨਾ-ਆਹਾਰ*** : ਜਿਸ ਨੇ ਕੁਝ ਨਾ ਖਾਧਾ ਹੋਵੇ, ਵਰਤਧਾਰੀ।

نااستاد ***ਨਾ-ਉਸਤਾਦ*** : ਬੇ-ਪੀਰਾ, ਜਿਸ ਨੇ ਕੋਈ ਸਿੱਖਿਆ ਪਰਾਪਤ ਨਾ ਕੀਤੀ ਹੋਵੇ।

نااستوار ***ਨਾ-ਉਸਤੁਵਾਰ*** : ਜੋ ਪੱਕਾ ਨਾ ਹੋਵੇ, ਕਿਸੇ ਗੱਲ ਤੇ ਨਾ ਖਲੋਣ ਵਾਲਾ।

ناامید ***ਨਾ ਉਮੀਦ*** : ਬੇਆਸ, ਨਿਰਾਸਾ, ਅਸਫਲ।

ناامیدی ***ਨਾ ਉਮੀਦੀ*** : ਨਿਰਾਸ਼ਾ।

نابالغ ***ਨਾ ਬਾਲਿਗ਼*** : ਜੋ ਬਾਲਗ ਨਾ ਹੋਵੇ, ਛੋਟੀ ਉਮਰ ਦਾ।

نابسته ***ਨਾਬਸਤਾ*** : ਜਿਸ ਦੇ ਫੱਟ,ਜ਼ਖ਼ਮ ਬੱਝੇ ਨਾ ਹੋਣ।

نابسود ***ਨਾ-ਬਸੂਦ*** : ਨਵਾਂ, ਨਵਾਂ ਨਕੋਰ।

نابسی ***ਨਾ ਬਸੀ*** : ਜਿਸ ਦਾ ਵਜੂਦ ਨਾ ਹੋਵੇ; ਅਣਹੋਂਦਾ।

نابکار ***ਨਾ-ਬਕਾਰ*** : ਬੇਫ਼ਾਇਦਾ, ਨਿਕੰਮਾ, ਬੇਕਾਰ; ਨਲਾਇਕ, ਕਮੀਨਾ, ਬਦਕਾਰ; ਫ਼ਸਾਦੀ, ਸ਼ਰਾਰਤੀ।

نابلد ***ਨਾਬਲਦ*** : ਨਾਵਾਕਫ਼, ਅਣਜਾਣ, ਅਨਾੜੀ; ਪਰਦੇਸੀ,ਪਰਾਇਆ, ਓਪਰਾ।

نابنوا ***ਨਾ-ਬ-ਨਵਾ*** : ਓਹ ਚੀਜ਼ ਜੋ ਨਕਾਰਾ ਹੋ ਗਈ ਹੋਵੇ, ਨਿਕੰਮੀ ਚੀਜ਼।

نابود ***ਨਾਬੂਦ*** : ਜੋ ਨਸ਼ਟ ਹੋ ਗਈ ਹੋਵੇ।

نابودمند ***ਨਾ-ਬੂਦਮੰਦ*** : ਅਤਿ ਗ਼ਰੀਬ, ਦੀਵਾਲੀਆ; ਪਰੇਸ਼ਾਨ।

نابهره ***ਨਾ-ਬਹਰਾ*** : ਬੇਅਕਲ, ਮੂਰਖ, ਕਮੀਨਾ, ਘਟੀਆ, ਤੁੱਛ, ਹੋਛਾ, ਬਦਬਖ਼ਤ, ਅਭਾਗਾ।

نابین ***ਨਾਬੀਨ,*** **نابینا** ***ਨਾਬੀਨਾ*** : ਅੰਨ੍ਹਾ।

نابئیوسان ***ਨਾ ਬੇਊਸਾਨ*** : ਨਾਉਮੀਦ, ਨਿਰਾਸ; ਅਣਜਾਣ; ਅਚਾਨਕ।

ناپاک ***ਨਾਪਾਕ*** : ਗੰਦਾ, ਪਲੀਤ, ਮੈਲਾ, ਨਿੱਜਸ।

ناپاکی ***ਨਾਪਾਕੀ*** : ਗੰਦਗੀ, ਮੈਲਾਪਣ,

ਪਲੀਦਗੀ।

ناپایدار *ਨਾਪਾਯਦਾਰ* : ਕੱਚਾ, ਝਟ-ਰੈਹਣਾ; ਬੋਦਾ, ਜਰਜਰਾ; ਕਮਜ਼ੋਰ।

ناپایداری *ਨਾਪਾਯਦਾਰੀ* : ਨਾਸ਼ਮਾਨਤਾ, ਕਮਜ਼ੋਰੀ, ਬੋਦਾਪਣ।

ناپختہ *ਨਾਪੁਖ਼ਤਾ* : ਕੱਚਾ, ਨਾ ਤਜਰਬਾਕਾਰ।

ناپدید *ਨਾ ਪਦੀਦ* ; ਜੋ ਵਿਖਾਈ ਨਾ ਦੇਵੇ; ਜੋ ਪਰਗਟ ਨਾ ਹੋਵੇ, ਗੁਪਤ।

ناپسر *ਨਾ ਪਿਸਰ* : ਮਤੇਆ ਪੁੱਤਰ, ਪਿਛਲੱਗ, ਹੜੁੱਤ।

ناپیداکنار *ਨਾ-ਪੈਦਾ ਕਿਨਾਰ*, **ناپیداکرانہ** *ਨਾ-ਪੈਦਾ ਕਿਰਾਨਾ* : ਅਜੇਹਾ ਸਮੁੰਦਰ ਜਾਂ ਦਰਿਆ ਜਿਸ ਦਾ ਕੰਢਾ ਦਿਖਾਈ ਨਾ ਦੇਵੇ।

ناتراش *ਨਾ-ਤਰਾਸ਼* : ਨਾ ਛਿੱਲਿਆ ਜਾਂ ਛਾਂਗਿਆ ਹੋਇਆ।

ناتراشیدہ *ਨਾ-ਤਰਾਸ਼ੀਦਾ* : ਖਰ੍ਹਵਾ, ਖੁਰਦਰਾ, ਅਨਘੜ, ਬੇਅਦਬ, ਗੰਵਾਰ, ਕਮੀਨਾ, ਬੇਅਸੂਲਾ।

ناتمام *ਨਾ ਤਮਾਮ* : ਅਧੂਰਾ, ਨਾਮੁਕੰਮਲ, ਕੱਚਾ, ਖ਼ਾਮ।

ناتوان *ਨਾ-ਤੁਵਾਨ*, **ناتوانہ** *ਨਾ-ਤੁਵਾਨਾ* : ਕਮਜ਼ੋਰ, ਮਾੜਾ, ਨਾਤਾਕਤ; ਨਿਰਬਲ।

ناتوانی *ਨਾਤੁਵਾਨੀ* : ਕਮਜੋਰੀ, ਨਿਰਬਲਤਾ।

ناجنس *ਨਾਜਿਨਸ* : ਗ਼ੈਰ ਜਿਨਸ ਦਾ, ਅਯੋਗ, ਬੇਮੇਲ; ਕਮੀਨਾ, ਹੋਛਾ।

ناچار *ਨਾਚਾਰ* : ਜ਼ਰੂਰੀ ਚੀਜ਼ ਜਿਸ ਬਿਨਾ ਕੰਮ ਨਾ ਚੱਲੇ; ਮਜਬੂਰ, ਲਚਾਰ, ਬੇਚਾਰਾ।

ناچاری *ਨਾਚਾਰੀ* : ਮਜਬੂਰੀ।

ناچاق *ਨਾਚਾਕ* : ਕਮਜ਼ੋਰ, ਪਤਲਾ, ਰੋਗੀ, ਢਿੱਲਾ।

ناچیز *ਨਾਚੀਜ਼* : ਤੁੱਛ।

ناحق *ਨਾਹਕ* : ਬੇਸਬਬ, ਅਨੁਚਿਤ; ਬੇਫ਼ਾਇਦਾ, ਐਂਵਾਈਂ, ਫ਼ਜ਼ੂਲ।

ناخلف *ਨਾ ਖਲਫ* : ਨਲਾਇਕ ਪੁੱਤਰ; ਓਹ ਪੁੱਤਰ ਜੇਹੜਾ ਬਾਪ ਦੇ ਕੈਹਣੇ ਵਿਚ ਨਾ ਹੋਵੇ।

ناخواست *ਨਾ-ਖ਼ਾਸਤ*, **ناخواہ** *ਨਾ ਖ਼ਾਹ* : ਬੇਇਤਬਾਰਾ; ਬਗ਼ੈਰ ਚਾਹੇ, ਬੇਤਲਬ।

ناخواندہ *ਨਾ-ਖ਼ਾਂਦਾ* ; ਅਨਪੜ੍ਹ, ਬਿਨ ਬੁਲਾਇਆ।

ناخواندہمہمان *ਨਾ ਖ਼ਾਂਦਾ ਮਹਮਾਨ* : ਬਿਨ ਬੁਲਾਇਆ ਪਰਾਹੁਣਾ, ਮੁਫ਼ਤਖ਼ੋਰਾ।

ناخوش *ਨਾਖ਼ੁਸ਼* : ਨਰਾਜ਼, ਬੇਜ਼ਾਰ; ਬੀਮਾਰ, ਰੋਗੀ।

ناخوشی *ਨਾਖ਼ੁਸ਼ੀ* : ਨਰਾਜ਼ਗੀ, ਬੇਜ਼ਾਰੀ; ਬੀਮਾਰੀ।

نادار *ਨਾਦਾਰ* : ਗ਼ਰੀਬ, ਕੰਗਾਲ।

ناداری *ਨਾਦਾਰੀ* : ਗ਼ਰੀਬੀ, ਕੰਗਾਲੀ।

ناداشت *ਨਾਦਾਸ਼ਤ* : ਨਾਦਾਰ, ਗ਼ਰੀਬ, ਮੁਥਾਜ; ਬੇਸ਼ਰਮ; ਬੇਇਤਬਾਰਾ;ਗੁਰ਼ਜ਼ਮਾਰ /ਛੁਰੀ ਮਾਰ ਫ਼ਕੀਰ।

ناداشتی *ਨਾਦਾਸ਼ਤੀ* : ਗ਼ਰੀਬੀ, ਮੁਥਾਜੀ; ਬੇਸ਼ਰਮੀ, ਪਰੇਸ਼ਾਨੀ।

نادان *ਨਾਦਾਨ* : ਬੇਵਕੂਫ਼, ਮੂੜ੍ਹ, ਮੂਰਖ।

نادانستگی *ਨਾਦਾਨਿਸਤਗੀ* : ਅਣਜਾਣਪੁਣਾ।

نادانستہ *ਨਾਦਾਨਿਸਤਾ* : ਅਣਜਾਣੇ ਵਿਚ, ਭੁੱਲ ਭੁਲੇਖੇ।

نادانی *ਨਾਦਾਨੀ* : ਬੇਵਕੂਫ਼ੀ, ਭੁੱਲ।

نادربرابر *ਨਾਦਰ-ਬਰਾਬਰ* : ਨਲਾਇਕ, ਅਯੋਗ।

نادیدگی *ਨਾਦੀਦਗੀ* : ਗ਼ਰੀਬੀ, ਮੁਥਾਜੀ, ਨਾਦਾਰੀ।

نادیدنی *ਨਾਦੀਦਨੀ* : ਨਾ ਵੇਖਣਯੋਗ।

نادیدہ ***ਨਾਦੀਦਾ*** : ਨਾ ਵੇਖਿਆ ਹੋਇਆ; ਅਣਡਿੱਠਾ; ਅਣਜਾਣ, ਨਾ-ਤਜਰਬਾਕਾਰ; ਕਮੀਨਾ, ਕੰਜੂਸ।

ناراست ***ਨਾਰਾਸਤ*** : ਜੋ ਸਿੱਧਾ ਨਾ ਹੋਵੇ, ਟੇਢਾ; ਖੋਟਾ ਆਦਮੀ, ਝੂਠਾ।

ناراستی ***ਨਾਰਾਸਤੀ*** : ਬੇਈਮਾਨੀ।

نارس ***ਨਾਰਸ*** : ਕੱਚਾ ਫਲ।

نارسا ***ਨਾ ਰਸਾ*** : ਨਾ ਪੌਹਚਣ ਵਾਲਾ; ਜਿਸ ਦਾ ਅਸਰ ਨਾ ਹੋਵੇ; ਬੇਅਸਰ; ਨਾਮੁਰਾਦ; ਕੱਚਾ।

نارسائی ***ਨਾਰਸਾਈ*** : ਪੌਹਚ ਨਾ ਹੋਣੀ।

نارسیدہ ***ਨਾਰਸੀਦਾ*** : ਨਾ ਪੌਹਚਿਆ ਹੋਇਆ, ਕੱਚਾ; ਨਾਮੁਕੰਮਲ;ਕੁਆਰੀ ਲੜਕੀ।

ناروا ***ਨਾਰਵਾ*** : ਜੋ ਪਰਚਲਤ ਨਾ ਹੋਵੇ; ਨਜਾਇਜ਼, ਹਰਾਮ, ਸ਼ਰ੍ਹਾ ਦੇ ਵਿਰੁੱਧ, ਅਯੋਗ।

ناریب ***ਨਾਜ਼ੇਬ,*** **ناریبا** ***ਨਾਜ਼ੇਬਾ*** : ਭੱਦਾ, ਕੋਝਾ, ਕਰੂਪ, ਅਯੋਗ।

نازور ***ਨਾ ਜ਼ੋਰ*** : ਕਮਜ਼ੋਰ, ਨਿਰਬਲ।

ناساز ***ਨਾਸਾਜ਼*** : ਜੋ ਅਨੁਕੂਲ ਨਾ ਹੋਵੇ, ਵਿਰੁੱਧ; ਬੀਮਾਰ।

ناسازی ***ਨਾਸਾਜ਼ੀ*** : ਵਿਰੋਧ; ਬੇਪਰਵਾਹੀ; ਮੰਦਾ ਸਲੂਕ, ਬੀਮਾਰੀ।

ناسپاس ***ਨਾ ਸਿਪਾਸ*** : ਨਾ-ਸ਼ੁਕਰਾ, ਨਾ-ਸ਼ੁਕਰਗੁਜ਼ਾਰ, ਅਕਿਰਤਘਣ।

ناسپاسی ***ਨਾ-ਸਿਪਾਸੀ*** : ਨਾ ਸ਼ੁਕਰਗੁਜ਼ਾਰੀ।

ناستودہ ***ਨਾ-ਸਤੂਦਾ*** : ਜਿਸ ਦੀ ਉਪਮਾ ਨਾ ਹੋਈ ਹੋਵੇ।

ناسرہ ***ਨਾ-ਸਰਾ*** : ਖੋਟਾ, ਖੋਟਾ ਸੋਨਾ,ਮੁਲੰਮਾ; ਭੈੜਾ ਕਲਾਮ।

ناسزا ***ਨਾ-ਸਜ਼ਾ*** : ਅਯੋਗ; ਬੇਜਾ, ਗ਼ੁਲ, ਕਮੀਨਾ, ਬੇਵਕੂਫ਼।

ناسزاوار ***ਨਾ-ਸਜ਼ਾ ਵੌਰ*** : ਨਲਾਇਕ, ਕਮੀਨਾ, ਮਨਹੂਸ।

ناسفتہ ***ਨਾ-ਸੁਫ਼ਤਾ*** : ਨਾ ਛੇਦਿਆ ਹੋਇਆ, ਅਣਵਿਧ; ਕੰਵਾਰੀ ਲੜਕੀ।

ناشاد ***ਨਾਸ਼ਾਦ*** : ਅਪਰਸੰਨ, ਉਦਾਸ, ਗ਼ਮਗ਼ੀਨ।

ناشایستگی ***ਨਾਸ਼ਾਯਸਤਗੀ*** : ਅਸ਼ਿਸ਼ਟਤਾ।

ناشایستہ ***ਨਾ ਸ਼ਾਯਿਸਤਾ*** : ਅਯੋਗ, ਅਸ਼ਿਸ਼ਟ, ਅਸਭਯ, ਨਲਾਇਕ, ਗੰਵਾਰ।

ناشدنی ***ਨਾਸ਼ੁਦਨੀ*** : ਅਨਹੋਣੀ, ਅਸੰਭਵ।

ناشستہرو ***ਨਾ ਸ਼ੁਸਤਾ-ਰੂ*** : ਬੇਇੱਜ਼ਤ, ਜ਼ਲੀਲ।

ناشکیب ***ਨਾ-ਸ਼ਕੇਬ*** : ਬੇਸਬਰਾ, ਬੇਕਰਾਰ।

ناشکیبائی ***ਨਾ-ਸ਼ਕੇਬਾਈ*** : ਬੇਸਬਰੀ, ਬੇਕਰਾਰੀ।

ناشناخت ***ਨਾਸ਼ਿਨਾਖ਼ਤ,*** **ناشناس** ***ਨਾ-ਸ਼ਿਨਾਸ*** : ਓਪਰਾ, ਅਣਜਾਣ।

نافرمان ***ਨਾਫ਼ਰਮਾਨ*** : ਹੁਕਮ ਨਾ ਮੰਨਣ ਵਾਲਾ, ਆਕੀ।

نافرمانی ***ਨਾ-ਫ਼ਰਮਾਨੀ*** : ਹੁਕਮ ਨਾ ਮੰਨਣਾ, ਆਕੀਪੁਣਾ।

ناکردنی ***ਨਾ ਕਰਦਨੀ*** : ਜੋ ਗੱਲ ਕਰਨਯੋਗ ਨਾ ਹੋਵੇ, ਅਯੋਗ ਗੱਲ।

ناکردہکار ***ਨਾ-ਕਰਦਾਕਾਰ*** : ਨਾਤਜਰਬਾਕਾਰ; ਅਨਾੜੀ, ਕੱਚਾ, ਅੱਲ੍ਹੜ।

ناکس ***ਨਾ-ਕਸ*** : ਨਲਾਇਕ, ਕਮੀਨਾ, ਘਟੀਆ।

ناکسی ***ਨਾਕਸੀ*** : ਕਮੀਨਾਪਣ, ਨਲਾਇਕੀ।

ناگاہ ***ਨਾਗਾਹ*** : ਅਚਾਨਕ, ਇਕਦਮ।

ناگزیر ***ਨਾ-ਗੁਜ਼ੀਰ*** : ਜ਼ਰੂਰ; ਅਵਸ਼ਕ, ਲਾਇਲਾਜ।

ناگفتہبہ ***ਨਾਗੁਫ਼ਤਾ-ਬਿਹ*** : ਨਾ

ਹੀ ਕਹੋ ਤਾਂ ਚੰਗਾ ਹੈ, ਅਤਿ ਭੈੜੀ ਹਾਲਤ, ਜੇਹੜੀ ਕਹੀ ਨਾ ਜਾ ਸਕੇ।

ناگوار ***ਨਾ-ਗੁਵਾਰ*** : ਬਦਮਜ਼ਾ, ਜੋ ਹਜ਼ਮ ਨਾ ਹੋਵੇ।

ناگوارہ ***ਨਾ ਗੁਵਾਰਾ*** : ਅਯੋਗ, ਨਾ ਪਸੰਦ, ਨਾ-ਖ਼ੁਸ਼।

ناگہاں ***ਨਾਗਹਾਨ*** : ਅਚਾਨਕ।

ناگہانی ***ਨਾਗਹਾਨੀ*** : ਅਚਨਚੇਤੀ, ਅਚਾਨਕ।

نامحدود ***ਨਾ-ਮਹਦੂਦ*** : ਅਨੰਤ, ਅਸੀਮ।

نامحرم ***ਨਾਮਹਰਮ*** : ਅਜਨਬੀ, ਓਪਰਾ।

نامردم ***ਨਾ-ਮਰਦੁਮ*** : ਨਲਾਇਕ।

نامردمی ***ਨਾ-ਮਰਦੁਮੀ*** : ਬੇਲਿਹਾਜ਼ੀ, ਨਲਾਇਕੀ।

نامعقول ***ਨਾ-ਮਅਕੂਲ*** : ਜੋ ਅਕਲ ਵਿਚ ਨਾ ਆਵੇ, ਬੇਵਕੂਫ਼ੀ ਦੀ ਗੱਲ;ਅਯੋਗ, ਬੇਵਕੂਫ਼।

ناملائم ***ਨਾਮੁਲਾਇਮ*** : ਖਰ੍ਹਵਾ, ਖੁਰਦਰਾ, ਸਖ਼ਤ, ਅਯੋਗ, ਨਾ ਮੁਨਾਸਬ, ਭੈੜਾ, ਖ਼ਰਾਬ, ਮੰਦਾ ਕਰਮ।

نانہادہ ***ਨਾ-ਨਿਹਾਦਾ*** : ਜੋ ਚੀਜ਼ ਕਿਸਮਤ ਵਿਚ ਨਾ ਹੋਵੇ।

ناہار ***ਨਾਹਾਰ*** : ਓਹ ਆਦਮੀ ਜਿਸ ਨੇ ਸਵੇਰ ਦਾ ਕੁਝ ਨਾ ਖਾਧਾ ਹੋਵੇ, ਖਾਲੀ-ਪੇਟ।

ناہاری ***ਨਾਹਾਰੀ*** : ਜੋ ਸਵੇਰ ਵੇਲੇ ਖਾਧਾ ਜਾਵੇ, ਨਾਸ਼ਤਾ, ਹਾਜ਼ਰੀ।

ناہموار ***ਨਾ-ਹਮਵਾਰ*** : ਜੋ ਪੱਧਰਾ ਨਾ ਹੋਵੇ; ਉਚਾ ਨੀਵਾਂ; ਬੇਹੂਦਾ।

ناہمواری ***ਨਾਹਮਵਾਰੀ*** : ਉਚਾ ਨੀਵਾਂ ਹੋਣਾ, ਬਰਾਬਰ ਨਾ ਹੋਣਾ।

ناہنجار ***ਨਾ-ਹੰਜਾਰ*** : ਕੁਰਾਹੀਆ; ਬਦਚਲਨ, ਕਮੀਨਾ।

ناہوشمند ***ਨਾ-ਹੋਸ਼ਮੰਦ*** : ਬੇਸੁਰਤ, ਨਦਾਨ, ਬੇਵਕੂਫ਼।

ناب ***ਨਾਬ*** : ਪਾਕ, ਸਾਫ਼, ਸ਼ੁੱਧ।

نابہ ***ਨਾਬਾ*** : ਖ਼ਾਲਸ ਸ਼ਰਾਬ।

نابغہ ***ਨਾਬਿਗ਼ਾ*** : ਇਕ ਸ਼ਾਇਰ ਦਾ ਨਾਮ, ਜੋ ਨਾਅਮਾਨ-ਬਿਨ-ਮੰਜਰ ਦਾ ਪਰਸ਼ੰਸ਼ਕ ਸੀ; ਬੇਹੱਦ ਤਿੱਖੀ ਬੁੱਧੀ ਵਾਲਾ।

نابلس ***ਨਾਬਲਸ*** : ਫਲਸਤੀਨ ਵਿਚ ਬੈਤੁਲਮੁਕੱਦਿਸਾ ਤੋਂ ਦਸ ਫ਼ਰਸੰਗ ਦੂਰ ਇਕ ਕਸਬਾ ਜਿਸ ਦੇ ਨੇੜੇ ਜਬਲਿ-ਕੁੱਦਸ ਹੈ ਜਿਸ ਨੂੰ ਯਹੂਦੀ ਪਵਿੱਤਰ ਮੰਨਦੇ ਹਨ।

ناثر ***ਨਾਸਿਰ*** : ਨਸਰ (ਵਾਰਤਕ) ਲਿਖਣ ਵਾਲਾ, ਵਾਰਤਕਕਾਰ, ਗੱਦਕਾਰ।

ناجو ***ਨਾਜੂ*** : ਸਨੋਬਰ ਦਾ ਰੁੱਖ।

ناجی ***ਨਾਜੀ*** : ਨਜਾਤ ਪਾਉਣ ਵਾਲਾ, ਮੁਕਤੀ ਪਰਾਪਤ ਕਰਨ ਵਾਲਾ, ਦੁੱਖ ਤੋਂ ਛੁਟਕਾਰਾ ਪਾਉਣ ਵਾਲਾ।

ناخ ***ਨਾਖ਼*** : ਧੁਨੀ, ਇਕ ਪਰਕਾਰ ਦੀ ਨਾਸ਼ਪਾਤੀ।

ناخدا ***ਨਾਖ਼ੁਦਾ*** : (=ਨਾਉ **ناو** (ਬੇੜੀ) + ਖ਼ੁਦਾ **خدا** =ਮਾਲਕ) ਬੇੜੀ ਦਾ ਮਾਲਕ, ਮੱਲਾਹ, ਮਾਝੀ, ਪਥਪਰਦਰਸ਼ਕ।

ناخن ***ਨਾਖ਼ੁਨ*** : ਉਂਗਲਾਂ ਦੇ ਸਿਰੇ 'ਤੇ ਹੱਡੀ ਵਰਗਾ ਨਹੁੰ, ਪਸ਼ੂਆਂ ਦੇ ਖੁਰ।

ناخنِ آفتاب ***ਨਾਖ਼ੁਨ-ਏ-ਆਫ਼ਤਾਬ*** : ਅੱਗ, ਸੂਰਜ ਦੀ ਕਿਰਨ, ਮਸ਼ੂਕ ਦੇ ਨਹੁੰ।

ناخن برا(برای) ***ਨਾਖ਼ੁਨ ਬਰਾ (ਬਰਾਯ)*** : ਕੈਂਚੀ।

ناخن پیرای ***ਨਾਖ਼ੁਨ ਪੈਰਾਯ*** : ਨਹੁੰ ਲਾਹੁਣ ਦਾ ਸੰਦ, ਨਹੇਰਨਾ, ਨਾਈ, ਹੱਜਾਮ।

ناخن خامہ ***ਨਾਖ਼ੁਨ-ਏ-ਖ਼ਾਮਾ*** : ਕਲਮ ਦੀ ਚੁੰਝ।

ناخن رور ***ਨਾਖ਼ੁਨ-ਏ-ਰੂਜ਼*** : ਸੂਰਜ।

ناخنک ***ਨਾਖ਼ੁਨਕ,*** **ناخنہ** ***ਨਾਖ਼ੁਨਾ*** : ਨਹੁੰ ਦੀ ਸ਼ਕਲ ਦਾ ਚਿੱਟਾ ਜੇਹਾ ਮਾਸ ਜੇਹੜਾ ਅੱਖ ਦੇ ਕੋਨੇ ਵਿਚ ਪੈਦਾ ਹੋ ਜਾਂਦਾ ਹੈ ਅਤੇ ਵਧ

ਕੇ ਓਹ ਅੱਖ ਨੂੰ ਢੱਕ ਲੈਂਦਾ ਹੈ ਜਿਸ ਨਾਲ ਆਦਮੀ ਅੰਨ੍ਹਾ ਹੋ ਜਾਂਦਾ ਹੈ।

ناخنہُچشمِشِب ***ਨਾਖੁਨਾ-ਏ-ਚਸ਼ਮ-ਏ-ਸ਼ਬ*** : ਪੈਹਲੀ ਰਾਤ ਦਾ ਚੰਦ, ਏਕਮ ਦਾ ਚੰਦ।

نادر ***ਨਾਦਿਰ*** : ਘੱਟ, ਥੋੜਾ; ਦੁਰਲੱਭ, ਕਾਮਯਾਬ, ਇੱਕਲਾ, ਅਦੁੱਤੀ, ਵਚਿਤਰ, ਅਜੀਬ, ਤੋਹਫ਼ਾ, ਸੁਗ਼ਾਤ, ਕੀਮਤੀ, ਬੌਹਮੁੱਲਾ।

نادرہ ***ਨਾਦਿਰਾ*** : ਅਜੀਬ ਚੀਜ਼।

نادرشاہ ***ਨਾਦਿਰ ਸ਼ਾਹ*** : ਈਰਾਨ ਦੇ ਪਰਸਿੱਧ ਬਾਦਸ਼ਾਹ ਦਾ ਨਾਮ, ਜਿਸ ਨੇ ਮੁਹੰਮਦਸ਼ਾਹ ਦੇ ਸਮੇਂ ਹਿੰਦੁਸਤਾਨ ਨੂੰ ਲੁੱਟਿਆ ਅਤੇ ਦਿੱਲੀ ਵਿਚ ਕਤਲਾਮ ਕੀਤਾ।

نادم ***ਨਾਦਿਮ*** : ਸ਼ਰਮਿੰਦਾ, ਸ਼ਰਮਸਾਰ; ਪਸ਼ੇਮਾਨ।

نادی ***ਨਾਦੀ*** : ਅਵਾਜ਼ ਕਰਨ ਵਾਲਾ, ਪੁਕਾਰਨ ਵਾਲਾ, ਅਵਾਜ਼ ਦੇਣ ਵਾਲਾ; ਸਭਾ।

نار ***ਨਾਰ*** : ਅੱਗ, ਅਗਨੀ; ਦਾਗ਼; ਮਨ, ਬੁੱਧੀ; ਸੁਲਾਹ, ਨਸੀਹਤ।

ناری ***ਨਾਰੀ*** : ਅੱਗ ਦਾ; ਦੋਜ਼ਖ਼ੀ, ਨਾਰ ਨਾਲ ਸਬੰਧਤ; ਜਿੰਨ, ਪਰੀ; ਪਾਉਣ ਵਾਲੇ ਕੱਪੜੇ।

نار ***ਨਾਰ*** : ਅਨਾਰ।

نارافشاں ***ਨਾਰ ਅਫ਼ਸ਼ਾਦਨ*** : ਲਹੂ ਦੇ ਅਥਰੂ ਕੇਰਨਾ,ਦਿਲ ਦੇ ਬਿਰਹਾ ਨਾਲ ਰੋਣਾ।

نارِباغِسینہ ***ਨਾਰ-ਏ-ਬਾਗ਼-ਏ-ਸੀਨਾ*** : ਪਿਸਤਾਨ, ਦੁੱਧੀਆਂ, ਮੰਮੀਆਂ,ਮੰਮੇ।

ناربن ***ਨਾਰ ਬੁਨ*** : ਅਨਾਰ ਦਾ ਪੇੜ।

ناربنِقلعہ ***ਨਾਰ ਬੁਨ-ਏ-ਕਲਆ*** : ਕਿਲ੍ਹੇ ਦੀ ਬਾਹਰਲੀ ਦੀਵਾਰ ਜਿਸ ਦੇ ਕਿੰਗਰੇ ਅਨਾਰ ਵਰਗੇ ਹੁੰਦੇ ਹਨ।

نارپستان ***ਨਾਰ ਪਿਸਤਾਨ*** : ਸਖ਼ਤ ਪਿਸਤਾਨ (ਮੰਮੀਆਂ) ਵਾਲੀ ਇਸਤਰੀ, ਓਹ ਔਰਤ ਜਿਸ ਦੇ ਪਿਸਤਾਨ ਉਤਾਂਹ ਨੂੰ ਖਲੋਤੇ ਰੈਂਹਦੇ ਹਨ ਤੇ ਹੇਠਾਂ ਨੂੰ ਨਹੀਂ ਢਲਕਦੇ।

نارخو ***ਨਾਰਖ਼ੂ*** : ਅਗਨੀ ਸੁਭਾ, ਤੇਜ਼ ਸੁਭਾ ਵਾਲਾ ਆਦਮੀ; ਅਨਾਰ ਦਾ ਫੁੱਲ।

نارخوک ***ਨਾਰਖ਼ੂਕ*** : ਅਫੀਮ, ਤਰਿਆਕ।

ناردان ***ਨਾਰਦਾਨ*** : ਅਨਾਰ ਦਾ ਬੀਜ।

ناردانگ ***ਨਾਰਦਾਂਗ*** : ਅਨਾਰ ਦਾ ਪਾਣੀ।

ناردانہ ***ਨਾਰ-ਦਾਨਾ*** : ਮਸ਼ੂਕ ਦੇ ਲਾਲ ਹੋਠ; ਅੰਗੀਠੀ, ਅਨਾਰਦਾਣਾ।

نارِفارسی ***ਨਾਰ-ਏ-ਫ਼ਾਰਸੀ***: ਇਕ ਰੋਗ ਜਿਸ ਨਾਲ ਸਰੀਰ 'ਤੇ ਨਿਕੇ ਨਿਕੇ ਛਾਲੇ ਨਿਕਲ ਆਉਂਦੇ ਹਨ; ਆਤਸ਼ਕ।

نارجیل ***ਨਾਰਜੀਲ*** : (ਨਾਰੀਅਲ **ناریل** ਦਾ ਅਰਬੀ ਰੂਪਾਂਤਰ) ਨਾਰੀਅਲ, ਖੋਪਾ।

نارجیلہ ***ਨਾਰਜੀਲਾ*** : ਹੁੱਕਾ।

نارد ***ਨਾਰਦ*** : ਚਿੱਚੜ, ਪਿੱਸੂ; ਕੰਜੂਸ।

نارگیو ***ਨਾਰਗੀਵ,*** **نارگیوا** ***ਨਾਰਗੀਵਾ*** : ਪੋਸਤ ਦਾ ਡੋਡਾ।

نارنج ***ਨਾਰੰਜ*** : (ਨਾਰੰਗ ਦਾ ਅਰਬੀ ਰੂਪਾਂਤਰ) ਨਾਰੰਗੀ, ਸੰਤਰਾ।

نارنجِزریں ***ਨਾਰੰਜ-ਏ-ਜ਼ਰੀਨ*** : ਸੂਰਜ।

نارنگ ***ਨਾਰੰਗ,*** **نارنگی** ***ਨਾਰੰਗੀ*** : ਪਰਸਿੱਧ ਫਲ; ਸੰਤਰਾ, ਛੋਟਾ ਸੰਤਰਾ।

نارو ***ਨਾਰੂ*** : ਬੁਲਬੁਲ ਵਰਗਾ ਇਕ ਛੋਟਾ ਜੇਹਾ ਪੰਛੀ ਜਿਸ ਦੀ ਅਵਾਜ਼ ਬੜੀ ਮਧੁਰ ਹੁੰਦੀ ਹੈ; ਇਕ ਰੋਗ, ਜਿਸ ਨਾਲ ਸਰੀਰ ਦੇ ਅੰਗ ਉਤੇ ਧਾਗਾ ਜੇਹਾ ਨਿਕਲ ਆਉਂਦਾ ਹੈ ਤੇ ਸਖ਼ਤ ਤਕਲੀਫ਼ ਦਿੰਦਾ ਹੈ।

نارون ***ਨਾਰੂਨ*** : ਅਨਾਰ ਦਾ ਦਰਖ਼ਤ, ਗੁਲਨਾਰ।

نارہ ***ਨਾਰਾ*** : ਤੱਕੜੀ ਦਾ ਫੁੰਦਣਾ; ਇਕ ਪਲੜੇ ਦੀ ਤੱਕੜੀ ਜਿਸ ਦੇ ਦੂਜੇ ਪਲੜੇ ਦੀ ਥਾਂ ਤੋਲਣ ਲਈ ਪੱਥਰ ਬੰਨ੍ਹਿਆ ਜਾਂਦਾ ਹੈ।

ناریل ***ਨਾਰਿਯਲ*** : ਨਰੇਲ, ਖੋਪਾ।

ناریلی ***ਨਾਰਿਯਲੀ*** : ਖੋਪੇ ਦੇ ਖੋਲ ਦੇ ਬਣਾਏ ਹੋਏ ਹੁੱਕੇ ਦੀ ਟੋਪੀ।

ناز ***ਨਾਜ਼*** : ਲਾਡ, ਪਿਆਰ, ਨਖ਼ਰਾ; ਮਾਣ, ਅਭਮਾਨ; ਬੇਪਰਵਾਹੀ, ਬੇਦਿਮਾਗੀ, ਨਜ਼ਾਕਤ; ਨਵਾਂ ਉੱਗਿਆ ਬੂਟਾ, ਸਨੋਬਰ ਜਾਂ ਸਰੂ ਦਾ ਬੂਟਾ।

نازآفرین ***ਨਾਜ਼-ਆਫ਼ਰੀਨ*** : ਮਾਣ ਕਰਕੇ ਜਨਮਿਆ ਹੋਇਆ, ਨਾਜ਼ਕ।

نازان ***ਨਾਜ਼ਾਨ*** : ਨਾਜ਼ ਕਰਨ ਵਾਲਾ, ਨਾਜ਼ ਕਰਦਾ ਹੋਇਆ।

نازبالش ***ਨਾਜ਼-ਬਾਲਿਸ਼*** : ਪਰੇਮੀ।

نازبالین ***ਨਾਜ਼-ਬਾਲੀਨ*** : ਨਰਮ ਗੱਦਾ/ਸਰਹਾਣਾ।

نازبردار ***ਨਾਜ਼ਬਰਦਾਰ*** : ਪਰੇਮੀ।

نازبرداری ***ਨਾਜ਼-ਬਰਦਾਰੀ*** : ਖ਼ੁਸ਼ਾਮਦ, ਚਾਪਲੂਸੀ।

نازپرور ***ਨਾਜ਼-ਪਰਵਰ*** : ਨਾਜ਼ਾਂ ਵਿਚ ਪਲਿਆ ਹੋਇਆ।

نازپرورده ***ਨਾਜ਼-ਪਰਵਰਦਾ*** : ਲਾਡ ਪਿਆਰ ਦਾ ਪਲਿਆ ਹੋਇਆ।

نازپری ***ਨਾਜ਼ਪਰੀ*** : ਸ਼ਾਹ ਖ਼ਵਾਰੁਜ਼ਮ ਦੀ ਬੇਟੀ ਦਾ ਨਾਮ ਜੋ ਬੈਹਰਾਮ ਗੋਰ ਦੀ ਮਲਕਾ ਸੀ।

نازنده ***ਨਾਜ਼ੰਦਾ*** : ਨਾਜ਼ ਨਖ਼ਰੇ ਕਰਨ ਵਾਲਾ।

نازبو ***ਨਾਜ਼ਬੂ*** : ਇਕ ਪਰਕਾਰ ਦਾ ਖ਼ੁਸ਼ਬੂਦਾਰ ਬੂਟਾ,ਕਾਲੀ ਤੁਲਸੀ।

نازش ***ਨਾਜ਼ਿਸ਼*** : ਪਿਆਰ, ਲਾਡ, ਨਖ਼ਰਾ, ਲਾਜ, ਫ਼ਖ਼ਰ, ਮਾਣ, ਘਮੰਡ, ਬੇਪਰਵਾਹੀ, ਬਦਦਿਮਾਗ਼ੀ।

نازک ***ਨਾਜ਼ੁਕ*** : ਕੋਮਲ, ਨਰਮ, ਪਤਲਾ, ਸੁੰਦਰ, ਸਾਫ਼, ਸੁਥਰਾ;ਨਾਜ਼ ਕਰਨ ਵਾਲਾ ਮਸ਼ੂਕ, ਮੈਦੇ ਤੇ ਮੱਖਣ ਵਿਚ ਗੁੰਨ੍ਹੀ ਰੋਟੀ, ਹਲਕਾ, ਛੀਟਕਾ, ਲਤੀਫ਼, ਨਫ਼ੀਸ, ਛੇਤੀ ਟੁੱਟ ਜਾਣ ਵਾਲਾ, ਕਮਜ਼ੋਰ।

نازکادا ***ਨਾਜ਼ੁਕ-ਅਦਾ*** : ਵਧੀਆ ਤੇ ਸੋਹਣੇ ਤੌਰ ਤਰੀਕੇ ਵਾਲਾ ਮਸ਼ੂਕ।

نازکاندام ***ਨਾਜ਼ੁਕ-ਅੰਦਾਮ,***
نازکبدن ***ਨਾਜ਼ੁਕ-ਬਦਨ*** : ਪਤਲੇ ਤੇ ਸੁੰਦਰ ਸਰੀਰ ਵਾਲਾ।

نازکخیالان ***ਨਾਜ਼ੁਕ ਖ਼ਿਯਾਲਾਨ*** : ਸ਼ਾਇਰ, ਕਵੀ, ਰੱਬ ਦੇ ਗੁਣ ਗਾਇਣ ਕਰਨ ਵਾਲੇ ਸੂਫ਼ੀ।

نازککاری ***ਨਾਜ਼ੁਕ-ਕਾਰੀ*** : ਰੇਤੀ ਨਾਲ ਸਾਫ਼ ਕਰਨਾ, ਸਿਕਲ ਕਰਨਾ।

نازکمزاج ***ਨਾਜ਼ੁਕ-ਮਿਜ਼ਾਜ*** : ਛੇਤੀ ਗੁੱਸੇ ਹੋ ਜਾਣ ਵਾਲਾ।

نازکوجود ***ਨਾਜ਼ੁਕ-ਵੁਜੂਦ*** : ਕੋਮਲ ਬਦਨ ਵਾਲਾ।

نازکی ***ਨਾਜ਼ੁਕੀ*** : ਕੋਮਲਤਾ, ਮੁਲਾਇਮੀ, ਨਰਮੀ, ਖ਼ੂਬੀ।

نازل ***ਨਾਜ਼ਿਲ*** : ਉਤਰਨ ਵਾਲਾ, ਹੇਠ ਆਉਣ ਵਾਲਾ, ਪਰਵੇਸ਼ ਕਰਨ ਵਾਲਾ,ਲੰਘਣ ਵਾਲਾ, ਡਿਗਿਆ ਹੋਇਆ ਭਾਅ, ਘੱਟ ਕੀਮਤ।

نازلِمنزل ***ਨਾਜ਼ਿਲ-ਏ-ਮੰਜ਼ਿਲ*** : ਕਿਸੇ ਦੇ ਥਾਂ ਕੰਮ ਕਰਨ ਵਾਲਾ, ਕਾਇਮ-ਮਕਾਮ।

نازله ***ਨਾਜ਼ਿਲਾ*** : ਦੁਰਘਟਨਾ, ਮੁਸੀਬਤ।

نازنین ***ਨਾਜ਼ਨੀਨ*** : ਕੋਮਲ ਸਰੀਰ ਵਾਲਾ; ਲਾਡਲਾ, ਸੁੰਦਰ, ਸੁਨੱਖਾ; ਦਿਲ ਹਰਨ ਵਾਲਾ, ਮਸ਼ੂਕ।

نازو ***ਨਾਜ਼ੂ*** : ਬਿੱਲੀ, ਮਧੁਰ ਸੁਰ ਵਾਲਾ ਇਕ ਪੰਛੀ, ਘੁੱਗੀ; ਚੰਦ।

ناس ***ਨਾਸ*** : (ਅਨਾਸ **اناس** ਦਾ ਸੰਖਿਪਤ ਰੂਪ ਹੈ) ਆਦਮੀ, ਮਨੁੱਖ, ਲੋਕ।

ناسج ***ਨਾਸਿਜ*** : ਕੱਪੜਾ ਉਣਨ ਵਾਲਾ, ਜੁਲਾਹਾ, ਗੱਲ ਨੂੰ ਬੌਹਤ ਵਧੀਆ ਢੰਗ ਨਾਲ ਸਮਝਾਉਣ ਵਾਲਾ।

ناسخ ***ਨਾਸਿਖ਼*** : ਲਿਖਣ ਵਾਲਾ, ਕਿਤਾਬ ਨਕਲ ਕਰਨ ਵਾਲਾ; ਮਨਸੂਖ਼ ਜਾਂ ਰੱਦ ਕਰਨ ਵਾਲਾ, ਮਿਟਾਉਣ ਵਾਲਾ।

ناسرایش ***ਨਾ ਸਰਾਇਸ਼*** : ਚੁੱਪ, ਮੋਨ,

ਖ਼ਮੋਸ਼ੀ; ਇਸ਼ਾਰਿਆਂ ਨਾਲ ਗੱਲ ਕਰਨਾ।

ناسق **ਨਾਸਿਕ** : ਨਸਕ (ਪਰਬੰਧ) ਕਰਨ ਵਾਲਾ, ਬੰਦੋਬਸਤ ਕਰਨ ਵਾਲਾ, ਤਰਤੀਬ ਦੇਣ ਵਾਲਾ।

ناسک **ਨਾਸਿਕ** : ਪੂਜਾ ਕਰਨ ਵਾਲਾ, ਭਗਤ, ਰੱਬ ਦੇ ਨਾਂ 'ਤੇ ਕੁਰਬਾਨੀ ਕਰਨ ਵਾਲਾ।

ناسوت **ਨਾਸੂਤ** : ਸਰੀਰਕਤਾ ਦਾ ਮੰਡਲ, ਏਹ ਸੰਸਾਰ; ਸ਼ਰੀਅਤ, ਬਾਹਰਮੁਖੀ ਭਗਤੀ।

ناسوتی **ਨਾਸੂਤੀ** : ਸੰਸਾਰਕ, ਮਾਨਸਕ, ਮਾਨਵੀ।

ناسور **ਨਾਸੂਰ** : ਹਮੇਸ਼ਾ ਰਿਸਦੇ ਰੈਹਣ ਵਾਲਾ ਫੋੜਾ, ਕਦੀ ਨਾ ਠੀਕ ਹੋਣ ਵਾਲਾ ਜ਼ਖ਼ਮ।

ناشتا **ਨਾਸ਼ਿਤਾ,** ناشتاب **ਨਾਸ਼ਤਾਬ** : ਨਿਰਾਹਾਰ, ਭੁੱਖਿਆਂ ਹੋਣਾ; ਸਵੇਰ ਤੋਂ ਕੁਝ ਨਾ ਖਾਧਾ ਹੋਣਾ, ਨਿਰਨੇ ਕਾਲਜੇ।

ناشر **ਨਾਸ਼ਿਰ** : ਖਿੰਡਾਉਣ ਤੇ ਪਰਸਾਰਨ ਵਾਲਾ, ਪਰਗਟ ਕਰਨ ਵਾਲਾ; (ਭੇਦ) ਖੋਲ੍ਹਣ ਵਾਲਾ, ਖ਼ਬਰ ਫੈਲਾਉਣ ਵਾਲਾ, ਸੁਗੰਧੀ ਦੇਣ ਵਾਲਾ; ਚੀਰਨ ਵਾਲਾ, ਪਰਕਾਸ਼ਕ।

ناشک **ਨਾਸ਼ਿਕ** : ਕਰਜ਼ਦਾਰ।

ناشی **ਨਾਸ਼ੀ** : ਪਰਾਇਆ, ਓਪਰਾ, ਨਾਵਾਕਫ਼; ਬੇਵਕੂਫ਼, ਅਣਜਾਣ; ਉਠਣ ਵਾਲਾ; ਨਵਾਂ ਪੈਦਾ ਹੋਣ ਵਾਲਾ।

ناصب **ਨਾਸਿਬ** : ਨਸਬ ਕਰਨ ਵਾਲਾ, ਕਾਇਮ ਕਰਨ ਵਾਲਾ, ਖੜ੍ਹਾ ਕਰਨ ਵਾਲਾ, ਗੱਡਣ ਵਾਲਾ; ਦੁਸ਼ਮਣੀ ਕਰਨ ਵਾਲਾ।

ناصح **ਨਾਸਿਹ** : ਨਸੀਹਤ ਕਰਨ ਵਾਲਾ; ਸਲਾਹਕਾਰ; ਖ਼ਾਲਸ ਚੀਜ਼ (ਸ਼ੈਹਦ, ਆਦਿ)।

ناصر **ਨਾਸਿਰ** : ਸਹਾਇਕ, ਹਾਮੀ; ਹਕੀਮ ਨਾਸਿਰ ਖ਼ੁਸਰੋ ਦਾ ਉਪ-ਨਾਮ ਜੋ ਬੌਹਤ ਵੱਡਾ ਦਾਰਸ਼ਨਿਕ ਤੇ ਕਵੀ ਸੀ, ਓਹ ਬਲਖ਼ ਦਾ ਰੈਹਣ ਵਾਲਾ ਸੀ।

ناصرالدین‌شاه‌قاچار **ਨਾਸਿਰ ਉਦੀਨ ਸ਼ਾਹ ਕਾਚਾਰ** : ਈਰਾਨ ਦੇ ਕਾਚਾਰੀ ਖ਼ਾਨਦਾਨ ਦੇ ਛੇਵੇਂ ਬਾਦਸ਼ਾਹ ਦਾ ਨਾਮ ਜੋ ਤਬਰੇਜ਼ ਵਿਖੇ ੧੨੪੭ ਹਿਜਰੀ ਵਿਚ ਪੈਦਾ ਹੋਇਆ।

ناصرالدین‌الله **ਨਾਸਿਰ ਦੀਨ-ਉੱਲਾਹ** : ਇਕ ਅੱਬਾਸੀ ਖ਼ਲੀਫ਼ੇ ਦਾ ਨਾਮ ਜਿਸ ਨੇ ੫੭੫ ਤੋਂ ੬੨੧ ਹਿਜਰੀ ਤੱਕ ਰਾਜ ਕੀਤਾ, ਏਹ ਖ਼ਲੀਫਾ ਬੜਾ ਬਹਾਦਰ, ਜੁਗਤੀ ਤੇ ਨੇਕ ਸੀ।

ناصره **ਨਾਸਿਰਾ** : ਰੂਮ ਦੇ ਇਕ ਪਰਸਿੱਧ ਨਗਰ ਦਾ ਨਾਮ ਜਿਥੇ ਹਜ਼ਰਤ ਈਸਾ ਰੈਂਹਦੇ ਸਨ, 'ਨਸਾਰੀ'(ਈਸਾਈ) ਸ਼ਬਦ ਇਸੇ ਸ਼ੈਹਰ ਨਾਲ ਸਬੰਧਤ ਹੋਣ ਕਰਕੇ ਹੋਂਦ ਵਿਚ ਆਇਆ,ਏਹ ਤਬਰੀਯਹ ਸ਼ੈਹਰ ਤੋਂ ੧੩ ਮੀਲ 'ਤੇ ਹੈ।

ناصری **ਨਾਸਿਰੀ** : ਨਾਸਿਰਾ ਦਾ ਰੈਹਣ ਵਾਲਾ।

ناصواب **ਨਾਸਵਾਬ** : ਜੋ ਠੀਕ ਨਾ ਹੋਵੇ, ਗ਼ਲਤ।

ناصیا **ਨਾਸੀਜਾ** : ਮੱਥੇ ਦੇ ਵਾਲ, ਫ਼ਾਰਸੀ ਵਿਚ 'ਮੱਥੇ' ਲਈ ਆਉਂਦਾ ਹੈ।

ناصیادارانِ‌پاک **ਨਾਸੀਜਾ ਦਾਰਾਨ-ਏ-ਪਾਕ** : ਭਜਨ ਬੰਦਗੀ ਕਰਨ ਵਾਲੇ, ਭਗਤ ਲੋਕ, ਨੇਕ ਲੋਕ, ਫ਼ਰਿਸ਼ਤੇ।

ناطق **ਨਾਤ਼ਿਕ** : ਜ਼ਬਾਨ ਵਾਲਾ, ਬੋਲਣ ਵਾਲਾ, ਸਿਆਣਾ।

ناطقه **ਨਾਤਿਕਾ** : ਬੋਲਣ ਦੀ ਸ਼ਕਤੀ, ਗੱਲਬਾਤ ਕਰਨ ਦਾ ਗੁਣ।

ناظر **ਨਾਜ਼ਿਰ** : ਨਜ਼ਰ ਵਾਲਾ, ਵੇਖਣ ਵਾਲਾ, ਨਿਗਰਾਨੀ ਕਰਨ ਵਾਲਾ, ਮੁਹੱਰਰਾਂ ਦਾ ਮੁੱਖੀ , ਖ੍ਵਾਜਾ ਸਰਾਇ, ਦਰਬਾਨ, ਸਰਦਾਰ; ਡਿਉਢੀ; ਦਰੋਗ਼ਾ; ਹਰਕਾਰਾ; ਜਸੂਸ, ਸੂਹੀਆ।

ناظره **ਨਾਜ਼ਿਰਾ** : ਅੱਖ; ਅੱਖੀਂ ਵੇਖਿਆ ਹੋਇਆ, ਵੇਖਣ ਵਾਲੀ, ਵੇਖਣ ਦੀ ਸ਼ਕਤੀ।

ناظرین **ਨਾਜ਼ਰੀਨ** : (ਨਾਜ਼ਿਰ ناظر ਦਾ ਬੋਹਵਚਨ) ਵੇਖਣ ਵਾਲੇ, ਦਰਸ਼ਕ।

ناظم **ਨਾਜ਼ਿਮ** : ਪਰਬੰਧਕ, ਕਿਸੇ ਖੇਤਰ ਦਾ ਸ਼ਾਸਕ, ਪਰੋਣ ਵਾਲਾ; ਨਜ਼ਮ (ਕਵਿਤਾ) ਕੈਹਣ ਵਾਲਾ, ਕਵੀ, ਓਹ ਮੁਰਗੀ ਜਿਸ ਦੇ ਪੇਟ ਅੰਦਰ ਅੰਡੇ ਹੋਣ।

ناعی *ਨਾਈ* : ਮੌਤ ਦੀ ਖ਼ਬਰ ਦੇਣ ਵਾਲਾ, ਸੁਣਾਉਣੀ ਦੇਣ ਵਾਲਾ।

ناغہ *ਨਾਗਾ* : (=ਨਾ + ਗਾਹ نا+گاہ) ਗ਼ੈਰਹਾਜਰੀ; ਖ਼ਾਲੀ, ਬੇਕਾਰੀ; ਟਾਲਣਾ।

ناف *ਨਾਫ਼* : ਧੁੰਨੀ, ਨਾਭੀ, ਨਾੜੂਆ; ਹਰ ਚੀਜ਼ ਦਾ ਮੱਧ, ਵਿਚਾਲਾ, ਵਸੀਲਾ, ਵਿਚੋਂ -ਵਿਚ, ਕੇਂਦਰ।

نافِ ارض *ਨਾਫ਼-ਏ-ਅਰਜ਼* : ਜ਼ਮੀਨ ਦਾ ਮੱਧ ।

نافِ خاک *ਨਾਫ਼-ਏ-ਖ਼ਾਕ,*
نافِ زمین *ਨਾਫ਼-ਏ-ਜ਼ਮੀਨ,*
نافِ عالم *ਨਾਫ਼-ਏ-ਆਲਮ* : ਮੱਕਾ ਸ਼ਰੀਫ਼।

نافِ روز *ਨਾਫ਼-ਏ-ਰੋਜ਼* : ਦੁਪੈਹਰ।

نافِ شب *ਨਾਫ਼-ਏ-ਸ਼ਬ* : ਅੱਧੀ ਰਾਤ।

نافِ ھفتہ *ਨਾਫ਼-ਏ-ਹਫ਼ਤਾ* : ਮੰਗਲਵਾਰ, ਈਰਾਨ ਦਾ ਬਾਦਸ਼ਾਹ ਤੇ ਅਮੀਰ ਇਸ ਦਿਨ ਐਸ਼ ਕਰਦੇ ਤੇ ਸ਼ਰਾਬ ਵਿਚ ਗੁੱਟ ਰੈਂਹਦੇ ਹਨ।

نافذ *ਨਾਫ਼ਿਜ਼* : ਜਾਰੀ ਹੋਣ ਵਾਲਾ, ਜਾਰੀ, ਲਾਗੂ, ਪੈਂਹਚਣ ਵਾਲਾ।

نافع *ਨਾਫ਼ਿਅ* : ਨਫ਼ਾ, ਲਾਭਦਾਇਕ।

نافلہ *ਨਾਫ਼ਿਲਾ* : ਵਧੇਰੀ ਬਖ਼ਸ਼ਸ਼, ਅਯੋਗ ਇਨਾਮ; ਓਹ ਬੰਦਗੀ ਜੋ ਆਦਮੀ ਲਈ ਜ਼ਰੂਰੀ ਨਾ ਹੋਵੇ, ਵਾਧੂ ਬੰਦਗੀ।

نافہ *ਨਾਫ਼ਾ* : ਕਸਤੂਰੀ ਦੀ ਪੋਟਲੀ ਜੋ ਹਿਰਨ ਦੀ ਧੁੰਨੀ 'ਚੋਂ ਨਿਕਲਦੀ ਹੈ।

نافۂ آب *ਨਾਫ਼ਾ-ਏ-ਆਬ* : ਕਸਤੂਰੀ ਵਾਲੇ ਹਿਰਨ ਦਾ ਨਾਫ਼ਾ।

نافۂ مشک یافتن *ਨਾਫ਼ਾ-ਏ-ਮੁਸ਼ਕ ਯਾਫ਼ਤਨ* : ਨੇਕਨਾਮੀ ਹਾਸਲ ਕਰਨਾ, ਪਰਸਿੱਧ ਹੋਣਾ।

نافہ مو *ਨਾਫ਼ਾ-ਮੂ* : ਬੁੱਢਾ ਆਦਮੀ ਜਿਸ ਦੇ ਸਾਰੇ ਵਾਲ ਚਿੱਟੇ ਹੋ ਗਏ ਹੋਣ।

نافی *ਨਾਫ਼ੀ* : ਨਫ਼ੀ ਕਰਨ ਵਾਲਾ, ਨੇਸਤ (ਨਾਸ਼) ਕਰਨ ਵਾਲਾ, ਮਿਟਾ ਦੇਣ ਵਾਲਾ, ਰੱਦ ਕਰਨ ਵਾਲਾ, ਦੂਰ ਕਰਨ ਵਾਲਾ, ਇਨਕਾਰ ਕਰਨ ਵਾਲਾ।

ناقص *ਨਾਕਿਸ* : ਘੱਟ, ਘਟਣ ਵਾਲਾ, ਘੱਟ ਕਰਨ ਵਾਲਾ, ਖੋਟਾ, ਅਧੂਰਾ, ਅਪੂਰਨ, ਨਾਮੁਕੰਮਲ, ਜਿਸ ਦੇ ਵਿਚ ਕਮੀ ਹੋਏ, ਨੁਕਸ ਵਾਲਾ, ਖ਼ਰਾਬ।

ناقص العقل *ਨਾਕਿਸ-ਉਲ-ਅਕਲ* : ਜਿਸ ਦੀ ਸਮਝ ਵਿਚ ਨੁਕਸ ਹੋਵੇ, ਮੂਰਖ।

ناقص عیار *ਨਾਕਿਸ ਇਯਾਰ* : ਪੱਧਰ ਤੋਂ ਨੀਵਾਂ।

ناقل *ਨਾਕਿਲ* : ਨਕਲ ਕਰਨ ਵਾਲਾ, ਇਕ ਥਾਂ ਤੋਂ ਦੂਜੀ ਥਾਂ ਜਾਣ ਵਾਲਾ, ਇਕ ਥਾਂ ਤੋਂ ਦੂਜੀ ਥਾਂ ਲੈ ਜਾਣ ਵਾਲਾ, ਕੋਈ ਗੱਲ ਬਿਆਨ ਕਰਨ ਵਾਲਾ; ਗੱਲ ਨੂੰ ਦੁਹਰਾਉਣ ਵਾਲਾ।

ناقور *ਨਾਕੂਰ* : ਨਰਸਿੰਗਾ, ਵੱਡਾ ਸੰਖ, ਸ਼ੈਹਨਾਈ ਜਿਸ ਨੂੰ ਫ਼ਰਿਸ਼ਤੇ ਪਰਲੋ ਵਾਲੇ ਦਿਨ ਵਜਾਉਣਗੇ।

ناقوس *ਨਾਕੂਸ* : ਸੰਖ (ਜਿਸ ਨੂੰ ਹਿੰਦੂ ਪੂਜਾ ਵੇਲੇ ਵਜਾਉਂਦੇ ਹਨ), ਗਿਰਜੇ ਦਾ ਵੱਡਾ ਘੰਟਾ ਜੋ ਪਰਾਰਥਨਾ ਵੇਲੇ ਵਜਾਇਆ ਜਾਂਦਾ ਹੈ ਤਾਂ ਜੋ ਲੋਕ ਇੱਕਠੇ ਹੋ ਜਾਣ।

ناقہ *ਨਾਕਾ* : ਊਠਣੀ, ਬੋਤੀ।

ناک *ਨਾਕ* : ਖੋਟ ਮਿਲਿਆ ਹੋਇਆ, ਖੋਟਾ; ਮਾਲਕ, ਭਰਿਆ ਹੋਇਆ, ਨੱਕੋ ਨੱਕ; ਲਿਬੜਿਆ ਹੋਇਆ, ਉਪਰਲਾ ਤੇ ਹੇਠਲਾ ਜਬਾੜਾ; ਤਾਲੂ, ਸੰਘ; ਇਕ ਪਰਕਾਰ ਦਾ ਮਿੱਠਾ ਅਮਰੂਦ; ਮਿਲਾਵਟ ਵਾਲੀ ਕਸਤੂਰੀ; ਸ਼ਬਦ ਦੇ ਪਿਛੇ ਆ ਕੇ ਸਿਫ਼ਤ ਦਾ ਕੰਮ ਦਿੰਦਾ ਹੈ ਜਿਵੇਂ ਹੌਲਨਾਕ = ਭਿਆਨਕ।

ناکارہ *ਨਾਕਾਰਾ* : ਨਿਕੰਮਾ, ਬੇਕਾਰ, ਫ਼ਜ਼ੂਲ, ਰੱਦੀ।

ناکارگی *ਨਾਕਾਰਗੀ* : ਸੁਸਤੀ, ਬੇਕਾਰੀ।

ناکتخدا *ਨਾਕਤਖ਼ੁਦਾ,* **ناکدخدا** *ਨਾਕਦਖ਼ੁਦਾ* : ਜਿਸ ਦੀ ਸ਼ਾਦੀ ਹਾਲੀ ਨਾ ਹੋਈ ਹੋਵੇ, ਕੁਆਰਾ, ਕੁਆਰੀ।

نال *ਨਾਲ* : ਤੰਦ ਵਰਗੀ ਚੀਜ਼ ਜੋ ਕਲਮ ਘੜਨ ਲੱਗਿਆਂ ਨਿਕਲਦੀ ਹੈ, ਕਲਮ, ਕਾਨੀ, ਬੰਸਰੀ, ਗੰਨਾ, ਨਾਲੀ, ਨਲਕੀ, ਬਖ਼ਸ਼ਸ਼।

نالان *ਨਾਲਾਨ* : (ਨਾਲੀਦਨ نالیدن = ਰੋਣਾ ਤੋਂ) ਰੋਂਦਾ ਹੋਇਆ, ਚੀਕ-ਪੁਕਾਰ ਕਰਦਾ ਹੋਇਆ।

نالش *ਨਾਲਿਸ਼* : (=ਨਾਲਾਹ نالہ) ਦੁਹਾਈ, ਚੀਕ-ਪੁਕਾਰ, ਦਾਵਾ, ਹਾਕਮ ਦੇ ਸਾਹਮਣੇ ਚਾਰਾਜੋਈ।

نالہ *ਨਾਲਾ* : ਦਰਦ ਭਰੀ ਉੱਚੀ ਅਵਾਜ਼, ਵਾਵੇਲਾ, ਚੀਕ-ਪੁਕਾਰ,ਨਦੀ ਨਾਲਾ।

نالۂعندلیب *ਨਾਲਾ-ਏ-ਅੰਦਲੀਬ* : ਬੁਲਬੁਲ ਦੀ ਸੋਜ਼ ਭਰੀ ਚੀਕ-ਪੁਕਾਰ।

نالہکنان *ਨਾਲਾ-ਕੁਨਾਨ* : ਰੋਂਦਾ ਹੋਇਆ।

نالیدن *ਨਾਲੀਦਨ* : ਰੋਣਾ, ਸ਼ੋਰ ਕਰਨਾ, ਚਿੱਲਾਉਣਾ।

نام *ਨਾਮ* : ਨਾਂਵ, ਕਿਸੇ ਚੀਜ਼ ਜਾਂ ਸ਼ਖ਼ਸ ਦਾ ਨਾਂ; ਜ਼ਾਤ, ਸ਼ੌਹਰਤ, ਇੱਜ਼ਤ, ਚਲਨ।

نامآور *ਨਾਮ-ਆਵਰ,* نامبردار *ਨਾਮ-ਬਰਦਾਰ* : ਮਸ਼ਹੂਰ, ਪਰਸਿੱਧ।

نامبرد *ਨਾਮ-ਬੁਰਦ,* نامبردہ *ਨਾਮ-ਬੁਰਦਾ* : ਨਾਮ ਜ਼ਦ, ਨਿਸ਼ਚਤ, ਜਿਸ ਦਾ ਨਾਮ ਲਿਆ ਗਿਆ ਹੋਵੇ, ਜਿਸ ਦਾ ਜ਼ਿਕਰ ਉੱਪਰ ਆਇਆ ਹੋਵੇ, ਉਪਰੋਕਤ।

نامجو *ਨਾਮ-ਜੂ* : ਪਰਸਿੱਧੀ ਚਾਹੁਣ ਵਾਲਾ।

نامخدا *ਨਾਮ-ਏ-ਖ਼ੁਦਾ* : ਖ਼ੁਦਾ ਦੀ ਕਸਮ।

نامدار *ਨਾਮਦਾਰ* : ਨਾਮਵਰ, ਪਰਸਿੱਧ, ਇੱਜ਼ਤ ਮਾਣ ਵਾਲਾ।

نامزد *ਨਾਮਜ਼ਦ* : ਜਿਸ ਨੂੰ ਪਰਤੀਨਿਧ ਨਿਯੁੱਕਤ ਕੀਤਾ ਗਿਆ ਹੋਵੇ, ਮੁੱਕਰਰ; ਪਰਸਿੱਧ, ਮੰਗੇਤਰ, ਜਿਸ ਦੀ ਮੰਗਣੀ ਹੋ ਚੁਕੀ ਹੋਵੇ, ਲਸ਼ਕਰ ਜੋ ਕਿਸੇ ਖ਼ਾਸ ਮੁਹਿੰਮ ਲਈ ਨਿਸ਼ਚਤ ਕੀਤਾ ਗਿਆ ਹੋਵੇ।

نامنامی *ਨਾਮ ਨਾਮੀ* : ਵਧਦੀ ਹੋਈ ਮਸ਼ਹੂਰੀ।

نامِنکو *ਨਾਮ-ਏ-ਨਿਕੋ,* *ਨਾਮ-ਏ-ਨਿਕੂ* : ਨੇਕਨਾਮੀ, ਚੰਗੀ ਪਰਸਿੱਧੀ।

نامور *ਨਾਮਵਰ* : ਮਸ਼ਹੂਰ, ਨੇਕਨਾਮ।

ناموری *ਨਾਮਵਰੀ* : ਮਸ਼ਹੂਰੀ, ਨੇਕਨਾਮੀ।

نامونشان *ਨਾਮ-ਉ-ਨਿਸ਼ਾਨ* : ਥੌਹ ਪਤਾ; ਅਤਾ ਪਤਾ, ਥਾਂ ਟਿਕਾਣਾ, ਯਾਦਗਾਰ।

نامی *ਨਾਮੀ* : ਮਸ਼ਹੂਰ, ਪਰਸਿੱਧ।

ناموس *ਨਾਮੂਸ* : ਇੱਜ਼ਤ, ਮਾਣ; ਸ਼ਰਮ, ਨੇਕਨਾਮੀ, ਰਾਜਨੀਤੀ, ਤਦਬੀਰ; ਦਸਤੂਰ, ਨੇਮ, ਕਾਇਦਾ; ਅਵਾਜ਼, ਜਿਬਰੀਲ ਫਰਿਸ਼ਤਾ, ਮਕਰ, ਫ਼ਰੇਬ; ਸ਼ਿਕਾਰੀ ਘਾਤ, ਜ਼ੁੱਧ।

ناموسِاکبر *ਨਾਮੂਸ-ਏ-ਅਕਬਰ* : ਵੱਡਾ ਦਸਤੂਰ, ਸ਼ਰੀਅਤ।

ناموسبردن *ਨਾਮੂਸ ਬੁਰਦਨ* : ਬੇਇਜ਼ਤ ਕਰਨਾ; ਇਜ਼ਤ ਜਾਂਦੀ ਰੈਹਣਾ।

ناموسگاہ *ਨਾਮੂਸ-ਗਾਹ* : ਜੰਗ ਦਾ ਮੈਦਾਨ, ਰਣ-ਭੂਮੀ।

نامویہ *ਨਾਮ ਵੀਜਾ* : ਉਹ ਇਸਤਰੀ ਜਿਸ ਦੀ ਆਪਣੇ ਪਤੀ ਨਾਲ ਬੌਹਤ ਮੁਹੱਬਤ ਹੋਵੇ ਤੇ ਉਸ ਨੇ ਕਦੀ ਵੀ ਦੂਜੀ ਸ਼ਾਦੀ ਨਾ ਕੀਤੀ ਹੋਵੇ।

نامہ *ਨਾਮਾ* : ਚਿੱਠੀ, ਪੱਤਰ, ਲਿਖਤ, ਹੁਕਮ, ਕਿਤਾਬ, ਰਿਸਾਲਾ, ਦਫ਼ਤਰ,ਰਜਿਸਟਰ।

نامۂاعمال *ਨਾਮਾ-ਏ-ਆਅਮਾਲ* : ਅਮਲਾਂ ਦਾ ਵੇਰਵਾ।

نامہبر *ਨਾਮਾ-ਬਰ* : ਖ਼ਤ ਲੈ ਜਾਣ ਜਾਂ ਪੌਹਚਾਉਣ ਵਾਲਾ, ਕਾਸਿਦ, ਦੂਤ, ਹਰਕਾਰਾ।

نامہبری *ਨਾਮਾ-ਬਰੀ* : ਖ਼ਤ ਪੌਹਚਾਉਣਾ।

نامۂچهارم *ਨਾਮਾ-ਏ-ਚਹਾਰੁਮ* : ਕੁਰਾਨ ਸ਼ਰੀਫ਼, ਚੌਥੀ ਪੁਸਤਕ,ਸਾਮੀ ਧਰਮਾਂ

ਦੀ ਪਰੰਪਰਾ ਅਨੁਸਾਰ।

نامہُسفید ***ਨਾਮਾ-ਏ-ਸਫ਼ੇਦ*** : ਨੇਕ ਅਮਲ; ਨੇਕ ਆਦਮੀ।

نامہُسیاہ ***ਨਾਮਾ-ਏ-ਸਿਯਾਹ*** : ਭੈੜੇ ਕੰਮ।

نامہنویس ***ਨਾਮਾ-ਨਵੀਸ*** : ਖ਼ਤ ਲਿਖਣ ਵਾਲਾ, ਮੁਨਸ਼ੀ।

نامیہ ***ਨਾਮੀਯਾ*** : ਵਧਣ ਫੁੱਲਣ ਦੀ ਸ਼ਕਤੀ, ਜਾਨਵਰਾਂ ਤੇ ਬਨਸਪਤੀ ਦੀ ਓਹ ਤਾਕਤ ਜੋ ਸ਼ਰੀਰ ਨੂੰ ਵਧਾਉਂਦੀ ਤੇ ਪਰਫੁੱਲਤ ਕਰਦੀ ਹੈ।

نان ***ਨਾਨ*** : ਰੋਟੀ, ਟਿੱਕੀ, ਤੰਦੂਰੀ ਰੋਟੀ, ਰੋਟ, ਮੰਨ।

نانِ آبی ***ਨਾਨ-ਏ-ਆਬੀ*** : ਪਰੌਠਾ।

نانِ آتش رو ***ਨਾਨ-ਏ-ਆਤਿਸ਼ ਰੂ*** : ਸੂਰਜ।

نانِ اوگرم است ***ਨਾਨ-ਏ-ਊ ਗਰਮ ਅਸਤ*** : ਉਸ ਪਾਸ ਸਾਰੇ ਪਦਾਰਥ ਮੌਜੂਦ ਹਨ, ਰੱਜਿਆ- ਪੁੱਜਿਆ।

نانبا ***ਨਾਨਬਾ,*** **نانبائی** ***ਨਾਨਬਾਈ*** : ਰੋਟੀ ਪਕਾਉਣ ਵਾਲਾ।

نان بستن ***ਨਾਨ ਬਸਤਨ*** : ਰੋਟੀ ਤੰਦੂਰ ਵਿਚ ਲਾਉਣਾ, ਟਿੱਕੀ ਲਾਉਣਾ।

نانِ پنجہکش ***ਨਾਨ-ਏ-ਪੰਜਾ-ਕਸ਼,*** **نانِ تفتان** ***ਨਾਨ-ਏ-ਤਫ਼ਤਾਨ*** : ਵਲਾਂ ਵਾਲੀ ਰੋਟੀ, ਪਰੌਠਾ।

نانِ تلخ ***ਨਾਨ-ਏ-ਤਲਖ਼*** : ਬੇਹੀ ਰੋਟੀ; ਬਾਸੀ ਰੋਟੀ।

نان جوی ***ਨਾਨ-ਜੂਯ*** : ਮੰਗਤਾ, ਭਿਖਾਰੀ।

نانِ چاشت ***ਨਾਨ-ਏ-ਚਾਸ਼ਤ*** : ਦੁਪੈਹਰ ਦੀ ਰੋਟੀ, ਭੱਤੇ ਵੇਲਾ।

نانِ حلال ***ਨਾਨ-ਏ-ਹਲਾਲ*** : ਹੱਕ ਦੀ ਰੋਟੀ, ਨੇਕ ਕਮਾਈ ਦੀ ਰੋਟੀ, ਦਸਾਂ ਨਹੁੰਆਂ ਦੀ ਕਮਾਈ ਹੋਈ ਰੋਟੀ।

نانِ خرچنگ ***ਨਾਨ-ਏ-ਖ਼ਰਚੰਗ*** : ਚੰਦ।

نان خطائی ***ਨਾਨ ਖ਼ਤਾਈ*** : ਇਕ ਮਿਠਿਆਈ, ਪਰੌਠਾ।

نان خواہ ***ਨਾਨ-ਖ਼੍ਵਾਹ*** : ਰੋਟੀ ਖਾਣ ਵਾਲੇ, ਬਾਲ ਬੱਚੇ, ਟੱਬਰ-ਟੀਹਰ।

نان خوار ***ਨਾਨ-ਖ਼੍ਵਾਰ*** : ਭਿੱਖਮੰਗਾ, ਮੰਗਤਾ; ਜਵੈਣ।

نان خوردن ونمکدان شکستن ***ਨਾਨ ਖ਼ੁਰਦਨ ਉ-ਨਮਕਦਾਨ ਸ਼ਿਕਸਤਨ*** : ਨਾ-ਸ਼ੁਕਰਾ ਹੋਣਾ; ਲੂਣ ਹਰਾਮ ਕਰਨਾ, ਕਿਸੇ ਦਾ ਕੀਤਾ ਨਾ ਜਾਣਨਾ।

نان خورش ***ਨਾਨ-ਖ਼ੁਰਸ਼*** : ਰੋਟੀ ਨਾਲ ਖਾਣ ਵਾਲੀ ਸਬਜ਼ੀ, ਸਾਗ, ਗੋਸ਼ਤ,ਆਦਿ।

نان خورش خانہ ***ਨਾਨ ਖ਼ੁਰਸ਼ ਖ਼ਾਨਾ*** : ਸਿਰਕਾ।

نانِ دہقان ***ਨਾਨ-ਏ-ਦਹਕਾਨ*** : ਬਾਦਸ਼ਾਹੀ ਰੋਟੀ, ਸ਼ਾਹੀ ਖਾਣਾ।

نانِ رباط ***ਨਾਨ-ਏ-ਰਿਬਾਤ*** : ਖ਼ਾਨਾਕਾਹਾਂ, ਡੇਰਿਆਂ, ਆਦਿ ਵਿਚ ਮਿਲਣ ਵਾਲੀ ਰੋਟੀ।

نانِ روغنی ***ਨਾਨ-ਏ-ਰੋਗ਼ਨੀ*** : ਘਿਓ ਵਿਚ ਗੁੰਨ੍ਹੀ ਹੋਈ ਰੋਟੀ।

نان ریزہ ***ਨਾਨ-ਰੇਜ਼ਾ*** : ਰੋਟੀ ਦਾ ਟੁਕੜਾ, ਬੁਰਕੀ,ਗਰਾਹੀ।

نان ریشہفروش ***ਨਾਨ-ਰੀਸ਼ਾ ਫ਼ਰੋਸ਼*** : ਰੋਟੀ ਦੇ ਟੁਕੜੇ ਵੇਚਣ ਵਾਲਾ।

نان زدن ***ਨਾਨ ਜ਼ਦਨ,*** **نان شکستن** ***ਨਾਨ ਸ਼ਿਕਸਤਨ*** : ਰੋਟੀ ਖਾਣਾ।

نانِ زرّین ***ਨਾਨ-ਏ-ਜ਼ੱਰੀਨ*** : ਸੂਰਜ।

نانِ سفیدفلک ***ਨਾਨ-ਏ-ਸਫ਼ੇਦ-ਫ਼ਲਕ,*** **نانِ سیمین** ***ਨਾਨ-ਏ-ਸੀਮੀਨ*** : ਚੰਦਰਮਾ, ਚੰਨ।

نانِ شب ***ਨਾਨ-ਏ-ਸ਼ਬ*** : ਸ਼ਾਮ ਦਾ ਖਾਣਾ।

نانِ شیرین ***ਨਾਨ-ਏ-ਸ਼ੀਰੀਨ*** : ਕਾਲ, ਭੁੱਖਮਰੀ।

نان فروش ***ਨਾਨ ਫ਼ਰੋਸ਼*** : ਰੋਟੀ ਵੇਚਣ ਵਾਲਾ।

نانِ فطیری ***ਨਾਨ-ਏ-ਫ਼ਤੀਰੀ*** : ਰੋਟੀ ਜੇਹੜੀ ਖ਼ਮੀਰੀ ਨਾ ਹੋਵੇ।

نانِ فیروزخانی ***ਨਾਨ-ਏ-ਫ਼ੀਰੋਜ਼ਖਾਨੀ*** : ਅੱਧ ਸੇਰ ਭਾਰ ਦੀ ਰੋਟੀ।

نانِ کلاج ***ਨਾਨ-ਏ-ਕੁਲਾਜ*** : ਆਂਡੇ ਤੇ ਨਸ਼ਾਸਤੇ ਵਿਚ ਪਕਾ ਕੇ ਖੰਡ ਦੇ ਸ਼ੀਰੇ ਨਾਲ ਖਾਧੀ ਜਾਣ ਵਾਲੀ ਰੋਟੀ।

نان کور ***ਨਾਨ-ਕੋਰ*** : ਲੂਣ ਹਰਾਮੀ, ਕਮੀਨਾ।

نانِ گرجی ***ਨਾਨ-ਏ-ਗੁਰਜੀ*** : ਗੁਰਜਿਸਤਾਨ ਦੀ ਇਕ ਰੋਟੀ ਦਾ ਨਾਮ।

نانِ گرم چرخ ***ਨਾਨ-ਏ-ਗਰਮ-ਏ-ਚਰਖ਼*** : ਸੂਰਜ।

نانِ نعمت ***ਨਾਨ-ਏ-ਨਿਅਮਤ*** : ਇਕ ਖ਼ਾਸ ਕਿਸਮ ਦੀ ਰੋਟੀ।

نانِ نوکری ***ਨਾਨ-ਏ-ਨੌਕਰੀ*** : ਨੌਕਰੀ ਕਰਕੇ ਕਮਾਈ ਹੋਈ ਰੋਟੀ।

نان و پارچه ***ਨਾਨ-ਉ-ਪਾਰਚਾ*** : ਰੋਟੀ ਕੱਪੜਾ।

نان و حلوا ***ਨਾਨ-ਉ-ਹਲਵਾ*** : ਸੂਫ਼ੀ ਮਤ ਦੀ ਇਕ ਪੁਸਤਕ ਦਾ ਨਾਮ ਜੋ ਸ਼ੇਖ਼ ਬਹਾਉਦੀਨ ਆਮਨੀ ਦੀ ਕ੍ਰਿਤ ਹੈ।

نانِ وقف ***ਨਾਨ-ਏ-ਵਕਫ਼*** : ਲੰਗਰ ਦੀ ਰੋਟੀ।

نان و نمک ***ਨਾਨ-ਉ-ਨਮਕ*** : ਰੋਟੀ ਤੇ ਲੂਣ; ਪਰਾਹੁਣਾਚਾਰੀ, ਮਮੂਲੀ ਭੋਜਨ, ਉਚੇਚ-ਰੈਹਤ ਖਾਣਾ।

ناو ***ਨਾਵ*** : ਬੇੜੀ, ਕਿਸ਼ਤੀ; ਪਰਨਾਲਾ; ਨਦੀ, ਨਾਲਾ; ਹਰ ਓਹ ਚੀਜ਼ ਜੋ ਲੰਮੀ ਤੇ ਅੰਦਰੋਂ ਖ਼ਾਲੀ ਹੋਵੇ, ਨਲੀ।

ناوچه ***ਨਾਵਚਾ*** : ਛੋਟੀ ਬੇੜੀ।

ناودان ***ਨਾਵਦਾਨ*** : ਪਰਨਾਲਾ, ਗੰਦਾ ਨਾਲਾ, ਬਦਰ ਰੌ, ਮੋਰੀ।

ناوا ***ਨਾਵਾ*** : ਪਰਨਾਲਾ, ਬਦਰ-ਰੌ।

ناور ***ਨਾਵਰ*** : ਸੰਭਵ, ਮੁਮਕਿਨ।

ناوران ***ਨਾਵਰਾਨ*** : ਸੰਭਵ ਗੱਲਾਂ।

ناور فرتاش ***ਨਾਵਰਫ਼ਰਤਾਸ਼*** : ਜਿਸ ਦੀ ਹੋਂਦ ਸੰਭਵ ਹੋਵੇ।

ناورد ***ਨਾਵਰਦ*** : ਜੰਗ, ਜੁੱਧ, ਲੜਾਈ, ਭੇੜ, ਮੁੱਠ-ਭੇੜ।

ناوردگاه ***ਨਾਵਰਦ-ਗਾਹ*** : ਜੰਗ ਦਾ ਮੈਦਾਨ, ਰਣ-ਭੂਮੀ।

ناوس ***ਨਾਉਸ*** : ਕਾਫ਼ਿਰਾਂ ਦਾ ਪੂਜਾ ਸਥਾਨ, ਜ਼ਰਤੁਸ਼ਤੀਆਂ ਦਾ ਅਗਨੀ ਮੰਦਰ, ਯਹੂਦੀਆਂ ਦਾ ਪੂਜਾ ਘਰ।

ناوک ***ਨਾਵਕ*** : ਖੋਖਲੀ ਲੱਕੜੀ, ਤੀਰ, ਬਾਣ, ਇਕ ਖਾਸ ਕਿਸਮ ਦਾ ਤੀਰ।

ناوک انداز ***ਨਾਵਕ-ਅੰਦਾਜ਼*** : ਤੀਰ ਚਲਾਉਣ ਵਾਲਾ, ਨਿਸ਼ਾਨੇਬਾਜ਼।

ناوکِ سحری ***ਨਾਵਕ-ਏ-ਸਹਰੀ*** : ਸਵੇਰ ਵੇਲੇ ਦੀ ਬਦ-ਦੁਆ।

ناوکِ قلبی ***ਨਾਵਕ-ਏ-ਕਲਬੀ*** : ਦਿਲ ਦੀ ਆਹ।

نا و نوش ***ਨਾ-ਉ-ਨੋਸ਼*** : (نای =ਬੰਸਰੀ +ਨੋਸ਼ =ਸ਼ਰਾਬ) ਨਗ਼ਮੇ ਸੁਣਨਾ ਤੇ ਸ਼ਰਾਬ ਪੀਣਾ, ਐਸ਼ ਕਰਨਾ।

ناویژه ***ਨਾਵੀਜ਼ਾ*** : ਐਬਦਾਰ, ਨਾਕਸ, ਨਾਪਾਕ, ਖੋਟਾ, ਮਿਲਾਵਟ ਵਾਲਾ।

ناه ***ਨਾਹ*** : ਓਹ ਬੂ ਜੋ ਸ਼ਰਦਖ਼ਾਨੇ ਤੇ ਧਰਤ ਹੇਠੋਂ ਆਉਂਦੀ ਹੈ, ਸਿੱਲ੍ਹ ਦੀ ਬੋ।

ناهی ***ਨਾਹੀ,*** : ਮਨ੍ਹਾ ਕਰਨ ਵਾਲਾ, ਕੰਮ ਤੋਂ ਰੋਕਣ ਵਾਲਾ।

ناهید ***ਨਾਹੀਦ*** : ਜ਼ੁਹਰਾ ਤਾਰਾ, ਸ਼ੁਕਰ ਤਾਰਾ।

نای ***ਨਾਯ*** : ਬੰਸਰੀ, ਵੰਝਲੀ; ਨਾਲੀ, ਨਲਕ; ਸੰਘ; ਕੂਚਾ, ਗਲੀ।

نائی ***ਨਾਈ*** : ਬੰਸਰੀ ਵਜਾਉਣ ਵਾਲਾ।

نائ انبان ***ਨਾਯ-ਏ-ਅੰਬਾਨ,***
نائ مشک ***ਨਾਯ ਮੁਸ਼ਕ*** : ਬੀਨ।

نائ ترکی ***ਨਾਯ-ਏ-ਤੁਰਕੀ*** : ਭੇਰੀ।

نای زدن ***ਨਾਯ ਜ਼ਦਨ*** : ਬੰਸਰੀ ਵਜਾਉਣਾ।

نائب ***ਨਾਇਬ*** : ਕਿਸੇ ਦੇ ਥਾਂ ਕੰਮ ਕਰਨ ਵਾਲਾ; ਕਾਇਮ-ਮਕਾਮ; ਪੇਸ਼ਕਾਰ; ਸਹਾਇਕ।

نایچہ ***ਨਾਯਚਾ*** : ਹੁੱਕੇ ਦਾ ਨੇਚਾ।

نائرہ ***ਨਾਇਰਾ*** : ਅੱਗ, ਭੜਾਕਾ; ਲਾਟ, ਚੰਗਿਆੜਾ; ਵੈਰ; ਭੱਜਣ ਵਾਲਾ।

نبات ***ਨਬਾਤ*** : ਬਨਸਪਤੀ, ਹਰ ਪਰਕਾਰ ਦੀ ਹਰਿਆਲੀ; ਸਬਜ਼ੀ, ਤਰਕਾਰੀ, ਹਰਾ ਘਾਹ।

نباتی ***ਨਬਾਤੀ*** : ਬਨਸਪਤੀ-ਵਿਗਿਆਨੀ।

نبات ***ਨਬਾਤ*** : ਮਿਸਰੀ, ਮਿਠਿਆਈ।

نبات جعفری ***ਨਬਾਤ-ਏ-ਜਾਅਫ਼ਰੀ*** : ਇਕ ਖ਼ਾਸ ਕਿਸਮ ਦੀ ਮਿਸਰੀ, ਜੋ ਹਿੰਦੁਸਤਾਨ ਦੀ ਮਿਸਰੀ ਨਾਲੋਂ ਵਧੇਰੇ ਮਿੱਠੀ ਤੇ ਸਾਫ਼ ਹੁੰਦੀ ਹੈ, ਇਸਫ਼ਹਾਨ (ਈਰਾਨ) ਵਿਚ ਇਕ ਜਾਅਫ਼ਰ ਨਾਮ ਦਾ ਹਲਵਾਈ ਬਣਾਉਂਦਾ ਸੀ, ਇਸ ਕਰਕੇ ਉਸ ਦੇ ਨਾਮ' ਤੇ ਏਹ 'ਨਾਬਾਤ-ਏ- ਜਾਅਫ਼ਰੀ' ਮਸ਼ਹੂਰ ਹੋ ਗਈ।

نبات شکّر ***ਨਬਾਤ ਸ਼ੱਕਰ*** : ਸਾਫ਼ ਤੇ ਸਵੱਛ ਖੰਡ।

نبات شکّر ***ਨਬਾਤ-ਏ-ਸ਼ੱਕਰ*** : ਗੰਨਾ।

نباتات ***ਨਬਾਤਾਤ*** : (ਨਬਾਤ نبات ਦਾ ਬੋਹਵਚਨ) ਸਬਜ਼ੀਆਂ, ਬਨਸਪਤੀ।

نبّاض ***ਨੱਬਾਜ਼*** : ਨਬਜ਼ ਵੇਖਣ ਵਾਲਾ, ਵੈਦ,ਹਕੀਮ;' ਸਿਆਣਾ।

نبراس ***ਨਿਬਰਾਸ*** : ਦੀਵਾ, ਸ਼ਮ੍ਹਾ।

نبرد ***ਨਬਰਦ*** : ਲੜਾਈ, ਜੁੱਧ, ਮੁਠ-ਭੇੜ।

نبرد آزما ***ਨਬਰਦ-ਆਜ਼ਮਾ,***
نبردہ ***ਨਬਰਦਾ*** : ਲੜਾਕਾ ਜੋਧਾ, ਬਹਾਦਰ।

نبرد گاہ ***ਨਬਰਦਗਾਹ*** : ਜੰਗ ਦਾ ਮੈਦਾਨ, ਰਣ-ਭੂਮੀ।

نبض ***ਨਬਜ਼*** : ਪੌਂਹਚੇ ਦੀ ਉਹ ਨਾੜੀ ਜੇਹੜੀ ਧੜਕਦੀ ਹੈ, ਪੌਂਹਚੇ ਦੀ ਰਗ ਦੀ ਹਰਕਤ, ਨਾੜੀ, ਰੰਗਾਂ ਦੀ ਚਾਲ।

نبض خورشید ***ਨਬਜ਼-ਏ-ਖ਼ੁਰਸ਼ੀਦ*** : ਸੂਰਜ ਦੀ ਕਿਰਨ।

نبض گیر ***ਨਬਜ਼-ਗੀਰ*** : ਨਬਜ਼ ਫੜ ਕੇ ਵੇਖਣ ਵਾਲਾ, ਵੈਦ, ਹਕੀਮ, ਤਬੀਬ।

نبض ملتوی ***ਨਬਜ਼-ਏ-ਮੁਲਤਵੀ*** : ਨਬਜ਼ ਦੀ ਚਾਲ ਉਖੜਵੀਂ ਹੋ ਜਾਣੀ ਜੋ ਬੀਮਾਰ ਦੀ ਖ਼ਤਰਨਾਕ ਹਾਲਤ ਦੀ ਪਰਤੀਕ ਹੁੰਦੀ ਹੈ।

نبل ***ਨਬਲ*** : ਤੀਰ, ਤੀਰ ਛੱਡਣਾ।

نبلہ ***ਨੁਬਲਾ*** : ਟੱਟੀ ਪਿਸ਼ਾਬ ਕਰਨ ਮਗਰੋਂ ਨਾਪਾਕੀ ਦੂਰ ਕਰਨਾ।

نبہ ***ਨਬਾ*** : ਹਜ਼ਰਤ ਰਸੂਲ (ਮੁਹੰਮਦ ਸਾਹਿਬ) ਦੇ ਇਕ ਗ਼ੁਲਾਮ ਦਾ ਨਾਮ ਜਿਸ ਨੂੰ ਆਪ ਨੇ ਅਜ਼ਾਦ ਕਰ ਦਿੱਤਾ ਸੀ।

نبہ ***ਨੁਬਾ*** : ਜਿਸ ਨੇ ਪਰਸਿਧੀ ਪਰਾਪਤ ਕਰ ਲਈ ਹੋਵੇ।

نبی ***ਨਬੀ*** : ਸੰਦੇਸ਼ ਪੌਂਹਚਾਉਣ ਵਾਲਾ, ਖਬਰ ਦੇਣ ਵਾਲਾ, ਖਬਰ ਪੌਂਹਚਾਉਣ ਵਾਲਾ, ਪੈਗੰਬਰ, ਰੱਬ ਦਾ ਭੇਜਿਆ ਹੋਇਆ, ਜੋ ਮਨੁੱਖਾਂ ਨੂੰ ਉਪਦੇਸ਼ ਦੇਣ ਤੇ ਸਿੱਧੇ ਰਾਹ ਪਾਉਣ ਲਈ ਆਇਆ ਹੋਵੇ।

نبوّت ***ਨੁਬੁਵੱਤ*** : ਖ਼ਬਰ ਦੇਣਾ, ਰੱਬੀ ਹੁਕਮ ਪੌਂਹਚਾਉਣੇ, ਪੈਗੰਬਰੀ।

نبید ***ਨਬੀਦ*** : (=ਨਵੀਦ نوید) ਖ਼ੁਸ਼ਖ਼ਬਰੀ।

نبید نبیذ ***ਨਬੀਦ,*** نبیذ ***ਨਬੀਜ਼*** : ਜਵਾਂ ਦੀ ਸ਼ਰਾਬ, ਖਜੂਰਾਂ ਤੇ ਜਵਾਂ ਦਾ ਸ਼ਰਬਤ ਜਾਂ ਸ਼ਰਾਬ।

نبیرہ ***ਨਬੀਰਾ*** : ਪੋਤਰੀ, ਦੋਹਤਰੀ।

نتائج ***ਨਤਾਇਜ*** : (ਨਤੀਜਾ نتیجہ

ਦਾ ਬੋਹਵਚਨ) ਨਤੀਜੇ, ਸਿੱਟੇ; ਮੰਤਵ, ਮੁਰਾਦਾਂ, ਅੰਤ, ਪਰਿਣਾਮ; ਔਲਾਦ, ਬਾਲ-ਬੱਚੇ, ਟੱਬਰ।

نتائج وآثار ***ਨਤਾਇਜ-ਓ-ਆਸਾਰ*** : ਤਿੰਨ ਜੂਨਾਂ, ਜਾਨਦਾਰ, ਬਨਸਪਤੀ ਤੇ ਖਣਿਜ ਪਦਾਰਥ।

نتیجه ***ਨਤੀਜਾ*** : ਭਾਵ, ਗਰਜ਼, ਮਨੋਰਥ, ਪਰਿਣਾਮ, ਸਿੱਟਾ; ਫ਼ਾਇਦਾ, ਫਲ, ਕਢਿਆ ਹੋਇਆ, ਕਿਸੇ ਕਿੱਸੇ ਜਾਂ ਕਹਾਣੀ ਦਾ ਸਿੱਟਾ, ਫਲ।

نتیجۂ سنگ ***ਨਤੀਜਾ-ਏ-ਸੰਗ*** : ਅੱਗ; ਖਣਿਜ ਪਦਾਰਥ ਜਿਵੇਂ ਚਾਂਦੀ, ਸੋਨਾ, ਲੋਹਾ, ਹੀਰੇ ਆਦਿ।

نثار ***ਨਿਸਾਰ*** : ਨਿਛਾਵਰ ਕਰਨਾ; ਵਾਰ ਕੇ ਸੁੱਟਣਾ; ਸੋਚ ਕਰਨਾ, ਸਿਰ ਤੋਂ ਵਾਰਨਾ; ਖਿਲਾਰਨਾ, ਬਖੇਰਨਾ, ਸਦਕੇ, ਕੁਰਬਾਨੀ, ਵਾਰੀ।

نثر ***ਨਸਰ*** : ਖਿਲਾਰਨਾ, ਖਿੰਡਾਉਣਾ, ਖਿਲਰਿਆ/ਖਿੰਡਿਆ ਹੋਇਆ; ਓਹ ਲਿਖਤ ਜੇਹੜੀ ਕਵਿਤਾ ਨਾ ਹੋਵੇ, ਵਾਰਤਕ, ਗਦ।

نجابت ***ਨੇਜਾਬਤ*** : ਸਾਊਪੁਣਾ; ਅਸੀਲਪਣ, ਸ਼ਰਾਫ਼ਤ, ਵਡਿਆਈ।

نجات ***ਨਜਾਤ*** : ਛੁਟਕਾਰਾ, ਰਿਹਾਈ, ਖਲਾਸੀ, ਮੁਕਤੀ, ਨਿਰਵਾਣ।

نجّار ***ਨੱਜਾਰ*** : ਤਰਖਾਣ, ਲਕੜੀ ਦਾ ਕੰਮ ਕਰਨ ਵਾਲਾ, ਮਿਸਤਰੀ।

نجارت ***ਨਿਜਾਰਤ***, **نجّاری** ***ਨੱਜਾਰੀ*** : ਤਰਖਾਣਾ ਕੰਮ।

نجاره ***ਨੁਜਾਰਾ*** : ਲੱਕੜ ਦਾ ਬੂਰਾ, ਬੁਰਾਦਾ।

نجار شروان ***ਨਜਾਰ-ਏ-ਸ਼ਰਵਾਨ***, **نجارِ شِروانی** ***ਨਜਾਰ-ਏ-ਸ਼ਰਵਾਨੀ*** : ਪਰਸਿੱਧ ਈਰਾਨੀ ਸ਼ਾਇਰ ਖ਼ਾਕਾਨੀ ਸ਼ਰਵਾਨ ਕਿਉਂ ਜੋ ਉਸ ਦਾ ਪਿਤਾ ਤਰਖਾਣ ਸੀ।

نُجار ***ਨੁਜਾਰ*** : ਅਸਲ, ਜੜ੍ਹ।

نجار ***ਨਿਜਾਰ*** : ਗੁਲਾਲ।

نجبا ***ਨੁਜਬਾ*** : (ਨਜੀਬ **نجیب** ਦਾ ਬੋਹਵਚਨ) ਸ਼ਰੀਫ਼ ਲੋਕ, ਸਾਊ, ਭਲੇਮਾਣਸ, ਬਜ਼ੁਰਗ, ਮਹਾਨ।

نجد ***ਨਜਦ*** : ਉੱਚੀ ਥਾਂ; ਘਰ ਦੀ ਸਜਾਵਟ; ਪਨਾਹ, ਸ਼ਰਨ; ਖੁਸ਼ੀ, ਅਨੰਦ; ਬਹਾਦਰੀ ਨਾਲ ਗ਼ਾਲਬ ਆਉਣਾ; ਰੰਜ, ਚਿੰਤਾ; ਪਸੀਨਾ, ਮੁੜ੍ਹਕਾ; ਰਾਹ ਦਾ ਮਾਹਰ, ਪੱਥ-ਪਰਦਰਸ਼ਕ, ਅਰਬ ਦੇ ਇਕ ਮੁਲਕ ਦਾ ਨਾਮ, ਜਿਸ ਦੀ ਜ਼ਮੀਨ ਉੱਚੀ ਹੈ।

نجدی ***ਨਜਦੀ*** : 'ਨਜਦ' ਦਾ ਰੈਹਣ ਵਾਲਾ।

نجس ***ਨਜਸ, ਨਜਸ, ਨਜਿਸ*** : ਗੰਦਾ, ਮੈਲਾ, ਨਾਪਾਕ, ਪਲੀਤ।

نجف ***ਨਜਫ਼*** : ਉੱਚੀ ਥਾਂ ਜਿਥੇ ਪਾਣੀ ਨਾ ਚੜ੍ਹਦਾ ਹੋਵੇ,ਟਿੱਲਾ, ਟਿੱਬਾ; ਇਰਾਕ ਅਰਬ ਦੇ ਇਕ ਸ਼ੈਹਰ ਦਾ ਨਾਮ ਜਿਥੇ ਹਜ਼ਰਤ ਅਲੀ ਦਾ ਮਜ਼ਾਰ ਹੈ, ਇਸ ਨੂੰ ਸਤਕਾਰ ਵਜੋਂ ਨਜ਼ਫ-ਏ-ਅਸ਼ਰਫ਼ ਕੈਂਹਦੇ ਹਨ।

نجک ***ਨਜਕ*** : ਛੋਟਾ ਨੇਜ਼ਾ।

نجم ***ਨਜਮ*** : ਤਾਰਾ, ਕੱਦੂ ਆਦਿ ਦੀ ਵੇਲ, ਸੱਤ ਸਹੇਲੀਆਂ ਦਾ ਝੁਮਕਾਰ।

نجوم ***ਨੁਜੂਮ*** : (ਨਜਮ ਦਾ ਬੋਹਵਚਨ) ਸਤਾਰੇ, ਵੇਲਾਂ।

نجومی ***ਨੁਜੂਮੀ*** : ਸਤਾਰਿਆਂ ਦੀ ਵਿਦਿਆ (ਇਲਮ-ਏ-ਨੁਜੂਮ) ਜਾਣਨ ਵਾਲਾ; ਜੋਤਸ਼ੀ।

نجیب ***ਨਜੀਬ*** : ਅਸੀਲ, ਸਾਊ ਆਦਮੀ, ਬਜ਼ੁਰਗ,ਸ਼ਰੀਫ਼, ਚੰਗੇ ਖ਼ਾਨਦਾਨ ਦਾ, ਮਾਣ ਸਤਕਾਰਯੋਗ।

نجیب الطرفین ***ਨਜੀਬ-ਉਤ-ਤਰਫ਼ੈਨ*** : ਓਹ ਵਿਅਕਤੀ ਜੋ ਮਾਂ ਤੇ ਬਾਪ ਦੋਵਾਂ ਵੱਲੋਂ ਉੱਚੀ ਅਸਲ ਨਸਲ ਦਾ ਹੋਵੇ, ਖ਼ਾਨਦਾਨੀ।

نحس ***ਨਹਸ*** : ਬਦਕਿਸਮਤ, ਅਭਾਗਾ, ਮਨਹੂਸ, ਨਾ-ਮੁਬਾਰਕ।

نحسینِ فلک ***ਨਹਸੈਨ-ਏ-ਫ਼ਲਕ*** : ਅਸਮਾਨ ਦੇ ਦੋ ਮਨਹੂਸ ਸਤਾਰੇ ਮੰਗਲ ਤੇ ਸ਼ਨਿੱਚਰ।

نحو ***ਨਹਵ*** : ਤੌਰ ਤਰੀਕਾ, ਢੰਗ, ਨਿਸ਼ਚਾ, ਇਰਾਦਾ, ਰਸਤਾ, ਮਾਰਗ, ਪਾਸਾ, ਤਰਫ਼, ਵਰਗਾ, ਸਮਾਨ; ਓਹ ਵਿਦਿਆ ਜਿਸ ਵਿਚ ਸ਼ਬਦ ਦੀ ਥਾਂ ਵਾਕ ਸਬੰਧੀ ਬੈਹਸ ਹੁੰਦੀ ਹੈ, ਵਾਕ-ਵਿਚਾਰ, ਵਾਕ-ਵਿਗਿਆਨ।

نحوی ***ਨਹਵੀ*** : ਵਾਕ-ਵਿਗਿਆਨੀ।

نحیف ***ਨਹੀਫ਼*** : ਪਤਲਾ, ਮਾੜਾ, ਕਮਜ਼ੋਰ, ਨਿਰਬਲ , ਨਿਢਾਲ।

نحافت ***ਨਹਾਫ਼ਤ*** : ਕਮਜ਼ੋਰੀ, ਨਿਰਬਲਤਾ।

نخ ***ਨਖ਼*** : ਸੂਤਰ ਜਾਂ ਰੇਸ਼ਮ ਦਾ ਧਾਗਾ, ਡੋਰ, ਇਕ ਪਰਕਾਰ ਦਾ ਕੀਮਤੀ ਕੱਪੜਾ; ਛੋਟੀ ਦਰੀ ਜਾਂ ਸ਼ਤਰੰਜੀ ਟਾਟ; ਹਲ ਦਾ ਫਾਲਾ; ਫ਼ੌਜ ਦੀ ਕਤਾਰ ਜਾਂ ਸਫ਼; ਥੋੜਾ, ਘਟ; ਕੱਚ ਦੀ ਚੂੜੀ।

نخّاس ***ਨੱਖ਼ਾਸ*** : ਗੁਲਾਮ ਵੇਚਣ ਵਾਲਾ, ਤੀਵੀਂਆਂ ਦਾ ਵਪਾਰੀ, ਬਰਦਾ-ਫਰੋਸ਼; ਪਸ਼ੂ ਵੇਚਣ ਵਾਲਾ, ਓਹ ਬਜ਼ਾਰ ਜਿਥੇ ਗੁਲਾਮ ਤੇ ਪਸ਼ੂ ਵਿਕਦੇ ਹੋਣ।

نخچیر ***ਨਖ਼ਚੀਰ*** : ਜੰਗਲੀ ਜਾਨਵਰ ਜਾਂ ਹਰਨ; ਪਹਾੜੀ ਬੱਕਰਾ; ਸ਼ਿਕਾਰ; ਸ਼ਿਕਾਰ ਕੀਤਾ ਹੋਇਆ ਜਾਨਵਰ; ਸ਼ਿਕਾਰੀ; ਸ਼ਿਕਾਰਗਾਹ, ਸ਼ਿਕਾਰ ਦੀ ਥਾਂ।

نخچیر گان ***ਨਖ਼ਚੀਰਗਾਨ*** : ਰਾਗੀ 'ਬਾਰਬੁਦ' ਦਾ ਕਢਿਆ ਹੋਇਆ ਇਕ ਅਲਾਪ, ਇਕ ਰਾਗ ਦਾ ਨਾਮ।

نخچیر گاہ ***ਨਖ਼ਚੀਰਗਾਹ*** : ਸ਼ਿਕਾਰ-ਗਾਹ।

نخچیر وال ***ਨਖ਼ਚੀਰਵਾਲ*** : ਸ਼ਿਕਾਰ ਕਰਨ ਵਾਲਾ, ਸ਼ਿਕਾਰੀ।

نخچیر ان ***ਨਖ਼ਚੀਰਾਨ*** : (ਨਖ਼ਚੀਰ نخچیر ਦਾ ਬੌਹਵਚਨ) ਸ਼ਿਕਾਰ।

نخرہ ***ਨਖ਼ਰਾ*** : ਚੋਜ।

نخست ***ਨੁਖ਼ਸਤ,*** نخستین ***ਨੁਖ਼ਸਤੀਨ*** : ਪੈਹਲਾ, ਪਰਥਮ, ਅੱਵਲ।

نخست زاد ***ਨੁਖ਼ਸਤਜ਼ਾਦ*** : ਪਲੇਠੀ ਦਾ ਪੁੱਤਰ, ਜੇਠਾ ਪੁੱਤਰ।

نخستگی ***ਨੁਖ਼ਸਤਗੀ*** : ਪੈਹਲੇ ਫਲ; ਪੈਹਲ।

نخستین انداز ***ਨੁਖ਼ਸਤੀਨ-ਅੰਦਾਜ਼*** : ਬਿਨਾ ਕਿਸੇ ਤਿਆਰੀ ਦੇ ਮੌਕੇ ਤੇ ਹੀ ਦਿਤਾ ਭਾਸ਼ਣ।

نخشب ***ਨਖ਼ਸ਼ਬ*** : ਤੁਰਕਿਸਤਾਨ ਦੇ ਇਕ ਸ਼ੈਹਰ ਦਾ ਨਾਮ।

نخشبی ***ਨਖ਼ਸ਼ਬੀ*** : 'ਨਖ਼ਸ਼ਬ' ਦਾ ਰੈਹਣ ਵਾਲਾ;'ਨਖ਼ਸ਼ਬ' ਨਾਲ ਸਬੰਧਤ।

نخل ***ਨਖ਼ਲ*** : ਖਜੂਰ ਦਾ ਰੁੱਖ, (ਇਹ ਇਕ ਵਚਨ ਤੇ ਬੌਹਵਚਨ, ਦੋਹਾਂ ਦੇ ਅਰਥਾਂ ਵਿਚ ਆਉਂਦਾ ਹੈ), ਕੋਈ ਰੁੱਖ; ਆਟਾ ਛਾਣਨਾ।

نخل بن ***ਨਖ਼ਲਬੁਨ*** : ਖਜੂਰ ਦਾ ਦਰਖ਼ਤ।

نخل بند ***ਨਖ਼ਲ-ਬੰਦ*** : ਮਾਲੀ; ਮੋਮ ਦੇ ਦਰਖਤ ਤੇ ਮੇਵਿਆਂ ਦੀਆਂ ਸ਼ਕਲਾਂ ਬਣਾਉਣ ਵਾਲਾ ਚਿੱਤਰਕਾਰ।

نخلِ تابوت ***ਨਖ਼ਲ-ਏ-ਤਾਬੂਤ,*** نخلِ ماتم ***ਨਖ਼ਲ-ਏ-ਮਾਤਮ*** : ਮੁਰਦਿਆਂ ਦੇ ਤਾਬੂਤ ਉਤੇ ਕੀਤੀ ਹੋਈ ਸਜਾਵਟ।

نخلستان ***ਨਖ਼ਲਿਸਤਾਨ*** : ਖਜੂਰਾਂ ਦਾ ਬਾਗ, ਖਜੂਰ ਦੇ ਰੁੱਖਾਂ ਦਾ ਝੁੰਡ।

نخلِ طور ***ਨਖ਼ਲ-ਏ-ਤੂਰ*** : ਕੋਹ ਤੂਰ ਦੇ ਨੇੜੇ ਓਹ ਦਰਖ਼ਤ ਜਿਸ ਪੁਰ ਹਜ਼ਰਤ ਮੂਸਾ ਨੂੰ ਰੱਬ ਦਾ ਨੂਰ ਵਿਖਾਈ ਦਿਤਾ ਸੀ।

نخلِ مریم ***ਨਖ਼ਲ-ਏ-ਮਰੀਯਮ*** : ਓਹ ਖਜੂਰ ਦਾ ਸੁੱਕਾ ਦਰਖਤ ਜਿਸ ਹੇਠ ਹਜ਼ਰਤ ਈਸਾ ਪੈਦਾ ਹੋਏ ਸਨ ਤੇ ਓਹ ਦਰਖ਼ਤ ਹਰਾ ਹੋ ਗਿਆ ਸੀ।

نخلِ موم ***ਨਖ਼ਲ-ਏ-ਮੋਮ*** : ਮੋਮ ਦਾ ਬਣਾਇਆ ਹੋਇਆ ਰੁੱਖ।

نخله ***ਨਖ਼ਲਾ*** : ਖਜੂਰ ਦਾ ਇਕ ਰੁੱਖ।

نخوت ***ਨਖ਼ਵਤ*** : ਬਜ਼ੁਰਗ; ਵਡਿਆਈ; ਅਭਮਾਨ, ਨਾਜ਼, ਨਖ਼ਰਾ, ਝੂਠੀ ਸ਼ਾਨ।

نخود ***ਨੁਖ਼ੁਦ*** : ਛੋਲੇ।

نخود آب ***ਨੁਖ਼ੁਦ ਆਬ*** : ਛੋਲਿਆਂ ਦਾ ਪਾਣੀ ਜਾਂ ਤਰੀ।

نخود بریز ***ਨੁਖ਼ੁਦ-ਬਿਰੇਜ਼,***
نخود پز ***ਨੁਖ਼ੁਦ ਪਜ਼*** : ਛੋਲੇ ਭੁੰਨਣ ਤੇ ਵੇਚਣ ਵਾਲਾ, ਭੜਭੂੰਜਾ।

نخودی ***ਨੁਖ਼ੁਦੀ*** : ਇਕ ਰੰਗ ਦਾ ਨਾਮ ਜੋ ਛੋਲਿਆਂ ਦੇ ਰੰਗ ਵਰਗਾ ਹੁੰਦਾ ਹੈ।

نخیر ***ਨਖ਼ੀਰ*** : ਘਾਤ ਲਾ ਕੇ ਬੈਹਣ ਦੀ ਥਾਂ, ਪੈੜਾਂ, ਬੂਟਿਆਂ ਆਦਿ ਦੀ ਪਨੀਰੀ ਦੀ ਥਾਂ।

نخیرگاه ***ਨਖ਼ੀਰਗਾਹ*** : ਰੁੱਖਾਂ ਦਾ ਝੁੰਡ; ਘਾਤ ਲਾਉਣ ਦੀ ਥਾਂ।

نخیل ***ਨਖ਼ੀਲ*** : (= ਨਖ਼ਲ نخل) ਖ਼ਜੂਰ, ਖ਼ੁਰਮਾ।

ندا ***ਨਿਦਾ*** : ਅਵਾਜ਼, ਪੁਕਾਰ, ਸੱਦ; ਅਵਾਜ਼ ਦੇਣਾ।

ندا(صلا)زدن ***ਨਿਦਾ (ਸਲਾ) ਜ਼ਦਨ*** : ਘੋਸ਼ਿਤ ਕਰਨਾ, ਐਲਾਨ ਕਰਨਾ।

ندّاف ***ਨੱਦਾਫ਼*** : ਰੂੰ ਪਿੰਜਣ ਵਾਲਾ, ਪੇਂਜਾ।

ندامت ***ਨਦਾਮਤ*** : ਸ਼ਰਮਿੰਦਗੀ, ਪਛਤਾਵਾ, ਅਫ਼ਸੋਸ।

ندامت زده ***ਨਦਾਮਤ ਜ਼ਦਾ*** : ਪਸ਼ੇਮਾਨ।

ندرت ***ਨੁਦਰਤ*** : ਅਦੁੱਤੀ ਹੋਣਾ, ਅਜੂਬਾ ਹੋਣਾ; ਇਕੱਲ, ਤਨਹਾਈ, ਘਾਟ, ਕਮੀ।

ندف ***ਨਦਫ਼*** : ਰੂੰ ਪਿੰਜਣਾ; ਅਸਮਾਨ ਤੋਂ ਮੀਂਹ ਜਾਂ ਬਰਫ਼ ਦਾ ਪੈਣਾ; ਦੁੱਧੀਆਂ 'ਚੋਂ ਉਂਗਲਾਂ ਨਾਲ ਦੁੱਧ ਕੱਢਣਾ; ਜੰਗਲੀ ਜਾਨਵਰ ਦਾ ਜੀਭ ਨਾਲ ਪਾਣੀ ਪੀਣਾ।

ندیف ***ਨਦੀਫ਼*** : ਪਿੰਜੀ ਹੋਈ ਰੂੰ।

ندم ***ਨਦਮ*** : ਅਫ਼ਸੋਸ ਜਾਂ ਪਛਤਾਵਾ ਕਰਨਾ, ਪਸ਼ੇਮਾਨ ਹੋਣਾ, ਪਛਤਾਵਾ, ਅਫ਼ਸੋਸ, ਪਰੇਸ਼ਾਨੀ।

نُدما ***ਨੁਦਮਾ*** : (ਨਦੀਮ ندیم ਦਾ ਬੌਹਵਚਨ) ਅਮੀਰਾਂ ਨਾਲ ਬੈਹਣ ਉਠਣ ਵਾਲਾ, ਰਲ ਕੇ ਸ਼ਰਾਬ ਪੀਣ ਵਾਲਾ ਸਾਥੀ, ਹਮਨੋਸ਼, ਹਮ-ਪਿਆਲਾ।

ندمان ***ਨਦਮਾਨ*** : ਪਛਤਾਉਣ ਵਾਲਾ, ਪਸ਼ੇਮਾਨ, ਅਮੀਰਾਂ ਦਾ ਸਾਥੀ, ਇੱਕਠਿਆਂ ਸ਼ਰਾਬ ਪੀਣ ਵਾਲਾ, ਹਮ-ਪਿਆਲਾ।

ندیم ***ਨਦੀਮ*** : ਅਮੀਰਾਂ ਵਜ਼ੀਰਾਂ ਦਾ ਸਾਥੀ, ਰਲ ਕੇ ਸ਼ਰਾਬ ਪੀਣ ਵਾਲਾ, ਜੋਟੀਦਾਰ।

نَذر ***ਨਜ਼ਰ*** : ਓਹ ਚੀਜ਼ ਜੇਹੜੀ ਆਪਣੇ ਲਈ ਅਵਸ਼ਕ ਕਰ ਲਈ ਜਾਵੇ; ਇਕਰਾਰ, ਵਾਦਾ, ਨਜ਼ਰਾਨਾ, ਚੜ੍ਹਾਵਾ, ਮੰਨਤ, ਮਨੌਤ, ਭੇਂਟ।

نذیر ***ਨਜ਼ੀਰ*** : ਡਰਨਾ ; ਡਰਾਇਆ ਗਿਆ, ਡਰਾਉਣ ਵਾਲਾ।

نر ***ਨਰ*** : ਪੁਲਿੰਗ: ਜੋ ਪੱਧਰਾ ਨਾ ਹੋਵੇ, ਨਾ-ਹਮਵਾਰ; ਭੈੜਾ, ਕੋਝਾ; ਰੁੱਖ ਦਾ ਵਿਚਕਾਰਲਾ ਟਾਹਣਾ।

نرجس ***ਨਰਜਿਸ*** : (ਨਰਗਿਸ نرگس ਦਾ ਅਰਬੀ ਰੂਪਾਂਤਰ) ਨਰਗਸ ਦਾ ਫੁੱਲ, ਜਿਸ ਨਾਲ ਮਸ਼ੂਕ ਦੀ ਅੱਖ ਨੂੰ ਉਪਮਾ ਦਿਤੀ ਜਾਂਦੀ ਹੈ।

نرخ ***ਨਿਰਖ਼*** : ਭਾ;ਅੰਨ ਜਾਂ ਕਿਸੇ ਦੂਜੀ ਵਸਤੂ ਦਾ ਭਾ, ਦਰ; ਕੀਮਤ, ਮੁੱਲ; ਰਿਵਾਜ; ਰੌਣਕ।

نرخِ بازار ***ਨਿਰਖ਼-ਏ-ਬਾਜ਼ਾਰ*** : ਬਜ਼ਾਰ ਜਾਂ ਮੰਡੀ ਦਾ ਭਾ।

نرخ بالا کردن ***ਨਿਰਖ਼ ਬਾਲਾ ਕਰਦਨ*** : ਕੀਮਤ ਵਧਾ ਦੇਣਾ।

نرخ بندی ***ਨਿਰਖ਼ਬੰਦੀ*** : ਪਰਚਲਤ ਨਿਰਖ, ਕੀਮਤ ਮੁਕੱਰਰ ਕਰਨਾ।

نرخ گردش ***ਨਿਰਖ਼ ਗਰਦਿਸ਼*** : ਕੀਮਤਾਂ ਦਾ ਹੇਰ ਫੇਰ ਤੇ ਉਤਰਾ-ਚੜ੍ਹਾ।

نرخ نامه ***ਨਿਰਖ਼ਨਾਮਾ*** : ਕੀਮਤਾਂ ਦੀ ਸੂਚੀ।

نرد ***ਨਰਦ*** : ਇਕ ਪਰਸਿੱਧ ਖੇਡ ਜਿਸ ਨੂੰ

ਬੁਜ਼ਰਸਮਿਹਰ ਨੇ ਚਲਾਇਆ ਸੀ, ਚੌਸਰ, ਚੌਸਰ ਦਾ ਗੋਟ; ਸ਼ਤਰੰਜ ਦਾ ਮੋਹਰਾ; ਦਰਖ਼ਤ ਦਾ ਤਣਾ।

نردباز ***ਨਰਦਬਾਜ਼*** : ਚੌਸਰ ਦਾ ਖਿਡਾਰੀ।

نردبان ***ਨਰਦਬਾਨ*** : (ਮੂਲ ਰੂਪ ਵਿਚ ਨਵਰਦ + ਬਾਮ نوردبام) ਪੌੜੀ।

نردبانِ ہربام ***ਨਰਦਬਾਨ-ਏ-ਹਰ- ਬਾਮ*** : ਫ਼ਜ਼ੂਲ ਗੱਲਾਂ ਕਰਨ ਵਾਲਾ, ਬਕਵਾਸੀ।

نرسک ***ਨਰਸਕ*** : ਪਰਸਿੱਧ ਅੰਨ, ਮਸਰੀ।

نرگ ***ਨਰਗ*** : ਸ਼ਿਕਾਰ ਨੂੰ ਰੋਕਣ ਲਈ ਸ਼ਿਕਾਰੀਆਂ ਦਾ ਗੋਲ ਦਾਇਰਾ ਬਣਾ ਲੈਣਾ, ਪੈਹਲਵਾਨਾਂ ਦੇ ਵਰਜਸ਼ ਕਰਨ ਦੀ ਜਗ੍ਹਾ, ਅਖਾੜਾ।

نرگاو ***ਨਰ ਗਾਵ*** : ਬਲਦ, ਢੱਗਾ।

نرگدا ***ਨਰਗਦਾ*** : ਬੇਸ਼ਰਮ ਮੰਗਤਾ, ਹੱਟਾ ਕੱਟਾ ਭਿਖਾਰੀ।

نرگس ***ਨਰਗਿਸ*** : ਇਕ ਪਰਸਿੱਧ ਫੁੱਲ, ਜਿਸ ਨਾਲ ਸ਼ਾਇਰ ਅਕਸਰ ਮਸ਼ੂਕ ਦੀ ਅੱਖ ਦੀ ਉਪਮਾ ਦਿੰਦੇ ਹਨ; ਮਸ਼ੂਕ ਦੀ ਅੱਖ।

نرگسِ شہلا ***ਨਰਗਿਸ-ਏ-ਸ਼ਹਲਾ*** : ਨਰਗਿਸ ਦੀ ਇਕ ਕਿਸਮ ਜਿਸ ਵਿਚ ਜ਼ਰਦੀ ਦੀ ਥਾਂ ਸਿਆਹੀ ਹੁੰਦੀ ਹੈ, ਚਿੱਟੀ ਨਰਗਿਸ ਜੋ ਕਾਲੀ ਭਾਹ ਮਾਰਦੀ ਹੋਵੇ।

نرگسِ مخمور ***ਨਰਗਿਸ-ਏ-ਮਖ਼ਮੂਰ,*** نرگسِ نیم خواب ***ਨਰਗਿਸ-ਏ-ਨੀਮ ਖ਼ਾਬ*** : ਮਤਵਾਲੀ ਅੱਖ, ਨਸ਼ੀਲੀ ਅੱਖ, ਮਸ਼ੂਕ ਦੀ ਅੱਖ, ਅੱਧ-ਮੀਟੀ ਅੱਖ।

نرگس وگل ***ਨਰਗਿਸ-ਉ-ਗੁੱਲ,*** : ਮਸ਼ੂਕ ਦੀ ਅੱਖ ਤੇ ਕੰਨ।

نرگسہ ***ਨਰਗਿਸਾ*** : ਹਡੀ ਜਾਂ ਹਾਥੀ ਦੰਦ ਦੇ ਬਣੇ ਹੋਏ ਨਰਗਿਸ ਦੇ ਫੁੱਲ ਜੋ ਮਕਾਨ ਦੀ ਛੱਤ 'ਤੇ ਲਾਉਂਦੇ ਹਨ; ਸਤਾਰੇ।

نرگسی ***ਨਰਗਿਸੀ*** : ਨਰਗਿਸ ਨਾਲ ਸਬੰਧਤ, ਨਰਗਿਸ ਜੇਹੀ, ਇਕ ਪਰਕਾਰ ਦਾ ਖਾਣਾ, ਇਕ ਕਿਸਮ ਦਾ ਕੱਪੜਾ; ਅੱਖ ਦਾ ਇਸ਼ਾਰਾ।

نرم ***ਨਰਮ*** : ਕੂਲਾ, ਗੁਦਗੁਦਾ, ਸੁੰਦਰ,ਪਿਲਪਿਲਾ, ਲਚਕੀਲਾ, ਢਿੱਲਾ, ਸੁਸਤ।

نرم آہن ***ਨਰਮ ਆਹਨ*** : ਸੁਸਤ, ਕਮਜੋਰ, ਡਰਪੋਕ, ਮਜਬੂਰ।

نرم آہنی ***ਨਰਮ ਆਹਨੀ*** : ਕਮਜ਼ੋਰੀ, ਬੁਜ਼ਦਿਲੀ।

نرم بر ***ਨਰਮਬੁਰ*** : ਲੁਹਾਰਾਂ ਤੇ ਤਰਖਾਣਾਂ ਦਾ ਇਕ ਸੰਦ;ਚਾਪਲੂਸ, ਖੁਸ਼ਾਮਦੀ।

نرم بیز ***ਨਰਮ-ਬੇਜ਼*** : ਬਰੀਕ ਛਾਣਨੀ।

نرم چشم ***ਨਰਮ-ਚਸ਼ਮ*** : ਬੇਸ਼ਰਮ।

نرم دست ***ਨਰਮ-ਦਸਤ*** : ਇਕ ਪਰਕਾਰ ਦਾ ਮੁਲਾਇਮ ਕੱਪੜਾ।

نرم دل ***ਨਰਮ-ਦਿਲ,*** نرم مزاج ***ਨਰਮ-ਮਿਜ਼ਾਜ*** : ਸ਼ਰੀਫ਼, ਸਾਉ, ਰੈਹਮ ਦਿਲ,ਨੇਕ।

نرم سار ***ਨਰਮ-ਸਾਰ*** : ਵਿਦਵਾਨ, ਮੇਹਰਬਾਨ, ਹਲੀਮ।

نرم شانہ ***ਨਰਮਸ਼ਾਨਾ*** : ਸੁਸਤ, ਢਿੱਲੜ।

نرم کردن ***ਨਰਮ ਕਰਦਨ*** : ਅਧੀਨ ਕਰ ਲੈਣਾ, ਆਗਿਆਕਾਰ ਬਣਾ ਲੈਣਾ।

نرم گردن ***ਨਰਮ-ਗਰਦਨ*** : ਆਗਿਆਕਾਰ, ਅਧੀਨ।

نرم گرم ***ਨਰਮ ਗਰਮ*** : ਭਲਾ ਬੁਰਾ, ਸਖ਼ਤ ਸੁਸਤ, ਸਮੇਂ ਦਾ ਇਕਸਾਰ ਨਾ ਰੈਹਣਾ।

نرم نرم ***ਨਰਮ ਨਰਮ,*** نرمک نرمک ***ਨਰਮਕ ਨਰਮਕ*** : ਹੌਲੀ-ਹੌਲੀ।

نرم ودرشت ***ਨਰਮ-ਉ-ਦੁਰੁਸ਼ਤ*** : ਕੋਮਲ ਅਤੇ ਕਰੜਾ।

نرمی ***ਨਰਮੀ*** : ਸਫ਼ਾਈ, ਕੋਮਲਤਾ,

ਪੱਧਰਾਪਣ; ਰੈਹਮ ਦਿਲੀ।

نرمیش **ਨਰ ਮੇਸ਼** : ਝੋਟਾ, ਸੰਢਾ।

نره **ਨਰਾ, ਨੱਰਾ** : ਨਰ, ਪੁਲਿੰਗ, ਜੋ ਪੱਧਰਾ ਨਾ ਹੋਵੇ, ਨਾਹਮਵਾਰ; ਭੈੜਾ, ਕੋਝਾ, ਕਰੂਪ, ਖ਼ਰਾਬ; ਪੁਰਸ਼ ਦੀ ਇੰਦਰੀ; ਪਾਣੀ ਦੀ ਲੈਹਰ; ਚਾਬੀ ਦਾ ਦੰਦਾ; ਰੁੱਖ, ਦਰਖ਼ਤ, ਰੁੱਖ ਦਾ ਤਣਾ, ਗੇਲੀ, ਟਾਹਣੀ; ਹੀਜੜਾ; ਮੰਗਤਾ; ਉੱਜਡ, ਅੱਖੜ।

نرهٔ آب **ਨੱਰਾ-ਏ-ਆਬ** : ਪਾਣੀ ਦੀ ਲੈਹਰ।

نرهٔ بیمار **ਨੱਰਾ-ਏ-ਬੀਮਾਰ** : ਬੌਹਤ ਖਾਣ ਵਾਲਾ ਬੀਮਾਰ। '

نره دیو **ਨੱਰਾ ਦੇਵ** : ਨਰ ਦੇਵ, ਭੈੜੀ ਸ਼ਕਲ ਵਾਲਾ, ਦੇਵ।

نره گاو **ਨੱਰਾ ਗਾਵ** : ਬਲਦ, ਵੱਠਾ, ਸਾਹਨ।

نری **ਨਰੀ** : ਮਨੁੱਖ ਜਾਂ ਹੈਵਾਨ ਦੀ ਇੰਦਰੀ; ਭੇਡ ਜਾਂ ਬਕਰੀ ਦਾ ਰੰਗਿਆ ਹੋਇਆ ਚਮੜਾ।

نریم **ਨਰੀਮ,** نریمان **ਨਰੀਮਾਨ** : ਰੁਸਤਮ ਦੇ ਪੜਦਾਦੇ ਦਾ ਨਾਮ।

نرینه **ਨਰੀਨਾ** : 'ਨਰ' ਨਾਲ ਸਬੰਧਤ, ਨਰ, ਪੁਲਿੰਗ।

نزار **ਨਜ਼ਾਰ** : ਕਮਜ਼ੋਰ, ਪਤਲਾ, ਓਹ ਮਾਸ ਜਿਸ ਵਿਚ ਚਰਬੀ ਨਾ ਹੋਵੇ, ਕੰਗਾਲ ।

نزاع **ਨਿਜ਼ਾਅ** : ਇੱਛਾ, ਲਾਲਸਾ; ਇੱਛਕ ਹੋਣਾ; ਝਗੜਾ, ਤਕਰਾਰ, ਮੁੱਕਦਮਾ, ਦੁਸ਼ਮਣੀ, ਵੈਰ-ਵਿਰੋਧ।

نزاکت **ਨਜ਼ਾਕਤ** : ਕੋਮਲਤਾ, ਨਰਮੀ, ਖ਼ੂਬੀ, ਬਰੀਕੀ, ਪਾਕੀਜ਼ਗੀ।

نزاهت **ਨਜ਼ਾਹਤ** : ਬਦੀ ਤੋਂ ਦੂਰ ਰੈਹਣਾ, ਪਰਹੇਜ਼ਗਾਰੀ,ਐਬ ਤੋਂ ਪਾਕ ਹੋਣਾ।

نزد **ਨਜ਼ਦ** : (ਨਜ਼ਦੀਕ نزدیک ਦਾ ਸੰਖਿਪਤ ਰੂਪ) ਨੇੜੇ, ਪਾਸ, ਮੂਹਰੇ, ਸਾਮ੍ਹਣੇ।

نزدیک **ਨਜ਼ਦੀਕ** : ਨੇੜੇ, ਪਾਸ, ਕੋਲ।

نزدیکان **ਨਜ਼ਦੀਕਾਨ** : ਨੇੜੇ ਦੇ ਰਿਸ਼ਤੇਦਾਰ, ਸਾਕ, ਸਬੰਧੀ।

نزدیکی **ਨਜ਼ਦੀਕੀ** : ਨੇੜੇ ਹੋਣਾ, ਨੇੜਤਾ।

نزع **ਨਜ਼ਅ** : ਕਿਸੇ ਚੀਜ਼ ਨੂੰ ਉਸ ਦੀ ਥਾਂ ਤੋਂ ਖਿਚਣਾ; ਉਖੇੜਨਾ, ਜਾਨ ਦਾ ਜਾਣਾ, ਜਾਨ ਟੁੱਟਣੀ; ਦਮ ਤੋੜਨਾ, ਬੌਹਤ ਦੂਰ ਹੋਣਾ।

نزع جان النزع **ਨਜ਼ਅ-ਏ-ਜਾਨ-ਉਨ-ਨਜ਼ਅ** : ਅੰਤਮ ਸਵਾਸਾਂ ਤੇ ਹੋਣਾ।

نزله **ਨਜ਼ਲਾ** : ਨਜ਼ਲਾ, ਜ਼ੁਕਾਮ, ਸਰਦੀ ਆਦਿ ਦੀ ਬੀਮਾਰੀ।

نزول **ਨੁਜ਼ੂਲ** : ਉਤਰਨਾ, ਲੈਹਣਾ, ਲੱਥਣਾ; ਕਿਸੇ ਦਾ ਘਰ ਪਰਾਹੁਣਾ ਬਣਨਾ; ('ਮੰਜ਼ਿਲ ' ਦੇ ਅਰਥਾਂ ਵਿਚ ਵੀ ਆਉਂਦਾ ਹੈ) ਘਰ, ਮਕਾਮ, ਸਰਕਾਰੀ ਜ਼ਮੀਨ।

نزولی **ਨੁਜ਼ੂਲੀ** : ਲਸ਼ਕਰ ਦੇ ਉਤਰਨ ਦਾ ਮੈਦਾਨ, ਸ਼ਾਹੀ ਫੌਜ ਦਾ ਪੜਾ।

نزهت **ਨੁਜ਼ਹਤ** : ਦੂਰੀ, ਗ਼ਮ ਤੇ ਫ਼ਿਕਰ ਤੋਂ ਦੂਰ ਹੋਣਾ; ਨੇਕੀ, ਪਾਕੀਜ਼ਗੀ, ਬੇ ਐਬੀ, ਖ਼ੂਬੀ, ਖ਼ੁਸ਼ਹਾਲੀ, ਬੌਹਲਤਾ, ਤਾਜ਼ਗੀ; ਖ਼ੁਸ਼ੀ, ਅਨੰਦ,ਤਮਾਸ਼ਾ।

نزهت افزا **ਨੁਜ਼ਹਤ-ਅਫ਼ਜ਼ਾ** : ਖ਼ੁਸ਼ੀ ਵਧਾਉਣ ਵਾਲਾ, ਅਨੰਦ-ਜਨਕ।

نزهت کده **ਨੁਜ਼ਹਤ-ਕਦਾ** : ਸੈਰ ਦਾ ਸਥਾਨ, ਮਨੋਰੰਜਨ ਦੀ ਥਾਂ।

نزهت گاه **ਨੁਜ਼ਹਤ-ਗਾਹ** : ਹਰੀ ਭਰੀ ਜਗ੍ਹਾ, ਪਵਿੱਤਰ ਥਾਂ।

نژاد **ਨਜ਼ਾਦ** : ਨਸਬ, ਅਸਲ, ਨਸਲ, ਅਸਲੀ, ਚੰਗੇ ਘਰਾਣੇ ਦਾ।

نژاده **ਨਜ਼ਾਦਾ** : ਅਸੀਲ, ਨੇਕ ਖਾਨਦਾਨ ਦਾ, ਖ਼ਾਨਦਾਨੀ, ਕੁਲੀਨ।

نژند **ਨਜ਼ੰਦ** : ਨੀਵਾਂ, ਨੀਚ; ਉੱਧਾ, ਮੂਧਾ, ਪੁੱਠਾ, ਉਲਟਾ; ਪਰੇਸ਼ਾਨ, ਹੈਰਾਨ; ਉਦਾਸ; ਕੈਹਰ-ਭਰਿਆ; ਜ਼ਲੀਲ।

نسا **ਨਿਸਾ** : ਔਰਤਾਂ, ਇਸਤਰੀਆਂ।

نساب ***ਨਿਸਾਬ*** : ਸਬੰਧ, ਰਿਸ਼ਤਾ।

نسّاج ***ਨੱਸਾਜ*** : ਕੱਪੜਾ ਬੁਣਨ ਵਾਲਾ, ਜੁਲਾਹਾ, ਕਾਸਬੀ; ਜ਼ੱਰਾ ਬਕਤਰ, ਸੰਜੋਆ ਬਣਾਉਣ ਵਾਲਾ; ਗੱਲਾਂ ਬਣਾਉਣ ਵਾਲਾ, ਝੂਠਾ।

نسّاجت ***ਨੱਸਾਜਤ*** : ਕੱਪੜਾ ਬੁਣਨ ਦਾ ਕਿੱਤਾ।

نسب ***ਨਸਬ*** : ਨਸਲ, ਅਸਲ, ਖਾਨਦਾਨ ਦਾ ਸਿਲਸਿਲਾ, ਜੱਦੀ ਰਿਸ਼ਤਾ; ਸਬੰਧ, ਰਿਸ਼ਤੇ।

نسب نامه ***ਨਸਬਨਾਮਾ*** : ਬੰਸਾਵਲੀ-ਨਾਮਾ, ਕੁਰਸੀਨਾਮਾ।

نسب وحسب ***ਨਸਬ-ਉ-ਹਸਬ*** : ਅਸਲਾ ਤੇ ਪਰਾਪਤੀ।

نسبی ***ਨਸਬੀ*** : ਇਕੋ ਲਹੂ-ਰਿਸ਼ਤੇ ਦਾ; ਇਕੋ ਨਸਲ ਦਾ, ਖਾਨਦਾਨ ਦਾ।

نسبت ***ਨਿਸਬਤ*** : ਸਬੰਧ, ਰਿਸ਼ਤਾ; ਸਬੰਧ ਰੱਖਣਾ; ਪਿਤਰੀ ਨੇੜਤਾ ਜਾਂ ਸਬੰਧ; ਆਮ ਰਿਸ਼ਤਾ, ਤਅੱਲੁਕ।

نسبتاً ***ਨਿਸਬਤਨ*** : ਉਸ ਅਨੁਸਾਰ, ਉਸ ਦੇ ਮੁਕਾਬਲੇ 'ਤੇ।

نسبتی ***ਨਿਸਬਤੀ*** : ਸਬੰਧਤ, ਵਿਆਹ ਕਰਕੇ ਸਬੰਧਤ, ਰਿਸ਼ਤੇਦਾਰ, ਵੌਹਟੀ ਦਾ ਭਰਾ, ਸਾਲਾ।

نستر ***ਨਸਤਰ,*** **نسترن** ***ਨਸਤਰਦਨ,*** **نسترن** ***ਨਸਤਰਨ,*** **نسترون** ***ਨਸਤਰੂਨ*** : ਨਰਗਿਸ ਦਾ ਫੁੱਲ, ਸਿਉਤੀ ਦਾ ਫੁੱਲ ਜੋ ਬੌਹਤ ਖ਼ੁਸ਼ਬੂਦਾਰ ਹੁੰਦਾ ਹੈ।

نستوه ***ਨਸਤੂਹ*** (ਨਾ + ਸਤੂਹ **نا+ستوه**) ਲੜਾਕਾ, ਲੜਾਈ ਝਗੜੇ ਤੋਂ ਨਾ ਬਚਣ ਵਾਲਾ; ਨਾਫ਼ਰਮਾਨ, ਆਕੀ; ਇਕ ਈਰਾਨੀ ਪੈਹਲਵਾਨ ਦਾ ਨਾਮ; ਉਜੱਡ, ਖ਼ਰਵ੍ਹਾ।

نستهن ***ਨਸਤਹਨ*** : ਅਫ਼ਰਾਸਿਯਾਬ ਦੇ ਸੈਨਾਪਤੀ ਪੀਰਾਨਵੀਸਾ ਦੇ ਭਰਾ ਦਾ ਨਾਮ ਜੋ 'ਬੈਜ਼ਨ' ਦੇ ਹਥੋਂ ਮਾਰਿਆ ਗਿਆ।

نسج ***ਨਸਜ*** : ਬੁਣਨਾ, ਉਣਨਾ, ਗੱਲ ਨੂੰ ਸਜਾਉਣਾ, ਬਾਤ-ਚੀਤ ਨੂੰ ਅਲੰਕਰਿਤ ਕਰਨਾ।

نسخ ***ਨਸਖ*** : ਮਨਸੂਖ਼ ਕਰਨਾ, ਰੱਦ ਕਰਨਾ, ਦੂਰ ਕਰਨਾ, ਨਾਸ ਕਰਨਾ; ਇਕ ਚੀਜ਼ ਨੂੰ ਬੇਕਾਰ ਕਰਕੇ ਉਸ ਦੀ ਥਾਂ ਦੂਜੀ ਰੱਖ ਦੇਣਾ; ਮਿਟਾ ਦੇਣਾ, ਮੇਸ ਦੇਣਾ, ਸ਼ਕਲ ਵਿਗਾੜ ਦੇਣਾ; ਲਿਖਣਾ, ਨਕਲ ਕਰਨਾ; ਇਕ ਅਰਬੀ ਲਿਪੀ, ਜਿਸ ਨੂੰ ਖ਼੍ਵਾਜਾ ਅਮਾਦੁੱਦੀਨ ਨੇ ਕੱਢਿਆ; ਕੁਰਾਨ ਮਜੀਦ ਇਸੇ ਲਿਪੀ ਵਿਚ ਲਿਖਿਆ ਜਾਂਦਾ ਹੈ।

نسخ ***ਨੁਸਖ*** : (ਨੁਸਖ਼ਾ **نسخه** ਦਾ ਬੋਹਵਚਨ) ਕਿਤਾਬਾਂ, ਪੁਸਤਕਾਂ, ਹੱਥ-ਲਿਖਤਾਂ।

نسخه ***ਨੁਸਖ਼ਾ*** : ਲਿਖਿਆ ਹੋਇਆ; ਪੁਸਤਕ, ਕਿਤਾਬ, ਖਰੜਾ, ਓਹ ਪਰਚੀ ਜਿਸ ਉਤੇ ਵੈਦ ਦਵਾ ਲਿੱਖ ਕੇ ਬੀਮਾਰ ਨੂੰ ਦਿੰਦਾ ਹੈ।

نسر ***ਨਸਰ*** : ਇਕ ਸ਼ਿਕਾਰੀ ਪੰਛੀ, ਗਿੱਧ, ਇੱਲ੍ਹ; ਬਾਜ਼; ਗਿੱਧ ਜਾਂ ਇੱਲ੍ਹ ਬਾਰੇ ਲੋਕਾਂ ਦਾ ਖ਼ਿਆਲ ਹੈ ਕਿ ਉਸ ਦੀ ਉਮਰ ਇਕ ਹਜ਼ਾਰ ਸਾਲ ਹੁੰਦੀ ਹੈ ਤੇ ਉਸ ਦੀ ਨਜ਼ਰ ਚਾਰ ਸੌ ਫ਼ਰਸੰਗ (ਮੀਲ) ਤੱਕ ਕੰਮ ਕਰਦੀ ਹੈ; ਹਜ਼ਰਤ ਇਦਰੀਸ ਦੇ ਪੁੱਤਰ ਦਾ ਨਾਮ; ਇਕ ਬੁੱਤ ਦਾ ਨਾਮ ਜੇਹੜਾ ਗਿੱਧ ਦੀ ਸ਼ਕਲ ਦਾ ਬਣਾਇਆ ਗਿਆ ਸੀ ਤੇ ਜਿਸ ਨੂੰ ਹਜ਼ਰਤ ਨੂਹ ਦੀ ਕੌਮ ਹਜ਼ਰਤ ਇਦਰੀਸ ਦੀ ਮਿਰਤੂ ਪਿਛੋਂ ਪੂਜਦੀ ਸੀ।

نسرِ طائر ***ਨਸਰ-ਏ-ਤਾਇਰ*** : ਉੱਡਦਾ ਹੋਇਆ ਗਿੱਧ, ਸਤਾਰਿਆਂ ਦਾ ਸਮੂਹ ਜੇਹੜਾ ਉਡਦੇ ਹੋਏ ਗਿੱਧ ਦੀ ਸ਼ਕਲ ਦਾ ਹੈ।

نسرِ واقع ***ਨਸਰ-ਏ-ਵਕਿਅ*** : ਉਤਰਦਾ ਹੋਇਆ ਗਿੱਧ, ਸਤਾਰਿਆਂ ਦਾ ਇਕ ਇੱਕਠ ਜੇਹੜਾ ਹੇਠਾਂ ਉਤਰਦੇ ਗਿੱਧ ਦੀ ਸ਼ਕਲ ਦਾ ਹੈ।

نسرین ***ਨਸਰੈਨ*** : ਦੋਵੇਂ ਨਾਸਿਰ-ਏ-ਤਾਇਰ ਤੇ ਨਾਸਿਰ-ਏ-ਵਾਕਿਆ।

نسرین ***ਨਸਰੀਨ*** : ਨਸਤਰਨ ਦਾ ਫੁੱਲ, ਇਕ ਪਰਕਾਰ ਦਾ ਚਿੱਟਾ ਗੁਲਾਬ।

نسرین بدن ***ਨਸਰੀਨ-ਬਦਨ,*** **نسرین تن** ***ਨਸਰੀਨ-ਤਨ*** : ਮਸ਼ੂਕ, ਪਿਆਰਾ; ਫੁੱਲ ਵਰਗੇ ਸਰੀਰ ਵਾਲਾ।

نسرین عذار ***ਨਸਰੀਨ-ਇਜ਼ਾਰ*** : ਨਸਰੀਨ ਵਰਗੀਆਂ ਗੱਲ੍ਹਾਂ ਵਾਲਾ, ਮਸ਼ੂਕ।

نسرین‌نوش ***ਨਸਰੀਨ-ਨੌਸ਼*** : ਸਕਲਾਬਸ਼ਾਹ ਰੂਮ ਦੀ ਬੇਟੀ ਜੋ ਬਹਿਰਾਮ ਗੋਰ ਦੀ ਮਲਿਕਾ ਸੀ।

نسطور ***ਨਸਤੂਰ*** : ਈਸਾਈਆਂ ਦੇ ਇਕ ਪਾਦਰੀ ਦਾ ਨਾਮ, ਈਸਾਈਆਂ ਦਾ ਪਾਦਰੀ, ਸਿਆਣਾ, ਵਿਦਵਾਨ।

نسطوری ***ਨਸਤੂਰੀ*** : ਨਸਤਰ ਨਾਲ ਸਬੰਧਤ, ਅਗਨੀ-ਪੂਜਾ।

نسطوریہ ***ਨਸਤੂਰੀਯਾਹ*** : ਈਸਾਈਆਂ ਦੀ ਇਕ ਸੰਪਰਦਾਏ ਦਾ ਨਾਮ।

نسق ***ਨਸਕ*** : ਕਾਇਦਾ, ਦਸਤੂਰ, ਤਰਤੀਬ, ਬੰਦੋਬਸਤ, ਪਰਬੰਧ, ਗਲ ਨੂੰ ਇਕ ਢੰਗ 'ਤੇ ਚਲਾਉਣਾ, ਪਰੋਣਾ (ਮੋਤੀਆਂ ਆਦਿ ਨੂੰ) ,ਰੋਸ਼ਨ।

نسق بند ***ਨਸਕਬੰਦ*** : ਪਰਬੰਧਕ, ਮੁਲਕ ਦਾ ਕਾਇਦਾ ਕਨੂੰਨ ਨਿਸ਼ਚਤ ਕਰਨ ਵਾਲਾ, ਸ਼ਾਸਕ।

نسقچی ***ਨਸਕਚੀ*** : ਚੋਬਦਾਰ; ਲਸ਼ਕਰੀਆਂ ਦਾ ਪਰਬੰਧ ਕਰਨ ਵਾਲਾ।

نسل ***ਨਸਲ*** : ਔਲਾਦ, ਬਾਲ ਬੱਚੇ, ਕਬੀਲਾ, ਟੱਬਰ, ਖ਼ਾਨਦਾਨ, ਖੰਭ ਝਾੜਨਾ ਜਾਂ ਗਿਰਨਾ।

نسلاً بعد نسلٍ ***ਨਸਲਨ ਬਅਦ ਨਸਲਿਨ*** : ਪੁਸ਼ਤ-ਦਰ-ਪੁਸ਼ਤ, ਪੀੜੀਓ-ਪੀੜ੍ਹੀ।

نسلِ ادہم ***ਨਸਲ-ਏ-ਅਦਹਮ*** : ਕਾਲੇ ਅੰਗੂਰਾਂ ਦੀ ਸ਼ਰਾਬ।

نسوان ***ਨਿਸਵਾਨ*** : ਇਸਤਰੀਆਂ।

نسیاً منسیا ***ਨਸੀਅਮ ਮਨਸੀਆ*** : ਭੁਲਾਇਆ ਹੋਇਆ, ਭੁੱਲਿਆ ਹੋਇਆ, ਭੁੱਲਿਆ ਵਿਸਰਿਆ।

نسیان ***ਨਿਸਯਾਨ*** : ਭੁੱਲ ਚੁੱਕ, ਭੁੱਲਣਾ; ਛੱਡ ਦੇਣਾ; ਕੋਈ ਗੱਲ ਯਾਦ ਨਾ ਰੈਹਣ ਦੀ ਬੀਮਾਰੀ।

نسیم ***ਨਸੀਮ*** : ਨਰਮ ਹਵਾ, ਖ਼ੁਸ਼ਬੂਦਾਰ ਹਵਾ, ਠੰਢੀ ਹਵਾ, ਸੁਮੀਰ।

نسیمِ خفتہ ***ਨਸੀਮ-ਏ-ਖ਼ੁਫ਼ਤਾ*** : ਹੌਲੀ-ਹੌਲੀ ਚੱਲਣ ਵਾਲੀ ਹਵਾ, ਠੰਢੀ-ਮਿੱਠੀ ਹਵਾ।

نش ***ਨਸ਼/ਨੁਸ਼*** : ਛਾਂ ਵਾਲੀ ਥਾਂ; ਇਕੋ ਜੇਹਾ।

نشاپور ***ਨਿਸ਼ਾਪੁਰ*** : ਵੇਖੋ ਨੀਸ਼ਾਪੁਰ **نیشاپور**।

نشاستہ ***ਨਿਸ਼ਾਸਤਾ*** : ਕਣਕ ਦਾ ਸਤ, ਕਣਕ ਦਾ ਗੁੱਦਾ, ਜਮਾਇਆ ਹੋਇਆ ਕੁਲਫ਼ਾ, ਰੱਖਿਆ ਹੋਇਆ।

نشاط ***ਨਸ਼ਾਤ*** : ਖ਼ੁਸ਼ੀ, ਅਨੰਦ, ਪਰਸੰਨਤਾ; ਜੋਸ਼, ਉਮੰਗ, ਚੁਸਤੀ।

نشاک ***ਨਸ਼ਾਕ*** : ਖੰਡ।

نشان ***ਨਿਸ਼ਾਨ*** : ਨਿਸ਼ਾਨੀ, ਚਿੰਨ੍ਹ, ਧੱਬਾ, ਤੀਰ ਦਾ ਨਿਸ਼ਾਨਾ; ਫੌਜ ਦਾ ਝੰਡਾ; ਬਾਦਸ਼ਾਹ ਦਾ ਫ਼ਰਮਾਨ, ਪਰਵਾਨਾ, ਤਮਗ਼ਾ; ਭਾਗ, ਹਿੱਸਾ, ਅੰਸ, ਖੋਜ, ਪਤਾ, ਠੱਪਾ, ਛਾਪਾ; ਯਾਦਗਾਰ।

نشانِ آفتاب وشیر ***ਨਿਸ਼ਾਨ-ਏ-ਆਫ਼ਤਾਬ-ਉ-ਸ਼ੇਰ*** : ਈਰਾਨੀ ਰਾਜ ਦੇ ਸੂਰਜ ਤੇ ਸ਼ੇਰ ਦਾ ਨਿਸ਼ਾਨ (ਝੰਡਾ)।

نشانِ اقدس ***ਨਿਸ਼ਾਨ-ਏ-ਅਕਦਸ*** : ਸ਼ਾਹ ਈਰਾਨ ਦੇ ਖ਼ਾਸ ਸ਼ਾਹੀ ਤਮਗ਼ੇ।

نشان بردار ***ਨਿਸ਼ਾਨਬਰਦਾਰ*** : ਫ਼ੌਜ ਦਾ ਝੰਡਾ ਚੁੱਕਣ ਵਾਲਾ।

نشاندار ***ਨਿਸ਼ਾਨਦਾਰ*** : ਨਿਸ਼ਾਨਚੀ।

نشانِ تمثال ***ਨਿਸ਼ਾਨ-ਏ-ਤਿਮਸਾਲ*** : ਸ਼ਾਹ ਈਰਾਨ ਦੀ ਤਸਵੀਰ ਦਾ ਤਮਗ਼ਾ।

نشانِ مردی ***ਨਿਸ਼ਾਨ-ਏ-ਮਰਦੀ*** : ਸ਼ਿਸ਼ਟ ਸੁਭਾ ਤੇ ਵੀਰਤਾ ਦੀਆਂ ਨਿਸ਼ਾਨੀਆਂ, ਪੁਰਸ਼ ਦੀ ਇੰਦਰੀ।

نشانجی ***ਨਿਸ਼ਾਨਜੀ,*** **نشانچی** ***ਨਿਸ਼ਾਨਚੀ*** : ਸ਼ਾਹੀ ਮੋਹਰ ਦਾ ਰਾਖਾ, ਝੰਡਾ ਬਰਦਾਰ; ਵਧੀਆ ਨਿਸ਼ਾਨਾ ਲਾਉਣ ਵਾਲਾ।

نشانہ ***ਨਿਸ਼ਾਨਾ*** : ਤੀਰ ਜਾਂ ਗੋਲੀ ਮਾਰਨ ਦੀ ਥਾਂ; ਚਿੰਨ੍ਹ।

نشانہ انداز ***ਨਿਸ਼ਾਨਾ-ਅੰਦਾਜ਼*** : ਨਿਸ਼ਾਨਾ ਲਾਉਣ ਵਾਲਾ, ਨਿਸ਼ਾਨਚੀ।

نشانی ***ਨਿਸ਼ਾਨੀ*** : ਨਿਸ਼ਾਨ, ਸਹੀ, ਯਾਦ ਰੱਖਣ ਦਾ ਨਿਸ਼ਾਨ, ਯਾਦਗਾਰ, ਪਛਾਣ, ਸ਼ਨਾਖਤ, ਅਲਾਮਤ, ਔਲਾਦ, ਨਸਲ, ਖ਼ਾਨਦਾਨ।

نشتر ***ਨਿਸ਼ਤਰ*** : (ਨੇਸ਼ਤਰ نیشتر ਦਾ ਸੰਖਿਪਤ ਰੂਪ) ਸਰਜਨ ਦਾ ਫ਼ਸਦ ਖੋਲ੍ਹਣ ਦਾ ਸੰਦ, ਚੀਰਾ ਦੇਣ ਵਾਲਾ ਔਜ਼ਾਰ।

نشخار ***ਨੁਸ਼ਖ਼ਾਰ,*** نشخار ***ਨਿਸ਼ਖ਼ਾਰ,*** نشخوار ***ਨੁਸ਼ਖ਼੍ਵਾਰ,*** نشخوار ***ਨਿਸ਼ਖ਼੍ਵਾਰ*** : ਜੁਗਾਲੀ, ਜਿਵੇਂ ਗਾਂ ਬੱਕਰੀ ਆਦਿ ਕਰਦੀ ਹੈ।

نشر ***ਨਸ਼ਰ*** : ਸੁਗੰਧ, ਆਰੇ ਨਾਲ ਲੱਕੜ ਚੀਰਨਾ; ਘਾਹ ਦਾ ਮੁੜਕੇ ਹਰਿਆ-ਭਰਿਆ ਹੋਣਾ, ਜ਼ਿੰਦਗੀ, ਮੁੜ ਜੀਵਨ ਪਰਾਪਤ ਕਰਨਾ; ਵਿਛਾਉਣਾ;ਫੈਲਾਉਣਾ; ਖ਼ਬਰ ਨੂੰ ਪਰਗਟ ਕਰਨਾ, ਕਿਸੇ ਪੁਸਤਕ ਜਾਂ ਰਿਸਾਲੇ ਨੂੰ ਛਾਪ ਕੇ ਪਰਕਾਸ਼ਤ ਕਰਨਾ।

نشست ***ਨਿਸ਼ਸਸ਼ਤ*** : ਓਹ ਬੈਠਾ; ਬੈਠਣਾ;ਕੁਰਸੀ, ਸੀਟ, ਮੀਟਿੰਗ, ਬੈਠਣ ਦੀ ਥਾਂ, ਅਸੀਲਪਣ, ਸਾਊਪਣ, ਨਰਮੀ।

نشست برخاست ***ਨਿਸ਼ਸਤ ਬਰਖ਼ਾਸਤ*** : ਉਠਣਾ ਬੈਠਣਾ, ਉਠਣ ਬੈਠਣ ਦੀ ਤਮੀਜ਼।

نشستگاه ***ਨਿਸ਼ਸਤ-ਗਾਹ*** : ਬੈਠਣ ਦੀ ਜਗ੍ਹਾ, ਡੇਰਾ, ਮਕਾਮ।

نشسته ***ਨਿਸ਼ਸਤਾ*** : ਬੈਠਾ ਹੋਇਆ।

نشستن ***ਨਿਸ਼ਸਤਨ*** : ਬੈਠਣਾ, ਕਿਆਮ ਕਰਨਾ, ਟਿਕਣਾ, ਰੈਹਣਾ।

نشستنِ آتش ***ਨਿਸ਼ਸਤਨ-ਏ-ਆਤਿਸ਼*** : ਅੱਗ ਦਾ ਬੁਝਣਾ।

نشستنِ آفتاب ***ਨਿਸ਼ਸਤਨ-ਏ-ਆਫ਼ਤਾਬ*** : ਸੂਰਜ ਦਾ ਡੁੱਬਣਾ।

نشستنِ تپ ***ਨਿਸ਼ਸਤਨ-ਏ-ਤਪ*** : ਬੁਖ਼ਾਰ ਦਾ ਲੈਹ ਜਾਣਾ।

نشستنِ چراغ ***ਨਿਸ਼ਸਤਨ-ਏ-ਚਿਰਾਗ਼*** : ਦੀਵੇ ਦਾ ਬੁਝ ਜਾਣਾ।

نشستن چوخاک ***ਨਿਸ਼ਸਤਨ-ਚੁ-ਖ਼ਾਕ*** : ਬੈਠਣਾ, ਅਰਾਮ ਕਰਨਾ, ਧੌਣ ਸੁੱਟ ਕੇ ਬੈਹ ਰੈਹਣਾ, ਖ੍ਵਾਰ ਹੋਣਾ।

نشستنِ رنج ***ਨਿਸ਼ਸਤਨ-ਏ-ਰੰਜ*** : ਦੁੱਖ ਦੂਰ ਹੋਣਾ।

نشستنِ شراب ***ਨਿਸ਼ਸਤਨ-ਏ-ਸ਼ਰਾਬ*** : ਸ਼ਰਾਬ ਦਾ ਨਸ਼ਾ ਘੱਟ ਹੋ ਜਾਣਾ।

نشستنِ صورتِ کار ***ਨਿਸ਼ਸਤਨ-ਏ-ਸੂਰਤ-ਏ-ਕਾਰ*** : ਕੰਮ ਸੌਰਨਾ, ਕੰਮ ਰਾਸ ਹੋ ਜਾਣਾ।

نشستنِ ماهتاب ***ਨਿਸ਼ਸ਼ਤਨ-ਏ-ਮਾਹਤਾਬ*** : ਚੰਨ ਦਾ ਡੁੱਬਣਾ।

نشکنج ***ਨਿਸ਼ਕੁੰਜ*** : ਚੂੰਢੀ।

نشگرده ***ਨਿਸ਼ਗਿਰਦਾ*** : ਚਮੜਾ ਕੱਟਣ ਦਾ ਸੰਦ, ਰੰਬੀ।

نشو ***ਨੁਸ਼ੂ*** : ਮਸਤ ਹੋਣਾ; ਵਧਣਾ ਫੁੱਲਣਾ, ਜਵਾਨ ਹੋਣਾ, ਪੈਦਾ ਹੋਣਾ, ਉੱਗਣਾ।

نشوونما ***ਨੁਸ਼ੂ-ਓ-ਨੁਮਾ*** : ਉੱਗਣਾ, ਪੈਦਾ ਹੋਣਾ, ਵਧਣਾ ਫੁੱਲਣਾ, ਪਰਵਰਸ਼ ਪਾਉਣਾ; ਰੌਣਕ; ਤਰੱਕੀ।

نشّه ***ਨੱਸ਼ਾ*** : ਸ਼ਰਾਬ, ਭੰਗ ਆਦਿ ਦੇ ਕਾਰਨ ਹੋਸ਼ ਜਾਂਦੇ ਰੈਹਣਾ, ਬੇਹੋਸ਼ੀ; ਸ਼ਰਾਬ ਆਦਿ ਦੀ ਬੇਹੋਸ਼ੀ, ਮਸਤੀ, ਸਰੂਰ, ਘਮੰਡ, ਵਲਵਲਾ, ਤਰੰਗ।

نشیب ***ਨਿਸ਼ੀਬ*** : ਨੀਵੀਂ ਧਰਤੀ, ਪਸਤੀ; ਨਿਵਾਣ, ਡੂੰਘਿਆਈ, ਉਤਰਾ।

نشیبگاه ***ਨਿਸ਼ੀਬਗਾਹ*** : ਨੀਵਾਂ ਸਥਾਨ, ਨੀਵੀਂ ਜਗ੍ਹਾ।

نشیب وفراز ***ਨਿਸ਼ੀਬ-ਓ-ਫ਼ਰਾਜ਼*** : ਉਤਰਾ-ਚੜ੍ਹਾ, ਨਫ਼ਾ ਨੁਕਸਾਨ, ਲਾਭ ਹਾਨੀ।

نشیط ***ਨਸ਼ੀਤ*** : ਖ਼ੁਸ਼,ਪਰਸੰਨ, ਚੁਸਤ ਚਲਾਕ; ਤਿਆਰ ਬਰਤਿਆਰ।

نشیم ***ਨਿਸ਼ੇਮ*** : 'ਨਿਸ਼ੇਮਨ' ਦਾ ਸੰਖਿਪਤ ਰੂਪ।

نشیمن ***ਨਿਸ਼ੇਮਨ਼*** : ਅਰਾਮ ਘਰ;

ਆਲ੍ਹਣਾ; ਏਕਾਂਤ ਜਗ੍ਹਾ; ਬੈਠਕ।

نشیمنِ دیو ***ਨਿਸ਼ੇਮਨ-ਏ-ਦੇਵ*** : ਏਹ ਦੁਨੀਆ।

نشیمن گاہ ***ਨਿਸ਼ੇਮਨ-ਗਾਹ*** : ਏਕਾਂਤ ਜਗ੍ਹਾ; ਅਰਾਮ ਘਰ, ਆਲ੍ਹਣਾ।

نشین ***ਨਿਸ਼ੀਨ*** : ਬੈਹ ਜਾ!

نصاب ***ਨਿਸਾਬ*** : ਮਾਲ, ਧਨ-ਦੌਲਤ, ਰਾਸ-ਪੂੰਜੀ, ਅਸਲ ਰਕਮ; ਮੁੱਠਾ, ਇੰਨਾ ਮਾਲ ਜਿਸ ਉਤੇ ਜ਼ਕਾਤ ਉਚਿੱਤ ਹੋਵੇ, ਮਰਤਬਾ, ਰੁਤਬਾ, ਪੜ੍ਹਾਈ ਦਾ ਕੋਰਸ।

نصاری ***ਨਸਾਰਾ*** : (ਨਸਰਾਨ نصران ਦਾ ਬੌਹਵਚਨ) ਈਸਾਈ ਲੋਕ; ਹਜ਼ਰਤ ਈਸਾ ਦਾ ਜਨਮ ਸਥਾਨ 'ਨਾਸਰਾ' ਹੋਣ ਕਰਕੇ ਉਸ ਦੀ ਕੌਮ ਦਾ ਨਾਮ 'ਨਸਾਰਾ' ਪੈ ਗਿਆ।

نصاف ***ਨਿਸਾਫ਼,*** نصافت ***ਨਿਸਾਫ਼ਤ*** : ਖ਼ਿਦਮਤ ਕਰਨਾ, ਸੇਵਾ ਕਰਨਾ, ਕਿਸੇ ਚੀਜ਼ ਦਾ ਅੱਧ ਲੈਣਾ, ਦੋ ਬਰਾਬਰ ਹਿੱਸਿਆਂ ਵਿਚ ਵੰਡਣਾ।

نصائح ***ਨਸਾਇਹ*** : ('ਨਸੀਹਤ' نصیحت ਦਾ ਬੌਹਵਚਨ) ਨੇਕ ਸਲਾਹਾਂ; ਉਪਦੇਸ਼ ਆਦਿ।

نصب ***ਨਸਬ*** : ਕਾਇਮ ਕਰਨਾ; ਖੜ੍ਹਾ ਕਰਨਾ; ਗੱਡਣਾ, ਤਕਲੀਫ਼ ਦੇਣਾ; ਵੈਰ ਰੱਖਣਾ; ਕਿਸੇ ਅਰਬੀ ਅੱਖਰ ਉੱਤੇ 'ਜ਼ਬਰ' (ਮੁਕਤਾ) ਸੁਰ ਲਾਉਣਾ, ਚਿੰਨ੍ਹ ਗੱਡਣਾ, ਮੀਲ ਪੱਥਰ, ਬੁੱਤ, ਮੂਰਤੀ ਆਦਿ।

نصب العین ***ਨਸਬ-ਉਲ-ਐਨ*** : ਮਨੋਰਥ, ਮੰਤਵ, ਜਿਸ 'ਤੇ ਅੱਖ ਹੋਵੇ।

نصح ***ਨਸਹ*** : ਨਸੀਹਤ, ਉਪਦੇਸ਼, ਨੇਕ ਸਲਾਹ, ਨਸੀਹਤ ਕਰਨਾ, ਖ਼ੈਰ ਮੰਗਣਾ, ਨੇਕੀ ਚਾਹੁਣਾ।

نصر ***ਨਸਰ*** : ਮੱਦਦ ਕਰਨਾ, ਸਹਾਇਤਾ ਦੇਣਾ।

نصرانی ***ਨਸਰਾਨੀ*** : ਨਸਾਰਾ ਮਜ਼ਹਬ (ਈਸਾਈ ਮਤ) ਦਾ ਅਨੁਯਾਈ; ਈਸਾਈ।

نصرت ***ਨੁਸਰਤ*** : ਸਹਾਇਤਾ, ਮੱਦਦ ਦੇਣਾ, ਸਹਾਇਤਾ ਕਰਨਾ, ਜਿੱਤ।

نصرت آباد ***ਨੁਸਰਤ-ਆਬਾਦ*** : ਸੀਸਤਾਨ ਤੇ ਕਿਰਮਾਨ ਦੇ ਵਿਚਕਾਰ ਰੇਤ ਥਲ ਵਿਚ ਇਕ ਕਿਲ੍ਹਾ ਹੈ ਜਿੱਥੇ ਖ਼ਾਸ-ਖ਼ਾਸ ਮੁਜਰਮ ਕੈਦ ਰੱਖੇ ਜਾਂਦੇ ਹਨ।

نصع ***ਨਿਸਅ*** : ਚਿੱਟਾ ਚਮੜਾ, ਇਕ ਪਰਕਾਰ ਦਾ ਚਿੱਟਾ ਕੱਪੜਾ।

نصف ***ਨਿਸਫ਼*** : ਅੱਧਾ, ੧/੨।

نصفہ‌نصف ***ਨਿਸਫ਼ਾ ਨਿਸਫ਼*** : ਅੱਧੋ ਅੱਧ, ਅੱਧ ਅੱਧ।

نصف النہار ***ਨਿਸਫ਼-ਉਨ-ਨਹਾਰ*** : ਸਿਖ਼ਰ ਦੁਪੈਹਰਾ।

نصفت ***ਨਸਫ਼ਤ*** : ਇਨਸਾਫ਼, ਅਦਲ, ਨਿਆਂ, ਇਕਸਾਰਤਾ।

نصفت شعار ***ਨਸਫ਼ਤ-ਸ਼ਿਆਰ*** : ਨਿਆਂਸ਼ੀਲ।

نصفت شعاری ***ਨਸਫ਼ਤ ਸ਼ਿਆਰੀ*** : ਨਿਆਂਸ਼ੀਲਤਾ।

نصوح ***ਨਸੂਹ*** : ਖ਼ਾਲਸ, ਦਰੁਸਤ, ਠੀਕ, ਸਹੀ, ਸੁੱਚਾ, ਵਫ਼ਾਦਾਰ (ਮਿੱਤਰ), ਓਹ ਸੱਚੀ ਤੋਬਾ ਜਿਸ ਨੂੰ ਮੁੜ ਕੇ ਤੋੜਿਆ ਨਾ ਜਾਵੇ।

نصیب ***ਨਸੀਬ*** : ਕਿਸਮਤ, ਭਾਗ, ਤਕਦੀਰ, ਹਿੱਸਾ।

نصیبہ ***ਨਸੀਬਾ*** : ਰੋਜ਼ੀ, ਰਿਜ਼ਕ, ਭਾਗ, ਹਿੱਸਾ, ਬਰਾਤ, ਹੌਜ ਜਾਂ ਖੂਹ ਦੀ ਮਣ।

نصیبین ***ਨਸੀਬੀਨ*** : ਰੂਮ ਦਾ ਪੂਰਬੀ ਭਾਗ ਵਿਚ ਇਕ ਸ਼ੈਹਰ ਦਾ ਨਾਮ ਜੋ ਜੂਦੀ ਪਹਾੜ ਦੇ ਨੇੜੇ ਸਥਿੱਤ ਹੈ।

نصیحت ***ਨਸੀਹਤ*** : ਨੇਕ ਸਲਾਹ, ਚੰਗੀ ਗੱਲ; ਉਪਦੇਸ਼।

نصیحت‌پذیر ***ਨਸੀਹਤ-ਪਜ਼ੀਰ*** : ਨਸੀਹਤ ਮੰਨ ਲੈਣ ਵਾਲਾ।

نصیحت‌گر ***ਨਸੀਹਤ-ਗਰ,*** نصیحت‌گذار ***ਨਸੀਹਤ-ਗੁਜ਼ਾਰ,*** نصیحت‌گو ***ਨਸੀਹਤ-ਗੋ*** : ਨਸੀਹਤ

ਕਰਨ ਵਾਲਾ, ਉਪਦੇਸ਼ਕ।

نصیر ***ਨਸੀਰ*** : ਸਹਾਇਕ, ਦੋਸਤ,ਨਸੀਰ-ਉਦ-ਦੀਨ ਅਬੂਜਅਫ਼ਰ ਮੁਹੰਮਦ ਬਿਨ ਹਸਨ ਦਾ ਤਖ਼ਲੁੱਸ (ਉਪਨਾਮ) ਜੋ ਬੌਹਤ ਵੱਡਾ ਵਿਦਵਾਨ ਸੀ, ਅਖ਼ਲਾਕ-ਏ-ਨਾਸਿਰੀ ਉਸ ਦੀ ਪਰਸਿੱਧ ਰਚਨਾ ਹੈ, ਏਹ ਇਮਾਮੀਆ ਸੰਪਰਦਾਏ ਦਾ ਸੀ।

نصیری ***ਨੁਸੈਰੀ*** : 'ਨਸੀਰ'ਨਾਲ ਸਬੰਧਤ, ਹਜ਼ਰਤ ਅਲੀ ਦਾ ਸ਼ਰਧਾਲੂ ਫ਼ਿਰਕਾ, ਇਸ ਫ਼ਿਰਕੇ (ਸੰਪਰਦਾਏ) ਦੇ ਲੋਕਾਂ ਨੂੰ ਨਸੀਰੀ ਕੈਂਹਦੇ ਹਨ; ਇਕ ਪਰਕਾਰ ਦਾ ਚੰਗਾ ਖ਼ਰਬੂਜ਼ਾ।

نصیف ***ਨਸੀਫ਼*** : ਅੱਧੀ ਚੀਜ਼, ਇਕ ਪੱਟ ਦੀ ਚਾਦਰ; ਹਰ ਚੀਜ਼ ਦਾ ਅੱਧ; ਨੌਕਰ, ਸੇਵਕ।

نضرت ***ਨਜ਼ਰਤ*** : ਤਾਜ਼ਗੀ, ਹਰਿਆਵਲ,ਖ਼ੂਬੀ, ਰੌਣਕ, ਸੁੰਦਰਤਾ, ਅਮੀਰੀ।

نطع ***ਨਤਅ*** : ਚਮੜੇ ਦਾ ਵਿਛੋਣਾ, ਚਟਾਈ, ਦਰੀ; ਚਮੜੇ ਦੀ ਚਟਾਈ; ਓਹ ਚਮੜੇ ਦੀ ਦਰੀ ਆਦਿ ਜਿਸ ਉੱਤੇ ਖ਼ੂਨੀ ਦੀ ਗਰਦਨ ਮਾਰਦੇ ਹਨ; ਓਹ ਚਮੜੇ ਦੀ ਪੇਟੀ ਜੇਹੜੀ ਫ਼ਕੀਰ ਦਰਵੇਸ਼ ਆਪਣੇ ਲੱਕ ਦੁਆਲੇ ਬੰਨ੍ਹਦੇ ਹਨ, ਓਹ ਚਮੜਾ ਜੋ ਬਾਦਸ਼ਾਹਾਂ ਦੇ ਘੋੜਿਆ ਦੇ ਪੈਰਾਂ ਹੇਠ ਵਿਛਾਉਂਦੇ ਹਨ।

نطع پوشان ***ਨਤਅ-ਪੋਸ਼ਾਨ*** : ਪੈਹਲਵਾਨ ਲੋਕ ਕਿਉਂ ਜੋ ਓਹ ਕੁਸ਼ਤੀ ਵੇਲੇ ਚੰਮ ਦਾ ਜਾਂਘੀਆ ਪਾਉਂਦੇ ਹਨ।

نطعِ جوہری ***ਨਤਅ-ਏ-ਜੌਹਰੀ*** : ਜੌਹਰੀਆਂ ਦਾ ਚਮੜੇ ਦਾ ਟੋਟਾ ਜਿਸ ਉਪਰ ਓਹ ਜਵਾਹਰਾਤ ਆਦਿ ਵਿਖਾਵੇ ਲਈ ਵਿਛਾਉਂਦੇ ਹਨ।

نطعی ***ਨਤਈ*** : ਪੈਹਲਵਾਨਾਂ ਦਾ ਚਮੜੇ ਦਾ ਜਾਂਘੀਆ, ਪਰਸਿੱਧ ਪੈਹਲਵਾਨ।

نطف ***ਨੁਤਫ਼*** : (ਨੁਤਫ਼ਾ **نطفه** ਦਾ ਬੋਹਵਚਨ) ਨੁਤਫ਼ੇ।

نطفه ***ਨੁਤਫ਼ਾ*** : ਸਾਫ਼ ਸੁਥਰਾ ਪਾਣੀ; ਮਣੀ, ਆਦਮੀ ਦਾ ਵੀਰਜ, ਔਲਾਦ।

نطفۂ حرام ***ਨੁਤਫ਼ਾ-ਏ-ਹਰਾਮ,*** **نطفۂ ناتحقیق** ***ਨੁਤਫ਼ਾ-ਏ-ਨਾਤਹਕੀਕ*** : ਹਰਾਮਜ਼ਾਦਾ, ਹਰਾਮੀ।

نطق ***ਨੁਤਕ*** : ਬੋਲਣਾ, ਗੱਲ ਕਰਨਾ, ਬੋਲਣ ਦੀ ਸ਼ਕਤੀ; ਭਾਸ਼ਣ, ਖ਼ੁਤਬਾ।

نطق دادن ***ਨੁਤਕ ਦਾਦਨ*** : ਭਾਸ਼ਣ ਦੇਣਾ।

نطیش ***ਨਿਤੀਸ਼*** : ਵੈਦ (ਹਕੀਮ)।

نظارت ***ਨਜ਼ਾਰਤ*** : ਕਿਸੇ ਚੀਜ਼ ਨੂੰ ਵੇਖਣਾ, ਵਿਭਾਗ, ਨਿਗਰਾਨੀ।

نظارت پیشه ***ਨਜ਼ਾਰਤ-ਪੇਸ਼ਾ*** : ਸੁਰੱਖਿਅਕ।

نظاره ***ਨਜ਼ਾਰਾ, ਨੱਜ਼ਾਰਾ*** : ਵੇਖਣਾ, ਨਿਗਾਹ ਮਾਰਨਾ, ਦੀਦਾਰ, ਦੇਖ ਭਾਲ, ਤਮਾਸ਼ਾ, ਐਨਕ, ਦੂਰਬੀਨ।

نظارگان ***ਨੱਜ਼ਾਰਗਾਨ,*** **نظارگیان** ***ਨਜ਼ਾਰਗੀਯਾਨ*** : ਵੇਖਣ ਵਾਲੇ।

نظارگی ***ਨਜ਼ਾਰਗੀ,*** **نظارگی** ***ਨੱਜ਼ਾਰਗੀ*** : ਵੇਖਣ ਵਾਲਾ, ਦਰਸ਼ਕ।

نظام ***ਨਿਜ਼ਾਮ*** : ਹੀਰਿਆਂ ਦੀ ਲੜੀ, ਓਹ ਧਾਗਾ ਜਿਸ ਵਿਚ ਹੀਰੇ ਜਵਾਹਰ ਪਰੋਏ ਹੋਣ; ਪਰਬੰਧ, ਬੰਦੋਬਸਤ; ਰਸਮ, ਆਦਤ, ਸਿਲਸਿਲਾ, ਤਰਤੀਬ, ਸਜਾਵਟ, ਫ਼ੌਜ।

نُظّام ***ਨੁੱਜ਼ਾਮ,*** **نِظّام** ***ਨਿੱਜ਼ਾਮ*** : (ਨਾਜ਼ਿਮ **ناظم** ਦਾ ਬੌਹਵਚਨ) ਪਰਬੰਧ ਕਰਨ ਵਾਲੇ, ਮੋਤੀ ਪਰੋਣ ਵਾਲੇ; ਨਜ਼ਮ (ਕਵਿਤਾ) ਕੈਹਣ ਵਾਲੇ।

نظام الدّین اولیا ***ਨਿਜ਼ਾਮ-ਉਦ-ਦੀਨ ਔਲੀਯਾ*** : ਹਿੰਦੁਸਤਾਨ ਦੇ ਪਰਸਿੱਧ ਵਲੀ ਦਾ ਨਾਮ ਜੋ ਦਿੱਲੀ ਦਾ ਸੀ ਅਤੇ ਬਾਬਾ ਫ਼ਰੀਦ ਸ਼ਕਰਗੰਜ ਦਾ ਖ਼ਲੀਫ਼ਾ (ਉਤਰਾਧਿਕਾਰੀ) ਸੀ, ਉਸ ਦੀ ਮਿਰਤੂ ੭੨੫ ਹਿਜਰੀ ਵਿਚ ਹੋਈ, ਏਹ ਚਿਸ਼ਤੀਆ ਸੂਫ਼ੀ ਸਿਲਸਿਲੇ ਦਾ ਸੀ ਤੇ ਇਸ ਦੇ ਅਨੁਯਾਈਆਂ ਨੂੰ ਚਿਸ਼ਤੀ ਨਿਜ਼ਾਮੀ ਕੈਂਹਦੇ ਹਨ, ਉਸ ਦਾ ਮਜ਼ਾਰ ਦਿੱਲੀ ਵਿਖੇ ਹੈ।

نظام الملک طوسی ***ਨਿਜ਼ਾਮ-ਉਲ-***

ਮੁਲਕ ਤੂਸੀ : ਮਲਿਕਸ਼ਾਹ ਸਲਜੂਕੀ ਦੇ ਵਜ਼ੀਰ ਦਾ ਨਾਮ ਜਿਸ ਨੇ ਬਗਦਾਦ ਵਿਚ ਮਦਰਿਸਾ-ਇ-ਨਿਜ਼ਾਮਿਯਾ ਕਾਇਮ ਕੀਤਾ।

نظام بطلیموس ***ਨਿਜ਼ਾਮ-ਏ-ਬਤਲੀਮੂਸ*** : ਯੂਨਾਨ ਦੇ ਪਰਸਿੱਧ ਵਿਚਾਰਵਾਨ ਬਤਲੀਮੂਸ ਦਾ ਨਿਜ਼ਾਮ ਜਿਸ ਵਿਚ ਧਰਤੀ ਨੂੰ ਦੁਨੀਆ ਦਾ ਕੇਂਦਰ ਮੰਨਿਆ ਗਿਆ ਹੈ ਅਤੇ ਸਾਰੇ ਚੰਦ ਸੂਰਜ ਤਾਰੇ ਇਸ ਦੇ ਉਦਾਲੇ ਘੁੰਮਦੇ ਦੱਸੇ ਗਏ ਹਨ।

نظامت ***ਨਿਜ਼ਾਮਤ*** : ਪਰਬੰਧ, ਬੰਦੋਬਸਤ, ਨਾਜ਼ਿਮ ਦਾ ਕੰਮ, ਨਾਜ਼ਿਮ ਦਾ ਔਹਦਾ।

نظام شمسی ***ਨਿਜ਼ਾਮ-ਏ-ਸ਼ਮਸੀ*** : ਯੂਨਾਨ ਦੇ ਪਰਸਿੱਧ ਵਿਗਿਆਨੀ ਫ਼ੀਸਾਗ਼ੋਰ ਦਾ ਨਿਜ਼ਾਮ ਜਿਸ ਵਿਚ ਸੂਰਜ ਨੂੰ ਕੇਂਦਰ ਮੰਨਿਆ ਗਿਆ ਹੈ ਅਤੇ ਸਾਰੇ ਤਾਰੇ ਇਸ ਦੇ ਦੁਆਲੇ ਭੌਂਦੇ ਦੱਸੇ ਗਏ ਹਨ, ਇਸ ਨੂੰ ''ਨਿਜ਼ਾਮ-ਏ-ਫ਼ੀਸਾ ਗ਼ੌਰਸ'' ਵੀ ਕੈਂਹਦੇ ਹਨ।

نظامی ***ਨਿਜ਼ਾਮੀ*** : ਸਿਕੰਦਰਨਾਮਾ ਦਾ ਕਰਤਾ ਮੌਲਾਨਾ ਨਿਜ਼ਾਮੀ, ਅਸਲ ਨਾਮ ਅਬੂ-ਮੁਹੰਮਦ ਅਲਯਾਸ ਯੂਸਫ ਸੀ ਤਿਫਰਸ਼ ਦਾ ਰੈਹਣ ਵਾਲਾ ਸੀ ਪਰ 'ਗੰਜਾ' ਵਿਚ ਜਨਮ ਹੋਣ ਕਾਰਨ ਇਸ ਨੂੰ 'ਨਿਜ਼ਾਮੀ ਗੰਜਵੀ' ਕੈਂਹਦੇ ਹਨ, ੬੪ ਸਾਲ ਦੀ ਆਯੂ ਭੋਗ ਕੇ ੫੯੯ ਹਿਜਰੀ ਵਿੱਚ ਕਾਲਵਾਸ ਹੋਇਆ।

نظائر ***ਨਜ਼ਾਇਰ*** : (ਨਜ਼ੀਰ **نظیر** ਦਾ ਬੌਹਵਚਨ) ਨਜ਼ੀਰਾਂ, ਮਿਸਾਲਾਂ।

نظر ***ਨਜ਼ਰ*** : ਨਿਗਾਹ; ਸੋਚ, ਗੌਹ ਨਾਲ ਵੇਖਣਾ; ਸੋਚਣਾ, ਮੱਦਦ ਦੇਣਾ; ਹੁਕਮ ਕਰਨਾ; ਫ਼ਾਲ ਦਸਣਾ; ਉਡੀਕਣਾ, ਆਸ ਰੱਖਣਾ।

نظر انداختن ***ਨਜ਼ਰ ਅੰਦਾਖ਼ਤਨ*** : ਵੇਖਣਾ।

نظرباز ***ਨਜ਼ਰਬਾਜ਼*** : ਵੇਖਣ ਦਾ ਮਜ਼ਾ ਲੈਣ ਵਾਲਾ, ਜਸੂਸ, ਦੂਤ, ਸੂਹੀਆ, ਢੂੰਡਣ ਵਾਲਾ, ਰੂਪ ਦਾ ਪੁਜਾਰੀ।

نظربازی ***ਨਜ਼ਰਬਾਜ਼ੀ*** : ਦੀਦਾਰਬਾਜ਼ੀ, ਨਜ਼ਾਰਾ ਕਰਨਾ; ਘੂਰਘੂਰ ਵੇਖਣਾ।

نظر بد ***ਨਜ਼ਰ-ਏ-ਬਦ*** : ਭੈੜੀ ਨਜ਼ਰ, ਬੁਰੀ ਨਜ਼ਰ।

نظربند ***ਨਜ਼ਰਬੰਦ*** : ਓਹ ਕੈਦੀ ਜੋ ਵੇਖਣ ਨੂੰ ਅਜ਼ਾਦ ਹੋਵੇ ਪਰ ਉਸ 'ਤੇ ਨਿਗਰਾਨੀ ਰੱਖੀ ਜਾਂਦੀ ਹੋਵੇ, ਓਹ ਕੈਦੀ ਜੋ ਨਜ਼ਰੋਂ ਓਹਲੇ ਨਾ ਹੋਣ ਦਿਤਾ ਜਾਵੇ।

نظربندی ***ਨਜ਼ਰਬੰਦੀ*** : ਕੈਦ।

نظرتنگ ***ਨਜ਼ਰਤੰਗ*** : ਕੰਜੂਸ।

نظرثانی ***ਨਜ਼ਰ-ਏ-ਸਾਨੀ*** : ਦੁਬਾਰਾ ਵੇਖਣਾ; ਪੜਤਾਲ; ਤਰਮੀਮ, ਸੋਧ; ਦੂਜੀ ਵਾਰ ਗ਼ੌਰ ਕਰਨਾ।

نظرزدن ***ਨਜ਼ਰ ਜ਼ਦਨ*** : ਵੇਖਣਾ; ਕਿਸੇ ਨੂੰ ਭੈੜੀ ਨਜ਼ਰ ਲਾਉਣੀ।

نظرغلطانداز ***ਨਜ਼ਰ-ਏ-ਗ਼ਲਤ ਅੰਦਾਜ਼*** : ਮਸ਼ੂਕ ਦੀ ਅਜੇਹੀ ਤੱਕਣੀ ਜੋ ਆਸ਼ਕ ਨੂੰ ਗ਼ਲਤੀ ਵਿਚ ਪਾ ਦੇਵੇ, ਹਰ ਆਸ਼ਕ ਨੂੰ ਏਹੀ ਦਿਸੇ ਕਿ ਮਸ਼ੂਕ ਉਸ ਵੱਲ ਵੇਖ ਰਿਹਾ ਹੈ।

نظری ***ਨਜ਼ਰੀ*** : ਵਾਸਤਵਿਕ ਪਦਾਰਥਾਂ ਦੀ ਕਲਪਨਾ, ਓਹ ਸ਼ਬਦ ਜੋ ਕਾਗ਼ਜ਼ ਤੋਂ ਮਿਟਾ ਦੇਣ ਯੋਗ ਹੋਵੇ ਅਤੇ ਜਿਸ ਉਤੇ ਸ਼ਬਦ 'ਨਜ਼ਰ' ਲਿਖ ਦਿੰਦੇ ਹਨ (ਭਾਵ ਏਹ ਮਿਟਾਉਣਯੋਗ ਹੈ) ਅਜੇਹੇ ਸ਼ਬਦ ਨੂੰ 'ਨਜ਼ਰੀ' ਕੈਂਹਦੇ ਹਨ।

نظریہ ***ਨਜ਼ਰੀਯਾ*** : ਸਿੱਧਾਂਤ।

نظم ***ਨਜ਼ਮ*** : ਮੋਤੀਆਂ ਦੀ ਲੜੀ , ਮੋਤੀ ਨੂੰ ਲੜੀ ਵਿਚ ਪਰੋਣਾ, ਤਰਤੀਬ ਦੇਣਾ, ਸਜਾਉਣਾ, ਤੁਕਬਧ ਕਰਨਾ, ਤਰਤੀਬ, ਪਰਬੰਧ।

نظم آرای شروان ***ਨਜ਼ਮ ਆਰਾਯ-ਏ-ਸ਼ਿਰਵਾਨ*** : ਪਰਸਿੱਧ ਈਰਾਨੀ ਖ਼ਾਕਾਨੀ ਸ਼ਿਰਵਾਨੀ।

نظم سنجی ***ਨਜ਼ਮ-ਸੰਜੀ,*** **نظم گستری** ***ਨਜ਼ਮ-ਗੁਸਤਰੀ*** : ਸ਼ਾਇਰੀ, ਕਵਿਤਾ, ਕਾਵਿ-ਕਲਾ।

نظم ونسق ***ਨਜ਼ਮ-ਉ-ਨਸਕ*** : ਪਰਬੰਧ, ਬੰਦੋਬਸਤ, ਸਜਾਵਟ ਤੇ ਤਰਤੀਬ।

نظیر ***ਨਜ਼ੀਰ*** : ਇਕ ਸਮਾਨ, ਵਰਗਾ, ਮਿਸਲ, ਨਮੂਨਾ, ਬਰਾਬਰ।

نعال ***ਨਿਆਲ*** : (ਨਅਲ **نعل** ਦਾ ਬੌਹਵਚਨ) ਜੁੱਤੀਆਂ; ਘੋੜਿਆਂ ਦੇ ਨਅਲ ਜਾਂ ਖੁਰੀਆਂ।

نعالی ***ਨਿਆਲੀ*** : ਨਅਲ ਬੰਦ; ਖੁਰੀਆਂ ਲਾਉਣ ਵਾਲਾ।

نعت ***ਨਅਤ*** : ਸਿਫ਼ਤ, ਜਸ, ਮੰਗਲਾਚਰਨ, ਤਾਰੀਫ਼, ਉਪਮਾ, ਕੀਰਤੀ; ਕਵਿਤਾ ਰਾਹੀਂ ਤਾਰੀਫ਼ ਕਰਨਾ, ਵਿਸ਼ੇਸ਼ ਕਰਕੇ ਹਜ਼ਰਤ ਮੁਹੰਮਦ ਸਾਹਿਬ ਦੀ।

نعش ***ਨਅਸ਼*** : ਚੁੱਕਣਾ, ਉਠਾਉਣਾ, ਲਾਸ਼, ਮੁਰਦੇ ਦਾ ਜਨਾਜ਼ਾ;ਅਰਥੀ।

نعل ***ਨਅਲ*** : ਜੁੱਤੀ, ਘੋੜੇ ਆਦਿ ਦੇ ਪੈਰਾਂ ਦੀ ਖੁਰੀ, ਜੁਤੀ ਪਾਉਣਾ।

نعلان ***ਨਅਲਾਨ*** : ਜੁੱਤੀ ਦੇ ਦੋਵੇਂ ਪੈਰ, ਜੋੜਾ।

نعل بر آتش هادن ***ਨਅਲ ਬਰ ਆਤਿਸ਼ ਨਿਹਾਦਨ*** : ਕਿਸੇ ਨੂੰ ਬੇਚੈਨ ਕਰਨਾ; ਕਿਸੇ ਨੂੰ ਆਪਣੇ ਪਿਆਰ ਵਿਚ ਬੇਕਰਾਰ ਕਰਨਾ।

نعل بستن ***ਨਅਲ ਬਸਤਨ*** : ਘੋੜੇ ਨੂੰ ਖੁਰੀਆਂ ਲਾਉਣਾ।

نعل بند ***ਨਅਲਬੰਦ*** : ਖੁਰੀਆਂ ਲਾਉਣ ਵਾਲਾ।

نعل بها ***ਨਅਲ ਬਹਾ*** : ਓਹ ਰਕਮ ਜੋ ਛੋਟਾ ਰਾਜਾ ਵੱਡੇ ਬਾਦਸ਼ਾਹ ਨੂੰ ਇਸ ਲਈ ਦੇਵੇ ਕਿ ਓਹ ਉਸ ਦੇ ਮੁਲਕ ਨੂੰ ਬਰਬਾਦ ਨਾ ਕਰੇ।

نعلِ چوبین ***ਨਅਲ-ਏ-ਚੋਬੀਨ*** : ਲੱਕੜ ਦੇ ਜੁੱਤੇ, ਖੜਾਵਾਂ, ਪਊਏ।

نعلِ در ***ਨਅਲ-ਏ-ਦਰ*** : ਦਰਵਾਜ਼ੇ ਦਾ ਕੁੰਡਾ, ਜਿਸ ਦੇ ਖੜਕਾਉਣ ਨਾਲ ਕਿਸੇ ਦੇ ਆਉਣ ਦੀ ਖ਼ਬਰ ਮਿਲਦੀ ਹੈ।

نعل در آتش ***ਨਅਲ ਦਰ ਆਤਿਸ਼*** : ਬੇਕਰਾਰ, ਬੇਕਰਾਰੀ; ਬੇਚੈਨੀ।

نعل ریختن ***ਨਅਲ ਰੀਖ਼ਤਨ*** : ਘੋੜੇ ਦਾ ਦੌੜਨਾ, ਘੋੜੇ ਦਾ ਚੱਲਣੋਂ ਰੈਹ ਜਾਣਾ, ਥੱਕ ਜਾਣਾ।

نعلِ رنگی ***ਨਅਲ-ਏ-ਰੰਗੀ,*** **نعلِ شام** ***ਨਅਲ-ਏ-ਸ਼ਾਮ*** : ਚੰਦ।

نعلِ وازگوں بسته ***ਨਅਲ ਵਾਜ਼ਗੂੰ ਬਸਤਾ*** : ਕਿਸੇ ਨੂੰ ਵਰਗਲਾਉਣਾ।

نعل و داغ ***ਨਅਲ-ਉ-ਦਾਗ਼*** : ਓਹ ਦਾਗ਼ ਜੋ ਈਰਾਨ ਦੇ ਆਸ਼ਕ ਮਿਜ਼ਾਜ ਕਲੰਦਰ ਆਪਣੀ ਛਾਤੀ ਤੇ ਖੁਰੀ ਵਰਗਾ ਬਣਾ ਲੈਂਦੇ ਹਨ।

نعلین ***ਨਅਲੈਨ*** : ਦੋਵੇਂ ਜੁੱਤੇ, ਜੋੜਾ।

نعم ***ਨਿਅਮ*** : (ਨਿਅਮਤ **نعمت** ਦਾ ਬੌਹਵਚਨ) ਨਿਆਮਤਾਂ, ਬਖਸ਼ਸ਼ਾਂ, ਖ਼ੁਸ਼ੀਆਂ, ਬਰਕਤਾਂ, ਸਵਾਦੀ ਚੀਜ਼ਾਂ।

نعم البدل ***ਨਿਅਮ-ਉਲ-ਬਦਲ*** : ਨੇਕ ਬਦਲਾ; ਚੰਗਾ ਇਵਜ਼ਾਨਾ।

نعمان ***ਨੁਅਮਾਨ*** : ਅਬੂ ਹਨੀਫ਼ਾ ਇਮਾਮ ਕੂਫ਼ੀ ਦਾ ਨਾਮ, ਅਰਬ ਦੇ ਇਕ ਪਰਸਿੱਧ ਬਾਦਸ਼ਾਹ ਦਾ ਨਾਮ ਜਿਸ ਨੂੰ ਨਅਮਾਨ-ਬਿਨ-ਮਨਜ਼ਰ ਵੀ ਕੈਂਹਦੇ ਹਨ।

نعمت ***ਨਿਅਮਤ*** : ਮਾਲ ਦੌਲਤ, ਸੰਪੱਤੀ; ਰੋਜ਼ੀ, ਰਿਜ਼ਕ; ਐਸ਼, ਆਸਾਇਸ਼, ਬੌਹਲਤਾ, ਖ਼ੁਸ਼ਹਾਲੀ, ਖ਼ੁਸ਼ੀ, ਅਨੰਦ, ਬਖਸ਼ਸ਼, ਮੇਹਰ, ਨਾਜ਼; ਸੁਆਦੀ ਚੀਜ਼; ਨੇਕੀ, ਪੌਹਚ।

نعمت آباد ***ਨਿਅਮਤ ਆਬਾਦ*** : ਇਕ ਜਗ੍ਹਾ ਦਾ ਨਾਮ।

نعمت پرست ***ਨਿਅਮਤ ਪ੍ਰਸਤ*** : ਪੈਸੇ ਦਾ ਪੀਰ।

نعمت خانه ***ਨਿਅਮਤ-ਖ਼ਾਨਾ*** : ਖਾਣੇ ਦਾ ਕਮਰਾ, ਖਾਣ-ਪੀਣ ਦਾ ਸਮਾਨ ਰੱਖਣ ਦੀ ਅਲਮਾਰੀ।

نعمت کده ***ਨਿਅਮਤ-ਕਦਾ*** : ਬਹਿਸ਼ਤ।

نعمت گستر ***ਨਿਅਮਤ-ਗੁਸਤਰ*** : ਦਾਨੀ, ਸਖ਼ੀ।

نعمتی ***ਨਿਅਮਤੀ*** : ਨਿਅਮਤ ਨਾਲ

ਸਬੰਧਤ, ਚੰਗੇ ਪਦਾਰਥ; ਸੁੱਖ-ਅਰਾਮ, ਮਾਲ ਦੌਲਤ; ਜੁੱਤੀ ਦੀ ਖੁਰੀ, ਇਸਫ਼ਾਹਨ ਵਿਚ ਇਕ ਫ਼ਿਰਕਾ (ਸੰਪਰਦਾਏ) ਜੇਹੜਾ 'ਹੈਦਰੀ' ਫ਼ਿਰਕੇ ਦਾ ਹਮੇਸ਼ਾ ਵਿਰੋਧੀ ਰਿਹਾ ਹੈ।

نعوذ ***ਨਊਜ਼*** : ਅਸੀਂ ਪਨਾਹ ਮੰਗਦੇ ਹਾਂ।

نعوذ باللّٰہ ***ਨਊਜ਼ ਬਿੱਲਾਹ*** : ਪਨਾਹ ਮੰਗਦੇ ਹਾਂ ਅਸੀਂ ਅੱਲਾਹ ਤੋਂ; ਰੱਬ ਦੀ ਪਨਾਹ।

نعّی ***ਨੱਈ,*** **نعیان** ***ਨੁਯਾਨ*** : ਮੌਤ ਦੀ ਖ਼ਬਰ, ਕਿਸੇ ਦੀ ਮਰਗ ਦੀ ਖ਼ਬਰ ਦੇਣਾ; ਮੌਤ ਦੀ ਖ਼ਬਰ ਨਸ਼ਰ ਕਰਨਾ; ਕਿਸੇ ਦਾ ਭੈੜ ਨਸ਼ਰ ਕਰਨਾ।

نعّی ***ਨੱਈ*** : ਮੌਤ ਦੀ ਖ਼ਬਰ ਦੇਣ ਵਾਲਾ।

نعیم ***ਨਈਮ*** : ਬਹਿਸ਼ਤ, ਨੇਕੀ, ਭਲਾ, ਨਾਜ਼, ਲਾਡ, ਅਮੀਰੀ, ਇਨਾਮ ਵਿਚ ਮਿਲੀ ਹੋਈ ਚੀਜ਼, ਪੌਹਚ,ਰਸਾਈ, ਮਾਲ, ਨਾਜ਼ਕੀ।

نعیم اللّٰہ ***ਨਈਮੁੱਲਹ,*** **نعیم الٰہی** ***ਨਈਮ-ਏ-ਇਲਾਹੀ*** : ਰੱਬ ਦੀ ਮੇਹਰ, ਬਖ਼ਸ਼ਸ਼ ।

نعیم پاک ***ਨਈਮ-ਏ-ਪਾਕ*** : ਭਜਨ, ਬੰਦਗੀ ਕਰਨੀ।

نغز ***ਨਗ਼ਜ਼*** : ਚੰਗਾ, ਸੁੰਦਰ, ਅਜੀਬ, ਚੁਸਤ, ਚਲਾਕ, ਪਹੇਲੀ, ਬੁਝਾਰਤ; ਸਾਫ਼।

نغزبوی ***ਨਗ਼ਜ਼-ਬੂਯ*** : ਚੰਗਾ ਸੁਗੰਧਮਈ।

نغزک ***ਨਗ਼ਜ਼ਕ*** : (ਨਗ਼ਜ਼ **نغز** ਦਾ ਲਘੂਵਾਚੀ) ਚੰਗੀ ਤੇ ਵਚਿਤਰ ਵਸਤੂ, ਅਰਾਮ, ਸੁੱਖ ; ਅੰਬ।

نغزگوی ***ਨਗ਼ਜ਼-ਗੋਯ*** : ਚੰਗਾ ਵਕਤਾ, ਮਧੁਰ ਗਲੇ ਵਾਲਾ।

نغم ***ਨਗ਼ਮ*** : (ਨਗ਼ਮਾ **نغمہ** ਦਾ ਬੌਹਵਚਨ) ਨਗ਼ਮੇ।

نغمہ ***ਨਗ਼ਮਾ*** : ਮਧੁਰ ਤੇ ਆਕਰਸ਼ਕ ਅਵਾਜ਼, ਰਾਗ ਦੀ ਸੁਰ ਜਾਂ ਲੈ, ਅਲਾਪ; ਰਾਗ, ਗੀਤ, ਤਰਾਨਾ।

نغمات ***ਨਗ਼ਮਾਤ,*** **نغمہا** ***ਨਗ਼ਮਹਾ*** : (ਨਗ਼ਮਾ **نغمہ** ਦਾ ਬੌਹਵਚਨ) ਮਧੁਰ ਅਵਾਜ਼ ਜਾਂ ਸੁਰਾਂ ਜਾਂ ਗੀਤ, ਤਰਾਨੇ।

نغمہ پرداز ***ਨਗ਼ਮਾ-ਪਰਦਾਜ਼,***
نغمہ ساز ***ਨਗ਼ਮਾ-ਸਾਜ਼,***
نغمہ سرا ***ਨਗ਼ਮਾ-ਸਰਾ,***
نغمہ کش ***ਨਗ਼ਮਾ-ਕਸ਼*** : ਗਾਉਣ ਵਾਲਾ, ਗਵੱਈਆ, ਰਾਗੀ।

نغمہا نیمرنگ ***ਨਗ਼ਮਹਾ-ਏ-ਨੀਮਰੰਗ*** : ਅਧੂਰੇ ਨਗ਼ਮੇ।

نغنخلان ***ਨਗ਼ਨਖ਼ਲਾਨ,*** **نغنخواد** ***ਨਗ਼ਨਖ਼ਵਾਦ,*** **نغنخوالان** ***ਨਗ਼ਨਖ਼ਵਾਲਾਨ*** : ਜਵੈਣ।

نغنغہ ***ਨਗ਼ਨਗ਼ਾ*** : ਨਗ਼ਮਾ, ਰਾਗ, ਗੀਤ, ਮਧੁਰ ਅਵਾਜ਼।

نغوسہ ***ਨਗ਼ੋਸਾ,*** **نغوشہ** ***ਨਗ਼ੋਸ਼ਾ*** : ਤੱਸਲੀ ਦੇਣਾ, ਦਿਲ ਤੋੜਨਾ।

نغوشا ***ਨਗ਼ੋਸ਼ਾ,*** **نغوشاک** ***ਨਗ਼ੋਸ਼ਾਕ,*** **نغوک** ***ਨਿਗ਼ੋਕ*** : ਅੱਗ-ਪੂਜਕ, ਕਾਫ਼ਰ, ਯਹੂਦੀ, ਇਕ ਧਰਮ ਛਡ ਕੇ ਦੂਜੇ ਧਰਮ ਵੱਲ ਫਿਰਨ ਵਾਲਾ।

نغول ***ਨਗ਼ੂਲ*** : ਜੰਗਲ ਵਿਚ ਬਣਾਈ ਪਸ਼ੂਆਂ ਲਈ ਥਾਂ।

نغول ***ਨਿਗ਼ੂਲ*** : ਪੌੜੀ।

نغول ***ਨੁਗ਼ੂਲ*** : ਡੂੰਘਾ, ਦੂਰ, ਪੂਰਾ, ਪੂਰਨ।

نغولی ***ਨੁਗ਼ੂਲੀ*** : ਡੂੰਘਾਈ, ਦੂਰੀ, ਪੂਰਨਤਾ।

نغولہ ***ਨਗ਼ੂਲਾ*** : ਪੇਚ ਦੇ ਕੇ ਬੰਨ੍ਹੇ ਹੋਏ ਸਿਰ ਦੇ ਵਾਲ, ਜੂੜਾ, ਮਸ਼ੂਕ ਦੀ ਜ਼ੁਲਫ਼।

نفاذ ***ਨਫ਼ਾਜ਼*** : ਹੁਕਮ ਦਾ ਜਾਰੀ ਹੋਣਾ; ਲਾਗੂ ਹੋਣਾ, ਤੀਰ ਦਾ ਨਿਸ਼ਾਨੇ ਨੂੰ ਤੋੜ ਕੇ ਪਾਰ ਨਿਕਲ ਜਾਣਾ, ਅਸਰ ਰਸੂਖ਼; ਲੰਘ ਜਾਣਾ; ਪਿੱਛੇ ਛੱਡ ਜਾਣਾ, ਦੁਸ਼ਮਣ ਤੋਂ ਬਚ ਕੇ ਨਿਕਲ ਜਾਣਾ।

نفاست ***ਨਫ਼ਾਸਤ*** : ਖ਼ੂਬੀ, ਚੰਗਿਆਈ, ਪਸੰਦ, ਕੋਮਲਤਾ, ਈਰਖਾ ਕਰਨਾ; ਇਸਤਰੀ ਦੇ

ਬੱਚਾ ਹੋਣਾ।

نفاع ***ਨੁਫ਼ਾਅ*** : ਨਾਫ਼ਿਅ **نافع** ਦਾ ਬੌਹਵਚਨ) ਫ਼ਾਇਦੇਮੰਦ।

نفاغ ***ਨਿਫ਼ਾਗ਼*** : ਸ਼ਰਾਬ ਪੀਣ ਦਾ ਵੱਡਾ ਪਿਆਲਾ।

نفاق ***ਨਿਫ਼ਾਕ*** : ਦਿਲ ਵਿਚ ਕੁਝ ਤੇ ਬਾਹਰੋਂ ਕੁਝ ਹੋਣਾ, ਦੋਗਲਾਪਣ, ਦੁਸ਼ਮਣੀ ਜਾਂ ਵੈਰ ਰੱਖਣਾ, ਦੁਸ਼ਮਣੀ, ਵੈਰ, ਵਿਰੋਧ, ਮਕਰ, ਪਖੰਡ, ਫਰੇਬ, ਫੁੱਟ, ਬੇਇਤਫ਼ਾਕੀ।

نفام ***ਨਫ਼ਾਮ*** : ਕਾਲਾ ਰੰਗ; ਸਾਂਵਲਾਪਣ; ਕਾਲਾ ਸਿਆਹ; ਭੈੜੀ ਤੇ ਭੱਦੀ ਚੀਜ਼।

نفائس ***ਨਫ਼ਾਇਸ*** : (ਨਫ਼ੀਸ **نفيس** ਦਾ ਬੌਹਵਚਨ) ਨਫ਼ੀਸ ਵਸਤਾਂ।

نفايه ***ਨਫ਼ਾਯਾ*** : ਕਾਲਾ ਸਿਆਹ; ਖੋਟੀ ਚੀਜ਼; ਰੱਦੀ ਚੀਜ਼।

نفح ***ਨਫ਼ਹ*** : ਸੁਗੰਧੀ ਖਿੰਡਾਉਣਾ, ਸੁਗੰਧੀ, ਹਵਾ ਦਾ ਚਲਣਾ, ਸ਼ਮੀਰ ਦਾ ਰੁਮਕਣਾ।

نفحات ***ਨਫ਼ਹਾਤ*** : (ਨਫ਼ਹ **نفح** ਦਾ ਬੌਹਵਚਨ) ਸੁਗੰਧੀਆਂ।

نفخه ***ਨਫ਼ਖ਼ਾ*** : ਅਵਾਜ਼, ਫੂਕ ਮਾਰਨ ਜਾਂ ਫੂਕਣ ਦੀ ਅਵਾਜ਼; ਸਾਜ਼ ਵੱਜਣ ਦੀ ਅਵਾਜ਼, ਫੂਕ, ਇਕ ਵਾਰ ਦੀ ਫੂਕ।

نفخهٔروح ***ਨਫ਼ਖ਼ਾ-ਏ-ਰੂਹ*** : ਓਹ ਰੂਹ ਜੇਹੜੀ ਹਜ਼ਰਤ ਜਿਬਰੀਲ ਨੇ ਬੀਬੀ ਮਰੀਅਮ ਦੇ ਪੱਲੇ ਫੂਕ ਮਾਰ ਕੇ ਪਾਈ ਸੀ।

نفخهٔصور ***ਨਫ਼ਖ਼ਾ-ਏ-ਸੂਰ*** : ਓਹ ਕਰਨਾ (ਬਿਗਲ) ਜੋ ਹਜ਼ਰਤ ਇਸਰਾਫ਼ੀਲ ਕਿਆਮਤ (ਪਰਲੋ) ਵਾਲੇ ਦਿਨ ਵਜਾਉਣਗੇ ਤੇ ਜਿਸ ਦੀ ਅਵਾਜ਼ ਨਾਲ ਮੁਰਦੇ ਕਬਰਾਂ'ਚੋਂ ਉੱਠ ਖੜ੍ਹੇ ਹੋਣਗੇ।

نفذ ***ਨਫ਼ਜ਼*** : ਕਿਸੇ ਚੀਜ਼ ਦਾ ਲਾਗੂ ਕਰਨਾ, ਰਵਾਂ ਹੋਣਾ, ਜਾਰੀ ਹੋਣਾ, ਛੁਡਵਾਉਣਾ।

نفر ***ਨਫ਼ਰ*** : ਤਿੰਨ ਤੋਂ ਦਸ ਤੱਕ ਆਦਮੀਆਂ ਦਾ ਟੋਲਾ, ਫ਼ਾਰਸੀ ਵਿਚ ਇਸ ਦਾ ਭਾਵ ਇਕੋ ਵਿਅਕਤੀ ਤੋਂ ਲੈਂਦੇ ਹਨ ਅਰਥਾਤ ਇਕ ਆਦਮੀ, ਨੌਕਰ, ਚਾਕਰ, ਸੇਵਕ, ਸਧਾਰਨ ਸਿਪਾਹੀ ਜਾਂ ਫ਼ੌਜੀ।

نفرت ***ਨਫ਼ਰਤ, ਨਿਫ਼ਰਤ*** : ਘਿਰਨਾ ਕਰਨਾ, ਅਵਾਜ਼ਾਰ ਹੋਣਾ, ਕਿਸੇ ਚੀਜ਼ ਤੋਂ ਭੱਜਣਾ, ਘਿਰਨਾ, ਭਾਂਜ।

نفره ***ਨਫ਼ਰਾ*** : ਇਕ ਵਾਰ ਨਫ਼ਰਤ ਕਰਨਾ।

نفری ***ਨਫ਼ਰੀ*** : ਨਫ਼ਰੀਨ ਦਾ ਸੰਖੇਪ ਰੂਪ, ਫਿਟਕਾਰ, ਲਾਹਨਤ, ਮਲਾਮਤ, ਇਕ ਆਦਮੀ ਦਾ ਕੰਮ।

نفرين ***ਨਫ਼ਰੀਨ*** : ਬਦ-ਦੁਆ, ਸਰਾਪ, ਫਿਟਕਾਰ।

نفس ***ਨਫ਼ਸ*** : ਸੁਆਸ, ਸਾਹ, ਸਾਹ ਦਾ ਆਉਣਾ ਜਾਣਾ, ਪਾਣੀ ਦਾ ਘੁੱਟ; ਰੂਹ, ਜਾਨ, ਜਿੰਦ, ਖ਼ੂਨ, ਜਿਸਮ, ਤਨ, ਸਰੀਰ, ਕਿਸੇ ਸ਼ੈ ਦੀ ਹੋਂਦ, ਜ਼ਾਤ, ਵਿਅਕਤਿਤਵ, ਆਤਮਾ, ਭੈੜੀ ਨਜ਼ਰ, ਨੇੜੇ, ਨਜ਼ਦੀਕ, ਇਰਾਦਾ, ਸ਼ਾਨ ਸ਼ੌਕਤ, ਐਬ, ਦੋਸ਼, ਬਜ਼ੁਰਗੀ, ਫ਼ਾਰਸੀ ਵਿਚ ਪੁਰਸ਼ ਦੀ ਇੰਦਰੀ ਨੂੰ ਵੀ ਕੈਂਹਦੇ ਹਨ।

نفس آباد ***ਨਫ਼ਸ-ਆਬਾਦ*** : ਫੇਫੜਾ, ਸੀਨਾ, ਛਾਤੀ, ਸਰੀਰ।

نفس الامر ***ਨਫ਼ਸੁਲ-ਅਮਰ*** : ਕੰਮ ਦੀ ਹਕੀਕਤ, ਅਸਲ ਮਨੋਰਥ; ਸਾਬਤ।

نفس امّاره ***ਨਫ਼ਸ-ਏ-ਅਮਾਰਾ*** : ਵਾਸ਼ਨਾਵਾਂ ਨੂੰ ਹੁਕਮ ਦੇਣ ਵਾਲਾ ਨਫ਼ਸ, ਮਨੁੱਖ ਦੇ ਮਨ ਦੀ ਰੁਚੀ ਜੇਹੜੀ ਵਿਸ਼ੇ ਵਿਕਾਰਾਂ ਵੱਲ ਪਰੇਰਦੀ ਹੈ; ਅਰਸ਼।

نفسانی ***ਨਫ਼ਸਾਨੀ*** : ਨਫ਼ਸ ਨਾਲ ਸਬੰਧਤ।

نفسانيات ***ਨਫ਼ਸਾਨੀਯਾਤ*** : ਹੱਠ ਧਰਮੀ, ਅਭਮਾਨ, ਸਵਾਰਥ।

نفس بازپسين ***ਨਫ਼ਸ-ਏ-ਬਾਜ਼ ਪਸੀਨ*** : ਅੰਤਮ, ਸੁਵਾਸ, ਮਰਨ ਵੇਲੇ ਦਾ ਸਾਹ।

نفس بر آوردن ***ਨਫ਼ਸ ਬਰ ਆਵਰਦਨ*** : ਬੋਲਣਾ, ਗੱਲ ਬਾਤ ਕਰਨਾ।

نفس بهيمه ***ਨਫ਼ਸ-ਏ-ਬਹੀਮਾ*** : ਪਸ਼ੂ-ਬਿਰਤੀ।

نفس پرست ***ਨਫ਼ਸ-ਪ੍ਰਸਤ*** : ਸਵਾਰਥੀ, ਵਿਸ਼ੇਵਿਕਾਰੀ, ਵਿਭਚਾਰੀ, ਅਯਾਸ਼, ਐਸ਼ੀ ਪੱਠਾ।

نفس پرستی ***ਨਫ਼ਸ-ਪ੍ਰੱਸਤੀ*** : ਸਵਾਰਥ, ਅਯਾਸ਼ੀ, ਕਾਮ-ਚੇਸ਼ਟਾ।

نفس پرور ***ਨਫ਼ਸ-ਪਰਵਰ*** : ਰੂਹ ਨੂੰ ਰਾਹਤ ਦੇਣ ਵਾਲਾ, ਸਵਾਰਥੀ, ਕਾਮੀ।

نفس تنگ ***ਨਫ਼ਸ-ਤੰਗ*** : ਅੱਖ ਦਾ ਫੋਰ ਕੰਮ ਕਾਰ।

نفس دراز ***ਨਫ਼ਸ ਦਰਾਜ਼*** : ਬੌਹਤ ਬੋਲਣ ਵਾਲਾ, ਬੜਬੋਲਾ, ਮੂੰਹ-ਫੱਟ।

نفس درازی ***ਨਫ਼ਸ-ਦਰਾਜ਼ੀ*** : ਬੜ ਬੋਲਾਪਣ, ਬੌਹਤੀਆਂ ਗੱਲਾਂ ਕਰਨੀਆਂ।

نفس درست کردن ***ਨਫ਼ਸ ਦੁਰੁਸਤ ਕਰਦਨ***, **نفس راست کردن** ***ਨਫ਼ਸ ਰਾਸਤ ਕਰਦਨ*** : ਠੈਹਰਨਾ, ਸਾਹ ਲੈਣਾ, ਅਰਾਮ ਕਰਨਾ, ਦਮ ਲੈਣਾ।

نفس ربا ***ਨਫ਼ਸ-ਰੁਬਾ*** : ਓਹ ਵਾਕ ਜਾਂ ਬਚਨ ਜਿਨ੍ਹਾਂ ਦਾ ਪੜ੍ਹਨਾ ਸੌਖਾ ਹੋਵੇ।

نفس زدن ***ਨਫ਼ਸ ਜ਼ਦਨ*** : ਸਾਹ ਲੈਣਾ, ਦਮ ਮਾਰਨਾ।

نفس سوختن ***ਨਫ਼ਸ ਸੋਖ਼ਤਨ*** : ਸਾਹ ਫੁੱਲ ਜਾਣਾ, ਮੇਹਨਤ ਕਰਨਾ, ਦੁੱਖ ਉਠਾਉਣਾ।

نفس سوخته ***ਨਫ਼ਸ ਸੋਖ਼ਤਾ*** : ਚੁੱਪ ਚਾਪ, ਘੁੱਗੂ ਵੱਟਾ।

نفس شماری ***ਨਫ਼ਸ-ਸ਼ੁਮਾਰੀ*** : ਅਖੀਰਲੇ ਸਾਹਾਂ ਤੇ ਹੋਣਾ, ਗਿਣਵੇਂ ਮਿਣਵੇਂ ਸਾਹਾਂ 'ਤੇ।

نفس فرورفتن ***ਨਫ਼ਸ ਫਿਰੋ ਰਫ਼ਤਨ*** : ਸਾਹ ਰੁਕ ਜਾਣਾ, ਚੁਪ ਹੋ ਜਾਣਾ।

نفس کش ***ਨਫ਼ਸ-ਕੁਸ਼*** : ਵਿਸ਼ੇ ਵਿਕਾਰਾਂ ਨੂੰ ਮਾਰਨ ਵਾਲਾ, ਪਰਹੇਜ਼ਗਾਰ, ਬੰਦਗੀ ਕਰਨ ਵਾਲਾ।

نفس کشی ***ਨਫ਼ਸ-ਕੁਸ਼ੀ*** : ਵਿਸ਼ੇ ਵਿਕਾਰਾਂ ਨੂੰ ਮਾਰਨਾ, ਬੰਦਗੀ।

نفس کل ***ਨਫ਼ਸ-ਏ-ਕੁਲ*** : ਵਿਸ਼ਵ ਰੂਹ, ਰੱਬ ਦਾ ਤਖ਼ਤ, ਅਰਸ਼।

نفس لوامّه ***ਨਫ਼ਸ-ਏ-ਲੱਵਾਮਾ*** : ਜ਼ਮੀਰ ਜੇਹੜੀ ਅਪਰਾਧ ਕਰਨ ਉਪਰੰਤ ਖ਼ੁਦ ਨੂੰ ਲਾਹਨਤਾਂ ਪਾਵੇ; ਜ਼ਮੀਰ ਜੇਹੜੀ ਭੈੜ ਤੋਂ ਬਚਾਵੇ ਅਤੇ ਚੰਗੇ ਪਾਸੇ ਲੈ ਜਾਵੇ।

نفس ملهمه ***ਨਫ਼ਸ-ਏ-ਮੁਲਹਿਮਾ*** : ਓਹ ਨਫ਼ਸ ਜਿਸ ਦੇ ਰਾਹੀਂ ਆਵੇਸ਼ ਹੋਵੇ।

نفس ناطقه ***ਨਫ਼ਸ-ਏ-ਨਾਤਿਕਾ*** : ਬੋਲਣ ਵਾਲੀ ਰੂਹ ਜਾਨ,ਦਲੀਲ।

نفس نباتی ***ਨਫ਼ਸ-ਏ-ਨਬਾਤੀ*** : ਬਨਸਪਤੀ ਦੀ ਰੂਹ।

نفس واپسین ***ਨਫ਼ਸ-ਏ-ਵਾਪਸੀਨ*** : ਅੰਤਮ ਸਵਾਸ, ਆਖ਼ਰੀ ਸਾਹ।

نفسی ***ਨਫ਼ਸੀ*** : ਨਫ਼ਸ ਨਾਲ ਸਬੰਧਤ, ਜ਼ਾਤੀ, ਨਿਜੀ, ਆਪਣਾ।

نفش ***ਨਫ਼ਸ਼*** : ਰੂੰ ਜਾਂ ਪਸ਼ਮ ਨੂੰ ਪਿੰਜਣਾ।

نفط ***ਨਫ਼ਤ*** : ਛਾਲਾ ਪੈਣਾ।

نفطه ***ਨਫ਼ਤਾ*** : ਛਾਲਾ, ਚੇਚਕ।

نفع ***ਨਫ਼ਅ*** : ਫ਼ਾਇਦਾ, ਲਾਭ, ਨਤੀਜਾ, ਫਲ।

نفقه ***ਨਫ਼ਕਾ*** : ਬੀਵੀ ਤੇ ਔਲਾਦ ਨੂੰ ਦਿੱਤਾ ਜਾਣ ਵਾਲਾ ਰੋਟੀ ਕੱਪੜਾ, ਖ਼ਰਚਾ, ਗੁਜ਼ਾਰਾ, ਘਰੇਲੂ ਖ਼ਰਚ।

نفل ***ਨਫ਼ਲ*** : ਭੇਟਾ, ਬਖ਼ਸ਼ਸ਼; ਵਧੀਕ; ਬੰਦਗੀ, ਓਹ ਬੰਦਗੀ ਜੇਹੜੀ ਇਨਸਾਨ 'ਤੇ ਫਰਜ਼ ਨਾ ਹੋਵੇ, ਓਹ ਨਮਾਜ਼ ਜੇਹੜੀ ਵਾਜਬ ਫਰਜ਼ ਤੋਂ ਵਾਧੂ ਪੜ੍ਹੀ ਜਾਵੇ।

نفوخ ***ਨਫ਼ੂਖ਼*** : ਨਸਵਾਰ।

نفوذ ***ਨਫ਼ੂਜ਼*** : ਅਸਰ ਕਰਨਾ, ਹੁਕਮ ਦਾ ਜਾਰੀ ਹੋਣਾ, ਲੰਘ ਜਾਣਾ, ਪਾਰ ਹੋਣਾ, ਤੀਰ ਦਾ ਨਿਸ਼ਾਨਾ ਪਾਰ ਕਰ ਜਾਣਾ;, ਰਸੂਖ਼, ਅਸਰ।

نفوس ***ਨੁਫ਼ੂਸ*** : (ਨਫ਼ਸ **نفس** ਦਾ ਬੌਹਵਚਨ) ਜਾਨਾਂ, ਰੂਹਾਂ।

نفوس ثلاثه ***ਨੁਫ਼ੂਸ-ਏ-ਸਲਾਸਾ*** : ਤਿੰਨੇ ਨਫ਼ਸ ਭਾਵ ਨਫ਼ਸ-ਏ-ਅੱਮਾਰਹ,

ਨਫ਼ਸ-ਏ-ਲੱਵਾਮਹ ਅਤੇ ਨਫ਼ਸ-ਏ-ਮੁਤਮ ਇੰਨਹ; ਏਹ ਤਿੰਨੇ ਰੂਹਾਂ, ਭਾਵ ਰੂਹ-ਏ-ਹੈਵਾਨੀ, ਰੂਹ-ਏ-ਨਬਾਤੀ, ਰੂਹ-ਏ-ਜਮਾਦੀ।

نفوس قدسیہ *ਨਫ਼ੂਸ-ਏ-ਕੁਦਸੀਯਾ* : ਨੇਕ ਰੂਹਾਂ, ਨੇਕ ਬੰਦੇ, ਫਰਿਸ਼ਤੇ।

نفی *ਨਫ਼ੀ* : ਇਨਕਾਰ, ਨਾਂਹ, ਦੂਰ ਕਰਨਾ, ਹਿੱਕਣਾ, ਦੂਰ ਹੋਣਾ, ਸ਼ੈਹਰ/ਦੇਸ਼ ਬਦਰ ਕਰਨਾ।

نفی کردن *ਨਫ਼ੀ ਕਰਦਨ* : ਦੂਰ ਕਰਨਾ, ਨਾਸ ਕਰਨਾ, ਸ਼ੈਹਰ ਬਦਰ ਕਰਨਾ।

نفیر *ਨਫ਼ੀਰ* : ਚੀਕ, ਰੋਣ ਧੋਣ, ਭੱਜਣ ਵਾਲਾ, ਨਫ਼ਰਤ ਕਰਨ ਵਾਲਾ, ਭੱਜਣ ਵਾਲੀ ਫ਼ੌਜ, ਇਕ ਪਰਕਾਰ ਦਾ ਸਾਜ਼, ਨਫ਼ੀਰੀ।

نفیرچی *ਨਫ਼ੀਰਚੀ* : ਨਫ਼ੀਰੀ ਵਜਾਉਣ ਵਾਲਾ ਵਜੰਤਰੀ।

نفیرنامہ *ਨਫ਼ੀਰਨਾਮਾ* : ਲਸ਼ਕਰ ਇਕੱਠਾ ਕਰਨ ਬਾਰੇ ਸ਼ਾਹੀ ਹੁਕਮ।

نفیری *ਨਫ਼ੀਰੀ* : ਤੁਰੀ, ਸ਼ੈਹਨਾਈ, ਅਲਗੋਜ਼ਾ, ਬੰਸਰੀ।

نفیس *ਨਫ਼ੀਸ* : ਉੱਤਮ, ਬੌਹ-ਮੁੱਲੀ, ਮਨ-ਪਸੰਦ, ਸਾਫ਼ ਤੇ ਪਾਕ।

نقاب *ਨਿਕਾਬ* : ਔਰਤਾਂ ਦਾ ਮੂੰਹ ਢੱਕਣ ਵਾਲਾ ਕੱਪੜਾ, ਮੂੰਹ ਦਾ ਬੁਰਕਾ।

نقاب پوش *ਨਿਕਾਬ ਪੋਸ਼* : ਜਿਸ ਨੇ ਮੂੰਹ ਨਕਾਬ ਨਾਲ ਢਕਿਆ ਹੋਵੇ।

نقابِ خضرا *ਨਿਕਾਬ-ਏ-ਖ਼ਜ਼ਰਾ* : ਅਸਮਾਨ, ਅਕਾਸ਼।

نقاب نیلی *ਨਿਕਾਬ-ਏ-ਨੀਲੀ* : ਰਾਤ।

نقّاد *ਨੱਕਾਦ* : ਪਰਖਣ ਵਾਲਾ, ਖੋਟੇ ਨੂੰ ਖਰੇ ਤੋਂ ਅੱਡ ਕਰਨ ਵਾਲਾ, ਪਾਰਖੂ, ਪੜਚੋਲੀਆ।

نقّارہ *ਨੱਕਾਰਾ* : (ਪੰਜਾਬੀ ਵਿਚ ਪਰਚਲਤ ਰੂਪ ''ਨਗਾਰਾ'' ਹੈ) ਧੌਂਸਾ, ਦਮਾਮਾ, ਨਗਾਰਾ, ਡੰਕਾ।

نقّارۂ آفتابِ زرد *ਨੱਕਾਰਾ-ਏ-ਆਫ਼ਤਾਬ-ਏ-ਜ਼ਰਦ* : ਸ਼ਾਮ ਵੇਲੇ ਦਾ ਜੋ ਨਗਾਰਾ ਵਜਾਇਆ ਜਾਂਦਾ ਹੈ, ਬਾਦਸ਼ਾਹਾਂ ਦੇ ਦਰ ਤੇ ਪੰਜ ਵਾਰ ਨਗਾਰਾ ਵਜਾਇਆ ਜਾਂਦਾ ਹੈ।

نقّارچی *ਨੱਕਾਰਚੀ* : ਨਗਾਰਾ ਵਜਾਉਣ ਵਾਲਾ।

نقّارخانہ *ਨੱਕਾਰਖ਼ਾਨਾ* : ਜਿਥੇ ਨਗਾਰੇ ਵਜਦੇ ਹਨ, ਨੌਬਤਖ਼ਾਨਾ।

نقّاش *ਨੱਕਾਸ਼* : ਨਕਸ਼ ਕਰਨ ਵਾਲਾ, ਚਿਤਰਕਾਰ, ਕਲਾਕਾਰ, ਰੰਗ ਜਾਂ ਧਾਗੇ ਆਦਿ ਨਾਲ ਵੇਲ ਬੂਟੇ ਬਣਾਉਣ ਵਾਲਾ।

نقّاشان *ਨੱਕਾਸ਼ਾਨ* : ਨੱਕਾਸ਼ نقاش ਦਾ ਬੌਹਵਚਨ।

نقّاشانِ چین *ਨੱਕਾਸ਼ਾਨ-ਏ-ਚੀਨ* : ਚੀਨ ਦੇ ਚਿਤਰਕਾਰ।

نقّاشی *ਨੱਕਾਸ਼ੀ* : ਨਕਸ਼ ਨਿਗਾਰ ਕਰਨ ਦੀ ਕਿਰਿਆ।

نقاط *ਨਿਕਾਤ* : (ਨੁਕਤਹ نقطہ ਦਾ ਬੌਹਵਚਨ) ਨੁਕਤੇ, ਬਿੰਦੂਆਂ।

نقّال *ਨੱਕਾਲ* : ਨਕਲ ਕਰਨ ਵਾਲਾ, ਨਕਲੀਆ, ਭੰਡ, ਬਹੁਰੂਪੀਆ, ਕਹਾਣੀਆਂ ਸੁਣਾਉਣ ਵਾਲਾ।

نقاوت *ਨਕਾਵਤ* : ਪਵਿਤਰ ਹੋਣਾ, ਪਵਿਤ੍ਰਤਾ।

نُقاوت *ਨੁਕਾਵਤ* : ਚੁਣਿਆ ਹੋਇਆ; ਸਾਰ।

نقاہت *ਨਕਾਹਤ* : ਬੀਮਾਰੀ ਕਰਕੇ ਆਈ ਕਮਜ਼ੋਰੀ, ਨਿਰਬਲਤਾ।

نقائص *ਨਕਾਇਸ* : (ਨਕੀਸਾ نقیصہ ਦਾ ਬੌਹਵਚਨ) ਨੁਕਸ, ਦੋਸ਼, ਭੈੜੀਆਂ ਆਦਤਾਂ।

نقب *ਨਕਬ* : ਮੋਰੀ, ਸੁਰਾਖ, ਸੁਰੰਗ, ਸੰਨ੍ਹ।

نقبزن *ਨਕਬਜ਼ਨ* : ਸੰਨ੍ਹ ਲਾਉਣ ਵਾਲਾ, ਚੋਰ।

نقبزنی *ਨਕਬਜ਼ਨੀ* : ਸੰਨ੍ਹ ਲਾਉਣਾ।

نقد *ਨਕ਼ਦ* : ਰੋਕੜ; ਨਕਦੀ, ਨਕਦ ਦੇਣਾ;

ਰੁਪਈਏ ਅਸ਼ਰਫ਼ੀ ਆਦਿ ਦਾ ਪਰਖਣਾ, ਪਰਚਲਤ ਸਿੱਕਾ; ਜ਼ਾਤ, ਬੇਟਾ; ਤੁਰੰਤ।

نقداً ***ਨਕ਼ਦਨ*** : ਝਟ ਪੱਟ, ਹੁਣੇ ਹੀ, ਫ਼ਾਰਸੀ ਵਿਚ 'ਹਾਲ ਦੀ ਘੜੀ' ਦੇ ਸ਼ਬਦਾਂ ਵਿਚ ਵੀ ਆਉਂਦਾ ਹੈ।

نقدانقد ***ਨਕਦਾ ਨਕਦ*** : ਤੁਰੰਤ ਅਦਾਇਗੀ।

نقدِجان ***ਨਕਦ-ਏ-ਜਾਨ*** : ਰੂਹ, ਜਾਨ, ਪਰਚਲਤ ਸਿੱਕਾ।

نقدِشش روزه ***ਨਕਦ-ਏ-ਸ਼ਸ਼ ਰੂਜ਼ਾ*** : ਸਾਰੀ ਸ੍ਰਿਸ਼ਟੀ।

نقدگیر ***ਨਕਦ-ਗੀਰ*** : ਵੱਢੀ-ਖ਼ੋਰ, ਦੁਨੀਆ ਦਾ ਤਲਬਗਾਰ।

نقدوجنس ***ਨਕਦ-ਉ-ਜਿਨਸ*** : ਮਾਲ ਅਸਬਾਬ, ਧਨ ਦੌਲਤ।

نقدی ***ਨਕਦੀ*** : ਮਾਲ, ਦੌਲਤ, ਧਨ; ਰੁਪਈਆ ਪੈਸਾ।

نقره ***ਨੁਕਰਾ*** : ਗਲੀ ਹੋਈ ਚਾਂਦੀ, ਟੋਆ, ਮੀਂਹ ਦਾ ਪਾਣੀ ਜਮ੍ਹਾ ਕਰਨ ਲਈ ਪੁੱਟਿਆ ਟੋਆ, ਸਫ਼ੈਦ ਘੋੜਾ।

نقره‌پا ***ਨੁਕਰਾ-ਪਾ*** : ਚਿੱਟੇ ਪੈਰਾਂ ਵਾਲਾ ਇਕ ਪੰਛੀ।

نقرهٔ تابناک ***ਨੁਕਰਾ-ਏ-ਤਾਬਨਾਕ*** : ਸੁੰਦਰ ਬਚਨ, ਉਤਮ ਕਵਿਤਾ।

نقرهٔ خام ***ਨੁਕਰਾ-ਏ-ਖ਼ਾਮ*** : ਖ਼ਾਲਸ ਚਾਂਦੀ, ਪਵਿਤਰਤਾ।

نقرهٔ خنگ ***ਨੁਕਰਾ-ਏ-ਖ਼ਿੰਗ*** : ਓਹ ਚਿੱਟਾ ਘੋੜਾ ਜੇਹੜਾ ਚਾਂਦੀ ਵਾਂਗ ਚਮਕਦਾ ਹੋਵੇ।

نقرهٔ خنگ زرتشتی ***ਨੁਕਰਾ-ਏ-ਖ਼ਿੰਗ ਜ਼ਰੁਤਸ਼ਤੀ*** : ਸੂਰਜ।

نقرهٔ زبیقی ***ਨੁਕਰਾ-ਏ-ਜ਼ਬੈਕੀ,*** **نقرهٔ شاخدار** ***ਨੁਕਰਾ-ਏ-ਸ਼ਾਖ਼ਦਾਰ*** : ਚਿੱਟੀ ਚਾਂਦੀ, ਖ਼ਾਲਸ ਚਾਂਦੀ।

نقرئی ***ਨੁਕਰਈ*** : ਚਾਂਦੀ ਨਾਲ ਸਬੰਧਤ ਚਾਂਦੀ ਦਾ।

نقش ***ਨਕ਼ਸ਼*** : ਸੂਰਤ, ਸ਼ਕਲ, ਚਿੰਨ੍ਹ, ਨਿਸ਼ਾਨ, ਚਿਤਰਕਾਰੀ, ਫੁੱਲਪੱਤੀ ਦਾ ਕੰਮ, ਵੇਲ ਬੂਟੇ ਦੀ ਕਢਾਈ, ਕੁੰਦਾਕਾਰੀ, ਖ਼ੁਦਾਈ, ਛਾਪ, ਮੋਹਰਾ, ਠੱਪਾ; ਸੱਚਾ; ਫ਼ਾਰਸੀ ਕਵੱਾਲਾਂ ਅਨੁਸਾਰ ਇਕ ਰਾਗ ਦਾ ਨਾਮ ਜੋ ਖ਼ੁਰਾਸਾਨੀਆਂ ਦੀ ਕਾਢ ਹੈ, ਜੂਏ ਦਾ ਇਕ ਦਾਅ; ਜੋ ਮਤਲਬ ਦਾ ਹੋਵੇ; ਜਾਦੂ, ਟੂਣਾ, ਮੰਤਰ, ਤਵੀਤ, ਅਸਰ, ਖ਼ਿਆਲ, ਕਲਪਨਾ; ਮੂਰਤ, ਤਸਵੀਰ, ਮੂਰਤੀ, ਲਿਆਕਤ।

نقشِ ایار ***ਨਕਸ਼-ਏ-ਅਯਾਰ*** : ਸੁਰਖ਼ ਸ਼ਰਾਬ।

نقش بحرام ***ਨਕਸ਼ ਬ-ਹਰਾਮ*** : ਓਹ ਆਦਮੀ ਜੋ ਵੇਖਣ ਨੂੰ ਤਾਂ ਵਾਹ-ਵਾਹ ਸੋਹਣਾ ਹੋਵੇ, ਪਰ ਉਂਜ ਕਿਸੇ ਕੰਮ ਜੋਗਾ ਨਾ ਹੋਵੇ; ਦਰਸ਼ਨੀ ਜਵਾਨ।

نقش بدیوار ***ਨਕਸ਼-ਬ-ਦੀਵਾਰ,*** **نقش بردیوار** ***ਨਕਸ਼-ਬਰ ਦੀਵਾਰ*** : ਹੈਰਾਨ, ਪਰੇਸ਼ਾਨ, ਹੱਕਾ-ਬੱਕਾ।

نقش برآب ***ਨਕਸ਼-ਬਰ ਆਬ*** : ਨਾਸ਼ਵਾਨ, ਮਿਟ ਜਾਣ ਵਾਲਾ, ਝੂਠਾ, ਨਿਸਫਲ।

نقش برآب زدن (کشیدن) ***ਨਕਸ਼ ਬਰ ਆਬਜ਼ਦਨ (ਕਸ਼ੀਦਨ)*** : ਬੇਫ਼ਾਇਦਾ ਕੰਮ ਕਰਨਾ, ਫ਼ਜ਼ੂਲ ਕੰਮ ਕਰਨਾ।

نقش برحجر ***ਨਕਸ਼ ਬਰ ਹਜਰ*** : ਪੱਥਰ ਤੇ ਲਕੀਰ, ਅਮਿੱਟ ਨਿਸ਼ਾਨ।

نقش برخاستن ***ਨਕਸ਼ ਬਰਖ਼ਾਸਤਨ*** : ਮਿਟ ਜਾਣਾ, ਨਾਸ ਹੋ ਜਾਣਾ।

نقش بردن ***ਨਕਸ਼ ਬੁਰਦਨ*** : ਮਿਟਾਉਣਾ, ਹਟਾ ਦੇਣਾ।

نقش بستن ***ਨਕਸ਼ ਬਸਤਨ*** : ਪੈਦਾ ਕਰਨਾ, ਸੂਰਤ ਬਣਾਉਣਾ, ਖ਼ਿਆਲ ਬੰਨ੍ਹਣਾ, ਕਲਪਨਾ।

نقشبند ***ਨਕਸ਼ ਬੰਦ*** : ਚਿਤਰਕਾਰ, ਨੱਕਾਸ਼, ਘੜਨ ਜਾਂ ਬਣਾਉਣ ਵਾਲਾ,

ਰਚਣਹਾਰ।

نقش بندِ حوادث ***ਨਕਸ਼ਬੰਦ-ਏ-ਹਵਾਦਿਸ*** : ਸ੍ਰਿਸ਼ਟੀ ਰਚਣ ਵਾਲਾ, ਰੱਬ।

نقش بندی ***ਨਕਸ਼ਬੰਦੀ*** : ਚਿਤਰਕਾਰੀ, ਕਲਾਕਾਰੀ, ਨਕਸ਼ਬੰਦ ਫ਼ਿਰਕੇ ਨਾਲ ਸਬੰਧਤ।

نقش بی غبار ***ਨਕਸ਼-ਏ-ਬੇਗ਼ੁਬਾਰ*** : ਮਜ਼ਲੂਮ ਦੀ ਬਦ-ਦੁਆ।

نقش پرکارکن ***ਨਕਸ਼-ਏ-ਪਰਕਾਰ ਕੁਨ*** : ਸਾਰੀ ਸ੍ਰਿਸ਼ਟੀ, ਸਭ ਜੀਵ ਜੰਤੂ।

نقش پرمور ***ਨਕਸ਼-ਏ-ਪਰਮੂਰ*** : ਧੂਮੜੀਆਂ ਜਾਂ ਸ਼ਹਿਦ ਦੀਆਂ ਮੱਖੀਆ ਦਾ ਛੱਤਾ, ਖੱਖਰ।

نقش پرواز کردن ***ਨਕਸ਼ ਪਰਵਾਜ਼ ਕਰਦਨ*** : ਮਿਟ ਜਾਣਾ, ਨਾਸ ਹੋ ਜਾਣਾ।

نقش جهاں ***ਨਕਸ਼-ਏ-ਜਹਾਨ*** : ਇਸਫ਼ਹਾਨ ਦੇ ਇਕ ਬਾਗ਼ ਦਾ ਨਾਮ।

نقش خاک گوهری ***ਨਕਸ਼-ਏ-ਖ਼ਾਕ-ਏ-ਗੌਹਰੀ*** : ਅਸੀਲ ਤੇ ਸਾਊ ਆਦਮੀ।

نقش دل ***ਨਕਸ਼-ਏ-ਦਿਲ*** : ਵਿਸ਼ਵਾਸ।

نقش دیوار ***ਨਕਸ਼-ਏ-ਦੀਵਾਰ*** : ਹੈਰਾਨ ਪਰੇਸ਼ਾਨ।

نقش زدن ***ਨਕਸ਼ ਜ਼ਦਨ*** : ਸਫਲ ਹੋਣਾ, ਦਾਅ ਜਿੱਤ ਲੈਣਾ, ਚਿੱਤਰਨਾ।

نقش زیاد ***ਨਕਸ਼-ਏ-ਜ਼ਿਯਾਦ*** : ਓਹ ਚੀਜ਼ ਜੋ ਵੇਖਣਯੋਗ ਨਾ ਹੋਵੇ, ਨਾਮ-ਵਿਹੂਣਾ ਵਿਅਕਤੀ।

نقش ساز ***ਨਕਸ਼ ਸਾਜ਼***, **نقش پرداز** ***ਨਕਸ਼ ਪਰਦਾਜ਼***, **نقش طراز** ***ਨਕਸ਼ ਤਿਰਾਜ਼***, **نقش گر** ***ਨਕਸ਼-ਗਰ*** : ਚਿਤਰਕਾਰ, ਕਲਾਕਾਰ।

نقش سازی ***ਨਕਸ਼ ਸਾਜ਼ੀ***, **نقش طرازی** ***ਨਕਸ਼-ਤਿਰਾਜ਼ੀ***, **نقش گری** ***ਨਕਸ਼ ਗਰੀ*** : ਚਿਤਕਾਰੀ, ਕਲਾਕਾਰੀ।

نقش عروسی ***ਨਕਸ਼-ਏ-ਉਰੂਸੀ*** : ਲਾੜੇ ਦੇ ਸਿਰ ਦਾ ਸੇਹਰਾ, ਵਿਆਹ ਵੇਲੇ ਪੜ੍ਹਿਆ ਜਾਣ ਵਾਲਾ ਸੇਹਰਾ; ਵਿਆਹ ਦਾ ਗੀਤ।

نقش قرینه ***ਨਕਸ਼-ਏ-ਕਰੀਨਾ*** : ਓਹ ਚਿਤਰ ਜੋ ਦੂਜੇ ਚਿਤਰ ਦੇ ਮੁਕਾਬਲੇ 'ਤੇ ਹੋਵੇ।

نقش قندهار ***ਨਕਸ਼-ਏ-ਕੰਧਾਰ*** : ਸੋਹਣੀ ਦਿਲ ਖਿੱਚਵੀਂ ਸੂਰਤ।

نقش کلّ ***ਨਕਸ਼-ਏ-ਕੁੱਲ*** : ਅਸਮਾਨ।

نقش گزارش ***ਨਕਸ਼-ਏ-ਗੁਜ਼ਾਰਿਸ਼*** : ਸੁਣਾਉਣਯੋਗ ਕਿੱਸਾ।

نقش نیرنگ ***ਨਕਸ਼-ਏ-ਨੈਰੰਗ*** : ਅੱਗ -ਪੂਜਣ ਦੀ ਰਸਮ।

نقش نیک ***ਨਕਸ਼-ਏ-ਨੇਕ*** : ਚੰਗਾ ਸਮਾਂ ਜੇਹੜਾ ਝੱਟ ਲੰਘ ਜਾਵੇ।

نقش ورنگ ***ਨਕਸ਼-ਉ-ਰੰਗ***, **نقش ونگار** ***ਨਕਸ਼-ਉ-ਨਿਗਾਰ*** : ਡੀਲ ਡੌਲ , ਸ਼ਕਲਸੂਰਤ, ਵੇਲ ਬੂਟੇ।

نقشه ***ਨਕਸ਼ਾ*** : ਕਿਸੇ ਚੀਜ਼ ਦਾ ਨਮੂਨਾ, ਤਸਵੀਰ, ਚਿਤਰ, ਖ਼ਾਕਾ, ਡੌਲ।

نقشه کش ***ਨਕਸ਼ਾ-ਕਸ਼***, **نقشه نویس** ***ਨਕਸ਼ਾ-ਨਵੀਸ*** : ਨਕਸਾ ਬਣਾਉਣ ਵਾਲਾ।

نقشه کشی ***ਨਕਸ਼ਾ-ਕਸ਼ੀ***, **نقشه نویسی** ***ਨਕਸ਼ਾ-ਨਵੀਸੀ*** : ਨਕਸ਼ੇ ਬਣਾਉਣ ਦੀ ਕਲਾ ਜਾਂ ਕ੍ਰਿਤੀ।

نقص ***ਨਕਸ***, **نقصان** ***ਨੁਕਸਾਨ*** : ਘਟ ਕਰਨਾ, ਘਾਟ, ਕਮੀ, ਕਸਰ, ਦੋਸ਼, ਐਬ, ਖੋਟ।

نقض ***ਨਕਜ਼*** : ਤੋੜਨਾ, ਭੰਨਣਾ, ਵਿਗਾੜਨਾ।

نقض عهد ***ਨਕਜ਼-ਏ-ਅਹਦ*** :

ਵਾਇਦਾ ਤੋੜਨਾ।

نقط ***ਨੁਕਤ*** : (ਨੁਕਤਾ **نقطه** ਦਾ ਬੋਹਵਚਨ) ਨੁਕਤੇ।

نقطه ***ਨੁਕਤਾ*** : ਸਿਫ਼ਰ, ਸੁੰਨ, ਓਹ ਮਾਤਰਾ ਜਿਸ ਦਾ ਵਿਭਾਜਨ ਨਾ ਹੋ ਸਕੇ ਤੇ ਉਸ ਵੱਲ ਕੇਵਲ ਸੰਕੇਤ ਕੀਤਾ ਜਾ ਸਕੇ।

نقطهٔ انتخاب

ਨੁਕਤਾ-ਏ-ਇੰਤਖ਼ਾਬ : ਓਹ ਨੁਕਤਾ ਜੋ ਕਿਤਾਬ ਦੇ ਹਾਸ਼ੀਏ 'ਤੇ ਕਿਸੇ ਲੇਖ ਜਾਂ ਸਤਰ ਜਾਂ ਤੁਕ ਦੇ ਸਾਮ੍ਹਣੇ ਯਾਦ ਵਜੋਂ ਲਾ ਦਿੰਦੇ ਹਨ, ਸੂਫ਼ੀਆਂ ਦੀ ਪਰਭਾਸ਼ਾ ਵਿਚ ਖ਼ੁਦਾਈ ਜ਼ਾਤ।

نقطهٔ جاگیر ***ਨੁਕਤਾ-ਏ-ਜਾਗੀਰ***, **نقطهٔ جای گیر**

ਨੁਕਤਾ-ਏ-ਜਾਯਗੀਰ : ਜ਼ਮੀਨ।

نقطهٔ دائرہ ***ਨੁਕਤਾ-ਏ-ਦਾਇਰਾ*** : ਹਜ਼ਰਤ ਮੁੰਹਮਦ ਸਾਹਿਬ ਦੀ ਜ਼ਾਤ ਤੋਂ ਭਾਵ ਹੈ।

نقطه ریختن ***ਨੁਕਤਾ ਰੇਖਤਨ*** : ਰਮਲ ਨਾਲ ਫ਼ਾਲ ਕੱਢਣਾ।

نقطهٔ زره ***ਨੁਕਤਾ-ਏ-ਜ਼ਰਾ*** : ਸੰਜੋਅ ਦੀ ਜ਼ੰਜੀਰੀ ਵਿਚ ਲਾਉਣ ਵਾਲੀ ਮੇਖ਼।

نقطهٔ زرّین ***ਨੁਕਤਾ-ਏ-ਜ਼ੱਰੀਨ*** : ਸੂਰਜ।

نقطهٔ کلّ (گِل) ***ਨੁਕਤਾ-ਏ-ਕੁੱਲ (ਗਿਲ)*** : ਧਰਤੀ, ਧਰਤੀ ਦਾ ਕੇਂਦਰ।

نقطه گاه ***ਨੁਕਤਾ-ਗਾਹ*** : ਗੋਲ ਦਾਇਰੇ ਦਾ ਕੇਂਦਰ ਬਿੰਦੂ, ਮੱਕਾ ਸ਼ਰੀਫ਼।

نقطهٔ مقابل ***ਨੁਕਤਾ-ਏ-ਮੁਕਾਬਿਲ*** : ਬਰਾਬਰ ਦਾ , ਦੂਜੀ ਧਿਰ।

نقطهٔ موهوم ***ਨੁਕਤਾ-ਏ-ਮੌਹੂਮ*** : ਫ਼ਰਜ਼ੀ ਜਾਂ ਕਲਪਿਤ ਬਿੰਦੂ।

نقطهٔ نه دائرہ ***ਨੁਕਤਾ-ਏ-ਨੁਹ ਦਾਇਰਾ*** : ਧਰਤ ਦਾ ਕੇਂਦਰ, ਹਜ਼ਰਤ ਮੁਹੰਮਦ ਸਾਹਿਬ।

نقل ***ਨਕਲ*** : ਇਕ ਥਾਂ ਤੋਂ ਦੂਜੀ ਥਾਂ ਜਾਣਾ ਜਾਂ ਲੈ ਜਾਣਾ, ਲਿਖਣਾ, ਤਬਦੀਲੀ, ਬਿਆਨ, ਕਹਾਣੀ, ਬਣਾਵਟ, ਨਮੂਨਾ।

نقلِ روح ***ਨਕਲ-ਏ-ਰੂਹ*** : ਆਪਣੀ ਰੂਹ ਦਾ ਦੂਜੇ ਬੇਜਾਨ ਸਰੀਰ ਵਿਚ ਪਰਵੇਸ਼ ਕਰਨਾ।

نقلِ کفر کفر نباشد ***ਨਕਲ-ਏ-ਕੁਫ਼ਰ ਕੁਫ਼ਰ ਨ-ਬਾਸ਼ਦ*** : ਕੁਫ਼ਰ ਦੀ ਨਕਲ ਕਰਨਾ ਕੁਫ਼ਰ ਨਹੀਂ ਹੋ ਜਾਂਦਾ।

نقلِ مذهب ***ਨਕਲ-ਏ-ਮਜ਼ਹਬ*** : ਧਰਮ ਬਦਲ ਲੈਣਾ, ਇਕ ਧਰਮ ਨੂੰ ਛੱਡ ਕੇ ਦੂਜੇ ਧਰਮ ਵਿਚ ਪਰਵੇਸ਼ ਕਰਨਾ।

نقلِ مکان ***ਨਕਲ-ਏ-ਮਕਾਨ*** : ਇਕ ਥਾਂ ਤੋਂ ਦੂਜੀ ਥਾਂ ਜਾਣਾ, ਮਕਾਨ ਤਬਦੀਲ ਕਰਨਾ।

نقل نویس ***ਨਕਲ ਨਵੀਸ*** : ਨਕਲ ਕਰਨ ਵਾਲਾ, ਦਸਤਾਵੇਜ਼ਾਂ ਦੀ ਨਕਲ ਬਣਾਉਣ ਵਾਲਾ।

نقلی ***ਨਕਲੀ*** : ਝੂਠਾ, ਬਣਾਉਟੀ, ਜਾਅਲੀ।

نقلی ندارد ***ਨਕਲੇ ਨਦਾਰਦ*** : ਕੋਈ ਗੱਲ ਨਹੀਂ, ਕੋਈ ਫ਼ਿਕਰ ਦੀ ਗੱਲ ਨਹੀਂ।

نقل ***ਨੁਕਲ*** : ਓਹ ਚੀਜ਼ ਜੋ ਸ਼ਰਾਬ ਪੀਣ ਤੋਂ ਪਿਛੋਂ ਮੂੰਹ ਦਾ ਸੁਆਦ ਬਦਲਣ ਲਈ ਖਾਧੀ ਜਾਂਦੀ ਹੈ ਜਿਵੇਂ ਕਬਾਬ, ਮੇਵਾ, ਮਿਠਿਆਈ, ਆਦਿ।

نقلِ شیرین ***ਨੁਕਲ-ਏ-ਸ਼ੀਰੀਨ*** : ਮਸ਼ੂਕ ਦਾ ਬੋਸਾ, ਪਿਆਰੇ ਦਾ ਚੁੰਮਣ।

نقلِ ماتم ***ਨੁਕਲ-ਏ-ਮਾਤਮ*** : ਮਰਗ ਉੱਤੇ ਰਿਸ਼ਤੇਦਾਰਾਂ ਨੂੰ ਦਿਤਾ ਹੋਇਆ ਖਾਣਾ।

نقود ***ਨੁਕੂਦ*** : (ਨਕਦ **نقد** ਦਾ ਬੌਹਵਚਨ) ਨਕਦੀ, ਰੁਪਈਏ ਪੈਸੇ, ਰਕਮਾਂ, ਸੋਨਾ ਚਾਂਦੀ।

نقوش ***ਨੁਕੂਸ਼*** : ਨਕਸ਼ **نقش** ਦਾ ਬੌਹਵਚਨ।

نقول ***ਨਕੂਲ*** : ਨਕਲ **نقل** ਦਾ ਬੌਹਵਚਨ।

نقی ***ਨਕੀ*** : ਪਾਕ, ਪਵਿੱਤਰ, ਸ੍ਵਛ, ਚੁਣਿਆ ਹੋਇਆ, ਵਿਸ਼ੇਸ਼ਗ, ਬਾਰਾਂ ਇਮਾਮਾਂ ਵਿਚੋਂ

نکتہ‌آرای *ਨੁਕਤਾ ਆਰਾਜ* : ਬਰੀਕੀਆਂ ਨਾਲ ਸਜਿਆ ਹੋਇਆ ਮਾਰਮਿਕ।

نکتۂبادی *ਨੁਕਤਾ-ਏ-ਬਾਦੀ* : ਕੋਮਲ ਤੇ ਆਕਰਸ਼ਕ ਕਲਾਮ, ਫ਼ਜ਼ੂਲ ਤੇ ਝੂਠੀਆਂ ਗੱਲਾਂ।

نکتۂپرکار *ਨੁਕਤਾ-ਏ-ਪੁਰਕਾਰ* : ਭੇਤ ਭਰੀ ਤੇ ਦਿਲਪਸੰਦ ਗੱਲ।

نکتہ‌چین *ਨੁਕਤਾ-ਚੀਨ* : ਮੀਨ ਮੇਖ ਕੱਢਣ ਵਾਲਾ, ਪੜਚੋਲੀਆ, ਅਲੋਚਕ।

نکتہ‌چینی *ਨੁਕਤਾ-ਚੀਨੀ* : ਪੜਚੋਲ, ਮੀਨ ਮੇਖ ਕੱਢਣਾ, ਦੋਸ਼ ਕੱਢਣਾ।

نکتہ‌دان *ਨੁਕਤਾ ਦਾਨ* : ਬਰੀਕ ਗੱਲਾਂ ਜਾਣਨ ਵਾਲਾ, ਭੇਤ ਭਰੀ ਗੱਲ ਸਮਝਣ ਵਾਲਾ, ਸਿਆਣਾ, ਸੂਝਵਾਨ।

نکتہ‌دانی *ਨੁਕਤਾ-ਦਾਨੀ* : ਨੁਕਤਾ ਦਾਨ ਹੋਣਾ, ਪੜਚੋਲ, ਅਲੋਚਨਾ।

نکتہ‌رس *ਨੁਕਤਾ-ਰਸ*,
نکتہ‌شناس *ਨੁਕਤਾ-ਸ਼ਿਨਾਸ* : ਤੀਖਣ ਬੁੱਧੀ ਵਾਲਾ।

نکتہ‌سنج *ਨੁਕਤਾ-ਸੰਜ* : ਸਿਆਣਾ, ਭੇਤ ਜਾਣਨ ਵਾਲਾ, ਸ਼ਾਇਰ, ਕਵੀ।

نکتہ‌سنجی *ਨੁਕਤਾ ਸੰਜੀ*,
نکتہ‌گیر *ਨੁਕਤਾ-ਗੀਰ* : ਐਬ ਕੱਢਣ ਵਾਲਾ, ਘੁੱਤਰੀ।

نکو *ਨਿਕੋ, ਨਿਕੂ* : ਚੰਗਾ, ਹੱਛਾ, ਬੇਹਤਰ, ਨੇਕ।

نکورای *ਨਿਕੋ-ਰਾਜ* : ਚੰਗੀ ਰਾਏ ਜਾਂ ਅਕਲ ਦੇਣ ਵਾਲਾ।

نکوروی *ਨਿਕੋ-ਰੂਜ* : ਸੋਹਣਾ , ਸੁੰਦਰ, ਖ਼ੂਬਸੂਰਤ।

نکوکار *ਨਿਕੋ-ਕਾਰ* : ਚੰਗੇ ਕੰਮ ਕਰਨ ਵਾਲਾ, ਨੇਕ।

نکوکاری *ਨਿਕੋ-ਕਾਰੀ* : ਚੰਗੇ ਕੰਮ ਕਰਨਾ, ਨੇਕੀ।

ਦਸਵੇਂ ਇਮਾਮ ਦਾ ਨਾਮ ਜੋ ੨੧੪ ਹਿਜਰੀ ਵਿਚ ਜਨਮੇ ਅਤੇ ੨੫੪ ਹਿਜਰੀ ਵਿਚ ਸ਼ਹੀਦ ਹੋਏ।

نقیب *ਨਕੀਬ* : ਮੁਖੀ, ਕੌਮ ਨੂੰ ਜਾਣਨ ਵਾਲਾ, ਸਿਆਣਾ, ਓਹ ਬਜ਼ੁਰਗ ਜਿਸ ਨੂੰ ਆਪਣੀ ਕੌਮ ਦੇ ਲੋਕਾਂ ਦੇ ਹਸਬ ਪਤਾ ਹੋਣ, ਚੋਬਦਾਰ।

نقیبان‌بار *ਨਕੀਬਾਨ-ਏ-ਬਾਰ* : ਫਰਿਸ਼ਤੇ, ਸ਼ਾਹੀ ਦਰਬਾਨ।

نقیر *ਨਕੀਰ* : ਖਜੂਰ ਦੀ ਗਿਟਕ ਵਿਚਲਾ ਟੋਆ, ਥੋੜੀ ਜੇਹੀ ਚੀਜ਼, ਅਸਲ, ਅਸਲਾ।

نقیروقطمیر
ਨਕੀਰ-ਉ-ਕਿਤਮੀਰ : ਥੋੜ੍ਹਾ ਬੋਹਤ, ਘਟ ਵੱਧ, ਛੋਟੇ ਵਡੇ।

نقیصہ *ਨਕੀਸਾ* : ਨੁਕਸ, ਐਬ, ਦੋਸ਼, ਭੈੜੀਆਂ ਆਦਤਾਂ।

نک *ਨਕ* : ਫਟਕੜੀ।

نک *ਨੁਕ* : (ਨੋਕ نوک ਦਾ ਸੰਖਿਪਤ ਰੂਪ) ਚੁੰਝ, ਹਰ ਚੀਜ਼ ਦਾ ਪਤਲਾ ਸਿਰਾ, ਸਿਰਾ।

نکاب *ਨਿਕਾਬ*, نکاپ *ਨਿਕਾਪ* : ਚਮੜੇ ਦਾ ਦਸਤਾਨਾ ਜੋ ਮੀਰ ਸ਼ਿਕਾਰ ਹੱਥਾਂ'ਚ ਪਾਉਂਦੇ ਹਨ ਤੇ ਜਿਸ ਉਪਰ ਬਾਜ਼ ਆਦਿ ਸ਼ਿਕਾਰੀ ਜਾਨਵਰ ਨੂੰ ਬਿਠਾਉਂਦੇ ਹਨ।

نکاب *ਨਕਾਬ* : ਫਟਕੜੀ, ਫਟਕੜੀ ਦਾ ਪਾਣੀ।

نکات *ਨਿਕਾਤ* : (ਨੁਕਤਾ نکتہ ਦਾ ਬੌਹਵਚਨ), ਨੁਕਤੇ, ਰਮਜ਼ਾਂ, ਬਰੀਕੀਆਂ।

نکاح *ਨਿਕਾਹ* : ਸ਼ਾਦੀ ਕਰਨਾ, ਵਿਆਹ ਕਰਨਾ, ਭੋਗ ਕਰਨਾ, ਮੋਰੀ ਕਰਨਾ, ਵਿੰਨ੍ਹਣਾ।

نکاحی *ਨਿਕਾਹੀ* : ਵਿਆਹੁਤਾ ਇਸਤਰੀ।

نکبت *ਨਕਬਤ* : ਜ਼ਿੱਲਤ, ਖ਼ੁਆਰੀ, ਰੰਜ, ਮੁਸੀਬਤ, ਭੈੜੀ ਸੇਹਤ, ਕੰਗਾਲੀ।

نکتہ *ਨੁਕਤਾ* : ਬਰੀਕੀ, ਓਹ ਪਵਿੱਤਰ ਗੱਲ ਜੋ ਛੁਪੀ ਹੋਵੇ ਤੇ ਹਰ ਇਕ ਦੀ ਸਮਝ ਵਿਚ ਨਾ ਆਵੇ, ਕਾਵਿ ਦੀ ਬਰੀਕੀ, ਨੁਕਤਾ, ਮਰਮ, ਭੇਤ।

نکومحضر ***ਨਿਕੋ-ਮਹਜ਼ਰ,***
نکوسیر ***ਨਿਕੋ-ਸਿਯਰ*** : ਨੇਕ ਖ਼ਸਲਤ ਵਾਲਾ, ਨੇਕ ਸੁਭਾ।

نکونام ***ਨਿਕੋ-ਨਾਮ*** : ਚੰਗੀ ਸ਼ੋਹਰਤ ਵਾਲਾ।

نکونامی ***ਨਿਕੋ-ਨਾਮੀ*** : ਚੰਗੀ ਪਰਸਿਧੀ।

نکوئی ***ਨਿਕੋਈ*** : ਭਲਾਈ, ਨੇਕੀ, ਚੰਗਿਆਈ।

نکوئی‌کن‌در‌آب ***ਨਿਕੋਈ ਕੁਨ ਦਰ ਆਬ*** : ਅੰਦਾਜ਼, ਨੇਕੀ ਕਰਕੇ ਭੁੱਲ ਜਾਣਾ, ਨੇਕੀ ਕਰਨ ਉਪਰੰਤ ਕਿਸੇ ਇਵਜ਼ਾਨੇ ਦੀ ਆਸ ਨਾ ਰੱਖਣਾ।

نکوهش ***ਨਿਕੂਹਿਸ਼*** : ਧਮਕੀ, ਡਾਂਟ ਡਪਟ, ਮਲਾਮਤ, ਝਿੜਕੀ, ਫਿਟਕਾਰ, ਘਿਰਨਾ, ਨਫ਼ਰਤ।

نکوهنده ***ਨਿਕੋਹੰਦਾ*** : ਦੋਸ਼ ਦੇਣ ਵਾਲਾ, ਘਿਰਨਾ ਕਰਨ ਵਾਲਾ, ਚੰਗਾ ਮੰਦਾ ਕੈਹਣ ਵਾਲਾ, ਬਦੀ ਕਰਨ ਵਾਲਾ।

نکوهیده ***ਨਿਕੋਹੀਦਾ*** : ਮਲਾਮਤੀ, ਦੋਸ਼ੀ, ਘਿਰਨਾਯੋਗ, ਭੈੜਾ, ਮੰਦਾ, ਕੋਝਾ, ਭੱਦਾ।

نکوهیده‌رای ***ਨਿਕੋਹੀਦਾ-ਰਾਯ*** : ਕੋਝਾ, ਭੱਦਾ, ਭੈੜੀ ਸਲਾਹ ਵਾਲਾ, ਮੂਰਖ।

نکهت ***ਨਕਹਤ*** : ਸੁਗੰਧੀ।

نکیر ***ਨਕੀਰ*** : ਕਬਰ ਵਿਚ ਫਰਿਸ਼ਤਿਆਂ ਵਿਚੋਂ ਇਕ ਦਾ ਨਾਮ, ਦੂਜੇ ਦਾ ਨਾਮ 'ਮੁਨਕਰ' ਹੈ।

نکرین ***ਨਕੀਰੈਨ,*** **منکرونکیر** ***ਮੁਨਕਰ-ਉ-ਨਕੀਰ*** : ਕਬਰ ਵਿਚ ਸਵਾਲ ਪੁਛਣ ਵਾਲੇ ਦੋਵੇਂ ਫ਼ਰਿਸ਼ਤੇ।

نگ ***ਨਗ*** : (ਨਗੀਨਾ **نگینہ** ਦਾ ਸੰਖਿਪਤ ਰੂਪ) ਮੂੰਹ ਦਾ ਤਾਲੂ।

نگار ***ਨਿਗਾਰ*** : ਨਕਸ਼, ਨਿਸ਼ਾਨਾ, ਚਿੰਨ੍ਹ, ਤਸਵੀਰ, ਮਸ਼ੂਕ, ਪਿਆਰਾ ਮੈਹਬੂਬ, ਸੋਹਣਾ, ਮੈਂਹਦੀ ਦੇ ਨਿਸ਼ਾਮ ਜੋ ਮਸ਼ੂਕ ਹੱਥਾਂ ਪੈਰਾਂ 'ਤੇ ਬਣਾਉਂਦੇ ਹਨ, ਸਜਾਵਟ; ਖ਼ਿਆਲ; ਲਿਖਣ ਵਾਲਾ।

نگارارمنی ***ਨਿਗਾਰ-ਏ-ਅਰਮਨੀ*** : ਫ਼ਰਹਾਦ ਦੀ ਮਸ਼ੂਕਾ ਸ਼ੀਰੀਂ (ਕਿਉਂ ਜੋ ਓਹ ਮੁਲਕ ਅਰਮਨ ਦੀ ਸ਼ੈਹਜ਼ਾਦੀ ਸੀ)।

نگاربستہ ***ਨਿਗਾਰ-ਬਸਤਾ*** : ਮੈਂਹਦੀ ਲੱਗੇ ਹੱਥਾਂ ਵਾਲਾ ਮਸ਼ੂਕ।

نگارخانہ ***ਨਿਗਾਰ-ਖ਼ਾਨਾ,***
نگارستان ***ਨਿਗਾਰਿਸਤਾਨ*** : ਨਕਸ਼ਨਿਗਾਰ ਕੀਤਾ ਹੋਇਆ ਮਕਾਨ, ਓਹ ਘਰ ਜਿਸ ਵਿਚ ਤਰ੍ਹਾਂ ਤਰ੍ਹਾਂ ਦੀਆਂ ਤਸਵੀਰਾਂ ਲੱਗੀਆਂ ਹੋਣ, ਬੁੱਤ-ਖਾਨਾ, ਮੂਰਤੀ ਘਰ, ਨੱਕਾਸ਼ ਮਾਨੀ ਦੀ ਪਰਯੋਗਸ਼ਾਲਾ।

نگاردیده ***ਨਿਗਾਰ-ਦੀਦਾ*** : ਮੈਂਹਦੀ ਲੱਗਾ ਮਸ਼ੂਕ, ਜਿਸ ਦੇ-ਹਥਾਂ 'ਤੇ ਮੈਂਹਦੀ ਲੱਗੀ ਹੋਵੇ।

نگارش ***ਨਿਗਾਰਿਸ਼*** : ਚਿਤਰਨਾ, ਲਿਖਤ, ਖ਼ਿਆਲ, ਕਲਪਨਾ।

نگارشنامہ ***ਨਿਗਾਰਿਸ਼ਨਾਮਾ*** : ਖ਼ਤ, ਪੱਤਰ।

نگارعلم ***ਨਿਗਾਰ-ਅਲਮ*** : ਅਤਿ ਸੁੰਦਰ, ਵੇਲ ਬੂਟੇਦਾਰ ਹਾਸ਼ੀਆ ਜਾਂ ਪੱਲਾ।

نگارگر ***ਨਿਗਾਰ-ਗਰ,*** **نگارنده** ***ਨਿਗਾਰਿੰਦਾ*** : ਚਿੱਤਰਕਾਰ, ਨਕਾਸ਼।

نگارگرد ***ਨਿਗਾਰਗਿਰਦ*** : ਗੋਲ ਹਾਸ਼ੀਆ ਜਾਂ ਬਾਰਡਰ।

نگارین ***ਨਿਗਾਰੀਨ*** : ਮੈਂਹਦੀ ਰੰਗਾ ਹੱਥ, ਵੇਲ ਬੂਟੇਦਾਰ; ਮਸ਼ੂਕ।

نگارین‌زبان ***ਨਿਗਾਰੀਨ-ਜ਼ਬਾਨ*** : ਓਹ ਆਦਮੀ ਜੋ ਉਤੋਂ-ਉਤੋਂ ਤਾਂ ਦੋਸਤੀ ਤੇ ਪਿਆਰ ਦਾ ਦਮ ਭਰੇ ਪਰ ਵਾਸਤਵ ਵਿਚ ਅਜੇਹਾ ਨਾ ਹੋਵੇ।

نگارین‌نورد ***ਨਿਗਾਰੀਨ-ਨਵਰਦ*** : ਕਿਤਾਬ, ਪੁਸਤਕ, ਖ਼ਤ, ਪੱਤਰ।

نگارینہ ***ਨਿਗਾਰੀਨਾ*** : ਮਸ਼ੂਕ, ਪਿਆਰਾ।

نگاہ ***ਨਿਗਾਹ*** : ਨਜ਼ਰ, ਤੱਕਣੀ, ਅੱਖ,

ਨਿਗਰਾਨੀ, ਖ਼ਿਆਲ, ਸਾਵਧਾਨੀ।

نگاہبان ***ਨਿਗਾਹ-ਬਾਨ,*** **نگاہدار** ***ਨਿਗਾਹ-ਦਾਰ*** : ਚੌਕੀਦਾਰ, ਨਿਗਰਾਨ।

نگاہبانی ***ਨਿਗਾਹ ਬਾਨੀ,*** **نگاہداری** ***ਨਿਗਾਹਦਾਰੀ*** : ਚੌਕੀਦਾਰੀ, ਨਿਗਰਾਨੀ, ਦੇਖਭਾਲ, ਸੁਰੱਖਿਆ।

نگاہداشت ***ਨਿਗਾਹਦਾਸ਼ਤ*** : ਹਿਫ਼ਾਜ਼ਤ, ਖ਼ਬਰਦਾਰੀ, ਹੁਸ਼ਿਆਰੀ, ਚੌਕਸੀ।

نگاہزدن ***ਨਿਗਾਹ ਜ਼ਦਨ,*** **نگاہکردن** ***ਨਿਗਾਹ ਕਰਦਨ*** : ਵੇਖਣਾ, ਨਜ਼ਰ ਕਰਨਾ।

نگر ***ਨਿਗਰ*** : ਵੇਖ! ਖ਼ਿਆਲ ਕਰ!

نگران ***ਨਿਗਰਾਨ*** : ਵੇਖਣ ਵਾਲਾ, ਨਿਗਰਾਨੀ ਕਰਨ ਵਾਲਾ, ਉਡੀਕਵਾਨ।

نگرانی ***ਨਿਗਰਾਨੀ*** : ਦੇਖਭਾਲ, ਹਿਫ਼ਾਜ਼ਤ, ਸੁਰੱਖਿਆ, ਉਡੀਕ, ਆਸ, ਪਰਬੰਧ।

نگندن ***ਨਿਗੰਦਨ*** : ਨਗੰਦੇ ਭਰਨਾ, ਰਜ਼ਾਈ ਤਲਾਈ ਦੇ ਨਗੰਦੇ ਮਾਰਨਾ, ਖ਼ੂਬਸੂਰਤੀ ਨਾਲ ਸਿਊਣਾ।

نگندہ ***ਨਿਗੰਦਾ*** : ਸੁੰਦਰ ਸਿਲਾਈ, ਵੇਲ ਬੂਟੇ ਵਾਲੀ ਕਢਾਈ, ਲੁਕੀ ਹੋਈ ਸ਼ੈ, ਖ਼ਜ਼ਾਨਾ, ਨਗੰਦਿਆ ਹੋਇਆ, ਨਗੰਦੀ ਹੋਈ।

نگون ***ਨਿਗੂਨ*** : ਮੂਧਾ, ਉਲਟਾ, ਕੁੱਬਾ, ਝੁਕਿਆ ਹੋਇਆ, ਟੇਢਾ।

نگونبخت ***ਨਿਗੂਨ-ਬਖ਼ਤ,*** **نگونطالع** ***ਨਿਗੂਨ-ਤਾਲਿਅ*** : ਉਲਟੇ ਨਸੀਬਾਂ ਵਾਲਾ, ਅਭਾਗਾ, ਬਦਨਸੀਬ।

نگونسار ***ਨਿਗੂਨ-ਸਾਰ*** : ਉਲਟਾ, ਮੂਧਾ।

نگونساربخت ***ਨਿਗੂਨਸਾਰਬਖ਼ਤ*** : ਉਲਟੇ ਭਾਗਾਂ ਵਾਲਾ, ਅਭਾਗਾ।

نگونطشت ***ਨਿਗੂਨਤਸ਼ਤ*** : ਅਸਮਾਨ।

نگونہمت ***ਨਿਗੂਨ-ਹਿੰਮਤ*** : ਜਿਸ ਵਿਚ ਹਿੰਮਤ ਨਾ ਹੋਵੇ, ਗਿਆ-ਗੁਜ਼ਰਿਆ, ਨਿਰਬਲ।

نگہ ***ਨਿਗਹ*** : ਨਿਗਾਹ ਦਾ ਸੰਖਿਪਤ ਰੂਪ।

نگہبان ***ਨਿਗਹਬਾਨ*** : ਦੇਖੋ ਨਿਗਾਹਬਾਨ।

نگہبانی ***ਨਿਗਹਬਾਨੀ*** : ਦੇਖੋ ਨਿਗਾਹਬਾਨੀ।

نگہداشت ***ਨਿਗਹਦਾਸ਼ਤ*** : ਨਿਗਾਹਦਾਸ਼ਤ।

نگیسا ***ਨਿਗੀਸਾ*** : ਖ਼ੁਸਰੋ ਪਰਵੇਜ਼ ਬਾਦਸ਼ਾਹ ਦੇ ਇਕ ਰਾਗੀ ਦਾ ਨਾਮ।

نگین ***ਨਿਗੀਨ*** : ਨਗੀਨਾ,ਨਗ; ਮੁੰਦਰੀ, ਛੱਲਾ, ਬਾਦਸ਼ਾਹ ਜਾਂ ਸ਼ੈਹਜ਼ਾਦੇ ਦੀ ਮੁੰਦਰੀ-ਮੁਹਰ।

نگینِ پیادہ ***ਨਿਗੀਨ-ਏ-ਪਯਾਦਾ*** : ਓਹ ਨਗੀਨ ਜੋ ਹਾਲੀ ਕਿਸੇ ਮੁੰਦਰੀ ਆਦਿ ਵਿਚ ਜੜਿਆ ਨਾ ਗਿਆ ਹੋਵੇ।

نگینخامہ ***ਨਿਗੀਨ-ਖ਼ਾਮਾ*** : ਨਗ ਕੱਟਣ ਵਾਲੀ ਕਲਮ।

نگینخانہ ***ਨਿਗੀਨ-ਖ਼ਾਨਾ*** : ਮੁੰਦਰੀ ਵਿਚ ਨਗ-ਘਰ ਜਾਂ ਖ਼ੋਲ।

نگینِ دولائی ***ਨਿਗੀਨ-ਏ-ਦੋਲਾਈ*** : ਇਕ ਮੁੰਦਰੀ ਵਿਚ ਦੋ ਜੜਤ ਨਗੀਨੇ।

نگینسای ***ਨਿਗੀਨ-ਸਾਯ*** : ਜੜਿਆ।

نگینِ سوار ***ਨਿਗੀਨ-ਏ-ਸਵਾਰ*** : ਜੜਿਆ ਹੋਇਆ ਨਗੀਨਾ।

نگینِ عاشقمعشوق ***ਨਿਗੀਨ-ਏ-ਆਸ਼ਿਕ-ਉ-ਮਅਸ਼ੂਕ*** : ਵੱਖ-ਵੱਖ ਰੰਗਾਂ ਦੇ ਦੋ ਨਗੀਨੇ ਜੋ ਇਕੋ ਖਾਨੇ ਵਿਚ ਜੜੇ ਹੋਣ।

نگیننگین ***ਨਿਗੀਨ ਨਿਗੀਨ*** : ਦਾਗ ਦਾਗ਼।

نگینہ ***ਨਿਗੀਨਾ*** : ਨਗ, ਕੀਮਤੀ ਪੱਥਰ।

نلبکی ***ਨਲਬਕੀ,*** **نلبکین** ***ਨਲਬਕੀਨ*** : ਛੋਟੀ ਥਾਲੀ, ਤਸ਼ਤਰੀ।

نلچ *ਨਲਚ* : ਫੋੜੇ ਜਾਂ ਫੱਟ ਵਿਚੋਂ ਨਿਕਲਣ ਵਾਲੀ ਪੀਕ, ਪਸ।

نلسک *ਨਿਲਿਸਕ,* نلشک *ਨਿਲਿਸ਼ਕ* : ਕਰਜ਼ਦਾਰ, ਦੇਣਦਾਰ।

نلک *ਨਲਕ* : ਪਹਾੜੀ ਆਲੂ।

نلند *ਨਲੰਦ* : ਕਹੀ।

نم *ਨਮ* : ਨਮੀ, ਤਰੀ, ਤਰੇਲ, ਗਿੱਲ, ਸਿੱਲ੍ਹ, ਅਥਰੂ, ਹੰਝੂ।

نمدار *ਨਮਦਾਰ.* نمدیده *ਨਮਦੀਦਾ,* نمزده *ਨਮਜ਼ਦਾ* : ਨਮੀ ਵਾਲਾ, ਗਿੱਲਾ-ਸਿੱਲ੍ਹਾ, ਭਿਜਿਆ ਹੋਇਆ।

نماد *ਨੁਮਾਦ* : (=ਨਮੂਦ نمود) ਪਰਗਟ ਹੋਇਆ ਜਾਂ ਪਰਗਟ ਕੀਤਾ।

نمار *ਨਮਾਰ,* نمار *ਨੁਮਾਰ* : ਇਸ਼ਾਰਾ, ਸੰਕੇਤ, ਚਿਨ੍ਹ, ਸੂਚਨਾ।

نماران *ਨਮਾਰਾਨ* : (ਨਮਾਰ نمار ਦਾ ਬਹੁਵਚਨ) ਇਸ਼ਾਰੇ।

نماز *ਨਮਾਜ਼* : ਪਰਾਰਥਨਾ, ਸਲਾਤ, ਵਿਸ਼ੇਸ਼ ਕਰਕੇ ਜੋ ਸ਼ਰੀਅਤ ਅਨੁਸਾਰ ਦਿਨ ਵਿਚ ਪੰਜ ਵਾਰ ਨਿਸਚਤ ਹੈ, ਦੁਆ, ਅਰਾਧਨਾ, ਉਪਾਸਨਾ, ਬੰਦਗੀ, ਖ਼ਿਦਮਤ, ਤਾਬਿਆਦਾਰੀ, ਨਿਆਜ਼, ਆਜਜ਼ੀ, ਨਿਮਰਤਾ, ਸਿਜਦਾ, ਮੱਥਾ ਟੇਕਣਾ।

نمازِآیات *ਨਮਾਜ਼-ਏ-ਆਯਾਤ* : ਓਹ ਨਮਾਜ਼ ਜੋ ਚੰਦ, ਸੂਰਜ ਗਰੈਹਣ ਜਾਂ ਭੂਚਾਲ ਆਦਿ ਦੁਰਘਟਨਾ ਸਮੇਂ ਪੜ੍ਹੀ ਜਾਵੇ।

نمازاستخاره *ਨਮਾਜ਼-ਏ-ਇਸਤਿਖ਼ਾਰਾ* : ਇਸਤਖ਼ਾਰਾ ਦੀ ਨਮਾਜ਼ ਜੋ ਚਿੰਤਾ ਤੇ ਫ਼ਿਕਰ ਵਿਚ ਪੜ੍ਹੀ ਜਾਵੇ।

نمازاستسقا *ਨਮਾਜ਼-ਏ-ਇਸਤਸਕਾ* : ਮੀਂਹ ਲਈ ਪੜ੍ਹੀ ਗਈ ਨਮਾਜ਼।

نمازِبامداد *ਨਮਾਜ਼-ਏ-ਬਾਮਦਾਦ* : ਸਵੇਰ ਦੀ ਨਮਾਜ਼।

نمازبردن *ਨਮਾਜ਼ ਬੁਰਦਨ* : ਬੰਦਗੀ ਕਰਨਾ, ਆਜਜ਼ੀ ਕਰਨਾ, ਇੱਜ਼ਤ ਮਾਣ ਕਰਨਾ, ਸਤਕਾਰ ਕਰਨਾ।

نمازبردن‌سو *ਨਮਾਜ਼ ਬੁਰਦਨ-ਸੂ* : ਓਹ ਦਿਸ਼ਾ ਜਿਸ ਵੱਲ ਮੂੰਹ ਕਰਕੇ ਨਮਾਜ਼ ਪੜ੍ਹੀ ਜਾਂਦੀ ਹੈ, ਕਿਬਲਾ।

نمازبرکسی‌کردن *ਨਮਾਜ਼ ਬਰ ਕਸੇ ਕਰਦਨ* : ਕਿਸੇ ਦੇ ਜਨਾਜ਼ੇ 'ਤੇ ਨਮਾਜ਼ ਪੜ੍ਹਨਾ।

نمازِپیشین *ਨਮਾਜ਼-ਏ-ਪੇਸ਼ੀਨ* : ਦੁਪੈਹਰ ਵੇਲੇ ਦੀ ਨਮਾਜ਼।

نمازجماعت *ਨਮਾਜ਼-ਏ-ਜਮਾਅਤ* : ਓਹ ਨਮਾਜ਼ ਜੋ ਜਮਾਤ ਸੰਗ ਪੜ੍ਹੀ ਜਾਵੇ, ਮਸਜਦ ਵਿਚ ਦੂਜਿਆਂ ਦੇ ਨਾਲ ਪੜ੍ਹੀ ਜਾਣ ਵਾਲੀ ਨਮਾਜ਼।

نمازجنازه *ਨਮਾਜ਼-ਏ-ਜਨਾਜ਼ਾ* : ਕਿਸੇ ਦੇ ਜਨਜ਼ੇ 'ਤੇ ਪੜ੍ਹੀ ਜਾਣ ਵਾਲੀ ਨਮਾਜ਼।

نمازچاشت *ਨਮਾਜ਼-ਏ-ਚਾਸ਼ਤ* : ਚਾਸ਼ਤ (ਪੂਰਵ ਦੁਪੈਹਰ) ਵੇਲੇ ਦੀ ਨਮਾਜ਼।

نمازخفتن *ਨਮਾਜ਼-ਏ-ਖ਼ੁਫ਼ਤਨ* : ਸੌਣ ਵੇਲੇ ਦੀ ਨਮਾਜ਼ ਜੋ ਸੂਰਜ ਡੁੱਬਣ ਤੋਂ ਦੋ ਘੰਟੇ ਪਿਛੋਂ ਪੜ੍ਹੀ ਜਾਂਦੀ ਹੈ।

نمازدیگر *ਨਮਾਜ਼-ਏ-ਦੀਗਰ* : ਬਾਅਦ ਦੁਪੈਹਰ ਦੀ ਨਮਾਜ਼।

نمازشام *ਨਮਾਜ਼-ਏ-ਸ਼ਾਮ,* نمازمغرب *ਨਮਾਜ਼-ਏ-ਮਗ਼ਰਿਬ* : ਸ਼ਾਮ ਦੀ ਨਮਾਜ਼ ਜੋ ਸੂਰਜ ਡੁੱਬਣ ਤੋ ਝਟ ਹੀ ਪਿਛੋਂ ਪੜ੍ਹੀ ਜਾਂਦੀ ਹੈ।

نمازظهر *ਨਮਾਜ਼-ਏ-ਜ਼ੁਹਰ* : ਦਿਨ ਢਲਣ ਸਮੇਂ ਦੀ ਦੁਪੈਹਰ ਪਿਛੋਂ ਦੀ ਨਮਾਜ਼।

نمازعصر *ਨਮਾਜ਼-ਏ-ਅਸਰ* : ਤੀਜੇ ਪੈਹਰ ਦੀ ਨਮਾਜ਼, ਦੀਗਰ ਦੀ ਨਮਾਜ਼।

نمازعید *ਨਮਾਜ਼-ਏ-ਈਦ* : ਈਦ ਦੇ ਦਿਨ ਈਦਗਾਹ ਵਿਚ ਪੜ੍ਹੀ ਜਾਣ ਵਾਲੀ ਨਮਾਜ਼।

نمازفجر *ਨਮਾਜ਼-ਏ-ਫ਼ਜਰ* : ਸਵੇਰ ਵੇਲੇ ਦੀ ਨਮਾਜ਼।

نمازگاه *ਨਮਾਜ਼ਗਾਹ* : ਨਮਾਜ਼ ਪੜ੍ਹਨ ਦਾ ਸਥਾਨ, ਮਸਜਦ।

نمازگذار *ਨਮਾਜ਼-ਗੁਜ਼ਾਰ* : ਨਮਾਜ਼ ਪੜ੍ਹਨ ਵਾਲਾ, ਨਮਾਜ਼ੀ।

نمازندارد *ਨਮਾਜ਼ ਨਦਾਰਦ* : ਏਹ ਨਮਾਜ਼ ਜਨਾਜ਼ਾ ਦੇ ਯੋਗ ਨਹੀਂ।

نمازی *ਨਮਾਜ਼ੀ* : ਨਮਾਜ਼ ਪੜ੍ਹਨ ਵਾਲਾ।

نماک *ਨਮਾਕ* : ਰੌਣਕ, ਸਜਾਵਟ, ਰਸਮ, ਰਿਵਾਜ, ਨਮਕ, ਜਿਸ ਦਾ ਏਹ ਵਿਸਤਰਤ ਰੂਪ ਹੈ।

نمایان *ਨੁਮਾਯਾਨ* : ਪਰਗਟ ਹੋਣ ਵਾਲਾ, ਜ਼ਾਹਰ, ਪਰਗਟ, ਦਿਸਦਾ, ਪਰਤੱਖ, ਬੌਹਤ, ਅਧਿਕ, ਵੱਡਾ, ਲੰਮਾ, ਡੂੰਘਾ; ਮਸ਼ਹੂਰ; ਵੇਖਣ ਵਾਲਾ; ਵਿਖਾਉਣ ਵਾਲਾ।

نمائش *ਨੁਮਾਇਸ਼* : ਵਿਖਾਵਾ, ਵਿਖਾਲਾ, ਤਮਾਸ਼ਾ, ਮੇਲਾ, ਪਰਦਰਸ਼ਨ, ਨਜ਼ਾਰਾ, ਰੂਪ, ਚੇਹਰਾ।

نمائش آب *ਨੁਮਾਇਸ਼-ਏ-ਆਬ* : ਰੇਤਥਲ ਜੋ ਪਾਣੀ ਵਰਗਾ ਦਿਸੇ; ਸ਼ਰਾਬ।

نمایه *ਨਮਾਯਾ* : ਵਰਗਾ, ਮਿਸਾਲ, ਨਮੂਨਾ, ਸ਼ਕਲ।

نمد *ਨਮਦ* : ਨਮਦਾ, ਕੰਬਲ, ਭੂਰਾ, ਬਰਸਾਤੀ ਜੋ ਮੀਂਹ ਤੋਂ ਬਚਣ ਲਈ ਪੈਹਨਦੇ ਹਨ, ਮਰਦ ਦੀ ਇੰਦਰੀ।

نمدپاره *ਨਮਦ-ਪਾਰਾ* : ਨਮਦੇ ਦਾ ਟੋਟਾ।

نمدپوش *ਨਮਦ-ਪੋਸ਼* : ਨਮਦਾ ਪੈਹਨਣ ਵਾਲਾ, ਭੂਰੇ ਵਾਲਾ।

نمدزین *ਨਮਦ-ਜ਼ੀਨ* : ਘੋੜੇ ਦਾ ਨਮਦਾ, ਤਾਹਰੂ।

نمدساز *ਨਮਦ-ਸਾਜ਼,* نمدمال *ਨਮਦ ਮਾਲ* : ਨਮਦੇ ਬਣਾਉਣ ਵਾਲਾ।

نمر *ਨਮਰ* : ਚੀਤਾ।

نمر *ਨੁਮਰ,* نمور *ਨੁਮੂਰ* : (ਨਮਰ نمر ਦਾ ਬੌਹਵਚਨ)ਚੀਤੇ।

نمرود *ਨਮਰੂਦ* : ਇਕ ਅਤਿਆਚਾਰੀ ਬਾਦਸ਼ਾਹ ਦਾ ਨਾਮ ਜੋ ਹਜ਼ਰਤ ਇਬਰਾਹੀਮ ਦਾ ਸਮਕਾਲੀ ਸੀ ਤੇ ਖ਼ੁਦਾਈ ਦਾ ਦਾਅਵਾ ਕਰਦਾ ਸੀ, ਅਖੀਰ ਦਿਮਾਗ ਵਿਚ ਮੱਛਰ ਵੜ ਜਾਣ ਕਾਰਨ ਮਰ ਗਿਆ।

نمس *ਨਿਮਸ* : ਨਿਓਲਾ।

نمط *ਨਮਤ* : ਦਰੀ, ਚਟਾਈ, ਵਿਛੌਣਾ, ਹੇਠ ਵਿਛਾਉਣ ਵਾਲਾ ਰੰਗੀਨ ਫ਼ਰਸ਼, ਸ਼ਤਰੰਜ ਜਾਂ ਚੌਸਰ ਦੀ ਚਟਾਈ, ਰਵਿਸ਼, ਢੰਗ, ਤੌਰ ਤਰੀਕਾ, ਸਰੋਦ ਦੀ ਇਕ ਧੁਨ ।

نمطی *ਨਮਤੀ* : ਨਮਤ ਨਾਲ ਸਬੰਧਤ; ਦਰੀ, ਬਿਸਤਰੇ ਦੀ ਚਾਦਰ।

نمک *ਨਮਕ,* نمک *ਨਿਮਕ* : ਲੂਣ, ਖਾਰ, ਲੱਜ਼ਤ, ਸੁਆਦ, ਵਿਅੰਗ, ਮਜ਼ਾਕ, ਰੌਣਕ।

نمکبحرام *ਨਮਕ ਬ-ਹਰਾਮ* : ਦੇਖੋ ਨਮਕ ਹਰਾਮ।

نمکبرریش افگنن *ਨਮਕ ਬਰ ਰੇਸ਼ ਅਫ਼ਗੰਦਨ (ਰਾਂਦਨ)*

نمکبرزخم پاشیدن *ਨਮਕ ਬਰ ਜ਼ਖ਼ਮ ਪਾਸ਼ੀਦਨ* : ਜ਼ਖ਼ਮਾਂ 'ਤੇ ਲੂਣ ਛਿੜਕਣਾ, ਦੁਖ 'ਤੇ ਦੁੱਖ ਦੇਣਾ।

نمکتازه کردن *ਨਮਕ ਤਾਜ਼ਾ ਕਰਦਨ* : ਪਰਸਪਰ ਮਿਲ ਕੇ ਖਾਣਾ, ਨਵੇਂ ਸਿਰਿਓਂ ਕੌਲ ਕਰਾਰ ਕਰਨਾ।

نمکحرام *ਨਮਕ-ਹਰਾਮ* : ਜੋ ਆਪਣੇ ਮਾਲਕ ਦਾ ਖ਼ੈਰਖ਼੍ਵਾਹ ਨਾ ਹੋਵੇ, ਕੀਤਾ ਨਾ ਜਾਣਨ ਵਾਲਾ।

نمکحلال *ਨਮਕ-ਹਲਾਲ* : ਮਾਲਕ ਦਾ ਖ਼ੈਰਖ਼ਾਹ, ਕੀਤਾ ਜਾਣਨ ਵਾਲਾ।

نمکخواه *ਨਮਕ-ਖ਼੍ਵਾਹ* : ਨੌਕਰ, ਸੇਵਕ।

نمکدان *ਨਮਕ ਦਾਨ* : ਲੂਣ ਰੱਖਣ ਵਾਲਾ ਪਾਤਰ, ਮਸ਼ੂਕ ਦਾ ਮੂੰਹ।

نمکسار *ਨਮਕ-ਸਾਰ* : ਲੂਣ ਦੀ ਖਾਣ।

نمکسود *ਨਮਕ-ਸੂਦ* : ਨਮਕੀਨ, ਲੂਣ

ਲੱਗਾ ਹੋਇਆ ਸੁੱਕਾ ਮਾਸ ਤੇ ਉਸ ਦੇ ਕਬਾਬ।

نمکین ***ਨਮਕੀਨ*** : ਨਮਕ ਨਾਲ ਸਬੰਧਤ, ਲੂਣ ਰਲਿਆ ਹੋਇਆ, ਲੂਣ ਵਾਲਾ, ਸਲੂਣਾ; ਮਸਖ਼ਰਾ, ਭੰਡ ।

نمکینہ ***ਨਮਕੀਨਾ*** : ਓਹ ਦਹੀਂ ਜਾਂ ਮੱਠਾ ਜਿਸ ਵਿਚ ਲੂਣ, ਧਨੀਆ ਤੇ ਜੀਰਾ ਕੁੱਟ ਕੇ ਪਾਇਆ ਹੋਵੇ।

نمکزی ***ਨਮਕਜ਼ੀ*** : ਹਲਵੇ ਦੀ ਇਕ ਕਿਸਮ।

نمگیرہ ***ਨਮਗੀਰਾ*** : ਤਰੇਲ ਤੋਂ ਬਚਣ ਲਈ ਪਲੰਘ ਉਤੇ ਲਾਇਆ ਹੋਇਆ ਸ਼ਾਮਿਆਨਾ ਆਦਿ।

نمناک ***ਨਮਨਾਕ*** : ਨਮੀ/ਤਰੀ ਨਾਲ ਭਿਜਿਆ ਹੋਇਆ, ਗਿੱਲਾ, ਸਜਲ।

نمناکی ***ਨਮਨਾਕੀ*** : ਗਿੱਲ, ਸਿੱਲ੍ਹ, ਨਮੀ, ਤਰੀ।

نمنم باران ***ਨਮਨਮ ਬਾਰਾਨ*** : ਨਿੱਕਾ ਨਿੱਕਾ ਮੀਂਹ।

نمو ***ਨੱਮੂ, ਨੁਮੂ*** : ਵਧਣਾ, ਫਲਣਾ, ਫੁਲਣਾ, ਉੱਗਣਾ (ਧਰਤੀ ਤੋਂ ਘਾਹ ਆਦਿ ਦਾ), ਵਧਣ ਫੁਲਣ ਦੀ ਸ਼ਕਤੀ।

نمود ***ਨਮੂਦ*** : ਜ਼ਾਹਰੀ ਸ਼ਾਨ, ਵਿਖਾਵਾ, ਪਰਗਟ ਹੋਣਾ, ਪਰਗਟ, ਪਰਤੱਖ, ਚਿੰਨ੍ਹ, ਨਿਸ਼ਾਨ, ਖ਼ੂਬੀ, ਰੌਣਕ, ਦਿੱਖ।

نمودار ***ਨਮੂਦਾਰ*** : ਪਰਗਟ, ਸਬੂਤ, ਚਿੰਨ੍ਹ।

نموداری ***ਨਮੂਦਾਰੀ*** : ਵਿਖਾਣਾ।

نمونہ ***ਨਮੂਨਾ*** : ਵਿਖਾਉਣ ਦੀ ਚੀਜ਼, ਨਜ਼ੀਰ; ਵਰਗਾ; ਭੈੜਾ, ਬਦਸ਼ਕਲ, ਅਪੂਰਨ, ਨਾਮੁਕੰਮਲ, ਨਕਸ਼ਾ,ਨਕਲ, ਸਾਂਚਾ।

نمی ***ਨਮੀ*** : ਤਰੀ।

ننگ ***ਨੰਗ*** : ਸ਼ਰਮ, ਹਯਾ, ਲਿਹਾਜ਼, ਅਣਖ, ਗ਼ੈਰਤ,ਐਬ, ਜੰਗ, ਜੁੱਧ, ਬੇਇੱਜ਼ਤੀ, ਸ਼ਰਮਸਾਰੀ, ਬਦਨਾਮੀ।

ننگ‌خاندان ***ਨੰਗ-ਏ-ਖ਼ਾਨਦਾਨ*** : ਘਰਾਣੇ ਨੂੰ ਬਦਨਾਮ ਕਰਨ ਵਾਲਾ, ਖ਼ਾਨਦਾਨ ਨੂੰ ਵੱਟਾ ਲਾਉਣ ਵਾਲਾ।

ننگِ‌خلائق ***ਨੰਗ-ਏ-ਖ਼ਲਾਇਕ*** : ਲੋਕਾਂ ਦੀ ਬਦਨਾਮੀ ਦਾ ਕਾਰਨ।

ننگسار ***ਨੰਗਸਾਰ*** : ਸ਼ਕਲ ਦਾ ਬਦਲ ਜਾਣਾ; ਮਿਟ ਜਾਣਾ, ਮਨੁਖ ਦੀ ਰੂਹ ਦਾ ਪਸ਼ੂ ਵਿਚ ਚਲੇ ਜਾਣਾ।

ننگونام ***ਨੰਗ-ਓ-ਨਾਮ***,
ننگوناموس ***ਨੰਗ-ਓ-ਨਾਮੂਸ*** : ਸ਼ਰਮ, ਹਯਾ, ਲਿਹਾਜ਼, ਅਣਖ, ਗ਼ੈਰਤ, ਪਵਿਤਰਤਾ; ਆਭਾ, ਮਾਣ ਸਤਕਾਰ।

ننگین ***ਨੰਗੀਨ*** : ਭੈੜਾ, ਮੰਦਾ, ਕੋਝਾ, ਬਦਨਾਮ, ਐਬੀ।

ننوں ***ਨਨੂੰ*** : ਪੰਘੂੜਾ।

ننہ ***ਨਨਾ***, ننہ‌جان ***ਨਨਾ ਜਾਨ*** : ਮਾਂ, ਮਾਤਾ।

نو ***ਨੌ*** : ਨਵਾਂ, ਤਾਜ਼ਾ।

نوآباد ***ਨੌ-ਆਬਾਦ*** : ਨਵਾਂ ਵਸਾਇਆ ਹੋਇਆ, ਨਵੀਂ ਅਬਾਦ ਕੀਤੀ ਜ਼ਮੀਨ।

نوآموز ***ਨੌ-ਆਮੋਜ਼*** : ਨਵਾਂ ਸਿਖਾਂਦਰੂ, ਅਨਾੜੀ, ਨਾ ਤਜਰਬੇਕਾਰ।

نوآورد ***ਨੌ-ਆਵਰਦ*** : ਨਵੀਂ ਕੱਢੀ ਹੋਈ ਗੱਲ, ਨਵੀਂ ਕਾਢ।

نوبادہ ***ਨੌ-ਬਾਦਾ*** : ਨਵਾਂ ਪੱਕਿਆ ਹੋਇਆ, ਨਵਾਂ ਮੇਵਾ, ਨਵੀਂ ਚੀਜ਼, ਚੰਗੀ ਸੁਗਾਤ, ਗੁਲਦਸਤਾ।

نوبر ***ਨੌ-ਬਰ*** : ਨਵਾਂ ਤਾਜ਼ਾ ਫਲ, ਨਵਾਂ ਪੱਕਿਆ ਹੋਇਆ ਮੇਵਾ, ਨਵੀਂ ਉੱਠਦੀ ਲੜਕੀ; ਇਸਤਰੀ ਦੀਆਂ ਛਾਤੀਆਂ।

نوبہار ***ਨੌ-ਬਹਾਰ*** : ਨਵੀਂ ਬਹਾਰ, ਬਹਾਰ ਰੁੱਤ ਦਾ ਅਰੰਭ, ਬਲਖ਼ ਦੇ ਇਕ ਪਰਸਿੱਧ ਅਗਨੀ ਮੰਦਰ ਦਾ ਨਾਮ।

نوبہاری ***ਨੌਬਹਾਰੀ*** : ਸੰਗੀਤ ਦੀ ਇਕ ਸੁਰ ਦਾ ਨਾਮ, 'ਬਾਰਬੁਦ' ਦਾ ਕੱਢਿਆ ਇਕ ਰਾਗ।

نوبەنو ***ਨੌ-ਬ-ਨੌ*** : ਵਾਰ ਵਾਰ; ਮੁੜ ਮੁੜ ਕੇ, ਹੁਣੇ ਹੁਣੇ ਦਾ।

نوخاستە ***ਨੌ-ਖ਼ਾਸਤਾ*** : ਨਵਾਂ ਉਠਦਾ ਜਵਾਨ; ਨਵਾਂ ਸਿਖਾਂਦਰੂ, ਨਾ-ਤਜਰਬੇਕਾਰ।

نوخط ***ਨੌਖ਼ਤ,*** **نوخیز** ***ਨੌਖ਼ੇਜ਼*** : ਨਵੀਂ ਚੀਜ਼, ਮਸ ਫੁਟਦਾ ਜਵਾਨ, ਮਸ਼ੂਕ।

نورس ***ਨੌਰਸ*** : ਨਵਾਂ ਪੌਹਚਿਆ ਹੋਇਆ, ਹਰ ਤਾਜ਼ਾ ਸ਼ੈ, ਤਾਜ਼ਾ ਪੱਕਿਆ ਹੋਇਆ ਫਲ।

نوزور ***ਨੌ-ਰੂਜ਼*** : ਫ਼ਰਵਰਦੀਨ ਮਹੀਨੇ ਦੀ ਪੈਹਲੀ ਮਿਤੀ; ਨਵਾਂ ਸਾਲ, ਈਰਾਨੀਆਂ ਦੀ ਈਦ ਦਾ ਦਿਨ, ਸੰਗੀਤ ਦੀ ਇਕ ਸੁਰ।

نوزوری ***ਨੌਰੂਜ਼ੀ*** : ਓਹ ਤੋਹਫ਼ਾ ਜੋ ਨਵੇਂ ਸਾਲ ਨੂੰ ਬਾਦਸ਼ਾਹ ਦੀ ਸੇਵਾ ਵਿਚ ਭੇਟਾ ਕੀਤਾ ਜਾਂਦਾ ਹੈ।

نوعروسانِ چمن ***ਨੌ ਅਰੂਸਾਨ-ਏ-ਚਮਨ*** : ਬਾਗ ਦੀਆਂ ਨਵੀਆਂ ਖਿਲੀਆਂ ਕਲੀਆਂ।

نوعروسانِ روز ***ਨੌ ਅਰੂਸਾਨ-ਏ-ਰੂਜ਼*** : ਨਵੇਂ ਖਿੜੇ ਰੁੱਖ, ਕਲੀਆਂ ਭਰੇ ਬੇਲ-ਬੂਟੇ।

نوعمر ***ਨੌ-ਉਮਰ*** : ਨੌਜਵਾਨ, ਛੋਟੀ ਉਮਰ ਦਾ।

نورکندە ***ਨੌ-ਕੰਦਾ*** : ਨਵਾਂ ਤੋੜਿਆ ਫੁੱਲ ਜੋ ਹਾਲੀ ਮੁਰਝਾਇਆ ਨਾ ਹੋਵੇ।

نوکیسە ***ਨੌ-ਕੀਸਾ*** : ਨਵਾਂ ਨਵਾਂ ਬਣਿਆ ਅਮੀਰ।

نوگرفتار ***ਨੌ-ਗਿਰਿਫ਼ਤਾਰ*** : ਨਵਾਂ ਕੈਦੀ, ਨਵਾਂ ਆਸ਼ਕ।

نومسلم ***ਨੌ ਮੁਸਲਿਮ*** : ਨਵਾਂ ਬਣਿਆ ਮੁਸਲਮਾਨ।

نوا ***ਨਵਾ*** : ਅਵਾਜ਼, ਰਾਗ, ਗੀਤ, ਨਗ਼ਮਾ, ਸੁਰ, ਸੰਗੀਤ ਦੇ ਬਾਰਾਂ ਘਰਾਂ ਵਿਚੋਂ ਇਕ ਘਰ ਦਾ ਨਾਮ, ਲਸ਼ਕਰ; ਜਮਾਤ, ਸਾਜ਼-ਸਮਾਨ, ਬੇਟਾ, ਧੀ, ਪੋਤਰਾ, ਗਿਰਵੀ, ਗੈਹਣੇ; ਕੈਦ; ਰੋਜ਼ੀ, ਖ਼ੁਰਾਕ, ਧੰਨਵਾਦ ; ਤੋਸ਼ਾ, ਸਫ਼ਰ ਲਈ ਖਾਣ ਦਾ ਸਮਾਨ; ਨਜ਼ਰਾਨਾ, ਭੇਟਾ; ਇਕਸੁਰਤਾ, ਜਜ਼ੀਆ, ਕਰ; ਕੈਦੀ, ਕਿਸੇ ਦੇ ਬਦਲੇ ਦੂਜੇ ਨੂੰ ਕੈਦ ਵਿਚ ਰੱਖਣਾ, ਮੁਗਲਾਂ ਦੇ ਇਕ ਕਬੀਲੇ ਦਾ ਨਾਮ; ਦੁੱਖ, ਤਕਲੀਫ਼, ਪੀੜ।

نواساز ***ਨਵਾ ਸਾਜ਼,*** **نواگر** ***ਨਵਾਗਰ,*** **نواشناس** ***ਨਵਾ ਸ਼ਿਨਾਸ*** ; ਗਵੱਈਆ, ਰਾਗੀ, ਵਜੰਤਰੀ।

نواخوانی ***ਨਵਾਖ਼ਾਨਾ*** : ਕੈਦਖਾਨਾ।

نواخوانی ***ਨਵਾ ਖ਼ਾਨੀ*** : ਸੰਗੀਤ ਦਾ ਇਕ ਘਰ, ਚੰਗੀ ਗੱਲ।

نوایِ خسروانی
ਨਵਾ-ਏ-ਖ਼ੁਸਰਵਾਨੀ : ਬਾਰਬੁਦ ਦੀ ਕੱਢੀ ਕੋਈ ਸੰਗੀਤ ਦੀ ਇਕ ਸੁਰ ਜਾਂ ਧੁਨ ਦਾ ਨਾਮ।

نوایِ فاختە ***ਨਵਾ-ਏ-ਫ਼ਾਖ਼ਤਾ*** : ਸੰਗੀਤ ਦੀਆਂ ਸਤਾਰਾਂ ਤਾਲਾਂ ਵਿਚੋਂ ਇਕ ਤਾਲ।

نوّاب ***ਨੱਵਾਬ*** : ਕਿਸੇ ਇਲਾਕੇ ਦਾ ਹਾਕਮ, ਨਾਇਬ, ਸੂਬੇਦਾਰ, ਰਾਜਪਾਲ।

نواح ***ਨਵਾਹ,*** **نواحی** ***ਨਵਾਹੀ*** : ਆਸੇ ਪਾਸੇ ਦੇ ਇਲਾਕੇ, ਆਲੇ- ਦੁਆਲੇ ਦੇ ਇਲਾਕੇ, ਗੁਆਂਢ।

نواختن ***ਨਵਾਖ਼ਤਨ*** : ਨਵਾਜ਼ਣਾ; ਮਨਰੋਥ ਪੂਰਾ ਕਰਨਾ, ਵਜਾਉਣਾ, ਖ਼ੁਸ਼ ਕਰਨਾ, ਪੈਹਲਵਾਨਾਂ ਦੀ ਪਰਭਾਸ਼ਾ ਵਿਚ ਵਿਰੋਧੀ ਨੂੰ ਧਰਤ ਉਤੇ ਪਟਕਣਾ।

نواختە ***ਨਵਾਖ਼ਤਾ*** : ਪਾਲਿਆ ਹੋਇਆ, ਨਵਾਜਿਆ ਹੋਇਆ।

نوادر ***ਨਵਾਦਿਰ*** : (ਨਾਦਿਰਹ **نادرە** ਦਾ ਬੌਹਵਚਨ) ਅਸਧਾਰਨ ਚੀਜ਼ਾਂ।

نوادە ***ਨਵਾਦਾ*** : ਪੋਤਰਾ, ਪੋਤਰੀ।

نوادەپسری ***ਨਵਾਦਾ ਪਿਸਰੀ*** : ਪੁੱਤਰ ਦਾ ਪੁੱਤਰ, ਪੋਤਰਾ, ਪੋਤਰੀ।

نوادەدختری ***ਨਵਾਦਾ ਦੁਖ਼ਤਰੀ*** : ਲੜਕੀ ਦਾ ਪੁੱਤਰ/ ਧੀ, ਦੋਹਤਰਾ, ਦੋਹਤਰੀ।

نوار ***ਨਵਾਰ*** : ਨਵਾੜ, ਜਿਸ ਨਾਲ ਪਲੰਘ ਬੁਣੇ ਜਾਂਦੇ ਹਨ।

نوازادە ***ਨਵਾਜ਼ਾਦਾ*** : ਪੋਤਰਾ, ਪੋਤਰੀ;

ਦੋਹਤਰਾ, ਦੋਹਤਰੀ।

نوازدہ ***ਨਵਾਜ਼ਦਹ,*** **نوزدہ** ***ਨੂਜ਼ਦਹ*** : ਉਨੀ (੧੯)।

نوازدہم ***ਨਵਾਜ਼ਦਹੁਮ,*** **نوزدہم** ***ਨੂਜ਼ਦਹੁਮ*** : ਉਨ੍ਹੀਵਾਂ, (੧/੧੯)।

نوازش ***ਨਵਾਜ਼ਿਸ਼*** : ਮੇਹਰਬਾਨੀ, ਕਿਰਪਾ, ਨਰਮੀ।

نوازشات ***ਨਵਾਜ਼ਿਸ਼ਾਤ*** : (ਉਪਰੋਕਤ ਦਾ ਬੌਹਵਚਨ) ਮੇਹਰਬਾਨੀਆਂ।

نوازشگر ***ਨਵਾਜ਼ਿਸ਼-ਗਰ*** : ਮੇਹਰਬਾਨ, ਕਿਰਪਾਲੂ।

نوازشگری ***ਨਵਾਜ਼ਿਸ਼ ਗਰੀ*** : ਮੇਹਰਬਾਨੀ, ਕਿਰਪਾ।

نوازشنامہ ***ਨਵਾਜ਼ਿਸ਼ਨਾਮਾ*** : ਮੇਹਰ ਭਰਿਆਂ ਪੱਤਰ, ਖ਼ਤ।

نواسہ ***ਨਵਾਸਾ*** : ਲੜਕੀ ਦਾ ਪੁੱਤਰ, ਦੋਹਤਰਾ।

نوالہ ***ਨਵਾਲਾ*** : ਗਰਾਹੀ, ਬੁਰਕੀ।

نوالہبر ***ਨਵਾਲਾ-ਬੁਰ*** : ਕਰਦ, ਛੁਰੀ।

نوان ***ਨਵਾਨ*** : ਟੈਹਲਦਾ ਟੈਹਲਦਾ, ਮਟਕਦਾ, ਲਟਕੰਦੜਾ, ਮਸਤ, ਕੰਬਦਾ ਹੋਇਆ, ਹਿਲਦਾ ਹੋਇਆ, ਰੋਂਦਾ ਧੋਂਦਾ, ਦੋਹਰਾ, ਦੂਹਰਾ, ਕੁੱਬਾ, ਵਿੰਗਾ, ਟੇਢਾ; ਪੁਰਾਣਾ, ਕਮਜ਼ੋਰ; ਦੁਬਲਾ ਪਤਲਾ; ਹੁਸ਼ਿਆਰ।

نوبت ***ਨੌਬਤ*** : ਧੌਂਸਾ, ਨਗ਼ਾਰਾ; ਕਚੈਹਰੀ, ਦਰਬਾਰ; ਵੱਡਾ ਤੰਬੂ, ਖ਼ੈਮਾ, ਵੇਹਲ, ਮੋਹਲਤ, ਫ਼ੁਰਸਤ, ਵਾਰੀ, ਕਿਸੇ ਚੀਜ਼ ਦਾ ਸਮਾਂ।

نوبتبنوبت ***ਨੌਬਤ-ਬ-ਨੌਬਤ*** : ਵਾਰੀ ਵਾਰੀ, ਇਕ ਪਿਛੋਂ ਦੂਜਾ।

نوبتخانہ ***ਨੌਬਤ-ਖ਼ਾਨਾ,*** **نوبتگاہ** ***ਨੌਬਤ-ਗਾਹ*** : ਨਗਾਰਖ਼ਾਨਾ, ਕੈਦਖ਼ਾਨਾ, ਪੈਹਰੇ ਦੀ ਥਾਂ।

نوبتی ***ਨੌਬਤੀ*** : ਨੌਬਤ ਨਾਲ ਸਬੰਧਤ, ਨਗਾਰਾ ਵਜਾਉਣ ਵਾਲਾ, ਨਕਾਰਚੀ, ਚੌਕੀਦਾਰ, ਸ਼ਾਹੀ ਦਰਬਾਨ, ਵੱਡਾ ਤੰਬੂ, ਕੋਤਲ ਘੋੜਾ, ਬਾਦਸ਼ਾਹਾਂ ਦਾ ਦਰਬਾਰ, ਚੌਕੀਦਾਰਾਂ ਦਾ ਖ਼ੈਮਾ।

نوبتیدار ***ਨੌਬਤੀਦਾਰ*** : ਪੈਹਰਾ ਦੇਣ ਵਾਲਾ ਸਿਪਾਹੀ।

نوبتیگاہ ***ਨੌਬਤੀ ਗਾਹ*** : ਤੰਬੂ ਗੱਡਣ ਦੀ ਥਾਂ।

نوبتینواز ***ਨੌਬਤੀ-ਨਵਾਜ਼*** : ਨੌਬਤ ਵਜਾਉਣ ਵਾਲਾ।

نوتاش ***ਨੌਤਾਸ਼*** : ਸਦਾ, ਲਗਾਤਾਰ, ਨਿਰੰਤਰ।

نوتی ***ਨੂਤੀ, ਨੌਤੀ*** : ਬੇੜੀ ਚਲਾਉਣ ਵਾਲਾ, ਮੱਲਾਹ।

نوح ***ਨੌਹ*** : ਰੋਣਾ, ਵੈਣ ਪਾਉਣਾ, ਕਬੂਤਰ ਤੇ ਘੁੱਗੀ ਦੀ ਅਵਾਜ਼।

نوح ***ਨੂਹ*** : ਇਕ ਪੈਗੰਬਰ ਦਾ ਨਾਮ ਜਿਸ ਦੇ ਸਮੇਂ ਦੁਨੀਆਂ ਵਿਚ ਇਕ ਬੌਹਤ ਵੱਡਾ ਤੂਫ਼ਾਨ ਆਇਆ, ਏਹ ਤੂਫ਼ਾਨ ੩੩੩੮ ਪੂ. ਈ. ਵਿਚ ਆਇਆ ਸੀ, ਨੂਹ ਨੂੰ ਹੁਕਮ ਹੋਇਆ ਕਿ ਓਹ ਇਕ ਵੱਡਾ ਬੇੜਾ ਬਣਾ ਲਵੇ ਜਿਸ ਵਿਚ ਹਰ ਜੀਵ ਜੰਤੂ ਦਾ ਇਕ ਇਕ ਜੋੜਾ ਰੱਖ ਲਵੇ, ਸਾਰੀ ਦੁਨੀਆ ਗਰਕ ਹੋ ਗਈ ਪਰ ਨੂਹ ਦਾ ਬੇੜਾ ਬਚਿਆ ਰਿਹਾ।

نوحہ ***ਨੌਹਾ*** : ਰੋਣਾ, ਕੁਰਲਾਉਣਾ, ਵੈਣ ਪਾਉਣਾ, ਕਿਸੇ ਦੇ ਮਰਨ 'ਤੇ ਰੋਣਾ, ਮੁਰਦੇ ਦਾ ਜਸ ਗਾਇਨ ਕਰਨਾ, ਅਲਾਹੁਣੀਆਂ।

نوحہگر ***ਨੌਹਾ-ਗਰ*** : ਰੋਣ ਵਾਲਾ, ਵੈਣ ਪਾਉਣ ਵਾਲਾ।

نوحہگری ***ਨੌਹਾਗਰੀ*** : ਰੋਣਾ ਧੋਣਾ, ਵੈਣ।

نور ***ਨੂਰ*** : ਚਮਕ, ਪਰਕਾਸ਼, ਕੁਰਾਨ ਮਜੀਦ ਦੀ ਇਕ 'ਸੂਰਤ' ਦਾ ਨਾਮ, ਸ਼ਾਨ-ਸ਼ੌਕਤ, ਨਾਰ **نار** ਦਾ ਬੌਹਵਚਨ; ਅੱਗਾਂ; ਹਜ਼ਰਤ ਮੁਹੰਮਦ ਸਾਹਿਬ ਤੇ ਰੱਬ ਦੀ ਇਕ ਉਪਾਧੀ, ਗਿਆਨ, ਸੱਚ; ਪਾਰਾ।

نورافشان ***ਨੂਰ-ਅਫ਼ਸ਼ਾਨ,*** **نوربخش** ***ਨੂਰ-ਬਖ਼ਸ਼*** : ਰੋਸ਼ਨੀ

ਪਰਸਾਰਨ ਵਾਲਾ, ਸੂਰਜ, ਰੋਸ਼ਨੀ ਦੇਣ ਵਾਲਾ।

نورالعین ***ਨੂਰ-ਉਲ-ਐਨ,***
نورچشم ***ਨੂਰ-ਏ-ਚਸ਼ਮ*** : ਅੱਖਾਂ ਦਾ ਨੂਰ, ਅੱਖਾਂ ਦੀ ਰੋਸ਼ਨੀ, ਬੇਟਾ, ਪੁੱਤਰ।

نورالھی ***ਨੂਰ-ਏ-ਇਲਾਹੀ*** : ਰੱਬ ਦਾ ਨੂਰ।

نورانی ***ਨੂਰਾਨੀ*** : ਨੂਰ ਨਾਲ ਸਬੰਧਤ, ਜਿਸ ਵਿਚ ਰੱਬ ਦਾ ਨੂਰ ਹੋਵੇ, ਰੋਸ਼ਨ, ਚਮਕਦਾਰ, ਨੂਰ ਵਾਲਾ।

نورپسین ***ਨੂਰ-ਏ-ਪਸੀਨ,***
نورنخستین ***ਨੂਰ-ਏ-ਨਖ਼ੁਸਤੀਨ*** : ਹਜ਼ਰਤ ਮੁਹੰਮਦ ਸਾਹਿਬ।

نورعزار ***ਨੂਰ-ਏ-ਇਜ਼ਾਰ*** : ਹਜ਼ਰਤ ਈਸਾ ਤੇ ਬੀਬੀ ਮਰਯਮ ਦਾ ਨੂਰ।

نورمبین ***ਨੂਰ-ਏ-ਮੁਬੀਯਨ*** : ਹਜ਼ਰਤ ਮੁਹੰਮਦ ਸਾਹਿਬ।

نوری ***ਨੂਰੀ*** : ਚਿੱਟੀ ਤੋਤੀ, ਇਕ ਲਾਲ-ਰੰਗ ਦਾ ਪੰਛੀ, ਇਕ ਪਰਕਾਰ ਦਾ ਪੀਲਾ ਆਲੂ।

نورین ***ਨੂਰੈਨ*** : ਦੋਵੇਂ ਨੂਰ, ਸੂਰਜ ਤੇ ਚੰਦ।

نورباف ***ਨੂਰਬਾਫ਼*** : ਕੱਪੜਾ ਬੁਣਨ ਵਾਲਾ, ਜੁਲਾਹਾ।

نوربافی ***ਨੂਰਬਾਫ਼ੀ*** : ਕੱਪੜਾ ਬੁਣਨ ਦਾ ਧੰਦਾ।

نورد ***ਨਵਰਦ*** : ਪੇਚ, ਵਾਲ; ਲਪੇਟ, ਚਟਾਈ, ਦਰੀ, ਫੂਹੜੀ, ਵਰਗਾ, ਵਾਂਗਰ, ਜੁਲਾਹਿਆਂ ਦੀ ਗੋਲ ਲੱਕੜ, ਜਿਸ ਉਤੇ ਬੁਣਿਆ ਹੋਇਆ ਕਪੜਾ ਲਪੇਟਦੇ ਹਨ; ਤਸਵੀਰ; ਬਰਾਬਰ, ਸਮਾਨ; ਯੋਗ; ਪੱਲਾ, ਪੱਲੂ; ਮੋਰੀ, ਛੇਦ; ਲੜਾਈ, ਝਗੜਾ, ਜੰਗ, ਦੁਸ਼ਮਣੀ; ਲੂੰਬੜੀ ਦਾ ਘੁਰਨਾ; ਵਿਛਾਈ ਕਰਨਾ; ਖੂੰਜਾ, ਗੁੱਠ, ਜ਼ਮਾ ਕੀਤਾ ਹੋਇਆ ਮਾਲ, ਜ਼ਖ਼ੀਰਾ; ਘੁੰਮਣਾ।

نوردہ ***ਨਵਰਦਾ*** : ਚੋਗਾ, ਕੁੜਤਾ, ਪੇਚਦਾਰ, ਵਲੇਟਿਆ ਹੋਇਆ, ਲਪੇਟਿਆ ਹੋਇਆ।

نورنگ ***ਨੌਰੰਗ*** : ਵੇਖੋ ਨੈਰੰਗ।

ھنور نور ***ਨੂਜ਼/ਨੋਜ਼*** : (ਹਨੂਜ਼/ਹਨੋਜ਼ **ھنور** ਦਾ ਸੰਖਿਪਤ ਰੂਪ) ਹੁਣ, ਇਸ ਵੇਲੇ।

نور ***ਨੂਜ਼*** : ਸਨੋਬਰ ਦਾ ਪੇੜ।

نوشی/نوسه/نوس ***ਨੋਸ/ਨੋਸਾ/ਨੋਸ਼*** : ਸਤਰੰਗੀ ਪੀਂਘ, ਧਲੁੱਖ, ਸ਼ਤਾਨ ਦੀ ਕਮਾਨ।

نوش ***ਨੋਸ਼*** : ਪੀਣ ਵਾਲੀ ਚੀਜ਼, ਆਬ-ਏ-ਹਯਾਤ, ਮਿੱਠਾ, ਸੁਆਦੀ; ਜੀਵਨ, ਖ਼ੁਸ਼; ਸ਼ੈਹਦ।

نوشه ***ਨੋਸ਼ਾ,*** **نوشه‌نوش** ***ਨੋਸ਼ਾ ਨੋਸ਼*** : ਭਰੇ ਹੋਏ ਪਿਆਲਿਆਂ ਨਾਲ ਪੀਣ ਵਾਲਾ, ਪਿਆਕ।

نوشندہ ***ਨੋਸ਼ਿੰਦਾ*** : ਪੀਣ ਵਾਲਾ।

نوش‌آذر ***ਨੋਸ਼ਆਜ਼ਰ*** : ਇਕ ਅਗਨੀ ਮੰਦਰ ਦਾ ਨਾਮ।

نوشابه ***ਨੋਸ਼ਾਬਾ*** : ਮਿੱਠਾ ਤੇ ਸੁਆਦੀ ਪਾਣੀ; ਸ਼ਰਬਤ, ਮੁਲਕ 'ਬਰਦਹ' ਦੀ ਸ਼ੈਹਜ਼ਾਦੀ ਦਾ ਨਾਮ।

نوشاد ***ਨੌਸ਼ਾਦ*** : ਇਕ ਸ਼ੈਹਰ ਦਾ ਨਾਮ, ਜਿਥੋਂ ਦੇ ਲੋਕ ਬੌਹਤ ਸੁੰਦਰ ਹੁੰਦੇ ਹਨ, ਇਕ ਜਵਾਨ ਬਾਦਸ਼ਾਹ।

نوشادر ***ਨੌਸ਼ਾਦਰ*** : (ਪੰਜਾਬੀ ਵਿਚ ਪਰਚਲਤ ਰੂਪ ''ਨਸ਼ਾਦਰ'' ਹੈ) ਇਕ ਪਰਸਿੱਧ ਖਾਰ ਦਾ ਨਾਮ ਜੋ ਲੂਣ ਵਰਗੀ ਹੁੰਦੀ ਹੈ ਤੇ ਦਵਾ ਦੇ ਤੌਰ 'ਤੇ ਵਰਤੀ ਜਾਂਦੀ ਹੈ।

نوشت ***ਨਵਿਸ਼ਤ,*** **نوشته** ***ਨਵਿਸ਼ਤਾ*** : ਲਿਖਿਆ ਹੋਇਆ, ਲਿਖਾਈ, ਲਿਖਤ, ਸਨਦ।

نوشدارو ***ਨੌਸ਼ਦਾਰੂ*** : ਇਕ ਦਵਾਈ ਦਾ ਨਾਮ, ਜ਼ੈਹਰ ਨੂੰ ਦੂਰ ਕਰਨ ਵਾਲਾ ਤਰਯਾਕ; ਸ਼ਰਾਬ।

نوش‌گیا ***ਨੋਸ਼ ਗਯਾ*** : ਇਕ ਪਰਕਾਰ ਦਾ ਘਾਹ ਜੋ ਜ਼ੈਹਰ ਨੂੰ ਦੂਰ ਕਰਦਾ ਹੈ, ਜ਼ੈਹਰ ਨੂੰ ਮਾਰਨ ਵਾਲੀ ਬੂਟੀ।

نوشنجه ***ਨੋਸ਼ੰਜਾ*** : ਮਿੱਠਾ ਤੇ ਸੁਆਦੀ, ਮਨ-ਪਸੰਦ, ਮਨ-ਭਾਉਂਦਾ।

نوشه ***ਨੋਸ਼ਾ*** : ਖ਼ੁਸ਼, ਪਰਸੰਨ, ਦੁੱਖ ਵੰਡਾਉਣਾ,

ਗ਼ਮ ਖਾਣਾ।

نوشهر ***ਨੋਸ਼ਹਰ*** : ਇਕ ਸ਼ੈਹਰ ਦਾ ਨਾਮ ਜੋ ਸ਼ਰਵਾਨ ਦੇ ਨੇੜੇ ਹੈ।

نوشیروان نوشروان ***ਨੋਸ਼ਿਰਵਾਨ, ਨੋਸ਼ੀਰਵਾਨ*** : ਈਰਾਨ ਦੇ ਪਰਸਿੱਧ ਨਿਆਂਸ਼ੀਲ ਬਾਦਸ਼ਾਹ ਦਾ ਨਾਮ, ਜੋ ਇਨਸਾਫ਼ ਲਈ ਮਸ਼ਹੂਰ ਸੀ, ਓਹ ੪੮ ਸਾਲ ਰਾਜ ਕਰਦਾ ਰਿਹਾ, (੫੭੯ਈ.) ਹਜ਼ਰਤ ਮੁੰਹਮਦ ਸਾਹਿਬ ਦਾ ਜਨਮ ਉਸ ਦੇ ਰਾਜ ਸਮੇਂ ਹੀ ਹੋਇਆ ਸੀ।

نوشین ***ਨੋਸ਼ੀਨ*** : ਮਿੱਠਾ, ਸੁਆਦੀ।

نوشین باده ***ਨੋਸ਼ੀਨ ਬਾਦਾ***, **نوشینه** ***ਨੋਸ਼ੀਨਾ*** : ਮਿੱਠੀ ਤੇ ਸੁਆਦੀ ਸ਼ਰਾਬ।

نوشین روان ***ਨੋਸ਼ੀਨ-ਰਵਾਨ*** : ਮਿੱਠੀ ਜਾਨ, ਬਾਦਸ਼ਾਹ ਨੋਸ਼ੀਰਵਾਨ।

نوع ***ਨੌਅ*** : ਕਿਸਮ, ਵਰਗ, ਭਾਂਤ, ਜ਼ਾਤ, ਸ਼ਕਲ, ਸੂਰਤ, ਢੰਗ, ਦਸਤੂਰ, ਇਕੋ ਕਿਸਮ ਦੀਆਂ ਚੀਜ਼ਾਂ/ਲੋਕਾਂ ਦੀ ਇਕਾਈ।

نوعاً ***ਨੌਅਨ*** : ਕੁਝ ਕੁ, ਇਕ ਤਰ੍ਹਾਂ।

نوعِ انسان ***ਨੌਅ-ਏ-ਇਨਸਾਨ*** : ਮਾਨਵ ਜਾਤੀ।

نوعِ بشر ***ਨੌਅ-ਏ-ਬਸ਼ਰ*** : ਮਨੁੱਖੀ ਨਸਲ।

نوعِ دیگر ***ਨੌਅ-ਏ-ਦੀਗਰ*** : ਦੂਜੀ ਕਿਸਮ।

نوع وجنس ***ਨੌਅ-ਉ-ਜਿਨਸ*** : ਵਰਗ ਤੇ ਵੰਸ਼।

نوک ***ਨੋਕ*** : ਹਰ ਚੀਜ਼ ਦਾ ਪਤਲਾ ਤੇ ਤਿਖਾ ਸਿਰਾ, ਅਣੀ, ਪੰਛੀ ਦੀ ਚੁੰਜ, ਪਲਕਾਂ ਦੇ ਸਿਰੇ; ਖੂੰਜਾ।

نوکِ خامه/قلم ***ਨੋਕ-ਏ-ਖ਼ਾਮਾ/ਕਲਮ*** : ਕਲਮ ਦੀ ਚੁੰਜ, ਨਿੱਬ।

نوکِ زبان ***ਨੋਕ-ਏ-ਜ਼ਬਾਨ*** : ਜੀਭ ਦਾ ਸਿਰਾ।

نوکر ***ਨੌਕਰ*** : ਸੇਵਾਦਾਰ, ਸੇਵਕ, ਚਾਕਰ।

نوکری ***ਨੌਕਰੀ*** : ਸੇਵਾ, ਖ਼ਿਦਮਤ, ਚਾਕਰੀ।

نوکری پیشه ***ਨੌਕਰੀ-ਪੇਸ਼ਾ*** : ਨੌਕਰੀ ਤੇ ਗੁਜ਼ਾਰਾ ਕਰਨ ਵਾਲਾ।

نول ***ਨੋਲ*** : ਪੰਛੀ ਦੀ ਚੁੰਝ, ਲੋਟੇ ਦੀ ਟੂਟੀ, ਬੋਤਲ ਦਾ ਮੂੰਹ।

نوله ***ਨੂਲਾ*** : ਗੱਲਬਾਤ।

نوم ***ਨੌਮ*** : ਸੌਣਾ, ਨੀਂਦਰ।

نومید ***ਨੌਮੀਦ*** : ਨਿਰਾਸ।

نومیدی ***ਨੌਮੀਦੀ*** : ਨਿਰਾਸਤਾ।

نون ***ਨੂਨ*** : ਮੱਛੀ,ਤਲਵਾਰ, ਤਲਵਾਰ ਦੀ ਧਾਰ, ਦਵਾਤ ਦੀ ਸਿਆਹੀ, ਦਵਾਤਦਾਨੀ, ਰਾਤ, ਖੂਹ, ਠੋਡੀ ਦਾ ਟੋਆ, ਦੌਲਤ, ਮਾਲ, ਧਨ, ਇਕ ਸ਼ੈਹਰ ਦਾ ਨਾਮ, ਕੁਰਾਨ ਸ਼ਰੀਫ਼ ਦੀ ਇਕ ਸੂਰਤ ਦਾ ਨਾਮ; ਭਰਵੱਟਾ।

نون والقلم ***ਨੂਨ ਵਲ-ਕਲਮ*** : ਕੁਰਾਨ ਸ਼ਰੀਫ਼ ਦੀ ਇਕ ਸੂਰਤ ਦਾ ਨਾਮ, ਸੰਸਾਰ।

نویان ***ਨੂਯਾਨ*** : ਸ਼ੈਹਜ਼ਾਦਾ (ਤੁਰਕਾਂ ਤੇ ਤਾਤਾਰੀਆਂ ਦਾ) ਅਮੀਰ।

نوید ***ਨਵੀਦ***, **نوید** ***ਨੁਵੀਦ*** : ਚੰਗੀ ਖ਼ਬਰ, ਖੁਸ਼ਖ਼ਬਰੀ।

نویدگر ***ਨਵੀਦਗਰ, ਨੁਵੀਦਗਰ*** : ਖੁਸਖ਼ਬਰੀ ਦੇਣ/ਲਿਆਉਣ ਵਾਲਾ।

نویسندگی ***ਨਵੀਸੰਦਗੀ*** : ਲਿਖਤ।

نویسنده ***ਨਵੀਸੰਦਹ*** : ਲਿਖਣ ਵਾਲਾ।

نویم ***ਨਵੀਮ*** : ਕੇਵਲ, ਸਿਰਫ਼, ਸਰਵੋਤਮ।

نوین ***ਨੂਈਨ*** : ਬਾਦਸ਼ਾਹ ਦਾ ਪੁੱਤਰ, ਸ਼ੈਹਜ਼ਾਦਾ(ਤਾਤਾਰਈਆਂ ਤੇ ਤੁਰਕਾਂ ਦਾ) ਵੱਡਾ ਅਮੀਰ, ਦਸ-ਹਜ਼ਾਰੀ, ਜਵਾਈ, ਦਮਾਦ।

نَه ***ਨਹ*** : ਨਹੀਂ, ਨਾ, ਹਾਲੀ ਨਹੀਂ।

نِه ***ਨਿਹ*** : ਤੂੰ ਰੱਖ, ਮੰਨਿਆ, ਮੰਨ ਲਿਆ ਕਿ, ਸ਼ੈਹਰ, ਜਿਵੇਂ ਨਿਸ਼ਾਪੁਰ = ਨਿਹ + ਸ਼ਾਹਪੁਰ ਭਾਵ ਸ਼ਾਹਪੁਰ ਦਾ ਅਬਾਦ ਕੀਤਾ ਹੋਇਆ ਸ਼ੈਹਰ।

نُه ***ਨੁਹ*** : ਨੌਂ, ੯।

نهبام *ਨੁਹ ਬਾਮ* : ਨੌਂ ਅਸਮਾਨ।

نهپایه *ਨੁਹ ਪਾਯਾ*, **نهپدر** *ਨੁਹ ਪਿਦਰ* : ਨੌਂ ਅਸਮਾਨ।

نهحصار *ਨੁਹ ਹਿਸਾਰ*, **نهحجره** *ਨੁਹ ਹੁਜਰਾ*, **نهرواق** *ਨੁਹ ਰਵਾਕ*, **نهسپهر** *ਨੁਹ ਸਿਪਿਹਰ*, **نهشهربالا** *ਨੁਹ ਸ਼ਹਰ-ਏ-ਬਾਲਾ*, **نهصحیفهٔگردون** *ਨੁਹ ਸਹੀਫ਼ਾ-ਏ-ਗਰਦੂੰ*, **نهطارم** *ਨੁਹ ਤਾਰੁਮ*, **نهطبق** *ਨੁਹ ਤਬਕ* : ਨੌਂ ਅਸਮਾਨ।

نهده *ਨੁਹ ਦਹ* : ਨੌਂ ਦਸ, ਵਾਧੂ ਚੀਜ਼ਾਂ।

نهگهر *ਨੁਹ ਗੁਹਰ* : ਨੌਂ ਕੀਮਤੀ ਪੱਥਰ।

نهاد *ਨਹਾਦ* : ਤਰਜ਼, ਢੰਗ, ਆਦਤ, ਦਸਤੂਰ, ਰਸਮ, ਰਿਵਾਜ।

نهادن *ਨਿਹਾਦਨ* : ਰੱਖਣਾ।

نهاد *ਨਿਹਾਦ* : ਨੀਂਹ, ਅਮਲ, ਖ਼ਲਕਤ, ਸ੍ਰਿਸ਼ਟੀ, ਪੈਦਾਇਸ਼, ਆਦਤ, ਮਨ,ਦਿਲ, ਹਿਰਦਾ।

نهادگی *ਨਿਹਾਦਗੀ* : ਸੁਭਾ, ਆਦਤ, ਬਣਤਰ, ਤਿਉਹਾਰ ਲਈ ਰੱਖੇ ਕੱਪੜੇ।

نهار *ਨਹਾਰ*, **نهاره** *ਨਹਾਰਾ* : (ਨਾਹਾਰ **ناهار** ਦਾ ਸੰਖਿਪਤ ਰੂਪ) ਜਿਸ ਨੇ ਸਵੇਰ ਦਾ ਕੁਝ ਨਾ ਖ਼ਾਧਾ ਹੋਵੇ, ਨਿਰਨੇ ਪੇਟ, ਨਾਸ਼ਤਾ, ਹਾਜਰੀ ਦੀ ਰੋਟੀ, ਇਕ ਪਰਕਾਰ ਦਾ ਮਾਸ।

نهار *ਨਹਾਰ* : (=ਨਾਹਾਰ **ناهار**) ਦੁਪੈਹਰ ਦਾ ਖਾਣਾ।

نهار *ਨਹਾਰ* : ਦਿਨ, ਰੋਜ਼।

نهار *ਨਿਹਾਰ/ਨਹਾਰ* : ਡਰ, ਭੈ, ਚਿੰਤਾ।

نهاری *ਨਹਾਰੀ* : ਬੌਹਤ, ਕਿੰਨੇ ਹੀ, ਸਵੇਰ ਦਾ ਨਾਸ਼ਤਾ (ਸ਼ੋਰਬਾ), ਘੋੜੇ ਨੂੰ ਪਾਉਣ ਵਾਲਾ, ਦਾਣਾ ਪੱਠਾ; ਓਹ ਵਿਦਿਆਰਥੀ ਜੇਹੜਾ ਬੋਰਡਿੰਗ ਵਿਚ ਨਾ ਰੈਂਹਦਾ ਹੋਵੇ ਕੇਵਲ ਦਿਨ ਨੂੰ ਪੜ੍ਹਨ ਲਈ ਆਉਂਦਾ ਹੋਵੇ।

نهال *ਨਿਹਾਲ* : ਤਾਜ਼ਾ ਲਾਇਆ ਹੋਇਆ ਅਤੇ ਛੋਟਾ ਬੂਟਾ, ਪੌਦਾ, ਸੁੰਦਰ ਦਰਖ਼ਤ ਜਿਸ ਨੂੰ ਹਾਲੀ ਫਲ ਨਾ ਲੱਗਾ ਹੋਵੇ; ਹਰਿਆ ਭਰਿਆ, ਸਫਲ, ਪਰਸੰਨ, ਰਜ਼ਾਈ, ਵਿਛੌਣਾ, ਸ਼ਿਕਾਰ।

نهالساختن *ਨਿਹਾਲ ਸਾਖ਼ਤਨ* : ਬੂਟਾ ਲਾਉਣਾ।

نهالکردن *ਨਿਹਾਲ ਕਰਦਨ* : ਖ਼ੁਸ਼ ਕਰ ਦੇਣਾ, ਮੁਰਾਦ ਪੂਰੀ ਕਰ ਦੇਣਾ।

نهالگاه *ਨਿਹਾਲਗਾਹ* : ਸ਼ਿਕਾਰਗਾਹ, ਘਾਤ।

نهاله *ਨਿਹਾਲਾ* : ਨਵਾਂ ਉੱਗਿਆ ਬੂਟਾ, ਓਹ ਰੁੱਖ ਜਿਸ ਦੀਆਂ ਟਾਹਣੀਆਂ 'ਤੇ ਸ਼ਿਕਾਰੀ ਪੁਰਾਣੇ ਕੱਪੜੇ ਲਮਕਾ ਕੇ ਹੇਠਾਂ ਜਾਲ ਵਿਛਾਉਂਦੇ ਹਨ, ਸ਼ਿਕਾਰਗਾਹ, ਸ਼ਿਕਾਰੀ, ਸ਼ਿਕਾਰ।

نهالهگاه *ਨਿਹਾਲਾਗਾਹ* : ਸ਼ਿਕਾਰ ਦੀ ਥਾਂ, ਘਾਤ।

نهالی *ਨਿਹਾਲੀ*, **نهالین** *ਨਿਹਾਲੀਨ* : ਵਿਛੋਣਾ,ਰਜ਼ਾਈ, ਲੇਫ, ਗਿਲਾਫ਼।

نهامی/نهامین *ਨਹਾਮੀ/ਨਹਾਮੀਨ* : ਲੁਹਾਰ।

نهان *ਨਿਹਾਨ* : ਛੁਪਿਆ ਹੋਇਆ, ਲੁਪਤ, ਮਨ, ਹਿਰਦਾ, ਅੰਦਰਲਾ, ਚੋਰੀ ਛੁੱਪੇ।

نهانپیکران *ਨਿਹਾਨ ਪੈਕਰਾਨ* : ਫਰਿਸ਼ਤੇ, ਪਰੀਆਂ।

نهانخانه *ਨਿਹਾਨਖ਼ਾਨਾ* : ਸਰਦਖ਼ਾਨਾ, ਤੈਹਖ਼ਾਨਾ|

نهاندار *ਨਿਹਾਨਦਾਰ* : ਛੁਪਾਉਣ ਵਾਲਾ।

نهاندره *ਨਿਹਾਨਦਰਾ* : ਖ਼ਜ਼ਾਨਾ, ਆਲਾ।

نهانکشا *ਨਿਹਾਨ-ਕੁਸ਼ਾ* : ਨਜੂਮੀ, ਜੋਤਸ਼ੀ।

نهانوآشکاره *ਨਿਹਾਨ-ਉ-ਆਸ਼ਕਾਰਾ* : ਗੁਪਤ ਤੇ ਪਰਗਟ।

نهانی *ਨਿਹਾਨੀ* : ਲੁਕੇ ਛੁਪੇ; ਚੋਰੀ ਚੋਰੀ, ਲੁਕਿਆ ਛੁਪਿਆ, ਭੇਤ, ਰਾਜ਼।

نهاوند *ਨਿਹਾਵੰਦ,* **نهآوند** *ਨਹਆਵੰਦ* : ਏਹ ਸ਼ਬਦ ਨਿਹ **نه** = ਸ਼ੈਹਰ+ ਆਵੰਦ **آوند** = ਬਰਤਨ ਤੋਂ ਬਣਿਆ ਹੈ ਅਰਥਾਤ ਬਰਤਨਾਂ ਦਾ ਸ਼ੈਹਰ, ਇਕ ਸ਼ੈਹਰ ਦਾ ਨਾਮ, ਰਾਗ ਦੇ ਇਕ ਅਲਾਪ ਦਾ ਨਾਮ ਜੋ ਅੱਧੀ ਰਾਤ ਨੂੰ ਗਾਇਆ ਜਾਂਦਾ ਹੈ।

نهاوندی *ਨਿਹਾਵੰਦੀ* : ਨਿਹਾਵੰਦ ਨਾਲ ਸਬੰਧਤ, ਨਿਹਾਵੰਦ ਦਾ ਵਸਨੀਕ।

نهایت *ਨਿਹਾਯਤ* : ਹੱਦ, ਸੀਮਾ, ਅੰਤ, ਅੰਜਾਮ, ਬੌਹਤ ਜ਼ਿਆਦਾ।

نهایتش *ਨਿਹਾਯਤਸ਼* : ਅਖ਼ੀਰ, ਅੰਤ ਨੂੰ, ਮੁਕਦੀ ਗੱਲ, ਗੱਲ ਕੀ।

نهب *ਨਹਬ,* **نهبت** *ਨੁਹਬਤ,* **نهبه** *ਨੁਹਬਾ* : ਲੁੱਟਣਾ, ਬਰਬਾਦ ਕਰਨਾ, ਲੁੱਟਮਾਰ, ਲੁੱਟ ਦਾ ਮਾਲ।

نهج *ਨਹਜ* : ਸਿੱਧਾ ਰਾਹ, ਰਸਤਾ, ਫ਼ਾਰਸੀ ਵਿਚ ਤੌਰ ਤਰੀਕੇ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ।

نهر *ਨਹਰ* : ਦਰਿਆ, ਦਰਿਆ ਦੀ ਸ਼ਾਖ਼, ਨਦੀ, ਨਾਲਾ।

نهرالسّلام *ਨਹਰ-ਉਸ-ਸਲਾਮ* : ਦਜਲਾ ਦਰਿਆ।

نهرالماس *ਨਹਰ-ਏ-ਅਲਮਾਸ* : ਇਕ ਨੈਹਰ ਦਾ ਨਾਮ।

نهرِمجنوں *ਨਹਰ-ਏ-ਮਜਨੂੰ* : ਇਕ ਨੈਹਰ ਦਾ ਨਾਮ ਜੋ ਅਰਦਬੀਲ ਤੇ ਮੂਸਲ ਦੇ ਵਿਚਕਾਰ ਹੈ।

نهمار *ਨਹਮਾਰ* : (=ਨਾ +ਹਮਾਰ =ਸ਼ੁਮਾਰ) ਨਾਸ਼ੁਮਾਰ; ਬੇਅੰਤ, ਬੇਸ਼ੁਮਾਰ, ਅਜੀਬ; ਅਚਾਨਕ, ਝੱਟਪਟ।

نهنبان *ਨੁਹੰਬਾਨ,* **نهنبن** *ਨੁਹੁੰਬਨ* : ਦੇਗ ਦਾ ਢੱਕਣ, ਤੰਦੂਰ ਦਾ ਢੱਕਣ, ਸਰਪੋਸ਼, ਢੱਕਣਾ।

نهنبیدن *ਨੁਹੁੰਬੀਦਨ* : ਢਕਣਾ।

نهنبیده *ਨੁਹੁੰਬੀਦਾ* : ਢਕਿਆ ਹੋਇਆ।

نهنگ *ਨਹੰਗ* : ਮਗਰਮੱਛ, ਸੰਸਾਰ, ਤਲਵਾਰ, ਸ਼ਮਸ਼ੀਰ, ਕਲਮ, ਅਸਮਾਨ; ਸਮਾਂ, ਸੰਸਾਰ, ਦੁਨੀਆਂ।

نهنگِاجل *ਨਹੰਗ-ਏ-ਅਜਲ* : ਮੌਤ ਦਾ ਫ਼ਰਿਸ਼ਤਾ, ਜਮਦੂਤ।

نهنگانِنیام *ਨਹੰਗਾਨ-ਏ-ਨਿਯਾਮ* : ਮਿਆਨ ਕੀਤੀ ਹੋਈ ਤਲਵਾਰ।

نهنگِجانسوز *ਨਹੰਗ-ਏ-ਜਾਨਸੋਜ਼,* **نهنگِزِرخفتان** *ਨਹੰਗ-ਏ-ਜ਼ੇਰ-ਏ-ਖ਼ਫ਼ਤਾਨ,* **نهنگِسیاه** *ਨਹੰਗ- ਏ-ਸਿਯਾਹ* : ਤਲਵਾਰ, ਸ਼ਮਸ਼ੀਰ।

نهنگِسبز *ਨਹੰਗ-ਏ-ਸਬਜ਼,* **نهنگِهندی** *ਨਹੰਗ-ਏ-ਹਿੰਦੀ* : ਹਿੰਦੀ ਤਲਵਾਰ।

نهود *ਨੁਹੂਦ* : ਛਾਤੀਆਂ ਦਾ ਉਭਾਰ, ਦੁਸ਼ਮਣ ਵੱਲ ਵਧਣਾ।

نهور *ਨੁਹੋਰ* : ਨਜ਼ਰ, ਨਿਗਾਹ, ਕੈਹਰ ਦੀ ਨਜ਼ਰ।

نهی *ਨਹੀ* : ਮਨ੍ਹਾ ਕਰਨਾ, ਵਰਜਣਾ, ਰੋਕ, ਮਨ੍ਹਾ, ਓਹ ਹੁਕਮ ਜੇਹੜਾ ਕਿਸੇ ਨੂੰ ਕੋਈ ਕੰਮ ਨਾ ਕਰਨ ਵਾਸਤੇ ਦਿਤਾ ਜਾਵੇ।

نهیمنکر *ਨਹੀ ਮੁਨਕਰ* : ਸ਼ਰ੍ਹਾ ਵਿਰੁਧ, ਗੱਲਾਂ ਤੋਂ ਬਾਜ਼ ਰੱਖਣਾ, ਭੈੜੇ ਕੰਮਾਂ ਤੋਂ ਵਰਜਣਾ।

نهیب *ਨਹੀਬ* : ਡਰ, ਲੁੱਟਮਾਰ, ਤਬਾਹੀ, ਬਰਬਾਦੀ, ਡਰਾਉਣੀ ਅਵਾਜ਼, ਪਰੇਸ਼ਾਨੀ।

نی *ਨੈ* : ਬੰਸਰੀ; ਵੰਝਲੀ, ਵੰਝ; ਕਲਮ; ਸੰਘ ਵਿਚਲੀ ਹਵਾ ਦੀ ਨਲਕੀ: ਗੰਨਾ।

نیانبان *ਨੈ ਅੰਬਾਨ* : ਇਕ ਵਾਜਾ ਜੋ ਬਾਂਸ ਅਤੇ ਚਮੜੇ ਦਾ ਬਣਾਇਆ ਜਾਂਦਾ ਹੈ।

نیبست *ਨੈ ਬਸਤ* : ਛੱਪਰ, ਕਾਨਿਆਂ ਦੀ ਛੱਤ।

نیزار *ਨੈਜ਼ਾਰ,* **نیستان** *ਨਯਿਸਤਾਨ* : ਕਾਹੀ ਦਾ ਜੰਗਲ।

نیسوار *ਨੈ ਸਵਾਰ,* **نیناک** *ਨੈ ਨਾਕ*

ਕਾਨੇ ਦਾ ਘੋੜਾ ਬਣਾ ਕੇ ਉਪਰ ਸਵਾਰ ਹੋਣ ਵਾਲਾ ਬੱਚਾ।

نیشه ***ਨੈਸ਼ਾ***, **نیچه** ***ਨੇਚਾ*** : ਬੰਸਰੀ।

نیعسکر ***ਨੈ ਅਸਕਰ*** : ਕਲਮ, ਕਾਨੀ; ਅਸਕਰ ਸ਼ੈਹਰ ਦੀ ਕਿਲਕ ਪਰਸਿੱਧ ਹੈ।

نیغرقگیری ***ਨੈ ਗ਼ਰਕ ਗੀਰੀ*** : ਸ਼ਰਾਬ ਪੀਣ ਦੀ ਨਾਲੀ।

نینواز ***ਨੈ-ਨਵਾਜ਼***, **نیئی** ***ਨੈਈ*** : ਬੰਸਰੀ ਵਜਾਉਣ ਵਾਲਾ।

نیئین ***ਨੈਈਨ*** : ਕਾਹੀ ਦਾ ਛੱਪਰ।

نی ***ਨੈ, ਨੇ*** : ਨਹੀਂ।

نیا ***ਨਿਯਾ*** : ਦਾਦਾ, ਬਾਂਬਾ, ਨਾਨਾ, ਮਾਮਾ; ਵੱਡਾ ਭਰਾ; ਵਡਿਆਈ, ਮਾਣ ਸਤਕਾਰ, ਕਦਰ।

نیابت ***ਨਿਯਾਬਤ*** : ਨਾਇਬ ਹੋਣਾ, ਕਿਸੇ ਦਾ ਪਰਤੀਨਿਧ ਹੋਣਾ, ਉਤਰਾਧਕਾਰੀ।

نیابتدار ***ਨਿਯਾਬਤਦਾਰ***, **نیابتگر** ***ਨਿਯਾਬਤ-ਗਰ*** : ਨਾਇਬ, ਉਤਰਾਧਕਾਰੀ, ਸੂਬੇਦਾਰ।

نیارست ***ਨਯਾਰਸਤ*** : ਨਾ ਕਰ ਸਕਿਆ, ਕਰਨਯੋਗ ਨਹੀਂ ਸੀ।

نیاز ***ਨਿਯਾਜ਼*** : ਲੋੜ, ਹਾਜਤ, ਥੁੜ, ਜ਼ਰੂਰਤ, ਬੇਨਤੀ, ਪਰਾਰਥਨਾ, ਲੋੜਵੰਦ, ਰੁਚੀ; ਭੁੱਖ, ਲਾਲਚ, ਤ੍ਰਿਸ਼ਣਾ, ਪਿਆਰ ਦਾ ਪਰਗਟਾਵਾ, ਦਰਵੇਸ਼ ਦੀ ਸੁਗ਼ਾਤ, ਭੇਟਾ, ਚੜ੍ਹਾਵਾ।

نیازکردن ***ਨਿਯਾਜ਼ ਕਰਦਨ*** : ਬੇਨਤੀ ਕਰਨਾ, ਪਰਾਰਥਨਾ ਕਰਨਾ।

نیازمند ***ਨਿਯਾਜ਼-ਮੰਦ***, **نیازومند** ***ਨਿਯਾਜ਼ੂ-ਮੰਦ*** : ਲੋੜਵੰਦ।

نیازمندی ***ਨਿਯਾਜ਼ਮੰਦੀ*** : ਲੋੜ, ਜ਼ਰੂਰਤ।

نیازی ***ਨਿਯਾਜ਼ੀ*** : ਅਰਜ਼ ਕਰਨ ਵਾਲਾ, ਮਸ਼ੂਕ, ਪਿਆਰਾ, ਅਫ਼ਗਾਨਾ ਦੀ ਇਕ ਕੌਮ ਦਾ ਨਾਮ।

نیازیان ***ਨਿਯਾਜ਼ੀਯਾਨ*** : ਆਸ਼ਕ, ਪਿਆਰੇ,ਲੋੜਵੰਦ।

نیاق ***ਨਿਯਾਕ*** : (ਨਾਕਾ **ناقه** ਦਾ ਬੌਹਵਚਨ) ਊਠਣੀਆਂ, ਡਾਚੀਆਂ।

نیاگان ***ਨਿਯਾਗਾਨ*** : (ਨਿਯਾ **نیا** ਦਾ ਅਸੁਭਾਵਕ ਬੌਹਵਚਨ) ਦਾਦੇ, ਨਾਨੇ।

نیام ***ਨਿਯਾਮ*** : (ਨੌਮ **نوم** ਦਾ ਬੌਹਵਚਨ) ਨੀਂਦਰਾਂ, (ਨਾਇਮ **نائم** ਦਾ ਬੌਹਵਚਨ) ਸੌਣ ਵਾਲੇ; ਤਲਵਾਰ ਆਦਿ ਦਾ ਮਿਆਨ, ਟੁੱਟੇ ਹੋਏ ਅੰਗ ਤੇ ਬੰਨ੍ਹਣ ਵਾਲੀ ਫੱਟੀ, ਹਲ ਦਾ ਮੁੰਨਾ ਜਾਂ ਫਾਲਾ।

نیایش ***ਨਿਯਾਯਿਸ਼*** : ਸ਼ਾਬਾਸ਼, ਉਪਮਾ, ਪਰਸੰਸਾ, ਤਾਰੀਫ਼, ਰੋ ਰੋ ਕੇ ਕੀਤੀ ਪਰਾਰਥਨਾ, ਦੁਆ।

نیپیچ ***ਨੈ ਪੇਚ*** : ਹੁੱਕਾ।

نیّت ***ਨੀਯਤ*** : ਦਿਲੀ ਇਰਾਦਾ, ਮਨੋਰਥ, ਨਿਸਚਾ, ਦ੍ਰਿੜ ਖਿਆਲ, ਦਿਲ ਦੀ ਖ਼ਾਹਸ਼, ਇਰਾਦਾ ਕਰਨਾ, ਮਨ ਬਣਾਉਣਾ।

نیچهبند ***ਨੈਚਾ-ਬੰਦ*** : ਨੇਚੇ ਬਣਾਉਣ ਵਾਲਾ।

نیچهبندی ***ਨੈਚਾ-ਬੰਦੀ*** : ਨੇਚੇ ਬਣਾਉਣ ਦੀ ਕਿਰਿਆ।

نیر ***ਨੈਯਿਰ*** : ਬੌਹਤ ਰੋਸ਼ਨੀ ਵਾਲਾ, ਅਤਿ ਚਮਕੀਲਾ, ਚਮਕਦਾਰ ਸਤਾਰਾ, ਸੂਰਜ, ਚੰਦ।

نیراصغر ***ਨੈਯਿਰ-ਏ-ਅਸਗ਼ਰ*** : ਚੰਦ, ਚੰਦਰਮਾ।

نیراعظم ***ਨੈਯਿਰ-ਏ-ਅਅਜ਼ਮ***, **نیراکبر** ***ਨੈਯਿਰ-ਏ-ਅਕਬਰ*** : ਸੂਰਜ।

نیرین ***ਨੈਯਿਰੈਨ*** : ਦੋ ਰੋਸ਼ਨ ਸਤਾਰੇ, ਚੰਦ ਤੇ ਸੂਰਜ।

نیرا ***ਨੀਰਾ*** : ਅੱਗ, ਅੱਗਨੀ (ਜ਼ੈਂਦ ਤੇ ਅਵੱਸਤਾ ਵਿਚ)।

نیران ***ਨੀਰਾਨ*** : (ਨਾਰ **نار** ਦਾ ਬੌਹਵਚਨ) ਅੱਗਾਂ, ਦੋਜ਼ਖ; (ਨੂਰ **نور** ਦਾ ਬੌਹਵਚਨ) ਲਾਟਾਂ, ਰੋਸ਼ਨੀਆਂ, ਕਿਰਨਾਂ।

نیرنج **ਨੈਰੰਜ** : (ਨੈਰੰਗ نیرنگ ਦਾ ਅਰਬੀ ਰੂਪਾਂਤਰ) ਮਕਰ, ਹੀਲਾ, ਜਾਦੂ, ਟੂਣਾ, ਮੰਤਰ ਧੋਖਾ, ਫ਼ਰੇਬ, ਖ਼ਾਕਾ।

نیرنجات **ਨੈਰੰਜਾਤ** : (ਉਪਰੋਕਤ ਦਾ ਬਹੁਵਚਨ) ਹੀਲੇ, ਫ਼ਰੇਬ, ਮੰਤਰ, ਜਾਦੂ-ਟੂਣੇ, ਖ਼ਾਕੇ।

نیرنگ **ਨੈਰੰਗ** : ਜਾਦੂ, ਮੰਤਰ, ਟੂਣਾ, ਜਾਦੂਗਰੀ, ਮਕਰ, ਹੀਲਾ, ਫ਼ਰੇਬ, ਤਸਵੀਰ ਦਾ ਖ਼ਾਕਾ, ਅਜੂਬਾ।

نیرنگباز **ਨੈਰੰਗ-ਬਾਜ਼**, نیرنگساز **ਨੈਰੰਗ-ਸਾਜ਼** : ਫ਼ਰੇਬੀ, ਮੱਕਾਰ, ਜਾਦੂਗਰ।

نیرنگبازی **ਨੈਰੰਗ-ਬਾਜ਼ੀ**, نیرنگسازی **ਨੈਰੰਗ-ਸਾਜ਼ੀ** : ਮਕਰ, ਹੀਲਾ, ਜਾਦੂਗਰੀ।

نیرنگِزمانه **ਨੈਰੰਗ-ਏ-ਜ਼ਮਾਨਾ**, نیرنگِگردون **ਨੈਰੰਗ-ਏ-ਗਰਦੂਨ** : ਜ਼ਮਾਨੇ ਦੇ ਰੰਗ,ਸਮੇਂ ਦੇ ਪਰਿਵਰਤਨ।

نیرنگی **ਨੈਰੰਗੀ** : ਜਾਦੂਗਰੀ, ਫ਼ਰੇਬ, ਚਲਾਕੀ, ਤਮਾਸ਼ਾ, ਸਜਾਵਟ।

نیرو **ਨੀਰੂ/ਨੀਰੋ** : ਸ਼ਕਤੀ, ਬਲ।

نیرومند **ਨੀਰੂਮੰਦ** : ਸ਼ਕਤੀਸ਼ਾਲੀ, ਬਲਵਾਨ।

نیریز **ਨੀਰੀਜ਼** : ਇਕ ਸ਼ੈਹਰ ਦਾ ਨਾਮ ਜਿਥੇ ਲੁਹਾਰ ਵੱਡੀ ਸੰਖਿਆ ਵਿਚ ਰੈਂਹਦੇ ਹਨ, ਇਕ ਰਾਗ ਦਾ ਨਾਮ।

نیز **ਨੀਜ਼** : ਵੀ, ਭੀ, ਫਿਰ ਵੀ, ਤਾਂ ਵੀ, ਫੇਰ, ਪਿਛੋਂ।

نیزه **ਨੇਜ਼ਾ** : ਭਾਲਾ, ਬਰਛਾ, ਬੱਲਮ, ਨੇਜ਼ਾ, ਝੰਡਾ, ਕਿਲਕ।

نیزۀآتشین **ਨੇਜ਼ਾ-ਏ-ਆਤਸ਼ੀਨ** : ਸੂਰਜ ਡੁੱਬਣ ਵੇਲੇ ਦੀ ਕਿਰਨ।

نیزهباز **ਨੇਜ਼ਾ-ਬਾਜ਼** : ਨੇਜ਼ਾ ਮਾਰਨ ਵਾਲਾ।

نیزهبازی **ਨੇਜ਼ਾ-ਬਾਜ਼ੀ** : ਨੇਜ਼ੇ ਮਾਰਨ ਦੀ ਕਿਰਿਆ ਜਾਂ ਖੇਡ।

نیزهبردار **ਨੇਜ਼ਾ-ਬਰਦਾਰ**, نیزهزن **ਨੇਜ਼ਾ ਜ਼ਨ**, نیزهگر, **ਨੇਜ਼ਾ ਗਰ** : ਨੇਜ਼ਾ ਮਾਰਨ ਵਾਲਾ।

نیزهبکف **ਨੇਜ਼ਾ-ਬ-ਕਫ਼** : ਸੂਰਜ।

نیساری **ਨੀਸਾਰੀ** : ਫ਼ੌਜੀ, ਸਿਪਾਹੀ, ਲਸ਼ਕਰੀ।

نیسان **ਨੈਸਾਨ** : ਸਤਵੇਂ ਰੂਮੀ ਮਹੀਨੇ ਦਾ ਨਾਮ, ਜੋ ਬਿਕਰਮੀ ਦੇ ਵਿਸਾਖ ਮਹੀਨੇ ਨਾਲ ਮਿਲਦਾ ਹੈ, ਏਹ ਬਹਾਰ ਦਾ ਮਹੀਨਾ ਹੈ, ਕੈਂਹਦੇ ਹਨ ਕਿ ਇਸ ਮਹੀਨੇ ਦੇ ਮੀਂਹ ਦੀਆਂ ਬੂੰਦਾਂ ਨਾਲ ਸਿੱਪ ਵਿਚ ਮੋਤੀ ਬਣਦੇ ਹਨ।

نیشان **ਨੈਸ਼ਾਨ, ਨੀਸ਼ਾਨ** : ਨਿਸ਼ਾਨ نشان।

نیست **ਨੀਸਤ** : ਨਹੀਂ ਹੈ, ਕੁਝ ਨਾ, ਸੁੰਨ, ਨਾ-ਚੀਜ਼, ਤੁੱਛ, ਅਣਹੋਂਦ।

نیستشدن **ਨੀਸਤ ਸ਼ੁਦਨ** : ਮਿਟ ਜਾਣਾ, ਨਾ ਰੈਹਣਾ, ਨਾ ਹੋਣਾ।

نیستکن **ਨੀਸਤ-ਕੁਨ** : ਮਿਟਾਉਣ ਵਾਲਾ।

نیستی **ਨੀਸਤੀ** : ਅਣਹੋਂਦ।

نیش **ਨੇਸ਼** : ਠੂੰਹੇ ਜਾਂ ਡੇਮੂੰ ਦਾ ਡੰਗ, ਤਲਵਾਰ, ਛੁਰੀ, ਖੰਜਰ ਆਦਿ ਦੀ ਤੇਜ਼ ਨੋਕ, ਦਰਿੰਦਿਆਂ ਦੇ ਤਿੱਖੇ ਦੰਦ, ਨਿਸ਼ਾਨ, ਝੰਡਾ, ਭਾਲਾ, ਨੇਜ਼ਾ, ਜ਼ੈਹਰ।

نیشزدن **ਨੇਸ਼ ਜ਼ਦਨ** : ਡੰਗ ਮਾਰਨਾ।

نیشزن **ਨੇਸ਼ਜ਼ਨ** : ਡੰਗ ਚਲਾਉਣ ਵਾਲਾ, ਚੁਗਲਖ਼ੋਰ।

نیشاپور **ਨੀਸ਼ਾਪੂਰ** : ਖ਼ੁਰਾਸਾਨ ਦਾ ਇਕ ਪਰਸਿੱਧ ਸ਼ੈਹਰ ਜਿਥੇ ਫ਼ੀਰੋਜ਼ੇ ਦੀ ਖਾਣ ਹੈ, ਇਕ ਰਾਗ ਦਾ ਨਾਮ।

نیشتر **ਨੇਸ਼ਤਰ** : ਫ਼ਸ਼ਦ ਖੋਲ੍ਹਣ ਦਾ ਸੰਦ।

نیشکر **ਨੈਸ਼ਕਰ** : ਗੰਨਾ।

نیشوق **ਨੈਸ਼ੂਕ**, نیسوق **ਨੈਸੂਕ** : ਅਲੂਚਾ।

نیفق ***ਨੈਫ਼ਕ*** : (ਨੇਫ਼ਾ **نیفه** ਦਾ ਅਰਬੀ ਰੁਪਾਂਤਰ) ਨੇਫ਼ਾ।

نیفه ***ਨੇਫ਼ਾ*** : ਨਾਲਾ ਪਾਉਣ ਦੀ ਸਿਉਣ, ਚਿੱਟਾ ਕਪੜਾ ਜਾਂ ਸਫ਼ੈਦ ਮਲਮਲ, ਬੁਕਚਾ, ਲੂੰਬੜ ਆਦਿ ਦੀ ਖੱਲ।

نیفه‌سست‌کردن ***ਨੇਫ਼ਾ ਸੁਸਤ ਕਰਦਨ*** : ਅਰਾਮ ਕਰਨ ਲਈ ਤਿਆਰ ਹੋਣਾ।

نیقند ***ਨੈਕੰਦ*** : ਗੰਨਾ।

نیک ***ਨੇਕ*** : ਚੰਗਾ, ਭਲਾ, ਖ਼ੂਬ, ਬੌਹਤ, ਜ਼ਿਆਦਾ, ਅਧਿਕ।

نیکآثار ***ਨੇਕਆਸਾਰ*** : ਸ਼ੁਭ, ਚੰਗੇ ਪੋਖੇ ਵਾਲਾ।

نیکآموز ***ਨੇਕ-ਆਮੋਜ਼*** : ਨੇਕੀ ਦੀ ਨਸੀਹਤ ਕਰਨ ਵਾਲਾ, ਪਰਚਾਰਕ।

نیکان ***ਨੇਕਾਨ*** : ਨੇਕ ਬੰਦੇ, ਭਲੇ ਲੋਕ।

نیکبخت ***ਨੇਕ-ਬਖ਼ਤ*** : ਚੰਗੇ ਭਾਗਾਂ ਵਾਲਾ, ਸੁਭਾਗਾ।

نیکپاک ***ਨੇਕ ਪਾਕ*** : ਬੌਹਤ ਪਵਿਤਰ ਆਦਮੀ।

نیکخواه ***ਨੇਕ-ਖ਼੍ਵਾਹ*** : ਭਲਾਈ ਚਾਹੁਣ ਵਾਲਾ।

نیکخواهی ***ਨੇਕ-ਖ਼੍ਵਾਹੀ*** : ਹਿਤੀਖਣਾ, ਭਲਾਈ ਚਾਹੁਣਾ।

نیکذات ***ਨੇਕ-ਜ਼ਾਤ*** : ਭਲਾ ਆਦਮੀ, ਚੰਗੇ ਅਸਲੇ ਵਾਲਾ, ਸ਼ਰੀਫ਼।

نیکرای ***ਨੇਕ-ਰਾਯ*** : ਚੰਗੀ ਨੀਯਤ ਵਾਲਾ।

نیکرو ***ਨੇਕ-ਰੂ*** : ਸੋਹਣਾ, ਸੁੰਦਰ।

نیکروز ***ਨੇਕ-ਰੂਜ਼*** : ਸੁਭਾਗਾ।

نیکسرانجام ***ਨੇਕ-ਸਰਅੰਜਾਮ,*** **نیکفرجام/انجام** ***ਨੇਕ-ਫ਼ਰਜਾਮ /ਅੰਜਾਮ*** : ਭਲੇ ਅੰਤ ਵਾਲਾ, ਸੁਭਾਗਾ।

نیکسرشت ***ਨੇਕ ਸਿਰਿਸ਼ਤ,*** **نیکسیرت** ***ਨੇਕ ਸੀਰਤ,*** **نیکطینت** ***ਨੇਕ ਤੀਨਤ,*** **نیکمزاج** ***ਨੇਕ ਮਿਜ਼ਾਜ*** : ਚੰਗੇ ਸੁਭਾ ਵਾਲਾ, ਸਾਊ, ਭਲਾ ਮਾਣਸ।

نیکعهد ***ਨੇਕ ਅਹਦ*** : ਬਚਨ ਪਾਲਣ ਵਾਲਾ।

نیکفال ***ਨੇਕ ਫ਼ਾਲ*** : ਸ਼ੁਭ ਲਗਨਾਂ ਵਾਲਾ।

نیکقال ***ਨੇਕ ਕਾਲ*** : ਚੰਗੇ ਬੋਲਾਂ ਵਾਲਾ।

نیککار ***ਨੇਕ ਕਾਰ,*** **نیککردار** ***ਨੇਕ ਕਿਰਦਾਰ*** : ਨੇਕ ਕੰਮ ਕਰਨ ਵਾਲਾ।

نیکمنش ***ਨੇਕ-ਮਨਸ਼*** : ਚੰਗੀ ਖ਼ਸਲਤ ਵਾਲਾ।

نیکمنظر ***ਨੇਕ-ਮੰਜ਼ਰ*** : ਸੋਹਣਾ, ਸੁਨੱਖਾ।

نیکنام ***ਨੇਕ-ਨਾਮ*** : ਚੰਗੀ ਪਰਸਿੱਧੀ ਵਾਲਾ।

نیکنامی ***ਨੇਕ-ਨਾਮੀ*** : ਚੰਗੀ ਸ਼ੋਹਰਤ, ਪਰਸਿੱਧੀ।

نیکنهاد ***ਨੇਕ-ਨਿਹਾਦ*** : ਨੇਕ ਸੁਭਾ।

نیکنیت ***ਨੇਕ ਨੀਯਤ*** : ਚੰਗੇ ਇਰਾਦੇ ਵਾਲਾ, ਨੇਕ ਖ਼ਿਆਲ।

نیکوبد ***ਨੇਕ-ਉ-ਬਦ*** : ਭਲਾ ਬੁਰਾ, ਚੰਗਾ ਮੰਦਾ।

نیکو ***ਨੇਕੋ, ਨੇਕੂ*** : ਚੰਗਾ, ਭਲਾ, ਨੇਕ, ਸੁੰਦਰ, ਬੌਹਤ।

نیکوآداب ***ਨੇਕੋ-ਆਦਾਬ*** : ਚੰਗੇ ਅਦਬ ਅਦਾਬ ਜਾਣਨ ਵਾਲਾ।

نیکوبخت ***ਨੇਕੋ-ਬਖ਼ਤ*** : ਸੁਭਾਗਾ, ਖ਼ੁਸ਼, ਪਰਸੰਨਚਿਤ।

نیکوحال ***ਨੇਕੋ-ਹਾਲ*** : ਚੰਗੀ ਸਥਿਤੀ ਵਿਚ ਹੋਵੇ, ਚੰਗੀ ਸੇਹਤ ਵਾਲਾ।

نیکوخصال ***ਨੇਕੋ-ਖ਼ਿਸਾਲ*** : ਚੰਗੀ ਖ਼ਸਲਤ ਵਾਲਾ, ਨੇਕ-ਸੁਭਾ।

نیکورای ***ਨੇਕੋ ਰਾਯ*** : ਚੰਗੀ ਸਲਾਹ

ਵਾਲਾ, ਨੇਕ-ਖ਼ਿਆਲ।

نیکورو ***ਨੇਕੋ-ਰੌ*** : ਚੰਗੀ ਗਤੀ ਵਾਲਾ।

نیکوروی ***ਨੇਕੋ-ਰਵੀ*** : ਤੇਜ਼ ਰਫ਼ਤਾਰ ਵਾਲਾ, ਤਿੱਖੀ ਚਾਲ।

نیکوسخن ***ਨੇਕੋ-ਸੁਖ਼ਨ*** : ਨੇਕ ਬੋਲ ਬੋਲਣ ਵਾਲਾ, ਸੁੰਦਰ ਬਚਨ ਕੈਹਣ ਵਾਲਾ।

نیکوسرنجام ***ਨੇਕੋ-ਸਰ-ਅੰਜਾਮ*** : ਚੰਗੇ ਘਰ ਦਾ।

نیکوسگال ***ਨੇਕੋ-ਸਿਗਾਲ*** : ਖ਼ੈਰਖ਼ਾਹ।

نیکوسیر ***ਨੇਕੋ-ਸਿੱਯਰ*** : ਚੰਗੇ ਸੁਭਾ ਵਾਲਾ।

نیکوشمائل ***ਨੇਕੋ-ਸ਼ਮਾਇਲ*** : ਨੇਕ ਖ਼ਸਲਤ ਵਾਲਾ।

نیکونهاد ***ਨੇਕੋ-ਨਿਹਾਦ*** : ਅਸੀਲ।

نیکوعهد ***ਨੇਕੋ-ਅਹਦ*** : ਬਚਨ ਪਾਲਣ ਵਾਲਾ।

نیکوکار ***ਨੇਕੋ-ਕਾਰ*** : ਮੇਹਰਬਾਨ, ਨੇਕੀ ਕਰਨ ਵਾਲਾ।

نیکوکاری ***ਨੇਕੋਕਾਰੀ*** : ਭਲਾਈ, ਨੇਕੀ।

نیکوگفت ***ਨੇਕੋ-ਗੁਫ਼ਤ*** : ਜਸ, ਕੀਰਤੀ, ਉਪਮਾ, ਤਾਰੀਫ਼।

نیکویان ***ਨੇਕੂਯਾਨ*** : ਨੇਕ ਬੰਦੇ, ਭਲੇ ਲੋਕ।

نیکی‌کردن‌ودرآب‌انداختن ***ਨੇਕੀ ਕਰਦਨ-ਉ-ਦਰ ਆਬ ਅੰਦਾਖ਼ਤਨ*** : ਨੇਕੀ ਕਰ ਕੇ ਭੁੱਲ ਜਾਣਾ।

نَیل ***ਨੈਲ*** : ਪਰਾਪਤ ਕਰਨਾ, ਪੌਹਚਣਾ, (ਮੁਰਾਦ ਪਾਉਣਾ)।

نِیل ***ਨੀਲ*** : ਨੀਲਾ ਰੰਗ, ਜੋ ਵਸਮੇ ਦੇ ਬੂਟੇ ਤੋਂ ਪਰਾਪਤ ਹੁੰਦਾ ਹੈ, ਸੱਟ ਜਾਂ ਰਗੜ ਦਾ ਨਿਸ਼ਾਨ।

نیلپر ***ਨੀਲਪਰ*** : ਨੀਲੋਫ਼ਰ।

نیل‌چشم‌بد ***ਨੀਲ-ਏ-ਚਸ਼ਮ-ਏ-ਬਦ,*** **نیلِ‌چشمِ‌زخم** ***ਨੀਲ-ਏ-ਚਸ਼ਮ-ਏ-ਜ਼ਖ਼ਮ*** : ਓਹ ਕਾਲਾ ਟਿੱਕਾ, ਜੋ ਬਚਿਆਂ ਦੇ ਮੱਥੇ 'ਤੇ ਲਾਉਂਦੇ ਹਨ, ਤਾਂ ਜੋ ਭੈੜੀ ਨਜ਼ਰ ਤੋਂ ਬਚੇ ਰੈਹਣ।

نیلِ‌خمِ‌آسمان ***ਨੀਲ-ਏ-ਖ਼ਮ-ਏ-ਆਸਮਾਨ*** : ਅਸਮਾਨੀ ਨਹੂਸਤ।

نیل‌داغ ***ਨੀਲ ਦਾਗ਼*** : ਕਾਲਾ ਨਿਸ਼ਾਨ ਜੋ ਦਾਗਣ ਕਰਕੇ ਰੈਂਹਦਾ ਹੈ।

نیل‌رام ***ਨੀਲ ਰਾਮ*** : ਮੀਂਹ, ਬਰਫ਼, ਗੜ੍ਹਿਆਂ ਦਾ ਫ਼ਿਰਿਸ਼ਤਾ।

نیلفر ***ਨੀਲਫ਼ਰ*** : ਨੀਲੋਫ਼ਰ।

نیلِ‌فلک ***ਨੀਲ-ਏ-ਫ਼ਲਕ*** : ਅਸਮਾਨੀ ਨਹੂਸਤ।

نیلک ***ਨੀਲਕ*** : ਥੋੜਾ ਨੀਲਾ, ਇਕ ਪਰਕਾਰ ਦਾ ਰੇਸ਼ਮੀ ਕੱਪੜਾ।

نیلکار ***ਨੀਲਕਾਰ,*** **نیلگر** ***ਨੀਲਗਰ*** : ਨੀਲ ਰੰਗਣ ਵਾਲਾ, ਨੀਲ ਬਣਾਉਣ ਵਾਲਾ।

نیل‌کشیدن ***ਨੀਲ ਕਸ਼ੀਦਨ*** : ਖੁਦਵਾਉਣਾ, ਤਤੋਲੇ ਕੱਢਵਾਉਣਾ, ਸਰੀਰ ਨੂੰ ਦਾਗਣਾ।

نیلگاو ***ਨੀਲ ਗਾਵ*** : ਨੀਲਗਾਂ, ਇਕ ਪਰਕਾਰ ਦਾ ਜੰਗਲੀ ਚੌਪਾਇਆ ਜੋ ਗਾਂ ਨਾਲ ਮਿਲਦਾ ਜੁਲਦਾ ਹੈ।

نیلگون ***ਨੀਲ ਗੂਨ*** : ਨੀਲਾ ਰੰਗ।

نیلگون‌پرده ***ਨੀਲਗੂਨ ਪਰਦਹ,*** **نیلگون‌خیّام** ***ਨੀਲਗੂਨ ਖ਼ੱਯਾਮ,*** **نیلگون‌وطا** ***ਨੀਲਗੂਨ ਵਿਤਾ*** : ਅਸਮਾਨ, ਅਕਾਸ਼।

نیلوبرگ ***ਨੀਲੋ ਬਰਗ,*** (**پرگ**) **نیلوپر** ***ਨੀਲੋ ਪਰ (ਪਰਗ),*** **نیلوپل** ***ਨੀਲੋ ਪਲ,*** **نیلوفر** ***ਨੀਲੋਫ਼ਰ,*** **نیلوفل** ***ਨੀਲੋਫ਼ਲ*** : ਕੌਲ ਫੁਲ।

نیلوفری ***ਨੀਲੋਫ਼ਰੀ*** : ਨੀਲਾ ਰੰਗ।

نیلوفری‌طاق ***ਨੀਲੋਫ਼ਰੀ ਤਾਕ*** : ਅਸਮਾਨ।

نیله ***ਨੀਲਾ*** : ਹਰ ਨੀਲੀ ਚੀਜ਼, ਨੀਲਾ ਘੋੜਾ, ਨੀਲਗਾਂ।

نیلی ***ਨੀਲੀ*** : ਨੀਲੇ ਰੰਗ ਦਾ।

نیلی‌بحر ***ਨੀਲੀ ਬਹਰ,*** **نیلی‌پردہ** ***ਨੀਲੀ ਪਰਦਾ,*** **نیلی‌پردھا** ***ਨੀਲੀ ਪਰਦਹਾ*** : ਅਸਮਾਨ।

نیلی‌حصار ***ਨੀਲੀ ਹਿਸਾਰ,*** **نیلی‌حُقّه** ***ਨੀਲੀ ਹੁੱਕਾ,*** **نیلی‌دوائر** ***ਨੀਲੀ ਦਵਾਇਰ*** : ਅਸਮਾਨ।

نیلم ***ਨੀਲਮ*** : ਨੀਲੇ ਰੰਗ ਦਾ ਇਕ ਕੀਮਤੀ ਪੱਥਰ।

نیم ***ਨੀਮ*** : ਅੱਧਾ, ਅੱਧ, ਵਿਚਕਾਰਲਾ।

نیم‌آدمی ***ਨੀਮ ਆਦਮੀ*** : ਇਸਤਰੀ , ਕਿਉਂਕਿ ਸ਼ਰ੍ਹਾ ਦੇ ਮਾਮਲਿਆਂ ਵਿਚ ਦੋ ਇਸਤਰੀਆਂ ਦੀ ਗਵਾਹੀ ਇਕ ਮਰਦ ਦੀ ਗਵਾਹੀ ਦੇ ਬਰਾਬਰ ਹੁੰਦੀ ਹੈ।

نیم‌آشکنی ***ਨੀਮ ਆਸ਼ਕਨੀ,*** **نیم‌اشکنی** ***ਨੀਮ ਇਸ਼ਕਨੀ*** : ਇਕ ਪਰਕਾਰ ਦੀ ਮਿਠਿਆਈ।

نیم‌باز ***ਨੀਮ ਬਾਜ਼*** : ਅੱਧ ਖੁੱਲ੍ਹੀ, ਅੱਧ ਮੀਟੀ, ਨਸ਼ੀਲੀ, ਮਸਤ, ਕਲੀ ਜੋ ਹਾਲੀ ਖਿੜੀ ਨਾ ਹੋਵੇ।

نیم‌بر ***ਨੀਮਬਰ*** : ਕੁਸ਼ਤੀ ਦੇ ਇਕ ਦਾਅ ਦਾ ਨਾਮ।

نیم‌برشت ***ਨੀਮ-ਬਿਰਿਸ਼ਤ*** : ਅੱਧ-ਭੁੰਨਿਆ, ਅੱਧ-ਪੱਕਾ ਤੇ ਅੱਧ-ਕੱਚਾ।

نیم‌بسمل ***ਨੀਮ-ਬਿਸਮਿਲ*** : ਅੱਧ-ਘਾਇਲ।

نیم‌پخت ***ਨੀਮ-ਪੁਖ਼ਤ,*** **نیم‌پخته** ***ਨੀਮ-ਪੁਖ਼ਤਾ*** : ਅੱਧ-ਪੱਕਾ।

نیم‌تاج ***ਨੀਮਤਾਜ*** : ਇਕ ਪਰਕਾਰ ਦਾ ਤਾਜ ਜੋ ਜੜਾਊ ਹੁੰਦਾ ਹੈ।

نیم‌تخت ***ਨੀਮ-ਤਖ਼ਤ*** : ਅਰਾਮ ਚੌਕੀ।

نیم‌ترک ***ਨੀਮਤਰਕ*** : ਲੋਹ-ਟੋਪੀ।

نیم‌تسلیم ***ਨੀਮ ਤਸਲੀਮ*** : ਸਤਕਾਰ ਸੈਹਤ ਝੁਕਣਾ।

نیم‌تن(تنه) ***ਨੀਮ ਤਨ (ਤਨਾ)*** : ਵਾਸਕਟ, ਸਦਰੀ।

نیم‌ته ***ਨੀਮ ਤਿਹ*** : ਅੱਧਾ-ਭਾਰ।

نیم‌ته‌کردن ***ਨੀਮ ਤਿਹ ਕਰਦਨ*** : ਲੱਕ ਤੋਂ ਫੜ ਕੇ ਹੇਠ ਸੁਟ ਲੈਣਾ।

نیم‌جان ***ਨੀਮ-ਜਾਨ*** : ਅੱਧ-ਮੋਇਆ।

نیم‌جوش ***ਨੀਮ-ਜੋਸ਼*** : ਅੱਧਾ ਉਬਲਿਆ ਹੋਇਆ।

نیم‌چاشت ***ਨੀਮ-ਚਾਸ਼ਤ*** : ਸਵੇਰ ਦਾ ਖਾਣਾ।

نیم‌چرخ ***ਨੀਮ ਚਰਖ਼*** : ਇਕ ਪਰਕਾਰ ਦੀ ਕਮਾਨ।

نیم‌چه ***ਨੀਮਚਾ*** : ਛੋਟੀ ਤਲਵਾਰ, ਛੋਟਾ ਕੱਪੜਾ, ਦੁਪੱਟਾ।

نیم‌حکیم ***ਨੀਮ ਹਕੀਮ*** : ਅਨਾੜੀ ਹਕੀਮ।

نیم‌خانه ***ਨੀਮ ਖ਼ਾਨਾ*** : ਗੁੰਬਦ, ਕਲਸ, ਅਸਮਾਨ।

نیم‌خانه‌مینا ***ਨੀਮ ਖ਼ਾਨਾ-ਏ-ਮੀਨਾ*** : ਅਸਮਾਨ।

نیم‌خواب ***ਨੀਮ-ਖ਼੍ਵਾਬ*** : ਕੱਚੀ ਨੀਂਦ।

نیم‌خورد/خورده ***ਨੀਮ-ਖ਼ੁਰਦ/ਖ਼ੁਰਦਾ*** : ਜੂਠਾ ਖਾਣਾ।

نیم‌دست ***ਨੀਮ ਦਸਤ*** : ਛੋਟਾ ਗੱਦਾ।

نیم‌دینار ***ਨੀਮ ਦੀਨਾਰ*** : ਮਸ਼ੂਕ ਦਾ ਹੋਠ।

نیم‌راست ***ਨੀਮਰਾਸਤ*** : ਰਾਗ ਦੀ ਇਕ ਸੁਰ/ਧੁਨ।

نیم‌رازی ***ਨੀਮਰਾਜ਼ੀ*** : ਅੱਧ-ਮੰਨਿਆ।

نیم‌راه ***ਨੀਮਰਾਹ*** : ਅੱਧ ਵਾਟੇ, ਰਾਹ ਵਿਚ।

نیم‌رخ/رخساره *ਨੀਮ ਰੁਖ਼/ ਰੁਖ਼ਸਾਰਾ* : ਅੱਧ-ਚੇਹਰਾ, ਇਕ ਪਾਸੜ ਤਸਵੀਰ।

نیم‌رس *ਨੀਮਰਸ* : ਅੱਧ-ਪੱਕਾ ਫੁੱਲ, ਪੰਛੀ ਜਿਸ ਦੇ ਪਰ ਉਡਣ ਵਾਲੇ ਨਾ ਹੋਏ ਹੋਣ; ਤੀਰ ਜੋ ਨਿਸ਼ਾਨੇ ਤੇ ਨਾ ਪੁੱਜਾ ਹੋਵੇ।

نیم‌رنگ *ਨੀਮ ਰੰਗ* : ਉਡਿਆ ਹੋਇਆ ਰੰਗ, ਫਿੱਕਾ ਰੰਗ, ਕੱਚਾ ਰੰਗ।

نیم‌رو *ਨੀਮ-ਰੂ* : ਇਕ ਪਾਸਾ ਗੋਲ ਤੇ ਇਕ ਚੌੜਾ (ਹੀਰੇ ਦਾ)।

نیم‌روز *ਨੀਮ-ਰੋਜ਼* : ਮੱਧ-ਦਿਵਸ, ਦੁਪੈਹਰ, ਸੀਸਤਾਨ(ਜ਼ਾਬਲਿਸਤਾਨ) ਦਾ ਮੁਲਕ।

نیم‌روزه *ਨੀਮ-ਰੋਜ਼ਾ* : ਅੱਧੇ ਦਿਨ ਦਾ, ਦੁਪੈਹਰ ਦਾ ਸਮਾਂ, ਰਾਗ ਦੀ ਇਕ ਸੁਰ ਦਾ ਨਾਮ।

نیم‌زال *ਨੀਮ-ਜ਼ਾਲ* : ਅੱਧਖੜ ਇਸਤਰੀ।

نیم‌زبان *ਨੀਮ-ਜ਼ਬਾਨ* : ਜੋ ਵਿਅਕਤੀ ਅਦਬ, ਡਰ ਜਾਂ ਸ਼ਰਮ ਕਰਕੇ ਪੂਰੀ ਗੱਲ ਨਾ ਕਰੇ।

نیم‌سال *ਨੀਮ-ਸਾਲ* : ਅੱਧਖੜ ਆਦਮੀ।

نیم‌سفت *ਨੀਮ-ਸੁਫ਼ਤ* : ਅੱਧ-ਵਿਧ, ਅਧੂਰੀ ਗੱਲ ਜਾਂ ਕਵਿਤਾ।

نیم‌سوخت *ਨੀਮ ਸੋਖ਼ਤ* : ਅਧ ਜਲਿਆ।

نیم‌سوخته *ਨੀਮ-ਸੋਖ਼ਤਾ* : ਸੜੇ ਹੋਏ ਕੱਪੜੇ ਦੀ ਲੀਰ।

نیم‌سوز *ਨੀਮ-ਸੋਜ਼* : ਅੱਧ-ਭੁੰਨਿਆ।

نیم‌سوزخر *ਨੀਮ-ਸੋਜ਼ ਖ਼ਰ* : ਹਬਸ਼ੀ।

نیم‌سیر *ਨੀਮ-ਸੇਰ* : ਅੱਧ-ਰੱਜਿਆ; ਅੱਧ-ਭੁੱਖਾ।

نیم‌شکری *ਨੀਮਸ਼ਕਰੀ* : ਇਕ ਪਰਕਾਰ ਦੀ ਮਿਠਿਆਈ।

نیم‌فسرده *ਨੀਮ-ਫ਼ੁਸੁਰਦਾ* : ਅੱਧ-ਜੰਮਿਆ।

نیم‌کار *ਨੀਮਕਾਰ* : ਅਧੂਰਾ, ਮਜ਼ਦੂਰ, ਫਟਿਆ ਪੁਰਾਣਾ।

نیم‌کاره *ਨੀਮ ਕਾਰਾ* : ਮਜ਼ਦੂਰ, ਸ਼ਗਿਰਦ, ਅਧੂਰੀ ਚੀਜ਼।

نیم‌کاسه *ਨੀਮ-ਕਾਸਾ* : ਅਰਧ-ਚੰਦਰਮਾ ਵਰਗਾ ਲੱਕੜ ਦਾ ਪਿਆਲਾ।

نیم‌کاسه‌درزیرکاسه‌داشتن *ਨੀਮ ਕਾਸਾ ਦਰ ਜ਼ੇਰ-ਏ-ਕਾਸਾ ਦਾਸ਼ਤਨ* : ਠੱਗੀ, ਫਰੇਬ ਕਰਨਾ।

نیم‌کت *ਨੀਮਕਤ* : (=ਨੀਮ ਤਖ਼ਤ (نیم‌تخت) ਅਰਾਮ ਕੁਰਸੀ।

نیم‌کش *ਨੀਮ-ਕਸ਼* : ਅੱਧਾ ਅੰਦਰ, ਅੱਧਾ ਬਾਹਰ, ਓਹ ਤੀਰ ਜਾਂ ਤਲਵਾਰ ਜੋ ਪੂਰੀ ਬਾਹਰ ਨਾ ਕੱਢੀ ਗਈ ਹੋਵੇ।

نیم‌کشت *ਨੀਮ-ਕੁਸ਼ਤ* : ਅੱਧ-ਮੋਇਆ, ਅੱਧ-ਮਰਿਆ, ਘਾਇਲ।

نیم‌کور *ਨੀਮ-ਕੂਜ਼* : ਕੁੱਬਾ।

نیم‌گرم *ਨੀਮ-ਗਰਮ* : ਕੋਸਾ।

نیم‌گنه *ਨੀਮ-ਗੁਨਹ* : ਮਮੂਲੀ ਭੁੱਲ ਜਾਂ ਗਲਤੀ।

نیم‌لحظه *ਨੀਮ-ਲਹਜ਼ਾ* : ਛਿਣ-ਪਲ, ਝਟ ਪਲ ਕੁ ਦਾ।

نیم‌مرده *ਨੀਮ ਮੁਰਦਾ* : ਅਧ-ਮੋਇਆ।

نیم‌مست *ਨੀਮ-ਮਸਤ* : ਅੱਧਾ ਬੇਹੋਸ਼, ਬੇਸੁਰਤ।

نیمه *ਨੀਮਃ* : ਅੱਧਾ, ਅਧੂਰਾ,ਪਾਸਾ, ਤਰਫ, ਦਿਸ਼ਾ; ਮੂੰਹ ਤੇ ਲੈਣ ਵਾਲਾ ਬੁਰਕਾ ਜਿਸ ਵਿਚੋਂ ਕੇਵਲ ਅੱਖਾਂ ਦਿਸਣ; ਹੇਠਾਂ ਪਾਉਣ ਵਾਲਾ ਛੋਟਾ ਕੱਪੜਾ; ਰਾਜ ਮਿਸਤਰੀਆਂ ਦੀ ਅੱਧੀ ਗੋ।

نیمہآستین ***ਨੀਮਾ-ਆਸਤੀਨ*** : ਅੱਧੀਆਂ ਬਾਹਾਂ ਵਾਲਾ, ਇਕ ਪਰਕਾਰ ਦੀ ਜੈਕਟ।

نیمہپر ***ਨੀਮਾ-ਪੁਰ*** : ਅੱਧ-ਭਰਿਆ।

نیمہراہ ***ਨੀਮਾ-ਰਾਂਹ*** : ਅੱਧਵਾਟੇ, ਪਗਡੰਡੀ, ਫੁਟਪਾਥ।

نیمہزور ***ਨੀਮਾ ਰੂਜ਼*** : ਦੁਪੈਹਰ।

نیمہشام ***ਨੀਮਾ ਸ਼ਾਮ*** : ਲੌਂਦਾ ਵੇਲਾ, ਸ਼ਾਮ।

نیمہقندیل ***ਨੀਮਾ ਕਿੰਦੀਲ*** : ਏਕਮ ਦਾ ਚੰਦ, ਨਵਾਂ ਚੰਦ।

نیمہکارہ ***ਨੀਮਾ-ਕਾਰਾ*** : ਅੱਧਾ ਮੁਕਾਇਆ ਕੰਮ, ਹੰਢਿਆ ਵਰਤਿਆ, ਪੁਰਾਣਾ।

نیمہھلال ***ਨੀਮਾ ਹਿਲਾਲ*** : ਮਸ਼ੂਕ ਦਾ ਹੋਠ।

نینوئ ***ਨੈਨਵਾ*** : ਇਕ ਪਰਸਿੱਧ ਸ਼ੈਹਰ ਦਾ ਨਾਮ। (نینوا)

نی نی ***ਨੈ ਨੈ*** : ਨਹੀਂ, ਨਹੀਂ।

نیو ***ਨੇਵ*** : ਬਹਾਦਰ, ਸੂਰਮਾ, ਜੋਧਾ, ਪੈਹਲਵਾਨ।

نیواد ***ਨੇਵਾਦ*** : ਦਲੇਰੀ, ਸੂਰਮਗਤੀ।

نیوزاد ***ਨੇਵਜ਼ਾਦ*** : ਸੂੱਰਮੇ ਦਾ ਪੁੱਤਰ।

نیومرد ***ਨੇਵਮਰਦ*** : ਬਹਾਦਰ ਆਦਮੀ, ਸੂਰਮਾ ਆਦਮੀ।

نیوار ***ਨੀਵਾਰ*** : ਅਕਾਸ਼ ।

نیوتش ***ਨੀਵਤਸ਼*** : ਭੋਗ ਕਰਨਾ।

نیوتور ***ਨੀਵਤੂਰ*** : ਅਭਮਾਨ, ਹੰਕਾਰ।

نیور ***ਨੀਵਰ*** : ਸ੍ਰਿਸ਼ਟੀ।

نیورِنیوار ***ਨੀਵਰ-ਏ-ਨੀਵਾਰ*** : ਸ੍ਰਿਸ਼ਟੀ, ਰਚਨਾ, ਅਕਾਸ਼ ਦੀ ਰਚਨਾ, ਤਾਰੇ, ਚੰਦ, ਸੂਰਜ, ਪੰਘ ਆਦਿ।

نیوراد ***ਨੀਵਰਾਦ*** : ਪਰਬੰਧ।

نیوشا ***ਨਿਯੋਸ਼ਾ*** : ਸੁਣਨ ਵਾਲਾ, ਸਰੋਤਾ, ਕੰਨ ਵਿਚ ਪਾਈ ਹੋਈ ਗੱਲ।

نیوہ ***ਨੀਵਾ*** : ਰੋਣ ਧੋਣ, ਵੈਣ, ਸ਼ੋਕ, ਸੋਗ।

و(ਵਾਉ)

و ***(ਵਾ/ਵਾਊ)*** : ਫ਼ਰਾਸੀ ਵਰਨਮਾਲਾ ਦਾ ਤੀਹਵਾਂ ਅਤੇ ਅਰਬੀ ਦਾ ਛੱਬੀਵਾਂ ਅੱਖਰ ਜਿਸ ਦੀ ਗਿਣਤੀ ਅਬਜਦ ਅਨੁਸਾਰ ਛੇ (6) ਨਿਸ਼ਚਤ ਹੈ।

و ***ਵ*** : (ਸੰਜੋਜਕ) ਜੋੜਣ ਵਾਲਾ, ਜਿਵੇਂ ਜਾਨ-ਵਾ-ਦਿਲ, ਤੇ, ਅਤੇ।

وا ***ਵਾ*** : (ਸੰਬੋਧਨੀ ਸ਼ਬਦ) ਸੁਣ, ਅਫ਼ਸੋਸ।

وا ***ਵਾ*** : ਖੁੱਲ, ਵਿਸ਼ਾਲ, ਖੁਲ੍ਹਾ ਹੋਇਆ, ਫੈਲਿਆ ਹੋਇਆ, ਵੱਖਰਾ, ਫੇਰ, ਮੁੜ ਕੇ, ਦੁਬਾਰਾ, ਫਿਰ ਪਿਛੋਂ, ਮਗਰੋ, ਨਾਲ, ਸਾਥ, ਵਾਵੇਲਾ, ਇਕ ਖਾਣਾ।

واآمدن ***ਵਾਆਮਦਨ*** : ਵਾਪਸ ਆਉਣਾ, ਪਰਤਣਾ।

وافتادن ***ਵਾ-ਉਫ਼ਤਾਦਨ*** : ਲੇਟੇ ਰੈਹਣਾ।

وایستادن ***ਵਾ-ਈਸਤਾਦਨ*** : ਠੈਹਰਨਾ, ਖਲੋਣਾ।

وابا ***ਵਾਬਾ*** : ਸਮਝਣ ਦੀ ਸ਼ਕਤੀ।

وابردن ***ਵਾ-ਬੁਰਦਨ*** : ਰੋਟੀ ਪਕਾਉਣ ਲਈ ਖ਼ਮੀਰ ਨੂੰ ਚੌੜਾ ਕਰਕੇ ਵੇਲਣਾ।

وابسته ***ਵਾਬਸਤਾ*** : ਬੱਝਾ ਹੋਇਆ, ਸਬੰਧਤ, ਸਬੰਧੀ, ਰਿਸ਼ਤੇਦਾਰ, ਨੌਕਰ, ਮੁਲਾਜ਼ਮ।

وابستگان ***ਵਾਬਸਤਗਾਨ*** : (ਵਾਬਸਤਾ **وابسته** ਦਾ ਬੌਹਵਚਨ) ਸਬੰਧਤ ਲੋਕ, ਘਰ ਦੇ ਸਬੰਧਤ ਲੋਕ, ਰਿਸ਼ਤੇਦਾਰ, ਸਾਕ ਸਬੰਧੀ।

وابستگی ***ਵਾਬਸਤਗੀ*** : ਸਬੰਧ, ਸਰੋਕਾਰ, ਵਾਸਤਾ।

وابو ***ਵਾਬੂ*** : ਸਮੁੰਦਰੀ ਜਹਾਜ਼।

وابور ***ਵਾਬੂਰ*** : ਸਟੀਮ ਇੰਜਨ, ਸਟੀਮਰ।

واپس ***ਵਾਪਸ*** : ਹਟਿਆ ਹੋਇਆ, ਫੇਰਿਆ ਹੋਇਆ, ਪਰਤਿਆ ਹੋਇਆ; ਪਰਤਾਇਆ ਹੋਇਆ; ਪਿਛੇ, ਮਗਰੋਂ, ਫਿਰ, ਦੁਬਾਰਾ, ਰੰਜ, ਸ਼ੋਕ, ਦੁੱਖ, ਤਕਲੀਫ਼।

واپسی ***ਵਾਪਸੀ*** : ਵਾਪਸ ਕੀਤੀ ਹੋਈ, ਫਿਰੀ ਹੋਈ, ਵਾਪਸ ਹੋਣ ਜਾਂ ਆਉਣ ਦੀ ਹਾਲਤ।

واپسین ***ਵਾਪਸੀਨ*** : ਪਿਛਲਾ, ਮਗਰਲਾ, ਅੰਤਮ, ਅਖ਼ੀਰਲਾ।

واتگر ***ਵਾਤਗਰ*** : ਫ਼ਰ ਕੋਟ ਬਣਾਉਣ ਵਾਲਾ; ਸ਼ਾਇਰ, ਕਵੀ, ਕਿੱਸਾਕਰ; ਇਕ ਨਦੀ ਦਾ ਨਾਮ।

واتر ***ਵਾਤਰ*** : ਬੌਹਤ ਦੂਰ।

واثق ***ਵਾਸਿਕ*** : ਪੱਕਾ।

واثق بالله ***ਵਾਸਿਕ ਬਿੱਲਾਹ*** : ਇਕ ਅੱਬਾਸੀ ਖ਼ਲੀਫ਼ੇ ਦਾ ਨਾਮ ਜੋ ਬੜਾ ਇਲਮ-ਦੋਸਤ ਅਤੇ ਬੁੱਧੀ ਜੀਵੀਆਂ ਦਾ ਕਦਰਦਾਨ ਸੀ। ਓਹ ਦਾਨੀ ਵੀ ਸੀ ਅਤੇ ਖੇਤੀਬਾੜੀ ਦੀ ਉੱਨਤੀ ਦਾ ਚਾਹਵਾਨ ਸੀ, ਓਹ ੨੨੮ ਹਿਜਰੀ ਤੋਂ ੨੩੩ ਹਿਜਰੀ ਤਕ ਰਾਜ ਕਰਦਾ ਰਿਹਾ।

واجب ***ਵਾਜਿਬ*** : ਹਮੇਸ਼ਾ, ਸਦਾ, ਆਵਸ਼ਕ, ਯੋਗ, ਠੀਕ, ਜੋ ਆਪਣੀ ਹੋਂਦ ਲਈ ਦੂਜੇ ਦਾ ਮੁਥਾਜ ਨਾ ਹੋਵੇ, ਅੱਲਾਹ।

واجبات ***ਵਾਜਿਬਾਤ*** : (ਵਾਜਿਬ

واجب ਦਾ ਬੌਹਵਚਨ) ਜ਼ਰੂਰੀ ਤੇ ਉਚਿਤ ਚੀਜ਼ਾਂ।

واجب‌الادا ***ਵਾਜਿਬ-ਉਲ-ਅਦਾ*** : ਓਹ ਰਕਮ ਜਿਸ ਦਾ ਅਦਾ ਕਰਨਾ ਅਤਿ ਜ਼ਰੂਰੀ ਹੋਵੇ, ਬਕਾਇਦਾ ਰਕਮ।

واجب‌الاظہار ***ਵਾਜਿਬ-ਉਲ-ਇਜ਼ਹਾਰ*** : ਪਰਗਟ ਕਰਨਯੋਗ, ਦੱਸਣਯੋਗ।

واجب‌التسلیم ***ਵਾਜਿਬ-ਉਤ-ਤਸਲੀਮ*** : ਮੰਨਣਯੋਗ, ਮੰਨੀ ਹੋਈ।

واجب‌التعزیری ***ਵਾਜਿਬ-ਉਤ-ਤਅਜ਼ੀਰੀ*** : ਸਜ਼ਾਯੋਗ।

واجب‌التعظیم ***ਵਾਜਿਬ-ਉਤ-ਤਅਜ਼ੀਮ*** : ਇਜ਼ਤਯੋਗ।

واجب‌الرحم ***ਵਾਜਿਬ-ਉਰ-ਰਹਮ*** : ਰੈਹਮ ਦੇ ਯੋਗ।

واجب‌الرعایت ***ਵਾਜਿਬ-ਉਰ-ਰਿਆਯਤ*** : ਮਾਫ਼ੀ ਯੋਗ, ਰਿਆਇਤ ਦਾ ਹੱਕਦਾਰ।

واجب‌الزیارت ***ਵਾਜਿਬ-ਉਜ਼-ਜ਼ਿਯਾਰਤ*** : ਵੇਖਣ ਜਾਂ ਮੁਲਾਕਾਤ ਦੇ ਯੋਗ।

واجب‌الطلب ***ਵਾਜਿਬ-ਉਤ-ਤਲਬ*** : ਵਸੂਲ ਕਰਨ ਦੇ ਯੋਗ।

واجب‌العرض ***ਵਾਜਿਬ-ਉਲ-ਅਰਜ਼*** : ਬੇਨਤੀ ਯੋਗ, ਲਿਖਤੀ ਬੇਨਤੀ।

واجب‌القتل ***ਵਾਜਿਬ-ਉਲ-ਕਤਲ*** : ਕਤਲ ਕਰਨ ਦੇ ਯੋਗ।

واجب‌الوجود ***ਵਾਜਿਬ-ਉਲ-ਵੁਜੂਦ*** : ਜਿਸ ਦਾ ਹੋਣਾ ਜ਼ਰੂਰੀ ਹੈ, ਅੱਲਾਹ।

واجب‌الوصول ***ਵਾਜਿਬ-ਉਲ-ਵੁਸੂਲ*** : ਵਸੂਲ ਕਰਨ ਯੋਗ।

واجب‌ولازم ***ਵਾਜਿਬ-ਉ-ਲਾਜ਼ਿਮ*** : ਜ਼ਰੂਰੀ ਤੇ ਫ਼ਰਜ਼ਯੋਗ।

واجبی ***ਵਾਜਿਬੀ*** : ਓਹ ਗੱਲ ਜੋ ਸਹੀ ਤੇ ਠੀਕ ਹੋਵੇ, ਠੀਕ, ਮੰਨਣਯੋਗ, ਜ਼ਰੂਰੀ, ਯੋਗ; ਵਜੀਫ਼ਾ, ਰੋਜ਼ੀਨਾ।

واجد ***ਵਾਜਿਦ*** : ਪਰਾਪਤ ਕਰਨ ਵਾਲਾ, ਨਵੀਂ ਗੱਲ ਕੱਢਣ ਵਾਲਾ।

واحد ***ਵਾਹਿਦ*** ; ਇਕ, ਇੱਕਲਾ,ਅੱਲਾਹ ਦਾ ਨਾਮ।

واحدالعین ***ਵਾਹਿਦ-ਉਲ-ਐਨ*** : ਇਕ ਅੱਖ ਵਾਲਾ, ਕਾਣਾ।

واحدون ***ਵਾਹਿਦੂਨ*** : (ਵਾਹਿਦ واحد ਦਾ ਬੌਹਵਚਨ) ਇੱਕਲਿਆਂ ਦਾ ਜੁੱਟ।

واحدی ***ਵਾਹਿਦੀ*** : ਕੋਈ ਵੀ।

واحدیت ***ਵਾਹਿਦੀਯਤ*** : ਇਕ ਹੋਣਾ।

واحسرتا ***ਵਾਹਸਰਤਾ*** : ਹਾਏ, ਅਫ਼ਸੋਸ, ਸ਼ੋਕ।

واخ ***ਵਾਖ਼*** : ਓਹ ਗੁਮਾਨ ਜੋ ਯਕੀਨ ਦੇ ਨੇੜੇ ਹੋਵੇ, ਵਿਸ਼ਵਾਸ, ਸੱਚ, ਸਹੀ, ਖ਼ੂਬ; ਵਾਹ ਵਾਹ; ਪੂਰਬ, ਪੌਹ-ਫੁਟਾਲਾ।

واخواست ***ਵਾਖ਼ਾਸਤ*** : ਵਾਪਸ ਮੰਗਣਾ, ਹਿਸਾਬ ਲੈਣਾ, ਹਿਸਾਬ ਸਮਝਣਾ।

واُد ***ਵਆਦ*** : ਕਬਰ ਪੁੱਟਣਾ ਤੇ ਜਿਊਂਦੀ ਲੜਕੀ ਉਸ ਵਿਚ ਦੱਬ ਦੇਣਾ (ਆਦਿ ਵਾਸੀ ਅਰਬਾਂ ਵਿਚ ਭੈੜੀ ਰਸਮ) ਸਖ਼ਤ ਅਵਾਜ਼।

وادہ ***ਵਾਦਾ*** : ਹਰ ਚੀਜ਼ ਦਾ ਮੁੱਢ, ਮੂਲ, ਅਸਲ; ਆਪਣੀ ਵਡਿਆਈ ਲਈ ਰੌਲਾ ਪਾਉਣਾ।

وادی ***ਵਾਦੀ*** : ਘਾਟੀ, ਦੋ ਪਹਾੜਾਂ ਦੇ ਵਿਚਕਾਰਲੀ ਜ਼ਮੀਨ, ਪਹਾੜਾਂ ਤੇ ਟਿੱਲਿਆਂ ਦੇ ਵਿਚਕਾਰ ਖੁੱਲ੍ਹਾ ਰਸਤਾ, ਨੀਵੀਂ ਪਧਰੀ ਧਰਤੀ ਜਿਥੇ ਰੁੱਖ ਘੱਟ ਹੋਣ ਤੇ ਉਸ ਉਤੇ ਦਰਿਆ ਦਾ ਪਾਣੀ ਫਿਰਦਾ ਹੋਵੇ, ਜੰਗਲ, ਪਾਣੀ ਦੇ ਨਾਲੇ ਜਾਂ ਨਦੀ ਦੇ ਹੜ੍ਹ ਦੇ ਪਾਣੀ ਦਾ ਲਾਂਘਾ, ਰੇਗਸਤਾਨ ਵਿਚ ਹਰਿਆਲੀ ਥਾਂ।

وادیِ‌ایمن ***ਵਾਦੀ-ਏ-ਐਮਨ*** : ਓਹ ਵਾਦੀ ਜਾਂ ਜੰਗਲ ਜਿਸ ਵਿਚ ਹਜ਼ਰਤ ਮੂਸਾ ਨੇ ਰੱਬ ਦਾ ਨੂਰ ਵੇਖਿਆ ਸੀ, ਏਹ ਜੰਗਲ ਕੋਹ

ਤੂਰ ਦੇ ਸੱਜੇ ਪਾਸੇ ਹੈ, ਇਸ ਲਈ ਇਸ ਨੂੰ ਐਮਨ (ਸੱਜਾ) ਕੈਂਹਦੇ ਹਨ।

وادیِ خاموشان ***ਵਾਦੀ-ਏ-ਖ਼ਾਮੋਸ਼ਾਨ*** : ਗੂੰਗਿਆਂ ਦੀ ਵਾਦੀ, ਕਬਰਿਸਤਾਨ।

وادیِ عروس ***ਵਾਦੀ-ਏ-ਅਰੂਸ*** : ਇਕ ਜੰਗਲ ਦਾ ਨਾਮ ਜੋ ਮੱਕਾ ਸ਼ਰੀਫ਼ ਦੇ ਰਾਹ ਵਿਚ ਹੈ।

وادیِ مجنون ***ਵਾਦੀ-ਏ-ਮਜਨੂਨ*** : ਓਹ ਜੰਗਲ ਬੀਆਬਾਨ, ਜਿਸ ਵਿਚ ਮਜਨੂੰ ਅਰਥਾਤ ਕੈਸ-ਏ-ਆਮਰੀ ਫਿਰਦਾ ਰੈਂਹਦਾ ਸੀ।

وادی نورد ***ਵਾਦੀ-ਨਵਰਦ*** : ਜੰਗਲ ਬੀਆਬਾਨ ਦਾ ਸੈਲਾਨੀ।

وادیان ***ਵਾਦੀਯਾਨ*** : (ਬਾਦੀਆਨ) ਸੌਂਫ।

وار ***ਵਾਰ*** : ਢੰਗ, ਵਿਧੀ, ਵਰਗਾ, ਵਾਰੀ, ਨੌਬਤ, ਯੋਗ, ਰਸਮ, ਦਸਤੂਰ, ਆਦਤ, ਮਾਤਰਾ, ਭਾਰ, ਫ਼ਸਲ, ਮੌਸਮ; ਮਾਲਕ; ਸੁਆਦੀ; ਪਿਆਰ; ਮੁਹੱਬਤ।

وارث ***ਵਾਰਿਸ*** : ਮਰਨ ਵਾਲੇ ਦੇ ਮਾਲ ਦਾ ਸਹੀ ਹਕਦਾਰ, ਵਿਰਸੇ ਦਾ ਹੱਕਦਾਰ, ਜਾਇਦਾਦ ਆਦਿ ਦਾ ਮਾਲਕ, ਸੁਆਮੀ, ਰੱਬ ਦਾ ਇਕ ਨਾਮ।

وارثِ تاج و نگین ***ਵਾਰਿਸ-ਏ-ਤਾਜ-ਉ-ਨਗੀਨ*** : ਉਤਰਾਧਕਾਰੀ, ਟਿੱਕਾ, ਸ਼ੈਹਜ਼ਾਦਾ।

وارثِ داؤد ***ਵਾਰਿਸ-ਏ-ਦਾਊਦ*** ਹਜ਼ਰਤ ਸੁਲੇਮਾਨ।

وارثِ شرعی ***ਵਾਰਿਸ-ਏ-ਸ਼ਰਈ*** : ਕਨੂੰਨੀ ਵਾਰਸ, ਸਹੀ ਵਾਰਸ।

وارد ***ਵਾਰਿਦ*** : ਆਉਣ ਵਾਲਾ, ਪੌਂਹਚਣ ਵਾਲਾ, ਦੂਤ, ਚੰਗੀ ਖ਼ਬਰ ਲਿਆਉਣ ਵਾਲਾ, ਮੌਜੂਦ, ਹਾਜ਼ਰ; ਆਧੁਨਿਕ ਲੇਖਕ; ਮੈਹਮਾਨ; ਅਵਸਰ, ਘਟਨਾ; ਨਤੀਜਾ, ਪਰੀਣਾਮ।

وارد و صادر ***ਵਾਰਿਦ-ਉ-ਸਾਦਿਰ*** : ਆਉਣ ਜਾਣ ਵਾਲਾ, ਮੈਹਮਾਨ; ਮੁਸਾਫਰ।

واردات ***ਵਾਰਿਦਾਤ*** : (ਵਾਰਿਦ **وارد** ਦਾ ਬੌਹਵਚਨ) ਓਹ ਹਾਲ ਜੋ ਕਿਸੇ ਉਤੇ ਗੁਜ਼ਰੇ, ਬੀਤੀ ਹੋਈ, ਪੇਸ਼ ਆਈ ਹੋਈ ਘਟਨਾ।

واردن ***ਵਾਰਦਨ*** : ਰੂੰ ਵੇਲਣ ਦਾ ਵੇਲਣਾ।

وارستگی ***ਵਾਰਸਤਗੀ*** : ਅਜ਼ਾਦੀ, ਬੰਦ-ਖ਼ਲਾਸੀ, ਛੁਟਕਾਰਾ, ਬੌਹਲਤਾ।

وارسته ***ਵਾਰਸਤਾ*** : ਅਜ਼ਾਦ, ਸੁਤੰਤਰ।

وارسته مزاج ***ਵਾਰਸਤਾ-ਮਿਜ਼ਾਜ*** : ਅਜ਼ਾਦ ਮਿਜ਼ਾਜ, ਅਵਾਰਾ, ਬੇਪਰਵਾਹ।

وارفتگی ***ਵਾਰਫ਼ਤਗੀ*** : ਪਸ਼ੇਮਾਨੀ, ਪਛਤਾਵਾ, ਸ਼ਰਮਿੰਦਗੀ, ਆਪੇ ਤੋਂ ਬਾਹਰ ਹੋਣ ਦੀ ਹਾਲਤ, ਬੇਖ਼ਬਰੀ, ਬੇਖ਼ੁਦੀ, ਨਿਢਾਲ ਹੋਣਾ।

وارفتن ***ਵਾਰਫ਼ਤਨ*** : ਜਾਣਾ, ਛੁੱਟ ਜਾਣਾ।

وارفته ***ਵਾਰਫ਼ਤਾ*** : ਥੱਕਿਆ ਹੋਇਆ, ਥੱਕ ਟੁੱਟ ਕੇ ਚੂਰ ਹੋਇਆ ਹੋਇਆ, ਆਪੇ ਤੋਂ ਬਾਹਰ, ਬੇਮੁਹਾਰਾ, ਪਰੇਮੀ।

وارن/وارن/وارنج ***ਵਾਰਨ/ਵਾਰਿਨ/ਵਾਰੰਜ*** : ਕੂਹਣੀ।

وارون ***ਵਾਰੂਨ,*** **وارونه** ***ਵਾਰੂਨਾ,*** **وارون** ***ਵਾਜ਼ੂਨ,*** **وارگون** ***ਵਾਜ਼ਗੂਨ*** : ਉਲਟਾ, ਪੁੱਠਾ, ਅਭਾਗਾ, ਸੂਮ।

وارون بخت ***ਵਾਜ਼ੂਨ-ਬਖ਼ਤ*** : ਬਦਕਿਸਮਤ, ਅਭਾਗਾ।

واره ***ਵਾਰਾ*** : ਵੇਖੋ 'ਵਾਰ'।

واس ***ਵਾਸ*** : ਕਣਕ ਦੀ ਬੱਲੀ।

واسطه ***ਵਾਸਿਤ੍ਹਾ*** : ਵਿਚਕਾਰ, ਵਿਚਕਾਰਲਾ, ਵਿਚੋਲਾ; ਮਾਲਾ ਦਾ ਵਿਚਕਰਲਾ ਤੇ ਵੱਡਾ ਮੋਤੀ; ਦੂਤ; ਸਬੰਧ; ਮੰਤਵ, ਕਾਰਨ ; ਅਵਸਰ; ਊਠ ਦੇ ਕਜਾਵੇ ਦਾ ਅਗਲਾ ਹਿੱਸਾ, ਹੰਨਾ, ਸਰੋਕਾਰ, ਮਤਲਬ; ਵਸੀਲਾ; ਦੋਸਤੀ, ਬਗ਼ਦਾਦ ਤੇ ਬਸਰਾ ਵਿਚਕਾਰ ਇਕ ਸ਼ੈਹਰ।

واسطة العقد ***ਵਾਸਿਤਤੁਲਅਕਦ*** : ਮੋਤੀਆਂ ਦੇ ਹਾਰ ਵਿਚਲਾ ਸਭ ਤੋਂ ਵੱਡਾ ਤੇ ਬੌਹ-ਮੁਲਾ ਮੋਤੀ।

واسطی ***ਵਾਸਿਤੀ*** : ਵਾਸਿਤਾ ਸ਼ੈਹਰ ਨਾਲ

ਸਬੰਧਤ, ਵਾਸਿਤਾ ਦਾ ਵਾਸੀ, ਵਾਸਿਤ ਦਾ ਕਲਮ।

والسّلام ***ਵੱਸਲਾਮ*** : ਅਤੇ ਸਲਾਮ ਪੁਜੇ, ਤੇ ਸਲਾਮ ਹੈ।

واسوخت ***ਵਾਸੋਖ਼ਤ*** : ਘਿਰਨਾ, ਮੂੰਹ ਮੋੜਨਾ, ਓਹ ਸ਼ਿਅਰ ਜੇਹੜੇ ਮੁੱਸਦਿਸ ਦੇ ਤੌਰ ਤੇ ਲਿਖੇ ਜਾਂਦੇ ਹਨ ਤੇ ਓਹਨਾਂ ਵਿਚ ਮਸ਼ੂਕ ਦੀ ਸ਼ਿਕਾਇਤ, ਇਸ਼ਕ ਦੀ ਨਿੰਦਾ ਅਤੇ ਅਗੋਂ ਲਈ ਬੇਜ਼ਾਰੀ ਤੇ ਬੇਪਰਵਾਹੀ ਪਰਗਟ ਕੀਤੀ ਜਾਂਦੀ ਹੈ।

واسوختگی ***ਵਾਸੋਖ਼ਤਗੀ*** : ਜਲਨ, ਸੜਨ, ਲਿਖਣ ਸ਼ੈਲੀ ਦੀ ਸ਼ਕਤੀ।

واشامه ***ਵਾਸ਼ਾਮਾ*** : ਔਰਤਾਂ ਦੀ ਓੜ੍ਹਨੀ, ਚਾਦਰ, ਦੁਪੱਟਾ।

واشمه ***ਵਾਸ਼ਿਮਾ*** : ਓਹ ਔਰਤ ਜੋ ਦੂਜੀਆਂ ਔਰਤਾਂ ਦੇ ਹੱਥਾਂ ਪੈਰਾਂ ਉਤੇ ਸੂਈ ਨਾਲ ਤੋਤਲੇ ਬਣਾਉਂਦੀ ਹੈ।

واشه ***ਵਾਸ਼ਾ*** : ਪਰਸਿੱਧ ਸ਼ਿਕਾਰੀ ਪੰਛੀ, ਬਾਸ਼ਾ।

واصف ***ਵਾਸਿਫ਼*** : ਵਸਫ਼ ਕਰਨ ਵਾਲਾ, ਉਪਮਾ ਕਰਨ ਵਾਲਾ।

واصفی ***ਵਾਸਿਫ਼ੀ*** : ਫ਼ਾਰਸੀ ਦੇ ਇਕ ਪਰਸਿੱਧ ਸ਼ਾਇਰ ਦਾ ਨਾਮ।

واصل ***ਵਾਸਿਲ*** : ਮਿਲਣ ਵਾਲਾ, ਮਿਲਿਆ ਹੋਇਆ, ਜੁੜਿਆ ਹੋਇਆ।

واصلات ***ਵਾਸਿਲਾਤ*** : (ਵਾਸਿਲ ਦਾ ਬੌਹਚਵਨ) ਵਸੂਲੀਆਂ, ਜੁੜੀ ਹੋਈ ਰਕਮ ਦਾ ਹਿਸਾਬ।

واصل باقی ***ਵਾਸਿਲ ਬਾਕੀ*** : ਵਸੂਲ ਕੀਤੀ ਤੇ ਬਾਕੀ ਰਕਮ।

واضح ***ਵਾਜ਼ਿਹ*** : ਪਰਗਟ, ਖੁੱਲ੍ਹਾਂ ਹੋਇਆ, ਪਰਗਟ ਤੋਰ ਤੇ, ਵੇਰਵੇ ਸੈਹਤ, ਸਵੇਰ ਦਾ ਤਾਰਾ।

واضع ***ਵਾਜ਼ਿਅ*** : ਰੱਖਣ ਵਾਲਾ, ਕਿਸੇ ਚੀਜ਼ ਨੂੰ ਉਸ ਦੀ ਥਾਂ 'ਤੇ ਰੱਖਣ ਵਾਲਾ, ਤਰਤੀਬ ਦੇਣ ਵਾਲਾ, ਬਣਾਉਣ ਵਾਲਾ, ਪੈਦਾ ਕਰਨ ਵਾਲਾ।

واضع القانون ***ਵਾਜ਼ਿਅ-ਉਲ-ਕਾਨੂਨ*** : ਕਨੂੰਨ ਬਣਾਉਣ ਵਾਲਾ, ਵਿਧਾਨ ਸਭਾ ਦੇ ਮੈਂਬਰ, ਵਿਧਾਇਕ।

واضع چار کتاب ***ਵਾਜ਼ਿਅ ਚਾਰ ਕਿਤਾਬ*** : ਓਹ ਚਾਰ ਧਰਮ ਗਰੰਥ ਜੇਹੜੇ ਰੱਬ ਨੇ ਨਾਜ਼ਿਲ ਫ਼ਰਮਾਏ 'ਜ਼ਬੂਰ' ਹਜ਼ਰਤ ਦਾਊਦ ਪੁਰ 'ਤੌਰਾਤ' ਹਜ਼ਰਤ ਮੂਸਾ, ਤੇ 'ਅੰਜੀਲ' ਹਜ਼ਰਤ ਈਸਾ 'ਤੇ ਅਤੇ ਕੁਰਾਨ ਹਜ਼ਰਤ ਮੁਹੰਮਦ ਸਾਹਿਬ ਉਤੇ।

واضعین ***ਵਾਜ਼ਿਅਨ*** : ਵਾਜ਼ਿਅ **واضع** ਦਾ ਬੌਹਵਚਨ।

واعظ ***ਵਾਇਜ਼*** : ਵਾਅਜ ਕਰਨ ਵਾਲਾ, ਨਸੀਹਤ ਕਰਨ ਵਾਲਾ, ਇਮਾਮ, ਪਰਚਾਰਕ, ਉਪਦੇਸ਼ਕ।

واعی ***ਵਾਈ*** : ਨਿਗਾਹ ਰੱਖਣ ਵਾਲਾ, ਨਿਗਰਾਨ, ਯਾਦ ਰੱਖਣ ਵਾਲਾ।

واف ***ਵਾਫ਼*** : ਪੜ੍ਹਨ/ਗਾਉਣ ਵਾਲਾ, ਬੁਲਬੁਲ।

وافد ***ਵਾਫ਼ਿਦ*** : ਕਿਸੇ ਵਿਸ਼ੇਸ਼ ਸੰਦੇਸ਼ ਨੂੰ ਲੈ ਜਾਣ ਵਾਲਾ, ਕਾਸਦ, ਦੂਤ; ਊਠਣੀ ਸਵਾਰ।

وافر ***ਵਾਫ਼ਿਰ*** : ਬੌਹਤ ਜ਼ਿਆਦਾ, ਚੋਖਾ, ਜ਼ਿਆਦਾ, ਵਾਧੂ, ਅਮੀਰ; ਖ਼ੁਸ਼ਹਾਲ।

وافی ***ਵਾਫ਼ੀ*** : ਪੂਰਾ, ਬਚਨ ਪਾਲਣ ਵਾਲਾ, ਬਚਨ ਦਾ ਪੱਕਾ, ਵਾਇਦਾ ਪੂਰਾ ਕਰਨ ਵਾਲਾ।

واقصّه ***ਵਾਕੱਸਾ*** : ਮੱਕਾ ਸ਼ਰੀਫ਼ ਦੇ ਰਾਹ ਵਿਚ ਇਕ ਪੜਾ ਦਾ ਨਾਮ।

واقع ***ਵਾਕਿਅ*** : ਹੋਣ ਵਾਲਾ, ਵਾਪਰਨ ਵਾਲਾ, ਡਿਗਣ ਵਾਲਾ, ਠੀਕ, ਸਚ, ਸਹੀ।

واقعاً ***ਵਾਕਿਅਨ*** : ਵਾਸਤਵ ਵਿਚ, ਦਰਅਸਲ, ਅਸਲ ਵਿਚ।

واقع نگار ***ਵਾਕਿਅ-ਨਿਗਾਰ*** : ਹਾਲਾਤ ਲਿਖਣ ਵਾਲਾ, ਪਤਰਕਾਰ, ਇਤਹਾਸਕਾਰ।

واقعات ***ਵਾਕਿਆਤ*** : (ਵਾਕਿਅ **واقعه** ਦਾ ਬੌਹਵਚਨ) ਘਟਨਾਵਾਂ।

واقعه ***ਵਾਕਿਆ*** : ਸੂਫ਼ਨਾ, ਘਟਨਾ,

ਵਾਰਦਾਤ, ਜੰਗ, ਲੜਾਈ, ਸਖ਼ਤੀ, ਪਰਲੋ, ਮਿਰਤੂ, ਹਾਲ, ਖ਼ਬਰ, ਕੁਰਾਨ ਮਜੀਦ ਦੀ ਇਕ ਸੂਰਤ ਦਾ ਨਾਮ।

واقعه‌دیده ***ਵਾਕਿਆ-ਦੀਦਾ*** : ਤਜਰਬੇ-ਕਾਰ।

واقعه‌طلب ***ਵਾਕਿਆ-ਤਲਬ*** : ਲੜਾਕਾ, ਝਗੜਾਲੂ, ਫ਼ਸਾਦੀ।

واقعه‌نگار ***ਵਾਕਿਆ-ਨਿਗਾਰ*** : ਅਖ਼ਬਾਰਨਵੀਸ, ਪੱਤਰਕਾਰ।

واقعی ***ਵਾਕਿਈ*** : ਸਹੀ, ਠੀਕ, ਸੱਚ ਮੁੱਚ।

واقعیت ***ਵਾਕਿਈਯਤ*** : ਸਚਾਈ, ਹੋਂਦ।

واقف ***ਵਾਕਿਫ਼*** : ਖੜ੍ਹਾ ਹੋਣ ਵਾਲਾ, ਜਾਣਨ ਵਾਲਾ, ਹਾਲਾਤ ਤੋਂ ਜਾਣੂ, ਜਿਸ ਨੂੰ ਸਭ ਕਿਸੇ ਦੀ ਖ਼ਬਰ ਹੋਵੇ, ਵਿਸ਼ੇਸ਼ਗ, ਤਜਰਬੇਕਾਰ, ਆਪਣੀ ਜਾਇਦਾਦ ਵਕਫ਼ ਲਈ ਛੱਡ ਜਾਣ ਵਾਲਾ।

واقف‌الحال ***ਵਾਕਿਫ਼-ਉਲ-ਹਾਲ, ਵਾਕਿਫ਼-ਏ-ਹਾਲ*** : ਹਾਲ ਤੋਂ ਜਾਣੂ, ਭੇਤੀ, ਸਿਆਣਾ, ਤਜਰਬੇਕਾਰ।

واقف‌باش ***ਵਾਕਿਫ਼ਬਾਸ਼*** : ਖ਼ਬਰਦਾਰ ਹੋ, ਹੋਸ਼ ਕਰ, ਸਾਵਧਾਨ।

واقف‌کار ***ਵਾਕਿਫ਼ਕਾਰ*** : ਕੰਮ ਤੋਂ ਵਾਕਫ਼, ਕੰਮ ਜਾਣਨ ਵਾਲਾ, ਤਜਰਬੇਕਾਰ, ਜਿਸ ਨੇ ਦੁਨੀਆ ਵੇਖੀ ਹੋਵੇ।

واقف‌کاری ***ਵਾਕਿਫ਼ਕਾਰੀ*** : ਤਜਰਬਾ, ਗਿਆਨ, ਜਾਣ-ਪਛਾਣ।

واقفیت ***ਵਾਕਿਫ਼ੀਯਤ*** : ਜਾਣ-ਪਛਾਣ, ਗਿਆਨ, ਸ਼ਨਾਖ਼ਤ, ਜਾਣਕਾਰੀ, ਤਜਰਬੇਕਾਰੀ, ਮਹਾਰਤ।

واکردن ***ਵਾਕਰਦਨ*** : ਖੋਲ੍ਹ ਦੇਣਾ, ਛੱਡ ਦੇਣਾ, ਅਜ਼ਾਦ ਕਰ ਦੇਣਾ, ਕੱਟਣਾ, ਜੁਦਾ ਕਰਨਾ, ਅੱਡ ਕਰਨਾ।

واکشیدن ***ਵਾਕਸ਼ੀਦਨ*** : ਕਮਾਨ ਆਦਿ ਦਾ ਖ਼ੂਬ ਖਿੱਚਣਾ, ਹੀਲ ਜਾਂ ਜ਼ਬਰਦਸਤੀ ਨਾਲ ਕੋਈ ਚੀਜ਼ ਲੈਣਾ, ਲੇਟਣਾ, ਲੰਮੇ ਪੈ ਜਾਣਾ।

واگذارکردن ***ਵਾਗੁਜ਼ਾਰ ਕਰਦਨ*** : ਦੇ ਦੇਣਾ ਦੂਜੇ ਨੂੰ ਦੇਣਾ।

واگذاشتن ***ਵਾਗੁਜ਼ਾਸ਼ਤਨ*** : ਰੱਬ ਵਾਸਤੇ ਛੱਡ ਦੇਣਾ (ਧਨ ਮਾਲ)।

واگردانیدن ***ਵਾਗਰਦਾਨੀਦਨ*** : ਮੁੜਨਾ, ਪਿੱਛੇ ਮੁੜਨਾ।

واگردیدن ***ਵਾਗਰਦੀਦਨ*** : ਅੰਤਰਮੁਖੀ ਹੋਣਾ।

واگرفتن ***ਵਾਗਰਿਫ਼ਤਨ*** : ਵਾਪਸ ਲੈਣਾ, ਖੋਹ ਲੈਣਾ, ਹਟਾ ਲੈਣਾ।

واگرنه ***ਵਾਗਰਨਾ*** : (ਵਗਰਨਾ) ਨਹੀਂ ਤਾਂ।

واگفتن ***ਵਾਗੁਫ਼ਤਨ*** : ਝਾੜ ਪਾਉਣਾ, ਮੰਦਾ ਚੰਗਾ ਕਹਿਣਾ।

واگیر ***ਵਾਗੀਰ*** : ਕੁਸ਼ਤੀ ਦੀ ਇਕ ਵਰਜ਼ਸ਼, ਕੁਸ਼ਤੀ ਦਾ ਇਕ ਦਾਅ।

والا ***ਵਾਲਾ*** : ਉਚਾ, ਵੱਡਾ, ਬਜ਼ੁਰਗ, ਇਜ਼ੱਤ ਕਰਨ ਵਾਲਾ, ਬਜ਼ੁਰਗ; ਕੱਦਕਾਠ, ਡੀਲ-ਡੌਲ, ਮਕਾਨ ਦੀ ਛੱਤ; ਕੰਧ ਦਾ ਰੱਦਾ; ਇਕ ਪਰਕਾਰ ਦਾ ਰੇਸ਼ਮੀ ਕੱਪੜਾ।

والاجاه ***ਵਾਲਾ-ਜਾਹ*** : ਉਚੇ ਮਰਤਬੇ ਵਾਲਾ।

والاشان ***ਵਾਲਾ-ਸ਼ਾਨ,*** **والاقدر** ***ਵਾਲਾ-ਕਦਰ*** : ਉਚੀ ਸ਼ਾਨ ਵਾਲਾ, ਵੱਡੀ ਕਦਰ ਵਾਲਾ।

والامناقب ***ਵਾਲਾ-ਮਨਾਕਿਬ*** : ਉਚੇ ਗੁਣਾਂ ਵਾਲਾ।

والامنزلت ***ਵਾਲਾ-ਮਨਜ਼ਿਲਤ*** : ਉਚੀ ਪਦਵੀ ਵਾਲਾ, ਮਹਾਨ (ਹਜ਼ਰਤ ਮੁਹੰਮਦ ਲਈ)।

والامنش ***ਵਾਲਾ-ਮਨਿਸ਼*** : ਉਚੇ ਨੇਕ ਸੁਭਾ ਵਾਲਾ।

والائی ***ਵਾਲਾਈ*** : ਵਡਿਆਈ।

وِلّا ***ਵ-ਇੱਲਾ*** : ਹੋਰ ਨਹੀਂ ਤੇ; ਪਰ, ਫਿਰ ਵੀ, ਤਾਂ ਵੀ, ਅਤੇ ਜੇ ਨਹੀਂ।

والاد ***ਵਾਲਾਦ*** : ਛੱਤ, ਗੁੰਬਦ, ਕੱਚੀ ਇਮਾਰ਼ਤ, ਦੀਵਾਰ ਦਾ ਰਦਾ।

والادگر ***ਵਾਲਾਦਗਰ*** : ਰਦੇ ਲਾਉਣ ਵਾਲਾ, ਰਾਜ, ਮਿਸਤਰੀ।

والان ***ਵਾਲਾਨ*** : ਸੌਫ਼।

والانه ***ਵਾਲਾਨਾ*** : ਫੋੜਾ, ਜ਼ਖਮ।

والحاصل ***ਵਾਲਹਾਸਿਲ*** : ਗੱਲ ਕੀ, ਮੁਕਦੀ ਗੱਲ, ਸੰਖਿਪਤ ਰੂਪ ਵਿਚ।

والد ***ਵਾਲਿਦ*** : ਪਿਤਾ।

والده ***ਵਾਲਿਦਾ*** : ਮਾਂ, ਮਾਤਾ।

والدين ***ਵਾਲਿਦੈਨ*** : ਮਾਂ-ਬਾਪ, ਮਾਪੇ।

والدّعا ***ਵੱਦੂਆ*** : ਖ਼ੁਦਾ ਹਾਫ਼ਿਜ਼, ਰੱਬ ਰਾਖਾ।

والغانه ***ਵਲਗਾਨਾ***, **والغونه** ***ਵਲਗੂਨਾ*** : (ਗੁਲਗੂਨਾ **گلگونه**) ਉਬੱਟਨਾ, ਪਾਊਡਰ।

واله ***ਵਾਲਿਹ*** : ਪਰੇਮੀ, ਮੋਹਤ, ਹੈਰਾਨ ਪ੍ਰੇਸ਼ਾਨ, ਮਾਯੂਸ, ਪਿਆਰ ਵਿਚ ਪਾਗ਼ਲ।

واللّه ***ਵੱਲਾਹ*** : ਰੱਬ ਦੀ ਕਸਮ, ਸੌਂਹ ਰੱਬ ਦੀ।

واللّهاعلم ***ਵੱਲਾਹੁਅਅਲਮ*** : ਅਤੇ ਅੱਲਾਹ ਜ਼ਿਆਦਾ ਜਾਣਦਾ ਹੈ, ਤੇ ਰੱਬ ਨੂੰ ਸਭ ਪਤਾ ਹੈ, ਰੱਬ ਜਾਣੇ।

واللّهاعلمبالصواب ***ਵੱਲਾਹੁਅਅਲਮ-ਬਿੱਸਵਾਬ*** : ਅਤੇ ਰੱਬ ਹੀ ਚੰਗੀ ਤਰ੍ਹਾਂ ਜਾਣਦਾ ਹੈ।

والی ***ਵਾਲੀ*** : ਹਾਕਮ, ਮਾਲਕ, ਬਾਦਸ਼ਾਹ, ਨੇੜੇ ਦਾ ਰਿਸ਼ਤੇਦਾਰ, ਦੋਸਤ, ਸਰਪਰਸਤ, ਪਰਬੰਧਕ।

والیِسپهرپنجم ***ਵਾਲੀ-ਏ-ਸਿਪਿਹਰ-ਏ-ਪੰਜੁਮ***, **والیعقرب** ***ਵਾਲੀ-ਏ-ਅਕ਼ਰਬ*** : ਮੰਗਲ ਨਛੱਤਰ।

والیگری ***ਵਾਲੀਗਰੀ*** : ਮਾਲਕੀ, ਅਧਕਾਰ, ਪਰਾਪਤੀ।

وام ***ਵਾਮ*** : ਕਰਜ਼, ਉਧਾਰ, ਕਰਜ਼ਾ ਦੇਣਾ/ਲੈਣਾ, ਰੰਗ, ਵਰਗ।

وامخواه ***ਵਾਮਖ਼ਾਹ*** : ਦਿੱਤਾ ਹੋਇਆ ਕਰਜ਼ਾ ਮੰਗਣ ਵਾਲਾ, ਕਰਜ਼ਖ਼ਾਹ।

وامدار ***ਵਾਮਦਾਰ***, **وامی** ***ਵਾਮੀ*** : ਕਰਜ਼ਈ, ਦੇਣਦਾਰ।

واماند ***ਵਾਮਾਂਦ*** : ਬਾਕੀ ਰੈਹਣਾ, ਜ਼ਿੰਦਗੀ, ਕਿਆਮ।

واماندگان ***ਵਾਮਾਂਦਗਾਨ*** : (ਵਾਮਾਂਦਾ **وامانده** ਦਾ ਬੌਹਵਚਨ) ਪਿੱਛੇ ਰਹੇ ਰੋਏ।

واماندگی ***ਵਾਮਾਂਦਗੀ*** : ਪਿੱਛੇ ਰੈਹ ਜਾਣਾ, ਨਿਮਰਤਾ, ਥਕਾਵਟ।

وامانده ***ਵਾਮਾਂਦਾ*** : ਪਿੱਛੇ ਰਿਹਾ ਹੋਇਆ, ਥੱਕ ਕੇ ਰੈਹ ਗਿਆ ਹੋਇਆ, ਮਜਬੂਰ, ਬਚਿਆ ਹੋਇਆ, ਜੂਠ।

وامق ***ਵਾਮਿਕ*** : ਚਾਹੁਣ ਵਾਲਾ, ਆਸ਼ਕ, ਪਰੇਮੀ, ਅਰਬ ਦਾ ਪਰਸਿੱਧ ਪਰੇਮੀ-ਨਾਇਕ, ਜਿਸ ਦੀ ਪਰੇਮਕਾ 'ਅਜ਼ਰਾ' ਸੀ।

وان ***ਵਾਨ*** : ਵਰਗਾ, ਉਜੇਹਾ, ਸੁਰਖਿਅਕ, ਪਿਛੇਤਰ ਜੋ 'ਬਾਨ' ਜਾਂ ਰਾਖੇ ਦੇ ਅਰਥਾਂ ਵਿਚ ਆਉਂਦਾ ਹੈ, ਜਿਵੇਂ ਦਰਵਾਨ=ਦਰਬਾਨ, ਰਾਖਾ, 'ਰਜ਼ਵਾਨ' ਅੰਗੂਰਾਂ ਦੀਆਂ ਵੇਲਾਂ ਦਾ ਰਾਖਾ।

وانگریستن ***ਵਾ ਨਿਗਰੀਸਤਨ*** : ਵੇਖਣਾ।

وانمود ***ਵਾਨਮੂਦ*** : ਉਸ ਨੇ ਫੇਰ ਵਿਖਾਇਆ, ਪਰਗਟਾਵਾ, ਅਰਜ਼, ਬੇਨਤੀ।

وانمودن ***ਵਾਨਮੂਦਨ*** : ਪਰਗਟ ਕਰਨਾ, ਦੱਸਣਾ, ਬੇਨਤੀ ਕਰਨਾ।

واویلا ***ਵਾਵੈਲਾ*** : ਅਫ਼ਸੋਸ, ਸ਼ੋਕ, ਪੁਕਾਰ, ਹਾਲ-ਦੁਹਾਈ, ਰੋਣਾ-ਪਿੱਟਣਾ।

واه ***ਵਾਹ*** : ਪਰਸੰਸਾ ਤੇ ਸ਼ਾਬਾਸ਼ ਦਾ ਸ਼ਬਦ ਵਾਹ ਵਾਹ! ਖ਼ੂਬ! ਕੀ ਕੈਹਣੈ! ਸੁਬਹਾਨ ਅੱਲਾਹ! ਰੱਬ ਦੀਆਂ ਕੁਦਰਤਾਂ! ਆਫ਼ਰੀਨ।

واهواه ***ਵਾਹ ਵਾਹ*** : ਬੌਹਤ ਖ਼ੂਬ, ਸ਼ਾਬਾਸ਼।

واهب ***ਵਾਹਿਬ*** : ਹਿਬਾ ਕਰਨ ਵਾਲਾ, ਬਖ਼ਸ਼ਣ ਵਾਲਾ, ਦਾਨੀ, ਦੇਵਣਹਾਰ।

واهب الحاجات
ਵਾਹਿਬ-ਉਲ-ਹਾਜਾਤ : ਲੋੜਾਂ ਪੂਰੀਆਂ ਕਰਨ ਵਾਲਾ, ਰੱਬ।

واهب الوجود ***ਵਾਹਿਬ-ਉਲ-ਵੁਜੂਦ*** : ਹੋਂਦ ਬਖ਼ਸ਼ਣ ਵਾਲਾ।

واهله ***ਵਾਹਿਲਾ*** : ਹਜ਼ਰਤ ਨੂਹ ਦੀ ਬੀਵੀ ਦਾ ਨਾਮ।

واهم ***ਵਾਹਮ*** : (ਬਾਹਮ باهم) ਇੱਕਠੇ; ਇਕ ਸਮਾਨ, ਇਕੋ ਤਰ੍ਹਾਂ, ਪਿਛਾਂਹ ਨੂੰ, ਮੁਰਝਾਇਆ ਹੋਇਆ, ਲਪੇਟਿਆ ਹੋਇਆ।

واهم ***ਵਾਹਿਮ*** : ਵੈਹਮ ਕਰਨ ਵਾਲਾ।

واهمه ***ਵਾਹਿਮਾ*** : ਵੈਹਮ ਦੀ ਸ਼ਕਤੀ, ਸੋਚਣ ਦੀ ਸ਼ਕਤੀ, ਕਲਪਨਾ, ਡਰ, ਚਿੰਤਾ, ਫ਼ਿਕਰ।

واهی ***ਵਾਹੀ*** : ਬੇਹੂਦਾ, ਫ਼ਜ਼ੂਲ, ਕਮਜ਼ੋਰ, ਸੁਸਤ, ਢਿੱਲਾ।

واهیات ***ਵਾਹੀਯਾਤ*** : (ਵਾਹੀ واهی ਦਾ ਬੌਹਵਚਨ) ਬੇਹੂਦਾ ਤੇ ਫ਼ਜ਼ੂਲ ਗੱਲਾਂ।

واهیه ***ਵਾਹੀਯਾ*** : ਪਾਟਿਆ ਹੋਇਆ, ਖਿਲਰਿਆ ਹੋਇਆ, ਕੁਰਾਹੇ ਪਿਆ, ਭੁੱਲੜ, ਝੂਠਾ, ਅਸੱਤ, ਬੇਹੂਦਾ, ਬਕਵਾਸ।

وای ***ਵਾਯ*** : ਅਫਸੋਸ ਹੈ, ਕੁਰਾਹੇ ਪਿਆ, ਕੁਰਾਹੀਆ; ਬੋਲੀ।

وایاوای ***ਵਾਯਾਵਾਯ*** : ਰੋਣਾ, ਧੋਣਾ, ਵੈਣ, ਚੀਕ-ਪੁਕਾਰ।

وایا ***ਵਾਯਾ*** : ਅਵੱਸ਼ਕ, ਮਨੋਰਥ, ਮੁਰਾਦ, ਲੋੜ, ਜ਼ਰੂਰਤ; ਖੁੱਲ੍ਹਾ, ਚੌੜਾ, ਅਫ਼ੀਮ ਵਗੈਰਾ ਦੀ ਰੋਜ਼ਾਨਾ ਖੁਰਾਕ; ਮੁਕੱਦਮਾ।

وائی ***ਵਾਈ*** : ਜ਼ਰੂਰੀ; ਲੋੜੀਂਦਾ।

وایست ***ਵਾਯਿਸਤ*** : ਇੱਛਾ, ਹਾਜਤ, ਮੁਰਾਦ; ਮੁੱਕਦਮਾ; ਰੋਜ਼ ਦਾ ਅਮਲ, ਅਫ਼ੀਮ, ਆਦਿ।

وبا ***ਵਬਾ*** : ਮਹਾਮਾਰੀ, ਓਹ ਮੌਤ ਜੋ ਹਵਾ ਦੇ ਖ਼ਰਾਬ ਹੋ ਜਾਣ ਕਰਕੇ ਆਮ ਹੋਵੇ, ਜਿਵੇਂ ਹੈਜ਼ਾ, ਪਲੇਗ, ਆਦਿ।

وبال ***ਵਬਾਲ*** : ਸਖ਼ਤੀ, ਔਖਿਆਈ, ਜੰਜਾਲ, ਬਿਪਤਾ, ਭੈੜਾ ਅੰਤ, ਕਿਸੇ ਸਤਾਰੇ ਦਾ ਬੋਝ, ਭਾਰ।

وت ***ਵਤ*** : ਸਮੂਰ, ਪੋਸਤੀਨ।

وتگر ***ਵਤਗਰ*** : ਸਮੂਰ ਬਣਾਉਣ ਵਾਲਾ।

وتد ***ਵਤਦ*** : ਮੇਖ, ਕਿੱਲਾਂ, ਖੁੰਟੀ, ਲਾਠੀ, ਡੰਡਾ।

وتر ***ਵਤਰ*** : ਸਾਜ਼ ਦਾ ਤਾਰ, ਕਮਾਨ ਦਾ ਰੋਦਾ, ਕਮਾਨ ਦਾ ਚਿੱਲਾ।

وتیره ***ਵਤੀਰਾ*** : ਰਾਹ, ਦਸਤੂਰ, ਨੇਮ, ਅਸਲ, ਸੁਭਾ।

وثن ***ਵਸਨ*** : ਬੁੱਤ, ਮੂਰਤੀ।

وثنی ***ਵਸਨੀ*** : ਵੁਸੁਨ ਨਾਲ ਸਬੰਧਤ ਬੁਤ-ਪੂਜ, ਮੂਰਤੀ-ਪੂਜ।

وثوق ***ਵੁਸੂਕ*** : ਭਰੋਸਾ, ਵਿਸ਼ਵਾਸ਼, ਵਿਸ਼ਵਾਸ਼ ਕਰਨਾ, ਭਰੋਸਾ ਕਰਨਾ, ਪਕਿਆਈ, ਦ੍ਰਿੜਤਾ।

وثیق ***ਵਸੀਕ*** : ਪੱਕਾ, ਮਜ਼ਬੂਤ, ਦ੍ਰਿੜ।

وثیقه ***ਵਸੀਕਾ*** : ਸੰਧੀ, ਇਕਰਾਰ, ਪੱਕਾ ਅਹਿਦ; ਅਹਿਦਨਾਮਾ, ਤ-ਮੱਸਕ, ਪਰਨੋਟ, ਮਜ਼ਬੂਤੀ।

وثیقه‌وار ***ਵਸੀਕਾਵਾਰ*** : ਪਰਨੋਟ ਦਾ ਮਾਲਕ।

وثیقه‌نویس ***ਵਸੀਕਾ ਨਵੀਸ*** : ਤਮੱਸਕ ਲਿਖਣ ਵਾਲਾ, ਅਰਜ਼ੀ ਨਵੀਸ।

وجدان ***ਵਜਦਾਨ*** : ਤਰੰਗ, ਵਿਸਮਾਦ, ਮਸਤੀ, ਸੂਫ਼ੀਆਂ ਦੀ ਵਿਸ਼ੇਸ਼ ਪਾਰਭਾਸ਼ਕ ਸ਼ਬਦਾਵਲੀ ਅਨੁਸਾਰ 'ਬੇਖੁਦੀ ਦੀ ਹਾਲਤ' ਅਰਥਾਤ ਵਿਸਮਾਦ ਅਵਸਥਾ।

وجدان ***ਵਿਜਦਾਨ*** : ਅਨੁਭਵ ਕਰਨਾ, ਮੈਹਸੂਸ ਕਰਨਾ, ਪਤਾ ਲਾਉਣਾ, ਮਲੂਮ ਹੋਣਾ।

وجدانی ***ਵਿਜਦਾਨੀ*** : ਓਹ ਗੱਲ ਜੋ ਅਨੁਭਵ ਨਾਲ ਮੈਹਸੂਸ ਹੋਵੇ, ਅਨੁਭਵ।

وجدانیات ***ਵਿਜਦਾਨੀਯਾਤ*** : ਉਪਰੋਕਤ ਦਾ ਬੌਹਵਚਨ।

وجوب ***ਵੁਜੂਬ*** : ਅਵਸ਼ਕ ਹੋਣਾ, ਜ਼ਰੂਰੀ

ਹੋਣਾ, ਯੋਗ ਹੋਣਾ, ਅੱਲਾਹ ਦੀ ਜ਼ਾਤ।

وجود ***ਵਜੂਦ*** : ਮੰਤਵ ਹਾਸਲ ਕਰਨਾ, ਮਨੋਰਥ ਦੀ ਪਰਾਪਤੀ, ਪੈਦਾਇਸ਼, ਜ਼ਾਤ, ਹੋਂਦ, ਜ਼ਿੰਦਗੀ, ਸਰੀਰ, ਵਿਅਕਤੀ।

وجودسازِمعادن ***ਵਜੂਦ ਸਾਜ਼-ਏ-ਮਆਦਿਨ*** : ਕੀਮਤੀ ਪਥਰ ਬਣਾਉਣ ਵਾਲਾ; ਸੂਰਜ।

وجودِشماغنیمت است ***ਵਜੂਦ-ਏ-ਸ਼ੁਮਾ ਗ਼ਨੀਮਤ ਅਸਤ*** : ਤੁਹਾਡੀ ਹਾਜ਼ਰੀ ਖ਼ੁਸ਼ੀ ਦਾ ਕਾਰਣ ਹੈ।

وجودندارد ***ਵਜੂਦ-ਨ-ਦਾਰਦ*** : ਇਸ ਦੀ ਹੋਂਦ ਹੀ ਕੋਈ ਨਹੀਂ, ਹੈ ਹੀ ਨਹੀਂ।

وجوہ ***ਵਜੂਹ*** : (ਵਜਹ وجہ ਦਾ ਬੌਹਵਚਨ) ਚੇਹਰੇ, ਸ਼ਕਲਾਂ, ਸੂਰਤਾਂ, ਮੁੱਖ ਰੂਪ, ਸਬੱਬ, ਕਾਰਨ, ਮੁਖੀ ਲੋਕ, ਸਰਦਾਰ, ਬਜ਼ੁਰਗ ਦਲੀਲਾਂ, ਤਰਫ਼ਾਂ।

وجوہِخزانہ ***ਵਜੂਹ-ਏ-ਖ਼ਜ਼ਾਨਾ*** : ਖ਼ਜ਼ਾਨੇ ਦੀ ਰਕਮ।

وجہ ***ਵਜਹ*** : ਮੁਖੜਾ, ਮੂੰਹ, ਸ਼ਕਲ, ਸੂਰਤ, ਜ਼ਾਤ, ਤੌਰ ਤਰੀਕਾ, ਢੰਗ, ਰੂ-ਬ-ਰੂ, ਸਰਦਾਰ, ਮੁਖੀ, ਰੋਜ਼ੀ ਦਾ ਸੋਮਾ, ਰੋਜ਼ੀ, ਪਾਸਾ, ਤਰਫ਼, ਦਲੀਲ, ਨਕਦੀ, ਮਾਲ।

وجہِتسمیہ ***ਵਜਹ-ਏ-ਤਸਮੀਯਾ*** : ਨਾਮ ਰੱਖਣ ਦਾ ਸਬੱਬ।

وجہِحال ***ਵਜਹ-ਏ-ਹਾਲ*** : ਰੈਹਣ ਸੈਹਣ ਦਾ ਢੰਗ।

وجہِکفاف ***ਵਜਹ-ਏ-ਕਫ਼ਾਫ਼*** : ਜਿਊਣ ਲਈ ਲੋੜੀਂਦਾ ਗੁਜ਼ਾਰਾ।

وجہِمعاش ***ਵਜਹ-ਏ-ਮਆਸ਼***, وجہِمعیشت ***ਵਜਹ-ਏ-ਮਈਸ਼ਤ*** : ਰੈਹਣ ਤੇ ਰੁਜ਼ਗਾਰ ਦਾ ਸੋਮਾ, ਜਿਵੇਂ ਜ਼ਮੀਨ ਤਨਖ਼ਾਹ, ਆਦਿ।

وجھا ***ਵਜਹਾ*** : ਤਨਖ਼ਾਹ, ਪੈਨਸ਼ਨ, ਗੁਜ਼ਾਰਾ।

وجھت ***ਵਿਜਹਤ***, وجھا ***ਵਿਜਹਾ*** : ਓਹ ਸਥਾਨ ਜਿਸ ਵੱਲ ਮੂੰਹ ਕੀਤਾ ਜਾਵੇ, ਤਰਫ਼, ਪਾਸਾ, ਕਿਬਲਾ।

وجیہ ***ਵਜੀਹ*** : ਮਾਣ ਸਤਿਕਾਰ, ਅਧਿਕਾਰੀ, ਸਰਦਾਰ, ਮੁਖੀ, ਧਨਾਢ, ਸੁੰਦਰ, ਸੁੰਦਰ ਚੀਜ਼, ਯੋਗ।

وحد ***ਵਹਦ*** : ਇੱਕਲਿਆਂ, ਇਕ ਹੋਣਾ, ਇਕੋ ਇਕ, ਬੇਮਿਸਾਲ, ਅੱਡਰਾ, ਵੱਖਰਾ, ਨਿਆਰਾ।

وحدانی ***ਵਹਦਾਨੀ*** : ਇਕ ਰੱਬ ਵੱਲ ਸੰਕੇਤ, ਇਕ ਨਾਲ ਸਬੰਧ ਰੱਖਣ ਵਾਲਾ।

وحدانیت ***ਵਹਦਾਨੀਯਤ*** : 'ਵਾਹਿਦ' ਭਾਵ ਇਕੋ ਇਕ ਹੋਣਾ, ਰੱਬ ਦੀ ਏਕਤਾ, ਅੱਲਾਹ ਨੂੰ ਇਕ ਜਾਣਨ ਤੇ ਕਿਸੇ ਦੂਜੇ ਨੂੰ ਉਸ ਦਾ ਸ਼ਰੀਕ ਨਾ ਮੰਨਣਾ।

وحدت ***ਵਹਦਤ*** : ਇਕ ਹੋਣਾ, ਰੱਬੀ ਏਕਤਾ, ਅਦ੍ਵੈਤ।

وحدتِارادی ***ਵਹਦਤ-ਏ-ਇਰਾਦੀ*** : ਆਦਮੀਆਂ ਦਾ ਆਪਣੀ ਮਰਜ਼ੀ ਨਾਲ ਬਿਨਾ ਕਿਸੇ ਜਬਰ ਦੇ ਆਪਣੇ ਨਿਸ਼ਚੇ ਨਾਲ ਇਕ ਦਿਲ ਹੋਣਾ, ਜਿਵੇਂ ਇਕ ਨਬੀ ਦੀ ਉੱਮਤ ਦੇ ਲੋਕ।

وحدت الوجود ***ਵਹਦਤ-ਉਲ-ਵਜੂਦ*** : ਸੂਫ਼ੀਆਂ ਦੀ ਪਰਭਾਸ਼ਕ ਸ਼ਬਦਾਵਲੀ ਅਨੁਸਾਰ ਸਾਰੀ ਕਾਇਨਾਤ ਨੂੰ ਰੱਬ ਦਾ ਵਜੂਦ ਸਮਝਣਾ, ਜਿਵੇ ਬੁਲਬੁਲੇ, ਲੈਹਰ, ਕਤਰੇ ਤੇ ਡੂੰਘਾਈ ਨੂੰ ਪਾਣੀ ਹੀ ਸਮਝਣਾ।

وحدت پیشہ ***ਵਹਦਤ-ਪੇਸ਼ਾ*** : ਇਕੋ ਇਕ ਰੱਬ ਨੂੰ ਮੰਨਣ ਵਾਲਾ।

وحدت خانہ ***ਵਹਦਤ-ਖ਼ਾਨਾ*** : ਓਹ ਅਸਥਾਨ ਜਿਥੇ ਸੂਫ਼ੀ ਵਜਦ ਕਰਦੇ ਹਨ।

وحدتِقہر/قہری ***ਵਹਦਤ-ਏ-ਕਹਰ/ਕਹਰੀ*** : ਕਿਸੇ ਦੇ ਮਜਬੂਰ ਕਰਨ ਤੇ ਰੱਬ ਦੀ ਏਕਤਾ ਨੂੰ ਮੰਨਣਾ।

وحش ***ਵਹਸ਼*** : (ਵਹਸ਼ੀ وحشی ਦਾ ਬੌਹਵਚਨ) ਜੰਗਲੀ ਜਾਨਵਰ।

وحشان ***ਵਹਸ਼ਾਨ***, وحوش ***ਵੁਹੂਸ਼*** :

(ਵਹਸ਼ وحش ਦਾ ਬੌਹਵਚਨ) ਜੰਗਲੀ ਜਾਨਵਰ।

وحشت ਵਹਸ਼ਤ : ਆਦਮੀਆਂ ਤੋਂ ਘਿਰਨਾ, ਆਦਮੀਆਂ ਤੋਂ ਬਚਾ, ਨਫ਼ਰਤ, ਤਨਹਾਈ, ਇੱਕਲਾਪਣ, ਦੀਵਾਨਗੀ, ਜਨੂਨ, ਦੁਖ, ਤਕਲੀਫ਼, ਉਜਾੜ, ਬੀਆਬਾਨ, ਡਰ, ਭੈ, ਖ਼ੌਫ਼, ਭੜਕਾਹਟ, ਘਬਰਾਹਟ, ਪਸ਼ੂਪੁਣਾ।

وحشت آمیز ਵਹਸ਼ਤ-ਆਮੇਜ਼ : ਜੋ ਸੁਖਾਵਾਂ ਨਾ ਹੋਵੇ।

وحشت انگیز ਵਹਸ਼ਤ-ਅੰਗੇਜ਼,
وحشتناک ਵਹਸ਼ਤਨਾਕ : ਡਰਾਉਣਾ, ਭਿਆਨਕ।

وحشی ਵਹਸ਼ੀ : ਜੰਗਲੀ ਜਾਨਵਰ ਜੋ ਆਦਮੀ ਤੋਂ ਨੱਸੇ, ਦਰਿੰਦਾ, ਜੰਗਲੀ, ਉਜੱਡ।

وحشیت ਵਹਸ਼ੀਯਤ : ਵੈਹਸ਼ੀਪਣ, ਜੰਗਲੀਪਣ, ਜੰਗਲ।

وحشی شکار ਵਹਸ਼ੀ-ਸ਼ਿਕਾਰ : ਜੰਗਲੀ ਜਾਨਵਰਾਂ ਦਾ ਸ਼ਿਕਾਰੀ।

وحشی طبیعت ਵਹਸ਼ੀ-ਤਬੀਅਤ,
وحشی مزاج ਵਹਸ਼ੀ-ਮਿਜ਼ਾਜ,
وحشی نهاد ਵਹਸ਼ੀ-ਨਿਹਾਦ : ਜੰਗਲੀ ਸੁਭਾ ਵਾਲਾ, ਅਸਭਯ, ਅਸਮਾਜਕ।

وحل ਵਹਲ : ਚਿੱਕੜ, ਦਲਦਲ, ਖੋਭਾ।

وحول ਵਹੂਲ : (ਵਹਨ وحن ਦਾ ਬੌਹਵਚਨ) ਦਲਦਲਾਂ, ਖੋਭੇ।

وحی ਵਹੀ : ਸੰਕੇਤ ਕਰਨਾ, ਭੇਤ ਭਰੀ ਗੱਲ ਕੈਹਣਾ, ਧਾਰਮਕ ਗੱਲ ਕੈਹਣਾ, ਰੱਬ ਦਾ ਸਨੇਹਾ, ਖ਼ੁਦਾ ਦੇ ਓਹ ਹੁਕਮ ਜਾਂ ਸਨੇਹੇ ਜੇਹੜੇ ਨਬੀਆਂ 'ਤੇ ਉਤਰਦੇ ਹਨ, ਆਵੇਸ਼, ਬਾਣੀ, ਗਰੰਥ (ਧਾਰਮਕ)।

وحی ربانی ਵਹੀ-ਏ-ਰੱਬਾਨੀ : ਦੈਵੀ ਆਵੇਸ਼ ਵਿਸ਼ੇਸ਼ ਕਰਕੇ ਜੋ ਹਜ਼ਰਤ ਮੁਹੰਮਦ ਸਾਹਿਬ ਨੂੰ ਰੱਬ ਵੱਲੋਂ ਜਿਬਰੀਲ ਰਾਹੀਂ ਪਰਾਪਤ ਹੁੰਦਾ ਸੀ।

وحی منزل ਵਹੀ-ਏ-ਮੁਨਜ਼ਲ : ਓਹ ਵਹੀ ਜੇਹੜੀ ਉਤਾਰੀ ਗਈ ਭਾਵ ਕੁਰਾਨ ਮਜੀਦ।

وحید ਵਹੀਦ : ਇੱਕਲਾ, ਬੇਮਿਸਾਲ, ਬੇਨਜ਼ੀਰ, ਲਾਸਾਨੀ।

وحید العصر ਵਹੀਦ-ਉਲ-ਅਸਰ : ਸਮੇਂ ਦਾ ਬੇਨਜ਼ੀਰ, ਜਿਸ ਦਾ ਅਪਣੇ ਸਮੇਂ ਵਿਚ ਕੋਈ ਸਾਨੀ ਨਾ ਹੋਵੇ।

وخ ਵਖ਼ : ਵਾਹ ਵਾਹ! ਕਿਆ ਖ਼ੂਬ।

وخ وخ ਵਖ਼ਵਖ਼ : ਵਾਹ ਵਾਹ! ਕਿਡਾ ਸੋਹਣ, ਕੀ ਕੈਹਣੇ!

وخر ਵਖ਼ਰ : ਮਕਾਨ, ਸਥਾਨ।

وخش ਵਖ਼ਸ਼ : ਤੁਰਕਿਸਤਾਨ ਦੇ ਇਕ ਸ਼ੈਹਰ ਦਾ ਨਾਮ, ਘੋੜੇ ਦੀ ਇਕ ਬੀਮਾਰੀ।

وخشور ਵਖ਼ਸ਼ੂਰ : ਨਬੀ, ਰਸੂਲ, ਪੈਗ਼ੰਬਰ।

وخشور پند ਵਖ਼ਸ਼ੂਰਪੰਦ,
وخشور نهاد ਵਖ਼ਸ਼ੂਰ-ਨਿਹਾਦ : ਸ਼ਰੀਅਤ।

ود ਵੱਦ : ਹਜ਼ਰਤ ਨੂਹ ਦੀ ਕੌਮ ਦੇ ਇਕ ਬੁੱਤ ਦਾ ਨਾਮ ਜੋ ਮਰਦ ਦੀ ਸ਼ਕਲ ਦਾ ਸੀ; ਮੇਖ਼, ਖੂੰਟੀ।

وداد ਵਿਦਾਦ : ਦੋਸਤੀ, ਮਿਤਰਤਾ, ਪਿਆਰ, ਏਕਤਾ।

وداد ਵਦਾਦ : ਚਾਹਤ, ਤਮੰਨਾ।

وداع ਵਦਾਅ, ਵਿਦਾਅ : ਵਿਦਾ ਹੋਣਾ, ਰੁਖ਼ਤਸ ਹੋਣਾ, ਰਵਾਨਗੀ।

ودود ਵਦੂਦ : ਦੋਸਤ, ਮਿਤਰ, ਅੱਲਾਹ ਦਾ ਇਕ ਨਾਮ।

ودیعت ਵਦੀਅਤ : ਕਿਸੇ ਪਾਸ ਰਖੀ ਰਕਮ ਜਾਂ ਸ਼ੈ, ਅਮਾਨਤ, ਸੁਪੁਰਦਗੀ।

ور ਵਰ : (ਬਰ بر) ਉਪਰ, ਉਤੇ।

ور ਵਰ : (=ਵ+ਅਗਰ و+اگر) ਤੇ ਜੇਕਰ, ਗਰਮੀ, ਬਚਿਆਂ ਨੂੰ ਸਿਖਿਆ ਦੇਣ ਦਾ ਤਖ਼ਤਾ, ਬੋਰਡ।

ورا ਵਰਾ : (=ਊ +ਰਾ اورا) ਉਸ ਨੂੰ।

ورا ਵਰਾ : ਪਿਛੇ, ਪਿਛਲੇ ਪਾਸੇ, ਪਰ੍ਹਾਂ, ਪਰ੍ਹੇ,

ਬਿਨਾ, ਛੁੱਟ, ਸਿਵਾਏ।

وری ਵਰਾ : ਮਾਨਵ, ਮਨੁੱਖ ਜਾਤੀ।

وراثت ਵਿਰਾਸਤ : ਵਿਰਸੇ ਵਿਚ ਮਾਲ, ਜਾਇਦਾਦ, ਆਦਿ ਮਿਲਣਾ, ਮੁਰਦੇ ਦੇ ਮਾਲ ਦਾ ਵਾਰਸ ਹੋਣਾ, ਵਿਰਸਾ।

وراز ਵਰਾਜ਼, ਵੱਰਾਜ਼, ਵੁਰਾਜ਼ : ਵੱਡਾ ਸੂਰ।

وراغ ਵਰਾਗ : ਅੱਗ ਦਾ ਭਬਾਕਾ, ਲਾਟ, ਰੋਸ਼ਨੀ।

ورّاق ਵੱਰਾਕ਼ : ਵਰਕ ਬਣਾਉਣ ਵਾਲਾ, ਕਾਗਜ਼ ਕੁੱਟਣ ਵਾਲਾ, ਕਗਜ਼ -ਕੁੱਟ, ਲਿਖਣ ਵਾਲਾ, ਮੁਹਰੱਰ, ਧਨਾਢ, ਵਰਕਿਆਂ ਦਾ ਭਰਿਆ ਹੋਇਆ।

وراق ਵਰਾਕ਼ : ਜ਼ਮੀਨ ਦੀ ਬਨਸਪਤੀ, ਹਰਿਆਵਲ।

وراںبر ਵਰਾਂਬਰ : ਪਾਸਾ, ਉਸ ਪਾਸੇ, ਉਸ ਪਾਰ।

ورائےپست وبلند ਵਰਾ-ਏ-ਪਸਤ-ਓ-ਬੁਲੰਦ : ਅਸਮਾਨ, ਅਣਦਿਸਦੀ ਦੁਨੀਆ।

ورپوشنہ ਵਰ ਪੋਸ਼ਨਾ, ورپوشہ ਵਰ ਪੋਸ਼ਾ : ਚੁੰਨੀ, ਦੁਪੱਟਾ, ਓੜ੍ਹਨੀ, ਚਾਦਰ, ਤੌਲੀਆ, ਰੁਮਾਲ।

ورت ਵਰਤ : ਨੰਗਾ, ਬਸਤਰਹੀਣ।

ورتاج ਵਰਤਾਜ : ਅੱਗ-ਪੂਜ, ਸੂਰਜ ਦੀ ਪੂਜਾ ਕਰਨ ਵਾਲਾ; ਸੂਰਜਮੁਖੀ ਦਾ ਫੁੱਲ, ਨੀਲੋਫ਼ਰ ਦਾ ਫੁੱਲ, ਕੰਵਲ ਦਾ ਫੁੱਲ।

ورتیج ਵਰਤੀਜ : ਬਟੇਰਾ, ਚੌਖਟ, ਸਰਦਲ।

ورثہ ਵਰਸਾ, وُرَثا ਵੁਰਸਾ : (ਵਾਰਿਸ وارث ਦਾ ਬੌਹਵਚਨ) ਵਿਰਾਸਤ ਪਰਾਪਤ ਕਰਨ ਵਾਲੇ, ਵਾਰਸ।

ورج ਵਰਜ : ਮਾਣ-ਸਤਕਾਰ, ਬਜ਼ੁਰਗੀ, ਮਰਤਬਾ, ਕਦਰ; ਪੁੱਟਣਾ, ਸਖ਼ਤ।

ورچہ ਵਰਚਿਹ : (ਅਗਰਚਿਹ اگرچہ) ਭਾਂਵੇਂ।

ورخرچ ਵਰਖ਼ਰਚ : ਫ਼ਜ਼ੂਲ ਖ਼ਰਚ, ਬੌਹਤਾ ਖ਼ਰਚ ਕਰਨ ਵਾਲਾ।

ورخوردن ਵਰ ਖ਼ੁਰਦਨ : ਮਿਲਣਾ, ਮੁਲਾਕਾਤ ਕਰਨਾ।

ورد ਵਰਦ : ਗੁਲਾਬ ਦਾ ਫੁੱਲ, ਫੁੱਲ-ਪੱਤੀ।

وردمرّبٰی ਵਰਦ ਮੁਰੱਬਾ : ਗੁਲਕੰਦ।

وردہ ਵਰਦਾ : ਗੁਲਾਬ ਦੇ ਫੁੱਲ ਦੀ ਰੰਗਤ।

وردی ਵਰਦੀ : ਗੁਲਾਬੀ।

ورد ਵਿਰਦ : ਪਾਠ ਜੋ ਰੋਜ਼ ਕੀਤਾ ਜਾਵੇ, ਰੋਜ਼ ਦਾ ਕੰਮ, ਘਾਟ, ਪੱਤਣ, ਪਾਣੀ ਪੀਣ ਦੀ ਵਾਰੀ, ਪਿਆਉ, ਤਾਪ ਦੀ ਵਾਰੀ, ਲਾਲ ਸ਼ੇਰ।

ورد ਵਿਰਦ : ਮੁਰੀਦ, ਸ਼ਿਸ਼, ਚੇਲਾ।

وردان ਵਿਰਦਾਨ : (ਵਿਰਦ ورد ਦਾ ਬੌਹਵਚਨ) ਚੇਲੇ, ਮੁਰੀਦ।

وردک ਵਰਦਕ, وردوک ਵਰਦੂਕ : ਦਾਜ ਦਹੇਜ, ਛੱਪਰ।

وردہ ਵਰਦਾ : ਬੁਰਜ, ਬੁਰਜ-ਕਬੂਤਰ।

ورز ਵਰਜ਼ : ਲਾਭ, ਨਫ਼ਾ, ਫ਼ਾਇਦਾ, ਖੇਤੀ ਤੋਂ ਜੋ ਪਰਾਪਤ ਹੋਵੇ, ਖੇਤੀਬਾੜੀ।

ورزکار ਵਰਜ਼ਕਾਰ, ورزگر ਵਰਜ਼ਗਰ : ਖੇਤੀ ਕਰਨ ਵਾਲਾ, ਕਿਰਸਾਣ।

ورزش ਵਰਜ਼ਿਸ਼ : ਕਸਰਤ, ਡੰਡ ਕੱਢਣਾ, ਮੁਗਦਰ ਫੇਰਨਾ ਆਦਿ; ਮੇਹਨਤ, ਅਭਿਆਸ, ਮਸ਼ਕ; ਇਖ਼ਤਿਆਰ।

ورزشی ਵਰਜ਼ਿਸ਼ੀ : ਕਸਰਤੀ।

ورزکن ਵਰਜ਼ਕਨ, ورزگن ਵਰਜ਼ਗਨ : ਪਾਣੀ ਦਾ ਭਰਿਆ ਹੋਇਆ ਕੁੱਜਾ, ਪਾਣੀ ਦੀ ਭਰੀ ਹੋਈ ਸੁਰਾਹੀ, ਝੱਜਰ।

ورزم ਵਰਜ਼ਮ : ਅੱਗ।

ورس ਵਰਸ : ਊਠ ਦੀ ਮੁਹਾਰ ਨੁਕੇਲ, ਨਾਟੀ।

وِرس ਵਿਰਸ : ੩੫੦੦ ਫੁੱਟ।

ورساز ਵਰਸਾਜ਼ : ਮਸਖ਼ਰਾ, ਮਖੌਲੀਆ।

ورسازه ***ਵਰਸਾਜ਼ਾ*** : ਬਾਂਕਾ।

ورستاد ***ਵਰਸਤਾਦ*** : ਵਜ਼ੀਫ਼ਾ, ਰੋਜ਼ੀਨਾ।

ورستان ***ਵਰਸਤਾਨ,*** ورشتان ***ਵਰਸ਼ਤਾਨ*** : ਕਿਸੇ ਪੈਗ਼ੰਬਰ ਦੀ ਉਮਤ, ਕਿਸੇ ਅਵਤਾਰ, ਸੰਤ ਜਾਂ ਗੁਰੂ ਦੇ ਅਨੁਯਾਈ।

ورسنگ ***ਵਰਸੰਗ*** : ਅਜੀਬ, ਵਿਚਿਤਰ, ਵਿਲੱਖਣ, ਸੁੰਦਰ; ਤੱਕੜੀ ਦਾ ਪਾਸਕੂ, ਤੱਕੜੀ ਦਾ ਪਲੜਾ।

ورسیج ***ਵਰਸੀਜ*** : ਦਲੀਜ਼, ਸਰਦਲ, ਛੱਤ।

ورشان ***ਵਰਸ਼ਾਨ*** : ਜੰਗਲੀ ਕਬੂਤਰ, ਘੁੱਗੀ।

ورشک ***ਵਰਸ਼ਕ*** : ਦਵਾ ਦੀ ਥੈਲੀ।

ورشکشتگی ***ਵਰਸ਼ਿਕਸਤਗੀ*** : ਦਿਵਾਲੀਆਪਣ।

ورشکستہ ***ਵਰਸ਼ਿਕਸਤਾ*** : ਜਿਸ ਨੇ ਦਿਵਾਲਾ ਕੱਢ ਦਿਤਾ ਹੋਵੇ, ਦਿਵਾਲੀਆ।

ورطہ ***ਵਰਤਾ*** : ਭੰਵਰ, ਡੂੰਘਾਈ, ਘੁੰਮਣਘੇਰੀ ਖ਼ਤਰਾ, ਔਖ, ਓਹ ਧਰਤ ਜਿਸ ਵਿਚ ਕੋਈ ਰਾਹ ਨਾ ਹੋਵੇ, ਤਬਾਹੀ, ਬਰਬਾਦੀ।

ورطۂ ہلاکت ***ਵਰਤਾ-ਏ-ਹਲਾਕਤ*** : ਤਬਾਹੀ ਦਾ ਭੰਵਰ।

ورع ***ਵਰਅ*** : ਪਾਪਾਂ ਤੋਂ ਬਚਣਾ, ਨੇਕ, ਪਾਕ ਪਾਪ-ਰੈਹਤ ਹੋਣਾ।

ورع ***ਵਰਿਅ*** : ਪਰਹੇਜ਼ਗਾਰ, ਨੇਕ, ਪਾਰਸਾ।

ورق ***ਵਰਕ਼*** : ਦਰਖ਼ਤ ਦਾ ਪੱਤਾ, ਫੁੱਲ ਦੀ ਪੱਤੀ; ਕਾਗਜ਼ ਦਾ ਟੁਕੜਾ, ਕੱਟਿਆ ਹੋਇਆ ਕਾਗਜ਼; ਸੋਨਾ-ਚਾਂਦੀ, ਮਾਲ-ਦੌਲਤ, ਧਨ ਮਾਲ, ਸੋਨੇ ਚਾਂਦੀ ਦੇ ਵਰਕ।

ورقِ آفتاب ***ਵਰਕ-ਏ-ਆਫ਼ਤਾਬ*** : ਮਸ਼ੂਕ ਦੀ ਗੱਲ੍ਹ।

ورق الخیال ***ਵਰਕ-ਉਲ-ਖ਼ਯਾਲ*** : ਭੰਗ, ਹਸ਼ੀਸ਼।

ورقِ باد ***ਵਰਕ-ਏ-ਬਾਦ*** : ਜ਼ਬਾਨ, ਜੀਭ।

ورقِ خام ***ਵਰਕ-ਏ-ਖ਼ਾਮ*** : ਕੱਚਾ ਚਿੱਠਾ, ਖੁਰਦਰਾ ਕਾਗਜ਼।

ورق داغ ***ਵਰਕ ਦਾਗ਼*** : ਪੰਨੇ ਦਾ ਨੰਬਰ।

ورقِ داغی ***ਵਰਕ-ਏ-ਦਾਗ਼ੀ*** : ਲਿਖਿਆ ਹੋਇਆ ਕਾਗਜ਼।

ورقِ زیارت ***ਵਰਕ-ਏ-ਜ਼ਿਯਾਰਤ*** : ਮੁਲਾਕਾਤੀ ਕਾਰਡ।

ورقِ سنج ***ਵਰਕ-ਸੰਜ*** : ਸਾਵਧਾਨ ਪਾਠਕ।

ورق نیل ***ਵਰਕ ਨੀਲ*** : ਮੈਂਹਦੀ ਦਾ ਪੱਤਾ, ਮੈਂਹਦੀ ਜਿਸ ਨਾਲ ਇਸਤਰੀਆਂ ਅੱਖਾਂ ਦੇ ਭਰਵੱਟੇ ਰੰਗਦੀਆਂ ਹਨ।

ورق ورق گشتن ***ਵਰਕ ਵਰਕ ਗਸ਼ਤਨ*** : ਚੰਗੀ ਤਰ੍ਹਾਂ ਅਧਿਐਨ ਕਰਨਾ।

ورق/ ورق/ ورق/ ورق ***ਵਰਕ/ਵਿਰਕ/ ਵਰਕ/ਵਰਿਕ*** : ਸਿੱਕਾ, ਚਾਂਦੀ ਦਾ ਸਿੱਕਾ।

ورقہ ***ਵਰਕਾ*** : ਗੁਲਸ਼ਾਹ ਦੇ ਪਰੇਮੀ ਦਾ ਨਾਮ।

ورقہ ***ਵਰਕਾ*** : ਇਕ ਪੱਤਾ, ਪੱਤਰਾ, ਕਿਤਾਬ ਦਾ ਵਰਕਾ, ਖ਼ਤ, ਟਿਕਟ।

ورقہ بنک ***ਵਰਕਾਬੰਕ*** : ਬੈਂਕ ਦਾ ਚੈਕ।

ورقہ پوست ***ਵਰਕਾ-ਪੋਸਤ*** : ਪੋਸਟ ਕਾਰਡ, ਖ਼ਤ।

ورقہ تحویل ***ਵਰਕਾ ਤਹਵੀਲ*** : ਚੈਕ, ਹੁੰਡੀ।

ورم ***ਵਰਮ*** : ਸਰੀਰ ਦਾ ਸੁੱਜ ਜਾਣਾ, ਸੋਜ।

ورماندگی ***ਵਰਮਾਂਦਗੀ*** : ਪੇਟ ਦਾ ਦਰਦ, ਢਿੱਡ-ਪੀੜ।

ورنا ***ਵਰਨਾ*** : (ਬਰਨਾ) ਜਵਾਨ।

ورناک ***ਵਰਨਾਕ*** : ਕਸ਼ਮੀਰ ਦਾ ਪਰਸਿੱਧ ਚਸ਼ਮਾ ਜਿਹਲਮ ਦਰਿਆ ਦਾ ਸੋਮਾ, ਵੈਰੀ ਨਾਗ।

ورنہ ***ਵਰਨਾ*** : (ਸ਼ਰਤ ਦਾ ਸ਼ਬਦ) ਨਹੀਂ ਤਾਂ, ਅਤੇ ਜੇ ਨਹੀਂ।

ورواره ***ਵਰਵਾਰਾ*** : ਚੁਬਾਰਾ, ਬਾਲਾ ਖ਼ਾਨਾ।

ورود ***ਵੁਰੂਦ*** : ਦਾਖ਼ਲ ਹੋਣਾ, ਪਰਵੇਸ਼ ਕਰਨਾ,

ਅੰਦਰ ਆਉਣਾ, ਆਉਣਾ, ਉਤਰਨਾ, ਲੱਥਣਾ, ਬੁਖ਼ਾਰ ਦਾ ਚੜ੍ਹਣਾ।

وریب ***ਵਰੀਬ, ਵਰੇਬ*** : (=ਉਰੀਬ, ਉਰੇਬ **اریب**) ਟੇਢਾ, ਵਿੰਗਾ, ਤਿਰਛਾ।

وزارت ***ਵਜ਼ਾਰਤ, ਵਿਜ਼ਾਰਤ*** : ਵਜ਼ੀਰ ਹੋਣਾ, ਵਜ਼ੀਰ ਦੀ ਪਦਵੀ, ਪਰਧਾਨ ਮੰਤਰੀ ਦਾ ਪਦ, ਵਜ਼ੀਰੀ ਦਾ ਦਫ਼ਤਰ।

وزارتخانه ***ਵਜ਼ਾਰਤਖ਼ਾਨਾ*** : ਪਰਧਾਨ ਮੰਤਰੀ ਦਾ ਦਫ਼ਤਰ।

وزارتِ عظمیٰ ***ਵਜ਼ਾਰਤ-ਏ-ਉਜ਼ਮਾ*** : ਪਰਧਾਨ ਮੰਤਰੀ ਦੀ ਪਦਵੀ।

وزان ***ਵਜ਼ਾਨ*** : ਰਵਾਂ, ਜਾਰੀ, ਚਲਦੇ ਹੋਏ, ਚਲਦੀ ਹੋਈ (ਹਵਾ)।

ورز ***ਵਿਜ਼ਰ*** : ਹਥਿਆਰ, ਭਾਰ, ਭਾਰੀ ਬੋਝ ਜੋ ਪਿੱਠ ਤੇ ਚੁਕਿਆ ਹੋਵੇ, ਗੁਨਾਹ।

وزن ***ਵਜ਼ਨ*** : ਤੋਲਣਾ, ਬੋਝ, ਭਾਰ, ਅਨੁਮਾਨ, ਤੋਲ; ਬਜ਼ੁਰਗੀ, ਇਜ਼ਤ, ਮਾਣ-ਸਤਕਾਰ।

وزن سنگ ***ਵਜ਼ਨ ਸੰਗ*** : ਮਾਣ, ਕਦਰ, ਕੀਮਤ।

وزیدن ***ਵਜ਼ੀਦਨ*** : ਹਵਾ ਦਾ ਚੱਲਣਾ।

وزیر ***ਵਜ਼ੀਰ*** : ਭਾਰ ਚੁੱਕਣ ਵਾਲਾ, ਜੋ ਕਿਸੇ ਦਾ ਭਾਰ ਚੁੱਕਣ ਵਿਚ ਸਹਾਇਕ ਹੋਵੇ, (ਵਜ਼ੀਰ ਬਾਦਸ਼ਾਹ ਦੇ ਰਾਜ ਦੇ ਕੰਮ ਕਾਜ ਵਿਚ ਸ਼ਰੀਕ ਹੁੰਦਾ ਹੈ, ਇਸ ਲਈ ਵਜ਼ੀਰ ਕਿਹਾ ਜਾਣ ਲਗਾ) ਦੀਵਾਨ, ਮੰਤਰੀ।

وزیر اعظم ***ਵਜ਼ੀਰ-ਏ-ਆਜ਼ਮ*** : ਸਭ ਤੋਂ ਵੱਡਾ ਵਜ਼ੀਰ, ਪਰਧਾਨ ਮੰਤਰੀ।

وزیرامورخارجه ***ਵਜ਼ੀਰ-ਏ-ਉਮੂਰ-ਏ-ਖ਼ਾਰਿਜਾ*** : ਦੂਜੇ ਰਾਜਾਂ ਦੇ ਮਾਮਲਿਆਂ ਦੇ ਵਜ਼ੀਰ, ਵਿਦੇਸ਼ ਮੰਤਰੀ।

وزیرجنگ(حرب) ***ਵਜ਼ੀਰ-ਏ-ਜੰਗ (ਹਰਬ)*** : ਜੰਗੀ ਵਜ਼ੀਰ, ਰੱਖਿਆ ਮੰਤਰੀ।

وزیرداخله ***ਵਜ਼ੀਰ-ਏ-ਦਾਖ਼ਿਲਾ*** : ਰਾਜ ਦੇ ਅੰਦਰੂਨੀ ਮਾਮਲਿਆਂ ਦਾ ਵਜ਼ੀਰ, ਗਰੈਹ ਮੰਤਰੀ।

وزیرِعدلیه ***ਵਜ਼ੀਰ-ਏ-ਅਦਲੀਜਾ*** : ਕੌਂਸਲਰ, ਕਨੂੰਨ ਮੰਤਰੀ।

وزیرِ علوم ***ਵਜ਼ੀਰ-ਏ-ਉਲੂਮ*** : ਸਿੱਖਿਆ ਮੰਤਰੀ।

وزیرمال ***ਵਜ਼ੀਰ-ਏ-ਮਾਲ,*** **وزیرمالیه** ***ਵਜ਼ੀਰ-ਏ-ਮਾਲੀਜਾ*** : ਮੈਹਕਮਾ ਮਾਲ ਦਾ ਮੰਤਰੀ, ਮਾਲ ਮੰਤਰੀ।

وزیرمختار ***ਵਜ਼ੀਰ-ਏ-ਮੁਖ਼ਤਾਰ*** : ਸਫ਼ੀਰ, ਰਾਜਦੂਤ।

وزیری ***ਵਜ਼ੀਰੀ*** : ਵਜ਼ੀਰ ਦੀ ਪਦਵੀ, ਇਕ ਪਰਕਾਰ ਦੀ ਅੰਜੀਰ, ਇਕ ਸ਼ਾਇਰ ਦਾ ਉਪ-ਨਾਮ, ਪਠਾਣਾਂ ਦੇ ਇਕ ਕਬੀਲੇ ਦਾ ਨਾਮ।

وساده ***ਵਸਾਦਾ*** : ਸਰਹਾਣਾ, ਗੱਦੀ।

وساطت ***ਵਸਾਤਤ*** : ਵਿਚਕਾਰ ਹੋਣਾ, ਸਬੰਧ ਜਾਂ ਵਾਸਤਾ, ਵਿਚੋਲਗਰੀ, ਸਾਲਸੀ, ਵਸੀਲਾ।

وسالت ***ਵਸਾਲਤ*** : ਵਸੀਲਾ ਹੋਣਾ, ਵਾਸਤਾ, ਸਬੰਧ, ਸਾਲਸੀ, ਵਿਚੋਲਗੀ।

وسامت ***ਵਸਾਮਤ*** : ਸੁੰਦਰਤਾ, ਸੁਹੱਪਣ, ਖ਼ੂਬਸੂਰਤੀ, ਖ਼ੂਬੀ।

وساوس ***ਵਸਾਵਸ*** : (ਵਸਵਾਸ **وسواس** ਅਤੇ ਵਸਵਸਾ **وسوسه** ਦਾ ਬੌਹਵਚਨ) ਮੰਦੇ ਸੁਝਾ, ਅੰਦੇਸ਼ੇ, ਤੌਖ਼ਲੇ, ਵੈਹਮ, ਸ਼ੱਕ, ਸ਼ੁੱਬਾ, ਬਦੀ, ਬੁਰੇ ਬੁਰੇ ਖ਼ਿਆਲ।

وسائط ***ਵਸਾਇਤ੍*** : (ਵਾਸਿਤਾ **واسطه** ਦਾ ਬੌਹਵਚਨ) ਵਾਸਤੇ, ਸਬੰਧ, ਵਸੀਲੇ, ਸਾਧਨ।

وسائل ***ਵਸਾਇਲ*** : (ਵਸੀਲਾ **وسیله** ਦਾ ਬੌਹਵਚਨ) ਵਸੀਲੇ, ਸਾਧਨ।

وسته ***ਵਸਤਾ*** : ਰੱਬ ਦਾ ਜੱਸ, ਕੀਰਤੀ, ਉਪਾਸਨਾ, ਮੰਲਗਾਚਰਨ, ਸ੍ਰਿਸ਼ਟੀ ਦੀ ਉਪਮਾ, ਜ਼ਰਤੁਸ਼ਤ ਦੇ ਗਰੰਥ, ਜ਼ੰਦ ਦਾ ਟੀਕਾ।

وستی ***ਵਸਤੀ*** : ਅਨੁਵਾਦ; ਵਿਸ਼ਲੇਸ਼ਣ, ਵਿਆਖਿਆ।

وسد ***ਵੁਸਦ*** : (ਬੁਸਦ **بسد**) ਮੋਤੀ, ਮੂੰਗਾ।

وسط ***ਵਸਤ*** : ਓਹ ਚੀਜ਼ ਜੇਹੜੀ ਵਿਚਕਾਰ ਹੋਵੇ, ਵਿਚ, ਹਰ ਚੀਜ਼ ਦਾ ਦਰਮਿਆਨ, ਵੱਡਾ, ਵਡਿਆਈ ਵਾਲਾ, ਕੇਂਦਰ, ਓਹ ਚੀਜ਼ ਜੇਹੜੀ ਕੱਦ-ਕਾਠ ਜਾਂ ਦਰਜੇ ਵਿਚ ਦਰਮਿਆਨੀ ਹੋਵੇ।

وسطیٰ ***ਵੁਸਤਾ*** : ਔਸਤ ਦਾ ਇਸਤਰੀ-ਲਿੰਗ, ਔਸਤ ਦਰਜੇ ਦੀ, ਵਿਚਕਰਾਲੀ ਉਂਗਲ, ਬੜੀ ਵਿਦਵਾਨ, ਵਿਸ਼ਿਸ਼ਟ।

وسطیٰ مدرسه ***ਵੁਸਤਾ ਮਦਰਿਸਾ*** : ਮਿਡਲ ਸਕੂਲ।

وسع ***ਵਸਅ***, وسع ***ਵਿਸਅ***, وسع ***ਵੁਸਅ*** : ਖੁਲ੍ਹ, ਖੁਲ੍ਹਾਪਣ, ਚੁੜਾਈ, ਪੌਹਚ, ਤਾਕਤ, ਯੋਗਤਾ, ਸ਼ਕਤੀ, ਸਮਰੱਥਾ।

وسعت ***ਵੁਸਅਤ*** : ਖੁੱਲ੍ਹਾਪਣ, ਚੁੜਾਈ, ਗੁੰਜਾਇਸ਼, ਸਮਰੱਥਾ, ਸ਼ਕਤੀ, ਪੌਹਚ, ਮਕਾਨ ਤੇ ਵੇਹੜਾ।

وسمه ***ਵਸਮਾ*** : ਨੀਲ ਦੀ ਪੱਤੀ, ਨੀਲ ਦੇ ਪੱਤੇ, ਜਿਨ੍ਹਾਂ ਤੋਂ ਖ਼ਿਜਾਬ ਤਿਆਰ ਕੀਤਾ ਜਾਂਦਾ ਹੈ।

وسنی ***ਵਸਨੀ***, ***ਵੁਸਨੀ*** : ਸੌਕਣ।

وسواس ***ਵਸਵਾਸ*** : ਵੈਹਮ, ਤੌਖਲਾ, ਖ਼ਦਸ਼ਾ, ਡਰ, ਸ਼ੱਕ, ਭੈੜਾ ਖਿਆਲ।

وسوسه ***ਵਸਵਸਾ*** : ਭੈੜੇ ਖ਼ਿਆਲ ਜੋ ਦਿਲ ਵਿਚ ਆਉਣ, ਬੁਰਾਈ ਚਿਤਵਣਾ, ਇਸਤਰੀ ਦੇ ਗੈਹਣੇ ਦੀ ਅਵਾਜ਼, ਡਰ, ਤੌਖਲਾ ਅਨੁਭਵ।

وسه ***ਵਸਾ*** : ਲਾਠੀ, ਸੋਟਾ, ਸ਼ਕਤੀ।

وسیط ***ਵਸੀਤ*** : ਵਿਚਕਾਰਲਾ, ਵੱਡਾ, ਓਹ ਵਿਅਕਤੀ ਜੋ ਹਸਬ ਨਸਬ ਵਿਚਕਾਰਲੇ ਮੇਲ ਦਾ ਹੋਵੇ, ਪਰ ਪਦਵੀ ਵਿਚ ਵਡਾ।

وسیع ***ਵਸੀਅ*** : ਖੁਲ੍ਹਾ, ਵਿਸ਼ਾਲ, ਚੌੜਾ।

وسیلت ***ਵਸੀਲਤ***, وسیله ***ਵਸੀਲਾ*** : ਜ਼ਰੀਆ, ਵਾਸਤਾ, ਸਬੰਧ, ਸਾਧਨ, ਬਹਾਨਾ।

وش ***ਵਸ਼*** : ਮਿਸਾਲ, ਨਜ਼ੀਰ, ਵਰਗਾ ਜਿਵੇਂ ਪਰੀਵਸ, ਪਰੀ ਵਰਗਾ, ਸੁੰਦਰ, ਚੰਗਾ, ਸ੍ਰੇਸ਼ਟ, ਖ਼ੁਸ਼, ਖ਼ੂਬ, ਖਰਾ; ਪਗੜੀ ਦਾ ਸ਼ਮਲਾ; ਇਕ ਘਾਹ ਦਾ ਨਾਮ; ਇਕ ਪਰਕਾਰ ਦਾ ਰੇਸ਼ਮੀ ਕੱਪੜਾ, ਤੁਰਕਿਸਤਾਨ ਦੇ ਇਕ ਸ਼ੈਹਰ ਦਾ ਨਾਮ।

وشاق ***ਵਿਸ਼ਾਕ***, ***ਵੁਸ਼ਾਕ*** : ਗੁਲਾਮ, ਨੌਕਰ, ਸੇਵਾਦਾਰ, ਬਾਂਦੀ, ਲੌਂਡੀ।

وشاقانِ چمن ***ਵਿਸ਼ਾਕਾਨ-ਏ-ਚਮਨ*** : ਬਾਗ ਵਿਚ ਨਵੇਂ ਲਾਏ ਹੋਏ ਪੌਦੇ, ਗੁਲਾਬ ਦੇ ਬੂਟੇ।

وشانی ***ਵਸ਼ਾਨੀ*** : ਪਰਾਚੀਨ ਸਮੇਂ ਦੇ ਇਕ ਸਿੱਕੇ ਦਾ ਨਾਮ ਜੋ ਖ਼ੁਰਾਸਾਨ ਵਿਚ ਚਲਦਾ ਸੀ।

وشت ***ਵਸ਼ਤ*** : ਖ਼ੁਸ਼, ਖ਼ੂਬ, ਸੁੰਦਰ, ਸੋਹਣਾ, ਕੁੱਦਣਾ, ਨੱਚਣਾ, ਟੱਪਣਾ, ਨਾਚ।

وشتی ***ਵਸ਼ਤੀ*** : ਸ਼ੈਹਰ 'ਵਸ਼' ਨਾਲ ਸਬੰਧਤ, ਬਰੀਕ ਕੱਪੜਾ, ਸੁੰਦਰੀ।

وشرک ***ਵਸ਼ਰਕ*** : ਕਪੜੇ ਬੰਨ੍ਹਣ ਤੇ ਰੱਖਣ ਦਾ ਕੱਪੜਾ, ਥੈਲਾ, ਖੀਸਾ।

وشکنه ***ਵਸ਼ਕਨਾ***, وشنگه ***ਵਸ਼ਨਗਾ*** : ਮਰਦ ਦੀ ਇੰਦਰੀ, ਲਿੰਗ।

وشکول ***ਵਸ਼ਕੂਲ*** : ਫੁਰਤੀਲਾ, ਚਲਾਕ, ਮੇਹਨਤੀ।

وشمک ***ਵਸ਼ਮਕ*** : ਚੰਮ ਦੀ ਜੁੱਤੀ।

وشینه ***ਵਸ਼ੀਨਾ*** : ਸੰਜੋਅ।

وصّاف ***ਵੱਸਾਫ਼*** : ਬੌਹਤ ਸਿਫ਼ਤ ਕਰਨ ਵਾਲਾ, ਫ਼ਾਰਸੀ ਦੇ ਪਰਸਿੱਧ ਇਤਹਾਸਕਾਰ ਦਾ ਨਾਮ।

وصال ***ਵਿਸਾਲ*** : ਮੇਲ, ਮੁਲਾਕਾਤ, ਮਿਲਾਪ; ਲਗਾਤਾਰ ਕੰਮ ਕਰਨਾ।

وصایا ***ਵਸਾਯਾ*** : (ਵਸੀਯਤ وصیت ਦਾ ਬੌਹਵਚਨ) ਵਸੀਅਤ, ਵਸੀਅਤਾਂ।

وصف ***ਵਸਫ਼*** : ਖ਼ੂਬੀ, ਗੁਣ, ਪਰਸ਼ੰਸਾ ਕਰਨਾ, ਚੰਗੀਆ ਗੱਲਾਂ ਦਾ ਜ਼ਿਕਰ ਕਰਨਾ, ਜਸ, ਕੀਰਤੀ, ਰੋਗੀ ਲਈ ਨੁਸਖ਼ਾ ਲਿਖਣਾ।

وصل ***ਵਸਲ*** : ਮੁਲਾਕਾਤ ਕਰਨਾ, ਮਿਲਣਾ, ਮੁਲਾਕਾਤ, ਮਿਲਾਪ, ਮਸ਼ੂਕ ਨਾਲ ਮਿਲਣਾ, ਸੰਜੋਗ; ਕੱਪੜੇ ਨੂੰ ਰਫੂ ਕਰਨਾ; ਜੋੜ।

وصلت ***ਵੁਸਲਤ*** : ਵਸਲ, ਮੁਲਾਕਾਤ, ਜੋੜ, ਜੁੜਨਾ, ਮਿਲਣਾ।

وصله ***ਵਸਲਾ*** : ਹਰ ਚੀਜ਼ ਦਾ ਟੁਕੜਾ, ਕਾਗਜ਼

ਦਾ ਟੁਕੜਾ, ਕੱਪੜੇ ਦਾ ਟੋਟਾ, ਹਿੱਸਾ, ਭਾਗ।

وصلہ دار ***ਵਸਲਾਦਾਰ*** : ਜੋੜ ਲੱਗਾ ਹੋਇਆ।

وصلی ***ਵਸਲੀ*** : ਮਸ਼ਕ (ਅਭਿਆਸ) ਕਰਨ ਦਾ ਮੋਟਾ ਕਾਗਜ਼, ਫੱਟੀ, ਸਲੇਟ, ਦੋ ਜੁੜੇ ਹੋਏ ਕਾਗਜ਼ ਜਿਨ੍ਹਾਂ ਤੇ ਖ਼ੁਸ਼ਨਵੀਸ ਲਿਖਣ ਦਾ ਅਭਿਆਸ ਕਰਦੇ ਹਨ।

وصول ***ਵੁਸੂਲ*** : ਪੌਹਚਣਾ, ਅਪੜਨਾ, ਮਿਲਣਾ, ਮੇਲ, ਪੌਹਚ, ਜੋੜ, ਜੇਹੜਾ ਮਿਲ ਗਿਆ ਹੋਵੇ, ਜੇਹੜਾ ਪਰਾਪਤ ਹੋ ਗਿਆ ਹੋਵੇ, ਆਮਦ।

وصول باقی ***ਵੁਸੂਲ ਬਾਕੀ*** : ਉਗਰਾਹੁਣ ਵਾਲੀ, ਬਕਾਇਆ ਰਕਮ, ਵਸੂਲ ਕੀਤੀ ਗਈ ਰਕਮ, ਉਗਰਾਹੁਣਯੋਗ ਰਕਮ।

وصّی ***ਵੱਸੀ*** : ਓਹ ਵਿਅਕਤੀ ਜਿਸ ਦੇ ਨਾਮ ਵਸੀਅਤ ਕੀਤੀ ਗਈ ਹੋਵੇ, ਆਦਮ ਦੇ ਪੁੱਤਰ ਸ਼ੀਸ਼ ਦਾ ਉਪ-ਨਾਮ, ਹਜ਼ਰਤ ਅਲੀ ਦੀ ਉਪਾਧੀ।

وصیّت ***ਵਸੀਯਤ*** : ਮੌਤ ਸਮੇਂ ਜਾਂ ਯਾਤਰਾ 'ਤੇ ਜਾਣ ਲੱਗਿਆਂ ਜੋ ਹਿਦਾਇਤ ਕੋਈ ਵਿਅਕਤੀ ਕਰੇ ਕਿ ਉਸ ਦੇ ਪਿੱਛੋਂ ਕਿਸ ਤਰਾਂ ਕਰਨਾ ਹੈ, ਆਖ਼ਰੀ ਹਿਦਾਇਤ ਜਾਂ ਲਿਖਤ।

وصیّت نامہ ***ਵਸੀਯਤ-ਨਾਮਾ*** : ਲਿਖਤੀ ਵਸੀਅਤ, ਲਿਖਤੀ ਰੂਪ ਵਿਚ ਕੀਤੀ ਹੋਈ ਅੰਤਮ ਹਿਦਾਇਤ।

وضاحت ***ਵਜ਼ਾਹਤ*** : ਪਰਗਟ ਕਰਨਾ, ਖੋਲ੍ਹ ਕੇ ਬਿਆਨ ਕਰਨਾ, ਵਿਸ਼ਲੇਸ਼ਣ ਜਾਂ ਵਿਸਤਾਰ ਕਰਨਾ।

وضع ***ਵਜ਼ਅ*** : ਤਰਤੀਬ ਬਣਾਉਣਾ, ਰੱਖਣਾ, ਅਮਾਨਤ ਰੱਖਣਾ, ਬੁਨਿਆਦ ਰੱਖਣਾ, ਬੱਚਾ ਜਣਨਾ, ਰਵਿਸ਼, ਤਰਜ਼, ਢੰਗ, ਚਾਲ-ਢਾਲ, ਸ਼ਕਲ ਸੂਰਤ, ਹੁਲੀਆ, ਹਾਲਤ, ਕਾਇਦਾ, ਹਿਸਾਬ ਵਿਚੋਂ ਕੋਈ ਰਕਮ ਕੱਢਣਾ।

وضعِ بی شیرازہ ***ਵਜ਼ਅ-ਏ-ਬੇਸ਼ੀਰਾਜ਼ਾ*** : ਪਰੇਸ਼ਾਨ ਤੇ ਖਿਲਰੇ ਹੋਏ ਤੌਰ ਤਰੀਕੇ ਜੋ ਕਿਸੇ ਅਸੂਲ 'ਤੇ ਨਿਰਭਰ ਨਾ ਹੋਣ।

وضعِ خشک ***ਵਜ਼ਅ-ਏ-ਖ਼ੁਸ਼ਕ,*** **وضعِ کرخت** ***ਵਜ਼ਅ-ਏ-ਕਰਖਤ,*** **وضعِ ناگوار** ***ਵਜ਼ਅ-ਏ-ਨਾਗਵਾਰ*** : ਭੈੜੇ ਤੇ ਮੰਦੇ ਤੌਰ ਤਰੀਕੇ, ਅਯੋਗ ਢੰਗ।

وضعدار ***ਵਜ਼ਅਦਾਰ*** : ਚੰਗੇ ਤੌਰ ਤਰੀਕੇ ਵਾਲਾ, ਬਾਂਕਾ, ਸਜੀਲਾ, ਆਪਣੇ ਢੰਗ ਦਾ ਪੱਕਾ।

وضعداری ***ਵਜ਼ਅਦਾਰੀ*** : ਇਕ ਵਾਰੀ ਅਪਣਾਏ ਹੋਏ ਤੌਰ ਤਰੀਕੇ ਨੂੰ ਮਰਦੇ ਦਮ ਤੱਕ ਨਿਭਾਉਣਾ, ਬਾਂਕਪਣ, ਹੁਸਨ, ਖ਼ੂਬੀ, ਵੰਤੀਰਾ, ਤੌਰ-ਤਰੀਕਾ, ਢੰਗ, ਸਲੀਕਾ।

وضع وحالت ***ਵਜ਼ਅ-ਓ-ਹਾਲਤ*** : ਤੌਰ ਤਰੀਕਾ ਤੇ ਸਥਿਤੀ।

وضو ***ਵੁਜ਼ੂ*** : ਨਮਾਜ਼ ਤੋਂ ਪੈਹਲਾਂ ਸ਼ਰਈ ਹੁਕਮ ਅਨੁਸਾਰ ਹੱਥ-ਮੂੰਹ ਧੋਣਾ, ਰੋਸ਼ਨ ਹੋਣਾ।

وضوگرفتن ***ਵੁਜ਼ੂ ਗਰਿਫ਼ਤਨ*** : ਵੁਜ਼ੂ ਕਰਨਾ।

وضیع ***ਵਜ਼ੀਅ*** : ਤੁੱਛ, ਮਮੂਲੀ, ਕਮੀਨਾ, ਨੀਚ, ਨਲਾਇਕ, ਨਾਕਸ।

وضیع وشریف ***ਵਜ਼ੀਅ-ਓ-ਸ਼ਰੀਫ਼*** : ਅਦਨਾ, ਆਹਲਾ, ਛੋਟਾ ਵੱਡਾ, ਚੰਗਾ ਮੰਦਾ (ਵਿਅਕਤੀ)।

وضیمہ ***ਵਜ਼ੀਮਾ*** : ਮਾਤਮ ਦਾ ਭੋਜਨ, ਸੋਗ ਦਾ ਖਾਣਾ।

وطن ***ਵਤਨ*** : ਪੈਦਾ ਹੋਣ ਤੇ ਰੈਹਣ ਦੀ ਜਗ੍ਹਾ, ਜਨਮ-ਭੂਮੀ, ਦੇਸ਼, ਮੁਲਕ, ਆਪਣਾ ਦੇਸ਼।

وطن دشمن ***ਵਤਨ-ਦੁਸ਼ਮਨ*** : ਦੇਸ਼-ਧਰੋਹੀ।

وطن دوست ***ਵਤਨ ਦੋਸਤ*** : ਦੇਸ਼ਭਗਤ।

وطن گاہ ***ਵਤਨ-ਗਾਹ*** : ਕਿਸੇ ਦੇ ਰੈਹਣ ਦੀ ਥਾਂ।

وطنِ مالوف ***ਵਤਨ-ਏ-ਮਾਲੂਫ਼*** : ਪਿਆਰਾ ਦੇਸ, ਓਹ ਥਾਂ ਜਿਸ ਨਾਲ ਲਗਾਉ ਤੇ ਪਿਆਰ ਹੋਵੇ।

وطنی ***ਵਤਨੀ*** : ਆਪਣੇ ਦੇਸ ਦਾ।

وطواط ***ਵਤਵਾਤ*** : ਇਕ ਛੋਟਾ ਜੇਹਾ ਕਾਲੇ ਰੰਗ ਦਾ ਪੰਛੀ ਜਿਸ ਦੀ ਛਾਤੀ ਚਿੱਟੀ ਹੁੰਦੀ ਹੈ, ਏਹ ਹਨੇਰੀ ਥਾਂ ਤੇ ਰੈਂਹਦਾ ਹੈ, ਅਬਾਬੀਲ।

وظائف ***ਵਜ਼ਾਇਫ਼*** : (ਵਜ਼ੀਫ਼ਾ **وظیفه** ਦਾ ਬੌਹਵਚਨ) ਰਾਤਬੇ, ਰੋਜ਼ੀਨੇ, ਤਨਖ਼ਾਹਾਂ, ਭੱਤੇ, ਪਦਵੀਆਂ, ਫ਼ਰਜ਼।

وظیفه ***ਵਜ਼ੀਫ਼ਾ*** : ਓਹ ਚੀਜ਼ ਜੋ ਕਿਸੇ ਵਾਸਤੇ ਹਰ ਰੋਜ਼ ਲਈ ਨਿਸ਼ਚਤ ਹੋਵੇ, ਰੋਜ਼ੀਨਾ, ਰਾਤਬਾ, ਤਨਖ਼ਾਹ, ਤਲਬ, ਪੈਨਸ਼ਨ, ਫ਼ਰਜ਼, ਕਰਮ, ਨਿਤਾਪਰਤੀ ਦਾ ਵਿਰਦ, ਸਿਮਰਨ।

وظیفه‌خوار ***ਵਜ਼ੀਫ਼ਾ-ਖ਼ਾਰ,*** **وظیفه‌خور** ***ਵਜ਼ੀਫ਼ਾ-ਖ਼ੋਰ*** : ਰੋਜ਼ੀਨਾਦਾਰ, ਤਨਖਾਹਦਾਰ।

وعاظ ***ਵਆਜ਼*** : (ਵਾਇਜ਼ **واعظ** ਦਾ ਬੌਹਵਚਨ) ਨਸੀਹਤ ਕਰਨ ਵਾਲਾ।

وعده ***ਵਅਦਾ*** : ਨੇਕੀ ਕਰਨ ਦਾ ਇਕਰਾਰ ਕਰਨਾ, ਇਕਰਾਰ (ਕੋਈ ਵੀ ਹੋਵੇ), ਕਰਜ਼ਾ ਵਾਪਸ ਕਰਨ ਜਾਂ ਰਕਮ ਮੋੜਨ ਦਾ ਨਿਸਚਤ ਸਮਾਂ ਤੇ ਬਚਨ, ਸੌਦਾ, ਮਰਨ ਦਾ ਦਿਨ।

وعدهٔ حق رسیدن ***ਵਅਦਾ-ਏ-ਹੱਕ-ਰਸੀਦਨ*** : ਮੌਤ ਦਾ ਨੇੜੇ ਆਉਣਾ, ਉਮਰ ਦਾ ਖ਼ਤਮ ਹੋਣਾ।

وعده‌خلاف ***ਵਅਦਾ-ਖ਼ਿਲਾਫ਼*** : ਇਕਰਾਰ ਨੂੰ ਪੂਰਾ ਨਾ ਕਰਨ ਵਾਲਾ, ਬਚਨ ਤੋੜਨ ਵਾਲਾ।

وعده‌خلافی ***ਵਅਦਾ-ਖ਼ਿਲਾਫ਼ੀ*** : ਬਚਨ ਤੋੜਨਾ, ਬੇਵਫ਼ਾਈ।

وعده‌فراموش ***ਵਅਦਾ-ਫ਼ਰਾਮੋਸ਼,*** **وعده‌شکن** ***ਵਅਦਾ ਸ਼ਿਕਨ*** : ਇਕਰਾਰ ਭੁੱਲ ਜਾਣ ਵਾਲਾ, ਬੇਵਫ਼ਾ, ਇਕਰਾਰ ਤੋੜਣ ਵਾਲਾ।

وعده‌گاه ***ਵਅਦਾ-ਗਾਹ,*** **وعده‌جا** ***ਵਅਦਾ ਜਾ*** : ਇਕਰਾਰ ਕਰਨ ਦੀ ਜਗ੍ਹਾ।

وعده‌وعید ***ਵਅਦਾ ਵਈਦ*** : ਟਾਲ ਮਟੋਲ, ਲਾਰਾ ਲੱਪਾ।

وعده‌وفا ***ਵਅਦਾ ਵਫ਼ਾ*** : ਬਚਨ ਦਾ ਸੱਚਾ ਤੇ ਪੱਕਾ, ਇਕਰਾਰ ਪੂਰਾ ਕਰਨ ਵਾਲਾ।

وعده‌وفائی ***ਵਅਦਾ-ਵਫ਼ਾਈ*** : ਇਕਰਾਰ ਪੂਰਾ ਕਰਨਾ।

وعظ ***ਵਅਜ਼*** : ਨਸੀਹਤ ਕਰਨਾ, ਧਰਮ ਪਰਚਾਰ ਕਰਨਾ, ਚੇਤਾਵਨੀ ਦੇਣਾ, ਉਪਦੇਸ਼, ਕਥਾ।

وعید ***ਵਈਦ*** : ਭੈੜਾ ਇਕਰਾਰ, ਦੰਡ ਦੇਣ ਦਾ ਵਾਅਦਾ, ਸਜ਼ਾ ਦੇਣ ਦੀ ਧਮਕੀ, ਡਰਾਵਾ।

وغا ***ਵਗ਼ਾ, ਵਿਗ਼ਾ*** : ਜੰਗ, ਲੜਾਈ, ਯੁੱਧ, ਭੇੜ, ਸ਼ੋਰ ਸ਼ਰਾਬਾ, ਦੰਗਾ ਫਸਾਦ।

وغیره ***ਵਗ਼ੈਰਾ,*** **وغیره‌ذالک** ***ਵਗ਼ੈਰਾ ਜ਼ਾਲਿਕ*** : ਸਿਵਾ ਇਸ ਦੇ, ਇਸ ਤੋਂ ਛੁਟ, ਹੋਰ ਭੀ ਇਤਿਆਦਿ।

وفا ***ਵਫ਼ਾ*** : ਵਾਅਦਾ ਪੂਰਾ ਕਰਨਾ, ਇਕਰਾਰ ਪੂਰਾ ਕਰਨਾ, ਦੋਸਤੀ ਨਿਭਾਹੁਣਾ, ਸਾਥ ਦੇਣਾ, ਨੇਕ ਨੀਤੀ, ਦਿਲ ਦੀ ਸਚਾਈ, ਖ਼ੈਰ ਖ਼ਾਹੀ, ਨਮਕ ਹਲਾਲੀ।

وفااندیش ***ਵਫ਼ਾ-ਅੰਦੇਸ਼*** : ਦਿਲ ਦਾ ਸੱਚਾ, ਵਫ਼ਾਦਾਰ।

وفابیگانه ***ਵਫ਼ਾ-ਬੇਗਾਨਾ*** : ਧੋਖੇਬਾਜ਼, ਬਚਨ ਪੂਰਾ ਨਾ ਕਰਨ ਵਾਲਾ।

وفاپرست ***ਵਫ਼ਾ-ਪ੍ਰਸਤ,*** **وفاخواه** ***ਵਫ਼ਾ-ਖ਼੍ਵਾਹ,*** **وفاشعار** ***ਵਫ਼ਾ ਸ਼ਿਆਰ*** : ਇਕਰਾਰ ਦਾ ਪੱਕਾ, ਵਫ਼ਾਦਾਰ, ਦੋਸਤੀ ਨਿਭਾਹੁਣ ਵਾਲਾ।

وفاداری ***ਵਫ਼ਾਦਾਰੀ*** : ਨਿਭਾਉਣਾ, ਸਾਥ ਦੇਣਾ, ਵਫ਼ਾ ਕਰਨਾ, ਨਮਕ ਹਲਾਲੀ।

وفائی ***ਵਫ਼ਾਈ*** : ਨੇਕ ਨੀਤੀ, ਦੋਸਤੀ ਵਿਚ ਪਰਪੱਕਤਾ।

وفات ***ਵਫ਼ਾਤ*** : ਜ਼ਿੰਦਗੀ ਦਾ ਪੂਰਾ ਹੋਣਾ, ਮੌਤ; ਮਿਰਤੂ।

وفات یافتن ***ਵਫ਼ਾਤ ਯਾਫ਼ਤਨ*** : ਮਰਨਾ, ਪੂਰਾ ਹੋ ਜਾਣਾ।

وفادت ***ਵਿਫ਼ਾਦਤ*** : ਰਾਜਦੂਤ ਦਾ ਪੌਹਚਣਾ, ਰਾਜਦੂਤ ਦਾ ਕਰਮ।

وفاق ***ਵਿਫ਼ਾਕ*** : ਮੇਲ-ਮਿਲਾਪ, ਮੁਹੱਬਤ;

ਪਰਵਾਨ ਕਰਨਾ, ਮੰਨਣਾ; ਫੈਡਰੇਸ਼ਨ।

وفاقت ***ਵਿਫ਼ਾਕਤ*** : ਮਿਤਰਤਾ ਕਰਨਾ, ਦੋਸਤੀ, ਇਕਸੁਰਤਾ, ਮੁਹੱਬਤ।

وفد ***ਵਫ਼ਦ*** : ਏਲਚੀ, ਦੂਤ, ਕਾਸਦ, ਕਈ ਆਦਮੀਆਂ ਦਾ ਦੂਤ ਬਣ ਕੇ ਆਉਣਾ, ਨੁਮਾਇੰਦਿਆਂ ਦਾ ਟੋਲਾ।

وفق ***ਵਫ਼ਕ*** : ਅਨੁਕੂਲ, ਮੁਤਾਬਕ।

وفود ***ਵੁਫ਼ੂਦ*** : (ਵਾਫ਼ਿਦ **وافد** ਅਤੇ ਵਫ਼ਦ **وفد** ਦਾ ਬੌਹਵਚਨ) ਕਾਸਦ ਲੋਕ, ਦੂਤ, ਨੁਮਾਇੰਦੇ।

وافر ***ਵਾਫ਼ਰ, ਵੁਫ਼ੂਰ*** : ਬੌਹਤਲਾ।

وفی ***ਵਫ਼ੀ*** : ਸਾਰਾ, ਪੂਰਨ, ਪੂਰਾ।

وقار ***ਵਕਾਰ*** : ਹੌਲੀ ਕਰਨਾ, ਧੀਮਾਪਣ, ਆਜਜ਼ੀ, ਨਿਮਰਤਾ, ਸੈਹਨਸ਼ੀਲਤਾ, ਭਾਰੀ ਹੋਣਾ; ਗੰਭੀਰਤਾ; ਆਰਾਮ; ਅਧਕਾਰ; ਸ਼ਾਨ, ਰੋਅਬ, ਕਦਰ, ਵੁੱਕਤ।

وقائع ***ਵਕਾਇਅ*** : ਘਟਨਾਵਾਂ, ਹਾਦਸੇ, ਲੜਾਈਆਂ, ਜੰਗ, ਮੁਠ-ਭੇੜਾਂ, ਮੁਸੀਬਤਾਂ, ਔਕੜਾਂ, ਜੰਗ ਦੀਆਂ ਖ਼ਬਰਾਂ।

وقائع نگار ***ਵਕਾਇਅ ਨਿਗਾਰ***, **وقائع نویس** ***ਵਕਾਇਆ ਨਵੀਸ*** : ਅਖ਼ਬਾਰ ਨਵੀਸ, ਪੱਤਰ ਪਰੇਰਕ, ਇਤਹਾਸਕਾਰ।

وقائع نگاری ***ਵਕਾਇਅ ਨਿਗਾਰੀ***, **وقائع نویسی** ***ਵਕਾਇਅ ਨਵੀਸੀ*** : ਪੱਤਰ ਪਰੇਰਕ ਦੀ ਪਦਵੀ, ਜੰਗ ਦੀਆਂ ਖ਼ਬਰਾਂ ਲਿਖਣ ਦੀ ਕਿਰਿਆ।

وقایہ ***ਵਕਾਯਾ*** : ਸਿਲਕ ਜਾਂ ਬਰੀਕ ਮਲਮਲ ਦਾ ਬੁਰਕਾ ਜੋ ਪੈਰਾਂ ਤਕ ਡਿਗਦਾ ਹੈ, ਲੰਮਾ ਬੁਰਕਾ।

وَقت ***ਵਕਤ*** : ਸਮਾਂ, ਮੌਸਮ, ਰੁਤ, ਘੜੀਆਂ, ਪਲ, ਕਿਸੇ ਵਿਸ਼ੇਸ਼ ਕਾਰਜ ਲਈ ਨਿਸ਼ਚਤ ਸਮਾਂ, ਸੂਫ਼ੀਆਂ ਦੀ ਪਰਭਾਸ਼ਾ ਵਿਚ ਓਹ ਸਥਿਤੀ ਜੋ ਦਿਲ ਦੀ ਹਜ਼ੂਰੀ ਤੇ ਰੱਬ ਦੀ ਯਾਦ ਵਿਚ ਆਉਂਦੀ ਹੈ।

وقتاً ***ਵਕਤਨ***, **وقتاً فوقتاً** ***ਵਕਤਨ-ਫ਼-ਵਕਤਨ*** : ਸਮੇਂ ਸਮੇਂ।

وقت برخاست ***ਵੁਕਤ ਬਰ ਖ਼ਾਸਤ*** : ਸਮਾਂ ਆ ਗਿਆ ਹੈ।

وقت بہ وقت ***ਵਕਤ-ਬ-ਵਕਤ*** : ਸਮੇਂ ਸਮੇਂ, ਕਦੇ ਕਦੇ।

وقت بی وقت ***ਵਕਤ-ਬੇ-ਵਕਤ*** : ਹਮੇਸ਼ਾ, ਲਗਾਤਾਰ, ਨਿਰੰਤਰ।

وقت روز ***ਵਕਤ-ਏ-ਰੋਜ਼/ਰੂਜ਼*** : ਜੰਗ ਦਾ ਸਮੇਂ, ਦਿਨ ਦਾ ਸਮਾਂ।

وقتِ سحرگاہ/صبح گاہ ***ਵਕਤ-ਏ-ਸਹਰਗਾਹ/ਸੁਬੁਹ ਗਾਹ*** : ਸਵੇਰ ਸਾਰ, ਸਰਘੀ ਵੇਲਾ।

وقتِ معلوم ***ਵਕਤ-ਏ-ਮਅਲੂਮ*** : ਨਿਸਚਤ ਸਮਾਂ, ਮੌਤ ਦਾ ਸਮਾਂ।

وقتِ نازک ***ਵਕਤ-ਏ-ਨਾਜ਼ੁਕ*** : ਔਖਾਂ ਸਮਾਂ, ਔਖੀ ਘੜੀ।

وقت ناوقت ***ਵਕਤ-ਨਾ-ਵਕਤ*** : ਕਦੀ ਕਦੀ।

وقت وساعت ***ਵਕਤ-ਉ-ਸਾਅਤ*** : ਵਕਤ ਵੇਖਣ ਦੀ ਘੜੀ।

وقتی ***ਵਕਤੇ*** : ਕਿਸੇ ਵੇਲੇ, ਇਕ ਵਾਰੀ।

وقتیکہ ***ਵਕਤੇਕਿਹ*** : ਜਦ ਕਿ।

وقع ***ਵਕਅ*** : (ਪੰਜਾਬੀ ਵਿਚ ਪਰਚਲਤ ਰੂਪ ਵੁਕਅਤ ਮਾਤ ਹੈ) ਉੱਚੀ ਥਾਂ, ਇਜ਼ਤ ਮਾਣ।

وقعت ***ਵਕਅਤ*** : ਜੰਗ ਦੀ ਸਖ਼ਤੀ ਤੇ ਮੁਸੀਬਤ, ਇਤਬਾਰ, ਸਾਖ, ਮਾਣ, ਮਰਤਬਾ ਵੁਕਅਤ, ਬਲੰਦੀ, ਉਚਾਈ।

وقف ***ਵਕਫ਼*** : ਠੈਹਰਨਾ, ਖਲੋਣਾ, ਕਿਸੇ ਥਾਂ ਖਲੋ ਜਾਣਾ, ਠੈਹਰਾ, ਗੱਲ ਬਾਤ ਵਿਚ ਦੇਰ ਕਰਨਾ, ਖ਼ਬਰਦਾਰ ਹੋਣਾ, ਸਾਵਧਾਨ ਤੇ ਸੁਚੇਤ ਹੋਣਾ, ਸਾਵਧਾਨੀ, ਸੂਚਿਤ ਹੋਣਾ, ਜਾਣਨਾ, ਰੱਬ ਦੇ ਰਾਹ ਤੇ ਛੱਡੀ ਹੋਈ ਚੀਜ਼ ਜੋ ਕਿਸੇ ਦੀ ਮਿਲਖ ਨਾ ਹੋਵੇ, ਚੌੜੀ; ਤਿਆਗ; ਦ੍ਰਿੜ੍ਹਤਾ, ਹਠ; ਵਿਸਰਾਮ; ਨੇਕ ਕੰਮ ਲਈ ਜਾਇਦਾਦ ਆਦਿ ਛੱਡਣਾ; ਅਕਲ; ਸਮਝ।

وقفہ *ਵਕ਼ਫ਼ਾ* : ਥੋੜਾ ਚਿਰ, ਰਹਾਉ, ਠੈਹਰਾ, ਅਰਾਮ, ਦੇਰ, ਦੇਰੀ।

وقوع *ਵੁਕੂਅ* : ਵਾਪਰਨਾ, ਡਿਗਣਾ, ਹੇਠਾਂ ਲੈਹਣਾ (ਪੰਛੀ ਆਦਿ ਦਾ), ਉਤਰਾ, ਮੀਂਹ ਦਾ ਪੈਣਾ, ਘਟਨਾ, ਮੌਤ, ਤਬਾਹੀ।

وقوعی *ਵੁਕੂਈ* : ਹਕੀਕਤ, ਅਸਲੀਅਤ।

وقوف *ਵੁਕੂਫ਼* : ਖੜੇ ਰੈਹਣਾ, ਠੈਹਰਨਾ, ਪਿਛਾਂਹ ਰੈਹਣਾ, ਜਾਣਨਾ, ਪਤਾ ਹੋਣਾ, ਗਿਆਨ; ਪੜ੍ਹਦਿਆਂ ਜਾਂ ਬੋਲਦਿਆਂ ਕੁਝ ਚਿਰ ਲਈ ਖਲੋ ਜਾਣਾ, ਤਜਰਬਾ, ਮੁਹਾਰਤ, ਅਕਲ, ਸਮਝ ਸ਼ਊਰ,ਤਮੀਜ਼, ਸਲੀਕਾ।

وکالت *ਵਕਾਲਤ, ਵਿਕਾਲਤ* : ਵਕੀਲ ਦਾ ਪੇਸ਼ਾ, ਵਕੀਲ ਹੋਣਾ, ਜ਼ਾਮਨ ਹੋਣਾ, ਕੋਈ ਕੰਮ ਦੂਜੇ ਦੇ ਸਪੁਰਦ ਕਰਨਾ।

وکالتاً *ਵਕਾਲਤਨ* : ਵਕੀਲ ਦੇ ਰਾਹੀਂ।

وکالت نامہ *ਵਕਾਲਤ-ਨਾਮਾ* : ਲਿਖਤ ਜਿਸ ਰਾਹੀਂ ਕਿਸੇ ਨੂੰ ਆਪਣਾ ਵਕੀਲ ਬਣਾਇਆ ਜਾਵੇ, ਮੁਖ਼ਤਿਆਰਨਾਮਾ।

وُکلا *ਵੁਕਲਾ* : ਵਕੀਲ وکیل ਦਾ ਬੌਹਵਚਨ।

وکیل *ਵਕੀਲ* : ਓਹ ਵਿਅਕਤੀ ਜਿਸ 'ਤੇ ਕੋਈ ਦੂਜਾ ਆਦਮੀ ਆਪਣਾ ਕੰਮ ਛੱਡ ਦੇਵੇ, ਵਕਾਲਤ ਕਰਨ ਵਾਲਾ, ਕਾਰਸਾਜ਼, ਦੂਤ, ਨਾਇਬ, ਵਿਚੋਲਾ, ਕਨੂੰਨੀ ਸਲਾਹਕਾਰ।

وکیلِ در *ਵਕੀਲ-ਏ-ਦਰ* : ਦਰਬਾਰ ਦਾ ਵਕੀਲ, ਨਾਇਬ।

وگر *ਵਗਰ* : (ਵ ਅਗਾਰ واگر) ਅਤੇ ਜੇਕਰ।

وگرنہ *ਵਗਰਨਾ* : ਅਤੇ ਜੇ ਨਹੀਂ, ਨਹੀਂ ਤਾਂ, ਵਰਨਾ।

ولا *ਵਿਲਾ* : ਚੀਜ਼, ਕੰਮ ਕਾਜ, ਵਕਤ, ਸਮਾਂ।

ولا *ਵਲਾਯ* : ਪਿਆਰ, ਦੋਸਤੀ, ਕਿਸੇ ਕੰਮ ਨੂੰ ਲਗਾਤਾਰ ਕਰਨਾ, ਪਾਤਸ਼ਾਹੀ, ਨੇੜਤਾ, ਯਾਰ, ਦੋਸਤ, ਅਜ਼ਾਦੀ, ਸੁਤੰਤਰਤਾ।

ولات *ਵਲਾਤ* : (ਵਾਲੀ والی ਦਾ ਬੌਹਵਚਨ) ਹਾਕਮ ਦੋਸਤ, ਮਿਤਰ (ਬੌਹਤੇ)।

ولادت *ਵਿਲਾਦਤ* : ਬੱਚਾ ਜੰਮਣਾ, ਜਨਮ।

ولادہ *ਵਿਲਾਦਾ* : ਚਰਖ਼ੇ ਦੇ ਤਕਲੇ ਦਾ ਮਣਕਾ।

ولایت *ਵਲਾਯਤ* : ਸਚਾਈ, ਸਹਾਇਤਾ, ਰਾਜ ਕਰਨਾ।

ولاکن *ਵ ਲਾਕਿਨ* : (ਵ ਲੇਕਿਨ ولیکن) ਅਤੇ ਫੇਰ, ਪਰੰਤੂ, ਮਗਰ।

ولایت *ਵਿਲਾਯਤ* : ਹਾਕਮ ਹੋਣਾ, ਕਿਸੇ ਕੰਮ ਦਾ ਜ਼ੁੰਮੇਵਾਰ ਹੋਣਾ; ਕਿਸੇ ਦਾ ਵਲੀ ਹੋਣਾ, ਦੋਸਤ, ਮਿਤਰ, ਦੋਸਤੀ, ਯਾਰੀ, ਮਿਤਰਤਾ, ਬਾਦਸ਼ਾਹੀ, ਹਕੂਮਤ; ਦੇਸ, ਅਮੀਰੀ, ਸ਼ਕਤੀ, ਤਾਕਤ, ਅਬਾਦ, ਜ਼ਮੀਨ, ਮੁਲਕ, ਬਾਦਸ਼ਾਹ ਦਾ ਇਕ ਮੁਲਕ, ਗ਼ੈਰ ਮੁਲਕ ਕਬਜ਼ਾ, ਅਧੀਨ ਮੁਲਕ ਦੇ ਵਸਨੀਕਾਂ ਵਾਸਤੇ ਓਹ ਮੁਲਕ ਜਿਥੋਂ ਦਾ ਬਾਦਸ਼ਾਹ ਹੋਵੇ ਜਿਵੇਂ ਹਿੰਦੂਸਤਾਨੀਆਂ ਲਈ ਇੰਗਲਿਸਤਾਨ (ਵਿਲਾਯਤ) ਸੀ; ਰੱਬ ਦੀ ਨੇੜਤਾ, ਰੱਬ ਦਾ ਵਲੀ ਹੋਣਾ।

ولایت ستان *ਵਿਲਾਯਤ-ਸਤਾਨ* : ਰੱਬ ਦਾ ਵਲੀ।

ولایتِ قالوبلیٰ *ਵਿਲਾਯਤ-ਏ-ਕ਼ਾਲੂਬਲਾ* : ਰੱਬ ਨਾਲ ਕੀਤਾ ਇਕਰਾਰ, ਈਮਾਨ, ਵਿਸ਼ਵਾਸ।

ولایتی *ਵਿਲਾਯਤੀ* : ਵਿਦੇਸ਼ ਦਾ, ਈਰਾਨੀ, ਪਠਾਣ, ਯੂਰਪ ਦਾ।

ولد *ਵਲਦ,* ولد *ਵਿਲਦ,* ولد *ਵੁਲਦ* : ਪੁੱਤਰ, ਬੇਟਾ, ਬੱਚਾ, (ਇਕ ਵਚਨ ਬੌਹਵਚਨ ਦੋਹਾਂ ਲਈ ਇਕ ਸਮਾਨ ਆਉਂਦਾ ਹੈ)।

ولدالحرام *ਵਲਦ-ਉਲ-ਹਰਾਮ* : ਹਰਾਮ ਦਾ ਪੁੱਤਰ, ਹਰਾਮੀ।

ولدالزنا *ਵਲਦ-ਉਜ਼-ਜ਼ਿਨਾ* : ਹਰਾਮਜ਼ਾਦਾ।

ولدان *ਵਲਦਾਨ* : (ਵਲਦ ولد ਦਾ ਬੌਹਵਚਨ) ਬੱਚੇ, ਬੇਟੇ।

ولدیت *ਵਲਦੀਯਤ* : ਬਾਪ ਦਾ ਨਾਮ,

ਘਰਾਣਾ, ਖ਼ਾਨਦਾਨ।

ولود ***ਵਲੂਦ*** : ਬੌਹਤ ਬੱਚੇ ਜੀਮਣ ਵਾਲੀ ਇਸਤਰੀ।

ولولہ ***ਵਲਵਲਾ*** : ਜੋਸ਼ ਖ਼ਰੋਸ਼, ਉਮੰਗ, ਬੌਹਤ, ਜਿਆਦਾ, ਸ਼ੌਕ, ਚੀਕ-ਪੁਕਾਰ, ਵੈਣ, ਵਾਵੇਲਾ ਕਰਨਾ, ਰੌਲਾ-ਰੱਪਾ ਪਾਉਣਾ।

ولہ ***ਵਲਾ*** : ਪਰੇਸ਼ਾਨੀ, ਹੈਰਾਨੀ, ਪਾਗ਼ਲਪਣ, ਇਸ਼ਕ, ਗੁੱਸਾ, ਰੰਜ, ਨਾਜ਼ ਨਖ਼ਰਾ, ਇਸ਼ਕ ਕਾਰਨ ਬੇਖ਼ੁਦੀ।

ولہزدہ ***ਵਲਾ ਜ਼ਦਾ*** : ਆਸ਼ਕ, ਦੀਵਾਨਾ, ਪਾਗ਼ਲ, ਰੋਹ-ਭਰਿਆ, ਗੁੱਸੇ ਭਰਿਆ।

ولھان ***ਵਲਹਾਨ*** : ਹੈਰਾਨ ਹੋਣਾ, ਬੇਹੋਸ਼ ਹੋਣਾ, ਓਹ ਆਦਮੀ ਜੋ ਪਰੇਮ ਦੇ ਕਾਰਨ ਹੈਰਾਨ ਪਰੇਸ਼ਾਨ ਹੋਵੇ।

ولی ***ਵਲੈ̤*** : ਵਲੇਕਿਨ, ਪਰੰਤੂ, ਮਗਰ, ਪਰ, ਲੇਕਿਨ।

ولی ***ਵਲੀ*** : ਯਾਰ, ਦੋਸਤ, ਸਹਾਇਕ, ਮਾਲਕ; ਨੇੜੇ, ਨਜ਼ਦੀਕ, ਜ਼ਾਮਨ; ਨੇਕ ਆਦਮੀ ਜਿਸ ਨੂੰ ਰੱਬ ਦੀ ਨੇੜਤਾ ਪਰਾਪਤ ਹੋਵੇ।

ولیعھد ***ਵਲੀਅਹਦ*** : ਵਕਤ ਦਾ ਹਾਕਮ, ਓਹ ਆਦਮੀ ਜਿਸ ਨੂੰ ਬਾਦਸ਼ਾਹ ਆਪਣਾ ਉਤਰਾਧਿਕਾਰੀ ਨਿਸਚਤ ਕਰੇ, ਤਾਜ਼ ਤਖ਼ਤ ਦਾ ਵਾਰਸ।

ولیِ نعمت ***ਵਲੀ-ਏ-ਨਿਆਮਤ*** : ਕਿਸੇ ਨੂੰ ਖਾਣਾ ਦੇਣ ਵਾਲਾ, ਕਿਸੇ ਦੀ ਪਰਵਰਸ਼ ਕਰਨ ਵਾਲਾ।

ولید ***ਵਲੀਦ*** : ਲੜਕਾ, ਬਾਲਕ, ਗੁਲਾਮ, ਲੌਂਡੀ, ਹਜ਼ਰਤ ਖ਼ਾਲਿਦ ਸੈਫ਼ ਦੇ ਬਾਪ ਦਾ ਨਾਮ, ਇਕ ਸਹਾਬੀ ਦਾ ਨਾਮ ਜੋ ਮੱਕਾ ਦੀ ਫਤਿਹ ਸਮੇਂ ਮੁਸਲਮਾਨ ਹੋਇਆ, ਵਲੀਦ-ਬਿਨ-ਅਬਦੂਲ ਮਲਿਕ ਦੇ ਭਤੀਜੇ ਦਾ ਨਾਮ ਜੋ ਯਜ਼ੀਦ-ਬਿਨ-ਅਬਦੂਲ ਮਲਿਕ ਦਾ ਪੁੱਤਰ ਸੀ, 125 ਤੋਂ 126 ਹਿਜਰੀ ਤੱਕ ਰਾਜ ਕਰਦਾ ਰਿਹਾ, ਏਹ ਇਕ ਬੜਾ ਅੱਯਾਸ਼ ਸੀ, ਇਸ ਲਈ ਇਸ ਦੇ ਦਰਬਾਰੀਆਂ ਨੇ ਇਸ ਨੂੰ ਮਰਵਾ ਦਿਤਾ ਸੀ।

ولیک ***ਵੇ ਲੇਕ***, ولیکن ***ਵੇ ਲੇਕਿਨ*** : ਪਰੰਤੂ, ਅਤੇ, ਜੇਕਰ, ਪਰ, ਅਗਰ।

ولیمہ ***ਵਲੀਮਾ*** : ਵਿਆਹ ਸ਼ਾਦੀ ਦਾ ਖਾਣਾ।

وند ***ਵੰਦ*** : ਮਾਲਕ; ਬਰਤਨ, ਭਾਂਡਾ, ਪਾਤਰ; ਵਰਗਾ।

وندسار ***ਵੰਦਸਾਰ*** : ਕੇਂਦਰ।

وہ ***ਵਹ*** : ਵਾਹ! ਉਪਮਾ ਜਾਂ ਪਰਸ਼ੰਸਾ ਦਾ ਵਾਕ, ਹੈਰਾਨੀ ਤੇ ਅਫ਼ਸੋਸ ਦਾ ਵਾਕ।

وھّابی ***ਵੱਹਾਬੀ*** : ਅਬਦੂਲਵਹਾਬ: ਸੰਜਦੀ ਦੇ ਪੈਰੋਕਾਰ, ਮੁਸਲਮਾਨਾਂ ਦੇ ਇਕ ਫ਼ਿਰਕੇ ਦਾ ਅਨੁਯਾਈ ਜੋ ਸੂਫ਼ੀਆਂ ਦੇ ਉਲਟ ਸੀ।

وھب ***ਵਹਬ*** : ਬਖ਼ਸ਼ਣਾ, ਬਖ਼ਸ਼ਸ਼, ਮੇਹਰ।

وھبی ***ਵਹਬੀ*** : ਬਖ਼ਸ਼ਿਆ ਹੋਇਆ।

وھم ***ਵਹਮ*** : ਦਿਲ ਦਾ ਖ਼ਿਆਲ (ਬਿਨਾ ਇਰਾਦੇ ਦੇ) ਝੂਠਾ ਖ਼ਿਆਲ, ਸ਼ੱਕ, ਤੌਖਲਾ।

وھمناک ***ਵਹਮਨਾਕ*** : ਵੈਹਮੀ, ਰਵੈਹਮ ਨਾਲ ਸਬੰਧਤ ਗੱਲ।

وھمی ***ਵਹਮੀ*** : ਓਹ ਵਿਅਕਤੀ ਜਿਸ ਨੂੰ ਵੈਹਮ ਹੋਵੇ।

وی ***ਵੇ*** : (ਵਾਏ ਦਾ ਸੰਖਿਪਤ ਰੂਪ) : ਉਸ, ਓਹ ਹਾਏ, ਅਫ਼ਸੋਸ, ਮਿਕਦਾਰ, ਮਾਤਰਾ।

ویح ***ਵੈਹ***, ویحک ***ਵੈਹਕ*** : ਤਰਸ ਤੇ ਰੈਹਮ ਦਾ ਵਾਕ, ਸ਼ਾਬਾਸ਼, ਵਾਹ ਵਾਹ! ਅਫ਼ਸੋਸ। ਖ਼ਬਰਦਾਰ। ਸਾਵਧਾਨ।

وید ***ਵੀਦ*** ,***ਵੇਦ*** : ਗੁਆਚਾ ਹੋਇਆ, ਚਾਰਾ, ਦਵਾ ਦਾਰੂ, ਕੁਸੈਲੀ ਚੀਜ਼।

ویدن ***ਵੀਦਨ*** : ਇਲਾਜ਼ ਕਰਨਾ।

ویدستر ***ਵੀਦਸਤਰ*** : ਬੀਦਸਤਰ, ਪਾਣੀ ਦਾ ਕੁੱਤਾ, ਲੁੱਦਰ।

ویر ***ਵੀਰ*** : ਜ਼ਬਾਨੀ ਯਾਦ, ਚੀਕ-ਪੁਕਾਰ, ਸ਼ੋਰ-ਸ਼ਰਾਬਾ, ਰੌਲਾ-ਗ਼ੌਲਾ।

ویر ***ਵੈਰ*** : ਮੂਰਖ, ਮੂੜ੍ਹ।

ویرا ***ਵੈ ਰਾ*** : ਉਸ ਨੂੰ।

ویران ***ਵੀਰਾਨ***, ***ਵੇਰਾਨ***, ***ਵੈਰਾਨ*** : ਗੈਰ

ਅਬਾਦ, ਉਜੜਿਆ ਹੋਇਆ, ਉਜਾੜ, ਖ਼ਰਾਬ, ਬੀਆਬਾਨ।

ویران‌شہر ***ਵੀਰਾਨ ਸ਼ਹਰ*** : ਈਰਾਨ ਦੇ ਇਕ ਸ਼ੈਹਰ ਦਾ ਨਾਮ ਜਿਥੋਂ ਦਾ ਕੇਸਰ ਮਸ਼ਹੂਰ ਹੈ।

ویران‌گر ***ਵੀਰਾਨਗਰ*** : ਤਬਾਹ ਬਰਬਾਦ ਕਰਨ ਵਾਲਾ।

ویرانہ ***ਵੀਰਾਨਾ*** : ਗ਼ੈਰ ਅਬਾਦ ਕਰਨ ਵਾਲਾ।

ویرانہ‌زار ***ਵੀਰਾਨਾਜ਼ਾਰ*** : ਜੰਗਲ।

ویس ***ਵੀਸ,*** ویسہ ***ਵੀਸਾ*** : ਰਾਮੀਨ ਦੀ ਪਰੇਮਕਾ ਦਾ ਨਾਮ, ਅਫ਼ਰਾਸਿਯਾਬ ਦੇ ਸੈਨਾਪਤੀ ਪੀਰਾਨ ਦੇ ਪਿਤਾ ਦਾ ਨਾਮ।

ویشہ ***ਵੇਸ਼ਾ*** : (ਬੇਸ਼ਾ بیشہ) ਜੰਗਲ, ਕਾਹੀ ਦਾ ਜੰਗਲ।

ویک ***ਵੀਕ*** : (ਵੈਹਕ ویحک) ਤਰਸ ਤੇ ਰੈਹਮ ਦਾ ਵਾਕ, ਅਫ਼ਸੋਸ! ਹਾਏ!, ਹੇ ਨੇਕ ਬਖ਼ਤ! ਹੇ ਚੰਗੇ! ਹੇ ਭਲੇ ਲੋਕਾ!

ویک ***ਵੈਕ,*** ویکان ***ਵੈਕਾਨ*** : ਘਿਰਨਾ ਦਾ ਸ਼ਬਦ, ਅਫਸੋਸ।

ویل ***ਵੀਲ, ਵੈਲ*** : ਵਿਜੈ।

ویلہ ***ਵੈਲਾ*** : ਵਾਵੇਲਾ, ਚੀਕ- ਪੁਕਾਰ।

ویلک ***ਵੈਲਕ*** : ਅਫ਼ਸੋਸ ਤੇਰੇ 'ਤੇ।

ویلہ ***ਵੈਲਾ*** : ਉੱਚੀ ਅਵਾਜ਼, ਸ਼ੋਰ, ਪੁਕਾਰ; ਵਾਵੇਲਾ।

ویم ***ਵੀਮ*** : ਕੰਧਾਂ ਨੂੰ ਲਿੱਪਣ ਵਾਲਾ ਗਾਰਾ, ਤੂੜੀ ਤੇ ਮਿੱਟੀ ਦਾ ਰਲਿਆ ਹੋਇਆ।

وین ***ਵੀਨ*** : ਕਾਲੇ ਅੰਗੂਰ, ਰੰਗ।

ویو ***ਵਯੋ, ਵਿਯੋ*** : ਲਾੜੀ, ਵੌਹਟੀ।

੦(ਹੇ)

੦ ਹੇ-ਹਾਇ : ਹਾ-ਏ-ਹੱਵਜ਼ ਜਾਂ ਹਾ-ਏ ਮੁਦੱਵਰਾ (ਗੋਲ ਹੇ), ਫ਼ਾਰਸੀ ਵਰਨਮਾਲਾ ਦਾ ਇੱਕਤੀਵਾਂ ਅੱਖਰ ਅਤੇ ਅਰਬੀ ਦਾ ਸਤਾਈਵਾਂ ਅੱਖਰ ਹੈ, ਅਬਜਦ ਅਨੁਸਾਰ ਇਸ ਦੀ ਸੰਖਿਆ ਪੰਜ ਨਿਸਚਤ ਹੈ।

هابیل ਹਾਬੀਲ : ਹਜ਼ਰਤ ਆਦਮ ਦੇ ਪੁਤਰ ਦਾ ਨਾਮ, ਜੋ 'ਕਾਬੀਲ' ਦੇ ਪਿਛੋਂ ਜਨਮਿਆ, ਹਾਬੀਲ ਬੜਾ ਨੇਕ ਤੇ ਈਮਾਨਦਾਰ ਸੀ, 'ਕਾਬੀਲ' ਨੇ ਉਸ ਨੂੰ ਕਤਲ ਕਰ ਦਿੱਤਾ ਸੀ।

هات ਹਾਤ : ਲਿਆ, ਦਿਓ, ਬਖਸ਼ਸ਼ ਕਰੋ।

هاتف ਹਾਤਿਫ਼ : ਅਵਾਜ਼ ਦੇਣ ਵਾਲਾ, ਗੈਬ ਤੋਂ ਅਵਾਜ਼ ਦੇਣ ਵਾਲਾ, ਫ਼ਰਿਸ਼ਤਾ, ਅਕਾਸ਼ ਤੋਂ ਜਾਂ ਅਣਡਿੱਠੇ ਵਿਅਕਤੀ ਵੱਲੋਂ ਅਵਾਜ਼; ਫ਼ਰਿਸ਼ਤਾ।

هاتی ਹਾਤੀ : ਤੂਰਾਨ ਦੇ ਲੋਕਾਂ ਦਾ ਨਾਮ।

هاجر ਹਾਜਿਰ : ਹਿਜਰਤ ਕਰਨ ਵਾਲਾ, ਆਪਣਾ ਦੇਸ਼ ਛੱਡ ਜਾਣ ਵਾਲਾ, ਅਰਬ ਦੇ ਇਕ ਕਬੀਲੇ ਦਾ ਨਾਮ, ਪਰੇਸ਼ਾਨ, ਚਿੰਤਾਵਾਨ, ਗੱਲ ਕੈਹਣ ਵਾਲਾ, ਵਕਤਾ।

هاجر/هاجره ਹਾਜਿਰ/ਹਾਜਿਰਾ : ਹਜ਼ਰਤ ਇਬਰਾਹੀਮ ਦੀ ਪਤਨੀ, ਜਿਸ ਦੀ ਕੁੱਖ ਤੋਂ ਹਜ਼ਰਤ ਇਸਮਾਈਲ ਪੈਦਾ ਹੋਏ।

هاروت ਹਾਰੂਤ : ਇਕ ਫ਼ਰਿਸ਼ਤੇ ਦਾ ਨਾਮ ਜਿਸ ਬਾਰੇ ਕਿਹਾ ਜਾਂਦਾ ਹੈ, ਕਿ ਓਹ ਤੇ ਮਾਰੂਤ ਦੋਵੇਂ ਬਾਬਲ ਦੇ ਖੂਹ ਵਿਚ ਲਟਕ ਰਹੇ ਹਨ, ਏਹ ਲੋਕਾਂ ਨੂੰ ਜਾਦੂ ਸਿਖਾਉਣ ਦਾ ਦੰਡ ਸੀ।

هاروتی ਹਾਰੂਤੀ : ਜਾਦੂਗਰ, ਛਲੀਆ, ਜਾਦੂ-ਟੂਣਾ।

هارون ਹਾਰੂਨ : ਹਜ਼ਰਤ ਮੂਸਾ ਦੇ ਵੱਡੇ ਭਰਾ ਦਾ ਨਾਮ, ਬਗ਼ਦਾਦ ਦੇ ਪੰਜਵੇਂ ਅੱਬਾਸੀ ਖ਼ਲੀਫ਼ਾ ਦਾ ਨਾਮ, ਜਿਸ ਨੂੰ ਖ਼ਲੀਫ਼ਾ ਹਾਰਨ-ਉਰ-ਰਸ਼ੀਦ ਕੈਂਹਦੇ ਹਨ, ਏਹ ਸਾਰੇ ਖ਼ਲੀਫ਼ਿਆਂ ਨਾਲੋਂ ਵਧੇਰੇ ਪਰਸਿੱਧ ਹੈ, ਉਸ ਦੇ ਰਾਜ ਦਾ ਸਮਾਂ ੧੭੦ ਤੋਂ ੧੯੩ ਹਿਜਰੀ ਸੀ; ਕੌਮ ਦਾ ਸੈਨਾਪਤੀ, ਮੁਖੀਆ, ਏਲਚੀ, ਰਖਵਾਲਾ, ਸ਼ਰਾਰਤੀ ਘੋੜਾ।

هاشم ਹਾਸ਼ਿਮ : ਹਜ਼ਰਤ ਮੁਹੰਮਦ ਸਾਹਿਬ ਦੇ ਪੜਦਾਦੇ ਦਾ ਨਾਮ, ਜੋ ਬੜੇ ਨੇਕ ਸੁਭਾ ਵਾਲੇ ਤੇ ਮਿਲਣਸਾਰ ਸਨ।

هاشمی ਹਾਸ਼ਿਮੀ : ਹਜ਼ਰਤ ਹਾਸ਼ਮ ਨਾਲ ਸਬੰਧਤ, ਹਾਸ਼ਿਮ ਦੀ ਔਲਾਦ ਵਿੱਚੋਂ।

هاضم ਹਾਜ਼ਿਮ : ਹਜ਼ਮ ਕਰਨ ਵਾਲਾ, ਪਚਾਉਣ ਵਾਲਾ, ਹਜ਼ਮ ਹੋਣਾ ਵਾਲਾ, ਘੁਲ ਜਾਣ ਵਾਲਾ, ਤੋੜਨ ਵਾਲਾ।

هاضمه ਹਾਜ਼ਿਮਾ : ਹਜ਼ਮ ਕਰਨ ਦੀ ਤਾਕਤ, ਪਾਚਨ-ਸ਼ਕਤੀ।

هاکره ਹਾਕਰਾ, هاکلا ਹਾਕਲਾ : ਥਥਿਆ ਕੇ ਬੋਲਣ ਵਾਲਾ, ਜਿਸ ਨੂੰ ਹਕ ਪੈਂਦੀ ਹੋਵੇ, ਤੋਤਲਾ, ਹਕਲਾ, ਥਥਲਾ।

هالک ਹਾਲਿਕ : ਹਲਾਕ ਹੋਣ ਵਾਲਾ।

هالگاه ਹਾਲਗਾਹ : ਚੋਗਾਨਬਾਜ਼ੀ ਦਾ ਮੈਦਾਨ।

هاله ਹਾਲਾ : ਚੰਦ ਦੇ ਆਲੇ-ਦੁਆਲੇ ਦਾ ਕੁੰਡਲ, ਦਾਇਰਾ।

هامان ਹਾਮਾਨ : ਫ਼ਰਊਨ (ਮਿਸਰ) ਦੇ ਵਜ਼ੀਰ ਦਾ ਨਾਮ ਜੋ ਹਜ਼ਰਤ ਮੂਸਾ ਦਾ ਸਮਕਾਲੀ ਸੀ, ਹਜ਼ਰਤ ਇਬਰਾਹੀਮ ਦੇ ਭਰਾ ਦਾ ਨਾਮ।

هامون ਹਾਮੂਨ : ਜੰਗਲ, ਮੈਦਾਨ, ਰੇਤਥਲ।

هان ***ਹਾਨ*** : ਚੇਤਾਵਨੀ ਦਾ ਸ਼ਬਦ, ਖ਼ਬਰਦਾਰ, ਵੇਖਣਾ।

هاون ***ਹਾਵਨ*** : ਉੱਖਲੀ, ਚੱਟੂ, ਖਰਲ, ਚੀਜ਼ ਕੁੱਟਣ ਦਾ ਭਾਂਡਾ।

هاون‌دسته ***ਹਾਵਨ ਦਸਤਾ*** : ਚੱਟੂ ਵੱਟਾ, ਉਖਲੀ ਤੇ ਮੂਸਲ।

هاون‌کوب ***ਹਾਵਨ-ਕੋਬ*** : ਵੈਦਾਂ ਲਈ ਦਵਾਈਆਂ ਕੁੱਟਣ ਵਾਲਾ, ਸਿਆਹੀ ਬਣਾਉਣ ਵਾਲਾ।

هاويه ***ਹਾਵੀਜਾ*** : ਦੋਜ਼ਖ ਦੇ ਸਤਵੇਂ ਦਰਜੇ ਦਾ ਨਾਮ, ਜੋ ਸਭ ਤੋਂ ਹੇਠਾਂ ਹੈ; ਹਨੇਰੀ ਖੁੱਡ; ਓਹ ਔਰਤ ਜਿਸ ਦੇ ਬੱਚੇ ਮਰ ਗਏ ਹੋਣ।

هابل ***ਹਾਇਲ*** : ਡਰਾਉਣ ਵਾਲਾ, ਭਿਆਨਕ, ਬੌਹਤ ਡਰਾਉਣ ਵਾਲਾ।

هابله ***ਹਾਇਲਾ*** : ਡਰਾਉਣ ਵਾਲੀ ਚੀਜ਼, ਭਿਆਨਕ ਵਸਤੂ।

هاى ***ਹਾਯ*** : ਦਰਦ ਦੀ ਅਵਾਜ਼, ਮਾਤਮ ਦੀ ਅਵਾਜ਼।

هاى‌هاى ***ਹਾਯ ਹਾਯ*** : ਮਾਤਮ ਦੀ ਅਵਾਜ਼, ਰੋਣ-ਧੋਣ ਦੀ ਅਵਾਜ਼।

هبل ***ਹੁਬਲ*** : ਇਕ ਬੁਤ ਦਾ ਨਾਮ ਜੋ ਇਸਲਾਮ ਦੇ ਪਰਾਰੰਭ ਦੇ ਸਮੇਂ ਕਾਅਬੇ ਅੰਦਰ ਰੱਖਿਆ ਹੋਇਆ ਸੀ।

هبه ***ਹਿਬਾ*** : ਜੋ ਚੀਜ਼ ਬਖ਼ਸ਼ਸ਼ ਵਿਚ ਦਿੱਤੀ ਗਈ ਹੋਵੇ, ਦਾਨ।

هبه‌نامه ***ਹਿਬਾ-ਨਾਮਾ*** : ਓਹ ਕਾਗਜ਼ ਜਾਂ ਦਸਤਾਵੇਜ਼ ਜਿਸ ਵਿਚ ਬਖ਼ਸ਼ਸ਼ ਦਾ ਇਕਰਾਰ ਲਿਖਿਆ ਜਾਵੇ।

هبيون ***ਹਬਯੂਨ,*** **هپيون** ***ਹਪਯੂਨ*** : ਅਫ਼ੀਮ।

هتف ***ਹਤਫ਼*** : ਅਵਾਜ਼, ਅਵਾਜ਼ ਪੈਦਾ ਕਰਨਾ, ਘੁੱਗੀ ਦੀ ਅਵਾਜ਼।

هتک ***ਹਤਕ*** : ਪਰਦਾ ਪਾੜਨਾ, ਬੇਇੱਜ਼ਤੀ, ਭੇਦ ਪਰਗਟ ਕਰਨਾ, ਬਦਨਾਮ ਤੇ ਜ਼ਲੀਲ ਕਰਨਾ।

هتک‌العرض ***ਹਤਕ-ਉਲ-ਇਰਜ਼*** : ਜ਼ਾਤੀ ਹਮਲਾ, ਅਯੋਗ ਹਮਲਾ।

هجا ***ਹਿਜਾ*** : ਬੁਰਿਆਈ ਕਰਨਾ, ਨਿੰਦਾ ਕਰਨਾ, ਬੁਰਾ ਕੈਹਣਾ, ਕਿਸੇ ਕਿਸੇ ਦੀ ਬੁਰਿਆਈ ਕਰਨਾ, ਔਰਤ ਦਾ ਆਪਣੇ ਪਤੀ ਨੂੰ ਬੁਰਾ ਸਮਝਣਾ।

هجر ***ਹਿਜਰ*** : ਜੁਦਾਈ, ਵਿਛੋੜਾ, ਵਿਯੋਗ।

هجران ***ਹਿਜਰਾਨ*** : ਜੁਦਾਈ, ਵਿਛੋੜਾ, ਅੱਡ ਹੋਣਾ, ਕਿਸੇ ਨਾਲੋਂ ਸਬੰਧ ਤੋੜ ਲੈਣਾ।

هجرت ***ਹਿਜਰਤ*** : ਵਤਨ ਛੱਡ ਕੇ ਚਲੇ ਜਾਣਾ, ਪਰਵਾਰ ਤੋਂ ਅੱਡ ਹੋਣਾ, ਵਿਛੋੜਾ, ਹਜ਼ਰਤ ਮੁਹੰਮਦ ਦਾ ਮੱਕੇ ਨੂੰ ਛੱਡ ਕੇ ਮਦੀਨੇ ਜਾਣਾ।

هجرى ***ਹਿਜਰੀ*** : ਹਿਜਰਤ ਨਾਲ ਸਬੰਧਤ ਓਹ ਸੰਨ, ਜਦੋਂ ਹਜ਼ਰਤ ਮੁਹੰਮਦ ਸਾਹਿਬ ਨੇ ਮੱਕੇ ਦੀ ਰਿਹਾਇਸ਼ ਛੱਡ ਕੇ ਮਦੀਨੇ ਰੈਹਣਾ ਸ਼ੁਰੂ ਕੀਤਾ, ਏਹ ਸੰਨ ਹਜ਼ਰਤ ਅਲੀ ਦੇ ਮਸ਼ਵਰੇ ਉਤੇ ਹਜ਼ਰਤ ਉਮਰ ਦੇ ਰਾਜ ਸਮੇਂ ਨਿਸ਼ਚਤ ਕੀਤਾ ਗਿਆ ਸੀ, ਇਹ ਸੰਨ 15 ਜੁਲਾਈ 622 ਈ. ਤੋਂ ਸ਼ੁਰੂ ਹੁੰਦਾ ਹੈ।

هجو ***ਹਜਵ*** : ਨਿੰਦਾ ਕਰਨਾ, ਬੁਰਿਆਈ, ਕਵਿਤਾ ਵਿਚ ਬੁਰਿਆਈ ਕਿਸੇ ਦੀ ਦਾ ਵਰਣਨ ਕਰਨਾ।

هجوم ***ਹਜੂਮ*** : ਇੱਕਠ, ਭੀੜ, ਇੱਕਠ ਕਰਨਾ, ਭੀੜ ਇੱਕਠੀ ਕਰਨਾ, ਹਮਲਾ ਕਰਨਾ, ਘਰ ਦਾ ਡਿਗਣਾ, ਬਿਨਾ ਆਗਿਆ ਦਾਖ਼ਲ ਹੋਣਾ, ਗਲਬਾ ਕਰਨਾ, ਹਾਵੀ ਹੋਣਾ।

هجوير ***ਹੁਜਵੀਰ*** : ਗ਼ਜ਼ਨੀ ਦੇ ਨੇੜੇ ਇਕ ਪਿੰਡ ਦਾ ਨਾਮ।

هجويرى ***ਹੁਜਵੀਰੀ*** : ਹੁਜਵੀਰ ਪਿੰਡ ਨਾਲ ਸਬੰਧਤ; ਹੁਜਵੀਰ ਦਾ ਰੈਹਣ ਵਾਲਾ, ਪਰਸਿੱਧ ਪੰਜਾਬੀ ਸੂਫ਼ੀ ਅਲੀ ਹੁਜਵੀਰੀ ਜਿਸ ਦਾ ਮਜ਼ਾਰ ਲਾਹੌਰ ਵਿਖੇ ਹੈ ਤੇ ਜਿਸ ਨੂੰ ਦਾਤਾ ਗੰਜ ਬਖ਼ਸ਼ ਕੈਂਹਦੇ ਹਨ, ਏਹ ਪਰਸਿੱਧ ਸੂਫ਼ੀ ਪੁਸਤਕ ਕਸ਼ਫ਼-ਉਲ-ਮਹਜੂਬ ਦਾ ਕਰਤਾ ਹੈ।

هجير ***ਹਜੀਰ*** : ਕਾਰਨ-ਬਿਨ-ਕਾਵਾ ਦੇ ਉਸ ਪੁੱਤਰ ਦਾ ਨਾਮ, ਜਿਸ ਨੂੰ ਸੁਹਰਾਬ ਨੇ ਕੈਦ

ਕੀਤਾ ਸੀ, ਗੌਦਰਜ਼ ਦੇ ਪੁੱਤਰ ਦਾ ਨਾਮ।

هدا *ਹੁਦਾ* : ਸਚਾਈ, ਰਾਸਤੀ, ਸਿੱਧਾ ਰਾਹ, ਸੱਚਾ ਮਾਰਗ।

هدات *ਹੁਦਾਤ* : (ਹਾਦੀ **هادی** ਦਾ ਬੌਹਵਚਨ) ਹਿਦਾਇਤ ਕਰਨ ਵਾਲੇ, ਸਿੱਧਾ ਰਸਤਾ ਵਿਖਾਉਣ ਵਾਲੇ।

هدايا *ਹਦਾਯਾ* : (ਹਦੀਯਾ **هديه** ਦਾ ਬੌਹਵਚਨ), ਫ਼ਾਰਸੀ ਵਿਚ ਹਦੀਯਾ ਹੈ ਤੋਹਫ਼ੇ, ਸੁਗਾਤਾਂ, ਨਜ਼ਰਾਨੇ, ਭੇਟਾਵਾਂ।

هدايت *ਹਿਦਾਯਤ* : ਸਿੱਧਾ ਰਸਤਾ ਵਿਖਾਉਣਾ, ਰਾਹਨੁਮਾਈ, ਅਗਵਾਈ, ਨਜਾਤ, ਮੁਕਤੀ ਵੱਲ ਲੈ ਜਾਣਾ।

هدف *ਹਦਫ਼* : ਨਿਸ਼ਾਨਾ, ਤੀਰ ਦਾ ਨਿਸ਼ਾਨਾ, ਉੱਚੀ ਚੀਜ਼, ਟਿਲਾ, ਉੱਚੀ ਇਮਾਰਤ, ਓਹ ਚੀਜ਼ ਜਿਸ ਦਾ ਨਿਸ਼ਾਨਾ ਲਿਆ ਜਾਵੇ।

هدهد *ਹੁਦ-ਹੁਦ* : ਇਕ ਪ੍ਰਸਿੱਧ ਪੰਛੀ ਜਿਸ ਦੇ ਸਿਰ ਉਤੇ ਤਾਜ ਹੁੰਦਾ ਹੈ, ਲੱਕੜਹਾਰਾ।

هدهدچشم *ਹੁਦਹੁਦ-ਚਸ਼ਮ* : ਤੇਜ਼ ਨਜ਼ਰ ਵਾਲਾ।

هدی *ਹਦੀ* : ਕੁਰਬਾਨੀ ਦਾ ਜਾਨਵਰ ਜੋ ਕਾਅਬਾ ਲੈ ਜਾਇਆ ਜਾਵੇ।

هدّی *ਹੱਦੀ* : ਤੋਹਫ਼ੇ, ਸੁਗਾਤ, ਕੀਮਤੀ ਚੀਜ਼, ਦੁਲਹਨ ਜੋ ਪਤੀ ਦੇ ਘਰ ਭੇਜੀ ਜਾਵੇ।

هديه *ਹੱਦੀਯਾ* : (ਫ਼ਾਰਸੀ ਵਿਚ ਹਦੀਯਾ ਹੈ) ਸੁਗਾਤ, ਤੋਹਫ਼ਾ, ਨਜ਼ਰਾਨਾ, ਭੇਟਾ, ਪਰਭਾਸ਼ਕ ਤੌਰ ਤੇ ਕੁਰਾਨ ਸ਼ਰੀਫ਼ ਦੀ ਕੀਮਤ ਭੇਟਾ।

هٰذا *ਹਾਜ਼ਾ* : (ਸੰਕੇਤਵਾਚੀ ਨਾਂਵ) ਏਹ।

هذّار *ਹੱਜ਼ਾਰ* : ਬੌਹਤ ਬਕਵਾਸੀ, ਬਾਤੂਨੀ, ਫ਼ਜ਼ੂਲ ਬਕਣ ਵਾਲਾ।

هذر *ਹਜ਼ਰ* : ਬਕਵਾਸ, ਬੇਹੂਦਾ ਬਾਤ ਕਰਨਾ, ਫ਼ਜ਼ੂਲ ਗੱਲਾਂ ਮਾਰਨਾ।

هذيان *ਹਜ਼ਯਾਨ* : ਬੇਹੂਦਾ ਕਲਾਮ, ਬਕਵਾਸ, ਬਕਵਾਸ ਕਰਨਾ, ਬੜਬੜ ਕਰਨਾ, ਬੀਮਾਰੀ ਦੀ ਬੇਹੋਸ਼ੀ ਵਿਚ ਫ਼ਜ਼ੂਲ ਗੱਲਾਂ ਕਰਨਾ।

هر *ਹਰ* : ਹਰ ਕੋਈ, ਸਭ ਕੋਈ, ਇਕ ਇਕ, ਕੋਈ।

هرآنجا *ਹਰ ਆਂਜਾ* : ਜਿੱਥੇ ਕਿੱਥੇ ਵੀ, ਕਿਸੇ ਥਾਂ ਵੀ।

هرآنچه *ਹਰਆਂਚਿਹ* : ਹਰ ਚੀਜ਼, ਜੋ ਕੁਝ।

هرآنکه *ਹਰ ਆਂ ਕਿਹ* : ਹਰ ਕੋਈ, ਜੇਹੜਾ ਵੀ।

هراحد *ਹਰ ਅਹਦ* : ਸਾਰੇ।

هرچند *ਹਰ ਚੰਦ* : ਜਿੰਨਾ ਵੀ, ਜਿੰਨਾ ਕੁਝ, ਭਾਵੇਂ, ਕਿੰਨਾ ਹੀ, ਕਿਹੋ ਜੇਹਾ ਹੀ, ਬਥੇਰਾ।

هرچندکه *ਹਰ ਚੰਦ ਕਿਹ* : ਭਾਵੇਂ, ਬਾਵਜੂਦ ਇਸ ਦੇ ਕਿ।

هرچوں *ਹਰ ਚੂੰ* : ਹਰ ਤਰ੍ਹਾਂ।

هرچه‌باداباد *ਹਰ ਚਿ ਬਾਦਾ ਬਾਦ* : ਜੋ ਕੁਝ ਹੋਵੇ ਸੋ ਹੋਵੇ, ਜੋ ਹੋਣਾ ਹੈ, ਸੋ ਹੋਣਾ ਹੈ, ਜੋ ਹੋਵੇ।

هرسو *ਹਰ ਸੂ* : ਹਰ ਤਰਫ਼, ਹਰ ਪਾਸੇ।

هرآئینه *ਹਰ ਆਈਨਾ* : ਬੇਸ਼ਕ, ਨਿਰ ਸੰਦੇਹ, ਹਰ ਹਾਲਤ ਵਿਚ, ਜ਼ਰੂਰ ਹੀ, ਹਮੇਸ਼ਾ, ਸਦਾ ਹੀ।

هرا/هرات *ਹਿਰਾ/ਹਿਰਾਤ* : ਖ਼ੁਰਾਸਾਨ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ ਜੋ ਅਜਕਲ ਅਫ਼ਗਾਨਿਸਤਾਨ ਵਿਚ ਸ਼ਾਮਲ ਹੈ।

هراس *ਹਿਰਾਸ* : ਡਰ, ਭੈ, ਡਰਨਾ।

هراسان *ਹਿਰਾਸਾਨ* : ਭਰਿਆ ਹੋਇਆ, ਡਰਪੋਕ, ਡਰਾਕਲ, ਡਰਦਾ ਹੋਇਆ।

هراسه *ਹਿਰਾਸਾ* : ਲੱਕੜੀ ਆਦਿ ਦੀ ਬਣਾਈ ਹੋਈ ਡਰਾਉਣੀ ਸੂਰਤ ਜੋ ਖੇਤ ਜਾਂ ਬਾਗ ਵਿਚ ਪੰਛੀਆਂ ਆਦਿ ਨੂੰ ਡਰਾਉਣ ਲਈ ਗੱਡੀ ਜਾਂਦੀ ਹੈ, ਡਰਨਾ।

هراول *ਹਰਾਵਲ* : ਲਸ਼ਕਰ ਦਾ ਅਗਲਾ ਦਸਤਾ, ਓਹ ਥੋੜੀ ਜੇਹੀ ਫ਼ੌਜ ਜੋ ਲਸ਼ਕਰ ਦੇ ਅੱਗੇ ਅੱਗੇ ਚਲਦੀ ਹੈ।

هربذ *ਹਰਬਿਜ਼* : ਅਗਨੀ-ਮੰਦਰ ਦਾ ਪੁਜਾਰੀ, ਅਗ-ਪੂਜ, ਜ਼ਰਤੁਸਤੀਆਂ

(ਪਾਰਸੀਆਂ) ਦਾ ਪੁਜਾਰੀ।

هرج ***ਹਰਜ*** : ਫ਼ਸਾਦ, ਗੜਬੜ, ਦੰਗਾ, ਖਲਲ, ਸ਼ੋਰ-ਸ਼ਰਾਬਾ, ਖੱਪ ਖੇਡ, ਨੁਕਸਾਨ, ਖਸਾਰਾ, ਢਿਲ, ਦੇਰ, ਵਕਫ਼ਾ।

هرج‌مرج ***ਹਰਜ ਮਰਜ*** : ਖੱਪ ਖੇਡ, ਫ਼ਿਤਨਾ, ਫ਼ਸਾਦ, ਨੁਕਸਾਨ।

هرج‌ومرج ***ਹਰਜ-ਉ-ਮਰਜ*** : ਅਰਾਜਕਤਾ।

هرجائی ***ਹਰਜਾਈ*** : ਇਕ ਹਾਲ ਵਿਚ ਨਾ ਰੈਹਣ ਵਾਲਾ, ਹਰ ਥਾਂ ਦਾ, ਕਿਸੇ ਇਕ ਦਾ ਹੋ ਕੇ ਨਾ ਰੈਹਣ ਵਾਲਾ; ਜਿਸ ਤੇ ਇਤਬਾਰ ਨਾ ਕੀਤਾ ਜਾਵੇ, ਬੇਵਫ਼ਾ।

هردل‌عزیز ***ਹਰ-ਦਿਲ-ਅਜ਼ੀਜ਼*** : ਹਰ ਇਕ ਨੂੰ ਪਿਆਰਾ, ਲੋਕ-ਪ੍ਰਿਯ।

هردم‌خیال ***ਹਰ-ਦਮ-ਖ਼ਿਯਾਲ*** : ਜਿਸ ਦਾ ਖ਼ਿਆਲ ਹਰ ਵਕਤ ਬਦਲਦਾ ਰਹੇ, ਵੈਹਮੀ, ਸ਼ੱਕੀ।

هردی ***ਹਰਦੀ*** : ਹਲਦੀ।

هردو ***ਹਰ ਦੋ*** : ਦੋਵੇਂ।

هردوعالم ***ਹਰ ਦੋ ਆਲਮ*** : ਦੋਵੇਂ ਦੁਨੀਆ, ਦੋਵੇਂ ਜਹਾਨ, ਲੋਕ ਪਰਲੋਕ।

هرزه ***ਹਰਜ਼ਾ*** : ਬੇਹੂਦਾ, ਫ਼ਜ਼ੂਲ, ਬਕਵਾਸ।

هرزه‌درای ***ਹਰਜ਼ਾਦਰਾਯ,*** هرزه‌سرا ***ਹਰਜ਼ਾ-ਸਰਾ,*** هرزه‌گو ***ਹਰਜ਼ਾ-ਗੋ*** : ਬਕਵਾਸੀ, ਬੇਹੂਦਾ, ਬਕਵਾਸ ਕਰਨ ਵਾਲਾ।

هرزه‌سرائی ***ਹਰਜ਼ਾ-ਸਰਾਈ,*** هرزه‌گوئی ***ਹਰਜ਼ਾ-ਗੋਈ*** : ਬੇਹੂਦਾ ਬਕਵਾਸ।

هرکاره ***ਹਰਕਾਰਾ*** : ਸਨੇਹਾ ਲੈ ਜਾਣ ਵਾਲਾ, ਹਰ ਕੰਮ ਕਰਨ ਵਾਲਾ ਆਦਮੀ, ਖੁਲ੍ਹੇ ਮੂੰਹ ਵਾਲੀ ਦੇਗ, ਦੇਗਬਚਾ, ਚਪੜਾਸੀ, ਪਿਆਦਾ, ਅਰਦਲੀ।

هرگز ***ਹਰਗਿਜ਼*** : ਹਮੇਸ਼ਾ, ਕਦੀ, ਕਿਸੇ ਵੇਲੇ ਨਹੀਂ, ਕਦੀ ਨਹੀਂ, ਬਿਲਕੁਲ ਨਹੀਂ।

هرم ***ਹਰਮ*** : ਬੁਢਾਪਾ, ਮਿਸਰ ਦੇ ਮੀਨਾਰ।

هرمان ***ਹਰਮਾਨ*** : ਮਿਸਰ ਦੇ ਪੁਰਾਣੇ ਨ ਗੁੰਬਦਾਂ ਦੇ ਨਾਮ ਜੋ ਪੱਥਰ ਦੇ ਬਣੇ ਹੋਏ ਹਨ, ਕਈ ਵਿਦਵਾਨਾਂ ਦਾ ਖ਼ਿਆਲ ਹੈ ਕਿ ਏਹ ਨੂਹ ਦੇ ਤੂਫ਼ਾਨ ਤੋਂ ਪੈਹਲਾਂ ਦੇ ਹਨ ਤੇ ਕਈ ਕੈਂਹਦੇ ਹਨ ਕਿ ਏਹ ਹਜ਼ਰਤ ਇਦਰੀਸ ਨੇ ਬਣਾਏ ਸਨ।

هرمز ***ਹੁਰਮੁਜ਼*** : ਨੌਸ਼ੀਰਵਾਨ ਦੇ ਪੁੱਤਰ ਦਾ ਨਾਮ ਜੋ ਪਰਵੇਜ਼ ਦਾ ਪਿਤਾ ਸੀ, ਹਰੇਕ ਸ਼ਮਸੀ (ਸੂਰਜੀ) ਮਹੀਨੇ ਦਾ ਪੈਹਲਾ ਦਿਨ ਜਿਸ ਵਿਚ ਸਫ਼ਰ ਕਰਨਾ, ਨਵਾਂ ਕੱਪੜਾ ਪੈਹਨਣਾ ਅਤੇ ਕਰਜ਼ ਦੇਣਾ ਭੈੜਾ ਸਮਝਿਆ ਜਾਂਦਾ ਹੈ।

هرمزد ***ਹਰਮੁਜ਼ਦ, ਹੁਰਮੁਜ਼ਦ*** : ਇਕ ਬਾਦਸ਼ਾਹ ਦਾ ਨਾਮ, ਬ੍ਰਿਹਸਪਤੀ ਸਤਾਰਾ।

هروی ***ਹਰਵੀ*** : ਹਿਰਾਤ ਸ਼ੈਹਰ ਨਾਲ ਸਬੰਧਤ, ਹਿਰਾਤ ਦਾ ਰੈਹਣ ਵਾਲਾ; ਫ਼ਾਰਸੀ ਦੀ ਇਕ ਉਪ-ਭਾਖਾ।

هرهفت ***ਹਰ ਹਫ਼ਤ*** : ਇਸਤਰੀਆਂ ਦੇ ਸਤ ਪਰਕਾਰ ਦੇ ਸ਼ਿੰਗਾਰ, (ਪੋਸ਼ਾਕ, ਗੈਹਣੇ, ਮੈਂਹਦੀ, ਸੁਰਮਾ, ਪਾਨ, ਮਿੱਸੀ ਤੇ ਕੰਘੀ ਚੋਟੀ)।

هرهفت‌کرده ***ਹਰ ਹਫ਼ਤ ਕਰਦਾ*** : ਸਤਾਂ ਸ਼ਿੰਗਾਰਾਂ ਨਾਲ ਸਜੀ ਸੰਵਰੀ ਹੋਈ।

هری ***ਹਰੀ*** : ਸ਼ੈਹਰ ਹਰਾਤ।

هریو ***ਹਿਰੇਵ*** : ਹਰਾਤ ਸ਼ੈਹਰ।

هریوه ***ਹਿਰੇਵਾ*** : ਹਰੀਵ (ਹਰਾਤ) ਨਾਲ ਸਬੰਧਤ, ਹਰਾਤ ਦਾ ਵਾਸੀ, ਹਰਾਤ ਦੀ ਕੋਈ ਚੀਜ਼।

هریوه ***ਹਿਰੇਵਾ*** : ਖ਼ਾਲਸ ਸੋਨਾ, ਪਰਚਲਤ ਸੋਨਾ, ਸੋਨੇ ਦਾ ਸਿੱਕਾ, ਬਦਕਾਰ ਔਰਤ।

هزار ***ਹਜ਼ਾਰ*** : ਦਸ ਸੌ, ੧੦੦੦, ਨਰਦ ਦੀ ਚੌਥੀ ਬਾਜ਼ੀ ਦਾ ਨਾਮ, ਬੁਲਬੁਲ।

هزارآستین ***ਹਜ਼ਾਰ ਆਸਤੀਨ*** : ਦਰਿਆ, ਖਾੜੀ, ਖਲੀਜ, ਸੈਨਾ, ਫ਼ੌਜ।

هزارآوا/آواز ***ਹਜ਼ਾਰ ਆਵਾ/ਆਵਾਜ਼*** : ਬੁਲਬੁਲ, ਹਜ਼ਾਰ ਦਾਸਤਾਂ।

هزاراسپ ***ਹਜ਼ਾਰ ਅਸਪ*** : ਖ਼ੁਰਾਸਾਨ ਦੇ

ਇਕ ਸ਼ੈਹਰ ਦਾ ਨਾਮ।

هزارپا ***ਹਜ਼ਾਰ-ਪਾ***, **هزارپايه** ***ਹਜ਼ਾਰ-ਪਾਯਾ*** : ਹਜ਼ਾਰ ਪੈਰਾਂ ਵਾਲਾ, ਕਨਖਜੂਰਾ।

هزاربيشه/پيشه ***ਹਜ਼ਾਰ-ਬੀਸ਼ਾ/ਪੀਸ਼ਾ*** : ਵੱਡਾ ਪਿਆਲਾ, ਵੱਡਾ ਭਾਂਡਾ, ਜਿਸ ਵਿਚ ਕਈ ਛੋਟੇ ਛੋਟੇ ਭਾਂਡੇ ਰੱਖੇ ਹੁੰਦੇ ਹਨ, ਇਕ ਦਸਤਾ ਜਿਸ ਵਿਚ ਕਈ ਸੰਦ ਲੱਗੇ ਹੁੰਦੇ ਹਨ।

هزارتابه ***ਹਜ਼ਾਰ-ਤਾਬਾ*** : ਸੂਰਜ।

هزارجريب ***ਹਜ਼ਾਰ-ਜਰੀਬ*** : ਈਰਾਨ ਦੇ ਇਕ ਬਾਗ਼ ਦਾ ਨਾਮ।

هزارچشمه ***ਹਜ਼ਾਰ-ਚਸ਼ਮਾ*** : ਕਈ ਮੂੰਹਾਂ ਵਾਲਾ ਪਿੱਠ ਦਾ ਫੋੜਾ, ਕਾਰਬੰਕਲ, ਕੈਂਸਰ, ਨਿਓਲਾ।

هزارداستان ***ਹਜਾਰਦਾਸਤਾਨ***, **هزاردستان** ***ਹਜ਼ਾਰ ਦਸਤਾਨ*** : ਬੁਲਬੁਲ।

هزاردره ***ਹਜ਼ਾਰ ਦੱਰਾ*** : ਇਸਫ਼ਹਾਨ ਦੇ ਨੇੜੇ ਇਕ ਦੱਰਾ ਜੋ ਡਾਕੂਆਂ ਤੇ ਕਜ਼ਾੱਕਾਂ ਦੇ ਲੁਕਣ ਦੀ ਥਾਂ ਹੈ।

هزارستون ***ਹਜ਼ਾਰ ਸਤੂਨ*** : ਪਰਸੀਪੋਲਿਸ (ਪੁਰਾਤਨ ਈਰਾਨ) ਦਾ ਇਕ ਪਰਸਿੱਧ ਸਥਾਨ।

هزارفن ***ਹਜ਼ਾਰ-ਫ਼ਨ*** : ਅਨੇਕਾਂ ਕਲਾਵਾਂ ਦਾ ਜਾਣਨ ਵਾਲਾ, ਹਰ ਫ਼ਨ-ਮੌਲਾ।

هزارميخ ***ਹਜ਼ਾਰ-ਮੇਖ਼***, **هزارميخى** ***ਹਜ਼ਾਰ-ਮੇਖ਼ੀ*** : ਫ਼ਕੀਰਾਂ ਦੀ ਗੋਦੜੀ, ਤਾਰੇ ਜੜਤ ਅਕਾਸ਼।

هزارها ***ਹਜ਼ਾਰਹਾ*** : (ਹਜ਼ਾਰ ਦਾ ਬੌਹਵਚਨ), ਹਜ਼ਾਰਾਂ ਹੀ, ਅਣਗਿਣਤ।

هزارهزار ***ਹਜ਼ਾਰ ਹਜ਼ਾਰ*** : ਇਕ ਲਖ।

هزارى ***ਹਜ਼ਾਰੀ*** : ਜਿਸ ਦਾ ਸਬੰਧ ਹਜ਼ਾਰ ਨਾਲ ਹੋਵੇ, ਇਕ ਹਜ਼ਾਰ ਸਿਪਾਹੀਆਂ ਦਾ ਸਰਦਾਰ, ਇਕ ਹਜ਼ਾਰ ਰੁਪਏ ਮਾਸਕ ਲੈਣ ਵਾਲਾ, ਇਕ ਦਿਨ ਵਿਚ ਹਜ਼ਾਰ ਵਾਰ ਵਰਜਸ਼ ਕਰਨ ਵਾਲਾ, ਹਜ਼ਾਰ ਛਾਲਾਂ ਮਾਰਨ ਵਾਲਾ, ਮੁਸਲਮਾਨੀ ਰਾਜ ਵਿਚ ਇਕ ਪਦਵੀ ਦਾ ਨਾਮ।

هزاره ***ਹਜ਼ਾਰਾ*** : ਦੋਹਰਾ ਫੁੱਲ, ਇਕ ਪਰਕਾਰ ਦਾ ਗੇਂਦਾਂ, ਇਕ ਅਫ਼ਗਾਨ ਕਬੀਲਾ।

هزاك ***ਹਜ਼ਾਕ***, **هزاك** ***ਹੁਜ਼ਾਕ*** : ਮੂਰਖ, ਬੇਵਕੂਫ਼, ਮੂੜ੍ਹ, ਭੋਲਾ ਭਾਲਾ, ਭੱਦਾ , ਬੌਂਦਬਾ, ਇਕ ਵਿਸ਼ਾਲ ਬਾਗ਼ ਜੋ ਪੈਹਲਾਂ ਈਰਾਨ ਦੇ ਪੈਸ਼ਦਾਦੀਆ ਖ਼ਾਨਦਾਨ ਦੇ ਦੂਜੇ ਬਾਦਸ਼ਾਹ ਕੈਕਬਾਦ ਨੇ ਬਣਵਾਇਆ ਸੀ।

هزال ***ਹਜ਼ਾਲ*** : ਮਸਖ਼ਰਾ, ਭੰਡ।

هزال ***ਹੁਜ਼ਾਲ*** : ਕਮਜ਼ੋਰ, ਮਾੜਾ, ਦੁਬਲਾਪਣ।

هزاهز ***ਹਜ਼ਾ ਹਜ਼*** : ਲਗਾਤਾਰ ਹਿੱਲਣਾ, ਭਾਜੜ ਜੋ ਹਾਰੀ ਹੋਈ ਫ਼ੌਜ ਵਿਚ ਪੈ ਜਾਂਦੀ ਹੈ, ਫ਼ਿਤਨੇ, ਫ਼ਸਾਦ, ਲੜਾਈ ਜੰਗ ਦਾ ਸ਼ੋਰ ਸ਼ਰਾਬਾ।

هِزَبْر ***ਹਿਜ਼ਬਰ*** : ਬਬਰ ਸ਼ੇਰ।

هزبرانِ وغا ***ਹਿਜ਼ਬਰਾਨ-ਏ-ਵਗ਼ਾਂ*** : ਜੰਗ ਦੇ ਸ਼ੇਰ, ਬਹਾਦਰ ਸੂਰਮੇ, ਜੋਧੇ।

هزد ***ਹਜ਼ਦ*** : ਪਾਣੀ ਦੇ ਅੰਦਰ ਦਾ ਇਕ ਜਾਨਵਰ, ਪਾਣੀ ਦਾ ਕੁੱਤਾ, ਲਿੱਦੜ।

هزده ***ਹਜ਼ਦਹ*** : ਅਠਾਰਾ, (੧੮)।

هزدههزارعالم ***ਹਜ਼ਦਹ ਹਜ਼ਾਰ ਆਲਮ*** : ਅਠਾਰਾਂ ਹਜ਼ਾਰ ਜੀਵ ਜੰਤੂ, ਸਾਰੀ ਮਖ਼ਲੂਕਾਤ, ਜੋ ਅਠਾਰਾਂ ਹਜ਼ਾਰ ਕਿਸਮ ਦੀ ਵੇਖੀ ਗਈ ਹੈ।

هزل ***ਹਜ਼ਲ*** : ਕਮਜ਼ੋਰ ਹੋਣਾ, ਪਤਲਾ ਪੈਣਾ, ਕਮਜ਼ੋਰ ਕਰਨਾ , ਬੇਹੂਦਾ ਗੱਲ, ਫ਼ਜ਼ੂਲ ਬਕਵਾਸ, ਮਸਖਰਾਪਣ, ਬੇਹੂਦਗੀ, ਮਜ਼ਾਕ, ਠੱਠਾ, ਮਖੌਲ।

هزلگو ***ਹਜ਼ਲ-ਗੋ*** : ਬਕਵਾਸ ਕਰਨ ਵਾਲਾ, ਬਕਵਾਸੀ, ਮਸਖਰਾ।

هزلگوئى ***ਹਜ਼ਲ-ਗੋਈ*** : ਬਕਵਾਸ, ਫ਼ਜ਼ੂਲ ਗੱਲਬਾਤ, ਮਸਖ਼ਰੀ।

هزم ***ਹਜ਼ਮ*** : ਭਾਜੜ ਪਾ ਦੇਣਾ, ਹਰਾ ਦੇਣਾ, ਲਸ਼ਕਰ ਦਾ ਤਿਤਰ-ਬਿਤਰ ਹੋਣਾ।

هزيمت ***ਹਜ਼ੀਮਤ*** : ਹਾਰਨਾ, ਹਾਰ,

ਸ਼ਿਕੱਸਤ, ਭਗਦੜ।

هستی ***ਹਸਤੀ*** : ਵਜੂਦ, ਵਜੂਦ ਹੋਣਾ, ਮੌਜੂਦਗੀ, ਜ਼ਿੰਦਗੀ, ਸ੍ਰਿਸ਼ਟੀ, ਦੁਨੀਆ, ਅਮੀਰੀ, ਦੌਲਤਮੰਦੀ, ਖ਼ੁਦ-ਪਸੰਦੀ, ਖ਼ੁਦਾ ਦੀ ਜ਼ਾਤ।

هسر ***ਹਸਰ,*** **هسیر** ***ਹਸੀਰ*** : ਬਰਫ਼, ਯਖ।

هش ***ਹੁਸ਼*** : ਵੇਖੋ।

هشّاش ***ਹੱਸ਼ਾਸ਼*** : ਖ਼ੁਸ਼, ਪਰਸੰਨ।

هشّاش‌بشاش ***ਹੱਸ਼ਾਸ਼ ਬੱਸ਼ਾਸ਼,*** **هشّ‌بشّ** ***ਹੱਸ਼ ਬੱਸ਼*** : ਖ਼ੁਸ਼ ਖ਼ੁਸ਼, ਬੌਹਤ ਖ਼ੁਸ਼।

هشام ***ਹਸ਼ਾਮ*** : ਮਰਵਾਨੀ ਖ਼ਲੀਫ਼ਿਆਂ ਵਿਚੋਂ ਇਕ ਖ਼ਲੀਫ਼ੇ ਦਾ ਨਾਮ।

هشت ***ਹਸ਼ਤ*** : ਅੱਠ, (੮)।

هشت‌باغ ***ਹਸ਼ਤ ਬਾਗ਼,*** **هشت‌بستان** ***ਹਸ਼ਤ ਬੁਸਤਾਨ,*** **هشت‌بهشت** ***ਹਸ਼ਤ ਬਹਿਸ਼ਤ,*** **هشت‌ماوئ** ***ਹਸ਼ਤ ਮਾਵਾ,*** **هشت‌هیکل‌رضوان** ***ਹਸ਼ਤ ਹੈਕਲ-ਏ-ਰਿਜ਼ਵਾਨ*** : ਅੱਠ ਬਹਿਸ਼ਤਾਂ, ਅੱਠ ਸੁਰਗ ਅਰਥਾਤ ਖ਼ੁਲਦ ਦਾਰ-ਉਸ-ਸਲਾਮ, ਜੰਨਤ।

هشت‌منظر ***ਹਸ਼ਤ ਮੰਜ਼ਰ*** : ਅੱਠ ਅਸਮਾਨ, ਅੱਠ ਸਤਾਰਿਆਂ ਦੇ ਘੁੰਮਣ ਫਿਰਨ ਦੇ ਰਸਤੇ, ਅੱਠ ਬਾਗ਼।

هشتی ***ਹਸ਼ਤੀ*** : ਅੱਠ ਪਾਸਿਆਂ ਵਾਲੀ ਇਮਾਰਤ, ਅਠ ਕੋਣੀ ਬੁਰਜੀ।

هشوار ***ਹੁਸ਼ਵਾਰ,*** **هش‌مند** ***ਹੋਸ਼ਮੰਦ,*** **هشیار** ***ਹੁਸ਼ਿਯਾਰ,*** **هشیوار** ***ਹੁਸ਼ੀਵਾਰ*** : ਬੁੱਧੀਮਾਨ, ਸਿਆਣਾ, ਸੂਝਵਾਨ।

هضم ***ਹਜ਼ਮ*** : ਕਿਸੇ ਚੀਜ਼ ਨੂੰ ਤੋੜਨਾ, ਖਾਣੇ ਨੂੰ ਹਜ਼ਮ ਕਰਨਾ, ਪਚਾਉਣਾ।

هفت ***ਹਫ਼ਤ*** : ਸੱਤ, ੭।

هفت‌آباد ਹਫ਼ਤ ਆਬਾਦ,

هفت‌اختر ***ਹਫ਼ਤ ਅਖ਼ਤਰ*** : ਸੱਤ ਅਸਮਾਨ, ਸੱਤ ਸਤਾਰੇ।

هفت‌اژدها ***ਹਫ਼ਤ ਅਜ਼ਦਹਾ*** : ਸੱਤ ਅਸਮਾਨ ਜੋ ਸੱਤ ਸਤਾਰਿਆਂ ਨਾਲ ਸਬੰਧਤ ਹਨ।

هفت‌آسیا ***ਹਫ਼ਤ ਆਸੀਯਾ,*** **هفت‌اندام** ***ਹਫ਼ਤ ਅੰਦਾਮ,*** **هفت‌اعضا** ***ਹਫ਼ਤ ਆਅਜ਼ਾ*** : ਸੱਤ ਅੰਗ।

هفت‌اقلیم ***ਹਫ਼ਤ ਇਕਲੀਮ*** : ਸੱਤ ਵਲਾਇਤਾਂ।

هفت‌الوان ***ਹਫ਼ਤ-ਅਲਵਾਨ*** : ਸੱਤ ਪਰਕਾਰ ਦੇ ਖਾਣੇ ਜੇਹੜੇ ਹਜ਼ਰਤ ਈਸਾ ਨੂੰ ਖ਼ੁਦਾ ਵੱਲੋਂ ਉਤਰਦੇ ਸਨ।

هفت‌اورنگ ***ਹਫ਼ਤ ਔਰੰਗ,*** **هفت‌آئینه** ***ਹਫ਼ਤ ਆਈਨਾ*** : ਸੱਤ ਸਹੇਲੀਆਂ, ਸੱਤ ਸਤਾਰੇ।

هفت‌ایوان ***ਹਫ਼ਤ ਐਵਾਨ,*** **هفت‌بانو** ***ਹਫ਼ਤ ਬਾਨੋ,*** **هفت‌پدر** ***ਹਫ਼ਤ ਪਿਦਰ,*** **هفت‌بام** ***ਹਫ਼ਤ ਬਾਮ,*** **هفت‌پرده** ***ਹਫ਼ਤ ਪਰਦਾ,*** **هفت‌پرکار** ***ਹਫ਼ਤ ਪਰ-ਕਾਰ*** : ਸੱਤ ਅਸਮਾਨ।

هفت‌پوست ***ਹਫ਼ਤ ਪੋਸਤ*** : ਸਤ ਅਸਹਾਬ-ਏ-ਕਹਫ਼।

هفت‌تناں ***ਹਫ਼ਤ ਤਨਾਂ*** : ਸਤ ਅਬਦਾਲ।

هفت‌حال ***ਹਫ਼ਤ ਹਾਲ*** : ਹਮੇਸ਼ਾ, ਸਦਾ।

هفت‌حکایت ***ਹਫ਼ਤ ਹਿਕਾਯਤ*** : ਓਹ ਸੱਤ ਕਹਾਣੀਆਂ ਜੇਹੜੀਆਂ ਬਹਿਰਾਮ ਗੋਰ ਦੇ ਸਾਹਮਣੇ ਕਹੀਆਂ ਗਈਆਂ ਸਨ, ਪਰਸਿੱਧ ਫ਼ਾਰਸੀ ਕਵੀ ਨਜ਼ਾਮੀ ਨੇ ਓਹਨਾਂ ਨੂੰ ਕਾਵਿ-ਬੱਧ ਕੀਤਾ ਹੈ।

هفت‌خوان ***ਹਫ਼ਤ ਖ਼ਾਨ*** : ਰੁਸਤਮ ਦਾ ਸੱਤ ਮੰਜਲਾਂ ਵਾਲਾ ਬਿਖੜਾ ਸਫ਼ਰ,

ਅਸਫੰਦਯਾਰ ਦਾ ਸਤ ਮੰਜਲਾਂ ਵਾਲਾ ਔਖਾ ਰਾਹ।

هفتدریا *ਹਫ਼ਤ ਦਰਯਾ* : ਸੱਤ ਸਮੁੰਦਰ।

هفتدوزخ *ਹਫ਼ਤ ਦੋਜ਼ਖ਼* : ਸੱਤ ਨਰਕ, ਦੋਜ਼ਖ਼ ਦੇ ਸੱਤ ਤਬਕ।

هفتم *ਹਫ਼ਤੁਮ* : ਸੱਤਵਾਂ, ੧/੭।

هفتاد *ਹਫ਼ਤਾਦ* : ਸੱਤਰ, (੭੦)।

هفتادکشتی *ਹਫ਼ਤਾਦ ਕਸ਼ਤੀ* : ਹੈਵਾਨਾਂ ਦੀਆਂ ਸੱਤਰ ਬੀਮਾਰੀਆਂ।

هفتادم *ਹਫ਼ਤਾਦੁਮ* : ਸੱਤਰਵਾਂ, ੧/੭੦ ।

هفتادودوشاخ *ਹਫ਼ਤਾਦ-ਉ-ਦੋ ਸ਼ਾਖ਼* : ਬਹੱਤਰ (72), ਮਜ਼ਹਬ ਇਸਲਾਮ ਦੇ ਬਹੱਤਰ ਫ਼ਿਰਕੇ, ਕੁਰਾਨ ਸ਼ਰੀਫ਼ ਦੇ ਪੜ੍ਹਨ ਦੀਆਂ ਬਹੱਤਰ ਸ਼ੈਲੀਆਂ।

هفتادودوکشتی *ਹਫ਼ਤਾਦ-ਉ-ਦੋ ਕਸ਼ਤੀ,* **هفتادودوملت** *ਹਫ਼ਤਾਦ- ਉ-ਦੋ ਮਿੱਲਤ* : ਇਸਲਾਮ ਦੇ ਬਹੱਤਰ ਫ਼ਿਰਕੇ।

هکذا *ਹਕਜ਼ਾ* : ਇਸ ਤਰ੍ਹਾਂ।

هکچه *ਹੁਕਚਾ,* **هکه** *ਹੁਕਾ,* **هکهک** *ਹੁਕਹੁਕ* : ਹਿਚਕੀ।

هلاک *ਹਲਾਕ,* **هلاکت** *ਹਲਾਕਤ* : ਨੇਸਤੀ, ਨੇਸਤ ਹੋਣਾ, ਮਿਟਣਾ, ਮਰ ਜਾਣਾ, ਤਬਾਹੀ, ਬਰਬਾਦੀ।

هلاکو *ਹਲਾਕੂ,* **هلاکوخان** *ਹਲਾਕੂਖ਼ਾਨ* : ਇਕ ਬੜਾ ਜ਼ਾਲਮ ਬਾਦਸ਼ਾਹ, ਜੋ ਚੰਗੇਜ਼ਖ਼ਾਨ ਦਾ ਪੋਤਾ ਅਤੇ ਤੂਲੀਖ਼ਾਨ ਦਾ ਪੁੱਤਰ ਸੀ, ੬੬੩ ਹਿਜਰੀ ਵਿਚ ਕਾਲਵਸ ਹੋ ਗਿਆ, ਹਲਾਕੂ ਨੇ ੬੫੬ ਹਿਜਰੀ ਵਿਚ ਬਗ਼ਦਾਦ ਵਿਚ ਕਤਲਾਮ ਕੀਤਾ ਤੇ ਤਬਾਹੀ ਮਚਾਈ ਸੀ।

هلال *ਹਿਲਾਲ* : ਏਕਮ ਦਾ ਚੰਦਰਮਾ, ਪੈਹਲੀ, ਦੂਜੀ ਤੇ ਤੀਜੀ ਰਾਤ ਦਾ ਚੰਦ, ਤੀਜੀ ਰਾਤ ਪਿਛੋਂ ਚੰਦ ਨੂੰ 'ਕਮਰ' ਕਿਹਾ ਜਾਂਦਾ ਹੈ।

هلالابرو *ਹਿਲਾਲਅਬਰੂ* : ਮਸ਼ੂਕ, ਸੋਹਣਾ।

هلالهلال *ਹਿਲਾਲ ਹਿਲਾਲ* : ਟੋਟੇ ਟੋਟੇ।

هلالی *ਹਿਲਾਲੀ* : ਫ਼ਰਾਸੀ ਦੇ ਇਕ ਪਰਸਿੱਧ ਸ਼ਾਇਰ ਦਾ ਉਪ-ਨਾਮ (ਤਖ਼ਲੁੱਸ) ਜੋ ਖ਼ੁਰਾਸਾਨ ਦੇ ਹਾਕਮ ਅਬਦੁੱਲਾਖ਼ਾਨ ਉਜ਼ਬਕ ਦਾ ਨਜ਼ਦੀਕੀ ਸੀ ਤੇ ਅੰਤ ਉਸ ਦੇ ਹੁਕਮ ਨਾਲ ਕਤਲ ਕੀਤਾ ਗਿਆ।

هلا هل *ਹਲਾਹਿਲ* : ਅਤਿ ਮਾਰੂ ਜ਼ੈਹਰ, ਇਕ ਪਹਾੜ ਦਾ ਨਾਮ ਹੈ ਜੋ ਚੀਨ ਦੀ ਹੱਦ ਵਿਚ ਹੈ, ਇਸ ਪਹਾੜ ਉਤੇ ਇਕ ਰੁਖ ਅਜੇਹਾ ਹੁੰਦਾ ਹੈ, ਜਿਸ ਦੀ ਜੜ੍ਹ ਮਾਰੂ ਜ਼ੈਹਰ ਵਾਲੀ ਹੁੰਦੀ ਹੈ, ਇਸੇ ਪਹਾੜ ਕਰਕੇ ਇਸ ਦਾ ਨਾਮ 'ਹਲਾਹਿਲ' ਹੈ।

هلاهلا *ਹਲਾਹਲਾ* : ਅਸਾਨ, ਸੌਖਾ।

هلهال *ਹਲਹਾਲ* : ਛਾਣਨੀ।

همآغوش *ਹਮਆਗ਼ੋਸ਼* : ਗਲੇ ਲਗਾ ਹੋਇਆ, ਗਲਵਕੜੀ ਵਿਚ ਆਇਆ ਹੋਇਆ।

همآغوشی *ਹਮਆਗ਼ੋਸ਼ੀ* : ਗਲੇ ਮਿਲਣਾ, ਗਲਵਕੜੀ ਪਾਉਣਾ।

همآواز *ਹਮ-ਆਵਾਜ਼* : ਇਕੋ ਜੇਹੀਆਂ ਅਵਾਜ਼ਾਂ ਵਾਲੇ, ਸੁਰ ਵਿਚ ਸ਼ਰੀਕ, ਇਕੋ ਜੇਹੀ ਰਾਏ ਵਾਲਾ, ਸਾਥੀ।

هما *ਹੁਮਾ* : ਇਕ ਪਰਸਿੱਧ ਖ਼ਿਆਲੀ ਪੰਛੀ ਜੋ ਬੜਾ ਸ਼ੁੱਭ ਮੰਨਿਆ ਜਾਂਦਾ ਹੈ. ਕੈਂਹਦੇ ਹਨ ਕਿ ਜੇਹੜਾ ਵੀ ਇਸ ਪੰਛੀ ਦੇ ਪਰਛਾਵੇਂ ਹੇਠ ਆ ਜਾਵੇ, ਓਹ ਬੜਾ ਭਾਗਸ਼ਾਲੀ ਹੋ ਜਾਂਦਾ ਹੈ, ਏਹ ਕਿਸੇ ਦੂਜੇ ਪੰਛੀ ਨੂੰ ਨਹੀਂ ਸਤਾਉਂਦਾ, ਹੱਡੀ ਇਸ ਦੀ ਖ਼ੁਰਾਕ ਹੈ।

همائی *ਹੁਮਾਈ* : ਸੁਭਾਗਾ, ਭਾਗਸ਼ਾਲੀ, ਹੁਮਾ ਵਰਗਾ।

همال *ਹਮਾਲ* : ਵਰਗਾ, ਜੇਹਾ, ਮਿਸਾਲ।

هماله ***ਹਿਮਾਲਾ,*** **ہمالیۂ** ***ਹਿਮਾਲੀਜਾ*** : ਹਿੰਦੁਸਤਾਨ ਦਾ ਪਰਸਿੱਧ ਪਹਾੜ ਜੋ ਦੁਨੀਆ ਦੇ ਸਾਰੇ ਪਹਾੜਾਂ ਨਾਲੋਂ ਉੱਚਾ ਹੈ, ਇਸ ਦੀ ਚੋਟੀ ਮਾਊਂਟ ਐਵਰੈਸਟ ਉੱਨਤੀ ਹਜ਼ਾਰ ਫੁਟ ਉੱਚੀ ਹੈ, ਇਸ ਉਤੇ ਹਰ ਵੇਲੇ ਬਰਫ਼ ਜੰਮੀ ਰੈਂਹਦੀ ਹੈ, ਬਰਫ਼, ਪਾਲਾ, ਸਿਆਲ।

همان ***ਹਮਾਨ*** : ਵਾਸਤਵ ਵਿਚ ਹਮ-ਆਂ ਹੈ, ਓਹ ਹੀ, ਓਹੀ।

همانند ***ਹਮਾਨੰਦ*** : ਹਮ+ਮਾਨਿੰਦ, ਇਕੋ ਜੇਹਾ, ਵਰਗਾ, ਇਕ ਸਮਾਨ, ਜੋੜ ਦਾ।

هماویز ***ਹਮਾਵੇਜ਼*** : ਸਾਮ੍ਹਣੇ ਲੜਨ ਵਾਲਾ।

همایون ***ਹੁਮਾਯੂਨ*** : ਹੁਮਾ ਪੰਛੀ ਵਰਗਾ, ਸ਼ੁਭ ਨੇਕ ਸ਼ਗਨ ਵਾਲਾ, ਬਰਕਤ ਵਾਲਾ, ਮੁਬਾਰਕ, ਹਿੰਦੁਸਤਾਨ ਦੇ ਇਕ ਪਰਸਿੱਧ ਮੁਗ਼ਲ ਬਾਦਸ਼ਾਹ ਦਾ ਨਾਮ ਜੋ ਬਾਬਰ ਦਾ ਪੁੱਤਰ ਸੀ, ਤੇ ਜਿਸ ਨੇ 1526 ਤੋਂ 1556 ਈ. ਤੱਕ ਰਾਜ ਕੀਤਾ, ਇਸੇ ਦੌਰਾਨ ਸੂਰੀ ਖ਼ਾਨਦਾਨ ਦੇ ਬਾਦਸ਼ਾਹ ਸ਼ੇਰ ਸ਼ਾਹ ਤੋਂ ਭਾਂਜ ਖਾ ਕੇ ਈਰਾਨ ਨੱਸ ਗਿਆ ਤੇ ਫਿਰ ਆ ਕੇ ਸੂਰੀ ਦੀ ਔਲਾਦ ਨੂੰ ਹਰਾ ਕੇ 1556 ਵਿਚ ਦੁਬਾਰਾ ਬਾਦਸ਼ਾਹ ਬਣ ਗਿਆ, ਉਸੇ ਸਾਲ ਕਾਲਵਸ ਹੋਇਆ।

همایون گاه ***ਹੁਮਾਯੂਨ ਗਾਹ*** : ਰਾਜਧਾਨੀ।

همایون نامه ***ਹੁਮਾਯੂਨ-ਨਾਮਾ*** : ਇਕ ਪਰਸਿੱਧ ਪੁਸਤਕ ਦਾ ਨਾਮ।

هم بستر ***ਹਮਬਿਸਤਰ*** : ਇਕੋ ਬਿਸਤਰੇ ਤੇ ਸੌਣ ਵਾਲੇ, ਨਾਲ ਸੌਣ ਵਾਲਾ।

همبستری ***ਹਮ-ਬਿਸਤਰੀ*** : ਨਾਲ ਸੌਣਾ, ਸੇਜ ਮਾਣਨਾ।

همپا ***ਹਮਪਾ*** : ਸਾਥ।

همپایه ***ਹਮਪਾਯਾ*** : ਹਮਰੁਤਬਾ, ਇਕੋ ਜੇਹੀ ਪਦਵੀ ਵਾਲੇ।

همپشت ***ਹਮਪੁਸ਼ਤ*** : ਸਹਾਇਕ।

همپشتی ***ਹਮਪੁਸ਼ਤੀ*** : ਮਦਦ, ਸਹਾਇਤਾ।

همپله ***ਹਮਪੱਲਾ*** : ਬਰਾਬਰ ਦਾ ਜੋੜ।

همپنجگی ***ਹਮਪੰਜਗੀ*** : ਮੁਕਾਬਲਾ ਕਰਨਾ, ਲੜਨਾ, ਬਰਾਬਰੀ।

همپهلو ***ਹਮ-ਪਹਿਲੂ,*** **همچشم** ***ਹਮ-ਚਸ਼ਮ,*** **همدست** ***ਹਮ-ਦਸਤ*** : ਸਾਥ, ਬਰਾਬਰ, ਸਾਥੀ, ਦੋਸਤ।

همپیالهوهمنواله ***ਹਮ ਪਿਯਾਲਾ-ਉ-ਹਮ ਨਵਾਲਾ*** : ਨਾਲ ਖਾਣ ਪੀਣ ਵਾਲਾ, ਜਿਗਰੀ ਦੋਸਤ, ਗੂੜ੍ਹਾ ਮਿਤਰ।

همپیشه ***ਹਮ-ਪੇਸ਼ਾ*** : ਇਕੋ ਜੇਹੇ ਕਿੱਤੇ ਵਾਲੇ।

همداماد ***ਹਮਦਾਮਾਦ,*** **همدامن** ***ਹਮਦਾਮਾਨ,*** ***ਹਮਦਾਮਨ*** **همزلف** ***ਹਮ-ਜ਼ੁਲਫ਼,*** **همریش** ***ਹਮ-ਰੀਸ਼*** : ਸਾਲੀ ਦੇ ਘਰ ਵਾਲਾ, ਸਾਢੂ।

همدان ***ਹਮਦਾਨ*** : ਇਕ ਕਬੀਲੇ ਦਾ ਨਾਮ, ਈਰਾਨ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ।

همدرد ***ਹਮਦਰਦ*** : ਦੁਖ-ਦਰਦ ਦਾ ਸਾਥੀ, ਦੁੱਖ ਵੰਡਣ ਵਾਲਾ, ਗ਼ਮਖ਼੍ਵਾਰ, ਦੁੱਖ ਦਾ ਸ਼ਰੀਕ।

همدردی ***ਹਮਦਰਦੀ*** : ਗ਼ਮਖ਼ਾਰੀ, ਦੋਸਤੀ, ਦੁੱਖ ਦਰਦ ਵਿਚ ਸ਼ਰੀਕ ਹੋਣਾ।

همدرس ***ਹਮਦਰਸ*** : ਸਾਥ ਪੜ੍ਹਨ ਵਾਲਾ, ਸੈਹਪਾਠੀ।

همدگر ***ਹਮਦਿਗਰ*** : ਇਕ ਦੂਜੇ ਦੇ, ਆਪਸ ਵਿਚ, ਇਕੱਠ।

همدم ***ਹਮਦਮ*** : ਇਕ ਦੂਜੇ ਦਾ ਦਮ ਭਰਨ ਵਾਲਾ, ਯਾਰ, ਦੋਸਤ, ਸਾਥੀ, ਨਾਲ ਦਾ, ਬਰਾਬਰ ਦਾ, ਹਰ ਵੇਲੇ ਨਾਲ ਰੈਹਣ ਵਾਲਾ, ਸ਼ਰਾਬ ਪੀਣ ਵਾਲਾ ਪਿਆਲਾ।

همدوش ***ਹਮਦੋਸ਼*** : ਸਾਥੀ, ਯਾਰ, ਬਰਾਬਰ ਦਾ, ਮੋਢੇ ਨਾਲ ਮੋਢਾ ਜੋੜਨ ਵਾਲਾ।

همذات ***ਹਮ-ਜ਼ਾਤ,*** **هم قوم** ***ਹਮ-ਕੌਮ*** : ਇਕੋ ਜਾਤ ਦੇ, ਇਕੋ ਕੌਮ ਦੇ।

همراز ***ਹਮਰਾਜ਼*** : ਭੇਤੀ, ਰਾਜ਼ਦਾਨ,

ਮੇਹਰਮ।

همراه ***ਹਮਰਾਹ*, همراهی *ਹਮਰਾਹੀ*, همرو *ਹਮਰੌ*, همسفر *ਹਮ-ਸਫ਼ਰ*** : ਸਾਥ ਚੱਲਣ ਵਾਲਾ, ਹਮ ਸਫ਼ਰ, ਸਾਥੀ।

همرشته ***ਹਮਰਿਸ਼ਤਾ*** : ਰਿਸ਼ਤੇ ਵਿਚ ਬਰਾਬਰ, ਡੋਰੇ ਵਿਚ ਪਰੋਈਆਂ ਹੋਈਆਂ ਚੀਜ਼ਾਂ।

همزاد ***ਹਮਜ਼ਾਦ*** : ਜੋ ਸਾਥ ਪੈਦਾ ਹੋਇਆ ਹੋਵੇ।

همسایه ***ਹਮਸਾਯਾ*** : ਗੁਆਂਢੀ।

همسایگی ***ਹਮਸਾਯਗੀ*** : ਗੁਆਂਢ।

همسن ***ਹਮਸਿਨ*** : ਇਕੋ ਉਮਰ ਦੇ।

همشکل ***ਹਮਸ਼ਕਲ*** : ਇਕੋ ਜੇਹੀ ਸ਼ਕਲ ਵਾਲੇ।

همشکم ***ਹਮ ਸ਼ਿਕਮ*** : ਜੌੜੇ ਬੱਚੇ।

همشوی ***ਹੁਮ-ਸ਼ੂਯ*** : ਸੌਕਣ।

همصحبت ***ਹਮ-ਸੁਹਬਤ*** : ਪਾਸ ਬੈਹਣ ਵਾਲਾ, ਸਾਥੀ।

همصفیر ***ਹਮ-ਸਫ਼ੀਰ*** : ਇਕੋ ਜੇਹੀ ਅਵਾਜ਼ ਵਾਲੇ, ਇਕੋ ਬੋਲੀ ਬੋਲਣ ਵਾਲੇ ਪੰਛੀ।

همعصر ***ਹਮ ਅਸਰ*, همعهد *ਹਮ ਅਹਦ*** : ਇਕ ਸਮੇਂ ਦਾ, ਇਕ ਜਮਾਨੇ ਦਾ ਸਮਕਾਲੀ।

همعمر ***ਹਮ-ਉਮਰ*** : ਇਕੋ ਜੇਹੀ ਆਯੂ ਵਾਲਾ, ਸਾਥੀ, ਦੋਸਤ, ਹਾਣੀ।

همعنان ***ਹਮ-ਇਨਾਨ*** : ਹਮਰਾਹੀ, ਸਾਥੀ, ਕਿਸਮਤ ਵਾਲੇ।

همطالع ***ਹਮ ਤਾਲਿਅ*** : ਇਕੋ ਜੇਹੀ, ਕਿਸਮਤ ਵਾਲੇ।

همکاسه ***ਹਮਕਾਸਾ*** : ਹਮ ਪਿਆਲਾ, ਦੋਸਤ, ਯਾਰ, ਸਾਥੀ।

همکلام ***ਹਮਕਲਾਮ*, همنفس *ਹਮ ਨਫ਼ਸ*** : ਮਿਲ ਕੇ ਗੱਲ ਕਰਨ ਵਾਲੇ।

همکلامی ***ਹਮਕਲਾਮੀ*** : ਪਰਸਪਰ ਗੱਲ ਬਾਤ, ਬਾਤ ਚੀਤ।

همکیش ***ਹਮਕੇਸ਼*, هممزهب *ਹਮ ਮਜ਼ਹਬ*** : ਇਕੋ ਮਜ਼ਹਬ ਤੇ ਇਕੋ ਧਰਮ ਦਾ।

همگاں ***ਹਮਗਾਨ*, همگین *ਹਮਗੀਨ*, همگی *ਹਮਗੀ*, همگنان *ਹਮਗੁਨਾਨ*, *ਹਮਾ*** : ਸਾਰੇ, ਸਭ, ਤਮਾਮ।

همنام ***ਹਮਨਾਮ*** : ਇਕੋ ਨਾਮ ਵਾਲੇ।

همنشین ***ਹਮਨਿਸ਼ੀਨ*** : ਨਾਲ ਉੱਠਣ ਬੈਹਣ ਵਾਲਾ, ਸਾਥੀ, ਦੋਸਤ।

هموار ***ਹਮਵਾਰ*** : ਬਰਾਬਰ,ਇਕੋ ਜੇਹਾ, ਸਾਫ਼, ਪੱਧਰਾ, ਹਮੇਸ਼ਾ, ਸਦਾ।

همواره ***ਹਮਵਾਰਾ*** : ਹਮੇਸ਼ਾ, ਸਦਾ।

همه ***ਹਮਾ*** : ਸਭ, ਕੁਲ।

همه‌تن ***ਹਮਾਤਨ*** : ਸਿਰ ਤੋਂ ਪੈਰਾਂ ਤਕ, ਸਾਰੇ ਦਾ ਸਾਰਾ, ਬਿਲਕੁਲ।

همه‌تن‌گوش ***ਹਮਾਤਨ-ਗੋਸ਼*** : ਪੂਰੇ ਧਿਆਨ ਨਾਲ, ਗੌਹ ਨਾਲ (ਸੁਣਨਾ)।

همه‌دان ***ਹਮਾਦਾਨ*** : ਸਭ ਕੁਝ ਜਾਣਨ ਵਾਲਾ, ਜਗਤ-ਉਸਤਾਦ।

همه‌دانی ***ਹਮਾ-ਦਾਨੀ*** : ਸਭ ਕੁਝ ਜਾਣਨਾ।

همه‌روزه ***ਹਮਾ-ਰੋਜ਼ਾ*, همه‌ساله *ਹਮਾ-ਸਾਲਾ*** : ਹਮੇਸ਼ਾ, ਸਦਾ।

همه‌صفت‌موصوف ***ਹਮਾ ਸਿਫ਼ਤ ਮੌਸੂਫ਼*** : ਸਾਰੇ ਗੁਣਾਂ ਨਾਲ ਭਰਿਆ ਹੋਇਆ, ਹਰ ਪਰਕਾਰ ਦੀ ਪਰਸੰਸਾ ਦੇ ਯੋਗ।

همه‌کار ***ਹਮਾਕਾਰ*** : ਘਰ ਦਾ ਮੁਖ਼ਤਾਰ।

هنادله ***ਹਨਾਦਲਾ*** : ਹਿੰਦੁਸਤਾਨ ਦੇ ਲੋਕ, ਹਿੰਦੁਸਤਾਨੀ।

هنجار ***ਹੰਜਾਰ/ਹਿੰਜਾਰ*** : ਰਾਹ, ਰਸਤਾ, ਤਰੀਕਾ, ਢੰਗ, ਕਾਇਦਾ।

هند ***ਹਿੰਦ*, هندبار *ਹਿੰਦ ਬਾਰ*, هندسان *ਹਿੰਦੁਸਤਾਂ*, هندوستان *ਹਿੰਦਸਾਨ*, هندوستان *ਹਿੰਦੋਸਤਾਨ*** : ਹਿੰਦੁਸਤਾਨ, ਭਾਰਤ ਵਰਸ਼, ਇੰਡੀਆ।

هندسه ***ਹਿੰਦਿਸਾ*** : (ਅੰਦਾਜ਼ਾ ਦਾ ਅਰਬੀ ਰੂਪ) ਅਨੁਮਾਨ ਲਾਉਣਾ, ਇਕ ਪਰਸਿੱਧ ਵਿਦਿਆ ਦਾ ਨਾਮ ਜੇਹੜੀ ਰਿਆਜ਼ੀ (ਹਿਸਾਬ) ਦੀ ਇਕ ਸ਼ਾਖਾ ਹੈ, ਅੰਕੜਾ ਸ਼ਾਸਤਰ; ਓਹ ਵਿੱਦਿਆ ਜਿਸ ਨਾਲ ਸ਼ਕਲਾਂ ਦੀ ਪਛਾਣ ਹੁੰਦੀ ਹੈ, ਸ਼ਕਲ, ਰਕਮ, ਗਿਣਤੀ।

هندسه‌دان ***ਹਿੰਦਿਸਾਦਾਨ*** : ਇਲਮ ਹਿੰਦਸਾ ਦਾ ਜਾਣਨ ਵਾਲਾ, ਹਿਸਾਬੀ।

هندو ***ਹਿੰਦੂ*** : ਹਿੰਦ ਜਾਂ ਹਿੰਦੁਸਤਾਨ ਨਾਲ ਸਬੰਧਤ; ਹਿੰਦੁਸਤਾਨ ਦਾ ਵਾਸੀ; ਡਾਕੂ, ਰਾਹ-ਮਾਰ, ਲੁਟੇਰਾ, ਚੋਰ, ਗ਼ੁਲਾਮ, ਕਾਲਾ, ਬੁੱਤ, ਮਸ਼ੂਕ।

هندوانه ***ਹਿੰਦਵਾਨਾ*** : ਤਰਬੂਜ਼, ਮਤੀਰਾ; ਹਿੰਦੂਆਂ ਜੇਹਾ ਤਰੀਕਾ।

هندوزن ***ਹਿੰਦੂਜ਼ਨ*** : ਜਾਦੂਗਰਨੀ।

هندوکوه ***ਹਿੰਦੂ ਕੋਹ*** : ਹਿੰਦੂਕੁਸ਼ ਪਹਾੜ।

هندی ***ਹਿੰਦੀ*** : ਹਿੰਦ ਨਾਲ ਸਬੰਧਤ, ਹਿੰਦੁਸਤਾਨ ਦਾ ਰੈਹਣ ਵਾਲਾ, ਹਿੰਦੁਸਤਾਨ ਦੀ ਕੋਈ ਚੀਜ਼, ਹਿੰਦੁਸਤਾਨ ਦੀ ਤਲਵਾਰ, ਹਿੰਦੁਸਤਾਨ ਦੀ ਜ਼ਬਾਨ।

هندی‌اژدها ***ਹਿੰਦੀ ਅਜ਼ਦਹਾ*** : ਹਿੰਦ ਦੀ ਮਸ਼ਹੂਰ ਤਲਵਾਰ।

هنر ***ਹੁਨਰ*** : ਕੰਮ, ਕਾਰੀਗਰੀ, ਕਮਾਲ, ਕਲਾ, ਫ਼ਨ, ਖ਼ੂਬੀ, ਵਸਫ਼, ਕਰਤਬ, ਸਲੀਕਾ; ਹਿਕਮਤ; ਦਾਨਾਈ।

هنرپرور ***ਹੁਨਰ-ਪਰਵਰ*** : ਵਿਦਵਾਨ, ਕਲਾਕਾਰ, ਹੁਨਰ ਵਾਲਾ।

هنرمند ***ਹੁਨਰ-ਮੰਦ*** : ਕਾਰੀਗਰ, ਦਸਤਕਾਰ।

هنرمندی ***ਹੁਨਰ-ਮੰਦੀ*** : ਕਾਰੀਗਰੀ, ਕਲਾ, ਫ਼ਨ।

هنرور ***ਹੁਨਰ-ਵਰ*** : ਉਦਯੋਗੀ।

هنروری ***ਹੁਨਰਵਰੀ*** : ਸਿਆਣਪ, ਦਾਨਾਈ, ਸਲੀਕਾ।

هنگام ***ਹੰਗਾਮ*** : ਵਕਤ, ਸਮਾਂ, ਮੌਕਾ, ਮੌਸਮ, ਰੁਤ, ਹੰਗਾਮਾ, ਮਜਮਾ, ਅੰਜੁਮਨ, ਸਭਾ।

هنگامی ***ਹੰਗਾਮੀ*** : ਕੁਝ ਦਿਨਾਂ ਦਾ, ਖ਼ਾਸ ਵਕਤ ਤਕ ਦਾ।

هنگامه ***ਹੰਗਾਮਾ*** : ਹੰਗਾਮਾ, ਵਕਤ, ਸਮਾਂ, ਵੇਲਾ, ਮਜਮਾ, ਇੱਕਠ, ਭੀੜ, ਦੰਗਾ ਫ਼ਸਾਦ, ਖੱਪ-ਖੇਡ, ਸ਼ੋਰ-ਸ਼ਰਾਬਾ, ਅਫਰਾਤਫ਼ਰੀ, ਗੜਬੜ, ਰਣ-ਖੇਤਰ।

هنگامه‌آرا ***ਹੰਗਾਮਾ ਆਰਾ***
هنگامه‌پرداز ***ਹੰਗਾਮਾ ਪਰਦਾਜ਼***
: ਲੜਨ ਵਾਲਾ, ਫਸਾਦੀ, ਫਿਤਨਾ ਖੜ੍ਹਾ ਕਰਨ ਵਾਲਾ, ਮਜਮਾ ਲਾਉਣ ਵਾਲਾ।

هنگامه‌آرائی ***ਹੰਗਾਮਾ-ਆਰਾਈ*** : ਜੰਗ ਕਰਨਾ, ਫਿਤਨਾ ਫ਼ਸਾਦ ਖੜ੍ਹਾ ਕਰਨਾ।

هنگامه‌پردازی ***ਹੰਗਾਮਾ ਪਰਦਾਜ਼ੀ*** : ਭੀੜ ਇੱਕਠੀ ਕਰਨਾ, ਸ਼ੋਰਸ਼. ਦੰਗਾ-ਫ਼ਸਾਦ।

هنگامهٔ‌طفلان
ਹੰਗਾਮਾ-ਏ-ਤਿਫਲਾਨ : ਦੁਨੀਆ, ਸੰਸਾਰ, ਜਗਤ-ਤਮਾਸ਼ਾ।

هنگامهٔ‌محشر
ਹੰਗਾਮਾ-ਏ-ਮਹਸ਼ਰ : ਕਿਆਮਤ ਦੇ ਦਿਨ ਦੀ ਭੀੜ, ਬੌਹਤ ਵੱਡਾ ਇੱਕਠ ਜਾਂ ਹੰਗਾਮਾ।

هنود ***ਹੁਨੂਦ*** : (ਹਿੰਦੂ **هندو** ਦਾ ਬੌਹਵਚਨ) ਹਿੰਦੂ ਲੋਕ।

هنوز ***ਹੁਨੂਜ਼*** : ਹੁਣ, ਹੁਣ ਤਕ, ਇਸ ਸਮੇਂ ਤਕ, ਹਾਲੀ ਨਹੀਂ।

هو ***ਹੂ*** : ਕਲੰਦਰਾਂ ਦੀ ਅਵਾਜ਼ ਜਾਂ ਹੂਕ, ਸੂਫ਼ੀਆਂ ਅਨੁਸਾਰ ਰੱਬ ਦਾ ਨਾਮ, ਪੈਹਲਵਾਨਾਂ ਦੀ ਅਵਾਜ਼ ਜੋ ਓਹ ਕੁਸ਼ਤੀ ਲੜਦਿਆਂ ਕੱਢਦੇ ਹਨ, ਚਿਤਾਵਨੀ ਦਾ ਸ਼ਬਦ, ਹੰਗਾਮਾ ਮਿਟਾਉਣ ਦੀ ਅਵਾਜ਼, ਖੌਫ਼, ਡਰ, ਸ਼ੋਰ, ਖੱਪ।

هو ***ਹੂ*** : ਓਹ, ਓਹ ਆਦਮੀ।

هوا ***ਹਵਾ*** : ਖਲਾ ਤੇ ਜ਼ਮੀਨ ਵਿਚਕਾਰਲਾ ਵਾਤਾਵਰਣ, ਪੌਣ; ਦਿਲ ਦੀ ਖ਼ਾਹਸ਼. ਆਰਜ਼ੂ, ਮਨ ਦੀ ਇੱਛਾ, ਹਿਰਸ, ਕਾਮਨਾ, ਸ਼ੌਕ; ਦੋਸਤੀ।

هواپرست *ਹਵਾ-ਪ੍ਰਸਤ,* **هوائی** *ਹਵਾਈ* : ਅਯਾੱਸ਼, ਹਵਸੀ, ਹਿਰਸੀ, ਬੇਹੂਦਾ ਆਦਮੀ।

هواجوی *ਹਵਾ-ਜੂਯ* : ਆਸ਼ਕ, ਤਾਲਿਬ, ਪਰੇਮੀ।

هواخواه *ਹਵਾ-ਖ਼੍ਵਾਹ* : ਖ਼ੈਰ-ਖ਼੍ਵਾਹ, ਹਮਦਰਦ, ਦੋਸਤ।

هواخواهی *ਹਵਾ-ਖ਼੍ਵਾਹੀ* : ਖ਼ੈਰ-ਖ਼੍ਵਾਹੀ, ਦੋਸਤੀ।

هواار *ਹਵਾਦਾਰ* : ਖੁਲ੍ਹੀ ਹਵਾ ਵਾਲਾ, ਓਹ ਮਕਾਨ ਜਿਸ ਵਿਚ ਖੁਲ੍ਹੀ ਤੇ ਤਾਜ਼ਾ ਹਵਾ ਆਉਂਦੀ ਹੋਵੇ।

هوابـاز *ਹਵਾ ਬਾਜ਼* : ਹਵਾਈ ਜਹਾਜ਼ ਚਲਾਉਣ ਵਾਲਾ।

هوبهو *ਹੂ-ਬ-ਹੂ* : ਐਨ ਉਸੇ ਤਰ੍ਹਾਂ, ਬਿਲਕੁਲ ਓਹੋ ਜੇਹਾ, ਵੈਸੇ ਦਾ ਵੈਸਾ, ਇਕ ਸਮਾਨ, ਉਸ ਜੇਹਾ।

هود *ਹੂਦ* : ਇਕ ਪੈਗ਼ੰਬਰ ਦਾ ਨਾਮ (ਬਾਈਬਲ ਵਿਚਲਾ 'ਹੀਬਰ') ਜਿਸ ਦੀ ਦੁਆ ਕਰਕੇ ਆਦਿ ਕੌਮ ਹਵਾ ਦੇ ਤੂਫ਼ਾਨ ਨਾਲ ਨਾਸ਼ ਹੋ ਗਈ; ਕੁਰਾਨ ਮਜੀਦ ਦੇ ਇਕ ਸੂਰਾ ਦਾ ਨਾਮ, ਯਹੂਦੀ ਬਣ ਜਾਣਾ, ਦੀਨ ਤੋਂ ਫਿਰ ਜਾਣਾ, ਤੋਬਾ ਕਰਨਾ, ਹੱਕ ਵੱਲ ਆਉਣਾ, ਸੱਚ ਵੱਲ ਮੁੜਨਾ।

هودج *ਹੌਦਜ* : ਅਮਾਰੀ, ਊਠ ਦਾ ਹੌਦਾ, ਕਜਾਵਾ, ਜਿਸ ਵਿਚ ਔਰਤਾਂ ਸਵਾਰ ਹੁੰਦੀਆਂ ਹਨ।

هور *ਹੋਰ,* **هورخش** *ਹੋਰਖ਼ਸ਼,* **هورشید** *ਹੋਰਸ਼ੀਦ* : ਸੂਰਜ।

هورمد/هورمزد *ਹੋਰਮੁਜ਼/ਹੋਰਮੁਜ਼ਦ* : ਇਕ ਫ਼ਰਿਸ਼ਤੇ ਦਾ ਨਾਮ, ਅੱਲਾਹ ਦਾ ਨਾਮ; ਸੂਰਜੀ ਮਹੀਨੇ ਦਾ ਪੈਹਲਾ ਦਿਨ, ਮੁਸ਼ਤਰੀ ਸਤਾਰਾ (ਬ੍ਰਿਹਸਪਤ)।

هوس *ਹਵਸ* : ਇਸ਼ਕ ਦੇ ਜਨੂਨ ਦੀ ਇਕ ਕਿਸਮ, ਖ਼ਬਤ, ਦੀਵਾਨਗੀ, ਕੱਚਾ ਇਸ਼ਕ, ਕਾਮ ਚੇਸ਼ਟਾ, ਘਟੀਆ ਮੁਹੱਬਤ, ਖ਼ਾਹਸ਼, ਆਰਜ਼ੂ, ਲਾਲਚ, ਹਿਰਸ, ਹੌਸਲਾ, ਉਮੰਗ, ਸ਼ੌਕ, ਇੱਛਾ।

هوس‌بـاز *ਹਵਸ ਬਾਜ਼,* **هوس‌کار** *ਹਵਸਕਾਰ,* **هوس‌ناک** *ਹਵਸਨਾਕ* : ਕਾਮੀ, ਹਿਰਸੀ, ਲੋਭੀ।

هوش *ਹੋਸ਼* : ਸਮਝ, ਅਕਲ, ਸਿਆਣਪ, ਖ਼ਬਰ, ਸੁੱਧ, ਰੂਹ, ਜਾਨ, ਆਤਮਾ, ਦਿਲ, ਮੌਤ, ਮਿਰਤੂ, ਜ਼ੈਹਰ, ਵਿਸ਼, ਯਾਦ।

هوش‌باخته *ਹੋਸ਼-ਬਾਖ਼ਤਾ* : ਜਿਸ ਦੇ ਹੋਸ਼ ਹਵਾਸ ਗੁੰਮ ਹੋਣ, ਬੇਅਕਲ।

هوش‌ربا *ਹੋਸ਼-ਰੁਬਾ* : ਹੋਸ਼ ਉਡਾ ਦੇਣ ਵਾਲਾ।

هوش‌مند *ਹੋਸ਼-ਮੰਦ,* **هوشیار** *ਹੋਸ਼ਯਾਰ* : ਹੋਸ਼ ਵਾਲਾ, ਅਕਲਮੰਦ ਸਮਝਦਾਰ, ਸਿਆਣਾ।

هوشمندی *ਹੋਸ਼ਮੰਦੀ,* **هوشیاری** *ਹੋਸ਼ਯਾਰੀ,* **هوش‌وحواس** *ਹੋਸ਼-ਓ-ਹਵਾਸ* : ਅਕਲ, ਸੂਝ-ਬੂਝ।

هوشه *ਹੋਸ਼ਾ* : ਅਕਲ, ਸਿਆਣਪ, ਸੂਝ, ਜਿਸ ਵਿਚ ਹਿੰਮਤ ਘੱਟ ਹੋਵੇ, ਸੁਸਤ, ਆਲਸੀ।

هول *ਹੌਲ* : ਖ਼ੌਫ਼, ਡਰ, ਖ਼ਤਰਾ, ਡਰਨਾ, ਡਰਾਉਣਾ, ਭੈ ਦੇਣਾ, ਘਬਰਾਹਟ।

هولناک *ਹੌਲਨਾਕ* : ਡਰਾਉਣਾ; ਭਿਆਨਕ।

هوله *ਹੌਲਾ* : ਇਕ ਵਾਰ ਦਾ ਡਰ।

هون *ਹੂਨ* : ਸੋਨੇ ਦਾ ਸਿੱਕਾ, ਅਸ਼ਰਫ਼ੀ, ਮੋਹਰ, 'ਹਾਂ' ਦਾ ਸ਼ਬਦ।

هویدا *ਹੁਵੈਦਾ* : ਪਰੱਤੱਖ, ਪਰਗਟ, ਸਾਫ਼।

هویت *ਹੁਵੀਯੱਤ* : 'ਲਾਹੂਤ' ਦਾ ਮਰਤਬਾ, 'ਵਹਿਦਤ' (ਰੱਬ ਦੀ ਏਕਤਾ) ਦਾ ਦਰਜਾ, ਖ਼ੁਦਾ ਦਾ ਰੁਤਬਾ।

هویدا *ਹੁਵੈਦਾ* : ਪਰਤੱਖ, ਪਰਗਟ, ਸਾਫ਼।

هی *ਹੈ* : ਚੇਤਾਵਨੀ ਦਾ ਸ਼ਬਦ, 'ਅਫਸੋਸ' ਦਾ ਸ਼ਬਦ, 'ਝਾੜ ਝੰਬ' ਦਾ ਸ਼ਬਦ, ਪਰਸੰਸਾ ਦਾ ਸ਼ਬਦ।

هیات *ਹੈਯਾਤ* : (ਹੈਯਤ **هیت** ਦਾ ਬੌਹਵਚਨ) ਸ਼ਕਲ, ਮੁਹਾਂਦਰਾ, ਓਹ ਗਿਆਨ ਜਿਸ ਵਿਚ ਅਸਮਾਨ ਦੇ ਚੰਦ, ਸੂਰਜ ਤੇ ਤਾਰੇ, ਜ਼ਮੀਨ ਦੇ ਚੱਕਰ ਅਤੇ ਧਰਤੀ ਦੀ ਖਿੱਚ ਆਦਿ ਬਾਰੇ ਚਰਚਾ ਕੀਤੀ ਜਾਂਦੀ ਹੈ, ਬਣਤਰ।

هیاکل *ਹਯਾਕਿਲ* : (ਹੈਕਲ **هیکل** ਦਾ ਬੌਹਵਚਨ) ਦਾਨਵ, ਅਸੁਰ, ਸ਼ਕਲਾਂ ਸੂਰਤਾਂ, ਮੈਹਲ ਮਾੜੀਆਂ, ਮੰਦਰ, ਪੂਜਾ ਦੇ ਸਥਾਨ।

هیاهو *ਹਯਾ-ਹੂ* : ਪੁਕਾਰ, ਸ਼ੋਰ-ਗੁਲ, ਰੋਲਾ-ਗੌਲਾ, ਖੱਪ-ਖੇਡ।

هيبت ***ਹੈਬਤ*** : ਡਰ, ਭੈ, ਦਬਦਬਾ, ਦੈਹਸ਼ਤ, ਬਜ਼ੁਰਗੀ, ਪਰਹੇਜ਼।

هيبتزده ***ਹੈਬਤਜ਼ਦਾ*** : ਡਰਿਆ ਹੋਇਆ।

هيبتناک ***ਹੈਬਤਨਾਕ*** : ਡਰਾਉਣਾ, ਭਿਆਨਕ।

هيت ***ਹੈਯਤ*** : ਸੂਰਤ, ਸ਼ਕਲ।

هيجا ***ਹੈਜਾ*** : ਲੜਾਈ, ਜੰਗ, ਜੁੱਧ, ਰਣ।

هيجان ***ਹੈਅਜਾਨ*** : ਜੋਸ਼, ਉਬਾਲ, ਤੇਜ਼ੀ, ਸ਼ਿੱਦਤ, ਜ਼ੋਰ, ਗ਼ਲਬਾ, ਅੱਖ ਦੀ ਸੋਜ।

هيجده ***ਹੀਜਦਹ*** : (ਹਜ਼ਦਹ هرده) ਅਠਾਰਾਂ।

هيچ ***ਹੇਚ*** : ਤੁੱਛ, ਥੋੜਾ, ਮਮੂਲੀ, ਨਾਚੀਜ਼, ਕੁਝ, ਕੋਈ, ਨੇਸਤ ਹੋਇਆ, ਨਿਕੰਮਾ, ਨਕਾਰਾ, ਕੋਈ ਵੀ ਨਾ।

هيچکاره ***ਹੇਚਕਾਰਾ*** : ਨਿਕੰਮਾ, ਨਕਾਰਾ, ਨਲਾਇਕ।

هيچکس ਹੇਚਕਸ : ਕੋਈ ਆਦਮੀ, ਨਲਾਇਕ, ਨਿਕੰਮਾ।

هيچگاه ***ਹੇਚਗਾਹ*** : ਕਿਸੇ ਵੇਲੇ ਜਾਂ ਕਿਸੇ ਥਾਂ ਵੀ ਨਹੀਂ, ਕਿਧਰੇ ਵੀ ਨਹੀਂ।

هيچگونه ***ਹੇਚਗੂਨਾ*** : ਕਿਸੇ ਤਰ੍ਹਾਂ।

هيچمدان ***ਹੇਚਮਦਾਨ*** : ਬੇਇਲਮ, ਅਨਪੜ੍ਹ, ਮੂਰਖ, ਨਦਾਨ।

هيچمرد ਹੇਚ ਮਰਦ : ਕਮਜ਼ੋਰ ਆਦਮੀ, ਕਮੀਨਾ।

هيچوجه ***ਹੇਚਵਜਹ*** : ਕਿਸੇ ਤਰ੍ਹਾਂ ਨਹੀਂ, ਬਿਲਕੁਲ ਨਹੀਂ।

هير ***ਹੇਰ*** : ਅੱਗ।

هيربد ***ਹੇਰਬੁਦ*** : ਅਗਨੀ ਮੰਦਰ ਦਾ ਪੁਜਾਰੀ, ਪਾਰਸੀ ਪਰੋਹਤ।

هيركده ***ਹੇਰ-ਕਦਾ*** : ਅਗਨੀ-ਮੰਦਿਰ।

هيرمند ***ਹੇਰ-ਮੰਦ*** : ਅੱਗ ਦਾ ਪੁਜਾਰੀ, ਭਗਤੀ ਕਰਨ ਵਾਲਾ, ਗੁਸ਼ਤਾਸਪ ਦੀ ਉਪਾਧੀ।

هيزم ***ਹੇਜ਼ਮ*** : ਬਾਲਣਾ, ਕੱਖ-ਕਾਨ, ਸੁੱਕੀ ਲੱਕੜ।

هيزمکش ***ਹੇਜ਼ਮ-ਕਸ਼*** : ਲੱਕੜਾਂ ਵੇਚਣ ਵਾਲਾ, ਲਕੜਹਾਰਾ।

هيش ***ਹੇਸ਼*** : (ਹੇਚ هيچ ਲਈ) ਕੁਝ ਨਾ, ਹਿੰਦੁਸਤਾਨ ਵਿਚ ਬਣਨ ਵਾਲੀ ਬਰੀਕ ਮਲਮਲ, ਹਲ।

هيصم ***ਹੈਸਮ*** : ਸ਼ੇਰ, ਦਲੇਰ, ਸ਼ਕਤੀਸ਼ਾਲੀ।

هيضه ***ਹੈਜ਼ਾ*** : ਬਦਹਜ਼ਮੀ, ਪਰਸਿੱਧ ਵਬਾਈ ਬੀਮਾਰੀ।

هيضهردن ***ਹੈਜ਼ਾ ਜ਼ਦਨ*** : ਹੈਜ਼ਾ ਹੋ ਜਾਣਾ।

هيکر ***ਹੈਕਰ,*** هيگر ***ਹੈਗਰ*** : ਕੁਮੈਤ ਘੋੜਾ; ਸ਼ਕਲ; ਬੁਤਖ਼ਾਨਾ; ਹਮਾਇਲ, ਤਵੀਤ।

هيکل ***ਹੈਕਲ*** : ਵੱਡਾ ਜਿਸਮ, ਤਕੜਾ ਜੁੱਸਾ, ਬੜੀ ਡੀਲ-ਡੌਲ ਵਾਲਾ ਘੋੜਾ; ਸ਼ਾਨ-ਸ਼ੌਕਤ, ਅਜ਼ਮਤ, ਵਡਿਆਈ, ਉੱਚਾ ਮਕਾਨ, ਧੌਲਰ, ਸੂਰਤ, ਸ਼ਕਲ, ਕੱਦ, ਤਵੀਤ; ਬਾਜ਼ੂਬੰਦ; ਹਾਰ; ਬੁੱਤਖ਼ਾਨਾ : ਪੂਜਾ-ਸਥਾਨ, ਯੂਹਦੀਆਂ ਦਾ ਇਬਾਦਤਖ਼ਾਨਾ।

هيله ***ਹੈਲਾ*** : ਪਰਸਿੱਧ ਸ਼ਿਕਾਰੀ ਪੰਛੀ, ਬਾਸ਼ਾ।

هيلله ***ਹੈਲੱਲਾ*** : ਲਾ ਇਲਾਹ ਇਲ-ਲਿੱਲਾਹ ਕੈਹਣਾ।

هيم ***ਹੇਮ/ਹੀਮ,*** هيمه ***ਹੇਮਾ*** : ਬਾਲਣ, ਸੁੱਕੀ ਲੱਕੜ।

هين ***ਹੀਨ*** : (ਈਂ اين ਲਈ) ਤਾਕੀਦ ਦਾ ਸ਼ਬਦ, ਜਲਦੀ ਕਰ, ਛੇਤੀ ਹੋ, ਖ਼ਬਰਦਾਰ ਹੈ; ਦੌੜ; ਛੱਡ।

هيناهين ***ਹੀਨਾ ਹੀਨ*** : ਝੱਟ-ਪੱਟ, ਜਲਦੀ-ਜਲਦੀ, ਛੇਤੀ ਛੇਤੀ।

هيوله ***ਹੇਯੂਲਾ*** : ਹਰ ਚੀਜ਼ ਦਾ ਮਾਦਾ, ਹਰ ਚੀਜ਼ ਦਾ ਅਸਲ।

هيولانی ***ਹੇਯੂਲਾਨੀ*** : ਹੇਯੂਲਾ ਨਾਲ ਸਬੰਧਤ, ਮਾਦੀ ਚੀਜ਼, ਪਦਾਰਥ।

هيون ***ਹਯੂਨ*** : ਘੋੜਾ, ਦੋ ਕੁਹਾਣਾਂ ਵਾਲਾ ਊਠ।

هيهات ***ਹੈਹਾਤ*** : ਦਫ਼ਾ ਹੋਇਆ, ਦੂਰ ਹੋਇਆ, ਹੈਰਾਨੀ, ਅਫ਼ਸੋਸ ਜਾਂ ਪਛਤਾਵੇ ਵੇਲੇ ਬੋਲਿਆ ਜਾਂਦਾ ਹੈ, ਭਾਵ ਅਫ਼ਸੋਸ ਕਿ ਕੰਮ ਨਾ ਬਣਿਆ।

ی (ਯ)

ی ***ਯਾ/ਯੇ*** : ਯਾ-ਏ-ਹੁਤੀ (ਮਅਰੂਫ਼) ਫ਼ਾਰਸੀ ਵਰਨਮਾਲਾ ਦਾ ਬੱਤੀਵਾਂ ਅਤੇ ਅਰਬੀ ਦਾ ਅਠਾਈਵਾਂ ਅੱਖਰ, ਏਹ ਅਬਜਦ ਅਨੁਸਾਰ ਦਸ ਅੰਕਾਂ (੧੦) ਦੇ ਬਰਾਬਰ ਹੈ, ਏਹ 'ਮਾਤਰਾਂ' ਤੇ ਅੱਖਰ ਦੋਹਾਂ ਤਰ੍ਹਾਂ ਵਰਤਿਆ ਜਾਂਦਾ ਹੈ।

ی ***ਯੇ*** : ਕਿਸੇ ਨਾਂਵ ਦੇ ਅੰਤ ਵਿਚ ਆਉਣ ਨਾਲ 'ਇਕ' ਜਾਂ 'ਕੋਈ' ਜਾਂ 'ਜੋ' ਦੇ ਅਰਥ ਦਿੰਦਾ ਹੈ, ਜਿਵੇਂ 'ਮਰਦੇ' = ਇਕ ਜਾਂ ਕੋਈ ਮਰਦ, ਚੀਜ਼ੇ = ਕੋਈ ਚੀਜ਼।

یا ***ਯਾ*** : ਸੰਬੋਧਨ ਕਰਨ ਦੇ ਅਰਥਾਂ ਵਿਚ ਜਿਵੇਂ 'ਹੇ', ਓਏ; ਜੀ, ਆਦਿ।

یاالله ***ਯਾ ਅੱਲਾਹ*** : ਹੇ ਖ਼ੁਦਾ! ਹੇ ਅੱਲਾਹ।

یاب ***ਯਾਬ*** : ਪਰਾਪਤ ਕਰ, ਮਲੂਮ ਕਰ; ਗਵਾਚਾ।

یابر ***ਯਾਬਿਰ*** : ਜਗੀਰ।

یابو ***ਯਾਬੂ*** : ਟੱਟੂ, ਟੈਰ; ਖੱਚਰ, ਭਾਰ ਢੋਣ ਵਾਲਾ ਘੋੜਾ।

یاجوج ماجوج ***ਯਾਜੂਜ ਮਾਜੂਜ*** : ਇਕ ਕੌਮ (ਜਾਤੀ) ਦਾ ਨਾਮ ਜਿਸ ਦੇ ਹਿੱਸੇ ਹਨ, ਇਕ 'ਯਾਜੂਜ' ਤੇ ਦੂਜਾ 'ਮਾਜੂਜ', ਏਹ ਦੋਵੇਂ ਦੋ ਦਾਦਿਆਂ ਦੀ ਔਲਾਦ ਹਨ, ਏਹਨਾਂ ਦਾ ਜ਼ਿਕਰ ਕੁਰਾਨ ਅਤੇ ਅੰਜੀਲ ਵਿਚ ਆਇਆ ਹੈ, ਫ਼ਸਾਦੀ ਤੇ ਝਗੜਾਲੂ ਲੋਕ।

یاد ***ਯਾਦ*** : ਯਾਦ ਰੱਖਣ ਦੀ ਸ਼ਕਤੀ; ਜਾਗਰਤ ਅਵੱਸਥਾ, ਚੌਕਸੀ; ਸ਼ਕਲ।

یادآوری ***ਯਾਦ-ਆਵਰੀ*** : ਯਾਦ ਕਰਨਾ।

یادالله ***ਯਾਦਿਲੱਹ*** : ਖ਼ੁਦਾ ਦੀ ਬੰਦਗੀ, ਭਜਨ, ਸਿਮਰਨ।

یاددار ***ਯਾਦ-ਦਾਰ*** : ਤੂੰ ਯਾਦ ਰੱਖ, ਚੇਤੇ ਰੱਖ।

یادداشت ***ਯਾਦ ਦਾਸ਼ਤ*** : ਯਾਦ, ਯਾਦ ਰੱਖਣ ਦਾ ਨਿਸ਼ਾਨ।

یادده ***ਯਾਦ-ਦਿਹ***, یاددهی ***ਯਾਦ-ਦਿਹੀ*** : ਚੇਤਾਵਨੀ, ਯਾਦ ਕਰਵਾਉਣਾ, ਤਾਕੀਦ, ਬੀਤੀ ਹੋਈ ਗੱਲ ਦੀ ਯਾਦ ਤੇ ਵਰਣਨ।

یادرفته ***ਯਾਦ-ਰਫ਼ਤਾ*** : ਜੇਹੜੀ ਗੱਲ ਯਾਦ 'ਚੋਂ ਜਾਂਦੀ ਰਹੀ ਹੋਵੇ।

یادش بخیر ***ਯਾਦਸ਼-ਬ-ਖ਼ੈਰ*** : ਕਿਸੇ ਗ਼ੈਰ-ਹਾਜ਼ਰ ਦੋਸਤ ਦਾ ਜ਼ਿਕਰ ਕਰਦੇ ਸਮੇਂ ਦੁਆ (ਪਰਾਰਥਨਾ) ਵਜੋਂ ਕੈਂਹਦੇ ਹਨ, ਭਾਵ ਅਸੀਂ ਉਸ ਦੀ ਭਲਾਈ ਸਦਕਾ ਯਾਦ ਕਰਦੇ ਹਾਂ ਤੇ ਉਸ ਦੀ ਸਲਾਮਤੀ ਚਾਹੁੰਦੇ ਹਾਂ, ਜਿਸ ਵੇਲੇ ਕਿਸੇ ਦਾ ਜ਼ਿਕਰ ਹੋ ਰਿਹਾ ਹੋਵੇ ਤੇ ਓਹ ਉਥੇ ਆ ਨਿਕਲੇ ਤਾਂ ਵੀ ਏਹ ਸ਼ਬਦ ਕੈਂਹਦੇ ਹਨ।

یادگار ***ਯਾਦਗਾਰ***, یادگاری ***ਯਾਦਗਾਰੀ*** : ਯਾਦ ਦਿਵਾਉਣ ਵਾਲੀ ਚੀਜ਼, ਨਿਸ਼ਾਨੀ, ਚਿੰਨ੍ਹ; ਤੋਹਫ਼ਾ, ਸੁਗ਼ਾਤ, ਓਹ ਚੀਜ਼ ਜੋ ਨਿਸ਼ਾਨੀ ਵਜੋਂ ਕਿਸੇ ਨੂੰ ਦਿਤੀ ਜਾਵੇ, ਪੁਰਾਣੀ ਇਮਾਰਤ; ਓਹ ਚੀਜ਼ ਜਿਸ ਨੂੰ ਵੇਖ ਕੇ ਕੋਈ ਯਾਦ ਆਵੇ; ਬੇਟਾ, ਪੁੱਤਰ।

یادگارِزمانه ***ਯਾਦਗਾਰ-ਏ-ਜ਼ਮਾਨਾ*** : ਜ਼ਮਾਨੇ ਵਿਚ ਕੋਈ ਯਾਦ ਰੈਹਣ ਵਾਲੀ ਚੀਜ਼, ਸਮੇਂ ਦੀ ਯਾਦਗਾਰ।

یادوست ***ਯਾ ਦੋਸਤ*** : ਈਰਾਨ ਦੇ ਫ਼ਕੀਰਾਂ ਦੇ ਅਲਖ ਜਗਾਉਣ ਦੇ ਸ਼ਬਦ।

یار ***ਯਾਰ*** : ਦੋਸਤ, ਮਿੱਤਰ, ਸਾਥੀ, ਮਸ਼ੂਕ, ਮੈਹਬੂਬ, ਪਿਆਰਾ; ਚੱਟੂ ਵੱਟਾ।

یاران ***ਯਾਰਾਨ*** : (ਯਾਰ **یار** ਦਾ ਬੌਹਵਚਨ) ਯਾਰ-ਦੋਸਤ, ਇਰਾਦਾ ਕਰਦੇ ਹੋਇਆਂ।

یارانه ***ਯਾਰਾਨਾ*** : ਦੋਸਤੀ ਦੇ ਤਰੀਕੇ, ਦਸਤੂਰ; ਦੋਸਤੀ ਦੇ ਤੌਰ 'ਤੇ ।

یاربار ***ਯਾਰਬਾਜ਼*** : ਵਿਭਚਾਰਨ ਇਸਤਰੀ, ਅਵਾਰਾ।

یارباش ***ਯਾਰਬਾਸ਼*** : ਯਾਰਾਂ ਦਾ ਯਾਰ, ਮਿਲਣਸਾਰ, ਖ਼ੁਸ਼-ਦਿਲ, ਚੰਗੇ ਸੁਭਾਅ ਦਾ, ਜ਼ਿੰਦਾ ਦਿਲ, ਖੁਲ੍ਹ-ਦਿਲਾ; ਅੱਯਾਸ਼, ਐਸ਼ੀ ਪੱਠਾ, ਹਰਜਾਈ, ਆਸ਼ਕ ਮਿਜ਼ਾਜ।

یاررس ***ਯਾਰ-ਰਸ*** : ਸਹਾਇਕ।

یار زنده صحبت باقی ***ਯਾਰ ਜ਼ਿੰਦਾ ਸੁਹਬਤ ਬਾਕੀ*** : ਹੁਣ ਨਹੀਂ ਤਾਂ ਫਿਰ ਸਹੀ, ਜ਼ਿੰਦਗੀ ਹੈ ਤਾਂ ਮੁਲਾਕਾਤ ਫਿਰ ਵੀ ਹੋਵੇਗੀ।

یارغار ***ਯਾਰ-ਏ-ਗ਼ਾਰ*** : ਸੱਚਾ ਦੋਸਤ, ਮੁਸੀਬਤ ਵਿਚ ਸਾਥ ਦੇਣ ਵਾਲਾ, ਹਜ਼ਰਤ ਸਦੀਕ ਅਕਬਰ (ਅਬੂਬਕਰ ਸਦੀਕ) ਤੋਂ ਭਾਵ ਹੈ ਜਿਨ੍ਹਾਂ ਨੇ ਹਜ਼ਰਤ ਰਸੂਲ ਦਾ ਸਾਥ ਨਹੀਂ ਛੱਡਿਆ ਸੀ, ਜਦੋਂ ਕਿ ਆਪ ਮੱਕੇ ਤੋਂ ਨਿਕਲੇ ਸਨ ਤੇ ਤਿੰਨ ਦਿਨ ਇਕ ਗ਼ਾਰ (ਖੁੰਦਰ) ਵਿਚ ਛੁਪੇ ਰਹੇ ਸਨ, ਅਸਹਾਬ-ਏ-ਕਹਫ਼ ਦੇ ਕੁੱਤੇ ਤੋਂ ਵੀ ਭਾਵ ਹੈ ਜੋ ਓਹਨਾਂ ਨਾਲ ਗ਼ਾਰ ਵਿਚ ਰੈਹ ਕੇ ਉਥੇ ਭੁੱਖਾ ਮਰ ਗਿਆ ਸੀ।

یارفروشی ***ਯਾਰ-ਫ਼ਰੋਸ਼ੀ*** : ਦੋਸਤ ਦੀ ਉਪਮਾ ਕਰਨਾ, ਸਰਾਹੁਣਾ, ਝੂਠੀ ਪਰਸ਼ੰਸਾ, ਚਾਪਲੂਸੀ।

یارمند ***ਯਾਰਮੰਦ*** : ਸਹਾਇਕ, ਦੋਸਤ।

یاری ***ਯਾਰੀ*** : ਦੋਸਤੀ, ਮਿਤਰਤਾ, ਸਹਾਇਤਾ; ਸੌਕਣ; ਦਿਓਰ ਜਾਂ ਜੇਠ ਦੀ ਬੀਵੀ।

یاری‌گر ***ਯਾਰੀਗਰ*** : ਮੱਦਦਗਾਰ, ਸਹਾਇਕ।

یاری‌گری ***ਯਾਰੀਗਰੀ*** : ਮੱਦਦ, ਸਹਾਇਤਾ।

یار ***ਯਾਰ,*** **یارا** ***ਯਾਰਾ*** : ਤਾਕਤ, ਸ਼ਕਤੀ, ਹੌਸਲਾ, ਹਿੰਮਤ, ਵੇਹਲ, ਅਵਸਰ।

یارائی ***ਯਾਰਾਈ*** : ਸ਼ਕਤੀ, ਹੌਸਲਾ; ਇਲਾਜ, ਮਦਦ।

یاراسپند ***ਯਾਰਇਸਪੰਦ,*** **یاراسفند** ***ਯਾਰਇਸਫ਼ੰਦ*** : ਗੁਸਤਾਸ਼ਪ ਦਾ ਪੁਤਰ, ਇਸਫ਼ੰਦਯਾਰ।

یارستن ***ਯਾਰਸਤਨ,*** **یارستن** ***ਯਾਰਿਸਤਨ*** : ਬਲ ਰੱਖਣਾ, ਸਮਰੱਥ ਹੋਣਾ, ਹੱਥ ਵਧਾਉਣਾ।

یارگی ***ਯਾਰਗੀ*** : ਸ਼ਕਤੀ, ਤਾਕਤ।

یاز ***ਯਾਜ਼*** : ਪੇਂਡੂ, ਕਿਰਸਾਣ, ਫੈਲਿਆ ਹੋਇਆ; ਕੋਈ ਚੀਜ਼ ਲੈਣ ਨੂੰ ਹੱਥ ਵਧਾਉਣਾ; ਬਿਰਖ ਜਿਸ ਦੀਆਂ ਸ਼ਾਖਾਂ ਵਧੀਆਂ ਹੋਣ, ਫਲਿਆ ਫੁੱਲਿਆ, ਕੂਹਣੀ ਤੋਂ ਉਂਗਲ ਤਕ ਦਾ ਫ਼ਾਸਲਾ; ਕਦਮ, ਇਰਾਦਾ।

یازان ***ਯਾਜ਼ਾਨ*** : ਕਿਸੇ ਚੀਜ਼ ਵੱਲ ਹੱਥ ਵਧਾਉਣ ਵਾਲਾ, ਖਿੱਚਣ ਵਾਲਾ, ਹਮਲਾ ਕਰਦੇ ਹੋਏ, ਪੈਮਾਇਸ਼ ਕਰਦੇ ਹੋਏ, ਹੱਥ ਵਧਾਉਂਦੇ ਹੋਏ।

یازش ***ਯਾਜ਼ਿਸ਼*** : ਵਧਣਾ, ਫਲਣਾ ਫੁੱਲਣਾ, ਵਧਣ, ਫੁੱਲਣ, ਇਰਾਦਾ।

یازنده ***ਯਾਜ਼ਿੰਦਾ*** : ਇਰਾਦਾ ਕਰਨ ਵਾਲਾ, ਕਿਸੇ ਚੀਜ਼ ਵੱਲ ਹੱਥ ਵਧਾਉਣ ਵਾਲਾ, ਹੱਥ ਉਠਾਉਣ ਵਾਲਾ।

یازی ***ਯਾਜ਼ੀ*** : ਕਿਰਸਾਣ, ਪੇਂਡੂ।

یازده ***ਯਾਜ਼ਦਹ*** : ਗਿਆਰਾਂ (੧੧)।

یازدهم ***ਯਾਜ਼ਦਹੁਮ*** : ਗਿਆਰ੍ਹਵਾਂ, ਗਿਆਰਵੀਂ।

یازه ***ਯਾਜ਼ਾ*** : ਕਾਂਬਾ, ਕੰਬਣੀ।

یاس ***ਯਾਸ*** : ਨਿਰਾਸਤਾ, ਡਰ, ਭੈ, ਚੰਬੇਲੀ।

یاسه ***ਯਾਸਾ*** : ਮਾਤਮ, ਸੋਗ, ਕਤਲ, ਲੁੱਟਮਾਰ, ਤਬਾਹੀ, ਬਰਬਾਦੀ, ਖ਼ੂਨ ਬਦਲੇ ਲਈ ਹੋਈ ਰਕਮ, ਸ਼ਾਹੀ ਹੁਕਮ, ਕਨੂੰਨ (ਚੰਗੇਜ਼

ਖ਼ਾਂ ਦੇ), ਮੌਤ ਦੀ ਸਜ਼ਾ।

یاساق ***ਯਾਸਾਕ*** : ਮੁਗ਼ਲ-ਕਨੂੰਨ, ਯਾਸਾ, ਮੌਤ ਦੀ ਸਜ਼ਾ, ਤਫ਼ਤੀਸ਼, ਫ਼ੌਜ ਨੂੰ ਤਰਤੀਬ ਦੇਣਾ; ਸ਼ੱਕ ਦਾ ਸਪਸ਼ਟੀਕਰਨ; ਭੁੱਲ ਦੀ ਸੋਧ, ਮਨਾਹੀ।

یاسِم ***ਯਾਸਮ,*** **یاسمن** ***ਯਾਸਮਨ,*** **یاسمین** ***ਯਾਸਮੀਨ,*** **یاسمون** ***ਯਾਸਮੂਨ,*** **یاس** ***ਯਾਸ*** : ਚੰਬੇਲੀ ਦਾ ਫੁੱਲ।

یاسمن‌بو ***ਯਾਸਮਨਬੂ*** : ਚੰਬੇਲੀ ਦੀ ਸੁਗੰਧੀ।

یاسمنی ***ਯਾਸਮਨੀ*** : ਚੰਬੇਲੀ ਦੇ ਰੰਗ ਵਰਗਾ।

یاسمینک ***ਯਾਸਮੀਨਕ*** : ਛੋਟੀ ਚੰਬੇਲੀ।

یاسون ***ਯਾਸੂਨ*** : ਕਨੂੰਨ, ਸ਼ਾਹੀ ਹੁਕਮ।

یاسین ***ਯਾਸੀਨ*** : ਕੁਰਾਨ ਸ਼ਰੀਫ਼ ਦਾ ਇਕ ਪਰਸਿੱਧ ਸੂਰਾ ਜੋ ਮਰਨ ਸਮੇਂ ਮਰਨ ਵਾਲੇ ਨੂੰ ਸੁਣਾਇਆ ਜਾਂਦਾ ਹੈ, ਹਜ਼ਰਤ ਰਸੂਲ ਦੇ ਨਾਂਵਾਂ ਵਿਚੋਂ ਇਕ ਨਾਮ।

یاغ ***ਯਾਗ਼*** : ਘਿਓ।

یاغی ***ਯਾਗ਼ੀ*** : ਨਾਫ਼ਰਮਾਨ, ਆਕੀ, ਸਰਕਸ਼, ਬਾਗ਼ੀ, ਦੁਸ਼ਮਣ, ਵੈਰੀ।

یاغی‌گری ***ਯਾਗ਼ੀਗਰੀ*** : ਸਰਕਸ਼ੀ, ਨਾਫ਼ਰਮਾਨੀ, ਦੁਸ਼ਮਣੀ, ਵੈਰ।

یاف ***ਯਾਫ਼*** : ਫ਼ਜ਼ੂਲ, ਨਿਸਫਲ।

یافت ***ਯਾਫ਼ਤ*** : ਲੱਭਣਯੋਗ, ਆਮਦਨ, ਕਮਾਈ, ਖੱਟੀ, ਬੱਚਤ, ਨਫ਼ਾ, ਉਪਰਲੀ ਆਮਦਨ, ਰਿਸ਼ਵਤ, ਵੱਢੀ।

یافتن ***ਯਾਫ਼ਤਨ*** : ਲੱਭਣਾ, ਪਰਾਪਤ ਕਰਨਾ।

یافتن‌بازی ***ਯਾਫ਼ਤਨ-ਬਾਜ਼ੀ*** : ਫ਼ਰੇਬ ਖਾਣਾ, ਧੋਖਾ ਖਾਣਾ।

یافتنی ***ਯਾਫ਼ਤਨੀ*** : ਪਰਾਪਤ ਕਰਨਯੋਗ।

یافته ***ਯਾਫ਼ਤਾ*** : ਪਰਾਪਤ ਹੋਇਆ, ਲਭਿਆ, ਪੌਹਚ, ਆਮਦ, ਪਰਾਪਤੀ, ਦਲੀਲ।

یافر ***ਯਾਫ਼ਰ*** **یافِر** ***ਯਾਫ਼ਿਰ*** : ਨਚਾਰ, ਬਾਜ਼ੀਗਰ।

یافه ***ਯਾਫ਼ਾ*** : ਲੁਪਤ; ਗਵਾਚਾ ਹੋਇਆ; ਬੇਹੂਦਾ (ਗੱਲਾਂ), ਫ਼ਜ਼ੂਲ (ਬਾਤਾਂ), ਮਜ਼ਾਕ, ਝੇਡਾਂ।

یافه‌داری ***ਯਾਫ਼ਾਦਾਰੀ*** : ਫ਼ਜ਼ੂਲ ਬਕਵਾਸ।

یافه‌درای ***ਯਾਫ਼ਾ ਦਰਾਜ,*** **یافه‌گو** ***ਯਾਫ਼ਾ ਗੋ***: ਬਕਵਾਸੀ, ਫ਼ਜ਼ੂਲ ਗਲਾਂ ਕਰਨ ਵਾਲਾ।

یاقوت ***ਯਾਕੂਤ*** : ਇਕ ਬੌਹ-ਮੁਲੇ ਤੇ ਪਰਸਿੱਧ ਪੱਥਰ ਦਾ ਨਾਮ, ਜੋ ਚਾਰ ਰੰਗਾਂ ਦਾ ਹੁੰਦਾ ਹੈ; ਭਾਵ ਲਾਲ, ਪੀਲਾ, ਨੀਲਾ ਤੇ ਚਿੱਟਾ, ਸੁਰਖ਼ ਯਾਕੂਤ ਸਤ ਰੰਗਾਂ ਦਾ ਹੁੰਦਾ ਹੈ, ਖ਼ਲੀਫ਼ਾ ਮੁਅਤਿਸਮੱਬਿਲਾਹ ਦੇ ਇਕ ਗ਼ੁਲਾਮ ਦਾ ਨਾਮ ਜੋ ਬੜਾ ਸੁੰਦਰ ਲਿਖਾਰੀ ਸੀ, ਇਕ ਟਾਪੂ ਦਾ ਨਾਮ।

یاقوتِ‌احمر ***ਯਾਕੂਤ-ਏ-ਅਹਮਰ*** : ਲਾਲ ਰੰਗ ਦਾ ਯਾਕੂਤ।

یاقوتِ‌اسکندری ***ਯਾਕੂਤ-ਏ-ਇਸਕੰਦਰੀ*** : ਓਹ ਯਾਕੂਤ ਜੋ ਮਹਾਨ ਸਿਕੰਦਰ ਦੇ ਸਾਥੀ ਜ਼ੁਲਮਾਤ (ਘੁਪ ਹਨੇਰੇ) ਤੋਂ ਪਰਤਦੇ ਹੋਏ ਚੁਕ ਲਿਆਏ ਸਨ ਤੇ ਪਿਛੋਂ ਪਛਤਾਉਂਦੇ ਰਹੇ ਕਿ ਹੋਰ ਵਧੇਰੇ ਕਿਉਂ ਨਾ ਲੈ ਆਏ, ਸਰੇਸ਼ਟ ਯਾਕੂਤ, ਬਾਦਸ਼ਾਹਾਂ ਦੇ ਲਾਇਕ ਯਾਕੂਤ।

یاقوتِ‌جگری ***ਯਾਕੂਤ-ਏ-ਜਿਗਰੀ*** : ਨੀਲੇ ਰੰਗ ਦਾ ਯਾਕੂਤ, ਕਲੇਜੀ ਦੇ ਰੰਗ ਦਾ ਯਾਕੂਤ ਅਰਥਾਤ ਲਾਲ ਯਕੂਤ ਜੋ ਕਾਲੀ ਭਾਹ ਮਾਰਦਾ ਹੋਵੇ।

یاقوتِ‌خام ***ਯਾਕਤ-ਏ-ਖ਼ਾਮ*** : ਮਸ਼ੂਕ ਦੇ ਹੋਠ।

یاقوتِ‌رمانی ***ਯਾਕੂਤ-ਏ-ਰੁਮਾਨੀ*** : ਅਨਾਰ ਦੇ ਰੰਗ ਵਰਗਾ ਲਾਲ ਸੂਹਾ ਯਾਕੂਤ।

یاقوتِ‌روان ***ਯਾਕੂਤ-ਏ-ਰਵਾਨ*** : ਲਾਲ ਸ਼ਰਾਬ, ਲਹੂ ਦੇ ਅੱਥਰੂ।

یاقوتِسربستہ *ਯਾਕੂਤ-ਏ-ਸਰਬਸਤਾ* : ਚੁਪ ਕੀਤੇ ਹੋਠ; ਮਸ਼ੂਕ ਦਾ ਮੂੰਹ।

یاقوتِکاسہ *ਯਾਕੂਤ-ਏ-ਕਾਸਾ* : ਇਕ ਕਿਸਮ ਦਾ ਯਾਕੂਤ ਜੋ ਕਾਸੇ ਵਰਗਾ ਹੁੰਦਾ ਹੈ।

یاقوتِگرگانی *ਯਾਕੂਤ-ਏ-ਗੁਰਗਾਨੀ* : ਗੁਰਗਾਨ ਦੀ ਖਾਣ ਦਾ ਯਾਕੂਤ।

یاقوتلب *ਯਾਕੂਤ-ਲਬ* : ਯਾਕੂਤ ਵਰਗੇ ਹੋਠਾਂ ਵਾਲਾ।

یاقوتِمذاب *ਯਾਕੂਤ-ਏ-ਮੁਜ਼ਾਬ* : ਲਾਲ ਸ਼ਰਾਬ; ਲਹੂ, ਖ਼ੂਨ, ਲਹੂ ਦੇ ਅੱਥਰੂ।

یاقوتِمیدانور *ਯਾਕੂਤ-ਏ-ਮੈਦਾਨਵਰ* : ਪੱਧਰਾ ਯਾਕੂਤ।

یاقوتِناروان *ਯਾਕੂਤ-ਏ-ਨਾਰਵਾਨ* : ਯਾਕੂਤ-ਏ-ਰੁਮਾਨੀ।

یاقوتِناسفتہ *ਯਾਕੂਤ-ਏ-ਨਾ-ਸੁਫ਼ਤਾ* : ਪੋਹ-ਫੁਟਾਲਾ।

یاقوتنوش *ਯਾਕੂਤ-ਨੋਸ਼* : ਸ਼ਰਾਬ ਦਾ ਪਿਆਲਾ।

یاقوتوش *ਯਾਕੂਤ-ਵਸ਼* : ਯਾਕੂਤ ਵਰਗਾ।

یاقوتی *ਯਾਕੂਤੀ* : ਯਾਕੂਤ ਨਾਲ ਸਬੰਧਤ ਓਹ ਪੋਸ਼ਟਿ ਦਵਾਈ ਜਿਸ ਵਿਚ ਯਾਕੂਤ ਮਿਲਾਏ ਗਏ ਹੋਣ।

یاقہ *ਯਾਕਾ* : ਗਲਮਾ।

یاقند *ਯਾਕੰਦ* : ਯਾਕੂਤ, ਯਾਕੂਤ-ਰੰਗਾ।

یال *ਯਾਲ* : ਧੌਣ, ਗਲਾ, ਗਰਦਨ; ਘੋੜੇ ਦੀ ਧੌਣ ਦੇ ਵਾਲ; ਪੰਛੀ ਦੀ ਕਲਗੀ; ਮੋਢੇ ਤੋਂ ਅਰਕਾਂ ਤੱਕ ਦੀ ਬਾਂਹ, ਹੱਥ, ਦੋਵੇਂ ਹੱਥ; ਲੋਭ, ਲਾਲਚ; ਕੱਦ-ਕਾਠ; ਸ਼ਕਤੀ, ਤਾਕਤ; ਨਾਇਕ, ਬਹਾਦਰ, ਤਕੜੇ ਜੁੱਸੇ ਵਾਲਾ; ਟਬਰਟੀਹਰ, ਚੇਹਰਾ, ਗਲ੍ਹ।

یالبال *ਯਾਲ ਬਾਲ,* یالوبال *ਯਾਲ-ਉ-ਬਾਲ* : ਕਲਗੀ ਦੇ ਖੰਭ।

یالدار *ਯਾਲਦਾਰ* : ਕਲਗੀ ਵਾਲਾ।

یالمند *ਯਾਲਮੰਦ* : ਟਬਰਦਾਰ, ਘਰਬਾਰ ਵਾਲਾ।

یالوگوپال *ਯਾਲ-ਉ-ਗੋਪਾਲ* : ਠਾਠ-ਬਾਠ, ਸ਼ਾਨ-ਸ਼ੌਕਤ।

یالہ *ਯਾਲਾ* : ਬਲਦ ਜਾਂ ਗਾਂ ਦਾ ਸਿੰਗ।

یام *ਯਾਮ,* یامہ *ਯਾਮਾ* : ਓਹ ਘੋੜਾ ਜੋ ਡਾਕ ਲਈ ਥਾਨ ਤੇ ਰਖਿਆ ਜਾਂਦਾ ਹੈ, ਡਾਕ-ਚੌਕੀ।

یامچی *ਯਾਮਚੀ* : ਸਾਈਸ।

یان *ਯਾਨ* : ਬਕਵਾਸ, ਆਵੇਸ਼, ਕਪਾਟ ਖੁਲ੍ਹਣਾ, ਓਹ ਚੀਜ਼ ਜਿਸ ਦਾ ਪਰਗਟਾ ਗ਼ੈਬ ਦੀ ਦੁਨੀਆ ਵਿਚ ਹੋਵੇ, ਬੀਮਾਰ ਦਾ ਬੇਹੋਸ਼ੀ ਦੀ ਹਾਲਤ ਵਿਚ ਬੁੜਬੁੜਾਉਣਾ।

یانہ *ਯਾਨਾ* : ਉੱਖਲੀ, ਟੱਟੂ; ਅਲਸੀ।

یاور *ਯਾਵਰ* : ਸਹਾਇਕ, ਦੋਸਤ, ਟੱਟੂ ਦਾ ਵੱਟਾ, ਹਰ ਮਹੀਨੇ ਦੀ ਦਸਵੀਂ ਮਿਤੀ।

یاوری *ਯਾਵਰੀ* : ਸਹਾਇਤਾ, ਸਹਾਰਾ, ਸ਼ਕਤੀ, ਵਿਜੈ, ਬਹਾਦਰੀ, ਸਾਹਸ; ਸਮਾਜ, ਸਾਥ, ਫੱਟ।

یاوگی *ਯਾਵਗੀ* : ਬਕਵਾਸ, ਹਾਨੀ, ਤਬਾਹੀ, ਬਰਬਾਦੀ, ਗੁੰਮ ਹੋਣਾ।

یاوگنان *ਯਾਵਗਿਨਾਨ* : ਬਕਵਾਸੀ ਲੋਕ; ਗੁੰਮਰਾਹ ਹੋਏ ਹੋਏ, ਕੁਰਾਹੀਏ।

یاوند *ਯਾਵੰਦ* : ਬਾਦਸ਼ਾਹ।

یاوندان *ਯਾਵੰਦਾਨ* : (ਬੌਹਤੇ) ਬਾਦਸ਼ਾਹ।

یاوہ *ਯਾਵਾ* : ਫ਼ਜ਼ੂਲ, ਬੇਹੂਦਾ, ਗੁੰਮ ਹੋਇਆ, ਅਲੋਪ।

یاوہگو *ਯਾਵਾਗੋ* : ਬਕਵਾਸੀ।

یاوہگوئی *ਯਾਵਾ ਗੋਈ,* یاوہگفتار *ਯਾਵਾ ਗੁਫ਼ਤਾਰ* : ਬਕਵਾਸ, ਬਕਵਾਸ ਮਾਰਨਾ।

یاھو *ਯਾਹੂ* : ਕਬੂਤਰ ਦੀ ਇਕ ਕਿਸਮ ਜੇਹੜਾ 'ਯਾਹੂ' 'ਯਾਹੂ' ਗੁਟਕਦਾ ਹੈ।

یاھورن *ਯਾਹੂ ਜ਼ਦਨ* : ਛੇਤੀ-ਛੇਤੀ

ਕਦਮ ਚੁਕਣਾ, ਤੇਜ਼ੀ ਨਾਲ ਚੱਲਣਾ।

یب ***ਯਬ*** : ਨੋਕਦਾਰ ਤੀਰ; ਬੁੱਢਾ।

یبات ***ਯਬਾਤ*** : ਉਜਾੜ, ਖ਼ਰਾਬ।

یپنلو ***ਯਪਨਲੂ*** : ਮੰਡੀ, ਗੰਜ, ਕਾਰਵਾਂ, ਕਾਫ਼ਲਾ, ਮਾਲ, ਅਸਬਾਬ।

یتاق ***ਯਤਾਕ, ਯੁਤਾਕ*** : ਪੈਹਰਾ, ਚੌਕੀਦਾਰੀ, ਦਰਬਾਨੀ।

یتاقدار ***ਯਤਾਕਦਾਰ,*** یتاقی ***ਯਤਾਕੀ*** : ਪੈਹਰੇਦਾਰ, ਚੌਕੀਦਾਰ।

یتامیٰ ***ਯਤਾਮਾ*** : (ਯਤੀਮ یتیم ਦਾ ਬੌਹਵਚਨ) ਓਹ ਬੱਚੇ ਜਿਹਨਾਂ ਦੇ ਬਾਪ ਮਰ ਗਏ ਹੋਣ।

یتم ***ਯੁਤਮ*** : ਯਤੀਮ ਹੋਣਾ।

یتیم ***ਯਤੀਮ*** : ਓਹ ਬੱਚਾ ਜਿਸ ਦਾ ਬਾਪ ਮਰ ਗਿਆ ਹੋਵੇ, ਗੁਲਾਮ, ਬੀਮਾਰ; ਜਾਨਵਰ, ਫ਼ਾਰਸੀ ਵਿਚ ਬੇਮਿਸਾਲ ਜਾਂ ਅਦੁੱਤੀ ਦੇ ਅਰਥਾਂ ਵਿਚ ਵੀ ਆਉਂਦਾ ਹੈ; ਜਿਵੇਂ 'ਦੁਰੱ-ਏ-ਯਤੀਮ' = ਨਾਯਾਬ ਮੋਤੀ, ਅਦੁੱਤੀ, ਬੇਮਿਸਾਲ, ਲਾਸਾਨੀ।

یتیم‌الطرفین ***ਯਤੀਮ-ਉੱਤ-ਤਰਫ਼ੈਨ*** : ਓਹ ਬੱਚਾ ਜਿਸ ਦੇ ਮਾਪੇ ਮਰ ਗਏ ਹੋਣ, ਮਾਂ ਪਿਉ ,ਮਹਿੱਟਰ।

یتیم‌خانه ***ਯਤੀਮ ਖ਼ਾਨਾ*** : ਯਤੀਮਾਂ ਦੇ ਰੈਹਣ ਦਾ ਮਕਾਨ; ਠੱਗਾਂ ਤੇ ਚੋਰਾਂ ਦਾ ਘਰ।

یتیم‌دریا ***ਯਤੀਮ-ਏ-ਦਰਯਾ*** :(= ਦੁਰਿ ਯਤੀਮ) ਬੌਹਤ ਵੱਡਾ ਤੇ ਅਦੁੱਤੀ ਮੋਤੀ।

یتیمی ***ਯਤੀਮੀ*** : ਯਤੀਮ ਹੋਣਾ।

یثرب ***ਯਸਰਿਬ*** : ਮਦੀਨੇ ਦਾ ਪਰਾਚੀਨ ਨਾਮ, ਜਿਥੇ ਹਜ਼ਰਤ ਰਸੂਲ ਦਾ ਮਜ਼ਾਰ ਹੈ; ਉਜਾੜ, ਜੰਗਲ।

یحییٰ ***ਯਹੀਯਾ*** : ਜਿੱਤਿਆ ਹੋਇਆ, ਇਕ ਪੈਗ਼ੰਬਰ ਦਾ ਨਾਮ; ਇਕ ਸਖ਼ੀ ਦਾ ਨਾਮ।

یحییٰ‌برمکی ***ਯਹੀਯਾ ਬਰਮਕੀ*** : ਖ਼ਲੀਫ਼ਾ ਹਾਰੂੰ-ਰਸ਼ੀਦ ਦੇ ਪਰਸਿੱਧ ਵਜ਼ੀਰ ਦਾ ਨਾਮ ਜੋ ਦਾਨ, ਸਖ਼ਾਵਤ , ਵਿਦਿਆ ਅਤੇ ਗਿਆਨ ਵਿਚ ਬੌਹਤ ਮਸ਼ਹੂਰ ਸੀ, ਹਾਰੂੰ ਰਸ਼ੀਦ ਇਸੇ ਦੇ ਜਤਨਾਂ ਸਦਕਾ ਖ਼ਲੀਫ਼ਾ ਬਣਿਆ ਸੀ, ਬੌਹਤ ਸਮਾਂ ਰਾਜਪਾਟ ਦਾ ਸਾਰਾ ਕੰਮ ਇਸੇ ਵਜ਼ੀਰ ਦੇ ਹੱਥ ਰਿਹਾ, ਅਖ਼ੀਰ-ਉਮਰ ਵਿਚ ਖ਼ਲੀਫ਼ਾ ਨੇ ਇਸ ਨੂੰ ਸਮੇਤ ਬਾਲ ਬੱਚਿਆਂ ਦੇ ਕੈਦ ਕਰ ਦਿੱਤਾ ਜਿਥੇ ਕਈ ਮੁਸੀਬਤਾਂ ਸਹਾਰਦਾ ਏਹ ਵਿਚਾਰਾ ਮਰ ਗਿਆ, ਖ਼ਲੀਫ਼ੇ ਦੇ ਪੱਲੇ 'ਤੇ ਏਹ ਭੈੜਾ ਦਾਗ਼ ਹੈ।

یخ ***ਯਖ਼*** : ਪਾਣੀ ਜੋ ਸਖ਼ਤ ਸਰਦੀ ਕਾਰਨ ਜੰਮ ਜਾਵੇ, ਬਰਫ਼।

یخ‌آب/یخاو ***ਯਖ਼ ਆਬ /ਯਖ਼ਾਵ*** : ਬਰਫ਼ ਵਾਲਾ ਪਾਣੀ, ਠੰਢਾ ਪਾਣੀ।

یخاور ***ਯਖ਼ਾਵਰ*** : ਜੰਮਿਆ ਹੋਇਆ।

یخ‌بستن ***ਯਖ਼ ਬਸਤਨ*** : ਜੰਮ ਜਾਣਾ।

یخ‌بند ***ਯਖ਼ਬੰਦ*** : ਬਰਫ਼, ਪਾਲਾ, ਸੀਤ।

یخچال ***ਯਖ਼ਚਾਲ*** : ਬਰਫ਼ ਦਾ ਖ਼ਿੱਤਾ, ਬਰਫ਼-ਘਰ।

یخچه ***ਯਖ਼ਚਾ*** : ਗੜਾ।

یخدان ***ਯਖ਼ਦਾਨ*** : ਬਰਫ਼ ਰੱਖਣ ਦੀ ਥਾਂ, ਬਰਫ਼-ਘਰ; ਓਹ ਚਮੜੇ ਦਾ ਸੰਦੂਕ ਜਿਸ ਦੇ ਅੰਦਰ ਨਮਦਾ ਲੱਗਾ ਹੁੰਦਾ ਹੈ ਤੇ ਜਿਸ ਵਿਚ ਮੁਗ਼ਲ ਬਾਦਸ਼ਾਹਾਂ ਲਈ ਗਰਮੀਆਂ ਵਿਚ ਕਸ਼ਮੀਰ ਆਦਿ ਤੋਂ ਬਰਫ਼ ਆਉਂਦੀ ਸੀ; ਓਹ ਸੰਦੂਕ ਜਿਸ ਵਿਚ ਹਲਵਾ ਮਿਠਿਆਈਆਂ ਆਦਿ ਰੱਖੀਆਂ ਜਾਂਦੀਆ ਹਨ।

یخدان‌کش ***ਯਖ਼ਦਾਨ ਕਸ਼*** : ਯਖ਼ਦਾਨ ਨੂੰ ਸਫ਼ਰ ਵਿਚ ਖੱਚਰਾਂ ਆਦਿ ਪੁਰ ਲੈ ਜਾਣ ਵਾਲਾ ਨੌਕਰ।

یخ‌دربهشت ***ਯਖ਼ ਦਰਬਿਹਿਸ਼ਤ*** : ਇਕ ਕਿਸਮ ਦਾ ਹਲਵਾ।

یخفروش ***ਯਖ਼ ਫ਼ਰੋਸ਼*** : ਬਰਫ਼ ਵੇਚਣ ਵਾਲਾ।

یخ‌کوب ***ਯਖ਼-ਕੋਬ*** : ਬਰਫ਼ ਤੋੜਨ ਵਾਲਾ।

یخ‌گرفته ***ਯਖ਼ ਗਿਰਿਫ਼ਤਾ,*** یخ‌بسته ***ਯਖ਼-ਬਸਤਾ*** : ਓਹ ਥਾਂ ਜਿੱਥੇ

ਬਰਫ਼ ਜੰਮੀ ਹੋਵੇ, ਠੰਢ ਸਦਕਾ ਬਰਫ਼ ਵਾਂਗ ਜੰਮਿਆ ਹੋਇਆ।

یخور ***ਯਖ਼ਵਰ*** : ਬਰਫ਼ੀਲਾ।

یخنی ***ਯਖ਼ਨੀ*** : ਪੱਕਿਆ ਹੋਇਆ ਗੋਸ਼ਤ, ਗੋਸ਼ਤ ਦਾ ਸ਼ੋਰਬਾ, ਭੰਡਾਰ ਜਾਂ ਜ਼ਖ਼ੀਰਾ ਜੋ ਕੰਮ ਆਵੇ, ਗਰਮ ਸਰਦ।

یخنی پلاو ***ਯਖ਼ਨੀ ਪੁਲਾਵ*** : ਗੋਸ਼ਤ ਵਾਲਾ ਪਲਾ।

یخنی فروش ***ਯਖ਼ਨੀ-ਫ਼ਰੋਸ਼*** : ਯਖ਼ਨੀ ਵੇਚਣ ਵਾਲਾ।

یخنی کش ***ਯਖ਼ਨੀ-ਕਸ਼*** : ਨੌਕਰ।

یخنی نهاوه ***ਯਖ਼ਨੀ-ਨਿਹਾਵਾ*** : ਜਮ੍ਹਾ ਕੀਤਾ ਹੋਇਆ, ਜੰਮਿਆ ਹੋਇਆ।

یخ یخ ***ਯਖ਼ ਯਖ਼*** : ਊਠ ਨੂੰ ਬਿਠਾਉਣ ਲਈ ਸ਼ਬਦ ਜੋ ਈਰਾਨੀ ਬੋਲਦੇ ਹਨ।

ید ***ਯਦ*** : ਹੱਥ, ਜਾਨਵਰਾਂ ਦਾ ਅਗਲਾ ਪੈਰ, ਪੰਛੀ ਦਾ ਖੰਭ, ਦਸਤਾ, ਮੁੱਠਾ, ਸ਼ਾਖ਼, ਭਾਗ (ਕਬੀਲੇ ਦਾ), ਸਿਰਾ (ਕੱਪੜੇ ਦਾ), ਪੱਲਾ(ਚੋਗੇ ਆਦਿ ਦਾ), ਸਹਾਇਤਾ, ਵਡਿਆਈ, ਇੱਜ਼ਤ; ਸ਼ਕਤੀ, ਸਮਰੱਥਾ, ਕਬਜ਼ਾ, ਦੌਲਤ, ਬੌਹਲਤਾ, ਸਲਾਮ, ਜ਼ਿੱਲਤ, ਪਦਵੀ।

یدان ***ਯਦਾਨ,*** **یدین** ***ਯਦੈਨ*** : ਦੋਵੇਂ ਹੱਥ।

یدِ بیضا ***ਯਦ-ਏ-ਬੈਜ਼ਾ*** : ਚਿੱਟਾ ਤੇ ਚਮਕਦਾ ਹੱਥ, ਹਜ਼ਰਤ ਮੂਸਾ ਦਾ ਹੱਥ, ਜਿਸ ਵਿਚ ਕਰਾਮਾਤੀ ਸ਼ਕਤੀ ਸੀ, ਜਦੋਂ ਓਹ ਉਸ ਨੂੰ ਕੱਛ 'ਚੋਂ ਬਾਹਰ ਕੱਢਦੇ ਤਾਂ ਸੂਰਜ ਵਾਂਗ ਚਮਕਦਾ ਦਿਸਦਾ; ਪਰਾ-ਮਨੁੱਖੀ ਸ਼ਕਤੀ।

یدِ بیضوی ***ਯਦ-ਏ-ਬੈਜ਼ਵੀ*** : ਯਦ-ਏ- ਬੈਜ਼ਾ।

یدِ سفله ***ਯਦ-ਏ-ਸੁਫ਼ਲਾ*** : ਹੇਠਲਾ ਹੱਥ ਅਰਥਾਤ ਫ਼ਕੀਰ ਜਾਂ ਸਵਾਲੀ ਦਾ ਹੱਥ।

یدِطولائی ***ਯਦ-ਏ-ਤੂਲਾਈ*** : ਸ਼ਕਤੀ, ਤਾਕਤ।

یدِطولیٰ ***ਯਦ-ਏ-ਤੂਲਾ*** : ਬੌਹਤ ਲੰਮਾ ਹੱਥ; ਪੂਰੀ ਮੁਹਾਰਤ।

یدِعلیا ***ਯਦ-ਏ-ਉਲੀਯਾ*** : ਉੱਪਰ ਦਾ ਹੱਥ, ਸਖ਼ੀ ਦਾ ਹੱਥ।

یدوی ***ਯਦਵੀ*** : 'ਯਦ'ਨਾਲ ਸਬੰਧਤ।

یدیه ***ਯਦੀਯਾ*** : 'ਯਦ' ਦਾ ਲਘੂਵਾਚੀ ਨਾਂਵ।

یده ***ਯਦਾ*** : ਜਾਦੂ ਟੂਣੇ ਨਾਲ ਮੀਂਹ ਜਾਂ ਬਰਫ਼ ਵਰ੍ਹਾਉਣਾ।

یرا ***ਯਰਾ*** : ਭੰਨ, ਮਰੋੜ, ਵਟ, ਝੁਰੀ, ਝੁਰੜੀ।

یراغ ***ਯਰਾਗ਼*** : ਸਿਧਾਇਆ ਹੋਇਆ ਘੋੜਾ, ਚੰਗੀ ਚਾਲ ਵਾਲਾ ਘੋੜਾ, ਡਾਕ ਦਾ ਘੋੜਾ, ਇਕੱਤਰਤਾ, ਇਕੱਠ।

یراق ***ਯਰਾਕ*** : ਲੜਾਈ ਦਾ ਸਾਜ਼-ਸਮਾਨ, ਲੜਾਈ ਦੇ ਹਥਿਆਰ, ਫ਼ੌਜ ਦੇ ਹਥਿਆਰ, ਸਮਾਨ, ਅਸਬਾਬ।

یراقکار ***ਯਰਾਕਕਾਰ*** : ਸਹਾਇਕ।

یرت ***ਯੁਰਤ*** : ਮਕਾਨ, ਪੜਾ, ਅਰਾਮ ਕਰਨ ਦੀ ਥਾਂ; ਵਤਨ।

یرتما ***ਯੁਰਤਮਾ*** : ਘੋੜੇ ਦੀ ਪੋਈਆ ਚਾਲ।

یرغا ***ਯਰਗ਼ਾ,*** **یرغه** ***ਯਰਗ਼ਹ*** : ਤੇਜ਼ ਚੱਲਣ ਵਾਲਾ, ਤੇਜ਼ ਰਫ਼ਤਾਰ (ਘੋੜਾ)।

یرغمال ***ਯਰਗ਼ਮਾਲ*** : ਕਿਸੇ ਵਿਅਕਤੀ ਦਾ ਆਪਣੇ ਪੁੱਤਰ ਜਾਂ ਸਾਕ ਸਬੰਧੀ ਨੂੰ ਹਾਕਮ ਦੇ ਹਵਾਲੇ ਇਸ ਮੰਤਵ ਲਈ ਕਰਨਾ ਕਿ ਓਹ ਆਕੀ ਨਹੀਂ ਹੋਵੇਗਾ,ਓਹ ਵਿਆਕਤੀ ਜੇਹੜਾ ਸ਼ਰਤਾਂ ਦੀ ਪੂਰਤੀ ਦੀ ਜ਼ਮਾਨਤ ਵਜੋਂ ਦੁਸ਼ਮਣ ਦੇ ਸਪੁਰਦ ਕੀਤਾ ਜਾਵੇ।

یرغو ***ਯਰਗ਼ੂ*** : ਕੋਤਵਾਲ।

یرغوث ***ਯਰਗ਼ੂਸ*** : ਸਿਪਾਹੀ, ਝਗੜਾ, ਸ਼ਾਹੀ ਹੁਕਮ; ਸਜ਼ਾ।

یرق ***ਯਰਕ*** : ਗੁਨਾਹ, ਦੋਸ਼, ਪਾਪ।

یرقان ***ਯਰਕਾਨ*** : ਇਕ ਪਰਸਿੱਧ ਰੋਗ ਜਿਸ ਵਿਚ ਅੱਖਾਂ ਤੇ ਸਰੀਰ ਪੀਲੇ ਪੈ ਜਾਂਦੇ ਹਨ, ਪੀਲੀਆ।

یرقانی ***ਯਰਕਾਨੀ*** : ਯਰਕਾਨ ਨਾਲ

ਸਬੰਧਤ, ਪੀਲਾ, ਮੁਰਝਾਇਆ ਹੋਇਆ, ਕੁਮਲਾਇਆ ਹੋਇਆ; ਜਿਸ ਨੂੰ ਯਰਕਾਨ ਹੋਵੇ, ਪੀਲੀਏ ਦਾ ਰੋਗੀ।

یرلغ ***ਯਰਲਗ***, یرلیغ ***ਯਰਲੀਗ*** : ਸ਼ਾਹੀ ਫ਼ਰਮਾਨ, ਪਰਵਾਨਾ।

یرمر ***ਯਰਮਰ*** : ਉਡੀਕ, ਆਸ, ਉਮੀਦ।

یرمغین ***ਯਰਮੁਗੀਨ*** : (ਅਰਮੁਗਾਨ ਦਾ ਬਦਲਵਾਂ ਰੂਪ) ਤੋਹਫ਼ਾ, ਭੇਟਾ।

یرمق ***ਯਰਮਕ਼*** : ਦੀਨਾਰ, ਦਿਰਮ, ਰੁਪੱਈਆ ਪੈਸਾ।

یرنا ***ਯਰਨਾ*** : ਮੈਂਹਦੀ।

یروشلم ***ਯਰੂਸ਼ਲਮ*** : ਮੁਲਕ ਰੂਮ ਦੇ ਇਲਾਕਾ ਕਨਆਨ ਦੇ ਇਕ ਪਰਸਿੱਧ ਸ਼ੈਹਰ ਦਾ ਨਾਮ, ਜਿਥੇ ਬੇਤੁੱਲਮੁਕੱਦਸ ਸਥਿੱਤ ਹੈ। ਇਸ ਸ਼ੈਹਰ ਵਿਚ ਪਰਾਚੀਨ ਸਮਿਆਂ ਤੋਂ ਇਸਰਾਈਲੀਆਂ ਦਾ ਵਾਸਾ ਰਿਹਾ ਹੈ।

یرا ***ਯਰਾ*** : ਜ਼ਮੀਨ, ਧਰਤੀ।

یریان ***ਯਰਯਾਨ*** : ਸਮਰਕੰਦ ਸ਼ੈਹਰ।

یز ***ਯਜ਼*** : ਓਹ ਕੰਡੇਦਾਰ ਝਾੜੀਆਂ ਜਿੰਨ੍ਹਾਂ ਨੂੰ ਤੰਬੂ ਦੀ ਸੁਰਖਿਆ ਲਈ ਉਸ ਦੇ ਆਲੇ-ਦੁਆਲੇ ਗੱਡ ਦਿੰਦੇ ਹਨ ਤਾਂ ਜੋ ਕੋਈ ਮਨੁੱਖ ਜਾਂ ਪਸ਼ੂ ਅੰਦਰ ਨਾ ਆ ਜਾਵੇ।

یزد ***ਯਜ਼ਦ*** : ਇਕ ਸ਼ੈਹਰ ਦਾ ਨਾਮ ਜੋ ਸ਼ੀਰਾਜ਼ ਦੀ ਸੀਮਾਂ ਵਿਚ ਹੈ ਅਤੇ ਯਜ਼ਦੀ ਕੱਪੜੇ ਲਈ ਮਸ਼ਹੂਰ ਹੈ; ਖ਼ੁਦਾ, ਰੱਬ।

یزدی ***ਯਜ਼ਦੀ*** : 'ਯਜ਼ਦ' ਨਾਲ ਸਬੰਧਤ, 'ਯਜ਼ਦ' ਦਾ ਰੈਹਣ ਵਾਲਾ।

یزدادی ***ਯਜ਼ਦਾਦੀ*** : ਓਹ ਕੀਮਾ ਜੋ ਉਬਲੇ ਆਂਡੇ ਨਾਲ ਪਕਾਇਆ ਜਾਵੇ, ਆਂਡੇ ਨਾਲ ਬਣਾਇਆ ਕੋਫ਼ਤਾ।

یزدان ***ਯਜ਼ਦਾਨ*** : ਰੱਬ, ਪਰਮਾਤਮਾ, ਇਸਲਾਮ ਤੋਂ ਪੈਹਲਾਂ ਈਰਾਨ ਵਾਲੇ ਦੋ ਰੱਬਾਂ ਨੂੰ ਮੰਨਦੇ ਸਨ, ਨੇਕੀ ਦੇ ਰੱਬ ਦਾ ਨਾਮ 'ਅਹਰਮਾਨ' ਸੀ।

یزدان بخش ***ਯਜ਼ਦਾਨ ਬਖ਼ਸ਼*** : ਰੱਬ ਦੀ ਦਾਤ; ਨੌਸ਼ੀਰਵਾਨ ਦਾ ਪੁੱਤਰ ਹਰਮੁਜ਼ ਦੇ ਵਜ਼ੀਰ ਦਾ ਨਾਮ।

یزدان پرست ***ਯਜ਼ਦਾਨ-ਪ੍ਰਸਤ*** : ਰੱਬ ਦਾ ਪੁਜਾਰੀ, ਜ਼ਰਤੁਸ਼ਤੀ, ਅੱਗ-ਪੂਜ।

یزدانی ***ਯਜ਼ਦਾਨੀ*** : ਦੈਵੀ, ਰੱਬੀ।

یزدجرد ***ਯਜ਼ਦ ਜਿਰਦ***, یزدگرد ***ਯਜ਼ਦ ਗਿਰਦ*** : ਈਰਾਨ ਦੇ ਇਕ ਬਾਦਸ਼ਾਹ ਦਾ ਨਾਮ, ਜੋ ਬਹਿਰਾਮ ਗੋਰ ਦਾ ਬਾਪ ਸੀ ਤੇ ਬੜਾ ਜ਼ਾਲਮ ਸੀ; ਈਰਾਨ ਦੇ ਆਖਰੀ ਪਾਰਸੀ ਬਾਦਸ਼ਾਹ ਦਾ ਨਾਮ ਜੋ ਹਜ਼ਰਤ ਉਮਰ ਦੇ ਸਮੇਂ ਅਰਬਾਂ ਤੋਂ ਹਾਰ ਖਾ ਕੇ ਆਪਣੇ ਹੀ ਨੌਕਰਾਂ ਹਥੋਂ ਮਾਰਿਆ ਗਿਆ ਸੀ, ਈਰਾਨ ਦੇ ਕਈ ਬਾਦਸ਼ਾਹ ਦਾ ਨਾਮ।

یزک ***ਯਜ਼ਕ*** : ਰਾਤ ਨੂੰ ਗਸ਼ਤ ਕਰਨ ਵਾਲੀ ਫ਼ੌਜ; ਫ਼ੌਜ ਦੇ ਅੱਗੇ-ਅੱਗੇ ਚੱਲਣ ਵਾਲਾ ਦਸਤਾ, ਹਰਾਵਲ; ਜਸੂਸ, ਸੂਹੀਆ, ਪੈਹਰੇਦਾਰ।

یزکدار ***ਯਜ਼ਕਦਾਰ*** : ਫ਼ੌਜ, ਲਸ਼ਕਰ, ਹਰਾਵਲ ਦਸਤੇ ਦਾ ਸਰਦਾਰ।

یزکداری ***ਯਜ਼ਕਦਾਰੀ*** : ਚੌਕੀਦਾਰੀ, ਪੈਹਰੇਦਾਰੀ।

یزنه ***ਯਜ਼ਨਾ*** : ਭੈਣ ਦਾ ਘਰ ਵਾਲਾ, ਜੀਜਾ, ਭਣਵਈਆ।

یزید ***ਯਜ਼ੀਦ*** : ਅਮੀਰ ਮੁਆਵੀਯਾ ਦੇ ਪੁੱਤਰ ਦਾ ਨਾਮ ਜੋ ਆਪਣੇ ਪਿਤਾ ਦੀ ਮੌਤ ਪਿਛੋਂ ੬੦ ਹਿਜਰੀ ਤੋਂ ੬੪ ਹਿਜਰੀ ਤਕ ਰਾਜ ਕਰਦਾ ਰਿਹਾ, ਹਜ਼ਰਤ ਇਮਾਮ ਹੁਸੈਨ ਇਸੇ ਦੇ ਹੁਕਮ ਨਾਲ ਸ਼ਹੀਦ ਹੋਏ, ੬੩ ਹਿਜਰੀ ਵਿਚ ਮੱਕੇ ਮਦੀਨੇ ਦੇ ਲੋਕ ਇਸ ਤੋਂ ਬਾਗ਼ੀ ਹੋ ਗਏ, ਕਿਉ ਜੋ ਇਸ ਨੇ ਦੋਹਾਂ ਪਾਕ ਸ਼ੈਹਰਾਂ ਦੀ ਬੇਹੁਰਮਤੀ ਕੀਤੀ ਸੀ; ਅਬਦੁਲ ਮਲਿਕ ਦੇ ਪੁੱਤਰ ਦਾ ਨਾਮ ਜੋ ੧੦੪ ਹਿਜਰੀ ਤੋਂ ੧੦੫ ਹਿਜਰੀ ਤਕ ਰਾਜ ਕਰਦਾ ਰਿਹਾ; ਵਲੀਦ ਦੇ ਪੁੱਤਰ ਦਾ ਨਾਮ ਜੋ ੧੨੬ ਹਿਜਰੀ ਵਿਚ ਛੇ ਮਹੀਨੇ ਵਿਚ ਰਾਜ ਕਰਨ ਉਪਰੰਤ ਕਾਲਵਾਸ ਹੋਇਆ; ਜ਼ਾਲਮ, ਮੱਕਾਰ; ਸਰਾਪਿਆ ਹੋਇਆ।

یزیدی ***ਯਜ਼ੀਦੀ*** : ਯਜ਼ੀਦ ਦੀ ਸੰਪਰਦਾਏ

ਦਾ ਵਿਅਕਤੀ।

یسار ***ਯਸਾਰ*** : ਮਨਹੂਸ ਆਦਮੀ ਜਿਸ ਦਾ ਮੂੰਹ ਵੇਖਣਾ ਅਸ਼ੁਭ ਹੋਵੇ।

یسار ***ਯਸਾਰ*** : ਅਮੀਰੀ, ਬੌਹਲਤਾ, ਖ਼ੁਸ਼ਹਾਲੀ, ਖੱਬਾ ਪਾਸਾ, ਖੱਬਾ ਹੱਥ।

یسارت ***ਯਸਾਰਤ*** : ਅਮੀਰੀ।

یساق ***ਯਸਾਕ਼*** : ਮੁਹਿੰਮ, ਜੰਗ ਦੀ ਤਿਆਰੀ; ਕਚੈਹਰੀ, ਦਰਬਾਰ।

یسال ***ਯਸਾਲ*** : ਫੁੱਲਾਂ ਦਾ ਤਾਜ ਜੋ ਉਤਸਵ ਵਾਲੇ ਦਿਨ ਸਿਰ 'ਤੇ ਰੱਖਦੇ ਹਨ।

یسال ***ਯਸਾਲ*** : ਫ਼ੌਜ ਦਾ ਦਸਤਾ।

یساور ***ਯਸਾਵੂਰ,*** **یساول** ***ਯਸਾਵੂਲ*** : ਘੋੜ ਸਵਾਰ, ਚੋਬਦਾਰ, ਮੁਲਾਕਾਤ ਕਰਵਾਉਣ ਵਾਲਾ, ਨੌਕਰ, ਸਿਪਾਹੀ, ਦੂਤ, ਹਰਕਾਰਾ, ਏਲਚੀ।

یسر ***ਯਸਰ,*** **یسر** ***ਯੁਸਰ,*** **یسر** ***ਯੁਸੁਰ*** : ਸੌਖ, ਅਸਾਨੀ, ਖੁਲ੍ਹ-ਦਿਲੀ, ਅਮੀਰੀ; ਅਸਾਨ, ਸੌਖਾ।

یسرئ ***ਯਸਰਾ,*** **یسرت** ***ਯਸਰੁਤ,*** **یسره** ***ਯਸਰਾ*** : ਖੱਬਾ ਹੱਥ; ਖੱਬਾ ਪਾਸਾ।

یسل ***ਯਸਲ*** : ਫ਼ੌਜ ਦਾ ਦਸਤਾ, ਸਫ਼, ਕਤਾਰ।

یسوعی ***ਯਸੂਈ*** : ਈਸਾਈ।

یسوعیت ***ਯਸੂਈਯਤ*** : ਈਸਾਈਅਤ।

یسیر ***ਯਸੀਰ*** : ਥੋੜਾ; ਸੌਖਾ, ਸੈਹਲ।

یسیراً ***ਯਸੀਰਨ*** : ਥੋੜਾ-ਥੋੜਾ, ਥੋੜੀ ਮਾਤਰਾ ਵਿਚ।

یشب ***ਯਸ਼ਬ,*** **یشپ** ***ਯਸ਼ਪ*** : ਹਰੇ ਰੰਗ ਦਾ ਇੱਕ ਕੀਮਤੀ ਪੱਥਰ।

یعسوب ***ਯਅਸੂਬ*** : ਸ਼ੈਹਦ ਦੀਆਂ ਮਖੀਆਂ ਦੀ ਮੁਖੀ, ਰਾਣੀ ਮੱਖੀ, ਕੌਮ ਦਾ ਸਰਦਾਰ।

یعسوب المسلمین ***ਯਅਸੂਬ-ਉਲ-ਮੁਸਲਿਮੀਨ,*** **یعسوب المومنین** ***ਯਅਸੂਬ-ਉਲ-ਮੋਮਿਨੀਨ*** : ਹਜ਼ਰਤ ਅਲੀ ਦੀ ਉਪਾਧੀ।

یعقوب ***ਯਅਕੂਬ*** : ਇਕ ਪਰਸਿੱਧ ਪੈਗ਼ੰਬਰ ਦਾ ਨਾਮ ਜੋ ਹਜ਼ਰਤ ਇਸਹਾਕ ਦੇ ਪੁੱਤਰ ਤੇ ਹਜ਼ਰਤ ਯੂਸੁਫ਼ ਦੇ ਪਿਤਾ ਸਨ, ਜਿਨ੍ਹਾਂ ਨੂੰ ਇਸਰਾਈਲ ਵੀ ਕੈਂਹਦੇ ਹਨ; ਇਮਾਮ ਆਜ਼ਮ ਦੇ ਸ਼ਾਗਿਰਦ ਅਬੂ ਯੂਸੁਫ਼ ਦਾ ਨਾਮ; ਯਾਕੂਬ-ਬਿਨ-ਲੇਸ, ਸਫ਼ਾਰੀਆਂ ਦੇ ਪੈਹਲੇ ਬਾਦਸ਼ਾਹ ਦਾ ਨਾਮ; ਨਰ ਚਕੋਰ।

یعلم اللّٰه ***ਯਅਲਮੁੱਲਾਹ*** : ਰੱਬ ਜਾਣਦਾ ਹੈ।

یعنی ***ਯਅਨੀ*** : ਇਰਾਦਾ ਰੱਖਦਾ ਹੈ,ਓਹ; ਮੁਰਾਦ ਏਹ ਹੈ, ਓਹ ਚਾਹੁੰਦਾ ਹੈ; ਮਤਲਬ ਇਹ ਹੈ, ਮੁਰਾਦ, ਮੰਤਵ, ਭਾਵ ਏਹ, ਏਹ ਸ਼ਬਦ ਗੱਲ ਨੂੰ ਸਪਸ਼ਟ ਕਰਨ ਲਈ ਵਰਤਿਆ ਜਾਂਦਾ ਹੈ, ਅਰਥਾਤ।

یعنی چه ***ਯਅਨੀਚਿਹ*** : ਕੀ ਕਾਰਣ, ਇਸ ਦਾ ਕੀ ਭਾਵ ਹੈ।

یعوق ***ਯਊਕ*** : ਹਜ਼ਰਤ ਨੂਹ ਦੀ ਕੌਮ ਦੇ ਬੁੱਤਾਂ ਵਿਚੋਂ ਇਕ ਬੁੱਤ ਦਾ ਨਾਮ, ਜਿਸ ਦੀ ਸ਼ਕਲ ਘੋੜੇ ਵਰਗੀ ਸੀ।

یغام ***ਯਗ਼ਾਮ*** : ਚੁੜੇਲ, ਜੰਗਲੀ ਭੂਤ।

یغرت ***ਯਗ਼ਰਤ*** : (=ਜਗ਼ਰਾਤ جغرات) ਦੁੱਧ ਨੂੰ ਲਾਇਆ ਜਾਣ ਵਾਲਾ ਜਾਗ, ਖੱਟਾ, ਦਹੀਂ।

یغلا ***ਯੁਗ਼ਲਾ,*** **یغلاد** ***ਯਗ਼ਲਾਦ,*** **یغلاوی** ***ਯਗ਼ਲਾਵੀ,*** **یغلو** ***ਯਗ਼ਲੂ,*** **یغلوی** ***ਯਗ਼ਲਵੀ*** : ਘਿਓ 'ਚੋਂ ਤੜਕਾ ਲਾਉਣ ਦੀ ਕੜਛੀ।

یغما ***ਯਗ਼ਮਾ,*** **یغمان** ***ਯਗ਼ਮਾਨ*** : ਲੁੱਟ ਦਾ ਮਾਲ, ਤਬਾਹੀ, ਬਰਬਾਦੀ, ਮਾਰ-ਧਾੜ, ਤੁਰਕਿਸਤਾਨ ਦੇ ਇਕ ਸ਼ੈਹਰ ਦਾ ਨਾਮ ਜਿਥੋਂ ਦੇ ਮਸ਼ੂਕ ਬੜੇ ਸੋਹਣੇ ਹੁੰਦੇ ਹਨ।

یغما گاه ***ਯਗ਼ਮਾ-ਗਾਹ*** : ਜਿਥੇ ਲੁੱਟ ਦਾ ਮਾਲ ਜਮ੍ਹਾ ਕਰਾਇਆ ਜਾਵੇ।

یغمائی ***ਯਗ਼ਮਾਈ*** : ਲੁਟੇਰਾ; ਯਗ਼ਮਾ ਸ਼ੈਹਰ ਨਾਲ ਸਬੰਧਤ, ਯਗ਼ਮਾ ਦਾ ਵਸਨੀਕ।

یغما ناز *ਯਗਮਾਨਾਜ਼* : ਬਹਿਰਾਮ ਗੋਰ ਦੀ ਵੌਹਟੀ ਦਾ ਨਾਮ ਜੇਹੜੀ ਚੀਨ ਦੇ ਖ਼ਾਕਾਨ ਦੀ ਬੇਟੀ ਸੀ।

یغوث *ਯਗੂਸ* : ਹਜ਼ਰਤ ਨੂਹ ਦੀ ਕੌਮ ਦੇ ਇਕ ਬੁੱਤ ਦਾ ਨਾਮ, ਜਿਸ ਦੀ ਸ਼ਕਲ ਸ਼ੇਰ ਵਰਗੀ ਸੀ।

یفج *ਯਫ਼ਜ* : ਓਹ ਪਾਣੀ ਜੋ ਗੱਲ ਕਰਦਿਆਂ ਮੂੰਹ'ਚੋਂ ਨਿਕਲੇ, ਥੁੱਕ, ਰਾਲ।

یفن *ਯੁਫ਼ਨ* : ਬੌਹਤ ਬੁੱਢਾ, ਬੁੱਢਾ, ਮੱਕਾਰ।

یقّہ *ਯੱਕਾ* : ਗਲਮਾ, ਕਿਸੇ ਦਾ ਗਲਮਾ ਘੁੱਟ ਕੇ ਫੜਨਾ।

یقین *ਯਕੀਨ,* یقن *ਯਕਨ* : ਜਿਸ ਵਿਚ ਸ਼ਕ ਨਾ ਹੋਵੇ, ਸ਼ੰਕਾ-ਰੈਹਤ, ਦ੍ਰਿੜ, ਬੇਸ਼ੱਕ, ਸਹੀ, ਸੱਚ, ਪੱਕਾ ਵਿਸ਼ਵਾਸ, ਭਰੋਸਾ, ਸਬੂਤ, ਸ਼ਹਾਦਤ।

یقیناً *ਯਕੀਨਨ* : ਯਕੀਨੀ ਤੌਰ 'ਤੇ ਪੂਰਨ ਵਿਸ਼ਵਾਸ ਸੈਹਤ, ਪੱਕੀ ਤਰ੍ਹਾਂ।

یک *ਯਕ* : ਇਕ, ਇੱਕਲਾ, ਇਕ-ਵਚਨ, ਹਰ ਕੋਈ, ਇਕ ਵਾਰੀ; ਯੱਕਾ (ਤਾਸ਼ ਦਾ); ਰਸਮ, ਰਿਵਾਜ, ਕਨੂੰਨ, ਨੇਮ, ਕਿਸੇ ਸੰਖਿਆਵਾਰੀ ਨਾਂਵ ਪਿਛੇ ਆ ਕੇ ਉਸ ਦਾ ਭਾਗ ਬਣ ਜਾਂਦਾ ਹੈ ਜਿਵੇਂ ਚਹਾਰਯਕ = ਚੋਥਾ ਹਿਸਾ;1/4|

یک آویز *ਯਕਆਵੇਜ਼* : ਘੱਟ ਚੌੜੀ ਤਲਵਾਰ।

یک اسپہ *ਯਕ ਅਸਪਾ* : ਇਕ ਘੋੜੇ ਦਾ ਮਾਲਕ, ਇਕੱਲਾ ਸਵਾਰ, ਬਹਾਦਰਾਂ ਵਾਂਗ; ਸੂਰਜ।

یک انداز *ਯਕ-ਅੰਦਾਜ਼* : ਬਰਾਬਰ, ਇਕ ਸਮਾਨ; ਨਕਾਰਾ ਤੀਰ ਚਲਾਉਣ ਪਿਛੋਂ ਜਿਸ ਦੀ ਭਾਲ ਨਾ ਕੀਤੀ ਜਾਵੇ, ਦੋ-ਮੂੰਹਾਂ ਤੀਰ; ਪਹਾੜ ਜਾਂ ਦਰਿਆ ਦਾ ਪੱਧਰਾ ਕੰਢਾ।

یکایک *ਯਕਾਯਕ* : ਇਕ-ਇਕ; ਹਰੇਕ, ਅਚਾਨਕ।

یک بادام *ਯਕ ਬਾਦਾਮ* : ਬੌਹਤ ਥੋੜੀ ਮਾਤਰਾ।

یک باں وکردن *ਯਕ ਬਾ ਦੋ ਕਰਦਨ* : ਦੂਜਾ ਵਾਕ ਕੈਹਣਾ।

یکبار *ਯਕ ਬਾਰ* : ਇਕ ਵਾਰੀ, ਕਦੀ।

یکبارگی *ਯਕਬਾਰਗੀ* : ਇਕ ਵਾਰੀ, ਅਚਾਨਕ, ਝਟਪਟ।

یکبدو *ਯਕ ਬ-ਦੋ* : ਇਕ ਵਾਰੀ, ਅਚਾਨਕ।

یک بردو زدن *ਯਕ ਬਰ ਦੋ ਜ਼ਦਨ* : ਕਾਰੋਬਾਰ ਤੇ ਮਾਮਲੇ ਤੋਂ ਲਾਭ ਉਠਾਉਣਾ।

یک بسی *ਯਕ ਬਸੇ* : ਅਚਾਨਕ, ਇਕੋ ਵਾਰ।

یک بغل *ਯਕ ਬਗ਼ਲ* : ਵੱਡੀ ਮਾਤਰਾ।

یک بیک *ਯਕ-ਬ-ਯਕ* : ਹਰ ਇਕ, ਸਾਰੇ, ਅਚਾਨਕ।

یک پارچہ *ਯਕ ਪਾਰਚਾ,* یک پارہ *ਯਕ ਪਾਰਾ* : ਠੋਸ, ਤਕੜਾ, ਇਕੋ ਪੀਸ ਦਾ, ਤੁੱਛ, ਮਮੂਲੀ, ਇਕੋ ਸੱਟ ਨਾਲ।

یک پشتہ *ਯਕਪੁਸ਼ਤਾ* : ਇਕ ਪਾਸਿਓਂ ਛਪਿਆ ਹੋਇਆ ਕਾਗ਼ਜ।

یکپہلو *ਯਕ ਪਹਲੂ* : ਕਿਸੇ ਮਮਲੇ ਵਿਚ ਇਕੋ ਗੱਲ ਤੇ ਅੜਿਆ ਰੈਹਣ ਵਾਲਾ, ਆਪਣੇ ਖ਼ਿਆਲ ਦਾ।

یک پہن کشتی *ਯਕ ਪਹਨ ਕਸ਼ਤੀ* : ਮੁਸਲਮਾਨੀ ਧਰਮ ਜਿਸ ਵਿਚ ਹਰ ਕੋਈ ਦਾਖ਼ਲ ਹੋ ਸਕਦਾ ਹੈ।

یکتا *ਯਕਤਾ,* یکتائی *ਯਕਤਾਇ* : ਇਕ, ਇਕ ਤੈਹ ਦਾ ਕੱਪੜਾ; ਬੇਮਿਸਾਲ, ਅਦੁੱਤੀ।

یک تار *ਯਕਤਾਰ* : ਥੋੜ੍ਹਾ; ਦਿਲਾਂ ਦੀ ਸਾਂਝ।

یک تاز *ਯਕਤਾਜ਼* : ਵੈਰੀ ਨਾਲ ਇਕਲਿਆਂ ਜੂਝਣ ਵਾਲਾ।

یکتک(تگ) *ਯਕਤਕ (ਤਗ)* : ਇਕੋ ਚਾਲ ਤੇ ਦੌੜਨਾ।

یکتن *ਯਕ ਤਨ* : ਇਕ ਵਿਅਕਤੀ।

یک تنہ *ਯਕ ਤਨਾ* : ਇੱਕਲਾ।

یکتہی *ਯਕਤਹੀ* : ਇਕ ਤੈਹ ਵਾਲਾ ਕੱਪੜਾ, ਇਕੈਹਰਾ ਕੱਪੜਾ।

یکتیغ کردن *ਯਕ ਤੇਗ਼ ਕਰਦਨ* : ਬਰਾਬਰ ਕਰਨਾ, ਠੀਕ ਕਰਨਾ।

یک جا *ਯਕ ਜਾ* : ਇਕੋ ਥਾਂ 'ਤੇ; ਇਕੋ ਸਮੇਂ, ਇੱਕਠਿਆਂ, ਇੱਕਠੇ, ਮਿਲੇ ਜੁਲੇ, ਬਰਾਬਰ।

یک جان *ਯਕ ਜਾਨ* : ਜਿਸ ਦੀ ਇਕੋ ਰੂਹ ਹੋਵੇ, ਦੋਸਤ।

یک جلو *ਯਕ ਜਲੌ* : ਤੇਜ਼ ਰਫ਼ਤਾਰ, ਤੇਜ਼ ਗਤੀ ਵਾਲਾ।

یک جهت *ਯਕ ਜਹਤ* : ਸੈਹਮਤ, ਅਨੁਕੂਲ।

یک جهتی *ਯਕ ਜਹਤੀ* : ਸੰਮਤੀ, ਸਾਂਝ, ਦੋਸਤੀ।

یک چشم *ਯਕ ਚਸ਼ਮ* : ਇਕ ਅੱਖ ਵਾਲਾ, ਕਾਣਾ।

یکچشم زدن *ਯਕ ਚਸ਼ਮ ਜ਼ਦਨ* : ਝਟ-ਪਟ, ਛਿਣ ਪਲ ਵਿਚ।

یکچشمه کار *ਯਕ ਚਸ਼ਮਾ ਕਾਰ* : ਚੰਗਾ ਕੰਮ, ਨੇਕ ਕੰਮ।

یک چشمی *ਯਕ-ਚਸ਼ਮੀ* : ਹਰ ਚੰਗੇ ਮੰਦੇ ਨੂੰ ਇਕੋ ਨਜ਼ਰ ਨਾਲ ਵੇਖਣਾ।

یک چند *ਯਕ ਚੰਦ* : ਥੋੜਾ, ਕੁਝ ਕੁ, ਥੋੜਾ ਜਿੰਨਾ।

یک چندی *ਯਕ-ਚੰਦੀ* : ਥੋੜਾ ਜੇਹਾ ਸਮਾਂ, ਝਟ ਪਲ।

یک چوبه *ਯਕ ਚੋਬਾ* : ਇਕੋ ਪੋਲ ਵਾਲਾ (ਤੰਬੂ), ਇਕੋ ਚੋਬ ਵਾਲਾ।

یک دانه *ਯਕਦਾਨਾ* : ਅਦੁੱਤਾ ਮੋਤੀ, ਇਕ ਪਰਕਾਰ ਦਾ ਹਾਰ, ਗੁਲੂਬੰਦ।

یکدست *ਯਕਦਸਤ* : ਇਕ ਸਮਾਨ, ਬਰਾਬਰ, ਪੱਧਰ।

یک دش *ਯਕ ਦਿਸ਼* : ਰਲਾ, ਦੋ ਚੀਜ਼ਾਂ ਦਾ ਪਰਸਪਰ ਮਿਲਣਾ, ਦੋਗਲਾ (ਘੋੜਾ), ਦੋ ਨਸਲਾ; ਹਰਾਮ ਦਾ, ਮਸ਼ੂਕ, ਮੈਹਬੂਬ।

یک دفعه *ਯਕਦਫ਼ਆ* : ਇਕੋ ਵਾਰੀ, ਇਕੋ ਸਮੇਂ।

یکدک *ਯਕ ਦਕ* : ਕੋਸਾ ਪਾਣੀ ਤੇ ਦੁੱਧ।

یکدگر *ਯਕ ਦਿਗਰ* : ਇਕ ਦੂਜਾ।

یکدل *ਯਕ-ਦਿਲ* : ਅਨੁਕੂਲ, ਮੁਆਫ਼ਕ; ਇਕੋ ਦਿਲ ਵਾਲੇ, ਹਮਰਾਜ਼, ਹਮਰੰਗ, ਹਮਜ਼ਬਾਨ।

یکدله *ਯਕ-ਦਿਲਾ* : ਇਕ-ਰਾਏ ਮੁਤਫ਼ਿਕ, ਇਕੋ ਰਾਏ ਦਾ, ਬਿਨਾ ਰੂ ਰਿਆਇਤ ਵਾਲਾ; ਬਹਾਦਰ, ਸੂਰਮਾ; ਦਿਲ ਦਾ ਸੱਚਾ।

یکدلی *ਯਕ ਦਿਲੀ* : ਸਰਬ ਸੰਮਤੀ, ਸਾਂਝ, ਇਤਫ਼ਾਕ।

یکدم *ਯਕਦਮ* : ਅਚਾਨਕ, ਇਕ ਪਲ ਛਿਣ, ਇਕੋ ਸਾਹ।

یکدمه *ਯਕਦਮਾ* : ਝੱਟ ਰੈਹਣਾ, ਝੱਟ ਪਲ ਰੈਹਣ ਵਾਲਾ, ਨਾਸ਼ਵਾਨ।

یکدندانه *ਯਕ ਦੰਦਾਨਾ* : ਬਰਾਬਰ, ਇਕ ਸਮਾਨ।

یکدو *ਯਕ ਦੋ* : ਇਕ ਦੋ, ਥੋੜੇ ਜੇਹੇ।

یکدیگر *ਯਕ ਦੀਗਰ* : ਇਕ ਦੂਜਾ।

یک ذره *ਯਕ ਜ਼ੱਰਾ* : ਇਕ ਅਣੂ, ਛੋਟੇ ਤੋਂ ਛੋਟਾ ਅੰਸ਼।

یکراست *ਯਕ ਰਾਸਤ* : ਸਿੱਧਾ ਰਾਹ।

یکران *ਯਕਰਾਨ* :ਚੰਗਾ ਤੇ ਅਸਲੀ ਘੋੜਾ, ਬੌਹ-ਮੁੱਲਾ ਘੋੜਾ; ਤੇਜ਼ ਚਾਲ ਘੋੜਾ; ਓਹ ਘੋੜਾ ਜਿਸ ਦਾ ਰੰਗ ਲਾਲ ਤੇ ਪੂਛ ਤੇ ਧੌਣ ਦੇ ਵਾਲ ਚਿੱਟੇ ਹੋਣ।

یکراه *ਯਕਰਾਹ* : ਇਕੋ ਰਸਤੇ ਚਲਣਾ; ਇਕ ਤਰੀਕਾ, ਇਕ ਵਾਰ, ਵੈਰ-ਰੈਹਤ, ਪਖੰਡ-ਰੈਹਤ।

یکرشته *ਯਕ-ਰਿਸ਼ਤਾ* : ਅਨੁਕੂਲ।

یکرقیب *ਯਕ ਰਕੀਬ* : ਅੱਲਾਹ,ਰੱਬ।

یکرکابی *ਯਕ ਰਕਾਬੀ* : ਕਿਸੇ ਕੰਮ ਵਿਚ ਜਲਦੀ ਕਰਨਾ, ਓਹ ਆਦਮੀ ਜੋ ਘੋੜਾ ਦੌੜਾਉਣ ਵਿਚ ਹਮਰਕਾਬ ਹੋਵੇ; ਕੋਤਲ ਘੋੜਾ।

یکرنگ(رو) ***ਯਕ ਰੰਗ (ਰੂ)*** : ਸੱਚਾ ਦੋਸਤ, ਸੱਚੇ ਵਿਸ਼ਵਾਸ ਵਾਲਾ, ਅੰਦਰੋਂ ਬਾਹਰੋਂ ਇਕੋ ਜੇਹਾ।

یکرنگی ***ਯਕ-ਰੰਗੀ*** : ਦੋਸਤੀ, ਮਿਤਰਤਾ।

یکروزہ ***ਯਕ ਰੋਜ਼ਾ*** : ਇਕ ਦਿਨ ਦਾ।

یکروئی ***ਯਕ-ਰੂਈ*** : ਏਕਤਾ, ਸੰਮਤੀ, ਦੋਸਤੀ।

یکرویا ***ਯਕ ਰੂਯਾ*** : ਸੈਹਮਤ, ਅਨੁਕੂਲ, ਪਰਗਟ, ਸਾਵਾ ਪੱਧਰਾ।

یکربان ***ਯਕ-ਜ਼ਬਾਨ*** : ਸਰਬ-ਸੰਮਤੀ ਨਾਲ; ਬੇਮਿਸਾਲ, ਅਡੋਲ, ਬਾਤ ਦਾ ਪੱਕਾ, ਕੌਲ ਦਾ ਸੱਚਾ।

یکرخم ***ਯਕ-ਜ਼ਖ਼ਮ*** : ਰੁਸਤਮ ਦੇ ਦਾਦਾ ਸਾਮ ਦੀ ਉਪਾਧੀ ਜਿਸ ਨੇ ਇਕ ਅਜਗਰ ਨੂੰ ਇਕੋ ਸਟ ਨਾਲ ਮਾਰ ਦਿਤਾ ਸੀ।

یکزدن ***ਯਕ ਜ਼ਦਨ*** : ਪਲਕ ਮਾਰਨਾ।

یکزدہ ***ਯਕ ਜ਼ਦਾ*** : ਇਕੋ ਨਿਯਮ ਨਾਲ, ਇਕੋ ਲੀਕ ਨਾਲ।

یکزمان ***ਯਕ ਜ਼ਮਾਨ*** : ਸਮਕਾਲੀ।

یکساعت ***ਯਕ ਸਾਅਤ*** : ਇਕ ਘੜੀ ਦਾ, ਝਟ-ਰੈਹਣਾ।

یکسالہ ***ਯਕ ਸਾਲਾ*** : ਇਕ ਸਾਲ ਦਾ, ਛੋਟਾ ਬੱਚਾ।

یکسان ***ਯਕ-ਸਾਨ*** : ਹਮੇਸ਼ਾ, ਬਰਾਬਰ, ਇਕ ਸਮਾਨ।

یکسر ***ਯਕ ਸਰ*** : ਸਰਾਸਰ, ਬਿਲਕੁਲ।

یکسرا ***ਯਕ ਸਰਾ*** : ਸਾਰੇ, ਸਮੂਹ।

یکسو ***ਯਕਸੂ*** : ਇਕ ਪਾਸੇ, ਇਕ ਤਰਫ਼, ਅੱਡ-ਅੱਡ।

یکسوار(ہ) ***ਯਕ ਸਵਾਰ (ਹਾ)*** : ਸ਼ਾਹ ਸਵਾਰ, ਸੂਰਜ, ਇਕੱਲਾ।

یکسون ***ਯਕ ਸੂਨ***, **یکسونہ** ***ਯਕ ਸੂਨਾ***: ਬਰਾਬਰ, ਹਮੇਸ਼ਾ, ਸਦਾ।

یکسوئی ***ਯਕ ਸੂਈ*** : ਇਕ ਪਾਸੇ ਹੋਣਾ, ਅਲੈਹਦਗੀ, ਡੂੰਘਾ ਧਿਆਨ, ਦਿਲਜਮਈ।

یک شست ***ਯਕ ਸ਼ਿਸਤ***, **یکنشست** ***ਯਕ ਨਿਸ਼ਸਤ*** : ਇੱਕਠੇ ਖਾਣ ਪੀਣ ਵਾਲੇ, ਹਮਨਸ਼ੀਨ, ਦੋਸਤ।

یک شنبہ ***ਯਕ ਸ਼ੰਬਾ*** : ਐਤਵਾਰ।

یکطرف ***ਯਕ ਤਰਫ਼*** : ਇਕ ਪਾਸੇ ਵੱਲ।

یکطرف‌افتادن ***ਯਕ ਤਰਫ਼ ਉਫ਼ਤਾਦਨ*** : ਸਾਹਮਣੇ ਹੋਣਾ, ਇਕ ਪਾਸੇ ਹੋ ਜਾਣਾ।

یک فنی ***ਯਕਫ਼ਨੀ*** : ਬੇਮਿਸਾਲ, ਅਦੁੱਤੀ, ਕਾਮਿਲ, ਮਾਹਿਰ।

یک قلم ***ਯਕ ਕ਼ਲਮ*** : ਸਾਰੇ, ਬਿਲਕੁਲ, ਕਲਮ ਦੀ ਇਕੋ ਨੋਕ ਨਾਲ, ਝੱਟ ਪੱਟ।

یکگرہ ***ਯਕ ਗਿਰਾ*** : ਅਨੁਕੂਲ, ਇਕ ਸਮਾਨ।

یکگونہ ***ਯਕ ਗੂਨਾ*** : ਇਕੋ ਰੰਗ ਦਾ, ਇਕੋ ਜੇਹਾ, ਇਕੋ ਪੀਸ ਦਾ।

یک لخت ***ਯਕਲਖ਼ਤ*** : ਸਾਰੇ, ਸਭ, ਪੂਰਾ, ਝੱਟ-ਪੱਟ।

یک ماہہ ***ਯਕਮਾਹਾ*** : ਇਕ ਮਹੀਨੇ ਦਾ।

یک مشت‌خاک ***ਯਕ ਮੁਸ਼ਤ-ਏ-ਖ਼ਾਕ*** : ਘਿਰਨਾ ਵਜੋਂ ਕੈਂਹਦੇ ਹਨ, ਤੁੱਛ।

یک نعل ***ਯਕ ਨਅਲ*** : ਬੌਹਤ ਮਾਤਰਾ ਵਿਚ।

یکنفر ***ਯਕ ਨਫ਼ਰ*** : ਇਕ ਆਦਮੀ, ਕੋਈ ਇਕ।

یک نوالہ ***ਯਕ ਨਵਾਲਾ*** : ਇਕੱਠਿਆਂ ਖਾਣ ਪੀਣ ਵਾਲਾ; ਹਮ-ਖ਼ਿਆਲ।

یک نورد ***ਯਕ ਨਵਰਦ*** : ਇਕ ਤਰਜ਼, ਇਕ ਤਰੀਕਾ, ਇਕ ਰਾਹ।

یک نہ‌شددوشد ***ਯਕ ਨ-ਸ਼ੁਦ ਦੋ ਸ਼ੁਦ*** : ਇਕ ਮੁਸੀਬਤ ਤਾਂ ਪਈ ਹੀ ਸੀ ਦੂਜੀ ਉਤੋਂ ਹੋਰ ਆ ਪਈ।

یکنہ‌یک ***ਯਕ-ਨ-ਯਕ*** : ਇਕ ਨਾ ਇਕ,

ਕੋਈ ਤਾਂ।

یکّه ***ਯੱਕਾ*** : ਇਕੱਲਾ, ਬੇਮਿਸਾਲ, ਬੇਨਜ਼ੀਰ।

یکّه‌تاز ***ਯੱਕਾਹ-ਤਾਜ਼,*** **یکّه‌چین** ***ਯੱਕਾ-ਚੀਨ*** : ਇੱਕਲਾ ਹੀ ਦੁਸ਼ਮਣ 'ਤੇ ਹਮਲਾ ਕਰਨ ਵਾਲਾ।

یکّه‌سوار ***ਯੱਕਾ-ਸਵਾਰ*** : ਬਹਾਦਰ ਘੋੜ-ਸਵਾਰ, ਨਾਇਕ, ਜੋਧਾ।

یکی ***ਯਕੇ*** : ਇਕ, ਇਕ ਨੂੰ, ਇਕ ਤੋਂ, ਕੋਈ, ਇਕ।

یکی‌خردن ***ਯਕੇ ਖ਼ੁਰਦਨ*** : ਡਰ ਨਾਲ ਪਿਛੇ ਹਟ ਜਾਣਾ, ਕਿਸੇ ਦੇ ਰੋਹਬ ਹੇਠ ਆਪਣੇ ਆਪ ਨੂੰ ਛੋਟਾ ਸਮਝਣਾ, ਹੈਰਾਨ ਹੋਣਾ।

یکی‌یکی ***ਯਕੇ ਯਕੇ*** : ਇਕ ਦੂਜੇ ਦੇ ਨਾਲ, ਇਕ -ਇਕ ਕਰਕੇ।

یکی ***ਯਕੀ*** : ਏਕਤਾ, ਸਮਾਨਤਾ।

یکیتا ***ਯਕੀਤਾ*** : ਉਸਤਾਦ, ਅਧਿਆਪਕ।

یگان ***ਯਗਾਨ*** : ਇਕ, ਇਕੱਲਾ, ਬੇਮਿਸਾਲ, ਅਦੁੱਤੀ, ਵਿਸ਼ੇਸ਼।

یگانگی ***ਯਗਾਨਗੀ,*** **یگانی** ***ਯਗਾਨੀ*** : ਅਦੁਤੀਪਣ, ਲਾਸਾਨੀਪਣ।

یگاون‌وگان ***ਯਗਾਨ-ਉ-ਦੋਗਾਨ*** : ਇਕ ਇਕ , ਦੋ ਦੋ ਕਰਕੇ।

یگان یگان ***ਯਗਾਨ ਯਗਾਨ*** : ਇਕ ਇਕ ਕਰਕੇ, ਇਕੱਲੇ ਇਕੱਲੇ।

یگانگت ***ਯਗਾਨਗਤ*** : ਆਪਣਾ ਹੋਣਾ; ਅਪਣੱਤ; ਏਕਤਾ, ਅਨੁਕੂਲਤਾ, ਇਕੱਲਪੁਣਾ।

یگانه ***ਯਗਾਨਾ*** : ਲਾਸਾਨੀ, ਇਕੱਲਾ, ਅਦੁੱਤੀ, ਬੇਮਿਸਾਲ, ਦੋਸਤ, ਆਪਣਾ, ਰਿਸ਼ਤੇਦਾਰ।

یگانه‌بین ***ਯਗਾਨਾਬੀਨ,*** **یگانه‌گو** ***ਯਗਾਨਾ-ਗੋ*** : ਇਕ ਰੱਬ ਵਿਚ ਵਿਸ਼ਵਾਸ ਰੱਖਣ ਵਾਲਾ, ਸੱਚਾ।

یگونه ***ਯਗੂਨਾ*** : (=ਯਕ + ਗੂਨਾ **گونه** **یک**) ਇਕੋ ਰੰਗ ਦਾ, ਇਕ-ਸਮਾਨ, ਬਰਾਬਰ ਦਾ।

یل ***ਯਲ*** : ਬਹਾਦਰ, ਜੋਧਾ, ਪੈਹਲਵਾਨ; ਅਜ਼ਾਦ।

یُل ***ਯੁਲ*** : ਰਾਹ, ਮਾਰਗ।

یلاغ ***ਯਲਾਗ਼,*** **یلاق** ***ਯਲਾਕ*** : ਫ਼ਕੀਰ ਦਾ ਠੂਠਾ, ਓਹ ਠੀਕਰਾ ਜਿਸ ਵਿਚ ਕੁੱਤੇ, ਬਿੱਲੀ ਨੂੰ ਖਾਣ ਨੂੰ ਦਿਤਾ ਜਾਂਦਾ ਹੈ।

یلاق ***ਯਿਲਾਕ਼*** : ਤੁਰਕਿਸਤਾਨ ਦੇ ਇਕ ਬਾਦਸ਼ਾਹ ਦਾ ਨਾਮ।

یلایلا ***ਯਲਾ ਯਲਾ*** : ਆਓ, ਆਓ, ਆ ਜਾਓ।

یلب ***ਯਲਬ*** : ਚੰਮ ਦੀਆਂ ਢਾਲਾਂ ਤੇ ਸੰਜੋਅ।

یلبه ***ਯਲਬਾ*** : ਚੰਮ ਦੀ ਢਾਲ, ਚੰਮ ਦਾ ਸੰਜੋਅ।

یلچی ***ਯਿਲਚੀ*** : ਪਥ-ਪਰਦਰਸ਼ਕ, ਰਾਹ ਦੱਸਣ ਵਾਲਾ, ਦੂਤ, ਏਲਚੀ, ਪਾਂਧੀ, ਰਾਹ ਵਿਚ ਬੈਹਣ ਵਾਲਾ, ਮੰਗਤਾ,ਭਿਖਾਰੀ।

یلحق ***ਯੁਲਹਕ਼*** : ਕਿਸੇ ਖ਼ਤ ਆਦਿ ਦੀ ਪਿੱਠ ਪਿਛੇ ਏਹ ਸ਼ਬਦ ਲਿਖਿਆ ਜਾਂਦਾ ਹੈ ਜਿਸ ਦਾ ਭਾਵ ਏਹ ਹੁੰਦਾ ਹੈ ਕਿ ਜੇਕਰ ਉਸ ਵਿਅਕਤੀ ਨੂੰ ਨਾ ਮਿਲੇ (ਜਿਸ ਨੂੰ ਏਹ ਲਿਖਿਆ ਗਿਆ ਹੈ) ਤਾਂ ਜਿਥੇ ਵੀ ਓਹ ਹੋਵੇ ਖ਼ਤ ਉਥੇ ਭੇਜ ਦਿਤਾ ਜਾਵੇ।

یلدا ***ਯਲਦਾ*** : ਸਾਲ ਦੀ ਸਭ ਤੋਂ ਲੰਮੀ ਤੇ ਹਨੇਰੀ ਰਾਤ (22 ਦਸੰਬਰ ਦੀ ਰਾਤ)।

یلدرم ***ਯਲਦਰਮ*** : ਬਿਜਲੀ; ਉਸਮਾਨ ਬਾਦਸ਼ਾਹਾਂ ਦੇ ਇਕ ਸੁਲਤਾਨ ਰੂਮ ਦੀ ਉਪਾਧੀ ਜਿਸ ਦਾ ਨਾਮ ਬਾਯਜ਼ੀਦ ਸੀ, ਉਸ ਨੇ 791 ਹਿਜਰੀ ਤੋਂ 808 ਹਿਜਰੀ ਤੱਕ ਰਾਜ ਕੀਤਾ, ਏਹ ਬੜਾ ਯੋਗ ਤੇ ਵਿਜਈ ਸੀ, ਅਖ਼ੀਰ ਤੈਮੂਰ ਦੇ ਹਥੋਂ ਗਰਿਫ਼ਤਾਰ ਹੋ ਕੇ ਮਾਰਿਆ ਗਿਆ।

یلدگز ***ਯਲਦਗਜ਼*** : ਈਰਾਨ ਦੇ ਬਾਦਸ਼ਾਹ ਕਜ਼ਲ ਅਰਸਲਾਨ ਦੇ ਪਿਤਾ ਦਾ ਨਾਮ।

یلشل ***ਯਲਸ਼ਲ*** : ਬੜਾ ਮੋਟਾ ਤਾਜ਼ਾ ਆਦਮੀ।

یلغار ***ਯਲਗ਼ਾਰ,*** **یلغر** ***ਯਲਗ਼ਰ*** : (ਅਸਲ ਵਿਚ'ਈਲਗ਼ਾਰ' ਹੈ) ਦੁਸ਼ਮਣ ਦੀ ਫ਼ੌਜ 'ਤੇ ਧਾਵਾ ਬੋਲਣਾ, ਹਮਲਾ, ਹੱਲਾ, ਛਾਪਾ ਮਾਰਨਾ।

یلک ***ਯਲਕ*** : ਇਕ ਪਰਕਾਰ ਦੀ ਟੋਪੀ ਜੋ ਬਾਦਸ਼ਾਹ ਪੈਹਨਦੇ ਸਨ; ਨਿਸ਼ਚਿੰਤ ਮਨ।

یلّی ***ਯੱਲੀ,*** **یلی** ***ਯਲੀ*** : ਇਕ ਵਾਕ ਹੈ, ਜੋ ਜਵਾਨ ਲੋਕ ਖ਼ੁਸ਼ੀ ਜਾਂ ਮਸਤੀ ਦੀ ਹਾਲਤ ਵਿਚ ਬੋਲਦੇ ਹਨ।

یلی زن ***ਯਲੀਜ਼ਨ*** : ਰਾਗੀ, ਗਵੱਈਆ।

یلمان ***ਯਲਮਾਨ*** : ਤਲਵਾਰ ਦਾ ਇਕ ਵਾਰ; ਤਲਵਾਰ ਨੂੰ ਮਿਆਨ ਵਿਚ ਕਰਨਾ, ਦੋ-ਧਾਰੀ ਤਲਵਾਰ।

یلمق ***ਯਲਮਕ਼,*** **یلمه** ***ਯਲਮਾ*** : ਤਾਤਾਰੀ ਚੋਗਾ, ਜਿਸ ਵਿਚ ਰੂੰ ਭਰੀ ਹੁੰਦੀ ਹੈ,ਰੂੰਦਾਰ ਫਤੂਹੀ।

یلوج ***ਯਲੂਜ*** : ਪੈਗ਼ੰਬਰ ।

یله ***ਯਲਾ*** : ਮੁਕਤ ਕੀਤਾ ਹੋਇਆ, ਅਜ਼ਾਦ , ਆਪ-ਮੁਹਾਰਾ, ਪੈਹਲਵਾਨ, ਜੋਧਾ,, ਡਿਗਿਆ ਹੋਇਆ, ਪਤਿਤ, ਦੌੜਦਾ ਹੋਇਆ; ਟੇਢਾ, ਵਿੰਗਾ, ਵਿਭਚਾਰਨ, ਰੰਡੀ, ਬਦਚਲਨ ਔਰਤ, ਬੇਹੂਦਾ, ਇਕੱਲਾ।

یم ***ਯਮ*** : ਸਾਗਰ।

یمام ***ਯਮਾਮ*** : ਜੰਗਲੀ ਕਬੂਤਰ।

یمک ***ਯਮਕ*** : ਇਕ ਬਾਦਸ਼ਸ਼ਾਹ ਦਾ ਨਾਮ; ਇਕ ਸ਼ੈਹਰ ਦਾ ਨਾਮ।

یمن ***ਯਮਨ*** : ਅਰਬ ਦੀ ਇਕ ਵਿਲਾਇਤ ਦਾ ਨਾਮ ਜੋ ਕਾਅਬਾ ਤੋਂ ਯਮੀਨ ਭਾਵ ਸੱਜੇ ਪਾਸੇ ਹੈ, ਇਸੇ ਲਈ ਇਸ ਨੂੰ ਯਮਨ ਕੈਂਹਦੇ ਹਨ।

یمنی ***ਯਮਨੀ*** : ਮੁਲਕ ਯਮਨ ਦਾ ਰੈਹਣ ਵਾਲਾ, ਯਮਨ ਨਾਲ ਸਬੰਧਤ।

یُمن ***ਯੁਮਨ*** : ਬਰਕਤ; ਮੁਬਾਰਕ।

یمه ***ਯਮਾ*** : ਖ਼ੁਰਾਕ, ਰੋਜ਼ੀਨਾ।

یمه داران ***ਯਮਾਦਾਰਾਨ*** : ਰੋਜ਼ੀਨਾਦਾਰ ਲੋਕ।

یمین ***ਯਮੀਨ*** : ਬਰਕਤ, ਮੁਬਾਰਕ, ਸ਼ੁਭ, ਸੱਜਾ ਹੱਥ, ਸੱਜਾ ਪਾਸਾ; ਕਦਰ, ਦਰਜਾ; ਸ਼ਕਤੀ, ਸਮਰੱਥਾ।

یمین ویسار ***ਯਮੀਨ-ਉ-ਯਸਾਰ*** : ਕਸਮ,ਸੌਂਹ।

یمینه ***ਯਮੀਨਾ*** : ਸੱਜੈ ਖੱਬੇ, ਸੱਜਾ ਖੱਬਾ, ਸਜੇ ਪਾਸੇ।

یمین الدوله ***ਯਮੀਨ-ਉਦ-ਦੌਲਾ*** : ਸਲਤਨਤ (ਰਾਜ) ਦਾ ਸੱਜਾ ਹੱਥ, ਇਕ ਉਪਾਧੀ ਜੋ ਸੁਲਤਾਨ ਮੈਹਮੂਦ ਗ਼ਜ਼ਨਵੀ ਨੂੰ ਬਗ਼ਦਾਦ ਦੇ ਖ਼ਲੀਫ਼ੇ ਨੇ ਪਰਦਾਨ ਕੀਤੀ ਸੀ।

ینپلو ***ਯਨਪਲੂ*** : ਕਾਫ਼ਲਾ, ਮੰਡੀ।

ینگ ***ਯਿੰਗ*** : ਕਫ਼, ਆਸਤੀਨ, ਕੁੜਤੇ ਦੀ ਬਾਂਹ।

ینگا/ینگه ***ਯੰਗਾ*** : ਭਰਾ ਦੀ ਵੌਹਟੀ, ਭਰਜਾਈ, ਭਾਬੀ।

ینگی ***ਯੰਗੀ*** : ਨਵਾਂ।

ینگی دنیا ***ਯੰਗੀ ਦੁਨਯਾ*** : ਅਮਰੀਕਾ।

یواش ***ਯਵਾਸ਼*** : ਮੱਧਮ ਰਫ਼ਤਾਰ ਵਾਲਾ ਘੋੜਾ; ਕੋਤਲ ਘੋੜਾ; ਹੌਲੀ, ਹੌਲੀ-ਹੌਲੀ।

یواشگی ***ਯਵਾਸ਼ਗੀ*** : ਹੌਲੀ ਨਾਲ।

یوبه ***ਯੂਬਾ, ਯੋਬਾ*** : ਚਾਹ, ਇੱਛਾ, ਸ਼ੌਕ, ਇੱਛਕ, ਚਾਹਵਾਨ।

یوج ***ਯੂਜ*** : ਦਰਿੰਦੇ ਜਾਨਵਰ; ਇਕ ਪਰਕਾਰ ਦਾ ਢਿੱਡ ਪਰਨੇ ਚੱਲਣ ਵਾਲਾ ਜਾਨਵਰ।

یوح ***ਯੂਹ,*** **یوحه** ***ਯੂਹਾ*** : ਸੂਰਜ।

یورت ***ਯੋਰਤ*** : ਵਤਨ, ਪੜਾ, ਛਾਉਣੀ।

یورتگاه ***ਯੋਰਤਗਾਹ*** : ਰੈਹਣ ਦੀ ਥਾਂ, ਚੌਕੀ।

یورش ***ਯੂਰਿਸ਼*** : ਦੁਸ਼ਮਣ 'ਤੇ ਹਮਲਾ ਕਰਨਾ, ਧਾਵਾ ਬੋਲਣਾ, ਹੱਲਾ ਕਰਨਾ, ਚੜ੍ਹਾਈ ਕਰਨਾ, ਹਮਲਾ, ਚੜ੍ਹਾਈ, ਧਾਵਾ, ਹੱਲਾ, ਫ਼ਸਾਦ।

یورقه ***ਯੋਰਕਾ*** : ਘੋੜੇ ਦਾ ਦੁੜਕੀ ਚਾਲ ਚੱਲਣਾ।

یوز ***ਯੂਜ਼*** : ਪਰਸਿੱਧ ਦਰਿੰਦਾ ਚੀਤਾ, ਢੂੰਡ, ਭਾਲ, ਸੌ (੧੦੦), ਸੈਂਕੜਾ।

یوزباشی ***ਯੂਜ਼ਬਾਸ਼ੀ*** : ਸੌ ਆਦਮੀਆਂ

ਦਾ ਸਰਦਾਰ।

يوسف ***ਯੂਸੁਫ਼*** : ਇਕ ਪਰਸਿੱਧ ਤੇ ਅਤਿ ਸੁੰਦਰ ਪੈਗੰਬਰ ਜੋ ਹਜ਼ਰਤ ਯਅਕੂਬ ਦਾ ਪੁੱਤਰ ਸੀ, ਜ਼ੁਲੈਖ਼ਾ ਇਸ ਪੁਰ ਮੋਹਤ ਹੋਈ ਸੀ।

يوسف جمال ***ਯੂਸੁਫ਼ ਜਮਾਲ*** : ਯੂਸਫ਼ ਵਰਗਾ ਸੁੰਦਰ, ਸੋਹਣਾ।

يوسفِ روز ***ਯੂਸਫ਼-ਏ-ਰੋਜ਼*** : ਮਸ਼ੂਕ, ਪਿਆਰਾ।

يوسفی کردن ***ਯੂਸੁਫ਼ੀ ਕਰਦਨ*** : ਬਾਦਸ਼ਾਹੀ ਕਰਨਾ; ਛੁਪ ਜਾਣਾ।

يوسه ***ਯੋਸਾ*** : ਆਰਾ, ਤਰਖਾਣ।

يوغ ***ਯੂਗ, ਯੋਗ*** : ਪੰਜਾਲੀ।

يوفی ***ਯੂਫ਼ੀ*** : ਬੇਹੂਦਾ ਗਲਾਂ ਕਰਨ ਵਾਲਾ, ਬਕਵਾਸੀ, ਬੜਬੋਲਾ।

يول ***ਯੁਲ*** : ਰਾਹ, ਰਸਤਾ।

يولچی ***ਯੁਲਚੀ*** : ਰਾਹ ਦਾ ਰਾਖਾ, ਰਾਹਦਾਰ, ਰਾਹ ਵਿਚ ਬੈਹਣ ਵਾਲਾ,ਮੰਗਤਾ, ਭਿਖਾਰੀ।

يوم ***ਯੌਮ*** : ਦਿਨ , ਰੋਜ਼,ਸਮਾਂ, ਵਕਤ,ਜਗ।

يوما ***ਯੌਮਨ*** : ਕਿਸੇ ਖ਼ਾਸ ਦਿਨ।

يوماً فی يوما ***ਯੌਮਨ ਫ਼ੀ ਯੌਮਿਨ*** : ਰੋਜ਼-ਬ-ਰੋਜ਼, ਦਿਨ-ਬ-ਦਿਨ, ਨਿਤਾਪਰਤੀ।

يوم الاحد ***ਯੌਮ-ਉਲ-ਅਹਦ*** : ਪੈਹਲਾ ਦਿਨ, ਐਤਵਾਰ।

يوم التناد ***ਯੌਮ-ਉਤ-ਤਨਾਦ,*** **يوم الحساب** ***ਯਮੁ-ਉਲ-ਹਿਸਾਬ,*** **يوم نشور** ***ਯੌਮ-ਉਨ-ਨਸ਼ੂਰ*** : ਕਿਆਮਤ (ਕਿਯਾਮਤ) ਦਾ ਦਿਨ ਜੋ ਪੰਜਾਹ ਹਜ਼ਾਰ ਸਾਲਾਂ ਦੇ ਬਰਾਬਰ ਹੋਵੇਗਾ।

يوم العاشوره ***ਯੌਮ-ਉਲ-ਆਸ਼ੂਰਾ*** : ਮੁਹੱਰਮ ਮਹੀਨੇ ਦੀ ਦਸਵਾਂ ਦਿਨ, ਹਜ਼ਰਤ ਇਮਾਮ ਹੁਸੈਨ ਦੀ ਸ਼ਹਾਦਤ ਦਾ ਦਿਨ।

يومِ عيد ***ਯੌਮ-ਏ-ਈਦ*** : ਈਦ ਦਾ ਦਿਨ, ਖੁਸ਼ੀ ਦਾ ਤਿਓਹਾਰ।

يوميه ***ਯੌਮੀਯਾ*** : ਨਿਤਾਪਰਤੀ ਦਾ ਅਭਿਆਸ, ਹਰ ਰੋਜ਼, ਰੋਜ਼ੀਨਾ।

يون ***ਯੂਨ*** : ਨਮਦਾ, ਜ਼ੀਨ ਦਾ ਨਮਦਾ, ਰੰਗ, ਸਿਪੀ, ਇਕ ਨਿਕਾ ਸਿੱਕਾ, ਇਕ ਨਦੀ ਦਾ ਨਾਮ।

يونان ***ਯੂਨਾਨ*** : ਯੂਰਪ ਦਾ ਪਰਸਿੱਧ ਮੁਲਕ ਜੋ ਪਰਾਚੀਨ ਗਿਆਨੀਆਂ ਦਾ ਦੇਸ਼ ਕਰਕੇ ਮਸ਼ਹੂਰ ਹੈ।

يونانی ***ਯੂਨਾਨੀ*** : ਯੂਨਾਨ ਨਾਲ ਸਬੰਧਤ, ਯੂਨਾਨ ਦਾ ਵਸਨੀਕ, ਯੂਨਾਨ ਦੀ ਚੀਜ਼।

يونس ***ਯੂਨਸ*** : ਕੌਮ,ਰੁਕਨ, ਦੀਨ ਦਾ ਰੁਕਨ, ਇਕ ਪੈਗੰਬਰ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਇੱਕ ਮੱਛੀ ਨੇ ਓਹਨਾਂ ਨੂੰ ਚਾਲੀ ਦਿਨ ਆਪਣੇ ਪੇਟ'ਚ ਰੱਖ ਕੇ ਸਹੀ ਸਲਾਮਤ ਉਗਲ ਦਿੱਤਾ ਸੀ; ਇਕ ਸਤਾਰਾ।

يونی ***ਯੂਨੀ*** : ਦੇਰ, ਚਿਰ।

يهود ***ਯਹੂਦ*** : (ਯਹੂਦੀ **يهودی** ਦਾ ਬੋਹਵਚਨ) ਹਜ਼ਰਤ ਮੂਸਾ ਦੀ ਕੌਮ, ਯਹੂਦੀ ਲੋਕ।

يهودا ***ਯਹੂਦਾ*** : ਹਜ਼ਰਤ ਯਾਕੂਬ ਦਾ ਚੌਥਾ ਪੁੱਤਰ; ਹਜ਼ਰਤ ਦਾ ਇਕ ਪੈਰੋਕਾਰ ਸਾਥੀ।

يهودانه ***ਯਹੂਦਾਨਾ*** : ਪੀਲੇ ਰੰਗ ਦਾ ਪਟਕਾ ਜੋ ਯਹੂਦੀਆਂ ਲਈ ਕਪੜਿਆਂ 'ਤੇ ਸਿਊਣਾ ਜ਼ਰੂਰੀ ਹੈ ਤਾਂ ਜੋ ਮੁਸਲਮਾਨੀ ਮੁਲਕ ਵਿਚ ਪਛਾਣੇ ਜਾਣ, ਯਹੂਦੀਆਂ ਦਾ ਵਿਸ਼ੇਸ਼ ਨਿਸ਼ਾਨ।

يهودی ***ਯਹੂਦੀ*** : ਯਹੂਦ ਕੌਮ ਦਾ ਇਕ ਵਿਅਕਤੀ, ਹਜ਼ਰਤ ਮੂਸਾ ਦੀ ਕੌਮ ਦਾ ਇਕ ਆਦਮੀ।

يهوديان ***ਯਹੂਦੀਯਾਨ*** : (ਯਹੂਦੀ **يهودی** ਦਾ ਬੋਹਵਚਨ) ਯਹੂਦੀ ਲੋਕ।

ييل ***ਯੀਲ*** : ਸਾਲ, ਵਰ੍ਹਾ।

ييلا ***ਯੀਲਾ,ਯੀਲਾਕ*** : ਮੁਲਕ ਦਾ ਓਹ ਸਰਦ ਅਸਥਾਨ ਜਿਥੇ ਗਰਮੀਆਂ ਕੱਟੀਆਂ ਜਾਣ।

ييلان ***ਯੀਲਾਨ*** : ਸੱਪ।

ਅੰਤਿਕਾ

(ਵਰਤੋਂ-ਵਿਧੀ)

'ੳ'

'ਅ'

'ੲ'

'ਸ'

'ਸ਼'

'ਕ'

'ਖ਼'

'ਗ'

'ਗ਼'

'ਚ'

'ਜ'

'ਜ਼'

ਜ਼ੇਵਰ ਜ਼ਦਨ - 406

'ਤ'

'ਨ'

'ਪ'

'ਬ'

'ਮ'

'ਯ'

'ਲ'